ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ

# ਸੂਰਜ ਗ੍ਰੰਥ

## ਸਟੀਕ

ਭਾਗ ਪਹਿਲਾ

ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਪਹਿਲੀ

(ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪੂਰਬਾਰਧ (ਪਹਿਲੇ ਅੱਧ) ਦਾ ਪੰਜਾਬੀ ਅਨੁਵਾਦ)

ਟੀਕਾਕਾਰ

ਡਾ: ਅਜੀਤ ਸਿੰਘ ਔਲਖ

ਐਮ.ਏ., ਪੀ.ਐਚ-ਡੀ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

**Sri Gur Partap Suraj Granth (Vol. Ist)**

**Translated by Dr. Ajit Singh Aulakh.**

ISBN 81-7601-582-2

ਪਹਿਲੀ ਐਡੀਸ਼ਨ ਜੁਲਾਈ 2003

ਬਾਬਤ ਨਾਨਕਸ਼ਾਹੀ ਸੰਮਤ 534, 1 ਸਾਵਣ (ਸੰਗਰਾਂਦ)

ਭੇਟਾ : 500-00

ਪ੍ਰਕਾਸ਼ਕ

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ : (0183) 2542346, 2547974, 2557973

ਫੈਕਸ : 91-183-2547974

E.mail : csjs@jla.vsnl.net.in

Website : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774*

# ਸਮਰਪਣ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ
ਨੂੰ
ਜਿਨ੍ਹਾਂ ਬੜੀ ਮਿਹਨਤ ਅਤੇ ਲਗਨ ਨਾਲ ਪੁਰਾਤਨ
ਸਰੋਤ ਇਕੱਤਰ ਕਰਕੇ ਗੁਰੂ ਸਾਹਿਬਾਨ ਦਾ ਇਤਿਹਾਸ
*'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ'*
ਦੀ ਸਭ ਤੋਂ ਪਹਿਲਾਂ ਰਚਨਾ ਕੀਤੀ।
ਅਜ ਵੀ ਇਸ ਗ੍ਰੰਥ ਨੂੰ ਪੜ੍ਹਨ ਤੋਂ ਬਗੈਰ
ਗੁਰੂ ਸਾਹਿਬਾਨ ਦੇ ਵਿਅੱਕਤਤਵ ਅਤੇ
ਕਰਤਵ ਬਾਰੇ ਸੂਝ ਅਧੂਰੀ ਰਹਿ ਜਾਂਦੀ ਹੈ।
ਗੁਰ ਇਤਿਹਾਸ ਬਾਰੇ ਲਿਖੇ ਸਾਰੇ ਗ੍ਰੰਥਾਂ
ਨੇ ਇਸ ਮਹਾਨ ਰਚਨਾ ਨੂੰ ਹੀ
ਆਪਣਾ ਸਰੋਤ ਬਣਾਇਆ ਹੈ।

—ਅਲਖ

# ਆਮੁਖ

ਭਾਈ ਸੰਤੋਖ ਸਿੰਘ ਸ੍ਰੇਸ਼ਟ ਬੁਧੀ ਵਾਲੇ ਇਤਿਹਾਸਕ ਖੋਜੀ ਵਿਦਵਾਨ ਹੋਏ ਹਨ। ਆਪ ਜੀ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ, ਮਾਤਾ ਰਾਜ ਦੇਵੀ ਦੀ ਕੁਖੋਂ ਸੰਮਤ ੧੮੪੫ ਬਿਕ੍ਰਮੀ ਵਿਚ ਪਿੰਡ ਨੂਰ ਦੀ ਸਰਾਂ, ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। 'ਨੂਰ ਦੀ ਸਰਾਂ' ਉਹੋ ਪਿੰਡ ਹੈ, ਜਿਥੇ ਸਰਾਂ ਬਣਾਉਣ ਵਾਸਤੇ ਨੂਰਦੀਨ ਨੇ ਗੁਰੂ ਅਰਜਨ ਦੇਵ ਜੀ ਵਲੋਂ ਭਠਿਆਂ ਤੇ ਤਿਆਰ ਕਰਵਾਈਆਂ ਇੱਟਾਂ, ਜਿਹੜੀਆਂ ਤਰਨਤਾਰਨ ਦੇ ਸਰੋਵਰ ਵਿਚ ਲਗਣੀਆਂ ਸਨ, ਜ਼ਬਰਦਸਤੀ ਚੁਕਵਾ ਕੇ ਲੈ ਗਿਆ ਸੀ ਅਤੇ ਉਨ੍ਹਾਂ ਨਾਲ ਸਰਾਂ ਤਿਆਰ ਕਰਵਾਈ ਸੀ। ਪਰ ਗੁਰੂ ਜੀ ਨੇ ਇਹ ਵਾਕ ਕਿਹਾ ਸੀ ਕਿ ਮੇਰਾ ਵੀ ਕੋਈ ਸਿੱਖ ਉਠੇਗਾ ਜਿਹੜਾ ਇਹ ਇੱਟਾਂ ਉਧੇੜ ਕੇ ਮੁੜ ਸਰੋਵਰ ਦੀਆਂ ਪਰਿਕਰਮਾ ਤੇ ਲਾਵੇਗਾ। ਉਨ੍ਹਾਂ ਦਾ ਵਾਕ ਸੱਚਾ ਹੋਇਆ ਤੇ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਅਤੇ ਸ੍ਰ: ਬੁੱਧ ਸਿੰਘ ਫੈਜ਼ਲਾਂ ਪੁਰੀਏ ਨੇ ਸਰਾਂ ਦੀਆਂ ਇੱਟਾਂ ਉਧੇੜ ਕੇ ਤਰਨਤਾਰਨ ਦੇ ਸਰੋਵਰ ਵਿਚ ਲਵਾਈਆਂ ਸਨ। ਇਸੇ ਨੂਰ ਦੀ ਸਰਾਂ ਪਿੰਡ ਦਾ ਰਹਿਣ ਵਾਲਾ ਭਾਈ ਬੋਤਾ ਸਿੰਘ ਸੀ, ਜਿਸ ਨੇ ਮੁਗਲ ਰਾਜ ਦੇ ਸਮੇਂ ਜਦ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸੜਕ ਤੇ ਚਲਣ ਵਾਲੇ ਗੱਡਿਆਂ ਤੇ ਟੈਕਸ ਲਾ ਕੇ ਦੱਸ ਦਿੱਤਾ ਸੀ ਕਿ ਸਿੰਘ ਹਾਲੇ ਜੀਊਂਦੇ ਹਨ।

ਭਾਈ ਸੰਤੋਖ ਸਿੰਘ ਦੀ ਬੁੱਧੀ ਬਚਪਨ ਤੋਂ ਹੀ ਬੜੀ ਤੇਜ਼ ਸੀ। ਉਨ੍ਹਾਂ ਦੇ ਪਿਤਾ ਸ੍ਰ: ਦੇਵਾ ਸਿੰਘ ਆਪ ਇਕ ਚੰਗੇ ਵਿਦਵਾਨ ਸਨ ਤੇ ਉਹ ਆਪਣੇ ਪੁੱਤਰ ਨੂੰ ਵੀ ਵਿਦਵਾਨ ਬਣਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਭਾਈ ਸੰਤੋਖ ਸਿੰਘ ਜੀ ਨੂੰ ਅੰਮ੍ਰਿਤਸਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਪਾਸ ਪੜ੍ਹਣ ਲਈ ਭੇਜ ਦਿੱਤਾ ਸੀ। ਭਾਈ ਸੰਤੋਖ ਸਿੰਘ ਉਨ੍ਹਾਂ ਪਾਸ ਪੰਦਰ੍ਹਾਂ ਸਾਲ ਪੜ੍ਹਦੇ ਰਹੇ ਅਤੇ ਇਸ ਦੌਰਾਨ ਉਨ੍ਹਾਂ ਭਾਰਤੀ ਦਰਸ਼ਨ, ਕਾਵਿ ਦਰਸ਼ਨ, ਗੁਰਮਤਿ ਅਤੇ ਸੰਸਕ੍ਰਿਤ ਦਾ ਅਧਿਐਨ ਕੀਤਾ। ਜਦ ਪੜ੍ਹਾਈ ਪੂਰੀ ਹੋ ਗਈ ਤਾਂ ਉਹ ਅੰਬਾਲਾ ਜ਼ਿਲ੍ਹੇ ਦੇ ਪਿੰਡ ਬੂੜੀਆਂ ਵਿਖੇ ਚਲੇ ਗਏ। ਉਥੇ ਜਾ ਕੇ ਉਨ੍ਹਾਂ ਕਵਿਤਾ ਲਿਖਣ ਦਾ ਅਭਿਆਸ ਕੀਤਾ। ਉਸ ਪਿੰਡ ਵਿਚ ਰਹਿੰਦਿਆਂ ਹੀ ਉਨ੍ਹਾਂ ਨੇ ਮਨ ਵਿਚ ਵਿਚਾਰ ਕੀਤੀ ਕਿ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਲਿਖਿਆ ਜਾਵੇ। ਇਸ ਲਈ ਸੰਮਤ ੧੮੭੮ ਵਿਚ ਪਿੰਡ ਬੂੜੀਏ ਤੋਂ ਅੰਮ੍ਰਿਤਸਰ ਆਏ। ਇਥੇ ਆ ਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਜਨਮ ਸਾਖੀਆਂ ਅਤੇ ਹੋਰ ਸਬੰਧਤ ਗ੍ਰੰਥ ਇਕੱਠੇ ਕੀਤੇ। ਇਨ੍ਹਾਂ ਗ੍ਰੰਥਾਂ ਨੂੰ ਲੈ ਕੇ ਆਪ ਫਿਰ ਬੂੜੀਏ ਪਿੰਡ ਚਲੇ ਗਏ। ਉਥੇ ਜਾ ਕੇ ਆਪ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਲਿਖਣਾ ਆਰੰਭ ਕੀਤਾ। ਉਹ ਜਦ ਇਕ ਅਧਿਆਇ ਸਮਾਪਤ ਕਰ ਲੈਂਦੇ ਸਨ ਤਾਂ ਫਿਰ ਸੰਗਤ ਵਿਚ ਬੈਠ ਕੇ ਉਸ ਦੀ ਕਥਾ ਕਰਦੇ ਸਨ। ਸਰੋਤੇ ਉਨ੍ਹਾਂ ਦੀ ਵਿਦਵਤਾ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ ਤੇ ਉਹ ਬੜੇ ਸ਼ੌਕ ਨਾਲ ਉਨ੍ਹਾਂ ਦੀ ਕਥਾ ਸੁਣਦੇ ਸਨ। ਕਈ ਪ੍ਰੇਮੀ ਸੱਜਣ ਤਾਂ ਨਾਲੋਂ ਨਾਲ ਉਤਾਰੇ ਵੀ ਕਰੀ ਜਾਂਦੇ ਸਨ ਤਾਂਕਿ ਹੋਰ ਡੇਰਿਆਂ ਵਿਚ ਜਾ ਕੇ ਕਥਾ ਕੀਤੀ ਜਾ ਸਕੇ। ਉਨ੍ਹਾਂ ਸੰਮਤ ੧੮੭੮ ਵਿਚ ਇਸ ਗ੍ਰੰਥ ਨੂੰ ਲਿਖਣਾ ਸ਼ੁਰੂ ਕੀਤਾ ਤੇ ਕਤਕ ਪੂਰਨਮਾਸ਼ੀ ਸੰਮਤ ੧੮੮੦ ਨੂੰ ਗ੍ਰੰਥ ਸੰਪੂਰਣ ਕਰ ਲਿਆ। ਜੇ ਇਸ ਗ੍ਰੰਥ ਦੀ ਕਵਿਤਾ, ਵਿਦਵਤਾ, ਕਾਵਿ ਦੀ ਸੁੰਦਰਤਾ, ਰਚਨਾ ਦੀ ਸਰਲਤਾ ਵਲ ਵੇਖੀਏ ਤਾਂ ਏਡਾ ਵੱਡਾ ਗ੍ਰੰਥ ਦੋ ਸਾਲ ਵਿਚ ਪੂਰਾ ਕਰ ਲੈਣਾ ਵੱਡੀ ਭਾਰੀ ਮਿਹਨਤ ਦਾ ਕਮਾਲ ਹੈ। ਜਦ ਸ੍ਰੀ ਗੁਰ ਨਾਨਕ ਪ੍ਰਕਾਸ਼ ਮੁਕੰਮਲ ਹੋ ਗਿਆ ਤਾਂ ਆਪ ਨੇ ਬੂੜੀਆ ਪਿੰਡ ਛੱਡ ਦਿੱਤਾ। ਫਿਰ ਚਾਰ ਸਾਲ ਸਿੱਖ ਇਤਿਹਾਸ ਬਾਰੇ ਸਮੱਗਰੀ ਇਕੱਤਰ ਕਰਦੇ ਰਹੇ। 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਣ ਕਰਕੇ ਆਪ ਬਹੁਤ ਪ੍ਰਸਿੱਧ ਹੋ ਗਏ ਸਨ। ਉਸ ਗ੍ਰੰਥ ਦੀ ਪ੍ਰਮੁੱਖ ਸਥਾਨਾਂ ਤੇ ਕਥਾ ਚਲਦੀ ਰਹਿੰਦੀ ਸੀ। ਉਨ੍ਹਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਕੈਥਲ ਦੇ ਰਾਜੇ ਉਦੇ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ। ਕੈਥਲ ਵਿਚ ਰਹਿਕੇ ਹੀ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਪੂਰਣ ਕੀਤਾ।

ਉਨ੍ਹਾਂ ਦੀਆਂ ਹੁਣ ਤਕ ਛੇ ਰਚਨਾਵਾਂ ਮਿਲਦੀਆਂ ਹਨ ਜਿਵੇਂ-ਨਾਮ ਕੋਸ਼, ਗਰਬ ਗੰਜਣੀ ਟੀਕਾ, ਬਾਲਮੀਕੀ ਰਾਮਾਇਣ ਸਟੀਕ, ਆਤਮ ਪੁਰਾਣ ਸਟੀਕ, ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ। ਪਹਿਲੀਆਂ ਚਾਰ ਪੁਸਤਕਾਂ ਸਟੀਕ ਹਨ ਜਾਂ ਆਧਾਰਿਤ ਕਿਰਤਾਂ ਹਨ ਪਰ ਆਖਰੀ ਦੋ ਪੁਸਤਕਾਂ ਇਤਿਹਾਸ ਦੇ ਗੌਰਵ ਮਈ ਪ੍ਰਬੰਧ ਕਾਵਿ ਹਨ। ਇਨ੍ਹਾਂ

ਰਚਨਾਵਾਂ ਦੀ ਹੇਠਾਂ ਜਾਣਕਾਰੀ ਦਿੱਤੀ ਜਾਂਦੀ ਹੈ।

### ੧. ਨਾਮ ਕੋਸ਼—

ਭਾਈ ਸੰਤੋਖ ਸਿੰਘ ਦੀ ਇਹ ਪਹਿਲੀ ਪੁਸਤਕ, ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਅਤੇ ਕੋਸ਼ਕਾਰ ਭਾਈ ਅਮਰ ਸਿੰਘ ਦੀ 'ਅਮਰ ਕੋਸ਼' ਨਾਂ ਦੀ ਪੁਸਤਕ ਦਾ ਸੰਸਕ੍ਰਿਤ ਤੋਂ ਬ੍ਰਿਜ ਭਾਸ਼ਾ ਵਿਚ ਅਨੁਵਾਦ ਹੈ। ਬੇਸ਼ਕ ਇਹ ਪੁਸਤਕ ਇਕ ਸਟੀਕ ਹੀ ਹੈ, ਪਰ ਪੜ੍ਹ ਕੇ ਇੰਝ ਅਨੁਭਵ ਹੁੰਦਾ ਹੈ ਕਿ ਇਹ ਭਾਈ ਸਾਹਿਬ ਦੀ ਲਿਖੀ ਹੋਈ ਮੌਲਿਕ ਪੁਸਤਕ ਹੈ।

### ੨. ਗਰਬ ਗੰਜਨੀ ਟੀਕਾ—

ਇਹ ਜਪੁਜੀ ਸਾਹਿਬ ਦਾ ਵਿਸਥਾਰ ਪੂਰਵਕ ਟੀਕਾ ਹੈ, ਜਿਸ ਵਿਚ ਜਪੁਜੀ ਸਾਹਿਬ ਦੇ ਅਧਿਆਤਮਿਕ ਅਤੇ ਸਾਹਿਤਕ ਪੱਖ ਨੂੰ ਬੜੀ ਡੂੰਘਾਈ ਨਾਲ ਵਿਚਾਰਿਆ ਗਿਆ ਹੈ। ਉਨ੍ਹਾਂ ਤੋਂ ਪਹਿਲਾ ਆਨੰਦਘਨ ਨੇ ਜਪੁਜੀ ਸਾਹਿਬ ਦਾ ਟੀਕਾ ਸਾਧ ਭਾਸ਼ਾ ਵਿਚ ਕੀਤਾ ਸੀ। ਉਸ ਟੀਕੇ ਵਿਚ ਅਨੰਦਘਨ ਨੇ ਬੜੇ ਹੰਕਾਰ ਭਰੇ ਸ਼ਬਦ ਵਰਤੇ ਸਨ। ਉਸ ਟੀਕੇ ਨੂੰ ਮੁਖ ਰਖਦਿਆਂ ਭਾਈ ਸੰਤੋਖ ਸਿੰਘ ਨੇ ਜਪੁਜੀ ਸਾਹਿਬ ਦਾ ਇਕ ਅਦਭੁਤ ਅਤੇ ਵਿਦਵਤਾ ਭਰਪੂਰ ਟੀਕਾ ਲਿਖਿਆ ਹੈ। ਬੇਸ਼ਕ ਇਸ ਟੀਕੇ ਵਿਚ ਕਵੀ ਨੇ ਜਪੁਜੀ ਸਾਹਿਬ ਦੀ ਵਿਆਖਿਆ ਵੇਦਾਂਤ ਦੇ ਸੰਦਰਭ ਵਿਚ ਹੀ ਕੀਤੀ ਹੈ ਪਰ ਉਨ੍ਹਾਂ ਜਿਹੜੀ ਜਪੁਜੀ ਸਾਹਿਬ ਦੀ ਸਾਹਿਤਕ ਮਹਾਨਤਾ ਨੂੰ ਉਜਾਗਰ ਕੀਤਾ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਵੇਖਣ ਵਾਲੀ ਗੱਲ ਇਹ ਹੈ ਕਿ ਕਵੀ ਜੀ ਨੇ ਜਪੁਜੀ ਸਾਹਿਬ ਦੀ ਹਰ ਤੁਕ ਵਿਚੋਂ ਕੋਈ ਨਾ ਕੋਈ ਅਲੰਕਾਰ ਲਭਿਆ ਹੈ। ਜਪੁਜੀ ਸਾਹਿਬ ਦੇ ਹੁਣ ਤਕ ਜਿੰਨੇ ਵੀ ਟੀਕੇ ਛਪੇ ਹਨ, ਇਹ ਪਹਿਲਾ ਟੀਕਾ ਹੈ ਜਿਸ ਵਿਚ ਕਿਸੇ ਰਚਨਾ ਦਾ ਕਾਵਿ ਸ਼ਾਸਤ੍ਰੀ ਅਧਿਐਨ ਕੀਤਾ ਗਿਆ ਹੋਵੇ।

### ੩. ਬਾਲਮੀਕੀ ਰਾਮਾਇਣ ਸਟੀਕ—

ਰਿਸ਼ੀ ਬਾਲਮੀਕ ਜੀ ਦੀ ਲਿਖੀ ਰਾਮਾਇਣ ਦਾ ਹਿੰਦੀ ਕਵਿਤਾ ਵਿਚ ਅਨੁਵਾਦ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਕਹਾਣੀ, ਚਰਿੱਤਰ ਉਸਾਰੀ, ਵਸਤੂ ਵਰਣਨ ਅਤੇ ਭਾਵ ਪ੍ਰਦਰਸ਼ਨ ਮੂਲ ਗ੍ਰੰਥ ਅਨੁਸਾਰ ਹੀ ਰਖਿਆ ਗਿਆ ਹੈ। ਪਰ ਕਵੀ ਜੀ ਦੀ ਲੇਖਣੀ ਵਿਚ ਇਕ ਐਸਾ ਜਾਦੂ ਹੈ ਕਿ ਇਹ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਰਚਨਾ ਇਕ ਸਟੀਕ ਹੈ ਜਾਂ ਨਵੀਂ ਰਚੀ ਗਈ ਮੌਲਿਕ ਰਚਨਾ ਹੈ।

### ੪. ਆਤਮ ਪੁਰਾਣ ਸਟੀਕ—

ਆਤਮ ਪੁਰਾਣ ਸੰਸਕ੍ਰਿਤ ਦੀ ਇਕ ਪ੍ਰਸਿੱਧ ਰਚਨਾ ਹੈ, ਜਿਸ ਦਾ ਕਵੀ ਜੀ ਨੇ ਅਨੁਵਾਦ ਕੀਤਾ ਹੈ। ਬੇਸ਼ੱਕ ਇਸ ਗ੍ਰੰਥ ਦੇ ਅਨੁਵਾਦ ਵਿਚ ਆਪ ਜੀ ਨੇ ਬੜਾ ਯਤਨ ਕੀਤਾ ਹੈ ਕਿ ਮੂਲ ਗ੍ਰੰਥ ਦੀ ਸਮੱਗਰੀ ਨੂੰ ਹੂ-ਬ-ਹੂ ਪ੍ਰਸਤੁਤ ਕੀਤਾ ਜਾਵੇ ਪਰ ਇਹ ਅਨੁਵਾਦ ਬਾਲਮੀਕ ਰਾਮਾਇਣ ਦੇ ਅਨੁਵਾਦ ਵਾਂਗ ਉਹ ਉਚ ਕੋਟੀ ਦੀ ਕਵਿਤਾ ਨਹੀਂ ਬਣ ਸਕਿਆ, ਜੋ ਕਿ ਉਸ ਨੇ ਪਹਿਲਾਂ ਲਿਖੀ ਹੈ। ਅੱਜਕਲ ਇਹ ਟੀਕਾ ਪ੍ਰਾਪਤ ਨਹੀਂ ਹੈ।

### ੫. ਸ੍ਰੀ ਗੁਰ ਨਾਨਕ ਪ੍ਰਕਾਸ਼—

ਜਦ ਭਾਈ ਸੰਤੋਖ ਸਿੰਘ ਬੂੜੀਏ ਪਿੰਡ ਵਿਚ ਚਲੇ ਗਏ ਸਨ ਤਾਂ ਪਹਿਲਾਂ ਉਨ੍ਹਾਂ ਨਾਮ ਕੋਸ਼ ਪੁਸਤਕ ਦਾ ਅਨੁਵਾਦ ਕੀਤਾ, ਉਸ ਤੋਂ ਬਾਅਦ ਆਪ ਨੇ ਵਿਚਾਰ ਬਣਾਇਆ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਬ੍ਰਿਜ ਭਾਸ਼ਾ ਕਵਿਤਾ ਵਿਚ ਲਿਖੀ ਜਾਵੇ। ਇਸ ਕਾਰਜ ਲਈ ਸੰਮਤ ੧੮੭੮ ਵਿਚ ਆਪ ਪਿੰਡ ਬੂੜੀਆ ਛੱਡ ਕੇ ਅੰਮ੍ਰਿਤਸਰ ਆ ਗਏ। ਇਥੇ ਆ ਕੇ ਆਪ ਨੇ ਗੁਰੂ ਨਾਨਕ ਦੇਵ ਜੀ ਬਾਰੇ ਸਾਰੀਆਂ ਜਨਮ ਸਾਖੀਆਂ ਇਕੱਠੀਆਂ ਕੀਤੀਆਂ। ਇਨ੍ਹਾਂ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਪ੍ਰਮੁੱਖ ਸੀ। ਭਾਈ ਬਾਲੇ ਦੀ ਜਨਮ ਸਾਖੀ ਨੂੰ ਹੀ ਮੁਖ ਰੱਖਕੇ ਆਪ ਨੇ ਸਾਰੀ ਕਥਾ ਬਾਲੇ ਦੇ ਮੁਖਾਰਬਿੰਦ ਤੋਂ ਕਹਾਈ ਹੈ। ਭਾਈ ਬਾਲਾ ਜੀ ਦੱਸਦੇ ਹਨ ਕਿ ਉਹ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਨਾਲ ਰਹੇ ਅਤੇ ਜਿਥੇ ਵੀ ਜਾਂਦੇ ਸਨ ਉਹ ਨਾਲ ਜਾਂਦੇ ਸਨ, ਇਸ ਲਈ ਉਹ ਗੁਰੂ ਅੰਗਦ ਦੇਵ ਜੀ ਨੂੰ ਅੱਖੀਂ ਡਿੱਠਾ ਹਾਲ ਸੁਣਾ ਰਹੇ ਹਨ। ਬੇਸ਼ਕ ਭਾਈ ਸੰਤੋਖ ਸਿੰਘ ਭਾਈ ਬਾਲੇ ਦੀ ਜਨਮ ਸਾਖੀ ਨੂੰ ਪ੍ਰਮਾਣਿਕ ਨਹੀਂ ਮੰਨਦੇ, ਉਹ ਆਪਣੇ ਲਫਜ਼ਾਂ ਵਿਚ ਕਹਿੰਦੇ ਹਨ ਕਿ ਹੰਦਾਲੀਆਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਆਪਣੇ ਨਾਲ ਸਬੰਧਤ ਬਹੁਤ ਸਾਖੀਆਂ ਭਰ ਦਿੱਤੀਆਂ ਸਨ ਤੇ ਭਾਈ ਬਾਲੇ ਵਾਲੀ ਅਸਲ

ਜਨਮ ਸਾਖੀ ਨੂੰ ਦਰਿਆ ਬਿਆਸ ਵਿਚ ਰੋੜ ਦਿੱਤਾ ਸੀ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆ ਤੇ ਆਧਾਰਿਤ ਇਸ ਗ੍ਰੰਥ ਵਿਚ ਕੁਲ ੯੭੦੦ ਬੰਦ ਹਨ। ਇਸ ਗ੍ਰੰਥ ਨੂੰ ਫਿਰ ਦੋ ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲਾ ਭਾਗ ਹੈ ਪੂਰਬਾਰਧ ਜਿਸ ਵਿਚ ੭੩ ਅਧਿਆਇ ਹਨ ਅਤੇ ਦੂਸਰਾ ਭਾਗ ਹੈ ਉਤਰਾਰਧ ਜਿਸ ਵਿਚ ੫੭ ਅਧਿਆਇ ਹਨ। ਕਵੀ ਜੀ ਗੁਰੂ ਨਾਨਕ ਦੇਵ ਜੀ 'ਤੇ ਅਥਾਹ ਸਰਧਾ ਰਖਦੇ ਹਨ। ਉਨ੍ਹਾਂ ਇਸ ਸਾਰੇ ਗ੍ਰੰਥ ਵਿਚ ਗੁਰੂ ਜੀ ਨੂੰ ਪ੍ਰਭੂ ਦਾ ਅਵਤਾਰ ਜਾਣਿਆ ਹੈ ਅਤੇ ਉਸ ਤਰ੍ਹਾਂ ਦਾ ਹੀ ਉਨ੍ਹਾਂ ਨੂੰ ਕਲਾਵਾਨ ਸਾਬਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੂੰ ਕਿਸੇ ਦਾ ਡਰ ਭੈਅ ਨਹੀਂ, ਉਨ੍ਹਾਂ ਤੋਂ ਮਹਾਨ ਦੁਨੀਆਂ ਵਿਚ ਕੋਈ ਨਹੀਂ ਹੈ। ਗੁਰੂ ਨਾਨਕ ਦੇਵ ਜੀ ਇਤਿਹਾਸਕ ਪੁਰਖ ਹੁੰਦੇ ਹੋਏ ਵੀ ਅਵਤਾਰੀ ਸ਼ਕਤੀਆਂ ਰੱਖਣ ਵਾਲੇ ਧਰਤੀ ਤੇ ਆਏ ਖੁਦ ਬ੍ਰਹਮ ਹਨ। ਕਵੀ ਨੇ ਉਤਰੀ ਭਾਰਤ ਦੇ ਸਭਿਆਚਾਰ ਨੂੰ ਬੜੀ ਗਹਿਰਾਈ ਨਾਲ ਬਿਆਨ ਕੀਤਾ ਹੈ। ਉਨ੍ਹਾਂ ਲੋਕਾਂ ਦੇ ਭਲੇ ਵਾਸਤੇ ਇਕ ਨਵੀਂ ਸਾਂਸਕ੍ਰਿਤਕ ਜਾਗ੍ਰਿਤੀ ਨੂੰ ਉਤਸ਼ਾਹਿਤ ਕੀਤਾ ਹੈ। ਮੰਗਲਾਂ ਚਰਨਾਂ ਵਿਚ ਉਨ੍ਹਾਂ ਭਾਸ਼ਾ ਜਿਆਦਾ ਅਲੰਕਾਰਿਕ ਅਤੇ ਕਠਿਨ ਵਰਤੀ ਹੈ, ਪਰ ਬਾਕੀ ਰਚਨਾ ਦੀ ਭਾਸ਼ਾ ਅਤੇ ਸ਼ੈਲੀ ਬੜੀ ਸੁਭਾਵਿਕ, ਸਰਲ ਅਤੇ ਉਤਸ਼ਾਹ ਭਰੀ ਹੈ। ਉਨ੍ਹਾਂ ਬੇਸ਼ਕ ਇਸ ਗ੍ਰੰਥ ਵਿਚ ਵੀਹ ਪ੍ਰਕਾਰ ਦੇ ਛੰਦ ਵਰਤੇ ਹਨ, ਪਰ ਜ਼ਿਆਦਾ ਵਰਤੋਂ ਦੋਹਰਾ, ਸੋਰਠਾ, ਚੋਪਈ, ਕਬਿਤ, ਸਵੱਯਾ ਆਦਿ ਦੀ ਹੀ ਕੀਤੀ ਹੈ। ਇਹ ਰਚਨਾ ਏਨੀ ਸ੍ਰੇਸ਼ਟ ਕਿਵੇਂ ਰਚੀ ਗਈ ਇਸ ਬਾਰੇ ਵੀ ਇਕ ਭੇਦ ਹੈ। ਜਦ ਕਵੀ ਜੀ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖ ਰਹੇ ਸਨ ਤਾਂ ਉਹ ਸ਼ਾਮ ਨੂੰ ਉਸ ਲਿਖੇ ਹੋਏ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਸਨ। ਕਥਾ ਕਰਦਿਆਂ ਸਰੋਤੇ ਉਨ੍ਹਾਂ ਨੂੰ ਪ੍ਰਸ਼ਨ ਵੀ ਪੁਛਦੇ ਸਨ ਜਿਸ ਦਾ ਉਹ ਉਤਰ ਦਿੰਦੇ ਸਨ ਅਤੇ ਉਸ ਉਤਰ ਨੂੰ ਬਾਅਦ ਵਿਚ ਆਪਣੀ ਰਚਨਾ ਵਿਚ ਸ਼ਾਮਿਲ ਕਰਦੇ ਸਨ। ਇਸ ਤੱਥ ਬਾਰੇ ਸਬੂਤ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿਚੋਂ ਹੀ ਮਿਲ ਜਾਂਦੇ ਹਨ। ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧਿਆਇ ੩੭ ਵਿਚ ਦੱਸਦੇ ਹਨ ਕਿ ਉਹ ਇਸ ਗ੍ਰੰਥ ਦੀ ਮਨੋਰਥ ਪੂਰਨ ਕਰਨ ਵਾਲੀ ਕਥਾ ਸਰੋਤਿਆਂ ਨੂੰ ਸੁਣਾਇਆ ਕਰਦੇ ਸਨ। ਕਈ ਵਾਰ ਸਰੋਤੇ ਸੰਸਾ ਪ੍ਰਗਟ ਕਰਦੇ ਸਨ। ਉਹ ਲਿਖਦੇ ਹਨ।

*ਕਹਿਤ ਕਥਾ ਕਵਿ ਕਾਮਦਾ ਗੁਰ ਸਿਖਨ ਕੇ ਪਾਸ।*
*ਸ੍ਰੋਤਨ ਉਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ। ੫।*
*ਸ੍ਰੀ ਨਾਨਕ ਬਰ ਪਰਮ ਬਿਲਾਸਾ। ਬਹੁ ਪੋਥੀ ਪਰ ਹੈ ਇਤਿਹਾਸਾ।*
*ਸੋ ਤੋ ਲਿਖਯੋ ਅਵਰ ਬਿਧਿ ਤਹਿੰਵਾ। ਤੁਮ ਮੁਖ ਸੋਂ ਅਵਰਹਿ ਬਿਧਿ ਕਹਿਵਾ। ੬।*

ਇਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਸਰੋਤੇ ਬੜੇ ਚਾਅ ਅਤੇ ਉਤਸ਼ਾਹ ਨਾਲ ਕਥਾ ਸੁਣਦੇ ਸਨ ਅਤੇ ਕਵੀ ਜੀ ਸਰੋਤਿਆਂ ਨੂੰ ਬੜੇ ਪ੍ਰੇਮ ਨਾਲ ਉਤਰ ਦਿੰਦੇ ਸਨ.....

*ਤਿਨ ਤੇ ਸੁਨਿ ਕਵਿ ਬਚਨ ਬਖਾਨਾ। 'ਤੁਮਰੀ ਧੰਨ ਸੁਮਤਿ ਮਤਿਵਾਨਾ।*
*ਭਲੋ ਸੰਦੇਹ ਆਪ ਮਨ ਠਾਨਾ। ਉਤਰ ਸੁਣੋ ਦੇਯ ਨਿਜ ਕਾਨਾ। ੮।*
*ਦੋਹਰਾ- ਪ੍ਰਥਮੇ ਤੁਮ ਸੰਦੇਹ ਕੋ ਸਭ ਬਿਧਿ ਕਰੋਂ ਬਿਨਾਸ।*
*ਬਦਨਹਿੰ ਤੇ ਉਚਰੋਂ ਬਹੁਰ ਸ੍ਰੀ ਨਾਨਕ ਪ੍ਰਕਾਸ। ੯।*

ਇਸ ਤੋਂ ਸਾਫ ਸਪਸ਼ਟ ਹੁੰਦਾ ਹੈ ਕਿ ਕਵੀ ਜੀ ਕਥਾ ਕਰਦੇ ਸਨ ਅਤੇ ਸਰੋਤੇ ਸੁਣਦੇ ਸਨ ਤਦ ਹੀ ਉਹ ਜੋ ਸੁਣਦੇ ਸਨ ਤਾਂ ਆਪਣੇ ਮੁੱਖ ਤੋਂ ਕਹਿੰਦੇ ਸਨ ਕਿ 'ਤੁਸੀਂ ਮੂੰਹੋਂ ਹੋਰ ਤਰ੍ਹਾਂ ਕਿਹਾ ਹੈ' ਨਹੀਂ ਤਾਂ ਉਹ ਕਹਿੰਦੇ ਤੁਸੀਂ ਹੋਰ ਤਰ੍ਹਾਂ ਲਿਖਿਆ ਹੈ।

ਸਰੋਤਿਆਂ ਦਾ ਉਤਸ਼ਾਹ ਵੇਖ ਕੇ ਭਾਈ ਸੰਤੋਖ ਸਿੰਘ ਦਾ ਹੋਸਲਾ ਬੜਾ ਬੁਲੰਦ ਹੋ ਗਿਆ ਸੀ ਇਸ ਕਰਕੇ ਉਹ ਪੂਰੇ ਭਰੋਸੇ ਨਾਲ ਆਪਣੀ ਰਚਨਾ ਵਿਦਵਤਾ ਅਤੇ ਰੋਚਕ ਮਈ ਬਣਾਉਂਦੇ ਸਨ। ਜਦ ਸ੍ਰੀ ਗੁਰ ਨਾਨਕ ਪ੍ਰਕਾਸ਼ ਸੰਮਤ ੧੮੮੦ ਵਿਚ ਸਮਾਪਤ ਹੋਇਆ ਤਾਂ ਉਸ ਸਮੇਂ ਤਕ ਉਨ੍ਹਾਂ ਨੇ ਸਾਰੇ ਉਤਰੀ ਭਾਰਤ ਵਿਚ ਸ੍ਰੇਸ਼ਟ ਕਵੀ ਦੇ ਰੂਪ ਵਿਚ ਮਾਨਤਾ ਪ੍ਰਾਪਤ ਕਰ ਲਈ ਸੀ। ਉਨ੍ਹਾਂ ਦੀ ਇਸ ਵਿਦਵਤਾ ਨੂੰ ਮੁਖ ਰਖ ਕੇ ਕੈਥਲ ਦੇ ਰਾਜੇ ਉਦੇ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ ਸੀ ਅਤੇ ਹੋਰ ਗ੍ਰੰਥ ਲਿਖਣ ਵਾਸਤੇ ਉਨ੍ਹਾਂ ਦੀ ਹਰ ਪਖੋਂ ਸਹਾਇਤਾ ਕੀਤੀ। ਕਵੀ ਜੀ ਆਪਣੇ ਪਰਿਵਾਰ ਸਹਿਤ ਕੈਥਲ

ਚਲੇ ਗਏ ਅਤੇ ਅੰਤ ਤਕ ਉਥੇ ਹੀ ਰਹੇ।

### ੬. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ—

ਇਹ ਕਵੀ ਜੀ ਦੀ ਆਖਰੀ ਅਤੇ ਸਭ ਤੋਂ ਉੱਤਮ ਰਚਨਾ ਹੈ। ਇਸ ਮਹਾਨ ਪ੍ਰਬੰਧ ਕਾਵਿ ਦੇ ੫੧੮੨੯ ਛੰਦ ਹਨ। ਇਸ ਗ੍ਰੰਥ ਦੇ ਕੁਲ ੨੦ ਅਧਿਆਇ ਹਨ। ਜਿਨ੍ਹਾਂ ਨੂੰ ਬਾਅਦ ਵਿਚ ੧੧੫੧ ਅੰਸ਼ਾਂ ਵਿਚ ਵੰਡਿਆ ਗਿਆ ਹੈ। ਕਵੀ ਜੀ ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪ ਸੂਰਜ ਨੂੰ ਹਰ ਥਾਂ ਫੈਲਾਉਣਾ ਚਾਹੁੰਦੇ ਹਨ। ਇਸ ਲਈ ਸੂਰਜ ਦੀ ਗਤੀ ਦੇ ਆਧਾਰ ਤੇ ਇਸ ਕਾਵਿ ਪ੍ਰਬੰਧ ਨੂੰ ੧੨ ਰਾਸ਼ੀਆਂ, ੬ ਰੁਤਾਂ ਅਤੇ ੨ ਅਯਨਾਂ ਵਿਚ ਵੰਡਿਆ ਗਿਆ ਹੈ। ਇਸ ਗ੍ਰੰਥ ਨੂੰ ਪੜ੍ਹਕੇ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਯੁਗਾਂ-ਯੁਗਾਂ ਦੇ ਅੰਧਕਾਰ ਨੂੰ ਦੂਰ ਕਰਨ ਦੇ ਕਾਬਲ ਹਨ।

ਭਾਈ ਸੰਤੋਖ ਸਿੰਘ ਨੇ ਇਹ ਗ੍ਰੰਥ ਲਗਭਗ ਸੰਮਤ ੧੮੯੨ ਵਿਚ ਲਿਖਣਾ ਆਰੰਭ ਕੀਤਾ। ਪਰ ਇਹ ਗੱਲ ਵਿਚਾਰ ਲੈਣੀ ਜ਼ਰੂਰੀ ਹੈ ਕਿ ਇਸ ਗ੍ਰੰਥ ਨੂੰ ਲਿਖਣ ਵਾਸਤੇ ਉਨ੍ਹਾਂ ਨੂੰ ਇਤਿਹਾਸਿਕ ਸਮੱਗਰੀ ਕਿਥੋਂ ਮਿਲੀ? ਇਹ ਸਾਰਾ ਕੰਮ ਰਾਜਾ ਉਦੇ ਸਿੰਘ ਨੇ ਆਪ ਕੀਤਾ। ਰਾਜੇ ਉਦੇ ਸਿੰਘ ਨੇ ਸਾਰੇ ਦੇਸ਼ ਵਿਚ ਇਹ ਗੱਲ ਫੈਲਾ ਦਿੱਤੀ ਕਿ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜੋ ਵੀ ਸਮੱਗਰੀ ਕਿਸੇ ਪਾਸ ਹੋਵੇ ਉਹ ਲੈ ਕੇ ਕੈਥਲ ਪੁੱਜੇ। ਫਿਰ ਜਿਵੇਂ ਕਿਵੇਂ ਹੋਇਆ ਜਿਥੇ ਵੀ ਸਮੱਗਰੀ ਬਾਰੇ ਪਤਾ ਲੱਗਾ ਆਪਣੇ ਨੌਕਰ ਭੇਜਕੇ ਮੰਗਵਾਈ। ਜਿਹੜੀਆਂ ਪੋਥੀਆਂ ਮੁਲ ਮਿਲ ਸਕਦੀਆਂ ਸਨ ਉਨ੍ਹਾਂ ਨੂੰ ਮੁਲ ਤਾਰ ਕੇ ਖਰੀਦ ਲਿਆਂਦਾ ਗਿਆ। ਕਈਆਂ ਨੇ ਪੋਥੀਆਂ ਦੇਣ ਤੋਂ ਜਦ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਪੋਥੀਆਂ ਦੇ ਉਤਾਰੇ ਕਰ ਲਏ ਗਏ।

ਜਿਵੇਂ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਣ ਸਮੇਂ ਉਥਾਨਕਾ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਲੈਕੇ ਰਖੀ ਸੀ ਅਤੇ ਸਾਰੀ ਕਥਾ ਭਾਈ ਬਾਲੇ ਜੀ ਦੇ ਮੁਖ ਤੋਂ ਕਹਾਈ ਹੈ, ਇਸ ਤਰ੍ਹਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਰਾਮ ਕੁਇਰ ਦੇ ਮੁਖ ਤੋਂ ਸਾਰੀ ਕਥਾ ਸੁਣਵਾਈ ਹੈ ਅਤੇ ਉਸ ਕਥਾ ਨੂੰ ਗੁਰੂ ਦੇ ਸਿੰਘ ਸੁਣ ਰਹੇ ਹਨ। ਰਾਜੇ ਉਦੇ ਸਿੰਘ ਨੇ ਕੁਝ ਪੋਥੀਆਂ ਰਮਦਾਸ ਤੋਂ ਮੰਗਵਾਈਆਂ ਸਨ। ਇਨ੍ਹਾਂ ਪੋਥੀਆਂ ਵਿਚ ਦਸਾਂ ਗੁਰੂ ਸਾਹਿਬ ਦਾ ਜੀਵਨ ਪੰਜ ਸੌ ਸਾਖੀਆਂ ਵਿਚ ਅੰਕਿਤ ਸੀ। ਭਾਈ ਸੰਤੋਖ ਸਿੰਘ ਇਨ੍ਹਾਂ ਸਾਖੀਆਂ ਅਤੇ ਹੋਰ ਸਰੋਤਾਂ ਦਾ ਅਧਿਐਨ ਕਰਕੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਰਚਨਾ ਕਰਨ ਲੱਗੇ। ਜਿਵੇਂ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਕਥਾ ਕਰਦੇ ਸਨ, ਇਸ ਤਰ੍ਹਾਂ ਉਹ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਵੀ ਨਾਲੋ-ਨਾਲ ਕਥਾ ਕਰਨ ਲੱਗੇ। ਬੇਸ਼ੱਕ ਭਾਈ ਸੰਤੋਖ ਸਿੰਘ ਇਸ ਗ੍ਰੰਥ ਦੀ ਕਥਾ ਆਪ ਭਾਈ ਰਾਮ ਕੁਇਰ (ਗੁਰਬਖਸ਼ ਸਿੰਘ) ਜੀ ਦੇ ਮੂੰਹ ਤੋਂ ਕਰਵਾ ਰਹੇ ਹਨ। ਪਰ ਕੁਝ ਟਿਕਾਣੇ ਐਸੇ ਵੀ ਹਨ ਜਿਥੋਂ ਸਪਸ਼ਟ ਹੋ ਜਾਂਦਾ ਹੈ ਕਿ ਰਚੇ ਜਾ ਰਹੇ ਗ੍ਰੰਥ ਦੀ ਕਥਾ ਕਵੀ ਜੀ ਆਪ ਹੀ ਕਰ ਰਹੇ ਹਨ ਅਤੇ ਸਰੋਤੇ ਸੁਣ ਰਹੇ ਹਨ ਅਤੇ ਪ੍ਰਸ਼ਨ ਉੱਤਰ ਹੋ ਰਹੇ ਹਨ।

ਪਹਿਲੀ ਰਾਸ ਦੇ ਦੂਸਰੇ ਅੰਸ਼ੂ ਵਿਚ ਕਵੀ ਜੀ ਨੇ ਮੰਗਲ ਸੁਣਾ ਕੇ ਕਥਾ ਆਰੰਭ ਕੀਤੀ ਹੈ ਕਿ ਭਾਈ ਰਾਮ ਕੁਇਰ ਜੀ ਪਾਸ ਕੁਝ ਸਿੰਘਾਂ ਨੇ ਆ ਕੇ ਕਿਹਾ ਕਿ ਸਾਨੂੰ ਦਸਾਂ ਗੁਰੂ ਸਾਹਿਬ ਦੇ ਪ੍ਰਸੰਗ ਸੁਣਾਓ। ਪਰ ਇਥੇ ਕਵੀ ਸੰਤੋਖ ਸਿੰਘ ਦੇ ਸਰੋਤੇ ਮਿਲ ਕੇ ਕਹਿਣ ਲੱਗੇ, "ਜੇ ਕਥਾ ਤੁਸੀਂ ਰਾਮ ਕੁਇਰ ਸਾਹਿਬ ਦੀ ਜ਼ੁਬਾਨੀ ਸੁਣਾਉਣੀ ਹੈ, ਉਸ ਤੋਂ ਪਹਿਲਾਂ ਸਾਨੂੰ ਭਾਈ ਰਾਮ ਕੁਇਰ ਦੀ ਕਥਾ ਸੁਣਾਓ। ਪਹਿਲੀ ਰਾਸ ਵਿਚ ਲਿਖਿਆ ਹੈ:-

*ਇਹ ਪ੍ਰਸੰਗ ਸੁਨਿ ਸ੍ਰੋਤਾ ਸਾਰੇ। ਮਿਲਿ ਸੰਤੋਖ ਸਿੰਘ ਨਿਕਟ ਉਚਾਰੇ।*
*'ਰਾਮ ਕੌਰ ਕੀ ਪੂਰਬ ਕਥਾ। ਹਮਹਿ ਸੁਨਾਵਹੁ ਹੋਈ ਜਥਾ। ੩੧।*

ਇਸ ਤਰ੍ਹਾਂ ਹੀ ਰਾਸ ੨, ਅੰਸ਼ੂ ੪੦ ਵਿਚ ਲਿਖਿਆ ਹੈ:-

*'ਨਿਸਚੇ ਪ੍ਰੇਮ ਲਖਯੋ ਤੁਮ ਸਾਚੋ। ਚਿਤ ਰਾਚੋ ਹਿਤ ਸੁਨਿਨ ਉਬਾਚੋ।*
*ਯਾਤੇ ਮੈਂ ਬਰਨੌਂ ਸਭ ਕਥਾ। ਸਿੱਖਜਨ ਗਨ ਪ੍ਰਸੰਗ ਹੈਂ ਯਥਾ। ੩੭।*

ਕਵੀ ਜੀ ਦਾ ਕਥਨ ਕਰਨਾ, ਸਰੋਤਿਆਂ ਦਾ ਸੁਣਨਾ ਅਤੇ ਸਾਰੇ ਸਿੱਖਾਂ ਹਾਲ ਸੁਣਨ ਦੀ ਚਾਹ ਪ੍ਰਗਟ ਕਰਨਾ ਅਤੇ ਕਵੀ ਜੀ ਦਾ ਕਹਿਣਾ, "ਕਿ ਇਸ ਕਰਕੇ ਮੈਂ ਸਾਰੀ ਕਥਾ ਬਿਆਨ ਕਰਦਾ ਹਾਂ" ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸ੍ਰੀ ਗੁਰ ਨਾਨਕ ਪ੍ਰਕਾਸ਼

### ਪੂਰਬਾਰਧ

### ਤਤਕਰਾ


| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮੰਗਲਾ ਚਰਨ, ਨਾਮ ਮਹਿਮਾ ਵਰਣਨ | ੧ | ੧੩ |
| ਪੱਤ੍ਰੀ ਲਿਆਉਣੀ, ਬਾਲੇ ਦਾ ਗੁਰੂ ਅੰਗਦ ਦੇਵ ਜੀ ਨੂੰ ਮਿਲਣਾ | ੨ | ੩੨ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ | ੩ | ੪੪ |
| ਗੁਰੂ ਜੀ ਦਾ ਅਵਤਾਰ, ਉਤਸਾਹ ਤੇ ਨਾਮ ਧਰਨਾ | ੪ | ੫੭ |
| ਸ੍ਰੀ ਗੁਰੂ ਜੀ ਦੀ ਬਾਲ ਲੀਲ੍ਹਾ | ੫ | ੬੭ |
| ਗੋਪਾਲ ਪਾਂਧੇ ਪ੍ਰਤਿ ਉਪਦੇਸ਼ | ੬ | ੭੮ |
| ਬਾਲ ਲੀਲ੍ਹਾ, ਪਿਤਾ ਨੂੰ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ | ੭ | ੯੧ |
| ਗੁਰਸਿੱਖ ਦਾ ਮੰਗਲ, ਮੁੱਲਾਂ ਪ੍ਰਤਿ ਉਪਦੇਸ | ੮ | ੯੯ |
| ਸੱਚਾ ਜਨੇਊ | ੯ | ੧੧੨ |
| ਅਰਦਾਸ, ਗਊਆਂ ਚਾਰਨਾ, ਖੇਤ ਹਰਿਆ ਕਰਨਾ | ੧੦ | ੧੨੧ |
| ਸੱਪ ਨੇ ਛਾਂ ਕਰਨੀ, ਰਾਇ ਬੁਲਾਰ ਨੂੰ ਸਿਦਕ | ੧੧ | ੧੨੮ |
| ਖੇਤ ਬੀਜਣਾ, ਬ੍ਰਿਛ ਦੀ ਛਾਂ ਅਸਥਿਰ | ੧੨ | ੧੩੭ |
| ਵੈਦ ਨੂੰ ਉਪਦੇਸ਼ | ੧੩ | ੧੪੫ |
| ਖਰਾ ਸੌਦਾ ਕਰਨ ਜਾਣਾ | ੧੪ | ੧੫੪ |
| ਖਰਾ ਸੌਦਾ, ਬਾਬਾ ਕਾਲੂ ਤੇ ਰਾਇਬੁਲਾਰ | ੧੫ | ੧੬੫ |
| ਛਾਪ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ | ੧੬ | ੧੭੬ |
| ਮੋਦੀ ਦੀ ਕਾਰ ਆਰੰਭੀ | ੧੭ | ੧੮੮ |
| ਲੇਖਾ ਕੀਤਾ, ੧੩੫ ਵੱਧ ਨਿਕਲੇ | ੧੮ | ੧੯੮ |
| ਸਤਿਗੁਰੂ ਜੀ ਦੀ ਸਗਾਈ | ੧੯ | ੨੧੨ |
| ਲੇਖਾ ਕੀਤਾ, ੩੨੧ ਵਾਧਾ ਲਏ | ੨੦ | ੨੨੫ |
| ਬਰਾਤ ਦੀ ਸੁਲਤਾਨਪੁਰੋਂ ਚੜ੍ਹਾਈ | ੨੧ | ੨੩੬ |
| ਬਰਾਤ ਦਾ ਢੁਕਾਉ, ਵਿਆਹ | ੨੨ | ੨੪੯ |
| ਵਿਆਹ ਤੋਂ ਵਾਪਸ, ਤਲਵੰਡੀ ਜਾਣਾ | ੨੩ | ੨੬੨ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਤਲਵੰਡੀਓਂ ਵਾਪਸ ਸੁਲਤਾਨਪੁਰ ਆਉਣਾ | ੨੪ | ੨੭੩ |
| ਮੂਲੇ ਅਤੇ ਚੰਦੋਰਾਣੀ ਦਾ ਆ ਕੇ ਗੁੱਸੇ ਹੋਣਾ | ੨੫ | ੨੮੩ |
| ਬਾਬੇ ਸਿਰੀ ਚੰਦ ਦਾ ਜਨਮ | ੨੬ | ੨੯੩ |
| ਮਨਸੁਖ ਤੇ ਭਗੀਰਥ | ੨੭ | ੩੦੩ |
| ਗੁਰੂ ਚਰਨ ਮੰਗਲ, ਵੇਈਂ ਪ੍ਰਵੇਸ਼ | ੨੮ | ੩੧੩ |
| ਵੇਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਿਆਗਣੀ | ੨੯ | ੩੨੪ |
| ਮੂਲੇ ਦਾ ਆਉਣਾ, ਲਖਮੀ ਦਾਸ ਜਨਮ | ੩੦ | ੩੩੬ |
| ਮੁੱਲਾਂ ਨਿਸਤਾਰਾ, ਮਸੀਤ ਤੇ ਨਵਾਬ ਦਾ ਪ੍ਰਸੰਗ | ੩੧ | ੩੪੭ |
| ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ | ੩੨ | ੩੬੧ |
| ਮਾਤਾ ਸੁਲੱਖਣੀ ਜੀ ਦਾ ਪੇਕੇ ਜਾਣਾ | ੩੩ | ੩੭੦ |
| ਮਰਦਾਨਾ ਗੁਰੂ ਜੀ ਪਾਸ ਆਇਆ | ੩੪ | ੩੮੩ |
| ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ | ੩੫ | ੩੯੪ |
| ਮਰਦਾਨੇ ਦੀ ਭੁੱਖ, ਬੇਬੇ ਜੀ ਤੋਂ ਵਿਦਾ | ੩੬ | ੪੦੫ |
| ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆਂ | ੩੭ | ੪੧੬ |
| ਭਾਈ ਲਾਲੋ ਮਿਲਾਪ | ੩੮ | ੪੨੯ |
| ਮਲਿਕ ਭਾਗੋ ਅਤੇ ਖਾਨ ਪ੍ਰਸੰਗ | ੩੯ | ੪੪੨ |
| ਗੁਰੂ ਜੀ ਦਾ ਤਲਵੰਡੀ ਜਾਣਾ | ੪੦ | ੪੫੪ |
| ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ | ੪੧ | ੪੬੩ |
| ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ | ੪੨ | ੪੭੪ |
| ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ | ੪੩ | ੪੮੩ |
| ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ | ੪੪ | ੪੯੩ |
| ਗੁਰੂ ਜੀ ਦਾ ਤਲਵੰਡੀ ਤੋਂ ਟੁਰਨਾ | ੪੫ | ੫੦੨ |
| ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਮਰੂਪ ਦੇਸ਼ ਪੁੱਜੇ | ੪੬ | ੫੧੨ |
| ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ | ੪੭ | ੫੨੪ |
| ਸ਼ਿਵਨਾਭ ਪ੍ਰਤਿ ਉਪਦੇਸ਼, ਯੋਗ | ੪੮ | ੫੩੮ |
| ਤ੍ਰਿਯਾ ਰਾਜ ਉਪਦੇਸ਼ | ੪੯ | ੫੫੧ |
| ਭਰਥਰੀ, ਕੌੜਾ | ੫੦ | ੫੬੨ |
| ਸਾਲਸ ਰਾਇ ਜੌਹਰੀ | ੫੧ | ੫੭੭ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮਛ, ਕਲਿ, ਨਾਰਦ | ੫੨ | ੫੯੧ |
| ਸੁਧਰ ਸੈਨ | ੫੩ | ੬੦੨ |
| ਮਧੁਰਬੈਨ, ਦੇਵਲੂਤ ਰਾਖਸ਼ | ੫੪ | ੬੧੬ |
| ਦੇਵਲੂਤ, ਬਨਮਾਨਸ, ਰਾਖਸ਼ | ੫੫ | ੬੨੯ |
| ਕਮਲ ਨੈਨ | ੫੬ | ੬੪੧ |
| ਮੱਕੇ ਜਾਣਾ | ੫੭ | ੬੫੬ |
| ਮੱਕਾ, ਜੀਵਨ ਪ੍ਰਸੰਗ | ੫੮ | ੬੬੭ |
| ਮਦੀਨਾ, ਸੁਲਤਾਨਪੁਰ ਜਾਣਾ | ੫੯ | ੬੭੭ |
| ਸੁਮੇਰ ਤੇ ਗੋਰਖ, ਮਛਿੰਦ੍ਰ, ਲਹੁਰੀਪਾ ਨਾਲ ਚਰਚਾ | ੬੦ | ੬੯੦ |
| ਸਿੱਧ ਭੰਗਰ, ਕਨੀਫਾ, ਹਰੀਫਾ, ਭ੍ਰਤਵੇ, ਚਰਪਟ, ਡੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ | ੬੧ | ੭੦੪ |
| ਸਿੱਧ ਗੋਪੀ ਚੰਦ, ਈਸ਼ਰਨਾਥ, ਲੰਗਰ, ਮੰਗਲ ਨਾਥ, ਸ਼ੰਭੂ ਨਾਥ ਨਾਲ ਚਰਚਾ | ੬੨ | ੭੧੬ |
| ਸਿੱਧਾਂ ਨਾਲ ਚਰਚਾ, ਕੌਸ, ਤਾਲ ਤੋਂ ਪਾਣੀ | ੬੩ | ੭੨੯ |
| ਸਿੱਧਾਂ ਤੋਂ ਵਿਦਾ ਹੋਣਾ | ੬੪ | ੭੩੯ |
| ਕਾਕ ਭਸੁੰਡ, ਧੱਤਾ ਭ੍ਰੇਯ | ੬੫ | ੭੫੦ |
| ਪ੍ਰਹਿਲਾਦ | ੬੬ | ੭੬੦ |
| ਪ੍ਰਹਿਲਾਦ ਦੀ ਆਦਿ ਕਥਾ | ੬੭ | ੭੭੦ |
| ਪ੍ਰਹਿਲਾਦ ਪ੍ਰਸੰਗ | ੬੮ | ੭੮੦ |
| ਪ੍ਰਹਿਲਾਦ ਪ੍ਰਸੰਗ | ੬੯ | ੭੮੮ |
| ਵੈਰਾਹ ਅਵਤਾਰ | ੭੦ | ੭੯੭ |
| ਧ੍ਰੂਅ ਪ੍ਰਸੰਗ | ੭੧ | ੮੧੦ |
| ਧ੍ਰੂਵ ਪ੍ਰਸੰਗ | ੭੨ | ੮੨੧ |
| ਸੱਚ ਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ | ੭੩ | ੮੩੦ |

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਨਾਨਕ ਪ੍ਰਕਾਸ਼।

(ਪੂਰਬਾਰਧ)

## ਅਧਿਆਇ ਪਹਿਲਾ

*ਮੰਗਲਾ ਚਰਨ, ਨਾਮ ਮਹਿਮਾ ਵਰਣਨ।*

੧. ਆਪਣੇ ਇਸ਼ਟ ਦੇਵ ਦੀ ਮਰਯਾਦਾ ਦਾ ਮੂਲ ਮੰਗਲ।

**ਦੋਹਰਾ- ਏਕੁੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।**
**ਵਾਹਿਗੁਰੂ ਜੀ ਕੀ ਫਤੇ - ਵਿਘਨ ਵਿਨਾਸ਼ਨ ਸੋਇ ॥ ੧ ॥**

ਸਤਿਗੁਰੂ ਅਕਾਲ ਪੁਰਖ ਕੇਵਲ ਇਕ ਹੈ, ਉਸ ਦੀ ਕਿਰਪਾ ਨਾਲ ਸੱਚ ਦੀ ਪ੍ਰਾਪਤੀ ਹੁੰਦੀ ਹੈ। ਉਹ ਅਕਾਲ ਪੁਰਖ ਹੀ ਵਾਹਿਗੁਰੂ ਹੈ ਅਤੇ ਵਾਹਿਗੁਰੂ ਜੀ ਦੀ ਸਦਾ ਫ਼ਤਹਿ ਹੈ। ਉਹ ਸਾਰੀਆਂ ਰੁਕਾਵਟਾਂ ਮੁਸ਼ਕਲਾਂ ਦਾ ਨਾਸ਼ ਕਰਨ ਵਾਲਾ ਹੈ॥ ੧ ॥

੨. 'ਕਵਿ-ਸੰਕੇਤਕ' ਮਰਯਾਦਾ ਦਾ ਮੰਗਲ।

**ਕਬਿੱਤ- ਤੀਨੋ ਲੋਕ ਬਰ ਦਾਨੀ, ਤੀਨੋ ਜਾਚੈਂ ਮਹਾਰਾਨੀ, ਤੀਨੋ ਤਾਪ ਹਾਨੀ, ਆਦਿ ਤੀਨੋ ਗੁਨ ਮੰਡਿਕਾ।**
**ਤੀਨੋ ਕਾਲ ਮਾਨੀ, ਤੀਨੋ ਸ਼ਕਤਿ ਪ੍ਰਧਾਨੀ ਤਵ, ਤੀਨੋ ਕ੍ਰਿਤਵਾਨੀ, ਤੀਨੋ ਗਾਨੀ ਬਰ ਬੰਡਿਕਾ।**
**ਦੀਨੀ ਰਜਧਾਨੀ ਬੱਜ੍ਰ ਪਾਨੀ ਕੋ ਕ੍ਰਿਪਾਨ ਪਾਨੀ, ਜਾਨੀ ਮੈਂ ਭਵਾਨੀ ਸੁਖ ਖਾਨੀ ਖਲ ਖੰਡਿਕਾ।**
**ਨਮੋ ਨਮੋ ਬਾਕ ਬਾਨੀ, ਜੋਤਿ ਬਿਦਤਾਨੀ, ਦਾਸ ਰਸਨਾ ਬਸਾਨੀ, ਜੈਤਿ ਜੈਤਿ ਮਾਤ ਚੰਡਿਕਾ ॥੨ ॥**

ਹੇ ਬਾਕਬਾਨੀ ! ਭਾਵ-ਕਵਿਤਾ ਅਤੇ ਸੁੰਦਰ ਬਾਣੀ ਉਚਾਰਣ ਦੀ ਸ਼ਕਤੀ ਦੇਣ ਵਾਲੀ ਮਾਤਾ, ਆਪ ਦੀ ਜੋਤ ਪ੍ਰਗਟ ਹੋ ਕੇ ਮੇਰੀ ਜ਼ਬਾਨ ਤੇ ਵੱਸ ਗਈ ਹੈ। ਮੈਂ ਆਪ ਜੀ ਨੂੰ ਨਮਸਕਾਰ ਕਰਦਾ ਹਾਂ, ਹੇ ਤੇਜ ਸਰੂਪ ਵਾਲੀ ਮਾਤਾ ! ਆਪ ਜੀ ਦੀ ਸਦਾ ਜੈ ਜੈ ਕਾਰ ਹੋਵੇ। ਮਾਤਾ ਜੀ ਆਪ ਹੀ ਤਿੰਨਾਂ ਲੋਕਾਂ ਭਾਵ ਧਰਤੀ, ਆਕਾਸ਼ ਅਤੇ ਪਾਤਾਲ ਨੂੰ ਵਿਦਿਆ ਦਾ ਵਰ ਦੇਣ ਵਾਲੀ ਹੋ। ਤਿੰਨਾਂ ਵਰਗਾਂ ਦੇ ਕਵੀ ਆਪ ਜੀ ਨੂੰ ਵੱਡਾ ਸਮਝ ਕੇ ਆਪ ਜੀ ਦੀ ਪੂਜਾ ਕਰਦੇ ਹਨ। ਆਪ ਹੀ ਕਵੀਆਂ ਦੇ ਸੰਤਾਪ ਨੂੰ ਵੀ ਦੂਰ ਕਰਨ ਵਾਲੀ ਹੋ। ਆਪ ਨੇ ਆਪਣੇ ਤਿੰਨਾਂ ਗੁਣਾਂ ਨਾਲ ਕਵੀਆਂ ਆਦਿ ਨੂੰ ਜਮਾਲ ਤੇ ਜਲਾਲ ਦੋਹਾਂ ਸੁੰਦਰਤਾਈਆਂ ਨਾਲ ਸਜਾਇਆ ਹੈ। ਤਿੰਨਾਂ ਕਾਲਾਂ ਦੇ ਕਵੀਆਂ ਨੇ ਆਪ ਦਾ ਸਤਿਕਾਰ ਕੀਤਾ ਹੈ ਅਤੇ ਆਪ ਦੀਆਂ ਤਿੰਨ ਪ੍ਰਧਾਨ ਸ਼ਕਤੀਆਂ, ਭਾਵ-ਧਨ, ਅੰਨ ਅਤੇ ਔਲਾਦ ਦੇ ਕੇ ਲੋਕਾਂ ਨੂੰ ਨਿਹਾਲ ਕਰ ਰਹੀਆਂ ਹਨ। ਆਪ ਤਿੰਨਾਂ ਕਾਰਜਾਂ ਦੇ ਕਰਨ ਵਾਲੀ ਹੋ, ਭਾਵ-ਆਪ ਕਰਕੇ ਹੀ ਕਵਿਤਾ ਉਪਜਦੀ ਹੈ, ਯੱਗ ਸਫਲ ਹੁੰਦੇ ਹਨ ਅਤੇ ਜਲ ਪ੍ਰਾਪਤ ਹੁੰਦਾ ਹੈ। ਤਿੰਨਾਂ ਕਾਲਾਂ ਦੇ ਕਵੀਆਂ ਨੇ ਤੇਰੇ ਜਸ ਗਾਏ ਹਨ। ਹੇ ਵਰ ਦੇਣ ਵਾਲੀ ਮਾਤਾ ! ਆਪ ਜੀ ਦੇ ਹੱਥ ਵਿਚ ਤਲਵਾਰ ਹੈ ਅਤੇ ਆਪ ਜੀ ਨੇ ਸਾਰੇ ਯੁੱਧ ਜਿੱਤੇ ਹਨ। ਆਪ ਕੁਸ਼ਲਤਾ ਦੀ ਦਾਤ ਹੋ, ਸੁੱਖਾਂ ਦੀ ਖਾਣ ਹੋ ਅਤੇ ਆਪ ਵਿਚ ਦੁਸ਼ਟਾਂ, ਵਿਘਨਕਾਰੀਆਂ ਨੂੰ ਨਾਸ਼ ਕਰਨ ਵਾਲਾ ਤੇਜ-ਮਈ ਗੁਣ ਹੈ॥ ੨ ॥

*੩. ਆਪਣੇ ਇਸ਼ਟ ਦੇਵ, ਅਕਾਲ ਪੁਰਖ, ਦਾ ਮੰਗਲ।*

ਦੋਹਰਾ- ਸਰਬ ਬਯਾਪੀ, ਨਿਤ ਨਯੋ; ਸਤਿ, ਚਿਤ, ਆਨੰਦ ਰੂਪ;
ਮੋ ਉਰ ਮੈਂ ਪ੍ਰਗਟੋ ਸਦਾ; ਜੋ ਚਰ ਅਚਰ ਅਨੂਪ ॥ ੩॥

ਹੇ ਸਰਬ ਵਿਆਪਕ, ਸਦਾ ਨਵੇਂ ਰਹਿਣ ਵਾਲੇ, ਅਸਲੀ ਵਜੂਦ ਵਾਲੇ ਗਿਆਨ ਮੂਰਤ, ਅਨੰਦ ਸਰੂਪ, ਸੰਸਾਰ ਵਿਚ ਸਭ ਤੋਂ ਅਧਿਕ ਸੁੰਦਰ ਮੇਰੇ ਵਾਹਿਗੁਰੂ ਜੀ! ਕਿਰਪਾ ਕਰਕੇ ਸਦਾ ਮੇਰੇ ਹਿਰਦੇ ਵਿਚ ਵਾਸਾ ਰਖੋ ਜੀ॥ ੩॥

ਸ੍ਵੈਯਾ- ਐ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ।
ਬਾਯੁ ਬਿਨਾਯਕ ਬਾਯੁ ਸਖਾ ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ।
ਸ੍ਰੀਦਹਿ ਸੂਰ ਸਸੀ ਉਡ ਅੰਤਕ ਮਾਨਵ ਦਾਨਵ ਦੇਵ ਸੰਗਾਤੀ।
ਬੰਦਨਤਾ ਕਰ ਬੰਦਨ ਕੈ ਨਿਤ ਆਨੰਦ ਕੰਦ ਮੁਕੰਦ ਜਿ ਖਜਾਤੀ॥੪॥

ਹੇ ਇਕ ਅਕਾਲ ਪੁਰਖ! ਤੈਨੂੰ ਬ੍ਰਹਮਾਂ, ਵਿਸ਼ਨੂੰ, ਸ਼ਿਵਜੀ, ਹਵਾ, ਗਣੇਸ਼, ਅਗਨੀ, ਵਰੁਣ, ਬਨਸਪਤੀ ਅਤੇ ਇੰਦਰ ਸਦਾ ਹੱਥ ਜੋੜ ਕੇ ਨਮਸ਼ਕਾਰ ਕਰਦੇ ਰਹਿੰਦੇ ਹਨ। ਹੇ ਸਦਾ ਰਹਿਣ ਵਾਲੇ, ਅਨੰਦ ਦੇ ਮੂਲ, ਪ੍ਰਤੱਖ, ਅਤੇ ਮੁਕਤੀ ਦਾਤੇ! ਤੈਨੂੰ ਕੁਬੇਰ, ਸੂਰਜ, ਚੰਦ, ਤਾਰੇ, ਧਰਮਰਾਜ, ਮਨੁੱਖ, ਦੈਂਤ ਅਤੇ ਦੇਵਤੇ ਵੀ ਸਦਾ ਹੱਥ ਜੋੜ ਕੇ ਬੰਦਨਾ ਕਰਦੇ ਰਹਿੰਦੇ ਹਨ॥ ੪॥

*੪. ਇਸ਼ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮੰਗਲ।*

ਦੋਹਰਾ- ਸ੍ਰੀ ਨਾਨਕ ਪੁਰਸ਼ੋਤਮੰ ਪਰਮ, ਪਰਾਵਰ ਨਾਥ।
ਯੁਗਲ ਚਰਨ ਮਮ ਬੰਦਨਾ ਧਰ ਪਰ ਧਰਿ ਕਰਿ ਮਾਥ॥ ੫॥

ਹੇ ਸ੍ਰੀ ਗੁਰੂ ਨਾਨਕ ਦੇਵ ਜੀ! ਆਪ ਜੀ ਇਸ ਸੰਸਾਰ ਵਿਚ ਸਾਰੇ ਉਤਮ ਪੁਰਖਾਂ ਤੋਂ ਮਹਾਨ ਹੋ, ਆਪ ਉੱਚੇ ਤੋਂ ਉੱਚੇ ਲੋਕਾਂ ਦੇ ਵੀ ਨਾਥ ਹੋ। ਮੈਂ ਆਪ ਜੀ ਦੇ ਦੋਵਾਂ ਚਰਨਾਂ ਉਤੇ ਧਰਤੀ ਤੇ ਮੱਥਾ ਟੇਕ ਕੇ ਨਮਸ਼ਕਾਰ ਕਰਦਾ ਹਾਂ॥ ੫॥

ਸ੍ਵੈਯਾ- ਬਰ ਚਾਰ ਪਦਾਰਥ ਦਾ ਬਰ ਚਾਰ ਬਿਚਾਰ ਕੋ ਮੂਰ ਉਦਾਰ ਸੁਹਾਵੈਂ।
ਉਪਕਾਰਿ ਸਖਾ ਸੁਖਕਾਰ ਸਦਾ ਤਮ ਪਾਰ ਕਰੈਂ ਉਰ ਮੋਂ ਬਸ ਜਾਵੈਂ।
ਅਘਜਾਲਨਿ ਤੇ ਜਮਜਾਲਿਨਿ ਤੇ ਕਲਿਕਾਲਨ ਤੇ ਤਤਕਾਲ ਛੁਟਾਵੈਂ।
ਅਰਬਿੰਦ ਬਿਖੇ ਗੁਨ ਏ ਸਭਿ ਹੋਹਿੰ ਤਬੈ ਉਪਮਾ ਪਗ ਸ੍ਰੀ ਗੁਰ ਪਾਵੈਂ॥੬॥

ਗੁਰੂ ਨਾਨਕ ਦੇਵ ਜੀ ਚਾਰ ਪਦਾਰਥਾਂ (ਧਰਮ, ਅਰਥ, ਕਾਮ ਅਤੇ ਮੋਖ) ਦੀ ਦਾਤ ਬਖਸ਼ਣ ਵਾਲੇ ਹਨ, ਵਿਚਾਰ ਦਾ ਮੂਲ ਹਨ ਅਤੇ ਗਿਆਨ ਦਾ ਵਰ ਦੇਣ ਵਾਲੇ ਉਦਾਰਤਾ ਦਾ ਸਰੂਪ ਹਨ। ਮਿੱਤਰ ਪਿਆਰਿਆਂ ਵਾਂਗ ਵੱਡੇ ਉਪਕਾਰੀ ਹਨ ਅਤੇ ਸਦਾ ਸੁੱਖ ਦੀ ਦਾਤ ਦੇਣ ਵਾਲੇ ਹਨ ਅਤੇ ਹਿਰਦੇ ਵਿਚ ਵੱਸ ਜਾਂਦੇ ਹਨ। ਮਨੁੱਖਾਂ ਨੂੰ ਉਹ ਅਗਿਆਨ ਰੂਪ ਹਨੇਰੇ ਤੋਂ ਪਾਰ ਕਰ ਦਿੰਦੇ ਹਨ, ਸਾਰੇ ਪਾਪਾਂ ਤੋਂ, ਕਲਜੁਗ ਦੇ ਪ੍ਰਭਾਵ ਤੋਂ ਅਤੇ ਜਮਾਂ ਦੀ ਫਾਹੀ ਤੋਂ ਤੁਰੰਤ ਛੁਟਕਾਰਾ ਦਿਵਾ ਦਿੰਦੇ ਹਨ। ਅਜਿਹੇ ਸਾਰੇ ਗੁਣ ਜੇ ਕੰਵਲ ਫੁੱਲ ਵਿਚ ਹੋਣ ਤਾਂ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਉਪਮਾ ਪ੍ਰਾਪਤ ਕਰ ਸਕਦੇ ਹਨ॥ ੬॥

*੫. ਇਸ਼ਟ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਮੰਗਲ।*

ਦੋਹਰਾ- ਸ੍ਰੀ ਅੰਗਦ ਕੰਦਨ ਬਿਘਨ ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ ਨਮਸਕਾਰ ਧਰਿ ਭਾਲ॥ ੭॥

ਸ੍ਰੀ ਗੁਰੂ ਅੰਗਦ ਦੇਵ ਜੀ, ਮੁਸ਼ਕਲਾਂ ਅਤੇ ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ ਅਤੇ ਉਨ੍ਹਾਂ ਦਾ ਮੁਖਾਰਬਿੰਦ ਖੇੜਿਆਂ ਖੁਸ਼ੀਆਂ ਦਾ ਘਰ ਹੈ, ਭਾਵ-ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਨਿਕਲਿਆ ਹਰ ਸ਼ਬਦ ਤਤਕਾਲ ਪੂਰਾ ਹੁੰਦਾ ਹੈ। ਮੈਂ ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈ ਕੇ ਧਰਤੀ ਉਤੇ ਮੱਥਾ ਟੇਕ ਕੇ ਉਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ॥ ੭॥

ਸ੍ਵੈਯਾ- ਪਾਸੁ ਪਰਾਗ ਸੀ ਸੋਹਤਿ ਸੁੰਦਰ, ਗੰਧਿ ਸੀ ਕੀਰਤਿ ਮੱਧ ਬਸਾਨਾ।
ਕੋਮਲਤਾ ਕੋਮਲਤਾ ਇਕ ਸੀ, ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ ਤਿਸਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਗ, ਮੋਖਦ ਏਕ ਬਿਸ਼ੇਖਤਾ ਜਾਨਾ॥ ੮॥

ਜਿਵੇਂ ਕੰਵਲ ਦੇ ਫੁੱਲਾਂ ਉਤੇ ਪਰਾਗ ਸੋਹਣੀ ਲੱਗਦੀ ਹੈ, ਇਸ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਪਈ ਸੁੰਦਰ ਧੂੜ ਸੁਸ਼ੋਭਿਤ ਹੋ ਰਹੀ ਹੈ। ਜਿਵੇਂ ਕੰਵਲ ਦੇ ਫੁੱਲ ਵਿਚ ਖੁਸ਼ਬੂ ਵੱਸਦੀ ਹੈ, ਇਸ ਤਰ੍ਹਾਂ ਹੀ ਗੁਰੂ ਜੀ ਦੇ ਚਰਨਾਂ ਵਿਚ ਕੀਰਤੀ ਦਾ ਨਿਵਾਸ ਹੈ। ਬੇਸ਼ਕ ਕੰਵਲ ਦੇ ਫੁੱਲ ਅਤੇ ਗੁਰੂ ਦੇ ਚਰਨਾਂ ਵਿਚ ਕੋਮਲਤਾ ਅਤੇ ਨਿਰਲੇਪਤਾ ਸਮਾਨ ਹੈ, ਭਾਵ ਕੰਵਲ ਦਾ ਫੁੱਲ ਪਾਣੀ ਤੋਂ ਉੱਚਾ ਰਹਿੰਦਾ ਹੈ, ਇਸ ਕਰਕੇ ਉਹ ਪਾਣੀ ਤੋਂ ਨਿਰਲੇਪ ਹੈ, ਇਸ ਤਰ੍ਹਾਂ ਗੁਰੂ ਜੀ ਪਦਾਰਥਾਂ ਨਾਲ ਭਰੇ ਸੰਸਾਰ ਵਿਚ ਉੱਚੇ ਰਹਿੰਦੇ ਹਨ, ਇਸ ਲਈ ਉਹ ਮਾਇਆ ਤੋਂ ਅਲੇਪ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲ ਵਰਗੇ ਹਨ, ਪਰ ਕੰਵਲ ਦੇ ਫੁੱਲ ਨਾਲੋਂ ਉਨ੍ਹਾਂ ਵਿਚ ਇਕ ਵਾਧਾ ਹੈ। ਕਿਉਂਕਿ ਗੁਰੂ ਜੀ ਦੇ ਚਰਨ ਮੁਕਤੀਦਾਤਾ ਵੀ ਹਨ। ਜਿਵੇਂ ਬਹੁਤੇ ਪਾਣੀ ਨਾਲ ਭਰੇ ਛੰਭ ਵਿਚੋਂ ਕੰਵਲ ਉਪਰ ਨਿਕਲ ਕੇ ਖਿੜਦਾ ਹੈ, ਉਸ ਤਰ੍ਹਾਂ ਗੁਰੂ ਜੀ ਸੰਸਾਰੀ ਪਦਾਰਥਾਂ ਤੋਂ ਉਚਿਆਂ ਉਠ ਕੇ ਭਾਵ ਨਿਰਲੇਪ ਰਹਿ ਕੇ ਵਿਚਰ ਰਹੇ ਹਨ॥ ੮॥

*੬. ਇਸ਼ਟ ਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਮੰਗਲ*

ਦੋਹਰਾ- ਸ੍ਰੀ ਸਤਿਗੁਰ ਬਰ ਅਮਰ ਜੀ ਸ਼ਰਨ ਨਰਨ ਦੁਖ ਹਰਨ।
ਕਾਰਨ ਕਰਨ ਸੁਜਾਨ ਮਨ ਨਮਸਕਾਰ ਤਿਨ ਚਰਨ॥ ੯॥

ਉੱਤਮ ਅਤੇ ਸ੍ਰੇਸ਼ਟ ਸਤਿਗੁਰ ਅਮਰ ਦਾਸ ਜੀ ਦੀ ਸ਼ਰਨ ਜੀਵਾਂ ਦੇ ਦੁੱਖ ਦੂਰ ਕਰਨ ਵਾਲੀ ਹੈ। ਉਹ ਸਰਬ ਸਮਰੱਥ ਅਤੇ ਸੁਜਾਨ ਮਨ ਵਾਲੇ ਹਨ। ਮੈਂ ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ॥ ੯॥

ਕਬਿੱਤ- ਰਜਨੀ ਅਵਿਦਯਾ ਸਰ ਭ੍ਰਮ ਸੋ ਤਿਮਰ ਹਰਿ, ਕੋਕ ਸੇ ਕਿੰਕਰ ਬਰ ਕੀਨੇ ਬ੍ਰਿਹੁ ਛੀਨ ਹੈ।
ਮਾਲ ਉਡ ਕਲਮਲ ਕੰਦਲ ਦੁਰਾਇ ਦਲ, ਪਲ ਪਲ ਗਜਾਨ ਸੌਂ ਪ੍ਰਕਾਸ਼ ਭਵ ਕੀਨ ਹੈ।
ਬੇਮੁਖ ਕੁਮੁਦ ਦੁਖ ਸਨਮੁਖ ਕੰਜ ਸੁਖ, ਗਤਿ ਸੋ ਭਗਤ ਨਿਤ ਜਾਨੀਏ ਅਧੀਨ ਹੈ।
ਅਮਰ ਦਰਸ ਭਾਨੁ ਲੱਛਨ ਸਮਾਨ ਸਭਿ, ਏਕ ਗੁਨ ਅਧਿਕ ਪੈ ਤਪਤ ਬਿਹੀਨ ਹੈ॥੧੦॥

ਜਿਵੇਂ ਸੂਰਜ ਦਾ ਪ੍ਰਕਾਸ਼ ਰਾਤ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਅਵਿਦਿਆ ਨੂੰ ਖਤਮ ਕਰਦਾ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਹਨੇਰੇ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਭਰਮ ਦਾ ਨਾਸ ਕਰਦਾ ਹੈ। ਜਿਵੇਂ ਸੂਰਜ ਦੀ ਰੋਸ਼ਨੀ ਚਕਵੇ ਦੀ ਬਿਰਹਾ ਰੂਪੀ ਪੀੜ ਦੂਰ ਕਰਦੀ ਹੈ, ਇਸ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਦਾ ਜਲਾਲ ਸਿੱਖ ਸੇਵਕਾਂ ਦੇ ਬਿਰਹਾ ਨੂੰ ਦੂਰ ਕਰਦਾ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਤਾਰਿਆਂ ਦੇ ਸਮੂਹ ਨੂੰ ਦੂਰ ਕਰਦਾ ਹੈ, ਇਸ ਤਰ੍ਹਾਂ ਗੁਰੂ ਅਮਰਦਾਸ ਦੇ ਦਰਸ਼ਨ ਪਾਪਾਂ ਦੇ ਸਮੂਹ ਨੂੰ ਦੂਰ ਕਰਦੇ ਹਨ। ਜਿਵੇਂ ਸੂਰਜ ਦਾ ਚਾਨਣ ਪਲ-ਪਲ ਵਧਦਾ ਹੈ, ਇੰਝ ਹੀ ਗੁਰੂ ਅਮਰਦਾਸ ਦੇ ਗਿਆਨ ਦਾ ਪ੍ਰਕਾਸ਼ ਹਰ ਘੜੀ ਵੱਧ ਰਿਹਾ ਹੈ। ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਚਿੱਟੇ ਕੰਵਲਾਂ ਨੂੰ ਦੁੱਖ ਹੁੰਦਾ ਹੈ, ਉਸ ਤਰ੍ਹਾਂ ਹੀ ਗੁਰੂ ਅਮਰਦਾਸ ਦੇ ਦਰਸ਼ਨਾਂ ਨਾਲ ਬੇਮੁਖਾਂ ਨੂੰ ਦੁੱਖ ਹੁੰਦਾ ਹੈ। ਜਿਵੇਂ ਸੂਰਜ ਦੀ ਚਾਲ ਇਕਸਾਰ ਹੈ, ਭਾਵ ਪ੍ਰਭੂ ਦੇ ਅਧੀਨ ਹੈ, ਇੰਝ ਹੀ ਗੁਰੂ ਅਮਰਦਾਸ ਜੀ ਵੀ ਆਪਣੇ ਨਿਯਮ ਅਨੁਸਾਰ ਚਲਣ ਵਾਲੇ

ਭਗਤਾਂ ਦੇ ਅਧੀਨ ਹਨ। ਗੁਰੂ ਅਮਰਦਾਸ ਜੀ ਅਤੇ ਸੂਰਜ ਦੇ ਸਾਰੇ ਲੱਛਣ ਸਮਾਨ ਹਨ, ਪਰ ਗੁਰੂ ਜੀ ਵਿਚ ਇਕ ਗੁਣ ਅਧਿਕ ਹੈ, ਕਿਉਂਕਿ ਗੁਰੂ ਅਮਰਦਾਸ ਦੇ ਦਰਸ਼ਨ ਸੀਤਲ ਹਨ ਅਤੇ ਸੂਰਜ ਦੇ ਲੱਛਣ ਗਰਮ ਹਨ। ਸਤਿਗੁਰੂ ਅਮਰਦਾਸ ਦੇ ਗੁਣ ਜੀਵਤ ਹਨ, ਉਹ ਮਨ, ਆਤਮਾ, ਦੁਨੀਆਂ ਅਤੇ ਰੋਗੀਆਂ ਨੂੰ ਠੰਢ ਪਾਉਣ ਵਾਲੇ ਹਨ॥ ੧੦॥

*੭. ਇਸ਼੍ਰ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਮੰਗਲ।*

ਦੋਹਰਾ- ਰਾਮਦਾਸ ਸੁਖਰਾਸ ਪ੍ਰਭੁ ਸੇਵਕ ਤ੍ਰਾਸ ਬਿਦਾਰ।
ਪਗ ਪਰ ਮੁਰ ਪਰਣਾਮ ਹੈ ਪਰਨਾ ਸ਼ਰਨ ਵਿਚਾਰ॥ ੧੧॥

ਹੇ ਸ੍ਰੀ ਗੁਰੂ ਰਾਮਦਾਸ ਜੀ ! ਤੁਸੀ ਸੁੱਖਾਂ ਦੇ ਖਜ਼ਾਨੇ ਹੋ ਅਤੇ ਆਪਣੇ ਸਿੱਖ ਸੇਵਕਾਂ ਦੇ ਭੈਅ ਨੂੰ ਦੂਰ ਕਰਨ ਵਾਲੇ ਹੋ, ਮੇਰੀ ਆਪ ਜੀ ਦੇ ਚਰਨਾਂ ਤੇ ਬੰਦਨਾ ਹੈ, ਮੈਂ ਆਪ ਜੀ ਦੀ ਸ਼ਰਨ ਦਾ ਆਸਰਾ ਲਿਆ ਹੈ॥ ੧੧॥

ਕਬਿੱਤ- ਪੁਖ਼ਕਰ ਭਰੇ ਪੁਖ਼ਕਰ ਜਯੋ ਪੇਖਕਰਿ ਸਮੀਕਰ ਕਰੈ ਦੁਤਿ ਹੀਨ ਹੈ।
ਪੁਖਕਰ ਹੀਨ ਦਿਨਕਰ ਕਰੇ ਛੀਨ ਤਿਸ ਖਰ ਧਾਰੀ ਦੇਹਿ ਪਰ ਯਾਂਤੇ ਸੋ ਮਲੀਨ ਹੈ।
ਸੁਖਮਾ ਨਿਹਾਰ ਭੌਰ ਦਾਹਿਤਿ ਅਪਾਰ ਆਨ, ਜਾਰਤਿ ਤੁਖਾਰ, ਏਤੇ ਔਗੁਨ ਅਧੀਨ ਹੈ।
ਸਤਿਗੁਰੁ ਰਾਮਦਾਸ ਚਰਣ ਮੁਕਤਿ ਦੇਤਿ, ਉਪਮਾ ਕਮਲ ਕੀ ਨ ਬਨੈ ਬਿਧਿ ਹੀਨ ਹੈ ॥੧੨ ॥

ਜਿਵੇਂ ਜਲ ਨਾਲ ਭਰੇ ਸਰੋਵਰ ਵਿਚ ਸੂਰਜ ਦੀ ਗਰਮੀ ਨਾਲ਼ ਕਮਲ ਦਾ ਫੁੱਲ ਉੱਗਦਾ ਹੈ ਤੇ ਰਾਤ ਨੂੰ ਚੰਦਰਮਾਂ ਦੀਆਂ ਰਿਸ਼ਮਾਂ ਵੇਖ ਕੇ ਕੁਮਲਾ ਜਾਂਦਾ ਹੈ, ਪਰ ਜੇ ਸਰੋਵਰ ਵਿਚੋਂ ਪਾਣੀ ਸੁੱਕ ਜਾਵੇ ਤਾਂ ਉਹੀ ਸੂਰਜ ਜਿਹੜਾ ਕਮਲ ਨੂੰ ਜਨਮ ਦਿੰਦਾ ਹੈ, ਸਾੜ ਦਿੰਦਾ ਹੈ। ਉਸ ਕਮਲ ਦੀ ਨਾਲੀ ਮਿੱਟੀ ਜਾਂ ਚਿੱਕੜ ਨਾਲ ਲਿਬੜੀ ਰਹਿੰਦੀ ਹੈ, ਇਸ ਕਰਕੇ ਕਮਲ ਦੀ ਦੇਹ ਮੈਲ ਨਾਲ ਭਰੀ ਰਹਿੰਦੀ ਹੈ। ਕਮਲ ਦੇ ਫੁੱਲ ਨੂੰ ਵੇਖ ਕੇ ਅਨੇਕਾਂ ਭੌਰੇ ਆ ਕੇ ਉਸ ਦਾ ਰਸ ਚੂਸਦੇ ਰਹਿੰਦੇ ਹਨ, ਕਮਲ ਦਾ ਫੁੱਲ ਉਨ੍ਹਾਂ ਨੂੰ ਰੋਕ ਨਹੀਂ ਸਕਦਾ, ਬਲਕਿ ਸੜਦਾ ਰਹਿੰਦਾ ਹੈ। ਜਦ ਸਰਦੀਆਂ ਦਾ ਮੌਸਮ ਆਉਂਦਾ ਹੈ ਤਾਂ ਕੱਕਰ ਅਤੇ ਬਰਫ਼ ਉਸ ਦਾ ਵਿਨਾਸ਼ ਕਰਦੇ ਹਨ। ਇਸ ਤਰ੍ਹਾਂ ਕਮਲ ਦੇ ਫੁੱਲ ਵਿਚ ਬੜੇ ਔਗੁਣ ਹਨ ਅਤੇ ਉਹ ਸਵਤੰਤਰ ਨਹੀਂ, ਬਲਕਿ ਸੂਰਜ, ਚੰਦਰਮਾਂ, ਭੌਰਿਆਂ ਅਤੇ ਕੱਕਰ ਦੇ ਅਧੀਨ ਹੈ। ਇਸ ਕਰਕੇ ਕਮਲ ਫੁੱਲ ਦੀ ਗੁਰੂ ਦੇ ਚਰਨਾਂ ਨਾਲ ਉਪਮਾਂ ਨਹੀਂ ਦਿੱਤੀ ਜਾ ਸਕਦੀ। ਗੁਰੂ ਰਾਮਦਾਸ ਜੀ ਦੇ ਚਰਨ ਅਜ਼ਾਦ ਹਨ ਅਤੇ ਉਹ ਔਗੁਣਾਂ ਨਾਲ ਭਰੇ ਹੋਏ ਜੀਵਾਂ ਨੂੰ ਮੁਕਤੀ ਦਿੰਦੇ ਹਨ॥ ੧੨॥

*੮. ਇਸ਼੍ਰ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮੰਗਲ।*

ਦੋਹਰਾ- ਸ੍ਰੀ ਅਰਜਨ ਸ਼੍ਰੋਤਾ ਅਰਜ, ਸਿਰਜਨ ਆਰਜਤਾਯ।
ਲਰਜਤਿ ਜਮ ਜਿਨ ਨਾਮ ਤੇ, ਬੰਦੋਂ ਤਿਨ ਜੁਗ ਪਾਯ॥ ੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੀਆਂ ਬੇਨਤੀਆਂ ਨੂੰ ਸੁਣਨ ਵਾਲੇ ਤੇ ਵਡਿਆਈਆਂ ਦੇ ਰਚਣਹਾਰ ਹਨ। ਉਨ੍ਹਾਂ ਦੇ ਨਾਂ ਤੋਂ ਤਾਂ ਯਮ ਵੀ ਕੰਬਦਾ ਹੈ। ਮੈਂ ਉਨ੍ਹਾਂ ਦੇ ਦੋਵਾਂ ਚਰਨਾਂ 'ਤੇ ਨਮਸਕਾਰ ਕਰਦਾ ਹਾਂ॥ ੧੩॥

ਕਬਿੱਤ- ਲੋਚਨ ਬਿਲੋਕਤਿ ਨ ਚਾਹੈਂ ਚਿਤ ਆਨ ਦੁਤਿ, ਬਿਸ਼ੇ ਕੇ ਬਿਲਾਸ ਆਸ ਪਾਸਨ ਨ ਜਾਵਈ।
ਕਾਨ ਆਨ ਗਾਨ ਤਾਨ ਸੁਨੈ ਨ ਅਯਾਨ ਜਿਵ, ਬਿਸਰਾ ਅਪਾਨ ਤਨਮਾਨ ਸੋ ਨ ਆਵਈ।
ਭਈ ਉਨਮੱਤਿ ਗਤਿ ਆਨੰਦ ਉਦਧਿ ਵਤਿ, ਚਿੱਤ ਮੈਂ ਬਿਓਗ ਤਿਸ ਕਬਹੂੰ ਨ ਭਾਵਈ।
ਜਾਨ ਅਰਜਨ ਪਦ ਪਦਮ ਕੋ ਦੇਖਿ ਕਰਿ, ਸਿੱਖ ਮਨ ਭੌਰ ਭਯੋ ਭ੍ਰਮਤਿ ਲੁਭਾਵਈ ॥੧੪ ॥

ਗੁਰਸਿੱਖ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਫਿਰ ਕਿਸੇ ਹੋਰ ਸੁੰਦਰ ਵਸਤੂ ਨੂੰ ਵੇਖਣਾ ਨਹੀਂ ਚਾਹੁੰਦੇ, ਬੇਸ਼ਕ

ਆਸ-ਪਾਸ ਅਲੌਕਿਕ ਅਤੇ ਦਿਲ ਮੋਹ ਲੈਣ ਵਾਲੀਆਂ ਸੁੰਦਰ ਚੀਜ਼ਾਂ ਪਈਆਂ ਹੋਣ। ਗੁਰੂ ਜੀ ਦੇ ਬਚਨ ਸੁਣ ਕੇ ਉਹ ਬਾਲਕਾਂ ਵਾਂਗ ਫਿਰ ਹੋਰ ਕਿਸੇ ਪ੍ਰਕਾਰ ਦੇ ਗੀਤ ਸੰਗੀਤ ਨੂੰ ਨਹੀ ਸੁਣਦੇ। ਉਹ ਆਪਾ ਭੁੱਲ ਜਾਂਦੇ ਹਨ ਅਤੇ ਕਿਸੇ ਪ੍ਰਕਾਰ ਦੀ ਦੇਹ ਅਭਿਮਾਨ ਦੀ ਕਨਸੋ ਉਨ੍ਹਾਂ ਦੇ ਵਿਚ ਨਹੀਂ ਪੈਂਦੀ। ਗੁਰਸਿੱਖਾਂ ਦੇ ਮਨ ਦੀ ਸਥਿਤੀ ਗਹਿਰ ਗੰਭੀਰ ਹੋ ਜਾਂਦੀ ਹੈ ਅਤੇ ਸਾਗਰ ਵਾਂਗ ਪ੍ਰੇਮ ਆਨੰਦ ਦੀਆਂ ਲਹਿਰਾਂ ਉਨ੍ਹਾਂ ਦੇ ਅੰਦਰ ਉਛਾਲੇ ਮਾਰਦੀਆਂ ਹਨ। ਅਜਿਹੀ ਸਥਿਤੀ ਅਤੇ ਅਵਸਥਾ ਵਿਚੋਂ ਨਿਕਲਣਾ ਉਨ੍ਹਾਂ ਦੇ ਚਿੱਤ ਨੂੰ ਕਦੇ ਨਹੀਂ ਭਾਉਂਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਕਮਲਾਂ ਨੂੰ ਵੇਖ ਕੇ ਸਿੱਖਾਂ ਦੇ ਮਨ ਭੌਰਿਆਂ ਵਾਂਗ ਉਨ੍ਹਾ ਦੇ ਦੁਆਲੇ ਘੁੰਮਦੇ ਹਨ॥੧੪॥

*੯. ਇਸ਼ਟ ਗੁਰੂ ਸ੍ਰੀ ਗੁਰੂ ਹਰਿਗੋਵਿੰਦ ਜੀ ਮੰਗਲ।*

ਦੋਹਰਾ- ਸ੍ਰੀ ਗੁਰੁ ਹਰਿਗੋਵਿੰਦ ਬਰ ਸਨਧਬੱਧ ਧਰਿ ਧਯਾਨ।
ਬੰਦ ਦੋਊ ਕਰ ਬੰਦਨਾ ਸੁੰਦਰ ਦੁਤਿ ਮਦਨਾਨ॥ ੧੫॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਹੜੇ ਕਿ ਸਰਬ-ਸ੍ਰੇਸ਼ਟ ਹਨ ਅਤੇ ਜਿਨ੍ਹਾਂ ਦੀ ਸੁੰਦਰਤਾ ਅੱਗੇ ਕਾਮਦੇਵ ਵੀ ਭੱਦਾ ਲਗਦਾ ਹੈ (ਕਿਉਂਕਿ ਕਾਮਦੇਵ ਦੀ ਸੁੰਦਰਤਾ ਸਰੀਰਕ ਹੈ ਅਤੇ ਗੁਰੂ ਜੀ ਦੀ ਰੂਹਾਨੀ ਹੈ) ਮੈਂ ਦੋਵੇਂ ਹੱਥ ਜੋੜ ਕੇ ਮੱਥਾ ਟੇਕਦਾ ਹਾਂ॥੧੫॥

ਕਬਿੱਤ- ਅਮਲ ਕਮਲ ਜੈਸੇ ਕੈਸੇ ਕਹੋ ਪਦ ਜੁਗ, ਰਜਨੀ ਮੈਂ ਆਨ ਗਤਿ ਹੋਤਿ ਜਿਨ ਬਾਨ ਹੈ।
ਜਾਨਿਯੇ ਸੰਤਾਨ ਕੇ ਸਮਾਨ ਬਨੈ ਅਨਬਨ, ਦਾਨੀ ਮਨ ਕਾਮਨਾ ਨ ਦਾਨੀ ਮੋਖ ਗਜਾਨ ਹੈ।
ਚਿੰਤਾਮਣਿ ਜੈਸੇ ਨਖ ਭਾਖੇ ਨ ਪਰਤਿ ਮੁਖ, ਮੋਹ ਨ ਮਿਟਾਵੈ ਦੁਖ ਜਾਨਤਿ ਜਹਾਨ ਹੈ।
ਸ੍ਰੀ ਹਰਿਗੋਵਿੰਦ ਪਦ ਆਨੰਦ ਕੇ ਕੰਦ ਜੋਊ, ਉਪਮੇਯ ਆਪ ਪੁਨ ਆਪੇ ਉਪਮਾਨ ਹੈਂ॥੧੬॥

ਗੁਰੂ ਹਰਿਗੋਬਿੰਦ ਜੀ ਦੇ ਦੋਵਾਂ ਨਿਰਮਲ ਚਰਨਾਂ ਨੂੰ ਕਮਲਾਂ ਵਰਗੇ ਕਿਵੇਂ ਕਹਾਂ, ਕਿਉਂਕਿ ਕਮਲ ਦੀ ਉਲਟ ਗੱਤ ਹੈ, ਕਿਉਂਕਿ ਉਹ ਦਿਨ ਨੂੰ ਖਿੜਦਾ ਹੈ ਅਤੇ ਰਾਤ ਨੂੰ ਮੁਰਝਾ ਜਾਂਦਾ ਹੈ। ਉਨ੍ਹਾਂ ਦੇ ਚਰਨਾਂ ਨੂੰ ਮੈਂ ਕਲਪ ਬ੍ਰਿਛ ਸਮਾਨ ਵੀ ਕਿਵੇਂ ਕਹਾਂ, ਕਿਉਂਕਿ ਕਲਪ ਬ੍ਰਿਛ ਕੇਵਲ ਮਨੋਕਾਮਨਾ ਪੂਰੀ ਕਰਦਾ ਹੈ, ਗਿਆਨ ਤੇ ਮੁਕਤੀ ਦਾ ਦਾਤਾ ਨਹੀਂ ਹੈ। ਗੁਰੂ ਜੀ ਦੇ ਚਰਨਾਂ ਨੂੰ ਚਿੰਤਾਮਣੀ ਰਤਨ ਕਿਵੇਂ ਕਹਾਂ, ਕਿਉਂਕਿ ਚਿੰਤਾਮਣੀ ਰਤਨ ਮੂੰਹ ਮੰਗੀ ਮੁਰਾਦ ਪੂਰੀ ਕਰਦਾ ਹੈ, ਮੋਹ ਦੇ ਦੁੱਖ ਨੂੰ ਨਹੀਂ ਮਿਟਾਉਂਦਾ, ਇਸ ਤੱਥ ਨੂੰ ਸਾਰਾ ਜਗਤ ਜਾਣਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨ, ਜਿਹੜੇ ਆਨੰਦ ਦੇ ਦਾਤੇ ਹਨ, ਆਪਣੇ ਵਰਗੇ ਆਪ ਹਨ, ਉਨ੍ਹਾਂ ਦੀ ਕਿਸੇ ਵਸਤੂ ਨਾਲ ਵੀ ਉਪਮਾਂ ਨਹੀਂ ਦਿੱਤੀ ਜਾ ਸਕਦੀ ॥ ੧੬॥

*੧੦. ਇਸ਼ਟ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਮੰਗਲ।*

ਦੋਹਰਾ- ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧਜਾਇ ਅਘ ਜਾਇਂ।
ਕਰਿ ਪਦ ਪਰ ਪਰਣਾਮ ਕੋ ਜਿਹ ਤੇ ਨਿਧਿ ਸਿਧਿ ਆਇ॥ ੧੭॥

ਸ੍ਰੀ ਸਤਿਗੁਰੂ ਹਰਿਰਾਇ ਜੀ ਦਾ ਨਾਮ ਧਿਆਉਣ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਉਨ੍ਹਾਂ ਦੇ ਸਰਬ-ਸ੍ਰੇਸ਼ਟ ਚਰਨਾਂ ਨੂੰ ਨਮਸਕਾਰ ਕਰਨ ਨਾਲ ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ॥ ੧੭॥

ਸ੍ਵੈਯਾ- ਪੰਕ ਬਿਖੈ ਬਸਤਾ ਰਸ ਮੈਂ ਰਸ ਊਰਧ ਕੋ ਨਿਸਰਾ ਸਰਸੇਰੋ।
ਗ੍ਰੀਵ ਲੌ ਨੀਰ ਮੈਂ ਧੀਰ ਧਰੇ ਇਕ ਪੈਰ ਖਰੌ ਥਿਰ ਹ੍ਵੈ ਰਵਿ ਹੇਰੋ।
ਆਤਪ ਸੀਤ ਸਹੈ ਬਰਖਾ ਤਪ ਸਾਧਤਿ ਯਾ ਬਿਧਿ ਕ੍ਰੂਰ ਘਨੇਰੋ।
ਸ੍ਰੀ ਹਰਿਰਾਇ ਕੇ ਪਾਇ ਸਮਾਨਤਾ ਪਾਇ ਨ ਕੰਜ ਉਪਾਇ ਬਡੇਰੋ॥੧੮॥

ਕੰਵਲ ਦਾ ਫੁੱਲ ਚਿੱਕੜ ਵਿਚ ਉੱਗਦਾ ਹੈ, ਪਾਣੀ ਵਿਚ ਵੱਧਦਾ ਹੈ ਅਤੇ ਪਾਣੀ ਤੋਂ ਉਪਰ ਹੋ ਕੇ ਖਿੜਦਾ ਹੈ। ਧੀਰਜ

ਧਾਰ ਕੇ ਪਾਣੀ ਵਿਚ ਗਿੱਚੀ ਤੱਕ ਇਕ ਪੈਰ ਸਥਿਰ ਖੜਾ ਹੁੰਦਾ ਹੈ ਅਤੇ ਸੂਰਜ ਨੂੰ ਤੱਕਦਾ ਰਹਿੰਦਾ ਹੈ। ਉਹ ਉਥੇ ਖੜਾ ਧੁੱਪ, ਪਾਲਾ, ਵਰਖਾ ਸਭ ਨੂੰ ਆਪਣੇ ਸਿਰ 'ਤੇ ਬਰਦਾਸ਼ਤ ਕਰਦਾ ਹੈ। ਇਸ ਤਰ੍ਹਾਂ ਬੜੀ ਕਰੜੀ ਤਪ ਸਾਧਨਾ ਕਰਦਾ ਹੈ। ਪਰ ਬੇਸ਼ਕ ਉਸ ਨੇ ਐਸੇ ਅਨੇਕਾਂ ਉਪਾਅ ਕੀਤੇ ਹੋਣ, ਪਰ ਕੰਵਲ ਦਾ ਫੁੱਲ ਗੁਰੂ ਹਰਿਰਾਇ ਸਾਹਿਬ ਦੇ ਚਰਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਕਿਉਂਕਿ ਗੁਰੂ ਹਰਿਰਾਇ ਸਾਹਿਬ ਦੇ ਚਰਨ ਮੁਕਤੀ ਦਾਤਾ ਹਨ॥ ੧੮॥

*੧੧. ਇਸ਼ਟ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮੰਗਲ।*

ਦੋਹਰਾ- ਦਰਸ਼ਨ ਸ੍ਰੀ ਹਰਿ ਕ੍ਰਿਸ਼ਨ ਕੋ ਨਿਪੁਨ ਹਰਨ ਜੁਰ ਤੀਨ।
ਚਰਨ ਮਨੋਹਰ ਬੰਦਨਾ ਜਿਨ ਸਿੱਖਨ ਸੁਖਿ ਕੀਨ॥ ੧੯॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਤਿੰਨਾਂ ਤਾਪਾਂ (ਆਧਿ, ਬਿਆਧਿ ਅਤੇ ਉਪਾਧਿ) ਨੂੰ ਦੂਰ ਕਰਨ ਵਿਚ ਨਿਪੁੰਨ ਹਨ। ਮੇਰੀ ਉਨ੍ਹਾਂ ਮਨੋਹਰ ਚਰਨਾਂ ਨੂੰ ਨਮਸਕਾਰ ਹੈ, ਜਿਨ੍ਹਾਂ ਚਰਨਾਂ ਨੇ ਸਿੱਖਾਂ ਨੂੰ ਸੁਖੀ ਕੀਤਾ ਹੈ॥ ੧੯॥

ਕਬਿੱਤ- ਅਮਲ ਕਮਲ ਜਗ ਅਰੁਨ ਲਲਿਤ ਭਲ ਤਾਂਕੇ ਦਲ ਅਵਲੀ ਸੁ ਹੀਰਨ ਕੀ ਜਟੀ ਸੀ।
ਕਿਧੌਂ ਉਡ ਪਾਂਤ ਹਿਤ ਆਪਚਿਤ ਲੋਕ ਮਾਤ ਤਜੀ ਨਭ ਗਤਿ ਥਿਤ ਐਸੀ ਬਿਧਿ ਠਟੀ ਸੀ।
ਕਿਧੌਂ ਬਿਸ਼੍ਵਕਰਮਾਂ ਨੈ ਸ਼ੇਖ ਤੇ ਮਨਿਨ ਲੇਯ ਕਾਂਤਿ ਹਿਤ ਖਚੀ ਬਸੈ ਰਮਾ ਸਾਜ ਕੁਟੀ ਸੀ।
ਚਰਨ ਕਮਲ ਹਰਿਕ੍ਰਿਸ਼ਨ ਅਨੂਪ ਬਨੇ, ਨਖ ਸ਼ਸ਼ਿ ਸਕਲ ਸੇ ਉਪਮਾ ਨ ਲਟੀ ਸੀ॥੨੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਚਰਨ ਲਾਲ ਰੰਗ ਦੇ ਨਿਰਮਲ ਕਮਲ ਵਰਗੇ ਬੜੇ ਸੁੰਦਰ ਹਨ। ਉਨ੍ਹਾਂ ਦੀਆਂ ਉਂਗਲੀਆਂ ਉਤੇ ਹੀਰਿਆਂ ਵਰਗੀ ਨਹੁੰਆਂ ਦੀ ਜੜ੍ਹਤ ਹੈ ਜਾਂ ਤਾਰਿਆਂ ਦੇ ਸਮੂਹ ਨੇ ਆਪਣਾ ਭਲਾ ਸਮਝ ਕੇ ਅਕਾਸ਼ ਵਿਚ ਫਿਰਨਾ ਛੱਡ ਦਿੱਤਾ ਹੈ ਅਤੇ ਐਸੀ ਬਿੱਧ ਬਣਾਈ ਹੈ ਕਿ ਮਾਤ-ਲੋਕ ਵਿਚ ਆ ਕੇ ਸਤਿਗੁਰੂ ਦੇ ਚਰਨਾਂ ਤੇ ਨਹੁੰ ਬਣ ਕੇ ਟਿਕ ਗਏ ਹਨ। ਜਾਂ ਵਿਸ਼ਵਕਰਮਾਂ ਨੇ ਸ਼ੇਸ਼ਨਾਗ ਪਾਸੋਂ ਮਣੀਆਂ ਲੈ ਕੇ ਗੁਰੂ ਜੀ ਦੇ ਚਰਨਾਂ ਤੇ ਜੜ ਦਿੱਤੀਆਂ ਹਨ। ਮਾਨੋਂ ਸੁੰਦਰ ਕੁਟੀਆ ਬਣ ਗਈ ਹੈ, ਜਿਸ ਵਿਚ ਲੱਛਮੀ ਬੜੇ ਚਾਅ ਨਾਲ ਰਹਿ ਰਹੀ ਹੈ। ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਚਰਨ ਏਨੇ ਅਨੂਪਮ ਹਨ ਕਿ ਉਨ੍ਹਾਂ ਦੀ ਉਪਮਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੇ ਨਹੁੰ ਚੰਦਰਮਾਂ ਦੇ ਟੁਕੜਿਆਂ ਵਰਗੇ ਹਨ, ਪਰ ਇਹ ਉਪਮਾਂ ਵੀ ਯੋਗ ਨਹੀਂ॥ ੨੦॥

*੧੨. ਇਸ਼ਟ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਮੰਗਲ।*

ਦੋਹਰਾ- ਤੇਗ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ।
ਚਰਨ ਸ਼ਰਨਿ ਤਾਰਨ ਤਰਨ ਨਮੋ ਹੋਇ ਅਨਕੂਲ॥ ੨੧॥

ਗੁਰੂ ਤੇਗ ਬਹਾਦਰ ਜੀ ਧਰਮ ਦੀ ਧੁਜਾ ਹਨ ਅਤੇ ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਲੇ ਹਨ। ਉਨ੍ਹਾਂ ਦੇ ਚਰਨਾਂ ਦੀ ਸ਼ਰਨ ਭਵਸਾਗਰ ਤੋਂ ਤਾਰਨ ਲਈ ਜਹਾਜ ਰੂਪ ਹੈ। ਮੈਂ ਉਨ੍ਹਾਂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹਾਂ॥ ੨੧॥

ਸ੍ਵੈਯਾ- ਬਰ ਕੀਰਤਿ ਜੌਨ੍ਹ ਅਮੀ ਗਤਿ ਭੈਨ ਸੁਸੀਤਲਤਾ ਸੁਖ ਤੇਨ ਸੁਭਾਈ॥
ਗਤਿ ਸਾਧਨ ਕੈਰਵ ਕੋ ਬਿਗਸਾਵਤਿ ਦਾਸ ਰਿਦਾ ਨਭ ਬੀਚ ਸੁਹਾਈ।
ਤਪਤੰ ਦੁਖ ਤੀਰ ਨ ਆਵਤ ਹੈ ਚਿਤੁ ਚਾਰੁ ਚਕੋਰੁ ਰਹੈ ਲਿਵਲਾਈ।
ਗੁਰ ਤੇਗ ਬਹਾਦਰ ਸੋਹਤਿ ਚੰਦ ਸੇ, ਹੀਨ ਕਲੰਕ ਇਹੀ ਅਧਿਕਾਈ॥੨੨॥

ਚੰਦਰਮਾਂ ਵਿਚ ਜਿਵੇਂ ਚਾਂਦਨੀ ਹੈ ਇਸ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਵਿਚ ਉੱਤਮ ਕੀਰਤੀ ਸ਼ੋਭਾ ਦੇ ਰਹੀ ਹੈ। ਚੰਦਰਮਾਂ

ਵਿਚ ਜਿਵੇਂ ਅੰਮ੍ਰਿਤ ਹੈ ਉਸ ਤਰ੍ਹਾਂ ਗੁਰੂ ਜੀ ਮੁਕਤੀ ਦਾ ਘਰ ਹੋ ਕੇ ਸ਼ੋਭ ਰਹੇ ਹਨ। ਚੰਦਰਮਾਂ ਵਿਚ ਜਿਵੇਂ ਸੀਤਲਤਾ ਹੈ ਤਿਵੇਂ ਉਨ੍ਹਾਂ ਵਿਚ ਸੁਖ ਸ਼ਾਂਤੀ ਦਾ ਪ੍ਰਵੇਸ਼ ਹੈ। ਚੰਦਰਮਾਂ ਜਿਵੇਂ ਚਿੱਟੇ ਕਮਲਾਂ ਨੂੰ ਖੇੜਾ ਦਿੰਦਾ ਹੈ ਤਿਵੇਂ ਗੁਰੂ ਜੀ ਮੁਕਤੀ ਦੇ ਸਾਧਕਾਂ ਨੂੰ ਖਿੜਾਉਂਦੇ ਸਨ। ਚੰਦਰਮਾਂ ਜਿਵੇਂ ਆਕਾਸ਼ ਵਿਚ ਸ਼ੋਭਦਾ ਹੈ ਉਸ ਤਰ੍ਹਾਂ ਗੁਰੂ ਜੀ ਆਪਣੇ ਸਿੱਖ ਸੇਵਕਾਂ ਦੇ ਹਿਰਦੇ ਵਿਚ ਸ਼ੋਭਦੇ ਹਨ। ਚੰਦਰਮਾਂ ਨੇੜੇ ਜਿਵੇਂ ਤਪਸ਼ ਨਹੀਂ ਆਉਂਦੀ ਉਸ ਤਰ੍ਹਾਂ ਹੀ ਸਤਿਗੁਰੂ ਨੇੜੇ ਦੁੱਖ ਨਹੀਂ ਆਉਂਦਾ। ਚੰਦਰਮਾਂ ਵੱਲ ਜਿਵੇਂ ਚਕੋਰ ਲਿਵ ਲਾਈ ਰੱਖਦਾ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦੇ ਸ਼ਰਧਾਲੂਆਂ ਨੇ ਉਨ੍ਹਾਂ ਵੱਲ ਲਿਵ ਲਾ ਰੱਖੀ ਹੈ। ਗੁਰੂ ਤੇਗ ਬਹਾਦਰ ਜੀ ਚੰਦਰਮਾਂ ਵਾਂਗ ਸ਼ੋਭਾ ਪਾ ਰਹੇ ਹਨ, ਪਰ ਚੰਦਰਮਾਂ ਵਿਚ ਕਲੰਕ ਹੈ ਅਤੇ ਗੁਰੂ ਜੀ ਕਲੰਕ-ਰਹਿਤ ਹਨ॥ ੨੨॥

*੧੩. ਇਸ਼ਟ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੰਗਲ।*

ਸ੍ਵੈਯਾ- ਹਰਿਗੋਬਿੰਦ ਨੰਦਨ ਨੰਦਨ ਕੇ ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੁੰਦ ਨਿਕੰਦਨ ਆਨੰਦ ਕੰਦ ਮੁਕੰਦ ਬਿਲੰਦ ਕਰੇ ਜਿਨ ਹਿੰਦੂ।
ਤੁਰਕਿੰਦ ਉਡਿੰਦ ਦਿਨਿੰਦ ਤਿਨੇ ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲੰ ਬਲਵੰਡ ਅਖੰਡ ਸੁਰਿੰਦਹਿ ਇੰਦੂ॥ ੨੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੋਤ੍ਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲ ਦੇ ਫੁੱਲ ਵਰਗੇ ਕੋਮਲ ਤੇ ਸੁੰਦਰ ਹਨ। ਮੈਂ ਸਤਿਕਾਰ ਨਾਲ ਇਨ੍ਹਾਂ ਚਰਨਾਂ ਤੇ ਨਮਸਕਾਰ ਕਰਦਾ ਹਾਂ। ਗੁਰੂ ਜੀ ਦੁੱਖਾਂ ਅਤੇ ਕਲੇਸ਼ਾਂ ਨੂੰ ਕੱਟਣ ਵਾਲੇ ਆਨੰਦ ਖੁਸ਼ੀਆਂ ਦੇ ਦਾਤੇ, ਮੁਕਤੀ ਦੇ ਦਾਤੇ ਹਨ, ਜਿਨ੍ਹਾਂ ਹਿੰਦੂ ਕੌਮ ਨੂੰ ਉੱਚਾ ਕੀਤਾ ਹੈ। ਤੁਰਕਾਂ ਦਾ ਬਾਦਸ਼ਾਹ ਔਰੰਗਜ਼ੇਬ ਜੋ ਜ਼ੁਲਮ ਦੀ ਰਾਤ ਵਿਚ ਚੰਦ ਵਾਂਗ ਚਮਕ ਰਿਹਾ ਸੀ ਉਸ ਨੂੰ ਸੂਰਜ ਬਣ ਕੇ ਢੱਕਿਆ ਹੈ। ਉਸ ਸ੍ਰੀ ਗੁਰੂ ਗੋਬਿੰਦ ਸਿੰਘਾਂ ਨੂੰ ਸਾਰਾ ਜੱਗ ਜਾਣਦਾ ਹੈ। ਸ਼ੇਸ਼ਨਾਗ ਵਰਗੇ ਪਹਾੜੀ ਰਾਜਿਆਂ ਨੂੰ ਗਰੁੜ ਬਣ ਕੇ ਪਛਾੜਿਆ ਹੈ। ਉਨ੍ਹਾਂ ਵਿਚ ਅਖੰਡ ਬਲ ਹੈ ਅਤੇ ਉਨ੍ਹਾਂ ਦਾ ਪ੍ਰਤਾਪ ਦੇਵਤਿਆਂ ਦੇ ਦੇਵਤੇ, ਇੰਦਰ ਤੋਂ ਵੀ ਮਹਾਨ ਹੈ॥ ੨੩॥

ਕਬਿੱਤ- ਕਾਂਤਿ ਕਲਿ ਤਾਲ ਮੈਂ ਪ੍ਰਫੁੱਲਤਿ ਬਿਸਾਲ ਦਲ, ਮ੍ਰਿਦੁਲ ਮ੍ਰਿਦੁਲ ਤੁਲ ਲਾਲ ਲਾਲ ਮਾਨੀਯੇ।
ਰਾਜਤਿ ਮਰਾਲਰਾਜ ਸੰਤਨ ਸਮਾਜ ਪਾਸ, ਪਾਸੁ ਹੈ ਪਰਾਗ ਦਿਨ ਰੈਨ ਮੈਂ ਸੁਹਾਨੀਯੇ।
ਸ਼ਿਲੀਮੁਖ ਸਿੱਖ ਮਨ ਸੌਰਭ ਅਨੰਦ ਹੇਤੁ, ਛੋਰਤਿ ਨ ਆਸ ਪਾਸ ਸਦਾ ਸੋ ਭ੍ਰਮਾਨੀਯੇ।
ਉਦਿਕ ਕਰਮ ਛੁਇ ਸਕੈ ਨ ਭਰਮ ਮਲ, ਐਸੋ ਸ੍ਰੀ ਗੋਬਿੰਦ ਸਿੰਘ ਪਦ ਕੰਜ ਜਾਨੀਯੇ॥੨੪॥

ਜਿਸ ਤਰ੍ਹਾਂ ਸਰੋਵਰ ਵਿਚ ਵੱਡੀਆਂ ਪੱਤੀਆਂ ਵਾਲਾ ਕਮਲ ਪ੍ਰਫੁੱਲਤ ਹੋ ਰਿਹਾ ਹੈ ਉਸ ਤਰ੍ਹਾਂ ਹੀ ਵੱਡੀਆਂ ਫੌਜਾਂ ਸਹਿਤ ਗੁਰੂ ਜੀ ਦੇ ਚਰਨ ਕਮਲ ਸੁੰਦਰ ਸਰੋਵਰ ਰੂਪ ਸੰਸਾਰ ਵਿਚ ਪ੍ਰਫੁੱਲਤ ਹੋ ਰਹੇ ਹਨ। ਕਮਲ ਵਾਂਗ ਗੁਰੂ ਜੀ ਦੇ ਚਰਨ ਕੋਮਲ ਅਤੇ ਲਾਲ ਸੁਰਖ ਹਨ। ਜਿਵੇਂ ਕਮਲਾਂ ਦੇ ਸਰੋਵਰ ਵਿਚ ਰਾਜ ਹੰਸ ਬਿਰਾਜ ਰਹੇ ਹਨ, ਉਸ ਤਰ੍ਹਾਂ ਹੀ ਗੁਰੂ ਜੀ ਪਾਸ ਸੰਤ ਸਮਾਜ ਸੁਭਾਇਮਾਨ ਹਨ। ਜਿਵੇਂ ਕਮਲ ਫੁੱਲ ਉੱਤੇ ਪਰਾਗ ਸੋਭ ਰਿਹਾ ਹੈ ਤਿਵੇਂ ਹੀ ਗੁਰੂ ਜੀ ਦੇ ਚਰਨਾਂ ਤੇ ਧੂੜ ਦਿਨ ਰਾਤ ਸੋਭ ਰਹੀ ਹੈ। ਜਿਵੇਂ ਕਮਲ ਫੁੱਲ ਦੁਆਲੇ ਭੌਰੇ ਘੁੰਮਦੇ ਹਨ, ਉਸ ਤਰ੍ਹਾਂ ਹੀ ਗੁਰਸਿੱਖ ਆਨੰਦ ਲੈਣ ਲਈ ਗੁਰੂ ਜੀ ਦੇ ਚਰਨਾਂ ਦੇ ਨੇੜੇ ਰਹਿਣ ਲਈ ਸਦਾ ਇਰਦ-ਗਿਰਦ ਘੁੰਮਦੇ ਹਨ। ਜਿਵੇਂ ਕਮਲ ਫੁੱਲ ਨੂੰ ਜਲ ਅਤੇ ਚਿੱਕੜ ਨਹੀਂ ਛੋਹ ਸਕਦਾ, ਉਸ ਤਰ੍ਹਾਂ ਹੀ ਗੁਰੂ ਜੀ ਦੇ ਚਰਨਾਂ ਉੱਤੇ ਕਰਮ ਅਤੇ ਭਰਮ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਇਸ ਪ੍ਰਕਾਰ ਦੇ ਕਮਲ ਸਮਝੀਏ॥ ੨੪॥

ਸ੍ਵੈਯਾ- ਗੋਬਿੰਦ ਸਿੰਘ ਗੁਰੂ ਗਤਿਦਾਯਕ ਆਨ ਕੀ ਆਸ ਨਹੀ ਮਨ ਰਾਈ।
ਚਾਤ੍ਰਿਕ ਚੀਤ ਮੁਹੁਰਮੁਹੁ ਰਟ ਸ੍ਵਾਂਤਿ ਦਿਦਾਰ ਕਬੈ ਇਹ ਪਾਈ।
ਜੀਉ ਪਤੰਗ ਸਨੇਹ ਕੀ ਡੋਰ ਬੰਧਾ ਡਗਡੋਲ ਸੁ ਲੇਹੁ ਮਿਲਾਈ।
ਸਿੰਧ ਹੁਤਾਸਨ ਹੈ ਭਵ ਕੀ ਗਤਿ ਮੋਹਿਮਯਾ ਕਰਿ ਲੇਹੁ ਬਚਾਈ॥ ੨੫॥

ਮੈਨੂੰ ਆਪਣੇ ਇਸ਼ਟ ਮੁਕਤੀ-ਦਾਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਉਪਰੰਤ ਹੋਰ ਕਿਸੇ ਦੀ ਰਾਈ ਜਿੰਨੀ ਵੀ ਆਸ ਨਹੀ ਹੈ। ਮੇਰਾ ਚਾਤ੍ਰਿਕ ਰੂਪ ਮਨ ਬਾਰ-ਬਾਰ ਪੁਕਾਰ ਰਿਹਾ ਹੈ ਅਤੇ ਕਹਿ ਰਿਹਾ ਹੈ, "ਹੇ ਮੁਕਤੀ ਦਾਤੇ ਮੇਰਾ ਮਨ ਆਪ ਜੀ ਦੇ ਸ੍ਵਾਂਤ ਬੂੰਦ ਰੂਪੀ ਦਰਸ਼ਨਾਂ ਨੂੰ ਕਦ ਪਾਵੇਗਾ?" ਮੇਰਾ ਪਤੰਗ ਰੂਪ ਮਨ ਪ੍ਰੇਮ ਦੀ ਡੋਰ ਨਾਲ ਬੱਧਾ, ਡਾਵਾਂਡੋਲ ਅਤੇ ਬਿਹਬਲ ਹੋ ਰਿਹਾ ਹੈ, ਕਿਰਪਾ ਕਰਕੇ ਇਸ ਨੂੰ ਆਪਣੀ ਸ਼ਰਨ ਵਿਚ ਲੈ ਲਵੋ। ਸੰਸਾਰ ਦੀ ਹਾਲਤ ਸਮੁੰਦਰ ਦੀ ਅੱਗ ਵਰਗੀ ਹੈ। ਮੇਰੇ ਤੇ ਰਹਿਮ ਕਰਕੇ ਮੈਨੂੰ ਇਸ ਤੋਂ ਬਚਾ ਲਵੋ॥ ੨੫॥

ਕਬਿੱਤ- **ਦੋਊ ਕਰ ਬੰਦਕਰਿ ਬੰਦਤਿ ਗੋਬਿੰਦ ਸਿੰਘ, ਦੇਤਿ ਹੈਂ ਅਨੰਦ, ਸੁਖਕੰਦ; ਅਘ ਮੰਦ ਹੀ।**
**ਸਜਾਲ ਤੇ ਮ੍ਰਿਗਿੰਦ, ਪਟਬੀਜਨੇ ਦਿਨਿੰਦ ਕਰੇ, ਕੀਟ ਤੇ ਗਜਿੰਦ, ਪੰਥ ਦਯੋ ਗਤਿਵੰਦ ਹੀ।**
**ਮਸ਼ਕਾ ਖਗਿੰਦ, ਜਿਨ ਕਾਕ ਤੇ ਮਰਾਲ ਬ੍ਰਿੰਦ, ਰੰਕ ਜੇ ਨਰਿੰਦ ਕਰੇ, ਬੰਦਤਿ ਮੁਕੰਦ ਹੀ।**
**ਸੁੰਦਰ ਮੁਖਾਰਬਿੰਦ ਸੋਹਤਿ ਸੰਤੋਖ ਸਿੰਘ, ਹੀਨ ਜੇ ਕਲੰਕ ਤੋ ਸਮਾਨ ਹੋਤਿ ਚੰਦ ਹੀ॥੨੬॥**

ਦੋਵੇਂ ਹੱਥ ਜੋੜ ਕੇ ਮੈਂ ਗੁਰੂ ਗੋਬਿੰਦ ਸਿੰਘ ਜੀ ਅੱਗੇ ਬੇਨਤੀ ਕਰਦਾ ਹਾਂ, ਜੋ ਆਤਮਕ ਆਨੰਦ ਅਤੇ ਸੰਸਾਰਿਕ ਸੁੱਖ ਦਿੰਦੇ ਹਨ ਅਤੇ ਪਾਪਾਂ ਦਾ ਨਾਸ਼ ਕਰਦੇ ਹਨ। ਗੁਰੂ ਜੀ ਨੇ ਗਿੱਦੜਾਂ ਨੂੰ ਸ਼ੇਰ, ਜੁਗਨੂੰਆਂ ਨੂੰ ਸੂਰਜ ਅਤੇ ਕੀੜਿਆਂ ਨੂੰ ਹਾਥੀ ਦੀ ਸ਼ਕਤੀ ਬਖ਼ਸ਼ ਦਿੱਤੀ ਅਤੇ ਜਗਤ ਨੂੰ ਇਕ ਮੁਕਤੀ ਵਾਲਾ ਪੰਥ ਭਾਵ ਖਾਲਸਾ ਪੰਥ ਦਿੱਤਾ। ਉਨ੍ਹਾਂ ਨੇ ਮੱਛਰ ਨੂੰ ਗਰੁੜ, ਕਾਵਾਂ ਨੂੰ ਹੰਸ ਅਤੇ ਕੰਗਾਲਾਂ ਨੂੰ ਰਾਜੇ ਬਣਾਇਆ ਅਤੇ ਦਾਸਾਂ ਨੂੰ ਅਜ਼ਾਦ ਕਰ ਦਿੱਤਾ। ਅਜਿਹੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਮੁਖਾਰਬਿੰਦ ਐਸਾ ਅਖੰਡ ਸੋਭ ਰਿਹਾ ਹੈ ਕਿ ਜੇ ਚੰਦ ਕਲੰਕ-ਰਹਿਤ ਹੁੰਦਾ ਤਾਂ ਗੁਰੂ ਜੀ ਦੇ ਮੁਖੜੇ ਵਰਗਾ ਸੁੰਦਰ ਕਹਿਲਾਉਣ ਜੋਗਾ ਹੋ ਜਾਂਦਾ॥ ੨੬॥

ਕਬਿੱਤ-**ਤੋਸੋ ਨਹੀਂ ਦਾਤਾ ਕੋਊ, ਮੋਸੋ ਨ ਭਿਖਾਰੀ ਦੀਨ, ਤੋਸੋ ਨ ਦਯਾਲੁ, ਦੁਖੀ ਮੋਸੋ ਨ ਅਲਾਈਏ।**
**ਮੋਸੋ ਨਹੀ ਕ੍ਰਿਤਘਨ, ਤੋਸੋ ਉਪਕਾਰੀ ਨਾਂਹਿ, ਮੋਸੋ ਨ ਅਨਾਥ, ਨਾਥ ਤੋਸੋ ਨ ਬਤਾਈਏ।**
**ਔਗੁਨੀ ਨ ਮੋਸੋ ਕੋਊ, ਗੁਨਵਾਨ ਤੋਸੋ ਨਹੀ, ਜਪ ਤਪ ਬ੍ਰਤ ਮੋ ਮੈਂ ਏਕ ਨਹਿਂ ਪਾਈਏ।**
**ਕਵਿ ਆਯੋ ਹੈ ਸ਼ਰਨ, ਗਹੇ ਧਾਇਕੈ ਚਰਨ, ਗੁਰੂ ਤਾਰਨ ਤਰਨ, ਨਿਜ ਹਾਥ ਦੈ ਬਚਾਈਏ॥੨੭॥**

ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਤੁਹਾਡੇ ਵਰਗਾ ਕੋਈ ਹੋਰ ਦਾਤਾ ਨਹੀ ਹੈ ਅਤੇ ਮੇਰੇ ਵਰਗਾ ਕੋਈ ਗਰੀਬ ਕੰਗਾਲ ਨਹੀਂ ਹੈ। ਤੁਹਾਡੇ ਵਰਗਾ ਕੋਈ ਦਿਆਲੂ ਕਿਰਪਾਲੂ ਨਹੀਂ ਹੈ ਅਤੇ ਮੇਰੇ ਵਰਗਾ ਕੋਈ ਦੁਖੀ ਨਹੀਂ ਕਿਹਾ ਜਾ ਸਕਦਾ। ਮੇਰੇ ਵਰਗਾ ਕੋਈ ਕ੍ਰਿਤਘਨ ਨਹੀ ਅਤੇ ਤੁਹਾਡੇ ਵਰਗਾ ਕੋਈ ਉਪਕਾਰੀ ਨਹੀ। ਮੇਰੇ ਵਰਗਾ ਕੋਈ ਅਨਾਥ ਨਹੀ ਅਤੇ ਤੁਹਾਡੇ ਵਰਗਾ ਕੋਈ ਸੁਆਮੀ ਨਹੀ ਸੁਣਿਆ ਹੈ। ਮੇਰੇ ਵਰਗਾ ਕੋਈ ਗੁਣਹੀਣ ਨਹੀ ਅਤੇ ਤੁਹਾਡੇ ਵਰਗਾ ਕੋਈ ਗੁਣਵਾਣ ਨਹੀ। ਮੇਰੇ ਵਿਚ ਕੋਈ ਵੀ ਦੈਵੀ ਗੁਣ, ਜਿਵੇਂ ਜਪ, ਤਪ ਅਤੇ ਬ੍ਰਤ ਆਦਿ ਇਕ ਵੀ ਨਹੀ ਹੈ। ਇਸ ਕਰਕੇ ਇਹ ਕਵੀ ਤੁਹਾਡੀ ਸ਼ਰਨ ਆਇਆ ਹੈ ਅਤੇ ਭੱਜ ਕੇ ਤੁਹਾਡੇ ਚਰਨ ਆ ਫੜੇ ਹਨ। ਹੇ ਤਾਰਨਹਾਰ ਗੁਰੂ ਜੀ! ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ॥ ੨੭॥

ਕਬਿੱਤ- **ਅੰਤਕ ਕੀ ਪਾਸਿਨ ਬਚਾਇ ਨਿਜ ਦਾਸਨ ਕੋ, ਹਾਥ ਮੈਂ ਸਰਾਸਨ ਅਰੂੜਤਿ ਤੁਰੰਗ ਕੇ।**
**ਕਮਲ ਬਿਸਾਲ ਦਲ ਲੋਚਨ ਦਯਾਲੁ ਕਲਿ, ਲੋਕਨ ਬਿਲੋਕਕੈ ਅਸ਼ੋਕ ਕਰੇ ਸੰਗ ਕੇ।**
**ਸੋਚਨ ਬਿਮੋਚਨ ਕੋ ਪੋਚਨ ਸੰਕੋਚੇ ਜਗ, ਨਯੋ ਪੰਥ ਧਾਰੀ, ਬਲਿਹਾਰੀ ਅੰਗ ਅੰਗ ਕੇ।**
**ਪਾਗ ਜਿਗ੍ਹਾ ਸੰਗ ਖਚੇ ਮਾਣਿਕ ਸੁਰੰਗ ਰੰਗ, ਵਾਰੋਂ ਮੈਂ ਉਮੰਗ ਮਨ ਕਲਗੀ ਉਤੰਗ ਕੇ॥੨੮॥**

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸੇਵਕਾਂ ਨੂੰ ਜਮ ਦੀ ਫਾਹੀ ਤੋਂ ਬਚਾ ਲੈਂਦੇ ਹਨ। ਉਨ੍ਹਾਂ ਨੇ ਆਪਣੇ ਹੱਥ ਵਿਚ ਧਨੁਖ ਬਾਣ ਫੜਿਆ ਹੋਇਆ ਹੈ ਅਤੇ ਘੋੜੇ ਤੇ ਚੜ੍ਹੇ ਹੋਏ ਸ਼ੋਭਾ ਪਾ ਰਹੇ ਹਨ। ਵੱਡੇ ਕਮਲ ਦੀਆਂ ਪੰਖੜੀਆਂ ਵਰਗੇ ਆਪ ਜੀ

ਦੇ ਸੁੰਦਰ ਨੈਣ ਬੜੇ ਦਿਆਲੂ ਹਨ। ਇਹ ਨੈਣ ਜਿਸ ਨੂੰ ਵੀ ਵੇਖਦੇ ਹਨ, ਇਸ ਕਲਜੁੱਗ ਦੇ ਜੀਵਾਂ ਨੂੰ ਨਿਹਾਲ ਕਰ ਦਿੰਦੇ ਹਨ। ਦੁਖੀ ਲੋਕਾਂ ਦੇ ਦਰਦਾਂ ਨੂੰ ਦੂਰ ਕਰਨ ਵਾਲੇ ਹਨ। ਗੁਰੂ ਜੀ ਦਾ ਦਰਸ਼ਨ ਕਰਕੇ ਦੁਸ਼ਟ ਲੋਕ ਵੀ ਸੁਧਰ ਜਾਂਦੇ ਹਨ। ਉਹ ਨਵੇਂ ਪੰਥ ਦੇ ਰਚਣਹਾਰੇ ਹਨ, ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਉਨ੍ਹਾ ਦੇ ਅੰਗ-ਅੰਗ ਤੋਂ ਬਲਿਹਾਰ ਜਾਂਦਾ ਹਾਂ। ਮੈਂ ਗੁਰੂ ਜੀ ਦੀ ਦਸਤਾਰ ਤੋਂ ਸਦਕੇ ਜਾਂਦਾ ਹਾਂ, ਜਿਹੜੀ ਰੰਗ-ਬਰੰਗੇ ਹੀਰੇ ਅਤੇ ਰਤਨਾਂ ਨਾਲ ਜੜੀ ਹੋਈ ਹੈ। ਦਸਤਾਰ ਨਾਲ ਲੱਗੀ ਜਿਗ੍ਹਾ ਤੇ ਕਲਗੀ ਵੀ ਬੜੀ ਸ਼ੋਭਾ ਦੇ ਰਹੀ ਹੈ। ਮੇਰੀ ਇਹ ਉਮੰਗ ਹੈ ਕਿ ਮੈਂ ਆਪਣਾ ਮਨ ਗੁਰੂ ਜੀ ਉੱਤੋਂ ਵਾਰ ਦੇਵਾਂ॥ ੨੮॥

ਸ੍ਵੈਯਾ- ਛਬਿ ਛਾਪ ਛਲਾਯਨ ਚਾਰੁ ਛਕੀ ਕਟ ਤੇ ਤਟ ਕਾਛ ਕਛੀ ਬਿਧਿ ਆਛੀ।
ਕਰ ਕੰਕਨ ਕੰਚਨ ਹੀਰ ਗਚੇ ਬਿਚ ਚੰਚਲ ਲੋਚਨ ਜਿਉਂ ਜਲ ਮਾਛੀ।
ਗਰ ਪ੍ਰਾਬ੍ਰਿਤ ਨੀਵ ਮਨੋਗ ਬਨਜੋ ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ ਦੇਹਿ ਧਰੇ ਨਰ ਪੂਰਨ ਸਾਛੀ॥ ੨੯॥

ਗੁਰੂ ਜੀ ਦੀਆਂ ਛਾਪਾਂ ਦੀ ਚਮਕ ਅਤੇ ਛੱਲਿਆਂ ਦੀ ਸੁੰਦਰਤਾ ਹਰ ਵੇਖਣ ਵਾਲੇ ਨੂੰ ਵਿਸਮਾਦ ਵਿਚ ਲੈ ਜਾ ਰਹੀ ਹੈ। ਲੱਕ ਉੱਤੇ ਚੰਗੀ ਵਿਉਂਤ ਨਾਲ ਬੱਧੀ ਹੋਈ ਕੱਛ ਚੰਗੀ ਤਰ੍ਹਾਂ ਕੱਸੀ ਹੋਈ ਹੈ। ਗੁਰੂ ਜੀ ਨੇ ਹੀਰਿਆਂ ਨਾਲ ਜੜੇ ਹੋਏ ਸੋਨੇ ਦੇ ਕੜੇ ਹੱਥਾਂ ਵਿਚ ਪਾਏ ਹੋਏ ਹਨ, ਜਿਨ੍ਹਾਂ ਨੂੰ ਵੇਖ ਕੇ ਦਰਸ਼ਕਾਂ ਦੇ ਨੈਣ ਚੰਚਲ ਹੋ ਜਾਂਦੇ ਹਨ, ਭਾਵ ਨਜ਼ਰ ਨਹੀਂ ਟਿਕਦੀ। ਗਲ ਵਿਚ ਨੀਵਾਂ ਚੋਗਾ (ਜਾਮਾ) ਇਤਨਾਂ ਫੱਬ ਰਿਹਾ ਹੈ ਕਿ ਵੇਖ ਕੇ ਮਨ ਪ੍ਰਸੰਨ ਹੋ ਰਿਹਾ ਹੈ। ਬਾਕੀ ਪੋਸ਼ਾਕ ਵੀ ਵਧੀਆ ਕਪੜਿਆਂ ਦੀ ਬਣੀ ਹੋਈ ਹੈ। ਹੱਥ ਵਿਚ ਤਿੱਖਾ ਤੀਰ ਫੜ ਕੇ ਉਸ ਨੂੰ ਘੁੰਮਾਉਂਦੇ ਹੋਏ ਵੇਖ ਰਹੇ ਹਨ। ਇੰਝ ਲੱਗ ਰਿਹਾ ਹੈ ਜਿਵੇਂ ਪੂਰਨ ਦ੍ਰਿਸ਼ਟਾ ਪਾਰਬ੍ਰਹਮ ਪਰਮੇਸ਼ਰ ਨੇ ਆਪ ਮਨੁੱਖ ਦੇਹ ਧਾਰਨ ਕੀਤੀ ਹੋਈ ਹੈ॥ ੨੯॥

ਸ੍ਵੈਯਾ- ਕਟ ਸੋਂ ਪਟ ਤੇਗ਼ ਨਿਖੰਗ ਕਸੇ ਮੁਖ ਮੰਦ ਹਸੇ ਦਮਕੈ ਕਿ ਛਟਾ ਹੀ।
ਮੁਕਤਾ ਗਰ ਮਾਲ਼ ਬਿਸਾਲ ਬਨੀ, ਸ਼ਮਸ਼੍ਰਾਨਨ ਸ਼ਜਾਮ ਭਲੀ ਉਪਮਾਹੀ।
ਹਿਤ ਸੋਂ ਤਮ ਸੋਮ ਕਿ ਪਾਸ ਬਸਜੋ ਮੁਖ ਪੰਕਜ ਪੈ ਮਧੁ ਪੁੰਜ ਸੁਹਾਹੀਂ।
ਅਬ ਆਨਕੀ ਆਸ ਨਿਰਾਸ ਭਈ ਕਲਗ਼ੀਧਰ ਬਾਸ ਕੀਜੇ ਮਨ ਮਾਹੀ॥੩੦॥

ਗੁਰੂ ਜੀ ਨੇ ਲੱਕ ਨਾਲ ਪਟਕਾ ਬੰਨਿਅ ਹੋਇਆ ਹੈ ਤੇ ਉਸ ਵਿਚ ਤਲਵਾਰ ਅਤੇ ਭੱਥਾ ਕੱਸੇ ਹੋਏ ਹਨ। ਚਿਹਰੇ ਉੱਤੇ ਇੰਝ ਮੁਸਕਰਾਹਟ ਹੈ, ਮਾਨੋਂ ਬਿਜਲੀ ਚਮਕ ਰਹੀ ਹੋਵੇ। ਗਲ ਵਿਚ ਮੋਤੀਆਂ ਦੀ ਵੱਡੀ ਮਾਲਾ ਸੋਭ ਰਹੀ ਹੈ। ਚਿਹਰੇ 'ਤੇ ਕਾਲੀ ਦਾੜ੍ਹੀ ਬੜੀ ਫੱਬੀ ਹੈ। ਕਾਲੀ ਦਾੜ੍ਹੀ ਇੰਝ ਸੋਹਣੀ ਲੱਗ ਰਹੀ ਹੈ, ਜਿਵੇਂ ਹਨੇਰਾ ਚੰਦਰਮਾਂ ਪਾਸ ਚਲਿਆ ਗਿਆ ਹੋਵੇ ਭਾਵ ਮੁੱਖ ਰੂਪੀ ਕਮਲ ਉੱਤੇ ਮਾਨੋਂ ਭੌਰਿਆਂ ਦਾ ਝੁੰਡ ਮੰਡਲਾ ਰਿਹਾ ਹੋਵੇ। ਸ੍ਰੀ ਕਲਗੀਧਰ ਦੀ ਅਜੇਹੀ ਮਨੋਹਰ ਮੂਰਤ ਨੇ ਮੇਰੇ ਹਿਰਦੇ ਵਿਚ ਵਾਸਾ ਕਰ ਲਿਆ ਹੈ ਅਤੇ ਹਰ ਕਿਸੇ ਦੀ ਨਿਰਾਸਾ, ਆਸਾ ਵਿਚ ਬਦਲ ਗਈ ਹੈ॥ ੩੦॥

ਸ੍ਵੈਯਾ- ਭੂਲ ਜੋ ਚੂਕ ਭਈ ਹਮਤੇ ਗੁਰ ਕਿੰਕਰ ਸੋ ਤੁਮ ਤੇ ਬਖਸ਼ਾਵਤਿ।
ਲਾਜ ਰਖੋ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤਿ।
ਤੂੰ ਬਖਸ਼ੰਦ ਸਦਾ ਸੁਖਦਾਇਕ ਮੋ ਮਨ ਨਾਂਹਿ ਬਿਖੈ ਛੁਟਕਾਵਤਿ।
ਲੋਹ ਤੇ ਹੇਮ, ਇਰੰਡ ਤੇ ਚੰਦਨ, ਮਾਨੁਖ ਤੇ ਸੁਰ ਤੂੰ ਹੀ ਬਨਾਵਤਿ॥ ੩੧॥

ਜੇ ਮੈਥੋਂ ਕੋਈ ਭੁੱਲ-ਚੁੱਕ ਹੋ ਗਈ ਹੈ ਤਾਂ ਹੇ ਗੁਰੂ ਜੀ! ਮੈਨੂੰ ਦਾਸ ਸਮਝ ਕੇ ਬਖਸ਼ ਦੇਵੋ, ਕਿਉਂਕਿ ਮੈਂ ਇਸ ਜੱਗ ਵਿਚ ਤੁਹਾਡਾ ਸਿੱਖ ਅਖਵਾਉਂਦਾ ਹਾਂ, ਕਿਰਪਾ ਕਰਕੇ ਆਪਣੇ ਨਾਮ ਦੀ ਲਾਜ ਰੱਖੋ ਜੀ। ਮੇਰਾ ਮਨ ਵਿਸ਼ਿਆਂ ਵਿਕਾਰਾਂ ਤੋਂ ਹਟਦਾ ਨਹੀਂ, ਹੇ ਸੁੱਖਾਂ ਦੇ ਦਾਤੇ ਗੁਰੂ ਜੀ! ਤੁਸੀ ਸਦਾ ਬਖਸ਼ਿੰਦ ਹੋ ਤੇ ਆਪਣੀ ਕਿਰਪਾ ਨਾਲ ਲੋਹੇ ਨੂੰ ਸੋਨਾ, ਅਰਿੰਡ ਨੂੰ ਚੰਦਨ ਅਤੇ ਮਨੁੱਖ ਨੂੰ ਦੇਵਤਾ ਬਣਾ ਲੈਂਦੇ ਹੋ॥ ੩੧॥

ਕਬਿੱਤ- ਸੁੰਦਰਤਾ ਸਾਲ ਕਰ ਕਰਭ ਬਿਸਾਲ ਕਰ ਕਰਿ ਮੱਤ ਚਾਲ ਤਰੁ ਤੁਰਕਨ ਤੋਰੀਆ।
ਹਿੰਦ ਅਵਿਲੰਬ ਤਾਰੇ ਭਵ ਨਿਧਿ ਅੰਬੁ ਸਭਿ ਦੁਸ਼ਟਨ ਦੰਡ, ਹਰਿ ਰੂਪ ਗੁਰ ਮੋਰੀਆ।
ਕਿੰਕਰ ਉਤਾਰਿ ਪਾਰ ਦੀਜੀਏ ਦਿਦਾਰ ਨਿਜ ਲਾਗੀ ਤੇਰੇ ਨਾਮ ਤਾਰ ਛੋਰੀ ਆਸ ਹੋਰੀਆ।
ਪਰਜੋ ਦਰਬਾਰ ਸਭੈ ਥਾਂਵ ਨਿਰਧਾਰ ਕਰਿ ਮੋਖ ਕੇ ਉਦਾਰ ਤੁਮ ਨਮੋ ਕਰ ਜੋਰੀਆ॥੩੨॥

ਹੇ ਦੁਸ਼ਟਾਂ ਨੂੰ ਦੰਡ ਦੇਣ ਵਾਲੇ ਮੇਰੇ ਸਤਿਗੁਰੂ ਜੀ! ਤੁਸੀਂ ਮਸਤ ਹਾਥੀ ਵਾਂਗ ਹੌਲੀ-ਹੌਲੀ ਚੱਲ ਕੇ, ਆਪਣੀਆਂ ਹਾਥੀ ਦੀ ਸੁੰਡ ਵਰਗੀਆਂ ਲੰਮੀਆਂ ਅਤੇ ਅਤਿ ਸੁੰਦਰ ਬਾਹਵਾਂ ਨਾਲ ਤੁਰਕਾਂ ਦੇ ਬੂਟੇ ਨੂੰ ਤੋੜ ਛੱਡਿਆ ਹੈ। ਇਸ ਤਰ੍ਹਾਂ ਆਪ ਪਾਸ ਜਿਹੜਾ ਵੀ ਆਸਰਾ ਲੈਣ ਵਾਸਤੇ ਆਇਆ ਤੁਸੀਂ ਉਸ ਨੂੰ ਆਸਰਾ ਦੇ ਕੇ ਭਵਸਾਗਰ ਤੋਂ ਪਾਰ ਕਰਵਾਇਆ ਹੈ। ਹੁਣ ਦਾਸ ਦਾ ਵੀ ਬੇੜਾ ਪਾਰ ਕਰੋ ਅਤੇ ਆਪਣੇ ਦਰਸ਼ਨ ਦੇ ਕੇ ਮੇਰੀ ਅਭਿਲਾਸ਼ਾ ਪੂਰੀ ਕਰੋ। ਮੈਨੂੰ ਹੋਰ ਸਾਰੀਆਂ ਆਸਾਂ ਛੱਡ ਕੇ ਤੁਹਾਡੇ ਨਾਮ ਦੀ ਹੀ ਲਿਵ ਲੱਗੀ ਹੈ। ਇਹ ਦਾਸ ਹੋਰ ਸਾਰੇ ਅਸਥਾਨ ਪਰਖ ਕੇ ਆਪ ਜੀ ਦੇ ਦਰਬਾਰ ਵਿਚ ਆਇਆ ਹੈ। ਹੇ ਮੁਕਤੀ ਦਾਤੇ! ਮੈਂ ਆਪ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ॥ ੩੨॥

੧੪. ਗੁਰਮੁਖ, ਵਿਦਯਾ ਤੇ ਨਾਮ ਦਾਤੇ ਦਾ ਮੰਗਲ।

ਕਬਿੱਤ- ਨਿਤ ਹੀ ਭਗਤਿ ਰਤ, ਨਾਮ ਕੀਨੋ ਬ੍ਰਿਤਿ ਚਿਤ, ਸੰਤਨ ਸੋਂ ਹਿਤ ਅਤਿ, 'ਸੰਤ ਸਿੰਘ' ਨਾਮ ਹੈ।
ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ, ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।
ਜਾਂਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ, ਸੁਮਤਿ ਸਦਨ ਭਯੋ, ਕਦਨ ਬਿਰਾਮ ਹੈ।
ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦੁੰਦ, ਬੰਦ ਕਰ ਬੰਦਨਾਂ ਸਦਾ ਮੈਂ ਸੁਖ ਧਾਮ ਹੈ॥੩੩॥

ਮੇਰੇ ਵਿਦਿਆ ਅਤੇ ਨਾਮ ਦਾਤੇ ਦਾ ਨਾਂ 'ਸੰਤ ਸਿੰਘ' ਹੈ। ਗੁਰਮੁਖਾਂ ਨਾਲ ਉਨ੍ਹਾਂ ਦਾ ਬੜਾ ਪਿਆਰ ਹੈ ਅਤੇ ਉਨ੍ਹਾਂ ਸਦਾ ਲਈ ਪ੍ਰੇਮ-ਭਗਤੀ ਅਤੇ ਨਾਮ ਸਿਮਰਨ ਨੂੰ ਆਪਣੇ ਚਿਤ ਦੀ ਬ੍ਰਿਤੀ ਹੀ ਬਣਾ ਲਿਆ ਹੈ। ਉਹ ਸੁਭਾਅ ਦੇ ਦਿਆਲੂ, ਹਰ ਇਕ ਨਾਲ ਸੱਜਣਤਾਈ ਕਰਨ ਵਾਲੇ, ਧੀਰਜਵਾਨ ਅਤੇ ਧਰਮ ਵਿਚ ਪੱਕੇ ਹਨ। ਉਹ ਬਾਲ ਅਵਸਥਾ ਤੋਂ ਭਜਨ ਬੰਦਗੀ ਵਿਚ ਜੁੜੇ ਹੋਏ ਹਨ। ਕਵੀ ਉਨ੍ਹਾਂ ਦੇ ਚਰਨਾਂ ਦੀ ਬੂੰਦ ਮੂੰਹ ਵਿਚ ਪਾ ਕੇ ਸ੍ਰੇਸ਼ਟ ਬੁੱਧੀ ਦਾ ਘਰ ਹੋ ਗਿਆ ਹੈ। ਹੁਣ ਉਸ ਦੇ ਸਾਰੇ ਕਲੇਸ਼ਾਂ ਦਾ ਅੰਤ ਹੋ ਗਿਆ ਹੈ ਤੇ ਉਹ ਹੁਣ ਮੁਸ਼ਕਲ ਤੋਂ ਮੁਸ਼ਕਲ ਕੰਮ ਕਰਨ ਵਾਲਾ ਹੋ ਗਿਆ ਹੈ। ਮੇਰੇ ਵਿਦਿਆ-ਦਾਤੇ, ਮੁਕਤੀ ਦੇਣ ਵਾਲੇ ਅਤੇ ਸੁੱਖਾਂ ਦਾ ਘਰ ਹਨ। ਮੈਂ ਦੋਵੇਂ ਹੱਥ ਜੋੜ ਕੇ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹਾਂ॥ ੩੩॥

੧੫. ਨਾਮ, ਗੁਰ ਮੰਤ੍ਰ ਤੇ ਨਾਮ ਮਹਾਤਮ ਮੰਗਲ।

ਦੋਹਰਾ- ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ।
ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ॥ ੩੪॥

ਸੱਚੇ ਨਾਮ ਵਾਹਿਗੁਰੂ ਨੂੰ ਮੇਰੀ ਵਾਰ-ਵਾਰ ਨਮਸ਼ਕਾਰ ਹੈ। ਵਾਹਿਗੁਰੂ ਇਸ ਲੋਕ ਤੇ ਅਗਲੇ ਲੋਕ ਦੇ ਸਾਰੇ ਬੰਧਨਾਂ ਨੂੰ ਕੱਟਣ ਵਾਲਾ ਹੈ। ਉਹ ਸੁੱਖਾਂ ਦਾ ਘਰ ਹੈ ਅਤੇ ਸਭ ਕਿਸਮ ਦੇ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ॥ ੩੪॥

ਚੌਪਈ- ਵਾਹਿਗੁਰੂ ਬਰ ਸੁੰਦਰ ਨਾਮੂ। ਸਦਾ ਸਵਾਰੇ ਹਮਰੇ ਕਾਮੂ।
ਇਕ ਅਵਿਲੰਬ ਨਾਮ ਕੋ ਜਾਨਾ। ਕਲੀ ਕਾਲ ਸਮਰੱਥ ਨ ਆਨਾ॥ ੩੫॥

ਵਾਹਿਗੁਰੂ ਸ੍ਰੇਸ਼ਟ ਤੇ ਸੁੰਦਰ ਨਾਮ ਹੈ। ਵਾਹਿਗੁਰੂ ਸਦਾ ਸਾਡੇ ਕੰਮ ਸੰਵਾਰਦਾ ਹੈ। ਕਲਜੁਗ ਵਿਚ ਹੋਰ ਕੋਈ ਸਾਧਨ ਸਮਰੱਥ ਨਹੀਂ ਹੈ, ਇਸ ਲਈ ਅਸੀਂ ਵਾਹਿਗੁਰੂ ਦੇ ਨਾਮ ਨੂੰ ਹੀ ਆਪਣਾ ਆਸਰਾ ਬਣਾਇਆ ਹੈ॥ ੩੫॥

ਸਦਾ ਲੋਕ ਪਰਲੋਕ ਸਹਾਈ। ਨਾਮ ਲੈਤਿ ਹੀ ਬਿਘਨ ਪਰਾਈ।
ਹਰਹਿ ਕਾਲਕਲਿ ਕਲੁਖ ਸਦੂਖਨ। ਨਾਮ ਕਰਜੋ ਜਿਨ ਗ੍ਰੀਵਾ ਭੂਖਨ॥੩੬॥

ਵਾਹਿਗੁਰੂ ਨਾਮ ਲੋਕ ਪਰਲੋਕ ਵਿਚ ਸਦਾ ਸਹਾਈ ਹੈ। ਨਾਮ ਦੇ ਲੈਂਦਿਆਂ ਹੀ ਸਾਰੇ ਵਿਘਨ ਦੂਰ ਹੋ ਜਾਂਦੇ ਹਨ। ਜਿਨ੍ਹਾਂ ਨੇ ਨਾਮ ਨੂੰ ਗਲੇ ਦਾ ਗਹਿਣਾ ਬਣਾਇਆ ਹੈ, ਭਾਵ ਕੰਠ ਕੀਤਾ ਹੈ, ਵਾਹਿਗੁਰੂ ਉਨ੍ਹਾਂ ਦੇ ਕਲਿਜੁਗ ਦੇ ਪਾਪ ਤੇ ਪਾਪਾਂ ਦੀ ਦੂਸ਼ਣਾਂ ਨੂੰ ਦੂਰ ਕਰ ਦਿੰਦਾ ਹੈ॥ ੩੬॥

ਦੋਹਰਾ- ਮੰਗਲ ਸੁਖ ਕਲਿਆਨਦਾ ਕਰਹਿ ਅਮੰਗਲ ਹਾਨ।
ਜਪਤਿ ਜਪਤਿ ਸ੍ਰੀ ਨਾਮ ਕੋ ਪ੍ਰਗਟੈ ਉਰ ਮੈਂ ਗਜਾਨ॥ ੩੭॥

ਵਾਹਿਗੁਰੂ ਨਾਮ ਮਨ ਦੀਆਂ ਮੁਰਾਦਾਂ ਪੂਰੀਆਂ ਕਰਦਾ ਹੈ, ਸੁੱਖ ਅਤੇ ਸ਼ੁਭ ਹਾਲਤ ਦਾ ਦਾਤਾ ਹੈ। ਵਿਘਨ ਅਤੇ ਬੁਰਿਆਈਆਂ ਨੂੰ ਨਸ਼ਟ ਕਰਦਾ ਹੈ। ਨਿਸ਼ਕਾਮ ਅਰਾਧਨਾ ਕਰਨ ਵਾਲਿਆਂ ਦੇ ਹਿਰਦੇ ਵਿਚ ਵਾਹਿਗੁਰੂ ਨਾਮ ਜਪਦਿਆਂ-ਜਪਦਿਆਂ ਬ੍ਰਹਮ-ਗਿਆਨ ਪ੍ਰਗਟ ਹੋ ਜਾਂਦਾ ਹੈ॥ ੩੭॥

ਚੌਪਈ- ਬਰਤ ਨੇਮ ਜਪ ਤਪ ਜਗ ਕਰਮੂ। ਨਾਮ ਬਿਨਾ ਬਿਰਥੇ ਸਭਿ ਧਰਮੂ।
ਨਾਮ ਹੀਨ ਭਵ ਸਾਗਰ ਬੀਚੂ। ਜਨਮ ਧਰਹਿਂ ਊਚੂ ਕਬ ਨੀਚੂ॥੩੮॥

ਇਸ ਸੰਸਾਰ ਦੇ ਸਾਰੇ ਕਰਮ ਜਿਵੇਂ ਜਪ, ਤਪ, ਯੱਗ, ਬਰਤ ਅਤੇ ਨੇਮ ਹਨ ਇਹ ਵਾਹਿਗੁਰੂ ਦੇ ਨਾਮ ਬਗੈਰ ਸਭ ਬਿਰਥਾ ਹਨ। ਜੋ ਵਿਅਕਤੀ ਇਸ ਭਵਸਾਗਰ ਵਿਚ ਨਾਮਹੀਣ ਹਨ, ਉਹ ਕਦੇ ਉੱਚਾ, ਕਦੀ ਨੀਵਾਂ ਭਾਵ ਮੁੜ-ਮੁੜ ਜਨਮ ਧਾਰਦੇ ਰਹਿੰਦੇ ਹਨ॥ ੩੮॥

ਨਾਮ ਬਿਨਾ ਧ੍ਰਿਗ ਰਾਜ ਸਮਾਜੂ। ਨਾਮ ਹੀਨ ਜਗ ਜੀਵਨ ਲਾਜੂ।
ਅਭੈ ਭਵਿਤ ਭੋਗਹਿ ਭਵ ਭੋਗੂ। ਨਾਮ ਬਿਨਾ ਜਾਵਹਿ ਜਮ ਲੋਗੂ॥੩੯॥

ਨਾਮ ਤੋਂ ਬਿਨਾਂ ਰਾਜ ਸਮਾਜ ਧਿਰਕਾਰ ਹਨ, ਨਾਮ ਵਿਹੂਣੇ ਦਾ ਜਗਤ ਵਿਚ ਜੀਵਨ ਸ਼ਰਮਨਾਕ ਹੈ। ਜਿਹੜੇ ਲੋਕ ਭੈ-ਰਹਿਤ ਹੋ ਕੇ ਸੰਸਾਰਿਕ ਭੋਗਾਂ ਨੂੰ ਭੋਗ ਰਹੇ ਹਨ, ਉਹ ਨਾਮ ਵਿਹੂਣੇ ਜਮਲੋਕ ਨੂੰ ਜਾਣਗੇ॥ ੩੯॥

ਚੌਪਈ- ਸੁੰਦਰ ਮੰਦਰ ਅੰਗਨਾ ਸੇਜਾ। ਅੰਤ ਸਮੇ ਜਮ ਗਹਿ ਕਰਿ ਲੇ ਜਾ।
ਚਤੁਰੰਗਨ ਧੁਜਨੀ ਬਲ ਧਰਨੀ। ਤਿਹ ਛਿਨ ਕਾਹੁ ਨ ਤੇ ਹੁਇ ਕਰਨੀ॥੪੦॥

ਸੋਹਣੇ ਮੰਦਰਾਂ, ਸੋਹਣੀਆਂ ਸੇਜਾਂ, ਸੋਹਣੀਆਂ ਇਸਤਰੀਆਂ ਵਿਚੋਂ ਅੰਤ ਸਮੇਂ ਕਿਸੇ ਸਾਥ ਨਹੀਂ ਦੇਣਾ, ਸਾਰਿਆਂ ਨੂੰ ਜਮ ਫੜ ਕੇ ਲੈ ਜਾਣਗੇ। ਵੱਡੀਆਂ ਵੱਡੀਆਂ ਫੌਜਾਂ ਤੋਂ ਵੀ ਕੁਝ ਨਹੀਂ ਸਰਨਾ, ਜਮਾਂ ਤੋਂ ਕਿਸੇ ਵੀ ਛੁਡਵਾ ਨਹੀਂ ਸਕਣਾ॥ ੪੦॥

ਗਜ, ਬਾਜੀ, ਸਜੰਦਨ, ਬਹੁ ਰੰਗੇ। ਹੋਤਿ ਕੋਸ਼, ਗਮਨੇ ਪਗ ਨੰਗੇ।
ਸਿਵਕਾ, ਡੋਰੇ ਤਜਿ ਕਰਿ ਨਾਨਾ। ਨਾਮ ਬਿਨਾ ਜਮਪੁਰੀ ਪਯਾਨਾ॥੪੧॥

ਹਾਥੀਆਂ, ਘੋੜਿਆਂ, ਰੱਥਾਂ ਅਤੇ ਕਈ ਪ੍ਰਕਾਰ ਦੇ ਹੋਰ ਸਾਧਨਾਂ ਅਤੇ ਖਜ਼ਾਨਿਆਂ ਦੇ ਬਾਵਜੂਦ ਲੋਕ ਨੰਗੀ ਪੈਰੀਂ ਚਲੇ ਗਏ॥ ਪਾਲਕੀਆਂ ਅਤੇ ਕਈ ਪ੍ਰਕਾਰ ਦੇ ਡੋਲੇ ਛੱਡ ਕੇ ਨਾਮ ਵਿਹੂਣੇ ਜਮਪੁਰੀ ਨੂੰ ਚਲੇ ਗਏ॥ ੪੧॥

ਨਾਮ ਹੀਨ ਅਸ ਸ੍ਵਾਸ ਸਹਤਿ ਹੈ। ਜਿਹ ਬਿਧਿ ਭਸਰਾ ਫੂਕ ਬਹਤਿ ਹੈ।
ਨਾਮ ਜਪਤਿ ਸੇ ਵਡੇ ਵਡੇਰੇ। ਤਿਨ ਜਮਦੂਤ ਨ ਆਵਤਿ ਨੇਰੇ॥੪੨॥

ਨਾਮ-ਹੀਣ ਸਰੀਰ ਇੰਝ ਸਵਾਸ ਲੈਂਦੇ ਹਨ ਜਿਵੇਂ ਧੌਂਖਣੀ ਵਿਚੋਂ ਫੂਕ ਨਿਕਲਦੀ ਹੈ। ਜਿਹੜੇ ਨਾਮ ਜਪਦੇ ਹਨ ਉਹ ਵੱਡੇ-ਵਡੇਰੇ ਹਨ ਅਤੇ ਜਮ ਦਾ ਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ॥ ੪੨॥

ਦੋਹਰਾ- ਨਾਮ ਨ ਜਪਹਿਂ ਅਕ੍ਰਿੱਤਘਣ ਜੋ ਅਭਿਮਤ ਦਾਤਾਰ।
ਜਗ ਵਡਿਆਈ ਬਾਦ ਮਹਿਂ ਉਰਝੇ ਮੰਦ ਗਵਾਰ॥੪੩॥

ਜਿਹੜਾ ਵਿਅਕਤੀ ਨਾਮ ਨਹੀਂ ਜਪਦਾ ਉਹ ਨਾ-ਸ਼ੁਕਰਗੁਜ਼ਾਰ ਹੈ, ਕਿਉਂਕਿ ਉਹ ਦਾਤਾਂ ਦੇਣ ਵਾਲੇ ਦਾ ਕੀਤਾ ਨਹੀ ਜਾਣ ਰਿਹਾ। ਉਹ ਮੂਰਖ ਜਗਤ ਦੀ ਫਜ਼ੂਲ ਵਡਿਆਈ ਵਿਚ ਫਸੇ ਹੋਏ ਹਨ ਅਤੇ ਮੂਰਖ ਇਹ ਨਹੀਂ ਸਮਝਦੇ ਕਿ ਜਗਤ ਦੀਆਂ ਫਜ਼ੂਲ ਵਡਿਆਈਆਂ ਨੇ ਨਾਲ ਨਹੀਂ ਜਾਣਾ॥ ੪੩॥

ਚੌਪਈ- ਜਾਨਤਿ ਸੰਤ ਨਾਮ ਪਰਤਾਪੂ। ਜਿਹ ਕਿਹ ਪਾਯੋ ਜਾਪ ਅਜਾਪੂ।
ਨਹਿ ਜਾਨਹਿ ਸਾਕਤ ਪਰਤਾਪਾ। ਧਨ ਵਿਸ਼ਵਾਸ਼ੀ ਅਹਿਮਤ ਆਪਾ॥੪੪॥

ਸੰਤ ਲੋਕ ਨਾਮ ਦੀ ਮਹੱਤਤਾ ਨੂੰ ਜਾਣਦੇ ਹਨ, ਕਿਉਂਕਿ ਜਿਸ ਕਿਸੇ ਵੀ ਪਰਮੇਸ਼ਰ ਨੂੰ ਪਾਇਆ ਹੈ ਨਾਮ ਜਪ ਕੇ ਹੀ ਪਾਇਆ ਹੈ, ਪਰ ਸਾਕਤ ਲੋਕ (ਡਿੱਗੇ ਹੋਏ ਲੋਕ) ਨਾਮ ਦਾ ਪ੍ਰਤਾਪ ਨਹੀਂ ਜਾਣਦੇ ਅਤੇ ਧਨ ਉੱਤੇ ਭਰੋਸਾ ਕਰਕੇ ਆਪਣਾ ਆਪਾ ਸੱਪ ਦੀ ਬੁੱਧੀ ਵਾਲਾ ਬਣਾ ਲੈਂਦੇ ਹਨ॥ ੪੪॥

ਦਰਬ ਹੇਤ ਸਭਿ ਕਰਹਿਂ ਉਪਾਈ। ਵਾਹਿਗੁਰੂ ਉਰ ਦੀਨ ਭੁਲਾਈ।
ਕੰਚਨ ਰੁਚਿਰ ਰਚਿਤ ਬਰ ਰਤਨਾ। ਤਿਹ ਤਜਿ ਕਰਤਿ ਕਾਚ ਹਿਤ ਜਤਨਾ॥੪੫॥

ਸਾਕਤ ਲੋਕ ਦੌਲਤ ਦੀ ਪ੍ਰਾਪਤੀ ਵਾਸਤੇ ਹੀ ਸਾਰੇ ਯਤਨ ਕਰਦੇ ਹਨ, ਇਨ੍ਹਾਂ ਨੇ ਵਾਹਿਗੁਰੂ ਨੂੰ ਆਪਣੇ ਹਿਰਦੇ ਵਿਚੋਂ ਹੀ ਭੁਲਾ ਦਿੱਤਾ ਹੈ। ਪਰ ਅਸਲ ਵਿਚ ਨਾਮ ਸੋਨੇ ਦਾ ਬਣਿਆ ਮਨ ਮੋਹ ਲੈਣ ਵਾਲਾ ਗਹਿਣਾ ਹੈ। ਸੱਚ ਨੂੰ ਛੱਡ ਕੇ ਉਹ ਕੱਚ ਨੂੰ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਹਨ॥ ੪੫॥

ਸ੍ਵੈਯਾ- ਜਾਨਤਿ ਹੈ ਮਹਿਮਾ ਅਹਿਸ਼ੇਖ ਸੁ ਨਾਮਹਿ ਕੀ ਪਰਤਾਪ ਵਡਾਈ।
ਸੈਲਨਿ ਕਾਨਨਿ ਸੌਂ ਧਰਨੀ ਪਰਸੂਨਹਿ ਜਜੋਂ ਜਿਨ ਸੀਸ ਉਠਾਈ।
ਨਾਮ ਮਹਾਤਮ ਸ਼ੰਕਰ ਜਾਨਤਿ ਕੰਠ ਹਲਾਹਲ ਲੀਨਿ ਪਚਾਈ।
ਆਤਮਭੂ ਭਲਿ ਰੀਤਿ ਪਛਾਨਤਿ ਜਾਂ ਬਲ ਸੌਂ ਪਰਪੰਚ ਬਨਾਈ॥੪੬॥

ਵਾਹਿਗੁਰੂ ਦੇ ਸ੍ਰੇਸ਼ਟ ਨਾਮ ਦੇ ਪ੍ਰਤਾਪ ਤੇ ਵਡਿਆਈ ਦੀ ਵਿਸ਼ਾਲਤਾ ਸ਼ੇਸ਼ਨਾਗ ਜਾਣਦਾ ਹੈ, ਜਿਸ ਪਹਾੜਾਂ ਅਤੇ ਜੰਗਲਾਂ ਨਾਲ ਭਰਪੂਰ ਧਰਤੀ ਨੂੰ ਆਪਣੇ ਸਿਰ ਤੇ ਫੁੱਲ ਵਾਂਗ ਚੁਕਿਆ ਹੈ। ਨਾਮ ਦੀ ਵਡਿਆਈ ਸ਼ਿਵਜੀ ਜਾਣਦਾ ਹੈ, ਜਿਸ ਨੇ ਆਪਣੇ ਕੰਠ ਵਿਚ ਜ਼ਹਿਰ ਪਚਾ ਲਈ ਹੈ। ਨਾਮ ਦੀ ਵਡਿਆਈ ਨੂੰ ਬ੍ਰਹਮਾ ਚੰਗੀ ਤਰ੍ਹਾਂ ਜਾਣਦਾ ਹੈ, ਜਿਸ ਵਾਹਿਗੁਰੂ ਦੇ ਨਾਮ ਨਾਲ ਇਹ ਜਗਤ ਬਣਾਇਆ ਹੈ॥ ੪੬॥

ਸ੍ਵੈਯਾ- ਪ੍ਰਹਲਾਦ, ਕਵਾਦਿ, ਤਿਲੋਚਨ, ਨਾਰਦ, ਧ੍ਰੂ, ਸਨਕਾਦਿ, ਜਦੇਵ, ਸਧੰਨਾ।
ਅੰਬਰੀਕ, ਕਬੀਰ, ਪਰੂਰਵ, ਅੰਗਰਾ, ਨਾਮੇ, ਬਿਭੀਖਨ, ਕੁੰਭਜ ਮੰਨਾ।
ਰਵਿਦਾਸ, ਅਜਾਮਲ, ਊਧਵ, ਕ੍ਰੂਰ, ਹਨੂਮਤਿ, ਭੀਲਨੀ ਭੀ ਧਨਧੰਨਾ।
ਜੁਗ ਚਾਰ ਵਿਖੇ ਜਨ ਜੋ ਜਨਮੇ ਜਿਨਹੂ ਕਿਨ ਨਾਮ ਹੂੰ ਤੇ ਭ੍ਰਮਭੰਨਾ॥੪੭॥

ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਿਆ ਹੈ ਉਨ੍ਹਾਂ ਵਿਚ ਪ੍ਰਸਿੱਧ ਨਾਂ ਹਨ, ਪ੍ਰਹਿਲਾਦ, ਬਾਲਮੀਕ, ਤਿਲੋਚਨ, ਨਾਰਦ, ਧ੍ਰੂਅ, ਬ੍ਰਹਮਾਂ ਦੇ ਚਾਰ ਪੁੱਤਰ (ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ), ਜੈਦੇਵ, ਸਧਨਾ, ਅੰਬ੍ਰੀਕ, ਕਬੀਰ, ਪੁਰੂਰਵਸ, ਅੰਗਰਾ, ਨਾਮਦੇਵ, ਬਿਭੀਖਨ ਅਤੇ ਅਗਸਤ ਹਨ। ਚਾਰ ਜੁਗਾਂ ਵਿਚ ਜਿਨ੍ਹਾਂ ਉੱਤਮ ਪੁਰਸ਼ਾਂ ਨੇ ਜਨਮ ਲਿਆ ਹੈ, ਉਨ੍ਹਾਂ ਸਾਰਿਆਂ ਦਾ ਭਰਮ ਨਾਮ ਲੈ ਕੇ ਹੀ ਦੂਰ ਹੋਇਆ ਹੈ। ਰਵੀਦਾਸ, ਅਜਾਮਲ, ਊਧਵ, ਅਕ੍ਰੂਰ, ਹਨੂਮਾਨ, ਭੀਲਣੀ, ਧੰਨਾ ਆਦਿ ਧੰਨ ਹਨ, ਜਿਨ੍ਹਾਂ ਨਾਮ ਦੀ ਕਮਾਈ ਕੀਤੀ ਹੈ॥ ੪੭॥

ਕਬਿੱਤ- ਬਾਨੀ ਛਬਿ ਬਨੀ ਅੰਗ, ਸ਼ੇਖ਼ ਤਨ ਸੰਗ ਰੰਗ; ਗੰਗ ਕੇ ਤਰੰਗ ਸੁ, ਪਤੰਗ ਕੋ ਕਿਕਾਨ ਹੈ।
ਲੰਬੋਦਰ ਰਦਨ ਕੀਨੋ, ਧਨੁਖ ਮਦਨ ਚੀਨੋ, ਸ੍ਰੀਆ ਕੋ ਸਦਨ, ਚਹੁੰ ਬਦਨ ਕੋ ਜਾਨ ਹੈ।
ਕਰੁਨਾਨਿਧਾਨ ਸ੍ਰਿਗ, ਜੋਨ੍ਹ ਕੀਨੀ ਜਾਨ ਮ੍ਰਿਗ, ਭਸਮ ਸੁ ਤੀਨ ਦ੍ਰਿਗ, ਸੁਧਾ ਸੁਰਪਾਨ ਹੈ।
ਮਨ ਕੀਨੋ ਮੁਨੀ ਸਤੋਗੁਨ ਚੀਨ ਲੀਨੋ ਗੁਨੀ, ਨਾਮ ਕੇ ਸੁਜਸ ਤੇ ਏ ਸਭੈ ਸ਼ੋਭਾਵਾਨ ਹੈ॥੪੮॥

ਨਾਮ ਦੇ ਪ੍ਰਤਾਪ ਕਰਕੇ ਸ਼ਾਰਦਾ ਦੇ ਅੰਗ, ਸ਼ੇਸ਼ਨਾਗ ਦਾ ਰੰਗ, ਗੰਗਾ ਦੀਆਂ ਲਹਿਰਾਂ, ਸੂਰਜ ਦਾ ਘੋੜਾ, ਗਣੇਸ਼ ਦਾ ਦੰਦ, ਕਾਮ ਦਾ ਧਨੁਖ, ਲੱਛਮੀ ਦਾ ਘਰ ਭਾਵ ਕਮਲ ਫੁੱਲ, ਬ੍ਰਹਮਾਂ ਦਾ ਵਾਹਣ ਭਾਵ ਹੰਸ ਸਾਰੇ ਹੀ ਸਫੇਦ ਹਨ। ਵਿਸ਼ਨੂ ਦੀ ਮਾਲਾ, ਚੰਦ ਦੀ ਚਾਂਦਨੀ, ਸ਼ਿਵ ਜੀ ਦੀ ਸੁਆਹ, ਦੇਵਤਿਆਂ ਦੇ ਪੀਣ ਵਾਲਾ ਅੰਮ੍ਰਿਤ, ਮੁਨੀ ਦਾ ਮਨ ਅਤੇ ਸਾਰੇ ਵਿਚਾਰਵਾਨ ਚੰਗੇ ਪੁਰਸ਼ਾਂ ਦਾ ਧਾਰਨ ਕੀਤਾ ਹੋਇਆ ਇਹ ਸਤੋਗੁਣ ਦਾ ਰੰਗ ਸਫੇਦ ਭਾਵ ਉਜਵਲ ਹੋ ਗਿਆ ਹੈ ਅਤੇ ਸਾਰੇ ਸ਼ੋਭਾ ਪਾ ਰਿਹਾ ਹੈ॥ ੪੮॥

ਤਾਤ ਸੁਤ ਮਾਤ ਹਿਤੂ ਸੋਦਰ ਸਹੋਦਰੀ ਸੁ, ਮੋਦ ਮੈਂ ਕਿਸ਼ੋਦਰੀ ਸੋਂ ਗਾਢੇ ਲਪਟਾਯੋ ਹੈ।
ਮੱਤ ਜੇ ਮਤੰਗ ਜਵੀ ਚੰਚਲ ਤੁਰੰਗ ਬ੍ਰਿੰਦ ਅਨੀ ਚਤੁਰੰਗਨੀ ਸੋਂ ਰਿਦਾ ਹੁਲਸਾਯੋ ਹੈ।
ਆਥਿ ਨਿਤ ਹਾਥ ਚਾਹੈ, ਜਨਮ ਅਕਾਥ ਖੋਤਿ, ਅੰਤ ਕੋ ਨ ਸਾਥ ਮਨ ਜਾਂ ਸੋਂ ਡਹਿਕਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ, ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ॥੪੯॥

ਪਿਤਾ, ਪੁੱਤਰ, ਮਾਤਾ, ਮਿੱਤਰ, ਭਰਾ, ਭੈਣ, ਬੀਵੀ ਆਦਿ ਦੇ ਆਨੰਦ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਮਸਤ ਚਾਲ ਚਲਣ ਵਾਲੇ ਹਾਥੀਆਂ ਅਤੇ ਤੇਜ਼ ਤਰਾਰ ਘੋੜਿਆਂ ਅਤੇ ਚਤੁਰੰਗਣੀ ਫੌਜ ਨਾਲ ਜਿਹੜੇ ਅਨੰਦਮਈ ਹੋ ਰਹੇ ਹਨ। ਜਿਹੜੇ ਮਾਇਆ ਨੂੰ ਸਦਾ ਆਪਣੇ ਹੱਥ ਵਿਚ ਰੱਖਣਾ ਚਾਹੁੰਦੇ ਹਨ, ਪਰ ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਉਹ ਆਪਣਾ ਮਨੁੱਖਾ ਜਨਮ ਵਿਅਰਥ ਗੁਆ ਰਹੇ ਹਨ। ਅੰਤ ਉਨ੍ਹਾਂ ਦੇ ਨਾਲ ਕਿਸੇ ਵਸਤੂ ਨੇ ਵੀ ਨਹੀਂ ਜਾਣਾ, ਉਹ ਇਨ੍ਹਾਂ ਫਲਾਵੀਆਂ ਵਸਤਾਂ ਵਿਚ ਫਜ਼ੂਲ ਆਪਣੇ ਮਨ ਨੂੰ ਬਹਿਲਾ ਰਹੇ ਹਨ॥ ੪੯॥

ਬਾਜੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ, ਪਾਜੀ ਕੋ ਅਪਾਜੀ ਲਖਿ ਤਾਂਸੋ ਬਿਰਮਾਯੋ ਹੈ।
ਸੁਪਨੇ ਪਦਾਰਥ ਸੁਆਰਥ ਮੈਂ ਰਚਯੋ ਸੰਚੈ, ਸੰਚਿ ਸੰਚਿ ਜਾਗੇ ਤੇ ਬਹੁਰਿ ਪਛੁਤਾਯੋ ਹੈ।
ਸੁਕਤਾ ਰਜਤ, ਮ੍ਰਿਗ ਤ੍ਰਿਸ਼ਨਾ ਮੈਂ ਨੀਰ ਜੈਸੇ, ਰਜੁ ਮੈਂ ਸਰਪ ਆਦਿ ਅੰਤ ਹੂੰ ਨ ਪਾਯੋ ਹੈ।
ਕੂੜ ਹੈ ਰੇ ਕੂੜ, ਮਨ ਮੂੜ ! ਲਗ ਨਾਮ ਰੂੜ, ਸਾਚੇ ਕੋ ਬਨਾਯੋ ਤਾਂਤੇ ਸਾਚੋ ਸੋ ਸੁਹਾਯੋ ਹੈ॥੫੦॥

ਬਾਜੀਗਰ ਦੀ ਬਾਜ਼ੀ ਵਾਂਗ ਇਹ ਮਾਇਆ ਦੀ ਕਾਇਨਾਤ ਬਣਾਈ ਗਈ ਹੈ, ਜਿਨ੍ਹਾਂ ਵਿਚ ਇਹ ਪ੍ਰਪੰਚਾਂ ਦੀ ਰਚਨਾ ਕੀਤੀ ਗਈ ਹੈ, ਪਰ ਸਾਡਾ ਮਨ ਇਨ੍ਹਾਂ ਝੂਠੀਆਂ ਅਤੇ ਬਨਾਵਟੀ ਵਸਤਾਂ ਨੂੰ ਅਸਲ ਸਮਝ ਕੇ ਭਰਮ-ਭੁਲੇਖੇ ਵਿਚ ਫੱਸ ਗਿਆ ਹੈ। ਪਰ ਮੇਰੇ ਮਨ ਨੂੰ ਇਹ ਪਤਾ ਨਹੀਂ ਕਿ ਜਿਹੜਾ ਮਨੁੱਖ ਸੁਪਨੇ ਵਿਚ ਅਨੇਕਾਂ ਪਦਾਰਥਾਂ ਦਾ ਮਾਲਕ ਹੋ ਜਾਂਦਾ ਹੈ, ਪਰ ਸੁਪਨਾ ਟੁੱਟ ਜਾਣ 'ਤੇ ਫਿਰ ਪਛਤਾਉਂਦਾ ਹੈ। ਪਰ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸੇ ਨੇ ਸਿੱਪੀ ਵਿਚੋਂ ਚਾਂਦੀ, ਮ੍ਰਿਗ ਤ੍ਰਿਸ਼ਨਾਂ ਵਿਚੋਂ ਪਾਣੀ, ਰੱਸੀ ਵਿਚੋਂ ਸੱਪ ਕਦੇ ਵੀ ਨਹੀਂ ਪਾਇਆ ਜਾਂ ਲੱਭਿਆ ਹੈ। ਹੇ ਮੂਰਖ ਮਨੁੱਖ ! ਜ਼ਰਾ ਸੋਚ, ਇਹ ਸਭ ਕੁਝ ਝੂਠ ਹੈ, ਇਸ ਕਰਕੇ ਸਭ ਕੁਝ ਛੱਡ ਤੇ ਸੱਚੇ ਵਾਹਿਗੁਰੂ ਦੇ ਨਾਮ ਨਾਲ ਜੁੜ ਜੋ ਸੱਚੇ ਵਾਹਿਗੁਰੂ ਨੇ ਬਣਾਇਆ ਹੈ॥ ੫੦॥

ਦੋਹਰਾ- ਜਿਹ ਕਰੁਨਾ ਤੇ ਜਠਰ ਮਹਿਂ ਅਗਨਿ ਸਪਰਸ਼ ਨ ਹੋਇ।
ਜਨਮਤਿ ਹੀ ਪੁਨ ਜਗ ਰਚਜੋ ਰਿਦੈ ਬਿਸ਼ਾਰਜੋ ਸੋਇ॥ ੫੧॥

ਜਿਸ ਦੀ ਮਿਹਰ ਨਾਲ ਮਾਤਾ ਦੇ ਪੇਟ ਵਿਚ ਮਾਤਾ ਦੇ ਪੇਟ ਦੀ ਅੱਗ ਤੈਨੂੰ ਛੂਹ ਨਹੀ ਸਕੀ, ਭਾਵ ਤੇਰਾ ਕੁਝ ਨਹੀਂ ਵਿਗਾੜ ਸਕੀ, ਪਰ ਤੂੰ ਜਨਮ ਲੈਂਦਾ ਹੀ ਉਸ ਵਾਹਿਗੁਰੂ ਨੂੰ ਵਿਸਾਰ ਬੈਠਾ ਹੈਂ ਅਤੇ ਜੱਗ ਦੇ ਝਮੇਲਿਆਂ ਵਿਚ ਰੱਚ ਗਿਆ ਹੈਂ॥ ੫੧॥

ਚੌਪਈ- ਜਿਹ ਕਰੁਨਾ ਤੇ ਰੂਪ ਅਨੂਪਾ। ਤਿਹ ਤਜਿ ਪਰਜੋ ਅੰਧ ਜੋ ਕੂਪਾ।
ਜਿਸ ਕਰੁਨਾ ਸਭਿ ਦਏ ਪਦਾਰਥ। ਤਿਸ ਤਜਿ ਫਿਰਤ ਬਿਸ਼ੈ ਕੇ ਸ੍ਵਾਰਥ॥੫੨॥

ਹੇ ਮਨ ! ਜਿਸ ਦੀ ਕਿਰਪਾ ਨਾਲ ਤੈਨੂੰ ਇਹ ਸੁੰਦਰ ਰੂਪ ਮਿਲਿਆ ਹੈ, ਉਸ ਵਾਹਿਗੁਰੂ ਨੂੰ ਛੱਡ ਕੇ ਭਾਵ ਭੁੱਲ ਕੇ ਅੰਨ੍ਹੇ ਖੂਹ ਵਿਚ ਡਿੱਗ ਪਿਆ ਏਂ ਭਾਵ ਮਾਇਆ ਦੇ ਮੋਹ ਵਿਚ ਪੈ ਗਿਆ ਏਂ। ਜਿਸ ਦੀ ਕਿਰਪਾ ਨਾਲ ਤੈਨੂੰ ਸਾਰੇ ਪਦਾਰਥ ਪ੍ਰਾਪਤ ਹੋਏ ਹਨ, ਉਸ ਨੂੰ ਛੱਡ ਕੇ ਵਿਸ਼ਿਆਂ ਵਿਕਾਰਾਂ ਦੇ ਸਵਾਰਥਾਂ ਮਗਰ ਲੱਗਾ ਫਿਰਦਾ ਏਂ॥ ੫੨॥

ਮਨ ਮੂਰਖ ਅਜਹੂੰ ਨਹਿਂ ਜਾਨਤਿ। ਜਿਸ ਕਰੁਨਾ ਤੇ ਸਭਿ ਤੁਝ ਮਾਨਤਿ।
ਮਧੁਰ ਜਾਨ ਬਿਸ਼ਯਨਿ ਬਿਲਸਾਤੂ। ਸੋ ਹੋਵਹਿਂ ਕਟੁ ਬਡ ਦੁਖ ਦਾਤੂ॥੫੩॥

ਹੇ ਮੇਰੇ ਮੂਰਖ ਮਨ ! ਤੂੰ ਹਾਲੇ ਵੀ ਉਸ ਵਾਹਿਗੁਰੂ ਨੂੰ ਨਹੀ ਪਹਿਚਾਣਦਾ, ਜਿਸ ਦੀ ਕਿਰਪਾ ਨਾਲ ਜਗਤ ਦੇ ਲੋਕ ਮਾਨ ਮਰਾਤਬਾ ਦਿੰਦੇ ਹਨ। ਜਿਨ੍ਹਾਂ ਵਿਸ਼ਿਆਂ ਵਿਕਾਰਾਂ ਨੂੰ ਤੂੰ ਮਿੱਠਾ ਸਮਝ ਕੇ ਭੋਗਦਾ ਏਂ, ਉਹ ਅਖੀਰ ਵਿਚ ਬੜੇ ਕੌੜੇ ਅਤੇ ਦੁੱਖ ਦੇਣ ਵਾਲੇ ਸਾਬਤ ਹੋਣਗੇ॥ ੫੩॥

ਦੋਹਰਾ- ਨਾਮਹਿ ਤੇ ਸਭਿ ਕੁਛ, ਬਨਜੋ ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ॥ ੫੪॥

ਇਹ ਖੰਡ ਮੰਡਲ ਬ੍ਰਹਿਮੰਡ ਅਤੇ ਇਨ੍ਹਾਂ ਧਰਤੀਆਂ ਵਿਚ ਵੱਸਣ ਵਾਲੇ ਸਾਰੇ ਜੀਵ ਜੰਤ ਨਾਮ ਤੋਂ ਹੀ ਬਣੇ ਹਨ। ਹੇ ਮਨ ! ਤੂੰ ਅਜਿਹੇ ਸਰਬ ਸਮਰੱਥ ਨਾਮ ਨੂੰ ਕਿਉਂ ਵਿਸਾਰਿਆ ਹੋਇਆ ਹੈ? ਹੇ ਨਿਰਮਲ ਬੁੱਧੀ ਵਾਲੇ ਜੀਵ ! ਉਸ ਨਾਮ ਦਾ ਨਿੱਤ ਸਿਮਰਨ ਕਰ॥ ੫੪॥

ਸ੍ਵੈਯਾ- ਨਾਗੁਨ ਤੇ ਪੁਨ ਸਾਗੁਨ ਤੇ ਗੁਰ ਕੇ ਮਤਿ ਮੈਂ ਵਡ ਨਾਮ ਪਛਾਨੋ।
ਸ੍ਰੀ ਮੁਖ ਨਾਨਕ ਗੋਬਿੰਦ ਸਿੰਘ 'ਵਡੋ ਸਭਿ ਤੇ' ਕਹਿ ਨਾਮ ਬਖਾਨੋ।
ਬੇਦ ਪੁਰਾਨ ਗਰੰਥ ਭਨੈਂ, ਕਵਿ ਕੋਵਿਦ ਜੇ ਸਭਿ ਹੀ ਮਨ ਮਾਨੋ।
ਰੇ ਮਨ ਮੂੜ ! ਸੁ ਨਾਮ ਪ੍ਰਤਾਪਹਿ ਜਾਨ ਅਜਾਨ ਭਯੋ ਕਿਮ ਜਾਨੋ॥੫੫॥

ਨਿਰਗੁਣ ਮੱਤ ਵਿਚ, ਸਰਗੁਣ ਮੱਤ ਵਿਚ ਅਤੇ ਸਤਿਗੁਰੂ ਜੀ ਦੇ ਮੱਤ ਵਿਚ ਨਾਮ ਨੂੰ ਹੀ ਸਭ ਤੋਂ ਵੱਡਾ ਸਮਝਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਨਾਮ ਨੂੰ ਹੀ ਸਭ ਤੋਂ ਵੱਡਾ ਕਿਹਾ ਹੈ। ਵੇਦ, ਪੁਰਾਣ, ਗੁਰੂ ਗ੍ਰੰਥ ਸਾਹਿਬ, ਕਵੀ ਅਤੇ ਪੰਡਿਤ ਸਭ ਇਹ ਮੰਨਦੇ ਹਨ ਕਿ ਨਾਮ ਹੀ ਮਹਾਨ ਹੈ ਅਤੇ ਸਭ ਤੋਂ ਵੱਡਾ ਹੈ। ਫਿਰ ਹੇ ਮੇਰੇ ਮੂਰਖ ਮਨ ! ਤੂੰ ਨਾਮ ਦੇ ਪ੍ਰਤਾਪ ਤੋਂ ਜਾਣ ਬੁੱਝ ਕੇ ਅਨਜਾਣ ਬਣ ਰਿਹਾ ਏਂ, ਇਸ ਦਾ ਕੀ ਕਾਰਨ ਹੈ ? ੫੫॥

ਨਾਗੁਨ ਤੇ ਇਮ ਜਾਨ ਵਡੋ ਪਰਮਾਤਮ ਦੇਹਿਨ ਮੈਂ ਸਭਿ ਸੋਊ।
ਚੇਤਨ ਕੇ ਅਵਿਲੰਬਤਿ ਹ੍ਵੈ ਨਰ ਨਾਰਿ ਬਿਰਾਜਤਿ ਜੰਗਮ ਜੋਊ।
ਹੋਵਤਿ ਹੀ ਤਿਹ ਕੇ ਘਟ ਮੈਂ ਨਰ ਜੀਵ ਦੁਖੀ ਭਵ ਮੈ ਸਭਿ ਕੋਊ।
ਨਾਮ ਜਪੈ ਜਬ ਹੀ ਸੁਖ ਸਾਗਰ ਚੇਤਨ ਚੀਤ ਉਦੋਤਿ ਸੁ ਹੋਊ। ੫੬॥

ਨਿਰਗੁਣ ਸਰੂਪ ਵਿਚ ਨਾਮ ਇਸ ਕਰਕੇ ਵੱਡਾ ਹੈ ਕਿਉਂਕਿ ਉਹ ਪ੍ਰਭੂ ਸਾਰਿਆਂ ਸਰੀਰਾਂ ਵਿਚ ਵੱਸ ਰਿਹਾ ਹੈ। ਜਿੰਨੇ ਵੀ

ਜੀਵ ਜੰਤ ਅਤੇ ਨਰ ਨਾਰੀ ਹਨ ਉਹ ਸਾਰੇ ਉਸੇ ਚੇਤਨਾ ਦੇ ਆਸਰੇ ਬਿਰਾਜ ਰਹੇ ਹਨ। ਪਰ ਪ੍ਰਭੂ ਦੇ ਨਿਰਗੁਣ ਚੇਤਨ ਰੂਪ ਵਿਚ ਸਾਰੇ ਜੀਵ ਜੰਤੂਆਂ ਦੇ ਹਿਰਦਿਆਂ ਵਿਚ ਵੱਸਣ ਦੇ ਬਾਵਜੂਦ ਵੀ ਇਸ ਸੰਸਾਰ ਦੇ ਪ੍ਰਾਣੀ ਦੁਖੀ ਹਨ। ਪਰ ਜਦ ਕੋਈ ਪ੍ਰਾਣੀ ਨਾਮ ਜਪਦਾ ਹੈ ਤਾਂ ਉਹੋ ਚੇਤਨ ਚਿੱਤ ਵਿਚ ਪ੍ਰਗਟ ਹੋ ਕੇ ਸੁਖ ਸਾਗਰ ਹੋ ਜਾਂਦਾ ਹੈ॥ ੫੬॥

ਸ੍ਵੈਯਾ- ਸੰਗੁਨ ਤੇ ਵਧਿ ਜਾਨਤਿ ਹੈਂ ਇਵ ਜੇ ਰਸ ਜਾਪ ਮੈਂ ਲੀਨ ਵਿਸ਼ਾਲਾ।
ਪ੍ਰੇਮ ਸੋਂ ਨਾਮ ਵਸਜੇ ਜਬ ਹੀ ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ।
ਯਾਂਹੀ ਤੇ-ਨਾਮ ਅਧੀਨ ਸਰੂਪ-ਲਖਜੋ ਭਗਤੰਨ ਭਲੀ ਮਤਿ ਸ਼ਾਲਾ।
ਧਾਰਿ ਰਿਦੇ ਤਜਿਬੋ ਨ ਕਰੈਂ ਨਿਸਬਾਸੁਰ ਜੀਹ ਮੈਂ ਜਜੋਂ ਗਲ ਮਾਲਾ॥੫੭॥

ਜਿਹੜੇ ਪ੍ਰਾਣੀ ਜਾਂ ਮਹਾਂਪੁਰਖ ਨਾਮ ਦੇ ਰਸ ਵਿਚ ਵਿਲੀਨ ਰਹਿੰਦੇ ਹਨ, ਉਹ ਨਾਮ ਨੂੰ ਸਰਗੁਣ ਨਾਲੋਂ ਇਸ ਕਰਕੇ ਵੱਡਾ ਕਹਿੰਦੇ ਹਨ, ਕਿਉਂਕਿ ਜਦੋਂ ਹੀ ਨਾਮ ਪ੍ਰੇਮ ਨਾਲ ਹਿਰਦੇ ਵਿਚ ਵੱਸ ਜਾਂਦਾ ਹੈ ਤਾਂ ਕਿਰਪਾਲ ਸਰੂਪ ਪਰਮਾਤਮਾ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਇਸ ਕਾਰਨ ਕਰਕੇ ਹੀ ਸ੍ਰੇਸ਼ਟ ਬੁੱਧੀ ਵਾਲੇ ਭਗਤਾਂ ਨੇ ਸਰੂਪ ਨੂੰ ਨਾਮ ਦੇ ਅਧੀਨ ਦੱਸਿਆ ਹੈ। ਇਸ ਕਰਕੇ ਉਹ ਨਾਮ ਨੂੰ ਹਿਰਦੇ ਵਿਚ ਧਾਰਨ ਕਰਕੇ ਫੇਰ ਛੱਡਦੇ ਨਹੀਂ ਅਤੇ ਦਿਨ ਰਾਤ ਜੀਭ ਤੇ ਨਾਮ ਦਾ ਇੰਞ ਸਿਮਰਨ ਕਰਦੇ ਹਨ ਜਿਵੇਂ ਦਿਨ ਰਾਤ ਗਲ ਵਿਚ ਮਾਲਾ ਪਈ ਰਹਿੰਦੀ ਹੈ॥ ੫੭॥

ਚੌਪਈ- ਨਿਜ ਤੇ ਅਧਿਕ ਹੇਤੁ ਸ੍ਰੀ ਰਾਮੂ। ਜਗਹਿ ਲਖਾਯੋ ਲਿਖ ਕਰਿ ਨਾਮੂ।
ਸਰੁਵਰ ਪਰ ਗਿਰਿਵਰ ਧਰਿ ਭਾਰੇ। ਤਰੁਵਰ ਕੇ ਪਾਤਨਿ ਸਮ ਤਾਰੇ॥੫੮॥

ਇਸ ਲਈ ਸ੍ਰੀ ਰਾਮ ਚੰਦਰ ਨੇ ਸੰਸਾਰ ਨੂੰ ਦੱਸਿਆ ਹੈ ਕਿ ਨਾਮ ਮੇਰੇ ਆਪਣੇ ਆਪ ਤੋਂ ਵੱਡਾ ਹੈ। ਇਸ ਕਰਕੇ ਉਨ੍ਹਾਂ ਭਾਰੇ ਪੱਥਰਾਂ ਉੱਤੇ ਪ੍ਰਭੂ ਦਾ ਨਾਮ ਲਿਖ ਕੇ ਸਮੁੰਦਰ ਦੇ ਜਲ ਉੱਤੇ ਰੱਖ ਕੇ ਉਨ੍ਹਾਂ ਨੂੰ ਰੁੱਖਾਂ ਦੇ ਪੱਤਿਆਂ ਵਾਂਗ ਤਾਰ ਦਿੱਤਾ॥ ੫੮॥

ਪੁਨ ਸ੍ਰੀ ਗੁਰ ਅਰਜਨ ਗਤਿਦਾਈ। ਨਿਜ ਤੇ ਮਹਿਮਾ ਅਧਿਕ ਲਖਾਈ।
ਸ੍ਰੀ ਸੁ ਗ੍ਰੰਥ ਮਹਿਂ ਲਿਖਿ ਜਸੁ ਨਾਮੂ। ਤਿਹ ਤੇ ਅਧੋ ਭਏ ਸੁਖ ਧਾਮੂ॥੫੯॥

ਫਿਰ ਮੁਕਤੀ-ਦਾਤਾ ਗੁਰੂ ਅਰਜਨ ਦੇਵ ਜੀ ਨੇ ਨਾਮ ਦੀ ਮਹਿਮਾ ਆਪਣੇ ਆਪ ਤੋਂ ਵੱਧ ਦੱਸੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦਾ ਜਸ ਲਿਖ ਕੇ ਸੁਖਦਾਤੇ ਗੁਰੂ ਜੀ ਆਪ ਗੁਰੂ ਗ੍ਰੰਥ ਸਾਹਿਬ ਤੋਂ ਨੀਵੇਂ ਥਾਂ ਬੈਠਦੇ ਸਨ। (ਕਵੀ ਜੀ ਲਿਖਦੇ ਹਨ ਕਿ ਬੇਸ਼ਕ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਰਜਨ ਦੇਵ ਜੀ ਨੇ ਆਪ ਤਿਆਰ ਕਰਵਾਇਆ ਸੀ ਪਰ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਉਹ ਆਪਣੇ ਆਪ ਤੋਂ ਵੱਧ ਕਰਦੇ ਸਨ)॥ ੫੯॥

ਦੋਹਰਾ- ਆਪ ਅਛਤ ਸਮਰੱਥ ਪ੍ਰਭੁ ਦਈ ਬਡਾਈ ਨਾਮ।
ਅਪਰ ਤਰਕ ਕੋ ਕਰ ਸਕਹਿ? ਸਭਿ ਮਾਨਹਿਂ ਗੁਨਧਾਮ॥ ੬੦॥

ਜਦ ਸਰਬ ਸਮਰੱਥ ਪ੍ਰਭੂ ਨੇ ਹੀ ਆਪਣੀ ਮੌਜੂਦਗੀ ਵਿਚ ਆਪ ਨਾਮ ਨੂੰ ਵਡਿਆਈ ਦਿੱਤੀ ਹੈ ਫਿਰ ਹੋਰ ਕੌਣ ਹੁੱਜਤ ਕਰ ਸਕਦਾ ਹੈ? ਇਸ ਕਰਕੇ ਸਾਰੇ ਗੁਣਵਾਨ ਲੋਕ ਨਾਮ ਨੂੰ ਸਭ ਤੋਂ ਵੱਡਾ ਮੰਨਦੇ ਹਨ। (ਏਥੇ ਸਮਰੱਥ ਪ੍ਰਭੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਗਿਆ ਹੈ, ਕਿਉਂਕਿ ਆਪ ਨੇ ਆਪਣੇ ਹੁੰਦਿਆਂ ਨਾਮ ਦੇ ਖਜ਼ਾਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਹੈ)॥ ੬੦॥

'ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ'

ਦੋਹਰਾ- ਨਿਰਗੁਨ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ॥ ੬੧॥

ਪ੍ਰਭੂ ਜੀ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੇ ਜੋ ਨਾਂ ਹਨ, ਉਨ੍ਹਾਂ ਸਾਰਿਆਂ ਨਾਵਾਂ ਵਿਚ ਵਾਹਿਗੁਰੂ ਨਾਮ ਮਾਲਾ ਦੇ

ਮਣਕਿਆਂ ਵਿਚ ਮੇਰੂ ਮਣਕਾ ਜਿਹੜਾ ਸਭ ਤੋਂ ਵੱਡਾ ਹੁੰਦਾ ਹੈ, ਵਾਂਗ ਸਭ ਤੋਂ ਉੱਚਾ ਸਮਝੋ ਅਤੇ ਇਸ ਨਾਂ ਦਾ ਸਿਮਰਨ ਕਰਨ ਵਿਚ ਦੇਰ ਨਹੀਂ ਕਰਨੀ ਚਾਹੀਦੀ॥ ੬੧॥

ਚੌਪਈ- ਨਿਰਗੁਨ ਨਾਮਨ ਤੇ ਵਧਿ ਐਸੇ। ਸੋ ਕਰਿ ਅਰਥ ਬਖਾਨੋਂ ਜੈਸੇ:-
'ਵਾਹਿ ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ॥੬੨॥

ਵਾਹਿਗੁਰੂ ਨਾਮ ਨਿਰਗੁਣ ਅਤੇ ਸਰਗੁਣ ਨਾਵਾਂ ਤੋਂ ਕਿਵੇਂ ਉੱਚਾ ਹੈ, ਇਸ ਬਾਰੇ ਅਰਥ ਕਰਕੇ ਸਮਝਾਉਂਦਾ ਹਾਂ। 'ਵਾਹਿ' ਸ਼ਬਦ ਦੇ ਅਰਥ ਹਨ ਅਚਰਜ ਅਤੇ ਅਚਰਜ ਤੋਂ ਪਰ੍ਹੇ ਹੋਰ ਕੋਈ ਸ਼ਬਦ ਨਹੀਂ॥ ੬੨॥

'ਗੋ' ਤਮ ਨਾਮ ਅਗਜਾਨ ਅਨਿੱਤ। 'ਰੋ' ਪਰਕਾਸ਼ ਕਿਯੋ ਜਿਨ ਚਿੱਤੁ।
ਇਉਂ ਸ੍ਰੀ ਨਾਨਕ ਨਾਮ ਬਨਾਯੋ। ਸੁਨਿ ਸ੍ਰੁਤਿ ਸੰਤਨ ਚਿਤ ਸੁਖ ਪਾਯੋ॥੬੩॥

'ਗੋ' ਨਾਮ ਅਗਿਆਨਤਾ ਦਾ ਹੈ, ਹਨੇਰੇ ਦਾ ਨਾਮ ਜਿਹੜਾ ਅਗਿਆਨ ਦੇ ਰੂਪ ਵਿਚ ਚਿੱਤਾ 'ਤੇ ਛਾਇਆ ਹੋਇਆ ਹੈ ਅਤੇ ਅਨਿੱਤ ਹੈ ਭਾਵ ਕਦੀ ਹੁੰਦਾ ਹੈ ਕਦੀ ਨਹੀਂ ਹੁੰਦਾ ਹੈ। 'ਰੂ' ਨਾਮ ਹੈ ਪ੍ਰਕਾਸ਼ ਸਰੂਪ ਦਾ ਜਿਸ ਨੇ ਅਗਿਆਨੀ ਚਿੱਤ ਨੂੰ ਪ੍ਰਕਾਸ਼ਿਤ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਨਾਮ ਬਣਾਇਆ ਹੈ, ਜਿਸ ਨੂੰ ਕੰਨਾਂ ਨਾਲ ਸੁਣ ਕੇ ਪ੍ਰਾਣੀਆਂ ਦੇ ਚਿੱਤ ਨੇ ਸੁਖ ਪ੍ਰਾਪਤ ਕੀਤਾ ਹੈ। (ਪਹਿਲਾਂ ਵਾਹਿ ਸ਼ਬਦ ਆਉਂਦਾ ਹੈ ਜੋ ਪਰਮੇਸ਼ਵਰ ਦੇ ਸਰੂਪ ਨੂੰ ਅਗੰਮ ਅਗਾਧ ਦੱਸਦਾ ਹੈ। ਭਾਵ ਪਰਮੇਸ਼ਵਰ ਦੇ ਅਗੰਮ ਸਰੂਪ ਨੂੰ ਵੇਖ ਕੇ ਅਸੀਂ ਵਾਹਿ ਵਾਹਿ ਕਰ ਉਠਦੇ ਹਾਂ। ਗੁਰੂ ਦਾ ਅਰਥ ਹੈ ਪ੍ਰਕਾਸ਼ ਦਾਤਾ, ਪ੍ਰਕਾਸ਼ ਸਰੂਪ। ਇਸ ਤਰ੍ਹਾਂ ਵਾਹਿਗੁਰੂ ਦਾ ਅਰਥ ਹੋਇਆ ਸ਼ਲਾਘਾਯੋਗ ਪ੍ਰਕਾਸ਼ ਦਾਤਾ।)॥ ੬੩॥

ਦੋਹਰਾ- ਪੁਨ ਸਰਗੁਨ ਕੇ ਨਾਮ ਤੇ ਅਧਿਕ ਜਾਨ ਮਨ ਮਾਂਹਿ।
ਜਿਹ ਸਿਮਰਤਿ ਕਲਿਕਾਲ ਕੇ ਕਲਮਲ ਅਖਿਲ ਨਸਾਹਿਂ॥ ੬੪॥

ਫਿਰ ਸਰਗੁਣ ਦੇ ਨਾਵਾਂ ਤੋਂ ਵੀ ਇਸ ਨਾਮ ਨੂੰ ਮਨ ਵਿਚ ਸ੍ਰੇਸ਼ਟ ਜਾਣੋ। ਇਸ ਦੇ ਸਿਮਰਨ ਨਾਲ ਕਲਜੁਗ ਸਮੇਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੬੪॥

ਚੌਪਈ- ਵੱਵਾ ਵਾਸੁਦੇਵ ਤੇ ਲੀਨੋ। ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ। ਰਾਰਾ ਰਾਮਚੰਦ ਮਨ ਮਾਨੋ॥ ੬੫॥

ਵਾਸਦੇਵ ਤੋਂ ਵੱਵਾ ਅਖਰ ਲਿਆ, ਹਰੀ ਵਿਸ਼ਨੂ ਤੋਂ ਹਾਹਾ ਚੁਣਿਆ, ਗੋਬਿੰਦ ਸ਼ਬਦ ਤੋਂ ਗੱਗਾ ਲਿਆ ਸਮਝੋ ਅਤੇ ਰਾਮ ਚੰਦਰ ਤੋਂ ਰਾਰਾ ਅੱਖਰ ਲਿਆ ਮੰਨੋ। (ਇਹ 'ਵਾਹਿ' ਸ਼ਬਦ ਦੱਸਦਾ ਹੈ ਕਿ ਇਹ ਉਸ ਮੂਲ ਦਾ ਨਾਮ ਹੈ ਜਿਸ ਤੋਂ ਸਭ ਕੁਝ ਪ੍ਰਗਟ ਹੁੰਦਾ ਹੈ ਅਤੇ ਜਿਹੜਾ ਸਾਰੇ ਜਗਤ ਨੂੰ ਵੇਖਦਾ ਹੈ, ਪਰ ਆਪ ਕਿਸੇ ਨੂੰ ਵਿਖਾਈ ਨਹੀਂ ਦਿੰਦਾ)॥ ੬੫॥

ਚਤੁਰ ਬਰਨ ਕੋ ਏਕ ਬਨਾਯਾ। ਫਲਦਾਇਕ ਇਹ ਅਧਿਕ ਸੁਹਾਯਾ।
ਚਤੁਰ ਨਾਮ ਸਿਮਰਨ ਕਿਯ ਏਕੂ। ਉਰਧਾਰੇ ਜਿਸ ਹੋਤਿ ਬਿਬੇਕੂ॥ ੬੬॥

ਚਾਰ ਅੱਖਰਾਂ ਨੂੰ ਇਕ ਕਰਕੇ (ਵ, ਹ, ਗ, ਰ) ਵਾਹਿਗੁਰੂ ਨਾਮ ਬਣਾਇਆ ਹੈ। ਇਹ ਬੜਾ ਲਾਭਦਾਇਕ ਅਤੇ ਫਲਦਾਇਕ ਹੋਣ ਕਰਕੇ ਬੜਾ ਸੁਹਾਇਆ ਹੈ। ਇਸ ਇਕ ਨਾਮ ਦੇ ਸਿਮਰਨ ਨਾਲ ਚਾਰ ਨਾਮਾਂ ਦਾ ਸਿਮਰਨ ਹੁੰਦਾ ਹੈ, ਜਿਸ ਨੂੰ ਮਨ ਵਿਚ ਧਾਰਨ ਕਰਨ ਨਾਲ ਵਿਵੇਕ ਪ੍ਰਗਟ ਹੁੰਦਾ ਹੈ॥ ੬੬॥

ਸੋਰਠਾ- ਸ੍ਰੀ ਸਰਗੁਨ ਜੇ ਨਾਮ, ਤਿਨ ਤੇ ਇਉਂ ਜਾਨਜੋ ਅਧਿਕ।
ਔਰ ਅਰਥ ਮਤਿਧਾਮ, ਕਰਿਹੈਂ ਸੁਖਦ ਅਨੰਤ ਗਤਿ॥ ੬੭॥

ਇਸ ਤਰ੍ਹਾਂ ਮੈਂ ਪਰਮੇਸ਼ਵਰ ਦੇ ਸਾਰੇ ਸਰਗੁਣ ਨਾਵਾਂ ਨਾਲੋਂ ਵਾਹਿਗੁਰੂ ਨਾਮ ਨੂੰ ਜ਼ਿਆਦਾ ਵੱਧ ਢੁੱਕਵਾਂ ਸਮਝਿਆ ਹੈ। ਬੁੱਧੀਮਾਨ ਲੋਕ ਇਸ ਦੇ ਹੋਰ ਵੀ ਕਈ ਤਰ੍ਹਾਂ ਸੁਖਦਾਈ ਅਰਥ ਕਰਦੇ ਹਨ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ, ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈਂ ਖੋਈ॥ ੬੭॥

ਦੋਹਰਾ- ਬੀਜਮੰਤ੍ਰ ਬਰ ਨਾਮ ਹੈ ਰਿੱਧਿਨਿ ਸਿੱਧਿਨਿ ਧਾਮ।
ਮੋਖ ਪਰਮ ਸੁਖ ਦੇਤਿ ਹੈ ਸਿਮਰਹੁ ਆਠਹੁ ਜਾਮ॥ ੬੮॥

ਵਾਹਿਗੁਰੂ ਦਾ ਨਾਮ ਸਾਰੇ ਬੀਜਮੰਤ੍ਰਾਂ ਵਿਚੋਂ ਸ੍ਰੇਸ਼ਟ ਬੀਜਮੰਤ੍ਰ ਹੈ। ਕਿਉਂਕਿ ਜਿਥੇ ਇਹ ਸਾਰੀਆਂ ਰਿੱਧੀਆਂ ਸਿੱਧੀਆਂ ਦਾ ਦਾਤਾ ਹੈ, ਉਥੇ ਮੁਕਤੀ ਦਾਤਾ ਵੀ ਹੈ ਅਤੇ ਪਰਮ ਸੁੱਖ ਵੀ ਬਖਸ਼ਦਾ ਹੈ। ਇਸ ਕਰਕੇ ਇਸ ਬੀਜਮੰਤ੍ਰ ਦਾ ਅੱਠੇ ਪਹਿਰ ਸਿਮਰਨ ਕਰਨਾ ਚਾਹੀਦਾ ਹੈ॥ ੬੮॥

ਚੌਪਈ- ਅੱਖਰ ਮਧੁਰ ਮਨੋਹਰ ਚਾਰ। ਚਾਰ ਬੇਦ ਕੇ ਜਾਨਹੁ ਸਾਰ।
ਚਾਰ ਬਰਨ ਕੋ ਹਰਨ ਬਿਕਾਰ। ਚਾਰ ਜੁ ਆਸ੍ਰਮ ਸੁਖਦ ਅਚਾਰ॥ ੬੯॥

ਵਾਹਿਗੁਰੂ ਨਾਮ ਦੇ ਚਾਰ ਅੱਖਰ (ਵ, ਹ, ਗ, ਰ) ਬੜੇ ਮਿੱਠੇ ਤੇ ਮਨੋਹਰ ਹਨ, ਪਰਮੇਸ਼ਵਰ ਦੇ ਪਾਉਣ ਲਈ ਇਹ ਅਖੰਡ ਯੁਕਤੀ ਹੈ। ਚਾਰ ਵਰਨਾਂ ਦੇ ਪਾਪ ਦੂਰ ਕਰਨ ਦੇ ਇਹ ਸਮਰੱਥ ਹਨ। ਚਾਰਾਂ ਆਸ਼੍ਰਮਾਂ ਲਈ ਇਸ ਦਾ ਧਾਰਨ ਕਰਨਾ, ਸੁੱਖ ਦੇਣ ਵਾਲਾ ਹੈ॥ ੬੯॥

ਚਾਰ ਮੁਕਤਿ ਕੇ ਇਹੁ ਦਰ ਚਾਰ। ਕਿਧੌਂ ਵਿਸ਼ਨੁ ਕੀ ਹੈਂ ਭੁਜ ਚਾਰ।
ਚਾਰੁਪਦੇਸ਼ ਚੱਕ ਜੇ ਚਾਰ। ਚਾਰ ਅਵਸਥਾ ਮਹਿਂ ਸੁਖਕਾਰ॥ ੭੦॥

ਚਾਰ ਮੁਕਤੀਆਂ (ਸਾਲੋਕ, ਸਾਰੂਪ, ਸਾਮੀਪ ਅਤੇ ਸਾਯੁਜ) ਦੇ ਇਹ ਚਾਰ ਦਰਵਾਜ਼ੇ ਹਨ, ਜਾਂ ਮਾਨੋ ਵਿਸ਼ਨੂੰ ਦੀਆਂ ਚਾਰ ਬਾਹਾਂ ਹਨ ਜਾਂ ਚਾਰ ਚੱਕਾਂ ਨੂੰ ਸੁੰਦਰ ਉਪਦੇਸ਼ ਹਨ ਅਤੇ ਮਨੁੱਖ ਦੀਆਂ ਚਾਰ ਅਵਸਥਾਵਾਂ ਲਈ ਸੁਖਦਾਇਕ ਹਨ॥ ੭੦॥

ਦੋਹਰਾ- ਨ੍ਰਿਪ ਬਿਬੇਕ ਕੀ ਸੈਨ ਮਹਿਂ ਸੈਨਾਪਤਿ ਏ ਚਾਰ।
ਮੋਹ ਕਟਕ ਕੋ ਜੀਤਿ ਕੈ ਛਿਨ ਮਹਿਂ ਲੇਵਤਿ ਮਾਰ॥ ੭੧॥

ਵਿਵੇਕ ਰੂਪੀ ਰਾਜੇ ਦੀ ਸੈਨਾ ਵਿਚ ਇਹ ਚਾਰ ਅੱਖਰ ਮਾਨੋ ਸੈਨਾਪਤੀ ਹਨ, ਮੋਹ ਰੂਪੀ ਫੌਜ ਨੂੰ ਜਿੱਤ ਕੇ ਇਹ ਝੱਟ ਮਾਰ ਲੈਂਦੇ ਹਨ। ਇਕ ਪਾਸੇ ਮੋਹ ਦੀ ਰਾਕਸ਼ੀ ਸੈਨਾ ਹੈ ਅਤੇ ਦੂਸਰੇ ਪਾਸੇ ਵਿਵੇਕ ਦੇ ਦੈਵੀ ਗੁਣਾਂ ਦੀ ਸੈਨਾ ਹੈ। ਉਸ ਸੈਨਾ ਉਤੇ ਵਾਹਿਗੁਰੂ ਨਾਮ ਦੇ ਚਾਰ ਅੱਖਰ ਮਾਨੋ ਚਾਰ ਸੈਨਾਪਤੀ ਹਨ, ਜੋ ਮੋਹ ਦੀ ਸੈਨਾ ਨੂੰ ਤੁਰੰਤ ਮਾਰ ਲੈਂਦੇ ਹਨ॥ ੭੧॥

ਚੌਪਈ- ਪ੍ਰੇਮ ਭਗਤਿ ਕੇ ਭੂਖਨ ਚਾਰੁ। ਲਖਨ ਗਜਾਨ ਕੋ ਲੋਚਨ ਚਾਰ।
ਚਾਰ ਪਦਾਰਥ ਕੇ ਦਾਤਾਰ। ਚਾਰ ਜੁ ਯਗ ਤਿਨ ਮਹਿਂ ਗਤਿ ਕਾਰਿ॥੭੨॥

ਇਹ ਚਾਰ ਅੱਖਰ ਪ੍ਰੇਮ ਭਗਤੀ ਦੇ ਮਾਨੋ ਚਾਰ ਗਹਿਣੇ ਹਨ ਜਾਂ ਗਿਆਨ ਨੂੰ ਵੇਖਣ ਵਾਲੀਆਂ ਚਾਰ ਅੱਖਾਂ ਹਨ ਜਾਂ ਫਿਰ ਚਾਰ ਪਦਾਰਥਾਂ ਦੇ ਦੇਣ ਵਾਲੇ ਹਨ ਜਾਂ ਜੋ ਚਾਰ ਜੁੱਗ ਹਨ ਉਨ੍ਹਾਂ ਵਿਚ ਮੁਕਤੀਦਾਤੇ ਹਨ॥ ੭੨॥

ਚੌਪਈ- ਭਗਤਨ ਕੰਠਾਭਰਨ ਸੁ ਚਾਰੁ। ਜਿਹ ਛਬਿ ਦੋਨੋ ਲੋਕ ਉਜਾਰ।
ਚਾਰੁ ਬਰਨ ਕੋ ਧਰਮ ਅਧਾਰੁ। ਚਾਰ ਬਰਨ ਉਰ ਕਬਿ ਨ ਬਿਸਾਰਿ॥੭੩॥

ਇਹ ਵਾਹਿਗੁਰੂ ਨਾਮ ਦੇ ਚਾਰ ਅੱਖਰ ਭਗਤਾਂ ਦੇ ਗਲ ਦਾ ਸੁੰਦਰ ਅਤੇ ਸਥਾਈ ਗਹਿਣਾ ਹਨ, ਕਿਉਂਕਿ ਇਹ ਦਿਨ ਰਾਤ ਉਨ੍ਹਾਂ ਦੇ ਗਲ ਵਿਚ ਪਏ ਰਹਿੰਦੇ ਹਨ। ਇਨ੍ਹਾਂ ਦੀ ਸੁੰਦਰਤਾ ਦੋਹਾਂ ਜਹਾਨਾਂ ਨੂੰ ਰੋਸ਼ਨ ਕਰ ਰਹੀ ਹੈ। ਚਾਰ ਵਰਣਾਂ ਦੇ ਧਰਮ ਦਾ ਇਹ ਆਧਾਰ ਹਨ, ਇਸ ਕਰਕੇ ਹੇ ਮਨ! ਇਨ੍ਹਾਂ ਚਾਰ ਅੱਖਰਾਂ ਨੂੰ ਕਦੀ ਵੀ ਆਪਣੇ ਤੋਂ ਦੂਰ ਨਾ ਕਰੋ॥ ੭੩॥

ਜੀਵ ਪਰਾਤਮ ਮੇਲਕੇ ਕਿਧੌਂ ਦੁਭਾਸ਼ੀ ਚਾਰੁ।
ਗਾਹਿਕ ਜੇ ਅਪਵਰਗ ਕੇ ਭਲੇ ਦਲਾਲ ਬਿਚਾਰਿ॥ ੭੪॥

ਇਹ ਚਾਰ ਅੱਖਰ ਮਾਨੋ ਪ੍ਰਾਣੀ ਅਤੇ ਪਰਮਾਤਮਾ ਦੇ ਮੇਲ ਦੇ ਦੁਭਾਸ਼ੀਏ ਜਾਂ ਵਿਚੋਲੇ ਹਨ। ਜੋ ਲੋਕ ਮੁਕਤੀ ਖਰੀਦ ਰਹੇ ਹਨ, ਇਹ ਚਾਰ ਅੱਖਰ ਮਾਨੋ ਉਨ੍ਹਾਂ ਦਾ ਸੌਦਾ ਕਰਵਾਉਣ ਵਿਚ ਦਲਾਲ ਹਨ॥ ੭੪॥

ਭਵ ਬੰਧਨੁ ਕੇ ਆਮ ਕੋ ਆਖਧ ਭੇਖਜੁ ਚਾਰੁ।
ਭ੍ਰਮ ਤਮ ਕੋ ਸਮ ਭਾਨੁ ਕੇ ਦੇਤਿ ਸਪਦ ਉਰ ਟਾਰਿ॥ ੭੫॥

ਪ੍ਰਾਣੀ ਦੇ ਸੰਸਾਰ ਦੇ ਬੰਧਨਾਂ ਦੀ ਬੀਮਾਰੀ ਹਉਮੈਂ ਲਈ ਇਹ ਚਾਰ ਅੱਖਰ ਕਾਰਗਰ ਸੁੰਦਰ ਚਾਰ ਪ੍ਰਕਾਰ ਦੀ ਦਵਾਈ ਹੈ। ਭਰਮ ਰੂਪੀ ਹਨੇਰ ਨੂੰ ਇਹ ਚਾਰ ਅੱਖਰ ਸੂਰਜ ਵਾਂਗ ਝੱਟ ਹਿਰਦੇ ਵਿਚੋਂ ਦੂਰ ਕਰ ਦਿੰਦੇ ਹਨ॥ ੭੫॥

ਚੌਪਈ- ਜੇ ਭਵ ਸਾਵਜ ਕਰਹਿਂ ਅਤੰਕਾ। ਨਾਮੁ ਕੇਹਰੀ ਤਕਹਿਂ ਸੁ ਅੰਕਾ।
ਜੇ ਨਰ ਗ੍ਰਸੇ ਕਲੂਖ ਅਹੇਸ਼ਾ। ਜਾਹਿਂ ਸ਼ਰਨ ਸੋ ਨਾਮ ਖਗੇਸ਼ਾ॥ ੭੬॥

ਜੋ ਸੰਸਾਰ ਰੂਪੀ ਹਾਥੀ ਤੋਂ ਡਰਦੇ ਹਨ, ਉਨ੍ਹਾਂ ਨੂੰ ਨਾਮ ਰੂਪ ਸ਼ੇਰ ਦੀ ਸ਼ਰਨ ਲੈਣੀ ਚਾਹੀਦੀ ਹੈ। ਜੋ ਪੁਰਖ ਪਾਪ ਰੂਪੀ ਨਾਗ ਪਾਸੋਂ ਡੱਸੇ ਗਏ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਨਾਮ ਰੂਪ ਗਰੁੜ ਦੀ ਸ਼ਰਨ ਵਿਚ ਆ ਜਾਣ॥ ੭੬॥

ਭਵ ਸਾਗਰ ਮਹਿਂ ਖਾਤਿ ਜਿ ਗੋਤੂ। ਗਹੈਂ ਕਿਉਂ ਨ ਸ੍ਰੀ ਨਾਮ ਜਿ ਪੋਤੂ।
ਸਿਮਰਨ ਮਹਿਂ ਕਿਛੁ ਖਰਚ ਨ ਖੇਦਾ। ਹੈ ਸੁਖੇਨ ਸੁਖਦਾਨ ਅਛੇਦਾ॥੭੭॥

ਜੋ ਲੋਕ ਸੰਸਾਰ ਰੂਪੀ ਸਮੁੰਦਰ ਵਿਚ ਗੋਤੇ ਖਾ ਰਹੇ ਹਨ, ਉਹ ਲੋਕ ਨਾਮ ਰੂਪ ਜਹਾਜ਼ ਦਾ ਆਸਰਾ ਕਿਉਂ ਨਹੀਂ ਲੈਂਦੇ। ਨਾਮ ਸਿਮਰਨ ਵਿਚ ਨਾ ਕੋਈ ਮੁੱਲ ਲਗਦਾ ਹੈ ਨਾ ਹੀ ਕੋਈ ਖੇਚਲ ਹੈ। ਨਾਮ ਜਪਣਾ ਸੌਖਾ ਕੰਮ ਹੈ ਅਤੇ ਅਟੱਲ ਸੁੱਖਾਂ ਦਾ ਦਾਤਾ ਹੈ॥ ੭੭॥

ਦੋਹਰਾ- ਸੁੰਦਰ ਸਤਿਗੁਰੁ ਕੀ ਕਥਾ ਗੁਨ ਮੰਦਿਰ ਸੁਖਕੰਦ।
ਬਰਨਨ ਤਿਸਕੇ ਅਬ ਕਰੌਂ ਹੋਵਹਿਂ ਬਿਘਨ ਨਿਕੰਦ॥ ੭੮॥

ਹੁਣ ਮੈਂ ਸੁੰਦਰ ਸਤਿਗੁਰੂ ਗੁਰੂ ਨਾਨਕ ਦੇਵ ਜੀ ਜਿਹੜੇ ਸਾਰੇ ਸੁੱਖਾਂ ਦੇ ਮੰਦਰ ਹਨ ਅਤੇ ਸਾਰੇ ਸੁੱਖਾਂ ਦਾ ਫਲ ਹਨ, ਦੀ ਕਥਾ ਵਰਣਨ ਕਰਦਾ ਹਾਂ। ਮੇਰੀ ਅਰਦਾਸ ਹੈ ਕਿ ਮੇਰੇ ਇਸ ਕਾਰਜ ਦੇ ਸਫਲ ਹੋਣ ਵਿਚ ਆਉਣ ਵਾਲੇ ਸਾਰੇ ਵਿਘਨਾਂ ਦਾ ਨਾਸ ਹੋਵੇ॥ ੭੮॥

ਸ੍ਰੀ ਨਾਨਕ ਸੁ ਪ੍ਰਕਾਸ਼ ਮੈਂ ਕਹੌਂ ਕਥਾ ਇਹ ਆਦਿ।
ਅੰਗਦ ਬਾਲੇ ਕੋ ਮਿਲਨ ਪੁਨ ਤਿਨ ਕੋ ਸੰਬਾਦ॥ ੭੯॥

ਇਸ ਪੋਥੀ ਗੁਰੂ ਨਾਨਕ ਪ੍ਰਕਾਸ਼ ਵਿਚ ਪਹਿਲੀ ਕਥਾ ਮੈਂ ਗੁਰੂ ਅੰਗਦ ਦੇਵ ਜੀ ਨੂੰ ਬਾਲੇ ਦੇ ਮਿਲਣ ਬਾਰੇ ਕਹਾਂਗਾ। ਫਿਰ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਉਤੇ ਹੋਈ ਗੱਲਬਾਤ ਦਾ ਵਰਣਨ ਕਰਾਂਗਾ॥ ੭੯॥

ਚੌਪਈ- ਪੁਨ ਸ੍ਰੀ ਨਾਨਕ ਜਨਮੁ ਸੁਹਾਵਾ। ਸ਼ਿਸ਼ਲੀਲਾ ਬਹੁ ਨਰਨ ਦਿਖਾਵਾ।
ਕਹੌ ਕਥਾ ਕਿਯ ਮੋਦੀ ਖਾਨਾ। ਤਿਹ ਤਜਿ ਦੇਸ਼ ਬਿਲੋਕੇ ਨਾਨਾ॥੮੦॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਹਣੇ ਅਵਤਾਰ ਧਾਰਨ, ਅਤੇ ਬਾਲ ਲੀਲ੍ਹਾ ਜਿਹੜੀ ਉਨ੍ਹਾਂ ਬਹੁਤ ਲੋਕਾਂ ਨੂੰ ਵਿਖਾਈ, ਦਾ ਵਰਣਨ ਕਰਾਂਗਾ। ਫਿਰ ਮੋਦੀਖਾਨੇ ਦੀ ਕਥਾ ਕਹਾਂਗਾ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਸੁਲਤਾਨਪੁਰ ਛੱਡ ਕੇ ਦੂਸਰੇ ਦੇਸ਼ਾਂ ਨੂੰ ਵੇਖਣ ਜਾਣ ਦੀ ਕਥਾ ਕਹਾਂਗਾ॥ ੮੦॥

ਜਹਿਂ ਤਹਿਂ ਸਿੱਖੀ ਰੀਤਿ ਚਲਾਈ। ਪੁਰਿ ਕਰਤਾਰ ਬਸੇ ਪੁਨ ਆਈ।
ਸਿੱਖੀ ਪਰਖੀ ਸਿੱਖਨ ਕੀ ਜਬ। ਸ੍ਰੀ ਅੰਗਦ ਕੋ ਤਖਤ ਦਿਯੋ ਤਬ॥੮੧॥

ਫਿਰ ਜਿਥੇ ਜਿਥੇ ਉਨ੍ਹਾਂ ਸਿੱਖੀ ਦਾ ਪ੍ਰਚਾਰ ਕਰਕੇ ਸਿੱਖੀ ਰੀਤ ਚਲਾਈ ਅਤੇ ਕਿਵੇਂ ਅਖੀਰ ਵਿਚ ਕਰਤਾਰਪੁਰ ਆ ਕੇ ਵਾਸਾ ਕੀਤਾ ਅਤੇ ਫਿਰ ਕਿਵੇਂ ਸਿੱਖਾਂ ਦੀ ਸਿੱਖੀ ਦੀ ਪਰਖ ਕੀਤੀ ਅਤੇ ਫਿਰ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਬਖਸ਼ੀ ਆਦਿ ਦਾ ਵਰਣਨ ਕਰਾਂਗਾ॥ ੮੧॥

ਅਸ ਗੁਰ ਕੀਰਤਿ ਕਰਿਹੋਂ ਗ੍ਰੰਥੁ। ਸੁਨਿ ਸੁਖ ਪਾਵਹਿ ਗੁਰ ਕੋ ਪੰਥੁ।
ਗੁਰ ਕੀਰਤਿ ਸਰਿਤਾ ਜਿਵ ਬਰਨੀ। ਮੰਗਲ ਕਰਨਿ ਅਮੰਗਲ ਹਰਨੀ॥੮੨॥

ਗੁਰੂ ਕੀਰਤੀ ਅਤੇ ਗੁਰੂ ਜੱਸ ਦਾ ਐਸਾ ਗ੍ਰੰਥ ਰਚਾਂਗਾ, ਜਿਸ ਨੂੰ ਪੜ੍ਹ ਕੇ, ਸੁਣ ਕੇ ਗੁਰੂ ਜੀ ਦੇ ਪੰਥ ਤੇ ਚੱਲਣ ਵਾਲੇ ਸੁਖ ਪਾਉਣਗੇ। ਗੁਰੂ ਜੀ ਦੀ ਕੀਰਤੀ ਜੋ ਮੈਂ ਵਰਣਨ ਕਰਾਂਗਾ ਉਹ ਇਕ ਨਦੀ ਵਾਂਗ ਹੋਵੇਗੀ, ਜੋ ਖੁਸ਼ੀਆਂ ਖੇੜੇ ਦੇਣ ਵਾਲੀ ਹੈ ਅਤੇ ਵਿਘਨ ਵਿਕਾਰਾਂ ਨੂੰ ਦੂਰ ਕਰਨ ਵਾਲੀ ਹੈ॥ ੮੨॥

ਦੋਹਰਾ- ਭਵ ਬੰਧਨੁ ਬ੍ਰਿਖ ਕੇ ਸਹਿਤ ਭਰਮ ਬਿਮੁਖਤਾ ਕੂਲ।
ਕਹਨਿ ਸੁਨਨਿ ਪਰਵਾਹਿ ਤਿਹ ਢਾਹਿ ਉਖਾਰਹਿ ਮੂਲ॥ ੮੩॥

ਇਸ ਨਦੀ ਦੇ ਭਰਮ ਅਤੇ ਬੇਮੁਖਤਾ ਨਾਮੀਂ ਦੋ ਕਿਨਾਰੇ ਹਨ, ਜਿਸ ਦੇ ਕਿਨਾਰੇ ਸੰਸਾਰ ਦੇ ਬੰਧਨਾਂ ਰੂਪੀ ਰੁੱਖ ਉੱਗ ਰਿਹਾ ਹੈ। ਇਸ ਸੁੱਕੀ ਨਦੀ ਵਿਚ ਜੇ ਗੁਰੂ ਕੀਰਤੀ ਦੇ ਕਥਨ ਕਰਨ ਤੇ ਸੁਣਨ ਦਾ ਪ੍ਰਵਾਹ ਚਲ ਪਵੇ ਤਾਂ ਇਨ੍ਹਾਂ ਦੋਹਾਂ ਕੰਢਿਆਂ ਨੂੰ ਢਾਹ ਦੇਵੇਗਾ ਅਤੇ ਉਸ ਬੰਧਨਾਂ ਰੂਪੀ ਰੁੱਖ ਨੂੰ ਵੀ ਪੁੱਟ ਦੇਵੇਗਾ॥ ੮੩॥

ਚੌਪਈ- ਗੁਰ ਸਿੱਖਨ ਮੱਜਨ ਹੈ ਜੋਗੂ। ਗੁਰ ਸਿੱਖੀ ਸੁਖ ਆਨੰਦ ਭੋਗੂ।
ਨਿੰਦਕ ਜੋਨ ਅਸੂਯਾ ਸਹਿਤੂ। ਤਿਨਕੇ ਯੋਗ ਨ ਇਹੁ ਦੁਖ ਦਹਿਤੂ॥੮੪॥

ਇਹ ਗੁਰ ਕੀਰਤੀ ਨਦੀ ਗੁਰਸਿੱਖਾਂ ਦੇ ਇਸ਼ਨਾਨ ਕਰਨ ਦੇ ਯੋਗ ਹੈ। ਇਸ ਵਿਚ ਇਸ਼ਨਾਨ ਕਰਨ ਨਾਲ ਗੁਰਸਿੱਖੀ ਆਨੰਦ ਭੋਗਦੀ ਹੈ। ਪਰ ਨਿੰਦਕਾਂ ਅਤੇ ਈਰਖਾਲੂ ਪੁਰਸ਼ਾਂ ਵਾਸਤੇ, ਇਹ ਦੁੱਖਾਂ ਨੂੰ ਦੂਰ ਕਰਨ ਵਾਲੀ ਨਦੀ ਉਨ੍ਹਾਂ ਦੇ ਇਸ਼ਨਾਨ ਕਰਨ ਦੇ ਯੋਗ ਨਹੀਂ ਹੈ॥ ੮੪॥

ਸ੍ਰੁਤ ਦਰ ਸੋਂ ਚਲਿ ਕੈ ਸੁ ਪ੍ਰਵਾਹੂ। ਉਰ ਸਾਗਰ ਮਹਿ ਇਸਥਿਤ ਆਹੂ।
ਤਬ ਮਤਿ ਸੁਕਤਾ ਤਿਹ ਪਰ ਤਰਿਹੀ। ਪ੍ਰੇਮ ਬੂੰਦ ਕੀ ਲਾਲਸ ਕਰਿਹੀ॥੮੫॥

ਕੰਨਾਂ ਰੂਪ ਦਰਵਾਜ਼ੇ ਵਿਚ ਦੀ ਲੰਘ ਕੇ, ਕੀਰਤੀ ਦਾ ਪ੍ਰਵਾਹ ਹਿਰਦੇ ਰੂਪ ਸਮੁੰਦਰ ਵਿਚ ਜਾ ਟਿਕੇਗਾ। ਤਦ ਬੁੱਧੀ ਰੂਪੀ ਸਿੱਪੀ ਉਸ ਸਮੁੰਦ ਸਾਗਰ ਤੇ ਤਰ ਪਵੇਗੀ ਅਤੇ ਪ੍ਰੇਮ ਬੂੰਦ ਦੀ ਪ੍ਰਾਪਤੀ ਦੀ ਲਾਲਸਾ ਕਰੇਗੀ॥ ੮੫॥

ਦੋਹਰਾ- ਸ੍ਵਾਂਤਿ ਬੂੰਦ ਜਬ ਪ੍ਰੇਮ ਕੀ ਪਰਸੀ ਤਿਂਹ ਕੋ ਆਇ।
ਹੁਇ ਅਡੋਲ ਤਬ ਬੈਸਹੀ ਨਹਿਂ ਇਤ ਉਤ ਕੋ ਧਾਇ॥ ੮੬॥

ਜਦ ਪ੍ਰੇਮ ਦੀ ਸ੍ਵਾਂਤੀ ਬੂੰਦ ਉਸ ਨੂੰ ਆ ਕੇ ਮਿਲ ਜਾਵੇਗੀ ਤਦ ਉਹ ਝਟ-ਪਟ ਅਡੋਲ ਹੋ ਕੇ ਬੈਠ ਜਾਵੇਗਾ। ਫਿਰ ਉਸ ਦੀ ਇਧਰ-ਉਧਰ ਦੀ ਭਟਕਣ ਮੁੱਕ ਜਾਵੇਗੀ॥ ੮੬॥

ਚੌਪਈ- ਸਾਕਤ ਖਰ ਨਹਿਂ ਮੱਜਨ ਕਰਿਹੀਂ। ਬਿਸ਼ੈ ਠੌਰ ਦੁਰਗੰਧਹਿ ਫਿਰਹੀਂ।
ਜਿਉਂ ਕਿਉਂ ਤਿਹ ਬਨੁ ਜਾਇ ਸੰਜੋਗੂ। ਹੋਤਿ ਗੁੜਾਕਾ ਤਿਨ ਤਨੁ ਰੋਗੂ॥੮੭॥

ਪਰ ਈਸ਼ਵਰ ਤੋਂ ਵਿਮੁੱਖ ਹੋਏ ਪੁਰਸ਼ ਖੋਤੇ ਸਮਾਨ ਹਨ, ਜਿਹੜੇ ਗੁਰਕੀਰਤੀ ਰੂਪੀ ਨਦੀ ਵਿਚ ਇਸ਼ਨਾਨ ਨਹੀ ਕਰਦੇ ਅਤੇ ਖੋਤੇ ਵਾਂਗ ਦੁਰਗੰਧੀ ਵਾਲੀਆਂ ਥਾਵਾਂ, ਭਾਵ ਵਿਸ਼ੇ ਵਿਕਾਰਾਂ ਵਾਲੀਆਂ ਥਾਵਾਂ ਤੇ ਫਿਰਦੇ ਹਨ। ਜੇ ਸੰਜੋਗ ਨਾਲ ਉਨ੍ਹਾਂ ਨੂੰ ਸਤਿਸੰਗ ਸੁਣਨ ਦਾ ਮੌਕਾ ਮਿਲ ਜਾਂਦਾ ਹੈ ਤਾਂ ਓਥੇ ਜਾ ਕੇ ਵੀ ਉਹ ਸੌਂ ਜਾਂਦੇ ਹਨ ਅਤੇ ਗੁਰੂ ਜੱਸ ਸੁਣਨ ਤੋਂ ਰਹਿ ਜਾਂਦੇ ਹਨ॥ ੮੭॥

ਸੋਰਠਾ- ਸਰਿਤਾ ਤਟ ਸਤਿਸੰਗ ਪਾਇ ਨ ਸ੍ਰਵਨ ਸ਼ਨਾਨ ਭਾ।
ਗੁਰ ਜਸੁ ਗੂਢਉ ਰੰਗ ਰੰਗਜੋ ਨ ਮਨ ਦਹਦਿਸਿ ਫਿਰਜੋ॥ ੮੮॥

ਗੁਰ ਜੱਸ ਰੂਪੀ ਨਦੀ ਦੇ ਕੰਢੇ ਭਾਵ ਘਾਟ ਤੇ ਪਹੁੰਚ ਕੇ ਵੀ ਜੇ ਗੁਰੂ ਦਾ ਜੱਸ ਸੁਣ ਲੈਣ ਦਾ ਸੁਭਾਵ ਪ੍ਰਾਪਤ ਨਾ ਹੋਇਆ ਅਤੇ ਮਨ ਗੁਰੂ ਜੱਸ ਦੇ ਗੂੜ੍ਹੇ ਪ੍ਰੇਮ ਨਾਲ ਰੰਗਿਆ ਨਾ ਗਿਆ, ਵਿਪਰੀਤ ਮਨ ਹੋਰ ਵਿਸ਼ੇ ਵਿਕਾਰਾਂ ਵਿਚ ਚਾਰ-ਚੁਫੇਰੇ ਭਟਕਦਾ ਰਿਹਾ ਤਾਂ ਅਜਿਹੇ ਮਨੁੱਖ ਨੂੰ ਧਿਰਕਾਰ ਹੈ॥ ੯੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧੇ, 'ਮੰਗਲ ਚਰਨ ਨਾਮ ਮਹਿਮਾ ਬਰਨਨ' ਨਾਮ ਪ੍ਰਥਮੋ ਧਯਾਇ॥ ੧॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪਹਿਲਾ ਅਧਿਆਇ ਜਿਸ ਦਾ ਨਾਮ 'ਮੰਗਲਾ ਚਰਨ, ਨਾਮ ਮਹਿਮਾ ਵਰਣਨ' ਹੈ, ਸਮਾਪਤ ਹੋਇਆ॥ ੧॥

# ਅਧਿਆਇ ਦੂਜਾ

*ਮੰਗਲ, ਪੱਤ੍ਰੀ ਲਿਆਉਣੀ, ਬਾਲੇ ਦਾ ਗੁਰੂ ਅੰਗਦ ਦੇਵ ਜੀ ਨੂੰ ਮਿਲਣਾ।*

ਸ੍ਵੈਯਾ- ਬਲਵੰਡ ਬਡੇ ਭੁਜਦੰਡ ਪ੍ਰਚੰਡ ਅਖੰਡ ਅਦੰਡ ਕਰੇ ਖਲ ਖੰਡਾ।
ਰਨਮੰਡ ਉਮੰਡ ਘਮੰਡਿਤ ਚੰਡਿ ਅਖੰਡਲ ਕੇ ਅਰਿ ਕੀਨ ਬਿਹੰਡਾ।
ਕਰ ਹੇਰਿ ਕੁਵੰਡਹ ਤੁੰਡਹ ਪੰਡੁ ਭਗੇ ਜਸ ਮੰਡਨ ਭਾ ਬ੍ਰਹਮੰਡਾ।
ਸਿਧਿਦਾ ਨਿਧਿਦਾ ਰਿਧਿਦਾ ਬੁਧਿਦਾ ਜੁਧ ਮੱਧ ਸਹਾਇ ਸਦਾ ਭਵਮੰਡਾ ॥੧ ॥

ਜਿਸ ਮਹਾਨ ਸ਼ਕਤੀ ਨੇ ਵੱਡੇ ਬਲਵਾਨ ਤੇ ਤੇਜਵਾਨ ਲੱਕੜੀ ਵਰਗੀਆਂ ਬਾਹਾਂ ਵਾਲੇ, ਨਾ ਖੰਡੇ ਜਾਣ ਵਾਲੇ ਤੇ ਨਾ ਸੋਧੇ ਜਾਣ ਵਾਲੇ ਮੂਰਖਾਂ ਦਾ ਨਾਸ਼ ਕਰ ਦਿੱਤਾ। ਉਸ ਸ਼ਕਤੀ ਨੇ ਰਣ-ਤੱਤੇ ਵਿਚ ਜੋਸ਼ ਵਿਚ ਆ ਕੇ ਵੰਗਾਰ ਕੇ ਇੰਦਰ ਦੇ ਵੈਰੀਆਂ ਨੂੰ ਜਿੱਤ ਲਿਆ। ਉਸ ਮਹਾਨ ਸ਼ਕਤੀ ਦੇ ਹੱਥਾਂ ਵਿਚ ਧਨੁੱਖ ਵੇਖ ਕੇ ਵੈਰੀਆਂ ਦੇ ਮੂੰਹ ਪੀਲੇ ਹੋ ਗਏ ਅਤੇ ਭੈ ਖਾ ਕੇ ਨੱਸ ਗਏ, ਉਸ ਸ਼ਕਤੀ ਦਾ ਬ੍ਰਹਿਮੰਡ ਵਿਚ ਫਿਰ ਬੜਾ ਜੱਸ ਹੋਇਆ। ਉਹ ਸ਼ਾਰਦਾ ਸ਼ਕਤੀ ਹੀ ਸਿੱਧੀ, ਨਿੱਧੀ ਤੇ ਬੁੱਧੀ ਦੀ ਦਾਤਾ ਹੈ। ਉਹ ਯੁੱਧ ਵਿਚ ਸਹਾਇਕ ਅਤੇ ਸੰਸਾਰ ਨੂੰ ਵਿਦਿਆ ਅਤੇ ਸੁੰਦਰਤਾ ਬਖਸ਼ਣ ਵਾਲੀ ਹੈ॥ ੧॥

ਨੋਟ - ਇਹ ਮੰਗਲ ਸ਼ਾਰਦਾ ਦਾ ਹੈ। ਇਹ ਦੂਸਰੇ ਅਧਿਆਇ ਦਾ ਮੰਗਲ ਹੈ। ਪਹਿਲਾ ਮੰਗਲ ਸ਼ਾਰਦਾ ਦਾ ਹੈ, ਦੂਸਰਾ ਮੰਗਲ ਸੰਤਾਂ ਦਾ ਹੈ ਅਤੇ ਤੀਸਰਾ ਮੰਗਲ ਸਤਿਗੁਰੂ ਜੀ ਦਾ ਹੈ। ਉਨ੍ਹਾਂ ਅੱਗੇ ਅਰਦਾਸ ਕਰਦੇ ਹਨ, ਤਾਕਿ ਉਨ੍ਹਾਂ ਵਲੋਂ ਆਰੰਭਿਆ ਕਾਰਜ ਨਿਰਵਿਘਨ ਸਮਾਪਤ ਕਰ ਦੇਣ।

ਦੋਹਰਾ- ਬੰਦੌਂ ਸੰਤ ਸੰਦੋਹਿ ਪਦ ਜਿਨਤੇ ਹੋਤਿ ਉਧਾਰ।
ਜਮ ਤਮ ਸਮ ਤਿਹ ਤਰਨਿ ਸੇ ਭ੍ਰਮ ਘਨ ਬਾਤ ਬਿਚਾਰ॥ ੨॥

ਉਨ੍ਹਾਂ ਸਾਰੇ ਸੰਤਾਂ ਦੇ ਚਰਨਾਂ ਨੂੰ ਮੈਂ ਮੱਥਾ ਟੇਕਦਾ ਹਾਂ ਜਿਨ੍ਹਾਂ ਤੋਂ ਮਨੁੱਖੀ ਜਨਮ ਦਾ ਉਧਾਰ ਹੁੰਦਾ ਹੈ। ਜਮ ਹਨੇਰੇ ਦੇ ਬਰਾਬਰ ਹੈ ਅਤੇ ਸੰਤ ਸੂਰਜ ਦੇ ਸਮਾਨ ਹਨ, ਜਿਸ ਦੀਆਂ ਕਿਰਣਾਂ ਨਾਲ ਹਨੇਰਾ ਉੱਡ ਜਾਂਦਾ ਹੈ। ਭ੍ਰਮ ਬੱਦਲਾਂ ਸਮਾਨ ਹੈ, ਜਿਨ੍ਹਾਂ ਨੂੰ ਉਡਾ ਦੇਣ ਲਈ ਸੰਤ ਰੂਪੀ ਹਨੇਰੀ ਚਲਦੀ ਹੈ॥ ੨॥

ਨੋਟ:- ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਦਾ ਹੈ ਅਤੇ ਹਵਾ ਬੱਦਲਾਂ ਨੂੰ ਉਡਾ ਦਿੰਦੀ ਹੈ, ਇਸ ਤਰ੍ਹਾਂ ਹੀ ਸੰਤ ਲੋਕ ਮਨ ਦੇ ਭਰਮ ਅਤੇ ਜਮ ਦੇ ਡਰ ਨੂੰ ਦੂਰ ਕਰਦੇ ਹਨ। ਕਵੀ ਜੀ ਅਜਿਹੇ ਸੰਤਾਂ ਨੂੰ ਨਮਸਕਾਰ ਕਰਦੇ ਹਨ।

ਚੌਪਈ- ਮੋਰ ਮਨੋਰਥ ਭਯੋ ਜਹਾਜੂ। ਸਿੰਧੁ ਜਿ ਬਿਘਨ ਅਥਾਹਿ ਸਮਾਜੂ।
ਕਰਨਧਾਰ ਕਰਿਹੀ ਗੁਰ ਕਰੁਨਾ। ਤਬ ਪਹੁਚੌਂ ਤਟਿ ਕਰਿ ਤਿਨ ਪਰਨਾ ॥੩ ॥

ਇਸ ਗ੍ਰੰਥ ਰਚਣ ਦਾ ਮੇਰਾ ਮਨੋਰਥ ਸਾਮਾਨ ਨਾਲ ਭਰਿਆ ਜਹਾਜ਼ ਬਣ ਗਿਆ ਹੈ, ਜਿਹੜਾ ਕਿ ਵਿਘਨਾਂ ਰੂਪੀ ਅਥਾਹ ਸਮੁੰਦਰ ਵਿਚ ਠਿਲ੍ਹ ਪਿਆ ਹੈ। ਹੁਣ ਜੇ ਗੁਰੂ ਰੂਪੀ ਮਲਾਹ ਕਿਰਪਾ ਕਰਨਗੇ ਤਾਂ ਉਨ੍ਹਾਂ ਦੇ ਆਸਰੇ ਪਰਲੇ ਕਿਨਾਰੇ ਤਕ ਪਹੁੰਚ ਜਾਵਾਂਗਾ ਭਾਵ ਇਸ ਗ੍ਰੰਥ ਨੂੰ ਮੁਕੰਮਲ ਕਰ ਲਵਾਂਗਾ॥ ੩॥

*ਕਵੀ ਵਲੋਂ ਬੇਨਤੀ॥*

ਤੁਮਰੋ ਨਾਮ ਨਿਬਾਹਹੁ ਲਾਜਾ। ਕਰਹੁ ਗ੍ਰਿੰਥ ਪੂਰਨ ਸ਼ੁਭ ਕਾਜਾ।
ਤਵ ਕਰੁਨਾ ਬਿਨ ਅੱਖਰ ਏਕੂ। ਨਹਿਂ ਉਪਜਤਿ ਮੁਝ ਰਿਦੇ ਬਿਬੇਕੂ॥੪॥

ਹੇ ਸਤਿਗੁਰੂ ਜੀ! ਮੈਂ ਆਪ ਦਾ ਹਾਂ ਅਤੇ ਆਪ ਦਾ ਯਸ਼ ਗਾਉਣ ਲੱਗਾ ਹਾਂ, ਇਸ ਲਈ ਆਪਣੇ ਨਾਮ ਦੀ ਲਾਜ ਰੱਖੋ ਤੇ ਮੇਰੇ ਇਸ ਕਾਰਜ ਨੂੰ ਸਿਰੇ ਚਾੜ੍ਹੋ, ਤਾਂਕਿ ਮੇਰਾ ਇਹ ਗ੍ਰੰਥ ਸੰਪੂਰਨ ਹੋ ਸਕੇ। ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਆਪ ਦੀ ਕਿਰਪਾ ਬਗੈਰ ਇਕ ਅੱਖਰ ਵੀ ਮੇਰੇ ਹਿਰਦੇ ਵਿਚੋਂ ਨਹੀਂ ਨਿਕਲ ਸਕਦਾ॥ ੪॥

ਦੋਹਰਾ- ਗੁਰੂ ਪਗ ਪ੍ਰੇਮ ਸਮੁੰਦਰ ਸਮ ਸੁਧਾ ਪਰਦਿ ਕਵਿਤਾ ਸੁ।
ਸਿੱਖ ਬਿੰਦਾਰਿਕ ਪੀਵਹੀਂ ਨਿੱਤ ਹ੍ਵੈ ਸੁਮਤਿ ਪ੍ਰਕਾਸ਼॥ ੫॥

ਗੁਰੂ ਜੀ ਦੇ ਚਰਨਾਂ ਦਾ ਪ੍ਰੇਮ ਸਮੁੰਦਰ ਸਮਾਨ ਹੈ। ਉਹ ਸਮੁੰਦਰ ਕਵਿਤਾ ਰੂਪੀ ਅੰਮ੍ਰਿਤ ਦਾ ਦਾਤਾ ਹੈ, ਜਿਸ ਨੂੰ ਸਿੱਖ ਰੂਪੀ ਦੇਵਤੇ ਨਿੱਤ ਪੀਂਦੇ ਹਨ, ਜਿਸ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਨਿੱਤ ਹੀ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ॥ ੫॥

*ਕਥਾ ਦਾ ਆਰੰਭ॥*

ਚੌਪਈ- ਵਿਚ ਕਰਤਾਰਪੁਰੇ ਜਗਰਾਈ। ਸ੍ਰੀ ਅੰਗਦ ਕੋ ਦੀਨਿ ਬਡਾਈ।
ਅਪਨ ਕੀਨ ਸਚਖੰਡ ਪਯਾਨਾ। ਜੋਤਿ ਰੂਪ ਬਿਬ ਤਨ ਪਲਟਾਨਾ॥੬॥

ਕਰਤਾਰਪੁਰ ਵਿਖੇ ਜਗਤ ਦੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਡਿਆਈ ਬਖਸ਼ੀ। ਆਪ ਸੱਚਖੰਡ ਨੂੰ ਚਲੇ ਗਏ ਅਤੇ ਆਪਣੀ ਜੋਤ ਰੂਪੀ ਬਿੰਬ ਦੂਸਰੇ ਸਰੀਰ ਗੁਰੂ ਅੰਗਦ ਦੇਵ ਵਿਚ ਪਲਟਾ ਗਏ॥ ੬॥

ਜਿਉ ਅਧਿਪਤਿ ਇਕ ਪੋਸ਼ਿਸ਼ ਤਜਿਕੈ। ਬੈਸਹਿ ਸਭਾ ਦੁਤਿਜ ਤਨ ਸਜਿਕੈ।
ਤਿਉ ਖਡੂਰ ਮਹਿਂ ਆਨ ਬਿਰਾਜੇ। ਜਿਨ ਸਿਮਰਨਿ ਕਲਿ ਕਲਮਲ ਭਾਜੇ॥੭॥

ਜਿਵੇਂ ਇਕ ਬਾਦਸ਼ਾਹ ਆਪਣੀ ਪਹਿਲੀ ਪੁਸ਼ਾਕ ਉਤਾਰ ਕੇ, ਦੂਸਰੀ ਪੁਸ਼ਾਕ ਪਹਿਨ ਕੇ ਸਭਾ ਵਿਚ ਸੱਜ ਕੇ ਬੈਠ ਜਾਂਦਾ ਹੈ, ਭਾਵ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਨੂੰ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰ ਦਿੱਤਾ ਅਤੇ ਗੁਰੂ ਅੰਗਦ ਦੇਵ ਜੀ ਨਵੀਂ ਜੋਤ ਲੈ ਕੇ ਖਡੂਰ ਸਾਹਿਬ ਵਿਚ ਆ ਬਿਰਾਜਮਾਨ ਹੋਏ। ਗੁਰੂ ਅੰਗਦ ਦੇਵ ਜੀ ਦੇ ਸਿਮਰਨ ਕਰਨ ਨਾਲ ਕਲਿਜੁਗ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੭॥

ਦੋਹਰਾ- ਤਖਤ ਬੈਠਿ ਅੰਗਦ ਗੁਰੂ ਕੀਨ ਖਡੂਰ ਨਿਵਾਸ।
ਨਰਨ ਉਧਾਰਨ ਕਾਰਨੇ ਕਰਤਿ ਸੁ ਭਗਤਿ ਪ੍ਰਕਾਸ਼॥ ੮॥

ਗੁਰਗੱਦੀ ਤੇ ਬੈਠ ਕੇ ਗੁਰੂ ਅੰਗਦ ਦੇਵ ਜੀ ਨੇ ਆਪਣਾ ਨਿਵਾਸ ਖਡੂਰ ਸਾਹਿਬ ਵਿਖੇ ਕਰ ਲਿਆ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਸ਼ੁਭ ਭਗਤੀ ਦਾ ਪ੍ਰਕਾਸ਼ ਕੀਤਾ, ਭਾਵ ਆਪ ਜੀ ਇਕ ਕੋਠੜੀ ਵਿਚ ਬੈਠ ਕੇ ਸਿਮਰਨ ਵਿਚ ਜੁੜ ਗਏ॥ ੮॥

ਸੈਯਾ- ਇਕ ਬਾਸੁਰ ਆਸਨ ਡਾਸਿ ਅਸੀਨ ਸੁ ਧਯਾਨ ਬਿਖੈ ਗੁਰ ਅੰਗਦ ਹੋਏ।
ਗੁਰ ਨਾਨਕ ਕੇ ਪਦਪੰਕਜ ਲੀਨ ਨਿਰੰਤਰ ਹੀ ਮੁਦ ਲੋਚਨ ਕੋਏ।

ਪੁਨ ਯੌ ਉਪਜੀ ਉਰ ਬੀਚ ਬਿਚਾਰ-ਸੁ ਕਿੰਕਰ ਕੇ ਭ੍ਰਮ ਜਾਸ ਬਿਗੋਏ।
ਪਰਮੇਸ਼ੁਰ ਸ੍ਰੀ ਗੁਰ ਨਾਨਕ ਸੋ ਜਿਨ ਭੇਦ ਨ ਮੱਧ ਤਰੰਗਹ ਤੋਏ॥ ੯॥

ਇਕ ਦਿਨ ਗੁਰੂ ਅੰਗਦ ਦੇਵ ਜੀ ਆਸਣ ਡਾਹ ਕੇ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਾਰ ਕੇ ਦੋਵੇਂ ਅੱਖਾਂ ਬੰਦ ਕਰਕੇ ਇਕ-ਰਸ ਬੈਠੇ ਸਨ। ਫਿਰ ਉਨ੍ਹਾਂ ਦੇ ਮਨ ਵਿਚ ਇਕ ਵਿਚਾਰ ਉਪਜੀ ਕਿ ਜਿਨ੍ਹਾਂ (ਗੁਰੂ ਨਾਨਕ ਦੇਵ ਜੀ) ਆਪਣੇ ਦਾਸਾਂ ਭਾਵ ਸਿੱਖਾਂ ਦੇ ਭਰਮ-ਭੁਲੇਖੇ ਦੂਰ ਕੀਤੇ ਹਨ ਅਤੇ ਜਿਨ੍ਹਾਂ ਦਾ ਵਾਹਿਗੁਰੂ ਨਾਲ ਕੋਈ ਭੇਦ ਨਹੀਂ, ਜਿਵੇਂ ਲਹਿਰਾਂ ਅਤੇ ਜਲ ਵਿਚ ਕੋਈ ਫਰਕ ਨਹੀਂ ਹੁੰਦਾ, ਭਾਵ ਸਤਿਗੁਰ ਨਾਨਕ ਦੇਵ ਜੀ ਆਪ ਪਰਮੇਸ਼ਵਰ ਹਨ॥ ੯॥

ਸ੍ਵੈਯਾ- ਚਿਤ ਪ੍ਰੀਤਿ ਕੀ ਰੀਤਿ ਚਿਤੈਂ ਨਿਤ ਹੀ-ਭਵ ਮੈਂ ਭਵ ਸ੍ਰੀ ਗੁਰੁ ਕੋ ਬਿਧਿ ਲੀਨੋ ?।
ਪੁਨ ਬਾਲ ਜੁਵਾ ਕੇ ਬਿਲਾਸ ਜੋਊ ਇਤਿਹਾਸ ਕਹੈ ਸਿਖ ਕੌਨ ਪ੍ਰਬੀਨੋ ?।
ਸਭਿ ਦੇਸ਼ ਬਿਦੇਸ਼ਨ ਕੋ ਰਟਨੋ, ਕਟਨੋ ਕੁਟਿਲੰ ਬਡ ਦੰਭ ਜੁ ਕੀਨੋ।
ਚਿਤ ਚਿੰਤਤਿ ਦੇਤਿ ਅਚਿੰਤਤਤਾ ਜੋਊ ਬੈਸ ਇਕੰਤ ਗੁਰੂ ਰਸ ਭੀਨੋ॥ ੧੦॥

ਗੁਰੂ ਅੰਗਦ ਦੇਵ ਜੀ ਨਿੱਤ ਹੀ ਆਪਣੇ ਚਿੱਤ ਵਿਚ ਗੁਰੂ ਨਾਨਕ ਦੇਵ ਜੀ ਨੂੰ ਚਿਤਵਦੇ ਹਨ, ਅਤੇ ਸੋਚਦੇ ਰਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਿਸ ਤਰ੍ਹਾਂ ਇਸ ਸੰਸਾਰ ਵਿਚ ਜਨਮ ਲਿਆ, ਫਿਰ ਉਨ੍ਹਾਂ ਬਾਲ ਅਵਸਥਾ ਤੋਂ ਜਵਾਨੀ ਤਕ ਜੋ ਕੌਤਕ ਕੀਤੇ ਸਨ ਉਨ੍ਹਾਂ ਦਾ ਇਤਿਹਾਸ ਕਿਹੜਾ ਚੱਤਰ ਸਿੱਖ ਹੈ ਜੋ ਬਿਆਨ ਕਰ ਸਕਦਾ ਹੈ? ਜਿਨ੍ਹਾਂ ਸਾਰੇ ਦੇਸ਼ਾਂ-ਬਦੇਸ਼ਾਂ ਦੀ ਯਾਤਰਾ ਕੀਤੀ ਅਤੇ ਪਾਪੀਆਂ ਅਤੇ ਪਖੰਡੀਆਂ ਦਾ ਵਿਨਾਸ਼ ਕੀਤਾ ਹੈ। ਜਿਹੜਾ ਵਿਅਕਤੀ ਵੀ ਇਕਾਂਤ ਵਿਚ ਬੈਠ ਕੇ ਇਕ-ਰਸ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਰਸ ਵਿਚ ਭਿੱਜਦਾ ਹੈ, ਉਸ ਦੀਆਂ ਸਾਰੀਆਂ ਚਿੰਤਾਵਾਂ ਅਤੇ ਉਦਾਸੀਆਂ ਦੂਰ ਹੋ ਜਾਂਦੀਆਂ ਹਨ॥ ੧੦॥

ਦੋਹਰਾ- ਸ੍ਰੀ ਗੁਰ ਬਰ ਸਰਬੱਗ ਉਰ ਡਰ ਹਰਿ ਅਰੁ ਜੁਰ ਤੀਨ।
ਪਢਹਿ ਸੁਨਹਿ ਸਿਖ ਹੋਇ ਗਤਿ ਰਿਦੇ ਮਨੋਰਥ ਕੀਨ॥ ੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੇਸ਼ਟ ਅਤੇ ਅੰਤਰਜਾਮੀ ਹਨ, ਜਿਹੜਾ ਵੀ ਸਿੱਖ ਉਨ੍ਹਾਂ ਦਾ ਸਿਮਰਨ ਕਰਦਾ ਹੈ, ਉਨ੍ਹਾਂ ਬਾਰੇ ਪੜ੍ਹਦਾ-ਸੁਣਦਾ ਹੈ, ਉਹ ਮੁਕਤ ਹੋ ਜਾਂਦਾ ਹੈ ਅਤੇ ਉਸ ਦੇ ਹਿਰਦੇ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਅਤੇ ਤਿੰਨੇ ਤਾਪ ਅਤੇ ਦਿਲ ਦੇ ਡਰ ਦੂਰ ਹੋ ਜਾਂਦੇ ਹਨ॥ ੧੧॥

ਚੌਪਈ- ਉਤ ਬਾਲੇ ਸੰਧੁ ਸੁ ਵਿਚਾਰਾ। 'ਸ੍ਰੀ ਨਾਨਕ ਭੇ ਹਰਿ ਅਵਤਾਰਾ।
ਨਿਜ ਅਸਥਾਨ ਸੁ ਕੌਨ ਬਿਠਾਯੋ ? ਤਿਸ ਦਰਸਨ ਜਿਯਰਾ ਲਲਚਾਯੋ ॥੧੨॥

ਉਧਰ ਬਾਲੇ ਸੰਧੂ ਨੇ ਵਿਚਾਰ ਕੀਤੀ ਕਿ "ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਦਾ ਅਵਤਾਰ ਹੋਏ ਹਨ। ਉਨ੍ਹਾਂ ਹੁਣ ਆਪਣੀ ਗੱਦੀ ਉਤੇ ਕਿੱਸ ਨੂੰ ਬਿਠਾਇਆ ਹੈ ? ਉਨ੍ਹਾਂ ਦੇ ਦਰਸ਼ਨ ਕਰਨ ਲਈ ਮੇਰਾ ਜੀਅ ਬੜਾ ਲਲਚਾਇਆ ਹੈ"॥ ੧੨॥

ਬਹੁ ਨਰ ਮਹਿ ਬੋਲਜੋ ਇਮ ਬਾਲਾ ॥ਇਕ ਸਿਖ ਬਚ ਭਾਖਜੋ ਤਿਹਕਾਲਾ।
'ਤਿਹਣ ਗੋਤ ਅੰਗਦ ਤਿਹ ਨਾਮੂ। ਗੁਰਤਾ ਉਚਿਤ ਭਯੋ ਅਭਿਰਾਮੂ' ॥੧੩॥

ਜਦ ਬਾਲੇ ਨੇ ਬੈਠੇ ਹੋਏ ਸਾਰੇ ਪੁਰਸ਼ਾਂ ਵਿਚ ਇੰਝ ਕਿਹਾ ਤਾਂ ਇਕ ਸਿੱਖ ਨੇ ਉਸ ਵਕਤ ਇਹ ਬਚਨ ਆਖਿਆ- "ਤ੍ਰਿਹਣ ਗੋਤ ਦਾ ਸ੍ਰੀ ਅੰਗਦ ਦੇਵ ਨਾਮੀ ਇਕ ਸੁੰਦਰ ਅਤੇ ਸ੍ਰੇਸ਼ਟ ਵਿਅਕਤੀ ਹੈ, ਜਿਸ ਨੂੰ ਗੁਰੂ ਨਾਨਕ ਦੇਵ ਗੁਰਗੱਦੀ ਦਾ ਵਾਰਸ ਥਾਪ ਗਏ ਹਨ"॥ ੧੩॥

ਕਬਿੱਤ- ਸੂਤ ਸੁਨਿ ਬਾਲੇ ਬਾਤ, ਭਯੋ ਪੁਲਕਾਤ ਗਾਤ, ਅੰਗ ਨ ਸਮਾਤਿ, ਚਲਜੋ ਤਹਾ ਤਬ ਧਾਇਕੈ।
ਕਾਤਿਕ ਦਿਵਸ ਪੰਨਜੋ, ਆਇ ਸੁ ਦਿਦਾਰ ਕੀਨੋ, ਕਰੀ ਕਰ ਬੰਦ ਅਭਿਬੰਦ ਸੀਸ ਨਾਇਕੈ।

ਦੇਖਤਿ ਮਗਨ ਭਯੋ ਆਵਨ ਸਫਲ ਕਿਯੋ, ਬੈਠਜੋ ਸੁਖ ਮਾਨ ਗੁਰ ਆਇਸੁ ਕੋ ਪਾਇਕੈ।
'ਸਤਿਕਰਤਾਰ' ਕੋ ਉਚਾਰਿਕੈ ਬੂਝਤਿ ਪੁਨ 'ਕਿਤਹੂੰ ਤੇ ਆਏ ਤੁਮ ਦੀਜੀਏ ਸੁਨਾਇਕੈ ?' ॥੧੪॥

ਜਦ ਬਾਲੇ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ ਤਾਂ ਉਸ ਦੇ ਸਰੀਰ ਦੇ ਰੋਮ-ਰੋਮ ਖੜੇ ਹੋ ਗਏ, ਉਸ ਦਾ ਅੰਗ-ਅੰਗ ਸਮਾਇਆ ਨਹੀਂ ਸੀ ਸਮਾਉਂਦਾ ਤੇ ਉਹ ਓਸੇ ਵੇਲੇ ਬੜੀ ਤੇਜ਼ੀ ਨਾਲ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਚਲ ਪਿਆ। ਕੱਤਕ ਪੁੰਨਿਆਂ ਵਾਲੇ ਦਿਨ ਉਹ ਖਡੂਰ ਪਹੁੰਚ ਗਿਆ ਅਤੇ ਆ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤੇ ਫਿਰ ਦੋਵੇਂ ਹੱਥ ਜੋੜ ਕੇ ਸੀਸ ਨਿਵਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਵੇਖਦਿਆਂ ਸਾਰ ਹੀ ਬੜਾ ਪ੍ਰਸੰਨ ਹੋਇਆ ਕਿ ਉਸ ਦਾ ਖਡੂਰ ਸਾਹਿਬ ਆਉਣਾ ਸਫਲ ਹੋਇਆ ਹੈ। ਗੁਰ ਜੀ ਦੀ ਆਗਿਆ ਅਤੇ ਸੁਖ ਮਾਨ ਪਾ ਕੇ ਓਥੇ ਬੈਠ ਗਿਆ। ਗੁਰੂ ਅੰਗਦ ਦੇਵ ਜੀ ਸਤਿਕਰਤਾਰ ਉਚਾਰ ਕੇ ਫਿਰ ਪੁੱਛਣ ਲੱਗੇ, "ਸੁਣਾਓ ਤੁਸੀਂ ਕਿਥੋਂ ਆਏ ਹੋ?"॥ ੧੪॥

ਦੋਹਰਾ- ਜਥਾਸ਼ਕਤ ਜੋ ਭੇਟ ਥੀ ਆਗੈ ਧਰੀ ਬਨਾਇ।
ਪੁਨ ਬਾਲਾ ਬੋਲਤਿ ਭਯੋ ਬਿਨੈ ਬਚਨ ਮਹਿ ਪਾਇ॥ ੧੫॥

ਜੋ ਆਪਣੀ ਸਮਰੱਥ ਅਨੁਸਾਰ ਭੇਟਾ ਲੈ ਕੇ ਆਇਆ ਸੀ, ਉਸ ਨੂੰ ਭਾਈ ਬਾਲੇ ਨੇ ਗੁਰੂ ਜੀ ਦੇ ਅੱਗੇ ਰੱਖ ਦਿੱਤਾ, ਫਿਰ ਬਾਲੇ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਅਤੇ ਬੋਲਿਆ॥ ੧੫॥

ਚੌਪਈ- 'ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ! ਸੰਧੂ ਗੋਤ ਨਾਮ ਮੁਹਿ ਬਾਲਾ।
ਰਾਇ ਭੋਇ ਤਲਵੰਡੀ ਜੋਊ। ਵਤਨ ਜਨਮ ਹਮਰਾ ਹੈ ਸੋਊ॥ ੧੬॥

"ਹੇ ਕਿਰਪਾਲੂ ਗੁਰੂ ਅੰਗਦ ਦੇਵ ਜੀ! ਮੇਰਾ ਨਾਂ ਬਾਲਾ ਹੈ ਅਤੇ ਸੰਧੂ ਗੋਤ ਦਾ ਜੱਟ ਹੁੰਦਾ ਹਾਂ। ਜਿਹੜੀ ਰਾਇ ਭੋਇ ਦੀ ਤਲਵੰਡੀ ਹੈ, ਉਹੀ ਮੇਰਾ ਦੇਸ਼ ਹੈ ਅਤੇ ਓਥੇ ਹੀ ਮੇਰਾ ਜਨਮ ਹੋਇਆ ਹੈ॥ ੧੬॥

ਗੁਰ ਦਰਸ਼ਨ ਕੀ ਲਾਲਸ ਭੂਰੀ। ਯਾਤੇ ਹੌਂ ਚਲ ਆਇ ਹਦੂਰੀ।
ਅਜਰ ਜਰਨ ਉਰ ਧੀਰਜ ਧਾਰੀ। ਸੁਨੀ ਆਪ ਕੀ ਮਹਿਮਾ ਭਾਰੀ' ॥੧੭॥

ਮੇਰੇ ਦਿਲ ਵਿਚ ਗੁਰੂ ਦਰਸ਼ਨਾਂ ਦੀ ਬਹੁਤ ਅਭਿਲਾਸ਼ਾ ਸੀ, ਇਸ ਲਈ ਮੈਂ ਚੱਲ ਕੇ ਆਪ ਜੀ ਦੀ ਹਜ਼ੂਰੀ ਵਿਚ ਆਇਆ ਹਾਂ। ਮੈਂ ਆਪ ਜੀ ਦੀ ਭਾਰੀ ਮਹਿਮਾ ਸੁਣੀ ਹੈ ਕਿ ਆਪ ਜੀ ਅਜਰ ਜਰਨ ਵਾਲੇ ਹੋ ਅਤੇ ਦਿਲ ਵਿਚ ਤੁਸੀਂ ਧੀਰਜ ਧਾਰਿਆ ਹੋਇਆ ਹੈ ਭਾਵ ਬੜੇ ਧੀਰਜਵਾਨ ਹੋ"॥ ੧੭॥

ਕਹਿ ਸ੍ਰੀ ਅੰਗਦ 'ਤੁਮ ਗੁਰ ਕੋ ਹੈ ? ਕਰਹੁ ਉਚਾਰਨ ਨਿਜ ਮਤਿ ਜੋ ਹੈ।
ਮਧੁਰ ਬਚਨ ਸ਼ੁਭ ਮ੍ਰਿਦੁਲ ਸੁਭਾਊ। ਬਿਸ਼ਿਯਨ ਬਾਉ ਸਪਰਸ ਨ ਕਾਊ' ॥੧੮॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਹੇ ਮਿੱਠੀ ਬਾਣੀ, ਸ਼ੁਭ ਨਿਰਮਲ ਸੁਭਾਅ ਵਾਲੇ ਅਤੇ ਵਿਕਾਰ ਰਹਿਤ, ਭਾਈ ਬਾਲਾ ਜੀ! ਇਹ ਦੱਸੋ ਤੁਹਾਡਾ ਗੁਰੂ ਕੌਣ ਹੈ, ਇਸ ਗੱਲ ਦਾ ਉਚਾਰਣ ਕਰੋ ਜੋ ਵੀ ਤੁਹਾਡਾ ਨਿਜੀ ਸਿਧਾਂਤ ਹੈ"॥ ੧੮॥

ਹਾਥ ਬੰਦਿ ਬੋਲਜੋ ਬਚ ਬਾਲਾ। 'ਸਭਿ ਰਾਵਰ ਕੋ ਗਜਾਤ ਬਿਸਾਲਾ।
ਤਦਪਿ ਜੁ ਤੁਮ ਪੂਛਨ ਅਨੁਸਾਰੀ। ਸੁਨਹੁ ਆਪ ਮੈਂ ਕਹੌਂ ਸੁਧਾਰੀ ॥੧੯॥

ਭਾਈ ਬਾਲਾ ਨੇ ਹੱਥ ਜੋੜ ਕੇ ਅਰਦਾਸ ਕਰਕੇ ਇਹ ਬਚਨ ਬੋਲਿਆ, "ਜਦ ਸਭ ਕੁਝ ਆਪ ਜੀ ਨੂੰ ਇਹ ਚੰਗੀ ਤਰ੍ਹਾਂ ਗਿਆਤ ਹੈ, ਤਦ ਵੀ ਆਪ ਜੀ ਨੇ ਜੋ ਪੁਛਿਆ ਹੈ, ਮੈਂ ਦੱਸਦਾ ਹਾਂ। ਆਪ ਜੀ ਸੁਣੋ ਮੈਂ ਚੰਗੀ ਤਰ੍ਹਾਂ ਸੁਧਾਰ ਕੇ ਇਹ ਗੱਲ ਕਹਿੰਦਾ ਹਾਂ॥ ੧੯॥

ਸ੍ਰੀ ਨਾਨਕ ਜੀ ਮਮ ਗੁਰੁ ਪੂਰਨ। ਕਲਿ ਕਲਮਲ ਤੁਜ ਪਦ ਰਜ ਚੂਰਨ।
ਦੰਭ ਮਤੰਗਹਿ ਕੋ ਸਰਿ ਕੇਸਰਿ। ਭਾਉ ਭਗਤਿ ਕ੍ਰਿਖਿ ਜਗਤ ਸੁ ਜਲਧਰ ॥੨੦॥

ਸ੍ਰੀ ਨਾਨਕ ਜੀ ਮੇਰੇ ਪੂਰਨ ਗੁਰੂ ਹਨ, ਇਸ ਕਲਜੁਗ ਵਿਚ ਉਨ੍ਹਾਂ ਦੇ ਚਰਨਾਂ ਦੀ ਧੂੜ ਦੁੱਖਾਂ ਅਤੇ ਰੋਗਾਂ ਦਾ ਨਾਸ਼ ਕਰਨ ਵਾਲੀ ਹੈ। ਪਖੰਡ ਰੂਪੀ ਹਾਥੀ ਲਈ ਉਹ ਸ਼ੇਰ ਦੇ ਸਮਾਨ ਹਨ। ਭਾਉ ਭਗਤੀ ਦੀ ਖੇਤੀ ਵਾਸਤੇ ਮਾਨੋ ਉਹ ਇਸ ਜੱਗ ਵਿਚ ਬੱਦਲ ਹਨ।" ॥ ੨੦ ॥

ਸੁਨਿ ਸ੍ਰੀ ਅੰਗਦ ਬਚਨ ਉਚਾਰਯੋ। 'ਤੁਮ ਗੁਰ ਨਾਨਕ ਰੂਪ ਨਿਹਾਰਯੋ।
ਕਬ ਕੀ ਗੁਰ ਸਿੱਖੀ ਮਨ ਮਾਨੀ ? ਪਰਮ ਪ੍ਰੇਮ ਮਹਿਂ ਮਤਿ ਲਪਟਾਨੀ ॥੨੧॥

ਭਾਈ ਬਾਲੇ ਦੀ ਇਹ ਗੱਲ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਇਹ ਬਚਨ ਉਚਾਰਿਆ, "ਹੇ ਭਾਈ ਬਾਲਾ ! ਤੁਸੀ ਗੁਰੂ ਨਾਨਕ ਦੇ ਸਰੂਪ ਨੂੰ ਨਿਹਾਰਿਆ ਹੈ, ਭਾਵ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਕਦ ਤੋਂ ਤੁਸੀ ਗੁਰਸਿੱਖੀ ਅਪਨਾਈ ਹੈ ਅਤੇ ਕਦ ਤੋਂ ਗੁਰੂ ਨਾਨਕ ਦੇਵ ਜੀ ਦੇ ਪਰਮ ਪ੍ਰੇਮ ਵਿਚ ਜੁੜੇ ਹੋ?" ॥ ੨੧ ॥

ਚੌਪਈ- ਬਾਲਾ ਬੋਲਯੋ 'ਸੁਨਹੁ ਦਯਾਲਾ। ਤਿਨਕੇ ਸੰਗਿ ਰਹਯੋ ਚਿਰਕਾਲਾ।
ਤੀਨ ਬਰਖ ਤਨ ਬੈਸ ਵਡੇਰੀ। ਬਾਲ ਤਰੁਨ ਬਯ ਬਿਤੀ ਬਤੇਰੀ ॥੨੨॥

ਬਾਲਾ ਬੋਲਿਆ, "ਹੇ ਦੀਨ ਦਿਆਲ ਗੁਰੂ ਜੀ ਸੁਣੋ ! ਮੈਂ ਗੁਰੂ ਨਾਨਕ ਦੇਵ ਦੀ ਸੰਗਤ ਵਿਚ ਬੜੇ ਲੰਮੇ ਸਮੇਂ ਤੋਂ ਰਿਹਾ ਹਾਂ। ਗੁਰੂ ਜੀ ਉਮਰ ਵਿਚ ਮੈਥੋਂ ਤਿੰਨ ਸਾਲ ਵੱਡੇ ਸਨ। ਬਾਲਪਨ ਅਤੇ ਜਵਾਨੀ ਦੀ ਬਹੁਤੀ ਉਮਰ ਉਨ੍ਹਾਂ ਦੇ ਸੰਗ ਹੀ ਬੀਤੀ ਹੈ॥ ੨੨ ॥

ਦੋਹਰਾ- ਦਹਦਿਸ਼ ਦਰਸ ਦਿਖਾਇਓ ਦਯਾ ਦ੍ਰਿਸ਼ਿ ਕੋ ਦੇਖਿ।
ਨਿਕਟ ਰਹਿਤ ਤਿਨ ਚਰਨ ਹਮ ਤਾਰਯੋ ਜਗਤ ਬਿਸੇਖ' ॥ ੨੩ ॥

ਮੇਰੇ ਵੇਖਦਿਆਂ ਹੀ ਗੁਰੂ ਨਾਨਕ ਦੇਵ ਜੀ ਦਸਾਂ ਦਿਸ਼ਾਂ ਵਿਚ ਘੁੰਮੇ ਫਿਰੇ ਅਤੇ ਉਨ੍ਹਾਂ ਇਸ ਧਰਤੀ ਦੇ ਅਨੇਕਾਂ ਜੀਵ ਤਾਰੇ। ਮੈਂ ਇਹ ਸਾਰਾ ਸਮਾਂ ਉਨ੍ਹਾਂ ਦੇ ਚਰਨਾਂ ਦੇ ਸਮੀਪ ਹੀ ਰਹਿੰਦਾ ਰਿਹਾ ਹਾਂ" ॥ ੨੩ ॥

ਦਯਾਐਨ ਸੁਨਿ ਬੈਨ ਏ ਦੈਨ ਭਗਤਿ ਨਿਜ ਦਾਸ।
ਉਠ ਕਰਿ ਭੁਜ ਭਰਿ ਗਰ ਮਿਲੇ, ਉਰ ਧਰਿ ਪਰਮ ਹੁਲਾਸ ॥ ੨੪ ॥

ਦਇਆ ਦੇ ਘਰ ਅਤੇ ਆਪਣੇ ਸੇਵਕਾਂ ਨੂੰ ਭਗਤੀ ਦੇਣ ਵਾਲੇ ਗੁਰੂ ਅੰਗਦ ਦੇਵ ਜੀ ਭਾਈ ਬਾਲੇ ਦੀ ਇਹ ਗੱਲ ਸੁਣ ਕੇ ਉਠ ਕੇ ਭਾਈ ਬਾਲੇ ਨੂੰ ਗਲਵਕੜੀ ਵਿਚ ਲੈ ਕੇ ਗਲੇ ਮਿਲੇ ਅਤੇ ਉਨ੍ਹਾਂ ਦੇ ਹਿਰਦੇ ਵਿਚ ਪਰਮ ਹੁਲਾਸ ਭਰ ਗਿਆ ॥ ੨੪ ॥

ਚੌਪਈ- ਬਹੁਰ ਬਿਲੋਚਨ ਮੁਚਾ ਬਿਰਾਗਾ। ਕਰਿ ਉਰ ਚਰਨਨ ਬਰ ਅਨੁਰਾਗਾ।
ਧੀਰ ਨ ਧਰਹਿਂ ਅਧਿਕ ਧਰ ਆਂਸੂ। ਪਰਤਿ,ਪ੍ਰੀਤ ਕੀ ਭਗਤਿ ਉਲਾਸੂ ॥੨੫॥

ਫਿਰ ਅੱਖਾਂ ਵਿਚੋਂ ਪ੍ਰੇਮ ਦਾ ਜਲ ਫੁੱਟ ਗਿਆ, ਹਿਰਦੇ ਵਿਚ ਸ੍ਰੇਸ਼ਟ ਚਰਨਾਂ ਲਈ ਅਨੁਰਾਗ ਜਾਗਿਆ ਅਤੇ ਪ੍ਰੇਮ ਹੁਲਾਰੇ ਮਾਰਨ ਲੱਗਾ। ਧੀਰਜ ਨਹੀ ਸੀ ਆਉਂਦਾ ਤੇ ਧਰਤੀ ਤੇ ਅੱਥਰੂ ਡਿੱਗ ਰਹੇ ਹਨ, ਜਿਹੜੇ ਕਿ ਥੰਮੇ ਨਹੀਂ ਸਨ ਜਾ ਰਹੇ, ਪ੍ਰੇਮ ਭਗਤੀ ਦੇ ਉਛਾਲੇ ਨਾਲ ਨੀਰ ਵਹੀ ਜਾ ਰਿਹਾ ਹੈ॥ ੨੫ ॥

ਸਵਿਤਾ ਅਸਤਿ ਨਿਸਾ ਹੁਇ ਆਈ। ਬਾਲਾ ਰਹਤਿ ਭਯੋ ਤਿਹ ਥਾਂਈ।
ਸਿਖ ਸੰਗਤਿ ਜਹਿਂ ਮਿਲ ਸਮੁਦਾਯਾ। ਤਹਾਂ ਬਸਯੋ ਸਭਿਹਿਨਿ ਮਨ ਭਾਯਾ ॥੨੬॥

ਫਿਰ ਸੂਰਜ ਡੁੱਬ ਗਿਆ ਤੇ ਰਾਤ ਪੈ ਗਈ। ਭਾਈ ਬਾਲਾ ਉਸ ਥਾਂ ਹੀ ਰਹਿ ਪਿਆ, ਜਿਥੇ ਸਾਰੀ ਸਿੱਖ ਸੰਗਤ ਮਿਲ ਕੇ ਰਹਿੰਦੀ ਸੀ, ਅਤੇ ਜਿਥੇ ਸਾਰਿਆਂ ਦੇ ਮਨ ਭਾਉਂਦੇ ਗੁਰੂ ਅੰਗਦ ਦੇਵ ਜੀ ਵੱਸਦੇ ਸਨ॥ ੨੬॥

ਨਿਸ ਮੈਂ ਭਨਤਿ ਰਹਯੋ ਤਿਨ ਸਾਥਾ॥ ਸ੍ਰੀ ਨਾਨਕ ਕੀ ਸੁੰਦਰ ਗਾਥਾ॥
ਅੰਗਦ ਮਗਨ ਲਗਯੋ ਮਨ ਧਯਾਨਾ। ਆਸਨ ਬੈਸਯੋ ਭਈ ਬਿਹਾਨਾ ॥੨੭॥

ਸਾਰੀ ਰਾਤ ਉਹ ਉਨ੍ਹਾਂ ਦੇ ਨਾਲ ਰਿਹਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੁੰਦਰ ਗਾਥਾ ਸੁਣਾਉਂਦਾ ਰਿਹਾ। ਗੁਰੂ ਅੰਗਦ ਦੇਵ ਆਪਣੇ ਧਿਆਨ ਵਿਚ ਮਗਨ ਹੋ ਗਏ ਤੇ ਉਨ੍ਹਾਂ ਦੀ ਲਿਵ ਲੱਗ ਗਈ। ਉਨ੍ਹਾਂ ਦੇ ਆਸਣ ਉਤੇ ਬੈਠਿਆਂ-ਬੈਠਿਆਂ ਹੀ ਸਵੇਰ ਹੋ ਗਈ॥ ੨੭॥

ਪੁਨ ਪੂਖਨ ਪਰਕਾਸ਼ਤਿ ਭਯੋ। ਛੁਟੀ ਸਮਾਧਿ ਸ਼ਨਾਨੰ ਕਯੋ।
ਬੈਸੇ ਬਹੁਰ ਬੁਲਾਯੋ ਬਾਲਾ। ਬੰਦਨ ਕਰੀ ਆਨ ਤਤਕਾਲਾ॥ ੨੮॥

ਫਿਰ ਸੂਰਜ ਦਾ ਪ੍ਰਕਾਸ਼ ਹੋ ਗਿਆ, ਗੁਰੂ ਅੰਗਦ ਦੇਵ ਜੀ ਦੀ ਸਮਾਧੀ ਖੁਲ੍ਹੀ ਤਾਂ ਉਨ੍ਹਾਂ ਇਸ਼ਨਾਨ ਕੀਤਾ। ਫਿਰ ਆਸਣ ਤੇ ਬੈਠ ਕੇ ਬਾਲੇ ਨੂੰ ਬੁਲਾਇਆ। ਭਾਈ ਬਾਲਾ ਉਸੇ ਵੇਲੇ ਆ ਗਿਆ ਤੇ ਉਸ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ॥ ੨੮॥

ਦੋਹਰਾ- ਗੁਰ ਅੰਗਦ ਸ੍ਰੀ ਮੁਖ ਕਹਯੋ 'ਸਭਿ ਇਤਿਹਾਸ ਸੁਨਾਉ।
ਸ੍ਰੀ ਨਾਨਕ ਕੇ ਜਨਮ ਤੇ ਸਕਲ ਕਥਾ ਸਮਝਾਉ'॥ ੨੯॥

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਨੂੰ ਕਿਹਾ, "ਸਾਨੂੰ ਸਾਰੀ ਕਥਾ ਸੁਣਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਸਾਨੂੰ ਸਾਰੀ ਕਥਾ ਸਮਝਾਉ"॥ ੨੯॥

ਚੌਪਈ- ਬਾਲੇ ਗੁਰ ਪ੍ਰਤਿ ਗਿਰਾ ਉਚਾਰੀ। 'ਜਨਮ ਕਥਾ ਅਨਜਾਨ ਅਗਾਰੀ।'
ਬਹੁਤ ਨਰਨ ਤੇ ਇਹ ਬਿਧਿ ਸੁਨੀ। ਸੋ ਤੁਮ ਪਾਸ ਬਖਾਨਤਿ ਗੁਨੀ ॥੩੦॥

ਭਾਈ ਬਾਲੇ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪਣੇ ਬਚਨ ਕਹੇ। ਉਸ ਨੇ ਦੱਸਿਆ ਕਿ ਗੁਰੂ ਦਾ ਜਨਮ ਉਸ ਤੋਂ ਪਹਿਲਾਂ ਹੋਇਆ ਸੀ, ਇਸ ਕਰਕੇ ਉਹ ਇਸ ਬਾਰੇ ਅਨਜਾਣ ਹੈ। ਬਹੁਤ ਮਨੁੱਖਾਂ ਤੋਂ ਜਿਹੜੀ ਕਥਾ ਮੈਂ ਗੁਰੂ ਜੀ ਦੇ ਜਨਮ ਬਾਰੇ ਸੁਣੀ ਹੈ, ਉਹ ਮੈਂ ਸੋਚ ਕੇ ਤੁਹਾਨੂੰ ਸੁਣਾ ਦਿੰਦਾ ਹਾਂ॥ ੩੦॥

ਊਰਜ ਮਾਸ ਕੀ ਪੂਰਨਮਾਸ਼ੀ। ਬਿੰਸਤ ਸਪਤ ਨਿਛੱਤ੍ਰ ਸੁਰਾਸੀ।
ਔਰ ਸੁਨੀ ਸੋ ਕਰੌਂ ਉਚਾਰੀ। ਪੱਤ੍ਰੀ ਜਨਮ ਲਿਖੀ ਦਿਜ ਸਾਰੀ॥ ੩੧॥

ਕੱਤਕ ਮਹੀਨੇ ਦੀ ਪੂਰਨਮਾਸ਼ੀ ਸਤਾਈ ਨੱਛਤਰੀ ਸ਼ੁਭ ਮਹੂਰਤ ਜੋ ਸੁਣਿਆ ਹੈ ਉਹੋ ਮੈਂ ਉਚਾਰਣ ਕਰਦਾ ਹਾਂ। ਬ੍ਰਾਹਮਣ ਨੇ ਸਾਰੀ ਜਨਮ ਪੱਤ੍ਰੀ ਲਿਖੀ॥ ੩੧॥

ਕਾਲੂ ਨਾਨਕ ਜਨਕ ਜਨੀਜੈ। ਧਾਮ ਮੱਧ ਤਿਹ ਧਰੀ ਲਖੀਜੈ।
ਭਾ ਪਰਲੋਕ ਕਾਲ ਬਹੁ ਕਾਲੂ। ਜੀਵਤਿ ਅਨੁਜ ਨਾਮ ਤਿਹ ਲਾਲੂ॥ ੩੨॥

ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਕਾਲੂ ਦਾਸ ਜੀ ਦੇ ਤੌਰ ਤੇ ਜਾਣੇ ਜਾਂਦੇ ਹਨ। ਉਨ੍ਹਾਂ ਦੇ ਘਰ ਵਿਚ ਅਵਤਾਰ ਧਾਰਨ ਕੀਤਾ। ਕਾਲੂ ਦਾਸ ਜੀ ਨੂੰ ਸਵਰਗਵਾਸ ਹੋਏ ਬਹੁਤ ਚਿਰ ਹੋ ਗਿਆ ਹੈ। ਉਨ੍ਹਾਂ ਦਾ ਛੋਟਾ ਭਰਾ ਜੀਉਂਦਾ ਹੈ, ਜਿਸ ਦਾ ਨਾਂ ਲਾਲੂ ਦਾਸ ਹੈ॥ ੩੨॥

ਦੋਹਰਾ- ਬ੍ਰਿੱਧ ਬੈਸ ਬਪੁ ਬਲ ਬਿਨਾ ਬੀਤੇ ਬਰਖ ਬਿਸਾਲ।
ਤਲਵੰਡੀ ਮਹਿਂ ਸਦਨ ਤਿਸੁ ਸੁਨਹੁ ਸ਼੍ਰੋਨ ਗੁਰੁ ਦਯਾਲੁ!॥ ੩੩॥

ਹੇ ਦਿਆਲੂ ਗੁਰੂ ਜੀ ਸੁਣੋ! ਜਨਮ ਪੱਤ੍ਰੀ ਹੁਣ ਤਲਵੰਡੀ ਪਿੰਡ ਵਿਚ ਲਾਲੂ ਦਾਸ ਦੇ ਘਰ ਵਿਚ ਰੱਖੀ ਹੋਈ ਹੈ। ਹੁਣ ਬਹੁਤ ਸਾਲ ਬੀਤ ਗਏ ਹਨ ਤੇ ਲਾਲੂ ਦਾਸ ਦਾ ਸਰੀਰ ਵਡੇਰੀ ਉਮਰ ਹੋ ਜਾਣ ਕਾਰਨ ਬਲਹੀਣ ਹੋ ਗਿਆ ਹੈ"॥ ੩੩॥

ਚੌਪਈ- ਸ੍ਰੀ ਅੰਗਦ ਸੁਨਿ ਉਰ ਬਹੁ ਹਰਖਾ। ਪਰਮ ਪ੍ਰੇਮ ਜਯੋਂ ਜਲਧਰ ਬਰਖਾ।
ਬੋਲੇ ਗਿਰਾ ਰਸਾਲ ਕ੍ਰਿਪਾਲਾ। 'ਕਿਤਿ ਬਿਧਿ ਲੀਜੈ ਪੱਤ੍ਰੀ ਬਾਲਾ? ॥੩੪॥

ਭਾਈ ਬਾਲੇ ਦੀ ਇਹ ਗੱਲ ਸੁਣ ਕੇ ਗੁਰੂ ਅੰਗਦ ਦੇਵ ਜੀ ਦਿਲ ਵਿਚ ਬਹੁਤ ਖੁਸ਼ ਹੋਏ। ਪਰਮ ਪ੍ਰੇਮ ਦਾ ਜਿਵੇਂ ਬੱਦਲ ਵੱਸਿਆ ਹੋਵੇ। ਸੁੰਦਰ ਕਿਰਪਾਲੂ ਗੁਰੂ ਜੀ ਫਿਰ ਬੋਲੇ, "ਭਾਈ ਬਾਲਾ! ਇਹ ਪੱਤ੍ਰੀ ਕਿਸ ਢੰਗ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ?" ॥ ੩੪ ॥

ਐਸਾ ਕੌਨ ਮੀਤ ਸਿਖ ਹੋਈ? ਪੱਤ੍ਰੀ ਕੋ ਦਰਸਾਵਹਿ ਜੋਈ।
ਬਾਲਾ ਕਹੈ 'ਖੋਜ ਜੋ ਕੀਜੈ। ਤੋ ਨਿਹਚੈ ਪੱਤ੍ਰੀ ਕਰ ਲੀਜੈ॥ ੩੫ ॥

ਐਸਾ ਕਿਹੜਾ ਮਿਤਰ ਸਿੱਖ ਹੈ, ਜਿਹੜਾ ਜਨਮ ਪੱਤ੍ਰੀ ਨੂੰ ਲੱਭ ਕੇ ਲਿਆਵੇ ਅਤੇ ਸਾਨੂੰ ਦਿਖਲਾਵੇ?" ਭਾਈ ਬਾਲੇ ਨੇ ਕਿਹਾ, "ਖੋਜ ਕੀਤਿਆਂ ਨਿਸ਼ਚੇ ਹੀ ਪੱਤ੍ਰੀ ਹੱਥ ਆ ਜਾਵੇਗੀ॥ ੩੫॥

ਲਾਲੂ ਆਲਯ ਮਿਲ ਕਰਿ ਤਾਸੂ। ਖੁਜਵਾਵਹਿਂ ਜਬ ਤਿਹ ਕੇ ਪਾਸੂ।
ਤੇ ਕਰ ਆਵਹਿ, ਪਠਵਹੁ ਕੋਈ। ਹੇਰਹੁ ਪੂਰ ਮਨੋਰਥ ਹੋਈ ॥ ੩੬ ॥

ਕਾਲੂ ਦਾਸ ਜੀ ਦੇ ਛੋਟੇ ਭਰਾ ਲਾਲੂ ਦਾਸ ਦੇ ਘਰ ਜਾ ਕੇ ਉਸ ਨੂੰ ਮਿਲ ਕੇ ਉਸ ਦੇ ਪਾਸੋਂ ਪੱਤਰੀ ਲਭੀ ਜਾ ਸਕਦੀ ਹੈ। ਉਸ ਦੇ ਪਾਸ ਕਿਸੇ ਨੂੰ ਭੇਜੋ ਤਾਂ ਤੁਸੀਂ ਵੇਖੋਗੇ ਕਿ ਤੁਹਾਡਾ ਮਨੋਰਥ ਪੂਰਾ ਹੋ ਗਿਆ ਹੈ" ॥ ੩੬॥

ਦੋਹਰਾ- ਸ੍ਰੀ ਅੰਗਦ ਭਾਖੀ ਗਿਰਾ 'ਹੋਵਹਿ ਤੁਮ ਤੇ ਕਾਮ।
ਤਾਹਿਂ ਨਗਰ ਮਹਿਂ ਰਹਿਤ ਹੋ ਖੁਜਵਾਵਹੁ ਤਿਹ ਧਾਮ' ॥ ੩੭ ॥

ਫਿਰ ਸ੍ਰੀ ਅੰਗਦ ਦੇਵ ਜੀ ਨੇ ਕਿਹਾ, "ਹੇ ਭਾਈ ਬਾਲਾ! ਇਹ ਕੰਮ ਤੁਸੀਂ ਹੀ ਕਰ ਸਕਦੇ ਹੋ। ਤੁਸੀਂ ਉਸ ਨਗਰ ਦੇ ਰਹਿਣ ਵਾਲੇ ਹੋ, ਇਸ ਲਈ ਤੁਸੀਂ ਹੀ ਉਸ ਦੇ ਘਰ ਜਾ ਕੇ ਜਨਮ ਪੱਤ੍ਰੀ ਖੋਜ ਸਕਦੇ ਹੋ" ॥ ੩੭॥

ਚੌਪਈ- ਕਹਿ ਬਾਲਾ ਮੁਖ ਸਸਹਿ ਸੁਧਾ ਸੀ। 'ਸ੍ਰੀ ਅੰਗਦ ਸੁਨਿਯੇ ਸੁਖਰਾਸੀ!
ਏਕ ਸਿੱਖ ਦੀਜੈ ਮੁਝ ਸਾਥੂ। ਜਾਵਹਿਂ ਜਸਪਦ ਦੀਨਾ ਨਾਥੂ! ॥ ੩੮ ॥

ਭਾਈ ਬਾਲੇ ਨੇ ਚੰਦਰਮਾਂ ਰੂਪੀ ਮੁੱਖ ਤੋਂ ਅੰਮ੍ਰਿਤ ਵਰਗੀ ਬੋਲੀ ਵਿਚ ਕਿਹਾ, "ਹੇ ਸੁਖਾਂ ਦੀ ਖਾਣ, ਗੁਰੂ ਅੰਗਦ ਦੇਵ ਜੀ! ਸੁਣੋ, ਇਕ ਸਿੱਖ ਮੇਰੇ ਨਾਲ ਭੇਜੋ। ਹੇ ਦੀਨ ਦੁਖੀਆਂ ਦੇ ਨਾਥ, ਫਿਰ ਅਸੀਂ ਛੇਤੀ ਹੀ ਚਲੇ ਜਾਵਾਂਗੇ॥ ੩੮ ॥

ਲਾਲੂ ਆਲਯ ਲੇਹਿਂ ਟੁਲਾਈ। ਆਨਹਿਂਗੇ ਹਮ ਜੇ ਤਹਿਂ ਪਾਈ'।
ਗੁਰ ਪਰਸੀਦੇ ਬਾਲੇ ਪਰ ਤਬ। 'ਚਿਤ ਕਰਤਾਰ ਨ ਬਿਸਰੈ ਉਰ ਕਬਿ ॥੩੯ ॥

ਤਲਵੰਡੀ ਪਹੁੰਚ ਕੇ ਲਾਲੂ ਦਾਸ ਦੇ ਘਰ ਜਾ ਕੇ ਜਨਮ ਪੱਤ੍ਰੀ ਲੱਭ ਲਵਾਂਗੇ, ਪੱਤਰੀ ਲਭ ਕੇ ਅਸੀਂ ਲੈ ਆਵਾਂਗੇ।" ਗੁਰੂ ਜੀ ਫਿਰ ਬਾਲੇ ਤੇ ਬਹੁਤ ਖੁਸ਼ ਹੋਏ ਅਤੇ ਉਸ ਨੂੰ ਇਹ ਅਸੀਸ ਦਿੱਤੀ ਕਿ "ਤੇਰੇ ਦਿਲ ਵਿਚੋਂ ਕਦੇ ਵੀ ਕਰਤਾਰ ਨਾ ਵਿਸਰੇ" ॥ ੩੯ ॥

ਲਾਲਾ ਪੰਨੂ ਸਿੱਖ ਸਦਾਯਾ। ਸ੍ਰੀ ਮੁਖ ਤੇ ਇਵ ਵਾਕ ਅਲਾਯਾ।
'ਗੁਰੁਸਿੱਖੀ ਤੁਮ ਮਹਿਂ ਅਧਿਕਾਈ। ਜਿਵ ਸਾਵਨ ਸਰਿਤਾ ਬਹੁਤਾਈ ॥੪੦ ॥

ਲਾਲਾ ਪੰਨੂ ਨਾਂ ਦੇ ਇਕ ਸਿੱਖ ਨੂੰ ਬੁਲਾਇਆ ਗਿਆ ਤੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਕਹੇ, "ਤੇਰੇ ਵਿਚ ਗੁਰਸਿੱਖੀ ਬਹੁਤ ਹੈ, ਜਿਵੇਂ ਸਾਵਣ ਦੇ ਮਹੀਨੇ ਵਿਚ ਨਦੀਆਂ ਵਿਚ ਪਾਣੀ ਬਹੁਤ ਹੋ ਜਾਂਦਾ ਹੈ॥ ੪੦॥

ਦੋਹਰਾ- ਬਾਲੇ ਸੰਗ ਜੱਯੈ ਤਹਾਂ, ਜਹਿਂ ਜਨਮਜੇ ਮਮ ਨਾਥ।
ਭਵਪੱਤ੍ਰੀ ਕੋ ਆਨਿਕੈ ਕੀਜੈ ਜਨਮ ਸਕਾਥ' ॥ ੪੧ ॥

ਭਾਈ ਬਾਲੇ ਨਾਲ ਉਸ ਪਵਿੱਤਰ ਸਥਾਨ ਤੇ ਜਾਵੇ, ਜਿਥੇ ਮੇਰੇ ਮਾਲਕ ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ, ਉਥੇ ਜਾ ਕੇ ਜਨਮ ਪੱਤ੍ਰੀ ਲਿਆ ਕੇ ਆਪਣਾ ਜਨਮ ਸਫਲਾ ਕਰੇ" ॥ ੪੧ ॥

ਚੌਪਈ- ਸੁਨਿ ਸੁਤ ਬਚਨ ਸਮਾਤਿ ਨ ਅੰਗਾ। ਭਯੋ ਤਯਾਰ ਚਲਨ ਕੇ ਸੰਗਾ।
ਧੰਨ ਭਾਗ ਅਪਨੇ ਕਰਿ ਜਾਨੇ। ਪੱਤ੍ਰੀ ਨਾਨਕ ਦਰਸ਼ਨ ਮਾਨੇ॥ ੪੨ ॥

ਗੁਰੂ ਜੀ ਦੇ ਇਹ ਬਚਨ ਕੰਨੀਂ ਸੁਣ ਕੇ 'ਪੰਨੂ' ਫੁਲਿਆ ਨਹੀਂ ਸੀ ਸਮਾਉਂਦਾ। ਓਸੇ ਵੇਲੇ ਭਾਈ ਬਾਲੇ ਸੰਗ ਜਾਣ ਲਈ ਤਿਆਰ ਹੋ ਗਿਆ। ਉਸ ਨੇ ਆਪਣੇ ਧੰਨ ਭਾਗ ਸਮਝੇ ਕਿ ਜਦ ਅਸੀਂ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤ੍ਰੀ ਵੇਖਾਂਗੇ ਤਾਂ ਅਸੀਂ ਸਮਝਾਂਗੇ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ॥ ੪੨ ॥

ਬੰਦਨ ਕਰਿ ਸੁਨਿ 'ਸਤਿ ਕਰਤਾਰ'। ਚਲਤਿ ਭਏ ਨਾਨਕ ਉਰ ਧਾਰਿ।
ਮਗ ਮਹਿਂ ਮਹਿਮਾਂ ਅਮੀ ਪਟੰਤਰ। ਕਹਤਿ ਸੁਨਤਿ ਜੁਗ ਚਲਤਿ ਨਿਰੰਤਰ ॥੪੩ ॥

ਜਦ ਉਨ੍ਹਾਂ ਗੁਰੂ ਜੀ ਨੂੰ ਬੰਦਨਾ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਸਤਿ ਕਰਤਾਰ, ਤੁਹਾਨੂੰ ਸਦਾ ਹੀ ਕਰਤਾਰ ਚਿੱਤ ਆਵੇ" ਇਸ ਤਰ੍ਹਾਂ ਗੁਰੂ ਜੀ ਪਾਸੋਂ ਅਸੀਸ ਲੈ ਕੇ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਹਿਰਦੇ ਵਿਚ ਧਾਰ ਕੇ ਆਪਣੇ ਸਫਰ ਤੇ ਚੱਲ ਪਏ। ਰਾਹ ਵਿਚ ਗੁਰੂ ਜੀ ਦੀ ਅੰਮ੍ਰਿਤ ਰੂਪੀ ਮਹਿਮਾ ਗਾਉਂਦੇ ਗਏ। ਇਕ ਦੂਜੇ ਨੂੰ ਸੁਣਾਉਂਦੇ ਅਤੇ ਸੁਣਦੇ ਉਹ ਦੋਵੇਂ ਨਿਰੰਤਰ ਤੁਰੇ ਗਏ॥ ੪੩ ॥

ਪਹੁੰਚੇ ਜਬ ਤਲਵੰਡੀ ਜਾਇ। ਲਾਲੂ ਆਲਯ ਮਿਲਿਏ ਆਇ।
ਕਰਿ ਬੰਦਨ ਪੁਨ ਬਚਨ ਉਚਾਰਾ। 'ਸੁਨਿ ਲਾਲੂ! ਇਕ ਪਰਉਪਕਾਰਾ ॥੪੪ ॥

ਜਦ ਤਲਵੰਡੀ ਜਾ ਪਹੁੰਚੇ ਤਾਂ ਲਾਲੂ ਦਾਸ ਨੂੰ ਉਸ ਦੇ ਘਰ ਮਿਲਣ ਗਏ। ਲਾਲੂ ਦਾਸ ਨੂੰ ਬੰਦਨਾ ਕਰਕੇ ਇਹ ਬਚਨ ਕੀਤਾ, "ਲਾਲੂ ਦਾਸ ਜੀ ਸੁਣੋ! ਇਕ ਪਰਉਪਕਾਰ ਦਾ ਕੰਮ ਕਰੋ॥ ੪੪ ॥

ਦੋਹਰਾ- ਸੋਧਯੋ ਹਮ ਜੋ ਗੁਰ ਭਯੋ ਅੰਗਦ ਪਰਮ ਨਿਧਾਨ।
ਸ੍ਰੀ ਨਾਨਕ ਪੁਨ ਤਿਨ ਬਿਖੈ ਭੇਦ ਨ ਕੋਊ ਜਾਨਿ॥ ੪੫ ॥

ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਨੂੰ ਅਸੀ ਢੂੰਡ ਕੇ ਲੱਭਿਆ ਹੈ, ਜਿਹੜੇ ਕਿ ਪਰਮ ਨਿਧਾਨ ਹਨ, ਉਨ੍ਹਾਂ ਸਾਨੂੰ ਤੁਹਾਡੇ ਪਾਸ ਭੇਜਿਆ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਵਿਚ ਕੋਈ ਫਰਕ ਨਾ ਸਮਝੋ॥ ੪੫ ॥

ਚੌਪਈ- ਦੀਨੀ ਅੰਗਦ ਕੋ ਗੁਰਿਆਈ। ਤਿਨ ਪੱਤ੍ਰੀ ਤੁਮ ਸੋਂ ਮੰਗਵਾਈ।
ਲਾਲਸ ਹੇਰਨ ਤਾਸੁ ਬਿਸਾਲਾ। ਸੁਨਿ ਕਰਿ ਸਿੱਖ ਪਠਜੇ ਤਤਕਾਲਾ' ॥੪੬ ॥

ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿੱਤੀ ਹੈ। ਗੁਰੂ ਅੰਗਦ ਦੇਵ ਜੀ ਨੇ ਤੁਹਾਡੇ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤ੍ਰੀ ਮੰਗਵਾਈ ਹੈ। ਉਸ ਪੱਤ੍ਰੀ ਨੂੰ ਵੇਖਣ ਦੀ ਤੀਬਰ ਇੱਛਾ ਹੋਣ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਤੁਰੰਤ ਲਿਆਉਣ ਵਾਸਤੇ ਭੇਜਿਆ ਹੈ"॥ ੪੬ ॥

ਲਾਲੂ ਕਹੈ: 'ਨ ਮੁਝ ਸੁਧ ਕੋਊ। ਭਵਪੱਤ੍ਰੀ ਤੁਮ ਜਾਚਤਿ ਜੋਊ।
ਨਾਨਕ ਕੇ ਤੁਮ ਬਹੁਤ ਪਯਾਰੇ। ਹਮ ਸੋਂ ਕਹੁ ਸਭਿ ਭੇਦ ਵਿਚਾਰੇ ॥੪੭ ॥

ਲਾਲੂ ਦਾਸ ਨੇ ਕਿਹਾ, "ਮੈਨੂੰ ਇਸ ਬਾਰੇ ਖਬਰ ਨਹੀਂ, ਜਿਹੜੀ ਜਨਮ ਪੱਤ੍ਰੀ ਤੁਸੀਂ ਮੰਗਦੇ ਹੋ। ਤੁਸੀਂ ਗੁਰੂ ਨਾਨਕ ਦੇਵ ਜੀ ਦੇ ਬੜੇ ਪਿਆਰੇ ਸਿੱਖ ਹੋ, ਇਸ ਲਈ ਸਭ ਭੇਦ ਦੀਆਂ ਗੱਲਾਂ ਬਾਰੇ ਸਾਡੇ ਨਾਲ ਵਿਚਾਰ ਕਰੋ ਅਤੇ ਸਾਨੂੰ ਸੱਚ-ਸੱਚ ਦੱਸੋ॥ ੪੭ ॥

ਗੁਰੁ ਅੰਗਦ ਹੈ ਕੈ ਸ੍ਰੀ ਚੰਦ॥ ਮੰਜੀ ਕਿਹਿ ਢਿਗ ਆਨੰਦ ਕੰਦ?
ਸੁਤ ਨੇ ਲਈ ਕਿ ਸੇਵਕ ਪਾਈ। ਤਖਤ ਬੈਸ ਕਿਸ ਗੁਰਤਾ ਆਈ?' ॥੪੮ ॥

ਕੀ ਗੁਰੂ ਸ੍ਰੀ ਅੰਗਦ ਦੇਵ ਹੈ ਜਾਂ ਸ੍ਰੀ ਚੰਦ ਹੈ ? ਇਹ ਅਨੰਦ ਦਾਤੀ ਗੁਰਗਦੀ ਕਿਸ ਪਾਸੇ ਗਈ ਹੈ? ਪੁੱਤਰ ਨੇ ਲਈ ਹੈ ਜਾਂ ਸੇਵਕ ਨੇ ਪ੍ਰਾਪਤ ਕੀਤੀ ਹੈ? ਤਖਤ ਤੇ ਬੈਠ ਕੇ ਕਿਸ ਨੇ ਗੁਰਿਆਈ ਪਾਈ ਹੈ?" ॥ ੪੮ ॥

ਦੋਹਰਾ- ਕਹਿ ਬਾਲਾ: 'ਅੰਗਦ ਗੁਰੂ ਜਿਹ ਸ੍ਰੀ ਨਾਨਕ ਆਪ।
ਪੈਸੇ ਪੰਚ ਨਲੇਰ ਧਰਿ ਸਿਰ ਨਿਵਾਇ ਦਿਯ ਥਾਪਿ॥ ੪੯॥

ਬਾਲੇ ਨੇ ਕਿਹਾ, "ਗੁਰੂ ਅੰਗਦ ਦੇਵ ਨੂੰ ਗੁਰੂ ਨਾਨਕ ਦੇਵ ਨੇ ਆਪ ਗੁਰਿਆਈ ਦਿੱਤੀ ਹੈ। ਪੰਜ ਪੈਸੇ ਅਤੇ ਨਾਰੀਅਲ ਉਨ੍ਹਾਂ ਦੇ ਅੱਗੇ ਰੱਖ ਕੇ ਮੱਥਾ ਟੇਕ ਕੇ ਉਨ੍ਹਾਂ ਨੂੰ ਗੁਰੂ ਥਾਪ ਦਿੱਤਾ ਹੈ॥ ੪੯॥

ਚੌਪਈ- ਤਿਨਕੀ ਸਮਤਾ ਹੋਵਹਿ ਕੈਸੇ। ਥਾਪਜੋ ਗੁਰੁ ਨਾਨਕ ਜਬ ਐਸੇ।
ਖੋਜ ਲਯੋ ਹਮ ਗੁਰੁ ਮਤ ਧੀਰਾ। ਜਿਉਂ ਖਨਵਾਰੀ ਪਾਵਹਿ ਹੀਰਾ॥੫੦॥

ਉਸ ਦੀ ਬਰਾਬਰੀ ਹੁਣ ਕੌਣ ਕਰ ਸਕਦਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਗੁਰੂ ਥਾਪਿਆ ਹੋਵੇ। ਅਸੀਂ ਧੀਰਜਵਾਨ ਗੁਰੂ ਜੀ ਨੂੰ ਲੱਭ ਲਿਆ ਹੈ, ਅਸੀਂ ਤਾਂ ਹੁਣ ਏਨੇ ਪ੍ਰਸੰਨ ਹਾਂ ਕਿ ਜਿਵੇਂ ਖਾਨ ਖੋਦਣ ਵਾਲੇ ਨੇ ਹੀਰਾ ਪਾ ਲਿਆ ਹੋਵੇ॥ ੫੦॥

ਸਿਰੀ ਚੰਦ ਗੁਰ ਸੰਤਤਿ ਜਾਨੇ। ਮਾਨਹਿਂ ਮਾਨਵ ਮਨ ਅਨੁਮਾਨੇ।
ਗੁਰ ਅੰਗਦ ਕੋ ਗੁਰਤਾ ਦਏ। ਕਿਧੌਂ ਦੁਤਿਜ ਨਾਨਕ ਪ੍ਰਗਟਏ॥੫੧॥

ਬਾਬਾ ਸ੍ਰੀ ਚੰਦ ਗੁਰੂ ਜੀ ਦੀ ਸੰਤਾਨ ਹੋਣ ਕਰਕੇ ਪੂਜੇ ਜਾਣਗੇ। ਮਨੁੱਖ ਆਪਣੇ ਮਨ ਵਿਚ ਸੋਚ ਕੇ ਮੰਨਣਗੇ। ਗੁਰੂ ਅੰਗਦ ਦੇਵ ਨੂੰ ਗੁਰਤਾ ਦਿੱਤੀ ਗਈ, ਉਹ ਮਾਨੋ ਦੂਸਰੇ ਨਾਨਕ ਪ੍ਰਗਟ ਹੋਏ ਹਨ" ॥ ੫੧॥

ਸੁਨਿ ਕਰਿ ਲਾਲੂ ਗਿਰਾ ਅਲਾਈ। 'ਖੋਜਜੋ ਜੇ ਪੱਤ੍ਰੀ ਹੁਇ ਭਾਈ।
ਕਾਗਰ ਲੇਖੇ ਕੇ ਇਕ ਥਾਂਈ। ਬਹੁ ਮਹਿਂ ਮਿਲੀ ਨ ਜਾਨੀ ਜਾਈ॥੫੨॥

ਭਾਈ ਬਾਲੇ ਦੀ ਗੱਲ ਸੁਣ ਕੇ ਲਾਲੂ ਦਾਸ ਨੇ ਇਹ ਬਚਨ ਕੀਤੇ, "ਹੇ ਭਾਈ ਬਾਲਾ ! ਜਨਮ ਪੱਤ੍ਰੀ ਖੋਜ ਕੇ ਲੱਭ ਲਵੋ। ਇਕ ਸਥਾਨ ਤੇ ਲੇਖੇ ਦੇ ਬੜੇ ਕਾਗਜ਼ ਪਏ ਹਨ, ਉਨ੍ਹਾਂ ਕਾਗਜ਼ਾਂ ਵਿਚ ਹੀ ਉਹ ਪੱਤ੍ਰੀ ਵੀ ਪਈ ਹੈ ਕਿ ਨਹੀ, ਇਹ ਜਾਣਿਆ ਨਹੀਂ ਜਾ ਸਕਦਾ"॥ ੫੨॥

ਦੋਹਰਾ- ਕਹਿ ਬਾਲਾ 'ਲਾਲੂ ਸੁਨਹੁ! ਤੂੰ ਕਾਲੂ ਕੇ. ਭ੍ਰਾਤ॥
ਜਨਨਿ ਜਨਕ ਨਾਨਕ ਨਹਿਨ, ਤੁਮ ਤੇ ਅਬਹਿ ਅਗਾਤਿ॥ ੫੩॥

ਭਾਈ ਬਾਲੇ ਨੇ ਕਿਹਾ, "ਸ੍ਰੀ ਮਾਨ ਲਾਲੂ ਜੀ ! ਸੁਣੋ, ਤੁਸੀਂ ਮਹਿਤਾ ਕਾਲੂ ਦੇ ਭਰਾ ਹੋ। ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਹੁਣ ਨਹੀਂ ਹਨ, ਇਸ ਲਈ ਹੁਣ ਤਾਂ ਤੁਹਾਡੇ ਪਾਸੋਂ ਹੀ ਮਿਲੇਗੀ॥ ੫੩॥

ਚੌਪਈ- ਤੁਮ ਬਿਨ ਕੌਨ ਕਰੇ ਹਮ ਕਾਮਾ। ਭਵਪੱਤ੍ਰੀ ਉਠ ਖੋਜਹੁ ਧਾਮਾ'।
ਬਾਲੇ ਕੀ ਸੁਨਿ ਗਿਰਾ ਰਸਾਲੂ। ਕਾਗਰ ਗ੍ਰਿਹ ਖੋਜਤਿ ਭਾ ਲਾਲੂ॥੫੪॥

ਹੁਣ ਤੁਹਾਡੇ ਬਗੈਰ ਸਾਡਾ ਇਹ ਕੰਮ ਕੌਣ ਕਰੇਗਾ, ਇਸ ਲਈ ਉਠ ਕੇ ਜਨਮ ਪੱਤਰੀ ਦੀ ਭਾਲ ਕਰੋ।" ਭਾਈ ਬਾਲੇ ਦੀ ਇਹ ਗੱਲ ਸੁਣ ਕੇ ਭਾਈ ਲਾਲੂ ਆਪਣੇ ਘਰ ਕਾਗਜ਼ ਢੂੰਡਣ ਲੱਗ ਗਏ॥ ੫੪॥

ਖੋਜਤਿ ਖੋਜਤਿ ਪੱਤ੍ਰੀ ਜਬਹੀ। ਦਿਵਸ ਪੰਜਵੇਂ ਪਾਈ ਤਬਹੀ।
ਦੀਨੀ ਲਾਲੂ ਨੈ ਕਰ ਬਾਲਾ। ਤਾਂਹਿ ਦਈ ਕਰ ਪੰਨੂ ਲਾਲਾ॥੫੫॥

ਕਈ ਦਿਨ ਜਨਮ ਪੱਤ੍ਰੀ ਨੂੰ ਖੋਜਦੇ ਰਹੇ। ਪੰਜਵੇਂ ਦਿਨ ਜਾ ਕੇ ਪੱਤ੍ਰੀ ਲੱਭ ਗਈ। ਭਾਈ ਲਾਲੂ ਨੇ ਲੱਭ ਕੇ ਭਾਈ ਬਾਲੇ ਨੂੰ ਫੜਾਈ ਅਤੇ ਭਾਈ ਬਾਲੇ ਨੇ ਲਾਲੇ ਪੰਨੂ ਦੇ ਹੱਥਾਂ ਵਿਚ ਫੜਾ ਦਿੱਤੀ॥ ੫੫॥

ਚੌਪਈ- ਲੇ ਪੰਨੂ ਪੁਨ ਬਚਨ ਉਚਾਰੇ। 'ਬਾਲੇ! ਚਲੀਏ ਸੰਗ ਹਮਾਰੇ।
ਹੇਰਹਿਂ ਗੁਰੁ ਉਰ ਹਰਖ ਅਪਾਰਾ। ਪਰਮ ਪ੍ਰਸੀਦਹਿਂ ਪਰਉਪਕਾਰਾ' ॥੫੬॥

ਪੰਨੂ ਨੇ ਪੱਤ੍ਰੀ ਨੂੰ ਸੰਭਾਲ ਕੇ ਕਿਹਾ, "ਭਾਈ ਬਾਲਾ ਜੀ! ਤੁਸੀ ਵੀ ਮੇਰੇ ਸੰਗ ਚਲੋ। ਵਿਸ਼ਾਲ ਹਿਰਦੇ ਵਾਲੇ, ਪਰਉਪਕਾਰੀ ਗੁਰੂ ਜੀ ਪੱਤ੍ਰੀ ਨੂੰ ਵੇਖ ਕੇ ਬਹੁਤ ਖੁਸ਼ ਹੋਣਗੇ।" ॥ ੫੬ ॥

ਸੁਨਿ ਸ੍ਰੌਨਨਿ ਮਨ ਮਹਿਂ ਅਨੁਮਾਨੀ। 'ਬਾਨੀ ਭਨਤਿ ਸੁਖਨ ਮਮ ਸਾਨੀ'।
ਗਵਨੇ ਜੁਗਲ ਸੰਗ ਮਗ ਮਾਂਹੀ। ਬਾਲਾ ਪੁਨ ਪੰਨੂ ਦਿਸ ਤਾਂਹੀ ॥੫੭॥

ਪੰਨੂ ਦੀ ਇਹ ਗੱਲ ਸੁਣ ਕੇ ਭਾਈ ਬਾਲੇ ਨੇ ਮਨ ਵਿਚ ਇਹ ਅਨੁਮਾਨ ਲਾਇਆ ਕਿ ਇਸ ਨੇ ਮੈਨੂੰ ਸੁੱਖ ਦੇਣ ਵਾਲੇ ਬਚਨ ਕਹੇ ਹਨ। ਮੈਨੂੰ ਜ਼ਰੂਰ ਨਾਲ ਜਾਣਾ ਚਾਹੀਦਾ ਹੈ ਅਤੇ ਫਿਰ ਦੋਵੇਂ ਬਾਲਾ ਅਤੇ ਪੰਨੂ ਰਾਹੇ ਪੈਣ ਲਈ ਤਿਆਰ ਹੋ ਗਏ ॥ ੫੭ ॥

ਦੋਹਰਾ- ਲਾਲੂ ਚਲਤਜੋ ਮਿਲ ਤਬੈ ਪੈਸੇ ਪੰਜ ਨਲੇਰ।
"ਅਪਨੀ ਦਿਸ਼ਿ ਤੇ ਭੇਟ ਦੀ", ਬੋਲਜੋ ਮੁਖ ਤੇ ਫੇਰ ॥ ੫੮ ॥

ਚਲਦੇ ਸਮੇਂ ਸ੍ਰੀ ਮਾਨ ਲਾਲੂ ਨੇ ਉਨ੍ਹਾਂ ਨੂੰ ਪੰਜ ਪੈਸੇ ਤੇ ਨਾਰੀਅਲ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਦਿੱਤੇ। ਫਿਰ ਮੁੱਖ ਤੋਂ ਬੋਲਿਆ, "ਮੈਂ ਇਹ ਆਪਣੀ ਤਰਫੋਂ ਭੇਟਾ ਦੇ ਰਿਹਾ ਹਾਂ" ॥ ੫੮ ॥

ਚੌਪਈ- 'ਹਮਰੀ ਦਿਸ਼ਿ ਤੇ ਦੇਹੁ ਸੰਦੇਸ਼ਾ।' ਸ੍ਰੀ ਅੰਗਦ ਜਿਸੁ ਦੋਸ਼ੁ ਨ ਲੇਸ਼ਾ।
ਸਿਰੀ ਚੰਦ ਜੇ ਰਿਸਿ ਕੋ ਧਰੈ। ਛਿਮਾ ਧਰਤਿ ਜਿਉਂ ਤਿਹ ਪਰ ਕਰੈਂ ॥੫੯॥

ਮੇਰੇ ਵਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਜਿਹੜੇ ਦੋਸ਼ ਰਹਿਤ ਅਤੇ ਨਿਰਲੇਪ ਹਨ, ਉਨ੍ਹਾਂ ਨੂੰ ਇਹ ਸੰਦੇਸ਼ਾ ਦੇਣਾ ਕਿ ਜੇ ਸ੍ਰੀ ਚੰਦ ਗੁੱਸੇ ਵਿਚ ਆ ਕੇ ਕੁਝ ਕਹਿਣ ਤਾਂ ਗੁਰੂ ਜੀ ਉਸ ਉਪਰ ਧਰਤੀ ਵਰਗੀ ਖਿਮਾ ਕਰਨ' ॥ ੫੯ ॥

ਬਾਲੇ ਬਹੁਰੋ ਬਚਨ ਉਚਾਰਾ। 'ਸ੍ਰੀ ਅੰਗਦ ਨਾਨਕ ਅਵਤਾਰਾ।
ਪੰਚ ਦੋਖ ਨਹਿਂ ਤਿਨ ਮਹਿਂ ਪਾਵਹਿਂ। ਨਿਕਟਿ ਤਰਨਿ ਜਿਉਂ ਤਿਮਰ ਨ ਆਵਹਿ ॥੬੦॥

ਭਾਈ ਬਾਲੇ ਨੇ ਬਾਅਦ ਵਿਚ ਇਹ ਬਚਨ ਕੀਤਾ, "ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦਾ ਅਵਤਾਰ ਹਨ, ਉਹ ਪੰਚ ਦੋਖ ਰਹਿਤ ਹਨ, ਭਾਵ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਦੂਰ ਹਨ। ਜਿਵੇਂ ਸੂਰਜ ਦੇ ਲਾਗੇ ਹਨੇਰਾ ਨਹੀ ਆਉਂਦਾ ਹੈ, ਇਸ ਤਰ੍ਹਾਂ ਹੀ ਉਨ੍ਹਾਂ ਪਾਸ ਕ੍ਰੋਧ ਨਹੀਂ ਆਉਂਦਾ ॥ ੬੦ ॥

ਸਮ ਦਮ ਸੌਂ ਤਨ ਗਜਾਨ ਸੁਹਾਵਹਿ। ਆਤਪ ਭਗਤਿ ਜਗਤ ਬਿਦਤਾਵਹਿਂ।
ਪੱਤ੍ਰੀ ਲੇਯ ਚਲੇ ਤਤਕਾਲਾ। ਜਹਿਂ ਖਡੂਰ ਮਹਿਂ ਗੁਰੂ ਕ੍ਰਿਪਾਲਾ ॥੬੧॥

ਉਨ੍ਹਾਂ ਨੇ ਮਨ ਤੇ ਕਾਬੂ ਪਾਇਆ ਹੈ ਅਤੇ ਇੰਦ੍ਰੇ ਉਨ੍ਹਾਂ ਦੇ ਵੱਸ ਵਿਚ ਹਨ ਅਤੇ ਉਨ੍ਹਾਂ ਦੇ ਸਰੀਰ ਤੇ ਗਿਆਨ ਸੁਭਾਇਮਾਨ ਹੈ ਅਤੇ ਭਗਤੀ ਰੂਪ ਧੁੱਪ ਜਗਤ ਤੇ ਪ੍ਰਗਟਾ ਰਹੇ ਹਨ।" ਜਨਮ ਪੱਤ੍ਰੀ ਲੈ ਕੇ ਉਹ ਛੇਤੀ ਹੀ ਚੱਲ ਪਏ ਅਤੇ ਖਡੂਰ ਪਹੁੰਚ ਗਏ, ਜਿਥੇ ਕਿਰਪਾਲੂ ਗੁਰੂ ਅੰਗਦ ਦੇਵ ਜੀ ਸ਼ੋਭਾ ਪਾ ਰਹੇ ਸਨ ॥ ੬੧ ॥

ਦੋਹਰਾ- ਬੈਸੇ ਅੰਗਦ ਰਾਜਹੀ ਬੰਦੇ ਪਦ ਅਰਬਿੰਦ।
ਰਿਦੇ ਪ੍ਰਸੀਦੇ ਸਤਿਗੁਰੂ ਕਹਿ 'ਰਹਿ ਚਿੱਤ ਗੁਬਿੰਦ' ॥ ੬੨ ॥

ਗੁਰੂ ਅੰਗਦ ਦੇਵ ਜੀ ਆਪਣੇ ਆਸਣ ਤੇ ਬਿਰਾਜਮਾਨ ਹਨ, ਦੋਹਾਂ ਨੇ ਉਨ੍ਹਾਂ ਦੇ ਚਰਨ ਕੰਵਲਾਂ ਉਤੇ ਮੱਥਾ ਟੇਕਿਆ। ਸਤਿਗੁਰੂ ਨੇ ਉਨ੍ਹਾਂ ਨੂੰ ਅਸੀਸ ਦਿੱਤੀ, "ਤੁਹਾਨੂੰ ਸਦਾ ਵਾਹਿਗੁਰੂ ਚਿੱਤ ਆਵੇ", ਸੁਣ ਕੇ ਬੜੇ ਖੁਸ਼ ਹੋਏ ॥ ੬੨ ॥

ਚੌਪਈ- ਖੁਸ਼ੀ ਬਹੁਤ ਬਾਲੇ ਪਰ ਕੀਨੀ। ਪੁਨ ਪੱਤ੍ਰੀ ਅਪਨੇ ਕਰ ਲੀਨੀ।
ਸਾਦਰ ਸੋ ਨਿਜ ਸੀਸ ਚਢਾਈ। ਭਾਉ ਬਹੁਤ ਕਰਿ ਉਰ ਮਹਿਂ ਲਾਈ ॥੬੩॥

ਗੁਰੂ ਜੀ ਨੇ ਬਾਲੇ ਪ੍ਰਤਿ ਬੜੀ ਖੁਸ਼ੀ ਪ੍ਰਗਟ ਕੀਤੀ, ਫਿਰ ਜਨਮ ਪੱਤ੍ਰੀ ਆਪਣੇ ਹੱਥਾਂ ਵਿਚ ਫੜ ਲਈ। ਬੜੇ ਅਦਬ ਅਤੇ ਸਤਿਕਾਰ ਨਾਲ ਪੱਤ੍ਰੀ ਨੂੰ ਆਪਣੇ ਸਿਰ ਤੇ ਰੱਖ ਲਿਆ। ਫਿਰ ਬੜੇ ਪ੍ਰੇਮ ਨਾਲ ਉਸ ਨੂੰ ਆਪਣੀ ਛਾਤੀ ਨਾਲ ਲਾਇਆ॥ ੬੩॥

'ਦਰਸ਼ਨ ਤੁਮ ਕਰਿਵਾਯੋ ਗੁਰੁ ਕਾ। ਜਿਸ ਤੇ ਭ੍ਰਮ ਭਾਗਜੋ ਹੈ ਉਰਕਾ'।
ਸਹਸਕ੍ਰਿਤਿ ਅੱਛਰ ਜਬ ਚੀਨੇ। ਤਬ ਅੰਗਦ ਜੀ ਬਚਨ ਸੁ ਕੀਨੇ ॥੬੪॥

''ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਵਾ ਦਿੱਤੇ ਹਨ ਅਤੇ ਸਾਡੇ ਮਨ ਦੇ ਸਾਰੇ ਭਰਮ ਦੂਰ ਹੋ ਗਏ ਹਨ।'' ਜਦ ਸਹਿਸਕ੍ਰਿਤਿ (ਦੇਵਨਾਗਰੀ) ਅੱਖਰਾਂ ਵਿਚ ਲਿਖੀ ਵੇਖੀ ਤਾਂ ਗੁਰੂ ਅੰਗਦ ਦੇਵ ਜੀ ਨੇ ਇਹ ਬਚਨ ਕੀਤੇ॥ ੬੪॥

'ਇਨ ਅਛਰਨ ਕੋ ਜੋਊ ਜਾਨੈ॥ ਸੋ ਯਾ ਕੋ ਪਢਿ ਅਰਥ ਬਖਾਨੈ।
ਗੁਰਮੁੱਖੀ ਚਹਿਯੇ ਕਰਵਾਈ। ਪਢਹਿ ਸੁਨਹਿਂ ਸਿਖ ਗੁਰਮਤਿ ਪਾਈ' ॥੬੫॥

''ਇਨ੍ਹਾਂ ਅੱਖਰਾਂ ਨੂੰ ਜਿਹੜਾ ਜਾਣਦਾ ਹੋਵੇ ਉਹ ਹੀ ਇਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਦੇ ਅਰਥ ਬਿਆਨ ਕਰ ਸਕਦਾ ਹੈ। ਇਹ ਗੁਰਮੁਖੀ ਅੱਖਰਾਂ ਵਿਚ ਕਰਵਾਉਣੀ ਚਾਹੀਦੀ ਹੈ, ਤਾਕਿ ਸਿੱਖ ਇਸ ਨੂੰ ਪੜ੍ਹ ਸੁਣ ਕੇ ਗੁਰਮਤਿ ਪ੍ਰਾਪਤ ਕਰਨ''॥ ੬੫॥

ਸੋਰਠਾ- ਸਤਿਗੁਰ ਕ੍ਰਿਪਾ ਨਿਧਾਨ ਸ੍ਰੀ ਨਾਨਕ ਜਗ ਬਿਦਤ ਜਬ।
ਸੰਗਤਿ ਕੀਨਿ ਮਹਾਨ ਜਾਨੀ ਬਿਦ੍ਯਾ ਬਰਨ ਤਬ॥ ੬੬॥

ਸਤਿਗੁਰੂ ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਜਦ ਜੱਗ ਵਿਚ ਪ੍ਰਸਿੱਧ ਸਨ, ਤਦ ਉਨ੍ਹਾਂ ਸੰਗਤ ਨੂੰ ਆਪਣੀ ਬੋਲੀ ਵਿਚ ਵਿਦਿਆ ਪ੍ਰਾਪਤ ਕਰਨ ਨੂੰ ਮਹਾਨ ਗਿਣਿਆ। ਇਸ ਲਈ ਉਨ੍ਹਾਂ ਆਪਣੀ ਬਾਣੀ ਗੁਰਮੁਖੀ ਵਿਚ ਲਿਖੀ, ਤਾਕਿ ਆਮ ਵਿਅਕਤੀ ਵੀ ਪੜ੍ਹ ਸੁਣ ਸਕਣ॥ ੬੬॥

ਦੋਹਰਾ- ਮਹਿਮਾ ਖਹਿਰਾ ਜੱਟ ਇਕ ਕਹਿ ਸ੍ਰੀ ਅੰਗਦ ਪਾਸ।
'ਪੈੜਾ ਮੋਖਾ ਖੱਤਰੀ ਸੁਲਤਾਨਹਿਪੁਰਿ ਬਾਸ॥ ੬੭॥

ਮਹਿਮਾ ਖਹਿਰਾ ਨਾਮੀ ਇਕ ਜੱਟ ਗੁਰੂ ਅੰਗਦ ਦੇਵ ਪਾਸ ਰਹਿੰਦਾ ਸੀ, ਉਸ ਨੇ ਗੁਰੂ ਜੀ ਨੂੰ ਕਿਹਾ, ''ਪੈੜਾ ਮੋਖਾ ਨਾਂ ਦਾ ਇਕ ਖੱਤਰੀ ਸੁਲਤਾਨਪੁਰ ਵਿਚ ਰਹਿੰਦਾ ਹੈ॥ ੬੭॥

ਚੌਪਈ- ਅੱਛਰ ਜਾਨਤਿ ਹੈ ਵਹਿ ਦੋਊ। ਪਢਿ ਲਿਖਿ ਹੈ ਬੁਲਵਾਈਯੇ ਸੋਊ'।
ਸ੍ਰੀ ਅੰਗਦ ਕਹਿ 'ਤੁਮਹੀ ਜਾਵਹੁ। ਕਰਿ ਸਤਿਕਾਰ ਤੁਰਤ ਲੇ ਆਵਹੁ' ॥੬੮॥

ਉਹ ਸ਼ਾਸਤ੍ਰੀ ਅਤੇ ਗੁਰਮੁਖੀ ਦੋਵੇਂ ਅੱਖਰ ਜਾਣਦਾ ਹੈ, ਉਹ ਪੜ੍ਹ ਲਿਖ ਲਵੇਗਾ, ਇਸ ਲਈ ਉਸ ਨੂੰ ਬੁਲਾ ਲਿਆ ਜਾਵੇ।'' ਗੁਰੂ ਅੰਗਦ ਦੇਵ ਜੀ ਨੇ ਮਹਿਮੇ ਨੂੰ ਕਿਹਾ, ''ਤੁਸੀਂ ਜਾਵੋ ਅਤੇ ਪੂਰੇ ਸਤਿਕਾਰ ਨਾਲ ਉਸ ਨੂੰ ਏਥੇ ਲੈ ਆਵੋ''॥ ੬੮॥

ਮਹਿਮਾ ਪਹੁੰਚਯੋ ਤਾਂਹਿ ਅਵਾਸਾ। ਆਨਯੋ ਜਸ ਪਦ ਸਤਿਗੁਰ ਪਾਸਾ।
ਪਰਯੋ ਚਰਨ ਗੁਰ ਆਗ੍ਯਾ ਦੀਨੀ॥ 'ਪਢਹੁ ਪੱਤ੍ਰਿਕਾ ਸੁਖ ਪ੍ਰਦ ਚੀਨੀ' ॥੬੯॥

ਮਹਿਮਾ ਸੁਲਤਾਨਪੁਰ ਪਹੁੰਚ ਕੇ ਉਸ ਦੇ ਘਰ ਗਿਆ ਅਤੇ ਛੇਤੀ ਹੀ ਉਸ ਨੂੰ ਸਤਿਗੁਰੂ ਪਾਸ ਲੈ ਆਇਆ। ਉਹ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਸੁਖ ਦੇਣ ਵਾਲੀ ਜਨਮ ਪੱਤ੍ਰੀ ਪੜ੍ਹਨ ਦਾ ਆਦੇਸ਼ ਕੀਤਾ॥ ੬੯॥

ਚੌਪਈ- ਕਰ ਮਹਿੰ ਲੇਯ ਪੱਤ੍ਰਿਕਾ ਬਾਚੀ। ਜਨੁ ਬਾਨੀ ਰਸਨਾ ਪਰ ਨਾਚੀ।
ਸੁਨ ਕਰਿ ਖੁਸ਼ੀ ਕਰੀ ਤਿਹ ਸਿਖ ਪਰ। 'ਗੁਰਮੁੱਖੀ ਲਿਖੀਏ ਇਹ ਅੱਖਰ' ॥੭੦॥

ਹੱਥ ਵਿਚ ਫੜ ਕੇ ਉਸ ਜਨਮ ਪੱਤ੍ਰੀ ਇਸ ਤਰ੍ਹਾਂ ਪੜ੍ਹੀ ਜਿਵੇਂ ਉਸ ਦੀ ਜੀਭ ਤੇ ਸਰਸਵਤੀ ਨੇ ਨਾਚ ਕੀਤਾ ਹੋਵੇ। ਗੁਰੂ ਜੀ ਸੁਣ ਕੇ ਉਸ ਸਿੱਖ ਤੇ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਇਸ ਜਨਮ ਪੱਤ੍ਰੀ ਨੂੰ ਹੁਣ ਗੁਰਮੁਖੀ ਅੱਖਰਾਂ ਵਿਚ ਲਿਖ ਦੇਵੋ।" ॥ ੭੦॥

ਕਹਿ ਕਰਿ ਕਾਗਰ ਲੀਨਿ ਮੰਗਾਈ। ਸ੍ਰੀ ਅੰਗਦ ਸਭਿ ਹੀ ਲਿਖਵਾਈ।
ਆਸਨ ਡਾਰਿ ਅਸੀਨਹਿੰ ਦਜਾਲਾ। ਆਨ ਸੁਨਹਿ ਤਹਿੰ ਸਿੱਖ ਬਿਸਾਲਾ ॥੭੧॥

ਇਹ ਕਹਿ ਕੇ ਕਾਗਜ਼ ਕਲਮ ਮੰਗਵਾਏ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਾਰੀ ਹੀ ਲਿਖਵਾ ਦਿੱਤੀ। ਆਸਣ ਡਾਹ ਕੇ ਦਿਆਲੂ ਗੁਰੂ ਜੀ ਆਪਣੇ ਆਸਣ ਤੇ ਬੈਠੇ ਸਨ, ਵੱਡੀ ਗਿਣਤੀ ਵਿਚ ਸਿੱਖ ਆ ਕੇ ਸੁਣ ਰਹੇ ਸਨ॥ ੭੧॥

ਇਕ ਬੁੱਢਾ ਜੋ ਹੈ ਤਤਵੇਤਾ। ਮੋਹ ਆਦਿ ਜੋਧਾ ਅਤਿ ਜੇਤਾ।
ਬਚਨ ਪਾਇ ਗੁਰੁ ਜੋ ਸਿਸੁ ਬੈਸਾ। ਭਯੋ ਪਰਮ ਬ੍ਰਿੱਧਨ ਤਨ ਜੈਸਾ ॥੭੨॥

ਜਿਹੜੇ ਬਾਬਾ ਬੁੱਢਾ ਜੀ ਹਨ ਉਹ ਬੜੇ ਤਤਵੇਤਾ ਹਨ, ਉਨ੍ਹਾਂ ਇਕ ਵੱਡੇ ਜੋਧੇ ਵਾਂਗ ਮੋਹ ਆਦਿ ਨੂੰ ਜਿੱਤ ਲਿਆ ਹੈ। ਉਸ ਨੇ ਬਾਲ ਉਮਰ ਤੋਂ ਗੁਰੂ ਜੀ ਦੇ ਬਚਨ ਸੁਣੇ ਹਨ, ਉਸ ਦਾ ਸਰੀਰ ਅਧਿਕ ਬੁਢਿਆਂ ਦੇ ਸਮਾਨ ਹੋ ਗਿਆ ਹੈ॥ ੭੨॥

ਖਟ ਪਾਤਿਸ਼ਾਹੀ ਰਹਜੋ ਹਦੂਰਾ। ਨਿਪੁਨ ਸੇਵ ਮਹਿੰ ਬਚਨਨ ਪੂਰਾ।
ਸੋ ਸ਼੍ਰੋਤਾ ਬੈਸਜੋ ਮਤਿ ਧੀਰਾ। ਸੁਨਨ ਕਥਾ ਜੁ ਹਰਹਿ ਭਵ ਪੀਰਾ ॥੭੩॥

ਉਹ ਛੇਵੀਂ ਪਾਤਿਸ਼ਾਹੀ ਤਕ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ। ਸੇਵਾ ਅਤੇ ਬਚਨਾਂ ਦਾ ਉਹ ਪੂਰਾ ਹੈ। ਪਰਮ ਧੀਰਜਵਾਨ ਬਾਬਾ ਬੁਢਾ ਜੀ ਵੀ ਉਥੇ ਅਜਿਹੀ ਕਥਾ ਸੁਣਨ ਵਾਸਤੇ ਬੈਠਾ ਹੈ ਜਿਸ ਦੇ ਸੁਣਨ ਨਾਲ ਸਭ ਸੰਸਾਰਿਕ ਪੀੜਾ ਖਤਮ ਹੋ ਜਾਂਦੀਆਂ ਹਨ॥ ੭੩॥

ਅਮਰਦਾਸ ਤੇਜੋ ਕੇ ਨੰਦਨ। ਸੇਵੇ ਜਿਨ ਅੰਗਦ ਦੁਖ ਕੰਦਨ।
ਗੁਰਤਾ ਪਾਈ ਜਿਨ ਪਸ਼ਚਾਤੀ। ਸੁਨਤਿ ਭਯੋ ਸੋ ਕਥਾ ਸੁਹਾਤੀ ॥੭੪॥

ਸ੍ਰੀ ਗੁਰੂ ਅਮਰਦਾਸ ਜੀ ਭਾਈ ਤੇਜਾ ਜੀ ਦੇ ਪੁੱਤਰ ਹਨ। ਦੁਖ ਹਰਨ ਵਾਲੇ ਗੁਰੂ ਅੰਗਦ ਦੇਵ ਦੀ ਉਨ੍ਹਾਂ ਬਹੁਤ ਸੇਵਾ ਕੀਤੀ ਹੈ। ਉਸ ਦੇ ਬਾਅਦ ਵਿਚ ਉਨ੍ਹਾਂ ਗੁਰਿਆਈ ਪ੍ਰਾਪਤ ਕੀਤੀ। ਉਹ ਵੀ ਸ਼ੋਭਨੀਕ ਕਥਾ ਸੁਣ ਰਹੇ ਹਨ॥ ੭੪॥

ਪੁਨ ਗੁਰਮੁਖ ਇਕ ਜੀਵਾ ਭਾਈ। ਮਨ ਬਚ ਕ੍ਰਮ ਜਿਨ ਸੇਵ ਕਮਾਈ।
ਸ੍ਰੀ ਅੰਗਦ ਹਿਤ ਭੋਜਨ ਤਜਾਰੀ। ਕਰਤਿ ਪ੍ਰੀਤਿ ਸੋਂ ਰੁਚਿਰ ਸਵਾਰੀ ॥੭੫॥

ਫਿਰ ਇਕ ਭਾਈ ਜੀਵਾ ਨਾਮੀ ਗੁਰਮੁਖ ਨੇ ਮਨ, ਬਚਨ ਅਤੇ ਕਰਮ ਕਰਕੇ ਸੇਵਾ ਦੀ ਕਮਾਈ ਕੀਤੀ ਹੈ ਉਹ ਗੁਰੂ ਅੰਗਦ ਦੇਵ ਜੀ ਵਾਸਤੇ ਭੋਜਨ ਤਿਆਰ ਕਰਦਾ ਹੈ। ਬੜੀ ਪ੍ਰੀਤ ਨਾਲ ਉਹ ਸੁਆਦਲੇ ਪਦਾਰਥ ਤਿਆਰ ਕਰਦਾ ਹੈ॥ ੭੫॥

ਪਾਰੋ ਜੁਲਕਾ ਪੁਨ ਸਿਖ ਏਕੂ। ਪਰਮ ਹੰਸ ਕੋ ਜਾਸ ਬਿਬੇਕੂ।
ਤਜਨ ਅਸਾਰੰ ਸਾਰ ਗ੍ਰਹੀਤੀ। ਪੈ ਅਪ ਕੀ ਜਿਉਂ ਹੰਸਨ ਰੀਤੀ ॥੭੬॥

ਇਕ ਭਾਈ ਪਾਰੋ ਜੁਲਕਾ ਨਾਮੀ ਸਿੱਖ ਹੈ, ਜਿਨ੍ਹਾਂ ਨੂੰ ਪਰਮ ਹੰਸ ਕਰਕੇ ਜਾਣਿਆਂ ਜਾਂਦਾ ਹੈ, ਭਾਵ ਇਹ ਉਨ੍ਹਾਂ ਦੀ ਅੱਲ ਹੈ। ਉਹ ਫੋਗ ਨੂੰ ਛੱਡਣ ਵਾਲਾ ਅਤੇ ਉੱਤਮ ਤਤ੍ਵ ਨੂੰ ਗ੍ਰਹਿਣ ਕਰਨ ਵਾਲਾ ਹੈ, ਦੁੱਧ ਪਾਣੀ ਦੀ ਜਿਵੇਂ ਹੰਸਨ ਰੀਤੀ ਹੈ॥ ੭੬॥

ਚੌਪਈ- ਸੈਨ ਸਰਸ ਇਕ ਪਿੰਛਾ ਨਾਈ। ਜਿਨ ਸਿੱਖੀ ਕੀ ਰੀਤ ਕਮਾਈ।
ਭਾ ਮੁਰੀਦ ਮੁਰਦੇ ਕੀ ਨਜਾਈ। ਗੁਰੂ ਗੋਰ ਮਹਿਂ ਕੀਨਿ ਸਮਾਈ ॥੭੭॥

ਭਗਤ ਸੈਨ ਵਰਗਾ ਇਕ ਪਿੰਗਾ ਨਾਈ ਹੈ, ਜਿਸ ਨੇ ਸਿੱਖੀ ਦੀ ਰੀਤ ਅਨੁਸਾਰ ਕਮਾਈ ਕੀਤੀ ਹੈ। ਚੰਗਾ ਮੁਰੀਦ ਇਕ ਮੁਰਦੇ ਵਾਂਗ ਹੁੰਦਾ ਹੈ, ਜਿਹੜਾ ਗੁਰੂ ਰੂਪ ਕਬਰ ਵਿਚ ਸਮਾ ਜਾਂਦਾ ਹੈ, ਭਾਵ ਆਪਣਾ ਆਪਾ ਭੁੱਲ ਜਾਂਦਾ ਹੈ॥ ੭੭॥

ਇਤਜਾਦਿਕ ਜੋ ਸੇਵਕ ਪ੍ਰੇਮੀ। ਭਏ ਕਥਾ ਸੁਨਨੇ ਕੇ ਨੇਮੀ।
ਅਪਰ ਮਨੁਜ ਆਵਹਿਂ ਕਰਿ ਹੇਤੂ। ਸੁਨਹਿਂ ਕਥਾ ਬੇਦੀ ਕੁਲ ਕੇਤੂ ॥੭੮॥

ਇਸ ਤਰ੍ਹਾਂ ਕਈ ਸੇਵਕ ਪ੍ਰੇਮੀ, ਗੁਰੂ ਜੀ ਦੀ ਕਥਾ ਨੇਮ ਨਾਲ ਸੁਣਦੇ ਹਨ। ਹੋਰ ਮਨੁੱਖ ਵੀ ਪ੍ਰੇਮ ਕਰਕੇ ਆਉਂਦੇ ਹਨ ਅਤੇ ਬੇਦੀ ਕੁਲ ਦੇ ਧ੍ਵਜ ਸਤਿਗੁਰੂ ਨਾਨਕ ਦੇਵ ਜੀ ਦੀ ਕਥਾ ਸੁਣਦੇ ਹਨ॥ ੭੮॥

ਦੋਹਰਾ- ਬਾਲਾ ਕਰਤਿ ਉਚਾਰ ਮੁਖ, ਪੈੜੇ ਲਿਖੀ ਸੁਧਾਰ।
ਲਿਖਵਾਈ ਅੰਗਦ ਗੁਰੂ ਜਗ ਕੇ ਕਾਜ ਉਧਾਰਿ॥ ੭੯॥

ਭਾਈ ਬਾਲਾ ਆਪਣੇ ਮੁਖ ਤੋਂ ਕਥਾ ਦਾ ਉਚਾਰਨ ਕਰਦਾ ਹੈ ਤੇ ਭਾਈ ਪੈੜਾ ਮੋਖਾ ਸੁਧਾਰ ਕੇ ਲਿਖੀ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਨੇ ਜੱਗ ਦੇ ਉਧਾਰ ਕਰਨ ਵਾਸਤੇ ਇਹ ਕਥਾ ਲਿਖਵਾਈ ਹੈ॥ ੭੯॥

ਸੋ ਸੁਨਿ ਬਰਨਨ ਕਰਤਿ ਕਵਿ ਛੰਦ ਚੌਪਈ ਬੰਦ।
ਸ੍ਰੀ ਨਾਨਕ ਪਰਮਾਤਮਾ ਬੰਦੰਨ ਕਰਿ ਸੁਖ ਕੰਦ॥ ੮੦॥

ਸੁੱਖਾਂ ਦੇ ਦਾਤਾ ਸ੍ਰੀ ਗੁਰੂ ਨਾਨਕ ਜੀ ਪਰਮਾਤਮਾ ਰੂਪ ਨੂੰ ਮੱਥਾ ਟੇਕ ਕੇ ਕਵੀ ਨੇ ਇਸ ਕਥਾ ਦਾ ਵਰਣਨ ਇਕ ਚੌਪਈ ਛੰਦ ਦੇ ਬੰਦ ਵਿਚ ਕੀਤਾ ਹੈ॥ ੮੦॥

*ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਪੱਤ੍ਰੀ ਆਨਨਾ ਪ੍ਰਸੰਗ ਬਰਨਨ ਨਾਮ ਦੁਤੀਓ ਅਧਯਾਯ॥ ੨॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਦੂਸਰਾ ਅਧਿਆਇ, ਜਿਸ ਦਾ ਨਾਮ 'ਪਤਰੀ ਲਿਆਉਣਾ' ਹੈ, ਸਮਾਪਤ ਹੋਇਆ॥ ੨॥

## ਅਧਿਆਇ ਤੀਸਰਾ

*ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ।*

ਕਬਿੱਤ- ਕੋਊ ਕਵਿ ਉਪਮਾ ਸੁ ਦੇਤਿ ਪਾਰਜਾਤ ਪਗ, ਕੋਊ ਕਹੇ ਗੁਰੂ ਪਗ ਕਮਲ ਅਮਲ ਹੈਂ।
ਜੋਊ ਪਾਰਜਾਤ ਨ ਚਿਤੰਨ ਗਤਿਦਾਨ ਨਾਹੀ, ਅਮਲ ਕਮਲ ਰੈਨ ਵਿਖੇ ਮੁਖ ਮਿਲ ਹੈਂ।
ਵੈ ਤੋ ਸਹਿਚੇਤ ਦੇਤ ਕਾਮਨਾ ਭਗਤ ਨਿਜ, ਬਾਸੁਰ ਔ ਰਜਨੀ ਮੇਂ ਏਕ ਸੇ ਸਤੁਲ ਹੈਂ।
ਲਖੇ ਪਦ ਆਦਰ ਨ ਪਾਰਜਾਤ ਕਮਲ ਕੋ ਤਾਂਤੇ ਪਗ ਪਗ ਪਾਰਜਾਤ ਨ ਕਮਲ ਹੈਂ ॥੧॥

ਕੋਈ ਕਵੀ ਗੁਰੂ ਜੀ ਦੇ ਚਰਨਾਂ ਨੂੰ ਕਲਪ ਬ੍ਰਿਛ ਨਾਲ ਉਪਮਾਂ ਦਿੰਦਾ ਹੈ, ਕੋਈ ਲਿਖਦਾ ਹੈ ਕਿ ਗੁਰੂ ਜੀ ਦੇ ਚਰਨ ਨਿਰਮਲ ਕੰਵਲ ਵਰਗੇ ਹਨ, ਪਰ ਉਨ੍ਹਾਂ ਕਵੀਆਂ ਨੂੰ ਇਹ ਪਤਾ ਨਹੀਂ ਕਲਪ ਬ੍ਰਿਛ ਅਤੇ ਕੰਵਲ ਨਾ ਤਾਂ ਚੇਤਨ ਹਨ ਅਤੇ ਨਾ ਹੀ ਮੁਕਤੀ ਦੇਣ ਵਾਲੇ ਹਨ। ਕੰਵਲ ਵੀ ਸਦਾ ਖਿੜਿਆ ਨਹੀਂ ਰਹਿੰਦਾ, ਰਾਤ ਨੂੰ ਉਸ ਦਾ ਮੂੰਹ ਬੰਦ ਹੋ ਜਾਂਦਾ ਹੈ। ਪਰ ਸਤਿਗੁਰੂ ਜੀ ਦੇ ਚਰਨ ਚੇਤਨਾ ਵਾਲੇ ਹਨ ਅਤੇ ਆਪਣੇ ਭਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ ਅਤੇ

ਦਿਨ-ਰਾਤ ਹਰ ਸਮੇਂ ਇਕ-ਰਸ ਰਹਿਣ ਵਾਲੇ ਹਨ ਅਤੇ ਇਕ ਸਮਾਨ ਹਨ। ਮੈਂ ਨਾ ਹੀ ਕਲਪ ਬ੍ਰਿਛ ਅਤੇ ਨਾ ਹੀ ਕੰਵਲ ਨੂੰ ਗੁਰੂ ਜੀ ਦੇ ਚਰਨਾਂ ਦੇ ਆਦਰਯੋਗ ਸਮਝਦਾ ਹਾਂ, ਇਸ ਲਈ ਚਰਨ, ਚਰਨ ਹੀ ਹਨ, ਨਾ ਇਹ ਪਾਰਜਾਤ ਹਨ ਅਤੇ ਨਾ ਕੰਵਲ ਦੇ ਫੁੱਲ॥ ੧॥

*ਭਾਈ ਬਾਲੇ ਜੀ ਦਾ ਰੂਪ ਵਰਣਨ।*

ਚੌਪਈ- ਕਰ ਤੂੰਬੀ ਕਟ ਕੀਨਿ ਕੁਪੀਨਾ। ਤਨ ਊਪਰ ਕਮਰੀ ਸਿਤ ਲੀਨਾ।
ਊਚੀ ਕੁਲਹ ਸੀਸ ਪਰ ਧਾਰੀ। ਸ਼ਮਸ਼ ਸ੍ਵੇਤ ਦੀਰਘ ਇਕਸਾਰੀ॥ ੨॥

ਹੱਥ ਵਿਚ ਤੂੰਬੀ ਫੜੀ ਹੋਈ ਹੈ, ਲੱਕ ਨਾਲ ਲੰਗੋਟੀ ਬੱਧੀ ਹੈ, ਜਿਸਮ ਉਪਰ ਕੰਬਲੀ ਲਈ ਹੈ ਅਤੇ ਸਿਰ ਤੇ ਸਫੇਦ ਟੋਪੀ ਪਾਈ ਹੋਈ ਹੈ, ਦਾਹੜਾ ਚਿੱਟਾ, ਲੰਮਾ ਅਤੇ ਇਕਸਾਰ ਹੈ॥ ੨॥

ਉਰ ਮੈਂ ਕਰ ਗੁਰ ਨਾਨਕ ਧਜਾਨਾ। ਬੰਦੇ ਪਦ ਅਰਬਿੰਦ ਬਿਧਾਨਾ।
ਬਾਲਾ ਬਰਨਨ ਕਰਨ ਲਗਾ ਬਰ। ਸਸਿ ਮੁਖ ਤੇ ਇਤਿਹਾਸ ਸੁਧਾ ਸਰ॥੩॥

ਦਿਲ ਵਿਚ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਿਆ ਹੈ ਅਤੇ ਵਿਧੀ ਅਨੁਸਾਰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਬੰਦਨਾ ਕਰ ਰਿਹਾ ਹੈ। ਭਾਈ ਬਾਲਾ ਆਪਣੇ ਚੰਦਰ ਮੁਖ ਤੋਂ ਅੰਮ੍ਰਿਤ ਸਮਾਨ ਗੁਰ ਇਤਿਹਾਸ ਵਰਣਨ ਕਰ ਰਿਹਾ ਹੈ॥ ੩॥

*ਸ੍ਰੀ ਬਾਲਾ ਸੰਧੁਰ ਵਾਚ॥*

ਕਲਿਜੁਗ ਪਾਇ ਅਕਾਲ ਪ੍ਰਜੋਰਾ। ਪ੍ਰਗਟ ਭਏ ਅਘ ਓਘ ਪ੍ਰਘੋਰਾ।
ਆਦਿ ਦੁਕਾਲ ਹੋਤਿ ਉਤਪਾਤਾ। ਭਯੋ ਮਲੇਛ ਰਾਜ ਬਖਜਾਤਾ॥ ੪॥

*ਭਾਈ ਬਾਲੇ ਨੇ ਕਿਹਾ-* ਕਲਿਜੁਗ ਆਪਣੇ ਕ੍ਰੂਰ ਰੂਪ ਵਿਚ ਪੂਰੇ ਜ਼ੋਰਾਂ ਤੇ ਸੀ। ਪਾਪ ਨੇ ਬਹੁਤ ਭਿਆਨਕ ਰੂਪ ਧਾਰਨ ਕਰ ਲਿਆ ਸੀ, ਭਾਵ ਬਹੁਤ ਵੱਧ ਗਿਆ ਸੀ। ਕਾਲ ਪੈ ਜਾਣਾ ਆਦਿ ਦੁਰਘਟਨਾਵਾਂ ਆਮ ਵਾਪਰ ਰਹੀਆਂ ਸਨ। ਮਲੇਛਾਂ ਦੀ ਹਕੂਮਤ ਵੱਧ ਰਹੀ ਸੀ॥ ੪॥

ਚੌਪਈ- ਪੰਥ ਮੁਹੰਮਦ ਬਢਤਿ ਅਪਾਰਾ। ਕਲਮਲ ਮਯ ਮਤਿਹੀਨ ਬਿਚਾਰਾ।
ਗੋ ਗਰੀਬ ਕੋ ਹਤਹਿੰ ਕੁਸਾਲੀ। ਕਲ ਕੇ ਕਾਲਹਿ 'ਕੀਨਿ ਕੁਚਾਲੀ॥੫॥

ਮੁਹੰਮਦ ਦਾ ਪੰਥ ਬਹੁਤ ਵੱਧ ਰਿਹਾ ਸੀ। ਪਾਪ ਰੂਪ ਮਲੇਛ ਗਰੀਬ ਪਰਜਾ ਤੇ ਜ਼ੁਲਮ ਕਰ ਰਹੇ ਸਨ। ਗਊ ਗ਼ਰੀਬ ਅਨਿਆਈ ਮੌਤੇ ਮਾਰੇ ਜਾ ਰਹੇ ਹਨ। ਮੌਤ ਦੇ ਫਰਿਸ਼ਤੇ ਖੋਟੀ ਚਾਲ ਚੱਲ ਰਹੇ ਹਨ॥ ੫॥

ਨ੍ਰਿਪਤ ਭਏ ਮਤਿਮੰਦ ਮਲੀਨਾ। ਜਨੁ ਸੁਭ ਕਰਮ ਖੋਸ ਕਿਸ ਲੀਨਾ।
ਮੰਤ੍ਰੀ ਲੋਲਪ ਬੇਸਜਾਗਾਮੀ। ਦੁਰਾਚਾਰ ਕਰਿਹੀ ਮਨਬਾਮੀ॥ ੬॥

ਰਾਜੇ ਭੈੜੀ ਬੁੱਧੀ ਵਾਲੇ ਅਤੇ ਮਲੀਨ (ਮੈਲੇ) ਹੋ ਗਏ ਹਨ। ਲੋਕਾਂ ਨੂੰ ਸ਼ੁਭ ਕੰਮ ਕਰਨ ਤੋਂ ਰੋਕ ਦਿੱਤਾ ਗਿਆ ਸੀ। ਮੰਤਰੀ ਲੰਪਟ ਅਤੇ ਵਿਭਚਾਰੀ ਹੋ ਗਏ ਹਨ। ਟੇਢੇ ਮਨ ਵਾਲੇ ਭੈੜੇ ਕਰਮ ਕਰ ਰਹੇ ਹਨ॥ ੬॥

ਦੋਹਰਾ- ਦੁਰਮਤਿ ਦੁਸ਼ਟ ਦਰੋਦਰੀ ਦੁੱਕ੍ਰਿਤ ਦੁਖਤਿ ਕਲੇਸ਼।
ਸੁਨ ਸਿੰਘਕਾ ਸਰਸ ਸੇ, ਧਰਮ ਭਯੋ ਰਾਂਕੇਸ਼॥ ੭॥

ਖੋਟੀ ਬੁੱਧ, ਦੁਸ਼ਟਤਾ, ਜੂਏਬਾਜ਼ੀ, ਬਖੀਲੀ, ਦੁੱਖ, ਸੰਤਾਪ ਇਹ ਸਾਰੇ ਸਿੰਘਕਾ ਰਾਖਸ਼ਣੀ ਦੇ ਪੁੱਤ੍ਰ ਰਾਹੂ ਸਮਾਨ ਹੋ ਗਏ ਅਤੇ ਧਰਮ ਪੂਰਨਮਾਸ਼ੀ ਦਾ ਚੰਦਰਮਾਂ ਹੋ ਗਿਆ॥ ੭॥

ਚੌਪਈ- ਨ੍ਰਿਪਤ ਪੁਕਾਰ ਨ ਸੁਨਿਹੈਂ ਕਾਈ। ਕਾਜੀ ਰਿਸ਼ਵਤ ਬਸਿ ਅਧਿਕਾਈ।
ਝੂਠੇ ਕੋ ਸਾਚਾ ਕਰਿ ਦੇਈ। ਸਤਿ ਨਜਾਉਂਕੋ ਨਾਉਂ ਨ ਲੇਈ॥ ੮॥

ਰਾਜੇ ਕਿਸੇ ਦੀ ਫਰਿਆਦ ਨਹੀਂ ਸੀ ਸੁਣਦੇ। ਕਾਜ਼ੀ ਲੋਕ ਰਿਸ਼ਵਤ ਲੈ ਕੇ ਝੂਠੇ ਨੂੰ ਸੱਚਾ ਬਣਾ ਦਿੰਦੇ ਸਨ ਅਤੇ ਸੱਚੇ ਨੂੰ ਨਿਆਂ ਦੇਣ ਦਾ ਨਾਂ ਨਹੀਂ ਸੀ ਲੈਂਦੇ॥ ੮॥

ਜਹਿ ਤਹਿਂ ਚਲੀ ਮਲੇਛਨ ਭਾਖਾ। ਨਿਜ ਨਿਜ ਧਰਮ ਨਰਨ ਸਭਿ ਨਾਖਾ।
ਪੁੰਨ ਹੀਨ ਤਨ ਪਾਪਨ ਪੀਨਾ। ਦਰਬ ਖਸੋਟਹਿਂ ਦੇਖਤਿ ਦੀਨਾ॥ ੯॥

ਥਾਂ ਥਾਂ ਮਲੇਛਾਂ ਦੀ ਬੋਲੀ ਦਾ ਬੋਲਬਾਲਾ ਹੋ ਗਿਆ। ਆਪੋ ਆਪਣਾ ਧਰਮ ਸਭ ਮਨੁੱਖਾਂ ਨੇ ਛੱਡ ਦਿੱਤਾ। ਪੁੰਨ ਕਰਮ ਕਮਜ਼ੋਰ ਹੋ ਗਏ ਅਤੇ ਪਾਪ ਕਰਮ ਤੱਕੜੇ ਹੋ ਗਏ। ਗਰੀਬ ਅਤੇ ਕਮਜ਼ੋਰ ਵੇਖ ਕੇ ਧਨ ਖੋਹ ਲੈਂਦੇ ਹਨ॥ ੯॥

ਪਰ ਕਾਰਜ ਕੇ ਕਰਤਾ ਹਾਨੀ। ਸਨਿ ਜਿਉਂ ਤਨੁ ਖੋਵਹਿ ਦੁਖ ਦਾਨੀ॥
ਪਰ ਧਨ,ਪਰ ਨਿੰਦਿਆ,ਪਰਦਾਰਾ। ਨਿਸਦਿਨ ਤਨ ਮਨ ਸੋਹਿਤ ਧਾਰਾ॥੧੦॥

ਪਰਾਏ ਕੰਮ ਕਰਨ ਵਾਲੇ ਦਾ ਨਾਸ਼ ਹੀ ਹੁੰਦਾ ਹੈ, ਜਿਵੇਂ ਪਟਸਣ ਆਪਣਾ ਆਪ ਕਟਾ ਕੇ ਰੱਸੇ ਦਾ ਰੂਪ ਹੋ ਕੇ ਦੂਜੇ ਨੂੰ ਬੰਨ੍ਹਣ ਦੇ ਕੰਮ ਆ ਕੇ ਦੁਖਦਾਈ ਹੁੰਦੀ ਹੈ। ਪਰਾਇਆ ਧਨ, ਪਰਾਈ ਨਿੰਦਿਆ ਅਤੇ ਪਰਾਈ ਇਸਤਰੀ ਲਈ ਦਿਨ ਰਾਤ ਤਨ ਮਨ ਨਾਲ ਪ੍ਰੇਮ ਦੀ ਧਾਰਾ ਚਲਦੀ ਹੈ॥ ੧੦॥

ਦੋਹਰਾ- ਜੰਗਮ ਬਹੁਤ ਸਰੇਵਰੇ ਕਰਤਿ ਦਿਗੰਬਰ ਰਾਰ।
ਖਟ ਦਰਸ਼ਨ ਹਰਿ ਨਾਮ ਬਿਨ ਹੋਤਿ ਬਾਦ ਮਰਿ ਖ੍ਵਾਰ॥ ੧੧॥

ਜੰਗਮ (ਟੱਲੀਆਂ ਖੜਕਾ ਕੇ ਮੰਗਣ ਵਾਲੇ ਗੋਰ ਜਾਨੀ) ਸਰੇਵਰੇ ਅਤੇ ਦਿਗੰਬਰ (ਜੈਨੀਆਂ ਦੇ ਦੋ ਭੇਦ) ਆਪਸ ਵਿਚ ਬਹੁਤ ਝਗੜਾ ਕਰਦੇ ਹਨ। ਛੇ ਮਤ ਵਾਹਿਗੁਰੂ ਦੇ ਨਾਮ ਬਗੈਰ ਬਾਅਦ ਵਿਚ ਖਰਾਬ ਹੁੰਦੇ ਹਨ॥ ੧੧॥

ਚੌਪਈ- ਕੀਨੇ ਦ੍ਵਾਦਸ਼ ਮਾਰਗ ਜੋਗੀ। ਭਾਉ ਭਗਤਿ ਬਿਨ ਭਏ ਬਿਓਗੀ।
ਕਰਹਿਂ ਸ਼ਾਸਤ੍ਰਨ ਬਿਪਰ ਕੁਬਾਦਾ। ਬਹੁਤ ਪਰਸਪਰ ਵਧਤਿ ਬਿਖਾਧਾ॥੧੨॥

ਜੋਗੀਆਂ ਦੇ ਬਾਰਾਂ ਪੰਥ ਬਣੇ ਹਨ। ਪਰ ਪ੍ਰਭੂ ਦੀ ਭਗਤੀ ਬਗੈਰ ਉਹ ਮਾਲਕ ਤੋਂ ਵਿਛੜੇ ਹੋਏ ਹਨ (ਬਾਰਾਂ ਪੰਥ ਇਹ ਹਨ:- ਹੇਤੂ, ਪਾਵ, ਆਈ, ਗੰਮਯ, ਪਾਗਲ, ਗੋਪਾਲ, ਦਾਸ, ਕੰਥੜੀ, ਬਨ, ਧ੍ਵਜ, ਚੋਲੀ ਅਤੇ ਰਾਵਲ), ਸ਼ਾਸਤਰਾਂ ਬਾਰੇ ਬ੍ਰਾਹਮਣ ਝਗੜਦੇ ਰਹਿੰਦੇ ਹਨ। ਆਪਸ ਵਿਚ ਬਹੁਤ ਫਸਾਦ ਕਰਦੇ ਹਨ॥ ੧੨॥

ਮੂੰਡ ਮੁੰਡਾਵਹਿਂ ਹੁਇ ਸਨਿਆਸੀ ਦਰਬ ਨਾਰ ਮਹਿਂ ਰਿਦਾ ਦੁਰਾਸੀ।
ਭਏ ਅਤੀਤ ਕਹਾਇ ਬੈਰਾਗੀ। ਗ੍ਰਿਸਤੀ ਤੇ ਵਧਿ ਮਨ ਦੌਂ ਲਾਗੀ॥੧੩॥

ਸਿਰ ਮੁੰਨਾ ਕੇ ਕਈ ਸੰਨਿਆਸੀ ਬਣ ਗਏ ਹਨ, ਪਰ ਹਰ ਵੇਲੇ ਦਿਲ, ਧਨ ਅਤੇ ਇਸਤਰੀ ਪਿਛੇ ਭਟਕਦਾ ਰਹਿੰਦਾ ਹੈ। ਕਈ ਅਤੀਤ ਹੋ ਕੇ ਆਪਣੇ ਆਪ ਨੂੰ ਬੈਰਾਗੀ ਕਹਾਉਂਦੇ ਹਨ, ਪਰ ਉਨ੍ਹਾਂ ਦਾ ਮਨ ਗ੍ਰਹਿਸਤੀਆਂ ਤੋਂ ਵੱਧ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਹੈ॥ ੧੩॥

ਪੰਡਤ ਪਹਰੂਆ ਕਰਹਿਂ ਸਤੇਈ। ਰਖਵਾਰੀ ਕੋ ਸਦਨ ਕਰੇਈ?
ਹੁਤੀ ਬਾਰ ਰਖਬਾਰ ਨ੍ਰਿਪਾਲਾ। ਪ੍ਰਜਾ ਖੇਤ ਕੋ ਖਾਤਿ ਕੁਚਾਲਾ॥੧੪॥

ਪੰਡਤ, ਪਹਿਰੇਦਾਰ ਚੋਰੀ ਕਰਦੇ ਹਨ, ਫਿਰ ਘਰ ਦੀ ਰਖਵਾਲੀ ਕੌਣ ਕਰੇ? ਰਾਜੇ ਪਰਜਾ ਦੀ ਰੱਖਿਆ ਲਈ ਵਾੜ ਹੁੰਦੇ ਹਨ, ਪਰ ਵਾੜ ਬਣੇ ਰਾਜੇ ਹੀ ਪਰਜਾ ਨੂੰ ਬੁਰੀ ਤਰ੍ਹਾਂ ਖਾ ਰਹੇ ਹਨ॥ ੧੪॥

ਦੋਹਰਾ- ਭਯੋ ਭਾਰ ਧਰ ਪਰ ਅਧਿਕ ਧਰਮ ਧਰਤਿ ਨਹਿਂ ਧੀਰ।
ਭਾਉ ਭਗਤਿ ਨਹਿਂ ਜਗਤ ਮੇਂ, ਬਿਕੁਲ ਭਈ ਭਯ ਭੀਰ॥ ੧੫॥

ਪਾਪਾਂ ਦਾ ਧਰਤੀ ਉਤੇ ਬਹੁਤ ਭਾਰ ਪੈ ਗਿਆ ਹੈ, ਧਰਮ ਹੌਸਲਾ ਨਹੀ ਧਾਰਨ ਕਰਦਾ ਹੈ। ਜਗਤ ਵਿਚ ਕੋਈ ਪ੍ਰੇਮ-ਭਾਵ ਨਹੀ ਹੈ, ਧਰਤੀ ਭੈਅ ਨਾਲ ਭੈਭੀਤ ਹੋ ਗਈ ਹੈ॥ ੧੫॥

ਚੌਪਈ- ਏਕੰਕਾਰ ਅਰਾਧਨ ਕੀਨਾ। ਭਨਤਿ ਬੇਨਤੀ ਭਈ ਅਧੀਨਾ।
'ਪਰਮੇਸੁਰ ਪਰ ਪੁਰਖ ਪੁਰਾਤਨ। ਪਰਮ ਪਰਾਵਰਨਾਥ ਸਨਾਤਨ॥ ੧੬॥

ਧਰਤੀ ਨੇ ਬੜੀ ਅਧੀਨਤਾ ਨਾਲ ਬੇਨਤੀ ਕਰਦੇ ਹੋਏ ਏਕੰਕਾਰ ਪਰਮਾਤਮਾ ਦੀ ਅਰਾਧਨਾ ਕੀਤੀ। ਧਰਤੀ ਨੇ ਕਿਹਾ, "ਹੇ ਪਰਮੇਸ਼ਵਰ ਪ੍ਰਭੂ! ਤੁਸੀ ਅਨਾਦਿ ਹੋ। ਤੁਸੀਂ ਸੰਸਾਰ ਦੀ ਵੱਡੀ ਤੋਂ ਵੱਡੀ ਤਾਕਤ ਨਾਲੋਂ ਵੀ ਵੱਡੇ ਹੋ ਅਤੇ ਸਨਾਤਨ ਹੋ॥ ੧੬॥

ਦੀਨ ਬੰਧੁ ਪ੍ਰਭੁ ਦੀਨ ਦਯਾਲਾ। ਦੀਨਾਨਾਥ ਪ੍ਰੋਖ ਪ੍ਰਤਿਪਾਲਾ।
ਅਜਰ ਅਮਰ ਅਨਵੱਦ ਅਭੇਖਾ। ਅਭੈ ਨਿਰੰਜਨ ਅਲਖ ਅਲੇਖਾ॥੧੭॥

ਹੇ ਦੀਨਾਂ ਦੇ ਪਿਆਰੇ ਪ੍ਰਭੂ! ਤੁਸੀਂ ਸਦਾ ਦੀਨਾਂ ਤੇ ਦਇਆ ਕਰਦੇ ਹੋ। ਹੇ ਦੀਨਾਂ ਦੇ ਸੁਆਮੀ! ਤੁਸੀਂ ਗੁਪਤ ਅਤੇ ਪ੍ਰਤਿਪਾਲਕ ਹੋ। ਤੁਸੀ ਬੁਢਾਪੇ ਤੋਂ ਰਹਿਤ, ਮੌਤ ਤੋਂ ਰਹਿਤ, ਕਥਨ ਤੋਂ ਪਰ੍ਹੇ, ਭੇਖ ਰਹਿਤ, ਡਰ ਰਹਿਤ, ਮਾਇਆ ਤੋਂ ਰਹਿਤ ਅਤੇ ਲੇਖੇ ਤੋਂ ਰਹਿਤ ਹੋ॥ ੧੭॥

ਕਲਮਲ ਕਲਿ ਕੇ ਕਾਲ ਬਿਥਾਰਾ। ਅਬਹਿ ਭਾਰ ਨਹਿਂ ਜਾਇ ਸੰਭਾਰਾ।
ਅਤਿ ਦੁਸ਼ਤਰ ਦੁਖ ਵੇਲਾ ਭਯੋ। ਬਿਨ ਅਵਿਲੰਬ ਜਾਤਿ ਨਹਿਂ ਰਹਜੋ॥੧੮॥

ਕਲਿਜੁਗ ਦੇ ਸਮੇਂ ਪਾਪ ਫੈਲ ਗਏ ਹਨ। ਹੁਣ ਮੈਥੋਂ ਭਾਰ ਨਹੀ ਸੰਭਾਲਿਆ ਜਾਂਦਾ। ਹੁਣ ਬਹੁਤ ਔਖਾ ਅਤੇ ਦੁਖਦਾਇਕ ਸਮਾਂ ਆ ਗਿਆ ਹੈ। ਹੁਣ ਪ੍ਰਭੂ ਤੇਰੇ ਆਸਰੇ ਤੋਂ ਬਗੈਰ ਜੀਵਤ ਨਹੀ ਰਹਿ ਸਕਦੀ॥ ੧੮॥

ਦੋਹਰਾ- ਸਤਿਜੁਗ ਮਹਿਂ ਚਾਰੋਂ ਚਰਨ ਤ੍ਰੇਤੇ ਤੀਨ ਰਹਾਇ।
ਦ੍ਵਾਪਰ ਮਹਿਂ ਦੋਊ ਰਹੇ ਕਲਿ ਇਕ ਚਰਨ ਟਿਕਾਇ॥ ੧੯॥

ਸਤਿਜੁਗ ਵਿਚ ਚਾਰ ਪੈਰ ਸਨ, ਤ੍ਰੇਤਾ ਵਿਚ ਤਿੰਨ ਰਹਿ ਗਏ, ਦ੍ਵਾਪਰ ਵਿਚ ਦੋ ਰਹਿ ਗਏ ਅਤੇ ਕਲਿਜੁਗ ਵਿਚ ਕੇਵਲ ਇਕ ਪੈਰ ਤੇ ਹੀ ਟਿਕੀ ਹੋਈ ਹਾਂ॥ ੧੯॥

ਚੌਪਈ- ਕਲਮਲ ਮਯ ਆਯੋ ਕਲਿਕਾਲਾ। ਭਯੋ ਸੁ ਯਾਂਤੇ ਭਾਰ ਬਿਸਾਲਾ।
ਏਕ ਚਰਨ ਤੇ ਟਿਕਾ ਨ ਜਾਈ। ਬਿਨ ਅਵਿਲੰਬ ਨ ਥਿਰਤਾ ਪਾਈ॥੨੦॥

ਕਲਿਜੁਗ ਦਾ ਸਮਾਂ ਪਾਪ ਰੂਪ ਹੈ। ਇਸ ਕਰਕੇ ਮੇਰੇ ਉਪਰ ਬਹੁਤ ਭਾਰ ਪਿਆ ਹੈ। ਮੈਥੋਂ ਹੁਣ ਇਕ ਪੈਰ ਤੇ ਟਿਕਿਆ ਨਹੀ ਜਾਂਦਾ। ਤੇਰੇ ਆਸਰੇ ਤੋਂ ਬਗੈਰ ਮੈਂ ਹੁਣ ਥਿਰ ਨਹੀਂ ਰਹਿ ਸਕਦੀ॥ ੨੦॥

ਏਕੰਕਾਰ! ਬਿਨੈ ਸੁਨਿ ਲੀਜੈ। ਥਿਰ ਹੋਵੋਂ ਕੋ ਅਵਿਲੰਬ ਦੀਜੈ'।
ਜੋਤੀ ਰੂਪ ਆਤੁਰੀ ਬਾਨੀ। ਸੁਨਤਿ ਬਿਚਾਰ ਕੀਨਿ ਸੁਖਦਾਨੀ॥੨੧॥

ਹੇ ਏਕੰਕਾਰ ਵਾਹਿਗੁਰੂ! ਮੇਰੀ ਬੇਨਤੀ ਸੁਣ ਲਵੋ। ਥਿਰ ਹੋਣ ਵਾਸਤੇ ਮੈਨੂੰ ਆਸਰਾ ਦੇਵੋ।" ਜੋਤੀ ਸਰੂਪ ਵਾਹਿਗੁਰੂ ਨੇ ਧਰਤੀ ਦੀ ਦੁੱਖ-ਭਰੀ ਫਰਿਆਦ ਸੁਣੀ। ਸੁੱਖਾਂ ਦੇ ਦਾਤੇ ਨੇ ਧਰਤੀ ਦੀ ਪੁਕਾਰ ਸੁਣ ਕੇ ਸੋਚ-ਵਿਚਾਰ ਕੀਤੀ॥ ੨੧॥

'ਇਸ ਕਾਰਜ ਕੋ ਬਹੁਤ ਪਠਾਏ। ਜਾਇ ਤਹਾਂ ਨਿਜ ਪੰਥ ਚਲਾਏ।
ਬਿਸਰੇ ਜਾਂ ਕਾਰਜ ਤਹਿਂ ਗਏ। ਅਪਨੇ ਅਪਨੇ ਮਤਿ ਠਹਿਰਾਏ॥੨੨॥

ਵਾਹਿਗੁਰੂ ਜੀ ਸੋਚਣ ਲੱਗੇ, "ਇਸ ਕਾਰਜ ਵਾਸਤੇ ਮੈਂ ਬਹੁਤ ਪੈਗੰਬਰ ਭੇਜੇ ਹਨ, ਪਰ ਉਹ ਧਰਤੀ ਉਤੇ ਜਾ ਕੇ ਆਪਣਾ ਹੀ ਪੰਥ ਚਲਾ ਲੈਂਦੇ ਹਨ। ਉਹ ਇਹ ਭੁੱਲ ਹੀ ਜਾਂਦੇ ਹਨ ਕਿ ਮੈਂ ਉਨ੍ਹਾਂ ਨੂੰ ਕਿਸ ਕਾਰਜ ਵਾਸਤੇ ਭੇਜਿਆ ਹੈ। ਸਾਰੇ ਆਪਣਾ-ਆਪਣਾ ਮੱਤ ਚਲਾ ਲੈਂਦੇ ਹਨ॥ ੨੨॥

ਕਿਨਹੁਂ ਨ ਮਹਿਮਾ ਨਾਮ ਬਿਥਾਰੀ। ਭਾਉ ਭਗਤਿ ਕੀ ਰੀਤਿ ਨ ਡਾਰੀ।
ਜਿਉਂ ਹੋਵਤਿ ਅਵਿਲੰਬਤਿ ਛੋਨੀ।' ਇਉਂ ਬਿਚਾਰ ਬੋਲੇ ਜਗ ਜੋਨੀ॥੨੩॥

ਕਿਸੇ ਨੇ ਵੀ ਨਾਮ ਦੀ ਮਹਿਮਾ ਦਾ ਪਰਚਾਰ ਨਹੀਂ ਕੀਤਾ ਹੈ ਅਤੇ ਪ੍ਰੇਮ-ਪਿਆਰ ਦੀ ਰੀਤ ਨਹੀਂ ਚਲਾਈ ਹੈ। ਇੰਝ ਵਿਚਾਰ ਕੇ ਜਗਤ ਦੇ ਕਾਰਨ, ਵਾਹਿਗੁਰੂ ਜੀ ਬੋਲੇ, "ਧਰਤੀ ਨੂੰ ਮੈਂ ਆਸਰਾ ਦੇਵਾਂਗਾ ਤੇ ਉਹ ਆਸਰੇ ਵਾਲੀ ਹੋਵੇਗੀ॥ ੨੩॥

'ਨਾਮ ਕੀਰਤਨ ਬਿਥਰਹੁ ਜਬ ਹੀ। ਤੁਝ ਅਵਿਲੰਬ ਹੋਇ ਹੈ ਤਬ ਹੀ।
ਯਾਂਤੇ ਪ੍ਰਗਟਾਵੌਂ ਜਗ ਆਇ। ਮੋ ਬਿਨ ਹੋਤਿ ਨ ਆਨ ਉਪਾਇ' ॥੨੪॥

"ਜਦ ਨਾਮ ਕੀਰਤਨ ਦਾ ਪ੍ਰਵਾਹ ਚਲ ਪਏਗਾ ਤਾਂ ਤੈਨੂੰ ਵੀ ਆਸਰਾ ਮਿਲ ਜਾਵੇਗਾ। ਇਸ ਲਈ ਮੈਨੂੰ ਹੁਣ ਆਪ ਹੀ ਜੱਗ ਵਿਚ ਪ੍ਰਗਟ ਹੋਣਾ ਚਾਹੀਦਾ ਹੈ। ਮੇਰੇ ਬਗੈਰ ਹੋਰ ਕੋਈ ਉਪਾਅ ਨਹੀਂ ਹੋ ਸਕਦਾ" ॥ ੨੪॥

ਧਰਮ ਧਾਮ ਧਰ ਧੀਰਜ ਦੀਨੋ। 'ਪਾਇ ਅਲੰਬ ਹੋਇ ਦੁਖ ਛੀਨੋ'।
ਸੁਨਿ ਕਰਿ ਗਿਰਾ ਗਗਨ ਕੀ ਛੋਨੀ। ਉਰ ਕਰਿ ਪਰਮ ਹਰਖ ਮੁਖ ਮੋਨੀ॥੨੫॥

ਧਰਮ ਦੇ ਘਰ ਨੇ ਧਰਤੀ ਨੂੰ ਧੀਰਜ ਦਿੱਤਾ ਤੇ ਕਿਹਾ, "ਮੈਂ ਤੇਰਾ ਆਸਰਾ, ਤੇਰਾ ਸਹਾਰਾ ਬਣ ਕੇ ਸਭ ਦੁੱਖਾਂ ਦਾ ਨਾਸ਼ ਕਰ ਦੇਵਾਂਗਾ।" ਅਕਾਸ਼ ਦੀ ਮਿੱਠੀ ਬਾਣੀ ਸੁਣ ਕੇ ਮੁਖ ਨੂੰ ਮੋਹ ਲੈਣ ਵਾਲੀ ਧਰਤੀ ਆਪਣੇ ਦਿਲ ਵਿਚ ਬਹੁਤ ਖ਼ੁਸ਼ ਹੋਈ॥ ੨੫॥

ਜਗ ਮਹਿਂ ਰਘੁਵਰ ਕੁਲ ਅਕਲੰਕਾ। ਪ੍ਰਗਟੇ ਬੇਦੀ ਕੁਮੁਦ ਮਯੰਕਾ।
ਏਕੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰ ਰੂਪ ਅਨੂਪਾ॥ ੨੬॥

ਜਗਤ ਵਿਚ ਸ੍ਰੀ ਰਾਮ ਚੰਦਰ ਜੀ ਦੀ ਕੁਲ ਕਲੰਕ-ਰਹਿਤ ਹੈ। ਧਰਤੀ ਨੂੰ ਅਨੰਦ ਦੇਣ ਵਾਲੇ, ਚੰਦਰਮਾਂ ਵਰਗੇ ਗੁਰੂ ਨਾਨਕ ਦੇਵ ਜੀ ਸੁੰਦਰ, ਬੇਦੀ ਕੁਲ ਵਿਚ ਪ੍ਰਗਟ ਹੋਏ। ਏਕੰਕਾਰ ਵਾਹਿਗੁਰੂ ਜੀ ਆਪ ਸਤਿਗੁਰੂ ਦਾ ਅਨੂਪਮ ਰੂਪ ਧਾਰ ਕੇ ਪ੍ਰਗਟ ਹੋਏ॥ ੨੬॥

ਦੋਹਰਾ- ਨਿਸ ਕੁਚਾਲ ਕਲਿਕਾਲ ਤਮ ਉਡਗਨ ਦੰਭ ਸਮਾਜ।
ਭਏ ਕੁਮੁਦਿ ਸੇ ਅਨਿਕ ਮਤ ਇੰਦੁ ਮੁਹੰਮਦ ਰਾਜ॥ ੨੭॥

ਰਾਤ ਰੂਪੀ ਭੈੜੀਆਂ ਰਸਮਾਂ, ਰੀਤਾਂ, ਕਲਿਕਾਲ ਦਾ ਹਨੇਰਾ, ਤਾਰੇ, ਪਖੰਡੀ ਸਮਾਜ ਅਤੇ ਹੋਰ ਮੱਤ, ਇੰਦਰ ਅਤੇ ਮੁਹੰਮਦ ਰਾਜ, ਸੱਚ ਦਾ ਚੰਦਰਮਾਂ ਚੜ੍ਹਨ ਨਾਲ ਅਲੋਪ ਹੋ ਗਏ॥ ੨੭॥

ਚੌਪਈ- ਤਿਨ ਕੋ ਹਰਨ ਬਾਲ ਦਿਨ ਰਾਊ। ਉਦੇ ਸੁ ਨਾਨਕ ਤੇਜ ਪ੍ਰਭਾਊ।
ਬਚਨ ਕਿਰਨ ਜਾਂ ਮਹਿਂ ਪਰਕਾਸ਼ੇ। ਸੰਤ ਤਾਮਰਸ ਹੇਰਿ ਵਿਕਾਸ਼ੇ॥੨੮॥

ਤੇਜ ਪ੍ਰਭਾਵ ਵਾਲੇ ਗੁਰੂ ਨਾਨਕ ਦੇਵ ਜਦ ਪ੍ਰਗਟ ਹੋਏ ਤਾਂ ਬਾਲ ਅਵਸਥਾ ਦਾ ਸੂਰਜ ਉਨ੍ਹਾਂ ਨੂੰ ਲੈਣ ਆਇਆ। ਜਦ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਸੰਤ ਅਤੇ ਕੰਵਲ ਵੇਖ ਕੇ ਖਿੜ ਗਏ॥ ੨੮॥

ਦੰਭੀ ਸਮ ਉਲੂਕੁ ਦੁਖ ਭਾਰੀ। ਕਿੰਕਰ ਕੋਕ ਭਏ ਸੁਖਿਯਾਰੀ।
ਆਤਪ ਭਗਤਿ ਜਗਤ ਪਰਕਾਸ਼ੀ। ਨੀਂਦ ਆਵਿਦਜਾ ਸਿੱਖਨ ਨਾਸ਼ੀ ॥੨੯॥

ਦੰਭੀਆਂ, ਪਖੰਡੀਆਂ ਅਤੇ ਉਲੂਆਂ ਭਾਵ ਮੂਰਖਾਂ ਨੂੰ ਭਾਰੀ ਦੁਖ ਹੋਇਆ, ਪਰ ਸਿੱਖ ਅਤੇ ਦਾਸ ਬਹੁਤ ਸੁਖਿਆਰੇ ਹੋ ਗਏ। ਪ੍ਰਭੂ ਭਗਤੀ ਦੀ ਲਹਿਰ ਜਗਤ ਵਿਚ ਪ੍ਰਕਾਸ਼ਮਾਨ ਹੋਈ। ਸਿੱਖਾਂ ਦੀ ਆਲਸਾ ਅਤੇ ਅਵਿਦਿਆ ਦਾ ਨਾਸ਼ ਹੋ ਗਿਆ॥ ੨੯॥

ਗਜਾਨ ਨਾਮ ਮਹਿੰ ਨਰਬਰ ਜਾਗੇ। ਕਲਮਲ ਸੁਪਨਾ ਜਿਉਂ ਮਨ ਤਜਾਗੇ।
ਧਰਮ ਧਰਤਿ ਧੀਰਜ ਕੇ ਹੇਤਾ। ਪ੍ਰਗਟੇ ਸ੍ਰੀ ਬੇਦੀ ਕੁਲਕੇਤਾ॥ ੩੦॥

ਗਿਆਨ ਅਤੇ ਨਾਮ ਵਿਚ ਸ੍ਰੇਸ਼ਟ ਪੁਰਖ ਜਾਗਰਿਤ ਹੋ ਗਏ ਅਤੇ ਹਨੇਰਾ ਇੰਝ ਅਲੋਪ ਹੋ ਗਿਆ ਜਿਵੇਂ ਸੁਪਨਾ ਮਨ ਨੂੰ ਛੱਡ ਕੇ ਚਲੇ ਜਾਂਦਾ ਹੈ। ਧਰਮ, ਧਰਤੀ ਅਤੇ ਧੀਰਜ ਦੇ ਹਿਤ ਲਈ ਬੇਦੀ ਕੁਲ ਦੇ ਤਾਰੇ ਨੇ ਅਵਤਾਰ ਧਾਰਿਆ॥ ੩੦॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਕਾਰਨ ਗੁਰੂ ਅਵਤਾਰ ਕੋ ਮੈਂ ਬਰਨਜੋ ਚਿਤ ਲਾਇ।
ਸੁਨਹੁ ਜਨਮ ਕੀ ਅਬ ਕਥਾ ਸ੍ਰੀ ਅੰਗਦ ਸੁਖਦਾਇ!॥ ੩੧॥

ਭਾਈ ਬਾਲੇ ਨੇ ਕਿਹਾ- ਗੁਰੂ ਜੀ ਦੇ ਅਵਤਾਰ ਧਾਰਨ ਦੇ ਕ਼ਾਰਨ ਨੂੰ ਮੈਂ ਮਨ ਅਤੇ ਚਿਤ ਲਾ ਕੇ ਬੜੇ ਪ੍ਰੇਮ ਨਾਲ ਵਰਣਨ ਕੀਤਾ ਹੈ। ਹੇ ਗੁਰੂ ਅੰਗਦ ਦੇਵ ਜੀ ਮਹਾਰਾਜ! ਹੁਣ ਗੁਰੂ ਜੀ ਦੇ ਜਨਮ ਦੀ ਕਥਾ ਵੀ ਸੁਣੋ॥ ੩੧॥

ਚੌਪਈ- ਬਾਰ ਦੇਸ਼ ਸਭਿ ਦੇਸ਼ ਨਰੇਸ਼ੂ। ਗ੍ਰਾਮ ਪ੍ਰਜਾ ਕੇ ਹਰਤਿ ਕਲੇਸ਼ੂ।
ਐਰਾਵਤੀ ਏਕ ਦਿਸ਼ਿ ਬਾਰੀ। ਸੁੰਦਰ ਰੰਗ ਤਰੰਗ ਉਛਾਰੀ॥ ੩੨॥

ਬਾਰ ਦੇਸ਼ ਅਤੇ ਸਭ ਦੇਸ਼ਾਂ ਦੇ ਰਾਜੇ, ਗ੍ਰਾਮ ਰੂਪ ਪਰਜਾ ਦੇ ਸਭ ਦੁੱਖ ਦੂਰ ਕਰਦੇ ਹਨ। ਇਕ ਪਾਸੇ ਸੁੰਦਰ ਰਾਵੀ ਨਦੀ ਵੱਗ ਰਹੀ ਹੈ ਤੇ ਉਸ ਦੀਆਂ ਰੰਗੀਨ ਲਹਿਰਾਂ ਉਛਾਲੇ ਮਾਰ ਰਹੀਆਂ ਹਨ॥ ੩੨॥

ਨੋਟ:- ਗੁਰੂ ਨਾਨਕ ਜੀ ਦੇ ਜਨਮ ਸਮੇਂ ਬਾਰ ਦਾ ਇਲਾਕਾ ਬੜਾ ਆਬਾਦ ਸੀ, ਬਾਅਦ ਵਿਚ ਉੱਜੜ ਗਿਆ ਸੀ, ਹੁਣ ਫੇਰ ਬੜਾ ਜ਼ਰਖੇਜ਼ ਇਲਾਕਾ ਹੈ।

ਚੌਪਈ- ਸੋ ਬਰ ਬਿਜਨ ਹੋਤਿ ਹੈ ਤਾਂਪੈ। ਨ੍ਰਿਪਤਾ ਕੋ ਲੱਛਨ ਛਬਿ ਥਾਪੈ।
ਚੰਦ੍ਰਭਗਾ ਦਿਸ਼ਿ ਦੁਤਿਯ ਸੁਹਾਈ॥ ਮਾਲ ਤਰੰਗਨਿ ਸੁੱਛ ਉਠਾਈ॥ ੩੩॥

ਇੰਝ ਲੱਗ ਰਿਹਾ ਹੈ ਜਿਵੇਂ ਉਸ ਤੇ ਸੁੰਦਰ ਪੱਖਾ ਝੁਲ ਰਿਹਾ ਹੈ, ਜਿਸ ਤੋਂ ਉਸ ਦੇ ਰਾਜਪੁਣੇ ਦੇ ਸਾਰੇ ਗੁਣ ਵਿਦਮਾਣ ਹੋ ਰਹੇ ਹਨ। ਦੂਸਰੇ ਪਾਸੇ ਚਨਾਬ ਨਦੀ ਸ਼ੋਭਾ ਪਾ ਰਹੀ ਹੈ ਅਤੇ ਉਸ ਦੀਆਂ ਸਾਫ ਲਹਿਰਾਂ ਪੰਗਤੀਆਂ ਦੇ ਰੂਪ ਵਿਚ ਉੱਪਰ ਉੱਠ ਰਹੀਆਂ ਹਨ॥ ੩੩॥

ਤਾਂਪਰ ਹੋਤਿ ਚਮਰ ਛਬਿ ਭਾਰੀ। ਮਹਿਮਾਂ ਮਹਾਂ ਜਨਾਵਨ ਕਾਰੀ।
ਸਦਾ ਸੁਕਾਲ ਸਸਿਨ ਕੋ ਸਾਲੀ। ਤਹਿਂ ਦੁਕਾਲ ਕੀ ਕੌਨ ਕੁਚਾਲੀ ? ॥੩੪॥

ਇੰਝ ਲੱਗ ਰਿਹਾ ਹੈ ਜਿਵੇਂ ਸੁੰਦਰ ਚੌਰ ਭਾਰੀ ਸ਼ੋਭਾ ਪਾ ਰਿਹਾ ਹੈ, ਉਸ ਦੀ ਮਹਾਂ ਮਹਿਮਾਂ ਵੇਖਣਯੋਗ ਭਾਵ ਮਾਨਣਯੋਗ ਹੈ। ਉਸ ਦਾ ਪਾਣੀ ਜਦ ਖੇਤਾਂ ਨੂੰ ਲਗਦਾ ਹੈ ਤਾਂ ਫਸਲ ਬਹੁਤ ਹੁੰਦੀ ਹੈ, ਭਾਵ ਇਹ ਨਦੀ ਖੇਤੀਆਂ ਦਾ ਘਰ ਹੈ। ਫਿਰ ਅਜਿਹੇ ਇਲਾਕੇ ਵਿਚ ਜਿਥੇ ਬਹੁਤ ਫਸਲ ਹੁੰਦੀ ਹੋਵੇ, ਕਾਲ ਕਿਵੇਂ ਪੈ ਸਕਦਾ ਹੈ?॥ ੩੪॥

ਸਪਤਦੀਤ ਕੋ ਭੀਤ ਨ ਪਾਵਾ। ਤਸਕਰ ਕੁਲ ਤਜਿ ਅਨਤ ਪਰਾਵਾ॥
ਪਥਕ ਜਾਤ ਜਹਿਂ ਮਨ ਬਿਰਮਾਵਾ। ਹੇਰਿ ਹਿਤੂ ਨਰ ਕੁਟੰਬ ਭੁਲਾਵਾ॥੩੫॥

ਖੇਤੀ ਨੂੰ ਲੱਗਣ ਵਾਲੇ ਸੱਤ ਰੋਗਾਂ, ਭਾਵ ਔੜ, ਅਧਿਕ ਬਰਖਾ, ਚੂਹੇ ਪੈਣੇ, ਟਿੱਡੀ ਦਲ, ਪੰਛੀਆਂ ਦਾ ਖਾਣਾ, ਰਾਜੇ ਦੀ ਚੜ੍ਹਾਈ ਅਤੇ ਡੁੰਗੀ ਦਾ ਵੀ ਕੋਈ ਡਰ ਨਹੀਂ ਹੈ। ਚੋਰ, ਡਾਕੂ ਵੀ ਉਸ ਇਲਾਕੇ ਨੂੰ ਛੱਡ ਕੇ ਕਿਤੇ ਹੋਰ ਚਲੇ ਗਏ ਹਨ। ਜਾਂਦਿਆਂ ਰਾਹੀਆਂ ਦਾ ਵੀ ਇਸ ਇਲਾਕੇ ਨੂੰ ਵੇਖ ਕੇ ਮਨ ਮੋਹਿਤ ਹੋ ਜਾਂਦਾ ਹੈ। ਮਿੱਤਰ ਮਨੁੱਖ ਵੀ ਇਸ ਖੇਤਰ ਨੂੰ ਵੇਖ ਕੇ ਆਪਣੇ ਪਰਿਵਾਰ ਨੂੰ ਹੀ ਭੁੱਲ ਜਾਂਦੇ ਹਨ॥ ੩੫॥

ਫਲ ਫੂਲਨ ਦਲਯੁਤ ਤਰੁ ਚਾਰੂ। ਪਥਕ ਹੇਤ ਠਾਢੇ ਸੁਖਕਾਰੂ।
ਬਸਹਿਂ ਲੋਕ ਜਹਿਂ ਸੁਜਨ ਸੁਚਾਲੀ। ਦਯਾ ਧਰਮ ਕੇ ਜੇ ਪ੍ਰਿਤਪਾਲੀ॥੩੬॥

ਉਥੇ ਫਲ, ਫੁੱਲ ਅਤੇ ਪੱਤਿਆਂ ਸਮੇਤ ਸੁੰਦਰ ਬ੍ਰਿੱਛ ਸੋਭਾ ਪਾ ਰਹੇ ਹਨ। ਉਹ ਜਾਂਦੇ ਰਾਹੀਆਂ ਨੂੰ ਬੜਾ ਸੁੱਖ ਦਿੰਦੇ ਹਨ ਮਾਨੋ ਉਹ ਉਥੇ ਰਾਹੀਆਂ ਵਾਸਤੇ ਹੀ ਖੜੇ ਹਨ। ਉਥੇ ਬੜੇ ਚੰਗੇ ਵਿਹਾਰ ਅਤੇ ਸਦਾਚਾਰ ਵਾਲੇ ਭੱਦਰਪੁਰਸ਼ ਵੱਸਦੇ ਹਨ। ਦਇਆ ਅਤੇ ਧਰਮ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ॥੩੬॥

ਅਥਿਤ ਸੇਵ ਮਹਿਂ ਜਿਨ ਮਨ ਰਾਤਾ। ਗੁਨ ਗ੍ਰਾਹੀ ਸਭਿ ਬਿਦ੍ਯਾ ਗ੍ਯਾਤਾ।
ਉਪਜਹਿਂ ਜਹਿਂ ਤੁਰੰਗ ਬਹੁ ਸੁੰਦਰ। ਬਲੀ ਤਰਲਤਾ ਗੁਨ ਕੇ ਮੰਦਰ॥੩੭॥

ਲੋੜਵੰਦ ਅਤੇ ਗਰੀਬਾਂ ਦੀ ਸੇਵਾ ਕਰਨ ਵਿਚ ਜਿਨ੍ਹਾਂ ਮਨ ਰੰਗਿਆ ਹੋਇਆ ਹੈ, ਭਾਵ ਉਸ ਇਲਾਕੇ ਦੇ ਲੋਕ ਹਰ ਲੋੜਵੰਦ ਦੀ ਮਦਦ ਕਰਦੇ ਹਨ, ਉਹ ਗੁਣਾਂ ਦੇ ਭੰਡਾਰ ਹਨ ਅਤੇ ਵਿਦਿਆ ਦੇ ਗਿਆਤਾ ਹਨ। ਓਥੇ ਬੜੇ ਸੁੰਦਰ ਘੋੜੇ ਪੈਦਾ ਹੁੰਦੇ ਹਨ। ਉਹ ਬੜੇ ਬਲੀ, ਤਿੱਖੇ, ਤੇਜ਼ ਅਤੇ ਗੁਣਾਂ ਦਾ ਘਰ ਹੁੰਦੇ ਹਨ॥ ੩੭॥

ਔਰ ਪਸ਼ੂ ਬਹੁ ਸੁਭਗ ਸੁ ਜਾਤੀ। ਤਿਨਕੀ ਖਾਨ ਕੀਨਿ ਬਿਧਿ ਖ੍ਯਾਤੀ।
ਜੋ ਅਸ ਦੇਸ਼ ਰੁਚਿਤ ਬਰ ਸਗਰਾ। ਭਰਤਖੰਭ ਮਹਿਂ ਸ਼ੁਭਤਿ ਉਜਗਰਾ॥੩੮॥

ਉਥੋਂ ਦੇ ਪਸ਼ੂ ਵੀ ਬੜੀਆਂ ਵਧੀਆ ਨਸਲਾਂ ਦੇ ਹੁੰਦੇ ਹਨ। ਵਿਧਾਤਾ ਨੇ ਨਸਲਾਂ ਨੂੰ ਆਪ ਪ੍ਰਗਟ ਕੀਤਾ ਹੈ। ਉਹ ਸਾਰਾ ਦੇਸ਼ ਹੀ ਬੜਾ ਸੁੰਦਰ ਅਤੇ ਸ੍ਰੇਸ਼ਟ ਹੈ। ਬਾਰ ਦਾ ਉਹ ਇਲਾਕਾ ਰਾਜੇ ਭਰਤ ਦੇ ਦੇਸ਼ ਵਾਂਗ ਸੋਭਾ ਪਾ ਰਿਹਾ ਹੈ, ਮਾਨੋ ਉਹ ਇਲਾਕਾ ਭਰਤ ਖੰਡ ਹੈ॥ ੩੮॥

ਚੌਪਈ- ਤਿਹ ਮਹਿਂ ਤਲਵੰਡੀ ਭਲ ਨਗਰੀ। ਚਾਰ ਬਰਨ ਕਰਿ ਪੂਰਤਿ ਸਗਰੀ।
ਜਿਹ ਕੇ ਚਹੁਦਿਸ ਬਾਗ਼ ਸੁਹਾਵਾ। ਕੁਸਮ ਬਾਟਿਕਾ ਬਹੁ ਛਬਿ ਪਾਵਾ॥੩੯॥

ਉਸ ਦੇਸ਼ ਵਿਚ ਤਲਵੰਡੀ ਨਾਮੀ ਇਕ ਭਲਾ ਨਗਰ ਹੈ। ਚਾਰੇ ਵਰਨਾਂ, ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਨਾਲ ਉਹ ਭਰੀ ਹੋਈ ਹੈ। ਉਸ ਨਗਰ ਦੇ ਚਾਰ-ਚੁਫੇਰੇ ਬਾਗ਼ ਸੋਭਾ ਪਾ ਰਹੇ ਹਨ। ਫੁੱਲਾਂ ਦੇ ਬਗੀਚੇ ਵੀ ਬੜੇ ਸੁੰਦਰ ਲੱਗ ਰਹੇ ਹਨ॥ ੩੯॥

ਨਗਰ ਕੋਟ ਦ੍ਰਿੜ੍ਹ ਬਨ੍ਯੋ ਉਤੰਗਾ। ਮਤਸਰ ਧਰਤਾ ਜੋ ਗਿਰਿ ਸੰਗਾ।
ਅਟਾ ਘਟਾ ਸੰਗ ਕਰਤਿ ਬਿਲਾਸਾ। ਮਨਹੁ ਨਿਰੋਧਨ ਕੀ ਹਿਯ ਆਸਾ॥੪੦॥

ਨਗਰ ਦੇ ਇਰਦ-ਗਿਰਦ ਕਿਲ੍ਹੇ ਵਾਂਗ ਇਕ ਉੱਚੀ ਦੀਵਾਰ ਬਣੀ ਹੋਈ ਹੈ, ਜਿਹੜੀ ਕਿ ਮਜ਼ਬੂਤੀ ਵਿਚ ਪਹਾੜ ਦਾ ਮੁਕਾਬਲਾ ਕਰਦੀ ਹੈ। ਨਗਰ ਵਿਚ ਬਣੀਆਂ ਅਟਾਰੀਆਂ ਬੱਦਲਾਂ ਨਾਲ ਗੱਲਾਂ ਕਰਦੀਆਂ ਹਨ, ਭਾਵ-ਬਹੁਤ ਉੱਚੀਆਂ ਹਨ। ਮਾਨੋ ਇਹ ਅਟਾਰੀਆਂ ਦਿਲਾਂ ਵਿਚ ਬੱਦਲਾਂ ਨੂੰ ਰੋਕਣ ਦੀ ਆਸ ਲਾਈ ਬੈਠੀਆਂ ਹਨ॥ ੪੦॥

ਮੰਦਿਰ ਜਹਿਂ ਸੁੰਦਰ ਛਬਿ ਪਾਈ। ਸਰਬ ਰੁਤਿਨ ਮਹਿਂ ਜੇ ਸੁਖਦਾਈ।
ਅਸ਼ਟਾਪਦ ਸਮ ਬਿਪਨੀ ਭੂਰੀ। ਬਨਜ ਸੋਜ ਸੋਂ ਆਪਨ ਪੂਰੀ॥੪੧॥

ਨਗਰ ਵਿਚ ਘਰ ਵੀ ਬਹੁਤ ਸੁੰਦਰ ਬਣੇ ਹਨ, ਜਿਹੜੇ ਸਾਰੀਆਂ ਰੁੱਤਾਂ ਵਿਚ ਸੁਖਦਾਇਕ ਹਨ। ਚੋਪੜ ਵਾਂਗ ਬਣੀ ਮੰਡੀ ਹੈ, ਜਿਥੇ ਵਣਜ ਵਪਾਰ ਹੁੰਦਾ ਹੈ ਅਤੇ ਸਾਰੀਆਂ ਦੁਕਾਨਾਂ ਸੌਦੇ ਨਾਲ ਭਰੀਆਂ ਹੋਈਆਂ ਹਨ॥ ੪੧॥

ਸ੍ਰੀ ਨਾਨਕ ਆਗਮ ਕੇ ਹੇਤੂ। ਰਚਜੋ ਸੁਰਗ ਵਿਧਿ ਸੁਖ ਸੰਕੇਤੂ।
ਸੁਰਭੀ ਖੀਰ ਪਯੁਖ ਸਮਾਨਾ। ਸੁਰਸਮ ਸੁੰਦਰ ਮਨੁਜ ਸੁਜਾਨਾ ॥ ੪੨ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਵਾਸਤੇ ਵਿਧਾਤਾ ਨੇ ਸਵਰਗ ਵਰਗਾ ਸੁੱਖਾਂ ਦਾ ਘਰ ਬਣਾ ਦਿੱਤਾ। ਗਊਆਂ ਦਾ ਦੁੱਧ ਅੰਮ੍ਰਿਤ ਵਰਗਾ ਹੈ। ਨਗਰੀ ਦੇ ਮਨੁੱਖ ਦੇਵਤਿਆਂ ਵਰਗੇ ਸੁੰਦਰ ਅਤੇ ਚਤੁਰ ਹਨ ॥੪੨॥

ਜਿਹ ਕੀ ਰਚਨਾ ਹੇਰਿ ਬਚਿੱਤ੍ਰਾ। ਵਿਸ਼ਕਰਮਾ ਹੋਇਓ ਚਿਤ ਚਿੱਤ੍ਰਾ।
ਸ਼੍ਰੁਤਿ ਪਾਠੀ ਹੋਤੀ ਤਤਵੇਤੂ। ਖਟਕਰਮੀ ਕ੍ਰਿਤ ਕੈਵਲ ਹੇਤੂ ॥ ੪੩ ॥

ਉਸ ਨਗਰੀ ਦੀ ਸੁੰਦਰ ਅਤੇ ਵਿਚਿੱਤਰ ਰਚਨਾ ਨੂੰ ਵੇਖ ਕੇ ਕਾਰੀਗਰੀ ਦਾ ਦੇਵਤਾ ਵਿਸ਼ਕਰਮਾ ਵੀ ਚਿੱਤ ਵਿਚ ਹੈਰਾਨ ਰਹਿ ਗਿਆ। ਉਸ ਨਗਰ ਵਿਚ ਵੇਦ ਪਾਠੀ, ਯੱਗ ਵਿਚ ਆਹੂਤੀ ਦੇਣ ਵਾਲੇ ਅਤੇ ਯੱਗ ਕਿਰਿਆ ਨੂੰ ਜਾਣਨ ਵਾਲੇ ਰਹਿੰਦੇ ਹਨ। ਮੁਕਤੀ ਪ੍ਰਾਪਤ ਕਰਨ ਵਾਸਤੇ ਖਟ ਕਰਮੀ ਵੀ ਵੱਸਦੇ ਹਨ॥ ੪੩॥

ਨੋਟ:- ਖਟ ਕਰਮ (ਛੇ ਕਰਮ) ਇਹ ਹਨ:- (ੳ) ਧੋਤੀ, ਨੇਤੀ, ਨਿਉਲੀ, ਵਸਤੀ, ਤ੍ਰਾਟਕ ਅਤੇ ਕਪਾਲ।

(ਅ) ਜਾਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ ਅਤੇ ਦਾਨ ਦੇਣਾ ਅਤੇ ਲੈਣਾ।

(ੲ) ਯੱਗ ਕਰਨਾ ਅਤੇ ਕਰਾਉਣਾ, ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ, ਦਾਨ ਲੈਣਾ ਅਤੇ ਦੇਣਾ।

ਅਸ ਦਿਜਵਰ ਜਹਿਂ ਬਸੇ ਸੁਖਾਰੇ। ਛੱਤ੍ਰੀ ਧਰਮਯੁੱਧ ਹਿਤ ਧਾਰੇ।
ਬਨਕ ਧਨੀ ਕ੍ਰਿਤ ਬਨਜ ਬਿਨੀਤਾ। ਬਾਤ ਕੁਸਲ ਬੇਦਨ ਪਥ ਪ੍ਰੀਤਾ ॥੪੪ ॥

ਬ੍ਰਾਹਮਣ ਓਥੇ ਬੜੇ ਆਰਾਮ ਸੁੱਖ ਨਾਲ ਰਹਿ ਰਹੇ ਹਨ। ਖੱਤਰੀ ਧਰਮਯੁੱਧ ਨਾਲ ਪ੍ਰੇਮ ਕਰਨ ਵਾਲੇ ਹਨ। ਸਾਰੇ ਵੈਸ਼ ਨੀਤੀ ਸੰਯੁਕਤ ਵਿਹਾਰ ਨਾਲ ਵਪਾਰ ਕਰ ਰਹੇ ਹਨ। ਚਤੁਰ ਮਨੁੱਖਾਂ ਦੀ ਵੇਦ ਮਾਰਗ ਨਾਲ ਪ੍ਰੀਤ ਹੈ॥ ੪੪॥

ਚੌਪਈ- ਸੂਦ੍ਰ ਸਭਿਨਿ ਕੀ ਸੇਵ ਕਰੇਈਂ। ਨਿਪੁਨ ਕਾਰ ਨਿਜ ਨਿਜ ਮਹਿਂ ਤੇਈ।
ਨਰ ਅਰੋਗਤਾ ਯੁਤਿ ਕੁਸ਼ਲਾਤਾ। ਵੈਦਕ ਪਠਹਿ ਹੇਤੁ ਸਭਿ ਗਜਾਤਾ ॥੪੫ ॥

ਸੂਦਰ ਸਾਰਿਆਂ ਦੀ ਸੇਵਾ ਕਰ ਰਹੇ ਹਨ। ਸਾਰੇ ਹੀ ਆਪਣਾ ਆਪਣਾ ਕੰਮ ਬੜੀ ਕੁਸ਼ਲਤਾ ਨਾਲ ਕਰ ਰਹੇ ਹਨ। ਮਨੁੱਖ ਅਰੋਗਤਾ ਸਹਿਤ ਪ੍ਰਸੰਨਤਾ ਨਾਲ ਵਿਚਰ ਰਹੇ ਹਨ। ਸਭ ਨੂੰ ਗਿਆਨ ਦੇਣ ਵਾਸਤੇ ਵੇਦਾਂ ਦਾ ਉਚਾਰਨ ਹੁੰਦਾ ਹੈ॥ ੪੫॥

ਬੇਦੀ ਬੰਸ ਬਸਹਿਂ ਧਨੁਧਾਰੀ। ਯੁੱਧ ਬੇਦਕਾ ਜਿਨਹਿਂ ਸੁਧਾਰੀ।
ਤੁੰਡ ਕਾਲਿਕਾ ਪਾਵਕ ਕੁੰਡਾ। ਯੱਗ ਥੰਭ ਸੇ ਸ਼ੋਭਤਿ ਝੰਡਾ॥ ੪੬ ॥

ਸ਼ਸਤਰਧਾਰੀ ਬੇਦੀ ਬੰਸ ਵੀ ਵੱਸਦੇ ਹਨ, ਜਿਨ੍ਹਾਂ ਨੇ ਯੁੱਧ ਵਿਦਿਆ ਦਾ ਸੁਧਾਰ ਕੀਤਾ ਸੀ। ਮੁੱਖ ਕਾਲਿਕਾ, ਅਗਨੀ ਕੁੰਡ ਅਤੇ ਯੱਗ ਥੰਮ੍ਹ ਨਾਲ ਝੰਡਾ ਸ਼ੋਭਿਤ ਹੋ ਰਿਹਾ ਹੈ॥ ੪੬॥

ਕਿਰਪਨ ਸਮ ਕਾਤੁਰਤਾ ਖੋਏ। ਕਰਵਾਰਨ ਕੇ ਕੀਨ ਸਰੋਏ।
ਦੁਸਟਾਮਿਖ ਬਹੁ ਦੀਨ ਅਹੂਤੀ। ਜਹਿਂ ਸਰਪੀ ਸ਼੍ਰੋਣਤ ਸੰਯੂਤੀ॥ ੪੭ ॥

ਯੱਗ ਕਰਤਾ ਨੇ ਸੂਮਤਾ ਛੱਡਣੀ ਹੁੰਦੀ ਹੈ, ਏਥੇ ਯੱਗ ਕਰਤਾਵਾਂ ਨੇ ਕਾਇਰਤਾ ਛੱਡ ਦਿੱਤੀ ਹੈ। ਯੱਗ ਵਿਚ ਘਿਉ ਆਦਿ ਚਮਚਿਆਂ ਨਾਲ ਪਾਇਆ ਜਾਂਦਾ ਹੈ, ਏਥੇ ਤਲਵਾਰਾਂ ਦੇ ਚਮਚੇ ਹਨ। ਦੁਸ਼ਟ ਮਨੁੱਖਾਂ ਦਾ ਮਾਸ ਹੀ ਆਹੂਤੀ ਹੈ ਅਤੇ ਘਿਉ ਦੀ ਥਾਂ ਯੱਗ ਵਿਚ ਲਹੂ ਪਾਇਆ ਜਾਂਦਾ ਹੈ॥ ੪੭॥

ਅਸ ਬੇਦੀ ਵਾਸੀ ਤਲਵੰਡੀ। ਜਿਨਕੀ ਬਹੁ ਕੀਰਤਿ ਜਗਮੰਡੀ।
ਚਿਰੰਕਾਲ ਤਹਿਂ ਰਹਿਤਿ ਬਿਤਾਈ। ਭਾ ਸ਼ਿਵਰਾਮ ਤਾਸੁ ਕੁਲ ਮਾਂਹੀ ॥੪੮ ॥

ਐਸੇ ਬੇਦੀ ਖਾਨਦਾਨ ਤਲਵੰਡੀ ਦੇ ਵਾਸੀ ਹਨ, ਜਿਨ੍ਹਾਂ ਦੀ ਜਗਤ ਵਿਚ ਬੜੀ ਕੀਰਤੀ ਕਾਇਮ ਹੋ ਚੁਕੀ ਹੈ। ਉਨ੍ਹਾਂ ਨੂੰ ਓਥੇ ਰਹਿੰਦਿਆਂ ਨੂੰ ਬਹੁਤ ਸਮਾਂ ਹੋ ਗਿਆ ਹੈ। ਸ਼ਿਵ ਰਾਮ ਬਾਬੇ ਕਾਲੂ ਦੇ ਪਿਤਾ ਜੀ ਓਸੇ ਕੁਲ ਵਿਚ ਪੈਦਾ ਹੋਏ ਹਨ॥ ੪੮॥

ਬ੍ਰਿਤਿ ਸ਼ਾਂਤਕੀ ਜਿਨ ਮਨ ਕੀਨੀ। ਜੀਵਾ ਰਜ ਤਮ ਕੀ ਤਜਿ ਦੀਨੀ।
ਹੁਇ ਅਹਿੰਸ ਆਯੁਧ ਕਰ ਛੋਰੇ। ਸ੍ਰੀਪਤਿ ਕੇ ਪਦ ਪਦਮ ਨਿਹੋਰੇ॥੪੯॥

ਜਿਨ੍ਹਾਂ ਦੀ ਬ੍ਰਿਤੀ ਬੜੀ ਸ਼ਾਂਤ ਅਤੇ ਸੂਖਮ ਹੈ, ਉਨ੍ਹਾਂ ਨੇ ਰਜੋਗੁਣੀ, ਤਮੋਗੁਣੀ ਗੁਜ਼ਰਾਨ ਛੱਡ ਦਿੱਤੀ ਹੈ। ਹਿੰਸਾ-ਰਹਿਤ ਹੋ ਕੇ ਉਨ੍ਹਾਂ ਨੇ ਸ਼ਸਤਰ ਹੱਥੋਂ ਛੱਡ ਦਿੱਤੇ ਹਨ ਅਤੇ ਮਾਇਆ ਦੇ ਮਾਲਕ ਵਾਹਿਗੁਰੂ ਦੇ ਚਰਨ ਕੰਵਲਾਂ ਦੀ ਸ਼ਰਨ ਲੈ ਲਈ ਹੈ॥ ੪੯॥

ਤਿਹ ਬਨਾਰਸੀ ਨਾਮ ਸੁ ਤੀਯਾ। ਪਤਿਬ੍ਰਤਿ ਧਰਮ ਜਾਸੁ ਦ੍ਰਿੜ ਕੀਆ।
ਤਿਨਤੇ ਸੁਤ ਜੁਗ ਭਏ ਸੁਚਾਲੂ। ਵਡ ਕਾਲੂ ਛੋਟੇ ਸ਼ੁਭ ਲਾਲੂ॥੫੦॥

ਉਸ ਦੀ ਸ੍ਰੇਸ਼ਟ ਇਸਤਰੀ ਦਾ ਨਾਂ ਬਨਾਰਸੀ ਦੇਵੀ ਹੈ, ਜਿਸ ਨੇ ਪਤੀਬ੍ਰਤਿ ਧਰਮ ਨੂੰ ਪੱਕਾ ਅਤੇ ਦ੍ਰਿੜ੍ਹ ਕੀਤਾ ਹੈ। ਉਨ੍ਹਾਂ ਦੇ ਘਰ ਦੋ ਸਦਾਚਾਰੀ ਪੁੱਤਰਾਂ ਨੇ ਜਨਮ ਲਿਆ, ਵੱਡੇ ਦਾ ਨਾਂ ਕਾਲੂ ਹੈ ਅਤੇ ਛੋਟੇ ਦਾ ਨਾਂ ਲਾਲੂ ਹੈ॥ ੫੦॥

ਵਡਭਾਗੀ ਜੋ ਹੈ ਸ਼ੁਭ ਕਰਮੀ। ਭਗਤਿ ਪਰਾਯਨ ਨਿਸ਼ਚਲ ਧਰਮੀ।
ਜਪ ਤਪ ਬ੍ਰੱਤ ਨੇਮ ਸਮੁਦਾਏ। ਕਰਤਿ ਬਹੁਤ ਜਿਹ ਜਨਮ ਬਿਤਾਏ॥੫੧॥

ਬਾਬਾ ਕਾਲੂ ਜੀ ਸ਼ੁਭ ਕਰਮਾਂ ਵਾਲਾ ਬੜਾ ਵਡਭਾਗੀ ਹੈ। ਉਹ ਭਗਤੀ ਨੂੰ ਧਾਰਨ ਵਾਲਾ ਹੈ ਅਤੇ ਆਪਣੇ ਧਰਮ ਵਿਚ ਨਿਸ਼ਚਲ ਹੈ। ਉਸ ਸਾਰੇ ਜਪ, ਤਪ, ਵਰਤ, ਨੇਮ ਆਦਿ ਕਈਆਂ ਜਨਮਾਂ ਵਿਚ ਕੀਤੇ ਹਨ॥ ੫੧॥

ਚੌਪਈ- ਅਨਿਕ ਜਨਮ ਕੀ ਇੱਛਾ ਜਾਸੂ। ਵਿਸ਼ਨੁ ਹੋਇ ਸੁਤ ਗਯਾਨ ਨਿਵਾਸੂ।
ਰਿਦੈ ਕਰਤਿ ਸੰਕਲਪ ਵਿਕਲਪਾ। ਭਗਤ ਅਧੀਨ ਰਿਝੈ ਗੁਨ ਅਲਪਾ॥੫੨॥

ਇਸ ਜਨਮ ਵਿਚ ਉਸ ਦੀ ਇੱਛਾ ਹੈ ਕਿ ਉਸ ਦੇ ਘਰ ਗਿਆਨ ਦਾ ਘਰ ਵਿਸ਼ਨੂ ਦਾ ਅਵਤਾਰ ਰੂਪੀ ਪੁੱਤਰ ਜਨਮ ਲਵੇ। ਆਪਣੇ ਹਿਰਦੇ ਵਿਚ ਉਸ ਨੇ ਇਹ ਸੰਕਲਪ ਧਾਰਿਆ ਹੈ ਅਤੇ ਥੋੜੇ ਗੁਣਾਂ ਤੇ ਹੀ ਉਹ ਭਗਤੀ ਅਧੀਨ ਪ੍ਰਸੰਨ ਰਹਿੰਦਾ ਹੈ॥੫੨॥

ਨੋਟ:- ਹਿੰਦੂ ਧਰਮ ਵਿਚ ਇਹ ਵਿਸ਼ਵਾਸ ਹੈ ਕਿ ਵਾਹਿਗੁਰੂ ਦਾ ਸਰਗੁਣ ਸਰੂਪ ਵਿਸ਼ਨੂੰ ਭਗਵਾਨ ਹੈ, ਜਿਸ ਨੇ ਆਪਣੇ ਤੇਈ ਅਵਤਾਰ ਧਾਰੇ ਹਨ ਅਤੇ ਚੌਵੀਆਂ ਅਵਤਾਰ ਹਾਲੇ ਧਾਰਨਾ ਹੈ॥੫੨॥

ਜੇ ਮੁਝ ਲਖੈਂ ਦੀਨ ਗੁਨ ਨਾਂਹੀ। ਭਏ ਸੂਕਰੀ ਸਫਰੀ ਮਾਂਹੀ।
ਕਮਠੀ ਆਦਿਕ ਬਿਮਤਿ ਕੁਜਾਤੀ। ਤਿਨਕੇ ਜਨਮ ਲੀਨ ਜਗ ਖਜਾਤੀ॥੫੩॥

ਬਾਬਾ ਕਾਲੂ ਜੀ ਆਪਣੇ ਤੱਪ ਸਮੇਂ ਇਹ ਅਰਦਾਸਾਂ ਕਰਦੇ ਹਨ ਕਿ ਜੇ ਵਾਹਿਗੁਰੂ ਮੈਨੂੰ ਗਰੀਬ ਅਤੇ ਗੁਣਹੀਣ ਜਾਨਣ ਤਾਂ ਮੇਰੇ ਘਰ ਸੂਰ ਜਾਤੀ ਜਾਂ ਮੱਛੀ ਦੇ ਰੂਪ ਵਿਚ ਆ ਜਾਣ। ਕਛੂਣੀ ਆਦਿ ਬੁੱਧ ਰਹਿਤ ਜਾਤਾਂ ਕੁਜਾਤਾਂ ਵਿਚ ਜਨਮ ਲਿਆ ਹੈ। ਜਿਸ ਬਾਰੇ ਸਾਰਾ ਜੱਗ ਜਾਣਦਾ ਹੈ॥੫੩॥

ਪ੍ਰੇਮ ਡੋਰ ਸੋਂ ਕਰਹਿ ਅਕਰਨੀ। ਕੀਰਤਿ ਬਿਮਲ ਬੇਦ ਇਮ ਬਰਨੀ।
ਅਦਿਤੀ ਕੱਸਜਪ ਕੇ ਜਿਮ ਧਾਮਾ। ਉਪ ਜਤਿ ਭਏ ਉਪੇਂਦਰ ਨਾਮਾ॥੫੪॥

ਪ੍ਰੇਮ ਦੀ ਡੋਰ ਨਾਲ ਨਾ ਕਰਨ ਵਾਲੀ ਕਰਨੀ ਵੀ ਕਰਦੇ ਹਨ, ਜਿਵੇਂ ਅਦਿਤੀ ਅਤੇ ਉਸ ਦੇ ਪਤੀ ਕਸ਼ਜਪ ਦੇ ਘਰ, ਉਪੇਂਦਰ ਨਾਮੀ ਬਾਵਨ ਅਵਤਾਰ ਪ੍ਰਗਟ ਹੋਏ ਸਨ॥ ੫੪॥

ਅਸਆਸਾ ਧਰਿ ਅਸੁਰ ਬਿਨਾਸ਼ੀ। ਭਯੋ ਨਿਰੰਤਰ ਰੂਪ ਉਪਾਸੀ।
ਕਾਲੂ ਨਾਮ ਜਨਮ ਜਬ ਧਾਰਾ। ਪੂਰਨ ਆਸਾ ਕੀਨਿ ਮੁਰਾਰਾ॥ ੫੫॥

ਦੈਂਤਾਂ ਨੂੰ ਨਾਸ਼ ਕਰਨ ਵਾਲੇ ਭਗਵਾਨ ਦੀ ਨਿਰੰਤਰ ਰੂਪ ਵਿਚ ਉਪਾਸ਼ਨਾ ਹੁੰਦੀ ਰਹੀ ਹੈ। ਜਦ ਬਾਬਾ ਕਾਲੂ ਨੇ ਜਨਮ ਲਿਆ ਤਾਂ ਵਾਹਿਗੁਰੂ ਨੇ ਉਨ੍ਹਾਂ ਦੀ ਆਸ ਪੂਰੀ ਕੀਤੀ॥ ੫੫॥

ਸੁਤ ਕਾਲੂ ਪਿਖ ਪਿਤ ਸ਼ਿਵਰਾਮੂ। ਪਾਨਗ੍ਰਹਨ ਕਿਯ ਕੀਰਤਿ ਧਾਮੂ।
ਤਿਯ ਪਤਿਬਰਤਾ ਗੁਣਨਿਧਿ ਸੋਊ। ਤਿਹ ਸੁਸ਼ੀਲਤਾ ਕਹਿ ਸਕ ਕੋਊ ? ॥੫੬॥

ਪਿਤਾ ਸ਼ਿਵਰਾਮ ਨੇ ਆਪਣੇ ਪੁੱਤਰ ਕਾਲੂ ਦਾ ਇਕ ਚੰਗੇ ਘਰ ਵਿਚ ਵਿਆਹ ਕਰ ਦਿੱਤਾ। ਬਾਬੇ ਕਾਲੂ ਜੀ ਦੀ ਇਸਤਰੀ ਬੜੀ ਪਤੀਬਰਤਾ ਅਤੇ ਗੁਣਾਂ ਦਾ ਖਜ਼ਾਨਾ ਹੈ। ਉਸ ਦੀ ਸੁਸ਼ੀਲਤਾ ਬਾਰੇ ਕੋਈ ਕੀ ਕਹਿ ਸਕਦਾ ਹੈ ? ਭਾਵ ਉਹ ਅਤਿ ਸੁਸ਼ੀਲ ਅਤੇ ਸੁਘੜ ਹੈ॥ ੫੬॥

ਸਾਧ੍ਵੀ ਪਾਇਕਾਲ ਬਹੁ ਕਾਲੂ। ਕਿਯੇ ਬਰਤ ਤਪ ਕਠਨ ਬਿਸਾਲੂ।
ਚਿਰੰਕਾਲ ਇਵ ਦੰਪਤਿ ਬੀਤਾ। ਹਰਿ ਪਦਪੰਕਜ ਮਿਜਨ ਮਨ ਪ੍ਰੀਤਾ॥੫੭॥

ਸ੍ਰੇਸ਼ਟ ਇਸਤਰੀ ਨੇ ਕਾਫੀ ਸਮਾਂ ਬਰਤ ਤਪ ਬਹੁਤ ਕੀਤੇ। ਬਹੁਤ ਚਿਰ ਇਸ ਤਰ੍ਹਾਂ ਇਸਤਰੀਬਰਤਾ ਦਾ ਜੀਵਨ ਗੁਜ਼ਰਿਆ। ਦੋਹਾਂ ਦੇ ਮਨ ਵਿਚ ਵਾਹਿਗੁਰੂ ਦੇ ਚਰਨ ਕੰਵਲਾਂ ਨਾਲ ਬਹੁਤ ਪ੍ਰੀਤ ਹੈ॥ ੫੭॥

ਤਲਵੰਡੀ ਮਹਿਂ ਰਾਇ ਬੁਲਾਰੂ। ਸੋਦਰ ਸਮ ਕਾਲੂ ਸੰਗ ਪਜਾਰੂ।
ਜਿਤੇ ਗ੍ਰਾਮ ਕੋ ਸੋ ਅਧਿਕਾਰੀ। ਸਭਿ ਕੀ ਦਈ ਕਾਰ ਪਟਵਾਰੀ॥ ੫੮॥

ਤਲਵੰਡੀ ਨਗਰ ਵਿਚ ਰਾਇ ਬੁਲਾਰ ਹਾਕਮ ਰਹਿੰਦਾ ਹੈ, ਉਸ ਦਾ ਬਾਬਾ ਕਾਲੂ ਨਾਲ ਬਹੁਤ ਪਿਆਰ ਹੈ। ਉਸ ਨਗਰ ਦਾ ਉਹ ਹੀ ਅਧਿਕਾਰੀ ਹੈ। ਬਾਬਾ ਕਾਲੂ ਨੂੰ ਉਸ ਪਟਵਾਰੀ ਦੀ ਕਾਰ ਤੇ ਲਾਇਆ ਹੋਇਆ ਹੈ॥ ੫੮॥

ਅਸਬਿਧਿ ਬਿਲਸਤਿ ਅਨਿਕ ਬਿਲਾਸਾ। ਦੰਪਤਿ ਉਰ ਧਰਿਹੀ ਸੁਤ ਆਸਾ।
ਸਾਧ੍ਵੀ ਗਰਭ ਧਰਨ ਪੁਨ ਕੀਨਾ। ਜਨਮੀ ਤਨਿਯਾ ਸੁਮਤਿ ਪ੍ਰਬੀਨਾ॥੫੯॥

ਇਸ ਤਰ੍ਹਾਂ ਕਾਫੀ ਸਮਾਂ ਬਾਬਾ ਕਾਲੂ ਖੁਸ਼ੀ ਖੇੜੇ ਦਾ ਜੀਵਨ ਬਤੀਤ ਕਰਦੇ ਰਹੇ। ਦੋਹਾਂ ਇਸਤਰੀ ਮਰਦ ਨੇ ਪੁੱਤਰ ਦੀ ਆਸ ਰੱਖੀ ਹੋਈ ਹੈ। ਸ੍ਰੇਸ਼ਟ ਇਸਤਰੀ ਨੇ ਫਿਰ ਗਰਭ ਧਾਰਨ ਕੀਤਾ ਅਤੇ ਉਨ੍ਹਾਂ ਦੇ ਘਰ ਸ੍ਰੇਸ਼ਟ ਬੁੱਧੀ ਵਾਲੀ ਲੜਕੀ ਨੇ ਜਨਮ ਲਿਆ॥ ੫੯॥

ਹਿਮ ਗਿਰ ਮੈਨਾ ਕੇ ਘਰ ਮਾਂਹੀ। ਪਾਰਬਤੀ ਜਨਮੀ ਜਿਵ ਆਹੀ।
ਭਈ ਸੁਸ਼ੀਲਾ ਸਭਿ ਗੁਣ ਖਾਨੀ। ਮਨਹੁਂ ਭਗਤਿ ਧਰਿ ਦੇਹਿ ਸੁਹਾਨੀ॥੬੦॥

ਉਨ੍ਹਾਂ ਦੇ ਘਰ ਇਕ ਐਸੀ ਕੰਨਿਆਂ ਨੇ ਜਨਮ ਲਿਆ, ਜਿਵੇਂ ਹਿਮਾਲਾ ਪਰਬਤ ਅਤੇ ਉਸ ਦੀ ਇਸਤਰੀ ਮੈਨਾਂ ਦੇ ਘਰ ਪਾਰਬਤੀ ਨੇ ਜਨਮ ਲਿਆ ਹੋਵੇ। ਉਹ ਬੜੀ ਸੁਸ਼ੀਲ ਅਤੇ ਗੁਣਾਂ ਦੀ ਖਾਣ ਹੈ। ਸੁੰਦਰ ਸਰੂਪ ਵਾਲੀ ਕੰਨਿਆਂ ਹਰ ਸਮੇਂ ਆਪਣੀ ਸੁਰਤ ਪ੍ਰਭੂ ਭਗਤੀ ਵਿਚ ਲਾਈ ਰੱਖਦੀ ਹੈ॥੬੦॥

ਕਾਲ ਬਿਤੀਤ ਭਯੋ ਪਸ਼ਚਾਤਾ। ਕਾਲੂ ਗਤਿ ਲਖ ਕਰਿ ਜਗਦਾਤਾ।
ਹੋਵੌਂ ਪੁੱਤ੍ਰ ਤਾਸ ਮੈਂ ਜਾਈ। ਅਸ ਵਿਚਾਰ ਆਏ ਜਗਰਾਈ॥ ੬੧॥

ਇਸ ਤੋਂ ਬਾਅਦ ਕੁਝ ਸਮਾਂ ਹੋਰ ਬਤੀਤ ਹੋ ਗਿਆ। ਜਗਤ ਦੇ ਦਾਤਾ ਨੇ ਕਾਲੂ ਦੀ ਅਤਿ ਪ੍ਰੀਤ ਵੇਖ ਕੇ ਉਸ ਦੇ ਘਰ ਪ੍ਰਕਾਸ਼ ਲੈਣ ਦਾ ਸੰਕਲਪ ਬਣਾ ਲਿਆ, ਭਾਵ ਏਕੰਕਾਰ ਧਾਰਿ ਨਿਜ ਰੂਪਾ। ਪ੍ਰਗਟੇ ਸਤਿਗੁਰੂ ਰੂਪ ਅਨੂਪਾ। ਪਾਪ ਦੇ ਹਨੇਰੇ

ਨੂੰ ਦੂਰ ਕਰਨ ਵਾਸਤੇ ਪ੍ਰਭੂ ਨੇ ਆਪ ਜਗਤ ਵਿਚ ਆਉਣ ਬਾਰੇ ਸੋਚਿਆ ਹੈ। ਜਗਤ ਦੇ ਰਾਜੇ ਨੇ ਇਸ ਤਰ੍ਹਾਂ ਦਾ ਵਿਚਾਰ ਬਣਾਇਆ ਕਿ ਮੈਂ ਤਿਸਦਾ (ਬਾਬਾ ਕਾਲੂ) ਦਾ ਪੁੱਤਰ ਹੋਵਾਂ॥੬੧॥

ਦੁਤਿਯ ਗਰਭ ਕੋ ਧਾਰਨ ਕੀਨਾ। ਪਤਿ-ਬ੍ਰਤ ਧਰਮ ਜਾਸੁ ਮਨ ਲੀਨਾ।
ਜਿਉਂ ਦੁਤੀਆ ਕੋ ਬ੍ਰਿੱਧਤਿ ਚੰਦੂ। ਤਿਹ ਸਮ ਗਰਭ ਰੂਪ ਸੁਖਕੰਦੂ॥੬੨॥

ਉਸ ਪਤੀਬ੍ਰਤ ਅਤੇ ਸ੍ਰੇਸ਼ਟ ਇਸਤਰੀ ਨੇ ਦੂਸਰੀ ਵਾਰ ਗਰਭ ਧਾਰਨ ਕੀਤਾ। ਜਿਵੇਂ ਦੂਜ ਦਾ ਚੰਦਰਮਾਂ ਵਧਦਾ ਹੈ, ਉਸ ਤਰ੍ਹਾਂ ਗਰਭ ਰੂਪੀ ਸੁੱਖਾਂ ਦਾ ਕੰਵਲ ਵਧਦਾ ਗਿਆ॥ ੬੨॥

ਜੱਦਪਿ ਭੂਖਨ ਸਕਲ ਉਤਾਰੇ। ਤਦਪਿ ਸੁੰਦ੍ਰਤਾ ਅਧਿਕ ਉਜਾਰੇ।
ਕਾਲੂ ਤਿਯ ਬੈਸੇ ਜਿਸ ਅੰਦਰ। ਅਤਿ ਸ਼ੋਭਾ ਸੋਂ ਲਗੇ ਸੁ ਸੁੰਦਰ॥੬੩॥

ਭਾਵੇਂ ਗਹਿਣੇ ਸਾਰੇ ਉਤਾਰੇ ਹੋਏ ਹਨ, ਫਿਰ ਵੀ ਸੁੰਦਰਤਾ ਬਹੁਤ ਪ੍ਰਕਾਸ਼ਮਈ ਹੈ। ਕਾਲੂ ਜਦ ਅੰਦਰ ਬੈਠਦਾ ਹੈ ਤਾਂ ਉਸ ਦੀ ਸ਼ੋਭਾ ਅਤਿ ਸੁੰਦਰ ਲਗਦੀ ਹੈ॥ ੬੩॥

ਸੁਨਿ ਸੰਦੇਹ ਕਰੈ ਜਿਨ ਕੋਊ। ਕੋਟਿ ਬ੍ਰਹਮੰਡ ਸ਼ੋਭਦਾ ਜੋਊ।
ਤਿਹ ਨਿਵਾਸ ਕੀਨੋ ਜਿਹ ਥਾਈਂ। ਕਿਉਂ ਨ ਹੋਇ ਤਿਹ ਸ਼ੋਭ ਸਵਾਈ॥੬੪॥

ਮਤਾਂ ਕੋਈ ਸੁਣ ਕੇ ਸੰਦੇਹ ਕਰੇ, ਉਸ ਦੀ ਸ਼ੋਭਾ ਨਾਲ ਕੋਟਾਂ ਬ੍ਰਹਿਮੰਡ ਸ਼ੋਭ ਰਹੇ ਹਨ। ਜਿਸ ਥਾਂ ਤੇ ਉਸ ਨਿਵਾਸ ਕੀਤਾ ਹੈ ਉਸ ਥਾਂ ਦੀ ਸ਼ੋਭਾ ਅਧਿਕ ਕਿਉਂ ਨਾ ਹੋਵੇ ?॥ ੬੪॥

ਚੌਪਈ- ਜਾਂ ਦਿਨ ਤੇ ਆਏ ਜਗ ਸ੍ਵਾਮੀ। ਪਏ ਸਰਲ ਪੁਰਿ ਮਹਿਂ ਜੇ ਬਾਮੀ।
ਸੁਚਿ,ਸੰਤੋਖ,ਧਰਮ,ਸਤਿ,ਕਰੁਨਾ। ਅਸ ਸੁਭ ਕਰਮਨ ਮਹਿਂ ਆ ਚਰਨਾ॥੬੫॥

ਜਦ ਜਗਤ ਦੇ ਸਵਾਮੀ ਦੇ ਜਗਤ ਵਿਚ ਆਉਣ ਦਾ ਸਮਾਂ ਨੇੜੇ ਆ ਗਿਆ ਤਾਂ ਜਿਹੜੇ ਵਿੰਗੇ ਵਿਅਕਤੀ ਹਨ ਉਹ ਵੀ ਸਿੱਧੇ ਹੋ ਗਏ, ਭਾਵ-ਜਿਹੜੇ ਕਠੋਰ ਹਨ ਉਹ ਵੀ ਸਰਲ ਹੋ ਗਏ। ਸੱਚ, ਸੰਤੋਖ, ਧਰਮ, ਸਤਿ, ਕਰੁਣਾ ਆਦਿ ਸਾਰੇ ਹੀ ਸੁਭ ਕਰਮਾਂ ਵਿਚ ਵਰਤਣ ਲੱਗ ਗਏ॥ ੬੫॥

ਸੀਤ ਸੁਗੰਧਤਿ ਮੰਦ ਸਮੀਰਾ। ਚਲੈ ਜੁ ਹਰਿ ਹੀ ਸਭਿ ਬਿਧਿ ਧੀਰਾ।
ਬਾਦਰ ਆਵਹਿਂ ਭਰਿਭਰਿ ਬਾਰੀ। ਬਰਖਹਿਂ ਨਰ ਇੱਛਾ ਅਨੁਸਾਰੀ॥੬੬॥

ਠੰਢੀ, ਸੁਗੰਧੀ ਵਾਲੀ ਅਤੇ ਧੀਮੀ ਹਵਾ ਪ੍ਰਭੂ ਦੇ ਹੁਕਮ ਅਨੁਸਾਰ ਵਿਧੀ ਅਨੁਸਾਰ ਚਲ ਰਹੀ ਹੈ। ਬੱਦਲ ਪਾਣੀ ਦੇ ਭਰ ਭਰ ਕੇ ਆ ਰਹੇ ਹਨ, ਅਤੇ ਬਾਰਸ਼ ਮਨੁੱਖਾਂ ਦੀ ਇੱਛਾ ਅਨੁਸਾਰ ਪੈ ਰਹੀ ਹੈ॥ ੬੬॥

ਫੂਲਹਿਂ ਫਲਹਿਂ ਬ੍ਰਿੱਖ ਸਮੁਦਾਈ। ਜਨੁ ਅਨੰਦਤਾ ਬਾਹਰ ਆਈ।
ਅੰਤਰ ਤਿਨਕੈ ਭਈ ਅਮੇਊ। ਮਨਹੁਂ ਨਰਨ ਦਿਖਰਾਵਹਿ ਤੇਊ॥੬੭॥

ਹਰ ਪ੍ਰਕਾਰ ਦੇ ਦਰੱਖਤਾਂ ਨੂੰ ਫੁੱਲ ਅਤੇ ਫਲ ਲੱਗ ਰਹੇ ਹਨ, ਜਿਵੇਂ ਖੁਸ਼ੀਆਂ ਦੀ ਬਹਾਰ ਆ ਗਈ ਹੋਵੇ। ਉਨ੍ਹਾਂ ਦੇ ਅੰਦਰ ਜਿਵੇਂ ਸ਼ਹਿਦ ਭਰ ਗਿਆ ਹੈ, ਅਤੇ ਮਨੁੱਖ ਮਾਨੋ ਆਪਣੀ ਖੁਸ਼ੀ ਦਿਖਲਾ ਰਹੇ ਹਨ॥ ੬੭॥

ਛਿਤ ਸੋਹਤਿ ਧਰਿ ਨਵ ਸਬਜ਼ਾਈ। ਜਿਹ ਉਰ ਸਭਿ ਤੇ ਅਧਿਕ ਬਧਾਈ।
ਜਙ ਜੰਗਮ ਤਲਵੰਡਿ ਅਨੰਦੂ। ਭਾ ਪ੍ਰਵੇਸ਼ ਜਬ ਕੋ ਸੁਖ ਕੰਦੂ॥੬੮॥

ਧਰਤੀ ਨਵੀਂ ਹਰਿਆਵਲ ਧਾਰ ਕੇ ਸ਼ੋਭ ਰਹੀ ਹੈ, ਹਰ ਇਕ ਦਿਲ ਵਿਚ ਵੱਧ-ਵੱਧ ਖੁਸ਼ੀ ਅਤੇ ਖੇੜਾ ਹੈ। ਤੁਰਨ ਵਾਲੇ ਅਤੇ ਨਾ ਤੁਰਨ ਵਾਲੇ ਸਾਰੇ ਜੀਵ-ਜੰਤੂ ਅਨੰਦਮਈ ਹੋ ਰਹੇ ਸਨ। ਸੁਖਦਾਤੇ ਦਾ ਜਦ ਤੋਂ ਪ੍ਰਵੇਸ਼ ਹੋਇਆ ਹੈ॥੬੮॥

ਅਸ ਜਸ ਬੀਤ ਗਏ ਦਸ ਮਾਸਾ। ਸਰਦ ਸੁੰਦਰੀ ਇੰਦੁ ਪ੍ਰਕਾਸ਼ਾ।
ਬਿਮਲ ਅਕਾਸ਼ ਸੋਹਿ ਗਣ ਤਾਰਾ। ਜਿਮ ਜੱਗਜਾਸੀ ਉਰ ਆਚਾਰਾ ॥੬੯॥

ਇਸ ਤਰ੍ਹਾਂ ਜਦ ਦਸ ਮਹੀਨੇ ਬੀਤ ਗਏ, ਸਰਦ ਰੁੱਤ ਦਾ ਚੰਦਰਮਾਂ ਪ੍ਰਕਾਸ਼ਿਆ। ਸਾਰਾ ਆਕਾਸ਼ ਤਾਰਿਆਂ ਨਾਲ ਇੰਝ ਸੁਭਾਇਮਾਨ ਹੋ ਰਿਹਾ ਹੈ ਜਿਵੇਂ ਜਗਿਆਸੂ ਦੇ ਹਿਰਦੇ ਅੰਦਰ ਨੇਕ ਚਲਣੀ ਦੇ ਗੁਣ ਚਮਕ ਰਹੇ ਹੋਣ॥ ੬੯॥

ਨਿਰਸ ਮੇਘ ਹੁਇ, ਗੇ ਨਿਜ ਦੇਸੂ। ਜਿਮ ਸਤਿਸੰਗਤਿ ਮਿਟਹਿ ਕਲੇਸੂ।
ਉਰਜ ਮਾਸ ਕੀ ਪੂਰਨਮਾਸ਼ੀ। ਹਰਿ ਕੀਰਤਿ ਸੋ ਜੋਨ੍ਹ ਪ੍ਰਕਾਸ਼ੀ ॥੭੦॥

ਬੱਦਲ ਪਾਣੀ-ਰਹਿਤ ਹੋ ਕੇ ਆਪਣੇ ਦੇਸ਼ਾਂ ਨੂੰ ਜਾਣ ਲੱਗੇ, ਜਿਵੇਂ ਸਤਿਸੰਗਤ ਵਿਚ ਜਾਣ ਨਾਲ ਕਲੇਸ਼ ਚਲੇ ਜਾਂਦੇ ਹਨ। ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਹਰੀ ਦੇ ਕੀਰਤਨ ਵਾਂਗ ਚਾਂਦਨੀ ਪ੍ਰਕਾਸ਼ਮਈ ਹੋਈ॥ ੭੦॥

ਸੰਬਤ ਨੌ ਖਟ ਸਹਸ ਛਬੀਸਾ। ਭੇ ਅਵਤਾਰ ਪ੍ਰਗਟ ਜਗਦੀਸ਼ਾ।
ਭਯੋ ਅਚਾਨਕ ਸਭਿਨਿ ਉਛਾਹਾ। ਬਿਨ ਕਾਰਨ ਮਨ ਲਖਿ ਨ ਸਕਾਹਾ ॥੭੧॥

ਸੰਮਤ ਪੰਦਰਾਂ ਸੌ ਛੱਬੀ ਨੂੰ ਜਗਤ ਦੇ ਪਾਤਸ਼ਾਹ ਨੇ ਅਵਤਾਰ ਧਾਰਿਆ। ਅਚਨਚੇਤ ਹੀ ਸਾਰੇ ਖੁਸ਼ੀਆਂ ਦਾ ਪ੍ਰਵਾਹ ਉਛਾਲੇ ਮਾਰਨ ਲੱਗਾ। ਇੰਝ ਕਿਉਂ ਹੋਇਆ, ਕੋਈ ਵੀ ਜਾਣ ਨਾ ਸਕਿਆ॥ ੭੧॥

ਚੌਪਈ- ਧਰਾ ਅਕਾਸ਼ ਬਿਖੈ ਜੇ ਬਾਸੀ। ਮੰਗਲ ਕਰਹਿੰ ਸਿਮਰ ਅਬਿਨਾਸ਼ੀ।
ਲੇ ਨਿਜ ਹਾਥਨਿ ਸੰਖ ਬਜਾਏ। ਜੈ ਜੈ ਜੈ ਮੁਖ ਬਚਨ ਸੁਨਾਏ ॥੭੨॥

ਧਰਤੀ ਅਤੇ ਆਕਾਸ਼ ਤੇ ਵੱਸਣ ਵਾਲੇ ਸਾਰੇ ਜੀਵ ਕਦੀ ਨਾ ਨਾਸ਼ ਹੋਣ ਵਾਲੇ ਪਰਮਾਤਮਾ ਦਾ ਸਿਮਰਨ ਕਰਕੇ ਮੰਗਲਾਚਰਨ ਕਰ ਰਹੇ ਹਨ। ਉਨ੍ਹਾਂ ਆਪਣੇ ਹੱਥਾਂ ਵਿਚ ਫੜ ਕੇ ਸੰਖ ਵਜਾਏ ਅਤੇ ਮੁੱਖ ਤੋਂ ਜੈ ਜੈ ਜੈ ਦੇ ਬਚਨਾਂ ਦਾ ਉਚਾਰਨ ਕੀਤਾ॥ ੭੨॥

ਅਮਰਨ ਮਿਲ ਕਰਿ ਮੱਲਜ ਘਸਾਈ। ਕੁੰਕਮ ਪੁਨ ਘਨਸਾਰ ਮਿਲਾਈ।
ਕਾਲੂ ਕੇ ਮੰਦਰ ਪਰ ਚਰਚਹਿੰ। ਮੰਦਾਰਨ ਕੁਸਮਾਂਜਲਿ ਅਰਚਹਿੰ ॥੭੩॥

ਦੇਵਤਿਆਂ ਨੇ ਮਿਲ ਕੇ ਚੰਦਨ ਘਸਾਈ, ਉਸ ਵਿਚ ਫਿਰ ਕੇਸਰ ਅਤੇ ਕਪੂਰ ਮਿਲਾਈ। ਉਸ ਮਿਸ਼ਰਣ ਨੂੰ ਉਹ ਫਿਰ ਬਾਬਾ ਕਾਲੂ ਦੇ ਘਰ ਜਾ ਕੇ ਛਿੜਕਣ ਲੱਗੇ। ਕਲਪ ਬ੍ਰਿਛ ਦੇ ਫੁੱਲਾਂ ਦੇ ਬੁੱਕਾਂ ਦੇ ਬੁੱਕ ਅਰਸ਼ਾਂ ਤੋਂ ਵਰਸਾਉਣ ਲੱਗੇ॥ ੭੩॥

ਧਾਇਨ ਸੇਬਜੰਮਾਨ ਕੁਲੀਨਾ। ਭਈ ਪ੍ਰਸੂਤਾ ਅਤਿ-ਸੁਖ ਲੀਨਾ।
ਅਸ਼ਟਦੀਪ ਦੀਪਤਿ ਗ੍ਰਿਹ ਜਾਨੋ। ਛਬਿ ਘਟਿ ਗਈ ਬਾਲ ਰਵਿ ਮਾਨੋ ॥੭੪॥

ਚੰਗੀ ਕੁੱਲ ਦੀਆਂ ਇਸਤਰੀਆਂ ਦਾਈਆਂ ਬਣ ਕੇ ਸੇਵਾ ਕਰਨ ਲਈ ਬਾਬਾ ਕਾਲੂ ਦੇ ਘਰ ਵਲ ਆਈਆਂ। ਸਰਵ-ਸ੍ਰੇਸ਼ਟ ਇਸਤਰੀਆਂ ਨੇ ਪ੍ਰਸੂਤਾ ਬਣ ਕੇ ਅਤਿ ਸੁੱਖ ਪ੍ਰਾਪਤ ਕੀਤਾ। ਜੋ ਅੱਠ ਦੀਵੇ ਜਗ ਰਹੇ ਹਨ, ਉਨ੍ਹਾਂ ਨੂੰ ਤੁਸੀਂ ਗ੍ਰਿਹ ਸਮਝੋ। ਉਨ੍ਹਾਂ ਦੀਵਿਆਂ ਦੀ ਰੋਸ਼ਨੀ ਘਟ ਗਈ, ਮਾਨੋ ਸਵੇਰ ਦਾ ਬਾਲਰੂਪੀ ਸੂਰਜ ਚੜ੍ਹ ਪਿਆ ਹੈ॥ ੭੪॥

ਦਿਪਤ ਤੇਜ ਜਿੰਹ ਕਾਂਤਿ ਅਨੂਪਾ। ਬਿਸਮੈ ਧਾਇ ਹੇਰਿ ਜਿਸ ਰੂਪਾ।
ਜਨਮਤਿ ਮ੍ਰਿਦੁਲ ਬਾਲ ਮੁਸਕਾਈ। ਸਗਨ ਕੁਸਗਨ ਨ ਜਾਨਜੋ ਜਾਈ ॥੭੫॥

ਅਨੂਪਮ ਸੁੰਦਰਤਾ ਦਾ ਤੇਜ ਪ੍ਰਕਾਸ਼ ਰਿਹਾ ਹੈ। ਦਾਈ ਬਾਲਕ ਦਾ ਸੁੰਦਰ ਰੂਪ ਵੇਖ ਕੇ ਬਹੁਤ ਹੈਰਾਨ ਹੋਈ। ਜਨਮ ਸਮੇਂ ਕੋਮਲ ਬਾਲ ਹੱਸ ਰਿਹਾ ਹੈ। ਸ਼ਗਨ ਕੁਸ਼ਗਨ ਜਾਣਿਆ ਨਹੀਂ ਜਾ ਸਕਦਾ॥ ੭੫॥

ਅਨਤ ਬਾਲ ਜਨਮਤਿ ਸਭਿ ਰੋਤੇ। ਬਿਗਸਤਿ ਇਹ ਜਿਵ ਆਨੰਦ ਹੋਤੇ।

ਅਲਪ ਬੁੱਧਿ ਕਿਉਂ ਧਾਇ ਲਖਾਹੀ। ਜਨਮ ਮਰਨ ਇਸ ਪੀਰਾ ਨਾਹੀ॥੭੬॥

ਹੋਰ ਸਾਰੇ ਬਾਲਕ ਜਨਮ ਸਮੇਂ ਰੋਂਦੇ ਹਨ, ਪਰ ਇਹ ਅਸਚਰਜ ਬਾਲਕ ਤਾਂ ਹੱਸ ਰਿਹਾ ਹੈ, ਜਿਵੇਂ ਬੜਾ ਆਨੰਦ ਮਾਣ ਰਿਹਾ ਹੋਵੇ। ਥੋੜੀ ਬੁੱਧੀ ਵਾਲੀ ਦਾਈ ਕਿਵੇਂ ਸਮਝ ਸਕਦੀ ਹੈ ਕਿ ਇਸ ਸੁੰਦਰ ਬਾਲਕ ਨੂੰ ਜਨਮ ਮਰਨ ਦੀ ਪੀੜ ਨਹੀਂ ਹੈ, ਭਾਵ-ਉਹ ਜਨਮ ਮਰਨ ਦੀਆਂ ਪੀੜਾਂ ਤੋਂ ਰਹਿਤ ਹੈ॥ ੭੬॥

ਦਾਸੀ ਦੌਰਿ ਦਈ ਸੁਧਿ ਕਾਲੂ। 'ਲੇਹੁ ਵਧਾਈ ਅਨੰਦ ਬਿਸਾਲੂ।
ਕਾਂਤਿਮਾਨ ਭਾ ਤਾਤ ਤੁਮਾਰੇ। ਮੰਗਲ ਕਰਹੁ ਬਿਬਿਧ ਪਰਕਾਰੇ'॥੭੭॥

ਦਾਸੀ ਨੇ ਦੌੜ ਕੇ ਬਾਬੇ ਕਾਲੂ ਜੀ ਨੂੰ ਇਹ ਖੁਸ਼ਖਬਰੀ ਸੁਣਾਈ, "ਤੁਹਾਨੂੰ ਵਧਾਈ ਹੋਵੇ, ਬੜਾ ਅਨੰਦ ਮੰਗਲ ਹੋਇਆ ਹੈ। ਤੁਹਾਡੇ ਘਰ ਸੁੰਦਰ ਪੁੱਤਰ ਆਇਆ ਹੈ, ਹੁਣ ਅਨੇਕ ਤਰ੍ਹਾਂ ਦੇ ਮੰਗਲ ਕਰੋ"॥ ੭੭॥

ਸੁਤ ਉਪਜਨ ਕੇ ਸੁਨਿ ਕਰਿ ਬੈਨਾ। ਮਨਹੁੰ ਜਗਤ ਸੁਖ ਪ੍ਰਾਪਤਿ ਐਨਾ।
ਜਨਮ ਰੰਕ ਜਿਉਂ ਸਦਨ ਸੰਤਾਨਾ। ਆਨ ਲਗਜੋ,ਤਿਉਂ ਉਰ ਹਰਖਾਨਾ॥੭੮॥

ਜਦ ਕਾਲੂ ਜੀ ਨੇ ਪੁੱਤਰ ਦੇ ਜਨਮ ਦੀ ਖਬਰ ਸੁਣੀ ਤਾਂ ਉਨ੍ਹਾਂ ਮਨ ਵਿਚ ਬੜਾ ਸੁਖ ਪ੍ਰਾਪਤ ਕੀਤਾ। ਜਿਵੇਂ ਜਨਮ ਦੇ ਕੰਗਾਲ ਦੇ ਘਰ ਕਲਪ-ਬ੍ਰਿਛ ਉੱਗ ਪਿਆ ਹੋਵੇ। ਉਨ੍ਹਾਂ ਨੇ ਹਿਰਦੇ ਵਿਚ ਏਨੀ ਖੁਸ਼ੀ ਅਨੁਭਵ ਕੀਤੀ॥ ੭੮॥

ਚੌਪਈ- ਜਸਪਦ ਜਾਇ ਕੀਨ ਇਸ਼ਨਾਨਾ। ਬਸਤ੍ਰਨ ਯੁਤਿ ਜਿਉਂ ਬੇਦ ਬਖਾਨਾ।
ਉਰ ਪਰਮੇਸੁਰ ਕੋ ਕਰਿ ਧਜਾਨਾ। ਬੰਦਨ ਕਰਹਿ ਬੰਦ ਜੁਗ ਪਾਨਾ॥੭੯॥

ਛੇਤੀ ਹੀ ਜਾ ਕੇ ਬੇਦਾਂ ਦੀ ਰੀਤੀ ਅਨੁਸਾਰ ਕਪੜਿਆਂ ਸਮੇਤ ਇਸ਼ਨਾਨ ਕੀਤਾ। ਫਿਰ ਪਰਮੇਸ਼ਵਰ ਵਲ ਧਿਆਨ ਧਰ ਕੇ ਸਮਾਧੀ ਲਾ ਕੇ ਬੈਠ ਗਏ ਅਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਨ ਲੱਗੇ॥ ੭੯॥

ਇਹ ਬਿਧਿ ਜਨਮ ਭਯੋ ਜਗ ਗੁਰ ਕੋ। ਸੁਖ ਦੇਵਨ ਭਗਤਨਿ ਪੁਨ ਧਰ ਕੋ।
ਆਗੈ ਜਿਉਂ ਜਿਉਂ ਭਯੋ ਉਛਾਹੂ। ਸੁਨਹੁ ਕਥਾ ਭਵ ਵਡ ਰੁਜ ਦਾਹੂ॥੮੦॥

ਇਸ ਵਿਧੀ ਅਨੁਸਾਰ ਸਤਿਗੁਰੂ ਜੀ ਨੇ ਇਸ ਜਗਤ ਵਿਚ ਅਵਤਾਰ ਧਾਰਿਆ, ਜਿਨ੍ਹਾਂ ਨੇ ਇਸ ਧਰਤੀ ਅਤੇ ਭਗਤਾਂ ਨੂੰ ਸੁਖੀ ਕੀਤਾ। ਅੱਗੇ ਜਿਵੇਂ-ਜਿਵੇਂ ਖੁਸ਼ੀਆਂ ਖੇੜੇ ਵਾਪਰਦੇ ਹਨ, ਤੁਸੀਂ ਇਹ ਸੰਸਾਰ ਦੇ ਵੱਡੇ-ਵੱਡੇ ਰੋਗਾਂ ਦਾ ਨਾਸ਼ ਕਰਨ ਵਾਲੀ ਕਥਾ ਨੂੰ ਸੁਣਦੇ ਰਹੋ॥ ੮੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਗੁਰੂ ਜਨਮਾ' ਪ੍ਰਸੰਗ ਬਰਨਨ ਨਾਮ ਤ੍ਰਿਤੀਓ ਅਧਯਾਯ॥ ੩॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਤੀਸਰਾ ਅਧਿਆਇ, ਜਿਸ ਦਾ ਨਾਮ "ਸ੍ਰੀ ਗੁਰੂ ਜਨਮ ਪ੍ਰਸੰਗ" ਹੈ, ਸਮਾਪਤ ਹੋਇਆ॥ ੩॥

# ਅਧਿਆਇ ਚੌਥਾ

*ਗੁਰੂ ਜੀ ਦਾ ਅਵਤਾਰ, ਉਤਸ਼ਾਹ ਤੇ ਨਾਮ ਧਰਨਾ।*

ਕਬਿੱਤ- ਅੰਧ ਜੁ ਬਧਰ ਪਿੰਗ ਨਗਨ ਮ੍ਰਿਤਕ ਛੰਦ ਰੁਕਤ ਅਪਾਰਥ ਕੀ ਸਮਝ ਨ ਆਵਈ।
ਵੈਰ ਦੇਸ਼ ਕਾਲ ਗਨ ਅਗਨ ਨਵੇਂ ਹੀ ਰਸ ਬਿਬਧਾ ਲੰਕਾਰ ਹੂੰ ਕੇ ਭੇਦ ਨਹਿਂ ਪਾਵਈ।
ਕੋਊ ਗੁਨ ਹੈ ਨ ਮੈਂ ਭਨਤਿ ਮੱਧ ਜਾਨੋ ਮਨ ਗੁਨੀਅਨ ਹਾਸ ਜੋਗ ਅਟਪਟੀ ਜਾਵਈ।
ਏਕ ਗੁਨ ਯਾਮੈ ਸੁ ਬਿਦਤ ਸ੍ਰੁਤਿ ਸੰਤ ਸੁਨੋ ਸਤਿਗੁਰੂ ਕੀਰਤਿ ਸੁ ਨਿਰਮਲ ਭਾਵਈ ॥੧॥

ਮੈਨੂੰ ਆਪਣੀ ਕਵਿਤਾ ਵਿਚ ਪੈ ਰਹੇ ਦੋਸ਼ਾਂ ਦੀ ਜਿਵੇਂ ਅੰਨ੍ਹੀ ਬੋਲੀ, ਪਿੰਗਲੀ, ਨੰਗੀ, ਮਰੀ ਹੋਈ, ਦੁਹਰਾਈ, ਅਰਥਹੀਣਤਾ, ਦੇਸ਼ ਕਾਲ ਦੇ ਵੈਰ, ਗਨ, ਅਗਨ ਦੀ ਸਮਝ ਨਹੀਂ ਆ ਰਹੀ। ਇਸ ਤਰ੍ਹਾਂ ਕਵਿਤਾ ਦੇ ਬੁਖਣਾਂ ਨੂੰ ਨਿਭਾਉਣ ਵਿਚ ਜਿਵੇਂ ਕਿ ਨੌਂ ਰਸਾਂ ਤੇ ਹੋਰ ਭਿੰਨ ਭਿੰਨ ਪ੍ਰਕਾਰ ਦੇ ਅਲੰਕਾਰਾਂ ਦੇ ਬਿਆਨ ਕਰਨ ਦੇ ਭੇਦ ਨਹੀਂ ਆ ਰਹੇ। ਇਸ ਕਰਕੇ ਮੇਰੀ ਕਵਿਤਾ ਵਿਚ ਕੋਈ ਗੁਣ ਨਹੀਂ ਹੈ। ਹੇ ਗੁਣਵਾਣ ਸੱਜਨੋ ! ਮੈਂ ਆਪ ਕਹਿ ਰਿਹਾ ਹਾਂ, ਤੁਸੀਂ ਜਾਣਦੇ ਹੋ ਕਿ ਮੇਰੀ ਕਵਿਤਾ ਅਟਪਟੀ ਤੇ ਹਾਸੋਹੀਣੀ ਹੈ। ਪਰ ਇਕ ਗੁਣ ਇਸ ਵਿਚ ਜ਼ਰੂਰ ਹੈ, ਹੇ ਸੰਤ ਜਨੋ! ਇਸ ਵਿਚ ਸਤਿਗੁਰ ਜੀ ਦੀ ਕੀਰਤੀ ਨਿਰਮਲ ਤੇ ਮਨ ਨੂੰ ਭਾਉਣ ਵਾਲੀ ਹੈ॥ ੧॥

ਦੋਹਰਾ- ਨੋਰਾ ਸੁਰਸਰਿ ਬਕ੍ਰਗਤਿ- ਗੁਨੀ ਨ ਔਗੁਨ ਜਾਨ।
ਸਾਦਰ ਸੋ ਤਿਹ ਮਹਿਂ ਸਦਾ ਕਰਿਹੈਂ ਪਾਨ ਸ਼ਨਾਨ॥ ੨॥

ਗੰਗਾ ਦਰਿਆ ਦਾ ਪ੍ਰਵਾਹ ਵਿੰਗਾ ਟੇਢਾ ਚਲਦਾ ਹੈ, ਇਹ ਕੋਈ ਗੁਣ ਨਹੀਂ ਔਗੁਣ ਹੀ ਹੈ, ਪਰ ਫਿਰ ਵੀ ਲੋਕ ਬੜੇ ਸਤਿਕਾਰ ਨਾਲ ਇਸ ਵਿਚ ਇਸ਼ਨਾਨ ਕਰਦੇ ਸਮੇਂ ਉਹ ਇਸ ਦੇ ਔਗੁਣਾਂ ਨੂੰ ਨਹੀਂ ਚਿਤਾਰਦੇ। ਇਸ ਤਰ੍ਹਾਂ ਮੇਰੀ ਕਵਿਤਾ ਵਿਚ ਛੰਦਾ-ਬੰਦੀ ਵਿਚ ਕੁਝ ਔਗੁਣ ਹੋਣਗੇ, ਪਰ ਮੇਰਾ ਪ੍ਰਯੋਜਨ ਸਤਿਗੁਰ ਦੀ ਕੀਰਤੀ ਹੈ। ਇਸ ਲਈ ਵਿਦਵਾਨ ਲੋਕ ਮੇਰੇ ਔਗੁਣਾਂ ਨੂੰ ਚਿਤਾਰਨ ਦੀ ਥਾਂ ਸਤਿਗੁਰੂ ਦੀ ਕੀਰਤੀ ਰੂਪੀ ਗੰਗਾਂ ਵਿਚ ਇਸ਼ਨਾਨ ਕਰਨ॥ ੨॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਕਹਿ ਬਾਲਾ ਸ੍ਰੀ ਅੰਗਦ ਸੁਨੀਏ। ਸ੍ਰੀ ਗੁਰੁ ਕਥਾ ਬਿਮਲ ਗੁਨ ਗੁਨੀਏ।
ਭਈ ਭੋਰ ਨਿਜ ਦਾਸ ਬੁਲਾਯਾ। 'ਦਿਜਬਰ ਸਦਨ ਜਾਹ ਤੂੰ ਧਾਯਾ॥ ੩॥

*ਭਾਈ ਬਾਲੇ ਨੇ ਕਿਹਾ-* ਗੁਰੂ ਅੰਗਦ ਦੇਵ ਜੀ ! ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਮਲ ਕਥਾ ਸੁਣੋ। ਜਦ ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਨੇ ਆਪਣੇ ਨੌਕਰ ਨੂੰ ਬੁਲਾਇਆ ਅਤੇ ਉਸ ਨੂੰ ਕਿਹਾ, "ਤੂੰ ਜਲਦੀ ਬ੍ਰਾਹਮਣ ਦੇ ਘਰ ਨੂੰ ਜਾ॥੩॥

ਦੈਵਗ ਜੋ ਹਰਿਦਯਾਲ ਪ੍ਰਬੀਨਾ। ਆਨਹੁ ਤਾਂਹਿ ਬਿਲੰਬ ਬਿਹੀਨਾ।
ਸੁਨਤਿ ਦਾਸ ਦਿਜ ਸਦਨ ਸੁ ਜਾਈ। ਦਰ ਪਰ ਤਿਸ਼ਟਿ ਗੁਹਾਰ ਸੁਨਾਈ ॥੪॥

ਜਿਹੜਾ ਬ੍ਰਾਹਮਣ ਹਰਦਿਆਲ ਨਿਪੁੰਨ ਜੋਤਸ਼ੀ ਹੈ, ਉਸ ਨੂੰ ਛੇਤੀ ਏਥੇ ਬੁਲਾ ਲਿਆ।" ਇਹ ਸੁਣ ਕੇ ਨੌਕਰ ਬ੍ਰਾਹਮਣ ਦੇ ਘਰ ਵਲ ਚਲਾ ਗਿਆ ਅਤੇ ਘਰ ਦੇ ਦਰਵਾਜ਼ੇ ਤੇ ਜਾ ਕੇ ਬ੍ਰਾਹਮਣ ਨੂੰ ਆਵਾਜ਼ ਮਾਰੀ॥ ੪॥

ਚੌਪਈ- ਸ੍ਰੁਤਵਾ ਬਚਨ ਬਿੱਪ੍ਰ ਹਰਿਦਯਾਲਾ। ਆਲਯ ਦਰ ਨਿਕਸਯੋ ਤਤਕਾਲਾ।
'ਦਿਜਜੂ ! ਕਾਲੂ ਮੁਝਹਿ ਪਠਾਯਾ। ਚਲਹੁ ਆਪ, ਤਤਕਾਲ ਬੁਲਾਯਾ ॥੫॥

ਪੰਡਿਤ ਹਰਦਿਆਲ ਨੇ ਨੌਕਰ ਦੀ ਆਵਾਜ਼ ਸੁਣੀ ਤਾਂ ਝੱਟ ਘਰ ਦੇ ਦਰਵਾਜ਼ੇ ਤੋਂ ਬਾਹਰ ਨਿਕਲਿਆ। ਨੌਕਰ ਨੇ ਕਿਹਾ, "ਹੇ ਪੰਡਿਤ ਜੀ! ਮਹਿਤਾ ਕਾਲੂ ਜੀ ਨੇ ਮੈਨੂੰ ਤੁਹਾਡੇ ਵਲ ਭੇਜਿਆ ਹੈ. ਤੁਸੀਂ ਉਨ੍ਹਾਂ ਦੇ ਘਰ ਚਲੋ. ਉਨ੍ਹਾਂ ਫੌਰਨ ਬੁਲਾਇਆ ਹੈ" ॥ ੫॥

ਕਹਿ ਦਿਜ 'ਹੌਂ ਆਵੌਂ ਕਰਿ ਪੂਜਾ। ਬਹੁਰਿ ਕਰੋ ਨਹਿਂ ਕਾਰਜ ਦੂਜਾ।
ਸੁਨਿ ਉੱਤਰ ਕੋ ਤਿਹਛਿਨ ਦਾਸਾ। ਕਾਲੂ ਪਾਸ ਕਰੀ ਅਰਦਾਸਾ॥ ੬॥

ਬ੍ਰਾਹਮਣ ਕਹਿਣ ਲੱਗਾ, "ਮੈਂ ਪੂਜਾ ਕਰਕੇ ਆਉਂਦਾ ਹਾਂ। ਹੋਰ ਮੈਂ ਦੂਜਾ ਕੋਈ ਕੰਮ ਨਹੀਂ ਕਰਾਂਗਾ।" ਬ੍ਰਾਹਮਣ ਦਾ ਉੱਤਰ ਸੁਣ ਕੇ ਨੌਕਰ ਘਰ ਨੂੰ ਚਲਾ ਗਿਆ ਤੇ ਮਹਿਤਾ ਕਾਲੂ ਜੀ ਪਾਸ ਬੇਨਤੀ ਕੀਤੀ॥ ੬॥

ਘਟੀ ਪਾਂਚ ਲੌ ਅਰੁਣਾ ਕਰਿਕੈ। ਆਯੋ ਦ੍ਵਿਜ ਸ਼ੁਭ ਸ਼ਗੁਨ ਬਿਚਰਿਕੈ।
ਕਾਲੂ ਕੋ ਸ੍ਵਸਤੈਨ ਸੁਨਾਯੋ। ਪਿਖ ਉਛਾਹ ਕੋ ਉਰ ਹੁਲਸਾਯੋ॥ ੭॥

ਪੰਜਵੀਂ ਘੜੀ ਪੂਜਾ ਕਰਕੇ ਬ੍ਰਾਹਮਣ ਸ਼ੁਭ ਸ਼ਗਨ ਵਿਚਾਰ ਕੇ ਆਇਆ ਅਤੇ ਮਹਿਤਾ ਕਾਲੂ ਜੀ ਨੂੰ ਅਸ਼ੀਰਵਾਦ ਦਿੱਤਾ। ਉਤਸ਼ਾਹ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥ ੭॥

ਦੋਹਰਾ- ਦਿਜਬਰ ਕੋ ਲੈ ਅਜਰ ਮਹਿਂ ਸਾਦਰ ਆਸਨ ਡਾਸ।
ਬੈਠਾਯੋ ਬਹੁ ਭਾਉ ਕਰਿ ਆਪ ਬੈਸ ਤਿਸੁ ਪਾਸ॥ ੮॥

ਬ੍ਰਾਹਮਣ ਨੂੰ ਉਹ ਵਿਹੜੇ ਵਿਚ ਲੈ ਗਿਆ ਅਤੇ ਬੜੇ ਆਦਰ ਨਾਲ ਆਸਣ ਡਾਹਿਆ। ਬੜੇ ਪ੍ਰੇਮ ਨਾਲ ਉਸ ਨੂੰ ਬੈਠਾਇਆ ਅਤੇ ਆਪ ਵੀ ਮੰਜੇ ਤੇ ਉਸ ਦੇ ਕੋਲ ਹੀ ਬੈਠ ਗਿਆ॥ ੮॥

ਚੌਪਈ- ਕਹਿ ਕਾਲੂ 'ਸੁਨਿ ਸ਼੍ਰੋਨ ਦਿਜਿੰਦੂ! ਦਯੋ ਸਦਨ ਮਮ ਤਾਤ ਗੁਬਿੰਦੂ।
ਮੁਝ ਪਰ ਨਿਜ ਅਨੁਕੰਪਾ ਧਾਰਹੁ। ਸੋਧ ਮਹੂਰਤ ਲਗਨ ਵਿਚਾਰਹੁ॥ ੯॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਸ੍ਰੇਸ਼ਟ ਬ੍ਰਾਹਮਣ! ਮੇਰੀ ਗੱਲ ਸੁਣੋ। ਪ੍ਰਭੂ ਨੇ ਮੈਨੂੰ ਪੁੱਤਰ ਦੀ ਦਾਤ ਬਖਸ਼ੀ ਹੈ। ਮੇਰੇ ਤੇ ਕਿਰਪਾ ਕਰੋ ਅਤੇ ਸੋਧ ਕੇ ਲਗਨ ਅਤੇ ਮਹੂਰਤ ਤੇ ਵਿਚਾਰ ਕਰੋ॥ ੯॥

ਭੇਦ ਸ਼ੁਭਾਸ਼ੁਭ ਸਭਿ ਲਖਿ ਲੀਜੈ। ਭਵਪੱਤ੍ਰੀ ਇਸ ਕੀ ਲਿਖਿ ਦੀਜੈ।
ਕੁੰਕਮ ਕਾਗਦ ਕਾਲੂ! ਆਨਹੁ। ਗਣਪਤਿ ਪੂਜ ਗ੍ਰਿਹਨ ਸਨਮਾਨਹੁ॥੧੦॥

ਚੰਗੇ ਮੰਦੇ ਦੇ ਭੇਤ ਨੂੰ ਸਮਝ ਲਵੋ ਅਤੇ ਬਾਲਕ ਦੀ ਜਨਮ ਪੱਤਰੀ ਲਿਖ ਦੇਵੋ।" ਫਿਰ ਮਹਿਤਾ ਕਾਲੂ ਜੀ ਨੇ ਕੇਸਰ ਅਤੇ ਕਾਗਜ਼ ਲਿਆਂਦਾ ਅਤੇ ਗਣਪਤੀ ਦੀ ਪੂਜਾ ਕਰਕੇ ਗ੍ਰਹਿਆਂ ਨੂੰ ਸਨਮਾਨਿਆ॥ ੧੦॥

ਬਾਲਕ ਸ਼ਬਦ ਲੇਯ ਜੋ ਜਨਮਾ। ਸੋਊ ਸ਼ਬਦ ਸੁਨਾਉ ਸ਼੍ਰਵਨਮਾ।
ਭਯੋ ਕਾਲ ਕਿਸੁ ਜਨਮ ਸੁਨਾਵਹੁ। ਬੂਝਹੁ ਧਾਇ ਹਜ਼ੂਰ ਬੁਲਾਵਹੁ'॥੧੧॥

ਬ੍ਰਾਹਮਣ ਕਹਿਣ ਲੱਗਾ, "ਬਾਲਕ ਨੇ ਜੋ ਸ਼ਬਦ ਲੈ ਕੇ ਜਨਮ ਲਿਆ ਹੈ, ਉਹੀ ਸ਼ਬਦ ਮੇਰੇ ਕੰਨਾਂ ਵਿਚ ਪਾਓ। ਕਿਸ ਵਕਤ ਬਾਲਕ ਨੇ ਜਨਮ ਲਿਆ, ਉਹ ਸਮਾਂ ਮੈਨੂੰ ਦਸੋ। ਦਾਈ ਨੂੰ ਬੁਲਾ ਕੇ ਇਹ ਸਭ ਕੁਝ ਪੁਛੋ"॥ ੧੧॥

ਸ੍ਰੀ ਨਾਨਕ ਕੀ ਦੌਲਤ ਦਾਈ। ਸੋ ਕਾਲੂ ਤਤਕਾਲ ਬੁਲਾਈ।
ਪਠੇ ਦਾਸ ਸਭਿ ਸੌਜ ਮੰਗਾਈ। ਜੋ ਜੋ ਦਿਜਬਰ ਦੀਨਿ ਰਜਾਈ॥੧੨॥

ਗੁਰੂ ਨਾਨਕ ਦੇਵ ਜੀ ਦੀ ਦਾਈ ਦਾ ਨਾਂ ਦੌਲਤਾਂ ਸੀ। ਉਸ ਨੂੰ ਮਹਿਤਾ ਕਾਲੂ ਜੀ ਨੇ ਤੁਰੰਤ ਬੁਲਾ ਲਿਆ। ਨੌਕਰ ਨੂੰ ਭੇਜ ਕੇ ਸਭ ਸਮੱਗਰੀ ਮੰਗਵਾਈ। ਉਹ ਸਭ ਚੀਜ਼ਾਂ ਲਿਆਂਦੀਆਂ, ਜਿਨ੍ਹਾਂ ਨੂੰ ਲਿਆਉਣ ਲਈ ਬ੍ਰਾਹਮਣ ਨੇ ਆਗਿਆ ਕੀਤੀ॥ ੧੨॥

ਦੋਹਰਾ- ਗ੍ਰਿਹ ਭਿਖੇਕ ਕੀ ਵਸਤੁ ਸਭਿ ਕਾਲੂ ਤਹਿਂ ਤੇ ਲਜਾਇ।
ਬਹੁਰੋ ਬੈਸਜੋ ਪਾਸ ਬਿਪ ਬਦਨਹਿ ਬਚਨ ਅਲਾਇ॥ ੧੩॥

ਗ੍ਰਹਿ ਪੂਜਣ ਦੀਆਂ ਸਾਰੀਆਂ ਵਸਤਾਂ ਮਹਿਤਾ ਕਾਲੂ ਜੀ ਓਥੇ ਲੈ ਆਏ। ਫਿਰ ਬ੍ਰਾਹਮਣ ਦੇ ਪਾਸ ਬੈਠ ਕੇ ਉਨ੍ਹਾਂ ਇਹ ਬਚਨ ਕਹੇ॥ ੧੩॥

ਚੌਪਈ- 'ਘਟੀ ਏਕ ਦੋ ਜਾਮ ਤ੍ਰਿਜਾਮਾ। ਬਿਤੀ ਹੁਤੀ ਸਿਸ ਭਵ ਅਭਿਰਾਮਾ''।
'ਕੋਨ ਸ਼ਬਦ ਲੇ ਉਪਜਜੋ ਬਾਲਿਕ ?। ਧਾਇ ! ਬਤਾਵਹੁ ਸੋ ਤਤਕਾਲਿਕ' ॥੧੪॥

''ਇਕ ਘੜੀ ਦੋ ਪਹਿਰ ਰਾਤ ਬੀਤੀ ਸੀ ਜਦ ਸੁੰਦਰ ਬਾਲਕ ਨੇ ਜਨਮ ਲਿਆ ਹੈ।'' ਫਿਰ ਬ੍ਰਾਹਮਣ ਦਾਈ ਨੂੰ ਪੁੱਛਣ ਲੱਗਾ, ''ਹੇ ਦਾਈ! ਤੁਰੰਤ ਇਹ ਦਸੋ ਕਿ ਬਾਲਕ ਕੋਣ ਸ਼ਬਦ ਲੈ ਕੇ ਪ੍ਰਕਾਸ਼ਮਾਨ ਹੋਇਆ?'' ॥ ੧੪॥

ਬੋਲੀ ਬਚਨ ਦੌਲਤਾ ਦਾਈ। 'ਸੁਨਹੁ ਬ੍ਰਿਤਾਂਤ ਅਹੋ ਦਿਜਰਾਈ!।
ਬਹੁ ਸਿਸ ਜਨਮੇ ਮਮ ਕਰ ਮਾਹੀ। ਯਹਿ ਅਚਰਜ ਕਬਿ ਦੇਖਜੋ ਨਾਂਹੀ ॥੧੫॥

ਦੌਲਤਾਂ ਦਾਈ ਕਹਿਣ ਲੱਗੀ, ''ਹੇ ਬ੍ਰਾਹਮਣਾਂ ਦੇ ਰਾਜੇ, ਪੰਡਿਤ ਜੀ! ਇਹ ਬ੍ਰਿਤਾਂਤ ਮੈਥੋਂ ਸੁਣੋ, ਬਹੁਤ ਬਾਲਕਾਂ ਨੇ ਮੇਰੇ ਹੱਥਾਂ ਵਿਚ ਜਨਮ ਲਿਆ ਹੈ, ਪਰ ਅਜਿਹਾ ਅਚਰਜ ਮੈਂ ਪਹਿਲਾਂ ਕਦੀ ਵੇਖਿਆ ਨਹੀਂ॥ ੧੫॥

ਦੀਰਘ ਨਰ ਜਿਉਂ ਬਿਗਸ ਮਿਲੇ ਹੈਂ। ਤਿਉਂ ਇਨ ਕੀਨੇ ਸ਼ਬਦ ਭਲੇ ਹੈਂ।
ਸੁਭ ਲੱਛਨ ਸੁਭ ਅੰਗਨ ਮਾਂਹੀ। ਆਨ ਨਰਨ ਜਿਉਂ ਨਰ ਇਹ ਨਾਂਹੀ' ॥੧੬॥

ਵੱਡੇ ਮਨੁੱਖ ਜਿਵੇਂ ਖ਼ੁਸ਼ੀ ਨਾਲ ਹੱਸ ਕੇ ਮਿਲੇ ਹਨ, ਉਸ ਤਰ੍ਹਾਂ ਇਸ ਬਾਲਕ ਨੇ ਭਲੇ ਸ਼ਬਦ ਕੀਤੇ ਹਨ। ਸੁਭ ਲੱਛਣ ਅਤੇ ਸੁਭ ਅੰਗਾਂ ਵਾਲਾ ਇਹ ਬਾਲਕ ਹੋਰ ਬਾਲਕਾਂ ਵਰਗਾ ਬਾਲਕ ਨਹੀਂ ਹੈ'' ॥ ੧੬॥

ਦੋਹਰਾ- ਸੁਨਿ ਦਿਜਬਰ ਸਭਿ ਬਚਨ ਕੋ ਜੋਤਿਸ਼ਿ ਕੀਨ ਵਿਚਾਰ।
ਸੁਭ ਨਿਛੱਤ੍ਰ ਸੁਭ ਕਾਲ ਮਹਿਂ ਸੁਭ ਥਿਤ ਪੁਨ ਸ਼ੁਭਵਾਰ॥ ੧੭॥

ਸਾਰੀਆਂ ਗੱਲਾਂ ਸੁਣ ਕੇ ਬ੍ਰਾਹਮਣ ਨੇ ਵਿਚਾਰ ਕੇ ਜੋਤਿਸ਼ ਲਾਇਆ। ਸੁਭ ਨਛੱਤਰ, ਸੁਭ ਸਮੇਂ, ਸੁਭ ਥਿਤ ਅਤੇ ਫਿਰ ਸੁਭ ਵਾਰ ਨੂੰ ਵਿਚਾਰਿਆ॥ ੧੭॥

ਚੌਪਈ- ਭਲੇ ਲਗਨ ਮਹਿਂ ਬਾਲਿਕ ਜਨਮਾ। ਬਿਦੁਖ ਵਿਚਾਰ ਕਰਤਿ ਬਹੁ ਮਨ ਮਾ।
ਯਹਿ ਸਿਸੁ ਹੈ ਅਵਤਾਰੀ ਕੋਊ। ਵਡੈ ਭਾਗ ਕਾਲੂ ਕੇ ਹੋਊ॥ ੧੮॥

ਬਾਲਕ ਨੇ ਭਲੇ ਲਗਨ ਵਿਚ ਜਨਮ ਲਿਆ। ਪੰਡਿਤ ਨੇ ਫਿਰ ਮਨ ਵਿਚ ਬਹੁਤ ਵਿਚਾਰ ਕੀਤਾ ਅਤੇ ਕਿਹਾ, ''ਇਹ ਬਾਲਕ ਕੋਈ ਅਵਤਾਰ ਹੈ। ਮਹਿਤਾ ਕਾਲੂ ਜੀ ਵੱਡੇ ਵਡਭਾਗੀ ਹਨ॥ ੧੮॥

ਕੈ ਬਿਧਿ ਬਿਸ਼ਨੁ ਕਿ ਸ਼ਿਵ ਭਵ ਲੀਨੋ। ਜਗਤ ਉਧਾਰਨ ਲੱਛਨ ਚੀਨੋ।
ਆਤਪੱਤ੍ਰ ਇਸ ਸੀਸ ਝੁਲਾਰੇ। ਪੂਰਬੀ ਨਿਸਾ ਜਨਮ ਭਜੋ ਬਾਰੇ॥੧੯॥

ਇਹ ਤਾਂ ਵਿਸ਼ਨੂੰ ਜਾਂ ਸ਼ਿਵਜੀ ਨੇ ਅਵਤਾਰ ਧਾਰਿਆ ਹੈ। ਇਹ ਲੱਗਦਾ ਹੈ ਕਿ ਜਗਤ ਦਾ ਉਧਾਰ ਕਰਨ ਵਾਸਤੇ ਆਏ ਹਨ। ਇਸ ਦੇ ਸੀਸ ਤੇ ਛੱਤਰ ਝੁਲੇਗਾ, ਕਿਉਂਕਿ ਇਸ ਬਾਲਕ ਨੇ ਪੂਰਬ ਵਾਲੀ ਰਾਤ ਨੂੰ ਜਨਮ ਲਿਆ ਹੈ॥ ੧੯॥

ਚੱਕ੍ਰਵਰਤਿ ਹੋਵਹਿ ਭਵ ਮਾਂਹੀ। ਕਰਹਿ ਦਿਗਬਿਜੈ ਸੰਸੈ ਨਾਹੀ'।
ਦਰਸ਼ਨ ਕੀ ਉਰ ਲਾਲਸ ਕੀਨੀ। ਦੇਹਿ ਸਫਲ ਅਪਨੀ ਦਿਜ ਚੀਨੀ॥੨੦॥

ਇਹ ਸੰਸਾਰ ਵਿਚ ਚੱਕਰਵਰਤੀ ਪਾਤਸ਼ਾਹ ਹੋਵੇਗਾ। ਇਹ ਸੰਸਾਰ ਵਿਚ ਦਿਗਵਿਜੈ ਪ੍ਰਾਪਤ ਕਰੇਗਾ, ਇਸ ਵਿਚ ਕੋਈ ਸ਼ੰਕਾ ਨਹੀਂ'। ਫਿਰ ਬ੍ਰਾਹਮਣ ਨੇ ਬਾਲਕ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਦਰਸ਼ਨ ਕਰਕੇ ਬ੍ਰਾਹਮਣ ਆਪਣੀ ਦੇਹੀ ਸਫਲ ਕਰਨਾ ਚਾਹੁੰਦਾ ਸੀ॥ ੨੦॥

ਦੋਹਰਾ- ਕਾਲੂ ਸੋਂ ਪੁਨ ਦਿਜ ਕਹੀ 'ਬਾਲਕ ਮੋਹਿ ਦਿਖਾਇ'।
ਸੁਨਿ ਕਰਿ ਦਾਈ ਦੌਲਤਾਂ ਲੀਨੀ ਸਪਦ ਬੁਲਾਇ॥ ੨੧॥

ਫਿਰ ਬ੍ਰਾਹਮਣ ਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ "ਮੈਨੂੰ ਬਾਲਕ ਦੇ ਦਰਸ਼ਨ ਕਰਵਾਉ।" ਇਹ ਸੁਣ ਕੇ ਉਨ੍ਹਾਂ ਦਾਈ ਦੌਲਤਾਂ ਨੂੰ ਛੇਤੀ ਬੁਲਾ ਲਿਆ॥ ੨੧॥

ਚੌਪਈ- 'ਬਾਲਿਕ ਆਨ ਬਿੱਪ੍ਰ ਕੇ ਪਾਸਾ'। ਧਾਇ ਗਈ ਸੁਨਿ ਮੱਧ ਅਵਾਸਾ।
ਜਾਚਯੋ ਬਾਲਕ ਜਨਨਿ ਨ ਦੇਈ। ਜਿਉਂ ਕਿਰਪਨ ਧਨ ਪ੍ਰੀਤਿ ਰਖੇਈ॥੨੨॥

ਦਾਈ ਦੌਲਤਾਂ ਨੂੰ ਮਹਿਤਾ ਕਾਲੂ ਜੀ ਨੇ ਕਿਹਾ, "ਬਾਲਕ ਨੂੰ ਬ੍ਰਾਹਮਣ ਦੇ ਕੋਲ ਲੈ ਆ।" ਇਹ ਗੱਲ ਸੁਣ ਕੇ ਦਾਈ ਅੰਦਰ ਚਲੇ ਗਈ। ਬਾਲਕ ਦੀ ਮਾਤਾ ਜੀ ਪਾਸੋਂ ਉਸ ਬਾਲਕ ਦੀ ਮੰਗ ਕੀਤੀ, ਪਰ ਮਾਤਾ ਜੀ ਨੇ ਬਾਲਕ ਦੇਣ ਤੋਂ ਨਾਂਹ ਕਰ ਦਿੱਤੀ, ਜਿਵੇਂ ਕੰਜੂਸ ਧਨ ਨਾਲ ਪ੍ਰੀਤ ਰਖਦਾ ਹੈ॥ ੨੨॥

ਕਹਹਿ 'ਸਰਦਿ ਰੁਤਿ ਸਰਦੀ ਲਾਗਹਿ। ਮ੍ਰਿਦੁਲ ਬਾਲ ਬਾਹਰ ਕਸ ਮਾਂਗਹਿ ?'
ਬਹੁਰ ਬਿਦ੍ਰਖਹ ਬਾਰੰਬਾਰਾ। ਜਾਚਯੋ ਦਿਯੋ ਤਾਤ ਅਤਿ ਪਜਾਰਾ॥ ੨੩॥

ਮਾਤਾ ਜੀ ਕਹਿਣ ਲੱਗੇ, "ਸਰਦੀ ਦੀ ਰੁਤ ਹੈ, ਬਾਲਕ ਨੂੰ ਸਰਦੀ ਲੱਗ ਜਾਵੇਗੀ। ਕੋਮਲ ਬਾਲਕ ਨੂੰ ਬਾਹਰ ਲੈ ਜਾਣਾ ਕਿਉਂ ਮੰਗਦੇ ਹੋ?" ਫਿਰ ਪੰਡਿਤ ਨੇ ਬਾਰ-ਬਾਰ ਬਾਲਕ ਦੀ ਮੰਗ ਕੀਤੀ। ਮਾਤਾ ਜੀ ਨੇ ਅਖੀਰ ਪਿਆਰੇ ਪੁੱਤਰ ਨੂੰ ਦੌਲਤਾਂ ਨੂੰ ਦੇ ਦਿੱਤਾ॥ ੨੩॥

ਲੇਕਰਿ ਦੌਲਤ ਬਾਹਰ ਆਈ। ਆਨਨ ਆਰਨਜਾਤ ਸੁਹਾਈ।
ਲਘੁ ਤਨ ਜੋਤਿ ਬਿਸਾਲ ਬਿਰਾਜਹਿ। ਜਿਉਂ ਬਟ ਅਖੈ ਰੂਪ ਲਘੁ ਛਾਜਹਿ॥੨੪॥

ਦਾਈ ਦੌਲਤਾਂ ਬਾਲਕ ਨੂੰ ਲੈ ਕੇ ਬਾਹਰ ਆਈ। ਬਾਲਕ ਦੇ ਮੁਖ ਦੀ ਸ਼ੋਭਾ ਕੰਵਲ ਦੇ ਫੁੱਲ ਵਾਂਗ ਸੁਹਾ ਰਹੀ ਸੀ। ਛੋਟੇ ਸਰੀਰ ਤੇ ਵਿਸ਼ਾਲ ਜੋਤ ਬਿਰਾਜ ਰਹੀ ਹੈ। ਜਿਵੇਂ ਨਾ ਪੁਟੇ ਜਾਣ ਵਾਲਾ ਬੋਹੜ ਦਾ ਛੋਟਾ ਰੂਪ ਫਬਦਾ ਹੈ॥ ੨੪॥

ਨੋਟ:- ਪ੍ਰਯਾਗ ਰਾਜ ਇਲਾਹਾਬਾਦ ਤੀਰਥ ਤੇ ਇਕ ਬੋਹੜ ਦਾ ਦਰੱਖਤ ਹੈ, ਜੋ ਛੋਟਾ ਜੇਹਾ ਹੈ। ਆਖਦੇ ਹਨ ਕਿ ਵੱਡੇ-ਵੱਡੇ ਤੂਫਾਨ, ਭੁਚਾਲ ਵੀ ਇਸ ਨੂੰ ਪੁੱਟ ਨਹੀਂ ਸਕੇ।

ਦੋਹਰਾ- ਦਿਜਵਰ ਅਤਿ ਮਤਿਵਾਨ ਮਨ ਸਰਬ ਲਿੰਗ ਪਹਿਚਾਨ।
ਹੇਰਤਿ ਉਰ ਹਰਖਤਿ ਸਰਸ ਠਾਢਾ ਭਯੋ ਸੁਜਾਨ॥ ੨੫॥

ਬ੍ਰਾਹਮਣ ਬੜਾ ਬੁੱਧੀਮਾਨ ਸੀ, ਉਸ ਨੇ ਸਾਰੇ ਅੰਗਾਂ ਅਤੇ ਚਿੰਨ੍ਹਾਂ ਦੀ ਪਹਿਚਾਣ ਕੀਤੀ। ਵੇਖ ਕੇ ਉਹ ਦਿਲ ਵਿਚ ਬੜਾ ਅਨੰਦਿਤ ਹੋਇਆ ਅਤੇ ਚਤੁਰ ਪੰਡਿਤ ਉਠ ਕੇ ਖੜਾ ਹੋ ਗਿਆ॥ ੨੫॥

ਚੌਪਈ- ਪੁਲਕਯੋ ਪਰਮ ਪ੍ਰੇਮ ਮਹਿ ਮਨੂਆ। ਬੰਦਨ ਕਰਿ ਜਾਨਜੋ ਨਿਜ ਧਨੂਆ।
ਜਿਉ ਜਨ ਇਸ਼ਟ ਦੇਵ ਕੋ ਦੇਖੀ। ਤਿਉ ਉਰ ਮਹਿੰ ਭਾ ਮੋਦ ਬਿਸ਼ੇਖੀ॥੨੬॥

ਉਸ ਦਾ ਮਨ ਪਰਮ ਪ੍ਰੇਮ ਵਿਚ ਪਸੀਜ ਗਿਆ, ਮੱਥਾ ਟੇਕ ਕੇ ਆਪਣੇ ਆਪ ਨੂੰ ਧੰਨ ਜਾਣਿਆ। ਜਿਵੇਂ ਭਗਤ ਜਨ ਆਪਣੇ ਇਸ਼ਟ ਦੇਵ ਨੂੰ ਵੇਖ ਕੇ ਆਪਣੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ॥ ੨੬॥

ਸਭਿ ਅੰਗਨ ਕੇ ਸੁੰਦਰ ਲੱਛਨ। ਲਗਜੋ ਬਿਲੋਕਨ ਬਿੱਪ੍ਰ ਬਿਚੱਛਨ।
ਅਰੁਨ ਚਰਨ ਬਰ ਮ੍ਰਿਦੁਲ ਸੁਹਾਵੈਂ। ਜਿਮ ਦਲ ਕੋਕਨਦੰ ਦੁਤਿ ਪਾਵੈਂ ॥੨੭॥

ਸਾਰੇ ਅੰਗਾਂ ਦੇ ਸੁੰਦਰ ਲੱਛਣ ਚਤੁਰ ਬ੍ਰਾਹਮਣ ਵੇਖਣ ਲੱਗ ਗਿਆ। ਲਾਲ ਰੰਗ ਦੇ ਕੋਮਲ ਚਰਨ ਇੰਝ ਸ਼ੋਭਾ ਪਾ ਰਹੇ ਹਨ ਜਿਵੇਂ ਕੰਵਲ ਫੁੱਲ ਦੀਆਂ ਪੰਖੜੀਆਂ ਸ਼ੋਭ ਰਹੀਆਂ ਹੋਣ॥ ੨੭॥

ਭੁਜ ਆਜਾਨੁ ਕੰਧ ਸੁਭ ਊਚੇ। ਕਰਜ ਅਰੁਨ ਜਿਉਂ ਨਗ ਹੁਇੰ ਸੂਚੇ।
ਕਰਸ਼ਾਖਾ ਇਕਸਾਰ ਬਿਸਾਲਾ। ਉਰ ਆਯੁਤ ਸ਼ੋਭਤਿ ਛਬਿ ਛਾਲਾ ॥੨੮॥

ਬਾਹਾਂ ਗੋਡਿਆਂ ਤਕ ਲੰਮੀਆਂ ਅਤੇ ਮੋਢੇ ਸੋਹਣੇ ਅਤੇ ਉੱਚੇ ਹਨ। ਸੁੰਦਰ ਨਹੁੰ ਸੁੱਚੇ ਨਗੀਨਿਆਂ ਵਰਗੇ ਹਨ। ਹੱਥਾਂ ਦੀਆਂ ਉਂਗਲਾਂ ਇਕੋ ਜੇਹੀਆਂ ਲੰਮੀਆਂ ਹਨ। ਛਾਤੀ ਚੌੜੀ ਅਤੇ ਛਬਿ ਬੜੀ ਸ਼ੋਭਾ ਪਾ ਰਹੀ ਹੈ॥ ੨੮॥

ਦਾਹਨ ਕਰ ਮਹਿ ਚਮਰ ਬਨਾਵਾ। ਛਤਰ ਬਾਮ ਮਹਿਂ ਰੁਚਿਰ ਸੁਹਾਵਾ।
ਕੋਮਲ ਗੋਲ ਕਪੋਲ ਸੁਹਾਵਨ। ਉਨਤ ਨਾਸਕਾ ਮੋਦ ਬਢਾਵਨ ॥੨੯॥

ਸੱਜੇ ਹੱਥ ਵਿਖੇ ਚੌਰ ਦਾ ਨਿਸ਼ਾਨ ਹੈ। ਖੱਬੇ ਹੱਥ ਵਿਖੇ ਛਤਰ ਸੋਹਣਾ ਲੱਗ ਰਿਹਾ ਹੈ। ਕੋਮਲ ਗੋਲ ਗੱਲ੍ਹਾਂ ਬੜੀਆਂ ਸੁੰਦਰ ਲੱਗ ਰਹੀਆਂ ਹਨ। ਉਚੀਆਂ ਨਾਸਾਂ ਆਨੰਦ ਵਧਾਉਣ ਵਾਲੀਆਂ ਹਨ॥ ੨੯॥

ਅਰਧੰ ਚੰਦ੍ਰਾਕਾਰ ਲਿਲਾਰੰ। ਧਨੁ ਭ੍ਰਿਕੁਟੀ ਸੁਕੁੰਚ ਬਿਨਬਾਰੰ।
'ਸੁਨਿ ਕਾਲੂ ! ਸੁਤ ਤੋਹਿ ਬਿਚੱਛਨ। ਇਸ ਮਹਿਂ ਲਖਿਯੱਤ ਬੱਤਿ ਸੁ ਲੱਛਨ ॥੩੦॥

ਮੱਥਾ ਅੱਧੇ ਚੰਦਰਮਾਂ ਦੇ ਆਕਾਰ ਦਾ ਹੈ। ਭਰਵੱਟੇ ਧਨੁਖ ਵਰਗੇ ਹਨ ਅਤੇ ਤ੍ਰਿਕੁਟੀ ਬਿਨਾਂ ਵਾਲਾਂ ਤੋਂ ਹੈ। ਬ੍ਰਾਹਮਣ ਕਹਿਣ ਲੱਗਾ, ''ਸੁਣੋ ਮਹਿਤਾ ਕਾਲੂ ਜੀ ! ਤੁਹਾਡਾ ਪੁੱਤਰ ਅਤਿ ਸੁੰਦਰ ਹੈ। ਇਸ ਵਿਚ ਬੱਤੀ ਸ਼ੁਭ ਲੱਛਣ ਉਪਸਥਿਤ ਹਨ॥ ੩੦॥

ਕਰ ਤਰਵਾ ਇਹ ਊਰਧ ਆਈ। ਧਨ ਬਹੁ ਆਇ ਰਖਹਿ ਢਿਗ ਨਾਂਹੀ।
ਪਢਜੋ ਸਮੁੰਦ੍ਰਿਕ ਮੈਂ ਬਹੁ ਸੋਧਾ। ਸ਼ੁਭ ਗੁਨ ਸਭਿ ਇਸ ਮਹਿਂ ਕਹਿ ਪ੍ਰੋਧਾ ॥੩੧॥

ਹੱਥ ਦੀ ਤਲੀ ਉੱਚੀ ਹੈ। ਧਨ ਬਹੁਤ ਆਇਗਾ, ਪਰ ਕੋਲ ਨਹੀ ਰੱਖਿਗਾ। ਮੈਂ ਜੋਤਿਸ਼ ਵਿਦਿਆ ਦਾ ਸਮੁੰਦ੍ਰੀਕ ਗ੍ਰੰਥ ਬੜਾ ਸੋਚ ਵਿਚਾਰ ਕੇ ਪੜ੍ਹਿਆ ਹੈ। ਇਹ ਸਾਰੇ ਸ਼ੁਭ ਗੁਣਾਂ ਦਾ ਮਾਲਕ ਹੋਵੇਗਾ'' ਪ੍ਰੋਹਤ ਨੇ ਕਿਹਾ॥ ੩੧॥

ਮਹਿਮਾ ਅਮਿਤ ਮਨਹਿ ਮਹਿਂ ਮਾਨੀ। ਹੈ ਅਵਤਾਰ ਸੱਤਿ ਚਿਤ ਜਾਨੀ'।
ਦਿਜ ਦਰਸਾਇ ਧਾਇ ਢਿਗ ਮਾਤਾ। ਦੀਨੋ ਜਾਇ ਜੁ ਸੁੰਦਰ ਤਾਤਾ ॥੩੨॥

ਮਨ ਵਿਚ ਬਾਲਕ ਦੀ ਬਹੁਤ ਮਹਿਮਾ ਮੰਨੀ ਅਤੇ ਸੱਤਚਿਤ ਦਾ ਅਵਤਾਰ ਜਾਣਿਆ। ਇਸ ਨੂੰ ਸੱਤਚਿਤ ਅਵਤਾਰ ਜਾਣੋ।'' ਬ੍ਰਾਹਮਣ ਨੇ ਜਦ ਇਹ ਕੁਝ ਦੱਸਿਆ ਤਾਂ ਦਾਈ ਮਾਤਾ ਜੀ ਪਾਸ ਗਈ ਅਤੇ ਉਨ੍ਹਾਂ ਨੂੰ ਸੁੰਦਰ ਬਾਲਕ ਫੜਾ ਦਿੱਤਾ॥ ੩੨॥

ਚੌਪਈ- ਨੰਦੀ ਮੁਖੰ ਸ੍ਰਾਧ ਕਰਿਵਾਯੋ। ਬੇਦਨ ਬਿਧਿ ਜਿਉਂ ਬਿੱਪ੍ਰ ਬਤਾਯੋ।
ਕਾਲੂ ਕਹੈ 'ਨਾਮ ਸਿਸ ਰਾਖਹੁ। ਬਰਨ ਸੋਧ ਸ਼ੁੱਧ ਮੁਝ ਸੋਂ ਭਾਖਹੁ' ॥੩੩॥

ਖੁਸ਼ੀਆਂ ਦੇ ਮੌਕੇ ਤੇ ਕਰਵਾਉਣ ਵਾਲਾ ਅਨੰਦਦਾਇਕ ਸ੍ਰਾਧ ਜਿਵੇਂ ਬ੍ਰਾਹਮਣ ਦੱਸਦੇ ਹਨ, ਵੇਦਾਂ ਦੀ ਵਿਧੀ ਅਨੁਸਾਰ ਕਰਵਾਇਆ ਗਿਆ। ਮਹਿਤਾ ਕਾਲੂ ਜੀ ਕਹਿਣ ਲੱਗੇ, ''ਬਾਲਕ ਦਾ ਨਾਮ ਰੱਖੋ। ਅੱਖਰ ਸੋਧ ਕੇ ਚੰਗਾ ਜਿਹਾ ਨਾਂ ਮੈਨੂੰ ਦੱਸੋ''॥ ੩੩॥

'ਸੁਨਿ ਕਾਲੂ! ਇਸ ਨਾਮ ਅਪਾਰਾ। ਹੌਂ ਰਾਖੋਂ ਕਰਿ ਸੋਧ ਵਿਚਾਰਾ।
ਅਬ ਨਿਜ ਕੁਲ ਕੀ ਕੀਜਹਿ ਚਾਲੀ। ਜੋ ਜਾਚਹਿ ਤਿਹ ਭੇਜਿ ਨ ਖਾਲੀ ॥੩੪॥

ਬ੍ਰਾਹਮਣ ਕਹਿਣ ਲੱਗਾ, ''ਮਹਿਤਾ ਕਾਲੂ ਜੀ ਸੁਣੋ! ਇਸ ਬਾਲਕ ਦਾ ਅਪਾਰ ਨਾਮ ਸੋਧ ਵਿਚਾਰ ਕੇ ਰਖਿਆ ਜਾਵੇਗਾ। ਤੁਹਾਡੀ ਕੁਲ ਦਾ ਜੋ ਰਸਮੋਂ ਰਿਵਾਜ ਹੈ, ਉਸ ਅਨੁਸਾਰ ਚਲੋ। ਜਿਹੜਾ ਲੋੜਵੰਦ ਤੁਹਾਥੋਂ ਕੁਝ ਮੰਗਣ ਆਉਂਦਾ ਹੈ ਉਸ ਨੂੰ ਖਾਲੀ ਨਾ ਭੇਜੋ, ਜੀ ਖੋਲ੍ਹ ਕੇ ਦਾਨ ਕਰੋ'' ॥ ੩੪ ॥

ਦੋਹਰਾ- ਇਹ ਬਿਧਿ ਕਹਿ ਦਿਜਬਰ ਗਯੋ ਜੋਤਿਸ਼ ਕਰਤਿ ਬਿਚਾਰ।
ਦਰ ਪਰ ਤੋਰਣ ਸੁੰਦਰੰ ਬਾਂਧਤਿ ਹਰਖ ਅਪਾਰ॥ ੩੫॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਆਪਣੇ ਜੋਤਿਸ਼ ਤੇ ਵਿਚਾਰ ਕਰਦਾ ਚਲੇ ਗਿਆ। ਦਰਵਾਜ਼ੇ ਉਤੇ ਧਾਗੇ ਵਿਚ ਪੱਤੇ ਪਰੋ ਕੇ ਸਿਹਰੇ ਦੇ ਰੂਪ ਵਿਚ ਬੰਨ੍ਹ ਕੇ ਅਪਾਰ ਖੁਸ਼ੀਆਂ ਮਨਾਈਆਂ ਗਈਆਂ॥ ੩੫॥

ਚੌਪਈ- ਆਵਹਿਂ ਦਰ ਬਹੁ ਜਾਚਕ ਜਾਚਹਿਂ। ਤਾਲਨ ਪੂਰ ਕਲੀਵ ਸੁ ਨਾਚਹਿਂ।
ਢੋਲਕ ਟਲਕਾ ਘੁੰਗਰੂ ਤਾਲੀ। ਤਾਲ ਮਿਲਾਵਹਿਂ ਲੇਹਿਂ ਭਵਾਲੀ॥ ੩੬॥

ਘਰ ਵਿਚ ਬਹੁਤ ਮੰਗਤੇ ਮੰਗਣ ਵਾਸਤੇ ਆ ਰਹੇ ਹਨ। ਖੁਸਰੇ ਤਾਲੀਆਂ ਵਜਾ ਕੇ ਨੱਚ ਰਹੇ ਹਨ। ਢੋਲ, ਟੱਲੀਆਂ, ਘੁੰਗਰੂ ਅਤੇ ਕੈਂਸੀਆਂ ਵਜਾ ਰਹੇ ਹਨ। ਤਾਲ ਮਿਲਾਉਂਦੇ ਹਨ ਅਤੇ ਭੁਆਂਟਣੀਆਂ ਲੈਂਦੇ ਹਨ॥ ੩੬॥

ਗਾਵਹਿਂ ਗੀਤ ਮਧੁਰ ਧੁਨਿ ਧਾਰੀ। ਦੇਇਂ ਸੁਹਾਤੀ ਸੁੰਦਰ ਗਾਰੀ।
ਸਭਿਹਿ ਸ਼ਰੀਕਨਿ ਮਿਲ ਕਰਿ ਆਈ। ਭੂਖਨ ਬਸਨ ਧਰੇ ਛਬਿ ਛਾਈ ॥੩੭॥

ਮਿੱਠੀ ਆਵਾਜ਼ ਵਿਚ ਗੀਤ ਗਾਉਂਦੇ ਹਨ। ਇਸਤਰੀਆਂ ਸੁਖਦਾਈ ਅਤੇ ਸੁੰਦਰ ਸਿੱਠਣੀਆਂ ਦੇ ਰਹੀਆਂ ਹਨ। ਸਾਰੀਆਂ ਸ਼ਰੀਕਣਾਂ ਮਿਲ ਕੇ ਆਈਆਂ ਹਨ। ਸੁੰਦਰ ਗਹਿਣੇ ਤੇ ਕਪੜੇ ਪਾਏ ਹੋਏ ਹਨ ਅਤੇ ਬੜੀਆਂ ਸੱਜ ਰਹੀਆਂ ਹਨ॥ ੩੭॥

ਗਜ ਗਾਮਨਿ ਕੈ ਖੰਜਨਿ ਨੈਨੀ। ਨਾਗਰਿ ਗੀਤ ਗਾਇਂ ਪਿਕ ਬੈਨੀ।
ਬਰਨ ਬਰਨ ਪਟ ਪਹਿਰ ਨਵੀਨਾ। ਕਟਿ ਜਿਨ ਛੀਨ ਉਰੋਜਨ ਪੀਨਾ ॥੩੮॥

ਹਾਥੀ ਵਰਗੀ ਮਸਤ ਚਾਲ ਵਾਲੀਆਂ, ਮਮੋਲੇ ਵਰਗੀਆਂ ਅੱਖਾਂ ਵਾਲੀਆਂ ਇਸਤਰੀਆਂ, ਕੋਇਲ ਵਰਗੀ ਸੁਰੀਲੀ ਆਵਾਜ਼ ਵਿਚ ਗੀਤ ਗਾ ਰਹੀਆਂ ਹਨ। ਰੰਗ-ਬਰੰਗੇ ਨਵੇਂ ਨਕੋਰ ਕਪੜੇ ਪਾਏ ਹੋਏ ਹਨ। ਉਨ੍ਹਾਂ ਦੇ ਲੱਕ ਪਤਲੇ ਹਨ ਅਤੇ ਸਥਨ ਪੀਡੇ ਹਨ॥ ੩੮॥

ਅਲੰਕਾਰ ਨਗ ਕੰਚਨ ਭੀਨੇ। ਕਰਨਪੂਰ ਬਰ ਬੇਸਰ ਕੀਨੇ।
ਛੁਦ੍ਰਘੰਟਕਾ ਅੰਗਦ ਕੰਙਨ। ਸਬਦ ਕਰਹਿਂ ਜੋ ਪਹਿਰੇ ਅੰਗਨ॥ ੩੯॥

ਗਹਿਣੇ ਅਤੇ ਨਗ ਸੋਨੇ ਦੇ ਹਨ। ਕੰਨਾਂ ਦੀਆਂ ਵਾਲੀਆਂ ਅਤੇ ਨੱਥਾਂ, ਬਹੁਤ ਵਧੀਆ ਹਨ। ਘੁੰਘਰੂਆਂ ਵਾਲੀਆਂ ਤੜਾਗੀਆਂ, ਬੁਹੱਟੇ, ਕੰਗਣ ਆਦਿ ਜਿਹੜੇ ਉਨ੍ਹਾਂ ਆਪਣੇ ਸਰੀਰ ਤੇ ਪਹਿਣੇ ਹੋਏ ਹਨ, ਬੜੀ ਮਧੁਰ ਆਵਾਜ਼ ਪੈਦਾ ਕਰ ਰਹੇ ਹਨ॥ ੩੯॥

ਚੌਪਈ- ਭਈ ਭੌਨ ਮਹਿਂ ਭਾਰੀ ਭੀਰਾ। ਭੀ ਉਛਾਹ ਕੀ ਧੁਨੀ ਗੰਭੀਰਾ।
ਕਪਟ ਬੇਸ ਜਹਿਂ ਦੇਵ ਬਧੂਟੀ। ਗਾਵਹਿਂ ਮਨਹੁ ਜਗਤ ਸੁਖ ਲੂਟੀ॥ ੪੦॥

ਘਰ ਵਿਚ ਕਾਫੀ ਭੀੜ ਹੈ। ਖੁਸ਼ੀ-ਭਰੇ ਹਾਸਿਆਂ ਦੀਆਂ ਆਵਾਜ਼ਾਂ ਗੂੰਜ ਰਹੀਆਂ ਹਨ। ਸਜਾਵਟੀ ਰੂਪ ਵਿਚ ਉਹ ਦੇਵਤਿਆਂ ਦੀਆਂ ਵਹੁਟੀਆਂ, ਭਾਵ-ਅਪੱਛਰਾਵਾਂ ਲੱਗ ਰਹੀਆਂ ਹਨ॥ ੪੦॥

ਕਾਲੂ ਆਲਯ ਮੰਗਲ ਸਾਜੇ। ਦਰ ਪਰ ਲਘੁ ਨਿਸ਼ਾਨ ਸੁਭ ਬਾਜੇ।
ਢਾਢੀ ਭਾਟ ਜੁ ਮੰਗਨ ਹਾਰੇ। ਪਾਇ ਦਰਬ ਕੋ ਗੁਨਨ ਉਚਾਰੇ॥ ੪੧ ॥

ਮਹਿਤਾ ਕਾਲੂ ਜੀ ਦਾ ਘਰ ਖੁਸ਼ੀਆਂ ਖੇੜਿਆਂ ਨਾਲ ਭਰਿਆ ਪਿਆ ਹੈ। ਦਰਵਾਜ਼ੇ ਤੇ ਛੋਟੇ ਨਗਾਰੇ ਸੁੰਦਰ ਢੰਗ ਨਾਲ ਵੱਜ ਰਹੇ ਹਨ। ਢਾਡੀ, ਭੱਟ ਤੇ ਹੋਰ ਮੰਗਣ ਵਾਲੇ ਧਨ ਪ੍ਰਾਪਤ ਕਰਕੇ ਅਸੀਸਾਂ ਦੇ ਰਹੇ ਹਨ ਅਤੇ ਮਹਿਤਾ ਕਾਲੂ ਜੀ ਦੇ ਗੁਣ ਗਾ ਰਹੇ ਹਨ॥ ੪੧ ॥

ਨਰ ਨਾਰੀ ਬਹੁ ਦੇਤਿ ਵਧਾਈ। ਦਰ ਪਰ ਭੀਰ ਭਰੀ ਅਧਿਕਾਈ।
ਦੇਨੋ ਉਚਿਤ ਲਖਯੋ ਜੋ ਜੈਸਾ। ਦੇਤਿ ਭਯੋ ਕਾਲੂ ਤਿਨ ਤੈਸਾ॥ ੪੨ ॥

ਸਾਰੇ ਨਰ-ਨਾਰੀਆਂ ਬਹੁਤ ਵਧਾਈਆਂ ਦੇ ਰਹੇ ਹਨ। ਦਰਵਾਜ਼ੇ ਉਤੇ ਬੜੀ ਭੀੜ ਲੱਗੀ ਹੋਈ ਹੈ। ਜਿਹੜਾ ਕੋਈ ਜੋ ਕੁਝ ਵੀ ਮੰਗਦਾ ਹੈ, ਮਹਿਤਾ ਕਾਲੂ ਜੀ ਉਨ੍ਹਾਂ ਨੂੰ ਓਹੋ ਕੁਝ ਦੇ ਰਹੇ ਹਨ॥ ੪੨ ॥

ਦੋਹਰਾ- ਕਾਲੂ ਤਬ ਸਭਿ ਬਿਧਿ ਕਰੀ ਜੋ ਬੇਦੀ ਕੁਲ ਰੀਤਿ।
ਨਰ ਨਾਰੀ ਕੀਰਤਿ ਕਰਤਿ ਪੁਰਿ ਮਹਿਂ ਪਰਮ ਪੁਨੀਤ॥ ੪੩ ॥

ਮਹਿਤਾ ਕਾਲੂ ਜੀ ਨੇ ਸਭ ਕੁਝ ਉਸੇ ਵਿਧੀ ਅਨੁਸਾਰ ਕੀਤਾ ਜੋ ਬੇਦੀ ਕੁਲ ਦੀ ਰੀਤ ਸੀ। ਨਗਰ ਵਿਚ ਸਾਰੇ ਨਰ-ਨਾਰੀ ਉਨ੍ਹਾਂ ਦੀ ਪਰਮ ਪਵਿੱਤਰ ਕੀਰਤੀ ਕਰ ਰਹੇ ਹਨ॥ ੪੩ ॥

ਚੌਪਈ- 'ਬਹੁ ਧਨਾਢ ਕੇ ਸੁਤ ਜਨਮਾਹੀਂ। ਅਸ ਉਤਸ਼ਵ ਕੀਨੋ ਕਿਸੁ ਨਾਂਹੀ'।
ਕਹਹਿਂ ਪਰਸਪਰ ਮਿਲ ਨਰ ਨਾਰੀ। 'ਜਨਮਯੋ ਸੁਤ ਕੋ ਕਰਮ ਉਜਾਰੀ' ॥੪੪ ॥

ਸਾਰੇ ਇਹ ਕਹਿ ਰਹੇ ਹਨ ਕਿ "ਵੱਡੇ-ਵੱਡੇ ਧਨਾਢਾਂ ਅਤੇ ਅਮੀਰਾਂ ਦੇ ਘਰ ਪੁੱਤਰ ਹੋਏ ਹਨ, ਪਰ ਅਜੇਹਾ ਵਿਲੱਖਣ ਉਤਸਵ ਕਿਸੇ ਨਹੀਂ ਕੀਤਾ।" ਸਾਰੇ ਨਰ-ਨਾਰੀ ਮਿਲ ਕੇ ਕਹਿ ਰਹੇ ਹਨ ਕਿ "ਮਹਿਤਾ ਕਾਲੂ ਜੀ ਦੇ ਘਰ ਕਿਸੇ ਉਜਲੇ ਅਤੇ ਉਤਮ ਭਾਗਾਂ ਵਾਲੇ ਪੁੱਤਰ ਨੇ ਜਨਮ ਲਿਆ ਹੈ" ॥ ੪੪ ॥

ਖਸ਼ਟੀ ਕੀਨਿ ਭਲੇ ਕੁਲ ਚਾਲੀ। ਪਾਇ ਸੂਪ ਮਹਿ ਬਰਖਤਿ ਸਾਲੀ।
ਅਸ਼ਟ ਜੋਗਨੀ ਕਿਯ ਅਭਿਖੇਕਾ। ਕੁਸ਼ਲ ਮਾਂਗ ਸੁਤ ਕੀ ਸਿਰ ਟੇਕਾ॥ ੪੫ ॥

(ਬਾਲਕ ਗੁਰੂ ਜੀ ਜਦ ਛੇ ਦਿਨ ਦੇ ਹੋ ਗਏ ਤਾਂ ਛਟੀ ਦੀ ਰਸਮ ਮਨਾਈ ਗਈ) ਛਟੀ ਦੀ ਰਸਮ ਮਨਾਈ ਅਤੇ ਭਲੀ ਕੁਲ ਚਲ ਪਈ। ਛੱਜ ਵਿਚ ਚਾਵਲ ਪਾ ਕੇ ਛੱਟੇ ਗਏ। ਅੱਠ ਜੋਗਨੀਆਂ ਦੀ ਪੂਜਾ ਕੀਤੀ ਗਈ। ਪੁੱਤਰ ਦੀ ਕੁਸ਼ਲਤਾ ਵਾਸਤੇ ਮੱਥਾ ਟਿਕਾਇਆ ਗਿਆ॥ ੪੫ ॥

ਤ੍ਰੋਦਸ ਦਯੋਸਹਿ ਸੰਖਜਾ ਕੀਨੀ। ਆਯੋ ਦਿਜ ਕਾਲੂ ਸੁਧਿ ਦੀਨੀ।
'ਸਿਸ ਕੋ ਨਾਨਕ ਨਾਮ ਧਰੀਜੈ। ਇਸਕੀ ਸਰਬਰ ਕੋ ਨ ਜਨੀਜੈ' ॥੪੬ ॥

ਤੇਰ੍ਹਾਂ ਦਿਨਾਂ ਦੀ ਗਿਣਤੀ ਕੀਤੀ ਗਈ। ਬ੍ਰਾਹਮਣ ਆਇਆ ਤੇ ਉਸ ਨੇ ਮਹਿਤਾ ਕਾਲੂ ਜੀ ਨੂੰ ਖ਼ਬਰ ਦਿੱਤੀ। ਕਹਿਣ ਲੱਗਾ, "ਬਾਲਕ ਦਾ ਨਾਮ ਨਾਨਕ ਰਖੋ। ਇਸ ਦੇ ਬਰਾਬਰ ਹੋਰ ਕੋਈ ਨਾਮ ਨਾ ਜਾਣੀਏ।" ॥ ੪੬ ॥

ਚੌਪਈ- ਪੰਡਤ ਕਹਿ ਸੁ ਪਵਾਯੋ ਚੋਲਾ। ਤਬ ਕਾਲੂ ਮੁਖ ਤੇ ਬਚ ਬੋਲਾ।
'ਰਲਮਿਲ ਨਾਮ ਸੁ ਤੁਰਕਨ ਹਿੰਦੂ। ਨਹਿਂ ਰਾਖਵ ਇਹ ਨਾਮ ਦਿਜਿੰਦੂ! ॥੪੭ ॥

ਜਦ ਪੰਡਿਤ ਨੇ ਕਿਹਾ ਕਿ ਚੋਲਾ ਪਵਾਓ ਤਦ ਮਹਿਤਾ ਕਾਲੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤਾ, "ਇਹ ਰਲਿਆ ਮਿਲਿਆ ਨਾਂ ਹੈ, ਤੁਰਕ ਵੀ ਰੱਖ ਸਕਦੇ ਹਨ ਅਤੇ ਹਿੰਦੂ ਵੀ। ਬ੍ਰਾਹਮਣ ਇਹ ਨਾਮ ਨਹੀਂ ਰੱਖਦੇ।" ॥ ੪੭॥

ਅਵਰ ਨਾਮ ਕੋ ਸੋਧਿ ਧਰੀਜੈ। ਰਿਦੈ ਸੁਭਾਸੁਭ ਭੇਵ ਲਖੀਜੈ॥
ਜੋ ਖੱਤ੍ਰੀ ਕੇ ਕੁਲ ਭਲ ਲਾਗੈ। ਧਰੋ ਨਾਮ ਅਸ ਬਿੱਪ੍ਰ ਸੁਭਾਗੈ॥ ੪੮॥

ਕੋਈ ਹੋਰ ਨਾਮ ਸੋਧ ਕੇ ਰਖੋ। ਹਿਰਦੇ ਵਿਚ ਚੰਗਾ ਮਾੜਾ ਵਿਚਾਰ ਲਵੋ, ਜਿਹੜਾ ਖੱਤਰੀ ਕੁਲ ਵਿਚ ਭਲਾ ਲੱਗੇ। ਹੇ ਭਾਗਾਂ ਵਾਲੇ ਪੰਡਿਤ! ਕੋਈ ਐਸਾ ਢੁਕਵਾਂ ਅਤੇ ਅਨੁਕੂਲ ਨਾਮ ਰਖੋ॥ ੪੮॥

ਦੋਹਰਾ- ਪੂਰਬ ਰਾਖਹਿਂ ਨਾਮ ਜੇ ਪੱਛ ਹਿੰਦੂਅਨ ਜੋਇ।
ਸੋ ਤੁਮ ਰਿਦੈ ਵਿਚਾਰਿਕੈ ਕਹਹੁ ਨ ਤਰਕੈ ਕੋਇ॥ ੪੯॥

ਹਿੰਦੂਆਂ ਵਿਚ ਜੋ ਪਹਿਲਾਂ ਨਾਮ ਰੱਖੇ ਜਾਂਦੇ ਰਹੇ ਹਨ, ਅਜੇਹਾ ਨਾਮ ਹਿਰਦੇ ਵਿਚ ਵਿਚਾਰ ਕੇ ਕਿਸੇ ਤਰਕ ਤੋਂ ਬਗੈਰ ਕਹੋ'॥ ੪੯॥

ਚੌਪਈ- ਸੁਨਜੋ ਸ੍ਰੌਨ ਦਿਜ ਬਚਨ ਉਚਾਰਾ। 'ਯਹਿ ਤੁਮਰੋ ਸੁਤ ਵਡ ਅਵਤਰਾ।
ਰਾਮ ਕਿਸ਼ਨ ਅਵਤਾਰ ਜੁ ਹਰਿਕਾ। ਪੂਜਤਿ ਹਿੰਦੂ, ਨ ਮਾਨਹਿਂ ਤੁਰਕਾ॥੫੦॥

ਇਹ ਗੱਲ ਸੁਣ ਕੇ ਬ੍ਰਾਹਮਣ ਨੇ ਇਹ ਬਚਨ ਕੀਤਾ, "ਮਹਿਤਾ ਕਾਲੂ ਜੀ! ਮੇਰੀ ਗੱਲ ਨੂੰ ਕੰਨਾਂ ਨਾਲ ਚੰਗੀ ਤਰ੍ਹਾਂ ਸੁਣੋ। ਇਹ ਤੁਹਾਡਾ ਪੁੱਤਰ ਬਹੁਤ ਵੱਡਾ ਅਵਤਾਰ ਹੈ, ਜਿਵੇਂ ਰਾਮ ਚੰਦਰ ਅਤੇ ਕ੍ਰਿਸ਼ਨ ਹਰੀ ਦੇ ਅਵਤਾਰ ਹਨ। ਉਨ੍ਹਾਂ ਨੂੰ ਹਿੰਦੂ ਪੂਜਦੇ ਹਨ, ਪਰ ਤੁਰਕ ਨਹੀਂ ਮੰਨਦੇ॥ ੫੦॥

ਇਹ ਸਿਸੁ ਕੋ ਮਾਨਹਿਂਗੇ ਦੋਊ। ਹਿੰਦੂ ਤੁਰਕ ਸਿਖ ਹੁਇ ਸਭਿ ਕੋਊ।
ਇਸ ਕੇ ਚਰਨ ਪੋਤ ਕੀ ਨਯਾਈਂ। ਪਾਰ ਪਰਹਿਂ ਪਰਮਾਰਥ ਪਾਈ॥ ੫੧॥

ਪਰ ਇਸ ਬਾਲਕ ਨੂੰ ਹਿੰਦੂ ਅਤੇ ਮੁਸਲਮਾਨ ਦੋਵੇਂ ਪੂਜਣਗੇ, ਭਾਵ-ਆਪਣਾ ਗੁਰੂ ਪੀਰ ਮੰਨਣਗੇ। ਹਿੰਦੂ ਤੁਰਕ ਸਭ ਲੋਕ ਇਸ ਦੇ ਸਿੱਖ ਸੇਵਕ ਹੋਣਗੇ। ਇਸ ਦੇ ਚਰਨ ਜਹਾਜ਼ ਸਮਾਨ ਹਨ, ਜਿਹੜਾ ਮਨੁੱਖ ਵੀ ਇਨ੍ਹਾਂ ਚਰਨਾਂ ਨਾਲ ਲਗੇਗਾ, ਉਹ ਭਵਸਾਗਰ ਪਾਰ ਕਰਕੇ ਮੁਕਤੀ ਪ੍ਰਾਪਤ ਕਰੇਗਾ॥ ੫੧॥

ਸੰਗਤਿ ਕਰਹਿਂ ਤਰਹਿਂ ਭਵ ਸਾਗਰ। ਸਕਲ ਜਗਤ ਮਹਿਂ ਹੋਇ ਉਜਾਗਰ॥
ਬਹੁਤ ਨਰਨ ਕੋ ਕਰਹਿ ਉਧਾਰਾ। ਨਾਮ ਭਗਤਿ ਦੇ ਦਾਨ ਉਦਾਰਾ॥੫੨॥

ਜਿਹੜਾ ਇਨ੍ਹਾ ਦੀ ਸੰਗਤ ਕਰੇਗਾ ਉਹ ਭਵਸਾਗਰ ਤਰ ਜਾਵੇਗਾ ਅਤੇ ਉਸ ਦਾ ਨਾਂ ਸਾਰੇ ਸੰਸਾਰ ਵਿਚ ਉਜਾਗਰ ਹੋਵੇਗਾ, ਇਹ ਬਹੁਤ ਮਨੁੱਖਾਂ ਦਾ ਉਧਾਰ ਕਰਨਗੇ ਅਤੇ ਆਪਣੇ ਭਗਤਾਂ ਨੂੰ ਨਾਮ ਦਾਨ ਦੀ ਬਖਸ਼ਿਸ਼ ਬੜੀ ਉਦਾਰਤਾ ਨਾਲ ਕਰਨਗੇ॥ ੫੨॥

ਦੋਹਰਾ- ਵਣ ਤ੍ਰਿਣ ਭੂਮ ਅਕਾਸ਼ ਮਹਿਂ ਹੋਇ ਅਧਿਕ ਪਰਤਾਪ।
ਪਰਮ ਪੁਰਾਤਨ ਪੁਰਖ ਪਰ ਮਾਨਵ ਕਰਹਹਿਂ ਜਾਪ॥ ੫੩॥

ਇਨ੍ਹਾਂ ਦਾ ਜੰਗਲਾਂ, ਜੜੀ ਬੂਟੀਆਂ, ਭੂਮੀ ਅਤੇ ਅਕਾਸ਼ ਤੇ ਬਹੁਤ ਵੱਡਾ ਜੱਸ ਅਤੇ ਪਰਤਾਪ ਹੋਵੇਗਾ। ਪਰਮ, ਆਦਿ ਰਹਿਤ, ਪਰਮ ਪੁਰਖ ਦਾ ਮਨੁਖ ਜਾਤੀ ਜਾਪ ਕਰੇਗੀ॥ ੫੩॥

ਚੌਪਈ- ਗੋ ਗਿਰ ਸਾਗਰ ਮਾਰਗ ਦੇਈ। ਨਿਸ ਬਾਸੁਰ ਆਇਸ ਮਹਿਂ ਸੇਈ।
ਕਰਿ ਵਿਚਾਰ ਉਰ ਨਾਨਕ ਨਾਮਾ। ਯਾਂਤੇ ਮੈ ਰਾਖਯੋ ਅਭਿਰਾਮਾ॥ ੫੪॥

ਪ੍ਰਿਥਵੀ, ਪਹਾੜ ਅਤੇ ਸਾਗਰ ਇਸ ਨੂੰ ਰਾਹ ਦੇਣਗੇ। ਰਾਤ ਦਿਨ ਇਨ੍ਹਾਂ ਦੀ ਆਗਿਆ ਵਿਚ ਰਹਿਣਗੇ। ਤੁਸੀਂ ਹਿਰਦੇ ਵਿਚ ਨਾਨਕ ਨਾਮ ਤੇ ਵਿਚਾਰ ਕਰਕੇ ਵੇਖੋ। ਇਸ ਕਰਕੇ ਮੈਂ ਏਨਾ ਸੁੰਦਰ ਨਾਂ ਰਖਿਆ ਹੈ॥ ੫੪॥

ਹਿੰਦੂ ਤੁਰਕ ਜਪਹਿਂਗੇ ਦੋਊ। ਸਮਿਲ ਨਾਮ ਇਹ ਜਾਨਹੁ ਸੋਊ।
ਭਵਪੱਤ੍ਰੀ ਮਹਿ ਅਹਿ ਸੁਭ ਬਾਤਾ। ਜੋ ਹੇਰੀ ਸੋ ਭਾਖੀ ਖ਼ਜਾਤਾ॥ ੫੫॥

ਇਸ ਨਾਮ ਨੂੰ ਹਿੰਦੂ ਤੁਰਕ ਦੋਵੇਂ ਜਪਣਗੇ। ਇਸ ਨੂੰ ਤੁਸੀਂ ਬੀਜ ਨਾਮ ਸਮਝੋ। ਜਨਮ ਪੱਤ੍ਰੀ ਵਿਚ ਲਿਖੀਆਂ ਇਹ ਸ਼ੁਭ ਗੱਲਾਂ ਜਿਹੜਾ ਵੇਖੇਗਾ ਜਾਂ ਕਹੇਗਾ, ਉਸ ਨੂੰ ਗਿਆਨ ਪ੍ਰਗਟ ਹੋ ਜਾਵੇਗਾ॥ ੫੫॥

ਕਾਲੂ! ਕੂਰ ਨ ਲਖੀਏ ਕੋਊ। ਕਹੀ ਸਾਚ ਨਿਸ਼ਚੈ ਹੁਇ ਸੋਊ।
ਨਾਨਕ ਨਾਮ ਅਰਥ ਤਿਹ ਸੁਨੀਏ। ਪਰਮ ਬਰਨ ਬਰ ਉਰ ਮਹਿਂ ਗੁਨੀਏ॥੫੬॥

ਹੇ ਮਹਿਤਾ ਕਾਲੂ ਜੀ! ਇਸ ਗੱਲ ਨੂੰ ਝੂਠੀ ਨਾ ਸਮਝੋ, ਮੈਂ ਸੱਚੀ ਗੱਲ ਕਹੀ ਹੈ, ਤੁਸੀਂ ਆਪਣੇ ਹਿਰਦੇ ਵਿਚ ਨਿਸ਼ਚਿੰਤ ਹੋ ਜਾਵੋ। ਨਾਨਕ ਨਾਮ ਦਾ ਮੈਂ ਤੁਹਾਨੂੰ ਅਰਥ ਸਮਝਾਉਂਦਾ ਹਾਂ। ਬੜੇ ਸ੍ਰੇਸ਼ਟ ਅੱਖਰ ਹਿਰਦੇ ਵਿਚ ਵਿਚਾਰੀਏ॥ ੫੬॥

ਕਬਿੱਤ- ਪ੍ਰਾਕ ਜੋ ਨਕਾਰ 'ਨ' ਪ੍ਰਮਾਨ ਅਭਿਧਾਨ ਜਾਨਿ ਤਾਹੂੰ ਤੇ 'ਅਕਾਰ' ਲੇ 'ਅਨਕ' ਪੁਨ ਤੀਨ ਹੈ।
ਦੂਸਰੇ 'ਨਕਾਰ' ਤੇ ਨਿਕਾਰ ਕੈ 'ਅਕਾਰ' ਕਰਿ ਭਯੋ 'ਅਨ' 'ਅਕ' ਚਾਰ ਬਰਨ ਸੁ ਕੀਨਿ ਹੈ।
'ਅਕ' ਨਾਮ ਦੁੱਖ ਕੋ ਬਿਦਤ ਹੈ ਜਗੱਤ ਮੱਧ, ਜਾ ਨਰ ਕੋ ਨਹੀਂ ਦੁੱਖ, ਸਦਾ ਸੁਖ ਲੀਨ ਹੈ।
ਐਸੋ ਇਹ ਨਾਨਕ ਕੇ ਨਾਮ ਕੋ ਅਰਥ ਚੀਨ ਸੌਤਿ ਚਿਦਾਨੰਦ ਨਿਤ ਭਗਤਿ ਅਧੀਨ ਹੈ॥੫੭॥

ਪਹਿਲਾ ਜੋ ਨੱਨਾ ਅੱਖਰ ਹੈ, ਉਸ ਦਾ ਅਰਥ ਹੈ ਪੁਰਖ, ਇਸ ਪਹਿਲੇ ਨੱਨੇ ਦੇ ਕੰਨੇ ਨੂੰ ਐੜਾ ਸਮਝੋ, ਇੰਝ ਅਨਕ ਪਦ ਵੱਧ ਗਿਆ ਹੈ, ਇਸ ਪਦ ਵਿਚ ਆਏ ਦੂਜੇ ਨੱਨੇ ਵਿਚ ਦੂਜਾ ਐੜਾ ਹੈ, ਇਸ ਲਈ 'ਅਨ' 'ਅਕ' ਇਹ ਦੋ ਪਦ ਬਣੇ ਅਤੇ ਚਾਰ ਅੱਖਰ ਹੋ ਗਏ ਹਨ। 'ਅਕ' ਦਾ ਅਰਥ ਦੁੱਖ ਹੈ ਅਤੇ 'ਅਨ' ਦਾ ਅਰਥ ਨਹੀ ਹੈ, ਭਾਵ-ਅਰਥ ਹੋਇਆ ਜਿਸ ਪੁਰਖ ਨੂੰ ਦੁੱਖ ਨਹੀਂ, ਜੋ ਸਦਾ ਅਨੰਦ ਸਰੂਪ ਹੈ, ਉਹ 'ਨਾਨਕ' ਹੈ ਅਰਥਾਤ ਹਰਖਵੰਤ ਅਨੰਤ ਰੂਪ ਨਿਰਮਲ ਬਿਗਾਸੀ। (ਨ=ਪੁਰਖ। ਅਨ ਨਹੀਂ ਹੈ। ਅਕ=ਦੁੱਖ।) ਜਿਸ ਪੁਰਖ ਨੂੰ ਦੁੱਖ ਨਹੀਂ ਹੈ"॥ ੫੭॥

ਦੋਹਰਾ- ਪਰਮ ਹਰਖ ਕਾਲੂ ਕਰਤਿ ਸੁਨ ਦਿਜਬਰ ਕੇ ਬੈਨ।
ਸਾਦਰ ਦੀਨ ਉਪਾਇਨੰ ਗਯੋ ਬਹੁਰ ਨਿਜ ਐਨ॥ ੫੮॥

ਬ੍ਰਾਹਮਣ ਦੇ ਇਹ ਬਚਨ ਸੁਣ ਕੇ ਮਹਿਤਾ ਕਾਲੂ ਜੀ ਬੜੇ ਪ੍ਰਸੰਨ ਹੋਏ। ਬੜੇ ਆਦਰ ਨਾਲ ਉਸ ਨੂੰ ਭੇਟਾ ਦਿੱਤੀ ਅਤੇ ਭੇਟਾ ਪ੍ਰਾਪਤ ਕਰਕੇ ਉਹ ਆਪਣੇ ਘਰ ਚਲਾ ਗਿਆ॥ ੫੮॥

ਚੌਪਈ- ਜਾਵਤਿ ਦਿਜਬਰ ਰਿਦੈ ਵਿਚਾਰਤਿ। ਗਟੀ ਗਿਨਤਿ ਹੋਵਤਿ ਅਤਿ ਆਰਤ।
ਦੇਹ ਬ੍ਰਿੱਧ ਭੀ ਬੈਸ ਬਿਹਾਵਾ। ਯਾਂਤੇ ਭਯੋ ਮੁਝ ਮਨ ਪਛੁਤਾਵਾ॥ ੫੯॥

ਜਾਂਦਿਆਂ ਬ੍ਰਾਹਮਣ ਨੇ ਹਿਰਦੇ ਵਿਚ ਵਿਚਾਰ ਕੀਤੀ, ਗਿਣਤੀ ਗਿਣ ਕੇ ਬੜਾ ਦੁਖੀ ਹੋਇਆ। ਮੇਰਾ ਸਰੀਰ ਬੁੱਢਾ ਹੋ ਗਿਆ ਹੈ, ਉਮਰ ਗੁਜ਼ਰ ਚਲੀ ਹੈ, ਇਸ ਕਰਕੇ ਮੈਨੂੰ ਮਨ ਵਿਚ ਬੜਾ ਪਛਤਾਵਾ ਹੋਇਆ ਹੈ॥ ੫੯॥

ਨਹਿਂ ਦੇਖਵ ਮੈਂ ਇਹ ਪਰਤਾਪੂ। ਝੂਰ ਬਿਸੂਰਤਿ ਪੰਡਤ ਆਪੂ।
ਕੋ ਲਗ ਮੈਂ ਜੀਵੋਂ ਜਗ ਮਾਂਹੀ॥ ਪੂਰਨ ਭਾਗ ਹੈਂ ਕਿ ਮਮ ਨਾਹੀ॥ ੬੦॥

ਮੈਂ ਗੁਰੂ ਨਾਨਕ ਦੇਵ ਜੀ ਦਾ ਪਰਤਾਪ ਅਤੇ ਕੀਰਤੀ ਨਹੀ ਵੇਖ ਸਕਾਂਗਾ। ਪੰਡਤ ਆਪ ਹੀ ਬਹੁਤ ਝੁਰਦਾ ਹੈ। ਕਦ ਤਕ ਮੈਂ ਇਸ ਜੱਗ ਵਿਚ ਜੀਵਾਂਗਾ? ਮੇਰੇ ਪੂਰਨ ਭਾਗ ਹਨ ਕਿ ਨਹੀਂ॥ ੬੦॥

ਸਿਸੁਤਾ ਤਜਿ ਆਵਹਿ ਤਰੁਨਾ ਹੀ। ਉਧਰਹਿਂ ਨਰ ਬਹੁ ਸੰਗਤਿ ਪਾਹੀਂ।
ਬਿਨੈ ਕਰੌਂ ਮੈਂ ਕਰਹਿਂ ਉਧਾਰਾ। ਭਵ ਬੰਧਨ ਤੇ ਹੁਇ ਛੁਟਕਾਰਾ॥ ੬੧॥

ਬਾਲਪਣ ਛੱਡ ਕੇ ਜਵਾਨੀ ਆਉਂਦੀ ਹੈ। ਪਰ ਉਧਾਰ ਤਾਂ ਸੰਤ ਸੰਗਤ ਪਾ ਕੇ ਹੀ ਹੋਣਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੇਰਾ ਉਧਾਰ ਹੋ ਜਾਵੇ ਅਤੇ ਮੈਂ ਸੰਸਾਰ ਬੰਧਨ ਤੋਂ ਛੁਟਕਾਰਾ ਪਾ ਜਾਵਾਂ॥ ੬੧॥

ਦੋਹਰਾ- ਅੰਤਰਜਾਮੀ ਜਾਨਹੀ ਮਮ ਉਰ ਕੀ ਜੇ ਬਾਲ।
ਲੀਲਾ ਕਛੁਕ ਦਿਖਾਇ ਮੁਝ ਦਿਹੁ ਉਪਦੇਸ਼ ਦਯਾਲੁ॥ ੬੨॥

ਅੰਤਰਜਾਮੀ ਇਹ ਬਾਲਕ ਜੇ ਮੇਰੇ ਹਿਰਦੇ ਦੀ ਗੱਲ ਜਾਣਦਾ ਹੈ ਤਾਂ ਕੁਝ ਲੀਲ੍ਹਾ ਵਿਖਾ ਕੇ ਹੇ ਦਿਆਲੂ! ਉਪਦੇਸ਼ ਦੇਵੇ॥ ੬੨॥

ਚੌਪਈ- ਸਹਿਤ ਗਯਾਨ ਕੇ ਬੋਲਹਿਂ ਜਬ ਲੌ। ਰਾਖਹੁ ਇਹ ਸਰੀਰ ਮਮ ਤਬ ਲੌ।
ਕਰਤਿ ਮਨੋਰਥ ਗਯੋ ਨਿਕੇਤਾ। ਜਪਤਿ ਨਾਮ ਅਪਵਰਗਹਿ ਹੇਤਾ॥ ੬੩॥

ਗਿਆਨ ਨਾਲ ਜੋ ਕੁਝ ਇਹ ਬੋਲੇਗਾ, ਮੈਂ ਜਦ ਤਕ ਜੀਵਾਂਗਾ ਆਪਣੇ ਸਰੀਰ ਵਿਚ ਰੱਖਾਂਗਾ। ਇਹ ਮਨੋਰਥ ਧਾਰ ਕੇ ਉਹ ਘਰ ਗਿਆ ਅਤੇ ਮੋਖ ਹਿਤ ਨਾਮ ਜਪਣ ਲੱਗਾ॥ ੬੩॥

ਤਿਹ ਪਸਚਾਤਹਿ ਬੀਤਯੋ ਕਾਲਾ। ਸਨੇ ਸਨੇ ਤਨ ਹੋਤਿ ਬਿਸਾਲਾ।
ਜਿਹ ਬਿਧਿ ਹਿਰਦੈ ਗਯਾਨ ਮੁਮੋਖੂ। ਨਿਤਪ੍ਰਤਿ ਵਧਤਿ ਦ੍ਵੈਤ ਹਤਿ ਦੋਖੂ॥੬੪॥

ਉਸ ਪਿਛੋਂ ਕੁਝ ਸਮਾਂ ਗੁਜ਼ਰ ਗਿਆ। ਹੌਲੀ-ਹੌਲੀ ਸਰੀਰ ਵੱਡਾ ਹੋ ਗਿਆ। ਜਿਸ ਵਿਧੀ ਨਾਲ ਮੁਕਤੀ ਦੇ ਚਾਹਵਾਨਾਂ ਦੇ ਹਿਰਦੇ ਵਿਚ ਹਰ ਰੋਜ਼ ਗਿਆਨ ਵਧਦਾ ਹੈ ਅਤੇ ਦੂਈ ਦਾ ਦੋਸ਼ ਨਾਸ਼ ਹੁੰਦਾ ਹੈ॥੬੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਾਮ ਧਰਨਾ' ਪ੍ਰਸੰਗ ਬਰਨਨ ਨਾਮ ਚਤੁਰਥੋ ਅਧਯਾਯ॥ ੪॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਥਾ ਅਧਿਆਇ, ਜਿਸ ਦਾ ਨਾਮ 'ਉਤਸ਼ਾਹ ਤੇ ਨਾਮ ਧਰਨਾ' ਹੈ, ਸਮਾਪਤ ਹੋਇਆ॥ ੪॥

# ਅਧਿਆਇ ਪੰਜਵਾਂ

*ਸ੍ਰੀ ਗੁਰੂ ਜੀ ਦੀ ਬਾਲ ਲੀਲ੍ਹਾ।*

ਕਬਿੱਤ-ਬਿਧਿ ਸੇ ਵੈਰਾਗ ਪ੍ਰਦ, ਹਰਿ ਸੇ ਗਿਆਨ ਪਾਲ, ਸ਼ਿਵ ਸੇ ਬਿਕਾਰ ਨਾਸ਼ ਸਤਿਗੁਰ ਦਾਸ ਕੇ।
ਸੀਤਕਰ ਜੈਸੇ ਸੀਤ ਕਰਿ ਸੋ ਬਿਸ਼ਾਗਨਿ ਤੇ, ਤਿਮਰ-ਹਰਨ ਸੇ ਤਿਮਰ ਮੋਹ ਫਾਂਸ ਕੇ।
ਧਾਮ ਰਿਦੈ ਸ਼ੁਧ ਮੱਧ ਦੀਪਕ ਸੇ ਦੀਪ ਦਿਪੈ, ਮਾਯਾ ਭਿੰਨ ਜੀਵ ਕੋ ਦਿਖਾਵੈਂ ਸੁ ਪ੍ਰਕਾਸ਼ ਕੇ।
ਚਰਨ ਸ਼ਰਨ ਕਰ ਪਰਨ, ਹਰਨ ਡਰ, ਤਾਰਨ ਤਰਨ ਅਰਨਵ ਭਵ ਨਾਸ਼ ਕੇ॥੧॥

ਆਪਣੇ ਦਾਸਾਂ ਨੂੰ ਸ੍ਰੀ ਸਤਿਗੁਰੂ ਜੀ ਬ੍ਰਹਮਾਂ ਵਾਂਗ ਵੈਰਾਗ ਦੇ ਦਾਤੇ ਹਨ, ਵਿਸ਼ਨੂੰ ਵਾਂਗ ਉਨ੍ਹਾਂ ਨੂੰ ਗਿਆਨ ਦੇ ਕੇ ਪਾਲਣਾ ਕਰਨ ਵਾਲੇ ਹਨ, ਸ਼ਿਵ ਜੀ ਵਾਂਗ ਦਾਸਾਂ ਦੇ ਵਿਕਾਰ ਨਾਸ਼ ਕਰਨ ਵਾਲੇ ਹਨ। ਵਿਸ਼ੇ ਰੂਪ ਅਗਨੀ ਤੋਂ ਚੰਦਰਮਾਂ ਵਾਂਗ ਸ਼ੀਤਲ ਕਰਨ ਵਾਲੇ ਹਨ ਅਤੇ ਮੋਹ ਰੂਪੀ ਹਨੇਰੇ ਦੀ ਫਾਹੀ ਨੂੰ ਸੂਰਜ ਵਾਂਗ ਦੂਰ ਕਰਨ ਵਾਲੇ ਹਨ। ਜਿਵੇਂ ਘਰ ਵਿਚ ਦੀਵੇ ਦੀ ਜੋਤ ਜਗਦੀ ਹੈ, ਤਿਵੇਂ ਸਾਫ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਕੇ ਜੀਵ ਨੂੰ ਮਾਇਆ ਤੋਂ ਵੱਖਰਾ ਕਰਕੇ ਵਿਖਾ ਦਿੰਦੇ ਹਨ। ਸੋ ਐਸੇ ਸਤਿਗੁਰੂ ਜੀ ਮੇਰੇ ਵਰਗੇ ਭਿਖਾਰੀਆਂ ਨੂੰ ਆਪਣੇ ਚਰਨਾਂ ਦੀ ਸ਼ਰਨ ਦਾ ਆਸਰਾ ਦੇ ਕੇ ਭੈ ਨੂੰ ਦੂਰ ਕਰਨ ਵਾਲੇ ਹਨ ਅਤੇ ਡੋਬ ਲੈਣ ਵਾਲੇ ਸੰਸਾਰ ਰੂਪੀ ਸਮੁੰਦਰ ਤੋਂ ਤਾਰ ਲੈਣ ਵਾਲੇ ਜਹਾਜ਼ ਰੂਪ ਹਨ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਦੋਹਰਾ- ਪਲਨਾ ਪਰ ਪੌਢਾਵਈ ਕਹਿ ਲਲਨਾ ਲੇ ਅੰਕ।
ਲਾਲਤਿ ਮਾਤ ਬਿਸਾਲ ਹਿਤ ਸੂੰਘਤਿ ਬਦਨ-ਮਯੰਕ॥ ੨॥

*ਭਾਈ ਬਾਲੇ ਨੇ ਕਿਹਾ-* ਪੰਘੂੜੇ ਉਤੇ ਬਾਲ ਪ੍ਰੀਤਮ ਨੂੰ ਗੋਦੀ ਵਿਚ ਲੈ ਕੇ ਮਾਤਾ ਜੀ ਲਾਡ ਦੇ ਸ਼ਬਦ ਬੋਲਦੇ ਹਨ। ਮਾਤਾ ਜੀ ਬਹੁਤ ਪ੍ਰੇਮ ਨਾਲ ਲਾਡ ਲਡਾਉਂਦੀ ਹੈ ਅਤੇ ਬਾਲ ਦੇ ਚੰਦ ਵਰਗੇ ਮੁਖੜੇ ਨੂੰ ਚੁੰਮਦੀ ਹੈ॥ ੨॥

ਚੌਪਈ- ਆਨਨਿ ਆਰਨਜਾਤ ਨਿਹਾਰੀ। ਲੀਲ ਲਲਿਤੰ ਆਰਤ ਹਾਰੀ।
ਲੋਚਨ ਅਮਲ ਕਮਲ ਦਲ ਜੈਸੇ। ਨਾਸਾ ਤਿਲ ਪ੍ਰਸੂਨ ਨਹਿਂ ਵੈਸੇ॥ ੩॥

ਮੁਖੜਾ ਕਮਲ ਦੇ ਫੁੱਲ ਵਰਗਾ ਕੋਮਲ ਹੈ ਅਤੇ ਉਸ ਦੀ ਸੁੰਦਰਤਾ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ। ਪਵਿੱਤਰ ਅਤੇ ਮੈਲ-ਰਹਿਤ ਅੱਖਾਂ ਕਮਲ ਦੀਆਂ ਪੱਤੀਆਂ ਵਰਗੀਆਂ ਹਨ। ਨਾਸਾਂ ਐਸੀਆਂ ਸੁੰਦਰ ਹਨ ਕਿ ਤਿਲ ਦੇ ਫੁੱਲ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ॥ ੩॥

ਸੁੰਦਰ ਅਲੰਕਾਰ ਘਰਿਵਾਏ। ਬਿਨ ਦੂਖਨ ਕੈ ਭੂਖਨ ਪਾਏ।
ਬਨੀ ਬਾਜਨੀ ਕਿੰਕਨਿ ਚਾਰੀ। ਕਟ ਮਹਿਂ ਪਾਈ ਅਤਿ ਛਬਿ ਵਾਰੀ॥ ੪॥

ਸੁੰਦਰ ਗਹਿਣੇ ਘੜਵਾਏ ਗਏ ਹਨ ਅਤੇ ਦੂਖਣ ਰਹਿਤ ਦੇ ਗਹਿਣੇ ਪਾਏ ਹੋਏ ਹਨ। ਘੁੰਘਰੂਆਂ ਵਾਲੀ ਸੁੰਦਰ ਤੜਾਗੀ ਬੱਧੀ ਹੋਈ ਹੈ। ਲੱਕ ਨਾਲ ਬੱਧੀ ਉਹ ਬਹੁਤ ਫੱਬ ਰਹੀ ਹੈ॥ ੪॥

ਕਰ ਮਹਿਂ ਕਟ ਪਦ ਨੂਪਰ ਸੋਹੈਂ। ਜੋ ਦੇਖੇ ਤਿਸਕੋ ਮਨ ਮੋਹੈਂ।
ਦੁਇ ਦੁਇ ਦਸਨ ਅਧਰ ਦੁਤਿ ਹੋਤੀ। ਸੰਪੁਟ ਬਿੱਦ੍ਰਮ ਜਿਉਂ ਜੁਗ ਮੋਤੀ॥੫॥

ਹੱਥਾਂ ਵਿਚ ਕੜੇ, ਪੈਰੀਂ ਝਾਂਜਰਾਂ ਸ਼ੋਭ ਰਹੀਆਂ ਹਨ। ਜਿਹੜਾ ਵੀ ਵੇਖਦਾ ਹੈ ਉਸ ਦਾ ਮਨ ਮੋਹ ਲੈਂਦੀਆਂ ਹਨ। ਹੋਠਾਂ ਵਿਚ ਦੋ ਦੋ ਦੰਦ ਇੰਝ ਲੱਗ ਰਹੇ ਹਨ ਜਿਵੇਂ ਮੂੰਗੇ ਦੇ ਡੱਬੇ ਵਿਚ ਦੋ ਮੋਤੀ ਪਏ ਹੋਣ॥ ੫॥

ਚੌਪਈ- ਅੰਙਣ ਮਹਿਂ ਰਿੰਙਣ ਗਤਿਕਾਰੀ। ਚਰਣਾਂਬੁਜ ਖੈਂਚਤਿ ਬਲਿਹਾਰੀ।
ਹੇਰਤਿ ਹਸਤਿ ਹਸਾਵਤਿ ਔਰੀ। ਕਿਲਕਤਿ ਮੁਖ ਤੇ ਮਾਧੁਰ ਠੌਰੀ॥ ੬॥

ਮੁਕਤੀ-ਦਾਤੇ ਵਿਹੜੇ ਵਿਚ ਰਿੜ੍ਹਦੇ ਹਨ। ਜਿਨ੍ਹਾਂ ਚਰਨਾਂ ਕੰਵਲਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ਉਨ੍ਹਾਂ ਨੂੰ ਉਹ ਅੱਗੇ ਵਲ ਖਿੱਚਦੇ ਹਨ। ਵੇਖ ਕੇ ਹੱਸਦੇ ਹਨ ਅਤੇ ਹੋਰਨਾਂ ਨੂੰ ਵੀ ਹਸਾਉਂਦੇ ਹਨ। ਮਿਠਾਸ ਦਾ ਘਰ ਮੁਖ ਤੋਂ ਕਿਲਕਾਰੀਆਂ ਮਾਰਦੇ ਹਨ॥ ੬॥

ਬੇਦੀ ਕੁਲ ਕੀ ਆਨਿ ਬਧੂਟੀ। ਮੂਰਤਿ ਪਿਖਿ ਜਨੁ ਆਨੰਦ ਬੂਟੀ।
ਗਹਿ ਕਰਿ ਭੁਜ ਤੇ ਅੰਕ ਬਸਾਵਹਿਂ। ਪਰਮ ਪ੍ਰੇਮ ਕਰਿ ਹਰਖ ਲਡਾਵਹਿਂ॥੭॥

ਬੇਦੀ ਕੁਲ ਦੀਆਂ ਇਸਤਰੀਆਂ ਆ ਕੇ ਸੁੰਦਰ ਸੂਰਤ ਵੇਖ ਕੇ ਅਨੰਦਿਤ ਹੁੰਦੀਆਂ ਹਨ। ਬਾਹਾਂ ਤੋਂ ਚੁਕ ਕੇ ਗੋਦੀ ਵਿਚ ਬਿਠਾਉਂਦੀਆਂ ਹਨ ਅਤੇ ਪਰਮ ਪ੍ਰੇਮ ਕਰਕੇ ਖੁਸ਼ ਹੋ ਕੇ ਲਾਡ ਲਡਾਉਂਦੀਆਂ ਹਨ॥ ੭॥

ਬੋਲੈਂ ਬਚਨ ਤੋਤਰੇ ਮੀਠੇ। ਸੁਨਹਿਂ ਨਾਰਿ ਨਰ ਲਾਗਹਿਂ ਈਠੇ।
ਹੇਰਹਿ ਮਾਤ ਤਾਤ ਅਨੁਰਾਗਹਿ। ਫਿਰਤਿ ਭੂਮਿਕਾ ਮ੍ਰਿਤਕਾ ਲਾਗਹਿ॥੮॥

ਤੋਤਲੇ ਅਤੇ ਮਿੱਠੇ ਬਚਨ ਬੋਲਦੇ ਹਨ। ਜਦ ਨਰ-ਨਾਰੀਆਂ ਉਨ੍ਹਾਂ ਬਚਨਾਂ ਨੂੰ ਸੁਣਦੀਆਂ ਹਨ ਤਾਂ ਉਨ੍ਹਾਂ ਨੂੰ ਉਹ ਬਚਨ ਬਹੁਤ ਪਿਆਰੇ ਲੱਗਦੇ ਹਨ। ਮਾਤਾ ਪਿਤਾ ਵੇਖ ਕੇ ਬਹੁਤ੍ਰ ਪਿਆਰ ਕਰਦੇ ਹਨ। ਜਦ ਜ਼ਮੀਨ ਤੇ ਫਿਰਦੇ ਹਨ ਤਾਂ ਮਿੱਟੀ ਲੱਗ ਜਾਂਦੀ ਹੈ॥ ੮॥

ਲਗੀ ਧੂਰ ਤਨ ਧੂਸਰ ਹੋਏ। ਅੰਬ ਲੇਯ ਅੰਬਾ ਅੰਗ ਧੋਏ।
ਮਲਿ ਕਰਿ ਮੁਖ ਮੱਜਨ ਕਰਿਵਾਯੋ। ਪੋਂਛ ਸਰੀਰ ਅੰਕ ਬੈਸਾਯੋ॥ ੯॥

ਧੂੜ ਲੱਗਣ ਨਾਲ ਮੈਲੇ ਹੋ ਜਾਂਦੇ ਹਨ, ਫਿਰ ਮਾਤਾ ਜੀ ਪਾਣੀ ਲੈ ਕੇ ਅੰਗਾਂ ਨੂੰ ਧੋਂਦੇ ਹਨ। ਸਾਬਣ ਮਲ ਕੇ ਇਸ਼ਨਾਨ ਕਰਵਾਉਂਦੇ ਹਨ, ਬਾਅਦ ਵਿਚ ਸਰੀਰ ਪੂੰਝ ਕੇ ਗੋਦੀ ਵਿਚ ਬੈਠਾ ਲੈਂਦੇ ਹਨ॥ ੯॥

ਦੋਹਰਾ- ਝਗਲੀ ਝੀਨ ਨਵੀਨ ਪੁਨ ਪਹਿਰਾਈ ਤਨ ਤਾਤ।
ਪੈ ਕੋ ਪਾਨ ਕਰਾਇ ਕੈ ਪੌਢਾਏ ਕਰ ਮਾਤ॥ ੧੦॥

ਫਿਰ ਬਰੀਕ ਛੋਟੀ ਨਵੀਂ ਝੱਗੀ (ਫਰਾਕ) ਲੈ ਕੇ ਪੁੱਤਰ ਦੇ ਸਰੀਰ ਤੇ ਪਹਿਨਾਉਂਦੇ ਹਨ, ਫਿਰ ਦੁੱਧ ਪਿਲਾ ਕੇ ਮਾਤਾ ਜੀ ਬਾਲਾ ਪ੍ਰੀਤਮ ਨੂੰ ਹੱਥਾਂ ਨਾਲ ਸੁਆ ਦਿੰਦੇ ਹਨ॥ ੧੦॥

ਚੌਪਈ- ਜੁਗਲ ਘਟੀ ਪਲਨਾ ਪਰ ਸੋਏ। ਜਾਗੇ ਬਹੁਰ ਸੁ ਚੇਤਨ ਹੋਏ।
ਲਗੇ ਬਾਲ ਲੀਲਾ ਪੁਨ ਕਰਨੇ। ਪਕਰਹਿਂ ਪਰਨਾ ਹੁਇਂ ਪਗ ਪਰਨੇ॥ ੧੧॥

ਦੋ ਘੜੀਆਂ ਪੰਘੂੜੇ ਵਿਚ ਸੌਂਦੇ ਹਨ, ਫਿਰ ਜਾਗ ਕੇ ਸੁਚੇਤ ਹੋ ਜਾਂਦੇ ਹਨ। ਫਿਰ ਬਾਲਾ ਪ੍ਰੀਤਮ ਲੀਲ੍ਹਾ ਕਰਨ ਲੱਗ ਜਾਂਦੇ ਹਨ। ਕੋਈ ਆਸਰਾ ਫੜ ਕੇ ਪੈਰਾਂ ਦੇ ਭਾਰ ਖੜੇ ਹੋ ਜਾਂਦੇ ਹਨ॥ ੧੧॥

ਭਯੋ ਚਰਨ ਬਲ, ਹੋਵਹਿਂ ਠਾਢੇ। ਖੇਲਹਿ ਬਾਲਨ ਮਹਿ ਹਿਤ ਬਾਢੇ।
ਭੂਖਨ ਸਬਦ ਪਲਾਵਤਿ ਹੋਵਤਿ। ਨੈਨ ਛਬੀਲੇ ਛਬਿ ਸੋਂ ਜੋਵਤਿ॥ ੧੨॥

ਜਦ ਚਰਨਾਂ ਤੇ ਭਾਰ ਪਾ ਕੇ ਖੜੇ ਹੋ ਜਾਂਦੇ ਹਨ ਤਾਂ ਦੂਸਰੇ ਬਾਲਾਂ ਨਾਲ ਬੜੇ ਪਿਆਰ ਨਾਲ ਖੇਡਦੇ ਹਨ। ਜਦ ਤੁਰਦੇ ਹਨ ਤਾਂ ਗਹਿਣਿਆਂ ਦੇ ਖੜਕਣ ਦੀ ਆਵਾਜ਼ ਹੁੰਦੀ ਹੈ, ਛੈਲ ਛਬੀਲੇ ਨੈਣ ਬਹੁਤ ਸੁੰਦਰ ਲੱਗਦੇ ਹਨ॥ ੧੨॥

ਬਿਨ ਬੋਲੇ ਨਹਿਂ ਆਲਯ ਆਵਹਿਂ। ਸ਼ਿਸ਼ੁ ਪਸ਼ਚਾਤ ਪਰਿਪ ਮਹਿਂ ਧਾਵਹਿਂ।
ਜਨਨੀ ਅਸਨ ਹਕਾਰਿ ਖੁਵਾਵਹਿ। ਨਹਿਂ ਅਘਾਤਿ ਦੇਖਤਿ ਬਲ ਜਾਵਹਿ ॥੧੩॥

ਬਿਨ ਬੋਲੇ ਘਰ ਨਹੀਂ ਆਉਂਦੇ ਅਤੇ ਬਾਲਕਾਂ ਦੇ ਪਿਛੇ ਗਲੀ ਵਲ ਭੱਜ ਜਾਂਦੇ ਹਨ। ਮਾਤਾ ਜੀ ਸੱਦ ਕੇ ਭੋਜਨ ਖਵਾਉਂਦੇ ਹਨ ਤੇ ਬਾਲਕ ਵਲ ਵੇਖਦੇ ਰੱਜਦੇ ਨਹੀਂ ਅਤੇ ਬਾਰ-ਬਾਰ ਬਲਿਹਾਰ ਜਾਂਦੇ ਹਨ॥ ੧੩॥

ਦੋਹਰਾ- ਦਧਿ ਅਰੁ ਓਦਨ ਮਾਤ ਤੇ ਅਰਧਿਕ ਖਾਇ ਪਲਾਇ।
ਬਾਲਿਕ ਲੀਲਾ ਕਰਤਿ ਸਭਿ ਅਲਖ ਜੁ ਲਖਜਾ ਨ ਜਾਇ॥ ੧੪॥

ਬਾਲਾ ਪ੍ਰੀਤਮ ਜੀ ਆਪਣੇ ਮਾਤਾ ਜੀ ਪਾਸੋਂ ਦਹੀਂ ਤੇ ਚਾਵਲ ਅੱਧੇ ਕੁ ਹੀ ਖਾ ਕੇ ਦੌੜ ਜਾਂਦੇ ਸਨ। ਅਤੀ ਸੁੰਦਰ ਬਾਲਕ ਲੀਲ੍ਹਾ ਕਰਦੇ ਹਨ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ॥ ੧੪॥

ਚੌਪਈ- ਲੇ ਕਰਿ ਕਾਲੂ ਅੰਕ ਦੁਲਾਰਹਿ। ਪਾਵਤਿ ਸੁਖ ਕੋ ਬਦਨ ਨਿਹਾਰਹਿ।
ਤਜਿ ਕਰਿ ਜਨਕ ਅੰਕ ਕੋ ਜਾਵਹਿਂ। ਰਲਿ ਬਾਲਨ ਸੋਂ ਖੇਲ ਮਚਾਵਹਿ ॥੧੫॥

ਮਹਿਤਾ ਕਾਲੂ ਜੀ ਬਾਲਕ ਨੂੰ ਗੋਦ ਵਿਚ ਲੈ ਕੇ ਉਸ ਦਾ ਮੁਖੜਾ ਵੇਖ ਕੇ ਬੜਾ ਸੁੱਖ ਪਾਉਂਦੇ ਸਨ, ਭਾਵ-ਬਹੁਤ ਖੁਸ਼ ਹੁੰਦੇ ਹਨ। ਪਿਤਾ ਜੀ ਦੀ ਗੋਦ ਛੱਡ ਕੇ ਭੱਜ ਜਾਂਦੇ ਹਨ ਤੇ ਹੋਰ ਬਾਲਕਾਂ ਨਾਲ ਮਿਲਕੇ ਖੇਡਣ ਲੱਗ ਜਾਂਦੇ ਹਨ॥ ੧੫॥

ਸੁੰਦਰਤਾ ਮੰਦਰ ਮੁਖ ਹੇਰਹਿਂ। ਨਰ ਨਾਰੀ ਜਾਵਤਿ ਮਗ ਘੇਰਹਿਂ।
ਬੋਲਹਿਂ ਬੋਲ ਬੁਲਾਵਹਿਂ ਬਚਨਾ। ਗਿਰਾ ਮਾਧੁਰੀ ਕੀ ਜਨੁ ਰਚਨਾ ॥੧੬॥

ਸੁੰਦਰਤਾ ਦੇ ਘਰ ਉਸ ਦੇ ਮੁਖੜੇ ਨੂੰ ਵੇਖ ਕੇ ਨਰ-ਨਾਰੀ ਉਸ ਨੂੰ ਰਾਹ ਵਿਚ ਹੀ ਘੇਰ ਲੈਂਦੇ ਹਨ। ਗੱਲਾਂ ਕਰਦੇ ਹਨ ਅਤੇ ਗੱਲਾਂ ਸੁਣਦੇ ਹਨ। ਉਨ੍ਹਾਂ ਦੀ ਮਿੱਠੀ ਬੋਲੀ ਮਾਨੋਂ ਸ਼ਹਿਦ ਦੇ ਘੁੱਟ ਹਨ॥ ੧੬॥

ਕਹਹਿਂ ਪਰਸਪਰ ਲੋਕ ਲੁਗਾਈ। 'ਕਾਲੂ ਭਾਗ ਅਹੈਂ ਅਧਿਕਾਈ।
ਜਿਸੁ ਅਵਾਸ ਸੁਤ ਅਸ ਉਪਜਯੋ। ਸਭਿ ਬਿਧਿ ਸੋਂ ਨਿਹਾਲ ਭਵ ਭਯੋ ॥੧੭॥

ਸਾਰੇ ਮਰਦ-ਇਸਤਰੀਆਂ ਸਦਾ ਇਹੋ ਕਹਿੰਦੇ ਸਨ ਕਿ ਮਹਿਤਾ ਕਾਲੂ ਜੀ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਘਰ ਅਜਿਹੇ ਪੁੱਤਰ ਨੇ ਜਨਮ ਲਿਆ ਹੈ, ਜਿਹੜਾ ਜਗਤ ਵਿਖੇ ਸਭ ਵਿਧੀਆਂ ਵਿਚ ਨਿਪੁੰਨ ਹੈ॥ ੧੭॥

ਦੋਹਰਾ- ਸਭਿਹਿ ਸੁਭਾਵਕ ਪ੍ਰੇਮ ਮਨ ਕਰਹਹਿਂ ਬਦਨ ਨਿਹਾਰਿ।
ਜੈਸੇ ਜਾਤ ਸਮੁੰਦ੍ਰ ਮਹਿਂ ਸਭਿ ਸਰਿਤਾ ਕੋ ਬਾਰਿ॥ ੧੮॥

ਸਾਰੇ ਲੋਕ ਬਾਲਕ ਦਾ ਸੁੰਦਰ ਮੁਖੜਾ ਵੇਖ ਕੇ ਸੁਭਾਵਕ ਹੀ ਇਸ ਤਰ੍ਹਾਂ ਮਨ ਵਿਚ ਪਿਆਰ ਕਰਨ ਲੱਗ ਜਾਂਦੇ ਹਨ, ਜਿਵੇਂ ਸਭ ਨਦੀਆਂ ਦਾ ਪਾਣੀ ਸੁਭਾਵਕ ਹੀ ਸਮੁੰਦਰ ਵਿਚ ਚਲਿਆ ਜਾਂਦਾ ਹੈ॥ ੧੮॥

ਚੌਪਈ- ਚਖ ਚਕੋਰ ਲੋਕਨ ਕੇ ਬ੍ਰਿੰਦਾ। ਚੰਦ੍ਰ ਬਦਨ ਦ੍ਰਿਸ਼ ਆਨੰਦ ਕੰਦਾ।
ਸੁੰਦਰ ਰੂਪ ਹੇਰਿ ਰਵਿ ਨਜਾਈ। ਜਨੁ ਅਰਬਿੰਦ ਬਦਨ ਬਿਗਸਾਈ ॥੧੯॥

ਸਾਰੇ ਲੋਕਾਂ ਦੀਆਂ ਅੱਖਾਂ ਚੰਦ ਵਰਗੇ ਮੁਖੜੇ ਨੂੰ ਵੇਖ ਕੇ ਅਨੰਦਿਤ ਹੁੰਦੀਆਂ ਹਨ। ਸੂਰਜ ਵਰਗੇ ਤੇਜ ਵਾਲਾ ਸੁੰਦਰ ਰੂਪ ਵੇਖ ਕੇ ਸਭ ਲੋਕਾਂ ਦੇ ਕੰਵਲ ਰੂਪੀ ਮੁਖੜੇ ਖਿੜ ਜਾਂਦੇ ਹਨ॥ ੧੯॥

ਘੰਟਕ ਜਿਉਂ ਸੁਨਿਕੈ ਬਰ ਬਾਨੀ। ਰਹੈਂ ਠਾਂਢ ਢਿਗ ਮ੍ਰਿਗਹਿ ਸਮਾਨੀ।

ਇਹ ਬਿਧਿ ਬਾਲਕ ਲੀਲਾ ਕਰਿਹੀਂ। ਧ੍ਯਾਨ ਜਿ ਧਰਹਿ ਭਵੋਦਿਧਿ ਤਰਿਹੀਂ॥੨੦॥

ਘੰਡਹੇੜੇ (ਸ਼ਿਕਾਰੀ ਦੀ ਘੰਟੀ) ਦੇ ਨਾਦ ਨੂੰ ਸੁਣ ਕੇ ਜਿਵੇਂ ਹਿਰਨ ਮਸਤ ਹੋ ਜਾਂਦੇ ਹਨ ਤੇ ਘੰਟੀ ਦੇ ਕੋਲ ਆ ਕੇ ਖੜੇ ਹੋ ਜਾਂਦੇ ਹਨ, ਇਸ ਤਰ੍ਹਾਂ ਹੀ ਬਾਲਕ ਨੂੰ ਵੇਖ ਕੇ ਲੋਕ ਕੀਲੇ ਜਾਂਦੇ ਹਨ। ਇਸ ਤਰ੍ਹਾਂ ਬਾਲਕ ਲੀਲ੍ਹਾ ਕਰ ਰਹੇ ਹਨ ਤੇ ਜਿਹੜਾ ਵੀ ਉਸ ਵੱਲ ਧਿਆਨ ਧਰਦਾ ਹੈ, ਭਵਸਾਗਰ ਨੂੰ ਪਾਰ ਕਰ ਜਾਂਦਾ ਹੈ॥ ੨੦॥

ਪਾਂਚ ਬਰਖ ਕੀ ਹੋਈ ਬੈਸਾ। ਕਰਨ ਲਗੇ ਕਾਰਜ ਪੁਨ ਐਸਾ।
ਲੇਯ ਵਸਤੁ ਘਰ ਬਾਹਰ ਧਾਵਹਿਂ। ਜੋ ਲੇਵਹਿਂ ਸੋ ਜਾਇ ਗਵਾਵਹਿਂ॥੨੧॥

ਜਦ ਪੰਜ ਸਾਲਾਂ ਦੇ ਹੋਏ ਤਾਂ ਫਿਰ ਕੁਝ ਇਸ ਤਰ੍ਹਾਂ ਦੇ ਕੰਮ ਕਰਨ ਲੱਗੇ, ਘਰ ਦੀਆਂ ਵਸਤਾਂ ਬਾਹਰ ਲੈ ਜਾਂਦੇ ਹਨ ਅਤੇ ਜਿਹੜੀ ਚੀਜ਼ ਲੈ ਜਾਂਦੇ ਹਨ ਉਸ ਨੂੰ ਬਾਹਰ ਗਵਾ ਆਉਂਦੇ ਹਨ॥ ੨੧॥

ਦੋਹਰਾ- ਭਾਂਜਨ ਭੂਖਨ ਬਸਨ ਜੇ ਨਿਜ ਨਿਕੇਤ ਤੇ ਲੇਯ।
ਜਾਇ ਨਿਰਸਤਹਿਂ ਜਾਇ ਤਹਿਂ ਜਹਿ ਅਗਾਤ ਦੀਨੇਯ॥ ੨੨॥

ਭਾਂਡੇ, ਗਹਿਣੇ, ਵਸਤਰ ਜੋ ਆਪਣੇ ਘਰੋਂ ਲੈ ਜਾਂਦੇ ਹਨ, ਤੇ ਲੈ ਜਾ ਕੇ ਉਸ ਥਾਂ ਸੁੱਟ ਦਿੰਦੇ ਹਨ ਜਿਥੇ ਕਿ ਅਤਿਥੀ ਅਤੇ ਗਰੀਬ ਰਹਿੰਦੇ ਹਨ ਜਾਂ ਠਹਿਰੇ ਹੋਏ ਹੁੰਦੇ ਹਨ॥ ੨੨॥

ਚੌਪਈ- ਕਰਤਿ ਨਿਤਾਪ੍ਰਤਿ ਇਹ ਬਿਧਿ ਕਾਰ। ਦਯਾ ਕਰਨ ਕੋ ਜਿਹ ਬਿਵਹਾਰ।
ਇਕ ਬਾਸੁਰ ਇਕ ਭਾਂਜਨ ਲੀਨਾ। ਰੰਕ ਪਿਖਯੋ ਇਕ ਤਹਿਂ ਸੁਟ ਦੀਨਾ॥੨੩॥

ਹਰ ਵੇਲੇ ਇਸ ਢੰਗ ਨਾਲ ਕੰਮ ਕਰਦੇ ਹਨ, ਦਇਆ ਕਰਨ ਦਾ ਉਨ੍ਹਾਂ ਦਾ ਅਜਿਹਾ ਵਿਵਹਾਰ ਹੈ, ਇਕ ਵਾਰ ਇਕ ਭਾਂਡਾ ਲਿਆ ਅਤੇ ਇਕ ਗਰੀਬ ਵੇਖ ਕੇ ਉਸ ਦੇ ਪਾਸ ਸੁੱਟ ਦਿੱਤਾ॥ ੨੩॥

ਮੁਰਿ ਕਰਿ ਨਿਜ ਘਰ ਆਏ ਜਬਿਹੀ। ਜਨਨੀ ਹੇਰੇ ਰੋਸੀ ਤਬਹੀ।
ਬੂਝਨ ਲਗੀ 'ਕਹਾਂ ਤੈਂ ਗੇਰਾ ?। ਅਬ ਥੋ ਕਰ ਮਹਿਂ, ਭਈ ਨ ਦੇਰਾ ॥੨੪॥

ਜਦ ਮੁੜ ਕੇ ਘਰ ਆਏ ਤਾਂ ਮਾਤਾ ਜੀ ਬਹੁਤ ਗੁੱਸੇ ਹੋਏ। ਪੁੱਛਣ ਲੱਗੇ ਕਿ "ਬਰਤਨ ਨੂੰ ਕਿਥੇ ਸੁੱਟ ਕੇ ਆਇਆ ਹੈ ? ਹੁਣੇ ਤਾਂ ਥੋੜੀ ਦੇਰ ਪਹਿਲਾਂ ਤੁਹਾਡੇ ਹੱਥ ਵਿਚ ਸੀ"॥ ੨੪॥

ਮੁਖ ਤੇ ਕਹੈ ਨ ਉਤਰ ਕੋਊ। ਭਏ ਤੂਸ਼ਨੀ ਗਤਿਦਾ ਜੋਊ।
ਕਰ ਮਹਿਂ ਲੇ ਲਕਰੀ ਤਬ ਮਾਤਾ। ਡਰਪਾਵਨ ਲਾਗੀ ਨਿਜ ਤਾਤਾ॥੨੫॥

ਆਪਣੇ ਮੁਖਾਰਬਿੰਦ ਤੋਂ ਕੋਈ ਉੱਤਰ ਨਾ ਦਿੱਤਾ। ਜੋ ਮੁਕਤੀਦਾਤਾ ਹਨ ਕੁਝ ਨਾ ਬੋਲੇ ਤੇ ਚੁੱਪ ਰਹੇ। ਤਦ ਮਾਤਾ ਜੀ ਹੱਥ ਵਿਚ ਸੋਟੀ ਲੈ ਕੇ ਆਪਣੇ ਪੁੱਤਰ ਨੂੰ ਡਰਾਉਣ ਲੱਗੀ॥ ੨੫॥

ਦੋਹਰਾ- ਮ੍ਰਿਗ ਅਰਭਕ ਸੇ ਚਕਿਤ ਚਖੁ ਕਰੇ ਨੀਚ ਡਰਿ ਮਾਤ।
ਸਜਲ ਭਏ ਝਖ ਦੋ ਮਨੋ ਛੋਰਤਿ ਸਰਿਤਾ ਗਾਤ॥ ੨੬॥

ਹਿਰਨ ਦੇ ਬੱਚੇ ਵਰਗੀਆਂ ਹੈਰਾਨ ਅੱਖਾਂ ਮਾਤਾ ਜੀ ਤੋਂ ਡਰ ਕੇ ਨੀਵੀਆਂ ਕਰ ਲਈਆਂ। ਦੋਵੇਂ ਨੈਣ ਜਲ ਨਾਲ ਭਰ ਕੇ ਵਹਿ ਤੁਰੇ, ਮਾਨੋ ਦੋ ਮੱਛਾਂ ਦੇ ਸਰੀਰਾਂ ਨੇ ਨਦੀਆਂ ਵਹਾ ਦਿੱਤੀਆਂ॥ ੨੬॥

ਚੌਪਈ- ਲਾਲੂ ਪਿਤ੍ਰਬੰਧੁ ਤਬ ਆਯੋ॥ ਕਰੁਨਾ ਰਸ ਮਹਿਂ ਹੋ ਛੁਟਕਾਯੋ।

ਰਿਸ ਕੀਨੇ ਕਹਿਹੀ ਪੁਨ ਵਾਕੂ। 'ਬਹੁ ਔਗੁਨ ਕੀਨੇ ਇਨ ਪ੍ਰਾਕੂ॥੨੭॥

ਤਦ ਚਾਚਾ ਲਾਲੂ ਆਇਆ ਤੇ ਕਿਰਪਾ ਵਿਚ ਆ ਕੇ ਉਸ ਨੇ ਆਪਣੇ ਭਤੀਜੇ ਨੂੰ ਛੁਡਵਾਇਆ। ਰੋਸ ਵਿਚ ਆ ਕੇ ਮਾਤਾ ਜੀ ਨੇ ਫਿਰ ਵਾਕ ਕਹੇ, "ਇਸ ਨੇ ਪਹਿਲਾਂ ਵੀ ਬਹੁਤ ਔਗੁਣ ਕੀਤੇ ਹਨ॥ ੨੭॥

ਲੇਜ ਸਦਨ ਤੇ ਵਸਤੁ ਜੁ ਹੇਰਹਿ। ਬਹੁਰ ਨ ਆਨਹਿ ਬਾਹਰ ਗੇਰਹਿ।
ਨਿਠੁਰ ਨਿਡਰ ਸੁ ਢੀਠ ਇਸ ਜੈਸਾ। ਅਬ ਲੌ ਹੌਂ ਨ ਨਿਹਾਰ੍ਯੋ ਐਸਾ॥੨੮॥

ਘਰ ਵਿਚ ਜੋ ਵੀ ਚੀਜ਼ ਇਹ ਵੇਖਦਾ ਹੈ, ਉਸ ਨੂੰ ਬਾਹਰ ਲੈ ਜਾਂਦਾ ਹੈ ਤੇ ਫਿਰ ਵਾਪਿਸ ਨਹੀਂ ਲਿਆਉਂਦਾ। ਕਠੋਰ ਨਿੱਡਰ ਅਤੇ ਢੀਠ ਇਸ ਵਰਗਾ ਕੋਈ ਨਹੀਂ, ਮੈਂ ਤਾਂ ਇਸ ਵਰਗਾ ਕੋਈ ਬੱਚਾ ਨਹੀਂ ਵੇਖਿਆ॥ ੨੮॥

ਪੂਰਬ ਇਨ ਬਹੁ ਵਸਤੁ ਗਵਾਈ। ਹੌਂ ਕਹਿ ਰਹੀ ਸਮਝ ਨਹਿੰ ਆਈ।
ਸਾਸਨ ਜੋਗ, ਅਬਹਿ ਤੁਝ ਛੋਰਾ। ਐਸਾ ਕਾਜ ਨ ਕਰਿ ਪੁਨ ਔਰਾ॥੨੯॥

ਪਹਿਲਾਂ ਵੀ ਇਸ ਨੇ ਬਹੁਤ ਚੀਜ਼ਾਂ ਗਵਾਈਆਂ ਹਨ। ਮੈਂ ਇਸ ਨੂੰ ਬਹੁਤ ਕਿਹਾ ਪਰ ਇਸ ਦੀ ਸਮਝ ਵਿਚ ਨਹੀਂ ਆਇਆ। ਤੂੰ ਕੁੱਟ ਦੇ ਹੀ ਕਾਬਲ ਹੈਂ, ਹੁਣ ਤੈਨੂੰ ਛੱਡਦੀ ਹਾਂ, ਦੁਬਾਰਾ ਅਜੇਹਾ ਕੰਮ ਨਹੀਂ ਕਰਨਾ"॥ ੨੯॥

ਦੋਹਰਾ- ਜਨਨੀ ਯੌਂ ਸਮਝਾਇ ਕੈ ਉਰ ਭਰਿ ਆਯੋ ਨੇਹੁ।
ਕਰ ਗਹਿ ਅੰਕ ਬਿਠਾਇਓ ਨਿਜ ਸੁਤ ਕਰੁਨਾ ਗੇਹੁ॥ ੩੦॥

ਮਾਤਾ ਜੀ ਇਸ ਤਰ੍ਹਾਂ ਸਮਝਾ ਕੇ ਫਿਰ ਮੋਹ-ਵੱਸ ਹੋ ਗਏ, ਬਾਂਹ ਤੋਂ ਫੜ ਕੇ ਕਿਰਪਾ ਦੇ ਘਰ ਆਪਣੇ ਪੁੱਤਰ ਨੂੰ ਗੋਦੀ ਵਿਚ ਬਿਠਾਇਆ॥ ੩੦॥

ਚੌਪਈ- ਪੋਛਤਿ ਈਛਨ ਸੁਛਾਂਨਨ ਛਬਿ। ਛਕੀ ਮੋਹ ਮੈਂ ਪਿਖਿ ਜਨਨੀ ਤਬ।
ਪਸਚਾਤਾਪ ਕਰਤਿ ਚਿਤ ਮਾਂਹੀ। ਹਮਰੇ ਸਦਨ ਏਕ ਸੁਤ ਆਹੀ॥ ੩੧॥

ਅੱਖਾਂ ਨੂੰ ਪੂੰਝਦੀ ਹੈ ਅਤੇ ਪਵਿੱਤਰ ਮੁਖੜੇ ਨੂੰ ਸਾਫ ਕਰਦੀ ਹੈ। ਮਾਤਾ ਜੀ ਫਿਰ ਬੜੇ ਮੋਹ ਵਿਚ ਆ ਗਏ ਅਤੇ ਚਿੱਤ ਵਿਚ ਆਪਣੇ ਇਸ ਕਠੋਰ ਰਵੱਈਏ ਤੇ ਪਛਤਾਉਣ ਲੱਗੇ, ਮਨ ਵਿਚ ਸੋਚਿਆ, "ਸਾਡਾ ਤਾਂ ਕੇਵਲ ਇਕ ਹੀ ਪੁੱਤਰ ਹੈ॥ ੩੧॥

ਬਾਲ ਬੈਸ ਇਹ ਆਪਨ ਪਰ ਕੋ। ਹਾਨ ਲਾਭ ਨਹਿੰ ਜਾਨਹਿ ਘਰ ਕੋ।
ਵਡੋ ਹੋਇ ਸਮਝਹਿ ਸਭਿ ਰੀਤੀ। ਅਬ ਡਰ ਪਾਵਨ ਕੀ ਨਹਿੰ ਨੀਤੀ॥੩੨॥

ਇਹ ਹਾਲੇ ਬਾਲਕ ਹੈ, ਇਸ ਨੂੰ ਆਪਣੇ ਪਰਾਏ ਦੀ ਪਹਿਚਾਣ ਨਹੀਂ ਹੈ। ਇਹ ਘਰ ਦਾ ਕੋਈ ਹਾਣ ਲਾਭ ਨਹੀਂ ਜਾਣਦਾ। ਵੱਡਾ ਹੋ ਕੇ ਸਭ ਰਸਮਾਂ ਰੀਤਾਂ ਸਮਝ ਜਾਵੇਗਾ। ਹੁਣ ਡਰਾਉਣ ਦੀ ਕੋਈ ਲੋੜ ਨਹੀਂ ਹੈ"॥ ੩੨॥

ਉਰ ਵਿਚਾਰ ਕਰਿ ਇਹ ਬਿਧਿ ਮਾਤਾ। ਤਜ੍ਯੋ ਅੰਕ ਤੇ ਹਿਤ ਕਰਿ ਤਾਤਾ।
ਖੇਲਨ ਲਗੇ ਬਾਲਿਕਨ ਮਾਂਹੀ। ਜਿਹਕੇ ਦਰਸ਼ਨ ਦੋਖ ਨਸਾਹੀਂ॥ ੩੩॥

ਮਾਤਾ ਜੀ ਨੇ ਇਸ ਤਰ੍ਹਾਂ ਦਿਲ ਵਿਚ ਵਿਚਾਰ ਕਰਕੇ, ਪੁੱਤਰ ਨੂੰ ਪਿਆਰ ਕਰਕੇ ਗੋਦੀ ਵਿਚੋਂ ਉਠਾ ਦਿੱਤਾ। ਬਾਲਾ ਪ੍ਰੀਤਮ ਫਿਰ ਬਾਲਕਾਂ ਨਾਲ ਖੇਡਣ ਲੱਗ ਗਏ। ਉਨ੍ਹਾਂ ਦੇ ਦਰਸ਼ਨ ਕਰਕੇ ਹੀ ਸਾਰੇ ਦੁੱਖ ਨੱਸ ਜਾਂਦੇ ਹਨ॥੩੩॥

ਦੋਹਰਾ- ਕਾਲੂ ਲੱਛਨ ਦੇਖਿ ਅਸਿ ਦੈਵਗ ਵਾਕ ਸੰਭਾਰ।

ਗਿਨਤ ਗਟੀ ਉਰ ਅਟਪਟੀ ਤਿਹਕੇ ਗਯੋ ਅਗਾਰ॥ ੩੪॥

ਜਦ ਮਹਿਤਾ ਕਾਲੂ ਜੀ ਨੇ ਅਜਿਹੇ ਲੱਛਣ ਵੇਖੇ ਤਾਂ ਇਸ ਬਾਰੇ ਜੋਤਸ਼ੀ ਨਾਲ ਗੱਲ ਕਰਨ ਦਾ ਮਨ ਬਣਾਇਆ। ਉਲਟੀਆਂ ਪੁਲਟੀਆਂ ਗਿਣਤੀਆਂ ਗਿਣਦਾ ਉਹ ਜੋਤਸ਼ੀ ਦੇ ਘਰ ਚਲਾ ਗਿਆ॥ ੩੪॥

ਚੌਪਈ- ਦਿਜ ਕੋ ਦੇਖਿ ਬਦਨ ਤੇ ਬੋਲਜੋ। 'ਭਲੋ ਆਪ ਨੈ ਜੋਤਿਸ਼ ਟੋਲਜੋ।
ਤੁਮਰੋ ਕਹਜੋ ਨ ਫੁਰ ਭਾ ਏਕੂ। ਬਰਨਨ ਕੀਨੇ ਗੁਨ ਜੁ ਅਨੇਕੂ॥ ੩੫॥

ਬ੍ਰਾਹਮਣ ਨੂੰ ਵੇਖ ਕੇ ਬੋਲਿਆ, "ਬੜਾ ਵਧੀਆ ਤੁਸੀਂ ਜੋਤਸ਼ ਲਾਇਆ ਹੈ। ਤੁਹਾਡੀ ਕਹੀ ਹੋਈ ਇਕ ਗੱਲ ਵੀ ਸੱਚੀ ਨਹੀਂ ਹੋਈ ਹੈ। ਤੁਸੀਂ ਤਾਂ ਮੇਰੇ ਪੁੱਤਰ ਦੇ ਅਨੇਕਾਂ ਗੁਣ ਵਰਣਨ ਕੀਤੇ ਹਨ॥ ੩੫॥

ਤਿਹ ਕੇ ਲੱਛਨ ਤੇ ਮੈਂ ਜਾਨੀ। ਧਨ ਹਾਨੀ ਹੁਇ, ਮਨ ਅਨੁਮਾਨੀ।
ਭਲੋ ਛਤਰ ਮੁਝ ਧਾਮ ਫਿਰਾਯੋ। ਅਗਲੀ ਦੀਨੀ ਵਸਤੁ ਗਵਾਯੋ॥ ੩੬॥

ਉਸ ਦੇ ਲੱਛਣ ਵੇਖ ਕੇ ਮੈਂ ਸਮਝ ਗਿਆ ਹਾਂ। ਧਨ ਦੀ ਬਹੁਤ ਹਾਨੀ ਹੋਵੇਗੀ, ਇਹ ਮੈਂ ਅਨੁਮਾਨ ਲਾਇਆ ਹੈ। ਬਹੁਤ ਸੁੰਦਰ ਛੱਤਰ ਮੇਰੇ ਘਰ ਝੁਲਾਇਆ ਹੈ। ਉਹ ਘਰ ਵਿਚ ਪਈਆਂ ਪਹਿਲੀਆਂ ਵਸਤਾਂ ਹੀ ਗਵਾਈ ਜਾਂਦਾ ਹੈ॥ ੩੬॥

ਜੋ ਲੇਵਹਿ ਸੋ ਜਾਇ ਗਵਾਵਹਿ। ਬੂਝਹਿਂ ਜੇ, ਨਹਿਂ ਕਛੂ ਬਤਾਵਹਿ।
ਗਨਨਾ ਗਿਨੀ ਗੁਨੀ, ਨਿਰਗੁਨੀ।-ਤੁਮ ਗੁਨਵਾਨ, ਭਨੀ ਅਨਬਨੀ॥ ੩੭॥

ਜੋ ਕੁਝ ਵੀ ਲੈਂਦਾ ਹੈ, ਗਵਾ ਕੇ ਹੀ ਆਉਂਦਾ ਹੈ, ਜੇ ਅਸੀਂ ਪੁੱਛਦੇ ਹਾਂ ਤਾਂ ਕੁਝ ਦੱਸਦਾ ਹੀ ਨਹੀਂ। ਤੁਸੀਂ ਜੋ ਗੁਣਾਂ ਵਾਲੀ ਜੋ ਗਿਣਤੀ ਗਿਣੀ ਹੈ, ਉਸ ਨੂੰ ਵਿਚਾਰੀਏ ਤਾਂ ਉਹ ਸਾਰੇ ਗੁਣਾਂ-ਰਹਿਤ ਹੈ। ਤੁਸੀਂ ਤਾਂ ਗੁਣਵਾਣ ਕਿਹਾ ਸੀ, ਉਲਟਾ ਗੁਣ-ਹੀਣ ਨਿਕਲਿਆ॥ ੩੭॥

ਦੋਹਰਾ- ਮਨ ਹਰਖਾਵਨ ਕੇ ਨਮਿਤ ਮੁਝ ਸੋਂ ਕਿਧੋਂ ਸੁਨਾਇ।
ਗਨਨਾ ਕਰਤੇ ਚੁਕ ਗਏ ਕਿਧੋਂ ਨ ਜਾਨਜੋ ਜਾਇ॥ ੩੮॥

ਜਾਂ ਮੇਰਾ ਮਨ ਰੱਖਣ ਵਾਸਤੇ ਮੈਨੂੰ ਇਹ ਕੁਝ ਦੱਸਿਆ ਹੈ। ਤੁਸੀਂ ਗਿਣਤੀ ਕਰਦੇ ਭੁੱਲ ਗਏ ਹੋ, ਜਾਂ ਅਸਲ ਤੱਥ ਤੁਸੀਂ ਸਮਝਿਆ ਹੀ ਨਹੀਂ ਹੈ"॥ ੩੮॥

ਚੌਪਈ- ਸੁਨਿ ਕਰਿ ਦਿਜਬਰ ਕਾਲੂ ਬਾਨੀ। ਹੁਤੀ ਅਸ਼ਰਧਾ ਮਹਿਂ ਲਪਟਾਨੀ।
ਤਿਸੁ ਉਰ ਸ਼ਰਧਾ ਦੇਵਨ ਹੇਤੂ। ਬੋਲਜੋ ਬਚਨ ਬਿੱਪ੍ਰ ਕੁਲਕੇਤੂ॥ ੩੯॥

ਮਹਿਤਾ ਕਾਲੂ ਜੀ ਦੇ ਅਸ਼ਰਧਾ-ਭਰਪੂਰ ਇਹ ਸ਼ਬਦ ਬ੍ਰਾਹਮਣ ਨੇ ਸੁਣੇ। ਉਸ ਦੇ ਹਿਰਦੇ ਵਿਚ ਸ਼ਰਧਾ ਲਿਆਉਣ ਵਾਸਤੇ ਬ੍ਰਾਹਮਣ ਨੇ ਇਹ ਬਚਨ ਕਹੇ॥ ੩੯॥

'ਇਕ ਲੱਛਨ ਮੈਂ ਤਬਹੀ ਹੇਰਾ। ਕਹਜੋ ਨ ਸੋ ਪਿਖਿ ਆਨੰਦ ਤੇਰਾ।
ਪ੍ਰਗਟ ਭਯੋ, ਮੈਂ ਸੋ ਅਬ ਜਾਨਜੋ। ਜੋ ਤੋਸੋਂ ਨਹਿਂ ਤਬਹਿ ਬਖਾਨਜੋ॥ ੪੦॥

"ਇਕ ਲੱਛਣ ਮੈਂ ਉਸ ਵੇਲੇ ਹੀ ਵੇਖ ਲਿਆ ਸੀ, ਤੁਹਾਡੇ ਸੁੱਖ ਆਨੰਦ ਨੂੰ ਵੇਖ ਕੇ ਉਹ ਮੈਂ ਕਿਹਾ ਨਹੀਂ ਸੀ। ਉਹ ਲੱਛਣ ਪ੍ਰਗਟ ਹੋ ਗਿਆ ਹੈ, ਉਸ ਦਾ ਮੈਨੂੰ ਹੁਣ ਪਤਾ ਲੱਗ ਗਿਆ ਹੈ, ਜਿਹੜਾ ਕਿ ਉਸ ਸਮੇਂ ਮੈਂ ਤੁਹਾਨੂੰ ਦੱਸਿਆ ਨਹੀਂ ਸੀ॥ ੪੦॥

ਬਾਲਿਕ ਕੇ ਸਨਬੰਧੀ ਜੇਤੇ। ਮਹਿਮਾ ਲਖਿ ਨ ਸਕਹਿੰਗੇ ਤੇਤੇ।
ਅਵਰ ਅਨੇਕ ਮਨੁਜ ਵਰੁਸਾਵਹਿਂ। ਕੋਇਕ ਸਨਬੰਧੀ ਸੁਖ ਪਾਵਹਿ ॥੪੧॥

ਬਾਲਕ ਦੇ ਜਿੰਨੇ ਵੀ ਸਕੇ-ਸੰਬੰਧੀ ਹਨ, ਉਹ ਉਸ ਦੀ ਮਹਿਮਾ ਨੂੰ ਜਾਣ ਨਹੀ ਸਕਣਗੇ। ਹੋਰ ਅਨੇਕਾਂ ਲੋਕ ਲਾਭ ਪ੍ਰਾਪਤ ਕਰਨਗੇ। ਕੋਈ ਇਕ ਅੱਧਾ ਸੰਬੰਧੀ ਹੀ ਸੁਖ ਪਾਵੇਗਾ॥ ੪੧॥

ਹੋਇ ਤਰੁਨ ਜਬ ਵਧਹਿ ਪ੍ਰਤਾਪਾ। ਜਿਉਂ ਬਾਵਨ ਤ੍ਰੈ ਲੋਕਨ ਮਾਪਾ।
ਪੀਰ ਮੀਰ ਮਾਨਹਿੰਗੇ ਆਨਾ। ਜਿਉਂ ਗੋਕਲ ਮਥੁਰਾ ਭਗਵਾਨਾ॥ ੪੨॥

ਜਦ ਉਹ ਜਵਾਨ ਹੋਵੇਗਾ ਤਾਂ ਵੱਡੇ ਪਰਤਾਪ ਵਾਲਾ ਹੋਵੇਗਾ, ਜਿਵੇਂ ਬਾਵਨ ਅਵਤਾਰ ਨੇ ਤਿੰਨਾ ਲੋਕਾਂ ਨੂੰ ਮਿਣਿਆ ਸੀ, ਇਹ ਵੀ ਜਗਤ ਵਿਚ ਫਿਰੇਗਾ। ਪੀਰ ਅਮੀਰ ਇਸ ਦੀ ਆਨ ਨੂੰ ਮੰਨਣਗੇ, ਜਿਵੇਂ ਕ੍ਰਿਸ਼ਨ ਜੀ ਨੂੰ ਮਥਰਾ ਦੇ ਲੋਕਾਂ ਨੇ ਭਗਵਾਨ ਮੰਨਿਆਂ ਸੀ॥ ੪੨॥

ਰਾਮਚੰਦ ਸੇ ਗੁਨ ਇਨ ਮਾਹੀ। ਬ੍ਰਿੱਧ ਹੋਹਿਂ ਤਬ ਲਿਹੁ ਪਤਿਆਹੀ।
ਹੋਇਂ ਅਚਾਰਜ ਬਜਾਸ ਸਮਾਨੇ। ਮਾਨਵ ਧੰਨ ਜਿ ਮਨ ਕਰਿ ਮਾਨੇਂ॥ ੪੩॥

ਇਸ ਵਿਚ ਰਾਮ ਚੰਦਰ ਵਾਲੇ ਸਾਰੇ ਗੁਣ ਹਨ। ਵੱਡੇ ਹੋਣਗੇ ਤੇ ਪਰਖ ਕੇ ਵੇਖ ਲੈਣਾ। ਵੇਦ ਵਿਆਸ ਵਾਂਗ ਉਹ ਵੱਡੇ ਅਚਾਰੀਆ ਹੋਣਗੇ। ਉਹ ਮਾਨਵ ਧੰਨ ਹੋ ਜਾਵੇਗਾ ਜਿਹੜਾ ਇਨ੍ਹਾਂ ਨੂੰ ਮਨ ਕਰਕੇ ਮੰਨੇਗਾ॥ ੪੩॥

ਦੋਹਰਾ- ਸੁਤ ਪਰ ਸ਼ਰਧਾ ਉਰ ਕਰਹੁ ਦਰਬ ਪ੍ਰੀਤਿ ਹਰਿ ਕੂਰ।
ਪਰਮ ਰੂਪ ਪਰਮਾਤਮਾ ਚਿਦੰ ਚਰਾਚਰ ਮੂਰ॥ ੪੪॥

ਦਿਲ ਵਿਚ ਆਪਣੇ ਪੁੱਤਰ ਲਈ ਸ਼ਰਧਾ ਲਿਆਓ ਤੇ ਧਨ ਦੀ ਪ੍ਰੀਤ ਛੱਡ ਦੇਵੋ, ਜੋ ਕਿ ਕੂੜੀ ਹੈ। ਇਹ ਪਰਮ ਰੂਪ ਪਰਮਾਤਮਾ, ਚੇਤਨ ਅਤੇ ਜੜ੍ਹ ਜੰਗਮ ਦਾ ਮੁੱਢ ਹੈ"॥ ੪੪॥

ਚੌਪਈ- ਹਿਤ ਪ੍ਰਦ ਬਿੱਪ੍ਰਹਿ ਕੀ ਬਰਬਾਨੀ। ਮੁਖ ਬਲ ਅਸੁ ਕਵਿਕਾ ਜਿਵ ਮਾਨੀ।
ਅਰਣਵ ਅਮੀ ਕੀਰਤੀ ਦਜਾਲਾ। ਦਿਜ ਕੀ ਉਕਤਿ ਸੁ ਮੁਕਤਨ ਮਾਲਾ॥੪੫॥

ਮਹਿਤਾ ਕਾਲੂ ਨੇ ਹਿਤ ਦੇਣ ਵਾਲੀ ਬ੍ਰਾਹਮਣ ਦੀ ਇਹ ਸ੍ਰੇਸ਼ਟ ਬਾਣੀ ਮੂੰਹ ਜ਼ੋਰ ਘੋੜੇ ਦੀ ਲਗਾਮ ਵਾਂਗ ਮੰਨੀ। ਸਮੁੰਦਰ ਵਿਚੋਂ ਨਿਕਲੇ ਅੰਮ੍ਰਿਤ ਵਰਗੀ ਬ੍ਰਾਹਮਣ ਦੀ ਇਹ ਕੀਰਤੀ ਸੁੰਦਰ ਮੋਤੀਆਂ ਦੀ ਮਾਲਾ ਵਰਗੀ ਹੈ॥ ੪੫॥

ਸਾਕ ਬਣਕ ਜਿਉਂ ਕੀਮਤਿ ਤਾਂਹੀ। ਨਹਿਂ ਜਾਨੀ ਕਾਲੂ ਮਨ ਮਾਂਹੀ।
ਨਿਜ ਨਿਕੇਤ ਕੋ ਪੁਨ ਚਲਿ ਆਯੋ। ਜਗਤ ਕਾਜ ਹਿਰਦਾ ਬਿਰਮਾਯੋ॥੪੬॥

ਸਾਗ ਪਾਤ ਵੇਚਣ ਵਾਲਾ ਜਿਵੇਂ ਮੋਤੀਆਂ ਦੀ ਮਾਲਾ ਦੀ ਕੀਮਤ ਨਹੀਂ ਜਾਣਦਾ, ਉਸ ਤਰ੍ਹਾਂ ਹੀ ਮਹਿਤਾ ਕਾਲੂ ਜੀ ਨੂੰ ਬ੍ਰਾਹਮਣ ਦੀਆਂ ਗੱਲਾਂ ਦੀ ਕੋਈ ਸਮਝ ਨਾ ਆਈ। ਚੱਲ ਕੇ ਆਪਣੇ ਘਰ ਨੂੰ ਆ ਗਿਆ ਤੇ ਆ ਕੇ ਆਪਣੇ ਦੁਨਿਆਵੀ ਕਾਰੋਬਾਰ ਵਿਚ ਪਰਚ ਗਿਆ॥ ੪੬॥

ਬਹੁਰੋ ਅਸਤ ਅਹਿਰਪਤਿ ਭਯੋ। ਭਈ ਬਿਭਾਵਰ ਗੁਰੁ ਗ੍ਰਿਹ ਅਯੋ।
ਹੇਰਤਿ ਮਾਤ ਰੂਪ ਬਲਿ ਜਾਵਹਿ। ਪਾਨ ਆਪਨੇ ਭੋਜ ਖੁਵਾਵਹਿ॥ ੪੭॥

ਬਾਅਦ ਵਿਚ ਦਿਨ ਦਾ ਪਤੀ, ਸੂਰਜ ਡੁੱਬ ਗਿਆ, ਰਾਤ ਪਈ ਤਾਂ ਗੁਰੂ ਜੀ ਘਰ ਆ ਗਏ। ਉਸ ਦਾ ਰੂਪ ਵੇਖ ਕੇ ਮਾਤਾ ਜੀ ਬਲਿਹਾਰੇ ਜਾ ਰਹੇ ਹਨ। ਫਿਰ ਉਸ ਨੂੰ ਆਪਣੇ ਹੱਥਾਂ ਨਾਲ ਭੋਜਨ ਖਵਾਇਆ॥ ੪੭॥

ਦੋਹਰਾ- ਪੈ ਪਿਆਇ ਪੁਨ ਮਾਤ ਲੇ ਸੁਤੀ ਸੁਠ ਪਰਯੰਕ।
ਪਲਕ ਜੁਟੀ ਸੁੰਦਰ ਬਦਨ ਸਦਨਹਿਲਾਦ ਮਯੰਕ॥ ੪੮॥

ਫਿਰ ਗੁਰੂ ਜੀ ਨੂੰ ਦੁੱਧ ਪਿਆ ਕੇ ਮਾਤਾ ਜੀ ਉਨ੍ਹਾਂ ਨੂੰ ਲੈ ਕੇ ਇਕ ਸੋਹਣੇ ਪਲੰਘ ਉਤੇ ਸੌਂ ਗਏ। ਅੱਖਾਂ ਦੀਆਂ ਪੱਲਕਾਂ ਜੁੜੀਆਂ ਤਾਂ ਅਨੰਦ ਦਾ ਘਰ ਚੰਦਰਮਾਂ ਚੜ੍ਹ ਪਿਆ॥ ੪੮॥

ਚੌਪਈ- ਸਵਾਜਾਮ ਜਬ ਰਹੀ ਤ੍ਰਿਜਾਮਾ। ਜਨਨੀ ਸੁਪਨਾ ਪਿਖ ਅਭਿਰਾਮਾ।
ਸੁੰਦਰ ਦੁਤਿ ਬ੍ਰਿੰਦਾਰਕ ਬ੍ਰਿੰਦਾ। ਮਿਲ ਕਰਿ ਆਏ ਕਰਤਿ ਅਨੰਦਾ॥੪੯॥

ਸਵਾ ਪਹਿਰ ਜਦੋਂ ਰਾਤ ਰਹਿ ਗਈ ਤਾਂ ਮਾਤਾ ਜੀ ਨੇ ਇਕ ਸੁੰਦਰ ਸੁਪਨਾ ਵੇਖਿਆ। ਸੁੰਦਰ ਸ਼ੋਭਾ ਵਾਲੇ ਬਹੁਤ ਸਾਰੇ ਦੇਵਤੇ ਮਿਲ ਕੇ ਆਨੰਦ ਮੰਗਲ ਕਰ ਰਹੇ ਹਨ॥੪੯॥

ਮੰਜਲ ਕੁਸਮਾਂਜੁਲ ਮਲਿਯਾਗਰ। ਕਰ ਕਪੂਰ ਬਰ ਗੰਧਿ ਉਜਾਗਰ।
ਦੇਖਾ ਏਕ ਸਿੰਘਾਸਨ ਸੁੰਦਰ। ਸੁਚੇ ਮਾਨਿਕ ਗਚ ਰੁਚਿਰੰਦਰ॥ ੫੦॥

ਉਨ੍ਹਾਂ ਦੇ ਚਿਹਰੇ ਬੜੇ ਉਜਲ ਹਨ ਤੇ ਉਨ੍ਹਾਂ ਦੇ ਹੱਥਾਂ ਵਿਚ ਚੰਗੀ ਖੁਸ਼ਬੂ ਵਾਲੇ ਫੁੱਲ ਅਤੇ ਚੰਦਨ ਫੜੇ ਹੋਏ ਹਨ। ਉਨ੍ਹਾਂ ਨੇ ਇਕ ਸੁੰਦਰ ਸਿੰਘਾਸਣ ਵੇਖਿਆ, ਜਿਸ 'ਤੇ ਸੁੱਚੇ ਅਤੇ ਸੋਹਣੇ ਮਾਣਿਕ ਜੜੇ ਹੋਏ ਹਨ॥ ੫੦॥

ਤਾਂ ਪਰ ਹੇਰਾ ਨਿਜ ਸੁਤ ਬੈਸਾ। ਸ਼ੋਭਾ ਕੋਟ ਕਾਮ ਨਹਿੰ ਤੈਸਾ।
ਨਿਰਜੁਰ ਜਜਹਿੰ ਅੰਜੁਲੀ ਜੋਰੀ। ਭਨਤਿ ਬਿਨੈ ਮਨ ਪ੍ਰੀਤ ਨ ਥੋਰੀ॥੫੧॥

ਉਸ ਸਿੰਘਾਸਣ ਉਤੇ ਉਸ ਨੇ ਆਪਣੇ ਪੁੱਤਰ ਨੂੰ ਬੈਠੇ ਵੇਖਿਆ, ਉਹ ਏਨਾ ਸੁੰਦਰ ਅਤੇ ਸ਼ੋਭਨੀਕ ਹੈ ਕਿ ਕਰੋੜਾਂ ਕਾਮਦੇਵ ਵੀ ਉਸ ਦੇ ਤੁੱਲ ਨਹੀ ਹਨ। ਦੇਵਤੇ ਹੱਥ ਜੋੜ ਕੇ ਉਸ ਨੂੰ ਪੂਜ ਰਹੇ ਹਨ ਅਤੇ ਬੇਨਤੀ ਕਰ ਰਹੇ ਹਨ ਕਿ ਸਾਡੇ ਮਨ ਵਿਚ ਆਪ ਜੀ ਵਾਸਤੇ ਬੜੀ ਸ਼ਰਧਾ ਹੈ ਅਤੇ ਪ੍ਰੇਮ ਹੈ॥ ੫੧॥

ਦੋਹਰਾ- ਉਸਤਤਿ ਉਕਤਿਹਂ ਅਨਿਕ ਬਿਧਿ 'ਜੈ ਜੈ' ਬਚਨ ਉਚਾਰਿ।
'ਪਾਵਨ ਪਰਮ ਪੁਰਾਤਨੰ ਪੁਰਖ ਨ ਪਾਰਾਵਰ॥ ੫੨॥

ਕਈ ਪ੍ਰਕਾਰ ਨਾਲ ਉਸਤਤਿ ਕਰ ਰਹੇ ਹਨ ਅਤੇ 'ਜੈ ਜੈ' ਦੇ ਬਚਨਾਂ ਦਾ ਉਚਾਰਨ ਕਰ ਰਹੇ ਹਨ ਅਤੇ ਕਹਿੰਦੇ ਹਨ, "ਹੇ ਪਾਵਨ ਪਰਮ ਆਦਿ ਪੁਰਖ ਤੁਹਾਡਾ ਕੋਈ ਪਾਰਾਵਾਰ ਨਹੀ ਹੈ"॥ ੫੨॥

ਚੌਪਈ- ਧਰ ਅਲੰਬ ਕੇ ਦੇਵਨ ਹੇਤੂ। ਪ੍ਰਗਟੇ ਸ੍ਰੀ ਬੇਦੀ ਕੁਲਕੇਤੂ!।
ਭਗਤਿ ਜਗਤ ਮਧ ਬਿਦਤ ਕਰਨ ਕੋ। ਕਲਮਲ ਦੁਸ਼ਟਨ ਦੰਭ ਦਰਨ ਕੋ॥੫੩॥

ਧਰਤੀ ਨੂੰ ਆਸਰਾ ਦੇਣ ਲਈ ਸ੍ਰੀ ਬੇਦੀ ਕੁਲ ਵਿਚ ਪ੍ਰਗਟ ਹੋਏ ਹਨ। ਜਗਤ ਵਿਚ ਭਗਤੀ ਨੂੰ ਪ੍ਰਗਟ ਕਰਨ ਲਈ ਅਤੇ ਪਾਪੀਆਂ, ਦੁਸ਼ਟਾਂ ਅਤੇ ਪਖੰਡੀਆਂ ਦਾ ਨਾਸ਼ ਕਰਨ ਵਾਸਤੇ ਅਵਤਾਰ ਧਾਰਿਆ ਹੈ॥ ੫੩॥

ਕਲਿ ਮਹਿੰ ਪਾਵਨ ਪੰਥ ਨਰਨ ਕੋ। ਪ੍ਰਦ ਸਤਿਸੰਗਤਿ ਜਗਤ ਤਰਨ ਕੋ।
ਨਾਮ ਜਪਾਵਨ ਧਯਾਨ ਚਰਨ ਕੋ। ਭਗਤਨ ਦੁਖ ਹਾ ਜਨਮ ਮਰਨ ਕੋ॥੫੪॥

ਕਲਿਜੁਗ ਵਿਚ ਮਨੁੱਖਾਂ ਨੂੰ ਪਾਵਨ ਪੰਥ ਦੇਣ ਵਾਸਤੇ, ਸਤਿਸੰਗਤਿ ਰਾਹੀ ਜਗਤ ਨੂੰ ਤਾਰਨ ਲਈ, ਨਾਮ ਜਪਾਉਣ ਅਤੇ ਮਨੁੱਖਾਂ ਦਾ ਧਿਆਨ ਪ੍ਰਭੂ ਦੇ ਚਰਨਾਂ ਨਾਲ ਜੋੜਨ ਲਈ, ਅਤੇ ਭਗਤਾਂ ਦਾ ਜਨਮ ਮਰਨ ਦਾ ਦੁਖ ਨਾਸ਼ ਕਰਨ ਵਾਸਤੇ ਪ੍ਰਗਟ ਹੋਏ ਹਨ॥ ੫੪॥

ਦੇਨਿ ਆਸਰਾ ਏਕ ਸ਼ਰਨ ਕੋ। ਕੁਮਤਿ ਕੁਚਾਲ ਕੁਕਰਮ ਹਰਨ ਕੋ।
ਪੀਰ ਮੀਰ ਸਿਧ ਦਰਪ ਛਰਨ ਕੋ। ਵਾਹਿਗੁਰੂ ਦੇ ਜਾਪ ਰਰਨ ਕੋ ॥੫੫॥

ਸ਼ਰਨ ਆਏ ਨੂੰ ਆਸਰਾ ਦੇਣ ਵਾਸਤੇ, ਭੈੜੀ ਮੱਤ, ਭੈੜੀ ਚਾਲ ਅਤੇ ਕੁਕਰਮਾਂ ਦਾ ਨਾਸ਼ ਕਰਨ ਵਾਸਤੇ, ਪੀਰ, ਮੀਰ, ਸਿਧ, ਅਹੰਕਾਰ ਨੂੰ ਦੂਰ ਕਰਨ ਵਾਸਤੇ ਅਤੇ ਵਾਹਿਗੁਰੂ ਦਾ ਨਾਮ ਜਪਾਉਣ ਲਈ ਇਸ ਧਰਤੀ ਤੇ ਆਏ ਹਨ''॥ ੫੫॥

ਦੋਹਰਾ- ਇਹ ਬਿਧਿ ਬਿਬੁਧ ਸੁ ਬਦਨ ਬਦ ਪਦ ਅਰਬਿੰਦ ਮਨਾਇ।
ਗਏ ਆਪਨੇ ਲੋਕ ਕੋ ਜਹਿਂ ਜਹਿਂ ਤੇ ਜੋ ਆਇ॥ ੫੬॥

ਇਸ ਢੰਗ ਨਾਲ ਦੇਵਤਿਆਂ ਨੇ ਆਪਣੇ ਮੁਖੋਂ ਕਹਿ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਪੂਜਾ ਕੀਤੀ। ਫਿਰ ਜਿਥੋਂ ਉਹ ਆਏ ਸਨ, ਆਪਣੇ-ਆਪਣੇ ਭਵਨਾਂ ਨੂੰ ਚਲੇ ਗਏ॥ ੫੬॥

ਚੌਪਈ- ਅਚਰਜ ਭਈ ਹੇਰਿ ਕਰਿ ਮਾਤਾ। ਜਾਨੀ ਪਰੈ ਨ ਗਤਿ ਨਿਜ ਤਾਤਾ।
ਭਯੋ ਰਿਦੇ ਮਹਿਂ ਸੰਭ੍ਰਮ ਜਾਗੀ। ਸੁਤ ਅਵੈਵ ਸਭਿ ਦੇਖਨਿ ਲਾਗੀ॥੫੭॥

ਮਾਤਾ ਜੀ ਇਹ ਵੇਖ ਕੇ ਬਹੁਤ ਹੈਰਾਨ ਹੋਏ। ਆਪਣੇ ਪੁੱਤਰ ਦੀ ਇਹ ਹਾਲਤ ਉਸ ਦੀ ਸਮਝ ਤੋਂ ਪਰ੍ਹੇ ਹੈ। ਉਸ ਦੇ ਹਿਰਦੇ ਸੰਸਾ ਜਾਗ ਪਈ। ਫਿਰ ਆਪਣੇ ਪੁੱਤਰ ਦੇ ਸਾਰੇ ਅੰਗ ਵੇਖਣ ਲੱਗ ਗਈ॥ ੫੭॥

ਚੰਦਨ ਸੋਂ ਚਰਚਿਤ ਹੈਂ ਸਾਰੇ। ਬਹੁ ਸੁਗੰਧਿ ਸੋਂ ਜਜੇ ਨਿਹਾਰੇ।
ਸੰਭ੍ਰਮ ਮਨ, ਨਹਿਂ ਥਿਰਤਾ ਹੋਈ। ਕਿਧੋਂ ਸਾਚਿ ਕੈ ਸੁਪਨਾ ਸੋਈ॥ ੫੮॥

ਗੁਰੂ ਜੀ ਦੇ ਸਾਰੇ ਸਰੀਰ ਤੇ ਚੰਦਨ ਛਿੜਕਿਆ ਹੋਇਆ ਹੈ। ਬਹੁਤ ਖੁਸ਼ਬੂਦਾਰ ਪਦਾਰਥਾਂ ਨਾਲ ਪੂਜੇ ਹੋਏ ਵੇਖੇ। ਮਨ ਵਿਚ ਸੰਸਾ ਹੋਰ ਵਧੀ ਅਤੇ ਚੈਨ ਨਹੀਂ ਸੀ ਆ ਰਿਹਾ। ਇਹੋ ਸੋਚ ਰਹੀ ਸੀ ਕਿ ਕੀ ਸੁਪਨਾ ਸੱਚਾ ਸੀ ?॥ ੫੮॥

ਰਿਦੈ ਵਿਚਾਰਤਿ ਆਰਤ ਮਾਤਾ। ਨਿਰਨੈ ਹੋਇ ਨ ਏਕੈ ਬਾਤਾ।
ਸੁਤ ਕੀ ਮਹਿਮਾ ਮਨ ਮਹਿਂ ਮਾਨੀ। ਇਹ ਅਵਤਾਰ ਸੱਤ ਚਿਤ ਜਾਨੀ॥੫੯॥

ਹਿਰਦੇ ਵਿਚ ਵਿਚਾਰ ਕੇ ਮਾਤਾ ਜੀ ਘਬਰਾ ਗਏ। ਇਕ ਗੱਲ ਦਾ ਨਿਰਣਾ ਨਹੀ ਸੀ ਹੋ ਰਿਹਾ। ਮਨ ਵਿਚ ਪੁੱਤਰ ਦੀ ਮਹਿਮਾਂ ਮੰਨ ਲਈ। ਇਹ ਸਮਝ ਗਈ ਕਿ ਉਹ ਸੱਤਚਿੱਤ ਅਵਤਾਰ ਹਨ॥ ੫੯॥

ਦੋਹਰਾ- ਜਿਸਕੇ ਪਦ ਅਰਬਿੰਦ ਕੋ ਦਿੱਬ ਰੂਪ ਬਹੁ ਆਇ।
ਕਰੀ ਆਪਚਿਤ ਪ੍ਰੀਤ ਸੋਂ ਬਾਰਬਾਰ ਸਿਰ ਨਾਇ॥ ੬੦॥

ਜਿਸ ਦੇ ਚਰਨ ਕੰਵਲਾਂ ਨੂੰ ਪੂਜਣ ਲਈ ਬਹੁਤ ਦੇਵਤੇ ਆਏ ਅਤੇ ਬਾਰ-ਬਾਰ ਚਰਨਾਂ ਤੇ ਉਨ੍ਹਾਂ ਨੇ ਸੀਸ ਨਿਵਾਏ ਹਨ॥ ੬੦॥

ਚੌਪਈ- ਹੌਂ ਹੇਰੇ ਸੁਪਨੇ ਕੀ ਨਜਾਈ। ਅਬ ਲੌ ਚਰਚਜੋ ਬਿਦਤ ਦਿਸਾਈ।
ਚਿਤ ਵਿਚਾਰ ਕਰਤਜੋਂ ਪਰਭਾਤੂ। ਚਢਜੋ ਸੁ ਮਾਰਤੰਡ ਬਖਜਾਤੂ॥ ੬੧॥

ਮੈਂ ਉਹ ਸੁਪਨੇ ਵਾਂਗੂੰ ਵੇਖੇ ਹਨ। ਹੁਣ ਉਹ ਮੈਨੂੰ ਸਭ ਕੁਝ ਪ੍ਰਤੱਖ ਦਿੱਸਦਾ ਹੈ। ਚਿਤ ਵਿਚ ਇਹੋ ਵਿਚਾਰ ਕਰਦਿਆਂ ਸਵੇਰ ਹੋ ਗਈ। ਸੂਰਜ ਦੇਵਤਾ ਪ੍ਰਗਟ ਹੋ ਗਿਆ॥ ੬੧॥

ਜਾਨੀ ਨਾਨਕ ਜੀ ਮਨ ਮਾਤਾ। ਤਾਨ ਦਈ ਤਬ ਮੋਹ ਕਨਾਤਾ।
ਜਾਗੇ ਪੁਨ ਕਰਿਕੈ ਮੁਖ ਰੂਖਾ। ਕਹੈਂ 'ਮਾਤ! ਦੇ ਭੋਜਨ, ਭੂਖਾ ॥ ੬੨ ॥

ਨਾਨਕ ਜੀ ਬਾਰੇ ਮਾਤਾ ਜੀ ਜਾਣ ਗਏ। ਫਿਰ ਉਸ ਮੋਹ ਪਿਆਰ ਦੀ ਕਨਾਤ ਤਾਣ ਦਿੱਤੀ, ਭਾਵ-ਮੋਹ, ਮਮਤਾ ਜਾਗ ਪਈ। ਫਿਰ ਗੁਰੂ ਜੀ ਵੀ ਮੂੰਹ ਰੁੱਖਾ ਜੇਹਾ ਬਣਾ ਕੇ ਜਾਗ ਪਏ ਅਤੇ ਉਠਦੇ ਹੀ ਕਹਿਣ ਲੱਗੇ, "ਮਾਤਾ ਜੀ ਭੋਜਨ ਲਿਆਓ, ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ" ॥ ੬੨ ॥

ਨਿਸਕੀ ਭੂਲੀ ਸਕਲ ਵਿਚਾਰਾ। ਲਖੀ ਰਿਦੇ ਸੁਤ ਮੈਂ ਭੁਖਜਾਰਾ।
ਦਧਿ ਸੌਂ ਅਸਨ ਦੀਨ ਹਿਤ ਖਾਨੇ। ਜਿਉਂ ਆਗੈ ਜਾਨੈ ਤਿਉਂ ਜਾਨੇ ॥ ੬੩ ॥

ਫਿਰ ਉਸ ਰਾਤ ਵਾਲੀ ਭੁੱਲੀ ਹੋਈ ਸ਼ਕਲ ਦੇ ਬਾਰੇ ਸੋਚਿਆ, ਸਮਝ ਗਈ ਕਿ ਮੇਰਾ ਪੁੱਤਰ ਬੜਾ ਭੁੱਖਾ ਹੈ। ਖਾਣ ਵਾਸਤੇ ਦਹੀਂ ਦੇ ਨਾਲ ਭੋਜਨ ਦਿੱਤਾ। ਜਿਵੇਂ ਅੱਗੇ ਜਾਣਦੀ ਸੀ ਉਸ ਤਰ੍ਹਾਂ ਹੀ ਜਾਣਨ ਲੱਗੀ॥ ੬੩ ॥

ਦੋਹਰਾ- ਅਸਨ ਸਦਨ ਤੇ ਅਚਵਕੈ ਮਿਲੇ ਬਾਲ ਜਹਿਂ ਜਾਲ।
ਪਦ ਨੂਪਰ ਕਟ ਕਿੰਕਨੀ ਹੋਵਤਿ ਸ਼ਬਦ ਬਿਸਾਲ॥ ੬੪ ॥

ਜੋ ਬਾਲ ਆਪਣੇ ਘਰੋਂ ਰੋਟੀ ਪਾਣੀ ਖਾ ਕੇ ਆਪਣੇ ਬਹੁਤ ਸਾਰੇ ਬਾਕੀ ਸਾਥੀਆਂ ਨੂੰ ਮਿਲਣ ਜਾਂਦਾ ਹੈ ਤਾਂ ਉਸ ਦੇ ਪੈਰਾਂ ਦੀਆਂ ਝਾਂਜਰਾਂ, ਕੜੇ ਅਤੇ ਘੁੰਘਰੂਆਂ ਵਾਲੀ ਤੜਾਗੀ ਬੜਾ ਸੁੰਦਰ ਨਾਦ ਪੈਦਾ ਕਰਦੇ ਹਨ॥ ੬੪ ॥

ਚੌਪਈ- ਬਿਚਰਹਿਂ ਖੇਲਨ ਮਹਿਂ ਅਨੁਰਾਗੇ। ਭਾਗੇ ਭਾਗਹਿਂ ਬਾਲ ਸਭਾਗੇ।
ਥਿਰ ਹੋਵਤਿ, ਥਿਤ ਹੋਵਹਿਂ ਸਾਰੇ। ਬੈਸਹਿਂ, ਬੈਸ ਜਾਇਂ ਇਕ ਬਾਰੇ ॥ ੬੫ ॥

ਖੇਡਣ ਵਿਚ ਬੜੀ ਰੁਚੀ ਰਖਦੇ ਹਨ ਅਤੇ ਖੇਡ ਕੇ ਪ੍ਰਸੰਨ ਹੁੰਦੇ ਹਨ। ਜਦ ਉਹ ਦੌੜਦੇ ਹਨ ਤਾਂ ਦੂਸਰੇ ਭਾਗਾਂ ਵਾਲੇ ਬਾਲ ਵੀ ਦੌੜਦੇ ਹਨ। ਜੇ ਉਹ ਖੜੇ ਜਾਂਦੇ ਹਨ ਤਾਂ ਬਾਕੀ ਬਾਲ ਵੀ ਖੜੇ ਜਾਂਦੇ ਹਨ, ਜੇ ਉਹ ਬੈਠ ਜਾਂਦੇ ਹਨ ਤਾਂ ਸਾਰੇ ਇਕੋ ਵਾਰ ਬੈਠ ਜਾਂਦੇ ਹਨ॥ ੬੫ ॥

ਨਾਨਕ ਆਨਨ ਭਨਹਿਂ ਕਹਾਨੀ। ਭਗਤਿ ਬਿਰਾਗ ਵਿਖੈ ਜੋ ਸਾਨੀ।
ਸ੍ਰਵਣ ਮਨਨ ਕਰਿਹਹਿਂ ਨਿੱਧਜਾਸਾ। ਪੁਨ ਸੁਨਨੇ ਕੀ ਵਧਹਿ ਪਿਆਸਾ ॥ ੬੬ ॥

ਗੁਰੂ ਨਾਨਕ ਜੀ ਦੇ ਮੁਖੋਂ ਉਹ ਕਹਾਣੀ ਸੁਣਦੇ ਹਨ। ਭਗਤੀ ਅਤੇ ਵੈਰਾਗ ਵਿਚ ਜਿਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਸੁਣਨ ਅਤੇ ਵਿਚਾਰਨ ਨੂੰ ਨਿੱਤ ਧਾਰਨ ਕਰਦੇ ਹਨ। ਦੁਬਾਰਾ ਸੁਣਨ ਦੀ ਪਿਆਸ ਵਧਦੀ ਹੈ॥ ੬੬ ॥

ਗਿਰਾ ਸੁਗੰਧਿ ਬਦਨ ਅਰਬਿੰਦਾ। ਜੁਗਤਿ ਯੁਕਤਿ ਸੁੰਦਰ ਮਕਰੰਦਾ।
ਬਾਲਬ੍ਰਿੰਦ ਸਮ ਭਏ ਮਲਿੰਦਾ। ਸ੍ਰਵਨ ਪ ਕਰਹਿਂ, ਅਗਾਤ ਅਨੰਦਾ ॥ ੬੭ ॥

ਉਨ੍ਹਾਂ ਦੀ ਬਾਣੀ ਬੜੀ ਮਿੱਠੀ ਅਤੇ ਸੁਗੰਧਿਤ ਹੈ, ਸਰੀਰ ਕੰਵਲ ਦੇ ਫੁੱਲ ਵਰਗਾ ਹੈ। ਜੁਗਤੀਆਂ ਸਹਿਤ ਸੋਹਣਾ ਰਸ ਹੈ। ਸਾਰੇ ਬਾਲ ਭੌਰਿਆਂ ਵਾਂਗ ਉਨ੍ਹਾਂ ਦੇ ਦੁਆਲੇ ਘੁੰਮਦੇ ਹਨ। ਕੰਨਾਂ ਨਾਲ ਇਲਾਹੀ ਰਸ ਪੀਂਦੇ ਹਨ ਅਤੇ ਬਹੁਤ ਅਨੰਦ ਪ੍ਰਾਪਤ ਕਰਦੇ ਹਨ॥ ੬੭ ॥

ਦੋਹਰਾ- ਆਵਤਿ ਜਾਵਤਿ ਮਨੁਜ ਕੋ ਸੁਨਤਿ ਠਾਢ ਹੁਇ ਜਾਇ।
ਪੰਡਤ ਸੇ ਮਧੁਰੇ ਲਗਹਿਂ ਕੀਰਤਿ ਬਦਨ ਅਲਾਇ॥ ੬੮ ॥

ਆਉਂਦਾ ਜਾਂਦਾ ਮਨੁੱਖ ਵੀ ਜਦ ਗੁਰੂ ਜੀ ਦੀ ਮਧੁਰ ਆਵਾਜ਼ ਸੁਣਦਾ ਹੈ ਤਾਂ ਮਸਤ ਹੋ ਕੇ ਖੜਾ ਹੋ ਜਾਂਦਾ ਹੈ। ਉਨ੍ਹਾਂ ਦੇ ਬੋਲ ਪੰਡਿਤਾਂ ਵਰਗੇ ਮਿੱਠੇ ਲੱਗਦੇ ਹਨ ਤੇ ਉਨ੍ਹਾਂ ਦੀ ਕੀਰਤੀ ਸਰੀਰ ਵਿਚ ਹੁਲਾਸ ਪੈਦਾ ਕਰਦੀ ਹੈ॥ ੬੮॥

ਚੌਪਈ- 'ਇਹ ਬਾਲਿਕ ਕੈਸੇ ਬਚ ਬੋਲਹਿ। ਬਾਲ ਬੈਸ ਹੈ ਬੋਲ ਅਮੋਲਹਿ'।
ਚੰਦ ਬਦਨ ਤੇ ਸੁਧਾ ਸਮਾਨੀ। ਸ੍ਰੁਤ ਦਰ ਪਾਨਦ ਬੋਲਤਿ ਬਾਨੀ॥੬੯॥

ਸਾਰੇ ਇਹ ਕਹਿੰਦੇ ਸਨ, "ਇਹ ਬਾਲਕ ਕਿੰਨੇ ਮਿੱਠੇ ਬਚਨ ਬੋਲਦਾ ਹੈ। ਇਹ ਬੜੇ ਅਮੁੱਲ ਬਚਨ ਬੋਲਦਾ ਹੈ।" ਚੰਦ ਰੂਪੀ ਮੁਖੜੇ ਤੋਂ ਅੰਮ੍ਰਿਤ ਵਰਸਦਾ ਹੈ। ਇਸ ਦੀ ਬੋਲੀ ਹੋਈ ਬਾਣੀ ਨੂੰ ਬਾਲਕ ਕੰਨਾਂ ਰਾਹੀਂ ਪੀਂਦੇ ਹਨ॥ ੬੯॥

ਚੌਪਈ- ਲਗੀ ਸਿਸੁਨ ਕੀ ਪ੍ਰੀਤਿ ਘਨੇਰੀ। ਸੰਗ ਨ ਤਜਹਿਂ ਰਹਹਿਂ ਮੁਖ ਹੇਰੀ।
ਸਦਨ ਆਇਂ ਜਬ ਦੀਨਾ ਨਾਥੂ। ਸਿਸੁ ਨਹਿਂ ਤਜਹਿਂ ਰਹਹਿਂ ਹਿਤ ਸਾਥੂ॥੭੦॥

ਬਾਲਕਾਂ ਦੀ ਉਨ੍ਹਾਂ ਨਾਲ ਬਹੁਤ ਪ੍ਰੀਤ ਹੈ। ਕਦੀ ਵੀ ਉਨ੍ਹਾਂ ਦਾ ਸਾਥ ਨਹੀਂ ਛੱਡਦੇ ਤੇ ਹਰ ਸਮੇਂ ਉਨ੍ਹਾਂ ਦੇ ਸੁੰਦਰ ਮੁਖੜੇ ਵੱਲ ਵੇਖਦੇ ਰਹਿੰਦੇ ਹਨ। ਗਰੀਬਾਂ ਦਾ ਮਾਲਕ ਜਦ ਘਰ ਆਉਂਦਾ ਹੈ, ਬਾਲਕ ਉਸ ਦਾ ਸਾਥ ਨਹੀਂ ਛੱਡਦੇ ਤੇ ਉਸ ਦੇ ਨਾਲ ਹੀ ਉਸ ਦੇ ਘਰ ਆ ਜਾਂਦੇ ਹਨ॥ ੭੦॥

ਬਾਹਰ ਚਲਤਜੌਂ ਸੰਗ ਸਿਧਾਰਹਿਂ। ਇਸ ਬਿਧਿ ਨਿਤਪ੍ਰਤਿ ਸੁਖਦ ਬਿਹਾਰਹਿਂ।
ਸ੍ਵੱਛ ਬੱਛ ਛੋਮੋਚਿਤ ਬਾਲਾ। ਕਰੇ ਕਿਤੇ ਜੋ, ਦੀਨ ਦਯਾਲਾ॥ ੭੧॥

ਜਦ ਬਾਹਰ ਜਾਂਦੇ ਹਨ ਤਾਂ ਨਾਲ ਹੀ ਚਲਦੇ ਹਨ। ਇਸ ਤਰ੍ਹਾਂ ਹਰ ਸਮੇਂ ਸੁੱਖ ਵਿਚ ਵਿਚਰਦੇ ਹਨ। ਪਵਿੱਤਰ ਮਨ ਵਾਲੇ ਮੁਕਤੀ ਲਾਇਕ ਬਾਲਕੇ ਹਨ। ਓਹੋ ਕੁਝ ਕਰਦੇ ਹਨ ਜੋ ਦੀਨ ਦਿਆਲ ਗੁਰੂ ਜੀ ਕਹਿੰਦੇ ਹਨ॥ ੭੧॥

ਦੋਹਰਾ- ਲੀਲਾ ਬਾਲਿਕ ਖੇਲ ਕੀ ਸਲੰਕਾਰ ਸਬਿਲਾਸ॥
ਜੋ ਸਿਖ ਧਰਿਹੀ ਧਯਾਨ ਕੋ ਦੇਂ ਸਤਿਗੁਰੁ ਸੁਖ ਰਾਸ ॥ ੭੨॥

ਬਾਲਕ ਖੇਲ ਲੀਲ੍ਹਾ ਅਲੰਕਾਰਾਂ ਸਹਿਤ ਆਖੀ ਹੈ। ਜੋ ਸਿੱਖ ਇਸ ਬਾਰੇ ਧਿਆਨ ਧਰੇਗਾ, ਸਤਿਗੁਰੂ ਜੀ ਉਸ ਨੂੰ ਸਾਰੇ ਸੁੱਖ ਦੇਣਗੇ॥ ੭੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲਕ ਲੀਲ੍ਹਾ' ਬਰਨਨ ਨਾਮ ਪੰਚਮੋ ਅਧਯਾਯ ॥ ੫॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਜਵਾਂ ਅਧਿਆਇ, ਜਿਸ ਦਾ ਨਾਂ 'ਬਾਲ ਲੀਲ੍ਹਾ' ਹੈ, ਸਮਾਪਤ ਹੋਇਆ॥ ੫॥

# ਅਧਿਆਇ ਛੇਵਾਂ

*ਗੋਪਾਲ ਪਾਂਧੇ ਪ੍ਰਤਿ ਉਪਦੇਸ਼।*

ਸ੍ਵੈਯਾ- ਸੁੰਦਰ ਸ੍ਰੀ ਅਰਬਿੰਦ ਬਨੀ ਗੁਰੁ ਕੀਰਤਿ ਆਨੰਦ ਬ੍ਰਿੰਦ ਜਈ।
ਮੰਜੁਲ ਰੂਪ ਮਰਾਲਨਿ ਉੱਜਲ ਸਾਰਦ ਸ਼ੋਭਤਿ ਨਿੱਤ ਨਈ।
ਜੇ ਗੁਨ ਗ੍ਰਾਹਿ ਗੁਨੀ ਅਲਿ ਕੰਦਲ ਪ੍ਰੀਤਿ ਸੁਗੰਧਿ ਕੀ ਚੀਤ ਭਈ।
ਜਾਚਤਿ ਹੌਂ ਕਰ ਜੋਰਿ ਨਿਹੋਰਤਿ ਮਾਨਸ ਮੇਰੇ ਮੌਂ ਹੌਂ ਥਿਰਈ॥ ੧॥

ਸ੍ਰੀ ਗੁਰੂ ਜੀ ਦੀ ਕੀਰਤੀ ਬਹੁਤ ਅਨੰਦ ਉਪਜਾਉਣ ਵਾਲੀ ਆਪਣੀ ਸੁੰਦਰਤਾ ਵਿਚ ਕਮਲਾਂ ਵਾਂਗ ਫੱਬ ਰਹੀ ਹੈ। ਆਪਣੇ ਰੂਪ ਵਿਚ ਉਹ ਹੰਸਾਂ ਵਾਂਗ ਉੱਜਲ ਅਤੇ ਆਪਣੀ ਸ਼ੋਭਾ ਵਿਚ ਸ਼ਾਰਦਾ ਵਾਂਗ ਨਿਤ ਨਵੀਂ ਸ਼ੋਭਾ ਦੇ ਰਹੀ ਹੈ। ਇਹ ਸੁੰਦਰਤਾ, ਉੱਜਲਤਾ ਜਿਹੜੇ ਭੌਰਿਆਂ ਵਾਂਗ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ ਸਮੂਹ ਗੁਣੀ ਹਨ, ਉਨ੍ਹਾਂ ਦੇ ਚਿਤ ਵਿਚ ਸਦਾ ਸੁਗੰਧੀ ਲੈਣ ਦੀ ਪ੍ਰੀਤ ਉਤਪੰਨ ਹੋ ਰਹੀ ਹੈ। ਉਨ੍ਹਾਂ ਨੂੰ ਵੇਖ ਕੇ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਅਤੇ ਮੰਗਦਾ ਹਾਂ ਗੁਰੂ ਜੀ ਦੀ ਸ਼ੋਭਾ ਵਾਲੀ ਕੀਰਤੀ ਮੇਰੇ ਮਨ ਵਿਚ ਵੀ ਕਾਇਮ ਹੋ ਜਾਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚਿੱਤ੍ਰਪਦਾ ਛੰਦ—ਯਾਬਿਧਿ ਖੇਲਤਿ ਬਾਲਿਕ ਸੌਂ ਮਿਲਿ ਬੋਲਤਿ ਬੋਲ ਬਿਲਾਸ ਬਿਸਾਲ।
ਭੂਖਿਤਿ ਭੂਖਨ ਸੌਂ ਬਿਨ ਦੂਖਨ ਖੋਤਿ ਕਲੂਖਨਿ ਦੀਨ ਦਇਆਲ॥
ਭੂਰ ਬਿਦੂਖ ਬਿਦੂਖਨ ਮੈਂ ਤਰ ਰੂਖਨ ਕੇ ਕਬਿ ਰਾਜਤਿ ਸਾਲ।
ਬਾਲ ਰਹੇ ਅਲਬਾਲਤਿ ਜਾਲ ਬਿਲੋਕਤਿ ਲੋਚਨ ਹੋਤਿ ਨਿਹਾਲ॥ ੨॥

ਭਾਈ ਬਾਲਾ ਜੀ ਕਹਿੰਦੇ ਹਨ- ਇਸ ਤਰ੍ਹਾਂ ਖੇਡਦੇ ਬਾਲਕ ਨੂੰ ਮਿਲ ਕੇ ਬੜੇ ਪ੍ਰੇਮ ਪਿਆਰ ਦੇ ਸ਼ਬਦ ਬੋਲਦੇ ਹਨ। ਗਹਿਣਿਆਂ ਨਾਲ ਸੱਜ ਰਹੇ ਹਨ, ਦੂਸ਼ਣ ਰਹਿਤ ਹਨ ਅਤੇ ਪਾਪਾਂ ਨੂੰ ਨਾਸ਼ ਕਰਦੇ ਹਨ ਅਤੇ ਗਰੀਬਾਂ ਤੇ ਦਇਆ ਕਰਦੇ ਹਨ। ਵੱਡੇ-ਵੱਡੇ ਪੰਡਤਾਂ ਵਿਚੋਂ ਪੰਡਿਤ ਕਈ ਵਾਰ ਰੁੱਖਾਂ ਦੇ ਹੇਠਾਂ ਹੀ ਡੇਰਾ ਜਮਾ ਲੈਂਦੇ ਹਨ ਭਾਵ-ਬੈਠ ਜਾਂਦੇ ਹਨ। ਕਈ ਵਾਰ ਘਰ ਵਿਚ ਵੇਹੜੇ ਦੇ ਚਾਰ-ਚੁਫੇਰੇ ਖੇਡਦਿਆਂ ਨੂੰ ਅੱਖਾਂ ਨਾਲ ਵੇਖ ਕੇ ਲੋਕ ਨਿਹਾਲ ਹੋ ਜਾਂਦੇ ਹਨ॥ ੨॥

ਮਰਹਰੀ ਛੰਦ- ਹੇਰਤਿ ਸੁਤ ਕਾਲੂ ਹਰਖ ਬਿਸਾਲੂ ਪਢਨੋਚਿਤ ਮਨ ਜਾਨਿ।
ਹਮ ਕਾਜ ਵਿਸ਼ੇਖਾ ਸੀਖਹਿ ਲੇਖਾ, ਬੈਸ ਅਬਹਿ ਪਹਿਚਾਨ।
ਕਾਰੰ ਪਟਵਾਰੀ ਗ੍ਰਾਮਹਿ ਸਾਰੀ ਕਰਨੋਚਿਤ ਤਬ ਹੋਇ।
ਪਾਂਧੇ ਪਹਿ ਬੈਸੇ ਹੋ ਮਮ ਜੈਸੇ ਸੰਖਜਾ ਨਿਪੁਨੰ ਸੋਇ॥ ੩॥

ਮਹਿਤਾ ਕਾਲੂ ਜੀ ਦੇ ਪੁੱਤਰ ਨੂੰ ਪੜ੍ਹਨ ਯੋਗ ਸਮਝ ਕੇ ਕਈ ਲੋਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਉਹ ਕਹਿੰਦੇ ਹਨ ਕਿ ਇਹ ਸਾਡੇ ਕੰਮਾਂ ਵਾਸਤੇ ਲੇਖਾ ਸਿਖੇਗਾ ਅਸੀਂ ਤਾਂ ਹੁਣੇ ਹੀ ਪਹਿਚਾਣ ਲਿਆ ਹੈ। ਉਨ੍ਹਾਂ ਸਮਿਆਂ ਵਿਚ ਪਟਵਾਰੀ ਹੀ ਪਿੰਡਾਂ ਦਾ ਸਾਰਾ ਲੇਖਾ-ਜੋਖਾ ਰੱਖਦਾ ਸੀ, ਇਸ ਲਈ ਸਾਰੇ ਲੋਕ ਪਟਵਾਰੀ ਨੂੰ ਹੀ ਸਭ ਤੋਂ ਲਾਇਕ ਸਮਝਦੇ ਸਨ। ਬੇਸ਼ਕ ਪੰਡਿਤ ਨੂੰ ਹਰ ਗੱਲ ਵਿਚ ਨਿਪੁੰਨ ਸਮਝਿਆ ਜਾਂਦਾ ਸੀ, ਪਰ ਲੇਖੇ ਵਿਚ ਪਟਵਾਰੀ ਨੂੰ ਹੀ ਨਿਪੁੰਨ ਸਮਝਿਆ ਜਾਂਦਾ ਸੀ॥ ੩॥

ਬਹੁ ਗੁਨੀ ਅਲਾਵਹਿਂ 'ਸੁਤ ਨ ਪਢਾਵਹਿ ਸੋ ਸ਼ਤਰੂ ਸਮ ਤਾਤ।
ਸ਼ੋਭਾ ਨਹਿਂ ਪਾਵਹਿ ਮਤਿ ਨਹਿਂ ਆਵਹਿ ਜਗ ਮੈਂ ਇਹ ਬਖਜਾਤ।

ਨਹਿਂ ਦਰਬ ਖਟਾਊ, ਭੋਰ ਸੁਭਾਊ, ਸਮਝ ਨ ਕੋ ਬਿਧਿ ਸੋਇ।
ਇਉਂ ਰਿਦੈ ਵਿਚਾਰਾ ਕਲ ਭੁਨਸਾਰਾ ਲੇ ਜਾਵੋਂ ਸੁਤ ਕੋਇ॥ ੪॥

ਬੜੇ ਗਿਆਨੀ ਕਹਿੰਦੇ ਹਨ, ਜਿਹੜਾ ਪਿਤਾ ਆਪਣੇ ਪੁੱਤਰ ਨੂੰ ਨਹੀਂ ਪੜ੍ਹਾਉਂਦਾ ਉਸ ਬਾਪ ਨੂੰ ਦੁਸ਼ਮਣ ਬਰਾਬਰ ਸਮਝਣਾ ਚਾਹੀਦਾ ਹੈ। ਉਹ ਬੱਚਾ ਜਿਹੜਾ ਪੜ੍ਹਦਾ ਨਹੀਂ, ਜੱਗ ਵਿਚ ਸ਼ੋਭਾ ਨਹੀਂ ਪਾਉਂਦਾ ਅਤੇ ਬੁੱਧੀਹੀਣ ਰਹਿ ਜਾਂਦਾ ਹੈ। ਇਹ ਗੱਲ ਜੱਗ ਜ਼ਾਹਰ ਹੈ। ਪੈਸਾ ਵੀ ਨਹੀਂ ਕਮਾ ਸਕਦਾ, ਭੋਲਾ ਭਾਲਾ ਰਹਿ ਜਾਂਦਾ ਹੈ ਤੇ ਕਿਸੇ ਤਰ੍ਹਾਂ ਵੀ ਸਮਝਦਾ ਨਹੀਂ। ਇਸ ਤਰ੍ਹਾਂ ਮਹਿਤਾ ਕਾਲੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਵੇਰੇ ਪੁੱਤਰ ਨੂੰ ਪੜ੍ਹਨੇ ਪਾ ਦੇਵਾਂ॥ ੪॥

ਜਬ ਭੀ ਪਜਭਾਤਾ ਲੇਕਰਿ ਤਾਤਾ ਚਲਨੇ ਭਯੋ ਤਯਾਰ।
ਅੱਛਤ ਭਰਿ ਥਾਰੀ ਬਹੁਰ ਸੁਪਾਰੀ ਲੀਨੀ ਕਰ ਮਹਿਂ ਧਾਰਿ।
ਪਟ ਨਵ ਪਹਿਰਾਏ ਸੁਭਗ ਸੁਹਾਏ ਚਲਜੇ ਤਾਤ ਸੰਗ ਤਾਤ।
ਗਤਿ ਚੰਚਲ ਚਾਰੀ ਗਜ ਸੁਤ ਵਾਰੀ ਹੇਰਤਿ ਹਰਖਤਿ ਮਾਤ॥ ੫॥

ਜਦ ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਮਦਰੱਸੇ (ਸਕੂਲ) ਲੈ ਜਾਣ ਵਾਸਤੇ ਤਿਆਰ ਹੋ ਗਏ। ਚਾਵਲਾਂ ਦੀ ਇਕ ਥਾਲੀ ਭਰ ਲਈ ਅਤੇ ਉਸ ਦੇ ਉਤੇ ਸੁਪਾਰੀ ਟਿਕਾ ਕੇ ਆਪਣੇ ਹੱਥਾਂ ਵਿਚ ਫੜ ਲਈ। ਪੁੱਤਰ ਨੂੰ ਨਵੇਂ ਕਪੜੇ ਪਵਾਏ ਗਏ, ਜਿਹੜੇ ਸੁੰਦਰ ਬਾਲਕ ਨੂੰ ਬੜੇ ਫੱਬੇ ਅਤੇ ਫਿਰ ਪਿਉ ਪੁੱਤਰ ਚੱਲ ਪਏ। ਪੁੱਤਰ ਦੀ ਚਾਲ ਹਾਥੀ ਦੇ ਬੱਚੇ ਵਾਂਗ ਬੜੀ ਸ਼ਾਂਤ ਅਤੇ ਅਡੋਲ ਸੀ, ਜਿਸ ਨੂੰ ਵੇਖ ਕੇ ਮਾਤਾ ਜੀ ਬਹੁਤ ਪ੍ਰਸੰਨ ਹੋ ਰਹੇ ਹਨ॥ ੫॥

ਸ੍ਵੈਯਾ- ਜਲ-ਜਾਤ ਸੇ ਹੈਂ ਪਦ ਜਾਤਿ ਚਲੇ ਗਹਿ ਤਾਤ ਕਰਾਂਗੁਰਿ ਹਾਥ ਉਚਾਈ।
ਕਰ ਕੰਕਨ ਸੋਂ ਕਟ ਕਿੰਨਿਨਿ ਹੈ ਕਲ ਕੁੰਡਲ ਲੋਲ ਕਪੋਲਨ ਝਾਈ।
ਦਲ ਲੋਚਨ ਕੰਜ ਬਿਸਾਲ ਭਲੇ ਸਿਰਪੈ ਉਸ਼ਨੀਕਹਿ ਨੀਕ ਬਨ੍ਹਾਈ।
ਚਟਸਾਰ ਜਹਾ ਅਤਿ ਚਾਰੁ ਬਨੀ ਬਹੁ ਬਾਰਿਕ ਬਾਰਹਿਬਾਰ ਅਲਾਈ॥ ੬॥

ਜਿਸ ਦੇ ਕੰਵਲ ਦੇ ਫੁੱਲ ਵਰਗੇ ਚਰਨ ਹਨ, ਉਹ ਆਪਣੇ ਪਿਤਾ ਦੇ ਹੱਥ ਦੀ ਉਂਗਲੀ ਆਪਣੇ ਹੱਥ ਵਿਚ ਫੜ ਕੇ ਚੱਲ ਪਏ। ਹੱਥਾਂ ਵਿਚ ਕੜੇ ਪਾਏ ਹੋਏ ਹਨ, ਲੱਕ ਨਾਲ ਘੁੰਗਰੂਆਂ ਵਾਲੀ ਤੜਾਗੀ ਬੱਧੀ ਹੋਈ ਹੈ ਅਤੇ ਸੁੰਦਰ ਕੁੰਡਲ ਗੱਲ੍ਹਾਂ ਤੇ ਲਟਕਦੇ ਝੱਲਕਾਂ ਮਾਰ ਰਹੇ ਹਨ।

ਬਾਲ ਗੁਰੂ ਨਾਨਕ ਦੇਵ ਜੀ ਦੇ ਨੈਣ ਕੰਵਲ ਦੇ ਪੱਤਿਆਂ ਵਰਗੇ ਚੋੜੇ, ਭਾਵ-ਵੱਡੇ ਹਨ ਅਤੇ ਸਿਰ ਤੇ ਸੁੰਦਰ ਪਗੜੀ ਬੱਧੀ ਹੋਈ ਹੈ। ਪਾਠਸ਼ਾਲਾ ਬੜੀ ਸੁੰਦਰ ਬਣੀ ਹੋਈ ਹੈ ਅਤੇ ਉਥੇ ਬਹੁਤ ਬਾਲਕ ਬਾਰ ਬਾਰ ਬੋਲ ਰਹੇ ਹਨ॥ ੬॥

ਦੋਹਰਾ- ਬੈਸੇ ਪਾਧੇ ਪਾਸ ਤਬ ਸ੍ਰੀ ਨਾਨਕ ਸੁਖ ਕੰਦ।
ਬਾਰਿਕ ਰਵਿ ਸਾ ਹੇਰਿ ਕਰਿ ਜਨੁ ਅਰਬਿੰਦੁ ਅਨੰਦ॥ ੭॥

ਫਿਰ ਸੁੱਖਾਂ ਦੇ ਦਾਤੇ ਸ੍ਰੀ ਨਾਨਕ ਜੀ ਪਾਂਧੇ ਦੇ ਪਾਸ ਜਾ ਬੈਠੇ। ਸੂਰਜ ਵਰਗੇ ਸੁੰਦਰ ਬਾਲਕ ਨੂੰ ਵੇਖ ਕੇ ਮਾਨੋਂ ਕੰਵਲ ਦੇ ਫੁੱਲ ਅਨੰਦਿਤ ਹੋ ਰਹੇ ਹਨ॥ ੭॥

ਕਬਿੱਤ- ਕਾਲੂ ਕਹੇ 'ਪਾਧਾ ! ਸੁਨਿ ਨਾਨਕ ਹਮਾਰੋ ਸੁਨ ਯਾ ਕੋ ਤੂੰ ਪਢਾਇ ਗੁਨ ਦੀਜੈ ਨਿਜ ਹੇਤ ਸੋਂ।
ਦੇਉਂ ਮੈਂ ਉਪਾਇਨ ਗੁਨਾਇਨ ਸੋ ਹੋਇ ਜਬ ਏਕ ਦੋਊ ਹਾਇਨ ਮੈਂ ਕੀਜਿਯੈ ਸੁਚੇਤ ਸੋਂ।
ਐਸੇ ਮੁਖ ਭਾਖਿ 'ਅਭਿਲਾਖ ਹੈ ਪਢਾਵਿਬੇ ਕੀ' ਸੌਂਪ ਕਰਿ ਆਤਮਜ ਗਵਨਯੋ ਨਿਕੇਤ ਸੋਂ।
ਪਾਧੇ ਅਹਿਲਾਦ ਕੈ ਮਹੂਰਤ ਕੋ ਸਾਧਿਕੈ ਸਰੱਸ੍ਵਤੀ ਅਰਾਧਿਕੈ ਜੋ ਸਬੈ ਮਤਿ ਦੇਤਿ ਸੋਂ॥ ੮॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਪਾਂਧੇ ਸੁਣ ! ਇਹ ਨਾਨਕ ਸਾਡਾ ਪੁੱਤਰ ਹੈ, ਤੁਸੀਂ ਇਸ ਨੂੰ ਬੜੇ ਪਿਆਰ ਨਾਲ ਪੜ੍ਹਾਈ ਦੀ ਦਾਤ ਬਖਸ਼ੋ। ਜਦ ਇਹ ਇਕ ਦੋ ਸਾਲਾਂ ਵਿਚ ਗੁਣਾਂ ਦਾ ਘਰ ਅਤੇ ਹਰ ਪੱਖੋਂ ਚਤੁਰ ਹੋ ਜਾਵੇਗਾ ਤਾਂ ਮੈਂ ਆਪ ਨੂੰ ਮੂੰਹੋਂ ਮੰਗੀ ਭੇਟਾ ਦੇਵਾਂਗਾ, ਇਸ ਬਾਰੇ ਮੈਂ ਆਪ ਨੂੰ ਸਪੱਸ਼ਟ ਦੱਸਦਾ ਹਾਂ।" ਇਸ ਤਰ੍ਹਾਂ ਮੁੱਖ ਤੋਂ ਕਹਿ ਕੇ ਕਿ ਮੈਨੂੰ ਆਪਣੇ ਪੁੱਤਰ ਨੂੰ ਪੜ੍ਹਾਉਣ ਦੀ ਬੜੀ ਅਭਿਲਾਸ਼ਾ ਹੈ, ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਪਾਂਧੇ ਨੂੰ ਸੌਂਪ ਕੇ ਪਾਠਸ਼ਾਲਾ ਵਿਚੋਂ ਬਾਹਰ ਨਿਕਲ ਗਏ। ਪਾਂਧੇ ਨੇ ਖੁਸ਼ ਹੋ ਕੇ ਮਹੂਰਤ ਨੂੰ ਸੋਧ ਵਿਚਾਰ ਕੇ ਵਿਦਿਆ ਦੀ ਦੇਵੀ ਸਰਸਵਤੀ ਦੀ ਅਰਾਧਨਾ ਕੀਤੀ॥ ੮॥

**ਸੰਖਯਾ ਕੋ ਜੋ ਆਦਿ ਸੋ ਸਿਖਾਵਨ ਕੀ ਸੀਖ ਦੇਤਿ ਸੰਖਯਾ ਤੇ ਅਸੰਖ ਤਾਂ ਕੋ ਸੰਖਯਾ ਕੋ ਸਿਖਾਵਈ।**<br>
**ਜਨਕ ਬਿਸਾਇ ਗਯੋ ਤਾਂਤੇ ਤਿਹ ਮਾਨ ਕਹ੍ਯੋ ਪਢੈਂ ਆਨੁ ਬਾਕ ਜੈਸੇ ਪਾਂਧਾ ਸੋ ਪਢਾਵਈ।**<br>
**ਜਾਨੁ ਮਤਿਵਾਨ ਅੱਪ੍ਰਮਾਨ ਹਰਖਾਨ ਮਨ ਕੀਨੋ ਅਨੁਮਾਨ ਇਹ ਦੇਰਿ ਨ ਲਗਾਵਈ।**<br>
**ਪਢੈ ਤਾਤਕਾਲ ਧਨ ਪਾਇਹੋਂ ਬਿਸਾਲ, ਬਾਲ ਭਲੋ ਮਤਿਸਾਲ ਤੁੱਲ ਯਾਂਕੀ ਕੋ ਨ ਪਾਵਈ॥੯॥**

ਗਣਿਤ ਵਿਦਿਆ ਦੀ ਉਹ ਸਿਖਿਆ ਦਿੰਦਾ ਹੈ ਅਤੇ ਗਿਣਤੀ ਕਰਨੀ ਸਿਖਾਉਂਦਾ ਹੈ। ਜਿਹੜਾ ਗਿਣਤੀ-ਰਹਿਤ ਪਰਮਾਤਮਾ ਹੈ, ਉਸ ਨੂੰ ਕੌਣ ਗਿਣਤੀ ਸਿਖਾ ਸਕਦਾ ਹੈ। ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਬਿਠਾ ਗਏ ਹਨ, ਪਾਂਧਾ ਗਿਣਤੀ ਪੜ੍ਹਦਾ ਹੈ ਤੇ ਬਾਕੀ ਬਾਲਕ ਪਿਛੇ-ਪਿਛੇ ਪੜ੍ਹਦੇ ਹਨ। ਪਾਂਧਾ ਸ੍ਰੀ ਨਾਨਕ ਨੂੰ ਬੁੱਧੀਮਾਨ ਅਤੇ ਸਮਝਦਾਰ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਆਪਣੇ ਮਨ ਵਿਚ ਇਹ ਅਨੁਮਾਨ ਲਾਇਆ ਕਿ ਇਹ ਬਾਲਕ ਪੜ੍ਹਨ ਵਿਚ ਬਹੁਤੀ ਦੇਰੀ ਨਹੀ ਲਾਵੇਗਾ। ਉਹ ਸੋਚਣ ਲੱਗਾ ਕਿ ਇਹ ਬਾਲਕ ਬਹੁਤ ਜਲਦੀ ਪੜ੍ਹ ਜਾਵੇਗਾ ਅਤੇ ਮੈਨੂੰ ਵਿਸ਼ਾਲ ਧਨ ਦੀ ਪ੍ਰਾਪਤੀ ਹੋਵੇਗੀ। ਬਾਲਕ ਬੜਾ ਹੁਸ਼ਿਆਰ ਹੈ, ਇਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ॥ ੯॥

**ਇੱਕ ਦਿਨ ਸਾਰੋ ਪਢ੍ਯੋ ਪਾਧੇ ਜੋ ਉਚਾਰੇ ਬੈਨ ਸੰਝ ਭਈ ਐਨ ਆਇ ਅਜਰ ਸੁਹਾਯੋ ਹੈ।**<br>
**ਹੇਰਿ ਹਰਖਾਇ ਮਾਇ ਅੰਕ ਮੈਂ ਬਸਾਇ ਲਏ ਬੂਝ੍ਯੋ 'ਪਢ੍ਯੋ ਕੈਸੇ?' ਪੈੜਾ ਆਨਨ ਅਲਾਯੋ ਹੈ।**<br>
**ਖਾਇ ਅੰਨ ਰੈਨ ਪੁਨ ਕੀਨੀ ਸੁਖ ਸੈਨ ਤਬ ਜਾਂਕੋ ਕਬ ਭੈ ਨ, ਹੇਰੇ ਚੈਨ ਮਨ ਭਾਯੋ ਹੈ।**<br>
**ਭਈ ਜਬ ਭੋਰ ਕਾਲੂ ਲੈਕੇ ਪਾਂਧੇ ਓਰ ਗਯੋ, ਸੁਨੀ ਨੁਤਿ ਗੌਰ ਤਾਤ ਰਿਦੈ ਹਰਿਖਾਯੋ ਹੈ॥੧੦॥**

ਇਕ ਦਿਨ ਪਾਂਧੇ ਨੇ ਜੋ ਕੁਝ ਪੜ੍ਹਾਇਆ ਸਾਰਾ ਮਨ ਲਾ ਕੇ ਪੜ੍ਹਿਆ ਅਤੇ ਜਦ ਸ਼ਾਮ ਹੋਈ ਤਾਂ ਆਪਣੇ ਘਰ ਦੇ ਵਿਹੜੇ ਵਿਚ ਜਾ ਪੁੱਜਾ। ਜਦ ਮਾਤਾ ਜੀ ਨੇ ਵੇਖਿਆ ਤਾਂ ਬਹੁਤ ਪ੍ਰਸੰਨ ਹੋਏ ਤੇ ਗੋਦੀ ਵਿਚ ਬੈਠਾ ਕੇ ਪੁੱਛਣ ਲੱਗੇ, "ਅੱਜ ਕੀ ਕੁਝ ਪੜ੍ਹਿਆ?" ਸ੍ਰੀ ਨਾਨਕ ਜੀ ਨੇ ਉਸੇ ਵੇਲੇ ਪਹਾੜਾ ਜ਼ਬਾਨੀ ਸੁਣਾ ਦਿੱਤਾ। ਫਿਰ ਅੰਨ ਪਾਣੀ ਛਕਿਆ ਤੇ ਰਾਤ ਨੂੰ ਆਰਾਮ ਕਰਨ ਚਲੇ ਗਏ, ਮਾਤਾ ਜੀ ਆਪਣੇ ਪੁੱਤਰ ਨੂੰ ਵੇਖ-ਵੇਖ ਬਹੁਤ ਪ੍ਰਸੰਨ ਹੋ ਰਹੇ ਹਨ। ਜਦ ਅਗਲੇ ਦਿਨ, ਸਵੇਰ ਹੋਈ ਤਾਂ ਮਹਿਤਾ ਕਾਲੂ ਜੀ ਫਿਰ ਸ੍ਰੀ ਨਾਨਕ ਨੂੰ ਲੈ ਕੇ ਪਾਂਧੇ ਪਾਸ ਪਹੁੰਚ ਗਏ। ਪਾਂਧੇ ਨੇ ਬਾਲਕ ਦੀ ਬੜੀ ਉਸਤਤਿ ਕੀਤੀ, ਜਿਸ ਨੂੰ ਸੁਣ ਕੇ ਪਿਤਾ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੧੦॥

**ਪਾਂਧੇ ਨੇ ਹਕਾਰ ਲੀਨ ਬਾਲਨ ਤੇ ਜੁਦਾ ਕੀਨ ਲੇਖੇ ਹੂੰ ਕੀ ਸੀਖ ਦੀਨਿ ਨਾਨਕ ਸੁਜਾਨ ਕੋ।**<br>
**ਤੂਸ਼ਨੀਕ ਭਏ, ਪਾਧਾ ਬਾਰਬਾਰ ਕਹੇ ਬਚ 'ਕੈਸੇ ਤੂੰ ਨ ਬੋਲੈਂ ਅਜ? ਸੁਨੈਂ ਦੇ ਨ ਕਾਨ ਕੋ।**<br>
**ਭਲੀ ਬਿਧਿ ਕਾਲ ਪੈੜੇ ਪਢ੍ਯੋ ਤੂੰ ਬਿਸਾਲ ਸਭਿ ਤੈਸੇ ਅਬ ਪਢੋ ਹੇਰੇ ਔਰ ਲਰਕਾਨ ਕੋ।**<br>
**ਹੋਵੈਂ ਵਡੋ ਜਬ, ਪਢ੍ਯੋ ਕਾਜ ਆਵੈ ਤਬ ਅਬ ਖੇਲਨ ਮੈਂ ਜੀਉ ਤੇਰੋ ਖਾਇ ਛੂਛਕਾਨ ਕੋ' ॥੧੧॥**

ਫਿਰ ਮਹਿਤਾ ਕਾਲੂ ਜੀ ਪਾਂਧੇ ਨੂੰ ਆਵਾਜ਼ ਮਾਰ ਕੇ ਬਾਕੀ ਬਾਲਕਾਂ ਤੋਂ ਵੱਖ ਲੈ ਗਏ ਅਤੇ ਕਹਿਣ ਲੱਗੇ, "ਤੁਸੀਂ ਇਸ ਚਤੁਰ ਬਾਲਕ ਨੂੰ ਲੇਖੇ ਦੀ ਚੰਗੀ ਸਿਖਿਆ ਦੇਣੀ ਹੈ। ਪਰ ਗੁਰੂ ਜੀ ਨੇ ਆਪਣੇ ਪਿਤਾ ਜੀ ਦੀ ਇਹ ਗੱਲ ਸੁਣ ਲਈ ਤੇ ਚੁੱਪ ਹੋ ਗਏ। ਇਹ ਵੇਖ ਕੇ ਪਾਂਧਾ ਕਹਿਣ ਲੱਗਾ, "ਕੀ ਗੱਲ ਅੱਜ ਚੁਪ ਚੁਪ ਹੈਂ, ਬੋਲਦਾ ਨਹੀਂ ਅਤੇ ਨਾ ਹੀ ਮੇਰੀ ਗੱਲ ਕੰਨ ਦੇ

ਕੇ ਸੁਣਦਾ ਹੈਂ ? ਕਲ੍ਹ ਤਾਂ ਬੜੇ ਚੰਗੇ ਢੰਗ ਨਾਲ ਤੂੰ ਪਹਾੜੇ ਪੜ੍ਹੇ ਹਨ, ਉਸ ਤਰ੍ਹਾਂ ਹੀ ਹੋਰ ਬੱਚਿਆਂ ਨੂੰ ਵੇਖ ਕੇ ਅੱਜ ਵੀ ਪੜ੍ਹਾਈ ਕਰ। ਜਦ ਤੂੰ ਵੱਡਾ ਹੋਵੇਂਗਾ ਤਾਂ ਇਹ ਪੜ੍ਹਾਈ ਤੇਰੇ ਬਹੁਤ ਕੰਮ ਆਵੇਗੀ। ਹੁਣ ਜੇ ਖੇਡਣ ਵਿਚ ਜੀਅ ਲਾਵੇਂਗਾ ਤਾਂ ਸੋਟੀਆਂ ਵੱਜਣਗੀਆਂ'' ॥ ੧੧ ॥

ਮਰਹਠੀ ਛੰਦ- ਸੁਨਿ ਸ੍ਰੋਨਨ ਬੈਨਾ ਅਨੁਕੰ ਪੈਨਾਂ ਬਾਨੀ ਭਨੀ ਰਸਾਲ।
'ਕਜਾ ਆਪ ਪਢੇ ਤੁਮ, ਕਰਿਹੋ ਨਿਜ ਸਮ ਕੈ ਲਾਹਾ ਲੈ ਸਾਲ ?।
ਸੋ ਮੁਖੀ ਵਿਸ਼ੇਖਾ ਕੋ ਭਲ ਲੇਖਾ ? ਪਾਂਧਾ ! ਮੋਹਿ ਬਤਾਇ।
ਇਉਂ ਉੱਤਰ ਦੀਜੈ ਮਨ ਸਮਝੀਜੈ ਪੀਛੈ ਮੁਝਹਿ ਪਢਾਇ' ॥ ੧੨ ॥

ਪਾਂਧੇ ਦੀ ਇਹ ਗੱਲ ਸੁਣ ਕੇ ਕਿਰਪਾਲੂ ਗੁਰੂ ਜੀ ਨੇ ਇਹ ਸੁੰਦਰ ਬਚਨ ਕਹੇ, ''ਪਾਂਧਾ ਜੀ ਤੁਸੀ ਆਪ ਕੀ ਪੜ੍ਹੇ ਹੋ? ਤੁਸੀਂ ਸਭ ਕੁਝ ਆਪਣੇ ਨਿੱਜੀ ਲਾਭ ਲਈ ਕਰ ਰਹੇ ਹੋ, ਕੀ ਮੈਨੂੰ ਵੀ ਆਪਣੇ ਵਰਗਾ ਬਣਾਉਣਾ ਹੈ, ਪਾਂਧਾ ਜੀ ਇਹ ਮੈਨੂੰ ਦੱਸੋ ਤੁਸੀਂ ਬੜੇ ਬੁੱਧੀਮਾਨ ਹੋ, ਤੁਸੀਂ ਕਿੰਨਾ ਕੁ ਲੇਖਾ ਜਾਣਦੇ ਹੋ? ਇਸ ਗੱਲ ਦਾ ਮੈਨੂੰ ਉੱਤਰ ਦੇਵੋ ਅਤੇ ਮੈਨੂੰ ਸਮਝਾਓ, ਉਸ ਤੋਂ ਬਾਅਦ ਹੀ ਮੈਨੂੰ ਹੋਰ ਪੜ੍ਹਾਉਣਾ'' ॥ ੧੨ ॥

ਹੁਇ ਪਾਧਾ ਬਿਸਮੈ ਅਧਭੁਤ ਰਸ ਮੈਂ ਆਨਨ ਬਚਨ ਅਲਾਇ।
'ਸਭਿ ਜਾਨੌਂ ਗਿਨਤੀ, ਅਵਨੀ ਮਿਨਤੀ, ਡੇਢੇ ਗਨਨ ਸਵਾਇ।
ਧੌਚੇ ਪੁਨ ਊਠੇ ਜੋਰਨ ਕੋਠੇ ਗ੍ਰਾਮ ਕਾਰ ਪਟਵਾਰ।
ਜਿਸਕੇ ਅਨੁਸਾਰੀ ਰੋਜੀ ਥਾਰੀ ਪਢਹੁ ਨ ਕਿਉਂ ਹਿਤ ਧਾਰਿ ?' ॥੧੩ ॥

ਪਾਂਧਾ ਗੁਰੂ ਜੀ ਦੇ ਉਹ ਬਚਨ ਸੁਣ ਕੇ ਅਦਭੁਤ ਜਲਾਲ ਵਿਚ ਆ ਗਿਆ ਅਤੇ ਮੂੰਖ ਤੋਂ ਇਹ ਬਚਨ ਉਚਾਰੇ, ''ਮੈਂ ਸਭ ਗਿਣਤੀ, ਜ਼ਮੀਨ ਦੀ ਮਿਣਤੀ ਅਤੇ ਡਿਊੜੇ ਅਤੇ ਸਵਾਏ ਦੇ ਪਹਾੜੇ ਜਾਣਦਾ ਹਾਂ। ਮੈਂ ਸਾਢੇ ਚਾਰ ਦਾ ਪਹਾੜਾ, ਸਾਢੇ ਤਿੰਨ ਦਾ ਪਹਾੜਾ, ਇਮਾਰਤੀ ਕੰਮ, ਤਿਜਾਰਤੀ ਕੰਮ, ਭਾਵ-ਮਿਤੀ ਕਾਟਾ ਤੇ ਸੂਦ ਦੇ ਵੇਰਵੇ ਭਰਨੇ ਅਤੇ ਪਿੰਡਾਂ ਦਾ ਪਟਵਾਰੀ ਦਾ ਕੰਮ ਜਾਣਦਾ ਹਾਂ। ਜਿਸ ਕਾਰਨ ਤੁਸੀ ਰੋਜ਼ੀ ਕਮਾਉਣੀ ਹੈ, ਉਸ ਨੂੰ ਚਿੱਤ ਲਾ ਕੇ ਕਿਉਂ ਨਹੀਂ ਪੜ੍ਹਦੇ ?'' ॥ ੧੩ ॥

'ਇਨ ਬਿਧਿ ਜੀ ਬਾਧਾ, ਸੁਨਿ ਸ੍ਰੁਤ ਪਾਧਾ ! ਫਾਹੇ ਪਰਨ ਅਪਾਰ।
ਕਿਹ ਕਾਜ ਨ ਆਵਹਿ ਜਬ ਦੁਖ ਪਾਵਹਿ ਹੋਤਿ ਨਹੀਂ ਛੁਟਕਾਰ।
ਸਭਿ ਬੈਸ ਬਿਹਾਵਹਿ ਪੁਨ ਪਛੁਤਾਵਹਿ ਜਬ ਜਾਵਹਿ ਜਮ ਦ੍ਵਾਰ।
ਇਹ ਲੇਖਾ ਗਾਹੈ ਛੁਟਜੋ ਜਿ ਚਾਹੈ ਜੋ ਮੈਂ ਕਰੌਂ ਉਚਾਰ' ॥ ੧੪ ॥

''ਪਾਂਧਾ ਜੀ ! ਇਹ ਗੱਲ ਕੰਨ ਲਾ ਕੇ ਸੁਣੋ, ਪਰਮਾਤਮਾ ਨੇ ਇਸ ਵਿਧੀ ਅਨੁਸਾਰ ਜੀਵ ਨੂੰ ਬੰਨ੍ਹਿਆ ਹੋਇਆ ਹੈ ਅਤੇ ਬੇਅੰਤ ਫਾਹੀਆਂ ਵਿਚ ਜਕੜਿਆ ਹੋਇਆ ਹੈ। ਇਹ ਦੁਨਿਆਵੀ ਕਾਰਜ ਕਿਸੇ ਕੰਮ ਨਹੀਂ ਆਉਂਦੇ, ਜਦ ਦੁੱਖ ਪਾਵੇਂਗਾ ਤਾਂ ਤੇਰਾ ਛੁਟਕਾਰਾ ਨਹੀਂ ਹੋਣਾ। ਸਾਰੀ ਉਮਰ ਫ਼ਜ਼ੂਲ ਗਵਾ ਦੇਵੋਗੇ ਅਤੇ ਫਿਰ ਪਛਤਾਵੋਗੇ ਜਦ ਧਰਮ ਰਾਜ ਦੇ ਦੁਆਰੇ ਪੁਜੋਗੇ। ਇਹ ਲੇਖਾ ਵਿਚਾਰ ਕੇ ਛੁਟਕਾਰਾ ਨਹੀਂ ਮਿਲਣਾ, ਜੇ ਛੁਟਕਾਰਾ ਚਾਹੁੰਦੇ ਹੋ ਤਾਂ ਉਸ ਤਰ੍ਹਾਂ ਕਰੋ ਜਿਵੇਂ ਮੈਂ ਕਹਿੰਦਾ ਹਾਂ'' ॥ ੧੪ ॥

ਦੋਹਰਾ- ਕਮਲ ਬਦਨ ਸੁਖ ਸਦਨ ਗੁਰੁ ਕਰੁਨਾ ਮਨ ਪਰ ਲਜਾਇ।
ਪਾਧੇ ਪ੍ਰਤਿ ਕਲਜਾਨਦਾ ਬੋਲੇ ਸਬਦ ਉਠਾਇ॥ ੧੫ ॥

ਕਮਲ ਬਦਨ, ਸੁਖਾਂ ਦੇ ਘਰ, ਮੁਕਤੀ ਦਾਤੇ ਗੁਰੂ ਨਾਨਕ ਦੇਵ ਨੇ ਗੁਰੂ ਦੀ ਕਿਰਪਾ ਮਨ ਵਿਚ ਲਿਆ ਕੇ, ਪਾਂਧੇ ਬਾਰੇ ਇਸ ਸ਼ਬਦ ਦਾ ਉਚਾਰਨ ਕੀਤਾ॥ ੧੫ ॥

ਸਿਰੀਰਾਗੁ ਮਹਲਾ ੧ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ੧ ॥
ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥ (ਪੰਨਾ ੧੬)

ਸੰਸਾਰਿਕ ਮਮਤਾ ਨੂੰ ਸਾੜ ਕੇ ਇਸ ਦੇ ਬੁਧੀ ਰੂਪੀ ਕੋਲਿਆਂ ਨੂੰ ਪੀਹ ਕੇ ਸਿਆਹੀ ਬਣਾ ਅਤੇ ਆਪਣੀ ਬੁਧੀ ਨੂੰ ਵਧੀਆ ਕਾਗਜ਼ ਦਾ ਰੂਪ ਬਣਾ। ਪ੍ਰਭੂ ਦੀ ਪ੍ਰੀਤ ਨੂੰ ਆਪਣੀ ਲੇਖਣੀ ਅਤੇ ਮਨ ਨੂੰ ਆਪਣਾ ਲੇਖਕ ਬਣਾ ਅਤੇ ਗੁਰਾਂ ਦੀ ਸਲਾਹ ਲੈ ਕੇ ਵਾਹਿਗੁਰੂ ਦੀ ਵਿਚਾਰ ਨੂੰ ਲਿਖ। ਵਾਹਿਗੁਰੂ ਦੇ ਨਾਮ ਦੀ ਸਿਫਤ ਲਿਖ ਅਤੇ ਸਦਾ ਲਿਖੀ ਜਾ ਕਿਉਂਕਿ ਉਸ ਦਾ ਕੋਈ ਅਖੀਰ ਤੇ ਅੰਤ ਨਹੀਂ ਪਾਇਆ ਜਾ ਸਕਦਾ॥ ੧॥

ਹੇ ਬਾਬਾ ! ਇਸ ਹਿਸਾਬ ਕਿਤਾਬ ਨੂੰ ਲਿਖਣਾ ਸਿੱਖ, ਤਾਂ ਜੋ ਜਿਥੇ ਹਿਸਾਬ ਕਿਤਾਬ ਪੁਛਿਆ ਜਾਵੇ ਓਥੇ ਤੇਰੇ ਉਤੇ ਸੱਚਾ ਨੀਸਾਣ ਹੋਵੇ॥ ੧॥ ਰਹਾਉ॥

ਚੌਪਈ- ਕਵੀ ਕਹੈ 'ਯਾਂਕੋ ਸੁਨਿ ਟੀਕਾ। ਸ੍ਰੀ ਮੁਖ ਨਿਕਸਜੋ ਕਲ ਪਦ ਨੀਕਾ।
ਪੂਰਾ ਸਾਰਦਾ ਫੁਰੀ ਸੁਹਾਵਹਿ। ਪਦਵੀ ਪਰਾ ਜਾਸੁ ਤੇ ਪਾਵਹਿ॥ ੧੬॥

ਕਵੀ ਕਹਿਣ ਲੱਗਾ, "ਉਸ ਦੇ ਹੁਣ ਅਰਥ ਸੁਣੋ ਜਿਹੜੇ ਸੁੰਦਰ ਸ਼ਬਦ ਗੁਰੂ ਜੀ ਦੇ ਮੁੱਖ ਦੁਆਰਾ ਉਚਾਰਨ ਕੀਤੇ ਗਏ। ਉਨ੍ਹਾਂ ਦੀ ਉਚਾਰਨ ਕੀਤੀ ਹੋਈ ਧੁਰ ਕੀ ਬਾਣੀ ਬੜੀ ਸੁਹਾਵਣੀ ਹੈ, ਜਿਸ ਕਰਕੇ ਉਨ੍ਹਾਂ ਧਰਤੀ 'ਤੇ ਬੜੀ ਉੱਚੀ ਪਦਵੀ ਪਾਈ ਹੈ॥ ੧੬॥

ਦੇਹਿ ਧਰਾ ਜਾਂ ਕਾਰਨ ਧਰਨੀ। ਬਯ ਲਘੁ ਕਰਨ ਲਗੇ ਸੋ ਕਰਨੀ।
ਅਨਵਸਥਾ ਉਪਦੇਸ਼ਕ ਕੇਰੀ। ਧਰਾ ਅਧੀਰਜ ਸਕਹਿਂ ਨ ਹੇਰੀ॥ ੧੭॥

ਜਿਸ ਕਾਰਜ ਵਾਸਤੇ ਉਨ੍ਹਾਂ ਨੇ ਧਰਤੀ 'ਤੇ ਅਵਤਾਰ ਧਾਰਿਆ ਹੈ, ਉਹ ਕਾਰਜ ਉਹ ਬੜੀ ਛੋਟੀ ਉਮਰ ਤੋਂ ਹੀ ਕਰਨ ਲੱਗ ਗਏ ਹਨ। ਛੋਟੀ ਉਮਰ ਵਿਚ ਹੀ ਉਪਦੇਸ਼ ਦੇਣ ਲੱਗ ਗਏ। ਉਨ੍ਹਾਂ ਪਾਸੋਂ ਧਰਤੀ ਦੀ ਵਿਆਕੁਲਤਾ ਵੇਖੀ ਨਹੀਂ ਹੈ ਜਾਂਦੀ॥ ੧੭॥

ਚੌਪਈ- ਪਾਧੇ ਪ੍ਰਤਿ ਪੂਰਬ ਉਪਕਾਰਾ। ਭਵ ਤਾਰਨ ਹਿਤ ਸ਼ਬਦ ਉਚਾਰਾ।
ਚਤੁਰਬੇਦ ਬਰ ਸਾਰ ਲਖਾਯਾ। ਤਰਹਿਂ ਸਿ ਨਰ ਸੁਨਿ ਮੰਨ ਵਸਾਯਾ॥੧੮॥

ਪਾਂਧੇ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਉਸ ਦੇ ਉਪਕਾਰ ਹਿਤ ਸ਼ਬਦ ਦਾ ਉਚਾਰਨ ਕੀਤਾ। ਚਾਰ ਵੇਦਾਂ ਦਾ ਸ੍ਰੇਸ਼ਟ ਸਿਧਾਂਤ ਦਰਸਾਇਆ। ਉਹ ਮਨੁੱਖ ਸੰਸਾਰ ਸਾਗਰ ਪਾਰ ਕਰ ਜਾਂਦਾ ਹੈ ਜਿਹੜਾ ਉਸ ਦੀ ਬਾਣੀ ਨੂੰ ਸੁਣ ਕੇ ਮਨ ਵਿਚ ਵਸਾਉਂਦਾ ਹੈ॥ ੧੮॥

ਦੋਹਰਾ- ਦੇਹਿ ਦੀਵਟੀ ਕੇ ਵਿਖੇ ਨੇਹਿ ਮੋਹ ਭਰਪੂਰ।
ਬਾਤੀ ਬਿਸ਼ਿਯਨ ਬਾਸ਼ਨਾ, ਅਗਨਿ ਗਯਾਨ ਤੇ ਦੂਰ॥ ੧੯॥

ਦੇਹ ਰੂਪੀ ਦੀਵੇ ਦੇ ਭਾਂਡੇ ਵਿਚ ਮੋਹ ਰੂਪੀ ਤੇਲ ਭਰਿਆ ਹੈ। ਇਸ ਵਿਚ ਬੱਤੀ ਵਿਸ਼ਿਆਂ ਵਾਸ਼ਨਾਵਾਂ ਦੀ ਹੈ ਤੇ ਦੀਵੇ ਵਿਚੋਂ ਪੈਦਾ ਹੋ ਰਹੀ ਅਗਨੀ ਗਿਆਨ ਤੋਂ ਦੂਰ ਹੈ॥ ੧੯॥

ਚੌਪਈ- ਗੁਰ ਪ੍ਰਸਾਦਿ ਕਰਿ ਦ੍ਰਿਗ ਜਬ ਹ੍ਵੈਹੈ। ਆਤਮ ਗਯਾਨ ਲੇਯ ਪਦ ਪੈ ਹੈ।
ਸ੍ਰੀ ਨਾਨਕ ਹੁਇ ਗੁਰੁ ਦੁਖ ਖੋਊ। ਭੇ ਪ੍ਰਸੀਦ ਉਪਦੇਸ਼ਜੋ ਸੋਊ॥ ੨੦॥

ਜਦ ਗੁਰੂ ਦੀ ਕਿਰਪਾ ਹੋ ਜਾਂਦੀ ਹੈ ਤਾਂ ਆਤਮ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਉੱਚੀ ਪਦਵੀ ਪਾਉਂਦਾ ਹੈ। ਸ੍ਰੀ ਨਾਨਕ ਜੀ ਦੁੱਖਾਂ ਨੂੰ ਹਰਨ ਵਾਲੇ ਗੁਰੂ ਹੋਏ ਹਨ, ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਸੱਚ ਦਾ ਉਪਦੇਸ਼ ਸੁਣਾਇਆ ਹੈ॥ ੨੦॥

'ਨੇਹਿ ਮੋਹ ਜਬ ਪਾਧਾ! ਜਾਰਹੁ। ਗਯਾਨ ਅਗਨਿ ਸੋਂ ਸਗਲ ਨਿਵਾਰਹੁ।
ਸ਼ਰਧਾ ਧਰ ਕਾਜਰ ਬਰ ਪਾਵਹ। ਹੰ ਤਨ ਤਜਨਾ ਘਸਨ ਸਵਾਰਹੁ॥੨੧॥

'ਸੰਸਾਰਿਕ ਮਮਤਾ ਨੂੰ ਸਾੜ ਦੇਵੇ ਅਤੇ ਗਿਆਨ ਅਗਨੀ ਨਾਲ ਸਭ ਦੁਖਾਂ ਨੂੰ ਦੂਰ ਕਰੇ। ਸ਼ਰਧਾ ਧਾਰਨ ਰੂਪੀ ਸ੍ਰੇਸ਼ਟ ਕਾਜਲ ਅੱਖਾਂ ਵਿਚ ਪਾਵੇ, ਦੇਹ ਅਭਿਮਾਨ ਨੂੰ ਛੱਡ ਕੇ ਜੀਵਨ ਨੂੰ ਸਵਾਰੇ॥ ੨੧॥

ਸੁਮਤਿ ਸਾਰ ਕੋ ਕਾਗਦ ਕਰੀਏ। ਭਾਉ ਕਲਮ ਕਰਿ ਮਨ ਕਰ ਧਰੀਏ।
ਲੇਖਕ ਚਿੱਤ ਬੂਝ ਗੁਰਦ੍ਵਾਰਾ। ਲਿਖਿਯੇ ਸੱਤਾਸੱਤਿ ਵਿਚਾਰਾ॥ ੨੨॥

ਸ੍ਰੇਸ਼ਟ ਬੁੱਧੀ ਦਾ ਕਾਗਜ਼ ਬਣਾਓ, ਪ੍ਰਭੂ ਦੀ ਪ੍ਰੀਤ ਨੂੰ ਆਪਣੀ ਲੇਖਣੀ, ਭਾਵ-ਕਲਮ ਬਣਾਓ ਅਤੇ ਮਨ ਨੂੰ ਆਪਣਾ ਲੇਖਕ ਬਣਾਓ ਅਤੇ ਗੁਰਾਂ ਦੀ ਸਲਾਹ ਲੈ ਕੇ ਵਾਹਿਗੁਰੂ ਦੀ ਵਿਚਾਰ ਨੂੰ ਲਿਖੋ॥ ੨੨॥

ਦੋਹਰਾ- ਅਸ ਲੇਖਾ ਲਿਖਿ ਜਾਨਿ ਤੂੰ ਜਿਸਤੇ ਊਨ ਨ ਹੋਇ।
ਲਿਖਹੁ ਨਾਮ, ਤਿਹ ਸਿਫਤਿ ਲਿਖ, ਅੰਤ ਨ ਪਰ ਉਰ ਕੋਇ॥ ੨੩॥

ਇਸ ਤਰ੍ਹਾਂ ਲੇਖਾ ਲਿਖਣਾ ਸਿੱਖ, ਤਾਂ ਜੋ ਜਿਥੇ ਹਿਸਾਬ ਕਿਤਾਬ ਪੁਛਿਆ ਜਾਵੇ ਤਾਂ ਤੇਰੇ ਵਿਚ ਕੋਈ ਊਣਤਾਈ ਨਾ ਹੋਵੇ। ਵਾਹਿਗੁਰੂ ਦਾ ਨਾਮ ਲਿਖੋ, ਉਸ ਦੀ ਸਿਫਤ ਲਿਖੋ,ਅਤੇ ਲਿਖੀ ਜਾਓ ਕਿ ਉਸ ਦਾ ਕੋਈ ਅਖੀਰ ਜਾਂ ਅੰਤ ਨਹੀਂ ਹੈ॥ ੨੩॥

ਚੌਪਈ- ਜਿਹ ਸਥਾਨ ਲੇਖਾ ਯਮ ਲੇਈ। ਸੱਚ ਨਿਸ਼ਾਨੀ ਹੇਰਿ ਮੁਚੇਈ।
ਕੋਸ਼ਪ ਹੋਇ ਸ਼ਾਹ ਕੋ ਜੈਸੇ। ਤਿਹਤੇ ਸੁਲਕ ਕ੍ਰਿੱਤ ਲੇ ਕੈਸੇ॥ ੨੪॥

ਜਿਸ ਥਾਂ ਤੇ ਧਰਮਰਾਜ ਲੇਖਾ ਮੰਗਦਾ ਹੈ, ਓਥੇ ਇਹ ਸੱਚ ਦੀ ਨਿਸ਼ਾਨੀ ਵੇਖ ਕੇ ਛੱਡ ਦਿੰਦਾ ਹੈ। ਜਿਵੇਂ ਖਜ਼ਾਨਚੀ ਬਾਦਸ਼ਾਹ ਪਾਸੋਂ ਕਰ ਨਹੀਂ ਲੈ ਸਕਦਾ, ਇਸ ਤਰ੍ਹਾਂ ਸੱਚ ਦੀ ਨਿਸ਼ਾਨੀ ਵਾਲੇ ਵਿਅਕਤੀ ਪਾਸੋਂ ਇਕ ਨੌਕਰ ਮਾਮਲਾ ਕਿਵੇਂ ਮੰਗ ਸਕਦਾ ਹੈ? ਭਾਵ-ਪ੍ਰਭੂ ਦਾ ਭਗਤ ਪ੍ਰਭੂ ਬਰਾਬਰ ਹੋ ਜਾਂਦਾ ਹੈ ਤੇ ਧਰਮਰਾਜ ਵੀ ਉਸ ਦਾ ਨੌਕਰ ਹੋ ਜਾਂਦਾ ਹੈ॥ ੨੪॥

ਆਪ ਉਪਾਯਨ ਦੇਯ ਮਿਲੈਹੈ। ਡਰ ਉਰ ਕਰਿ ਪੁਨ ਸੁਕੁਚ ਚਲੈਹੈ।
ਅਸ ਲੇਖਾ ਜੇ ਤੁਵ ਉਰ ਪਾਧਾ। ਉਧਰਹਿ ਗੋ ਭਵ ਸਿੰਧੁ ਅਗਾਧਾ॥੨੫॥

ਜਿਸ ਨੂੰ ਪ੍ਰਭੂ ਜੀ ਆਪ ਮਿਲ ਪੈਂਦੇ ਹਨ, ਉਸ ਦੇ ਹਿਰਦੇ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ। ਹੇ ਪਾਧੇ! ਇਸ ਤਰ੍ਹਾਂ ਹਿਰਦੇ ਵਿਚ ਜੇ ਤੂੰ ਲੇਖਾ ਧਾਰਨ ਕਰਦਾ ਹੈਂ ਤਾਂ ਤੇਰਾ ਉਧਾਰ ਹੋ ਜਾਵੇਗਾ ਤੇ ਸੰਸਾਰ ਸਾਗਰ ਨੂੰ ਪਾਰ ਕਰ ਜਾਵੇਂਗਾ॥ ੨੫॥

ਜੀਵ ਅਨੋਜ ਜਾਇ ਜਿਹ ਜਾਈ। ਪਰਮ ਮੀਤਿ ਜਿਉਂ ਤਹਾਂ ਸਹਾਈ।
ਸਾਰਬਭੂਮ ਸ਼ਰਨ ਜਿਹ ਪਰਨਾ। ਤਿਨ ਨਰ ਉਰ ਡਰ ਕਿਉਂ ਫਿਰ ਕਰਨਾ॥੨੬॥

ਨਿਤਾਣਾ ਜੀਵ ਜਿਥੇ ਵੀ ਜਾਂਦਾ ਹੈ ਤਾਂ ਪਰਮ ਮਿੱਤਰ ਪ੍ਰਭੂ ਜੀ ਹਰ ਥਾਂ ਉਸ ਦੀ ਸਹਾਇਤਾ ਕਰਦੇ ਹਨ। ਜਿਹੜਾ ਵੀ ਵਿਅਕਤੀ ਉਸ ਚੱਕਰਵਰਤੀ ਦੀ ਸ਼ਰਨ ਵਿਚ ਆ ਜਾਂਦਾ ਹੈ, ਉਸ ਵਿਅਕਤੀ ਨੇ ਫਿਰ ਕਿਸੇ ਦਾ ਡਰ ਕਿਉਂ ਮੰਨਣਾ ਹੈ, ਭਾਵ-ਉਹ ਭੈ-ਰਹਿਤ ਹੋ ਜਾਂਦਾ ਹੈ'॥ ੨੬॥

ਦੋਹਰਾ- ਸੁਨਿ ਸ਼੍ਰੋਨਨ ਮਨ ਗੁਨਹਿ ਪੁਨ ਪਾਧੇ ਅਚਰਜ ਚੀਨਿ।
ਦੁਤਿਯ ਇੰਦੁ ਗਾਵਿੰਦੁ ਜਿਉਂ ਜੋਨੁ ਬੈਨ ਇਨ ਕੀਨਿ॥ ੨੭॥

ਜਦ ਪਾਂਧੇ ਨੇ ਉਹ ਸ਼ਬਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਬਹੁਤ ਹੈਰਾਨ ਹੋਇਆ ਅਤੇ ਸੋਚਣ ਲੱਗਾ ਇਸ ਦੂਜ ਦੇ ਚੰਦ ਦੀ ਤਾਂ ਪੁੰਨਿਆਂ ਦੇ ਚੰਦਰਮਾਂ ਵਾਂਗੂ ਰੋਸ਼ਨੀ ਹੈ॥ ੨੭॥

ਚੌਪਈ- ਚਿਤ ਚਕੋਰ ਰੁਚਿ ਚਮਕੀ ਚਾਰੂ। ਬਾਲਨ ਤੁੱਲ, ਨ ਬਾਲ ਅਚਾਰੂ।
ਕਲਾ ਬਿਸਾਲ ਦਜਾਲੁ ਭਲਿ ਭਾਂਤੀ। ਜਨੁ ਕਲਿਮਲ ਕਲਿ ਬਲਿ ਆਰਾਤੀ ॥੨੮॥

ਪਾਂਧੇ ਦੇ ਚਿਤ ਵਿਚ ਚਕੋਰ ਵਾਂਗ ਸੁੰਦਰ ਬਾਲ ਨੂੰ ਵੇਖਣ ਦੀ ਚਾਹ ਪੈਦਾ ਹੋਈ। ਉਹ ਕਹਿਣ ਲੱਗਾ, ਦੁਨੀਆਂ ਵਿਚ ਕੋਈ ਹੋਰ ਬਾਲ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਇਹ ਵਿਸ਼ਾਲ ਕਲਾਤਮਕ ਦਿਆਲਤਾ ਦਾ ਸਰੂਪ ਹੈ, ਮਾਨੋ ਇਹ ਬਲਵਾਨ ਕਲਜੁਗ ਦੇ ਬਲੀ ਪਾਪਾਂ ਦੇ ਵੈਰੀ ਹਨ॥ ੨੮॥

ਸੁਝ ਪਰੀ ਬੂਝਨ ਹਿਤ ਉਦਤਜੋ। ਕਮਲ ਬਦਨ ਅਲਿ ਬਚ ਗੁਰ ਵਿਦਤਜੋ।
'ਆਰਜ ਸੁਜਨ ਭਜਨ ਜਲ ਮੀਨਾ। ਸੁਨੇ ਸੁ ਦੇਖੇ, ਮੈਂ ਅਤਿ ਦੀਨਾ ॥੨੯॥

ਜਦ ਸਾਰੀ ਗੱਲ ਦੀ ਸਮਝ ਆਈ ਤਾਂ ਪੁਛਣ ਵਾਸਤੇ ਤਿਆਰ ਹੋ ਗਿਆ। ਫਿਰ ਉਸ ਭੌਰੇ ਰੂਪੀ ਸ਼ਬਦ ਗੁਰੂ ਜੀ ਦੇ ਕੰਵਲ ਵਰਗੇ ਮੁਖੜੇ ਸਨਮੁਖ ਪ੍ਰਗਟ ਕੀਤੇ। "ਸ੍ਰੇਸ਼ਟ ਭਗਤ, ਭਜਨ ਰੂਪ ਜਲ ਵਿਚ ਮੱਛੀ ਵਾਂਗ ਰਹਿਣ ਵਾਲੇ ਮੈਂ ਗਰੀਬ ਨੇ ਸੁਣੇ ਅਤੇ ਵੇਖੇ ਹਨ॥ ੨੯॥

ਅਸਨ ਬਸਨਤਨ ਪ੍ਰਾਪਤਿ ਨਾਂਹੀ। ਆਵਹਿ ਖਾਹਿ, ਰੰਕ ਸੇ ਆਹੀਂ।
ਇਸ ਕਰਿ ਮੁਰ ਉਰ ਸ਼ਰਧਾ ਹਾਰੀ। ਸਿਰ ਮਰਨਾ ਸਭਿਹਿਨਿ ਇਕਸਾਰੀ' ॥੩੦॥

ਮੈਂ ਅਤਿ ਗਰੀਬ ਹਾਂ, ਭੋਜਨ ਅਤੇ ਵਸਤਰ ਪ੍ਰਾਪਤ ਨਹੀਂ ਹਨ। ਮੇਰਾ ਰਹਿਣ-ਸਹਿਣ ਅਤੇ ਖਾਣ-ਪੀਣ ਕੰਗਾਲਾਂ ਵਰਗਾ ਹੈ। ਇਸ ਕਰਕੇ ਮੈਂ ਦਿਲ ਵਿਚ ਸ਼ਰਧਾਹੀਣ ਹੋ ਗਿਆ ਹਾਂ ਅਤੇ ਭੁੱਲ ਗਿਆ ਹਾਂ ਕਿ ਸਾਰਿਆਂ ਨੇ ਇਕ ਵਾਰ ਮਰਨਾ ਹੈ, ਇਸ ਵਿਚ ਕੋਈ ਭਿੰਨ-ਭੇਦ ਨਹੀਂ" ॥ ੩੦॥

ਦੋਹਰਾ- ਧਰਾ ਧੀਰ ਦਾ ਧਰਮ ਧੁਰ ਪਾਧੇ ਕੇ ਸੁਨਿ ਬੈਨ।
ਦੁਤਿਯ ਸ਼ਬਦ ਪਦ ਬਦਨ ਤੇ ਬਦਤੰ ਸ਼ਰਧਾਦੈਨ॥ ੩੧॥

ਧਰਤੀ ਨੂੰ ਧੀਰਜ ਦੇਣ ਵਾਲੇ ਅਤੇ ਧਰਮ ਦਾ ਆਸਰਾ ਗੁਰੂ ਜੀ ਨੇ ਪਾਂਧੇ ਦੇ ਇਹ ਬਚਨ ਸੁਣ ਕੇ ਆਪਣੇ ਕੰਵਲ ਵਰਗੇ ਮੁੱਖ ਤੋਂ ਬਾਣੀ ਦੇ ਕੁਝ ਸ਼ਬਦ ਪਾਂਧੇ ਨੂੰ ਇਸ ਤਰ੍ਹਾਂ ਕਹੇ॥ ੩੧॥

*ਸ੍ਰੀਮੁਖਵਾਕ॥*

*ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥*
*ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥*
*ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥* *(ਪੰਨਾ ੧੫)*

ਜਿਥੇ ਵਡਿਆਈਆਂ, ਸਦੀਵੀ ਪ੍ਰਸੰਨਤਾ ਅਤੇ ਸਦੀਵੀ ਉਤਸ਼ਾਹ ਪ੍ਰਦਾਨ ਹੁੰਦੇ ਹਨ, ਓਥੇ ਜਿਨ੍ਹਾਂ ਦੇ ਦਿਲਾਂ ਅੰਦਰ ਸੱਚਾ ਨਾਮ ਹੈ, ਉਨ੍ਹਾਂ ਦੇ ਚਿਹਰਿਆਂ ਉਤੇ ਮਾਣ-ਪ੍ਰਤਿਸ਼ਟਾ ਦੇ ਤਿਲਕ ਲੱਗਦੇ ਹਨ। ਜੇ ਬੰਦਾ ਰੱਬ ਦੀ ਮਿਹਰ ਦਾ ਪਾਤਰ ਹੋ ਜਾਵੇ ਤਦ ਹੀ ਉਹ ਐਸੀਆਂ ਵਡਿਆਈਆਂ ਪਾਉਂਦਾ ਹੈ, ਪਰ ਵਿਹਲੀਆਂ ਗੱਲਾਂ ਨਾਲ ਕੁਝ ਨਹੀਂ ਮਿਲਦਾ॥੨॥

ਚੌਪਈ- 'ਨਹਿੰ ਪਾਧਾ ਉਰ ਧਾਰਹੁ ਐਸੇ। ਅਗਜਾਨੀ ਨਰ ਮਰਿ ਹੈ ਜੈਸੇ।
ਸਹਿ ਸ਼ੋਕਨ ਸੌਂ ਮਰਨਾ ਤਿਨਕੋ। ਜਨਮ ਜੋਨਿ ਪੁਨ ਪੁਨ ਤਿਨ,ਗਨਕੋ ॥੩੨॥

"ਹੇ ਪਾਂਧੇ! ਹਿਰਦੇ ਵਿਚ ਇਸ ਤਰ੍ਹਾਂ ਧਾਰਨ ਕਰੋ, ਜਿਸ ਤਰ੍ਹਾਂ ਇਕ ਮੂਰਖ ਵਿਅਕਤੀ ਮਰਦਾ ਹੈ। ਉਹ ਦੁੱਖਾਂ ਸਮੇਤ ਮਰ ਜਾਂਦੇ ਹਨ ਅਤੇ ਬਾਰ-ਬਾਰ ਜਨਮ ਲੈਂਦੇ ਹਨ ਉਨ੍ਹਾਂ ਦੇ ਪੁਨਰ ਜਨਮਾਂ ਦੀ ਗਿਣਤੀ ਨਹੀਂ ਹੋ ਸਕਦੀ॥ ੩੨॥

ਨਿਤ ਚਿਤ ਹਰਖਤਿ ਸੰਤ ਸੁਖੈਨਾ। ਜਮਦੂਤਨਿ ਤੇ ਤਿਨ ਮਨਿ ਭੈ ਨਾ।
ਸਦ ਖੁਸ਼ੀਆ ਚਿਤ ਚਾਉ ਘਨੇਰਾ। ਜਪਤਿ ਨਾਮ ਹਰਿ ਹੇਰਹਿਂ ਨੇਰਾ॥ ੩੩॥

ਪਰ ਸੰਤ ਪੁਰਸ਼ ਸਦਾ ਪ੍ਰਸੰਨ ਅਤੇ ਸੁਖੀ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ ਜਮਦੂਤਾਂ ਦਾ ਕੋਈ ਭੈ ਨਹੀਂ ਹੁੰਦਾ। ਉਨ੍ਹਾਂ ਦਾ ਦਿਲ ਸਦੀਵੀ ਖ਼ੁਸ਼ੀਆਂ ਨਾਲ ਭਰਿਆ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਹਰ ਵੇਲੇ ਬਹੁਤ ਚਾਅ ਚੜ੍ਹਿਆ ਰਹਿੰਦਾ ਹੈ। ਨਾਮ ਜਪਣ ਕਰਕੇ ਉਨ੍ਹਾਂ ਨੂੰ ਪ੍ਰਭੂ ਸਦਾ ਆਪਣੇ ਅੰਗ-ਸੰਗ ਦਿੱਸਦਾ ਹੈ॥ ੩੩॥

ਚਿਤ ਅਚਿੰਤ ਤਨ ਤਜਿ ਜਬ ਜਾਈਂ। ਆਗੇ ਮਿਲਹਿ ਤਿਨਹਿ ਵਡਿਆਈ।
ਜਸੁ ਕੇ ਨਿਕਸਹਿਂ ਮਸਤਕ ਟੀਕਾ। ਸੁ ਜਨ ਭਜਨ ਮਹਿਂ ਜਿਨ ਮਨ ਨੀਕਾ॥ ੩੪॥

ਜਦ ਇਸ ਡਰ-ਰਹਿਤ ਅਵਸਥਾ ਵਿਚ ਉਹ ਸਰੀਰ ਛੱਡ ਕੇ ਚਲੇ ਜਾਂਦੇ ਹਨ ਤਾਂ ਅਗਲੀ ਦੁਨੀਆਂ ਵਿਚ ਉਹ ਬਹੁਤ ਵਡਿਆਈਆਂ ਪਾਉਂਦੇ ਹਨ। ਉਹ ਭਲੇ ਪੁਰਸ਼ ਜਿਨ੍ਹਾਂ ਦਾ ਮਨ ਹਰ ਸਮੇਂ ਪ੍ਰਭੂ ਭਜਨ ਵਿਚ ਜੁੜਿਆ ਰਹਿੰਦਾ ਹੈ ਅਗਲੀ ਦੁਨੀਆਂ ਵਿਚ ਉਨ੍ਹਾਂ ਦੇ ਮੱਥੇ ਤੇ ਜੱਸ ਦਾ ਤਿਲਕ ਲੱਗਦਾ ਹੈ॥ ੩੪॥

ਦੋਹਰਾ- ਸ੍ਰੀ ਪਰਮੇਸ਼ੁਰ ਅਤਿ ਦਯਾ ਜਿਹ ਨਰ ਪ੍ਰਾਪਤਿ ਨਾਮ।
ਬਾਤੈਂ ਬਕਨੀ ਬਦਨ ਤੇ ਬਾਤ ਸਰਸ ਬਿਨਕਾਮ॥ ੩੫॥

ਪ੍ਰਭੂ ਦੀ ਜਿਸ ਵਿਅਕਤੀ ਤੇ ਅਤਿ ਮਿਹਰ ਹੁੰਦੀ ਹੈ, ਉਸ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਮੁੱਖ ਤੋਂ ਹੋਰ ਗੱਲਾਂ ਕਰਨੀਆਂ ਹਵਾ ਦੇ ਸਮਾਨ ਹਨ, ਭਾਵ-ਫ਼ਜ਼ੂਲ ਹਨ॥ ੩੫॥

ਚੌਪਈ- ਸੁਨਿ ਸੁਨਿ ਸ੍ਰੌਨਨ ਬੈਨਨਿ ਪਾਧਾ। ਨਿਜ ਚਿਤ ਅਹਿ ਲਖਿ ਮੰਤ੍ਰਨ ਬਾਧਾ।
ਤਜੌਂ ਤਜੌਂ ਨੰਮ੍ਰਿ ਹੋਇ ਬਰ ਬਾਨੀ। ਬੂਝਨ ਹੇਤ ਬਦਹਿ ਸੁਖਦਾਨੀ॥ ੩੬॥

ਗੁਰੂ ਜੀ ਦੀ ਬਾਣੀ ਆਪਣੇ ਕੰਨਾਂ ਨਾਲ ਸੁਣ ਕੇ, ਪਾਂਧਾ ਇੰਝ ਕੀਲਿਆ ਗਿਆ ਜਿਵੇਂ ਸੱਪ ਕੀਲਿਆ ਜਾਂਦਾ ਹੈ। ਸੁੱਖਾਂ ਦੇ ਦਾਤੇ, ਗੁਰੂ ਜੀ, ਪਾਂਧੇ ਨੂੰ ਸਮਝਾਉਣ ਵਾਸਤੇ ਸ੍ਰੇਸ਼ਟ ਬਾਣੀ ਦਾ ਉਚਾਰਨ ਕਰ ਰਹੇ ਹਨ॥ ੩੬॥

'ਪਾਤਸ਼ਾਹ ਭੂਪਤਿ ਇਕ ਕੀਤੇ। ਚਿਤ ਮਹਿ ਕਬ ਭਗਵੰਤ ਨ ਪ੍ਰੀਤੇ।
ਬਿਲਸਤਿ ਜਗਤ ਬਿਸਾਲ ਬਿਲਾਸਾ। ਰਿਦੇ ਨ ਕਦੇ ਨਾਮ ਭਰਵਾਸਾ॥ ੩੭॥

'ਬਾਦਸ਼ਾਹ ਅਤੇ ਵੱਡੇ-ਵੱਡੇ ਰਾਜੇ ਜਿਨ੍ਹਾਂ ਦੇ ਮਨ ਵਿਚ ਪ੍ਰਭੂ ਨਾਲ ਪ੍ਰੀਤ ਨਹੀਂ, ਉਹ ਅਖੀਰ ਖੇਹ ਹੋ ਜਾਂਦੇ ਹਨ। ਉਹ ਹਮੇਸ਼ਾਂ ਜਗਤ ਦੇ ਭੋਗਾਂ ਬਿਲਾਸਾਂ ਵਿਚ ਫਸੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਭਰਵਾਸਾ ਨਹੀਂ ਹੁੰਦਾ॥ ੩੭॥

ਨਿਸ ਬਾਸੁਰ ਐਸ਼ਨ ਮਹਿਂ ਐਸੇ। ਉਤਪਲ ਮਹਿਂ ਅਲਿ ਮਿਲਵਤਿ ਜੈਸੇ।
ਅੰਤ ਸਮਾਂ ਨਹਿ ਸਿਮਰਹਿਂ ਸੋਊ। ਜਥੋਂ ਅਘ ਲਖਤਿ ਨ ਲੋਲਪ ਕੋਊ॥ ੩੮॥

ਦਿਨ ਰਾਤ ਐਸ਼ ਵਿਚ ਇੰਝ ਜਕੜੇ ਰਹਿੰਦੇ ਹਨ ਜਿਵੇਂ ਕੰਵਲ ਨੂੰ ਭੌਰਾ ਚੰਬੜਦਾ ਹੈ, ਭਾਵ-ਮਿਲਦਾ ਹੈ। ਉਹ ਆਪਣੇ ਅੰਤ ਸਮੇਂ ਵੀ ਸਿਮਰਨ ਨਹੀਂ ਕਰਦੇ, ਭਾਵ-ਪ੍ਰਭੂ ਨੂੰ ਨਹੀਂ ਜਾਣਦੇ, ਜਿਵੇਂ ਪਾਪ ਦੇ ਲੰਪਟਾਂ ਨੂੰ ਕੋਈ ਜਾਣ ਨਹੀਂ ਸਕਦਾ॥ ੩੮॥

ਦੋਹਰਾ- ਜਿਨ ਦੀਨੋ ਤਨ ਮਨ ਧਨੰ ਤਿਸਤੇ ਅਸ ਅਨਜਾਨ।
ਦਾਦੁਰ ਕਰਦਮ ਮੱਧ ਮਿਲ ਕੀਮਿ ਨ ਕਮਲ ਪਛਾਨ॥ ੩੯॥

ਜਿਨ੍ਹਾਂ ਨੇ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਥਾਂ ਆਪਣਾ ਤਨ, ਮਨ, ਧਨ ਅਰਪਣ ਕਰ ਦਿੱਤਾ ਹੈ ਉਹ ਐਸੇ ਅਣਜਾਣ ਹਨ ਜਿਵੇਂ ਡੱਡੂ ਚਿਕੜ ਵਿਚ ਰਹਿ ਕੇ ਕੰਵਲ ਦੀ ਕੀਮਤ ਨਹੀਂ ਸਮਝ ਸਕਦਾ॥ ੩੯॥

ਚੌਪਈ- ਬਿਸਰੈ ਬੈਸ ਬਿਹਾਵਹਿ ਸਭਿਹੀ। ਨਾਮ ਨ ਚਿਤ ਮਹਿਂ ਬਿਤਵਜੇ ਕਬਹੀ।
ਸੁਖਸੋਂ ਬਿਸ੍ਰ ਬਸਹਿਂ ਬਸੁ ਸੇਤੀ। ਰਿਦੇ ਕਦਾਚਿਤ ਸੁਧ ਨ ਅਗੇਤੀ ॥੪੦॥

ਪ੍ਰਭੂ ਨੂੰ ਵਿਸਾਰ ਕੇ ਸਾਰੇ ਆਪਣੀ ਉਮਰ ਵਿਅਰਥ ਹੀ ਗਵਾ ਰਹੇ ਹਨ। ਨਾਮ ਨੂੰ ਕਦੀ ਚਿਤ ਵਿਚ ਵਸਾਉਂਦੇ ਨਹੀਂ, ਸੁੱਖ ਖਾਤਰ ਸੰਸਾਰ ਵਿਚ ਪਦਾਰਥਾਂ ਨਾਲ ਪਿਆਰ ਕਰਦੇ ਹਨ। ਹਿਰਦੇ ਵਿਚ ਕਦੀ ਵੀ ਅੱਗੇ ਬਾਰੇ ਨਹੀਂ ਸੋਚਿਆ॥ ੪੦॥

"ਇਹ ਸਥਾਨ ਕੈਸੇ ਸੁਖ ਪਾਵਹਿਂ। ਕੋ ਬਿਧਿ ਹੋਤਿ ਅਗਾਰੀ ਜਾਵਹਿਂ?
ਰਿਦੈ ਸੰਦੇਹ ਭਏ ਮੁਝ ਦੋਊ। ਉੱਤਰ ਦੇਹੁ, ਦਯਾਨਿਧਿ ਸੋਊ" ॥੪੧॥

ਪਾਂਧੇ ਨੇ ਕਿਹਾ, "ਇਸ ਦੁਨੀਆਂ ਵਿਚ ਰਹਿ ਕੇ ਕਿਵੇਂ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ? ਕਿਸ ਵਿਧੀ ਅਨੁਸਾਰ ਅਗਲੀ ਦੁਨੀਆਂ ਵਿਚ ਜਾਈਏ? ਮੇਰੇ ਹਿਰਦੇ ਵਿਚ ਇਹ ਦੋ ਸੰਸੇ ਹਨ। ਹੇ ਦਇਆ ਦੇ ਭੰਡਾਰ! ਮੈਨੂੰ ਇਸ ਗੱਲ ਦਾ ਉੱਤਰ ਦੇਵੋ" ॥ ੪੧॥

ਅਸ ਸੁਨਿ ਕਰਿ ਉਤਪਲ ਦਲ ਲੋਚਨ। ਉਚਰੇ ਬਚਨ ਰੁਚਿਰ ਦੁਖ ਮੋਚਨ।
ਜਗਤ ਪਦਾਰਥ ਹਿਤ ਬੈਰਾਗਾ। ਤ੍ਰਿਤਿਯ ਸ਼ਬਦ ਪਦ ਲਖਤਿ ਸਭਾਗਾ ॥੪੨॥

ਇਹ ਗੱਲ ਸੁਣ ਕੇ ਕੰਵਲ ਦੀਆਂ ਪਤੀਆਂ ਵਰਗੀਆਂ ਅੱਖਾਂ ਵਾਲੇ, ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਜਿਸ ਨੂੰ ਜਗਤ ਦੇ ਪਦਾਰਥਾਂ ਨਾਲ ਕੋਈ ਮੋਹ ਨਹੀਂ ਹੈ, ਉਸ ਸੁਭਾਗੇ ਗੁਰੂ ਜੀ ਨੇ ਸ਼ਬਦ ਦੀ ਤੀਸਰੇ ਪਦ ਨੂੰ ਲਿਖਿਆ ॥ ੪੨॥

ਸ੍ਰੀ ਮੁਖਵਾਕ॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥ ੩॥

ਕਈ ਆਉਂਦੇ ਹਨ, ਕਈ ਜਾਂਦੇ ਹਨ, ਕਈ ਬੜੇ ਉੱਚੇ ਨਾਂ ਰਖਵਾਉਂਦੇ ਹਨ। ਕਈ ਭਿਖਾਰੀ ਪੈਦਾ ਹੋਏ ਹਨ ਅਤੇ ਕਈ ਉੱਚੀਆਂ ਪਦਵੀਆਂ ਵਾਲੇ ਕਚਹਿਰੀਆਂ ਲਾਉਂਦੇ ਹਨ। ਪਰ ਅਗਲੀ ਦੁਨੀਆਂ ਵਿਚ ਜਾ ਕੇ ਆਦਮੀ ਅਨੁਭਵ ਕਰੇਗਾ ਕਿ ਨਾਮ ਦੇ ਬਾਝ ਉਹ ਬੇਕਾਰ ਹੈ॥ ੩॥

ਦੋਹਰਾ- 'ਤਪ ਕਿਯ ਜਿਨਹਿਂ ਸਬਾਸ਼ਨਾ ਜਨਮ ਅਨਤ ਧਰਿ ਸੋਇ।
ਪਾਇ ਰਾਜ ਜਗ ਬਿਖੈ ਫਸਿ ਨਰਕ ਗਮਨ ਪੁਨ ਹੋਇ॥ ੪੩॥

ਜਿਹੜੇ ਕਿਸੇ ਵਾਸ਼ਨਾ ਨੂੰ ਮੁੱਖ ਰੱਖ ਕੇ ਤਪ ਕਰਦੇ ਹਨ ਉਹ ਹੋਰ ਅਨੇਕਾਂ ਜਨਮ ਧਾਰਨ ਕਰਨਗੇ। ਭਾਵੇਂ ਜਗਤ ਵਿਚ ਉਹ ਰਾਜ ਸਿੰਘਾਸਣ ਤੇ ਵੀ ਬਿਰਾਜਮਾਨ ਹੋ ਜਾਣਗੇ ਪਰ ਅਗਲੀ ਦੁਨੀਆਂ ਵਿਚ ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ॥ ੪੩॥

ਚੌਪਈ- ਪਾਤਸ਼ਾਹਿ ਰਖੀਅਹਿ ਇਕ ਨਾਮ। ਇਕ ਜਾਚਿਕ ਜਾਚਹਿਂ ਤਿਨ ਧਾਮ।
ਕਿੰਚਤ ਦਿਨ ਕੇ ਇਹਾਂ ਬਿਲਾਸਾ। ਫਸਜੇ ਮੰਦ ਬਿਸਰਜੇ ਜਮ ਤ੍ਰਾਸਾ ॥੪੪॥

ਕਈ ਆਪਣੇ ਆਪ ਨੂੰ ਬਾਦਸ਼ਾਹ ਜਾਂ ਸਰਦਾਰ ਅਖਵਾਉਂਦੇ ਹਨ, ਕਈ ਮੰਗਤੇ ਉਨ੍ਹਾਂ ਦੇ ਘਰ ਆਉਂਦੇ ਹਨ। ਥੋੜੇ ਦਿਨ ਭੋਗ ਬਿਲਾਸ ਕਰਦੇ ਹਨ। ਗੰਦਗੀ ਵਿਚ ਫਸ ਗਏ ਹਨ ਅਤੇ ਜਮਾਂ ਦਾ ਡਰ ਭੁੱਲ ਗਏ ਹਨ॥ ੪੪॥

ਆਗੇ ਗਏ ਰਿਦੇ ਤਬ ਜਾਨੈ। ਮੀਜਪਾਨ ਸਿਰ ਧੁਨਿ ਪਛੁਤਾਨੈ।
ਮਹਿਮਾ ਨਾਮ ਭਜਨ ਕੀ ਜੋਊ। ਤਬ ਚਿਤਵਤਿ, ਨਿਤ ਵਿਸਰਜੇ ਸੋਊ ॥੪੫॥

ਜਦ ਅਗਲੀ ਦੁਨੀਆਂ ਵਿਚ ਪੁੱਜੇ, ਤਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਭੁੱਲ ਕੀਤੀ ਹੈ। ਫਿਰ ਹੱਥ ਮਲ ਕੇ ਅਤੇ ਸਿਰ ਫੇਰ ਕੇ ਪਛਤਾਉਂਦੇ ਹਨ। ਨਾਮ ਅਤੇ ਭਜਨ ਦੀ ਜੋ ਮਹਿਮਾ ਹੈ ਫਿਰ ਉਨ੍ਹਾਂ ਦੇ ਚੇਤੇ ਆਉਂਦੀ ਹੈ, ਜਿਸ ਨੂੰ ਉਨ੍ਹਾਂ ਸਦਾ ਵਿਸਾਰ ਛੱਡਿਆ ਹੈ॥ ੪੫॥

ਅਨਿਕ ਤਾੜਨਾ ਤਾਰਨ ਕਰਿਹੀਂ। ਗਰ ਮਹਿਂ ਗਰੂਏ ਸੰਗਰ ਪਰਿਹੀਂ।
ਤਪਤ ਥੰਮ ਸੋਂ ਐਂਚ ਲਗਾਵੈਂ। ਤੇਲ ਕੜਾਹ ਤਪਤ ਮਹਿਂ ਪਾਵੈਂ॥ ੪੬॥

ਫਿਰ ਸਜ਼ਾ ਦੇਣ ਵਾਲੇ ਅਨੇਕ ਪ੍ਰਕਾਰ ਦੀਆਂ ਤਾੜਨਾਵਾਂ ਕਰਦੇ ਹਨ। ਗਲ ਵਿਚ ਭਾਰੇ ਸੰਗਲ ਪਾਉਂਦੇ ਹਨ। ਤੱਤੇ ਥੰਮ੍ਹ ਦੇ ਨਾਲ ਖਿੱਚ ਕੇ ਲਾਉਂਦੇ ਹਨ। ਤਪਦੇ ਤੇਲ ਦੇ ਕੜਾਹੇ ਵਿਚ ਸੁੱਟਦੇ ਹਨ॥ ੪੬॥

ਦੋਹਰਾ- ਲੋਹਿ ਖੰਡ ਕਰਿ ਅਗਨਵਤ ਮੁਖ ਪਾਵਹਿਂ, ਕਰਿਮਾਰ।
ਦਾਰੁਨ ਦੁਖਿਤਿ ਪੁਕਾਰਹੀਂ ਕੋਇ ਨ ਸੁਨਹਿਂ ਪੁਕਾਰ॥ ੪੭॥

ਲੋਹੇ ਦੇ ਟੁਕੜੇ ਗਰਮ ਕਰਕੇ ਸਜ਼ਾ ਦੇਣ ਲਈ ਮੂੰਹ ਵਿਚ ਪਾਉਂਦੇ ਹਨ। ਅਤਿ ਭਿਆਨਕ ਕਸ਼ਟਾਂ ਤੋਂ ਦੁਖੀ ਹੋ ਕੇ ਆਦਮੀ ਪੁਕਾਰ ਕਰਦਾ ਹੈ, ਪਰ ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਸੁਣਦਾ॥ ੪੭॥

ਚੌਪਈ- ਇੱਤਜਾਦਿਕ ਦੁਖ ਨਰਕ ਅਨੇਕਾ। ਪਾਵਹਿਂ ਨਾਮ ਹੀਨ ਅਵਿਵੇਕਾ।
ਕਰਤਿ ਵਿਕਾਰਨ ਬੈਸ ਬਿਤਾਈ। ਕਬਹੁੰ ਨ ਸਿਮਰਨ ਮਹਿਂ ਲਿਵ ਲਾਈ॥੪੮॥

ਨਰਕਾਂ ਵਿਚ ਅਜਿਹੇ ਅਨੇਕਾਂ ਦੁੱਖ ਹਨ। ਨਾਮ ਵਿਹੂਣੇ ਅਤੇ ਅਗਿਆਨੀ ਅਜਿਹੇ ਦੁੱਖ ਪਾਉਂਦੇ ਹਨ। ਵਿਕਾਰਾਂ ਵਿਚ ਸਾਰੀ ਆਰਜਾ ਬਿਤਾ ਦਿੱਤੀ। ਕਦੀ ਵੀ ਪ੍ਰਭੂ ਨਾਮ ਸਿਮਰਨ ਵਿਚ ਲਿਵ ਨਾ ਲਾਈ॥ ੪੮॥

ਜਿਉਂ ਤਸਕਰ ਕੋ ਤ੍ਰਾਸਤਿ ਵੇਰੀ। ਕੋ ਨ ਛੁਰਾਵਹਿ ਅਵਗੁਨ ਹੇਰੀ।
ਤਿਉ ਯਮ ਕੈ ਢਿਗ ਗਹਜੋ ਇਕੇਲਾ। ਅਨਿਕ ਜਾਤਨਾ ਮਾਹਿਂ ਦੁਹੇਲਾ॥੪੯॥

ਜਿਵੇਂ ਚੋਰ ਨੂੰ ਮਾਰ ਪੈਂਦੀ ਵੇਖ ਕੇ ਕੋਈ ਵੀ ਛੁਡਾਉਣ ਨਹੀਂ ਆਉਂਦਾ। ਇਸ ਤਰ੍ਹਾਂ ਮਨੁੱਖ ਨੂੰ ਵੀ ਯਮ ਨੇ ਇਕੱਲੇ ਨੂੰ ਫੜਿਆ ਹੁੰਦਾ ਹੈ ਅਤੇ ਅਨੇਕ ਪ੍ਰਕਾਰ ਦੀਆਂ ਸਜ਼ਾਵਾਂ ਪਾ ਕੇ ਦੁਖੀ ਹੁੰਦਾ ਹੈ। ਉਥੇ ਉਸ ਨੂੰ ਛੁਡਾਉਣ ਵਾਲਾ ਕੋਈ ਨਹੀਂ ਹੁੰਦਾ॥ ੪੯॥

ਦੋਹਰਾ- ਸੁਤ ਬਨਿਤਾਦਿਕ ਰਾਜ ਸੁਖ ਸੁਭਿਹਿ ਪਦਾਰਥ ਪਾਸ।
ਬੈਸ ਬਿਹਾਵਹਿ ਨਾਮ ਬਿਨੁ ਮਯਾ ਨ ਪ੍ਰਭੁ ਕੀ ਤਾਸੁ॥ ੫੦॥

ਪੁੱਤਰ, ਇਸਤਰੀ ਆਦਿ ਰਾਜ ਸੁੱਖ ਸਾਰੇ ਪਦਾਰਥ ਉਸ ਦੇ ਪਾਸ ਹਨ। ਨਾਮ ਤੋਂ ਬਗੈਰ ਉਹ ਆਪਣੀ ਆਯੂ ਵਿਅਰਥ ਗਵਾ ਦਿੰਦਾ ਹੈ, ਪ੍ਰਭੂ ਦੀ ਉਸ ਉਤੇ ਕਿਰਪਾ ਨਹੀਂ ਹੁੰਦੀ॥ ੫੦॥

ਪਾਂਧੇ ਸੁਨਿ ਸ਼੍ਰੋਨਨਿ ਬਿਖੈ ਚਮਕੀ ਚੌਂਪ ਅਪਾਰ।
ਗੁਰੁ ਬਚ ਅੰਕੁਸ, ਨਾਗ ਮਨ ਲਖਿਕਰਿ ਤਿਹ ਅਨੁਸਾਰਿ॥ ੫੧॥

ਗੁਰੂ ਜੀ ਦੀ ਬਾਣੀ ਸੁਣ ਕੇ ਪਾਂਧੇ ਦੇ ਮਨ ਵਿਚ ਅਪਾਰ ਲਾਲਸਾ ਜਾਗੀ। ਗੁਰੂ ਜੀ ਦੇ ਬਚਨਾ ਨੇ ਉਸ ਦੇ ਮਨ ਵਿਚ ਕਈ ਪ੍ਰਕਾਰ ਦੀ ਉਥਲ-ਪੁਥਲ ਮਚਾ ਦਿੱਤੀ॥ ੫੧॥

ਚੌਪਈ- 'ਕਲਾਵਾਨ ਤੁਮ, ਮੈਂ ਮਨ ਜਾਨੇ। ਰੁਚਿਰ ਬਚਨ ਦਾਨੀ ਕਲਜਾਨੇ।
ਇਕ ਸ਼ੰਕਾ ਸੋ ਸ਼ੰਕਤਿ ਮਨ ਹੈ। ਉੱਤਰ ਦੇਹੁ, ਲਖਜੋ ਗੁਰੂ ਜਨ ਹੈ॥ ੫੨॥

ਪਾਂਧਾ ਕਹਿਣ ਲੱਗਾ, "ਤੁਸੀ ਬੜੇ ਕਲਾਵਾਨ ਹੋ, ਮੇਰੇ ਮਨ ਨੇ ਹੁਣ ਜਾਣ ਲਿਆ ਹੈ। ਤੁਹਾਡੇ ਮਨੋਹਰ ਬਚਨ ਮੁਕਤੀ ਦੇਣ ਵਾਲੇ ਹਨ, ਪਰ ਇਕ ਸ਼ੰਕਾ ਮੇਰੇ ਮਨ ਵਿਚ ਹਾਲੇ ਵੀ ਹੈ, ਇਸ ਦਾ ਵੀ ਉੱਤਰ ਦੇਵੋ, ਮੈਂ ਆਪ ਨੂੰ ਗੁਰੂ ਜਾਣਿਆ ਹੈ॥ ੫੨॥

ਜੇ ਸੁਲਤਾਨ ਖਾਨ ਫਸਿ ਨੇਹੂ। ਨਾਮ ਸਮਾਰਹਿਂ ਭੂਲ ਨ ਕੇਹੂ।
ਤਿਨਕੋ ਕਿਉਂ ਭੈ ਦੇਤਿ ਨ ਸ੍ਵਾਮੀ ? ਜਾਂਤੇ ਸਿਮਰਹਿਂ ਅੰਤਰਜਾਮੀ ॥ ੫੩ ॥

ਜੋ ਰਾਜੇ ਮਹਾਰਾਜੇ ਮੋਹ ਵਿਚ ਫਸ ਜਾਂਦੇ ਹਨ। ਨਾਮ ਸਿਮਰਦੇ ਹਨ ਅਤੇ ਕੋਈ ਭੁੱਲ ਨਹੀਂ ਕਰਦੇ, ਉਨ੍ਹਾਂ ਨੂੰ ਮਾਲਕ ਕਿਉਂ ਭੈਭੀਤ ਨਹੀਂ ਕਰਦਾ ? ਤਾਂਕਿ ਅੰਤਰਜਾਮੀ ਵਾਹਿਗੁਰੂ ਦਾ ਸਿਮਰਨ ਕਰਨ॥ ੫੩ ॥

ਨਿਰਭੈ ਬਿਖ਼ਿਯਨਿ ਮਹਿਂ ਰਚਿ ਮਾਨਵ। ਭੂਲੇ ਭਜਨ ਨੈਕ ਨਹਿਂ ਜਾਨਵ।
ਮਨ ਕੀ ਤਨ ਧਨ ਮਹਿਂ ਅਤਿ ਪ੍ਰੀਤੂ। ਤਜਿ ਨ ਸਕਹਿਂ ਚਿਤ ਦ੍ਰਿਢ ਪਰਤੀਤੂ ॥੫੪ ॥

ਭੈ-ਰਹਿਤ ਹੋ ਕੇ ਮਨੁੱਖ ਵਿਸ਼ਿਆਂ ਵਿਚ ਰਚ ਰਿਹਾ ਹੈ। ਭਜਨ ਬੰਦਗੀ ਨੂੰ ਭੁੱਲਿਆ ਹੋਇਆ ਹੈ ਅਤੇ ਪਰਮਾਤਮਾ ਨੂੰ ਥੋੜਾ ਵੀ ਨਹੀਂ ਜਾਣਦਾ। ਉਸ ਦੇ ਮਨ ਦੀ ਤਨ ਅਤੇ ਧਨ ਨਾਲ ਪ੍ਰੀਤ ਹੈ, ਇਹ ਪ੍ਰੀਤ ਉਹ ਛੱਡ ਨਹੀਂ ਸਕਦਾ ਅਤੇ ਚਿੱਤ ਵਿਚ ਦ੍ਰਿੜ੍ਹ ਪ੍ਰਤੀਤ ਹੈ॥ ੫੪ ॥

ਦੋਹਰਾ- ਥਿਰਤਾ ਸੀ ਸੰਸਾਰ ਮਹਿਂ ਲਖਿ ਸੰਚਤਿ ਅਤਿ ਆਥ''।
ਸੁਨਤਿ ਸ਼੍ਰੋਨ ਆਨਨ ਭਨਤਿ ਨਾਨਕ ਦੀਨਾਨਾਥ॥ ੫੫ ॥

ਉਹ ਸਮਝਦਾ ਹੈ ਕਿ ਸੰਸਾਰ ਸਦਾ ਰਹਿਣ,ਵਾਲਾ ਹੈ, ਇਸ ਲਈ ਬਹੁਤ ਧਨ ਇਕੱਠਾ ਕਰਦਾ ਹੈ''। ਪਾਂਧੇ ਦੀ ਇਹ ਵਾਰਤਾ ਸੁਣ ਕੇ ਦੀਨ ਦੁਖੀਆਂ ਦੇ ਮਾਲਕ ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਉਚਾਰਨ ਕੀਤੀ॥ ੫੫ ॥

*ਸ੍ਰੀ ਮੁਖਵਾਕ॥*

*ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥*
*ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥*
*ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥ ੪॥* (ਪੰਨਾ ੧੬)

ਹੇ ਪ੍ਰਭੂ ! ਮੈਂ ਤੇਰੇ ਡਰ ਕਾਰਨ ਬਹੁਤ ਸਹਿਮਿਆ ਹੋਇਆ ਹਾਂ ਅਤੇ ਦੁੱਖਾਂ ਤੋਂ ਵਿਆਕੁਲ ਹੋ ਕੇ ਮੇਰਾ ਸਰੀਰ ਨਸ਼ਟ ਹੋ ਰਿਹਾ ਹੈ। ਜਿਨ੍ਹਾਂ ਦੇ ਨਾਮ ਸੁਲਤਾਨ ਖਾਂ ਹਨ, ਉਹ ਵੀ ਮਿੱਟੀ ਹੁੰਦੇ ਵੇਖੇ ਹਨ। ਹੇ ਨਾਨਕ ! ਜਦ ਪ੍ਰਾਣੀ ਇਸ ਦੁਨੀਆਂ ਤੋਂ ਕੂਚ ਕਰਦਾ ਹੈ ਤਾਂ ਸਭ ਝੂਠੇ ਪਿਆਰ ਟੁੱਟ ਜਾਂਦੇ ਹਨ॥ ੪ ॥

ਚੌਪਈ- 'ਨਿਸ ਬਾਸੁਰ ਇਸ ਸਰਸ ਡਰਾਯੋ। ਮੰਦ ਮਤੀ ਭਾ ਭੈ ਸੁ ਭੁਲਾਯੋ।
ਛਿਨ ਛਿਨ ਆਯੁਰ ਬੀਤਤਿ ਜਾਈ। ਦਿਨ ਦਿਨ ਦੇਹਿ ਦਸ਼ਾ ਪਲਟਾਈ ॥੫੬ ॥

'ਦਿਨ ਰਾਤ ਬਹੁਤ ਡਰਾਉਂਦਾ ਹੈ। ਭੈੜੀ ਬੁੱਧੀ ਵਾਲਾ ਹੋ ਕੇ ਰੱਬ ਦੇ ਭੈ ਨੂੰ ਭੁੱਲ ਗਿਆ ਹੈ। ਥੋੜੀ-ਥੋੜੀ ਕਰਕੇ ਉਮਰਾ ਬੀਤਦੀ ਜਾਂਦੀ ਹੈ। ਦਿਨ-ਦਿਨ ਸਰੀਰ ਦੀ ਹਾਲਤ ਬਦਲਦੀ ਜਾਂਦੀ ਹੈ॥ ੫੬ ॥

ਬਿਖ਼ਿਯਨ ਮਹਿਂ ਖਪਿ ਬਹੁ ਕਰਿ ਨੇਹਾ। ਅੰਤਿਕਾਲ ਮਹਿਂ ਛੀਜਤਿ ਦੇਹਾ।
ਨਾਉਂ ਖਾਨ ਸੁਲਤਾਨ ਭਨੇਹੀ। ਦ੍ਰਿਸ਼ਟਾਵਤਿ ਹੈਂ ਮਿਲਤੇ ਖੇਹੀ॥ ੫੭ ॥

ਵਿਸ਼ਿਆਂ ਵਿਚ ਗਲਤਾਨ ਹੋ ਗਿਆ ਹੈ ਅਤੇ ਮੋਹ ਜਾਲ ਵਿਚ ਫੱਸ ਗਿਆ ਹੈ। ਅੰਤਕਾਲ ਸਮੇਂ ਦੇਹ ਦਾ ਵਿਨਾਸ਼ ਹੋ ਜਾਣਾ ਹੈ। ਜਿਨ੍ਹਾਂ ਨੂੰ ਸੁਲਤਾਨ ਖਾਂ ਆਖਦੇ ਹਨ, ਉਹ ਵੀ ਮਿੱਟੀ ਵਿਚ ਮਿਲਦੇ ਵੇਖੇ ਗਏ ਹਨ॥ ੫੭ ॥

ਕੂਰੋ ਨੇਹੁ ਦੇਹਿ ਧਨ ਜੋਊ। ਛੋਡਿ ਚਲਜੋ ਬਸੁ ਚਲਤਿ ਨ ਕੋਊ।
ਨਹਿਂ ਜਾਵਹਿ ਇਹ ਸੰਗ ਅਗਾਰੀ। ਜਿਨਹਿ ਹੇਤੁ ਨਿਜ ਬਾਜੀ ਹਾਰੀ ॥੫੮ ॥

ਸਰੀਰ ਅਤੇ ਧਨ ਨਾਲ ਪਿਆਰ ਬਿਲਕੁਲ ਝੂਠਾ ਅਤੇ ਕੂੜ ਹੈ। ਇਸ ਸਭ ਕੁਝ ਨੂੰ ਛੱਡ ਕੇ ਚਲੇ ਜਾਂਦਾ ਹੈ ਤੇ ਕੁਝ ਵੀ

ਵੱਸ ਨਹੀ ਚਲਦਾ। ਕੋਈ ਵੀ ਵਸਤੂ ਅਗਲੀ ਦੁਨੀਆਂ ਵਿਚ ਨਾਲ ਨਹੀ ਜਾਂਦੀ। ਜਿਨ੍ਹਾਂ ਦੇ ਪਿਆਰ ਵਿਚ ਆਪਣੀ ਬਾਜ਼ੀ ਹਾਰ ਗਿਆ ਹੈ, ਭਾਵ-ਪ੍ਰਭੂ ਦਾ ਨਾਮ ਜਪ ਕੇ ਆਪਣੇ ਜੀਵਨ ਨੂੰ ਸੰਵਾਰਿਆ ਨਹੀਂ ਹੈ॥ ੫੮॥

ਦੋਹਰਾ- ਗਜਾਨਹੀਨ ਅੱਗਜਾਨ ਮਹਿ ਨਹਿ ਜਾਨਹਿ ਨਿਜ ਕਾਲ।
ਨੈਨਹੀਨ ਜਿਉਂ ਜਾਤਿ ਹੈ ਸਾਮੁਹਿ ਸਰਪ ਬਿਸਾਲ॥ ੫੯॥

ਮੂਰਖ ਨੇ ਮੂਰਖਤਾ-ਵੱਸ ਆਪਣੀ ਮੌਤ ਨੂੰ ਨਹੀਂ ਜਾਣਿਆ ਹੈ, ਜਿਵੇਂ ਅੰਨ੍ਹਾ ਆਦਮੀ ਵੱਡੇ ਸੱਪ ਦੇ ਸਾਹਮਣੇ ਲੰਘ ਜਾਂਦਾ ਹੈ॥ ੫੯॥

ਚੌਪਈ- ਕਰੁਨਾ ਕਰ ਸਤਿਗੁਰੁ ਜਿਸੁ ਭੇਟੈ। ਤਿਹਕੋ ਲਗਹਿ ਨ ਜਮ ਕੀ ਫੇਟੈ।
ਕਰਿ ਉਪਦੇਸ਼ ਗਜਾਨ ਦੇਂ ਨੈਨਾ। ਸਰਪ ਕਾਲ ਕੋ ਕਬ ਤਿਹ ਭੈ ਨਾ॥੬੦॥

ਉਸ ਦੀ ਕਿਰਪਾ ਨਾਲ ਸਤਿਗੁਰੂ ਜਿਸ ਨੂੰ ਮਿਲ ਜਾਂਦਾ ਹੈ, ਉਸ ਨੂੰ ਜਮਾਂ ਦੀਆਂ ਸੱਟਾਂ ਨਹੀਂ ਖਾਣੀਆਂ ਪੈਂਦੀਆਂ। ਸਤਿਗੁਰੂ ਉਪਦੇਸ਼ ਦੇ ਕੇ ਗਿਆਨ ਰੂਪੀ ਅੱਖਾਂ ਬਖਸ਼ਦਾ ਹੈ, ਫਿਰ ਉਸ ਨੂੰ ਮੌਤ ਰੂਪੀ ਸੱਪ ਦਾ ਕੋਈ ਭੈਅ ਨਹੀਂ ਰਹਿੰਦਾ॥ ੬੦॥

ਲਾਗੀ ਨਾਮ ਵਿਖੈ ਲਿਵ ਮਨ ਕੀ। ਚਿਤ ਤੇ ਪ੍ਰੀਤਿ ਤਜੀ ਤਨ ਧਨ ਕੀ।
ਪਰਮਾਰਥ ਮਹਿਂ ਦ੍ਰਿਸ਼ਟਿ ਲਗਾਈ। ਜਗ ਕਾਰਜ ਤੇ ਬ੍ਰਿਤਿ ਉਠਾਈ॥੬੧॥

ਮਨ ਦੀ ਲਿਵ ਹਰ ਵੇਲੇ ਨਾਮ ਨਾਲ ਜੁੜੀ ਰਹਿੰਦੀ ਹੈ ਅਤੇ ਉਸ ਦੇ ਚਿਤ ਨੇ ਸਰੀਰ ਅਤੇ ਧਨ ਦੀ ਪ੍ਰੀਤ ਛੱਡ ਦਿੱਤੀ ਹੈ। ਉਸ ਪਰਮਾਰਥ ਵਿਚ ਆਪਣੀ ਸੁਰਤ ਲਾਈ ਹੋਈ ਹੈ, ਅੱਠੋ ਪਹਿਰ ਦੁਨਿਆਵੀ ਕਾਰਜਾਂ ਤੋਂ ਆਪਣੇ ਮਨ ਨੂੰ ਉਪਰ ਚੁੱਕ ਲਿਆ ਹੈ॥ ੬੧॥

ਦੇਹਾਦਿਕ ਮਿਥਜਾ ਸਭਿ ਜਾਨੇ। ਬਿਸ਼ੈ ਬਾਸ਼ਨਾ ਮਨ ਬਿਸਰਾਨੇ।
ਨਿਜ ਸਰੂਪ ਜੋ ਭਯੋ ਭੁਲਾਵਾ। ਤਿਹ ਜਾਨਨਿ ਕੋ ਚਿਤ ਲਲਚਾਵਾ॥੬੨॥

ਆਪਣੇ ਸਰੀਰ ਨੂੰ ਕੂੜ ਸਮਝਦਾ ਹੈ ਅਤੇ ਵਿਸ਼ੇ ਵਾਸ਼ਨਾਵਾਂ ਨੂੰ ਮਨ ਤੋਂ ਵਿਸਾਰ ਦਿੱਤਾ ਹੈ। ਨਿਜੀ ਸਰੂਪ ਨੂੰ ਜੋ ਭੁਲ ਗਿਆ ਹੈ ਪ੍ਰਭੂ ਨੂੰ ਜਾਣਨ ਵਾਸਤੇ ਮਨ ਲਲਚਾਉਂਦਾ ਹੈ॥ ੬੨॥

ਦੋਹਰਾ- ਸਤਿ ਸੰਗਤ ਕੇ ਸੰਗ ਤੇ ਦ੍ਰਿੜ ਹੋਯੋ ਅਭਜਾਸ।
ਗਯੋ ਭੁਲਾਵਾ ਭਰਮ ਕਾ ਸਹਿਜ ਸੁਖਹਿ ਪਰਕਾਸ਼॥ ੬੩॥

ਸਤਿਸੰਗਤ ਵਿਚ ਰਹਿਣ ਨਾਲ ਦ੍ਰਿੜ ਅਭਿਆਸ ਹੋ ਜਾਂਦਾ ਹੈ, ਮਨ ਦੇ ਸਾਰੇ ਸ਼ੰਕੇ ਮਿਟ ਜਾਂਦੇ ਹਨ ਅਤੇ ਸਹਿਜ ਸੁੱਖ ਦਾ ਪ੍ਰਕਾਸ਼ ਹੁੰਦਾ ਹੈ॥ ੬੩॥

ਚੌਪਈ- ਦੇਹਿ ਦੁਖੀ ਤੇ ਦੁਖ ਨਹਿਂ ਮਾਨਹਿ। ਅਨਿਕ ਬਿਲਾਸਨਿ ਸੁਖ ਨਹਿਂ ਜਾਨਹਿਂ।
ਥਿਰਤਾ ਪਾਇ, ਨ ਡੋਲਹਿ ਸੋਊ। ਰਹੇ ਏਕਰਸ ਦ੍ਵੈਤਹਿ ਖੋਊ॥ ੬੪॥

ਜੇ ਸਰੀਰ ਦੁਖੀ ਹੁੰਦਾ ਹੈ ਤਾਂ ਉਹ ਦੁੱਖ ਨਹੀਂ ਮੰਨਦਾ। ਹੋਰ ਭੋਗ-ਬਿਲਾਸਾਂ ਵਿਚ ਉਹ ਸੁਖ ਨਹੀਂ ਜਾਣਦਾ। ਮਨ ਵਿਚ ਸ਼ਾਂਤ ਹੋ ਜਾਂਦਾ ਹੈ ਅਤੇ ਕਦੇ ਵੀ ਡੋਲਦਾ ਨਹੀਂ। ਇਕ-ਰਸ ਰਹਿ ਕੇ ਦ੍ਵੈਤ ਭਾਵਨਾ ਨੂੰ ਤੱਜ ਦਿੰਦਾ ਹੈ॥ ੬੪॥

ਜਨਮ ਮਰਨ ਤਿਨਤੇ ਛੁਟਿ ਗਏ। ਹਰਿ ਪਦ ਪਾਇ ਮੁਕਤਿ ਸੋ ਭਏ।
ਅਸ ਬਿਧਿ ਪਾਧਾ ! ਰਿਦੇ ਧਰੀਜੈ। ਤਨ ਅਭਿਮਾਨ ਨ ਮੂਲ ਕਰੀਜੈ॥੬੫॥

ਅਜੇਹੇ ਮਨੁੱਖਾਂ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ । ਹਰੀ ਦੀ ਪਦਵੀ ਪਾ ਕੇ ਉਹ ਮੁਕਤ ਹੋ ਜਾਂਦੇ ਹਨ। ਹੇ ਪਾਂਧੇ ! ਇਸ ਵਿਧੀ ਅਨੁਸਾਰ ਹਿਰਦੇ ਵਿਚ ਧਾਰੋ ਤੇ ਸਰੀਰ ਦਾ ਅਭਿਮਾਨ ਬਿਲਕੁਲ ਨਾ ਕਰੋ॥ ੬੫॥

ਹਰਿ ਸਿਮਰਨ ਕਰਿ ਆਪਾ ਹਰੀਏ। ਹਰਿ ਬਿਨੁ ਅਨਤ ਦ੍ਰਿਸ਼ਟਿ ਨਹਿ ਧਰੀਏ।
ਦੁਰਲਭ ਨਰ ਤਨ ਕਰਹੁ ਸਕਾਰਥ। ਪੁਨ ਨ ਜਨਮ, ਪਾਵਹਿ ਪਰਮਾਰਥ ॥੬੬॥

ਹਰੀ ਦਾ ਸਿਮਰਨ ਕਰਕੇ ਹੰਕਾਰ ਨੂੰ ਤੱਜ ਦੇਵੇ ਅਤੇ ਹਰੀ ਤੋਂ ਬਗੈਰ ਹੋਰ ਕਿਸੇ ਨੂੰ ਆਪਣੀ ਦ੍ਰਿਸ਼ਟੀ ਵਿਚ ਨਾ ਲਿਆਵੇ। ਇਹ ਮਨੁੱਖਾ ਜਨਮ ਦੁਰਲੱਭ ਹੈ, ਇਸ ਨੂੰ ਸਫਲ ਕਰੋ ਅਤੇ ਦੁਬਾਰਾ ਫਿਰ ਜਨਮ ਧਾਰਨ ਨਹੀਂ ਕਰਨਾ ਪਵੇਗਾ ਅਤੇ ਜੀਵਨ ਮੁਕਤ ਹੋ ਜਾਵੇਗਾ'' ॥ ੬੬ ॥

ਦੋਹਰਾ- ਸੁਨਿ ਪਾਧਾ ਪਾਇਨ ਪਰਾ 'ਹੌਂ ਸਬੰਧ ਮਤਿਮੰਦ।
ਲਖੀ ਨ ਤੁਵ ਗਤਿ ਜਾਵਹੀ ਭਾ ਅਵਤਾਰ ਮੁਕੰਦ॥ ੬੭ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਪਾਂਧਾ ਪੈਰੀਂ ਪੈ ਗਿਆ ਅਤੇ ਕਹਿਣ ਲੱਗਾ, ''ਅਸੀਂ ਤਾਂ ਮਾੜੀ ਬੁੱਧੀ ਵਾਲੇ ਬੰਧਨ ਵਿਚ ਫਸੇ ਹਾਂ। ਤੁਹਾਡੀ ਤਾਂ ਸ਼ੋਭਾ ਝੱਲੀ ਨਹੀਂ ਜਾ ਰਹੀ। ਤੁਸੀਂ ਤਾਂ ਇਸ ਸੰਸਾਰ ਵਿਚ ਪ੍ਰਭੂ ਦਾ ਅਵਤਾਰ ਅਤੇ ਮੁਕਤੀ ਦਾਤੇ ਹੋ॥ ੬੭॥

ਚੌਪਈ- ਬਦਨ ਗਿਰਾ ਤਵ ਜਿਉਂ ਕਰਵਾਰਾ। ਗਜਾਨ ਸਾਨ ਪਰ ਤੇ ਖਰ ਧਾਰਾ।
ਭਗਤਿ ਮੁਸ਼ਟਿ ਕੇ ਸੰਗ ਜਟੀ ਸੋ। ਦ੍ਰਿਢ ਬੈਰਾਗ ਅਕਾਰ ਘਟੀ ਸੋ ॥ ੬੮ ॥

ਤੁਹਾਡੀ ਬਾਣੀ ਤਲਵਾਰ ਵਾਂਗ ਹੈ, ਜਿਸ ਦੀ ਧਾਰ ਗਿਆਨ ਦੀ ਸਾਣ ਉੱਤੇ ਤਿੱਖੀ ਕੀਤੀ ਹੋਈ ਹੈ। ਭਗਤੀ ਦੀ ਮੁੱਠ ਨਾਲ ਉਹ ਜੜੀ ਹੋਈ ਹੈ ਅਤੇ ਵੈਰਾਗ ਦੇ ਆਕਾਰ ਵਿਚ ਘੜੀ ਹੋਈ ਹੈ॥ ੬੮ ॥

ਜੋ ਸੂਰਾ ਇਸ ਸਨਮੁਖ ਧਾਵਹਿ॥ ਅੰਗ ਅਗਯਾਨ ਤਾਹਿ ਕਟ ਜਾਵਹਿ॥
ਨਿਜ ਸਰੂਪ ਕੀ ਲਖਤਾ ਹੋਈ॥ਤਿਹ ਭਟ ਮਿਲਯੋ ਸੁਰਗ ਸੁਖ ਸੋਈ॥੬੯ ॥

ਜਿਹੜਾ ਸੂਰਮਾ ਇਸ ਦੇ ਸਨਮੁੱਖ ਧਾ ਕੇ ਆਵੇਗਾ, ਉਸ ਦੇ ਅਗਿਆਨ ਰੂਪੀ ਅੰਗ ਕੱਟੇ ਜਾਣਗੇ, ਭਾਵ- ਉਹ ਗਿਆਨਵਾਨ ਹੋ ਜਾਵੇਗਾ। ਨਿਜੀ ਸਰੂਪ ਦੀ ਪਹਿਚਾਣ ਹੋਵੇਗੀ ਅਤੇ ਅਜਿਹੇ ਸੂਰਮੇ ਨੂੰ ਸਵਰਗਾਂ ਦਾ ਸੁਖ ਪ੍ਰਾਪਤ ਹੋਵੇਗਾ॥ ੬੯॥

ਬਿਸ਼ੈ ਫਸੇ ਕਾਤੁਰ ਡਰਪਾਹੀਂ। ਬਿਮੁਖ ਭਏ ਨਹਿ ਧੀਰ ਧਰਾਹੀਂ।
ਗਯੋ ਲੋਕ, ਪਰਲੋਕ ਬਿਗਾਰਾ। ਰਣ ਤਨ ਮਾਨੁਖ ਪਿਛ ਪਗ ਧਾਰਾ॥ ੭੦ ॥

ਵਿਸ਼ਿਆਂ ਵਿਚ ਫਸੇ ਡਰਪੋਕ ਡਰ ਜਾਣਗੇ ਅਤੇ ਬੇਮੁਖ ਹੋਏ ਧੀਰਜ ਧਾਰਨ ਕਰਨਗੇ। ਜਿਨ੍ਹਾਂ ਨੇ ਲੋਕ ਪਰਲੋਕ ਵਿਗਾੜ ਲਿਆ ਹੈ, ਉਨ੍ਹਾਂ ਮਨੁੱਖਾ ਸਰੀਰ ਰੂਪੀ ਯੁੱਧ ਵਿਚ ਪਿਛੇ ਪੈਰ ਹਟਾ ਲਿਆ ਹੈ॥ ੭੦॥

ਦੋਹਰਾ- ਅਕਸਮਾਤ ਕੁਰਨਾ ਕਰੀ ਦੇਖਿ ਦੀਨ ਗਤਿਦਾਨ।
ਲਿਵ ਲਾਗੀ ਮਨ ਭਜਨ ਕੀ ਸੁਨੇ ਬੈਨ ਜਬ ਕਾਨ॥ ੭੧॥

ਜਦ ਮੁਕਤੀ-ਦਾਤੇ ਨੇ ਪਾਂਧੇ ਦੀ ਦੀਨਤਾ ਵੇਖੀ ਤਾਂ ਅਚਣਚੇਤ ਕਿਰਪਾ ਕਰ ਦਿੱਤੀ ਤੇ ਪਾਂਧੇ ਦੇ ਮਨ ਵਿਚ ਭਜਨ ਦੀ ਲਿਵ ਲੱਗ ਗਈ॥ ੭੧॥

ਚੌਪਈ- 'ਤਵ ਕਪੋਲ ਕਲ ਬੋਲ ਅਮੋਲਹਿ। ਜਿਉਂ ਤਾਲੀ ਗੁਨ ਕੁਲਫਹਿ ਖੋਲਹਿ।
ਵਾਕ ਅਨੋਚਿਤ ਮੈਂ ਜੁ ਬਖਾਨੇ। ਛਿਮਾ ਕਰਹੁ, ਅਬ ਸ੍ਰੀ ਪ੍ਰਭੁ ਜਾਨੇ ॥ ੭੨ ॥

''ਤੁਹਾਡੀਆਂ ਗੱਲਾਂ ਸੁੰਦਰ, ਅਮੁਲ ਬੋਲ ਹਨ, ਜਿਵੇਂ ਕੁੰਜੀ ਰੂਪੀ ਬਾਣੀ ਗੁਣਾਂ ਰੂਪੀ ਜਿੰਦਰੇ ਨੂੰ ਖੋਲ੍ਹਦੀ ਹੈ। ਜੋ ਮੈਂ ਅਜੋਗ ਅਤੇ ਅਨ-ਉਚਿਤ ਵਾਕ ਕਹੇ ਸਨ, ਉਨ੍ਹਾਂ ਬਾਰੇ ਮੈਨੂੰ ਖਿਮਾਂ ਕਰੋ, ਹੁਣ ਮੈਂ ਤੁਹਾਨੂੰ ਪ੍ਰਭੂ ਪਹਿਚਾਣ ਲਿਆ ਹੈ'' ॥ ੭੨ ॥

ਅਸ ਕਹਿ ਵਾਰਵਾਰ ਪਦਬੰਦਨ। 'ਤੁਝ ਦਰਸ਼ਨ ਤ੍ਰੈਤਾਪ ਨਿਕੰਦਨ।
ਨਾਮ ਧਰਾਯੋ ਕਾਲੂ ਨੰਦਨ। ਨਰ ਤਾਰਨ ਕਲਿਕੇ ਮਤਿ ਮੰਦਨ' ॥ ੭੩ ॥

ਇਹ ਕਹਿ ਕੇ ਵਾਰ-ਵਾਰ ਮੱਥਾ ਟੇਕਿਆ ਅਤੇ ਕਿਹਾ, "ਤੁਹਾਡੇ ਦਰਸ਼ਨ ਕਰਕੇ ਮੇਰੇ ਤਿੰਨ ਤਾਪ (ਆਧ=ਮਨ ਦੀ ਪੀੜਾ, ਵਿਆਧ=ਸਰੀਰਕ ਦੁਖ, ਉਪਾਧ=ਉਤੋਂ ਦੀਆਂ ਬਿਪਤਾਵਾਂ) ਦੂਰ ਹੋ ਗਏ ਹਨ, ਭਾਵ-ਮੇਰੇ ਸਾਰੇ ਦੁੱਖ ਦੂਰ ਹੋ ਗਏ ਹਨ। ਮਹਿਤਾ ਕਾਲੂ ਜੀ ਦੇ ਪੁਤਰ ਦੇ ਰੂਪ ਵਿਚ ਜਨਮ ਲੈ ਕੇ ਤੁਸੀਂ ਕਲਜੁਗ ਦੇ ਮਤਹੀਣ ਲੋਕਾਂ ਨੂੰ ਤਾਰਨ ਆਏ ਹੋ" ॥ ੭੩ ॥

ਬਹੁਰੋ ਭਯੋ ਤੂਸ਼ਨੀ ਪਾਧਾ। ਉਰ ਲਖਿ ਕਰਿ ਸੁਖ ਅਕਥੁ ਅਗਾਧਾ।
ਭਾ ਅਨੰਦ ਮੂਕੰ ਮਿਠਿਆਈ। ਤਤਬੇਤਨ ਕੀ ਪਦਵੀ ਪਾਈ॥ ੭੪ ॥

ਬਾਅਦ ਵਿਚ ਪਾਧਾ ਬਿਲਕੁਲ ਖਾਮੋਸ਼ ਹੋ ਗਿਆ। ਹਿਰਦੇ ਵਿਚ ਉਸ ਨੇ ਨਾ ਬਿਆਨ ਕਰਨ-ਜੋਗ ਅਥਾਹ ਸੁੱਖ ਪ੍ਰਾਪਤ ਕੀਤਾ। ਜਿਵੇਂ ਗੂੰਗਾ ਮਠਿਆਈ ਖਾ ਕੇ ਬੜਾ ਆਨੰਦ ਪ੍ਰਾਪਤ ਕਰਦਾ ਹੈ, ਪਰ ਉਹ ਕਿਸੇ ਨੂੰ ਦੱਸ ਨਹੀਂ ਸਕਦਾ, ਪਾਧਾ ਵੀ ਇਸ ਤਰ੍ਹਾਂ ਆਨੰਦਿਤ ਹੋਇਆ। ਪਾਂਧੇ ਨੇ ਉਸ ਦਿਨ ਮਹਾਂ ਗਿਆਨੀ ਦੀ ਪਦਵੀ ਪਾਈ॥ ੭੪ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਗੋਪਾਲ ਪਾਂਧੇ ਪ੍ਰਤਿ ਉਪਦੇਸ਼' ਪ੍ਰਸੰਗ ਬਰਨਨ ਨਾਮ ਖਸ਼ਟਮੋ ਅਧਯਾਯ ॥ ੬ ॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛੇਵਾਂ ਅਧਿਆਇ, ਜਿਸ ਦਾ ਨਾਮ 'ਗੋਪਾਲ ਪਾਂਧੇ ਪ੍ਰਤਿ ਉਪਦੇਸ਼' ਹੈ, ਸਮਾਪਤ ਹੋਇਆ॥ ੬ ॥

## ਅਧਿਆਇ ਸੱਤਵਾਂ

*ਬਾਲ ਲੀਲ੍ਹਾ, ਪਿਤਾ ਨੂੰ ਸਪਤ ਸ਼ਲੋਕੀ ਗੀਤਾ ਦੇ ਅਰਥ ਸੁਣਾਏ।*

ਕਬਿੱਤ- ਦਜੋਤ ਕਰ ਚੰਡ ਮਹਿ, ਨੀਤਿ ਨ੍ਰਿਪ ਦੰਡ ਮਹਿ, ਦਾਨ ਗਜ ਗੰਡ ਮਹਿ, ਸ਼ੋਭਤਿ ਅਪਾਰ ਹੈ।
ਹਵੀ ਜਿਮ ਖੀਰ ਮਹਿ, ਧੀਰ ਜਿਮ ਬੀਰ ਮਹਿ, ਸੀਰ ਜਿਮ ਨੀਰ ਮਹਿਂ ਹੋਤਿ ਸੁਖਕਾਰ ਹੈ।
ਜੋਨ੍ਹ ਜਿਮ ਇੰਦ ਮਹਿਂ, ਗੰਧਿ ਅਰਬਿੰਦ ਮਹਿਂ, ਮੋਖ ਤਤਬਿੰਦ ਮਹਿਂ ਜਾਨ ਨਿਰਧਾਰ ਹੈ।
ਸ੍ੱਛ ਜਸ ਦਾਨ ਮਹਿਂ, ਤਾਨ ਜਿਮ ਗਾਨ ਮਹਿਂ, ਗ੍ਰੰਥ ਗੁਰ ਗਜਾਨ ਮਹਿਂ ਤੈਸੇ ਰਸ ਸਾਰ ਹੈ॥੧ ॥

ਜਿਵੇਂ ਸੂਰਜ ਦੀਆਂ ਕਿਰਨਾਂ ਵਿਚ ਤੇਜ, ਰਾਜੇ ਦੇ ਦੰਡ ਵਿਚ ਨੀਤੀ, ਹਾਥੀ ਦੀਆਂ ਗਲਾਂ ਵਿਚ ਮਦ, ਬਹੁਤ ਸੋਭਾ ਪਾਉਂਦੇ ਹਨ। ਜਿਵੇਂ ਦੁੱਧ ਵਿਚ ਘਿਉ, ਸੂਰਮੇ ਵਿਚ ਧੀਰਜ, ਪਾਣੀ ਵਿਚ ਸ਼ੀਤਲਤਾ ਬੜੇ ਸੁਖਦਾਇਕ ਹੁੰਦੇ ਹਨ। ਜਿਵੇਂ ਚੰਦਰਮਾਂ ਵਿਚ ਚਾਂਦਨੀ, ਕਮਲ ਵਿਚ ਖੁਸ਼ਬੂ, ਤਤਵੇਤਾ ਵਿਚ ਮੋਖ ਅਵੱਸ਼-ਸੁਭਾਇਮਾਨ ਹੁੰਦੇ ਹਨ। ਜਿਵੇਂ ਦਾਨ ਦੇਣ ਵਿਚ ਨਿਰਮਲ ਜਸ, ਗਾਇਣ ਵਿਚ ਸੁਰ, ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਵਿਚ ਸ੍ਰੇਸ਼ਟ ਰਸ-ਸੁਭਾਇਮਾਨ ਹੈ। ਭਾਵ-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਵਿਚ ਜੋ ਸਾਰ-ਰਸ ਹੈ ਉਹ ਗਿਆਨ ਨਾਲ ਭਰਪੂਰ ਹੈ, ਨਿਸਚੇ ਹੈ, ਸੁਖਦਾਈ ਹੈ ਅਤੇ ਬੇਅੰਤ ਸੋਭਾ ਵਾਲਾ ਅਤੇ ਸੁੰਦਰ ਹੈ॥ ੧ ॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਸਹਿਜ ਸੁਭਾਇਕ ਮੁਕਤਿਦਾ ਆਵਤਿ ਭਏ ਅਵਾਸ।
ਪਦ ਨੂਪਰ ਕਟਕਿੰਕਨੀ ਸ਼ਬਦ ਹੋਤਿ ਪਰਕਾਸ਼॥ ੨ ॥

ਭਾਈ ਬਾਲੇ ਨੇ ਕਿਹਾ- ਮੁਕਤੀਦਾਤਾ ਗੁਰੂ ਨਾਨਕ ਦੇਵ ਜੀ ਸਹਿਜ ਆਪਣੇ ਘਰ ਨੂੰ ਆ ਗਏ। ਜਦ ਉਹ ਚਲਦੇ ਸਨ ਤਾਂ ਉਨ੍ਹਾਂ ਦੇ ਪੈਰ ਦੀਆਂ ਝਾਂਜਰਾਂ, ਲੱਕ ਦੀ ਘੁੰਘਰੂਆਂ ਵਾਲੀ ਤੜਾਗੀ ਬੜਾ ਮਿੱਠਾ ਸੰਗੀਤ ਪੈਦਾ ਕਰ ਰਹੀਆਂ ਸਨ॥ ੨॥

ਚੌਪਈ- ਮਾਤ ਬਿਲੋਕਤਿ ਬੈਨ ਅਲਾਯੋ। 'ਬਿਨਾ ਪ੍ਰਦੋਖ ਸਦਨ ਚਲਿ ਆਯੋ।
ਤੋਰ ਤਾਤ ਤਾੜਹਿਗੋ ਤਾਤਾ!। ਹਿਤ ਕਰਿ ਪਢਹੁ ਨ, ਖੇਲਹਿ ਰਾਤਾ' ॥ ੩ ॥

ਮਾਤਾ ਜੀ ਨੇ ਜਦ ਪੁੱਤਰ ਨੂੰ ਘਰ ਆਉਂਦੇ ਵੇਖਿਆ ਤਾਂ ਬੋਲੇ, "ਸੰਧਿਆ ਹੋਣ ਤੋਂ ਪਹਿਲਾਂ ਹੀ ਘਰ ਆ ਗਏ ਹੋ? ਹੇ ਪੁੱਤਰ! ਤੁਹਾਡੇ ਪਿਤਾ ਜੀ ਤੁਹਾਨੂੰ ਤਾੜਨਗੇ। ਪ੍ਰੇਮ ਨਾਲ ਪੜ੍ਹੋ, ਖੇਡਾਂ ਵਿਚ ਸਮਾਂ ਨਾ ਗਵਾਓ" ॥ ੩॥

ਨੈਨ ਨੀਰ ਬਾਰਿਕ ਕੀ ਨਜਾਈਂ। ਅਵਨੀ ਖਨਤਿ ਸੰਤ ਸੁਖਦਾਈ।
ਕਰ ਸੌਂ ਕਰ ਗਹਿ ਕਰਿ ਪੁਨ ਮਾਤਾ। ਅੰਕ ਬਸਾਇ ਕਹਜੋ ਬਹੁ ਭਾਂਤਾ॥ ੪ ॥

ਬਾਲਕ ਵਾਂਗ ਅੱਖਾਂ ਵਿਚ ਹੰਝੂ ਭਰ ਆਏ ਤੇ ਸੰਤਾਂ ਨੂੰ ਸੁਖ ਦੇਣ ਵਾਲੇ ਥੱਲੇ ਬੈਠ ਕੇ ਧਰਤੀ ਨੂੰ ਖਰੋਚਣ ਲੱਗੇ। ਇਹ ਵੇਖ ਕੇ ਮਾਤਾ ਜੀ ਨੇ ਬਾਂਹ ਤੋਂ ਫੜ ਕੇ ਆਪਣੀ ਗੋਦੀ ਵਿਚ ਬਿਠਾ ਲਿਆ ਅਤੇ ਬਹੁਤ ਕੁਝ ਕਿਹਾ॥ ੪॥

'ਭੂਖਨ ਅਵਰ ਦੇਹਿੰ ਘਰਿਵਾਈ। ਭੋਜਨ ਮਧੁਰ ਲੇਹੁ ਨਿਤ ਖਾਈ।
ਜੇ ਅਬ ਪਢਹਿਂ ਪ੍ਰੀਤ ਕਰਿ ਲੇਖਾ। ਕਾਰਜ ਆਵਹਿ ਹੋਇਂ ਵਿਸ਼ੇਖਾ॥ ੫ ॥

ਮਾਤਾ ਜੀ ਕਹਿਣ ਲੱਗੇ, "ਮੈਂ ਤੇਰੇ ਵਾਸਤੇ ਹੋਰ ਗਹਿਣੇ ਘੜਵਾ ਦੇਵਾਂਗੀ, ਵਧੀਆ ਸਵਾਦੀ ਭੋਜਨ ਨਿਤ ਖਾਣ ਨੂੰ ਦੇਵਾਂਗੀ। ਜੇ ਹੁਣ ਪ੍ਰੀਤ ਲਾ ਕੇ ਲੇਖੇ ਬਾਰੇ ਪੜ੍ਹ ਲਵੇਂਗਾ ਤਾਂ ਜਦ ਤੂੰ ਵੱਡਾ ਹੋਵੇਂਗਾ, ਇਹ ਤੇਰੇ ਬਹੁਤ ਕੰਮ ਆਵੇਗਾ" ॥ ੫॥

ਦੋਹਰਾ- ਅਜਰ ਮਾਂਝ ਬਿਚਰਤਿ ਬਹੁਰ ਸੰਝ ਭਈ ਜਿਹ ਕਾਲ॥
ਕਾਲੂ ਆਲਯ ਆਇ ਪਿਖਿ ਲੋਚਨ ਲਾਲ ਕ੍ਰਿਪਾਲ ॥ ੬ ॥

ਇਸ ਤਰ੍ਹਾਂ ਮਾਤਾ ਜੀ ਵਿਹੜੇ ਵਿਚ ਬੈਠੇ ਜਦ ਆਪਣੇ ਪੁੱਤਰ ਨੂੰ ਸਮਝਾ ਰਹੇ ਸਨ ਤਾਂ ਸ਼ਾਮਾਂ ਪੈ ਗਈਆਂ। ਤਦ ਮਹਿਤਾ ਕਾਲੂ ਜੀ ਅੰਦਰ ਆਏ ਤੇ ਉਨ੍ਹਾਂ ਨੇ ਪਿਆਰੇ ਨੇਤ੍ਰਾਂ ਵਾਲੇ ਕਿਰਪਾਲੂ ਗੁਰੂ ਜੀ ਨੂੰ ਮਾਤਾ ਜੀ ਪਾਸ ਬੈਠੇ ਵੇਖਿਆ॥ ੬॥

ਚੌਪਈ- ਪ੍ਰੇਮ ਮੋਦ ਸੌਂ ਗਰੇ ਲਗਾਯੋ॥ ਬੈਸ ਮੰਚ ਪਰ ਅੰਕ ਬਸਾਯੋ।
'ਪਢਜੋ ਆਜ ਜੋ ਮੁਝੇ ਸੁਨਾਇ। ਕੋ ਬਿਧਿ ਪਾਂਧਾ ਤੁਝਹਿ ਪਢਾਇ ?' ॥ ੭ ॥

ਬੜੇ ਪ੍ਰੇਮ ਨਾਲ ਆਪਣੇ ਪੁੱਤਰ ਨੂੰ ਗਲ ਨਾਲ ਲਾਇਆ ਅਤੇ ਪਲੰਘ ਉਤੇ ਚੋਂਕੜਾ ਮਾਰ ਕੇ ਬੈਠ ਗਏ। ਪੁੱਤਰ ਨੂੰ ਪਿਆਰ ਕਰਦੇ ਬੋਲੇ, "ਜੋ ਕੁਝ ਅੱਜ ਪੜ੍ਹਿਆ ਹੈ ਮੈਨੂੰ ਸੁਣਾ ਅਤੇ ਇਹ ਵੀ ਦੱਸ ਕਿ ਪਾਂਧਾ ਤੈਨੂੰ ਕਿਸ ਢੰਗ ਨਾਲ ਪੜ੍ਹਾਉਂਦਾ ਹੈ?" ॥ ੭॥

ਸੁਨਿ ਕਰਿ ਪਿਤਾ ਬਚਨ ਨਿਜ ਕਾਨਨ। ਕੇਤਿਕ ਪੈੜੇ ਕਹਿ ਕਮਲਾਨਨ।
ਹਿਤੂ ਹੁਤੇ ਸੋ ਬਾਰਿਕ ਆਏ। ਪੁਨ ਉਠਿ ਕਰਿ ਤਿਨ ਸੰਗ ਸਿਧਾਏ॥ ੮ ॥

ਆਪਣੇ ਪਿਤਾ ਜੀ ਦੇ ਇਹ ਬਚਨ ਕੰਨਾਂ ਨਾਲ ਸੁਣ ਕੇ ਕਮਲ ਵਰਗੇ ਮੁਖੜੇ ਵਾਲੇ ਗੁਰੂ ਨਾਨਕ ਦੇਵ ਜੀ ਨੇ ਕਈ ਪਹਾੜੇ ਸੁਣਾ ਦਿੱਤੇ। ਫਿਰ ਉਸ ਦੇ ਪ੍ਰੇਮੀ ਬਾਲਕ ਆ ਗਏ ਤੇ ਗੁਰੂ ਨਾਨਕ ਦੇਵ ਜੀ ਉਨ੍ਹਾਂ ਬਾਲਕਾਂ ਨਾਲ ਖੇਡਣ ਲਈ ਬਾਹਰ ਚਲੇ ਗਏ॥ ੮॥

ਖੇਲਣ ਲਗੇ ਬੀਥਕਾ ਮਾਂਹੀ। ਚੰਦ ਚਾਂਦਨੀ ਪੂਰਨ ਜਾਂਹੀ।
ਸ੍ਰੀ ਮੁਖ ਨਾਨਕ ਭਨਹਿ ਕਹਾਨੀ। ਭਜਨ ਭਗਤਿ ਸੌਂ ਮਿਲੀ ਜੁ ਬਾਨੀ॥ ੯ ॥

ਉਹ ਸਾਰੇ ਗਲੀ ਵਿਚ ਖੇਡਣ ਲੱਗੇ, ਚੰਦ ਦਾ ਪੂਰਾ ਚਾਨਣ ਹੈ। ਸ੍ਰੀ ਨਾਨਕ ਜੀ ਆਪਣੇ ਮੁੱਖ ਤੋਂ ਕਹਾਣੀ ਸੁਣਾਉਣ ਲੱਗੇ। ਫਿਰ ਉਹ ਭਜਨ ਗਾਉਣ ਲੱਗੇ, ਜਿਹੜੀ ਬਾਣੀ ਗੁਰੂ ਜੀ ਨੂੰ ਜ਼ਬਾਨੀ ਯਾਦ ਹੈ॥ ੯॥

ਦੋਹਰਾ- ਮਧੁਰ ਸੁਧਾ ਸਮ ਬਚਨ ਸੁਨਿ ਤ੍ਰਿਸ਼ਨ ਹੋਵਹਿ ਬਾਲ।
ਹਿਤ ਤੇ ਤ੍ਰਿਪਤ ਨ ਚਿਤ ਬਿਖੈ ਚਾਹਹਿਂ ਚੋਂਪ ਬਿਸਾਲ॥ ੧੦॥

ਗੁਰੂ ਜੀ ਦੇ ਅੰਮ੍ਰਿਤ ਵਰਗੇ ਮਿੱਠੇ ਬਚਨ ਸੁਣ ਕੇ ਸਾਰੇ ਬਾਲਕ ਚੁੱਪ ਹੋ ਗਏ। ਜਿਹੜਾ ਉਹ ਵਿਸ਼ਾਲ ਹੁਲਾਸ ਚਿਤ ਵਿਚ ਲੋਚਦੇ ਹਨ, ਉਸ ਨਾਲ ਉਹ ਤ੍ਰਿਪਤ ਹੋ ਰਹੇ ਹਨ॥ ੧੦॥

ਚੌਪਈ- ਜੀਹ ਕਮਾਨ ਬਚਨ ਜਿਉ ਬਾਨਾ। ਮਧੁਰਾਈ ਮਧ ਭਲਕ ਸਮਾਨਾ।
ਤੀਖਨ ਕਰੇ ਸਾਨ ਚਤੁਰਾਈ। ਨਾਨਾ ਉਕਤਿਨਿ ਪੰਖ ਸੁਹਾਈ॥ ੧੧॥

ਜੀਭ ਕਮਾਨ ਵਰਗੀ ਹੈ ਅਤੇ ਗੁਰੂ ਜੀ ਦੇ ਬਚਨ ਬਾਣ ਵਰਗੇ ਹਨ ਅਤੇ ਵਿਚਲੀ ਮਿਠਾਸ ਚਿੱਲੇ ਸਮਾਨ ਹੈ। ਚਤੁਰਾਈ ਰੂਪ ਸਾਣ ਤਿੱਖਿਆਂ ਕਰ ਰਹੀ ਹੈ। ਕਈ ਹੋਰ ਯੁਕਤੀਆਂ ਸ਼ੋਭਾ ਪਾ ਰਹੀਆਂ ਹਨ॥ ੧੧॥

ਬਾਲ ਬ੍ਰਿੰਦ ਹਿਰਦਾ ਲਛ ਭੇਦਾ। ਭਏ ਲਟੂਹਾ ਹੋਇ ਅਖੇਦਾ।
ਤਜਿ ਕਰਿ ਸੰਗ ਸਦਨ ਨਹਿਂ ਜਾਵਹਿਂ। ਮਾਤ ਪਿਤਾ ਤਬ ਆਨਿ ਬੁਲਾਵਹਿਂ॥੧੨॥

ਸਾਰੇ ਬਾਲਾਂ ਦਾ ਹਿਰਦਾ ਰੂਪ ਨਿਸ਼ਾਨਾ ਵਿੰਨ੍ਹਿਆਂ ਗਿਆ, ਸਾਰੇ ਮੋਹਿਤ ਹੋ ਕੇ ਦੁੱਖ-ਰਹਿਤ ਹੋ ਗਏ। ਗੁਰੂ ਜੀ ਨੂੰ ਛੱਡ ਕੇ ਉਹ ਆਪਣੇ ਘਰਾਂ ਨੂੰ ਨਹੀਂ ਹਨ ਜਾ ਰਹੇ। ਫਿਰ ਮਾਤਾ ਪਿਤਾ ਆ ਕੇ ਬੁਲਾ ਰਹੇ ਹਨ, ਜਦ ਬੁਲਾਉਣ ਨਾਲ ਵੀ ਘਰਾਂ ਨੂੰ ਨਹੀਂ ਸੀ ਜਾਂਦੇ ਤਾਂ ਮਾਤਾ ਪਿਤਾ ਜ਼ਬਰਦਸਤੀ ਫੜ ਕੇ ਲੈ ਜਾ ਰਹੇ ਹਨ॥ ੧੨॥

ਗਹਿ ਕਰਿ ਲੇ ਜਾਵਹਿਂ ਬਰਿਆਈ। ਤਜਿ ਨਹਿਂ ਸਕਈ ਮਨ ਬਿਰਮਾਈ।
ਰੁਚਿਰ ਬਚਨ ਕੀ ਰੁਚਿ ਅਧਿਕਾਈ। ਸੁਨਿ ਸੁਨਿ ਪੁਨ ਮਨ ਹੋਤਿ ਸਵਾਈ॥੧੩॥

ਉਹ ਆਪਣੇ ਬੱਚਿਆਂ ਨੂੰ ਫੜ ਕੇ ਲੈ ਜਾ ਰਹੇ ਹਨ, ਪਰ ਉਨ੍ਹਾਂ ਬਾਲਕਾਂ ਦਾ ਮਨ ਏਨਾ ਮੋਹਿਤ ਹੋ ਰਿਹਾ ਹੈ ਕਿ ਉਹ ਛੱਡ ਕੇ ਜਾਣਾ ਨਹੀਂ ਚਾਹੁੰਦੇ। ਗੁਰੂ ਜੀ ਦੇ ਬਚਨਾਂ ਵਿਚ ਉਨ੍ਹਾਂ ਦੀ ਅਧਿਕ ਰੁਚੀ ਹੈ। ਬਾਰ-ਬਾਰ ਸੁਣ ਕੇ ਮਨ ਹੋਰ ਜ਼ਿਆਦਾ ਮਨ-ਮੋਹਿਤ ਹੋ ਰਿਹਾ ਹੈ॥ ੧੩॥

ਪ੍ਰਵੇਸ਼ਟਿਤਿ ਬਾਰਿਕ ਚਹੁੰ ਪਾਸਾ। ਪੁੰਨਵਾਨ ਜਿਨ ਕੇ ਅਘ ਨਾਸ਼ਾ।
ਨਾਨਕ ਬੈਸਹਿ ਬੀਚ ਬਿਰਾਜਹਿ। ਬਚ ਸੁਨਿ ਜਿਨਹਿ ਸੁਧਰਮਾ ਲਾਜਹਿ॥੧੪॥

ਬਾਲਕਾਂ ਨੇ ਗੁਰੂ ਜੀ ਨੂੰ ਚਾਰਾਂ ਪਾਸਿਆਂ ਤੋਂ ਘੇਰਿਆ ਹੋਇਆ ਹੈ। ਪੁੰਨਵਾਨ ਗੁਰੂ ਜੀ ਉਨ੍ਹਾਂ ਦੇ ਪਾਪਾਂ ਦਾ ਵਿਨਾਸ਼ ਕਰਦੇ ਹਨ। ਗੁਰੂ ਜੀ ਬਾਲਾਂ ਦੇ ਵਿਚ ਬੈਠੇ ਬੜੇ ਸ਼ੋਭਦੇ ਹਨ। ਉਨ੍ਹਾਂ ਦੇ ਬਚਨ ਸੁਣ ਕੇ ਇੰਦਰ ਸਭਾ ਵੀ ਲੱਜਿਤ ਹੁੰਦੀ ਹੈ॥ ੧੪॥

ਬਦਨ ਬਿਲੋਕਹਿਂ ਨਿਜ ਨਿਜਦਿਸ ਸੋਂ। ਲਖਹਿਂ ਕੰਡ ਕੋ ਨਹਿਂ ਤਹਿਂ ਸਿਸ ਸੋਂ।
ਸਭਿ ਮਨ ਜਾਨਹਿ ਮੁਝੈ ਸੁਨਾਵਹਿਂ। ਰੋਕ ਰਿਖੀਕ ਸੁਨਹਿਂ ਮਨ ਭਾਵਹਿਂ॥੧੫॥

ਉਹ ਆਪੋ ਆਪਣਿਆਂ ਪਾਸਿਆਂ ਤੋਂ ਗੁਰੂ ਜੀ ਨੂੰ ਵੇਖ ਰਹੇ ਹਨ। ਸਾਰੇ ਬੱਚਿਆਂ ਦੀਆਂ ਨਿਗਾਹਾਂ ਗੁਰੂ ਜੀ ਦੇ ਮੁਖੜੇ ਤੇ ਟਿਕੀਆਂ ਹੋਈਆਂ ਹਨ। ਸਾਰੇ ਮਨ ਵਿਚ ਇਹ ਜਾਣਦੇ ਸਨ ਕਿ ਮੈਨੂੰ ਹੀ ਸੁਣਾ ਰਹੇ ਹਨ। ਉਹ ਆਪਣੀਆਂ ਇੰਦਰੀਆਂ ਨੂੰ ਰੋਕ ਕੇ ਮਨ-ਭਾਉਂਦੇ ਬਚਨ ਸੁਣ ਰਹੇ ਹਨ॥ ੧੫॥

ਦੋਹਰਾ- ਮਿਲਿ ਬਾਲਿਕ ਸੋਂ ਖੇਲਤੇ ਚਲਿ ਆਏ ਨਿਜ ਧਾਮ।
ਅੰਨ ਖਾਇ ਕਰ ਮਾਤ ਤੇ ਸੂਤੇ ਤਨ ਅਭਿਰਾਮ॥ ੧੬॥

ਬਾਲਕਾਂ ਨਾਲ ਮਿਲ ਕੇ ਖੇਡਦੇ ਹਨ ਅਤੇ ਫਿਰ ਵਾਪਿਸ ਘਰ ਆ ਜਾਂਦੇ ਹਨ। ਮਾਤਾ ਜੀ ਪਾਸੋਂ ਭੋਜਨ ਛੱਕ ਕੇ ਫਿਰ ਸੁੰਦਰ ਸਰੀਰ ਵਾਲੇ ਸੌਂ ਜਾਂਦੇ ਹਨ॥ ੧੬॥

ਚੌਪਈ- ਜਾਮ ਜਾਮਨੀ ਜਾਗਨ ਨੇਮਾ। ਜਬ ਕਾ ਤਨ ਧਰਿ ਦਾਨੀ ਛੇਮਾ।
ਭੋਰ ਭਈ ਕੀਨੋ ਇਸ਼ਨਾਨਾ। ਪਟ ਪਹਿਰੇ ਸੁੰਦਰ ਬਿਧਿ ਨਾਨਾ॥ ੧੭॥

ਮੁਕਤੀ-ਦਾਤੇ ਪਹਿਰ ਰਾਤ ਰਹਿੰਦਿਆਂ ਨੇਮ ਨਾਲ ਜਾਗ ਪੈਂਦੇ ਹਨ। ਸਵੇਰ ਹੋਣ ਤੇ ਇਸ਼ਨਾਨ ਕਰਦੇ ਹਨ, ਫਿਰ ਸੁੰਦਰ ਵਸਤਰ ਪਹਿਨ ਲੈਂਦੇ ਹਨ॥ ੧੭॥

ਦਿਵਸ ਚਰੇ ਕਾਲੂ ਗਹਿ ਹਾਥਾ। ਲੈ ਚਟਸਾਰ ਚਲਯੋ ਨਿਜ ਸਾਥਾ।
ਪਾਂਧੇ ਸੋਂ ਬੋਲਯੋ ਹਿਤ ਧਰਿਕੈ। 'ਦੇਹੁ ਪਢਾਇ ਰਿਦੇ ਰੁਚਿ ਕਰਕੇ' ॥੧੮॥

ਦਿਨ ਚੜ੍ਹੇ ਮਹਿਤਾ ਕਾਲੂ ਜੀ ਦਾ ਹੱਥ ਫੜ ਲੈਂਦੇ ਹਨ ਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਪਾਠਸ਼ਾਲਾ ਲੈ ਜਾਂਦੇ ਹਨ। ਪਾਠਸ਼ਾਲਾ ਪੁਜ ਕੇ ਮਹਿਤਾ ਕਾਲੂ ਬੜੇ ਪਿਆਰ ਨਾਲ ਗੋਪਾਲ ਪਾਂਧੇ ਨੂੰ ਕਹਿਣ ਲੱਗੇ, "ਬਾਲ ਨੂੰ ਬੜੇ ਹਿਤ ਅਤੇ ਰੁਚੀ ਸਹਿਤ ਪੜ੍ਹਾਓ" ॥ ੧੮॥

ਸੁਨਿ ਬੋਲਯੋ ਮਨ ਸੋ ਕਰਿ ਬੰਦਨ। 'ਬਿਦਿਆ ਨਿਪੁਨੰ ਕਮਤਿ ਨਿਕੰਦਨ।
ਇਸ ਤੇ ਅਧਿਕ ਜੁ ਹੋਇ ਪਢਾਵੈ। ਜਗਤ ਮਾਂਹਿ ਸਮ ਕੋ ਨ ਦਿਸਾਵੈ ॥੧੯॥

ਇਹ ਸੁਣ ਕੇ ਪੰਡਤ ਨੇ ਮਹਿਤਾ ਕਾਲੂ ਜੀ ਨੂੰ ਨਮਸਕਾਰ ਕੀਤੀ ਅਤੇ ਕਿਹਾ, "ਇਸ ਨੂੰ ਕੀ ਪੜ੍ਹਾਉਣਾ ਹੈ, ਇਹ ਤਾਂ ਧੁਰ ਤੋਂ ਹੀ ਵਿਦਿਆ ਨਿਪੁੰਨ ਅਤੇ ਖੋਟੀ ਬੁੱਧੀ ਦੇ ਨਾਸ਼ ਕਰਨ ਵਾਲੇ ਹਨ। ਇਸ ਤੋਂ ਵੱਧ ਕੋਈ ਜਾਣਦਾ ਹੋਵੇ ਤਾਂ ਪੜ੍ਹਾਵੇ। ਸੰਸਾਰ ਵਿਚ ਇਸ ਦੇ ਬਰਾਬਰ ਹੋਰ ਕੋਈ ਨਹੀਂ॥ ੧੯॥

ਦੋਹਰਾ- ਸੁਤ ਕੋ ਸੁਤ ਨਹਿ ਜਾਨਿਯੋ ਹੈ ਕਿਹਕੋ ਅਵਤਾਰ॥
ਬਿਨਾ ਪਢੇ ਹੀ ਪਢਿ ਰਹਯੋ ਸਭਿਨਿ ਪਢਾਵਨ ਹਾਰ॥ ੨੦॥

ਇਸ ਪੁੱਤਰ ਨੂੰ ਪੁੱਤਰ ਨਾ ਸਮਝਿਓ, ਇਹ ਤਾਂ ਕੋਈ ਅਵਤਾਰ ਹੈ। ਇਹ ਤਾਂ ਬਿਨਾਂ ਪੜ੍ਹਾਏ ਹੀ ਪੜ੍ਹਿਆ ਹੋਇਆ ਹੈ ਅਤੇ ਸਭ ਨੂੰ ਪੜ੍ਹਾਉਣ-ਯੋਗ ਹੈ॥ ੨੦॥

ਚੌਪਈ- ਇਸ ਪਢਨੇ ਕੇ ਪਰਹੁ ਨ ਖਜਾਲੇ। ਸਭਿ ਕਰਤਾ ਜੋ ਬਿਦਯਾ ਜਾਲੇ।
ਦੀਪ ਦਿਪਾਇ ਬ੍ਰਿਤਾਸ ਸਮ੍ਹਾਈ। ਤਮ ਹਰਿਬੇ ਕੋ ਨਰ ਉਦਤਾਈ॥੨੧॥

ਇਸ ਨੂੰ ਪੜ੍ਹਾਉਣ ਦਾ ਖਿਆਲ ਛੱਡ ਦੇਵੋ। ਇਹ ਤਾਂ ਮਾਲਕ ਸਭ ਵਿਦਿਆਵਾਂ ਜਾਣਦਾ ਹੈ। ਜੇ ਕੋਈ ਸੂਰਜ ਦੇ ਸਾਹਮਣੇ ਦੀਵਾ ਬਾਲੇ ਤਾਂ ਉਸ ਦਾ ਚਾਨਣ ਨਹੀਂ ਹੁੰਦਾ। ਮਨੁੱਖ ਬੇਸ਼ਕ ਕਿੰਨਾ ਵੀ ਉਦਮ ਕਰੇ ਉਹ ਹਨੇਰਾ ਦੂਰ ਨਹੀਂ ਕਰ ਸਕਦਾ॥ ੨੧॥

ਦੀਪਕ ਤੇ ਕਯਾ ਹੁਇ ਪਰਕਾਸ਼ਾ। ਫੀਕੀ ਪ੍ਰਭਾ ਪਰੈ ਅਗਿ ਤਾਸਾ।
ਸੁਤ ਉਸਤਤਿ ਸੁਨਿ ਸ੍ਰੁਤਿ ਮਹਿੰ ਕਾਲੂ। ਬਿਨ ਸ਼ਰਧਾ ਉਰ ਹਰਖ ਬਿਸਾਲੂ ॥੨੨॥

ਦੀਵੇ ਵਿਚਾਰੇ ਦੀ ਕੀ ਰੋਸ਼ਨੀ ਹੈ? ਉਸ ਦਾ ਫਿੱਕਾ ਪ੍ਰਕਾਸ਼ ਸੂਰਜ ਦਾ ਕੀ ਮੁਕਾਬਲਾ ਕਰ ਸਕਦਾ ਹੈ?" ਜਦ ਮਹਿਤਾ ਕਾਲੂ ਜੀ ਨੇ ਆਪਣੇ ਕੰਨਾਂ ਨਾਲ ਆਪਣੇ ਪੁੱਤਰ ਦੀਆਂ ਸਿਫਤਾਂ ਸੁਣੀਆਂ ਤਾਂ ਉਹ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੨੨॥

ਹਟਿ ਕਰਿ ਘਰ ਆਵਤਿ ਭਾ ਸੋਊ। ਕਰਨ ਲਗਯੋ ਕਾਰਜ ਨਿਜ ਜੋਊ।
ਸ੍ਰੀ ਨਾਨਕ ਕੀ ਇੱਛਾ ਜਹਿੰਵਾ। ਬਿਚਰਹਿਂ ਬਾਲਕ ਮਹਿਂ ਮਿਲਿ ਤਹਿੰਵਾ ॥੨੩॥

ਫਿਰ ਉਹ ਆਪਣੇ ਘਰ ਨੂੰ ਆ ਗਿਆ ਅਤੇ ਆਪਣੇ ਨਿੱਜੀ ਘਰੋਗੀ ਕਾਰੋਬਾਰ ਵਿਚ ਲੱਗ ਗਿਆ। ਸ੍ਰੀ ਨਾਨਕ ਦੀ ਜਿਵੇਂ ਇੱਛਾ ਹੁੰਦੀ ਹੈ, ਉਹ ਉਸ ਤਰ੍ਹਾਂ ਹੀ ਬਾਲਕਾਂ ਵਿਚ ਵਿਚਰਦੇ ਹਨ॥ ੨੩॥

ਦੋਹਰਾ- ਮਸਤਕ ਆਯੁਤਿ ਦਿਪਤਿ ਦੁਤਿ ਚਿਤ ਮੋਹਤਿ ਨਰ ਬਾਲ।
ਕਮਲ ਦਲਨ ਸੇ ਦ੍ਰਿਗ ਲਲਿਤ, ਆਲਯ ਲਾਜ, ਬਿਸਾਲ॥ ੨੪॥

ਗੁਰੂ ਜੀ ਦਾ ਚੋੜਾ ਪ੍ਰਕਾਸ਼-ਮਈ ਮੱਥਾ ਬੜਾ ਨੂਰਾਨੀ ਹੈ, ਜਿਹੜਾ ਸਾਰੇ ਇਸਤਰੀਆਂ ਅਤੇ ਮਰਦਾਂ ਦਾ ਮਨ ਮੋਹ ਲੈਂਦਾ ਹੈ। ਕਮਲ ਪੱਤਰ ਵਰਗੀਆਂ ਉਨ੍ਹਾਂ ਦੀਆਂ ਅੱਖਾਂ ਹਨ, ਜਿਹੜੀਆਂ ਲਾਜ ਦਾ ਘਰ ਹਨ ਅਤੇ ਬੜੀਆਂ ਵਿਸ਼ਾਲ ਹਨ॥ ੨੪॥

ਚੌਪਈ- ਦਸਨ ਦਮਕ ਅਧਰਨ ਮਧ ਐਸੇ। ਗਿਰਾ ਸਦਨ ਹੀਰਾਵਲਿ ਜੈਸੇ।
ਭੁਜ ਸੁੰਦਰ ਕਰਿ ਸਜਤਿ ਕਿਯੂਰਾ। ਕਲ ਕੁੰਡਲ ਸ਼੍ਰੋਨਨਿ ਛਬਿ ਰੂਰਾ॥੨੫॥

ਹੋਠਾਂ ਵਿਚ ਦੰਦਾਂ ਦੀ ਅਜਿਹੀ ਚਮਕ ਹੈ ਜਿਵੇਂ ਸਰਸਵਤੀ ਦੇ ਘਰ ਹੀਰਿਆਂ ਦੀਆਂ ਲੜੀਆਂ ਜੜੀਆਂ ਹੋਣ। ਬਾਹਾਂ ਬਹੁਤ ਸੁੰਦਰ ਅਤੇ ਹੱਥ ਬਹੁੱਟਿਆਂ ਵਾਂਗ ਫੱਬਦੇ ਹਨ। ਕੰਨ ਵਿਚ ਸੁੰਦਰ ਕੁੰਡਲ ਸੋਹਣੀ ਛਬੀ ਦੇ ਰਹੇ ਹਨ॥ ੨੫॥

ਜਿਹ ਹੇਰਹਿਂ ਕਰੁਨਾ ਕੀ ਕੋਰਾ। ਤਾਂਹਿ ਭਵੋਦਿਧਿ ਤੇ ਦੇਂ ਧੋਰਾ।
ਇਕ ਬਾਸੁਰ ਕਾਗਦ ਕੁਛ ਲੀਨੇ। ਲਘੁ ਪੋਥੀ ਸੀ ਕਰਹਿ ਅਸੀਨੇ॥੨੬॥

ਜਿਹੜਾ ਵੀ ਇਸ ਮਿਹਰ ਦੇ ਮਟਕੇ ਨੂੰ ਵੇਖਦਾ ਹੈ, ਉਸ ਨੂੰ ਇਸ ਸੰਸਾਰ ਸਾਗਰ ਵਿਚ ਆਸਰਾ ਮਿਲ ਜਾਂਦਾ ਹੈ। ਇਕ ਦਿਨ ਕੁਝ ਕਾਗਜ਼ ਲਏ ਅਤੇ ਇਕ ਛੋਟੀ ਪੋਥੀ ਫੜ ਲਈ॥ ੨੬॥

ਜਿਹ ਜਿਹ ਕੁਲ ਉਪਜਹਿ ਜੋ ਜੋਊ॥ ਦੇਖਿ ਵਡਨ ਸਿਸੁ ਖੇਲਹਿ ਸੋਊ।
ਕਰ ਮਹਿਂ ਗਹੇ ਕਰਹਿਂ ਤਿਉਂ ਲੀਲਾ॥ਪਤਿਤ ਉਧਾਰਨਿ ਬਿਰਦ ਗਹੀਲਾ॥੨੭॥

ਜਿਸ ਜਿਸ ਕੁਲ ਵਿਚ ਕੋਈ ਜਨਮ ਲੈਂਦਾ ਹੈ, ਉਹੋ ਜੇਹੇ ਹੀ ਉਹ ਕੰਮ ਕਰਦਾ ਹੈ। ਵੱਡਿਆਂ ਨੂੰ ਵੇਖ ਕੇ ਬੱਚੇ ਵੀ ਉਸ ਤਰ੍ਹਾਂ ਦੀਆਂ ਖੇਡਾਂ ਹੀ ਖੇਡਦੇ ਹਨ। ਹੱਥ ਵਿਚ ਕਾਗਜ਼-ਕਿਤਾਬ ਲੈ ਕੇ ਉਹ ਬਾਲ ਲੀਲ੍ਹਾ ਕਰਦੇ ਹਨ। ਉਹ ਪਾਪੀਆਂ ਦਾ ਉਧਾਰ ਕਰਨ ਵਾਲੇ ਹਨ ਅਤੇ ਧਰਮ ਚਿੰਨ੍ਹ ਨੂੰ ਗ੍ਰਹਿਣ ਕਰਨ ਵਾਲੇ ਹਨ॥ ੨੭॥

ਦੋਹਰਾ- ਕਾਲੂ ਚਲਿ ਤਿਸ ਕਾਲ ਮਹਿਂ ਆਇ ਲਾਲ ਕਲ ਦੇਖਿ।
ਬੋਲਜੋ ਬੋਲ ਬਿਲਾਸ ਕੇ ਪ੍ਰੇਮ ਧਰੇ ਜਿਉਂ ਬੇਖ॥ ੨੮॥

ਜਿਥੇ ਗੁਰੂ ਜੀ ਆਪਣੀ ਲੀਲ੍ਹਾ ਕਰ ਰਹੇ ਹਨ, ਮਹਿਤਾ ਕਾਲੂ ਜੀ ਵੀ ਆਪਣੇ ਸੁੰਦਰ ਪੁੱਤਰ ਨੂੰ ਵੇਖ ਕੇ ਉਥੇ ਆਏ। ਉਨ੍ਹਾਂ ਬੜੇ ਮਿੱਠੇ ਬਚਨ ਕਹੇ ਅਤੇ ਬੱਚੇ ਦੇ ਲਿਬਾਸ ਨੂੰ ਵੇਖ ਕੇ ਪ੍ਰੇਮ ਕਰਨ ਲੱਗੇ॥ ੨੮॥

ਚੌਪਈ- 'ਕਹਹੁ ਤਾਤ ! ਕਾਗਦ ਕਰ ਲੀਨੇ। ਕਜਾ ਤੁਮ ਪਢਹੁ ਸਿ ਸੁਨਿ ਮਹਿਂ ਭੀਨੇ?।
ਨੈਕ ਨ ਇਤ ਉਤ ਹੇਰਤਿ ਕਾਹੂ। ਰਿਦਾ ਲਗਾਯੋ ਕਾਗਦ ਮਾਂਹੂ॥੨੯॥

''ਦੱਸੋ ਪੁੱਤਰ ! ਤੁਸੀਂ ਕਾਗਜ਼ ਹੱਥ ਵਿਚ ਕਿਉਂ ਫੜੇ ਹਨ, ਕੀ ਤੁਸੀਂ ਇਨ੍ਹਾਂ ਬੱਚਿਆਂ ਵਿਚ ਪੜ੍ਹ ਰਹੇ ਹੋ? ਕੋਈ ਥੋੜਾ ਵੀ ਇਧਰ ਉਧਰ ਨਹੀਂ ਵੇਖਦਾ ਹੈ। ਸਾਰਿਆਂ ਨੇ ਆਪਣੇ ਹਿਰਦੇ ਕਾਗਜ਼ ਵਿਚ ਹੀ ਲਾਏ ਹੋਏ ਹਨ॥ ੨੯॥

ਜਿਉਂ ਪੰਡਤ ਬੇਦਾਂਤ ਬਿਚਾਰਤਿ। ਨੈਕ ਨ ਮਨ ਕੋ ਕਿਤਹੂ ਟਾਰਤਿ।
ਸੁਨਿ ਕਰਿ ਪਿਤਾ ਬਚਨ ਕੋ ਬੋਲੇ। ਸੰਪਟ ਬਿੱਦ੍ਰਮ ਅੰਮ੍ਰਿਤ ਖੋਲੇ॥ ੩੦॥

ਜਿਵੇਂ ਪੰਡਿਤ ਵੇਦਾਂ ਤੇ ਵਿਚਾਰ ਕਰਦਾ ਹੈ ਅਤੇ ਆਪਣੇ ਮਨ ਨੂੰ ਥੋੜਾ ਵੀ ਏਧਰ ਓਧਰ ਨਹੀ ਕਰਦਾ। ਪਿਤਾ ਦੀ ਗੱਲ ਸੁਣ ਕੇ ਸ੍ਰੀ ਨਾਨਕ ਜੀ ਬੋਲੇ, ਜਿਵੇਂ ਮੂੰਗਿਆਂ ਦਾ ਡੱਬਾ ਖੁਲ੍ਹਦਾ ਹੈ॥ ੩੦॥

'ਸਪਤ ਸ਼ਲੋਕੀ ਪਢਿ ਹੌਂ ਗੀਤਾ। ਅਰਥ ਵਿਚਾਰੌਂ ਤਿਹ ਕਰਿ ਪ੍ਰੀਤਾ।
ਜਿਸ ਕੇ ਪਢਨ ਵਿਚਾਰਨ ਕਰਿਕੈ। ਸੁਭ ਮਾਰਗ ਪਰਹਹਿਂ ਹਿਤ ਧਰਿਕੈ॥੩੧॥

ਕਹਿਣ ਲੱਗੇ, "ਮੈਂ ਤਾਂ ਸਪਤ ਸਲੋਕੀ ਗੀਤਾ ਪੜ੍ਹ ਰਿਹਾ ਹਾਂ, ਬੜੀ ਪ੍ਰੀਤ ਨਾਲ ਇਸ ਦੇ ਅਰਥ ਵਿਚਾਰ ਰਿਹਾ ਹਾਂ। ਇਸ ਦੇ ਪੜ੍ਹਨ ਅਤੇ ਵਿਚਾਰਨ ਨਾਲ ਮਨੁੱਖ ਪਿਆਰ ਨਾਲ ਸੁਭ ਮਾਰਗ ਤੇ ਪੈਂਦਾ ਹੈ" ॥ ੩੧ ॥

ਦੋਹਰਾ- ਕਾਲੂ ਉਰ ਅਚਰਜ ਕਰਤਿ ਅਚਰਜ ਬਚਨ ਸੁਨੇ ਜੁ।
ਲਖਨੇ ਕੀ ਲਾਲਸ ਲਗੀ ਕੂਰ ਕਿ ਸਾਚ ਭਨੇ ਜੁ॥ ੩੨॥

ਆਪਣੇ ਪੁੱਤਰ ਦੇ ਅਜਿਹੇ ਅਚਰਜ ਲਫਜ ਸੁਣ ਕੇ ਮਹਿਤਾ ਕਾਲੂ ਜੀ ਬਹੁਤ ਹੈਰਾਨ ਹੋਏ। ਇਹ ਵੇਖਣ ਦੀ ਲਾਲਸਾ ਬਹੁਤ ਹੋਈ ਕਿ ਵੇਖਾਂ ਜੋ ਕੁਝ ਆਖਦਾ ਹੈ ਉਹ ਸੱਚ ਹੈ ਜਾਂ ਕੂੜ॥ ੩੨॥

ਚੌਪਈ- "ਮੁਝ ਕੌ ਪਢਿ ਕਰਿ ਦੇਹੁ ਸੁਨਾਈ। ਅਰਥ ਭਨਹੁ ਜਿਉਂ ਪਰਹਿ ਲਖਾਈ'।
ਸੁਨਿ ਪਿਤ ਕੀ ਬਾਨੀ ਸੁਖ ਖਾਨੀ। ਅਰਥ ਕਹਤਿ ਭੇ ਜਿਹ ਦੁਖ ਹਾਨੀ ॥੩੩॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਪੁੱਤਰ! ਮੈਨੂੰ ਪੜ੍ਹ ਕੇ ਸੁਣਾਓ ਅਤੇ ਉਸ ਦੇ ਅਰਥ ਕਰੋ ਜਿਵੇਂ ਸਮਝ ਵਿਚ ਪੈਣ।" ਆਪਣੇ ਪਿਤਾ ਜੀ ਦੇ ਸੁਖਦਾਇਕ ਬਚਨ ਸੁਣ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਸਤਿਗੁਰੂ ਜੀ ਸਪਤ ਸਲੋਕੀ ਗੀਤਾ ਦੇ ਅਰਥ ਕਰਨ ਲੱਗ ਗਏ॥ ੩੩॥

ਅਰਥ ਬਖਾਨਜੋ ਸਤਿਗੁਰ ਪੂਰੇ। ਭਵ ਤਾਰਨ ਕੋ ਜਿਹ ਪਦ ਰੂਰੇ।
ਬਚਨ ਬਦਤਿ ਅਧਭੁਤ ਲਘੁ ਗੀਤਾ। ਸੁਨਤਿ ਤਾਤ ਮ੍ਰਿਗ ਘੰਟਕ ਪ੍ਰੀਤਾ॥੩੪॥

ਜਿਹੜੇ ਇਸ ਸੰਸਾਰ ਨੂੰ ਤਾਰਨ ਵਾਸਤੇ ਇਸ ਧਰਤੀ ਤੇ ਆਏ ਹਨ, ਉਸ ਸਤਿਗੁਰੂ ਨੇ ਗੀਤਾ ਦੇ ਪੂਰੇ ਅਤੇ ਸ਼ੁੱਧ ਅਰਥ ਕੀਤੇ। ਉਹ ਗੀਤਾ ਦੇ ਬੜੇ ਅਦਭੁਤ ਢੰਗ ਨਾਲ ਅਰਥ ਕਰ ਰਹੇ ਹਨ, ਉਨ੍ਹਾਂ ਬਚਨਾਂ ਨੂੰ ਸੁਣ ਕੇ ਮਹਿਤਾ ਕਾਲੂ ਜੀ ਇੰਝ ਕੀਲੇ ਗਏ ਜਿਵੇਂ ਸ਼ਿਕਾਰੀ ਦੀ ਘੰਟੀ ਨੂੰ ਸੁਣ ਕੇ ਹਿਰਨ ਅਡੋਲ ਖਲੋ ਜਾਂਦੇ ਹਨ॥ ੩੪॥

ਚੌਪਈ- ਪ੍ਰਥਮ ਪਾਠ ਕਰਿ ਪਰਮ ਪ੍ਰਬੀਨਾ। ਗਿਰਾ ਮਧੁਰ ਸੁੰਦਰ ਰਸ ਲੀਨਾ।
ਬਹੁਰ ਅਰਥ ਕਰਿ ਸਭਿ ਸਮਝਾਯੋ। ਤਾਤਪਰਜ ਜੋ ਤਿਹ ਮਹਿਂ ਪਾਯੋ॥੩੫॥

ਪਹਿਲਾਂ ਪਰਮ ਪ੍ਰਬੀਨ ਗੀਤਾ ਦਾ ਪਾਠ ਕਰਦੇ ਹਨ। ਮਿੱਠੀ ਬਾਣੀ ਨੂੰ ਸੁਣ ਕੇ ਸੁੰਦਰ ਰਸ-ਮਈ ਵਾਤਾਵਰਣ ਪੈਦਾ ਹੋ ਗਿਆ ਹੈ। ਫਿਰ ਉਹ ਉਸ ਦੇ ਅਰਥ ਸਮਝਾਉਂਦੇ ਹਨ ਅਤੇ ਜੋ ਵੀ ਬਾਣੀ ਵਿਚ ਦਰਜ ਸੀ ਉਸ ਦਾ ਮਤਲਬ ਦੱਸਦੇ ਹਨ॥ ੩੫॥

ਸੁਨਿ ਕਰਿ ਕਾਲੂ ਕਰਤਿ ਬਿਚਾਰਾ। ਪੁਨ ਪਾਂਧੇ ਕੋ ਬਚਨ ਚਿਤਾਰਾ।
ਸੌਤਿ ਬਦਤਿ ਮਤਿ ਮਿਤ ਅਤਿ ਯਾਂਕੀ। ਬਯ ਲਘੁ ਮਹਿਂ ਏਤੀ ਮਤਿ ਕਾਂਕੀ॥੩੬॥

ਮਹਿਤਾ ਕਾਲੂ ਜੀ ਨੇ ਇਹ ਸੁਣ ਕੇ ਵਿਚਾਰ ਕੀਤੀ ਅਤੇ ਫਿਰ ਪਾਂਧੇ ਦੇ ਬਚਨਾਂ ਨੂੰ ਚਿਤਾਰਿਆ। ਉਸ ਨੇ ਸੱਚ ਹੀ ਕਿਹਾ ਹੈ ਉਸ ਦੀ ਅਨੰਤ ਬੁੱਧੀ ਹੈ। ਏਡੀ ਛੋਟੀ ਉਮਰ ਵਿਚ ਏਡੀ ਬੁੱਧੀ ਕਿਸ ਦੀ ਹੋ ਸਕਦੀ ਹੈ? ॥ ੩੬॥

ਦੋਹਰਾ- ਜਨਕ ਗਯੋ ਸੁਨਿ ਕਰਿ ਸਦਨ ਨਾਨਕ ਜਨਨੀ ਸੰਗ।
ਬਚਨਨ ਸੋਂ ਬਰਨਨਿ ਕਰੀ ਸਭਿ ਬਿਧਿ ਰਿਦੇ ਉਮੰਗ॥ ੩੭॥

ਗੁਰੂ ਜੀ ਦੇ ਪਿਤਾ ਜੀ ਇਹ ਸੁਣ ਕੇ ਉਸੇ ਵੇਲੇ ਘਰ ਨੂੰ ਚਲੇ ਗਏ ਅਤੇ ਗੁਰੂ ਜੀ ਦੀ ਮਾਤਾ ਜੀ ਨੂੰ ਮਿਲੇ। ਫਿਰ ਜੋ ਕੁਝ ਵੀ ਉਨ੍ਹਾਂ ਵੇਖਿਆ ਤੇ ਸੁਣਿਆ ਸੀ, ਆਪਣੇ ਹਿਰਦੇ ਦੀ ਸਾਰੀ ਗੱਲ ਆਪਣੀ ਪਤਨੀ ਅੱਗੇ ਬਿਆਨ ਕਰ ਦਿੱਤੀ॥ ੩੭॥

ਚੌਪਈ- 'ਪ੍ਰਥਮ ਜੋਤਿਕੀ ਗੁਨ ਗਨ ਗਾਏ। ਸੁਭ ਲੱਛਨ ਸਭਿ ਅੰਗ ਬਤਾਏ।
ਪੁਨ ਪਾਂਧੇ ਗੋਪਾਲ ਬਖਾਨਾ। ਸੁਤ ਤੁਮਰੋ ਅਤਿਸ਼ੈ ਮਤਿਵਾਨਾ॥ ੩੮॥

ਮਹਿਤਾ ਕਾਲੂ ਜੀ ਕਹਿਣ ਲੱਗੇ, "ਪਹਿਲਾਂ ਜੋਤਸ਼ੀ ਨੇ ਬਹੁਤ ਗੁਣ ਪ੍ਰਗਟ ਕੀਤੇ ਹਨ। ਸਾਰੇ ਸ਼ੁਭ ਲੱਛਣ ਅਤੇ ਸਾਰੇ ਅੰਗ ਬਿਆਨ ਕੀਤੇ ਹਨ। ਫਿਰ ਪਾਂਧੇ ਗੋਪਾਲ ਨੇ ਕਿਹਾ ਕਿ ਤੁਹਾਡਾ ਪੁੱਤਰ ਅਨੰਤ ਬੁੱਧੀ ਵਾਲਾ ਹੈ॥੩੮॥

ਅਬ ਬਾਰਿਕ ਮਹਿਂ ਕਾਗਦ ਲੀਨੇ॥ ਖੇਲਤਿ ਹੁਤੇ ਪ੍ਰੀਤਿ ਚਿਤਿ ਚੀਨੇ।
ਮੈਂ ਬੂਝਯੋ-ਕਯਾ ਖੇਲਹੁ ਤਾਤਾ! ਸੁੰਦਰ ਗਿਰਾ ਕਹੀ ਸੁਖਦਾਤਾ॥ ੩੯॥

ਹੁਣ ਬਾਲਕ ਨੇ ਸਪਤ ਸ਼ਲੋਕੀ ਗੀਤਾ ਦੇ ਕਾਗਜ਼ ਹੱਥ ਵਿਚ ਲਏ ਅਤੇ ਆਪਣੀ ਮਨ-ਭਾਉਂਦੀ ਪ੍ਰੀਤ ਭਰੀ ਖੇਡ ਖੇਡਣ ਲੱਗਾ। ਮੈਂ ਵੇਖਿਆ ਕਿ ਮੇਰਾ ਪੁੱਤਰ ਕੀ ਖੇਡ ਖੇਡ ਰਿਹਾ ਹੈ, ਪਰ ਸੁਖਾਂ ਦੇ ਦਾਤੇ ਨੇ ਸੁੰਦਰ ਬਾਣੀ ਦਾ ਉਚਾਰਨ ਕੀਤਾ॥ ੩੯॥

ਸਪਤ ਸ਼ਲੋਕੀ ਗੀਤਾ ਭਾਖੀ। ਜਨੁ ਪੰਡਤ ਤੇ ਪਢਿ ਕਰਿ ਰਾਖੀ।
ਅਬ ਤੇ ਮਤਿ ਗੁਨਵਾਨਨਿ ਜੈਸੀ। ਵਡੇ ਹੋਇ ਕਯਾ ਜਾਨਹਿਂ ਕੈਸੀ!' ॥੪੦॥

ਸਪਤ ਸ਼ਲੋਕੀ ਗੀਤਾ ਉਸ ਨੇ ਇੰਝ ਪੜ੍ਹੀ ਜਿਵੇਂ ਕਿਸੇ ਪੰਡਿਤ ਨੇ ਪਹਿਲਾ ਹੀ ਪੜ੍ਹ ਕੇ ਰੱਖੀ ਹੋਈ ਹੈ। ਹੁਣੇ ਹੀ ਉਸ ਦੀ ਬੁੱਧੀ ਵੱਡੀ ਗੁਣੀਆਂ ਗਿਆਨੀਆਂ ਵਾਲੀ ਹੈ। ਵੱਡੇ ਹੋ ਕੇ ਪਤਾ ਨਹੀਂ ਕਿਸ ਤਰ੍ਹਾਂ ਦੀ ਹੋਵੇਗੀ' ॥ ੪੦॥

ਸੁਨਿ ਪੁਨ ਕਹਤ ਭਈ ਗੁਰ ਮਾਤਾ।'ਸ਼ੁਭ ਲੱਛਨ ਇਸ ਮਹਿਂ ਬਖਯਾਤਾ।
ਬਦਨ ਪ੍ਰਸੰਨ ਕਮਲ ਜਿਮ ਬਿਕਸਾ। ਰੋਦਨ ਸ਼ਬਦ ਨ ਮੁਖ ਤੇ ਨਿਕਸਾ ॥੪੧॥

ਇਹ ਸੁਣ ਕੇ ਗੁਰੂ ਜੀ ਦੀ ਮਾਤਾ ਜੀ ਨੇ ਕਿਹਾ, "ਮੇਰੇ ਪੁੱਤਰ ਵਿਚ ਸਾਰੇ ਸ਼ੁਭ ਲੱਛਣ ਪ੍ਰਗਟ ਹੋਏ ਹਨ। ਮੁਖੜਾ ਉਸ ਦਾ ਹਰ ਵੇਲੇ ਕਮਲ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਰੋਣ ਦੀ ਆਵਾਜ਼ ਕਦੇ ਵੀ ਮੂੰਹ ਵਿਚੋਂ ਨਹੀਂ ਕੱਢੀ॥ ੪੧॥

ਚੌਪਈ- ਸਿਸੁ ਮਹਿਂ ਖੇਲਤਿ ਦੇਤਿ ਨ ਗਾਰੀ। ਲਰਯੋ ਨ ਕਿਸ ਸਿਉਂ ਮਧੁਰ ਉਚਾਰੀ।
ਨਰ ਨਾਰੀ ਸਭਿ ਕਰਤਿ ਵਡਾਈ। ਸੰਗ ਫਿਰਹਿਂ ਬਾਰਿਕ ਬਰਿਆਈ॥੪੨॥

ਬੱਚਿਆਂ ਨਾਲ ਜਦ ਖੇਡਦਾ ਹੈ ਤਾਂ ਕਿਸੇ ਨੂੰ ਗਾਲੀ ਨਹੀਂ ਦਿੰਦਾ। ਕਦੀ ਕਿਸੇ ਨਾਲ ਲੜਦਾ ਵੀ ਨਹੀਂ, ਸਦਾ ਮਿੱਠੇ ਬੋਲ ਬੋਲਦਾ ਹੈ। ਸਭ ਨਰ-ਨਾਰੀ ਉਸ ਦੀ ਵਡਿਆਈ ਕਰਦੇ ਹਨ ਅਤੇ ਸਾਰੇ ਬਾਲਕ ਹਰ ਵੇਲੇ ਉਸ ਦੇ ਨਾਲ ਘੁੰਮਦੇ ਹਨ॥ ੪੨॥

ਬ੍ਰਿੱਧ ਨਰਨ ਜਿਉਂ ਭਨਹਿਂ ਕਹਾਨੀ। ਬਾਲ ਬਿਸਾਲ ਸੁਨਹਿਂ ਹਿਤ ਠਾਨੀ'।
ਮਾਤ ਪਿਤਾ ਸੁਤ ਉਸਤਤਿ ਕਹਿ ਕਰਿ। ਉਰ ਆਮੋਦ ਸੰਗ ਭੇ ਗਹਿ ਵਰ॥੪੩॥

ਵੱਡੇ ਮਨੁੱਖਾਂ ਵਾਂਗੂੰ ਉਹ ਕਹਾਣੀ ਸੁਣਾਉਂਦਾ ਹੈ ਅਤੇ ਸਾਰੇ ਬਾਲਕ ਪਿਆਰ ਨਾਲ ਕਹਾਣੀਆਂ ਸੁਣਦੇ ਹਨ।" ਮਾਤਾ ਪਿਤਾ ਪੁੱਤਰ ਦੀ ਉਸਤਤਿ ਕਰਕੇ ਖੁਸ਼ੀ ਨਾਲ ਸਰਸ਼ਾਰ ਹੋ ਗਏ॥ ੪੩॥

ਉਤ ਸ੍ਰੀ ਨਾਨਕ ਖੇਲ ਮਚਾਵਤਿ। ਤਲਵੰਡੀ ਕੀ ਬੀਥੀ ਧਾਵਤਿ।
ਚਢਹਿਂ ਤਰੋਵਰ ਜਸਪਦ ਕੂਦਹਿਂ। ਸਿਸੁ ਕੋ ਸਿਸੁ ਮਿਲ ਲੋਚਨ ਮੂੰਦਹਿਂ ॥੪੪॥

ਜਦ ਸ੍ਰੀ ਨਾਨਕ ਖੇਡ ਆਰੰਭ ਕਰਦੇ ਹਨ ਤਾਂ ਤਲਵੰਡੀ ਦੀਆਂ ਗਲੀਆਂ ਤੇ ਧਾਵਾ ਬੋਲ ਦਿੰਦੇ ਹਨ। ਦਰੱਖਤਾਂ ਤੇ ਚੜ੍ਹਦੇ ਹਨ ਅਤੇ ਛੋਟੀ-ਛੋਟੀ ਛਾਲਾਂ ਮਾਰਦੇ ਹਨ। ਇਕ ਬਾਲਕ ਦੂਜੇ ਬਾਲਕ ਨੂੰ ਵੇਖ ਕੇ ਅੱਖਾਂ ਮੀਟਦੇ ਹਨ॥ ੪੪॥

ਭਾਗ ਚਲਹਿਂ ਨਹਿਂ ਦੇਤਿ ਗਹਾਈ। ਅਤਿ ਲਘੁਤਾ ਕਰਿ ਛ੍ਵੈ ਹੈ ਦਾਈ।
ਇਕ ਇਕ ਕੋ ਲੈ ਕੰਧ ਉਚਾਈ। ਜਾਹਿ ਨਿਸ਼ਾਨੀ ਜਹਾਂ ਬਨਾਈ॥ ੪੫॥

ਗੁਰੂ ਜੀ ਭੱਜ ਜਾਂਦੇ ਹਨ ਤੇ ਕਿਸੇ ਪਾਸੋਂ ਫੜੇ ਨਹੀਂ ਜਾਂਦੇ। ਬੜੀ ਤੇਜ਼ੀ ਨਾਲ ਦਾਈ (ਖਿਡਾਰੀ) ਨੂੰ ਹੱਥ ਲਾਉਂਦੇ ਹਨ। ਇਕ ਇਕ ਨੂੰ ਮੋਢਿਆਂ ਤੇ ਚੁੱਕ ਕੇ ਓਥੇ ਲੈ ਜਾਂਦੇ ਹਨ ਜਿਥੇ ਨਿਸ਼ਾਨੀ ਬਣਾਈ ਹੁੰਦੀ ਹੈ॥ ੪੫॥

ਜਹਿਂ ਬਹੁ ਧੂਰਿ ਬਨਾਵਹਿ ਢੇਰੀ। ਬਦੇਬਦ ਕੂਦ ਕੁਲਾਚਨ ਕੇਰੀ।
ਬੇਦੀ ਬੰਸਨ ਕੇ ਸਿਸਚਾਰੂ। ਜਿਨ ਪਹਿਰੇ ਭੂਖਨ ਧੁਨਿ ਕਾਰੂ॥ ੪੬॥

ਜਿਥੇ ਬਹੁਤ ਧੂੜ ਵੇਖਦੇ ਹਨ, ਓਥੇ ਮਿੱਟੀ ਦੀ ਢੇਰੀ ਬਣਾ ਲੈਂਦੇ ਹਨ। ਫਿਰ ਸ਼ਰਤਾਂ ਲਾ ਕੇ ਛਾਲਾਂ ਮਾਰਦੇ ਸਨ। ਬੇਦੀ ਵੰਸ ਦੇ ਸੁੰਦਰ ਬਾਲ ਸੁੰਦਰ ਗਹਿਣੇ ਅਤੇ ਵਸਤਰ ਪਾਉਂਦੇ ਹਨ ਅਤੇ ਆਪਣੀ ਧੁਨ ਦੇ ਪੱਕੇ ਹਨ॥ ੪੬॥

ਬਹੁ ਬੈਸਿਨ ਕੇ ਸਿਸੁ ਤਿਹ ਥਾਂਈ। ਕਾਕਪੱਖ ਜਿਨ ਸੀਸ ਬਨਾਈ।
ਬਿੱਪ੍ਰਨ ਕੇ ਬਾਲਿਕ ਮਿਲਿ ਬ੍ਰਿੰਦਾ। ਖੇਲਤਿ ਤਜਹਿਂ ਨ ਸੰਗ ਮੁਕੰਦਾ॥ ੪੭॥

ਬਾਣੀਆਂ ਦੇ ਪੁੱਤਰ ਉਸ ਥਾਂ ਤੇ ਬੈਠਦੇ ਹਨ ਜਿਥੇ ਇਕ ਬਾਲਕ ਦੇ ਸਿਰ ਤੇ ਕਾਕ ਪੰਖ ਬਣਾਇਆ ਹੈ। ਬ੍ਰਾਹਮਣਾਂ ਦੇ ਬਾਲਕ ਵੀ ਮਿਲ ਕੇ ਖੇਡਦੇ ਹਨ ਤੇ ਸਤਿਗੁਰੂ ਦਾ ਕਦੇ ਵੀ ਸੰਗ ਨਹੀ ਛੱਡਦੇ॥ ੪੭॥

ਏਕ ਬਾਰ ਬਾਰਿਕ ਜੋ ਆਯੋ। ਪੁਨਿ ਆਵਹਿ ਨਿਤ ਚਿਤ ਬਿਰਮਾਯੋ।
ਭੂਰ ਭਾਗ ਜਾਗੇ ਜਿਨ ਮਾਥੇ। ਕਰਹਿਂ ਸਪਰਸ਼ਨ ਬੋਲਨ ਸਾਥੇ॥ ੪੮॥

ਇਕ ਵਾਰ ਜਿਹੜਾ ਬਾਲਕ ਸ੍ਰੀ ਨਾਨਕ ਸੰਗ ਆ ਮਿਲਦਾ ਹੈ। ਫਿਰ ਉਹ ਸਦਾ ਹੀ ਆਉਂਦਾ ਰਹਿੰਦਾ ਹੈ ਅਤੇ ਆਪਣੇ ਚਿੱਤ ਨੂੰ ਪ੍ਰਸੰਨ ਕਰਦਾ ਹੈ। ਜਿਸ ਦੇ ਵੱਡੇ ਭਾਗ ਜਾਗਦੇ ਹਨ, ਉਹ ਗੁਰੂ ਜੀ ਨੂੰ ਮਿਲਦੇ ਹਨ ਅਤੇ ਉਨ੍ਹਾਂ ਦਾ ਸਾਥ ਮਾਣਦੇ ਹਨ॥ ੪੮॥

ਨਰਾਜ ਛੰਦ- ਸਿਸੋਂ ਵਿਖੇ ਬਿਨਾ ਲਖੇ ਅਖੇਲ ਖੇਲ ਖੇਲਹੀਂ।
ਮਿਲਾਇ ਬ੍ਰਿੰਦ ਬਾਲ ਕੋ ਪਹੇਲ ਲਾਲ ਮੇਲਹੀਂ।
ਧਰਾ ਸਰੀਰ ਹੇਤ ਦੰਭ ਮਾਨ ਕੋ ਨਿਕੰਦਨਾ।
ਸੰਤੋਖ ਸਿੰਘ ਬੰਦ ਦੋ ਕਰੀ ਮੁਕੰਦ ਬੰਦਨਾ॥ ੪੯॥

ਉਹ ਬਾਲਕਾਂ ਵਿਚ ਵੇਖਣ ਤੋਂ ਬਗੈਰ ਹੀ ਅਜਿਹੀਆਂ ਖੇਡਾਂ ਵੀ ਖੇਡਦੇ ਹਨ, ਜਿਹੜੀਆਂ ਪਹਿਲਾਂ ਕਦੇ ਨਹੀਂ ਸੀ ਖੇਡੀਆਂ ਗਈਆਂ। ਲਾਲ ਜੀ ਬਹੁਤੇ ਬਾਲਾਂ ਨੂੰ ਬੁਝਾਰਤਾਂ ਪਾਉਂਦੇ ਹਨ। ਉਨ੍ਹਾਂ ਦੰਭ ਅਤੇ ਪਖੰਡ ਨੂੰ ਕੱਟਣ ਵਾਸਤੇ ਸਰੀਰ ਧਾਰਨ ਕੀਤਾ ਹੈ। ਸੰਤੋਖ ਸਿੰਘ ਦੋਵੇਂ ਹੱਥ ਜੋੜ ਕੇ ਉਸ ਸਤਿਗੁਰੂ ਮੁਕਤੀ ਦਾਤੇ ਅੱਗੇ ਬੰਦਨਾ ਕਰਦਾ ਹੈ॥ ੪੯॥

*ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਾਲ ਲੀਲਾ' ਪ੍ਰਸੰਗ ਬਰਨਨ ਨਾਮ ਸਪਤਮੋ ਅਧਯਾਇ॥ ੭॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੱਤਵਾਂ ਅਧਿਆਇ, ਜਿਸ ਦਾ ਨਾਮ 'ਬਾਲ ਲੀਲਾ' ਹੈ, ਸਮਾਪਤ ਹੋਇਆ॥ ੭॥

# ਅਧਿਆਇ ਅੱਠਵਾਂ

### ਗੁਰ ਸਿੱਖ ਦਾ ਮੰਗਲ, ਮੁੱਲਾਂ ਪ੍ਰਤਿ ਉਪਦੇਸ਼।

ਕਬਿੱਤ- ਬਾਨ ਜਿਮ ਲੱਛ ਪਰ, ਬੀਰਭੱਦ੍ਰ ਦੱਛ ਪਰ, ਨਦੀ ਮਧ ਮੱਛ ਪਰ ਦਾਸ ਜਾਲਪਾਨ ਹੈ।
ਸ਼ੇਰ ਜਿਮ ਭੱਛ ਪਰ, ਬਾਜ ਜਿਮ ਪੱਛ ਪਰ, ਚੰਡਿ ਬਿੜਾਲੱਛ ਪਰ ਕੀਨ ਦ੍ਰੁਤਿ ਹਾਨ ਹੈ।
ਰਾਮ ਛਿਤਪਾਲ ਪਰ, ਰਾਮ ਸੁਰਸਾਲ ਪਰ, ਰਾਮ ਮਘਪਾਲ ਪਰ ਜੈਸੇ ਸਾਵਧਾਨ ਹੈ।
ਸ਼ੱਕ੍ਰ ਜਿਮ ਕੋਹ ਪਰ, ਚੱਕ੍ਰ ਹਰਿ ਦ੍ਰੋਹ ਪਰ, ਗੁਰੂ ਸਿੱਖ ਮੋਹ ਪਰ ਤੈਸੇ ਬਲਵਾਨ ਹੈ॥੧॥

ਤੀਰ ਜਿਵੇਂ ਨਿਸ਼ਾਨੇ ਉਤੇ, ਸ਼ਿਵ ਗਣ ਜਿਵੇਂ ਸ਼ਿਵਜੀ ਦੇ ਸਹੁਰੇ ਦੱਛ ਉਤੇ, ਨਦੀ ਵਿਚ ਮੱਛੀਆਂ ਉਤੇ ਜਿਵੇਂ ਮਛੇਰਾ ਜਾਲ ਪਾਉਣ ਵਿਚ ਬਲਵਾਨ ਹੈ। ਸ਼ੇਰ ਜਿਵੇਂ ਸ਼ਿਕਾਰ ਉਤੇ, ਬਾਜ ਜਿਵੇਂ ਪੰਛੀ ਉਤੇ, ਚੰਡੀ ਜਿਵੇਂ ਬਿੜਾਲੱਛ (ਬਿੱਲੀਆਂ ਅੱਖਾਂ ਵਾਲਾ ਦੈਂਤ) ਉਤੇ ਭਾਰੂ ਹੈ। ਪਰਸਰਾਮ ਜਿਵੇਂ ਛੱਤ੍ਰੀਆਂ ਉਤੇ, ਰਾਮ ਚੰਦਰ ਰਾਵਣ ਉਤੇ, ਬਲਿਰਾਮ ਜਰਾਸਿੰਧ ਉਤੇ ਖ਼ਬਰਦਾਰ ਭਾਵ ਭਾਰੂ ਹੈ। ਇੰਦਰ ਜਿਵੇਂ ਪਹਾੜ ਉਤੇ, ਵਿਸ਼ਨੂੰ ਦਾ ਚੱਕਰ ਜਿਵੇਂ ਵਿਰੋਧੀਆਂ ਉਤੇ ਭਾਰੂ ਹੈ, ਇੰਞ ਹੀ ਗੁਰੂ ਦਾ ਸਿੱਖ ਮੋਹ ਉਤੇ ਭਾਰੂ ਭਾਵ ਬਲਵਾਨ ਹੈ। ਸਿੱਖ ਮੋਹ ਨੂੰ ਮਾਰ ਲੈਂਦਾ ਹੈ॥ ੧॥

ਦੋਹਰਾ- ਕਹਿ ਬਾਲਾ ਸ੍ਰੀ ਗੁਰੂ ਜੀ! ਸੁਨਹੁ ਕਥਾ ਇਤਿਹਾਸ।
ਜੈਸ ਭਾਂਤਿ ਹਰਿ ਖੇਲ ਹੀਂ ਕਟਤਿ ਜੁ ਕਲਿਮਲ ਦਾਸ॥ ੨॥

ਭਾਈ ਬਾਲਾ ਕਹਿਣ ਲੱਗਾ, "ਹੇ ਗੁਰੂ ਅੰਗਦ ਦੇਵ ਜੀ ! ਸਤਿਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਸੁਣੋ। ਜਿਸ ਢੰਗ ਨਾਲ ਪਾਪ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਜੀਵਨ ਲੀਲ੍ਹਾ ਦੀ ਖੇਡ ਖੇਡੀ॥ ੨॥

ਸ੍ਵੈਯਾ- ਬਾਲਕ ਸੋਂ ਮਿਲ ਖੇਲਤਿ ਖੇਲਨ ਲਾਲ ਬਿਲੋਕਤ ਤਾਤ ਦੁਲਾਰੈ।
ਸੁੰਦਰ ਭੂਖਨ ਚੀਰ ਸਰੀਰ ਧਰੇ ਤਲਵੰਡੀ ਕੀ ਬੀਥੀ ਬਿਹਾਰੈਂ।
ਦੋਰ ਚਲੈਂ ਕਬ ਬੈਸ ਰਹੈਂ ਕਬਹੂੰ ਮਧੁਰੇ ਮੁਖ ਬੈਨ ਉਚਾਰੈਂ।
ਭੋਜਨ ਮਾਤ ਤੇ ਲੇਕਰਿ ਖਾਤਿ, ਖੁਵਾਵਤਿ ਹੇਰਤਿ ਹੋ ਬਲਿਹਾਰੈ॥ ੩॥

ਜਦ ਦੂਸਰੇ ਬਾਲਕਾਂ ਨਾਲ ਖੇਡਾਂ ਖੇਡਦੇ ਹਨ ਤਾਂ ਪਿਤਾ ਮਹਿਤਾ ਕਾਲੂ ਜੀ ਆਪਣੇਂ ਦੁਲਾਰੇ ਲਾਲ ਨੂੰ ਬੜੇ ਪਿਆਰ ਨਾਲ ਵੇਖਦੇ ਹਨ। ਸੁੰਦਰ ਗਹਿਣੇ ਅਤੇ ਵਸਤਰ ਪਾਏ ਹੋਏ ਹਨ ਤੇ ਤਲਵੰਡੀ ਕਸਬੇ ਦੀਆਂ ਰੌਣਕਾਂ ਨੂੰ ਵਧਾ ਰਹੇ ਹਨ। ਕਦੇ ਭੱਜਦੇ ਹਨ ਅਤੇ ਕਦੇ ਬੈਠੇ ਰਹਿੰਦੇ ਹਨ, ਕਦੇ ਸੁੰਦਰ ਮੁੱਖ ਤੋਂ ਮਿੱਠੇ ਬਚਨਾਂ ਦਾ ਉਚਾਰਨ ਕਰਦੇ ਹਨ। ਮਾਤਾ ਜੀ ਪਾਸੋਂ ਭੋਜਨ ਲੈ ਕੇ ਖਾਂਦੇ ਹਨ। ਮਾਤਾ ਜੀ ਭੋਜਨ ਖਵਾਉਂਦੇ ਹਨ ਤੇ ਵੇਖ-ਵੇਖ ਬਲਿਹਾਰ ਜਾਂਦੇ ਹਨ॥ ੩॥

ਇਕ ਬਾਸੁਰ ਕਾਲੂ ਵਿਚਾਰ ਕੀਓ-ਪਢਨੈ ਬਿਨ ਨਾਨਕ ਬੈਸ ਬਿਹਾਏ।
ਕੌਨਸੀ ਕਾਰ ਕਰੈ ਗੁਜ਼ਰਾਨ ਕਹਾਂ ਕਰਿਕੈ ਧਨ ਲੇਹਿ ਕਮਾਏ।
ਨਿਜ ਕਾਰ ਕੀ ਰੀਤਿ ਬਿਨਾ ਨ ਬਨੇ ਕ੍ਰਿਤ, ਜੇ ਕਰਿ ਹੈ ਜਗ ਨਿੰਦ ਅਲਾਏ।
ਅਬ ਮੋਕਉ ਜੋਗ ਪਢਾਵਨ ਹੈ ਬਡ ਹੋਇ ਜਬੈ ਨ ਪਢਜੋ ਤਬ ਜਾਏ॥੪॥

ਇਕ ਦਿਨ ਕਾਲੂ ਨੇ ਵਿਚਾਰ ਕੀਤੀ ਕਿ ਪੜ੍ਹਨ ਤੋਂ ਬਗੈਰ ਸ੍ਰੀ ਨਾਨਕ ਆਪਣੀ ਉਮਰ ਗਵਾ ਰਹੇ ਹਨ। ਕਿਹੜਾ ਕੰਮ ਇਹ ਕਰੇ ਜਿਸ ਨਾਲ ਰੁਜ਼ਗਾਰ ਵੀ ਲੱਗ ਜਾਵੇ ਤੇ ਕੁਝ ਧਨ ਦੀ ਵੀ ਕਮਾਈ ਹੋਵੇ। ਨਿਜੀ ਕਾਰ-ਵਿਹਾਰ ਤੋਂ ਬਗੈਰ ਕਿਰਤ ਕਮਾਈ ਨਹੀਂ ਹੋ ਸਕਦੀ, ਜੱਗ ਵਿਚ ਇਹੋ ਰਹੁਰੀਤ ਚਲੀ ਆਉਂਦੀ ਹੈ। ਹੁਣੇ ਹੀ ਚੰਗਾ ਮੌਕਾ ਹੈ, ਚੰਗੀ ਪੜ੍ਹਾਈ ਕਰਵਾਈ ਜਾਵੇ, ਵੱਡਿਆਂ ਹੋ ਕੇ ਤਦ ਪੜ੍ਹਿਆ ਨਹੀਂ ਜਾ ਸਕਦਾ॥ ੪॥

ਲੇ ਸੁਤ ਨਾਨਕ ਸੰਗ ਚਲ੍ਯੋ ਜਹਿਂ ਪਾਰ ਸੀ ਬਾਲ ਪਢੈਂ ਮਿਲਿ ਬ੍ਰਿੰਦਾ।
ਬੈਸ੍ਯੋ ਮੁਲਾਨੇ ਕੇ ਜਾਇ ਸਮੀਪ ਕਹੇ ਹਿਤ ਸੋਂ ਬਚ ਆਰਤਮੰਦਾ।
'ਮੇ ਸੁਤ ਹੇਤ ਸੋਂ ਦੇਹੁ ਪਢਾਇ ਪਢੈ ਇਹ ਤੂਰਨ ਹੈ ਮਤਿਵੰਦਾ।
ਰੋਜ ਭਲੋ ਮੁਝ ਦੇਹੁ ਬਤਾਇ, ਬੈਸਾਵਹੁ ਆਨ ਪਢੈ ਤੁ ਅਨੰਦਾ ॥੫॥

ਮਹਿਤਾ ਕਾਲੂ ਜੀ, ਸ੍ਰੀ ਨਾਨਕ ਜੀ ਨੂੰ ਲੈ ਕੇ ਓਥੇ ਚਲੇ ਗਏ ਜਿਥੇ ਬੱਚੇ ਇਕੱਠੇ ਹੋ ਕੇ ਫਾਰਸੀ ਪੜ੍ਹਦੇ ਹਨ। ਉਹ ਮੌਲਵੀ ਦੇ ਕੋਲ ਜਾ ਕੇ ਬਹਿ ਗਏ ਤੇ ਦਰਦ ਵਾਲੇ ਸ਼ਬਦ ਬੜੇ ਹਿਤ ਨਾਲ ਕਹਿੰਦੇ ਹਨ॥ "ਮੇਰੇ ਪੁੱਤਰ ਨੂੰ ਬੜੇ ਪਿਆਰ ਨਾਲ ਫ਼ਾਰਸੀ ਪੜ੍ਹਾ ਦੇਵੋ, ਇਹ ਬੜਾ ਬੁੱਧੀਵਾਨ ਹੈ। ਰੋਜ਼ ਇਸ ਦੀ ਪੜ੍ਹਾਈ ਬਾਰੇ ਮੈਨੂੰ ਦੱਸਦੇ ਰਹਿਣਾ, ਇਸ ਨੂੰ ਆਪਣੇ ਪਾਸ ਬਿਠਾਵੋ ਜਿਹੜਾ ਇਹ ਖੁਸ਼ੀ-ਖੁਸ਼ੀ ਪੜ੍ਹ ਸਕੇ" ॥ ੫॥

ਕਬਿੱਤ- ਬੈਨ ਯੌਂ ਮੁਲਾਨੇ ਭਨੇ "ਸੁਬਹਿ ਦਿਵਸ ਭਲੋ ਮਕਤਬ ਮਾਂਹੀ ਫਰੁਜ਼ੰਦ ਕੋ ਬਿਠਾਈਏ।
ਹੇਤ ਸੋਂ ਪਢਾਊਂ, ਨ ਖਿਲਾਫ ਤੁਝ ਸੰਗ ਗਾਊਂ, ਹੋਰੋਂ ਹੋਸ਼ਵੰਦ ਅਬ ਧਾਮ ਨਿਜ ਜਾਈਏ।
ਕਾਲੂ ਤਬ ਗਯੋ ਰੈਨ ਭਈ ਖਾਨ ਪਾਨ ਕੀਓ ਭੋਰ ਸੋਂ ਬਹੋਰ ਉਠ ਦੇਖ੍ਯੋ ਸੁਖਦਾਈਏ।
ਨਾਨਕ ਕੋ ਸੰਗ ਲੇਯ ਬੈਨ ਸੋਂ ਦਿਲਾਸੋ ਦੇਯ 'ਪਢੋ ਕਰਿ ਪ੍ਰੀਤਿ ਨੀਤਿ ਕਤਹੂੰ ਨ ਧਾਈਏ' ॥੬॥

ਮਹਿਤਾ ਕਾਲੂ ਦੀ ਇਹ ਗੱਲ ਸੁਣ ਕੇ ਮੌਲਵੀ ਨੇ ਕਿਹਾ, "ਕਲ੍ਹ ਚੰਗਾ ਦਿਨ ਹੈ, ਇਸ ਲਈ ਬਾਲਕ ਨੂੰ ਕਲ੍ਹ ਸਵੇਰੇ ਮਦਰੱਸੇ ਵਿਚ ਪੜ੍ਹਨੇ ਪਾ ਦੇਵੋ। ਮੈਂ ਬੜੇ ਪਿਆਰ ਨਾਲ ਪੜ੍ਹਾਵਾਂਗਾ, ਕੋਈ ਉਲਟੀ ਸਿੱਧੀ ਗੱਲ ਨਹੀਂ ਹੋਵੇਗੀ, ਮੈਂ ਵੇਖ ਲਿਆ ਹੈ ਤੁਹਾਡਾ ਪੁੱਤਰ ਬੜਾ ਸਿਆਣਾ ਹੈ। ਹੁਣ ਤੁਸੀ ਆਪਣੇ ਘਰ ਨੂੰ ਜਾਵੋ।" ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਲੈ ਕੇ ਘਰ ਚਲੇ ਗਏ, ਖਾ ਪੀ ਕੇ ਰਾਤ ਨੂੰ ਸੌਂ ਗਏ। ਜਦ ਸਵੇਰ ਹੋਈ ਤਾਂ ਉਠ ਕੇ ਸੁੱਖਾਂ ਦੇ ਦਾਤੇ ਨੂੰ ਵੇਖਿਆ। ਫਿਰ ਸ੍ਰੀ ਨਾਨਕ ਜੀ ਨੂੰ ਦਿਲਾਸਾ ਦੇ ਕੇ ਕਿਹਾ, "ਬੜੇ ਪ੍ਰੇਮ ਨਾਲ ਪੜ੍ਹਾਈ ਕਰੋ, ਹੋਰ ਕਿਸੇ ਪਾਸੇ ਨਹੀਂ ਜਾਣਾ ਹੈ" ॥ ੬॥

ਮਕਤਬ ਆਇ ਏਕ ਕਾਰਖਿਕ ਦੀਨੋ ਕਾਲੂ ਕਛੁਕ ਮਿਠਾਈ ਬਾਂਟਿ ਪਟੀਆ ਲਿਖਾਈ ਹੈ।
ਮੁੱਲਾਂ ਨੇ ਕਲਮ ਗਹਿ ਅੱਵਲ ਅਲਫ ਲਿਖ ਬਹੁਰੋ ਸਿਹਰਫੀ ਸੁ ਸਭਿਹੀ ਪਢਾਈ ਹੈ।
ਮੁੱਲਾਂ ਕੇ ਕਹਿਨ ਮਹਿਂ ਦੇਰ ਕਛੁ ਲਾਗੈ ਮਾਨੋ ਨਾਨਕ ਕੀ ਰਸਨਾ ਮੈਂ ਦੇਰ ਹੂੰ ਨ ਪਾਈ ਹੈ।
ਭਯੋ ਬਿਸਮਾਦ-ਏਹ ਪਢ੍ਯੋ ਕਹੂੰ ਆਦਿ ਮੋਤੇ ! ਮੋਹੂ ਸੇ ਸਬਕ ਪਢੈ ਜਾਨ੍ਯੋ ਹੂੰ ਨ ਜਾਈ ਹੈ॥੭॥

ਮਹਿਤਾ ਕਾਲੂ ਜੀ ਨੇ ਮਦਰੱਸੇ ਆ ਕੇ ਇਕ ਰੁਪਈਆ ਮੌਲਵੀ ਨੂੰ ਦਿੱਤਾ ਤੇ ਕੁਝ ਮਠਿਆਈ ਵੰਡ ਕੇ ਫ਼ਾਰਸੀ ਦੀ ਪੱਟੀ ਲਿਖਵਾਈ ਹੈ। ਮੁੱਲਾਂ ਨੇ ਕਲਮ ਫੜ ਕੇ ਪਹਿਲਾਂ ਅਲਫ ਲਿਖੀ, ਫਿਰ ਸੀਹਰਫੀ (ਫ਼ਾਰਸੀ ਦੀ ਪੈਂਤੀ) ਸਾਰੀ ਪੜ੍ਹਾਈ। ਮੁੱਲਾ ਜਦ ਪੈਂਤੀ ਦਾ ਉਚਾਰਨ ਕਰਦਾ ਹੈ ਤਾਂ ਉਸ ਵਿਚ ਕੁਝ ਦੇਰ ਲੱਗਦੀ ਹੈ, ਪਰ ਸ੍ਰੀ ਨਾਨਕ ਜੀ ਕਿਸੇ ਦੇਰ ਤੋਂ ਬਗ਼ੈਰ ਹੀ ਝੱਟ ਪੜ੍ਹ ਜਾਂਦੇ ਹਨ। ਮੌਲਵੀ ਵੇਖ ਕੇ ਬਹੁਤ ਹੈਰਾਨ ਹੋਇਆ, ਕਹਿਣ ਲੱਗਾ ਇਹ ਤਾਂ ਪਹਿਲਾਂ ਹੀ ਪੜ੍ਹਿਆ ਹੋਇਆ ਹੈ, ਮੈਥੋਂ ਤਾਂ ਸਬਕ ਪੜ੍ਹਾਇਆ ਹੀ ਨਹੀਂ ਜਾ ਰਿਹਾ॥ ੭॥

ਮੁਸ਼ਕਲ ਪਾਰਸੀ ਅਸਾਨ ਪਢੈ ਤਾਤਕਾਲ ਬਾਲਿਕ ਕੀ ਬੈਸ, ਬੁਧਿ ਬ੍ਰਿੱਧ ਹੂੰ ਕੀ ਦੇਖੀਏ।
ਜ਼ੇਰ ਤੇ ਜ਼ਬਰ ਔਰ ਮਾਯਨੇ ਕਿਤਾਬਨ ਕੇ ਦਫਤਰ ਲੇਖਾ ਜਮਾ ਖਰਚੁ ਬਿਸੇਖੀਏ।
ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ ਪਢੈਂ ਨ ਸਮਾਨ ਇਸ ਕੋਊ ਅਵਰੇਖੀਏ।
ਮਾਨੁਖ ਕੋ ਕਾਮ ਨਹਿਂ, ਔਲੀਆ ਔਤਾਰ ਕੋਊ, ਲਖਿ ਸੋਂ ਅਲੱਖ ਜਾਂਕੇ ਲੇਖ ਹੈਂ ਅਲੇਖੀਏ ॥੮॥

ਮੁਸ਼ਕਲ ਫ਼ਾਰਸੀ ਨੂੰ ਬੜੀ ਆਸਾਨੀ ਨਾਲ ਪੜ੍ਹ ਰਿਹਾ ਹੈ, ਇਸ ਛੋਟੇ ਜਿਹੇ ਬਾਲਕ ਵਿਚ ਵੱਡਿਆਂ ਵਰਗੀ ਅਕਲ ਹੈ। ਜ਼ੇਰ (ਸਿਆਰੀ) ਜ਼ਬਰ (ਮੁਕਤਾ) ਅਤੇ ਕਿਤਾਬ ਦੇ ਅਰਥ ਅਤੇ ਦਫਤਰੀ ਲੇਖੇ ਤੇ ਜਮ੍ਹਾਂ ਖਰਚ ਨੂੰ ਵੀ ਭਲੀ-ਭਾਂਤ ਜਾਣਦਾ ਹੈ।

ਦਸਾਂ-ਦਸਾਂ ਸਾਲਾਂ ਦੇ ਵੱਡੇ-ਵੱਡੇ ਬੱਚੇ ਬੈਠੇ ਹਨ ਜਿਹੜੇ ਕਿ ਇਸ ਦੇ ਬਰਾਬਰ ਨਹੀਂ ਪੜ੍ਹ ਸਕਦੇ। ਇਹ ਕੋਈ ਮਨੁੱਖ ਨਹੀਂ ਹੈ, ਇਹ ਤਾਂ ਕੋਈ ਔਲੀਆ ਅਵਤਾਰ ਹੈ, ਇਸ ਦਾ ਕੋਈ ਅੰਤ ਨਹੀਂ ਹੈ, ਇਸ ਦੇ ਲੇਖ, ਲੇਖਾ-ਰਹਿਤ ਹਨ॥ ੮॥

ਸਿਫਤਿ ਪ੍ਰਕਾਸ਼ ਭਈ-ਕਾਲੂ ਸੁਤ ਬੁੱਧਿ ਰਾਸ ਪਾਰਸੀ ਇਲਮ ਜੋ ਕਠਨ ਸੀਖਜੈ ਬੇਗਹੀ।
ਆਇ ਮੁਖ ਦੇਖੈਂ ਕਰੈਂ ਇਲਮ ਪਰੇਖੈ ਨਰ, ਸੁਨਿ ਸੁਨਿ ਬੈਨ ਕੋ ਬਿਸਾਲ ਬਿਸਮੈ ਗਹੀ।
ਮਿਲਤਿ ਪਰਸਪਰ ਕਰਤਿ ਸੁਜਸ ਬਰ ਬੈਸ ਲਘੁ ਦੇਖੀ ਅਤਿ ਸੇ ਮੁਖੀ ਵਿਸ਼ੇਖ ਹੀ।
ਮਧੁਰ ਬਚਨ ਸੁਨਿ ਹਿੰਦੂ ਔ ਤੁਰਕ ਸਭਿ ਪ੍ਰੀਤਿ ਕਰਿ ਰਿਦੈ ਹਰਿਖਾਵ ਨ ਉਦੇਗ ਹੀ॥੯॥

ਬੜੀ ਸਿਫਤ ਕੀਤੀ ਕਿ ਮਹਿਤਾ ਕਾਲੂ ਜੀ ਦੇ ਪੁੱਤਰ ਦੀ ਬੁੱਧੀ ਬੜੀ ਤੀਖਣ ਹੈ, ਉਹ ਫ਼ਾਰਸੀ ਇਲਮ ਨੂੰ ਜਿਹੜਾ ਬੜਾ ਔਖਾ ਹੈ, ਛੇਤੀ ਹੀ ਸਿੱਖ ਜਾਣਗੇ। ਉਹ ਆ ਕੇ ਆਪਣੇ ਮੂੰਹ ਨਾਲ ਵੇਖਦੇ ਅਤੇ ਪਰੀਖਿਆ ਲੈਂਦੇ ਹਨ, ਗੁਰੂ ਜੀ ਦੇ ਵਿਸ਼ਾਲ ਬਚਨ ਸੁਣ ਸੁਣ ਕੇ ਬਹੁਤ ਹੈਰਾਨ ਹੁੰਦੇ ਹਨ। ਬਾਰ-ਬਾਰ ਮਿਲਦੇ ਹਨ ਅਤੇ ਸ੍ਰੇਸ਼ਟ ਜੱਸ ਕਰਦੇ ਹਨ ਅਤੇ ਵੱਡੀ ਬੁੱਧੀ ਵਾਲੇ ਨੂੰ ਕੋਲ ਬੈਠ ਕੇ ਵੇਖਦੇ ਹਨ। ਹਿੰਦੂ ਅਤੇ ਮੁਸਲਮਾਨ ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਹਿਰਦੇ ਵਿਚ ਬਹੁਤ ਪ੍ਰੀਤ ਕਰਦੇ ਹਨ, ਉਹ ਖੁਸ਼ ਹੁੰਦੇ ਹਨ, ਦੁਖੀ ਨਹੀਂ ਹੁੰਦੇ॥ ੯॥

ਮ੍ਰਿਦੁਲ ਮਧੁਰ ਮੁਖ ਬੋਲਤਿ ਹੈਂ ਬੈਨ ਮਾਨੋ ਦੇਤਿ ਉਪਦੇਸ਼ ਰਿਖਿ ਦੇਖਿ ਸਿਖ ਆਪਨੇ।
ਪਾਰਸੀ ਸੋ ਮਿਲੀ ਜੋਊ ਨਾਮ ਕੇ ਭਜਨ ਸੰਗ ਗੰਗ ਜੈਸੀ ਬਾਨੀ ਕਲਿ ਕਲਿਮਲ ਖਾਪਨੇ।
ਪੰਡਿਤ ਜਸੋਂ ਵਕਤਾ ਅਚੂਕ ਵਾਕ ਪ੍ਰੇਮ ਮਯ ਸੁੰਦਰ ਸੁਖਦ ਜੋਊ ਜੋਗ ਨਰ ਜਾਪਨੇ।
ਸੁਨੈਂ ਹਿਤ ਲਾਇ ਨੁਤਿ ਗਾਇ ਘਰ ਜਾਇਂ ਨਰ ਕਲਾਵਾਨ ਭਯੋ ਕਲਿ ਕੀਰਤਿ ਸੁ ਥਾਪਨੇ॥੧੦॥

ਗੁਰੂ ਜੀ ਆਪਣੇ ਸੁੰਦਰ ਮੁਖ ਤੋਂ ਬੜੇ ਮਿੱਠੇ ਬਚਨ ਇੰਝ ਬੋਲਦੇ ਹਨ ਜਿਵੇਂ ਰਿਖੀ ਮੁਨੀ ਆਪਣੇ ਚੇਲਿਆਂ ਨੂੰ ਉਪਦੇਸ਼ ਕਰ ਰਹੇ ਹੋਣ। ਫ਼ਾਰਸੀ ਉਹ ਇੰਝ ਪੜ੍ਹਦੇ ਹਨ ਮਾਨੋਂ ਨਾਮ ਦਾ ਭਜਨ ਕਰ ਰਹੇ ਹਨ ਤਾਂਕਿ ਇਹ ਇਲਾਹੀ ਬਾਣੀ ਕਲਜੁਗ ਵਿਚ ਪਾਪ ਨਾਸ਼ਕ ਹੋਵੇ।

ਪੰਡਿਤਾਂ ਵਾਂਗ ਅਭੁੱਲ ਵਕਤਾ ਹਨ ਅਤੇ ਸੁੱਖ ਦੇਣ ਵਾਲੇ ਪ੍ਰੇਮ-ਮਈ ਵਾਕ ਬੋਲਦੇ ਹਨ, ਜਿਵੇਂ ਕਿ ਕਾਬਿਲ ਅਤੇ ਯੋਗ ਵਿਅਕਤੀ ਜਾਪਦੇ ਹਨ। ਗੁਰੂ ਜੀ ਦੇ ਕਹੇ ਵਾਕਾਂ ਨੂੰ ਬੜੇ ਪ੍ਰੇਮ ਨਾਲ ਸੁਣਦੇ ਹਨ ਅਤੇ ਫਿਰ ਘਰ ਜਾ ਕੇ ਉਸਤਤਿ ਗਾਉਂਦੇ ਹਨ ਕਿ ਕਲਜੁਗ ਵਿਚ ਕੀਰਤੀ ਸਥਾਪਣ ਕਰਨ ਵਾਸਤੇ ਅਵਤਾਰ ਧਾਰਿਆ ਹੈ॥ ੧੦॥

ਸੈਯਾ- ਧਾਮ ਕੇ ਕਾਮ ਤਜੇ ਢਿਗ ਜਾਵਹਿਂ ਹੇਰਤਿ ਮੂਰਤਿ ਭਾਵਤੀ ਜੀ ਕੀ।
ਬੂਝ ਹੈਂ ਬੈਨ ਸੰਦੇਹ ਉਠਾਇ, ਸੁਨੈਂ ਤਤਕਾਲ ਗਿਰਾ ਮੁਖ ਨੀਕੀ।
'ਹੈ ਅਵਤਾਰ' ਲਖਯੋ ਬਹੁ ਲੋਕਨ ਬ੍ਰਿੱਧ ਬਧੀ ਸ਼ਰਧਾ ਸੁੱਧ ਹੀ ਕੀ।
ਬੋਲਤਿ ਬੋਲ ਅਮੋਲ ਅਤੋਲ ਅਡੋਲ ਮਤੀ ਅਹਰੰਨ ਬਲੀ ਕੀ॥ ੧੧॥

ਘਰ ਦੇ ਸਾਰੇ ਕੰਮ ਛੱਡ ਕੇ ਗੁਰੂ ਨਾਨਕ ਜੀ ਦੇ ਪਾਸ ਜਾਂਦੇ ਹਨ ਅਤੇ ਆਪਣੇ ਮਨ-ਭਾਉਂਦੀ ਸੁੰਦਰ ਮੂਰਤੀ ਨੂੰ ਵੇਖਦੇ ਰਹਿੰਦੇ ਹਨ। ਗੁਰੂ ਜੀ ਦੇ ਬਚਨਾਂ ਨੂੰ ਸਮਝਦੇ ਹਨ, ਅਤੇ ਉਨ੍ਹਾਂ ਦੇ ਮੁੱਖ ਵਿਚੋਂ ਨਿਕਲੇ ਹਰ ਵਾਕ ਨੂੰ ਤੁਰੰਤ ਸੁਣਦੇ ਹਨ। ਬਹੁਤ ਲੋਕਾਂ ਨੇ ਵੇਖਿਆ ਕਿ ਇਹ ਕੋਈ ਰੱਬੀ ਅਵਤਾਰ ਹੈ ਅਤੇ ਸਾਰਿਆਂ ਦੇ ਸ਼ੁੱਧ ਹਿਰਦੇ ਦੀ ਸ਼ਰਧਾ ਬਹੁਤ ਵਧੀ। ਅਹਿਰਣ ਵਾਂਗ ਬਲਵਾਨ, ਅਮੋਲਕ, ਤੋਲ ਰਹਿਤ, ਡੋਲ ਰਹਿਤ ਸ਼ਬਦ ਬੋਲਦੇ ਹਨ॥ ੧੧॥

ਦੋਹਰਾ- ਲਖਨ ਲਗੇ ਜਬ ਨਰ ਕਲਾ ਫੇਰਯੋ ਬਹੁਰ ਸੁਭਾਵ।
ਭਏ ਬਾਲ ਅਨਜਾਨ ਸੇ ਕੀਨੋ ਅਪਨ ਛਪਾਵ॥ ੧੨॥

ਗੁਰੂ ਜੀ ਨੇ ਵੇਖਿਆ ਕਿ ਲੋਕ ਉਨ੍ਹਾਂ ਦੀ ਸ਼ਕਤੀ ਨੂੰ ਸਮਝਣ ਲੱਗ ਗਏ ਹਨ, ਤਾਂ ਉਨ੍ਹਾਂ ਨੇ ਆਪਣਾ ਸੁਭਾਵ ਹੀ ਬਦਲ ਲਿਆ ਤੇ ਇਕ ਅਣਜਾਣ ਬਾਲਕ ਬਣ ਕੇ ਵਿਚਰਨ ਲੱਗੇ॥ ੧੨॥

ਸੈਯਾ- ਪੁਰਿ ਬਾਹਰ ਜਾਇ ਤਰੇ ਤਰੁ ਕੈ ਪਟ ਤਾਨ ਸਰੀਰ ਪੈ ਪੌਢੇ ਰਹੈਂ।
ਨਹਿਂ ਬੋਲਤਿ ਕੋਊ ਬੁਲਾਵਤਿ ਹੈਂ ਨਰ ਬੇਖੁਦਿ ਅੰਤਰ ਧਯਾਨ ਲਹੈਂ।
ਕਬ ਆਨ ਪਰੈਂ ਘਰ ਮਾਤ ਉਠਾਵਤਿ ਤੌ ਭਿ ਉਠੈਂ ਨਹਿਂ ਮੋਨ ਗਹੈਂ।
ਇਕ ਠੌਰ ਪਏ ਜੁਗ ਬਾਸੁਰ ਬੀਤਹਿਂ ਹੇਰਿ ਕੈ ਮਾਨਵ ਐਸੇ ਕਹੈਂ॥ ੧੩॥

ਜਦ ਪਿੰਡ ਤੋਂ ਬਾਹਰ ਜਾਂਦੇ ਹਨ ਤਾਂ ਇਕ ਰੁੱਖ ਹੇਠਾਂ ਕਪੜਾ ਤਾਣ ਕੇ ਲੇਟ ਜਾਂਦੇ ਸਨ। ਜੇ ਕੋਈ ਬੁਲਾਵੇ ਤਾਂ ਵੀ ਬੋਲਦੇ ਨਹੀਂ ਹਨ ਅਤੇ ਬੇਸੁੱਧ ਸਮਾਧੀ ਲਾ ਕੇ ਪਏ ਰਹਿੰਦੇ ਹਨ। ਜਦ ਕਦੀ ਘਰ ਵਿਚ ਲੇਟ ਜਾਂਦੇ ਹਨ ਤਾਂ ਮਾਤਾ ਜੀ ਜਦ ਉਠਾਲਦੇ ਹਨ ਤਾ ਉਠਦੇ ਨਹੀਂ ਹਨ ਤੇ ਚੁਪ-ਚਾਪ ਪਏ ਰਹਿੰਦੇ ਹਨ। ਇਸ ਤਰ੍ਹਾਂ ਲੰਮੇ ਪਿਆਂ ਨੂੰ ਦੋ ਦਿਨ ਬੀਤ ਗਏ, ਮਨੁੱਖ ਵੇਖ ਕੇ ਇਸ ਤਰ੍ਹਾਂ ਕਹਿਣ ਲੱਗੇ॥ ੧੩॥

'ਥੇ ਮਤਿਵਾਨ ਵਡੇ ਸੁਰਗਜਾਨ ਭਯੋ ਅਨਜਾਨ ਸਾ ਕੌਨ ਹੈ ਹੇਤੂ?
ਬੇਖੁਦ ਚਿੱਤ ਉਦਾਸ ਰਹੈ ਕਛੁ ਹੋਤਿ ਭਯੋ ਪਰਛਾਵਹੁ ਪ੍ਰੇਤੂ।
ਹੈ ਉਨਮੱਤ ਦਸ਼ਾ ਦਿਸਿ ਆਵਤਿ, ਸੁੱਧਿ ਨ ਦੇਹਿ ਕੀ, ਬਾਹਜ ਨਿਕੇਤੂ।
ਬੈਨ ਭਨੈ ਨੈਨ ਉਘਾਰਤਿ' ਹੇਰਿ ਕਹੈਂ ਜੋਊ ਜਾਨਿ ਨ ਭੇਤੂ॥ ੧੪॥

''ਬੜੇ ਬੁਧੀਮਾਨ ਅਤੇ ਗਿਆਨਵਾਨ ਸਨ, ਹੁਣ ਅਣਜਾਣ ਜਿਹੇ ਬਣ ਗਏ ਹਨ, ਹੁਣ ਕੀ ਹੋ ਗਿਆ ਹੈ? ਬੇਖੁਦ ਪਏ ਮਨ ਵਿਚ ਬੜੇ ਉਦਾਸ ਰਹਿੰਦੇ ਹਨ, ਪਰ ਕਿਤੇ ਇਨ੍ਹਾਂ ਨੂੰ ਕੋਈ ਭੂਤ-ਪ੍ਰੇਤ ਨਾ ਚੰਬੜ ਗਿਆ ਹੋਵੇ?

ਮਸਤ ਹਾਲਤ ਵਿਚ ਪਏ ਦਿਖਾਈ ਦੇ ਰਹੇ ਹਨ ਤੇ ਘਰ ਬਾਹਰ ਅਤੇ ਸਰੀਰ ਦੀ ਕੋਈ ਸੁੱਧ ਨਹੀ ਹੈ। ਨਾ ਕੋਈ ਬਚਨ ਬਿਲਾਸ ਕਰਦੇ ਹਨ ਅਤੇ ਨਾ ਹੀ ਅੱਖਾਂ ਖੋਲ੍ਹਦੇ ਹਨ' ਸਾਰੇ ਹੀ ਵੇਖ ਕੇ ਕਹਿੰਦੇ ਹਨ, ਜਿਹੜੇ ਕਿ ਅਸਲ ਭੇਤ ਨੂੰ ਨਹੀ ਜਾਣਦੇ॥੧੪॥

ਕਾਲੂ ਕੋ ਚਿੰਤ ਬਧੀ ਸੁਤ ਦੇਖਿ ਬਿਸ਼ੇਖ ਉਪਾਇ ਕਰੇ ਜੁ ਬਤਾਯਾ।
ਫੇਰ ਮੁਲਾਨੇ ਕੇ ਪਾਸ ਗਯੋ ਸਭਿ ਨਾਨਕ ਕੋ ਬਿਰਤਾਂਤ ਸੁਨਾਯਾ।
'ਹੋਸ਼ ਭਈ ਫਰਮੋਸ਼ ਸਭੈ ਤਿਹਿ ਕੋ ਬਿਧਿ ਪਾਰਸੀ ਤੋਹਿ ਪਢਾਯਾ?।
ਆਪ ਚਲੋ ਸੁਧੰ ਲੀਜੀਏ ਹੇਰਿ ਕੈ, ਭੇਵ ਲਖੋ ਕਿ ਪਰੀ ਤਿਹ ਛਾਯਾ ॥੧੫॥

ਮਹਿਤਾ ਕਾਲੂ ਜੀ ਦੀ ਆਪਣੇ ਪੁੱਤਰ ਨੂੰ ਇਸ ਹਾਲਤ ਵਿਚ ਵੇਖ ਕੇ ਬੜੀ ਚਿੰਤਾ ਵਧੀ, ਉਸ ਨੇ ਸੋਚਿਆ ਇਸ ਦਾ ਜ਼ਰੂਰ ਕੋਈ ਉਪਾਅ ਕਰਨਾ ਚਾਹੀਦਾ ਹੈ। ਫਿਰ ਮੁਲਾਨੇ ਦੇ ਪਾਸ ਗਏ ਅਤੇ ਸ੍ਰੀ ਨਾਨਕ ਜੀ ਬਾਰੇ ਸਾਰੀ ਵਿਥਿਆ ਸੁਣਾਈ।

ਕਹਿਣ ਲੱਗੇ, 'ਬਿਲਕੁਲ ਹੋਸ਼ ਭੁੱਲ ਗਏ ਹਨ, ਤੁਸੀ ਕਿਸ ਢੰਗ ਨਾਲ ਉਸ ਨੂੰ ਫ਼ਾਰਸੀ ਪੜ੍ਹਾਈ ਹੈ? ਆਪ ਮੇਰੇ ਨਾਲ ਚਲੋ ਤੇ ਵੇਖ ਕੇ ਉਸ ਦੀ ਖ਼ਬਰ ਲਵੋ, ਇਹ ਵੇਖੋ ਕਿ ਉਸ ਉਤੇ ਕਿਸੇ ਭੂਤ-ਪ੍ਰੇਤ ਦਾ ਪਰਛਾਵਾਂ ਤੇ ਨਹੀਂ ਆ ਗਿਆ?'' ॥ ੧੫॥

ਕਾਲੂ ਕੇ ਸੰਗ ਮੁਲਾਨਾ ਗਯੋ ਜਹਿਂ ਨਾਨਕ ਜੀ ਧਰ ਪੌਢ ਰਹੇ।
ਤਾਨ ਸੰਬਜਾਨ ਸ਼ਰੀਰ ਕੇ ਊਪਰ ਬੇਗਮ ਹੀ ਅਵਨੀ ਪੈ ਅਹੇ।
ਮਾਨਵ ਆਨ ਭਏ ਇਕਠੇ ਬਹੁ-ਬੈਨ ਸੁਨੈਂ ਸੁਤ-ਐਸੇ ਚਹੈਂ।
ਹੇਰਿ ਹਿਰਾਨ ਸਮਾਨ ਤਬੈ ਮਨ ਹੋਇ ਹਰਾਨ ਸੁ ਵਾਕ ਕਹੈਂ॥ ੧੬॥

ਮੁਲਾਨਾ, ਮਹਿਤਾ ਕਾਲੂ ਜੀ ਦੇ ਨਾਲ ਉਥੇ ਗਿਆ, ਜਿਥੇ ਗੁਰੂ ਨਾਨਕ ਜੀ ਧਰਤੀ ਤੇ ਪਏ ਹੋਏ ਸਨ। ਉਨ੍ਹਾਂ ਨੇ ਸਰੀਰ ਤੇ ਚਾਦਰ ਲਈ ਹੋਈ ਸੀ ਤੇ ਜ਼ਮੀਨ ਤੇ ਅਚਿੰਤ ਪਏ ਹੋਏ ਸਨ। ਉਥੇ ਕਈ ਮਨੁੱਖ ਆ ਕੇ ਇਕੱਠੇ ਹੋ ਗਏ. ਖਾਮੋਸ਼ ਅਤੇ ਅਜਿਹੀ ਸੂਰਤ ਵਿਚ ਉਨ੍ਹਾਂ ਨੇ ਸ੍ਰੀ ਨਾਨਕ ਨੂੰ ਵੇਖਿਆ। ਅਜਿਹੀ ਹਾਲਤ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਏਨੇ ਪਰੇਸ਼ਾਨ ਹੋ ਗਏ ਕਿ ਬੋਲ-ਰਹਿਤ ਹੋ ਗਏ॥ ੧੬॥

**ਕਬਿੱਤ-ਜਾਇਕੈ ਮੁਲਾਨੇ ਨੇ ਦੁਆਇ ਕਰੀ ਬੈਸ ਢਿਗ 'ਤੁਮ ਪਰ ਮਿਹਰ ਸੁ ਪਰਵਦਗਾਰ ਕੀ।**
**ਬੈਸ ਲਘੁ ਮਾਂਹਿ ਭਈ ਸੇਮੁਖੀ ਵਿਸ਼ੇਖ ਤਵ ਗਿਰਾ ਮੁਖ ਮਾਧੁਰੀ ਸਭਿਨਿ ਹਿਤਕਾਰ ਕੀ।**
**ਸ਼ੁਭ ਹੈ ਸੁਭਾਉ ਭਰਜੋ ਭਾਉ ਸੋਂ ਸਭਿਨਿ ਸੰਗ ਬਧੈ ਗੋ ਪ੍ਰਭਾਉ ਰੀਤਿ ਜਸੁ ਵਿਸਤਾਰ ਕੀ।**
**ਆਨਨ ਤੇ ਤੂਸ਼ਨਿ ਕੋ ਕਾਰਨ ਹੈ ਕੌਨ? ਭਨੋ,ਹੇਰਿ ਤੁਮੈ ਤਾਤ ਸੁਧਿ ਤਜੀ ਘਰਬਾਰ ਕੀ' ॥੧੭॥**

ਮੁਲਾਨਾ ਜਾ ਕੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਇਸ ਤਰ੍ਹਾਂ ਬੇਨਤੀ ਕੀਤੀ, ''ਪਰਵਰਦਗਾਰ ਨੇ ਤਾਂ ਤੁਹਾਡੇ ਤੇ ਬਹੁਤ ਮਿਹਰ ਕੀਤੀ ਹੈ, ਤੁਹਾਨੂੰ ਵਿਸ਼ੇਸ਼ ਸ੍ਰੇਸ਼ਟ ਬੁੱਧੀ ਦਿੱਤੀ ਹੈ, ਸੁੰਦਰ ਮੁਖੜਾ ਅਤੇ ਮਿੱਠੇ ਬੋਲ ਸਾਰਿਆਂ ਦੇ ਹਿਤੂ ਹਨ। ਤੁਹਾਡਾ ਸੁਭਾਅ ਬੜਾ ਸ਼ੋਭਨੀਕ ਹੈ, ਜਿਹੜਾ ਪ੍ਰੇਮ ਨਾਲ ਭਰਿਆ ਪਿਆ ਹੈ। ਸਾਰਿਆਂ ਦੇ ਨਾਲ ਤੁਹਾਡਾ ਮੇਲ-ਮਿਲਾਪ ਹੈ ਅਤੇ ਤੁਹਾਡੇ ਤੇਜ ਪ੍ਰਤਾਪ ਦੀ ਗਤੀ ਬੜੀ ਵਿਸਤ੍ਰਿਤ ਹੈ। ਤੁਹਾਡੇ ਇਸ ਤਰ੍ਹਾਂ ਖਾਮੋਸ਼ ਅਤੇ ਚੁਪ-ਚਾਪ ਰਹਿਣ ਦਾ ਕੀ ਕਾਰਨ ਹੈ? ਤੁਹਾਡੀ ਇਹ ਹਾਲਤ ਵੇਖ ਕੇ ਤੁਹਾਡੇ ਪਿਤਾ ਜੀ ਨੂੰ ਘਰ-ਬਾਰ ਦੀ ਸਾਰ ਸੁੱਧ ਭੁੱਲ ਗਈ ਹੈ'' ॥ ੧੭॥

**ਦੋਹਰਾ- ਮਸ਼ਟ ਕਰੀ ਨਾਨਕ ਤਬੈ ਦਯੋ ਨ ਉੱਤਰ ਕੋਇ।**
**ਦੀਨ ਭਯੋ ਮੁੱਲਾਂ ਰਿਦੈ ਬਹੁਰੋ ਬਚਨ ਬੁਗੋਇ॥ ੧੮॥**

ਗੁਰੂ ਨਾਨਕ ਜੀ ਮਸਤ ਰਹੇ ਅਤੇ ਉਨ੍ਹਾਂ ਮੁਲਾਨੇ ਦੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਮੁੱਲਾਂ ਹਿਰਦੇ ਵਿਚ ਬੜਾ ਅਧੀਰ ਹੋ ਗਿਆ ਤੇ ਫਿਰ ਆਖਿਆ॥ ੧੮॥

**ਸ੍ਵੈਯਾ- 'ਆਇ ਖਰੇ ਨਰ ਪਾਸ ਜਿਤੇ-ਤੁਵ ਬੈਨ ਸੁਨੈਂ-ਮਨ ਚਾਹਿ ਇਹੀ।**
**ਆਨਨ ਤੇ ਨਹਿੰ ਬੋਲਤਿ ਹੋ ਬਚ, ਹੋਵਤਿ ਰੰਜ ਰਿਦੈ ਸਭਿਹੀ।**
**ਮੋਹਿ ਕਹੇ ਤੁਮ ਬੋਲਹੁ ਥੋਰ ਸਾ ਮਾਨੀ ਹਰਾਨੀ ਸੁ ਕੈਸੇ ਕਹੀ।**
**ਹੇਤ ਖੁਦਾਇ ਉਠੋ ਇਕਬਾਰ ਉਚਾਰਿ ਕਰੋ ਉਰ ਜੈਸੇ ਅਹੀ' ॥੧੯॥**

''ਜਿੰਨੇ ਵਿਅਕਤੀ ਇਥੇ ਹਨ ਇਹ ਹੁਣ ਤੁਹਾਡੇ ਲਾਗੇ ਆ ਖੜੇ ਹੋਏ ਹਨ, ਉਹ ਤੁਹਾਡੇ ਮੁੱਖ ਤੋਂ ਇਹੀ ਬਚਨ ਸੁਣਨਾ ਚਾਹੁੰਦੇ ਹਨ। ਉਹ ਆਏ ਹਨ ਅਤੇ ਤੁਹਾਡੇ ਮੁੱਖ ਤੋਂ ਕੋਈ ਬਚਨ ਨਾ ਸੁਣ ਕੇ ਹਿਰਦੇ ਵਿਚ ਸਭ ਹੀ ਬੜੇ ਦੁਖੀ ਹੋ ਰਹੇ ਹਨ। ਮੇਰੇ ਕਹੇ ਤੇ ਹੀ ਥੋੜਾ ਜੇਹਾ ਬੋਲੋ, ਇਹ ਤਾਂ ਦੱਸੋ ਕਿ ਕਿਉਂ ਏਨੀ ਹੈਰਾਨੀ ਮੰਨੀ ਹੈ। ਰੱਬ ਵਾਸਤੇ ਉਠੋ ਅਤੇ ਜਿਸ ਤਰ੍ਹਾਂ ਵੀ ਤੁਹਾਡੇ ਹਿਰਦੇ ਵਿਚ ਆਉਂਦਾ ਹੈ ਕੋਈ ਬਚਨ ਸੁਣਾਓ'' ॥ ੧੯॥

**ਅੜਿਲ-ਮੁੱਲਾਂ ਕੇ ਸੁਨ ਬੈਨ ਦੀਨ ਅਤਿ ਜੋ ਭਯੋ। ਬਹੁਰੋ-ਹੇਤੁ ਖੁਦਾਇ-ਨਾਮ ਮੁਖ ਤੇ ਕਹਜੋ।**
**ਦੋਨੋ ਚਸ਼ਮ ਕੁਸ਼ਾਦ ਨਿਸ਼ਸਤਹਿ ਸਾਮੁਹੇ। ਹੋ ਬੋਲੇ,ਰਾਗ ਤਿਲੰਗ ਸ਼ਬਦ ਜੋ ਦੁਖ ਦਹੇ॥੨੦॥**

ਗੁਰੂ ਜੀ ਨੇ ਜਦ ਸੁਣਿਆ ਕਿ ਮੁਲਾਂ ਬਹੁਤ ਦੀਨ ਹੋ ਗਿਆ ਸੀ ਅਤੇ ਉਸ ਨੇ ਖੁਦਾ ਦੇ ਨਾਂ ਦਾ ਵਾਸਤਾ ਦੇ ਕੇ ਉਠਣ ਵਾਸਤੇ ਕਿਹਾ ਸੀ, ਤਾ ਉਨ੍ਹਾ ਨੇ ਦੋਵੇਂ ਅੱਖਾਂ ਖੋਲ੍ਹ ਕੇ ਤਿਲੰਗ ਰਾਗ ਵਿਚ ਦੁਖਾਂ ਦਾ ਨਾਸ਼ ਕਰਨ ਵਾਲੇ ਇਕ ਸ਼ਬਦ ਦਾ ਉਚਾਰਨ ਕੀਤਾ॥ ੨੦॥

ਸ੍ਰੀ ਮੁਖਵਾਕ॥ ਤਿਲੰਗ ਮ: ੧॥

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ਰਹਾਉ॥

ਦੁਨੀਆਂ ਇਕ ਨਾਸ਼ਵੰਤ ਟਿਕਾਣਾ ਹੈ, ਇਸ ਨੂੰ ਆਪਣੇ ਮਨ ਵਿਚ ਸੱਚ ਕਰਕੇ ਜਾਣੋ। ਮੌਤ ਦੇ ਦੂਤ ਅਜ਼ਰਾਈਲ ਫਰਿਸ਼ਤੇ ਨੇ ਮੈਨੂੰ ਵਾਲਾਂ ਤੋਂ ਫੜਿਆ ਹੋਇਆ ਹੈ: ਪ੍ਰੰਤੂ, ਆਪਣੇ ਦਿਲ ਵਿਚ ਮੈਨੂੰ ਇਸ ਦਾ ਜ਼ਰਾ ਵੀ ਪਤਾ ਨਹੀਂ॥ ੧॥ ਠਹਿਰਾਉ॥

ਚੌਪਈ- 'ਜੇ ਮਮ ਦਸ਼ਾ ਚਹਹੁ ਤੁਮ ਜਾਨਾ। ਤੌ ਸ੍ਰੁਤ ਦੇ ਕਰਿ ਸੁਨਿ ਮਉਲਾਨਾ!
ਸ੍ਰੀ ਪਰਮੇਸ਼੍ਵਰ ਨਾਮ ਜੁ ਲੀਨੋ। ਯਾਂਤੇ ਤੁਮ ਸੋਂ ਉੱਤਰ ਦੀਨੋ॥ ੨੧॥

"ਮੌਲਵੀ ਜੀ! ਜੇ ਤੁਸੀਂ ਮੇਰੀ ਇਸ ਹਾਲਤ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਕੰਨ ਖੋਲ੍ਹ ਕੇ ਧਿਆਨ ਨਾਲ ਸੁਣੋ। ਹੁਣ ਤੁਸੀਂ ਜਿਹੜਾ ਪਰਮੇਸ਼ਵਰ ਦਾ ਨਾਂ ਲਿਆ ਸੀ ਉਸ ਕਾਰਨ ਹੀ ਮੈਂ ਤੁਹਾਨੂੰ ਉੱਤਰ ਦੇਣ ਲੱਗਾ ਹਾਂ॥ ੨੧॥

ਜੋ ਮਨ ਸਮਝਹੋ ਦੁਨੀ ਮੁਕਾਮੂ। ਸੋ ਜਾਨਹੁ ਝੂਠੋ ਬਿਨ ਨਾਮੂ।
ਹਰਿ ਚੰਦੌਰੀ ਪੁਨਿ ਘਨ ਛਾਯਾ। ਸੁਪਨਾ ਜਿਉਂ ਬਾਜੀਗਰ ਮਾਯਾ॥ ੨੨॥

ਜੇ ਤੂੰ ਇਹ ਸਮਝਦਾ ਹੈਂ ਕਿ ਇਹ ਦੁਨੀਆਂ ਹੀ ਤੇਰਾ ਪੱਕਾ ਮੁਕਾਮ ਹੈ ਤਾਂ ਇਸ ਨੂੰ ਬਿਨਾਂ ਸ਼ੱਕ ਝੂਠ ਸਮਝੋ। ਹਰੀ ਚੰਦ ਨਗਰੀ ਭਾਵ-ਭੁਲੇਖੇ ਦੀ ਨਗਰੀ ਬੱਦਲ ਦੀ ਛਾਂ ਵਾਂਗ ਹੈ, ਜਿਹੜੀ ਬਹੁਤ ਥੋੜਾ ਸਮਾਂ ਰਹਿੰਦੀ ਹੈ। ਇਹ ਦੁਨੀਆਂ ਤਾਂ ਇਕ ਸੁਪਨੇ ਵਾਂਗ ਹੈ, ਜਿਵੇਂ ਬਾਜ਼ੀਗਰ ਆਪਣਾ ਝੂਠਾ ਜਾਦੂ ਵਿਖਾ ਕੇ ਲੋਕਾਂ ਨੂੰ ਛਲਦਾ ਹੈ॥ ੨੨॥

ਲਖਿ ਇਨ ਸਾਚ ਕਰੇ ਜੁ ਗਹਾਵਾ। ਅੰਤ ਕਾਲ ਤਿਹ ਹੁਇ ਪਛੁਤਾਵਾ।
ਜੋ ਜਾਨਹਿ ਇਹ ਮਿਥਜਾ ਭਾਸੀ। ਸੋ ਤਿਨਕੇ ਨਹਿਂ ਹੁਇ ਬਿੱਸ੍ਵਾਸੀ॥ ੨੩॥

ਜਿਹੜਾ ਇਸ ਦੁਨੀਆਂ ਨੂੰ ਸੱਚੀ ਮੰਨ ਕੇ ਇਸ ਵਿਚ ਫਸ ਜਾਂਦਾ ਹੈ ਅੰਤ ਕਾਲ ਦੇ ਸਮੇਂ ਉਸ ਨੂੰ ਪਛਤਾਵਾ ਹੁੰਦਾ ਹੈ। ਜਿਹੜਾ ਦੁਨੀਆਂ ਨੂੰ ਮਿਥਿਆ ਸਮਝਦਾ ਹੈ, ਉਹ ਇਸ ਤੇ ਬਿਲਕੁਲ ਵਿਸ਼ਵਾਸ ਨਹੀਂ ਕਰਦਾ॥ ੨੩॥

ਤਾਂਤੇ ਜਗਤ ਪਦਾਰਥ ਪ੍ਰੀਤਾ। ਹੌਂ ਨ ਕਰੌਂ ਜੋ ਹੁਇ ਬਿੱਪ੍ਰੀਤਾ।
ਸਿਰ ਪਰ ਡਰ ਨਿਤ ਅਜਰਾਈਲਾ। ਗਹਿ ਲੇ ਜਾਵਹਿ ਜੋ ਬਿਨ ਢੀਲਾ॥੨੪॥

ਇਸ ਜਗਤ ਵਿਚ ਕੇਵਲ ਪਦਾਰਥ ਨਾਲ ਪ੍ਰੀਤ ਹੈ। ਜਿਹੜਾ ਦੁਨਿਆਵੀ ਪਦਾਰਥਾਂ ਨਾਲ ਪ੍ਰੀਤ ਨਹੀਂ ਕਰਦਾ ਉਸ ਵਿਚ ਹਉਮੈ ਮਰ ਜਾਂਦੀ ਹੈ। ਸਿਰ ਉੱਤੇ ਹਮੇਸ਼ਾਂ ਅਜ਼ਰਾਈਲ ਫਰਿਸ਼ਤੇ ਦਾ ਡਰ ਰਹਿੰਦਾ ਹੈ, ਜਿਹੜਾ ਕਿਸੇ ਢਿਲ ਜਾਂ ਦੇਰੀ ਤੋਂ ਬਗੈਰ ਫੜ ਕੇ ਲੈ ਜਾਂਦਾ ਹੈ॥ ੨੪॥

ਅਸ ਡਰ ਧਰਿ ਕਰਿ ਹੌਂ ਉਰ ਮਾਂਹੀ। ਭਵ ਬਿਵਹਾਰ ਹੋਤਿ ਹਿਤ ਨਾਂਹੀ।
ਬਿਸਮਜੋ ਮਨ ਇਮ ਸੁਨਤਿ ਮੁਲਾਨਾ। ਸ੍ਰੀ ਗੁਰ ਸੋਂ ਪੁਨ ਬਚਨ ਬਖਾਨਾ॥੨੫॥

ਅਜਿਹਾ ਡਰ ਦਿਲ ਵਿਚ ਧਾਰ ਕੇ ਫਿਰ ਭਵਸਾਗਰ ਤੋਂ ਪਾਰ ਕਿਉਂ ਨਹੀਂ ਹੁੰਦਾ?" ਮੁਲਾਨਾ ਗੁਰੂ ਜੀ ਦੇ ਇਹ ਬਚਨ ਸੁਣ ਕੇ ਬੜਾ ਖੁਸ਼ ਹੋਇਆ ਤੇ ਫਿਰ ਗੁਰੂ ਜੀ ਨੂੰ ਉਸ ਨੇ ਇਹ ਬਚਨ ਕਹੇ॥ ੨੫॥

'ਅਬ ਲੌ ਤੁਮਰੀ ਬਾਲਿਕ ਬੈਸਾ। ਬਚਨ ਉਚਾਰਤਿ ਹੋ ਮੁਖ ਕੈਸਾ?
ਹਮਸੇ ਬ੍ਰਿੱਧ ਆਰਬਲ ਬੀਤੀ। ਤਿਨਕੋ ਚਹੀਯਤਿ ਹੈ ਅਸ ਰੀਤੀ॥ ੨੬॥

"ਹੇ ਬਾਲਕ! ਤੁਹਾਡੀ ਉਮਰ ਬਹੁਤ ਛੋਟੀ ਹੈ, ਪਰ ਤੁਸੀਂ ਗੱਲਾਂ ਕਿਸ ਤਰ੍ਹਾਂ ਸਿਆਣਿਆਂ ਵਾਂਗ ਉਚਾਰ ਰਹੇ ਹੋ? ਅਸੀਂ

ਬੁੱਢੇ ਹੋ ਗਏ ਹਾਂ ਤੇ ਸਾਡੀ ਕਿੰਨੀ ਉਮਰ ਬੀਤ ਚੁਕੀ ਹੈ। ਸਾਡੀ ਉਮਰ ਦੇ ਲੋਕਾਂ ਨੂੰ ਅਜਿਹੀਆਂ ਗੱਲਾਂ ਕਰਨੀਆਂ ਬਣਦੀਆਂ ਹਨ॥ ੨੬॥

ਅਬ ਬਾਲਿਕ ਲੀਲਾ ਉਰ ਧਰੀਏ। ਏਕ ਫਿਕਰ ਕੋ ਜ਼ਿਕਰ ਨ ਕਰੀਏ।
ਤਰੁਨ ਹੋਇ ਧਨ ਬਨਿਤਾ ਸੰਗਾ। ਸੁਖ ਭੋਗਹੁ ਕਰਿ ਹ੍ਰਿਦਯ ਉਮੰਗਾ॥੨੭॥

ਹੁਣ ਬਾਲ ਲੀਲ੍ਹਾ ਨੂੰ ਹਿਰਦੇ ਵਿਚ ਧਾਰਨ ਕਰੋ। ਵਿਦਵਾਨਾਂ ਵਾਲੀਆਂ ਬਹੁਤੀਆਂ ਗੱਲਾਂ ਨਾ ਕਰੋ। ਜਵਾਨ ਹੋ ਕੇ ਇਸਤਰੀ ਦਾ ਸੰਗ ਕਰੋ ਅਤੇ ਹਿਰਦੇ ਦੀਆਂ ਉਮੰਗਾਂ ਅਨੁਸਾਰ ਸੁਖ ਭੋਗੋ॥ ੨੭॥

ਅਸ ਬਿਧਿ ਬ੍ਰਿੱਧ ਹੋਇ ਕਰਿ ਕੀਜੈ। ਅਬ ਸਨਬੰਧਨਿ ਕੋ ਸੁਖ ਦੀਜੈ'।
ਸ੍ਰੀ ਨਾਨਕ ਸੁਨਿ ਕਰਿ ਤਿਹ ਬਾਨੀ। ਜੋ ਬੇਮੁਖਤਾ ਪਦ ਕਰਿ ਸਾਨੀ॥੨੮॥

ਇਸ ਤਰ੍ਹਾਂ ਦੇ ਬਜ਼ੁਰਗ ਹੋ ਕੇ ਤੁਸੀਂ ਕੀ ਕਰਨਾ ਹੈ? ਹੁਣ ਆਪਣੇ ਸੰਬੰਧੀਆਂ-ਰਿਸ਼ਤੇਦਾਰਾਂ ਨੂੰ ਸੁਖ ਦੇਵੋ। ਗੁਰੂ ਨਾਨਕ ਜੀ ਨੇ ਮੁਲਾਨੇ ਦੀ ਬੇਮੁਖਤਾ ਸ਼ਬਦਾਵਲੀ ਨਾਲ ਮਿਲੀ ਹੋਈ ਗੱਲਬਾਤ ਸੁਣੀ॥ ੨੮॥

ਬੋਲੇ ਪਰਮ ਮਨੋਹਰ ਬਚਨਾ। ਜਿਨ ਮਹਿਂ ਉਪਦੇਸ਼ਹਿ ਕੀ ਰਚਨਾ।
'ਜੋ ਤੂੰ ਲਖਹਿਂ ਆਰਬਲ ਸਾਰੀ। ਬਿਨਾ ਭਜਨ ਇਹ ਜਾਤਿ ਬਿਕਾਰੀ॥੨੯॥

ਉਨ੍ਹਾਂ ਪਰਮ ਮਨੋਹਰ ਬਚਨਾਂ ਦਾ ਉਚਾਰਨ ਕੀਤਾ। ਜਿਹੜੇ ਸਾਰੇ ਉਪਦੇਸ਼ਾਂ ਨਾਲ ਭਰੇ ਹੋਏ ਸਨ। ''ਜੇ ਕੁਝ ਤੂੰ ਸਾਰੀ ਉਮਰ ਵਿਚ ਜਾਣਿਆ ਹੈ, ਇਹ ਭਜਨ ਕਰਨ ਤੋਂ ਬਗੈਰ ਬੇਕਾਰ ਹੈ॥ ੨੯॥

ਇਕ ਸੌ ਬਰਖ ਆਰਬਲ ਪ੍ਰਾਨੀ। ਜੇ ਜੀਵਹਿਂ ਤਿਨ ਕਹੌਂ ਕਹਾਨੀ।
ਅਰਧ ਨੀਂਦ ਬਸਿ ਕਰਤਜੇ ਸੈਨਾ। ਗੁਦਰ ਗਏ ਲਖਿਯੇ ਨਿਜ ਨੈਨਾ॥੩੦॥

ਜੇ ਇਨਸਾਨ ਦੀ ਇਕ ਸੋ ਸਾਲ ਉਮਰ ਹੋ ਜਾਵੇ ਫਿਰ ਜਿਸ ਤਰ੍ਹਾਂ ਉਹ ਜੀਉਂਦਾ ਹੈ, ਇਸ ਦੀ ਕਹਾਣੀ ਮੈਂ ਦੱਸਦਾ ਹਾਂ। ਅੱਧੀ ਉਮਰ ਉਹ ਸੁੱਤਿਆਂ ਹੀ ਬਿਤਾ ਦਿੰਦਾ ਹੈ, ਅਤੇ ਇਸ ਬੀਤ ਰਹੀ ਉਮਰ ਨੂੰ ਉਹ ਆਪਣੀ ਅੱਖੀਂ ਵੇਖਦਾ ਹੈ॥ ੩੦॥

ਪੰਦ੍ਰਹ ਬਰਖ ਤੀਕ ਅਨਜਾਨਾ। ਬਾਲ ਪਨੇ ਮਹਿਂ ਕਰੀ ਬਿਹਾਨਾ।
ਅੱਸੀ ਬਰਖਹਿ ਤੇ ਜੁ ਵਧੈ ਹੈ। ਲੋਚਨ ਦਿਖੈ ਨ ਸ੍ਰੋਨ ਸੁਨੈ ਹੈ॥ ੩੧॥

ਪੰਦਰਾਂ ਸਾਲ ਦੀ ਉਮਰ ਅਨਜਾਣ ਬਾਲਪੁਣੇ ਵਿਚ ਹੀ ਵਿਹਾ ਦਿੰਦਾ ਹੈ। ਜੇ ਉਮਰ ਵਧ ਕੇ ਅੱਸੀ ਸਾਲ ਦੀ ਹੋ ਜਾਂਦੀ ਹੈ ਤਾਂ ਅੱਖਾਂ ਤੋਂ ਕੁਝ ਦਿੱਸਦਾ ਨਹੀ ਤੇ ਕੰਨ ਕੁਝ ਸੁਣਦੇ ਨਹੀ ਹਨ ॥ ੩੧॥

ਦੋਹਰਾ- ਬਜਾਕੁਲਤਾ ਇੰਦ੍ਰੀਨ ਕੀ ਸੁਧਿ ਨਹਿਂ ਸਕਹਿ ਸੰਭਾਰਿ।
ਦੇਹਿ ਕ੍ਰਿਆ ਕਰਨੀ ਕਠਨ ਤਬ ਕਸ ਹਰਿ ਉਰਧਾਰਿ?॥ ੩੨॥

ਇੰਦਰੀਆਂ ਦੇ ਕਮਜ਼ੋਰ ਹੋ ਜਾਣ ਕਾਰਨ ਮਨੁੱਖ ਆਪਣੀ ਸੁੱਧ ਬੁੱਧ ਨਹੀਂ ਸੰਭਾਲ ਸਕਦਾ। ਜਦ ਦੈਨਿਕ ਸਰੀਰਕ ਕ੍ਰਿਆ ਕਰਨੀ ਹੀ ਕਠਿਨ ਹੋ ਜਾਂਦੀ ਹੈ ਤਾਂ ਫਿਰ ਉਹ ਹਰੀ ਨੂੰ ਕਿੰਝ ਆਪਣੇ ਹਿਰਦੇ ਵਿਚ ਧਾਰ ਸਕੇਗਾ?॥ ੩੨॥

ਚੌਪਈ- ਕੁਛਕ ਰਹੇ ਤਿਨਕੀ ਸੁਨਿ ਗਿਨਤੀ। ਸੋਪਿ ਬਿਤੀਤਹਿ ਬਿਨ ਹਰਿ ਬਿਨਤੀ।
ਮਲ ਮੂਤ੍ਰਾਦਿ ਤਜਿਨਿ ਜੁਗ ਕਾਲਾ। ਕਰਤਿ ਬਿਤੀਤਹਿ ਕਾਲ ਬਿਸਾਲਾ॥੩੩॥

ਗਿਣਤੀ ਵਿਚ ਫਿਰ ਕੁਝ ਕੁ ਸਾਲ ਉਮਰ ਦੇ ਰਹਿ ਜਾਂਦੇ ਹਨ, ਤੇ ਉਹ ਵੀ ਹਰੀ ਦੇ ਭਜਨ ਬਗੈਰ ਬੀਤ ਜਾਂਦੇ ਹਨ। ਮਲ ਮੂਤਰ ਕਰਨ ਵਿਚ ਹੀ ਵੱਡੀ ਆਯੂ ਬੀਤ ਜਾਂਦੀ ਹੈ॥੩੩॥

ਖਾਨ ਪਾਨ ਨਿਤ ਕਰਨ ਬਿਹਾਰਾ। ਹਿਤ ਬਿਨੋਦ ਬਨਿਤਾ ਸੰਗ ਧਾਰਾ।
ਕਰਨ ਉਪਾਇ ਸੁ ਦਰਬ ਉਪਾਵਨ। ਅਲਜ ਅਸੁਭ ਸੁਭ ਕਰਮ ਕਮਾਵਨ॥੩੪॥

ਖਾਣ-ਪੀਣ ਦਾ ਨਿਤਾਪ੍ਰਤਿ ਵਿਹਾਰ ਚਲਦਾ ਹੈ। ਇਸਤਰੀ ਦੇ ਸੰਗ ਪ੍ਰੇਮ ਅਨੰਦ ਧਾਰਨ ਕਰਦਾ ਹੈ। ਧਨ ਦੀ ਪ੍ਰਾਪਤੀ ਲਈ ਵੱਡੇ-ਵੱਡੇ ਉਪਾਅ ਕਰਦਾ ਹੈ। ਨਿਰਲੱਜ ਸ਼ੁਭ-ਅਸ਼ੁਭ ਕਰਮ ਕਰਦੇ ਹਨ॥ ੩੪॥

ਪਾਲਨ ਸੁਤ ਬਹੁ ਲਾਡ ਲਡਾਵਨ। ਨਿਸ ਦਿਨ ਹਿਤ ਸੌਂ ਹੇਤ ਬਢਾਵਨ।
ਇਸ ਬਿਧਿ ਬਿਤੀ ਆਰਬਲ ਸਾਰੀ। ਅੰਤ ਸਮੈ ਗਮਨਜੈ ਕਰਝਾਰੀ॥੩੫॥

ਆਪਣੇ ਬੱਚਿਆਂ ਨੂੰ ਪਾਲਦੇ ਹਨ ਅਤੇ ਬੜੇ ਲਾਡ ਲਡਾਉਂਦੇ ਹਨ। ਦਿਨ-ਰਾਤ ਲਾਡ ਪਿਆਰ ਵਧਾਈ ਜਾਂਦੇ ਹਨ। ਇਸ ਢੰਗ ਨਾਲ ਸਾਰੀ ਉਮਰ ਬੀਤ ਜਾਂਦੀ ਹੈ। ਅੰਤ ਸਮੇਂ ਹੱਥ ਝਾੜ ਕੇ ਇਸ ਦੁਨੀਆਂ ਤੋਂ ਤੁਰ ਜਾਂਦੇ ਹਨ॥ ੩੫॥

ਤਾਂਤੇ ਮਨ ਸਮਝਹੁ ਅਸ ਰੀਤੀ। ਜਨਮ ਅਕਾਰਥ ਬਿਨ ਹਰਿ ਪ੍ਰੀਤੀ।
ਹੇਤ ਪਦਾਰਥ ਅਮੁਲ ਜਿ ਸ੍ਵਾਸਾ। ਗਯੋ ਹਾਰ ਅਸ ਢਾਲਜੋ ਪਾਸਾ॥੩੬॥

ਇਸ ਲਈ ਹੇ ਮਨ ! ਇਸ ਰੀਤ ਨੂੰ ਇਸ ਤਰ੍ਹਾਂ ਸਮਝੋ ਕਿ ਹਰੀ ਪ੍ਰੀਤ ਬਗੈਰ ਜਨਮ ਅਕਾਰਥ ਹੈ। ਸੰਸਾਰਿਕ ਪਦਾਰਥਾਂ ਨਾਲ ਪਿਆਰ ਕਰਕੇ ਅਮੁਲ ਸਵਾਸਾਂ ਨੂੰ ਗਵਾ ਰਿਹਾ ਹੈ। ਐਸਾ ਪਾਸਾ ਸੁਟਿਆ ਹੈ ਕਿ ਜੀਵਨ ਹਾਰ ਕੇ ਚਲਾ ਗਿਆ॥ ੩੬॥

ਜਬ ਇਸ ਕੇ ਉਰ ਸਮਝ ਸੁ ਆਵੈ। ਤਬ ਮਨ ਬਿਸ਼ਿਯਨ ਤੇ ਉਲਟਾਵੈ॥
ਕਰਹਿ ਬੰਦਗੀ ਪੇਸ਼ ਖੁਦਾਇ॥ ਜਿਉਂ ਮੈਂ ਤੁਮ ਸੋਂ ਕਹੌਂ ਸੁਨਾਇ॥੩੭॥

ਜਦ ਇਸ ਦੇ ਹਿਰਦੇ ਵਿਚ ਸੋਝੀ ਆਉਂਦੀ ਹੈ ਤਦ ਇਹ ਵਿਸ਼ਿਆਂ ਦੀ ਮੈਲ ਵਿਚ ਉਲਝ ਜਾਂਦਾ ਹੈ। ਇਕ ਮਨੁੱਖ ਨੂੰ ਖੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ। ਇਹ ਮੈਂ ਤੁਹਾਨੂੰ ਹੁਣੇ ਸੁਣਾਉਂਦਾ ਹਾਂ॥ ੩੭॥

*ਸ੍ਰੀ ਮੁਖਵਾਕ॥*

*ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥*
*ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥*

ਮੈਂ ਤੇਰੇ ਸਾਹਮਣੇ ਇਕ ਬੇਨਤੀ ਉਚਾਰਨ ਕਰਦਾ ਹਾਂ। ਹੇ ਮੇਰੇ ਸਿਰਜਣਹਾਰ ! ਤੂੰ ਮੇਰੀ ਇਸ ਬੇਨਤੀ ਨੂੰ ਸੁਣ। ਤੂੰ ਸੱਚਾ, ਵੱਡਾ, ਦਿਆਲੂ ਅਤੇ ਪਾਪ-ਰਹਿਤ ਪਾਲਣਹਾਰ ਹੈਂ।

ਦੋਹਰਾ- ਅਰਜ਼ ਕਹੌਂ ਅੱਗ੍ਯ ਪ੍ਰਭੂ! ਸੁਨੀਏ ਦੇਕਰਿ ਕਾਨ।
ਹੱਕ ਕਬੀਰ ਕਰੀਮ ਤੂੰ ਦੇਹੁ ਨਾਮ ਕੋ ਦਾਨ॥੩੮॥

ਹੇ ਪ੍ਰਭੂ ! ਮੈਂ ਤੇਰੇ ਸਾਹਮਣੇ ਇਕ ਬੇਨਤੀ ਉਚਾਰਨ ਕਰਦਾ ਹਾਂ, ਤੁਸੀਂ ਕੰਨ ਦੇ ਕੇ ਸੁਣੋ। ਤੂੰ ਸੱਚਾ, ਵੱਡਾ ਅਤੇ ਦਿਆਲੂ ਹੈਂ, ਮੈਨੂੰ ਨਾਮ ਦਾਨ ਦੀ ਬਖਸ਼ਿਸ਼ ਕਰੋ॥ ੩੮॥

ਚੌਪਈ- ਕਰਹਿ ਬੰਦਗੀ ਤਨ ਮਨ ਦੀਨਾ। ਨਾਮ ਸੁ ਜਾਚਹਿ ਹੋਇ ਅਧੀਨਾ।
ਦੀਨਬੰਧੁ ਤਬ ਕਰੁਨਾ ਧਾਰੇ। ਦੇਕਰਿ ਨਾਮ ਦਾਸ ਨਿਸਤਾਰੇ॥੩੯॥

ਜਿਹੜਾ ਬੰਦਗੀ ਕਰਦਾ ਹੈ ਉਸ ਦਾ ਤਨ ਮਨ ਦੀਨ ਹੋ ਜਾਂਦਾ ਹੈ, ਪ੍ਰਭੂ ਦੇ ਨਾਮ ਨੂੰ ਜਿਹੜਾ ਜਪਦਾ ਹੈ ਉਹ ਧੀਰਜਵਾਨ ਹੋ ਜਾਂਦਾ ਹੈ। ਪ੍ਰਭੂ ਫਿਰ ਦਇਆਵਾਨ ਹੋ ਜਾਂਦਾ ਹੈ ਤੇ ਨਾਮ ਦੇ ਕੇ ਮਨੁੱਖ ਨੂੰ ਤਾਰ ਦਿੰਦਾ ਹੈ॥੩੯॥

ਸੁਨਿ ਸ੍ਰੀ ਗੁਰੁ ਕੇ ਬੈਨ ਮੁਲਾਨਾ। ਜਿਨ ਤੇ ਮਿਟਤਿ ਬਿਕਟ ਅੱਗ੍ਯਾਨਾ।

ਕਾਲੂ ਹੇਤ ਕਹਿਨ ਪੁਨ ਲਾਗਜੋ। "ਧੰਨ ਤੁਮਾਰੋ ਮਨ ਅਨੁਰਾਗਜੋ॥ ੪੦॥

ਮੌਲਵੀ ਨੇ ਗੁਰੂ ਜੀ ਤੋਂ ਅਗਿਆਨ ਨੂੰ ਖਤਮ ਕਰਨ ਵਾਲੇ ਬਚਨ ਸੁਣੇ। ਫਿਰ ਨਿਹਾਲ ਹੋ ਕੇ ਉਹ ਕਾਲੂ ਨੂੰ ਕਹਿਣ ਲੱਗਾ, "ਤੁਹਾਡਾ ਪੁੱਤਰ ਧੰਨ ਹੈ, ਉਸ ਦੇ ਬਚਨ ਸੁਣ ਕੇ ਮੇਰੇ ਮਨ ਵਿਚ ਪ੍ਰੇਮ ਜਾਗਿਆ ਹੈ॥ ੪੦॥

ਜਿਉਂ ਤੁਮ ਰੀਤਿ ਕਹਤਿ ਯਹਿ ਸਾਚੀ। ਹਰਿ ਚਰਨਨ ਮਹਿਂ ਮਤ ਰੁਚਿ ਰਾਚੀ।
ਤੱਦਪਿ ਤੁਮਰੋ ਸਭਿ ਪਰਵਾਰੂ। ਭੇ ਦਿਲਗੀਰ ਜੁ ਹੈ ਹਿਤਕਾਰੂ॥ ੪੧॥

ਜਿਹੜੇ ਤੁਸੀਂ ਇਹ ਸੱਚੇ ਬਚਨ ਕਹੇ ਹਨ, ਉਨ੍ਹਾਂ ਨੂੰ ਸੁਣ ਕੇ ਮੇਰੀ ਪ੍ਰਭੂ ਦੇ ਚਰਨਾਂ ਵਿਚ ਚਿਤ ਲਾਉਣ ਦੀ ਰੀਝ ਉਤਪੰਨ ਹੋਈ ਹੈ। ਇਸ ਕਰਕੇ ਹੀ ਤੁਹਾਡਾ ਸਾਰਾ ਪਰਿਵਾਰ ਸੂਝਵਾਨ ਅਤੇ ਹਿਤਕਾਰੀ ਹੈ॥ ੪੧॥

ਇਨ ਕੋ ਹੇਤਿ ਕਰਹੁ ਜਿਉਂ ਹਰਖਹਿਂ। ਤੁਮਰੋ ਮੋਹ ਆਨ ਇਨ ਕਰਖਹਿ।
ਪਿਤਾ ਪਿਤਾਨੁਜ ਔਰ ਜਿ ਗਜਾਤੀ। ਨਹਿਂ ਤਿਨ ਕੋ ਅਸ ਰੀਤਿ ਸੁਹਾਤੀ॥੪੨॥

ਇਨ੍ਹਾਂ ਨੂੰ ਜਿੰਨਾ ਪਿਆਰ ਕਰੋ, ਓਨੇ ਹੀ ਇਹ ਖੁਸ਼ ਹੁੰਦੇ ਹਨ। ਤੁਹਾਡੇ ਪਿਆਰ ਨੇ ਸਾਰਿਆਂ ਨੂੰ ਖਿੱਚ ਲਿਆ ਹੈ। ਪਿਤਾ, ਚਾਚਾ ਅਤੇ ਜੋ ਹੋਰ ਸੰਬੰਧੀ ਹਨ, ਉਨ੍ਹਾਂ ਨੂੰ ਪਿਆਰ ਦੀ ਅਜਿਹੀ ਰੀਤ ਹੀ ਸੋਭਦੀ ਹੈ॥ ੪੨॥

ਬੋਲਹੁ ਬਿਗਸਹੁ ਬਿਚਰਹੁ ਸੰਗਾ। ਕਰਹੁ ਕਾਜ ਸਭਿ ਸਹਿਤ ਉਮੰਗਾ।
ਸੁਨਿ ਕਰਿ ਸ੍ਰੀ ਨਾਨਕ ਤਿਹ ਬਾਨੀ। ਬੋਲੇ ਦੀਨ ਬੰਧੁ ਸੁਖਦਾਨੀ॥ ੪੩॥

ਇਨ੍ਹਾਂ ਨਾਲ ਬੋਲੋ, ਵਿਗਸੋ, ਵਿਚਰੋ ਅਤੇ ਬੜੇ ਚਾਅ ਅਤੇ ਉਮੰਗ ਨਾਲ ਸਾਰੇ ਕਾਰਜ ਪੂਰਨ ਕਰੋ।" ਮੁਲਾਨੇ ਦੀ ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਜੀ, ਜਿਹੜੇ ਗਰੀਬ ਅਤੇ ਦੁਖੀਆਂ ਨੂੰ ਸੁਖ ਦੇਣ ਵਾਲੇ ਪ੍ਰੀਤਮ ਹਨ, ਇਸ ਤਰ੍ਹਾਂ ਬੋਲੇ :—

ਸ੍ਰੀਮੁਖਵਾਕ॥

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥

ਵਹੁਟੀ, ਪੁੱਤਰ, ਪਿਤਾ ਅਤੇ ਭਰਾ ਇਨ੍ਹਾਂ ਵਿਚੋਂ ਕਿਸੇ ਨੇ ਵੀ ਮੇਰਾ ਹੱਥ ਨਹੀਂ ਫੜਨਾ। ਅੰਤ ਨੂੰ ਜਦ ਮੈਂ ਡਿੱਗ ਪਵਾਂਗਾ ਅਤੇ ਅਖੀਰਲੀ ਅਰਦਾਸ ਦਾ ਵੇਲਾ ਆਵੇਗਾ ਤਾਂ ਕੋਈ ਵਿਅਕਤੀ ਵੀ ਮੈਨੂੰ ਬਚਾਉਣ ਵਾਲਾ ਨਹੀਂ ਹੋਵੇਗਾ।

ਚੌਪਈ- "ਪਿਤਾ ਭ੍ਰਾਤ ਤਿਯ ਤਾਤ ਸਮੇਤੂ। ਇਨ ਕੋ ਲਖਹੁ ਕੂਰ ਸਭਿ ਹੇਤੂ।
ਧਨ ਬਿਨ ਜੀਵਤਿ ਤਜਾਗਹਿਂ ਸੰਗਾ। ਧਨ ਹੋਵਹਿ ਰਹਿਂ ਸੰਗ ਉਮੰਗਾ॥੪੪॥

"ਪਿਤਾ, ਭਰਾ ਅਤੇ ਚਾਚੇ ਸਮੇਤ ਇਨ੍ਹਾਂ ਨਾਲ ਪਿਆਰ ਕਰਨਾ ਬਿਲਕੁਲ ਕੂੜ ਹੈ। ਆਪਣੇ ਜੀਵਨ ਵਿਚ ਮਾਇਆ ਨੂੰ ਬਿਲਕੁਲ ਤਿਆਗ ਦੇਵੋ। ਜੇ ਤੁਹਾਡੇ ਪਾਸ ਮਾਇਆ ਹੋਵੇ ਵੀ ਤਾਂ ਵੀ ਆਪਣੇ ਮਨ ਦੀ ਉਮੰਗ ਅਨੁਸਾਰ ਜੀਵਨ ਬਤੀਤ ਕਰੋ॥ ੪੪॥

ਜਬ ਜਮ ਆਨ ਗਹੈ ਇਸ ਪ੍ਰਾਨੀ। ਤਬ ਰਾਖਨ ਕੀ ਕਹਾਂ ਕਹਾਨੀ।
ਅੰਤ ਕਾਲ ਗਹਿ ਲੀਨਿ ਇਕਾਕੀ। ਤਬ ਤਕਬੀਰ ਹੋਇ ਕਜਾ ਤਾਂਕੀ॥੪੫॥

ਜਦ ਇਸ ਪ੍ਰਾਣੀ ਨੂੰ ਜਮ ਆ ਕੇ ਫੜ ਲੈਂਦਾ ਹੈ ਤਾਂ ਇਸ ਨੂੰ ਧਨ ਰਖਣ ਦੀ ਕੀ ਲੋੜ ਹੈ? ਅੰਤ ਕਾਲ ਸਮੇਂ ਯਮਾਂ ਨੇ ਉਸ ਨੂੰ ਇਕੱਲੇ ਨੂੰ ਫੜਨਾ ਹੈ। ਫਿਰ ਬਚਣ ਵਾਸਤੇ ਉਹ ਕਿਹੜੀ ਤਦਬੀਰ ਕਰੇਗਾ?॥ ੪੫॥

ਚਲਨ ਸੰਗ ਜੋ ਸ੍ਰੀ ਹਰਿ ਰੰਗਾ। ਨਾਂਮ ਨ ਜਪਜੋ ਰਹਜੋ ਮਨ ਭੰਗਾ।
ਭਾ ਅਨਾਥ ਜਮ ਮਾਰਗ ਮਾਂਹੀ। ਅਨਿਕ ਜਾਤਨਾ ਹੋਵਹਿ ਜਾਂਹੀ॥ ੪੬॥"

ਮਨੁੱਖ ਦੇ ਨਾਲ ਕੇਵਲ ਵਾਹਿਗੁਰੂ ਦਾ ਪ੍ਰੇਮ ਹੀ ਜਾਂਦਾ ਹੈ। ਜਿਹੜਾ ਮਨੁੱਖ ਨਾਮ ਨਹੀਂ ਜਪਦਾ, ਉਸ ਦਾ ਮਨ ਸਦਾ ਹੀ ਚੰਚਲ ਰਹਿੰਦਾ ਹੈ। ਜਦ ਜਮ ਉਸ ਨੂੰ ਲੈ ਜਾਂਦੇ ਹਨ ਤਾਂ ਉਹ ਬਿਲਕੁਲ ਅਨਾਥ ਹੁੰਦਾ ਹੈ, ਉਸਦੀ ਕੋਈ ਸਹਾਇਤਾ ਨਹੀ ਕਰਦਾ, ਇਸ ਦੇ ਵਿਪਰੀਤ ਉਸ ਨੂੰ ਕਈ ਪ੍ਰਕਾਰ ਦੀ ਸਜ਼ਾ ਅਤੇ ਤਾੜਨਾ ਵੀ ਦਿੱਤੀ ਜਾਂਦੀ ਹੈ॥ ੪੬॥

ਨਹਿਂ ਸਹਾਇ ਤਿਨ ਕੋ ਸਨਬੰਧੂ। ਜਿਨ ਮਹਿ ਪਚਜੋ ਰਹਜੋ ਮਹਿ ਅੰਧੂ।
ਜਾਨੀ ਰਿਦੈ ਮੁਲਾਨੇ ਰੀਤੀ। ਪਰਿਪੂਰਨ ਉਰ ਮਹਿਂ ਹਰਿ ਪ੍ਰੀਤੀ ॥ ੪੭॥

ਜਿਨ੍ਹਾਂ ਦਾ ਮਨ ਝੂਠ ਵਿਚ ਖੁਭਿਆ ਹੈ, ਅੰਤ ਵੇਲੇ ਉਨ੍ਹਾਂ ਦਾ ਕੋਈ ਸਕਾ-ਸੰਬੰਧੀ ਵੀ ਸਹਾਇਤਾ ਨਹੀਂ ਕਰ ਸਕਦਾ।'' ਮੁਲਾਨੇ ਨੇ ਗੁਰੂ ਜੀ ਦੀ ਰੀਤ ਸਮਝ ਲਈ ਤੇ ਉਸ ਦਾ ਦਿਲ ਪ੍ਰਭੂ ਪ੍ਰੇਮ ਨਾਲ ਭਰਪੂਰ ਹੋ ਗਿਆ॥ ੪੭॥

ਇਸਕੇ ਬਚਨ ਮੋਹਿ ਮਨ ਫੇਰਾ। ਜਿਉਂ ਮਤੰਗ ਅੰਕੁਸ ਕਰਿ ਪ੍ਰੇਰਾ।
ਕਹੈਂ ਗੁਨਾ ਕਰ ਬਾਨੀ ਸਾਚੀ। ਕੂਰ ਕੁਟੰਬ ਪ੍ਰੀਤਿ ਰੁਚਿ ਰਾਚੀ॥ ੪੮॥

ਇਨ੍ਹਾਂ ਦੇ ਬਚਨਾਂ ਨੇ ਮੇਰਾ ਮਨ ਮੋੜ ਦਿੱਤਾ ਹੈ, ਜਿਵੇਂ ਕੁੰਡੀ ਨਾਲ ਹਾਥੀ ਨੂੰ ਤੋਰਿਆ ਜਾਂਦਾ ਹੈ। ਇਸ ਗੁਣਾਂ ਦੀ ਖਾਣ ਨੇ ਸੱਚੇ ਬਚਨ ਕਹੇ ਹਨ। ਕੁਟੰਬ ਪਰਿਵਾਰ ਨਾਲ ਪ੍ਰੀਤ ਪਾਉਣੀ ਬਿਲਕੁਲ ਕੂੜ ਹੈ॥ ੪੮॥

ਆਖ਼ਰ ਕੋ ਰਖਵਾਰ ਨ ਸੰਗੀ। ਸਹਹਿ ਜੀਵ ਯਹਿ ਦੂਖ ਇਕੰਗੀ।
ਅਸ ਅਨਜਾਨਪਨੇ ਮਹਿਂ ਮਾਨਵ। ਪਚਹਿ ਰੈਨ ਦਿਨ ਭੇਵ ਨ ਜਾਨਵ॥੪੯॥

ਆਖਿਰ ਵੇਲੇ ਕੋਈ ਰਾਖਾ ਜਾਂ ਸੰਗੀ ਨਹੀਂ ਰਹਿ ਜਾਂਦਾ। ਇਹ ਜੀਵ ਇਕੱਲਾ ਹੀ ਸਾਰੇ ਦੁੱਖ ਝੱਲਦਾ ਹੈ। ਇਸ ਤਰ੍ਹਾਂ ਅਗਿਆਨਤਾ ਵਿਚ ਮਨੁੱਖ ਦਿਨ-ਰਾਤ ਤੁਰਿਆ ਫਿਰਦਾ ਹੈ, ਪਰ ਅਸਲ ਭੇਤ ਨੂੰ ਜਾਣਦਾ ਨਹੀਂ॥ ੪੯॥

ਅਸ ਵਿਚਾਰ ਕਰਿ ਰਿਦੈ ਮੁਲਾਨਾ। ਲਖਿ ਮਹਿਮਾ ਮੁਖ ਬਚਨ ਬਖਾਨਾ।
'ਅਲਪ ਬੈਸ ਏਤੀ ਦਾਨਾਈ। ਕੋ ਅਵਤਰਯੋ ਸੰਤ ਸੁਖਦਾਈ॥ ੫੦॥

ਮੌਲਵੀ ਨੇ ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕਰਕੇ ਗੁਰੂ ਜੀ ਦੀ ਮਹਿਮਾਂ ਨੂੰ ਪਹਿਚਾਣਿਆ ਤੇ ਆਪਣੇ ਮੁਖ ਤੋਂ ਇਹ ਬਚਨ ਕਹੇ, ''ਏਨੀ ਅਕਲ ਅਤੇ ਦਾਨਾਈ ਮੈਂ ਕਿਤੇ ਨਹੀਂ ਵੇਖੀ। ਇਹ ਤਾਂ ਸੰਤਾਂ ਨੂੰ ਸੁਖ ਦੇਣ ਵਾਸਤੇ ਪ੍ਰਭੂ ਨੇ ਆਪ ਅਵਤਾਰ ਲਿਆ ਹੈ'' ॥ ੫੦॥

ਚੌਪਈ- ਸਿਸੁਤਾ ਵਿਖੈ ਬੰਦਗੀ ਜਾਨੀ। ਨੇਕੀ ਕਾਰ ਕਰਨ ਮਨ ਠਾਨੀ।
ਬਦੀ ਖਯਾਲ ਦਿਲ ਦੀਨਿ ਭੁਲਾਈ। ਰੀਤਿ ਪ੍ਰੀਤਿ ਕੀ ਚੀਤਿ ਬਸਾਈ॥੫੧॥

ਉਹ ਇਹ ਸਮਝ ਗਿਆ ਕਿ ਬਚਪਨ ਵਿਚ ਹੀ ਬੰਦਗੀ ਕਰਨੀ ਚਾਹੀਦੀ ਹੈ ਅਤੇ ਉਸ ਨੇ ਇਹ ਮਨ ਬਣਾ ਲਿਆ ਕਿ ਨੇਕ ਕਾਰ ਕਰਨੀ ਚਾਹੀਦੀ ਹੈ। ਬੁਰਾਈ ਦਾ ਖਿਆਲ ਉਸ ਨੇ ਦਿਲੋਂ ਭੁਲਾ ਦਿੱਤਾ ਹੈ ਤੇ ਚਿੱਤ ਵਿਚ ਪ੍ਰੀਤ ਦੀ ਰੀਤ ਵਸਾ ਲਈ ਹੈ॥੫੧॥

ਬਿਸ਼ਿਜਨ ਤੇ ਉਦਾਸ ਮਤਿ ਕੀਨੀ। ਗਿਰਾ ਪ੍ਰੇਮ ਪਰਮੇਸੁਰ ਭੀਨੀ।
ਉਸਤਤਿ ਕੇ ਬਚ ਸੁਨਿ ਮੁਖ ਸਦਨਾ। ਕਹਜੋ ਤ੍ਰਿਤਿਯ ਪਦ ਪੰਕਜ ਬਦਨਾ॥੫੨॥

ਆਪਣੇ ਮਨ ਨੂੰ ਵਿਸ਼ਿਆਂ ਤੋਂ ਦੂਰ ਕਰ ਲਿਆ ਹੈ ਅਤੇ ਦਿਲ ਵਿਚ ਪਰਮੇਸ਼ਵਰ ਦੇ ਪਿਆਰ ਨੂੰ ਵਸਾ ਲਿਆ ਹੈ, ਮੁਲਾਨੇ ਦੇ ਮੁਖ ਤੋਂ ਉਸਤਤਿ ਦੇ ਬਚਨ ਸੁਣ ਕੇ, ਕੰਵਲ ਦੇ ਫੁਲ ਵਰਗੇ ਸਰੀਰ ਵਾਲੇ ਗੁਰੂ ਜੀ ਨੇ ਤੀਸਰੇ ਪਦ ਦਾ ਉਚਾਰਣ ਕੀਤਾ ॥ ੫੨॥

ਸ੍ਰੀ ਮੁਖਵਾਕ॥

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ॥ ੩॥

ਚਾਰ ਦਿਨ ਮੈਂ ਲਾਲਚ ਵਿਚ ਭਟਕਦਾ ਹਾਂ ਅਤੇ ਮਾੜਾ ਚਿਤਾਰਦਾ ਹਾਂ ਤੇ ਮਾੜਾ ਕਰਦਾ ਹਾਂ। ਮੈਂ ਕਦੇ ਵੀ ਚੰਗੇ ਅਮਲ ਨਹੀਂ ਕਮਾਏ, ਮੇਰੀ ਇਸ ਤਰ੍ਹਾਂ ਦੀ ਅਵਸਥਾ ਹੋ ਗਈ ਹੈ॥੩॥

ਚੌਪਈ- 'ਬਦੀ ਖਯਾਲ ਨਿਸ ਬਾਸੁਰ ਮਾਂਹੀ। ਕਰਤਿ ਰਹਤਿ ਕੁਛ ਜਾਨਤਿ ਨਾਹੀ।
ਚਿੰਤਾਮਣਿ ਕੋ ਤਜਹਿ ਗਵਾਰਾ॥ਕਾਚ ਲੇਹਿ ਕਰ ਜਤਨ ਅਪਾਰਾ॥੫੩॥

"ਮਨੁੱਖ ਦਿਨ-ਰਾਤ ਭੈੜੇ ਖਿਆਲਾਂ ਵਿਚ ਗ੍ਰਸਿਆ ਰਹਿੰਦਾ ਹੈ। ਉਹ ਕੁਝ ਕਰਦਾ ਰਹਿੰਦਾ ਹੈ ਜਿਸ ਬਾਰੇ ਕਿ ਉਹ ਕੁਝ ਜਾਣਦਾ ਹੀ ਨਹੀਂ ਹੈ। ਮੂਰਖ, ਮਨ ਮੰਗੀ ਸਭ ਪ੍ਰਕਾਰ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੀ ਮੁਰਾਦ ਦੇਣ ਵਾਲੀ ਮਣੀ ਨੂੰ ਛੱਡਦਾ ਹੈ ਤੇ ਅਪਾਰ ਜਤਨ ਕਰਕੇ ਥਿਰ ਨਾ ਰਹਿਣ ਵਾਲੀ ਕੱਚੀ ਵਸਤੂ ਨੂੰ ਪ੍ਰਾਪਤ ਕਰਦਾ ਹੈ॥ ੫੩॥

ਸੁਰਤਰੁ ਕੋ ਨਿਜ ਅਜਰ ਉਖਾਰਹਿ। ਬਨੀ ਬਬੂਰਨ ਕੀ ਬਿਸਤਾਰਹਿ।
ਤਰਕ ਸੁਧਾ ਕੋ ਹੋਹਿ ਸੁਰਾਪੀ। ਤਜਿ ਚੰਦਨ ਗਹਿ ਬੰਸ ਸੰਤਾਪੀ॥੫੪॥

ਮੂੰਹ ਮੰਗੀ ਮੁਰਾਦ ਦੇਣ ਵਾਲੇ ਕਲਪ ਬ੍ਰਿਛ ਨੂੰ ਆਪਣੇ ਵਿਹੜੇ ਵਿਚੋਂ ਪੁੱਟਦਾ ਹੈ ਅਤੇ ਕਿਕਰਾਂ ਦੀ ਬਗੀਚੀ ਦਾ ਵਿਸਥਾਰ ਕਰਦਾ ਹੈ। ਅੰਮ੍ਰਿਤ ਨੂੰ ਛੱਡ ਕੇ ਸ਼ਰਾਬ ਪੀਂਦਾ ਹੈ ਅਤੇ ਚੰਦਨ ਨੂੰ ਛੱਡ ਕੇ ਦੁਖਦਾਈ ਬਾਂਸ ਫੜਦਾ ਹੈ॥ ੫੪॥

ਤਿਨਕੋ ਸੁਖ ਪ੍ਰਾਪਤਿ ਹੁਇ ਕੈਸੇ। ਹਰਿ ਤਜਿ ਬਿਸ਼ਯ ਗਹਤਿ ਜੋ ਐਸੇ।
ਬਿਸਰੈ ਸਭਿਹੀ ਬੈਸ ਬਿਤੀਤੀ। ਕਬਹਿ ਨ ਸੁਧਿ ਕੀਨੀ ਹਰਿ ਪ੍ਰੀਤੀ' ॥੫੫॥

ਅਜਿਹੇ ਮਨੁੱਖਾਂ ਨੂੰ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ, ਜਿਹੜੇ ਪ੍ਰਭੂ ਨੂੰ ਛੱਡ ਕੇ ਵਿਸ਼ੇ-ਵਿਕਾਰਾਂ ਵਿਚ ਫਸੇ ਰਹਿੰਦੇ ਹਨ। ਪ੍ਰਭੂ ਨੂੰ ਵਿਸਾਰ ਕੇ ਸਾਰੀ ਉਮਰ ਬਤੀਤ ਕਰ ਲਈ, ਪਰ ਕਦੀ ਵੀ ਹਰੀ ਦੇ ਪ੍ਰੇਮ ਦੀ ਸੁੱਧ ਨਹੀਂ ਲਈ' ॥ ੫੫॥

ਸੁਨਤਿ ਮੁਲਾਨੇ ਕੇ ਮਨ ਮਾਂਹੀ। ਸ਼ਰਧਾ ਸੁਧਿ ਅਧਿਕਹਿ ਬਿਰਧਾਹੀ।
ਬੋਲਜੋ ਬਚਨ ਬੰਦ ਕਰ ਦੋਊ। 'ਤੁਮਰੇ ਸਮਸਰ ਔਰ ਨ ਕੋਊ॥ ੫੬॥

ਮੌਲਵੀ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਦੇ ਮਨ ਵਿਚ ਅਧਿਕ ਸ਼ਰਧਾ ਉਤਪੰਨ ਹੋਈ। ਦੋਵੇਂ ਹੱਥ ਜੋੜ ਕੇ ਉਹ ਬੋਲਿਆ, "ਤੁਹਾਡੇ ਬਰਾਬਰ ਹੋਰ ਕੋਈ ਨਹੀਂ ਹੈ॥ ੫੬॥

ਮੂਰਤਿ ਪਾਕ ਅਲਹਿ ਭਲ ਕੀਨੀ। ਭਗਤਿ ਰੀਤਿ ਮਹਿਂ ਮਤਿ ਜਿਹ ਭੀਨੀ'।
ਸੁਨਿ ਸ੍ਰੀ ਨਾਨਕ ਉਚਰੇ ਬਚਨਾ। ਗਰਬ ਹਰਨ ਕੀ ਜਿਨ ਮਹਿਂ ਰਚਨਾ॥੫੭॥

ਮੈਂ ਤੁਹਾਨੂੰ ਜਿਨ੍ਹਾਂ ਦਾ ਮੱਤ ਭਗਤੀ ਰੀਤੀ ਵਿਚ ਭਿਜਾ ਹੋਇਆ ਹੈ, ਅੱਲਾ ਪਾਕ ਦਾ ਸਰੂਪ ਹੀ ਜਾਣਿਆ ਹੈ।" ਮੁਲਾਨੇ ਦੀ ਇਹ ਗੱਲ ਸੁਣ ਕੇ ਗਰਬ ਨਾਸਕ ਗੁਰੂ ਜੀ ਨੇ ਇਹ ਬਚਨ ਕਹੇ॥ ੫੭॥

ਸ੍ਰੀ ਮੁਖਵਾਕ॥

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥ ੪॥ (ਪੰਨਾ ੭੨੧)

ਹੇ ਪ੍ਰਭੂ! ਮੈਂ ਨਿਕਰਮਣ, ਕੰਜੂਸ, ਅਚੇਤ, ਬੇਸ਼ਰਮ ਅਤੇ ਡਰ ਤੋਂ ਬਗੈਰ ਹਾਂ। ਨਾਨਕ ਕਹਿੰਦਾ ਹੈ, ਮੈਂ ਤੁਹਾਡਾ ਗੁਲਾਮ ਹਾਂ ਅਤੇ ਤੇਰੇ ਸੇਵਕਾਂ ਦੇ ਪੈਰਾਂ ਦੀ ਧੂੜ ਹਾਂ॥ ੪॥

ਚੌਪਈ- 'ਰਤਿ ਰੰਗੇ ਸਤਿਸੰਗ ਸਮਾਜੂ। ਸਿਮਰਨ ਬਿਨਾ ਅਨਤ ਨਹਿੰ ਕਾਜੂ।
ਤਨ ਮਨ ਸੌਂਪ ਦੀਨ ਨਿਜ ਸਾਂਈ। ਚਾਕਰ ਪਏ ਏਕ ਲਿਵਲਾਈ॥ ੫੮॥

"ਜਿਹੜੇ ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹਨ ਉਹ ਸਤਿਸੰਗਤ ਕਰਦੇ ਹਨ। ਪ੍ਰਭੂ ਦੇ ਸਿਮਰਨ ਤੋਂ ਬਗੈਰ ਉਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ। ਆਪਣਾ ਤਨ ਮਨ ਸੌਂਪ ਕੇ ਉਹ ਆਪਣੇ ਪ੍ਰਭੂ ਦੇ ਦੀਨ ਹੋ ਜਾਂਦੇ ਹਨ। ਆਪਣੇ ਪ੍ਰਭੂ ਨਾਲ ਹਰ ਵੇਲੇ ਲਿਵ ਲਾ ਕੇ ਉਹ ਉਸ ਦੇ ਸੇਵਕ ਹੋ ਜਾਂਦੇ ਹਨ॥ ੫੮॥

ਤਿਨਕੇ ਪਦ ਪੰਕਜ ਮੈਂ ਧੂਰੀ। ਗੁਨ ਨ ਏਕ ਔਗੁਨ ਬਹੁ ਪੂਰੀ।
ਕਰੁਨਾ ਕਰਿ ਕਰੁਨਾਕਰ ਸਾਧੂ। ਬਖਸ਼ਹਿ ਮੈਂ ਜੁ ਗਰੁਵ ਅਪਰਾਧੂ' ॥ ੫੯॥

ਤਿਨ੍ਹਾਂ ਦੇ ਚਰਨ ਕੰਵਲਾਂ ਦੀ ਮੈਂ ਧੂੜ ਹਾਂ, ਮੇਰੇ ਵਿਚ ਇਕ ਗੁਣ ਵੀ ਨਹੀਂ, ਪਰ ਔਗੁਣ ਬੇਅੰਤ ਹਨ। ਹੇ ਕਿਰਪਾ ਦੀ ਖਾਣ ! ਮੇਰੇ ਤੇ ਕਿਰਪਾ ਕਰੋ। ਮੈਂ ਵੱਡਾ ਅਪਰਾਧੀ ਹਾਂ, ਮੈਨੂੰ ਬਖਸ਼ ਲਵੋ" ॥ ੫੯॥

ਅਧਿਕ ਨੰਮ੍ਰਤਾ ਕੇ ਸੁਨਿ ਬੈਨਾ। ਭਈ ਮੁਲਾਨੇ ਕੇ ਮਨ ਚੈਨਾ।
ਹ੍ਵੈ ਕਰਿ ਦੀਨ ਜੋਰਿ ਜੁਗ ਹਾਥਾ। ਕਹਜੋ 'ਮੋਹਿ ਅਬ ਕਰਹੁ ਸਨਾਥਾ॥ ੬੦॥

ਬੜੀ ਨਿਮਰਤਾ ਭਰੇ ਬਚਨ ਸੁਣ ਕੇ, ਮੌਲਵੀ ਦੇ ਮਨ ਨੂੰ ਸਕੂਨ ਆਇਆ। ਦੋਵੇਂ ਹੱਥ ਜੋੜ ਕੇ ਅਤੇ ਮਸਕੀਨ ਬਣ ਕੇ ਕਿਹਾ, "ਕਿਰਪਾ ਕਰਕੇ ਮੈਨੂੰ ਹੁਣ ਨਿਹਾਲ ਕਰੋ॥ ੬੦॥

ਛਿਮਹੁ ਬਚਨ ਜੋ ਸਨਮੁਖਿ ਭਾਖੇ। ਹੌਂ ਅਨਜਾਨ ਢੀਠਤਾ ਰਾਖੇ।
ਜੋ ਤੁਮਰੇ ਮਨ ਨਿਸ਼ਚਾ ਗੂੜਾ। ਕੋ ਲਖਿ ਸਕਹਿ ਜਗਤ ਨਰ ਮੂੜਾ॥ ੬੧॥

ਮੇਰੇ ਉਨ੍ਹਾਂ ਬਚਨਾਂ ਨੂੰ ਮੁਆਫ ਕਰੋ ਜਿਹੜੇ ਮੈਂ ਤੁਹਾਡੇ ਸਾਹਮਣੇ ਕਹੇ ਸਨ, ਮੈਂ ਬੇਸਮਝ ਹੋਣ ਕਰਕੇ ਢੀਠਤਾ ਵਿਖਾਈ। ਜੋ ਤੁਹਾਡੇ ਮਨ ਵਿਚ ਗੂੜ੍ਹਾ ਨਿਸ਼ਚਾ ਹੈ, ਉਸ ਨੂੰ ਜਗਤ ਦੇ ਮੂਰਖ ਪੁਰਸ਼ ਪਹਿਚਾਣ ਨਹੀਂ ਸਕਦੇ॥ ੬੧॥

ਚਰਨ ਸ਼ਰਨ ਮੈਂ ਕੀਨੋ ਪਰਨਾ। ਹਰਹੁ ਮੋਹਿ ਜਗ ਜਨਮ ਜੁ ਮਰਨਾ।
ਬ੍ਰਿੱਧਨ ਤੇ ਤੁਮ ਬ੍ਰਿੱਧ ਵਡੇਰੇ। ਕਰਿ ਉਪਦੇਸ਼ ਕਟਹੁ ਦੁਖ ਮੇਰੇ'॥ ੬੨॥

ਮੈਨੂੰ ਆਪਣੇ ਚਰਨਾਂ ਦੀ ਸ਼ਰਨ ਬਖਸ਼ੋ। ਮੇਰੇ ਇਸ ਜਗ ਵਿਚ ਜਨਮ ਮਰਨ ਦੇ ਚੱਕਰ ਨੂੰ ਮੇਟ ਦੇਵੋ। ਤੁਸੀਂ ਵੱਡਿਆਂ ਤੋਂ ਵੱਡੇ ਹੋ। ਮੈਨੂੰ ਉਪਦੇਸ ਦੇ ਕੇ ਮੇਰੇ ਦੁੱਖਾਂ ਦਾ ਨਾਸ਼ ਕਰੋ"॥ ੬੨॥

ਦੀਨ ਬੰਧੁ ਦੁਖਦਲਨ ਦਯਾਨਿਧਿ। ਬਚਨ ਅਧੀਨ ਸੁਨੇ ਜਬ ਅਸ ਬਿਧਿ।
ਦਯਾ ਦ੍ਰਿਸ਼ਟਿ ਦੇਖੀ ਸੁਖਦਾਨੀ। ਮ੍ਰਿਦੁਲ ਮਧੁਰ ਬੋਲੇ ਮੁਖਬਾਨੀ॥ ੬੩॥

ਦੀਨਾਂ ਦੇ ਸੁਆਮੀ, ਦੁਖ ਨਾਸਕ ਅਤੇ ਦਇਆ ਦੇ ਭੰਡਾਰ ਨੇ ਜਦ ਮੌਲਵੀ ਦੇ ਇਸ ਤਰ੍ਹਾਂ ਦੇ ਅਧੀਰ ਭਾਵਨਾ ਵਾਲੇ ਬਚਨ ਸੁਣੇ ਤਾਂ ਸੁਖਦਾਤੇ ਨੇ ਮੌਲਵੀ ਵਲ ਦਇਆ ਦੀ ਨਜ਼ਰ ਨਾਲ ਵੇਖਿਆ ਅਤੇ ਆਪਣੇ ਮੁਖ ਤੋਂ ਸ਼ਹਿਦ ਵਰਗੇ ਮਿੱਠੇ ਬਚਨ ਕਹੇ॥ ੬੩॥

ਚੌਪਈ- 'ਮਨ ਕੰਚਨ ਜਗ ਸਿਕਤਾ ਮਾਂਹੀ। ਬੀਨਬੀਨ ਇਕਠੇ ਕਰਿ ਤਾਂਹੀ॥
ਤਪ ਅਗਨੀ ਮਹਿੰ ਭਗਤਿ ਕੁਠਾਲੀ। ਬਿਸ਼ਯ ਮੈਲਹਤਿ ਲਿਹੁ ਤਿਹਗਾਲੀ॥ ੬੪॥

"ਮਨ ਰੂਪੀ ਸੋਨਾ ਜਗਤ ਰੂਪੀ ਰੇਤ ਵਿਚੋਂ ਚੁਣ-ਚੁਣ ਕੇ ਇਕੱਠਾ ਕਰੋ ਤੇ ਤਪ ਰੂਪੀ ਅੱਗ ਦੇ ਸੇਕ ਨਾਲ ਭਗਤੀ ਰੂਪ ਭੱਠੀ ਵਿਚ ਪਾਉ, ਇਸ ਤਰ੍ਹਾਂ ਵਿਸ਼ਿਆਂ ਦੀ ਮੈਲ ਨਸ਼ਟ ਹੋ ਜਾਵੇਗੀ॥ ੬੪॥

ਅਲੰਕਾਰ ਘਰਿ ਸਰਲ ਅਧੀਰਾ। ਤਿਹ ਮਹਿੰ ਜਟਹੁ ਨਾਮ ਹਰਿ ਹੀਰਾ।

ਉਰ ਪਹਿਰਾਵਹੁ ਪਰਮ ਪਵਿੱਤ੍ਰਾ। ਸ਼ੋਭਾ ਲੋਕਨ ਉਭੈ ਬਚਿੱਤ੍ਰਾ॥ ੬੫॥

ਸਿੱਧਾ ਧੀਰਜ ਰਹਿਤ ਗਹਿਣਾ ਘੜ ਕੇ ਉਸ ਵਿਚ ਹਰੀ ਦਾ ਨਾਮ ਰੂਪੀ ਹੀਰਾ ਜੜੋ। ਇਹ ਪਰਮ ਪਵਿੱਤਰ ਗਹਿਣਾ ਫਿਰ ਆਪਣੇ ਦਿਲ ਨੂੰ ਪਹਿਨਾਓ। ਦੋ ਲੋਕਾਂ ਵਿਚ ਤੁਹਾਡੀ ਵਿਚਿਤਰ ਸ਼ੋਭਾ ਹੋਵੇਗੀ॥ ੬੫॥

ਸੱਤਿਨਾਮ ਇਕ ਚਿਤ ਲਿਵਲਾਈ। ਜਪਹੁ ਦੇਹਿ ਅਭਿਮਾਨ ਗਵਾਈ।
ਸਤਿਸੰਗਤ ਕੀ ਸੇਵ ਅਭੰਗਾ। ਕਰਹੁ ਸੁਖਦ ਨਿਤ ਸੰਗ ਉਮੰਗਾ॥ ੬੬॥

ਆਪਣਾ ਘੁਮੰਡ ਛੱਡ ਕੇ ਤੇ ਇਕ ਚਿਤ ਲਿਵ ਲਾ ਕੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰੋ। ਇਕ ਰਸ ਸਤਿਸੰਗਤ ਦੀ ਸੇਵਾ ਕਰੋ ਅਤੇ ਸਦਾ ਮਨ ਦੇ ਉਤਸ਼ਾਹ ਨਾਲ ਸੁਖੀ ਰਹੋ''॥ ੬੬॥

ਬਚਨਾਯੁਧ ਕੇ ਸੰਗ ਮੁਲਾਨਾ। ਘਾਇਲ ਭਾ ਤਨ ਸੁਧਿ ਬਿਸਰਾਨਾ।
ਅਤਿ ਤੀਖਨ ਸੋਂ ਭਿਦ ਗਯੋ ਮਰਮੂ। ਛਿਦੇ ਅੰਗ ਹਉਮੈ ਸੰਗ ਭਰਮੂ॥ ੬੭॥

ਮੌਲਵੀ, ਗੁਰੂ ਜੀ ਦੇ ਬਚਨਾਂ ਰੂਪੀ ਸ਼ਸਤਰ ਨਾਲ ਘਾਇਲ ਹੋ ਗਿਆ ਤੇ ਤਨ ਮਨ ਦੀ ਸੋਝੀ ਭੁੱਲ ਗਿਆ। ਉਸ ਦਾ ਹਿਰਦਾ ਬੜਾ ਡੂੰਘਾ ਵਿੰਨ੍ਹਿਆ ਗਿਆ ਤੇ ਹਉਮੈ ਸਹਿਤ ਭਰਮ ਰੂਪੀ ਅੰਗ ਛੇਦੇ ਗਏ॥ ੬੭॥

ਜਗਤ ਅਸਾਰ ਜਾਨਿ ਦੁਖ ਖਾਨੀ। ਸ੍ਰੀ ਗੁਰ ਕੀ ਮਹਿਮਾ ਪਹਿਚਾਨੀ।
ਬੰਦ ਹਾਥ ਦੋ ਕਹੀ ਸੁ ਬੰਦਨ। 'ਤੁਮ ਕਿਯ ਮਮ ਅੱਗਜਾਨ ਨਿਕੰਦਨ॥ ੬੮॥

ਇਸ ਜਗਤ ਨੂੰ ਦੁੱਖਾਂ ਦੀ ਖਾਣ ਸਮਝ ਕੇ ਮੌਲਵੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਮਹਿਮਾ ਪਹਿਚਾਣ ਲਈ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਮੈਂ ਅਗਿਆਨੀ ਅਤੇ ਨਾਸ਼ ਹੋਣ ਵਾਲਾ ਤੁਹਾਡੀ ਕੀ ਮਹਿਮਾ ਕਰ ਸਕਦਾ ਹਾਂ॥ ੬੮॥

ਪੂਰਨ ਪੁਰਖ ਰੂਪ ਹਰਿ ਸਾਧੂ। ਨਰਨ ਉਧਾਰਹੁ ਬੁੱਧਿ ਅਗਾਧੂ!
ਕਮਲ ਬਦਨ! ਜਿਉਂ ਤੁਮ ਉਰ ਆਵੈ। ਤਸ ਬਿਧਿ ਕਰਹੁ ਨ ਕੋ ਉਲਟਾਵੈ॥ ੬੯॥

ਤੁਸੀਂ ਪੂਰਨ ਪੁਰਖ ਅਤੇ ਹਰੀ ਦਾ ਰੂਪ ਹੋ। ਹੇ ਸ੍ਰੇਸ਼ਟ ਬੁੱਧੀ ਵਾਲੇ! ਤੁਸੀਂ ਸੰਸਾਰਿਕ ਜੀਵਾਂ ਦਾ ਉਧਾਰ ਕਰਦੇ ਹੋ। ਹੇ ਕੰਵਲ ਜੇਹੇ ਮੁੱਖ ਵਾਲੇ! ਜਿਸ ਤਰ੍ਹਾਂ ਤੁਹਾਡੇ ਦਿਲ ਵਿਚ ਆਉਂਦੀ ਹੈ, ਤੁਸੀਂ ਉਸ ਤਰ੍ਹਾਂ ਹੀ ਕਰਦੇ ਹੋ। ਤੁਹਾਡੇ ਕੀਤੇ ਨੂੰ ਕੋਈ ਖੰਡਣ ਕਰਨ ਵਾਲਾ ਨਹੀਂ ਹੈ॥ ੬੯॥

ਮੈਂ ਅਬ ਸੁਨਯੋ ਜੁ ਤੁਮ ਉਪਦੇਸੂ। ਜਪੋਂ ਨਾਮ ਤਜਿ ਜਗਤ ਕਲੇਸੂ'।
ਅਸ ਕਹਿ ਗਮਨਯੋ ਧਾਮ ਮੁਲਾਨਾ। ਨਹਿਂ ਕਿਹ ਸੋਂ ਤਿਹ ਬਚਨ ਬਖਾਨਾ॥ ੭੦॥

ਜੋ ਕੁਝ ਤੁਸੀਂ ਮੈਨੂੰ ਉਪਦੇਸ਼ ਕੀਤਾ ਹੈ, ਮੈਂ ਸੁਣਿਆ ਹੈ, ਹੁਣ ਮੈਂ ਦੁਨੀਆਂ ਦੇ ਸਾਰੇ ਕਲੇਸ਼ ਛੱਡ ਕੇ ਪ੍ਰਭੂ ਦਾ ਨਾਮ ਜਪਾਂਗਾ।'' ਇਸ ਤਰ੍ਹਾਂ ਕਹਿ ਕੇ ਮੌਲਵੀ ਆਪਣੇ ਘਰ ਨੂੰ ਚਲਾ ਗਿਆ। ਉਸ ਨੇ ਕੋਈ ਹੋਰ ਗੱਲ ਨਾ ਕੀਤੀ॥ ੭੦॥

ਚੌਪਈ- ਪਰਮੇਸੁਰ ਦਿਸ਼ਿ ਪ੍ਰੀਤਿ ਸੁ ਜਾਗੀ। ਬਿਖਿਜਨ ਤਜਾਗ ਏਕ ਲਿਵਲਾਗੀ।
ਜੀਵਤਿ ਜਪਤਿ ਰਹਯੋ ਸੋ ਨਾਮੂ। ਅੰਤਕਾਲ ਗਮਨਯੋ ਹਰਿ ਧਾਮੂ॥ ੭੧॥

ਪਰਮਾਤਮਾ ਨਾਲ ਉਸ ਦੀ ਐਸੀ ਪ੍ਰੀਤ ਜਾਗੀ ਕਿ ਸਾਰੇ ਵਿਸ਼ੇ-ਵਿਕਾਰ ਛੱਡ ਕੇ ਉਸ ਇਕ ਪ੍ਰਭੂ ਨਾਲ ਹੀ ਲਿਵ ਲਾ ਲਈ। ਜਦ ਤਕ ਜੀਊਂਦਾ ਰਿਹਾ, ਪ੍ਰਭੂ ਦਾ ਨਾਮ ਜਪਦਾ ਰਿਹਾ। ਮਰਨ ਉਪਰੰਤ ਉਹ ਸਿੱਧਾ ਹੀ ਪ੍ਰਭੂ ਦੇ ਘਰ ਚਲਾ ਗਿਆ॥ ੭੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੁੱਲਾਂ ਉਪਦੇਸ਼' ਪ੍ਰਸੰਗ ਬਰਨਨ ਨਾਮ ਅਸ਼ਟਮੋ ਅਧ੍ਯਾਇ॥ ੮॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅੱਠਵਾਂ ਅਧਿਆਇ, ਜਿਸ ਦਾ ਨਾਮ 'ਮੁੱਲਾਂ ਨੂੰ ਉਪਦੇਸ਼' ਹੈ, ਸਮਾਪਤ ਹੋਇਆ॥ ੮॥

# ਅਧਿਆਇ ਨੌਵਾਂ

ਸੱਚਾ ਜਨੇਊ।

ਦੋਹਰਾ- ਸ੍ਰੀ ਸਰਸ੍ਵਤੀ ਸਰਬਦਾ ਬਰਨ ਸ੍ਵੇਤ ਸੁਖਕੰਦ।
ਤਰਲ ਆਂਗੁਰੀ ਬੀਨ ਸੋਂ ਬੰਦੌਂ ਦ੍ਵੈ ਕਰ ਬੰਦਿ ॥ ੧॥

ਸ਼ਾਰਦਾ ਜਿਸ ਦਾ ਰੰਗ ਚਿੱਟਾ ਤੇ ਉਸ ਦੇ ਦਰਸ਼ਨ ਸੁਖਾਂ ਦਾ ਮੂਲ ਹਨ। ਗੁਰ ਕੀਰਤੀ ਵਿਖੇ ਜਿਸ ਦੀਆਂ ਉਂਗਲੀਆਂ ਵੀਣਾ ਵਜਾਉਣ ਵਿਚ ਚੰਚਲ ਹੋ ਰਹੀਆਂ ਹਨ, ਉਸ ਸ੍ਰੀ ਸ਼ਾਰਦਾ ਨੂੰ ਮੈਂ ਦੋਵੇਂ ਹੱਥ ਜੋੜ ਕੇ ਸਦਾ ਹੀ ਨਮਸਕਾਰ ਕਰਦਾ ਹਾਂ॥੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਕਾਲੂ ਬਹੁਰੋ ਕੀਨਿ ਵਿਚਾਰਾ॥ ਜੱਗਜੁਪਵੀਤ ਦੇਨਿ ਹਿਤ ਧਾਰਾ।
ਪ੍ਰੋਹਿਤ ਜੋ ਤਿਹ ਕੋ ਹਰਿਦਜਾਲਾ। ਸੋ ਬੁਲਾਇ ਲੀਨੋ ਤਤਕਾਲਾ॥ ੨॥

ਭਾਈ ਬਾਲਾ ਜੀ ਕਹਿੰਦੇ ਹਨ- ਮਹਿਤਾ ਕਾਲੂ ਨੇ ਫਿਰ ਵਿਚਾਰ ਕੀਤੀ ਤੇ ਗੁਰੂ ਜੀ ਨੂੰ ਜੰਞੂ ਪਹਿਨਾਉਣ ਦਾ ਮਨ ਬਣਾਇਆ। ਜਿਹੜਾ ਉਥੇ ਹਰਦਿਆਲ ਨਾਮੀ ਪੰਡਿਤ ਰਹਿੰਦਾ ਸੀ, ਉਸ ਨੂੰ ਤੁਰੰਤ ਆਪਣੇ ਘਰ ਬੁਲਾ ਲਿਆ॥ ੨॥

ਉਰ ਅਭਿਲਾਖਾ ਸਕਲ ਸੁਨਾਈ। 'ਛੱਤ੍ਰੀ ਰੀਤਿ ਕਰੋ ਦ੍ਵਿਜਰਾਈ!'
ਸੁਨਿ ਕਰਿ ਬਚ ਅਸ ਦ੍ਵਿਜ ਹਰਿਦਜਾਲੂ। ਕਹ੍ਯੋ 'ਸੌਜ ਸਭਿ ਆਨਿ ਬਿਸਾਲੂ' ॥੩॥

ਆਪਣੇ ਹਿਰਦੇ ਦੀ ਖ਼ਾਹਿਸ਼ ਸਾਰਿਆਂ ਨੂੰ ਦੱਸੀ, "ਹੇ ਬ੍ਰਾਹਮਣਾਂ ਦੇ ਰਾਜੇ, ਛੱਤਰੀ ਰੀਤ ਕਰੋ।" ਇਹ ਬਚਨ ਸੁਣ ਕੇ ਪੰਡਿਤ ਹਰਦਿਆਲ ਨੇ ਕਿਹਾ, "ਸਾਰੀ ਸਮੱਗਰੀ ਝੱਟ ਮੰਗਵਾ ਲਵੋ"॥ ੩॥

ਸੁਭ ਬਾਸੁਰ ਸੋ ਦੀਨ ਬਤਾਈ! ਕਰਿ ਅਰੰਭ ਜਿਉਂ ਅਧਿਕ ਵਡਾਈ।
ਦਿਜਬਰ ਤੇ ਸੁਨਿ ਕਰਿ ਤਬ ਕਾਲੂ। ਸਭਿ ਸੰਭਾਰਨ ਆਨਿ ਉਤਾਲੂ॥ ੪॥

ਮਹਿਤਾ ਕਾਲੂ ਨੂੰ ਉਸ ਨੇ ਸ਼ੁਭ ਦਿਨ ਦੱਸ ਦਿੱਤਾ। ਉਸ ਦਿਨ ਕਾਰਜ ਆਰੰਭ ਕਰਕੇ ਅਧਿਕ ਵਡਿਆਈ ਪ੍ਰਾਪਤ ਕਰੋ। ਪੰਡਿਤ ਤੋਂ ਇਹ ਗੱਲ ਸੁਣ ਕੇ, ਮਹਿਤਾ ਕਾਲੂ ਨੇ ਸਾਰੀ ਸਮੱਗਰੀ ਛੇਤੀ ਹੀ ਮੰਗਵਾ ਲਈ॥ ੪॥

ਭੋਜਨ ਹੇਤ ਅੰਨ ਇਕਠਾਈ। ਆਮਿਖ ਕਾਰਨ ਛਾਗ ਮੰਗਾਈ।
ਜੋ ਛੱਤ੍ਰੀ ਕਾਲੂ ਕੇ ਗਜਾਤੀ। ਸਭਿਨਿ ਅਮੰਤ੍ਰ ਦੀਨੇ ਖਜਾਤੀ॥ ੫॥

ਭੋਜਨ ਵਾਸਤੇ ਅੰਨ ਇਕੱਠਾ ਕੀਤਾ ਗਿਆ ਤੇ ਮਾਸ ਪਕਾਉਣ ਵਾਸਤੇ ਬੱਕਰਾ ਮੰਗਵਾਇਆ ਗਿਆ। ਜਿਹੜੇ ਛੱਤਰੀ ਮਹਿਤਾ ਕਾਲੂ ਦੇ ਸੰਬੰਧੀ ਸਨ, ਉਨ੍ਹਾਂ ਨੂੰ ਪ੍ਰਗਟ ਰੂਪ ਵਿਚ ਸੱਦਾ ਭੇਜਿਆ ਗਿਆ॥ ੫॥

ਔਰ ਜਿ ਨਗਰ ਬਿੱਪ੍ਰ ਬਰ ਰਹਿਹੀਂ। ਬੇਦਨ ਬਿਧਿ ਕੇ ਬੇਤਾ ਅਹਿਹੀਂ।
ਦਯੋ ਅਮੰਤ੍ਰ ਸਭਿਨਿ ਪੁਕਾਰੀ। ਆਏ ਕਾਲੂ ਧਾਮ ਮਝਾਰੀ॥ ੬॥

ਨਗਰ ਵਿਚ ਜਿਹੜੇ ਹੋਰ ਬ੍ਰਾਹਮਣ ਰਹਿੰਦੇ ਸਨ ਅਤੇ ਜਿਹੜੇ ਵੇਦਾਂ ਦੇ ਵਿਧਾਨ ਵਿਚ ਨਿਪੁੰਨ ਸਨ, ਉਨ੍ਹਾਂ ਸਾਰਿਆਂ ਨੂੰ ਸੱਦਾ ਭੇਜਿਆ ਗਿਆ ਅਤੇ ਉਹ ਛੇਤੀ ਹੀ ਮਹਿਤਾ ਕਾਲੂ ਜੀ ਦੇ ਘਰ ਪਹੁੰਚ ਗਏ॥ ੬॥

ਚੌਪਈ- ਗੋਮੈ ਸੋਂ ਲੇਪਨ ਛਿਤ ਕਰਿਕੈ। ਪੂਰਜੋ ਚੌਕ ਹਰਖ ਉਰ ਧਰਿ ਕੈ।
ਸ੍ਰੀ ਨਾਨਕ ਜੀ ਪੁਨ ਬੁਲਵਾਏ। ਦ੍ਵਿਜ ਬਾਹਜ ਕੇ ਬੀਚ ਬਿਸਾਏ॥ ੭॥

ਗਾਂ ਦੇ ਗੋਹੇ ਦਾ ਪੋਚਾ ਫੇਰਿਆ ਗਿਆ ਤੇ ਫਿਰ ਹਿਰਦੇ ਵਿਚ ਅਥਾਹ ਪ੍ਰਸੰਨਤਾ ਧਾਰ ਕੇ ਚੌਂਕਾ ਪੂਰਿਆ ਗਿਆ। ਫਿਰ ਸ੍ਰੀ ਨਾਨਕ ਜੀ ਨੂੰ ਬੁਲਾਇਆ ਗਿਆ ਤੇ ਉਸ ਨੂੰ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਵਿਚਕਾਰ ਬਿਠਾਇਆ ਗਿਆ॥ ੭॥

ਜਿਉਂ ਉਡਗਨ ਕੀ ਸਭਾ ਮਝਾਰਾ। ਜਾਵਹਿ ਪੂਰਨ ਇੰਦ ਉਦਾਰਾ।
ਸ਼ੋਭਾ ਸੰਯੁਤ ਤਿਉ ਤਹਿਂ ਜਾਈ। ਬੈਸੇ ਬੀਚ ਸਭਾ ਸੁਖਦਾਈ॥ ੮॥

ਜਿਵੇਂ ਤਾਰਿਆਂ ਦੀ ਸਭਾ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਚਮਕ ਰਿਹਾ ਹੋਵੇ, ਇਸ ਤਰ੍ਹਾਂ ਹੀ ਸੁਖਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਖੱਤਰੀਆਂ ਅਤੇ ਬ੍ਰਾਹਮਣਾਂ ਦੀ ਸਭਾ ਵਿਚ ਬੈਠੇ ਸ਼ੋਭਾ ਪਾ ਰਹੇ ਸਨ॥ ੮॥

ਛੱਤ੍ਰਿਨ ਰੀਤਿ ਜੁ ਹੁਤੀ ਪੁਰਾਤਨ। ਸੋ ਕੀਨੀ ਦਿਜਵਰ ਸਭ ਭਾਂਤਿਨਿ।
ਕੁਲ ਆਚਾਰ ਸਿਖਾਵਨ ਲਾਗਾ। ਪੁਨ ਪਾਵਨ ਜੰਞੂ ਅਨੁਰਾਗਾ॥ ੯॥

ਛੱਤਰੀਆਂ ਦੀ ਜਿਹੜੀ ਪੁਰਾਤਨ ਰੀਤ ਚਲੀ ਆਉਂਦੀ ਸੀ, ਪੰਡਿਤ ਨੇ ਸਭ ਭਾਂਤੀ ਉਸ ਤਰ੍ਹਾਂ ਹੀ ਕੀਤਾ। ਛੱਤਰੀ ਕੁਲ ਦੇ ਆਚਰਣਾਂ ਦੀ ਸਿਖਿਆ ਦੇ ਕੇ ਫਿਰ ਗੁਰੂ ਜੀ ਦੇ ਗਲ ਵਿਚ ਜੰਞੂ ਪਾਉਣ ਲੱਗਾ॥ ੯॥

ਜਗਤ ਬਿਮੋਚਨ ਲੋਚਨ ਚਾਰੂ। ਚਿਤਵਨ ਕੀਨੀ ਮੋਖ ਉਦਾਰੂ।
ਬੂਝਤਿ ਭੇ 'ਦ੍ਵਿਜ! ਮੋਹਿ ਸੁਨਾਵਉ। ਕਿਸ ਕਾਰਨ ਤੇ ਜੰਞੂ ਪਾਵਉ॥੧੦॥

ਜਗਤ ਦੇ ਦੁਖਾਂ ਨੂੰ ਦੂਰ ਕਰਨ ਵਾਲੇ ਮੁਕਤੀ ਦਾਤੇ ਨੇ ਆਪਣੇ ਸੋਹਣੇ ਨੇਤਰਾਂ ਨਾਲ ਤੱਕਿਆ ਅਤੇ ਪੁਛਿਆ, "ਹੇ ਪੰਡਿਤ ਜੀ! ਇਹ ਦੱਸੋ, ਮੈਨੂੰ ਕਿਸ ਕਾਰਨ ਜੰਞੂ ਪਾਉਣ ਲੱਗੇ ਹੋ?॥ ੧੦॥

ਕੌਨ ਅਧਿਕਤਾ ਯਾਂਕੇ ਪਾਏ? ਕਿਸ ਪਦਵੀ ਇਹੁ ਦੇਤਿ ਪੁਚਾਏ?
ਪਹਿਰੇ ਬਿਨਾ ਨੂਨਤਾ ਜੋਊ। ਦਿਜਬਰ! ਮੁਹਿ ਸਮਝਾਯੇ ਸੋਊ?'॥ ੧੧॥

ਕਿਸ ਜ਼ਿਆਦਤੀ ਕਰਕੇ ਇਹ ਮੇਰੇ ਗਲ ਪਾਇਆ ਜਾ ਰਿਹਾ ਹੈ? ਇਹ ਮਨੁੱਖ ਨੂੰ ਕਿਸ ਪਦਵੀ ਤੇ ਪਹੁੰਚਾ ਦਿੰਦਾ ਹੈ? ਪਹਿਨਣ ਤੋਂ ਬਗ਼ੈਰ ਕੀ ਘੱਟ ਜਾਵੇਗਾ। ਹੇ ਪੰਡਿਤ! ਮੈਨੂੰ ਇਸ ਬਾਰੇ ਸਮਝਾਉ"॥ ੧੧॥

ਸੁਨਿ ਹਰਿਦਯਾਲ ਚੌਂਪ ਚਿਤ ਚਮਕੀ। ਇੱਛਾ ਕਰਤਿ ਮੋਹ ਭ੍ਰਮ ਕਮਕੀ।
ਪੂਰਬ ਆਸ ਸੁਨਿਨ ਉਪਦੇਸੂ। ਬਨੀ ਸੁ ਬਿਧਿ ਅਬ ਮਿਟਹਿ ਕਲੇਸੂ॥੧੨॥

ਗੁਰੂ ਜੀ ਦੇ ਬਚਨ ਸੁਣ ਕੇ ਪੰਡਿਤ ਹਰਦਿਆਲ ਹੈਰਾਨ ਰਹਿ ਗਿਆ। ਭਰਮ ਨਵਿਰਤ ਕਰਨ ਹਿਤ ਉਸ ਨੇ ਇੱਛਾ ਕੀਤੀ। ਪ੍ਰਾਚੀਨ ਕਾਲ ਤੋਂ ਇਹ ਉਪਦੇਸ਼ ਸੁਣਨ ਵਿਚ ਆਇਆ ਹੈ। ਜੋ ਵਿਧੀ ਚਲੀ ਆਉਂਦੀ ਹੈ ਹੁਣ ਬੜੇ ਕਲੇਸ਼ ਨਾਲ ਹੀ ਮਿੱਟ ਸਕਦੀ ਸੀ॥੧੨॥

ਜਾਨਤਿ ਜੌਨ ਮਹਾਤਮ ਗੁਰ ਕੋ। ਬੋਲਯੋ ਤਦਪਿ ਹਰਨ ਤਮ ਉਰ ਕੋ।
'ਦਿਜ ਛੱਤ੍ਰੀ ਕੋ ਧਰਮ ਜੁ ਧਰਿਈ। ਜੱਗਯੁਪਵੀਤ ਸੁ ਪਾਵਨ ਕਰਿਈ॥੧੩॥

ਗੁਰੂ ਜੀ ਨੂੰ ਇਹ ਦੱਸਣ ਵਾਸਤੇ ਕਿ ਇਸ ਦਾ ਕੀ ਮਹਾਤਮ ਹੈ, ਹਿਰਦੇ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ ਪੰਡਿਤ ਬੋਲਿਆ, "ਜਿਹੜੇ ਬ੍ਰਾਹਮਣ ਖੱਤਰੀ ਦਾ ਧਰਮ ਧਾਰਨ ਕਰਦੇ ਹਨ, ਜੰਞੂ ਪਾਉਣ ਨਾਲ ਉਹ ਪਵਿੱਤਰ ਹੋ ਜਾਂਦੇ ਹਨ।

ਜਾਵਦ ਰੀਤਿ ਨ ਅਸ ਅਨੁਸਾਰੀ। ਤਾਵਦ ਨਹਿਂ ਚੌਕੇ ਅਧਿਕਾਰੀ।
ਦ੍ਵਿਜ ਬਾਹਜ ਕੋ ਇਸ ਬਿਨ ਧਰਮਾ। ਰਹਤਿ ਨਹੀਂ, ਬੂਝਹੁ ਇਹੁ ਮਰਮਾ॥੧੪॥

ਜਦ ਤਕ ਉਹ ਇਸ ਰੀਤ ਦੇ ਅਨੁਸਾਰ ਨਹੀਂ ਹੁੰਦੇ, ਤਦ ਤਕ ਉਹ ਚੌਕੇ ਦੇ ਅਧਿਕਾਰੀ ਨਹੀਂ ਹੋ ਸਕਦੇ। ਬ੍ਰਾਹਮਣ ਖੱਤਰੀ ਇਸ ਬਗ਼ੈਰ ਧਰਮਹੀਣ ਹੋ ਜਾਂਦੇ ਹਨ, ਤੁਸੀਂ ਇਸ ਭੇਦ ਨੂੰ ਸਮਝੋ॥ ੧੪॥

ਚੌਪਈ- ਬੇਦਨਿ ਬਿਧਿ ਸੋਂ ਜਬ ਗਰ ਪਾਵਹਿ। ਦ੍ਵਿਜ ਬਾਹਜ ਨਿਜ ਧਰਮਹਿ ਆਵਹਿ'।
ਸੁਨਿ ਪ੍ਰੋਧਾ ਕੇ ਬਚਨ ਕ੍ਰਿਪਾਲਾ। ਕਮਲ ਬਦਨ ਕਹਿਂ ਗਿਰਾ ਰਸਾਲਾ॥੧੫॥

ਵੇਦਾਂ ਦੀ ਵਿਧੀ ਅਨੁਸਾਰ ਜੰਞੂ ਪਾ ਕੇ ਖੱਤਰੀ-ਬ੍ਰਾਹਮਣ ਆਪਣੇ ਨਿੱਜੀ ਧਰਮ ਵਿਚ ਆਉਂਦੇ ਹਨ।'' ਕਿਰਪਾਲੂ ਸਤਿਗੁਰੂ ਨੇ ਪਾਂਧੇ ਦੇ ਇਹ ਬਚਨ ਸੁਣੇ। ਕੰਵਲ ਦੇ ਸਰੀਰ ਵਾਲੇ ਨੇ ਆਪਣੇ ਰਸੀਲੇ ਗਲੇ ਵਿਚੋਂ ਇਹ ਸ਼ਬਦ ਕਹੇ॥੧੫॥

'ਦ੍ਵਿਜ ਬਾਹਜ ਕੋ ਧਰਮ ਜੁ ਆਹੀ। ਗਰ ਮੇਂ ਪਾਏ ਸੂਤ ਰਹਾਹੀ।
ਕਿਧੋਂ ਸੁਕਰਮ ਕਰੇ ਤੇ ਰਹਿਈ। ਦਯਾ ਆਦਿ ਜੇ ਸੁਭ ਨਿਰਬਹਿਈ॥੧੬॥

''ਬ੍ਰਾਹਮਣ-ਖੱਤਰੀ ਦਾ ਧਰਮ ਹੈ ਇਸ ਕਰਕੇ ਉਹ ਆਪਣੇ ਗਲ ਵਿਚ ਸੂਤ ਪਾ ਕੇ ਰੱਖਦੇ ਹਨ। ਪਰ ਚੰਗੇ ਕਰਮ ਕਰਨ, ਦਇਆ ਆਦਿ ਦਾ ਚੰਗੀ ਤਰ੍ਹਾਂ ਨਿਰਬਾਹ ਕਰਨ ਤਦ ਹੀ ਸੂਤ ਪਾਉਣਾ ਉਚਿਤ ਹੈ॥੧੬॥

ਪਾਇ ਸੂਤ ਗਰ ਕਰਤਿ ਕੁਕਰਮਾ। ਧਨ ਹਿਤ ਹਿੰਸਾ ਧ੍ਰੋਹਿ ਅਧਰਮਾ।
ਅੰਤ ਪ੍ਰਯੰਤ ਦੁਸ਼ਟਤਾ ਧਾਰੇ। ਝੂਠ ਪਿਸ਼ਨਤਾ ਚਿਤ ਹਿਤਕਾਰੇ॥ ੧੭॥

ਪਰ ਜੋ ਸੂਤ ਗਲ ਵਿਚ ਪਾ ਕੇ ਭੈੜੇ ਕੰਮ ਕਰਦਾ ਹੈ। ਧਨ ਹਿਤ ਹਿੰਸਾ ਕਰਨੀ, ਧ੍ਰੋਹ ਕਰਨਾ, ਇਹ ਅਧਰਮ ਹੈ। ਅੰਤ ਤਕ ਦੁਸ਼ਟਤਾ ਧਾਰਨ ਕਰਦਾ ਹੈ, ਝੂਠ, ਚੁਗਲੀ ਨੂੰ ਚਿੱਤ ਵਿਚ ਪਿਆਰ ਕਰਦਾ ਹੈ॥ ੧੭॥

ਜੋ ਖੱਤ੍ਰੀ ਦ੍ਵਿਜ ਕਿਧੋਂ ਚੰਡਾਲਾ। ਸਹਹਿ ਜਾਇ ਜਮ ਦੰਡ ਬਿਸਾਲਾ।
ਕੌਨ ਜਨੇਊ ਤਿਹ ਫਲ ਦੀਨਾ। ਪਾਯੋ ਨਰਕ ਇਹਾਂ ਅਘ ਕੀਨਾ॥੧੮॥

ਜਿਹੜੇ ਖੱਤਰੀ-ਬ੍ਰਾਹਮਣ ਚੰਡਾਲਾਂ ਵਾਲੇ ਕੰਮ ਕਰਦੇ ਹਨ, ਉਹ ਯਮਾਂ ਦਾ ਬੜਾ ਵੱਡਾ ਦੰਡ ਸਹਾਰਦੇ ਹਨ। ਉਨ੍ਹਾਂ ਨੂੰ ਜਨੇਊ ਨੇ ਫਿਰ ਕੀ ਫਲ ਦਿੱਤਾ ? ਇਥੇ ਪਾਪ ਕਰਨ ਕਰਕੇ ਉਨ੍ਹਾਂ ਨੂੰ ਨਰਕਾਂ ਦੀ ਪ੍ਰਾਪਤੀ ਹੁੰਦੀ ਹੈ''॥ ੧੮॥

ਸੁਨਿ ਕਰਿ ਬਚ ਦਿਜਬਰ ਜੇ ਬੈਸੇ। ਭਏ ਮਸ਼ਟ ਕੁਛ ਆਵ ਨ ਜੈਸੇ।
ਸਨਮੁਖ ਉਤਰ ਦੇਤਿ ਨ ਕੋਊ, ਕਹਿਤਿ ਸੌਤ ਸਮਝਤਿ ਚਿਤ ਸੋਊ॥੧੯॥

ਜਦ ਉਥੇ ਬੈਠੇ ਸਾਰੇ ਬ੍ਰਾਹਮਣਾਂ ਨੇ ਇਹ ਬਚਨ ਸੁਣੇ ਤਾਂ ਉਹ ਚੁੱਪ ਰਹਿ ਗਏ, ਜਿਵੇਂ ਉਨ੍ਹਾਂ ਨੂੰ ਕੁਝ ਆਉਂਦਾ ਹੀ ਨਹੀਂ ਸੀ। ਸਾਹਮਣੇ ਹੋ ਕੇ ਕੋਈ ਵੀ ਉਤਰ ਨਹੀਂ ਸੀ ਦੇ ਰਿਹਾ। ਸਾਰੇ ਆਪਣੇ ਮਨ ਵਿਚ ਸਮਝ ਗਏ ਸਨ ਕਿ ਜੋ ਕੁਝ ਕਿਹਾ ਗਿਆ ਹੈ, ਉਹ ਬਿਲਕੁਲ ਸੱਚ ਹੈ॥ ੧੯॥

ਤਦਪਿ ਸੁਨਨਿ ਕੀ ਬਚ ਅਭਿਲਾਖਾ। ਪ੍ਰੋਹਤ ਹਰਿਦਯਾਲ ਇਮ ਭਾਖਾ।
'ਕੌਨ ਜੰਞੂ ਤੇ ਜਾਇ ਨ ਨਰਕਾ ? ਜਾਂਤੇ ਜਾ' ਨਹਿਂ ਕਰਹਿ ਕੁਤਰਕਾ॥੨੦॥

ਪੰਡਿਤਾਂ ਵਿਚ ਗੁਰੂ ਜੀ ਦੇ ਹੋਰ ਬਚਨ ਸੁਣਨ ਦੀ ਅਭਿਲਾਸ਼ਾ ਜਾਗੀ ਤੇ ਫਿਰ ਪ੍ਰੋਹਿਤ ਹਰਦਿਆਲ ਇਸ ਤਰ੍ਹਾਂ ਬੋਲਿਆ, ''ਿ [illegible] ੜਾ ਜੰਞੂ ਹੈ ਜਿਸ ਨੂੰ ਪਾ ਕੇ ਮਨੁੱਖ ਨਰਕਾਂ ਨੂੰ ਨਹੀਂ ਜਾਂਦਾ? ਉਹ ਕਿਹੜਾ ਜੰਞੂ ਹੈ ਜਿਸ ਨੂੰ ਪਹਿਨਣ ਨਾਲ ਜਮ ਦੁਖੀ ਨਹੀਂ [illegible] ਹਨ ?॥ ੨੦॥

ਸੋ ਨਿਜ ਰਸਨਾ ਦੇਹੁ ਸੁਨਾਈ। ਸੁਨਨਿ ਚਾਹ ਸਭਿ ਉਰ ਹਰਖਾਈ'।
ਕਮਲ ਬਦਨ ਪੁਨ ਬਚਨ ਬਖਾਨੇ। ਜਿਸ ਜੰਞੂ ਤੇ ਜਨ ਸਨਮਾਨੇ॥ ੨੧॥

ਆਪਣੀ ਮਿੱਠੀ ਬੋਲੀ ਵਿਚ ਸਾਨੂੰ ਇਹ ਸੁਣਾਉ। ਸੁਣਨ ਦੀ ਚਾਹ ਸਾਰਿਆਂ ਦੇ ਹਿਰਦੇ ਵਿਚ ਉਤਪੰਨ ਹੋਈ ਹੈ। ਕੰਵਲ ਮੁੱਖ ਨੇ ਫਿਰ ਇਹ ਬਚਨ ਕਹੇ, ਜਿਸ ਜੰਞੂ ਦਾ ਹਰ ਕੋਈ ਆਦਰ ਕਰੇ॥ ੨੧॥

ਸ੍ਰੀ ਮੁਖਵਾਕ ॥ ਸਲੋਕੁ ਮਹਲਾ ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (ਪੰਨਾ ੪੭੧)

ਦਇਆ ਨੂੰ ਕਪਾਹ, ਸੰਤੋਖ ਨੂੰ ਧਾਗਾ, ਸਬਰ ਨੂੰ ਗੰਢ ਅਤੇ ਸੱਚ ਨੂੰ ਮਰੋੜਾ ਬਣਾ। ਇਹ ਹੈ ਜਨੇਊ ਆਤਮਾ ਦਾ। ਜੇ ਤੇਰੇ ਕੋਲ ਇਹ ਹੈ, ਹੇ ਬ੍ਰਾਹਮਣ ! ਤਦ ਮੈਨੂੰ ਇਹ ਪਾ ਦੇ। ਇਹ ਟੁਟਦਾ ਨਹੀਂ, ਨਾ ਹੀ ਇਹ ਮੈਲਾ ਹੁੰਦਾ ਹੈ ਅਤੇ ਨਾ ਹੀ ਗਵਾਚਦਾ ਹੈ। ਹੇ ਨਾਨਕ ! ਧੰਨ ਹਨ ਉਹ ਪ੍ਰਾਣੀ, ਜੋ ਅਜਿਹਾ ਜਨੇਊ ਆਪਣੀ ਗਰਦਨ ਦੁਆਲੇ ਪਾ ਕੇ ਜਾਂਦੇ ਹਨ।

ਚੌਪਈ- 'ਸੁੱਛ ਸਥਿਰ ਇਹੁ ਲਖਹੁ ਜਨੇਊ। ਗਰ ਮਹਿ ਪਹਿਰੈਂ ਵਿਰਲੇ ਕੇਊ।
ਜਿਹ ਨਰ ਗਰ ਮਹਿ ਧਾਰਨ ਕੀਨਾ। ਧੰਨ ਸਿ ਨਰ ਕੀਨੇ ਦੁਖ ਛੀਨਾ ॥੨੨॥

''ਇਸ ਜਨੇਊ ਨੂੰ ਪਵਿੱਤਰ ਅਤੇ ਸਦਾ ਰਹਿਣ ਵਾਲਾ ਜਾਣੋ। ਕੋਈ ਵਿਰਲਾ ਹੀ ਇਸ ਨੂੰ ਆਪਣੇ ਗਲ ਵਿਚ ਪਾਉਂਦਾ ਹੈ। ਜਿਸ ਨੇ ਅਜਿਹਾ ਜਨੇਊ ਗਲ ਵਿਚ ਪਾਇਆ ਹੈ, ਧੰਨ ਹਨ ਉਹ ਮਨੁੱਖ ਜਿਨ੍ਹਾਂ ਦੇ ਸਾਰੇ ਦੁੱਖਾਂ ਦਾ ਨਾਸ ਹੋ ਗਿਆ ਹੈ ॥ ੨੨ ॥

ਲੋਕ ਬਹੁਰ ਪਰਲੋਕ ਅਸ਼ੋਕੂ। ਸਨਮਾਨਹਿ ਸਭਿ ਅੰਤਕ ਲੋਕੂ।
ਅਸ ਬਿਧਿ ਕੋ ਜੇ ਹੈ ਤੁਮ ਪਾਸੂ। ਗਰ ਮੁਝ ਪਾਵਹੁ ਦੁੱਕ੍ਰਿਤ ਨਾਸੂ ॥੨੩॥

ਉਨ੍ਹਾਂ ਦਾ ਲੋਕ-ਪਰਲੋਕ ਅਨੰਦਿਤ ਹੋ ਜਾਂਦਾ ਹੈ। ਉਹ ਜਮਾਂ ਦੇ ਘਰ ਵੀ ਸਨਮਾਨ ਪ੍ਰਾਪਤ ਕਰਦੇ ਹਨ। ਹੇ ਬ੍ਰਾਹਮਣ ! ਇਸ ਵਿਧੀ ਅਨੁਸਾਰ ਤਿਆਰ ਕੀਤਾ ਜੇ ਤੇਰੇ ਪਾਸ ਕੋਈ ਜਨੇਊ ਹੈ ਤਾਂ ਅਜਿਹਾ ਪਾਪਾਂ ਦਾ ਨਾਸ ਕਰਨ ਵਾਲਾ ਜਨੇਊ ਮੇਰੇ ਗਲ ਵਿਚ ਪਾ ਦੇਵੋ ॥ ੨੩ ॥

ਕਰਤਿ ਸੂਤ ਕੋ ਗ੍ਰੰਥਨ ਪਾਈ। ਜਲ ਜਾਵਹਿ ਇਹ ਸੰਗ ਨ ਜਾਈ।
ਜਾਨਹੁ ਕੱਚਾ ਕਾਜ ਸੰਸਾਰੂ। ਲੋਕ ਦਿਖਾਵਾ ਕਰਤਿ ਗਵਾਰੂ' ॥ ੨੪ ॥

ਸੂਤ ਕੱਤ ਕੇ ਉਸ ਨੂੰ ਗੰਢਾਂ ਮਾਰ ਲਈਆਂ ਹਨ। ਇਹ ਜਨੇਊ ਸੜ ਜਾਂਦਾ ਹੈ, ਪਰਲੋਕ ਵਿਚ ਮਨੁੱਖ ਦੇ ਨਾਲ ਨਹੀਂ ਜਾਂਦਾ। ਇਸ ਨੂੰ ਸੰਸਾਰ ਵਿਚ ਕੱਚਾ ਕਾਰਜ ਜਾਣੋ। ਮੂਰਖ ਇਹ ਸਭ ਕੁਝ ਲੋਕ ਦਿਖਾਵੇ ਲਈ ਕਰਦੇ ਹਨ'' ॥ ੨੪ ॥

ਸੁਨਿ ਕਰਿ ਬਚ ਹਰਦਜਾਲ ਰਸਾਲਾ। ਪੁਲਕਾਵਲਿ ਤਨ ਹਰਖ ਬਿਸਾਲਾ।
ਮੈਂ ਪੂਰਬ ਜੋ ਗਿਰਾ ਉਬਾਚੀ। ਬਿਨ ਸੰਸੈ ਸੋ ਭੀ ਸਭਿ ਸਾਚੀ ॥ ੨੫ ॥

ਪੰਡਿਤ ਹਰਦਿਆਲ ਗੁਰੂ ਜੀ ਦੇ ਇਹ ਬਚਨ ਸੁਣ ਕੇ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ। ਉਸ ਦੇ ਰੋਮ ਖੜੇ ਹੋ ਗਏ ਤੇ ਤਨ ਪ੍ਰਸੰਨਤਾ ਨਾਲ ਖਿੜ ਉਠਿਆ ਅਤੇ ਬੋਲਿਆ, ''ਮੈਂ ਪਹਿਲਾਂ ਜੋ ਗੱਲ ਕਹੀ ਸੀ, ਕਿਸੇ ਸ਼ੱਕ ਤੋਂ ਬਗੈਰ ਉਹ ਬਿਲਕੁਲ ਸੱਚੀ ਸੀ ॥ ੨੫ ॥

ਲਖਿ ਹੈਂ ਵਿਰਲੇ ਬਹੁ ਅਨਜਾਨਾ। ਜਿਹ ਬਚ ਸੁਨਿ ਮਮ ਮਨ ਠਹਿਰਾਨਾ।
ਹੌਂ ਸੁ ਕ੍ਰਿਤਾਰਥ ਬੰਸ ਸਮੇਤਾ। ਭਾ ਧਜਮਾਨ ਬ੍ਰਹਮੰਡ ਨਿਕੇਤਾ ॥ ੨੬ ॥

ਅਜਿਹਾ ਤਥ ਕਿਸੇ ਵਿਰਲੇ ਹੀ ਜਾਣਿਆ ਹੈ, ਬਹੁਤੇ ਲੋਕ ਅਨਜਾਣ ਹਨ। ਇਹ ਬਚਨ ਸੁਣ ਕੇ ਮੈਂ ਆਪਣੇ ਮਨ ਵਿਚ ਇਹ ਗੱਲ ਪੱਕੀ ਕੀਤੀ ਹੈ। ਮੈਂ ਬੰਸ ਸਮੇਤ ਕ੍ਰਿਤਾਰਥ ਹੋ ਗਿਆ ਹਾਂ ਅਤੇ ਬ੍ਰਹਿਮੰਡ ਦਾ ਜੋ ਘਰ ਅਰਥਾਤ ਆਸਰਾ ਹਨ ਭਾਵ-ਗੁਰੂ ਜੀ ਹੁਣ ਮੇਰੇ ਜਜਮਾਨ ਹੋ ਗਏ ਹਨ ॥ ੨੬ ॥

ਚੌਪਈ- ਅਨਦ ਮਗਨ ਮੁਖ ਬੋਲ ਨ ਆਵਾ। ਸੁਨਨ ਬਚਨ ਰੁਚਿ ਉਪਜਾਵਾ।
ਅਨਤ ਜਿ ਦ੍ਵਿਜ ਬੈਸੇ ਸੁਭ ਨੀਤੀ। ਸੋ ਬੋਲੇ ਲਖਿ ਪਾਛਲ ਰੀਤੀ॥੨੭॥

ਪੰਡਿਤ ਹਰਦਿਆਲ ਅਨੰਦਿਤ ਹੋ ਗਿਆ ਤੇ ਉਸ ਪਾਸੋਂ ਕੁਝ ਬੋਲਿਆ ਵੀ ਨਹੀਂ ਸੀ ਜਾਂਦਾ। ਗੁਰੂ ਜੀ ਦੇ ਹੋਰ ਬਚਨ ਸੁਣਨ ਵਾਸਤੇ ਉਸ ਵਿਚ ਤੀਬਰ ਰੁਚੀ ਪੈਦਾ ਹੋਈ। ਦੂਸਰੇ ਜੋ ਬ੍ਰਾਹਮਣ ਸ਼ੁਭ ਨੀਤੀ ਵਿਚਾਰ ਕੇ ਬੈਠੇ ਸਨ, ਉਹ ਪ੍ਰਾਚੀਨ ਰੀਤ ਦਾ ਪ੍ਰਮਾਣ ਲੈ ਕੇ ਬੋਲੇ॥ ੨੭॥

'ਭੋ ਬਾਲਕ! ਇਹ ਜੱਗਜੁਪਵੀਤਾ। ਬੇਦ ਪੰਥ ਮਹਿਂ ਗਿਨਜੈ ਪੁਨੀਤਾ।
ਪਰਮਪਰਾ ਪਾਵਨ ਬਰ ਧਰਮਾ। ਦਿਜ ਬਾਹਜ ਕੋ ਰਾਖਤਿ ਧਰਮਾ॥੨੮॥

"ਹੇ ਬਾਲਕ! ਜਨੇਊ ਪਾਉਣ ਦੀ ਰੀਤ ਵੇਦ ਪੰਥ ਵਿਚ ਬਹੁਤ ਪਵਿੱਤਰ ਸਮਝੀ ਜਾਂਦੀ ਹੈ। ਆਦਿ ਤੋਂ ਹੀ ਇਹ ਪਵਿੱਤਰ ਅਤੇ ਸ੍ਰੇਸ਼ਟ ਧਰਮ ਹੈ। ਖੱਤਰੀ-ਬ੍ਰਾਹਮਣ ਇਸ ਧਰਮ ਨੂੰ ਰੱਖਦੇ ਆਏ ਹਨ॥ ੨੮॥

ਬ੍ਰਹਮਾਦਿਕ ਤੇ ਇਹ ਚਲਿ ਆਵਾ। ਸਨਕ ਸਨੰਦਨ ਸਭਿ ਪਹਿਰਾਵਾ।
ਜੇ ਹਮ ਕੀਨੀ ਉਕਤਿ ਨਵੀਨਾ। ਪੈਲੋ ਇਹੁ ਤੋ ਸੁਮਤਿ ਪ੍ਰਬੀਨਾ!॥੨੯॥

ਬ੍ਰਹਮਾ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ ਅਤੇ ਬ੍ਰਹਮਾ ਦੇ ਪੁਤਰ ਸਨਕ ਅਤੇ ਉਸ ਦੇ ਪੁੱਤਰਾਂ ਨੇ ਵੀ ਇਸ ਨੂੰ ਪਹਿਣਿਆ। ਜੋ ਅਸੀਂ ਕਰ ਰਹੇ ਹਾਂ, ਇਹ ਕੋਈ ਨਵੀਂ ਗੱਲ ਨਹੀਂ। ਹੇ ਸ੍ਰੇਸ਼ਟ ਬੁੱਧੀ ਵਾਲੇ! ਇਸ ਜਨੇਊ ਨੂੰ ਪਹਿਣ ਲਵੋ, ਬਾਅਦ ਵਿਚ ਬੇਸ਼ਕ ਹਟਾ ਦੇਣਾ॥ ੨੯॥

ਚਲਹੁ ਬਾਲ! ਪਾਛਲ ਕੁਲ ਚਾਲੀ। ਕਿਉਂ ਤੁਮ ਸਭਿ ਤੇ ਚਹਹੁ ਨਿਰਾਲੀ'।
ਸੁਨਿ ਸ੍ਰੀ ਨਾਨਕ ਬਚ ਦ੍ਵਿਜਬਰ ਕਾ। ਬੋਲੇ ਤਿਹ ਮਤਿ ਕਰਤਜੋ ਤਰਕਾ॥੩੦॥

ਹੇ ਬਾਲ! ਆਪਣੀ ਕੁਲ ਦੀ ਪ੍ਰਾਚੀਨ ਰੀਤੀ ਤੇ ਚਲੋ। ਤੁਸੀਂ ਸਾਰਿਆਂ ਨਾਲੋਂ ਵੱਖਰੀ ਅਤੇ ਨਿਰਾਲੀ ਗੱਲ ਕਿਉਂ ਕਰਨੀ ਚਾਹੁੰਦੇ ਹੋ?" ਸ੍ਰੀ ਨਾਨਕ ਜੀ ਬ੍ਰਾਹਮਣ ਦੇ ਇਹ ਬਚਨ ਸੁਣ ਕੇ ਉਨ੍ਹਾਂ ਦੀ ਮੱਤ ਦਾ ਖੰਡਨ ਕਰਦੇ ਹੋਏ ਬੋਲੇ॥੩੦॥"

*ਸ੍ਰੀ ਮੁਖਵਾਕ॥*

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥*
*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥੀਆ॥*
*ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ ੧॥* (ਪੰਨਾ ੪੭੧)

ਤੂੰ ਚਾਰ ਕੌਡੀਆਂ ਦਾ ਧਾਗਾ ਖਰੀਦ ਕੇ ਲਿਆਉਂਦਾ ਹੈਂ ਤੇ ਫਿਰ ਵਿਹੜੇ ਵਿਚ ਬੈਠ ਕੇ ਇਸ ਨੂੰ ਮਨੁੱਖਾਂ ਦੇ ਗਲ ਵਿਚ ਪਾਉਂਦਾ ਹੈਂ। ਬ੍ਰਾਹਮਣ ਧਾਰਮਿਕ ਗੁਰੂ ਬਣ ਜਾਂਦਾ ਹੈ ਅਤੇ ਉਹ ਕੰਨਾਂ ਵਿਚ ਸਿਖਿਆ ਦਿੰਦਾ ਹੈ। ਪਰ ਜਦ ਉਹ ਮਨੁੱਖ ਮਰ ਜਾਂਦਾ ਹੈ, ਉਹ ਜਨੇਊ ਡਿੱਗ ਪੈਂਦਾ ਹੈ ਤੇ ਆਤਮਾ ਬਿਨਾਂ ਧਾਗੇ ਦੇ ਚਲੇ ਜਾਂਦੀ ਹੈ॥ ੧॥

ਚੌਪਈ- 'ਅਸਬਿਧਿ ਕੋ ਦਿਜ ਦੇਹੁ ਜਨੇਊ॥ ਚੌਕੜ ਬਿਕਤਿ ਮੋਲ ਲਿਜ ਤੇਊ।
ਅਗਨਿ ਸੰਗ ਜਰਿ ਗਜੇ ਜਗ ਮਾਂਹੀ। ਜਾਹਿਂ ਕਾਰਜ ਤਹਿਂ ਨਿਬਹਜੋ ਸੁ ਨਾਂਹੀ॥੩੧॥

"ਹੇ ਬ੍ਰਾਹਮਣ! ਇਸ ਵਿਧੀ ਅਨੁਸਾਰ ਤੂੰ ਜਨੇਊ ਦਿੰਦਾ ਹੈਂ। ਚਾਰ ਕੌਡੀਆਂ ਦਾ ਧਾਗਾ ਤੂੰ ਮੁੱਲ ਲੈਂਦਾ ਹੈਂ। ਉਹ ਇਸ ਜਗਤ ਵਿਚ ਹੀ ਅੱਗ ਨਾਲ ਸੜ ਜਾਂਦਾ ਹੈ। ਜਿਸ ਕਾਰਜ ਲਈ ਤੂੰ ਪਾਇਆ ਸੀ, ਉਸ ਕਾਰਜ ਵਾਸਤੇ ਉਹ ਮਨੁੱਖ ਦੀ ਆਤਮਾ ਦੇ ਨਾਲ ਤਾਂ ਗਿਆ ਹੀ ਨਹੀਂ॥ ੩੧॥

ਚੌਪਈ- ਜੋ ਆਗੇ ਨਹਿਂ ਕਾਰਜ ਆਵਾ। ਸੋ ਪਾਯੋ ਜਗ ਕੋ ਦਿਖਰਾਵਾ।
ਮਮ ਸੰਸਾਰ ਸੋਂ ਨਾਹੀ ਕਾਜੂ। ਤਿਂਹ ਕੀ ਕਿਉਂ ਕਰਿਹੋਂ ਉਰ ਲਾਜੂ॥੩੨॥

ਜਿਹੜਾ ਧਾਗਾ ਪਰਲੋਕ ਵਿਚ ਕਿਸੇ ਕੰਮ ਹੀ ਨਹੀਂ ਆਉਣਾ, ਉਹ ਤਾਂ ਇਸ ਜਗਤ ਵਿਚ ਕੇਵਲ ਲੋਕ-ਦਿਖਾਵਾ ਹੀ ਹੈ। ਸੰਸਾਰ ਵਿਚ ਜਦ ਇਹ ਜਨੇਊ ਮੇਰੇ ਕਿਸੇ ਕੰਮ ਨਹੀਂ ਹੈ। ਮੈਂ ਤੁਹਾਡੇ ਚਿਤ ਦੀ ਲਾਜ ਦੀ ਪ੍ਰਵਾਹ ਕਿਉਂ ਕਰਾਂ?॥ ੩੨॥

ਸੰਗ ਨ ਤਗ ਜਬ ਜਮ ਗਹਿ ਕੂਟਾ। ਤਹਾਂ ਨਾਮ ਹੋਯੋ ਤਗ ਤੂਟਾ।
ਕੀਨਿ ਸੁ ਕੂਰੀ ਚੋਰੀ ਜਾਰੀ। ਯਾਂਤੇ ਮਿਲੀ ਯਾਤਨਾ ਭਾਰੀ॥ ੩੩॥

ਜਦ ਜਮ ਆ ਕੇ ਫੜ ਕੇ ਲੈ ਜਾਂਦੇ ਹਨ ਤਾਂ ਜਨੇਊ ਨਾਲ ਨਹੀ ਜਾਂਦਾ। ਜਿਥੇ ਪ੍ਰਭੂ ਦਾ ਨਾਮ ਹੁੰਦਾ ਹੈ, ਉਥੇ ਜਨੇਊ ਟੁੱਟ ਜਾਂਦਾ ਹੈ। ਜਿਹੜੇ ਕੂੜ ਬੋਲਦੇ ਅਤੇ ਚੋਰੀ, ਯਾਰੀ ਕਰਦੇ ਹਨ, ਉਨ੍ਹਾਂ ਨੂੰ ਇਥੇ ਕਰੜੀ ਸਜ਼ਾ ਮਿਲਦੀ ਹੈ॥ ੩੩॥

ਤਾਂਤੇ ਸੱਤਿਨਾਮੁ ਕਰਤਾਰਾ। ਜਪਹੁ ਤਾਂਹਿ ਹੁਇ ਜਗ ਨਿਸਤਾਰਾ।
ਦੋਨੋਂ ਲੋਕ ਵਿਖੇ ਰਹਿ ਸੰਗਾ। ਨਿਸ ਦਿਨ ਸਿਮਰਹੁ ਸੰਗ ਉਮੰਗਾ॥ ੩੪॥

ਕਰਤਾ ਪੁਰਖ ਦਾ ਨਾਮ ਸੱਚਾ ਹੈ। ਉਸ ਨੂੰ ਜਪਣ ਨਾਲ ਹੀ ਛੁਟਕਾਰਾ ਹੁੰਦਾ ਹੈ। ਇਹ ਨਾਮ ਦੋਹਾਂ ਲੋਕਾਂ ਵਿਚ ਸਹਾਈ ਹੁੰਦਾ ਹੈ। ਇਸ ਦਾ ਦਿਨ-ਰਾਤ ਬੜੇ ਉਤਸ਼ਾਹ ਨਾਲ ਸਿਮਰਨ ਕਰੋ'॥ ੩੪॥

ਦਿਜ ਬਾਹਜ ਕੀ ਭੀਰ ਸੁ ਭੂਰੀ। ਸੁਨਿ ਬਚ ਬਿਸਮੈਤਾ ਉਰ ਪੂਰੀ।
ਕੋਊ ਨ ਉੱਤਰ ਦੇਨਿ ਸਮਰਥਾ। ਸੱਤਿ ਬਾਤ ਕਿਮ ਕਹੈਂ ਬਿਅਰਥਾ॥ ੩੫॥

ਖੱਤਰੀਆਂ-ਬ੍ਰਾਹਮਣਾਂ ਦੀ ਉਥੇ ਜਿਹੜੀ ਵੱਡੀ ਭੀੜ ਲੱਗੀ ਹੋਈ ਸੀ, ਗੁਰੂ ਜੀ ਦੇ ਇਹ ਅਸਚਰਜ ਬਚਨ ਸੁਣ ਕੇ ਬਹੁਤ ਹੈਰਾਨ ਹੋਈ। ਕੋਈ ਵੀ ਉੱਤਰ ਦੇਣ ਦੇ ਸਮਰੱਥ ਨਹੀ ਸੀ। ਸੱਚੀ ਗੱਲ ਨੂੰ ਕਿਵੇਂ ਕਹਿੰਦੇ ਕਿ ਇਹ ਵਿਅਰਥ ਹੈ॥ ੩੫॥

ਪੁਨ ਤਿਹ ਕਾਲ ਜੁ ਕਾਲੂ ਗਜਾਤੀ। ਸੇ ਬੋਲੇ ਨਿਜ ਬਾਤ ਸੁਹਾਤੀ।
'ਸੁਨੀਏ ਸ੍ਰੀ ਨਾਨਕ ਪਰਬੀਨਾ। ਤੋਰ ਅਤਰਕ ਗਿਰਾ ਰਸ ਭੀਨਾ॥ ੩੬॥

ਫਿਰ ਉਥੇ ਜੋ ਮਹਿਤਾ ਕਾਲੂ ਦੇ ਸੰਬੰਧੀ ਬੈਠੇ ਹੋਏ ਸਨ, ਉਨ੍ਹਾਂ ਨੇ ਆਪਣੇਂ ਮਨ ਦੀ ਗੱਲ ਕਹੀ, "ਹੇ ਚਤੁਰ ਨਾਨਕ ! ਸੁਣੋ, ਆਪ ਦੀ ਸੱਚੀ ਬਾਣੀ ਬਹੁਤ ਮਿੱਠੀ ਹੈ॥ ੩੬॥

ਤਦਪਿ ਜੁ ਤਵ ਪਿਤ ਖਰਚਜੋ ਦਰਬਾ। ਜੱਗਜੁਪਵੀਤ ਹੇਤੁ ਲਖਿ ਸਰਬਾ।
ਨਹਿਂ ਪਹਿਰਹੁ ਤਬ ਹੋਇ ਅਕਾਜੂ। ਜੋ ਤੁਮਰੇ ਪਿਤ ਕੀਨਿ ਸਮਾਜੂ॥ ੩੭॥

ਅੱਜ ਤੁਹਾਡੇ ਪਿਤਾ ਜੀ ਨੇ ਜੋ ਧਨ ਖਰਚਿਆ ਹੈ, ਉਹ ਸਾਰਾ ਜਨੇਊ ਦੀ ਰਸਮ ਵਾਸਤੇ ਹੀ ਸੀ। ਜੇ ਤੁਸੀ ਜਨੇਊ ਨਹੀ ਪਾਉਂਦੇ ਤਾਂ ਉਹ ਵਿਅਰਥ ਜਾਂਦਾ ਹੈ। ਤੁਹਾਡੇ ਪਿਤਾ ਜੀ ਨੇ ਇਹ ਸਭ ਕੁਝ ਸਮਾਜਿਕ ਰੀਤ ਵਾਸਤੇ ਕੀਤਾ ਹੈ॥ ੩੭॥

ਦਿਜ ਬਾਹਜ ਸਭਿ ਤੁਮ ਘਰ ਆਵਾ। ਪਹਿਰਹੁ ਜੰਞੂ ਜਗਤ ਸੁਹਾਵਾ।
ਜੋ ਨਿਜ ਕੁਲ ਕੀ ਚਲਹਿ ਨ ਚਾਲੇ। ਜਾਤਿ ਪਾਤਿ ਤਿਹ ਕਰੈ ਨਿਰਾਲੇ॥ ੩੮॥

ਬ੍ਰਾਹਮਣ-ਖੱਤਰੀ ਤੁਹਾਡੇ ਘਰ ਆਏ ਹਨ। ਜਨੇਊ ਪਹਿਣ ਲਵੋ ਅਤੇ ਜਗਤ ਵਿਚ ਸ਼ੋਭਾ ਪਾਉ। ਜਿਹੜਾ ਵਿਅਕਤੀ ਆਪਣੀ ਨਿਜ ਕੁਲ ਦੀ ਰੀਤ ਨਹੀਂ ਚਲਦਾ ਉਹ ਜਾਤ ਪਾਤ ਤੋਂ ਨਿਰਾਲੇ ਰਹਿੰਦੇ ਹਨ॥ ੩੮॥

ਚੌਪਈ- ਨਰ ਸੰਪੂਰਨ ਅਰੁ ਪਰਵਾਰੂ। ਹਰਖੈਂ ਉਰ ਕਰਿ ਰਹੁ ਗਰ ਧਾਰੂ।
ਨਾਤੁਰ ਸਭ ਕੋ ਬਧਜੋ ਹੁਲਾਸਾ। ਮਿਟ ਜੈ ਹੈ ਮਨ ਹੋਇ ਉਦਾਸਾ॥ ੩੯॥

ਸਾਰੇ ਲੋਕ ਅਤੇ ਪਰਿਵਾਰ, ਗਲ ਵਿਚ ਜਨੇਊ ਪਿਆ ਵੇਖ ਕੇ ਦਿਲ ਵਿਚ ਬਹੁਤ ਖੁਸ਼ ਹੁੰਦੇ ਹਨ। ਜੇ ਤੁਸੀ ਜਨੇਊ ਨਹੀ ਪਾਉਗੇ ਤਾਂ ਜਿਹੜਾ ਸਾਰਿਆਂ ਵਿਚ ਖੇੜਾ ਅਤੇ ਹੁਲਾਸ ਵਧਿਆ ਹੈ, ਉਹ ਸਾਰਾ ਖਤਮ ਹੋ ਜਾਵੇਗਾ ਤੇ ਸਾਰਿਆਂ ਦੇ ਮਨ ਉਦਾਸ ਹੋ ਜਾਣਗੇ॥ ੩੯॥

ਏਕ ਵਾਰ ਗਰ ਪਾਇ ਜਨੇਊ। ਪੁਨ ਕਰੀਏ ਇੱਛਾ ਉਰ ਜੇਊ'।
ਅਸ ਸੁਨਿ ਕਰਿ ਗਜਾਤਿਨਿ ਕੇ ਬੈਨਾ। ਪੁਨ ਬੋਲੇ ਸ੍ਰੀ ਪੰਕਜ ਨੈਨਾ ॥੪੦॥

ਇਕ ਵਾਰ ਜਨੇਊ ਪਹਿਣ ਲਵੋ। ਫਿਰ ਤੁਹਾਡੇ ਮਨ ਦੀ ਜੋ ਵੀ ਇੱਛਾ ਹੋਵੇ ਉਸ ਤਰ੍ਹਾਂ ਕਰੋ।'' ਸਕੇ-ਸੰਬੰਧੀਆਂ ਦੇ ਅਜਿਹੇ ਬਚਨ ਸੁਣ ਕੇ ਕੰਵਲ ਫੁੱਲ ਵਰਗੇ ਨੈਣਾਂ ਵਾਲੇ ਸ੍ਰੀ ਨਾਨਕ ਜੀ ਇਸ ਤਰ੍ਹਾਂ ਬੋਲੇ ॥੪੦॥

ਸ੍ਰੀ ਮੁਖਵਾਕ॥

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥ ੨॥ (ਪੰਨਾ ੪੭੧)

ਮਨੁੱਖ ਲੱਖਾਂ ਚੋਰੀਆਂ ਅਤੇ ਲੱਖਾਂ ਹੀ ਵਿਭਚਾਰ ਕਰਦਾ ਹੈ ਅਤੇ ਲੱਖਾਂ ਝੂਠ ਤੇ ਮੰਦੇ ਬਚਨ ਬੋਲਦਾ ਹੈ, ਉਹ ਰਾਤ-ਦਿਨ ਅਣਗਿਣਤ ਠੱਗੀਆਂ ਅਤੇ ਪਹਿਨਾਮੀਆਂ ਆਪਣੇ ਸਾਥ ਦੇ ਜੀਵਾਂ ਨਾਲ ਕਰਦਾ ਹੈ। ਧਾਗਾ ਰੂੰ ਤੋਂ ਕੱਤਿਆ ਜਾਂਦਾ ਹੈ ਅਤੇ ਬ੍ਰਾਹਮਣ ਆ ਕੇ ਇਸ ਨੂੰ ਵੱਟਦਾ ਹੈ। ਬੱਕਰਾ ਮਾਰਿਆ, ਪਕਾਇਆ ਅਤੇ ਖਾਧਾ ਜਾਂਦਾ ਹੈ। ਤਦ ਹਰ ਕੋਈ ਕਹਿੰਦਾ ਹੈ, ''ਜਨੇਊ ਪਾ ਦਿਉ।'' ਜਦ ਇਹ ਜਨੇਊ ਪੁਰਾਣਾ ਹੋ [illegible] ਹੈ ਇਸ ਨੂੰ ਸੁੱਟ ਦਿੰਦੇ ਹਨ ਅਤੇ ਫਿਰ ਨਵੇਂ ਸਿਰਿਓਂ ਹੋਰ ਪਾ ਦਿੱਤਾ ਜਾਂਦਾ ਹੈ। ਹੇ ਨਾਨਕ ! ਧਾਗਾ ਤਦ ਕਦੇ ਨਹੀਂ ਟੁੱਟਦਾ, ਜੇ ਧਾਗੇ ਵਿਚ ਕੋਈ ਆਤਮਿਕ ਸ਼ਕਤੀ ਹੋਵੇ॥ ੨॥

ਚੌਪਈ- 'ਲੋਕਾਰੀਤ ਜੁ ਜੱਗਜੁਪਵੀਤਾ। ਹੋਤਿ ਪੁਰਾਤਨ ਤੂੰਟਤਿ ਨੀਤਾ।
ਬਹੁਰ ਬਹੁਰ ਲੇ ਅਵਰ ਸੁ ਪਾਵਾ। ਜਗ ਮਿੱਥਜਾ ਤਸ ਬਨਜੋ ਬਨਾਵਾ ॥੪੧॥

''ਲੋਕ ਰਿਵਾਜ ਅਨੁਸਾਰ ਜਿਹੜਾ ਜਨੇਊ ਬਣਿਆ ਹੈ। ਉਹ ਪੁਰਾਣਾ ਹੋ ਜਾਂਦਾ ਅਤੇ ਨਿਤ ਟੁੱਟਦਾ ਰਹਿੰਦਾ ਹੈ। ਬਾਰ-ਬਾਰ ਲੈ ਕੇ ਹੋਰ ਪਾਉਂਦਾ ਹੈ, ਜਿਸ ਤਰ੍ਹਾਂ ਦਾ ਝੂਠਾ ਸੰਸਾਰ ਹੈ ਉਹੋ ਜੇਹਾ ਹੀ ਝੂਠਾ ਜਨੇਊ ਹੈ ਜਿਹੜਾ ਕਿ ਕਦੇ ਵੀ ਟੁੱਟ ਸਕਦਾ ਹੈ, ਨਾਸ਼ ਹੋ ਸਕਦਾ ਹੈ॥ ੪੧॥

ਜੇਕਰਿ ਹੋਵਹਿ ਜੋਰ ਜਨੇਊ। ਮੁਝ ਗਰ ਦੀਜੈ ਭਗਨ ਨ ਜੇਊ।
ਮਨ ਕੁਬਾਸ਼ਨਾਂ ਨਾਸਹਿ ਰਾਸੀ। ਜਿਹਤੇ ਪਦ ਪ੍ਰਾਪਤਿ ਅਬਿਨਾਸ਼ੀ' ॥੪੨॥

ਜੇਕਰ ਜਨੇਊ ਵਿਚ ਕੋਈ ਤਾਕਤ ਹੋਵੇ, ਅਤੇ ਉਹ ਕਦੀ ਵੀ ਨਾ ਟੁੱਟੇ ਤਾਂ ਮੇਰੇ ਗਲ ਪਾ ਦੇਵੋ। ਮੇਰੇ ਮਨ ਦੀਆਂ ਸਾਰੀਆਂ ਭੈੜੀਆਂ ਵਾਸ਼ਨਾਵਾਂ ਦਾ ਇਹ ਨਾਸ਼ ਕਰੇ ਅਤੇ ਇਸ ਦੇ ਪਾਉਣ ਨਾਲ ਮੈਨੂੰ ਅਮਰ ਪਦ ਪ੍ਰਾਪਤ ਹੋਵੇ' ॥ ੪੨॥

ਚੌਪਈ- ਅਸਬਿਧਿ ਸ੍ਰੀ ਨਾਨਕ ਗਤਿਦਾਨੀ। ਉਪਦੇਸ਼ਨਿ ਕੀ ਉਚਰਤਿ ਬਾਨੀ।
ਬਚਨ ਬਦਤਿ ਬਿੱਪ੍ਰਨ ਬਰਿਆਈ। ਜੱਗਜੁਪਵੀਤ ਦਿਯੋ ਪਹਿਰਾਈ ॥੪੩॥

ਮੁਕਤੀ-ਦਾਤੇ ਸ੍ਰੀ ਨਾਨਕ ਜੀ ਨੇ ਇਸ ਤਰ੍ਹਾਂ ਉਪਦੇਸ਼ ਦੇਣ ਵਾਸਤੇ ਬਾਣੀ ਦਾ ਉਚਾਰਣ ਕੀਤਾ। ਗੁਰੂ ਜੀ ਦੇ ਬਚਨ ਕਰਦਿਆਂ ਕਰਦਿਆਂ ਬ੍ਰਾਹਮਣਾਂ ਨੇ ਜ਼ਬਰਦਸਤੀ ਜਨੇਊ ਪਹਿਣਾ ਦਿੱਤਾ॥ ੪੩॥

ਤੂਸ਼ਨ ਭਏ ਤਬਹਿ ਸੁਖ ਸਦਨਾ। ਦਿਜ ਦੰਭਨ ਕੋ ਕੀਨ ਨਿਕਦਨਾ।
ਤਿਹ ਛਿਨ ਹਰਖਜੋ ਉਰ ਪਰਵਾਰੂ। ਸਭਿ ਕੇ ਮਨ ਤੇ ਮਿਟਾ ਖਭਾਰੂ ॥੪੪॥

ਸੁਖਾਂ ਦੇ ਘਰ ਭਾਵ-ਗੁਰੂ ਜੀ ਤਦ ਚੁਪ ਕਰ ਗਏ ਅਤੇ ਬ੍ਰਾਹਮਣਾਂ ਦੇ ਕਪਟ ਨੂੰ ਨਸ਼ਟ ਕਰ ਦਿੱਤਾ। ਉਸੇ ਵੇਲੇ ਸਾਰਾ ਪਰਿਵਾਰ ਖੁਸ਼ ਹੋ ਗਿਆ ਤੇ ਸਾਰਿਆਂ ਦੇ ਮਨ ਦੀ ਖੋਭ ਮਿੱਟ ਗਈ॥ ੪੪॥

ਬਚਨ ਸੁਨਨਿ ਕੀ ਦਿਜ ਹਰਦਜਾਲੂ। ਵਡ ਲਾਲਸ ਬੋਲਜੋ ਤਿਹ ਕਾਲੂ।
'ਊਚ ਕਰਮ ਤੇ ਗਿਰਾ ਉਬਾਚੀ। ਰਿਦੇ ਸ਼ੁੱਧ ਕੋ ਇਹ ਸਭਿ ਸਾਚੀ॥ ੪੫॥

ਗੁਰੂ ਜੀ ਦੇ ਬਚਨ ਸੁਣਨ ਦੀ ਵੱਡੀ ਲਾਲਸਾ ਰੱਖਦੇ ਹੋਏ, ਪੰਡਿਤ ਹਰਦਿਆਲ ਉਸੇ ਵੇਲੇ ਬੋਲਿਆ, "ਉਚੇ ਕਰਮ ਕਰਕੇ ਬਾਣੀ ਉਚਾਰੀ ਹੈ, ਸ਼ੁੱਧ ਹਿਰਦੇ ਵਾਸਤੇ ਇਹ ਸਭ ਸੱਚੀ ਹੈ॥ ੪੫॥

ਜੋ ਜਗ ਕਾਨ ਸਿੰਖਲਾ ਸੰਗਾ। ਵਰਣ ਧਰਮ ਕਰਿ ਸਕੈਂ ਨ ਭੰਗਾ।
ਪੁਨ ਨਿਜ ਮਤਿ ਕੋ ਜੱਗਜੁਪਵੀਤਾ। ਉਚਰਹੁ ਬਚਨ ਜੁ ਹੋਤਿ ਪੁਨੀਤਾ॥੪੬॥

ਜਿਹੜਾ ਜੱਗ ਬੇੜੀਆਂ ਨਾਲ ਜਕੜਿਆ ਹੋਇਆ ਹੈ। ਵਰਣ ਧਰਮ ਕਦੀ ਵੀ ਇਸ ਨੂੰ ਮੁਕਤ ਨਹੀਂ ਕਰਵਾ ਸਕਦੇ। ਤੁਹਾਡੇ ਮੱਤ ਅਨੁਸਾਰ ਅਜਿਹਾ ਕਿਹੜਾ ਜਨੇਊ ਹੈ ਜਿਹੜਾ ਪਾਕ ਪਵਿੱਤਰ ਹੈ. ਇਸ ਬਾਰੇ ਆਪਣੇ ਬਚਨਾਂ ਦਾ ਉਚਾਰਨ ਕਰੋ॥ ੪੬॥

ਸੁਨਹਿਂ ਸਭਿਹਿ ਦਿਜ ਬਾਹਜ ਗਜਾਤੀ। ਜੋ ਅਤੂਟ ਰਹਿ ਸਦਾ ਸੰਗਾਤੀ'।
ਸੁਨਤਿ ਸ੍ਰੋਨ ਅਰਬਿੰਦ ਬਿਲੋਚਨ। ਬੋਲੇ ਬਾਨੀ ਬੰਧ ਬਿਮੋਚਨ॥ ੪੭॥

ਜਿਨ੍ਹਾਂ ਨੂੰ ਸਾਰੇ ਬ੍ਰਾਹਮਣ, ਖੱਤਰੀ ਅਤੇ ਸੰਬੰਧੀ ਸੁਣਨ। ਅਜਿਹਾ ਕਿਹੜਾ ਜਨੇਊ ਹੈ, ਜਿਹੜਾ ਕਦੀ ਨਹੀਂ ਟੁਟਦਾ ਅਤੇ ਸਦਾ ਸੰਗ ਰਹਿੰਦਾ ਹੈ"। ਆਪਣੇ ਕੰਨਾਂ ਨਾਲ ਬ੍ਰਾਹਮਣ ਦੇ ਇਹ ਸ਼ਬਦ ਸੁਣ ਕੇ ਕੰਵਲ ਅੱਖਾਂ ਵਾਲੇ ਅਤੇ ਬੰਧਨਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਬਾਣੀ ਦਾ ਉਚਾਰਨ ਕੀਤਾ॥ ੪੭॥

*ਸ੍ਰੀ ਮੁਖਵਾਕ॥*

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥*
*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ ੩॥* (ਪੰਨਾ ੪੭੧)

ਨਾਮ ਤੇ ਭਰੋਸਾ ਲਿਆਉਣ ਨਾਲ ਇੱਜ਼ਤ ਉਤਪੰਨ ਹੁੰਦੀ ਹੈ। ਸੁਆਮੀ ਦੀ ਸਿਫਤ-ਸਾਲਾਹ ਸੱਚਾ ਜਨੇਊ ਹੈ। ਇਹੋ ਜਿਹਾ ਪਵਿੱਤਰ ਧਾਗਾ ਪ੍ਰਭੂ ਦੇ ਦਰਬਾਰ ਵਿਚ ਪਹਿਨਿਆ ਜਾਂਦਾ ਹੈ ਅਤੇ ਇਹ ਕਦੀ ਟੁੱਟਦਾ ਨਹੀਂ॥੩॥

ਚੌਪਈ- 'ਜਿਨ ਅਸ ਪਾਯੋ ਜੱਗਜੁਪਵੀਤਾ। ਸੋ ਸਭਿ ਥਾਨ ਵਿਖੈ ਨਿਰਭੀਤਾ।
ਜਹਾਂ ਜਾਇ ਤਹਿ ਆਦਰ ਪਾਵਾ। ਸਭਿ ਸ਼ੋਭਾ ਸੰਜੁਤ ਜਸੁ ਛਾਵਾ॥੪੮॥

"ਜਿਨ੍ਹਾਂ ਅਜਿਹਾ ਜਨੇਊ ਪਾਇਆ ਹੈ, ਉਹ ਸਭ ਥਾਈਂ ਨਿਰਭੈ ਵਿਚਰਦੇ ਹਨ। ਜਿਥੇ ਉਹ ਜਾਂਦੇ ਹਨ, ਉਥੇ ਹੀ ਆਦਰ ਪਾਉਂਦੇ ਹਨ। ਸਭ ਸ਼ੋਭਾ ਸਮੇਤ ਜੱਸ ਛਾ ਜਾਂਦਾ ਹੈ॥ ੪੮॥

ਚੌਪਈ- ਭਗਨ ਨ ਹੋਇ ਸੰਗ ਰਹਿ ਸੋਊ। ਭਾਗ ਜਗੇ ਤੇ ਪਹਿਰਹਿ ਕੋਊ॥
ਕਾਮ ਕ੍ਰੋਧ ਮਨ ਕੀਨਿ ਮਲੀਨਾ। ਸਿਮਰ ਨਾਮ ਕੋ ਜਿਨ ਸੁਚਿ ਕੀਨਾ॥੪੯॥

ਇਹ ਜਨੇਊ ਕਦੇ ਟੁੱਟਦਾ ਨਹੀ ਤੇ ਸਦਾ ਸਾਥ ਰਹਿੰਦਾ ਹੈ। ਜਿਸ ਦੇ ਭਾਗ ਜਾਗਦੇ ਹਨ, ਉਹੋ ਹੀ ਇਸ ਨੂੰ ਪਹਿਨਦਾ ਹੈ। ਕਾਮ ਕ੍ਰੋਧ ਨੇ ਮਨ ਨੂੰ ਮੈਲੇ ਕਰ ਦਿੱਤਾ ਹੈ। ਨਾਮ ਦਾ ਸਿਮਰਨ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ॥ ੪੯॥

ਤਿਨਹਿ ਉਚਿਤ ਇਹੁ ਯੱਗਜੁਪਵੀਤਾ। ਲੋਕ ਕਾਨ ਤੇ ਸੋ ਵਿੱਪ੍ਰੀਤਾ॥
ਸੁਨਿ ਹਰਿਦਜਾਲ ਸੁ ਅਸ ਉਪਦੇਸ਼ਾ। ਰਿਦੈ ਧਾਰਿ ਲਿਯ ਲਖਿ ਸਰਗਤੇਸ਼ਾ॥੫੦॥

ਉਨ੍ਹਾਂ ਵਾਸਤੇ ਇਹ ਜਨੇਊ ਯੋਗ ਹੈ ਜਿਹੜੇ ਲੋਕ ਰਾਏ ਦੇ ਉਲਟ ਹਨ।" ਗੁਰੂ ਜੀ ਦੇ ਇਹ ਉਪਦੇਸ਼ ਸੁਣ ਕੇ ਪੰਡਿਤ ਹਰਦਿਆਲ ਨੇ ਗੁਰੂ ਜੀ ਵਲ ਵੇਖ ਕੇ ਹਿਰਦੇ ਵਿਚ ਇਹ ਧਾਰ ਲਈ॥ ੫੦॥

'ਧੰਨ ਧੰਨ ਪੁਨ ਧੰਨ' ਵਖਾਨਹਿ। 'ਆਪਨ ਗਤਿ ਤੁਮ ਆਪਹਿ ਜਾਨਹਿ'।
ਅਵਰ ਨ ਕਾਹੂੰ ਮਹਿਮਾ ਜਾਨੀ। ਇਕ ਪ੍ਰੋਹਤ ਭਾ ਹਤਿ ਅਭਿਮਾਨੀ॥੫੧॥

''ਧੰਨ ਧੰਨ ਫਿਰ ਧੰਨ ਕਿਹਾ।'' ਆਪਣੀ ਗਤ ਤੁਸੀਂ ਆਪ ਹੀ ਜਾਣਦੇ ਹੋ, ਹੋਰ ਕੋਈ ਤੁਹਾਡੀ ਮਹਿਮਾ ਨਹੀ ਜਾਣ ਸਕਦਾ। ਤੁਸੀ ਇਕ ਪ੍ਰੋਹਿਤ ਦੇ ਘੁਮੰਡ ਦਾ ਨਾਸ਼ ਕਰਨ ਵਾਲੇ ਹੋ॥ ੫੧॥

ਜਿਹ ਪਰ ਕਰਹਿਂ ਹੇਰਿ ਕਰਿ ਕਰੁਨਾ। ਤਾਹੂੰ ਕੋ ਹਰਿਹੀ ਭਵ ਮਰਨਾ।
ਤਿਹ ਛਿਨਿ ਕਾਲੂ ਬਚਨ ਉਚਾਰਾ। 'ਅਬ ਭੋਜਨ ਭਾ ਸਗਰੋ ਤਯਾਰਾ॥੫੨॥

ਜਿਸ ਨੂੰ ਵੇਖ ਕੇ ਕਿਰਪਾ ਕਰਦਾ ਹੈਂ, ਉਸ ਦਾ ਹੀ ਜਨਮ ਮਰਨ ਕੱਟਿਆ ਜਾਂਦਾ ਹੈ। ਉਸ ਵੇਲੇ ਮਹਿਤਾ ਕਾਲੂ ਨੇ ਇਹ ਬਚਨ ਕਹੇ, ''ਹੁਣ ਸਭ ਪ੍ਰਕਾਰ ਦੇ ਭੋਜਨ ਤਿਆਰ ਹੋ ਗਏ ਹਨ॥੫੨॥

ਦਿਜ ਜੂ! ਉਠਉ ਪਾਂਤਿ ਬੈਸਾਵਹੁ। ਤਜਿ ਬਿਲੰਬ ਨਿਜ ਭੋਜਨ ਖਾਵਹੁ'।
ਸੁਨਿ ਸਭਿ ਦਿਜ ਉਠਿ ਚੀਰ ਉਤਾਰੇ। ਕਰਿ ਪੰਕਤਿ ਬੈਸੇ ਇਕ ਸਾਰੇ॥੫੩॥

ਪੰਡਿਤ ਜੀ! ਉਠੋ ਅਤੇ ਪੰਗਤ ਵਿਚ ਬੈਠੋ, ਦੇਰੀ ਛੱਡ ਕੇ ਆਪਣਾ ਭੋਜਨ ਖਾਵੋ।'' ਇਹ ਸੁਣ ਕੇ ਸਭ ਬ੍ਰਾਹਮਣਾਂ ਨੇ ਆਪਣੇ ਕਪੜੇ ਉਤਾਰੇ ਅਤੇ ਇਕ ਪੰਗਤ ਵਿਚ ਇਕਸਾਰ ਬੈਠ ਗਏ॥ ੫੩॥

ਛੱਤ੍ਰੀ ਸਭਿ ਬੁਲਾਇ ਨਿਜ ਗਜਾਤੀ। ਬਨ ਬੈਠੇ ਸੋ ਪਾਂਤਿ ਸੁਹਾਤੀ।
ਅਨਿਕ ਭਾਂਤਿ ਪਾਤ੍ਰਨ ਧਰਿ ਆਗੇ। ਸੂਪਕਾਰ ਤਬ ਪਰੁਸਨ ਲਾਗੇ॥੫੪॥

ਖੱਤਰੀਆਂ ਅਤੇ ਨਿੱਜੀ ਸੰਬੰਧੀਆਂ ਨੂੰ ਬੁਲਾਇਆ, ਉਹ ਵੀ ਇਕ ਪੰਗਤ ਵਿਚ ਸੋਹਣੀ ਤਰ੍ਹਾਂ ਬੈਠ ਗਏ, ਅਨੇਕ ਪ੍ਰਕਾਰ ਦੀਆਂ ਪੱਤਲਾਂ ਨੂੰ ਉਨ੍ਹਾਂ ਦੇ ਅੱਗੇ ਧਰਿਆ। ਤਦ ਲਾਂਗਰੀ ਭੋਜਨ ਪਰੋਸਣ ਲੱਗੇ॥ ੫੪॥

ਪਾਇਸੁ ਸਿਤਾ ਘ੍ਰਿਤਿ ਬਿਧਿ ਸੰਗਾ। ਸਪਦ ਪਰੁਸਗੇ ਸੰਗ ਉਮੰਗਾ।
ਸੂਖਮ ਓਦਨ ਬਰੇ ਪਕੌਰੇ। ਮਰਚ ਧਨਿਯ ਸੋਂ ਦਧਿ ਮਹਿਂ ਬੋਰੇ॥ ੫੫॥

ਖੀਰ, ਖੰਡ ਅਤੇ ਘਿਉ ਵਿਧੀ ਅਨੁਸਾਰ ਬੜੇ ਉਤਸ਼ਾਹ ਨਾਲ ਛੇਤੀ ਛੇਤੀ ਪਰੋਸੇ ਗਏ। ਬਰੀਕ ਚਾਵਲ, ਵੜੇ ਅਤੇ ਪਕੌੜੇ ਜਿਹੜੇ ਮਿਰਚ, ਧੰਨੀਏ ਵਾਲੇ ਦਹੀਂ ਵਿਚ ਡੋਬੇ ਹੋਏ ਸਨ, ਵੀ ਵਰਤਾਏ ਗਏ॥ ੫੫॥

ਚੌਪਈ- ਸੂਪ ਬਨੀ ਬਰ ਅਨਿਕ ਪ੍ਰਕਾਰਾ। ਖਾਨ ਪੁਰਾ 'ਹਰਿਨਾਮ' ਉਚਾਰਾ।
ਸ੍ਵਾਦ ਸੰਗਿ ਸਭਿ ਅਚਵਨਿ ਕੀਨੇ। ਪੁਨ ਪਨਵਾਰੇ ਕੀਨਿ ਚਬੀਨੇ॥ ੫੬॥

ਅਨੇਕ ਪ੍ਰਕਾਰ ਦੇ ਵਧੀਆ ਪਕਵਾਨ ਬਣੇ ਹੋਏ ਸਨ। ਖਾਣ ਤੋਂ ਪਹਿਲਾਂ ਸਾਰਿਆਂ ਨੇ ਹਰੀ ਦੇ ਨਾਮ ਦਾ ਉਚਾਰਨ ਕੀਤਾ ਸੀ। ਸਾਰਿਆਂ ਨੇ ਬੜੇ ਸਵਾਦ ਨਾਲ ਭੋਜਨ ਗ੍ਰਹਿਣ ਕੀਤਾ। ਬਾਅਦ ਵਿਚ ਪਾਨਾਂ ਦੇ ਬੀੜੇ ਚਬਾਉਣ ਵਾਸਤੇ ਦਿੱਤੇ ਗਏ॥ ੫੬॥

ਦੀਨ ਦੱਛਨਾ ਦ੍ਵਿਜ ਸਨਮਾਨੇ। ਬਹੁਰ ਬਿਸਰਜਨ ਹੋਇ ਪਯਾਨੇ।
ਦ੍ਵਿਜ ਹਰਿਦਯਾਲ ਚਹਿਤਿ ਸੋ ਪਾਵਾ। ਨਾਮ ਲਗੀ ਲਿਵ ਪ੍ਰੇਮਹਿ ਛਾਵਾ॥੫੭॥

ਦੱਛਣਾ ਦੇ ਕੇ ਬ੍ਰਾਹਮਣਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਫਿਰ ਸਾਰਿਆਂ ਨੂੰ ਵਿਦਾ ਕੀਤਾ। ਪੰਡਿਤ ਹਰਦਿਆਲ ਜੋ ਚਾਹੁੰਦਾ ਸੀ ਉਹੀ ਉਸ ਨੂੰ ਮਿਲ ਗਿਆ। ਉਸ ਦੀ ਨਾਮ ਨਾਲ ਲਿਵ ਲੱਗ ਗਈ ਅਤੇ ਪ੍ਰਭੂ ਪ੍ਰੇਮ ਦਾ ਆਸਰਾ ਮਿਲ ਗਿਆ॥ ੫੭॥

ਜੱਗਯੁਪਵੀਤ ਪਾਵਨੀ ਗਾਥਾ। ਸੁਨਹਿ ਸੁਨਾਵਹਿ ਜੋ ਹਿਤ ਸਾਥਾ।
ਭਗਨ ਜੰਞੂ ਕੋ ਦੋਖ ਨ ਲਾਗਹਿ। ਪੁਨ ਸ੍ਰੀ ਗੁਰੁ ਕੇ ਪਗ ਅਨੁਰਾਗਹਿ॥੫੮॥

ਜਨੇਊ ਪਾਉਣ ਦੀ ਕਥਾ ਜਿਹੜਾ ਵਿਅਕਤੀ ਪਿਆਰ ਨਾਲ ਸੁਣੇ ਅਤੇ ਸੁਣਾਵੇ, ਉਸ ਦੇ ਨਸ਼ਟ ਹੋਣ ਵਾਲੇ ਜਨੇਊ ਨੂੰ ਕਦੀ ਆਂਚ ਨਹੀਂ ਪਹੁੰਚਦੀ, ਭਾਵ-ਉਸ ਨੂੰ ਜਨੇਊ ਪਾਉਣ ਦੀ ਲੋੜ ਨਹੀਂ ਅਤੇ ਉਸ ਨੂੰ ਗੁਰੂ ਚਰਨਾਂ ਦਾ ਪ੍ਰੇਮ ਮਿਲ ਜਾਂਦਾ ਹੈ॥ ੫੮॥

ਦੋਹਰਾ- ਗਜਾਤੀ ਛੱਤ੍ਰੀ ਅਪਰ ਜੇ ਬਿੱਪ੍ਰ ਜਿ ਪ੍ਰੋਧਾ ਸਾਥ।
ਉਸਤਤਿ ਉਚਰਤਿ ਸਦਨ ਗੇ ਜੇ ਗੁਰ ਦੀਨਾਨਾਥ॥ ੫੯॥

ਨਿੱਜੀ ਸੰਬੰਧੀ, ਖੱਤਰੀ ਅਤੇ ਬ੍ਰਾਹਮਣ ਜਿਹੜੇ ਪ੍ਰੋਹਤ ਦੇ ਨਾਲ ਆਏ ਸਨ, ਉਹ ਦੀਨਾਂ ਦੇ ਨਾਥ ਗੁਰੂ ਜੀ ਦੀ ਬੜੀ ਉਸਤਤ ਕਰਦੇ ਆਪਣੇ ਘਰਾਂ ਨੂੰ ਚਲੇ ਗਏ॥ ੫੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਬ੍ਰਹਮਸੂਤ੍ਰ ਪਾਵਨਾ ਪ੍ਰਸੰਗ ਬਰਨਨ ਨਾਮ ਨਵਮੋ ਅਧ੍ਯਾਇ॥ ੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਨੌਵਾਂ ਅਧਿਆਇ, ਜਿਸ ਦਾ ਨਾਮ 'ਸੱਚਾ ਜਨੇਊ ਪਾਉਣਾ' ਹੈ, ਸਮਾਪਤ ਹੋਇਆ॥ ੯॥

## ਅਧਿਆਇ ਦਸਵਾਂ

*ਅਰਦਾਸ, ਗਊਆਂ ਚਾਰਨਾ, ਖੇਤ ਹਰਿਆ ਕਰਨਾ।*

ਸੈਯਾ- ਬਰ ਆਨਨ ਤੇ ਬਰ ਦੇਹੁ ਗੁਰੂ! ਬਰ ਗ੍ਰੰਥ ਸਪੂਰਨ ਹੋਇ ਅਬੈ।
ਬਲਿ ਜਾਇ ਕਵੀ ਤੁਮਰੋ ਬਲਪਾਇ ਕਰੌਂ ਕਵਿਤਾ ਸੁਭ ਛੰਦ ਸਬੈ।
ਬਲਹੀਨ ਕਰੋ ਬਿਘਨਾ ਸਭਿ ਹੀ ਗੁਰੁ ਕੀਰਤਿ ਗ੍ਰੰਥ ਸੁ ਹੋਇ ਤਬੈ।
ਬਿਘਨਾਤਮ ਰੂਪ ਅਮਾਵਸ਼ ਕੋ ਯਹਿ ਗ੍ਰੰਥ ਦੁਤੀ ਦੁਤਿ ਚੰਦ ਫਬੈ॥ ੧॥

ਹੇ ਗੁਰੂ ਜੀ ! ਆਪਣੇ ਸ੍ਰੇਸ਼ਟ ਮੁਖਾਰਬਿੰਦ ਤੋਂ ਮੈਨੂੰ ਵਰ ਦੇਵੋ ਕਿ ਇਹ ਮੇਰਾ ਵਾਂਛਿਤ ਗ੍ਰੰਥ ਛੇਤੀ ਸੰਪੂਰਣ ਹੋਵੇ। ਇਹ ਕਵੀ ਆਪ ਤੋਂ ਸਦਕੇ ਜਾਂਦਾ ਹੈ। ਆਪ ਦਾ ਬਲ ਪਾ ਕੇ ਮੈਂ ਸੋਹਣਿਆਂ ਛੰਦਾਂ ਵਿਚ ਕਵਿਤਾ ਦੀ ਰਚਨਾ ਕਰਾਂ। ਇਸ ਕੰਮ ਵਿਚ ਆਉਣ ਵਾਲੇ ਸਾਰੇ ਵਿਘਨਾਂ ਨੂੰ ਬਲਹੀਨ ਕਰ ਦੇਵੋ, ਤਾਂਕਿ ਗੁਰੂ ਕੀਰਤੀ ਦਾ ਇਹ ਗ੍ਰੰਥ ਛੇਤੀ ਹੀ ਸੋਹਣੀ ਤਰ੍ਹਾਂ ਸੰਪੂਰਣ ਹੋਵੇ ਅਤੇ ਵਿਘਨਾਂ ਦੇ ਹਨੇਰੇ ਰੂਪ ਵਾਲੀ ਮੱਸਿਆ ਨੂੰ ਦੂਜ ਦੇ ਚੰਦ ਵਾਂਗ ਸੋਭਾ ਪਾਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਦੋਹਰਾ- ਤਿਹ ਪਾਛੇ ਸ੍ਰੀ ਸਤਿਗੁਰੂ ਕਰਿ ਬਹੁ ਅਪਨ ਦੁਰਾਵ।
ਮੌਤਿ ਸੁਭਾਵ ਅਨੰਦ ਮਹਿਂ ਕਰਹਿਂ ਨ ਕਛੂ ਲਖਾਵ॥ ੨॥

ਭਾਈ ਬਾਲੇ ਨੇ ਕਿਹਾ- ਇਸ ਤੋਂ ਪਿਛੋਂ ਸਤਿਗੁਰੂ ਜੀ ਆਪਣੇ ਆਪ ਨੂੰ ਜ਼ਿਆਦਾਤਰ ਛੁਪਾ ਕੇ ਹੀ ਰੱਖਦੇ ਸਨ। ਮਸਤ ਸੁਭਾ, ਅਨੰਦਮਈ ਸਰੂਪ ਵਾਲੇ ਆਪਣੇ ਆਪ ਨੂੰ ਜ਼ਾਹਰ ਨਹੀਂ ਸਨ ਕਰਦੇ॥ ੨॥

ਚੌਪਈ- ਉਦਾਸੀਨ ਬ੍ਰਿਤਿ ਰਹੈਂ ਅਰੂਢਾ। ਜਾਂਤੇ ਲਖਿ ਨ ਸਕਹਿਂ ਨਰ ਮੂਢਾ।
ਹੇਰਨ ਹੇਤੁ ਨ ਖੋਲਹਿਂ ਨੈਨਾ। ਚੰਚਲ ਅਧਰ ਨ ਕਰਿ ਹਿਤ ਬੈਨਾ॥ ੩॥

ਉਦਾਸ ਬ੍ਰਿਤੀ ਵਿਚ ਸਦਾ ਟਿਕੇ ਰਹਿੰਦੇ ਸਨ। ਉਨ੍ਹਾਂ ਦੀ ਇਸ ਅਵਸਥਾ ਨੂੰ ਕੋਈ ਵੀ ਮੂਰਖ ਜਾਣ ਨਹੀਂ ਸੀ ਸਕਦਾ। ਕਿਸੇ ਨੂੰ ਵੇਖਣ ਵਾਸਤੇ ਨੈਣ ਨਹੀਂ ਸੀ ਖੋਲ੍ਹਦੇ। ਹੋਠਾਂ ਨੂੰ ਬਚਨ ਕਹਿਣ ਵਾਸਤੇ ਚੰਚਲ ਨਹੀਂ ਸਨ ਕਰਦੇ, ਭਾਵ-ਚੁਪ ਰਹਿੰਦੇ ਸਨ॥ ੩॥

ਸਹਿਜ ਸੁਭਾਇਕ ਕ੍ਰਿਆ ਰਿਖੀਕੇ। ਹੋਇ ਤ ਹੁਇ ਨਤੁ ਥਿਰੁ ਥਿਧਿ ਨੀਕੇ।
ਅੰਤਰ ਮੁਖੀ ਬ੍ਰਿਤਿ ਦਿਨ ਰੈਨਾ। ਕਰਿ ਰਾਖੀ ਸ੍ਰੀ ਪੰਕਜ ਨੈਨਾ॥ ੪॥

ਇੰਦਰੀਆਂ ਦੀ ਸਹਿਜ ਸੁਭਾਅ ਕ੍ਰਿਆ ਸੀ। ਹੋ ਜਾਵੇ ਤਾਂ ਹੋ ਜਾਵੇ, ਨਹੀਂ ਤਾਂ ਟਿਕੀਆਂ ਰਹਿੰਦੀਆਂ ਸਨ। ਸ੍ਰੀ ਕੰਵਲ ਨੈਣੀ ਗੁਰੂ ਜੀ ਨੇ ਦਿਨ-ਰਾਤ ਅੰਤਰਮੁਖੀ ਬ੍ਰਿਤੀ ਕਰ ਰੱਖੀ ਹੋਈ ਸੀ ॥ ੪॥

ਜਗਤ ਅਸਾਰ ਖੇਲ ਜਿਵ ਸਿਸੁ ਕੀ। ਅਸ ਲਖਿ ਕਰਹਿਂ ਨ ਕਾਂਖਾ ਕਿਸੁ ਕੀ।
ਨਰ ਨਾਰੀ ਭਾਖਹਿਂ ਅਸ ਰੀਤੀ। 'ਕਾਲੂ ਸੁਤਕੀ ਮਤਿ ਬਿੱਪ੍ਰੀਤੀ॥ ੫॥

ਜਗਤ ਵਲੋਂ ਬਿਲਕੁਲ ਬੇਖਬਰ ਜਿਵੇਂ ਬਾਲਕ ਦੀ ਖੇਡ ਹੁੰਦੀ ਹੈ, ਕਿਸੇ ਚੀਜ਼ ਨੂੰ ਵੇਖ ਕੇ ਉਸ ਦੀ ਪ੍ਰਾਪਤੀ ਦੀ ਇੱਛਾ ਵੀ ਨਹੀਂ ਸਨ ਕਰਦੇ। ਸਾਰੇ ਨਰ-ਨਾਰੀ ਉਸ ਨੂੰ ਅਜਿਹੀ ਹਾਲਤ ਵਿਚ ਵੇਖ ਕੇ ਕਹਿੰਦੇ ਸਨ, " ਕਾਲੂ ਦੇ ਪੁਤਰ ਦੀ ਮਤ ਹੀ ਉਲਟੀ ਹੋ ਗਈ ਹੈ॥੫॥

ਚੌਪਈ- ਆਗੇ ਕਹਿਤਿ ਬੈਨ ਗੁਨ ਸਾਲੀ: ਕਿਯ ਤੂਸ਼ਨ ਅਬ ਕੌਨ ਕੁਚਾਲੀ।
ਡੀਠ ਲਗੀ ਨਰ ਨਾਰਿਨ ਕੇਰੀ। ਜਿਹ ਮਸਤਾਨੀ ਤੌਰ ਘਨੇਰੀ॥ ੬॥

ਇਹ ਗੁਣਵਾਨ ਕਿਸ ਭੈੜੀ ਗੱਲ ਕਰਕੇ ਹਰ ਵੇਲੇ ਚੁਪ ਰਹਿੰਦਾ ਹੈ? ਕੀ ਇਸ ਨੂੰ ਕਿਸੇ ਮਰਦ ਜਾਂ ਇਸਤਰੀ ਦੀ ਨਜ਼ਰ ਲੱਗ ਗਈ ਹੈ? ਜਿਸ ਕਰਕੇ ਅਜਿਹੀ ਘਨੇਰੀ ਮਸਤਾਨੀ ਤਬੀਅਤ ਹੋ ਗਈ ਹੈ॥੬॥

ਭੂਤ ਪ੍ਰੇਤ ਕੀ ਭਈ ਕਿ ਛਾਯਾ। ਸੁਨਨਿ ਕਹਿਨ ਜਿਨ ਸਭਿ ਬਿਸਰਾਯਾ।
ਕਛੁਕ ਦਿਵਸ ਬੀਤੇ ਅਸ ਰੀਤੀ। ਏਕ ਸਮੈ ਕਾਲੂ ਕਰਿ ਪ੍ਰੀਤੀ॥ ੭॥

ਕੀ ਕਿਸੇ ਭੂਤ-ਪ੍ਰੇਤ ਦੀ ਛਾਇਆ ਚੰਬੜ ਗਈ ਹੈ? ਜਿਸ ਕਰਕੇ ਇਸ ਨੇ ਲੋਕਾਂ ਨਾਲ ਬੋਲਣਾ, ਸੁਣਨਾ ਛੱਡ ਦਿੱਤਾ ਹੈ।" ਇਸ ਢੰਗ ਨਾਲ ਕੁਝ ਦਿਨ ਬੀਤ ਗਏ। ਇਕ ਦਿਨ ਮਹਿਤਾ ਕਾਲੂ ਨੇ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ॥੭॥

ਅੰਕ ਬਿਸਾਇ ਸੀਸ ਕਰ ਫੇਰਾ॥ ਸੁੰਘਤਿ ਮਸਤਕ ਅਨੰਦ ਘਨੇਰਾ॥
ਹੇਰਿ ਤਾਤ ਕੇ ਰਿਦੈ ਵਿਚਾਰਾ। ਮਤਿ ਪਰਕਾਸ਼ਹਿ ਕਰਤਜੋ ਕਾਰਾ॥ ੮॥

ਆਪਣੇ ਪੁੱਤਰ ਨੂੰ ਛਾਤੀ ਨਾਲ ਲਾਇਆ ਤੇ ਸਿਰ 'ਤੇ ਹੱਥ ਫੇਰਿਆ ਅਤੇ ਮੱਥਾ ਚੁੰਮ ਕੇ ਬੜਾ ਆਨੰਦ ਪ੍ਰਾਪਤ ਕੀਤਾ। ਆਪਣੇ ਪੁੱਤਰ ਨੂੰ ਵੇਖ ਕੇ ਮਨ ਵਿਚ ਇਹ ਵਿਚਾਰਿਆ, ਕੋਈ ਕੰਮ ਕਰਨ ਨਾਲ ਇਸ ਦੀ ਬੁੱਧੀ ਪ੍ਰਕਾਸ਼ਿਤ ਹੋਵੇਗੀ॥੮।

ਯਾਂਤੇ ਕਾਰ ਕਰਾਉਂ ਜਿ ਥੋਰੀ। ਸਨੈਸਨੈ ਪਰਚੈ ਸਭਿ ਠੌਰੀ।
ਅਸਬਿਧਿ ਲਖਿ ਕਾਲੂ ਮੁਖ ਭਾਖੀ। 'ਗੋ ਮਹਿਖੀ ਚਾਰਹੁ ਕਰਿ ਰਾਖੀ॥ ੯॥

ਇਸ ਤੋਂ ਮੈਂ ਥੋੜਾ ਬਹੁਤ ਕੰਮ ਕਰਾਵਾਂਗਾ, ਹੌਲੀ ਹੌਲੀ ਇਸ ਦਾ ਜੀਅ ਪਰਚ ਜਾਵੇਗਾ। ਇਸ ਤਰ੍ਹਾਂ ਵੇਖ ਕਾਲੂ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, "ਗਾਂਵਾਂ ਮੱਝਾਂ ਚਾਰੋ ਅਤੇ ਉਨ੍ਹਾਂ ਦੀ ਰਾਖੀ ਕਰੋ॥ ੯॥

ਏਕ ਆਤਮਜ ਹਮਾ੍ਰੇ ਧਾਮੂ। ਕਿਹ ਬਿਧਿ ਸਰੈ ਕਰੇ ਬਿਨ ਕਾਮੂ।
ਬੈਸਜੋ ਤਾਤ ! ਬਿਤੀਤਹਿ ਨਾਂਹੀ। ਕਰਹੁ ਕਾਰ ਨਿਜ ਮਨ ਪਰਚਾਹੀ॥੧੦॥

ਸਾਡੇ ਘਰ ਕੇਵਲ ਇਕ ਪੁੱਤਰ ਹੈ। ਕੰਮ ਕਰਨ ਤੋਂ ਬਗੈਰ ਕਿਵੇਂ ਸਰੇਗਾ? ਹੇ ਪੁੱਤਰ ! ਬੈਠੇ ਰਹਿਣ ਨਾਲ ਸਮਾਂ ਨਹੀਂ ਬੀਤਦਾ। ਆਪਣੇ ਮਨ-ਪਰਚਾਵੇ ਲਈ ਕੋਈ ਕੰਮ ਕਰੋ॥੧੦॥

ਸਦਾ ਉਦਾਸ ਰਹੇ ਮਨ ਤੇਰੋ। ਪਰਚਹੁ ਪੁਨ ਹੁਇ ਛੀਰ ਬਧੇਰੋ
ਦਾਸ ਚਰਾਵਤਿ ਰੀਤਿ ਬਿਗਾਰੀ। ਹਰਿਤ ਤ੍ਰਿਣਨ ਤੁਮ ਆਨਹੁ ਚਾਰੀ॥੧੧॥

ਤੇਰਾ ਮਨ ਸਦਾ ਉਦਾਸ ਰਹਿੰਦਾ ਹੈ। ਮੱਝਾਂ ਚਾਰਨ ਨਾਲ ਤੇਰਾ ਮਨ ਵੀ ਲੱਗ ਜਾਵੇਗਾ ਅਤੇ ਦੁੱਧ ਵੀ ਵਧ ਜਾਵੇਗਾ। ਨੌਕਰਾਂ ਨੇ ਮੱਝਾਂ ਚਾਰ ਕੇ ਉਨ੍ਹਾਂ ਦੀ ਹਾਲਤ ਹੀ ਵਿਗਾੜ ਦਿੱਤੀ ਹੈ। ਤੂੰ ਉਨ੍ਹਾਂ ਨੂੰ ਸਾਵਾ ਖੱਬਲ ਘਾਹ ਚਾਰ ਕੇ ਲਿਆਇਆ ਕਰ'' ॥੧੧॥

ਕਹਜੋ ਪ੍ਰੀਤਿ ਸੋਂ ਕਰਤਿ ਦੁਲਾਰਾ। ਸੁਨਿ ਸ੍ਰੀ ਨਾਨਕ ਭੇ ਅਨੁਸਾਰਾ।
ਕਹਤਿ 'ਪਿਤਾ ਜੀ ਭੋਰ ਸਿਧਾਊਂ। ਤੁਮ ਰਜਾਇ ਤੇ ਚਾਰ ਲਿਆਊਂ ॥੧੨॥

ਆਪਣੇ ਦੁਲਾਰੇ ਨੂੰ ਪ੍ਰੀਤ ਕਰਦੇ ਸਮੇਂ ਜੋ ਕੁਝ ਕਿਹਾ ਸੀ ਉਸ ਨੂੰ ਸੁਣ ਕੇ ਸ੍ਰੀ ਨਾਨਕ ਜੀ ਨੇ ਉਸ ਅਨੁਸਾਰ ਆਪਣੇ ਪਿਤਾ ਨੂੰ ਕਿਹਾ, ''ਮੈਂ ਸਵੇਰੇ ਚਲਾ ਜਾਵਾਂਗਾ ਜੇ ਤੁਹਾਡੀ ਮਰਜ਼ੀ ਹੈ ਤਾਂ ਮੈਂ ਮੱਝਾਂ ਚਾਰ ਲਿਆਵਾਂਗਾ'' ॥ ੧੨ ॥

ਚੌਪਈ- ਅਸਿ ਕਹਿ ਰੈਨ ਬਿਖੈ ਪਰਿ ਸੋਏ। ਜਿਨ ਦਾਸਨ ਕੇ ਬੰਧ ਬਿਗੋਏ।
ਸ੍ਰੀ ਨਾਨਕ ਅਰਣੋਦਯ ਜਾਗੇ। ਗੋ ਮਹਿਖੀ ਚਾਰਨ ਅਨੁਰਾਗੇ॥ ੧੩॥

ਇਹ ਕਹਿ ਕੇ ਦਾਸਾਂ ਦੇ ਬੰਧਨ ਕੱਟਣ ਵਾਲੇ ਗੁਰੂ ਜੀ ਰਾਤ ਨੂੰ ਸੌਂ ਗਏ। ਸਵੇਰੇ ਸੂਰਜ ਚੜ੍ਹਨ ਤੇ ਉਹ ਜਾਗੇ ਅਤੇ ਗਾਵਾਂ ਮੱਝਾਂ ਚਾਰਨ ਵਾਸਤੇ ਉਹ ਖੁਸ਼ੀ-ਖੁਸ਼ੀ ਤਿਆਰ ਹੋ ਗਏ॥ ੧੩ ॥

ਨਿਜ ਹਾਥਨ ਦਾਮਨ ਤੇ ਖੋਲੀ। ਹਾਂਕਤਿ ਚਲੇ ਇਕਤ ਕਰਿ ਟੋਲੀ।
ਲਏ ਲਸ਼ਟਕਾ ਦੇਤਿ ਹੰਗੂਰਾ। ਚਾਰਤਿ ਹਰਿਤ ਤ੍ਰਿਣਨ ਸੁਖਪੂਰਾ॥ ੧੪॥

ਆਪਣੇ ਹੱਥਾਂ ਨਾਲ ਮੱਝਾਂ ਗਾਈਆਂ ਦੇ ਰਸੇ ਖੋਲ੍ਹੇ ਤੇ ਫਿਰ ਹਿੱਕ ਕੇ ਇਕ ਕਤਾਰ ਵਿਚ ਕਰਕੇ ਉਨ੍ਹਾਂ ਨੂੰ ਲੈ ਕੇ ਚਲੇ ਗਏ। ਸੋਟੀ ਫੜ ਕੇ ਮੱਝਾਂ ਨੂੰ ਹੰਗੂਰੇ ਮਾਰਦੇ ਸਨ ਅਤੇ ਸੰਪੂਰਣ ਸੁਖੀ (ਭਾਵ ਗੁਰੂ ਜੀ) ਸਾਵਾ ਖੱਬਲ ਘਾਹ ਮਝਾਂ ਨੂੰ ਚਾਰ ਰਹੇ ਸਨ॥੧੪॥

ਮਨਹੁ ਗੁਪਾਲ ਜੁ ਪਾਛਲ ਨਾਮਾ। ਪ੍ਰਗਟ ਕਰਤਿ ਹੈਂ ਜਨੁ ਸੁਖ ਧਾਮਾ।
ਮੰਦ ਮੰਦ ਸੁਭ ਸੁਰਭੀ ਪਾਛੇ। ਸਭਿ ਬਾਸੁਰ ਚਾਰਤਿ ਤ੍ਰਿਣ ਆਛੇ॥ ੧੫॥

ਮਾਨੋ ਉਨ੍ਹਾਂ ਦਾ ਗੁਪਾਲ ਪਿਛਲਾ ਨਾਂ ਹੈ, ਸੁੱਖਾਂ ਦੇ ਘਰ ਭਾਵ-ਗੁਰੂ ਜੀ ਲੋਕਾਂ ਨੂੰ ਪ੍ਰਗਟ ਕਰ ਰਹੇ ਸਨ। ਹੌਲੀ ਹੌਲੀ ਗਊਆਂ ਦੇ ਪਿਛੇ ਜਾਂਦੇ ਸੀ ਤੇ ਸਾਰਾ ਦਿਨ ਉਨ੍ਹਾਂ ਨੂੰ ਹਰਿਆ ਘਾਹ ਚਾਰਦੇ ਰਹਿੰਦੇ ਸਨ॥ ੧੫॥

ਭਈ ਸੰਝ ਪੁਰਿ ਦਿਸ਼ਕੋ ਮੋਰੀ। ਆਇ ਅਘਾਈ ਸਵਲੀ ਗੋਰੀ।
ਕਾਲੂ ਹੇਰਿ ਹਰਖ ਉਰ ਭਾਰੀ। ਲਖਜੋ ਕਿ-ਲਗਜੋ ਮੋਹਿ ਸੁਤ ਕਾਰੀ॥੧੬॥

ਜਦ ਸ਼ਾਮ ਹੁੰਦੀ ਸੀ ਤਾਂ ਮੱਝਾਂ ਨੂੰ ਨਗਰ ਵਲ ਮੋੜ ਲੈਂਦੇ ਸਨ ਤੇ ਸਭ ਕਾਲੀਆਂ ਬੂਰੀਆਂ ਰੱਜ ਕੇ ਆਉਂਦੀਆਂ ਸਨ। ਕਾਲੂ ਵੇਖ ਕੇ ਮਨ ਵਿਚ ਬਹੁਤ ਖੁਸ਼ ਹੁੰਦਾ ਸੀ ਕਿ ਉਸ ਦੇ ਪੁੱਤਰ ਦਾ ਮਨ ਕੰਮ ਧੰਦੇ ਵਿਚ ਲੱਗਾ ਹੈ॥ ੧੬॥

ਸਨੇਸਨੇ ਪਰਚਹਿ ਸਭਿ ਕਾਮੂ। ਤਜਹਿ ਉਦਾਸੀ ਹਿਤ ਕਰਿ ਧਾਮੂ।
ਆਨਿ ਬਿਰਾਜੇ ਨਿਜ ਪ੍ਰਭੁ ਸਦਨਾ। ਸੁੰਦਰ ਕਮਲ ਪਰਫੁੱਲਤ ਬਦਨਾ॥੧੭॥

ਹੌਲੀ-ਹੌਲੀ ਸਭ ਕੰਮਾਂ ਵਿਚ ਦਿਲ ਲੱਗ ਗਿਆ। ਉਦਾਸੀ ਛੱਡ ਦਿੱਤੀ ਤੇ ਘਰ ਨਾਲ ਪਿਆਰ ਹੋ ਗਿਆ। ਸੁੰਦਰ ਖਿੜੇ ਹੋਏ ਕਮਲ ਦੇ ਸਰੀਰ ਵਾਲਾ ਪ੍ਰਭੂ, ਭਾਵ-ਗੁਰੂ ਜੀ ਫਿਰ ਆਪਣੇ ਘਰ ਆ ਕੇ ਬਿਰਾਜ ਗਏ॥ ੧੭॥

ਪੈ ਪੁਨਿ ਪਿਯੋ ਖਾਨਿ ਕਰਿ ਅਸਨਾ। ਪੌਢੇ ਪਾਇ ਦੇਹਿ ਪਰ ਬਸਨਾ।
ਕਾਲੂ ਉਠਜੋ ਵਡੀ ਭੁਨਸਾਰਾ। 'ਸੁਤ ਨਾਨਕ ਉਠਾ ਬਚਨ ਉਚਾਰਾ॥੧੮॥

ਭੋਜਨ ਛੱਕ ਕੇ ਬਾਅਦ ਵਿਚ ਦੁੱਧ ਪੀਤਾ। ਫਿਰ ਆਪਣੇ ਸਰੀਰ ਤੇ ਕਪੜਾ ਲੈ ਕੇ ਸੌਂ ਗਏ। ਕਾਲੂ ਸਵੇਰੇ ਸਵੱਖਤੇ ਉਠਿਆ ਤੇ ਬਚਨ ਕੀਤਾ, ''ਪੁੱਤਰ ਨਾਨਕ ਉਠੋ'' ॥ ੧੮ ॥

ਪਿਤਾ ਬੈਨ ਸੁਨਿ ਕਰਿ ਜਗ ਸ੍ਵਾਮੀ। ਸੁਰਭੀ ਖੋਲਿ ਭਏ ਅਨੁਗਾਮੀ।
ਜਹਾਂ ਖੇਤ ਸੁੰਦਰ ਹਰਿਆਈ। ਬਾਰ ਬਾਰ ਬਾਰੀ ਬਰਿਆਈ॥ ੧੯॥

ਜਗਤ ਦੇ ਸੁਆਮੀ ਗੁਰੂ ਨਾਨਕ ਜੀ ਪਿਤਾ ਦੀ ਆਵਾਜ਼ ਸੁਣ ਕੇ ਉਠ ਪਏ ਤੇ ਮੱਝਾਂ ਗਾਈਆਂ ਖੋਲ੍ਹ ਕੇ ਉਨ੍ਹਾਂ ਦੇ ਮਗਰ ਲੱਗ ਤੁਰੇ। ਜਿਸ ਖੇਤ ਵਿਚ ਸੁੰਦਰ ਹਰਿਆਲੀ ਸੀ, ਉਸ ਦੀ ਵਾੜ ਤੋੜ ਕੇ ਮੱਝਾਂ ਗਾਈਆਂ ਵਿਚ ਵਾੜ ਦਿੱਤੀਆਂ॥੧੯॥

ਚੌਪਈ- ਆਪ ਸੋਇਗੇ ਹੋਇ ਸੁਖਾਰੇ। ਖਾਤਿ ਖੇਤ ਨਹਿਂ ਅਨਤ ਪਧਾਰੇ।
ਜਬ ਸਭਿ ਚਰਗੀ ਗੋ ਗੋਧੂਮੀ। ਦਿਵਸ ਚਰੇ ਆਯੋ ਵਹਿ ਭੂਮੀ॥ ੨੦॥

ਆਪ ਵਿਹਲੇ ਹੋ ਕੇ ਸੌਂ ਗਏ। ਮੱਝਾਂ ਗਾਈਆਂ ਉਸ ਖੇਤ ਵਿਚ ਚਰਦੀਆਂ ਰਹੀਆਂ ਤੇ ਕਿਤੇ ਹੋਰ ਨਾ ਗਈਆਂ। ਜਦ ਗਊਆਂ ਖੇਤ ਵਿਚਲੀ ਸਾਰੀ ਕਣਕ ਚਰ ਗਈਆਂ ਤਾਂ ਉਸ ਖੇਤ ਦਾ ਮਾਲਕ ਆ ਗਿਆ॥ ੨੦॥

ਹੇਰਿ ਕਿਦਾਰ ਸੁ ਭਯੋ ਹਿਰਾਨਾ। 'ਕ੍ਰਿਸ਼ਿ ਚਾਰੀ ਕਿਨ ਢੀਠ ਮਹਾਨਾ?।
ਸਿੰਚਿ ਸਿੰਚਿ ਮੈਂ ਬਹੁਦਿਨ ਹਾਰਯੋ। ਕਿਹ ਨਿੱਡਰ ਸਭਿ ਖੇਤ ਉਜਾਰਯੋ? ॥੨੧॥

ਖੇਤ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। "ਕਿਸ ਮਹਾਨ ਢੀਠ ਨੇ ਖੇਤੀ ਚਾਰ ਲਈ ਹੈ? ਬਹੁਤ ਦਿਨ ਖੇਤ ਨੂੰ ਪਾਣੀ ਦੇ ਦੇ ਕੇ ਮੈਂ ਹਾਰ ਗਿਆ ਹਾਂ ਤੇ ਕਿਸ ਨਿੱਡਰ ਨੇ ਸਾਰਾ ਖੇਤ ਹੀ ਉਜਾੜ ਦਿੱਤਾ ਹੈ? ॥ ੨੧॥

ਖਾਇ ਅਘਾਇ ਰਹੀ ਬਿਚ ਬੈਸੀ। ਲਖੀ 'ਕਿਨਹਿਂ ਬਿਨ ਖਸਮੀ ਜੈਸੀ'।
ਬਚ ਊਚੇ ਸੁਨਿ ਸ੍ਰੀ ਗੁਰੁ ਜਾਗੇ। ਉਠਿ ਕਰਿ ਵਹਿਰ ਨਿਕਾਸਨ ਲਾਗੇ॥੨੨॥

ਰੱਜ ਕੇ ਖਾ ਕੇ ਖੇਤ ਵਿਚ ਬੈਠੀਆਂ ਹਨ। ਇੰਝ ਲਗਦਾ ਸੀ ਜਿਵੇਂ ਉਨ੍ਹਾਂ ਦਾ ਕੋਈ ਮਾਲਕ ਨਾ ਹੋਵੇ।" ਉੱਚੀ ਅਵਾਜ਼ ਸੁਣ ਕੇ ਗੁਰੂ ਜੀ ਜਾਗ ਪਏ ਤੇ ਉਠ ਕੇ ਮੱਝਾਂ ਗਾਈਆਂ ਨੂੰ ਬਾਹਰ ਕੱਢਣ ਲੱਗੇ॥ ੨੨॥

ਰਾਹਕ ਕਰਤਿ ਕ੍ਰੋਧ ਕਹਿ ਊਚੇ। 'ਜਾਨਿ ਨ ਦੇਉਂ ਤੁਮਹਿ ਘਰ ਸੂਚੇ।
ਸਭਿ ਕਿਦਾਰ ਕੋ ਭਰਹੁ ਉਜਾਰਾ। ਨਤੁਰ ਚਲੋ ਢਿਗ ਰਾਇ ਬੁਲਾਰਾ' ॥੨੩॥

ਕਿਸਾਨ ਕ੍ਰੋਧ ਵਿਚ ਆ ਕੇ ਉੱਚੀ ਦਿੱਤੀ ਬੋਲਿਆ, "ਤੈਨੂੰ ਅੱਜ ਮੈਂ ਖਾਲੀ ਘਰ ਨਹੀਂ ਜਾਣ ਦੇਵਾਂਗਾ। ਸਾਰੀ ਫਸਲ ਦਾ ਉਜਾੜਾ ਭਰੋ, ਨਹੀਂ ਤਾਂ ਹਾਕਮ ਰਾਇ ਬੁਲਾਰ ਦੇ ਪਾਸ ਚਲੋ" ॥ ੨੩॥

ਅਸ ਕਹਿ ਸਭਿ ਸੁਰਭੀ ਲਿਯ ਹਾਂਕੀ। ਰਿਸ ਪੁਨ ਸ਼ੋਕ ਬਿਖੇ ਮਤਿ ਤਾਂਕੀ।
ਪੁਨ ਕਮਲਾਨਨ ਬਚਨ ਉਚਾਰੇ। 'ਗੋਧਨ ਤਜਿ ਦਿਹੁ ਸ਼ੋਕ ਬਿਸਾਰੇ॥੨੪॥

ਇਹ ਕਹਿ ਕੇ ਸਭ ਗਾਈਆਂ ਮੱਝਾਂ ਹਿੱਕ ਲਈਆਂ। ਉਸ ਦਾ ਮਨ ਕ੍ਰੋਧ ਅਤੇ ਰੰਜ ਨਾਲ ਭਰਿਆ ਹੋਇਆ ਸੀ। ਫਿਰ ਕਮਲ ਨੈਣ ਗੁਰੂ ਜੀ ਨੇ ਬਚਨ ਉਚਾਰੇ, "ਗਾਈਆਂ ਮੱਝਾਂ ਨੂੰ ਛੱਡ ਦੇਹ ਅਤੇ ਰੰਜ ਨੂੰ ਆਪਣੇ ਮਨ ਵਿਚੋਂ ਕੱਢ ਦੇਹ॥ ੨੪॥

ਪਰਾਲਬਧ ਤੁਮਰੀ ਹੈ ਜੇਤੀ। ਬਰਕਤ ਪਾਇ ਪ੍ਰਭੂ ਅਬ ਤੇਤੀ।
ਬਿਗਰਨਹਾਰ ਬਿਗਰ ਸੋ ਜਾਈ। ਬਹੁਰ ਨ ਸਵਰਹਿ ਕਰਹਿ ਲਰਾਈ॥੨੫॥

ਜਿੰਨੀ ਤੇਰੀ ਪ੍ਰਾਲਬਧ ਹੈ ਪ੍ਰਭੂ ਉਨੀ ਹੁਣ ਬਰਕਤ ਪਾਉਗਾ, ਵਿਗੜਨਹਾਰ ਵਸਤੂ ਜਦ ਵਿਗੜ ਜਾਂਦੀ ਹੈ ਤਾਂ ਉਹ ਫਿਰ ਲੜਾਈ ਕਰਨ ਨਾਲ ਠੀਕ ਨਹੀਂ ਹੋ ਸਕਦੀ॥ ੨੫॥

ਜੋ ਨਿਜ ਭਾਗ ਸਵਰਨੀ ਹੋਈ। ਤਿਹ ਨ ਵਿਗਾਰ ਸਕੈ ਕਹੁ ਕੋਈ।
ਜਗਤ ਨਾਥ ਕੇ ਹੈ ਸਭਿ ਹਾਥਾ। ਸੁਨਿਯ ਨ ਕਹੂੰ ਦੁਤਿਯ ਕੀ ਗਾਥਾ॥੨੬॥

ਜਿਹੜੀ ਨਿੱਜੀ ਭਾਗਾਂ ਵਿਚ ਠੀਕ ਹੋਣੀ ਹੈ ਉਸ ਨੂੰ ਕੋਈ ਵੀ ਵਿਗਾੜ ਨਹੀ ਸਕਦਾ ਹੈ। ਇਹ ਸਭ ਕੁਝ ਜਗਤ ਦੇ ਮਾਲਕ ਪ੍ਰਭੂ ਦੇ ਹੱਥ ਵਿਚ ਹੈ। ਦੂਸਰੇ ਦੀ ਕਹਾਣੀ ਨਾ ਕੋਈ ਸੁਣਦਾ ਹੈ ਨਾ ਕਹਿੰਦਾ ਹੈ॥ ੨੬॥

ਤਜਹੁ ਧੇਨ ਅਸਖਿਧਿ ਜੀਅ ਜਾਨੀ। ਬੀਤੀ ਕੀ ਨ ਬਿਥਾਰ ਕਹਾਨੀ'।
ਸੁਨੈ ਨ ਬਚ ਬਾਰਹਿ ਬਹੁਤੇਰਾ। ਜਿਹ ਕ੍ਰਿਸ਼ਿ ਕੋ ਭਾ ਸ਼ੋਕ ਘਨੇਰਾ॥ ੨੭॥

ਇਸ ਲਈ ਗਾਈਆਂ ਮੱਝਾਂ ਨੂੰ ਛੱਡ ਦੇਵੋ ਤੇ ਬੀਤ ਗਈ ਕਹਾਣੀ ਨੂੰ ਨਾ ਫਰੋਲੋ।'' ਬਹੁਤ ਵਰਜਿਆ, ਪਰ ਉਹ ਗੁਰੂ ਜੀ ਦੇ ਬਚਨ ਸੁਣ ਨਹੀ ਸੀ ਰਿਹਾ, ਕਿਉਂਕਿ ਕਿਸਾਨ ਨੂੰ ਫਸਲ ਦੇ ਉਜਾੜੇ ਦਾ ਬਹੁਤ ਰੰਜ ਸੀ॥ ੨੭॥

ਚੌਪਈ- ਝਗਰਤਿ ਝਗਰਤਿ ਪਹੁੰਚੇ ਤਹਿੰਵਾ। ਰਾਇ ਬੁਲਾਰੂ ਬੈਠਯੋ ਜਹਿੰਵਾ।
ਰਾਹਕ ਊਚੇ ਕੀਨਿ ਪੁਕਾਰੀ। 'ਮੋਹਿ ਖੇਤ ਸਭਿ ਦੀਨਿ ਉਜਾਰੀ॥ ੨੮॥

ਝਗੜਦੇ-ਝਗੜਦੇ ਉਥੇ ਪਹੁੰਚ ਗਏ ਜਿਥੇ ਰਾਇ ਬੁਲਾਰ ਬੈਠਾ ਹੋਇਆ ਸੀ, ਕਿਸਾਨ ਨੇ ਉੱਚੀ ਦਿੱਤੀ ਪੁਕਾਰ ਕੀਤੀ, 'ਇਸ ਨੇ ਮੇਰਾ ਸਾਰਾ ਖੇਤ ਉਜਾੜ ਦਿੱਤਾ ਹੈ॥ ੨੮॥

ਦੀਰਘੁ ਬਹੁ ਗੋਧੂਮ ਸੁ ਮੇਰੇ। ਖਾਈ ਮਹਿਖਨਿ ਆਜ ਸਵੇਰੇ।
ਤਾਤ ਤਾਹਿ ਜੋ ਤਵ ਪਟਵਾਰੀ। ਕਰਤਿ ਹਕੂਮਤਿ ਸੁਰਤਿ ਵਿਸਾਰੀ॥ ੨੯॥

ਕਣਕ ਦੇ ਇਕ ਲੰਮੇ ਚੋੜੇ ਖੇਤ ਨੂੰ ਇਸ ਦੀਆਂ ਮੱਝਾਂ ਅੱਜ ਸਵੇਰੇ ਖਾ ਗਈਆਂ ਹਨ। ਇਸ ਦਾ ਪਿਤਾ ਜੋ ਤੁਹਾਡਾ ਪਟਵਾਰੀ ਹੈ, ਬੇਸਮਝੀ ਨਾਲ ਹਕੂਮਤ ਕਰ ਰਿਹਾ ਹੈ॥ ੨੯॥

ਕਰਹੁ ਤਪਾਵਸ ਭੂਪਤਿ! ਮੇਰੋ। ਨਾਤੁਰ ਉਜਰਹਿ ਨਗਰ ਸੁ ਤੇਰੋ।
ਦਿਨ ਪ੍ਰਤਿ ਅਸਖਿਧਿ ਜੇ ਕ੍ਰਿਸ਼ਿ ਉਜਰੈ। ਰਾਹਕ ਕੈਸ ਬਸਾਸਤਿ ਗੁਜਰੈ' ॥੩੦॥

ਹੇ ਮੇਰੇ ਰਾਜੇ ! ਮੇਰੇ ਨਾਲ ਨਿਆਂ ਕਰੋ। ਨਹੀਂ ਤਾਂ ਤੇਰਾ ਸਾਰਾ ਨਗਰ ਉਜੜ ਜਾਣਾ ਹੈ। ਜੇ ਦਿਨ ਪ੍ਰਤਿ ਇਸ ਢੰਗ ਨਾਲ ਫਸਲ ਉਜੜਦੀ ਰਹੀ ਤਾਂ ਕਿਸਾਨ ਕਿਵੇਂ ਆਰਾਮ ਨਾਲ ਵੱਸ ਸਕਣਗੇ''॥ ੩੦॥

ਸੁਨਤਿ ਰਾਇ ਉਰ ਰਿਸ ਭਰਿ ਸਰੁਖਾ। ਹੇਰਤਿ ਬੋਲਯੋ ਮੁਖਤੇ ਪਰੁਖਾ।
'ਸਭਿ ਕੋ ਡਰੁ ਉਰ ਦੀਨ ਨਿਵਾਰੇ। ਚਾਰਤਿ ਖੇਤੀ ਸਿਸੁ ਮਤਵਾਰੇ' ॥੩੧॥

ਰਾਇ ਬੁਲਾਰ ਇਹ ਸੁਣ ਰੁਖੇਪਨ ਵਾਲੇ ਗੁੱਸੇ ਨਾਲ ਭਰ ਗਿਆ, ਉਸ ਮਨੁੱਖ ਵੱਲ ਵੇਖ ਕੇ ਬੜੇ ਕਠੋਰ ਸ਼ਬਦਾਂ ਵਿਚ ਬੋਲਿਆ, ''ਗਰੀਬੀ ਨੂੰ ਦੂਰ ਕਰਨ ਵਾਲੇ ਤੋਂ ਸਾਰੇ ਦਿਲ ਵਿਚ ਡਰਦੇ ਹਨ। ਕੀ ਇਸ ਮਸਤ ਬੱਚੇ ਨੇ ਖੇਤੀ ਚਾਰੀ ਹੈ?''॥ ੩੧॥

ਪੁਨ ਭ੍ਰਿੱਤਜਨਿ ਸੰਗ ਬਚਨ ਬਖਾਨਾ। 'ਅੱਗ੍ਰਜ ਇਹ ਬਾਰਿਕ ਮਸਤਾਨਾ।
ਤੂੰ ਕਾਲੂ ਕੋ ਲਜਾਉ ਬੁਲਾਈ। ਭਰਹਿ ਉਜਾਰਾ ਜਿਨ ਉਜਰਾਈ' ॥੩੨॥

ਫਿਰ ਨੌਕਰ ਨੂੰ ਕਿਹਾ, ''ਇਹ ਬਾਲਕ ਮਸਤਾਨਾ ਹੈ, ਤੁਸੀਂ ਕਾਲੂ ਨੂੰ ਬੁਲਾ ਕੇ ਲਿਆਉ। ਉਹ ਉਜਾੜਾ ਭਰੇ, ਜਿਸ ਨੇ ਖੇਤੀ ਉਜਾੜੀ ਹੈ''॥ ੩੨॥

ਗਯੋ ਬੇਗ ਕਾਲੂ ਆਹੂਤਾ। 'ਚਲਹੁ ਪੂਤ ਕੀ ਪਿਖ ਕਰਤੂਤਾ।
ਅਮੁਕੇ ਰਾਹਕ ਤਾਂਹਿ ਕਿਦਾਰਾ। ਬਾਰਿ ਧੇਨੁ ਸਭਿ ਦੀਨਿ ਉਜਾਰਾ ॥੩੩॥

ਨੌਕਰ ਕਾਲੂ ਦੇ ਘਰ ਗਿਆ ਤੇ ਉਸ ਨੂੰ ਬੋਲਿਆ, ''ਚਲੋ, ਚਲ ਕੇ ਆਪਣੇ ਪੁੱਤਰ ਦੀ ਕਰਤੂਤ ਵੇਖੋ। ਇਕ ਰਾਹਕ ਦਾ ਖੇਤ ਤੁਹਾਡੀਆਂ ਮੱਝਾਂ ਗਾਈਆਂ ਨੇ ਉਜਾੜ ਦਿੱਤਾ ਹੈ''॥ ੩੩॥

ਸੁਨਿ ਕਰਿ ਮਨ ਮਹਿਂ ਤਿਨ ਦੁਖ ਪਾਵਾ। ਸੁਤ ਨਾਨਕ ਕਬਿ ਸੁਖ ਨ ਦਿਖਾਵਾ।
ਭ੍ਰਿੱਤ ਸੰਗ ਪਹੁੰਚਤਿ ਭਾ ਤਹਿੰਵਾ। ਰਾਇ ਨਿਕਟ ਸ੍ਰੀ ਨਾਨਕ ਜਹਿੰਵਾ॥ ੩੪॥

ਇਹ ਗੱਲ ਸੁਣ ਕੇ ਮਹਿਤਾ ਕਾਲੂ ਨੇ ਮਨ ਵਿਚ ਬੜਾ ਦੁੱਖ ਅਨੁਭਵ ਕੀਤਾ। ਪੁੱਤਰ ਨਾਨਕ ਨੇ ਕਦੀ ਵੀ ਸੁਖ ਨਹੀਂ ਵਿਖਾਇਆ। ਨੌਕਰ ਦੇ ਨਾਲ ਉਹ ਉਥੇ ਪਹੁੰਚ ਗਿਆ ਜਿਥੇ ਰਾਇ ਬੁਲਾਰ ਦੇ ਪਾਸ ਸ੍ਰੀ ਨਾਨਕ ਖੜਾ ਸੀ॥ ੩੪॥

ਚੌਪਈ- ਪਿਖਿ ਬੁਲਾਰ ਕਹਿ ਵਾਕ ਕਠੋਰਾ। 'ਸੁਨ ਕਾਲੂ! ਤੁਝ ਭੈ ਨਹਿਂ ਥੋਰਾ।
ਗੋ ਚਾਰਨ ਕੋ ਸੁਤ ਮਸਤਾਨਾ। ਭੇਜਜੋ ਜਿਨ ਸਭਿ ਖੇਤ ਚਰਾਨਾ॥ ੩੫॥

ਰਾਇ ਬੁਲਾਰ ਨੇ ਵੇਖ ਕੇ ਬੜੇ ਕਠੋਰ ਸ਼ਬਦ ਕਹੇ, "ਸੁਣ ਕਾਲੂ! ਤੈਨੂੰ ਕਿਸ ਗੱਲ ਦੀ ਘਾਟ ਹੈ, ਜਿਹੜਾ ਗਾਈਆਂ ਚਾਰਨ ਵਾਸਤੇ ਆਪਣੇ ਮਸਤਾਨੇ ਪੁੱਤਰ ਨੂੰ ਭੇਜਿਆ ਹੈ, ਜਿਸ ਨੇ ਕਿਸਾਨ ਦਾ ਸਾਰਾ ਖੇਤ ਉਜਾੜ ਦਿੱਤਾ ਹੈ॥ ੩੫॥

ਇਹ ਜੋ ਕਰਮ ਨਿਭਹਿ ਕਿਉਂ ਕਰਿਕੈ। ਗੋਧਨ ਲੇਹੁ ਉਜਾਰਾ ਭਰਿਕੈ'।
ਅਸ ਸੁਨਿ ਕਰਿ ਸ੍ਰੀ ਨਾਨਕ ਬਾਨੀ। ਬੋਲੇ ਕਲਾਵਾਨ ਗੁਨਖਾਨੀ॥ ੩੬॥

ਤੁਹਾਡੇ ਇਸ ਕਰਮ ਨਾਲ ਕਿਵੇਂ ਨਿਭਾ ਹੋ ਸਕਦਾ ਹੈ? ਜਿਹੜੀ ਕਣਕ ਬਰਬਾਦ ਕੀਤੀ ਗਈ ਹੈ ਉਸ ਦਾ ਉਜਾੜਾ ਭਰੋ।" ਕਲਾਵਾਨ ਅਤੇ ਗੁਣਵਾਨ ਸ੍ਰੀ ਨਾਨਕ ਜੀ ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਬੋਲੇ॥ ੩੬॥

'ਬਿਘਨ ਨ ਖੇਤੀ ਮਹਿਂ ਕਿਨ ਕੀਨਾ। ਤੁਮ ਕਸ ਚਹਹੁ ਉਜਾਰਾ ਲੀਨਾ?
ਇਕ ਨ ਖੇਤ ਕੋ ਪਾਤ ਨਿਪਾਤੇ। ਬਾਦ ਬਦਤਿ ਤੁਮ ਬੈਨ ਰਿਸਾਤੇ॥ ੩੭॥

"ਮੱਝਾਂ ਨੇ ਖੇਤੀ ਦਾ ਕੋਈ ਨੁਕਸਾਨ ਨਹੀਂ ਕੀਤਾ, ਤੁਸੀਂ ਕਿਵੇਂ ਉਜਾੜਾ ਲੈਣਾ ਚਾਹੁੰਦੇ ਹੋ? ਖੇਤ ਦਾ ਇਕ ਪੱਤਾ ਨਹੀਂ ਟੁੱਟਾ ਹੈ, ਤੁਸੀਂ ਗੁੱਸੇ ਦੇ ਬਚਨ ਵਿਅਰਥ ਆਖਦੇ ਹੋ॥ ੩੭॥

ਜੇ ਕ੍ਰਿਖਿ ਖਾਈ ਮਹਿਖਨ ਧੇਨਾ। ਤੌ ਤੁਮ ਲੇਹੁ ਚਹਹੁ ਜੋ ਲੇਨਾ।
ਜੇ ਗਵਾਰ ਤਿਤ ਬਚਨ ਪ੍ਰਤੀਤੂ। ਸੁਨਿ ਕਰਿ ਸਜਾਨੇ ਧਰਤਿ ਨ ਚੀਤੂ'॥ ੩੮॥

ਜੇ ਮੱਝਾਂ ਗਾਈਆਂ ਨੇ ਖੇਤੀ ਖਾਧੀ ਹੋਵੇ ਤਾਂ ਤੁਸੀਂ ਜੋ ਮਰਜ਼ੀ ਹਰਜਾਨਾ ਲੈ ਸਕਦਾ ਹੋ। ਇਸ ਗਵਾਰ ਦੇ ਬਚਨਾਂ ਤੇ ਪ੍ਰਤੀਤ ਕਰਨਾ, ਉਚਿਤ ਨਹੀਂ, ਕਿਉਂਕਿ ਸਿਆਣੇ ਪੁਰਸ਼ ਸੁਣੀ ਸੁਣਾਈ ਗੱਲ ਤੇ ਕਦੇ ਵਿਸ਼ਵਾਸ ਨਹੀਂ ਰੱਖਦੇ"॥ ੩੮॥

ਪੁਨ ਬੋਲਜੋ ਸੁਨਿ ਕਰਿ ਕ੍ਰਿਖਿਕਾਰਾ। 'ਸਾਬਤ ਏਕ ਨ ਕੋਨ ਕਿਦਾਰਾ।
ਪਠਵਹੁ ਮਾਨਵ ਹੇਰਹਿ ਤਾਸੂ। ਮੈਂ ਨਹਿਂ ਕਹੌਂ ਕੂਰ ਤੁਮ ਪਾਸੂ'॥ ੩੯॥

ਇਹ ਸੁਣ ਕੇ ਖੇਤੀ ਵਾਲਾ ਬੋਲਿਆ, "ਮੇਰੀ ਖੇਤੀ ਦਾ ਇਕ ਪੱਤਾ ਵੀ ਸਾਬਤ ਨਹੀਂ ਹੈ। ਕਿਸੇ ਆਦਮੀ ਨੂੰ ਭੇਜੋ, ਤਾਂਕਿ ਉਹ ਖੇਤ ਵੇਖ ਆਏ। ਮੈਂ ਤੁਹਾਡੇ ਪਾਸ ਝੂਠ ਨਹੀਂ ਬੋਲ ਰਿਹਾ"॥ ੩੯॥

ਜੁਗਮ ਬਚਨ ਸੁਨ ਸੰਸੈ ਆਯਾ। ਨਿਰਨੈ ਕਾਰਨ ਮਨੁਜ ਪਠਾਯਾ।
ਹੇਰਜੋ ਫਿਰਿ ਕੈ ਨਰ ਚਹੁੰ ਘਾ ਤੇ। ਬਿਘਨ ਨ ਦੀਸੈ, ਮੁਰਜੋ ਤਹਾਂ ਤੇ॥ ੪੦॥

ਦੋਵਾਂ ਦੇ ਬਚਨ ਸੁਣ ਕੇ ਰਾਏ ਬੁਲਾਰ ਨੂੰ ਸ਼ੱਕ ਹੋ ਗਿਆ। ਨਿਰਣਾ ਕਰਨ ਵਾਸਤੇ ਇਕ ਮਨੁੱਖ ਨੂੰ ਭੇਜਿਆ। ਉਸ ਆਦਮੀ ਨੇ ਖੇਤ ਵਿਚ ਜਾ ਕੇ ਚਾਰ-ਚੁਫੇਰੇ ਵੇਖਿਆ। ਜਦ ਉਸ ਨੇ ਵੇਖਿਆ ਕਿ ਫਸਲ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ ਤਾਂ ਉਹ ਮੁੜ ਆਇਆ॥ ੪੦॥

ਆਇ ਰਾਇ ਸੌਂ ਬਾਤ ਜਨਾਈ। 'ਮੈਂ ਹੇਰੀ ਫਿਰਿਕੈ ਚਹੁੰ ਘਾਈ।
ਨਹਿਂ ਪਸੁ ਖੋਜ ਨ ਬੂਟਾ ਤੂਟਾ। ਰਹਜੋ ਨਿਸਰ ਸਭਿ ਸਾਬਤ ਬੂਟਾ॥ ੪੧॥

ਆ ਕੇ ਉਸ ਰਾਇ ਬੁਲਾਰ ਨੂੰ ਸਾਰੀ ਗੱਲ ਦੱਸੀ, "ਮੈਂ ਚਾਰੇ ਪਾਸੇ ਫਿਰ ਕੇ ਵੇਖਿਆ ਹੈ, ਨਾ ਉਥੇ ਕਿਸੇ ਪਸ਼ੂ ਦਾ ਖੋਜ ਹੈ ਅਤੇ ਨਾ ਹੀ ਕੋਈ ਬੂਟਾ ਟੁੱਟਾ ਹੈ, ਖੇਤ ਸਾਬਤ ਬੂਟਿਆਂ ਨਾਲ ਨਿੱਸਰ ਰਿਹਾ ਹੈ॥ ੪੧॥

ਚੌਪਈ- ਚਹੂੰ ਓਰ ਕਿਤ ਬਾਰ ਨ ਤੋਰੀ। ਹਰੀ ਖਰੀ ਭੂ ਜਨੀ ਸੁ ਜੋਰੀ।
ਰਾਹਕ ਝੂਠੋ ਦੇਤਿ ਦੁਹਾਈ। ਉਚਿਤ ਦੰਡ ਇਹ ਹੈ, ਨਰਰਾਈ!' ॥ ੪੨ ॥

ਚਾਰੇ ਪਾਸੇ ਕਿਤੇ ਵਾੜ ਨਹੀ ਟੁੱਟੀ, ਤੇ ਹਰੀ ਭਰੀ ਖੇਤੀ ਜੁੜੀ ਹੋਈ ਹੈ। ਇਹ ਰਾਹਕ ਝੂਠਾ ਦੁਹਾਈ ਦੇ ਰਿਹਾ ਹੈ। ਹੇ ਮਨੁੱਖਾਂ ਦੇ ਰਾਜੇ! ਅਸਲ ਵਿਚ ਦੰਡ ਦਾ ਹੱਕਦਾਰ ਇਹ ਰਾਹਕ ਹੈ"॥ ੪੨॥

ਸੁਨਿ ਕਰਿ ਕ੍ਰਿਖਕ ਮਨਹਿ ਬਿਸਮਾਨਾ। ਨਿਜ ਹੇਰਨ ਕੋ ਕੀਨਿ ਪਯਾਨਾ।
ਤੂਰਨ ਸਰਸ ਜਹਾਂ ਚਹੁਕੋਨਾ। ਮਤਿਵਾਰੇ ਜਿਮ ਕੀਨਸਿ ਮੋਨਾ॥ ੪੩॥

ਇਹ ਸੁਣ ਕੇ ਰਾਹਕ ਮਨ ਵਿਚ ਬੜਾ ਹੈਰਾਨ ਹੋਇਆ ਤੇ ਫਿਰ ਆਪ ਵੇਖਣ ਵਾਸਤੇ ਚਲਾ ਗਿਆ। ਖੁਸ਼ੀ ਖੁਸ਼ੀ ਤੁਰੰਤ ਆਪਣੇ ਚੌਰਸ ਖੇਤ ਪਾਸ ਪੁੱਜ ਗਿਆ। ਮਤਵਾਲੇ ਨੇ ਜਿਵੇਂ ਉਸ ਨੂੰ ਚੁਪ ਕਰਵਾ ਦਿੱਤਾ ਹੋਵੇ॥ ੪੩॥

ਸਭਿ ਕਿਦਾਰ ਉਜਰਾ ਅਬ ਹੇਰੇ। ਗਯੋ ਰਾਇ ਢਿਗ ਲਗੀ ਨ ਦੇਰੇ।
ਆਵਤਿ ਲੋ ਹਰਿਆਵਲ ਭਾਰੀ। ਭਯੋ, ਨ ਕਾਰਨ ਜਾਤਿ ਵਿਚਾਰੀ॥ ੪੪॥

ਹੁਣ ਉਜੜੀ ਹੋਈ ਸਾਰੀ ਖੇਤੀ ਨੂੰ ਵੇਖਣ ਲੱਗਾ। ਵੇਖ ਕੇ ਫਿਰ ਕਿਸੇ ਦੇਰ ਤੋਂ ਬਗੈਰ ਰਾਇ ਬੁਲਾਰ ਪਾਸ ਪਹੁੰਚ ਗਿਆ। ਸਾਰਾ ਖੇਤ ਹਰਿਆ ਭਰਿਆ ਹੋ ਗਿਆ ਹੈ, ਪਰ ਇਹ ਵਿਚਾਰਿਆ ਨਹੀ ਜਾ ਸਕਦਾ ਕਿ ਇਸ ਦਾ ਕੀ ਕਾਰਨ ਹੈ?॥੪੪॥

ਲੱਜਤਿ ਹੋਇ ਨ ਗਾ ਢਿਗਰਾਊ। ਪਰਯੋ ਨ ਪ੍ਰਭੁ ਪਗ ਜਾਨਿ ਪ੍ਰਭਾਊ।
ਮੰਦ ਕਰਮ ਥੋ ਭਾਗ ਨ ਜਾਗਾ। ਬਿਸਮੈ ਹੋਇ ਖੇਤ ਅਨੁਰਾਗਾ॥ ੪੫॥

ਸ਼ਰਮਿੰਦਾ ਹੋਣ ਕਰਕੇ ਰਾਇ ਬੁਲਾਰ ਪਾਸ ਨਾ ਗਿਆ ਤੇ ਸ੍ਰੀ ਨਾਨਕ ਦਾ ਪ੍ਰਤਾਪ ਸਮਝ ਕੇ ਵੀ ਉਨ੍ਹਾਂ ਦੇ ਚਰਨਾਂ ਤੇ ਨਾ ਡਿੱਗਾ। ਮਾੜੇ ਕਰਮ ਸੀ ਭਾਗ ਨਾ ਜਾਗੇ। ਖੇਤ ਨੂੰ ਹਰਿਆ ਭਰਿਆ ਵੇਖ ਕੇ ਹੈਰਾਨ ਹੋਇਆ॥ ੪੫॥

ਸ੍ਰੀ ਨਾਨਕ ਕਾਲੂ ਪਿਤ ਸੰਗਾ। ਚਲੇ ਸਦਨ ਕੋ ਸਹਿਤ ਉਮੰਗਾ।
ਭਯੋ ਖੇਤ ਰਖਵਾਰੋ ਝੂਠਾ। ਜਿਹ ਕੋ ਮਹਿਖੀ ਖੇਤਹਿ ਮੂਠਾ॥ ੪੬॥

ਸ੍ਰੀ ਨਾਨਕ ਆਪਣੇ ਪਿਤਾ ਮਹਿਤਾ ਕਾਲੂ ਦੇ ਨਾਲ ਬੜੇ ਉਤਸ਼ਾਹ ਅਤੇ ਉਮੰਗ ਨਾਲ ਆਪਣੇ ਘਰ ਨੂੰ ਚਲੇ ਗਏ ਤੇ ਖੇਤ ਦਾ ਰਾਖਾ ਝੂਠਾ ਹੋ ਗਿਆ, ਮੱਝਾਂ ਨੇ ਜਿਸ ਦਾ ਖੇਤ ਚਰ ਲਿਆ ਸੀ॥ ੪੬॥

ਰਾਇ ਲਖਯੋ ਰਾਹਕ ਮਤਵਾਰਾ। ਬਿਨ ਉਜਰੇ ਕਿਉਂ ਕਰੀ ਪੁਕਾਰਾ।
ਪਸ਼ਚਾਤਾਪ ਆਪ ਪੁਨ ਕੀਨਾ। ਮੈਂ ਪੁਰਖਾ ਕਹਿ ਕਿਉਂ ਭੈ ਦੀਨਾ॥ ੪੭॥

ਰਾਇ ਬੁਲਾਰ ਨੇ ਵੇਖਿਆ ਕਿ ਕਿਸਾਨ ਪਾਗਲ ਸੀ, ਜਿਸ ਨੇ ਖੇਤ ਦੇ ਬਿਨਾਂ ਉਜੜੇ ਹੀ ਪੁਕਾਰ ਕਰ ਦਿੱਤੀ। ਫਿਰ ਆਪ ਪਸ਼ਚਾਤਾਪ ਕੀਤਾ ਕਿ ਮੈਂ ਭਲੇ ਪੁਰਸ਼ਾਂ ਨੂੰ ਕਿਉਂ ਡਰਾਇਆ ਹੈ॥ ੪੭॥

ਅਸ ਬਿਧਿ ਸ੍ਰੀ ਨਾਨਕ ਜਗ ਸਾਈ। ਅਧਭੁਤ ਲੀਲਾ ਕਰਤਿ ਸੁਹਾਈ।
ਗੋ ਮਹਿਖਨਿ ਕੇ ਚਾਰਨ ਕਾਰਨ। ਨਿਤ ਬਨ ਜੈ ਹੈਂ ਬਿਪਤ ਬਿਦਾਰਨ॥੪੮॥

ਇਸ ਤਰ੍ਹਾਂ ਜਗਤ ਦੇ ਸਾਈਂ ਸ੍ਰੀ ਨਾਨਕ ਨੇ ਇਕ ਅਦਭੁਤ ਲੀਲ੍ਹਾ ਕੀਤੀ। ਗਾਈਆਂ ਮੱਝਾਂ ਨੂੰ ਚਾਰਨ ਵਾਸਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ-ਗੁਰੂ ਜੀ ਨਿਤ ਜੰਗਲ ਵਿਚ ਜਾਂਦੇ ਸਨ॥ ੪੮॥

ਆਇ ਅਨਿੱਛਤ ਖੇਤ ਅਗਾਰੈ। ਖਾਨ ਲਗਹਿਂ ਨਹਿਂ ਤਿਨਹਿ ਨਿਵਾਰੈਂ।
ਇਸ ਬਿਧਿ ਕੇਤੇ ਖੇਤ ਨਿਪਾਤੇ। ਪੁਨ ਭੇ ਤਸ ਰਾਹਕ ਬਿਨ ਜਾਤੇ॥ ੪੯॥

ਇੱਛਾ ਬਿਨਾਂ ਜੋ ਖੇਤ ਅੱਗੇ ਆਉਂਦਾ ਸੀ, ਪਸ਼ੂਆਂ ਨੂੰ ਖਾਣ ਦਿੰਦੇ ਸਨ ਤੇ ਰੋਕਦੇ ਨਹੀਂ ਸਨ। ਇਸ ਤਰ੍ਹਾਂ ਕਈ ਖੇਤ ਕੱਟੇ ਗਏ। ਰਾਹਕਾਂ ਦੇ ਜਾਣਨ ਤੋਂ ਬਗੈਰ ਖੇਤ ਫਿਰ ਹਰੇ ਹੋ ਜਾਂਦੇ ਸਨ॥ ੪੯॥

ਚੌਪਈ- ਸ਼ੋਭਹਿਂ ਸਭਿ ਸੁਰਭੀ ਤਨ ਪੀਨਾ। ਛੀਰ ਦੇਹਿਂ ਬਹੁ ਬਡ ਆਪੀਨਾ।
ਦਿਨ ਪ੍ਰਤਿ ਮਾਖਨ ਹੋਤਿ ਸਵਾਯਾ। ਕਾਲੂ ਹੇਰਿ ਹੇਰਿ ਹਰਖਾਯਾ॥ ੫੦॥

ਸਭ ਗਾਈਆਂ ਬਹੁਤ ਸ਼ੋਭਾ ਪਾ ਰਹੀਆਂ ਸਨ ਤੇ ਉਨ੍ਹਾਂ ਦੇ ਸਰੀਰ ਮੋਟੇ ਹੋ ਗਏ ਸਨ। ਦੁੱਧ ਦੇਣ ਵਾਲੀਆਂ ਗਾਈਆਂ ਦੇ ਹਵਾਨੇ ਬਹੁਤ ਵੱਡੇ ਹੋ ਗਏ ਸਨ। ਪ੍ਰਤਿ ਦਿਨ ਮੱਖਣ ਵਿਚ ਵਾਧਾ ਹੋ ਰਿਹਾ ਸੀ ਤੇ ਮਹਿਤਾ ਕਾਲੂ ਵੇਖ-ਵੇਖ ਖ਼ੁਸ਼ ਹੋ ਰਿਹਾ ਸੀ॥ ੫੦॥

ਬਾਸਨ ਵਡੇ ਮਾਂਹਿ ਦਧਿ ਪਾਈ। ਦਾਸੀ ਮਥਹਿ ਜੋਰ ਕਰ ਲਾਈ
ਰਾਖਹਿ ਮਾਖਨ ਮਾਤ ਸਵਾਰੀ। ਸੁਤਹਿਂ ਖੁਵਾਵਤਿ ਰੁਚਿ ਅਨੁਸਾਰੀ॥੫੧॥

ਬੜੇ ਵੱਡੇ ਭਾਂਡੇ ਵਿਚ ਦਹੀਂ ਪਾ ਕੇ, ਦਾਸੀ ਬੜਾ ਜ਼ੋਰ ਲਾ ਕੇ ਰਿੜਕਦੀ ਸੀ। ਸ੍ਰੀ ਨਾਨਕ ਦੇ ਮਾਤਾ ਜੀ ਫਿਰ ਮੱਖਣ ਨੂੰ ਸੰਵਾਰ ਕੇ ਰੱਖਦੇ ਸਨ। ਆਪਣੇ ਪੁੱਤਰ ਨੂੰ ਉਸ ਦੀ ਮਰਜ਼ੀ ਅਨੁਸਾਰ ਖਵਾਉਂਦੇ ਸਨ॥੫੧॥

ਬਤਸ ਬ੍ਰਿੰਦ ਬਪੁ ਪੁਸ਼ਟ ਸੁਹਾਏ। ਪੈ ਪੀਵਹਿਂ ਬਹੁ ਰਹੈਂ ਅਘਾਏ।
ਅਸਬਿਧਿ ਕਿੰਚਤ ਕਾਲ ਬਿਤਾਯੋ। ਜੰਤੁਨਿ ਜੋਨ ਉਧਾਰਨ ਆਯੋ॥੫੨॥

ਵੱਛੇ-ਵੱਛੀਆਂ ਬੜੇ ਰਿਸ਼ਟ ਪੁਸ਼ਟ ਸਨ ਤੇ ਦੁੱਧ ਪੀ ਪੀ ਕੇ ਉਹ ਬੜੇ ਮੋਟੇ ਹੋ ਗਏ ਸਨ। ਇਸ ਢੰਗ ਨਾਲ ਜੀਵਾਂ ਦਾ ਉਧਾਰ ਕਰਨ ਵਾਲੇ ਗੁਰੂ ਨਾਨਕ ਜੀ ਨੇ ਥੋੜਾ ਸਮਾਂ ਬਿਤਾਇਆ॥ ੫੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਰਭੀ ਚਾਰਨਾ' ਪ੍ਰਸੰਗ ਬਰਨਨ ਨਾਮ ਦਸਮੋ ਅਧਯਾਯ॥ ੧੦॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਦਸਵਾਂ ਅਧਿਆਇ, ਜਿਸ ਦਾ ਨਾਮ "ਗਊਆਂ ਮਝਾਂ ਚਾਰਨਾ" ਹੈ, ਸਮਾਪਤ ਹੋਇਆ॥ ੧੦॥

## ਅਧਿਆਇ ਗਿਆਰ੍ਹਵਾਂ

*ਸੱਪ ਨੇ ਛਾਂ ਕਰਨੀ, ਰਾਇ ਬੁਲਾਰ ਨੂੰ ਸਿਦਕ।*

ਸ੍ਵੈਯਾ- ਕਰਬਿੰਦਿ ਉਭੈ ਕਰਿ ਬੰਦ ਗੁਰੂ, ਸੁਖਕੰਦ ਸਦਾ ਦੁਖ ਦੁੰਦ ਨਿਕੰਦੂ।
ਅਰਬਿੰਦ ਪਦੰ ਮਨ ਹੋਹੁ ਮਲਿੰਦ ਜੋ ਮੋਹ ਕੋ ਮੂਲ ਬਿਨਾਸ਼ ਬਿਲੰਦੂ।
ਉਡ ਦੰਭਨ ਬ੍ਰਿੰਦ ਦਿਵਾਕਰ ਸੋ ਬਿਸ਼ਯਾਤਪ ਕੋ ਜੁਊ ਸੀਤਲ ਚੰਦੂ।
ਸਮੁਦਾਇ ਬਿਘੰਨ ਬਿਨਾਸ਼ਨ ਜੋ ਨਿਜ ਦਾਸਨ ਕੋ ਬਰ ਦਾਯ ਅਨੰਦੂ॥੧॥

ਹੇ ਸੁੱਖਾਂ ਦੇ ਦਾਤੇ ਤੇ ਦੁੱਖਾਂ ਕਲੇਸ਼ਾਂ ਦੇ ਕੱਟਣਹਾਰੇ ਗੁਰੂ ਜੀ! ਮੈਂ ਦੋਵੇਂ ਹੱਥ ਜੋੜ ਕੇ ਆਪ ਨੂੰ ਨਮਸਕਾਰ ਕਰਦਾ ਹਾਂ। ਆਪ ਦੇ ਚਰਨ ਕੰਵਲ ਜੋ ਮੋਹ ਦਾ ਮੂਲ ਨਾਸ਼ ਕਰਨ ਵਿਚ ਤਕੜੇ ਹਨ ਅਤੇ ਦੰਭ ਰੂਪੀ ਤਾਰਿਆਂ ਦੇ ਸਮੂਹ ਨੂੰ ਸੂਰਜ ਵਾਂਗ

ਅਲੇਪ ਕਰਨ ਵਿਚ ਸਮਰੱਥ ਹਨ ਅਤੇ ਬਿਖ ਰੂਪੀ ਧੁਪ ਦੇ ਸਾੜ ਨੂੰ ਚੰਦ੍ਰਮਾਂ ਵਾਂਗ ਸੀਤਲ ਕਰਨ ਵਾਲੇ ਹਨ ਅਤੇ ਜੋ ਸਾਰੇ ਵਿਘਨਾਂ ਦਾ ਨਾਸ ਕਰਨ ਵਾਲੇ ਹਨ। ਇਹ ਆਪਣੇ ਦਾਸਾਂ ਨੂੰ ਬਰਕਤ ਦੇ ਕੇ ਅਨੰਦ ਦੇਣ ਵਾਲੇ ਹਨ। ਆਪਦੇ ਚਰਨ ਕੰਵਲਾਂ ਉੱਤੇ ਮੇਰਾ ਮਨ ਭੌਰੇ ਵਾਂਗ ਸਦਾ ਬਲਿਹਾਰ ਹੋਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਸਤਿਗੁਰ ਲੀਲਾ ਲਲਿਤ ਇਉਂ ਕਰਤਿ ਖ੍ਰਿਪਤਿ ਜਗ ਕੰਤ।
ਪਰਫੁੱਲਤਿ ਕਲ ਫੂਲ ਸੋਂ ਸ਼ੋਭਤਿ ਰਿਤੁ ਬਸੰਤ॥ ੨॥

*ਭਾਈ ਬਾਲੇ ਨੇ ਕਿਹਾ-* ਜਗਤ ਪਤੀ ਸਤਿਗੁਰੂ ਜੀ ਆਪਣੀ ਸੁੰਦਰ ਲੀਲ੍ਹਾ ਕਰਦੇ ਇੰਝ ਵੱਧ ਰਹੇ ਸਨ. ਜਿਵੇਂ ਬਸੰਤ ਰੁਤ ਵਿਚ ਕਲੀ ਤੋਂ ਫੁੱਲ ਖਿੜ ਕੇ ਸ਼ੋਭਾ ਪਾਉਂਦੇ ਹਨ॥ ੨॥

ਸੁੰਦਰ ਮ੍ਰਿਦੁਲ ਸਦਲ ਤਰੁ ਰਾਜੀ। ਬਰਨ ਬਰਨ ਬਰ ਉਪਮਾ ਛਾਜੀ॥
ਜਨੁ ਬਸੰਤ ਨਿਜ ਸੈਨ ਸ਼ਿੰਗਾਰੀ। ਜੀਤਨ ਜੇ ਬਿਰਹੀ ਨਰ ਨਾਰੀ॥ ੩॥

ਜਿਵੇਂ ਕੋਮਲ ਪਤੀਆਂ ਸਮੇਤ ਬ੍ਰਿਛ ਸੁਸ਼ੋਭਿਤ ਹਨ। ਰੰਗ ਬਰੰਗੀ ਸੁੰਦਰ ਉਪਮਾ ਛਾਈ ਹੋਈ ਹੈ। ਜਿਵੇਂ ਬਸੰਤ ਆਪਣੀ ਨਿੱਜੀ ਫੌਜ ਨਾਲ ਸ਼ਿੰਗਾਰੀ ਹੋਵੇ। ਜਿਵੇਂ ਵਿਛੜੇ ਹੋਏ ਨਰ ਨਾਰੀ ਨੇ ਬਿਰਹਾ ਜਿੱਤ ਲਈ ਹੋਵੇ॥ ੩॥

ਸਭਿ ਪਲਾਸ ਤੇ ਪਾਤਿ ਨਿਪਾਤੀ। ਫੂਲੈਂ ਫੂਲ ਲਾਲ ਭਲਿ ਭਾਂਤੀ।
ਮਨਹੁ ਸੁਭਟ ਪਟ ਰੰਗਨ ਰਾਂਗੇ। ਚਢੇ ਜੁੱਧ ਕਰਿ ਆਰਨ ਬਾਗੇ॥ ੪॥

ਸਭ ਛਿੱਛਰੇ ਪੱਤ੍ਰ ਟੁੱਟ ਗਏ ਹਨ। ਲਾਲ ਰੰਗ ਦੇ ਫੁੱਲ ਖਿੜੇ ਹਨ। ਮਾਨੋ ਸੂਰਮਿਆਂ ਨੇ ਲਾਲ ਰੰਗ ਦੇ ਕੱਪੜੇ ਪਾ ਕੇ ਜੰਗ ਲਈ ਚੜ੍ਹਾਈ ਕੀਤੀ ਹੈ॥ ੪ ॥

ਆਂਬ੍ਰ ਮੌਰ ਪਿਖਿ ਆਨੰਦ ਜਾਸੁ। ਕੂਕਤਿ ਕੋਕਿਲ ਕਲਰਵ ਤਾਸੁ।
ਜਨੁ ਬਸੰਤ ਕੀ ਦੇਤਿ ਦੁਹਾਈ। ਮਾਨਿਨਿ ਦੇਸ਼ ਜਿ ਮਾਨ ਕਢਾਈ॥ ੫॥

ਜਿਵੇਂ ਅੰਬਾਂ ਨੂੰ ਬੂਰ ਪਿਆ ਵੇਖ ਕੇ ਕੋਇਲ ਖੁਸ਼ੀ ਵਿਚ ਬੜੀ ਸੁੰਦਰ ਆਵਾਜ਼ ਵਿਚ ਕੂਕਦੀ ਹੈ। ਜਿਵੇਂ ਬਸੰਤ ਦੀ ਦੁਹਾਈ ਦੇ ਕੇ ਪਤੀ ਦੋਸ਼ ਵੇਖ ਕੇ ਨਾਰਾਜ਼ ਹੋਈ ਇਸਤਰੀ ਰੁੱਸੀਆਂ ਇਸਤਰੀਆਂ ਦੇ ਘੁਮੰਡ ਨੂੰ ਵੀ ਤੋੜ ਰਹੀ ਹੈ॥ ੫ ॥

ਪੁਸ਼ਪਨ ਕੀ ਮਕਰੰਦ ਨਿਹਾਰੀ। ਤਿਹ ਪਰ ਮਧੁਕਰ ਕਰਤਿ ਗੁੰਜਾਰੀ।
ਜਨੁ ਬਸੰਤ ਨ੍ਰਿਪ ਆਗੇ ਬੀਨਾ। ਗਾਇ ਬਜਾਵਹਿਂ ਗੁਨੀ ਪ੍ਰਬੀਨਾ॥ ੬॥

ਜਿਵੇਂ ਫੁੱਲਾਂ ਦਾ ਰਸ ਵੇਖ ਕੇ ਉਨ੍ਹਾਂ ਉਤੇ ਭੌਰਾ ਗੂੰਜਦਾ ਹੈ। ਜਿਵੇਂ ਬਸੰਤ ਦੇ ਰਾਜੇ ਦੇ ਅੱਗੇ ਕੋਈ ਨਿਪੁੰਨ ਗੁਣੀ ਵੀਣਾ ਵਜਾ ਕੇ ਗਾਉਂਦਾ ਹੈ॥ ੬॥

ਲਲਿਤ ਬਿਹੰਗ ਬੋਲਿਹੀ ਬਾਨੀ। ਜਨੁ ਬੰਦੀਜਨ ਕੀਰਤਿ ਗਾਨੀ।
ਸੀਤਲ ਮੰਦ ਸੁਗੰਧਿ ਸਮੀਰਾ। ਮਾਨਿਨਿ ਬਿਰਹਨਿ ਕਰਤਿ ਅਧੀਰਾ॥ ੭॥

ਜਿਵੇਂ ਸੁੰਦਰ ਪੰਛੀ ਮਿੱਠੇ ਬੋਲ ਬੋਲਦੇ ਹਨ। ਜਿਵੇਂ ਭੱਟ ਲੋਕ ਕੀਰਤਨ ਕਰਦੇ ਹਨ। ਜਿਵੇਂ ਸੀਤਲ ਹਵਾ ਦੀ ਮਿੱਠੀ ਮਿੱਠੀ ਸੁਗੰਧ ਹੋਵੇ। ਜਿਵੇਂ ਪਤੀ ਦੋਸ਼ ਦੇਖ ਕੇ ਰੁਸੀ ਹੋਈ ਇਸਤਰੀ ਅਤੇ ਪਤੀ ਤੋਂ ਵਿਛੜੀ ਹੋਈ ਇਸਤਰੀ ਕ੍ਰੋਧ ਪ੍ਰਗਟ ਕਰਨ ਵਿਚ ਧੀਰਜ ਨਾ ਰੱਖਦੀ ਹੋਵੇ॥ ੭॥

ਸ਼ੇਤ ਸ਼ਜਾਮ ਸ਼੍ਰੋਣਤ ਪੁਨ ਪੀਤਾ। ਬਿਗਸੇ ਕੁਸਮ ਨਵੀਨੀ ਰੀਤਾ।
ਤਰੁਸ਼ਾਖਾ ਪਰ ਮੰਜਰੀ ਸੋਹੀ। ਮਨਹੁਂ ਧਰੀਕ ਲਗੀ ਮਨ ਮੋਹੀ॥ ੮॥

ਜਿਵੇਂ ਸਫੇਦ, ਕਾਲਾ, ਲਾਲ ਅਤੇ ਪੀਲਾ ਕੁਸਮ ਦਾ ਫੁੱਲ ਨਵੀਨ ਰੀਤ ਅਨੁਸਾਰ ਖਿੜਿਆ ਹੋਵੇ। ਜਿਵੇਂ ਦਰੱਖਤ ਦੀਆਂ ਟਹਿਣੀਆਂ ਤੇ ਮੁੰਜਰਾਂ ਸ਼ੋਭਦੀਆਂ ਹਨ ਤੇ ਇਨ੍ਹਾਂ ਦੀਆਂ ਕਲਗੀਆਂ ਬਹੁਤ ਮਨਮੋਹਣੀਆਂ ਲੱਗਦੀਆਂ ਹਨ॥ ੮॥

ਅਸਥਿਧਿ ਜਹਿਂ ਬਨ ਬਡ ਛਬਿ ਧਾਰੀ। ਬਿਚਰਤਿ ਤਹਿਂ ਨਾਨਕ ਸੁਖਕਾਰੀ।
ਮਾਸ ਵਿਸਾਖ ਵਿਖੇ ਗੁਨ ਐਨਾ। ਚਾਰਹਿਂ ਤਹਾਂ ਮਹਿਖਿ ਪੁਨ ਧੇਨਾ॥ ੯॥

ਜਿਸ ਤਰ੍ਹਾਂ ਵਣ ਨੇ ਅਪਾਰ ਸ਼ੋਭਾ ਧਾਰਨ ਕੀਤੀ ਹੋਵੇ, ਉਸ ਤਰ੍ਹਾਂ ਸੁਖ ਦੇਣ ਵਾਲੇ ਸ੍ਰੀ ਨਾਨਕ ਵਿਚਰਦੇ ਸਨ। ਵਿਸਾਖ ਦੇ ਮਹੀਨੇ ਵਿਚ ਗੁਣਾਂ ਦੇ ਮਾਲਕ ਵਣ ਵਿਚ ਮੱਝਾਂ ਤੇ ਗਾਈਆਂ ਚਾਰ ਰਹੇ ਸਨ॥ ੯॥

ਮ੍ਰਿਦੁਲ ਹਰਿਤ ਜੇ ਤ੍ਰਿਣਨ ਨਵੀਨਾ। ਦੇਖ ਚਰਾਵਹਿਂ ਦਾਨੀ ਦੀਨਾ।
ਜਬ ਬਾਸੁਰ ਜੁਗਜਾਮ ਬਿਤਜੋਤਾ। ਮਾਰਤੰਡ ਕੀ ਚੰਡ ਦਯੋਤਾ॥ ੧੦॥

ਕੋਮਲ ਹਰਿਆ ਘਾਹ ਵੇਖ ਕੇ ਦੀਨਾਂ ਦੇ ਦਾਨੀ ਸ੍ਰੀ ਨਾਨਕ ਮੱਝਾਂ ਨੂੰ ਚਾਰ ਰਹੇ ਸਨ। ਜਦ ਦਿਨ ਦੋ ਪਹਿਰ ਗੁਜ਼ਰਿਆ ਤਾਂ ਸੂਰਜ ਦੀ ਗਰਮੀ ਹੋਰ ਤਿੱਖੀ ਹੋਈ॥ ੧੦॥

ਸ੍ਰਮਤਿ ਕਛੁਕ ਹੁਇ ਕਰਿ ਅਲਸਾਏ। ਚਾਰਤਿ ਧੇਨੁ ਟਿਕੇ ਇਕਥਾਏਂ।
ਪਿਖ ਕਰਿ ਬਰ ਤਰੁਵਰ ਕੀ ਛਾਇਆ। ਸੈਨ ਕਰਨ ਹਿਤ ਚਿਤ ਬਿਰਮਾਇਆ॥੧੧॥

ਕੁਝ ਥੱਕੇ ਹੋਏ ਹੋਣ ਕਰਕੇ ਅਲਸਾਏ ਸਨ। ਗਊਆਂ ਚਾਰਦੇ ਇਕ ਥਾਂ ਬੈਠ ਗਏ। ਇਕ ਸੁੰਦਰ ਦਰੱਖਤ ਦੀ ਛਾਂ ਵੇਖ ਕੇ ਸੌਣ ਵਾਸਤੇ ਉਨ੍ਹਾਂ ਦਾ ਦਿਲ ਕੀਤਾ॥ ੧੧॥

ਮੰਦ ਸੁਗੰਧਿ ਸੀਤ ਬਹਿ ਪੌਨਾ। ਮ੍ਰਿਦੁਲ ਸੁ ਦਲ ਲੇ ਕੀਨ ਬਿਛੌਨਾ।
ਤਾਂ ਪਰ ਬਸਤ੍ਰ ਬਿਛਾਯੋ ਸ੍ਵੇਤਾ। ਪੌਢ ਰਹੇ ਪੁਨ ਕ੍ਰਿਪਾਨਿਕੇਤਾ॥ ੧੨॥

ਮਿੱਠੀ ਮਿੱਠੀ ਸੁਗੰਧ ਵਾਲੀ ਸੀਤਲ ਪੌਣ ਵਗ ਰਹੀ ਸੀ, ਕੋਮਲ ਪੱਤੇ ਲੈ ਕੇ ਉਨ੍ਹਾਂ ਦਾ ਵਿਛੌਣਾ ਬਣਾਇਆ ਤੇ ਫਿਰ ਉਸ ਉੱਤੇ ਸਫੇਦ ਰੰਗ ਦੀ ਚਾਦਰ ਵਿਛਾ ਦਿੱਤੀ। ਫਿਰ ਕਿਰਪਾਲੂ ਉਸ ਉੱਤੇ ਲੰਮੇ ਪੈ ਗਏ॥ ੧੨॥

ਭਏ ਨੀਂਦ ਵਸਿ ਮੁੰਦ੍ਰਿਤ ਲੋਚਨ। ਕਰੁਨਾ ਖਾਨ ਜਿ ਸੋਚ ਬਿਮੋਚਨ।
ਖਟਘਟਿਕਾ ਜਬ ਸੋਤੇ ਬੀਤੀ। ਤਰੁਵਰ ਕੀ ਛਾਯਾ ਬਿਪਰੀਤੀ॥ ੧੩॥

ਜਦ ਨੀਂਦ ਨੇ ਆ ਘੇਰਿਆ ਤਾਂ ਪ੍ਰੇਮ ਦੀ ਖਾਨ ਅਤੇ ਚਿੰਤਾ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਅੱਖਾਂ ਬੰਦ ਕਰ ਲਈਆਂ, ਛੇ ਘੜੀਆਂ ਜਦ ਸੁੱਤਿਆਂ ਬੀਤ ਗਈਆਂ ਤਦ ਰੁੱਖ ਦੀ ਛਾਂ ਢੱਲ ਗਈ॥ ੧੩॥

ਪਸ਼ਚਮ ਦਿਸ਼ਾ ਤਰਨਿ ਬਹੁ ਜਾਵਾ। ਮੁਖ ਪੰਕਜ ਪਰ ਆਤਪ ਆਵਾ।
ਸ੍ਵੇਦ ਬਿੰਦੁ ਬੂੰਦ ਮਕਰੰਦਾ। ਰਾਜਤਿ ਜਿਵ ਪਾਂਤਨ ਅਰਬਿੰਦਾ॥ ੧੪॥

ਲਹਿੰਦੇ ਵਾਲੇ ਪਾਸੇ ਸੂਰਜ ਚਲੇ ਗਿਆ। ਕਮਲ ਮੁੱਖ ਤੇ ਧੁੱਪ ਆ ਗਈ। ਪਸੀਨੇ ਦੀਆਂ ਬੂੰਦਾਂ ਮਾਨੋ ਮਕਰੰਦ ਰਸ ਦੀਆਂ ਬੂੰਦਾਂ ਸਨ ਜੋ ਕਮਲ ਪੱਤੀਆਂ ਤੇ ਜਲ ਦੀਆਂ ਬੂੰਦਾਂ ਵਾਂਗ ਫੱਬ ਰਹੀਆਂ ਸਨ॥ ੧੪॥

ਕਿਧੌਂ ਚੰਦ੍ਰਮਾ ਮੰਡਲ ਮਾਂਹੀ। ਕਿਨਕਾਸ੍ਰਵਤ ਪਿਯੂਖ ਸੁਹਾਹੀ।
ਸ਼ੇਖਨਾਗ ਲਖਿ ਸ਼ੈਨ ਮਿਲਾਪੀ। ਆਤਪ ਉਥਪਿਉਂ-ਇਉਂ ਉਰ ਥਾਪੀ॥੧੫॥

ਚੰਦ ਵਰਗੇ ਮੁਖੜੇ ਤੋਂ ਅੰਮ੍ਰਿਤ ਦੇ ਕਿਣਕੇ ਚੋ ਰਹੇ ਹਨ। ਸ਼ੇਸ਼ਨਾਗ ਨੇ ਸੇਜਾ ਦੇ ਮੇਲੀ ਨੂੰ ਵੇਖ ਕੇ ਇਹ ਸੋਚਿਆ ਕਿ ਮੈਂ ਕਿਸੇ ਤਰ੍ਹਾਂ ਧੁੱਪ ਹਟਾਵਾਂ॥ ੧੫॥

ਸ੍ਵੇਤ ਵਰਨ ਗੋਦੁਗਧ ਨਵੀਨਾ। ਧਰਿ ਦੂਸਰ ਤਨ ਆਵ ਪ੍ਰਬੀਨਾ।
ਸੁੰਦਰ ਸੁਖ ਮੰਦਰ ਕੋ ਦੇਖੀ। ਕੀਨਿ ਬੰਦਨਾ ਪ੍ਰੀਤਿ ਬਿਸ਼ੇਖੀ॥ ੧੬॥

ਗਾਂ ਦੇ ਸਜਰੇ ਦੁੱਧ ਵਰਗਾ ਸਫੇਦ ਦੂਸਰਾ ਤਨ ਧਾਰ ਕੇ ਆ ਗਿਆ। ਉਸ ਨੇ ਆਪਣੇ ਘਰ ਵਿਚ ਬੜਾ ਸੁਖ ਮਾਣਿਆ ਸੀ। ਬੰਦਨਾ ਕਰਕੇ ਉਸ ਨੇ ਪ੍ਰੀਤ ਵਧਾ ਲਈ॥ ੧੬॥

ਬਹੁਰੋ ਤੀਨ ਪ੍ਰਦਛਨਾ ਦੀਨੀ। ਸੀਸ ਦਿਸ਼ਾ ਨਿਜ ਇਸਥਿਤਿ ਕੀਨੀ।
ਹੇਤ ਛਾਉਂ ਕੇ ਫਨ ਬਿਸਥਾਰਾ। ਅਤਿ ਉੱਜਲ ਜਿਵ ਸੁਰਸਰਿ ਧਾਰਾ॥੧੭॥

ਫਿਰ ਤਿੰਨ ਪਰਕਰਮਾਂ ਕੀਤੀਆਂ। ਫਿਰ ਆਪਣਾ ਸਿਰ ਉਸ ਪਾਸੇ ਵਲ ਕੀਤਾ ਕਿ ਫਨ ਵਿਸਥਾਰਨ ਨਾਲ ਗੁਰੂ ਜੀ ਦੇ ਮੁੱਖੜੇ ਨੂੰ ਛਾਂ ਹੋ ਸਕੇ। ਉਸ ਦਾ ਫਨ ਗੰਗਾ ਦੀ ਧਾਰ ਵਰਗਾ ਉੱਜਲ ਸੀ॥ ੧੭॥

ਊਚੋ ਫਨ ਅਸ ਸ਼ੋਭਾ ਪਾਈ। ਕਿਧੌਂ ਸਿੰਧੁ ਸੀ ਸੈਨ ਬਨਾਈ।
ਸਭਿ ਸ਼ਰੀਰ ਪਰ ਜਿਸਕੀ ਛਾਯਾ। ਜੜ ਸਾ ਥਿਰ, ਨਹਿਂ ਨੈਕ ਡੁਲਾਯਾ॥੧੮॥

ਉਚੇ ਫਨ ਨੇ ਅਜਿਹੀ ਸ਼ੋਭਾ ਪਾਈ, ਮਾਨੋ ਸਮੁੰਦਰ ਵਰਗੀ ਸੇਜਾ ਬਣਾ ਲਈ। ਗੁਰੂ ਜੀ ਦੇ ਸਾਰੇ ਸਰੀਰ ਉਤੇ ਉਸ ਦੀ ਛਾਂ ਸੀ ਤੇ ਉਹ ਜੜ੍ਹ ਵਾਂਗ ਸਥਿਰ ਰਿਹਾ ਤੇ ਥੋੜਾ ਵੀ ਡੋਲਿਆ ਨਹੀਂ॥ ੧੮॥

ਅਸ ਬਿਧਿ ਕਿੰਚਤ ਕਾਲ ਬਿਤੀਤਾ। ਕੀਏ ਛਾਉਂ ਅਤਿ ਹਰਖਤਿ ਚੀਤਾ।
ਤਲਵੰਡੀ ਨ੍ਰਿਪ ਰਾਇ ਬੁਲਾਰੂ। ਸੋ ਸਸੈਨ ਕਿਤ ਅਨਤ ਪਧਾਰੂ॥ ੧੯॥

ਇਸ ਤਰ੍ਹਾਂ ਥੋੜਾ ਜਿਹਾ ਸਮਾਂ ਬੀਤਿਆ। ਸ਼ੇਸ਼ਨਾਗ ਛਾਂ ਕਰਕੇ ਚਿਤ ਵਿਚ ਬੜਾ ਪ੍ਰਸੰਨ ਹੋਇਆ। ਤਲਵੰਡੀ ਦਾ ਹਾਕਮ ਰਾਇ ਬੁਲਾਰ ਆਪਣੀਆਂ ਫੌਜਾਂ ਸਮੇਤ ਕਿਸੇ ਹੋਰ ਥਾਂ ਗਿਆ ਹੋਇਆ ਸੀ॥ ੧੯॥

ਤਿਹ ਵੇਲਾ ਤਹਿਂ ਚਲਿ ਕਰਿ ਆਵਾ। ਜਿਹ ਕੇ ਜਾਗਜੋ ਭਾਗ ਸੁਹਾਵਾ।
ਅਨੀ ਤੁਰੰਗਮ ਸੰਗ ਸੁ ਰੰਗਾ। ਆਵਹਿ ਨਗਰਹਿ ਅੰਗ ਉਮੰਗਾ॥ ੨੦॥

ਉਸ ਵੇਲੇ ਉਹ ਉਸ ਥਾਂ ਚੱਲ ਕੇ ਆਇਆ ਜਿਥੇ ਕਿ ਉਸ ਦੇ ਭਾਗ ਜਾਗ ਪਏ। ਉਸ ਦੇ ਨਾਲ ਫੌਜ ਅਤੇ ਘੋੜੇ ਵੀ ਸਨ ਅਤੇ ਉਹ ਆਪਣੇ ਨਗਰ ਨੂੰ ਬੜੇ ਉਤਸ਼ਾਹ ਨਾਲ ਆ ਰਿਹਾ ਸੀ॥ ੨੦॥

ਦੇਖਿ ਨਾਗ ਕੋ ਕਿਯ ਅਨੁਮਾਨਾ।-ਉੱਜਲ ਪਟ ਆਤਪ ਤੇ ਤਾਨਾ।
ਤਰੁਵਰ ਕੀ ਛਾਯਾ ਬਰ ਤਜਾਗੀ। ਪਟ ਓਟਨ ਕਿਉਂ ਭਾ ਅਨੁਰਾਗੀ ?-॥੨੧॥

ਨਾਗ ਨੂੰ ਵੇਖ ਕੇ ਇਹ ਅਨੁਮਾਨ ਲਾਇਆ ਕਿ ਧੁੱਪ ਤੋਂ ਬਚਣ ਵਾਸਤੇ ਸਫੇਦ ਪਟੜਾ ਤਾਣਿਆ ਹੋਇਆ ਹੈ। ਉਸ ਨੇ ਸੋਚਿਆ ਰੁੱਖ ਦੀ ਛਾਂ ਛੱਡ ਕੇ ਇਸ ਭਲੇ ਪੁਰਸ਼ ਨੂੰ ਪਟੜੇ ਦੀ ਓਟ ਲੈਣ ਦਾ ਕੀ ਪ੍ਰੇਮ ਜਾਗਿਆ? ॥ ੨੧॥

ਅਸ ਵਿਚਾਰ ਕਰਤਜੋ ਢਿਗ ਆਵਾ। ਰਸਨਾ ਫਰਕਤਿ ਮੁਖ ਦ੍ਰਿਸ਼ਟਾਵਾ।
ਭੋਗੀ ਲਖਿ ਵਡ ਭੋਗਾਕਾਰਾ। ਕਰਿ ਊਚੋ ਆਯੁਤ ਬਿਸਤਾਰਾ॥ ੨੨॥

ਇਹ ਵਿਚਾਰ ਕਰਕੇ ਉਹ ਉਸਦੇ ਨੇੜੇ ਆਇਆ। ਉਸ ਦੇ ਮੂੰਹ ਵਿਚ ਜ਼ਬਾਨ ਫਰਕਦੀ ਨਜ਼ਰ ਆਈ। ਨਾਗ ਅਤੇ ਉਸ ਦੀ ਫਨ ਦੇ ਆਕਾਰ ਨੂੰ ਵੇਖਿਆ ਜਿਹੜੀ ਕਿ ਨਾਗ ਨੇ ਬੜੇ ਚੌੜੇ ਆਕਾਰ ਵਿਚ ਫੈਲਾ ਕੇ ਉੱਚੀ ਖੜੀ ਕੀਤੀ ਸੀ॥ ੨੨॥

ਰਾਇ ਵਿਚਾਰਤਿ ਉਰ ਭਰਿਦਾਯਾ।-ਬਾਰਿਕ ਮਰਜੋ ਤ ਪੰਨਗ ਖਾਯਾ।
ਜੇ ਜੀਵਤਿ, ਇਹੁ ਕੋ ਅਵਤਾਰੀ। ਸਰਪ ਸ੍ਵੇਤ ਜਹਿਂ ਸੇਵਾਕਾਰੀ-॥ ੨੩॥

ਇਹ ਸੋਚ ਕੇ ਰਾਇ ਬੁਲਾਰ ਦੇ ਮਨ ਵਿਚ ਦਇਆ ਆਈ ਕਿ ਬਾਲਕ ਮਰ ਗਿਆ ਹੈ ਅਤੇ ਸੱਪ ਨੇ ਇਸ ਨੂੰ ਡੱਸ ਦਿੱਤਾ ਹੈ, ਇਹ ਜੀਉਂਦਾ ਹੈ ਤਾਂ ਕੋਈ ਅਵਤਾਰ ਹੈ ਜਿਸ ਦੀ ਸਫੇਦ ਸੱਪ ਸੇਵਾ ਕਰ ਰਿਹਾ ਹੈ॥ ੨੩॥

ਹੇਰਨ ਹਿਤ ਭ੍ਰਿਤ ਨਿਕਟ ਪਠਾਯਾ। ਤਬ ਜੀਮਗ ਪਾਤਾਲ ਸਿਧਾਯਾ।
ਪੁਨ ਗਾ ਤੋਰ ਤੁਰੰਗਮ ਰਾਊ। ਲਖ ਅਚਰਜ ਪੱਸਯਨ ਚਿਤ ਚਾਊ॥ ੨੪॥

ਵੇਖਣ ਵਾਸਤੇ ਉਸ ਨੇ ਇਕ ਨੌਕਰ ਨੂੰ ਭੇਜਿਆ। ਨੌਕਰ ਨੂੰ ਵੇਖ ਕੇ ਨਾਗ ਆਪਣੀ ਖੁੱਡ ਵਿਚ ਚਲਾ ਗਿਆ। ਫਿਰ ਰਾਇ ਬੁਲਾਰ ਘੋੜੇ ਨੂੰ ਤੋਰ ਆਪ ਉਥੇ ਗਿਆ। ਇਹ ਅਚਰਜ ਕੌਤਕ ਵੇਖ ਕੇ ਉਸ ਦਾ ਮਨ ਖੁਸ਼ੀ ਨਾਲ ਭਰ ਗਿਆ॥ ੨੪॥

ਨਿਕਟ ਗਏ ਸੁਨਿ ਖਰਕਾ ਖੁਰ ਕੋ। ਤਨ ਸੁਚੇਤ ਭਾ ਬੇਦੀ ਬਰ ਕੋ।
ਲੋਚਨ ਬਿਗਸੇ ਦਲਪੁਸ਼ਕਰ ਸੇ। ਮੇਚਕ ਤਾਰੇ ਬਰ ਮਧੁਕਰ ਸੇ॥ ੨੫॥

ਜਦ ਉਹ ਗੁਰੂ ਜੀ ਦੇ ਨੇੜੇ ਗਏ ਤਾਂ ਘੋੜੇ ਦੇ ਖੁਰਾਂ ਦਾ ਖੜਾਕ ਸੁਣ ਕੇ ਸ੍ਰੇਸ਼ਟ ਬੇਦੀ ਸੁਚੇਤ ਹੋ ਗਏ। ਕੰਵਲ ਦੇ ਪੱਤਿਆਂ ਵਰਗੇ ਨੇਤਰ ਖੁਲ੍ਹ ਗਏ। ਅੱਖਾਂ ਦੀਆਂ ਕਾਲੀਆਂ ਪੁਤਲੀਆਂ ਭੌਰਿਆਂ ਵਾਂਗ ਸ਼ੋਭਾ ਪਾ ਰਹੀਆਂ ਸਨ॥ ੨੫॥

ਢਿਗ ਅਰੂਢ ਅਸ ਹੇਰਯੋ ਰਾਈ। ਭੀਰ ਭਟਨ ਕੀ ਸੰਗਿ ਸੁਹਾਈ।
ਉਠਿ ਤਬ ਸਿਰ ਨਿਵਾਇ ਕਿਯ ਬੰਦਨ। ਜੋ ਕਲਮਲ ਕਲਿਕਾਲ ਨਿਕੰਦਨ॥੨੬॥

ਘੋੜੇ ਤੇ ਚੜ੍ਹਿਆ ਹੋਇਆ ਹੀ ਰਾਇ ਬੁਲਾਰ ਗੁਰੂ ਜੀ ਦੇ ਲਾਗੇ ਗਿਆ। ਪਾਪ ਅਤੇ ਭੈੜੇ ਵਕਤ ਦਾ ਨਾਸ਼ ਕਰਨ ਵਾਲੇ ਗੁਰੂ ਜੀ ਨੇ ਉੱਠ ਕੇ ਸਿਰ ਨਿਵਾ ਕੇ ਬੰਦਨਾ ਕੀਤੀ॥ ੨੬॥

ਪੁਰਿਪਾਲਕ ਦ੍ਰੁਤਿ ਉਤਰ ਤਰੰਗਾ। ਪਰਰੰਭਨ ਗਰ ਸੰਗ ਉਮੰਗਾ।
ਸਾਦਰ ਸੋ ਨਿਜ ਭਰਿ ਕਰਿ ਕਨੀਆ। ਚੂਮਤਿ ਮਸਤਕ ਖੁਸ਼ੀ ਸੁ ਘਨੀਆ॥੨੭॥

ਨਗਰ ਦਾ ਪਾਲਣਹਾਰ, ਭਾਵ-ਰਾਇ ਬੁਲਾਰ ਤੁਰੰਤ ਘੋੜੇ ਤੋਂ ਉਤਰ ਗਿਆ ਅਤੇ ਬੜੇ ਉਤਸ਼ਾਹ ਨਾਲ ਗੁਰੂ ਜੀ ਨੂੰ ਆਪਣੇ ਗਲ ਨਾਲ ਲਾ ਕੇ ਗਲਵੱਕੜੀ ਪਾਈ। ਬੜੇ ਆਦਰ ਨਾਲ ਕਲਾਵਾ ਭਰ ਕੇ ਆਪਣੇ ਨਾਲ ਲਾ ਕੇ ਮੱਥਾ ਚੁੰਮ ਕੇ ਬੜਾ ਖੁਸ਼ ਹੋਇਆ॥ ੨੭॥

ਭਾ ਅਧੀਨ ਮਨ ਕਰਿ ਬਹੁ ਭਾਊ। ਜਾਨਯੋ-ਇਹ ਅਵਤਾਰ ਪ੍ਰਭਾਉ-।
ਬਹੁਰ ਨ ਮਨ ਕਬਿ ਕੀਨ ਡੁਲਾਊ। ਥਿਰ ਕਰਿ ਸ਼ਰਧਾ ਤਾਂ ਦਿਨ ਰਾਊ॥੨੮॥

ਮਨ ਵਿਚ ਬਹੁਤ ਪ੍ਰੇਮ ਕਰਕੇ ਅਧੀਨ ਹੋਇਆ ਅਤੇ ਗੁਰੂ ਜੀ ਨੂੰ ਅਵਤਾਰ ਜਾਣਿਆ। ਉਸ ਦਿਨ ਤੋਂ ਗੁਰੂ ਜੀ ਪ੍ਰਤਿ ਰਾਜੇ ਦੀ ਸ਼ਰਧਾ ਸਥਿਰ ਹੋ ਗਈ ਤੇ ਬਾਅਦ ਵਿਚ ਉਸ ਦਾ ਮਨ ਕਦੀ ਵੀ ਨਾ ਡੋਲਿਆ॥ ੨੮॥

ਪਰਮੇਸੁਰ ਸਮ ਜਾਨਿ ਸੁਜਾਨਾ। ਮਨ ਕਰਿ ਬੰਦਹਿ ਪਦ ਰਾਜਾਨਾ।
ਰੁਕਯੋ ਕੰਠ ਪਰਿਪੂਰਨ ਪ੍ਰੇਮਾ। ਬੋਲ ਨ ਸਕਯੋ ਉਚਿਤ ਭਾ ਖੇਮਾ॥ ੨੯॥

ਗੁਰੂ ਜੀ ਨੂੰ ਰਾਜੇ ਨੇ ਪਰਮੇਸ਼ੁਰ ਸਮਾਨ ਜਾਣਿਆ ਤੇ ਮਨ ਕਰਕੇ ਬੜੀ ਸ਼ਰਧਾ ਨਾਲ ਖੜਾ ਰਿਹਾ। ਪ੍ਰੇਮ ਨਾਲ ਭਰਪੂਰ ਹੋ ਜਾਣ ਕਰਕੇ ਗਲਾ ਰੁਕ ਗਿਆ ਤੇ ਕਲਿਆਨ ਦੇ ਲਾਇਕ ਰਾਇ ਬੁਲਾਰ ਕੁਝ ਬੋਲ ਨਾ ਸਕਿਆ॥ ੨੯॥

ਗਾ ਤੁਰੰਗ ਚਢਿ ਪੁਲਕਤਿ ਅੰਗਾ। ਬੈਠਯੋ ਸਦਨਹਿ ਸੰਗ ਉਮੰਗਾ।
ਰਿਦੇ ਮਨੋਰਥ ਸਾਰ ਵਿਚਾਰੈ।-ਇਹ ਮਮ ਭਵਬੰਧਨ ਨਿਰਵਾਰੈ॥ ੩੦॥

ਘੋੜੇ ਤੇ ਚੜ੍ਹ ਕੇ ਘਰ ਨੂੰ ਗਿਆ। ਜਦ ਘਰ ਵਿਚ ਬੜੇ ਉਤਸ਼ਾਹ ਨਾਲ ਬੈਠਾ ਸੀ ਤਾਂ ਉਸ ਦਾ ਅੰਗ ਅੰਗ ਫਰਕ ਰਿਹਾ ਸੀ। ਹਿਰਦੇ ਵਿਚ ਆਪਣਾ ਮਨੋਰਥ ਵਿਚਾਰ ਰਿਹਾ ਸੀ। ਉਸ ਨੇ ਸੋਚਿਆ, ਇਹ ਮੇਰੇ ਸੰਸਾਰ ਦੇ ਬੰਧਨ ਦੂਰ ਕਰੇਗਾ॥ ੩੦॥

ਹੋਇ ਤਰੁਨ ਜਬ ਤਜਿ ਲਰਕਾਈ। ਕਰਿਹੋਂ ਤਬ ਮੈਂ ਬਿਨੈ ਵਡਾਈ।
ਜੋਗਿਨ ਕੋ ਦੁਰਲਭ ਹੈ ਜੋਊ। ਦੇਹਿ ਪਰਮਪਦ ਮੁਝ ਕੋ ਸੋਊ॥ ੩੧॥

ਜਦ ਇਹ ਲੜਕਪਨ ਛੱਡ ਕੇ ਭਰ ਜਵਾਨ ਹੋਵੇਗਾ ਤਦ ਮੈਂ ਇਸ ਪਾਸ ਬੇਨਤੀ ਅਤੇ ਮਹਿਮਾ ਕਰਾਂਗਾ। ਜੋਗੀਆਂ ਨੂੰ ਜਿਹੜਾ ਪਦ ਦੁਰਲੱਭ ਹੈ, ਉਹੋ ਪਰਮਪਦ ਇਹ ਮੈਨੂੰ ਦੇਵੇਗਾ॥ ੩੧॥

ਪੂਰਬ ਭਾਗ ਜਗਜੋ ਵਡ ਮੇਰਾ। ਢਿਗ ਖੁਦਾਇ ਤਨ ਧਾਰਿਬ ਸੇਰਾ।
ਬੋਲਨ ਮਿਲਨੇ ਕੋ ਫਲ ਜਾਸੁ। ਬੇਦ ਕਤੇਬ ਨ ਕਹਿ ਸਕਿ ਤਾਸੁ-॥ ੩੨॥

ਮੇਰਾ ਪਿਛਲਾ ਨਸੀਬ ਜਾਗ ਪਿਆ ਹੈ, ਖੁਦਾ ਦੇ ਕੋਲ ਜਾ ਕੇ ਮੇਰਾ ਤਨ ਦਲੇਰੀ ਧਾਰ ਲਵੇਗਾ। ਉਨ੍ਹਾਂ ਨਾਲ ਬੋਲਣ ਅਤੇ ਮਿਲਣ ਦਾ ਐਸਾ ਫਲ ਪ੍ਰਾਪਤ ਹੋਵੇਗਾ ਕਿ ਉਸ ਨੂੰ ਵੇਦ ਅਤੇ ਕਤੇਬਾਂ ਵੀ ਨਹੀਂ ਕਹਿ ਸਕਣਗੀਆਂ॥ ੩੨॥

ਭ੍ਰਿੱਤ ਭੇਜ ਕਾਲੂ ਬੁਲਵਾਯੋ। ਕਰਿ ਆਦਰ ਨਿਜ ਨਿਕਟਿ ਬਿਠਾਯੋ।
'ਨਿਜ ਸੁਤ ਕੋ ਸੁਤ ਜਾਨੋ ਨਾਂਹੀ। ਭਾ ਅਵਤਾਰ ਤੋਹਿ ਘਰ ਮਾਂਹੀ॥ ੩੩॥

ਇਕ ਨੌਕਰ ਨੂੰ ਭੇਜ ਕੇ ਮਹਿਤਾ ਕਾਲੂ ਨੂੰ ਬੁਲਵਾਇਆ ਤੇ ਬੜਾ ਆਦਰ ਮਾਣ ਦੇ ਕੇ ਆਪਣੇ ਨੇੜੇ ਬਿਠਾ ਲਿਆ ਅਤੇ ਕਿਹਾ, "ਆਪਣੇ ਪੁੱਤਰ ਨੂੰ ਪੁੱਤਰ ਨਾ ਸਮਝੋ, ਤੁਹਾਡੇ ਘਰ ਵਿਚ ਅਵਤਾਰ ਆਇਆ ਹੈ॥੩੩॥

ਜਾਗਜੋ ਗਰੁਵ ਭਾਗ ਜਗ ਤੇਰੋ। ਤਵ ਸਮਸਰ ਕੋ ਔਰ ਨ ਹੇਰੋਂ।
ਅਸਨ ਬਸਨ ਸਾਦਰ ਸੋਂ ਦੀਜੈ। ਅਵਹੇਲਨ ਨਹਿਂ ਤਿਨ ਕੋ ਕੀਜੈ॥ ੩੪॥

ਤੇਰੇ ਜੱਗ ਵਿਚ ਵੱਡੇ ਭਾਗ ਜਾਗ ਪਏ ਹਨ। ਤੇਰੇ ਬਰਾਬਰ ਮੈਨੂੰ ਹੋਰ ਕੋਈ ਨਹੀਂ ਦਿੱਸਦਾ। ਇਨ੍ਹਾਂ ਨੂੰ ਭੋਜਨ, ਕਪੜੇ ਬੜੇ ਆਦਰ ਨਾਲ ਦੇਵੋ ਤੇ ਉਸ ਦਾ ਕਦੀ ਵੀ ਨਿਰਾਦਰ ਨਾ ਕਰੋ॥ ੩੪॥

ਤਾਤ ਜਾਨ ਦੁਰਬਚਨ ਨ ਭਾਖੋ। ਪਰਮੇਸ਼ੁਰ ਸਮ ਸ਼ਰਧਾ ਰਾਖੋ'।
ਪੁਨ ਬੁਲਾਰ ਕਾਲੂ ਕੇ ਸਾਥਾ। ਕਹੀ ਸਰਪ ਕੀ ਸਭਿ ਬਿਧਿ ਗਾਥਾ॥ ੩੫॥

ਪਿਤਾ ਹੋਣ ਕਰਕੇ ਉਸ ਨੂੰ ਕੋਈ ਭੈੜਾ ਬਚਨ ਨਾ ਕਹੋ ਤੇ ਪਰਮੇਸ਼ੁਰ ਬਰਾਬਰ ਸ਼ਰਧਾ ਰਖੋ।" ਫਿਰ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਸੱਪ ਵਾਲੀ ਘਟਨਾ ਦੀ ਪੂਰੀ ਕਹਾਣੀ ਸੁਣਾਈ॥ ੩੫॥

'ਆਤਪ ਤਪਤਹਿ ਤੇ ਕਿਯ ਛਾਯਾ। ਹਮਹਿ ਹੇਰਿ ਨਿਜ ਦੇਹਿ ਦੁਰਾਯਾ'।
ਸੁਨਿ ਕਰਿ ਕਾਲੂ ਕਹਿਤਿ 'ਭਲਾਜੂ। ਹੋਇਤ ਜਾਨੀ ਜਾਇ ਕਲਾ ਜੂ'॥੩੬॥

"ਧੁੱਪ ਦੇ ਸੇਕ ਤੋਂ ਬਚਾਉਣ ਲਈ ਸੱਪ ਨੇ ਛਾਂ ਕੀਤੀ, ਸਾਨੂੰ ਵੇਖ ਕੇ ਛੁਪ ਗਿਆ।" ਰਾਇ ਬੁਲਾਰ ਦੀ ਇਹ ਗਲ ਸੁਣ ਕੇ ਮਹਿਤਾ ਕਾਲੂ ਨੇ ਕਿਹਾ, "ਭਲਾ ਜੀ! ਜਦ ਇਹ ਕਲਾਵਾਨ ਹੋਵੇਗਾ ਤਾਂ ਜਾਣ ਲਵਾਂਗੇ"॥ ੩੬॥

ਅਸ ਕਹਿ ਗਯੋ ਅਸ਼ਰਧਾ ਧਾਰੀ। ਮਾਯਾ ਮੋਹ ਪ੍ਰਬਲ ਜਿਹ ਭਾਰੀ।
ਤਯੋਂ ਸੁ ਕਰੇ ਜਯੋਂ ਪ੍ਰੇਰੈ ਨਜੰਤਾ। ਜਿਉਂ ਜੰਤੀ ਵਸਿ ਵਾਜਹਿ ਜੰਤਾ॥ ੩੭॥

ਇਸ ਤਰ੍ਹਾਂ ਕਹਿ ਕੇ ਸ਼ਰਧਾ ਨਾ ਧਾਰਨ ਕਰਨ ਵਾਲਾ ਭਾਵ ਮਹਿਤਾ ਕਾਲੂ ਓਥੋਂ ਚਲਾ ਗਿਆ, ਕਿਉਂਕਿ ਉਸ ਉਤੇ ਮਾਇਆ ਦਾ ਮੋਹ ਬਹੁਤ ਪ੍ਰਬਲ ਸੀ। ਮਨੁੱਖ ਉਸ ਤਰ੍ਹਾਂ ਕਰਦਾ ਹੈ ਜੈਸੀ ਉਸ ਨੂੰ ਪ੍ਰੇਰਕ ਪ੍ਰੇਰਨਾ ਦਿੰਦਾ ਹੈ। ਜਿਵੇਂ ਵਾਜਾ, ਵਜਾਉਣ ਵਾਲੇ ਦੀ ਰੁਚੀ ਅਨੁਸਾਰ ਹੀ ਵੱਜਦਾ ਹੈ॥ ੩੭॥

ਦਾਰਨਾਰਿ ਕੋ ਕਹਾ ਗੁਨ ਦੋਸੂ। ਤਿਹ ਪਰ ਕਹਾ ਪ੍ਰਸਾਦਿ ਕਹਾ ਰੋਸੂ।
ਸ੍ਰੀ ਨਾਨਕ ਅਨੁਸਾਰੀ ਮਾਯਾ। ਜਸ ਇੱਛਾ ਕਰਿਹੀ ਤਸ ਛਾਯਾ॥ ੩੮॥

ਕਾਠ ਦੀ ਪੁਤਲੀ ਵਿਚ ਅਸੀਂ ਕੀ ਗੁਣ ਔਗੁਣ ਵੇਖ ਸਕਦੇ ਹਾਂ। ਉਸ ਵਾਸਤੇ ਤਾਂ ਖੁਸ਼ੀ ਗਮੀ ਬਰਾਬਰ ਹੀ ਹਨ। ਮਾਇਆ ਸ੍ਰੀ ਨਾਨਕ ਅਨੁਸਾਰ ਚਲਦੀ ਹੈ, ਜਿਸ ਤਰ੍ਹਾਂ ਇੱਛਾ ਕਰਦੇ ਹਨ, ਉਸ ਤਰ੍ਹਾਂ ਹੀ ਹੁੰਦਾ ਹੈ॥ ੩੮॥

ਹਰਮ ਆਇ ਉਰ ਹਰਖ ਸਮੇਤੂ। ਕਰਹਿ ਹੇਤ ਬੇਦੀ ਕੁਲ ਕੇਤੂ।
ਕਛੁ ਪ੍ਰਸੰਨਤਾ ਸੁਰਭੀ ਚਾਰੀ। ਨ੍ਰਿਪ ਬੁਲਾਰ ਨੁਤਿ ਬਹੁਰ ਉਚਾਰੀ॥ ੩੯॥

ਮਹਿਤਾ ਕਾਲੂ ਖੁਸ਼ੀ ਖੁਸ਼ੀ ਘਰ ਆ ਗਏ ਤੇ ਬੇਦੀ ਕੁਲ ਦੇ ਤਾਰੇ ਨੂੰ ਪਿਆਰ ਕਰਨ ਲੱਗੇ ਅਤੇ ਕਿਹਾ, "ਕੈਸੀ ਪ੍ਰਸੰਨਤਾ ਨਾਲ ਗਊਆਂ ਚਾਰੀਆਂ, ਰਾਜਾ ਬੁਲਾਰ ਤੇਰੀ ਬੜੀ ਉਸਤਤਿ ਕਰ ਰਹੇ ਸਨ"॥ ੩੯॥

ਯਾਂਤੇ ਕਰਤਿ ਦੁਲਾਰ ਬਿਸਾਲਾ। ਸੀਤਲ ਲੋਚਨ ਦੇਖਿ ਕ੍ਰਿਪਾਲਾ।
ਤਾਂ ਦਿਨ ਤੇ ਤਲਵੰਡੀ ਪੁਰਿ ਮੈਂ। ਮਹਿਮਾ ਕਰਤਿ ਭਏ ਘਰ ਘਰ ਮੈਂ॥੪੦॥

ਕਿਰਪਾਲੂ ਦੇ ਸੀਤਲ ਨੈਣ ਵੇਖ ਕੇ ਉਸ ਨੂੰ ਬਹੁਤ ਲਾਡ ਲਡਾਉਂਦੇ ਸਨ। ਉਸ ਦਿਨ ਤੋਂ ਤਲਵੰਡੀ ਨਗਰ ਵਿਚ ਗੁਰੂ ਜੀ ਦੀ ਘਰ ਘਰ ਮਹਿਮਾ ਹੋਣ ਲੱਗ ਪਈ॥ ੪੦॥

ਕਹਹਿਂ ਪਰਸਪਰ ਮਿਲਿ ਨਰ ਨਾਰੀ। ਸਰਪ ਛਾਉਂ ਨ੍ਰਿਪ ਨੈਣ ਨਿਹਾਰੀ।
ਬਹੁ ਆਦਰ ਕਰਿ ਕੰਠ ਲਗਾਯੋ। ਸਦਨ ਆਨਿ ਜਸ ਬਦਨ ਅਲਾਯੋ॥੪੧॥

ਮਰਦ ਇਸਤਰੀਆਂ ਆਪੋ ਵਿਚ ਮਿਲ ਕੇ ਕਹਿੰਦੇ ਸਨ, "ਸੱਪ ਦੀ ਛਾਂ ਰਾਜੇ ਨੇ ਆਪਣੀ ਅੱਖੀਂ ਵੇਖੀ ਹੈ। ਉਨ੍ਹਾਂ ਬੜਾ ਆਦਰ ਦੇ ਕੇ ਆਪਣੇ ਗਲ ਨਾਲ ਲਾਇਆ ਤੇ ਫਿਰ ਘਰ ਵਿਚ ਆ ਕੇ ਆਪਣੇ ਮੁਖੋਂ ਕਿਹਾ ਹੈ॥ ੪੧॥

ਕਲਾਵਾਨ ਕਾਲੂ ਸੁਤ ਕੋਈ। ਪ੍ਰਗਟ ਨ ਹੋਤਿ ਅਪਨਪੋ ਗੋਈ।
ਅਸਬਿਧਿ ਬੀਤੀ ਰੁੱਤਿ ਬਸੰਤਾ। ਚਾਰਤਿ ਸੁਰਭੀ ਸ੍ਰੀ ਜਗਕੰਤਾ॥ ੪੨॥

ਕਾਲੂ ਦਾ ਪੁੱਤਰ ਕੋਈ ਪੀਰ ਪੈਗੰਬਰ ਹੈ, ਪਰ ਉਸ ਨੇ ਆਪਣੇ ਆਪ ਨੂੰ ਛਿਪਾ ਰਖਿਆ ਹੈ ਤੇ ਆਪਣੇ ਆਪ ਨੂੰ ਪ੍ਰਗਟ ਨਹੀਂ ਹੋਣ ਦਿੰਦਾ। ਇਸ ਤਰ੍ਹਾਂ ਬਸੰਤ ਰੁੱਤ ਬੀਤ ਗਈ। ਜਗਤ ਦੇ ਮਾਲਕ ਸ੍ਰੀ ਨਾਨਕ ਗਊਆਂ ਚਾਰਦੇ ਰਹੇ॥ ੪੨॥

ਪੁਨਿ ਗ੍ਰੀਖਮ ਰਿਤੁ ਕੀਨੋ ਜੋਰਾ। ਤਪਤਿ ਭਈ ਅਤਿਸੈ ਚਹੁੰ ਓਰਾ।
ਤਪਹਿ ਰਿਦਾ ਜਿਵ ਮਤਸਰ ਧਾਰੀ। ਤਿਉਂ ਤਪ ਗਈ ਭੂਮਕਾ ਸਾਰੀ॥੪੩॥

ਫਿਰ ਗਰਮੀ ਦੀ ਰੁੱਤ ਨੇ ਜ਼ੋਰ ਫੜ ਲਿਆ। ਚਾਰੇ ਪਾਸੇ ਬਹੁਤ ਗਰਮੀ ਹੈ। ਜਿਵੇਂ ਈਰਖਾਲੂ ਮਨੁੱਖ ਦਾ ਹਿਰਦਾ ਸੜਦਾ ਹੈ, ਇਵੇਂ ਸਾਰੀ ਭੂਮੀ ਤੱਪ ਰਹੀ ਹੈ॥ ੪੩॥

ਬਹਿਤਿ ਜੋਰ ਸੋਂ ਤਪਤ ਸਮੀਰਾ। ਜੋ ਤਾਪਹਿ ਨਰ ਨਾਰਿ ਸਰੀਰਾ।
ਜਿਉਂ ਖਲ ਉਚਰਹਿ ਬਚਨ ਕੁਢਾਲੀ। ਰਿਦਾ ਤਪਾਇ ਦੇਤਿ ਰਿਸ ਨਾਲੀ ॥੪੪॥

ਬੜੇ ਜ਼ੋਰ ਨਾਲ ਤੱਤੀ ਹਵਾ ਵੱਗਦੀ ਹੈ ਜੋ ਇਸਤਰੀ ਪੁਰਖ ਦੇ ਸਰੀਰਾਂ ਨੂੰ ਤਪਾਉਂਦੀ ਹੈ। ਜਿਵੇਂ ਮੂਰਖ ਮੰਦੇ ਬਚਨ ਬੋਲਦਾ ਹੈ, ਇਸ ਤਰ੍ਹਾਂ ਗੁੱਸਾ ਵੀ ਹਿਰਦੇ ਤਪਾ ਦਿੰਦਾ ਹੈ॥ ੪੪॥

ਮਾਰਤੰਡ ਕੀ ਚੰਡ ਮਰੀਚਾ। ਦੁਖੀ ਜੀਵ ਲਘੁ ਤਾਲਨ ਵੀਚਾ।
ਜਿਉਂ ਜਗ ਭਗਤਿ ਹੀਨ ਹੈ ਪ੍ਰਾਨੀ। ਜਨਮ ਮਰਨ ਮਹਿਂ ਨਿਤ ਦੁਖ ਖਾਨੀ॥੪੫॥

ਸੂਰਜ ਦੀਆਂ ਕਿਰਣਾਂ ਬਹੁਤ ਤਿੱਖੀਆਂ ਹਨ। ਛੋਟੇ ਜੀਵ ਦੁਖੀ ਹੋ ਕੇ ਤਲਾਵਾਂ ਵਿਚ ਜਾਂਦੇ ਹਨ। ਜਿਵੇਂ ਇਸ ਜਗਤ ਵਿਚ ਭਗਤੀਹੀਣ ਪ੍ਰਾਣੀ ਹੈ। ਜਨਮ ਮਰਨ ਵਿਚ ਨਿਤ ਦੁੱਖ ਝੱਲਦਾ ਹੈ॥ ੪੫॥

ਸੂਕੇ ਜਲ ਕਰਦਮ ਬਿਹਰਾਨੀ। ਜਨੁ ਪ੍ਰੇਮੀ ਉਰ ਸੀਖ ਸਿਖਾਨੀ।

ਸਹਿਤ ਧੂਰ ਬਹੁ ਭ੍ਰਮਤਿ ਬਘੂਰੇ। ਜਿਉਂ ਮਤਿ ਭ੍ਰਮਤਿ ਬਿਨਾ ਗੁਰ ਪੂਰੇ ॥੪੬॥

ਸਰੋਵਰ ਵਿਚ ਜਲ ਸੁੱਕ ਜਾਣ ਕਾਰਨ ਚਿੱਕੜ ਬਹੁਤ ਵਿਆਕੁਲ ਕਰਦਾ ਹੈ, ਜਿਵੇਂ ਪ੍ਰੇਮੀ ਦੇ ਹਿਰਦੇ ਨੂੰ ਚੁਗਲੀ ਦੁਖੀ ਕਰਦੀ ਹੈ। ਧੂੜ ਨਾਲ ਭਰੇ ਵਾ-ਵਰੋਲੇ ਵੱਗਦੇ ਹਨ, ਜਿਵੇਂ ਬੁੱਧੀ ਗੁਰੂ ਤੋਂ ਬਗੈਰ ਭਟਕਦੀ ਫਿਰਦੀ ਹੈ॥ ੪੬॥

ਮ੍ਰਿਗ ਤ੍ਰਿਸ਼ਨਾ ਕੋ ਹੇਰਹਿ ਨੀਰਾ। ਦੌਰਤਿ ਮ੍ਰਿਗ ਨਹਿਂ ਪਾਵਹਿਂ ਧੀਰਾ।
ਜਿਉਂ ਮਨ ਬਿਖ਼ਯ ਸੁਖਨ ਹਿਤ ਧਾਈ। ਤ੍ਰਿਪਤਿ ਨ ਹੋਤਿ ਨ ਥਿਰਤਾ ਪਾਈ ॥੪੭॥

ਮ੍ਰਿਗ ਤ੍ਰਿਸ਼ਨਾ (ਜਦ ਰੇਤਲੇ ਮੈਦਾਨ ਤੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਤਾਂ ਵੇਖਣ ਵਾਲਾ ਉਸ ਨੂੰ ਪਾਣੀ ਦੀਆਂ ਲਹਿਰਾਂ ਸਮਝਦਾ ਹੈ, ਪਰ ਜਦ ਉਸ ਦੇ ਪਾਸ ਜਾਣ ਲਗਦਾ ਹੈ ਤਾਂ ਇਹ ਲਹਿਰਾਂ ਹੋਰ ਪਿਛੇ ਦਿੱਸਣ ਲੱਗ ਜਾਂਦੀਆਂ ਹਨ) ਨੂੰ ਹਿਰਨ ਪਾਣੀ ਸਮਝਦਾ ਹੈ, ਪਾਣੀ ਪੀਣ ਵਾਸਤੇ ਭੱਜਦਾ ਹੈ, ਪਰ ਪਾਣੀ ਨਾ ਲੱਭਣ ਕਰਕੇ ਉਸ ਨੂੰ ਧੀਰਜ ਨਹੀਂ ਆਉਂਦਾ, ਜਿਵੇਂ ਮਨ ਸੁਖਾਂ ਵਾਸਤੇ ਦੌੜਦਾ ਹੈ ਪਰ ਕਦੀ ਵੀ ਤ੍ਰਿਪਤ ਨਹੀਂ ਹੁੰਦਾ ਅਤੇ ਨਾ ਹੀ ਟਿਕਾਉ ਵਿਚ ਆਉਂਦਾ ਹੈ॥ ੪੭॥

ਪਸੁ ਪੰਛੀ ਹੇਰਹਿਂ ਤਰੁ ਛਾਯਾ। ਬੈਸਹਿਂ ਤਪਤਹਿ ਤੇ ਸੁਖ ਪਾਯਾ।
ਬਹੁਤ ਜਗਤ ਦੁਖ ਤੇ ਜਗਜਾਸੀ। ਜਿਉ ਮਿਲ ਸਤਿਸੰਗਤਿ ਸੁਖਰਾਸੀ ॥੪੮॥

ਪਸ਼ੂ ਪੰਛੀ ਰੁੱਖਾਂ ਦੀ ਛਾਂ ਵੇਖ ਕੇ ਬੈਠ ਜਾਂਦੇ ਹਨ ਅਤੇ ਗਰਮੀ ਤੋਂ ਛੁਟਕਾਰਾ ਪਾ ਲੈਂਦੇ ਹਨ। ਸਾਰਾ ਜਗਤ ਦੁੱਖਾਂ ਨਾਲ ਭਰਿਆ ਪਿਆ ਹੈ, ਪਰ ਜਦ ਮਨੁੱਖ ਸਤਿਸੰਗਤ ਕਰਦਾ ਹੈ ਤਾਂ ਉਸ ਨੂੰ ਸਾਰੇ ਸੁੱਖ ਮਿਲ ਜਾਂਦੇ ਹਨ॥ ੪੮॥

ਭਾਵਹਿ ਬਹੁ ਸੀਤਲਤਾ ਪਾਨੀ। ਭਾਗ ਜਗੇ ਜਿਉਂ ਗੁਰੁ ਕੀ ਬਾਨੀ।
ਅਸ ਗ੍ਰੀਖਮ ਮਹਿਂ ਸ੍ਰੀ ਜਗ ਸਾਂਈ। ਬਿਚਰਤਿ ਲੀਲਾ ਕਰਤਿ ਸੁਹਾਈ ॥੪੯॥

ਠੰਢਾ ਪਾਣੀ ਚੰਗਾ ਲਗਦਾ ਹੈ। ਜਿਵੇਂ ਗੁਰੂ ਜੀ ਦੀ ਬਾਣੀ ਪੜ੍ਹਨ ਨਾਲ ਭਾਗ ਜਾਗ ਪੈਂਦੇ ਹਨ। ਅਜਿਹੀ ਗਰਮੀ ਵਿਚ ਜੱਗ ਦੇ ਮਾਲਕ ਵਿਚਰ ਰਹੇ ਹਨ ਅਤੇ ਸੋਹਣੀ ਲੀਲ੍ਹਾ ਕਰਦੇ ਹਨ॥ ੪੯॥

ਜਹਿਂ ਤਰੁਵਰ ਛਾਯਾ ਰਮਣੀਕੀ। ਤਹਿਂ ਚਾਰਤਿ ਸੁਰਭੀ ਬਿਧਿ ਨੀਕੀ।
ਜਹਿਂ ਸੁੰਦਰ ਜਲ, ਸੀਤਲ ਸਾਲੀ। ਤਹਿਂ ਖੇਲਹਿਂ ਬਾਲਕ ਮਿਲਿ ਨਾਲੀ ॥੫੦॥

ਜਿਥੇ ਦਰੱਖਤਾਂ ਦੀ ਸੁੰਦਰ ਛਾਂ ਹੈ, ਗੁਰੂ ਜੀ ਉਥੇ ਮੱਝਾਂ ਨੂੰ ਚਾਰ ਰਹੇ ਹਨ। ਜਿਥੇ ਸੁੰਦਰ ਜਲ ਠੰਢਕ ਦਾ ਘਰ ਹੈ ਉਥੇ ਬਾਲਕ ਮਿਲ ਕੇ ਇਕੱਠੇ ਖੇਡਦੇ ਹਨ॥ ੫੦॥

ਸਭਿ ਬਾਸੁਰ ਬਨ ਬੀਚ ਬਿਹਾਰੈਂ। ਆਵਹਿਂ ਰਜਨੀ ਸਦਨ ਗੁਜਾਰੈਂ।
ਗੋਖੁਰ ਧੂਰਿ ਬਦਨ ਪਰ ਲਾਗਾ। ਜਨੁ ਪੰਕਜ ਪਰ ਸੁਭਤਿ ਪਰਾਗਾ ॥੫੧॥

ਸਾਰਾ ਦਿਨ ਜੰਗਲ ਵਿਚ ਰਹਿੰਦੇ ਹਨ। ਜਦ ਰਾਤ ਪੈਂਦੀ ਹੈ ਤਾਂ ਘਰ ਆਉਂਦੇ ਹਨ ਅਤੇ ਰਾਤ ਘਰ ਹੀ ਗੁਜ਼ਾਰਦੇ ਹਨ। ਗਊ ਦੇ ਪੈਰਾਂ ਦੀ ਧੂੜ ਸਰੀਰ ਨੂੰ ਇੰਝ ਸ਼ੋਭਦੀ ਹੈ ਜਿਵੇਂ ਕੰਵਲ ਦੇ ਫੁੱਲ ਤੇ ਪਰਾਗ ਪਈ ਬਹੁਤ ਸੋਹਣੀ ਲੱਗਦੀ ਹੈ॥ ੫੧॥

ਅੰਕ ਬਸਾਇ ਮਾਤ ਬਲ ਜਾਈ। ਬਦਨ ਪੋਂਛ ਦੇਖਹਿ ਹਿਤ ਲਾਈ।
ਕਰਤਿ ਦੁਲਾਰ ਸੰਗ ਪ੍ਰਿਯਬਾਨੀ। 'ਤਾਤ ਨ ਕੀਜੈ ਅਬ ਬਨ ਜਾਨੀ ॥੫੨॥

ਮਾਤਾ ਜੀ ਆਪਣੀ ਗੋਦੀ ਵਿਚ ਬਿਠਾ ਕੇ ਬਲਿਹਾਰ ਜਾਂਦੇ ਹਨ। ਮੁਖੜਾ ਸਾਫ ਕਰਕੇ ਬੜੇ ਪਿਆਰ ਨਾਲ ਵੇਖਦੇ ਹਨ। ਉਹ ਆਪਣੇ ਦੁਲਾਰੇ ਨਾਲ ਪਿਆਰ ਦੀ ਬੋਲੀ ਬੋਲਦੇ ਹਨ, "ਹੇ ਪੁੱਤਰ! ਹੁਣ ਜੰਗਲ ਵਿਚ ਗਊਆਂ ਚਾਰਨ ਨਾ ਜਾਇਆ ਕਰ॥ ੫੨॥

ਆਤਪ ਲਗੀ ਅੰਕ ਕੇ ਸੰਗਾ। ਸੁਭ ਰੰਗਹਿ ਤੇ ਭਯੋ ਕੁਰੰਗਾ।
ਬਨ ਬਿਚਰਤਿ ਭੇ ਦੁਰਬਲ ਅੰਗਾ। ਪੁਰਿ ਮਹਿਂ ਖੇਲਹੁ ਸੰਗ ਉਮੰਗਾ॥੫੩॥

ਤੇਰੇ ਅੰਗਾਂ ਨੂੰ ਬਹੁਤ ਧੁੱਪ ਲੱਗਦੀ ਹੈ। ਤੇਰਾ ਗੋਰਾ ਨਸੋ ਰੰਗ ਕਾਲਾ ਪੈ ਗਿਆ ਹੈ। ਵਣ ਵਿਚ ਫਿਰਨ ਨਾਲ ਤੇਰਾ ਸਰੀਰ ਕਮਜ਼ੋਰ ਹੋ ਗਿਆ ਹੈ। ਹੁਣ ਨਗਰ ਵਿਚ ਰਹਿ ਕੇ ਬੜੇ ਚਾਅ ਅਤੇ ਉਤਸ਼ਾਹ ਨਾਲ ਖੇਡਿਆ ਕਰ॥ ੫੩॥

ਸਭਿ ਦਿਨ ਬਨ ਮਹਿਂ ਕਰਹੁ ਗੁਜਾਰਨ। ਤਰਸਤਿ ਲੋਚਨ ਦਰਸ਼ਨ ਕਾਰਨ।
ਜਾਵਹਿਂ ਦਾਸ ਜਿ ਸੁਰਭੀ ਚਾਰਨ। ਤੁਮ ਘਰ ਰਹੀਏ ਬਿਰਹਿ ਬਿਦਾਰਨ॥੫੪॥

ਸਾਰਾ ਦਿਨ ਵਣ ਵਿਚ ਹੀ ਗੁਜ਼ਾਰ ਦਿੰਦੇ ਹੋ। ਮੇਰੀਆਂ ਅੱਖਾਂ ਦੀਦਾਰ ਵਾਸਤੇ ਤਰਸ ਜਾਂਦੀਆਂ ਹਨ। ਨੌਕਰ ਮੱਝਾਂ ਚਾਰਨ ਜਾਇਆ ਕਰਨਗੇ। ਹੇ ਬਿਰਹਾ ਨੂੰ ਦੂਰ ਕਰਨ ਵਾਲੇ ! ਤੁਸੀਂ ਹੁਣ ਘਰ ਹੀ ਰਿਹਾ ਕਰੋ'' ॥ ੫੪॥

ਕਰਿ ਦੁਲਾਰ ਬਹੁ ਸੁਤ ਬੈਸਾਯੋ। ਚਲਿ ਤਤਕਾਲਹਿ ਕਾਲੂ ਆਯੋ।
ਪਤਿ ਸੋਂ ਕਹਤਿ 'ਏਕ ਹਮ ਤਾਤਾ। ਸੋ ਕੀਨੋ ਸੁਰਭੀ ਕੋ ਤ੍ਰਾਤਾ॥ ੫੫॥

ਲਾਡ ਲਡਾ ਕੇ ਪੁੱਤਰ ਨੂੰ ਆਪਣੇ ਪਾਸ ਬਿਠਾਇਆ। ਤੁਰੰਤ ਹੀ ਮਹਿਤਾ ਕਾਲੂ ਆ ਗਿਆ। ਫਿਰ ਪਤੀ ਨੂੰ ਕਹਿਣ ਲੱਗੀ, ''ਸਾਡਾ ਇਕ ਹੀ ਪੁੱਤਰ ਹੈ ਤੇ ਉਸ ਨੂੰ ਵੀ ਗਊਆਂ ਦਾ ਵਾਗੀ ਬਣਾ ਦਿੱਤਾ ਹੈ॥੫੫॥

ਸਭਿ ਬਾਸੁਰ ਬਨ ਬੀਚ ਬਿਹਾਰੂ। ਕੁਮਲਾਵਤਿ ਕਮਲਾਨਨ ਚਾਰੂ।
ਅਬ ਨ ਭੇਜੀਏ ਸੁਰਭੀ ਸੰਗਾ। ਹੁਇਗੋ ਦੁਰਬਲ ਮ੍ਰਿਦੁਲ ਸੁਅੰਗਾ॥੫੬॥

ਸਾਰਾ ਦਿਨ ਉਹ ਜੰਗਲਾਂ ਵਿਚ ਫਿਰਦਾ ਹੈ। ਉਸ ਦਾ ਸੁੰਦਰ ਕੰਵਲ ਫੁੱਲਾਂ ਵਰਗਾ ਮੁਖੜਾ ਕੁਮਲਾ ਗਿਆ ਹੈ। ਹੁਣ ਉਸ ਨੂੰ ਗਊਆਂ ਚਾਰਨ ਨਾ ਭੇਜਿਆ ਕਰੋ। ਕੋਮਲ ਸੁੰਦਰ ਸਰੀਰ ਵਾਲਾ ਹੁਣ ਬਹੁਤ ਕਮਜ਼ੋਰ ਹੋ ਗਿਆ ਹੈ'' ॥ ੫੬॥

ਜਬ ਦੰਪਤਿ ਸਮਝੇ ਅਸ ਰੀਤੀ। ਬਧੀ ਪੁੱਤ੍ਰ ਸੋਂ ਪਾਵਨ ਪ੍ਰੀਤੀ।
ਬਹੁਰ ਨ ਬਨ ਮਹਿਂ ਪਠਵਨ ਕੀਨਾ। ਘਰ ਰਖਿ ਮਾਤ ਪਿਤਾ ਸੁਖ ਲੀਨਾ॥੫੭॥

ਜਦ ਪਤੀ ਪਤਨੀ ਐਸੀ ਰੀਤੀ ਨੂੰ ਸਮਝਦੇ ਹਨ ਤਾਂ ਆਪਣੇ ਪੁੱਤਰ ਨਾਲ ਪਵਿੱਤਰ ਪ੍ਰੀਤ ਵਧਾਉਂਦੇ ਹਨ। ਫਿਰ ਦੁਬਾਰਾ ਡੰਗਰ ਚਾਰਨ ਵਾਸਤੇ ਜੰਗਲ ਵਿਚ ਨਾ ਭੇਜਿਆ। ਘਰ ਰੱਖ ਕੇ ਮਾਤਾ ਪਿਤਾ ਨੇ ਸੁਖ ਪ੍ਰਾਪਤ ਕੀਤਾ॥ ੫੭॥

ਦੋਹਰਾ- ਸੁਖ ਸਾਗਰ ਨਾਗਰ ਗੁਰੂ ਜਗਤ ਉਜਾਗਰ ਰੂਪ।
ਕਰਨੇ ਭਗਤਿ ਪ੍ਰਕਾਸ਼ ਕੋ ਬ੍ਰਿੱਧਤਿ ਦੇਹਿ ਅਨੂਪ॥੫੮॥

ਸੁਖਾਂ ਦੇ ਸਮੁੰਦਰ, ਚਤੁਰ, ਪ੍ਰਸਿਧ ਜਗਤ ਗੁਰੂ ਸਰੂਪ, ਭਗਤੀ ਪ੍ਰਗਟ ਕਰਨ ਹਿਤ ਅਨੂਪਮ ਸਰੀਰ ਵਧਾਇਆ ਹੈ॥ ੫੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਬੁਲਾਰ ਸ਼ਰਧਾ ਦੈਨ' ਪ੍ਰਸੰਗ ਬਰਨਨ ਨਾਮ ਇਕਾਦਸ਼ਮੋ ਅਧਯਾਯ॥ ੧੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਗਿਆਰਵਾਂ ਅਧਿਆਇ, ਜਿਸ ਦਾ ਨਾਮ ''ਰਾਇ ਬੁਲਾਰ ਨੂੰ ਸਿਦਕ'' ਹੈ, ਸਮਾਪਤ ਹੋਇਆ॥ ੧੧॥

# ਅਧਿਆਇ ਬਾਰ੍ਹਵਾਂ

ਖੇਤ ਬੀਜਣਾ, ਬ੍ਰਿੱਛ ਦੀ ਛਾਂ ਅਸਥਿਰ।

ਦੋਹਰਾ- ਸ੍ਰੀ ਚੰਡੀ ਖੰਡਨ ਦੁਸ਼ਟ ਭੁਜ ਦੰਡਨ ਬਰਬੰਡ।
ਜਗ ਮੰਡਨ ਪਦ ਬੰਦਨਾ ਜਾਂਕੋ ਤੇਜ ਪ੍ਰਚੰਡ॥ ੧॥

ਮਜ਼ਬੂਤ ਬਾਹਾਂ ਵਾਲੀ, ਦੁਸ਼ਟਾਂ ਦਾ ਨਾਸ ਕਰਨ ਵਾਲੀ, ਜਿਸ ਦਾ ਤੇਜ ਝੱਲਿਆ ਨਹੀਂ ਜਾਂਦਾ। ਐਸੀ ਚੰਡਿਕਾ ਸਰਸਵਤੀ ਜੋ ਵਰ ਦੇਣ ਵਾਲੀ ਤੇ ਜਗਤ ਨੂੰ ਸੰਵਾਰਣ ਵਾਲੀ ਹੈ, ਦੇ ਚਰਨਾਂ ਤੇ ਮੇਰੀ ਨਮਸ਼ਕਾਰ ਹੋਵੇ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਕਹਿ ਬਾਲਾ ਸ੍ਰੀ ਅੰਗਦ ਗੁਰੁ ਜੀ। ਸੁਨਹੁ ਕਥਾ ਨਾਸ਼ਕ ਤ੍ਰੈਜੁਰ ਕੀ।
ਬਹੁਰੋ ਰਿਤੁ ਪਾਵਸ ਸ਼ੁਭ ਆਈ। ਗਗਨ ਬੀਚ ਬਾਦਰ ਦ੍ਰਿਸ਼ਟਾਈ॥ ੨॥

ਭਾਈ ਬਾਲੇ ਨੇ ਕਿਹਾ, "ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਹੁਣ ਤੁਸੀ ਤਿੰਨਾਂ ਤਾਪਾਂ ਦੇ ਨਾਸ਼ ਕਰਨ ਵਾਲੇ ਦੀ ਕਥਾ ਸੁਣੋ। ਬਾਅਦ ਵਿਚ ਬਰਸਾਤ ਦੀ ਸ਼ੁਭ ਰੁਤ ਆਈ ਤੇ ਅਸਮਾਨ ਵਿਚ ਬੱਦਲ ਨਜ਼ਰ ਆਉਣ ਲੱਗੇ॥ ੨॥

ਭਾਗ ਜਗੇ ਪੂਰਬ ਜੱਗਜਾਸੀ। ਜਿਉਂ ਤਨ ਧਰਤਿ ਸੰਤ ਸੁਖਰਾਸੀ।
ਚਢੀ ਘਟਾ ਕਾਲੀ ਜਿਵ ਕਾਲੀ। ਪਰਨੋ ਬੱਜ੍ਰ ਬਜਾਵਤਿ ਤਾਲੀ॥ ੩॥

ਜਗਿਆਸੂਆਂ ਦੇ ਪਿਛਲੇ ਭਾਗ ਜਾਗ ਪਏ। ਜਦੋਂ ਸੰਤਾਂ ਨੂੰ ਸੁਖ ਦੇਣ ਵਾਲੇ ਨੇ ਇਸ ਦੁਨੀਆਂ ਵਿਚ ਅਵਤਾਰ ਧਾਰਿਆ। ਕਾਲਕਾ ਦੇਵੀ ਵਾਂਗ ਕਾਲੇ ਬੱਦਲਾਂ ਦੀ ਘਟਾ ਚੜ੍ਹੀ। ਬਿਜਲੀ ਇੰਝ ਕੜਕਦੀ ਸੀ, ਮਾਨੋਂ ਤਾਲੀ ਮਾਰਦੀ ਹੈ॥ ੩॥

ਸਾਸਨਪਾਕ ਸਰਾਸਨ ਜੋਊ। ਬਾਂਕੀ ਭ੍ਰਿਕੁਟੀ ਲਖਿਯਤਿ ਸੋਊ।
ਅਤਿ ਕਰਕਨ ਜਿਹ ਕੀ ਕਲਿਕਾਰੀ। ਡਰਤਿ ਅਸੁਰ ਸੇ ਮੇਚਕ ਬਜਾਰੀ॥ ੪॥

ਇੰਦਰ ਦਾ ਜੋ ਧਨੁਖ ਹੈ, ਉਹ ਟੇਢੇ ਭਰਵੱਟੇ ਵਾਂਗ ਨਜ਼ਰ ਆਉਂਦਾ ਹੈ। ਬੱਦਲ ਇੰਝ ਗੱਜਦੇ ਹਨ, ਜਿਵੇਂ ਚੀਕਾਂ ਵੱਜਦੀਆਂ ਹੋਣ। ਦੈਂਤ ਅਤੇ ਕਾਲੇ ਸੱਪ ਸੁਣ ਕੇ ਡਰਦੇ ਹਨ॥ ੪॥

ਹੋਤਿ ਘੋਖ ਜਿਹ ਗਰਜ ਸੁਹਾਵਤਿ। ਅਮਰ ਮਯੂਰ ਹਰਖ ਉਪਜਾਵਤਿ।
ਚੰਚਲ ਜੋ ਚੰਚਲਾ ਚਮਕਾਵਤਿ। ਪਾਨ ਕ੍ਰਿਪਾਨਹਿ ਲਏ ਨਚਾਵਤਿ॥ ੫॥

ਦੇਵਤਿਆਂ ਅਤੇ ਮੋਰਾਂ ਨੂੰ ਗਰਜ ਦੀ ਧੁੰਨ ਬਹੁਤ ਸੁਹਾਵਣੀ ਲੱਗਦੀ ਹੈ ਤੇ ਉਹ ਗੱਜਣ ਦੀ ਆਵਾਜ਼ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਹਨ। ਚੰਚਲ ਬਿਜਲੀ ਇਸ ਤਰਾਂ ਚਮਕਦੀ ਹੈ, ਜਿਵੇਂ ਉਹ ਹੱਥ ਵਿਚ ਤਲਵਾਰ ਲੈ ਕੇ ਨੱਚਦੀ ਹੋਵੇ॥ ੫॥

ਦੰਤ ਪੰਕਤੀ ਸ਼ੁਭਤਿ ਬਲਾਕਾ। ਸ਼ਜਾਮ ਸਰੂਪ ਬਨਜੋ ਅਸ ਤਾਂਕਾ।
ਮਿਲਿ ਦਾਦੁਰ ਬਹੁ ਸ਼ਬਦ ਪੁਕਾਰਾ। ਮਨਹੁਂ ਪਢਤਿ ਬਾਲਿਕ ਚਟਸਾਰਾ॥ ੬॥

ਉਡਦੇ ਬਗਲਿਆਂ ਦੀ ਕਤਾਰ ਬਹੁਤ ਸੁੰਦਰ ਲਗਦੀ ਹੈ ਤੇ ਉਸ ਦਾ ਕਾਲਾ ਸਰੂਪ ਇਸ ਤਰ੍ਹਾਂ ਬਣ ਗਿਆ ਹੈ। ਜਿਵੇ ਡੱਡੂ ਮਿਲ ਕੇ ਜਦ ਗੜੈਂ-ਗੜੈਂ ਕਰਦੇ ਹਨ ਤਾਂ ਇੰਝ ਲਗਦਾ ਹੈ ਜਿਵੇ ਬਾਲਕ ਪਾਠਸ਼ਾਲਾ ਵਿਚ ਪੜ੍ਹ ਰਹੇ ਹੋਣ॥ ੬॥

ਜਰ ਤੇ ਜਰਗਜੋ ਜੂਹ ਜਵਾਸਾ। ਜਿਉਂ ਹਰਿ ਭਜਨ ਹੋਤਿ ਅਘ ਨਾਸ਼ਾ।
ਮਿਲਿ ਸਰਿਤਾ ਸੌਂ ਜੇ ਲਘੁ ਨਾਲਾ। ਸਿੰਧੁ ਸਰੂਪ ਭਏ ਤਿਹ ਕਾਲਾ॥ ੭॥

ਵਰਖਾ ਹੋਣ ਨਾਲ ਜਵਾਹਾ (ਗਰਮੀ ਵਿਚ ਹੋਣ ਵਾਲਾ ਇਕ ਘਾਹ ਜੋ ਵਰਖਾ ਪੈਣ ਨਾਲ ਸੜ ਜਾਂਦਾ ਹੈ, ਖਸ ਦੀ ਟੱਟੀ ਵਾਂਗ ਇਸ ਦਾ ਪਰਦਾ ਬਹੁਤ ਵਧੀਆ ਬਣਦਾ ਹੈ, ਇਸ ਦੇ ਬੀਜ ਜੇ ਵਸਤਾਂ ਵਿਚ ਰੱਖੀਏ ਤਾਂ ਕੀੜਾ ਨਹੀਂ ਲਗਦਾ) ਜੜ੍ਹਾਂ ਤੋਂ ਇੰਝ ਸੜ ਗਿਆ ਜਿਵੇਂ ਹਰੀ ਦਾ ਭਜਨ ਕਰਨ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ। ਛੋਟੇ-ਛੋਟੇ ਨਾਲੇ ਜਦ ਨਦੀਆਂ ਨਾਲ ਮਿਲ ਗਏ ਤਾਂ ਨਦੀਆਂ ਨੇ ਸਮੁੰਦਰ ਦਾ ਰੂਪ ਹੀ ਧਾਰਨ ਕਰ ਲਿਆ॥ ੭॥

ਬ੍ਰਹਮ ਗਯਾਨ ਭੇ ਜੈਸ ਮੁਮੋਖੂ। ਬ੍ਰਹਮ ਰੂਪ ਹੋਵਤਿ ਬਿਨ ਦੋਖੂ।
ਤਜਿ ਮ੍ਰਯਾਦ ਉਛਰੇ ਲਘੁ ਤਾਲਾ। ਜਿਉਂ ਸ੍ਰੀ ਮਦ ਤੇ ਨੀਚ ਕੁਚਾਲਾ॥ ੮॥

ਬ੍ਰਹਮ ਗਿਆਨ ਹੋਣ ਤੇ ਜੈਸੇ ਮੁਕਤੀ ਦੀ ਇੱਛਾ ਰੱਖਣ ਵਾਲੇ ਕਿਸੇ ਦੁੱਖ ਤੋਂ ਬਗੈਰ ਬ੍ਰਹਮ ਰੂਪ ਹੋ ਜਾਂਦੇ ਹਨ। ਹਦਾਂ ਟੱਪ ਕੇ ਛੋਟੇ ਤਾਲਾਬ ਇੰਝ ਉਛਲ ਗਏ, ਜਿਵੇਂ ਮਾਇਆ ਦੇ ਹੰਕਾਰ ਨਾਲ ਕੋਈ ਨੀਚ ਚਾਲਾਂ ਚਲਦਾ ਹੈ॥ ੮॥

ਉਡਤਿ ਧੂਰ ਜੋ ਸਗਲ ਬਿਲਾਨੀ। ਜਿਉਂ ਸਤਿਗੁਰ ਮਿਲ ਕੁਮਤਿ ਨਸਾਨੀ।
ਪੰਥੀ ਚਲਤਿ ਧਾਮ ਬਿਸਰਾਮੇ। ਜਿਉਂ ਮਨ ਥਿਰੁ ਸਿਮਰਤਿ ਹਰਿ ਨਾਮੇ॥ ੯॥

ਜਿਹੜੀ ਧੂੜ ਉਡਦੀ ਸੀ, ਮੀਹ ਪੈਣ ਨਾਲ ਇੰਝ ਛੁੱਪ ਗਈ ਜਿਵੇਂ ਸਤਿਗੁਰੂ ਜੀ ਨੂੰ ਮਿਲਣ ਨਾਲ ਖੋਟੀ ਬੁੱਧੀ ਦੌੜ ਜਾਂਦੀ ਹੈ। ਰਾਹੀ ਆਪਣੇ ਘਰਾਂ ਵਿਚ ਜਾ ਕੇ ਇੰਝ ਟਿੱਕ ਗਏ ਜਿਵੇਂ ਹਰੀ ਦਾ ਨਾਮ ਸਿਮਰਨ ਨਾਲ ਮਨ ਟਿੱਕ ਜਾਂਦਾ ਹੈ॥ ੯॥

ਜਿਉਂ ਲੀਲਾ ਕੀਨੀ ਰਿਤੁ ਬਰਖਾ। ਤਿਉ ਮੈਂ ਕਹਿਹੌਂ ਸੁਨਹੁ ਸੁ ਹਰਖਾ।
ਏਕ ਦਿਵਸ ਕਾਲੂ ਲੇ ਅੰਕਾ। ਕਰਿ ਦੁਲਾਰ ਪਿਖਿ ਬਦਨ ਮਯੰਕਾ॥ ੧੦॥

ਵਰਖਾ ਰੁੱਤ ਨੇ ਜੋ ਲੀਲ੍ਹਾ ਕੀਤੀ ਉਹੋ ਮੈਂ ਕਹਿ ਰਿਹਾ ਹਾਂ, ਇਸ ਲਈ ਪਿਆਰ ਨਾਲ ਸੁਣੋ। ਇਕ ਦਿਨ ਮਹਿਤਾ ਕਾਲੂ ਨੇ ਆਪਣੇ ਪੁੱਤਰ ਨੂੰ ਬੁਲਾਇਆ ਤੇ ਚੰਦਰ ਰੂਪ ਮੁੱਖ ਵਾਲੇ ਪੁੱਤਰ ਨੂੰ ਲਾਡ ਪਿਆਰ ਕੀਤਾ॥ ੧੦॥

ਬਚਨ ਕਹਤਿ 'ਸੁਤ ! ਤੂੰ ਭਾ ਸਜਾਨਾ। ਅਬ ਨ ਕਰਤਿ ਗੋ ਸੰਗ ਬਨ ਜਾਨਾ।
ਉਭੈ ਬ੍ਰਿਖਭ ਨਿਜ ਅਉਛਕ ਮਾਹੀ। ਲੇਹੁ ਨਿਕਾਸ ਤਰੁਨ ਜੋ ਆਹੀ॥ ੧੧॥

ਫਿਰ ਮਹਿਤਾ ਕਾਲੂ ਨੇ ਕਿਹਾ, "ਪੁੱਤਰ ਹੁਣ ਤੂੰ ਸਿਆਣਾ ਹੋ ਗਿਆ ਹੈਂ। ਹੁਣ ਤੂੰ ਗਊਆਂ ਦੇ ਨਾਲ ਜੰਗਲ ਵਿਚ ਨਾ ਜਾਇਆ ਕਰ। ਨਿੱਜੀ ਖੇਤੀ ਵਾਸਤੇ ਦੋ ਬੈਲ ਜਿਹੜੇ ਜਵਾਨ ਹਨ, ਲੈ ਲਵੋ॥ ੧੧॥

ਲਾਂਗੁਲ ਸੰਗ ਬਹੁਰ ਕਰਿ ਕਾਮਾ। ਬੀਜ ਸੁ ਲੈਹੁ ਸਵਾ ਮਨ ਧਾਮਾ।
ਜਾਇ ਰਾਹੀਏ ਖੇਤ ਨਿਰਾਲਾ। ਕਰਹੁ ਨੀਰ ਸੋਂ ਤਿਹ ਪ੍ਰਤਿਪਾਲਾ॥ ੧੨॥

ਨੌਕਰ ਲੈ ਕੇ ਖੇਤ ਵਿਚ ਹਲ ਲੈ ਜਾਉ ਤੇ ਘਰ ਤੋਂ ਸਵਾ ਮਣ ਬੀਜ ਲੈ ਲਵੋ। ਖੇਤ ਵਿਚ ਹਲ ਵਾਹ ਕੇ ਬੀਜ ਨੂੰ ਬੀਜ ਦੇਵੋ। ਬਾਅਦ ਵਿਚ ਪਾਣੀ ਦੇ ਕੇ ਇਸ ਦੀ ਪਾਲਣਾ ਕਰੋ॥ ੧੨॥

ਮ੍ਰਿਗ ਪਸ਼ੂਅਨ ਕੇ ਹੁਇ ਰਖਵਾਰੇ। ਕ੍ਰਿਖਿ ਪਕਾਇ ਕੀਜੈ ਖਲਵਾਰੇ।
ਜੇ ਅੰਨ ਆਨਹੁ ਬਹੁ ਇਕ ਬਾਰੀ। ਰਖ ਦੇਵੌਂ ਕਾਮੇਂ ਦੁਇਚਾਰੀ॥ ੧੩॥

ਮ੍ਰਿਗ ਅਤੇ ਹੋਰ ਪਸ਼ੂਆਂ ਤੋਂ ਰਖਵਾਲੀ ਕਰਾਓ, ਖੇਤੀ ਪਕਾ ਕੇ ਖਿਲਵਾੜੇ ਲਾ ਦਿਉ। ਜੇ ਇਕ ਵਾਰ ਬਹੁਤ ਅੰਨ ਲੈ ਆਵੇਂਗੇ, ਫਿਰ ਮੈਂ ਦੋ ਚਾਰ ਕਾਮੇ ਹੋਰ ਰੱਖ ਦੇਵਾਂਗਾ॥ ੧੩॥

ਅਸਬਿਧਿ ਕੀ ਕ੍ਰਿਤਿ ਕਰਹੁ ਨਿਬਾਹੀ। ਅਤੁਟ ਹੋਇ ਸਭਿ ਕਿਛ ਘਰ ਮਾਹੀ'।
ਸ੍ਰੀ ਨਾਨਕ ਸੁਨਿ ਕਰਿ ਪਿਤ ਬਾਨੀ। ਜੁ ਧਨ ਤ੍ਰਿਸ਼ਨਾ ਮਹਿਂ ਲਪਟਾਨੀ॥ ੧੪॥

ਇਸ ਢੰਗ ਨਾਲ ਆਪਣੀ ਕਿਰਤ ਕਰੋ। ਇਸ ਨਾਲ ਘਰ ਵਿਚ ਸਭ ਕੁਝ ਅੱਤੁਟ ਹੋਵੇਗਾ।" ਗੁਰੂ ਨਾਨਕ ਜੀ ਨੇ ਆਪਣੇ ਪਿਤਾ ਦੀ ਗੱਲ ਸੁਣੀ, ਜਿਹੜਾ ਧਨ ਦੀ ਤ੍ਰਿਸ਼ਨਾ ਵਿਚ ਲਿਪਟਿਆ ਹੋਇਆ ਸੀ॥ ੧੪॥

'ਸੁਨਹੁ ਪਿਤਾ ਜੀ! ਆਇਸੁ ਜੈਸੀ। ਕਹਹੁ ਆਪ ਹੌਂ ਕਰਿਹੌਂ ਤੈਸੀ'।
ਤਬ ਕਾਲੂ ਦਿਯ ਬੀਜ ਤੁਲਾਯਾ। ਇਕ ਕਾਮਾ ਸੁਤ ਸੰਗ ਰਲਾਯਾ॥ ੧੫॥

"ਹੇ ਪਿਤਾ ਜੀ ਸੁਣੋ! ਆਪ ਜਿਸ ਤਰ੍ਹਾਂ ਕਹਿੰਦੇ ਹੋ, ਮੈਂ ਉਸ ਤਰ੍ਹਾਂ ਹੀ ਕਰਾਂਗਾ।" ਫਿਰ ਮਹਿਤਾ ਕਾਲੂ ਨੇ ਬੀਜ ਤੁਲਵਾਇਆ ਤੇ ਇਕ ਕਾਮੇਂ ਨੂੰ ਚੁਕਵਾ ਕੇ ਆਪਣੇ ਪੁੱਤਰ ਨਾਲ ਤੋਰ ਦਿੱਤਾ॥ ੧੫॥

ਲਾਂਗੁਲ ਬੀਜ ਲਏ ਕਰ ਦੋਊ। ਵਾਹੁਣ ਗਏ ਭੂਮਿਕਾ ਸੋਊ।
ਕਹੂੰ ਕਹੂੰ ਕਾਢਜੋ ਸੀਆਰਾ। ਜਿਤੋ ਬੀਜ ਦਿਯ ਸਭਿ ਬਿਸਤਾਰਾ॥ ੧੬॥

ਦੋਵੇਂ ਬੀਜ ਲੈ ਕੇ ਖੇਤ ਵਿਚ ਚਲੇ ਗਏ ਅਤੇ ਖੇਤ ਦੀ ਭੂਮੀ ਨੂੰ ਵਾਹੁਣ ਲੱਗੇ। ਖੇਤ ਵਿਚ ਉਨ੍ਹਾਂ ਸਿਆੜ ਕੱਢੇ ਤੇ ਸਾਰੇ ਖੇਤ ਵਿਚ ਬੀਜ ਦਾ ਛੱਟਾ ਦੇ ਦਿੱਤਾ॥ ੧੬॥

ਭਈ ਸੰਝ ਆਏ ਨਿਜ ਸਦਨਾ। ਕਾਲੂ ਪਰਫੁੱਲਤਿ ਪਿਖਿ ਬਦਨਾ।
ਸ੍ਰੀ ਗੁਰੁ ਕਰ ਮਹਿਂ ਬਰਕਤ ਭਾਰੀ। ਕਿਹ ਮਹਿਂ ਸ਼ਕਤਿ ਸੁ ਕਰਹਿ ਉਚਾਰੀ ॥੧੭॥

ਜਦ ਸ਼ਾਮਾਂ ਪਈਆਂ ਤਾਂ ਦੋਵੇਂ ਆਪਣੇ ਘਰ ਆ ਗਏ। ਮਹਿਤਾ ਕਾਲੂ ਗੁਰੂ ਜੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਗੁਰੂ ਜੀ ਦੇ ਹੱਥਾਂ ਵਿਚ ਬੜੀ ਬਰਕਤ ਹੈ। ਜੋ ਮੈਂ ਕਹਿ ਸਕਦਾ ਹਾਂ ਸੋ ਮੈਂ ਉਚਾਰਨ ਕੀਤਾ ਹੈ॥ ੧੭॥

ਦਿਵਸ ਤੀਸਰੇ ਭੀ ਸਬਜ਼ਾਈ। ਜਨੁ ਅਵਿਨੀ ਨਿਜ ਅਨਦ ਜਨਾਈ।
ਕਾਲੂ ਜਾਇ ਕ੍ਰਿਖੀ ਜਬ ਦੇਖੀ। ਸਘਨ ਉਗੀ, ਭਾ ਮੋਦ ਵਿਸ਼ੇਖੀ ॥੧੮॥

ਤੀਸਰੇ ਦਿਨ ਹੀ ਹਰਿਆਵਲ ਹੋ ਗਈ, ਮਾਨੋ ਪ੍ਰਿਥਵੀ ਆਪ ਅਨੰਦਮਈ ਹੋ ਗਈ ਹੋਵੇ। ਮਹਿਤਾ ਕਾਲੂ ਨੇ ਜਾ ਕੇ ਖੇਤੀ ਵੇਖੀ, ਸੰਘਣੀ ਉੱਗੀ ਵੇਖ ਕੇ ਉਹ ਬਹੁਤ ਖੁਸ਼ ਹੋਇਆ॥ ੧੮॥

ਹੋਇ ਤਾਤ ਮਮ ਵਡ ਕ੍ਰਿਖਿਕਾਰਾ। ਦਿਉਂ ਬਸਾਇ ਇਕ ਗ੍ਰਾਮ ਨਿਰਾਰਾ।
ਨਿਪਜਾਵਨ ਧਨ ਅਨਿਕ ਬਿਧਿਨ ਸੋਂ। ਅਯੋ ਕਰਤਿ ਚਿਤਵਨ ਨਿਜ ਮਨਸੋਂ॥੧੯॥

"ਮੇਰਾ ਪੁੱਤਰ ਵੱਡਾ ਕਿਸਾਨ ਬਣੇਗਾ। ਇਸ ਨੂੰ ਮੈਂ ਇਕ ਪਿੰਡ ਜਾਂ ਨਗਰ ਵਸਾ ਕੇ ਦੇ ਦੇਵਾਂਗਾ। ਇਸ ਨੇ ਅਨੇਕ ਵਿਧੀਆਂ ਨਾਲ ਧਨ ਪੈਦਾ ਕਰਨਾ ਹੈ। ਇਸ ਤਰ੍ਹਾਂ ਉਹ ਆਪਣੇ ਮਨ ਵਿਚ ਚਿਤਵਨ ਲੱਗਾ॥ ੧੯॥

ਸ੍ਰੀ ਗੁਰੁ ਨਾਨਕ ਰਿਦੇ ਵਿਚਾਰੀ। ਧਨ ਤ੍ਰਿਸ਼ਨਾ ਦਿਨ ਪ੍ਰਤਿ ਪਿਤ ਭਾਰੀ।
ਯਾਂਤੇ ਅਬ ਹੀ ਬਨਹਿ ਨਿਬੇਰੋ। ਧਨ ਖਟਣੇ ਕੋ ਮਿਟਵੈ ਝੇਰੋ-॥ ੨੦॥

ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਮਨ ਵਿਚ ਵਿਚਾਰ ਕੀਤੀ, ਮੇਰੇ ਪਿਤਾ ਜੀ ਵਿਚ ਹਰ ਰੋਜ਼ ਧਨ ਦੀ ਤ੍ਰਿਸ਼ਨਾ ਵਧਦੀ ਜਾ ਰਹੀ ਹੈ। ਇਸ ਨਾਲ ਹੁਣੇ ਹੀ ਨਿਬੇੜਾ ਕਰ ਲੈਣਾ ਚਾਹੀਦੀ ਹੈ ਤੇ ਧਨ ਖੱਟਣ ਦਾ ਝੰਝਟ ਹੀ ਮੁਕਾ ਦੇਣਾ ਚਾਹੀਦਾ ਹੈ॥ ੨੦॥

ਬੈਸੇ ਬਹੁਰ ਖੇਤ ਰਖਵਾਰੀ। ਬਰਜਹਿਂ ਕਿਸ ਨ ਚਰਹਿਂ ਪਸੁ ਭਾਰੀ।
ਰਾਸ਼ਭ ਬੜਵਾ ਗੋ ਮ੍ਰਿਗ ਬ੍ਰਿੰਦਾ। ਚਰਤਿ ਖੇਤ, ਰਹਿਂ ਬੈਸ ਅਨੰਦਾ ॥੨੧॥

ਫਿਰ ਖੇਤ ਦੀ ਰਾਖੀ ਬੈਠ ਗਏ। ਉਹ ਕਿਸੇ ਨੂੰ ਰੋਕਦੇ ਨਹੀਂ ਸਨ, ਸਾਰੇ ਪਸ਼ੂ ਖੇਤ ਵਿਚ ਚਰਦੇ ਸਨ। ਖੋਤੇ, ਘੋੜੇ, ਗਊਆਂ, ਹਿਰਨ ਆਦਿ ਸਾਰੇ ਪਸ਼ੂ ਖੇਤ ਵਿਚ ਆਉਂਦੇ ਸਨ ਤੇ ਫਿਰ ਉਥੇ ਬੈਠ ਕੇ ਆਨੰਦ ਵੀ ਲੈਂਦੇ ਸਨ॥ ੨੧॥

ਚੌਪਈ- ਦਿਨ ਦੋਇਕ ਮਹਿਂ ਦੀਨਿ ਨਬੇਰੀ। ਇਕ ਨ ਬੂਟ ਜਹਿਂ ਸਘਨ ਘਨੇਰੀ।
ਕਾਲੂ ਗਯੋ ਬਿਲੋਕਨ ਖੇਤੂ। ਢਿਗ ਬੈਠੇ ਬੇਦੀ ਕੁਲ ਕੇਤੂ॥ ੨੨॥

ਇਕ ਦੋ ਦਿਨਾਂ ਵਿਚ ਸਾਰੀ ਫਸਲ ਮੁਕਾ ਦਿੱਤੀ। ਸੰਘਣੀ ਖੇਤੀ ਦਾ ਇਕ ਬੂਟਾ ਵੀ ਨਾ ਬਚਿਆ। ਮਹਿਤਾ ਕਾਲੂ ਜਦ ਖੇਤ ਵੇਖਣ ਗਿਆ ਤਾਂ ਬੇਦੀ ਕੁਲ ਦੇ ਧ੍ਵਜ ਭਾਵ ਗੁਰੂ ਜੀ ਖੇਤ ਦੇ ਕੋਲ ਬੈਠੇ ਸਨ॥ ੨੨॥

ਫਿਰੈਂ ਕਿਦਾਰ ਮੱਧ ਪਸੁ ਬ੍ਰਿੰਦਾ। ਕਿਸੈ ਨ ਬਰਜੈਂ ਆਨੰਦ ਕੰਦਾ।
ਅਸਬਿਧਿ ਦੇਖਿ ਕ੍ਰੋਧ ਭਾ ਕਾਲੂ। ਮੁਖ ਬੋਲਤਿ ਦੁਰਬਚਨ ਬਿਸਾਲੂ॥੨੩॥

ਫਸਲ ਵਿਚ ਬਹੁਤ ਸਾਰੇ ਪਸ਼ੂ ਫਿਰ ਰਹੇ ਸਨ ਤੇ ਅਨੰਦ ਦੇ ਦਾਤੇ ਕਿਸੇ ਪਸ਼ੂ ਨੂੰ ਵੀ ਰੋਕ ਨਹੀਂ ਰਹੇ ਸਨ। ਇਸ ਤਰ੍ਹਾਂ ਵੇਖ ਕੇ ਕਾਲੂ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਮੁੱਖ ਤੋਂ ਬੜੇ ਭੈੜੇ ਦੁਰਬਚਨ ਬੋਲੇ॥ ੨੩॥

ਮੰਦ ਭਾਗ ਮੈਂ ਅਪਨ ਨਿਹਾਰਾ। ਤੂੰ ਸੁਤ ਜਨਮਜੋ ਸਦਨ ਉਜਾਰਾ।
ਆਰਬਲਾ ਲਘੁ ਮਹਿਂ ਤਵ ਚਾਲੀ। ਵਸਤੁ ਖੋਇ ਕਿਯ ਆਲਯ ਖਾਲੀ॥੨੪॥

"ਮੈਂ ਆਪਣੀ ਬੁਰੀ ਕਿਸਮਤ ਵੇਖਦਾ ਹਾਂ। ਤੂੰ ਘਰ ਉਜਾੜੂ ਪੁੱਤਰ ਜੰਮਿਆ ਹੈਂ। ਛੋਟੀ ਉਮਰ ਤੋਂ ਹੀ ਤੇਰੇ ਇਹ ਚਾਲੇ ਹਨ, ਵਸਤ ਗਵਾ ਕੇ ਘਰ ਖਾਲੀ ਆ ਜਾਂਦਾ ਹੈਂ।॥ ੨੪॥

ਉਚਿਤ ਕਮਾਵਨ ਅਬ ਭੀ ਬੈਸਾ। ਕਰਨ ਕੁਕਾਜ ਲਗੇ ਪੁਨ ਐਸਾ।
ਮੁਝ ਪਸ਼ਚਾਤੁ ਖਾਹਿਂ ਕ੍ਰਿਤ ਕਰਿ ਕੋ। ਰਲੇਂ ਫਕੀਰਨ ਸੋਂ ਤਜਿ ਘਰ ਕੋ ॥੨੫॥

ਹੁਣ ਤੇਰੀ ਉਮਰ ਕਮਾਉਣ ਲਾਇਕ ਹੋ ਗਈ ਹੈ, ਪਰ ਤੂੰ ਭੈੜੇ ਕੰਮ ਕਰਨ ਲੱਗ ਗਿਆ ਹੈਂ। ਮੇਰੇ ਪਿਛੋਂ ਕਿਹੜੀ ਕਿਰਤ ਕਰਕੇ ਖਾਵੇਂਗਾ? ਘਰ ਨੂੰ ਛੱਡ ਕੇ ਫਕੀਰਾਂ ਨਾਲ ਰਲ ਜਾਵੇਂਗਾ"॥ ੨੫॥

ਹੇਰਿ ਹੇਰਿ ਕਹਿ ਵਾਕ ਕਠੋਰਾ। ਲਖਿ ਕੁਚਾਲ ਕੋ ਰੋਸ ਨ ਥੋਰਾ।
'ਤੁਝ ਜਨਮੇ ਤੇ ਕੋ ਗੁਣ ਮੋਹੀ। ਯਾਂਤੇ ਭਲੋ ਰਹਤਿ ਮੈਂ ਯੋਹੀ॥ ੨੬॥

ਜਦ ਉਸ ਨੇ ਵੇਖਿਆ ਕਿ ਭੈੜੇ ਚਾਲੇ ਵਾਲੇ ਨੂੰ ਥੋੜਾ ਵੀ ਰੋਸ ਨਹੀਂ ਸੀ ਤਾਂ ਮਹਿਤਾ ਕਾਲੂ ਨੇ ਵੇਖ ਵੇਖ ਕੇ ਬਹੁਤ ਕਠੋਰ ਸ਼ਬਦ ਕਹੇ। "ਤੇਰੇ ਜੰਮਣ ਦਾ ਮੈਨੂੰ ਕੀ ਫਾਇਦਾ ਹੈ। ਇਸ ਤੋਂ ਤਾਂ ਚੰਗਾ ਸੀ ਮੈਂ ਐਵੇਂ ਰਹਿੰਦਾ॥ ੨੬॥

ਇਕ ਸਪੂਤ ਬਹੁ ਦਰਬ ਕਮਾਵਹਿਂ। ਤੂੰ ਅਸ ਭਾ ਜੋ ਬਾਦ ਗਵਾਵਹਿਂ।
ਜਾਇ ਨਗਰ ਪੁਨ ਦਿਜਬਰ ਸਦਨਾ। ਉਪਾਲੰਭ ਕੇ ਕਹਿ ਬਚ ਬਦਨਾ॥੨੭॥

ਇਕ ਐਸੇ ਪੁੱਤਰ ਹੁੰਦੇ ਹਨ ਜੋ ਬਹੁਤ ਧਨ ਕਮਾਉਂਦੇ ਹਨ, ਤੂੰ ਐਸਾ ਹੈਂ ਕਿ ਵਿਅਰਥ ਗਵਾ ਦਿੰਦਾ ਹੈਂ।" ਫਿਰ ਨਗਰ ਵਿਚ ਜਾ ਕੇ ਬ੍ਰਾਹਮਣ ਦੇ ਘਰ ਗਿਆ ਅਤੇ ਉਸ ਨੂੰ ਉਲਾਂਭਾ ਦਿੱਤਾ ਕਿ ਤੂੰ ਮੁੱਖ ਤੋਂ ਝੂਠੇ ਬਚਨ ਬੋਲੇ ਹਨ॥ ੨੭॥

'ਬੇਦ ਪੁਰਾਣ ਸਭੇ ਤੁਮ ਝੂਠੇ। ਸੂਧੇ ਕਹਹੁ ਹੋਤਿ ਹੈਂ ਪੂਠੇ।
ਕਿਧੋਂ ਨ ਤੁਮ ਤੇ ਜਾਤ ਬਿਚਾਰੇ। ਕਿਧੋਂ ਹਰਖ ਹਿਤ ਪਾਜ ਉਚਾਰੇ॥੨੮॥

"ਤੁਹਾਡੇ ਸਾਰੇ ਵੇਦ ਪੁਰਾਣ ਝੂਠ ਬੋਲਦੇ ਹਨ। ਸਿੱਧੇ ਕਹੋ ਤਾਂ ਇਹ ਪੁੱਠੇ ਹੁੰਦੇ ਹਨ ਜਾਂ ਇਹ ਤੁਹਾਥੋਂ ਪੜ੍ਹੇ ਹੀ ਨਹੀਂ ਜਾਂਦੇ ਜਾਂ ਫਿਰ ਤੁਸੀਂ ਝੂਠ ਬੋਲ ਦਿੰਦੇ ਹੋ॥ ੨੮॥

ਭਲੀ ਛਤਰ ਕੀ ਦੀਨਿ ਵਡਾਈ। ਪੂਰਬ ਐਸ੍ਵਰਜ ਜਾਸ ਘਟਾਈ।
ਅਬ ਬੀਜਜੋ ਸਭਿ ਖੇਤ ਨਿਪਾਤੂ। ਪਸੁ ਚਰਵਾਇ, ਨ ਕੀਨੀ ਤ੍ਰਾਤੂ॥੨੯॥

ਤੁਸੀਂ ਮੇਰੇ ਪੁੱਤਰ ਦੀ ਵਡਿਆਈ ਕੀਤੀ ਸੀ ਕਿ ਉਸ ਦੇ ਸਿਰ ਤੇ ਛੱਤਰ ਝੁਲਣਗੇ, ਪਰ ਉਹ ਤਾਂ ਪਿਛਲਾ ਧਨ ਵੀ ਘਟਾਈ ਜਾਂਦਾ ਹੈ। ਬੀਜਿਆ ਖੇਤ ਨਾਸ਼ ਕਰ ਦਿੱਤਾ ਹੈ। ਸਾਰੀ ਫਸਲ ਪਸ਼ੂਆਂ ਨੂੰ ਚਰਵਾ ਦਿੱਤਾ ਹੈ ਤੇ ਰਾਖੀ ਨਹੀਂ ਕੀਤੀ॥ ੨੯॥

ਜਬ ਕੋ ਜਨਮਜੋ ਇਨ ਸੁਧ ਲੀਨੀ। ਧਨ ਖੱਟਨ ਕੀ ਕ੍ਰਿਤ ਨ ਕੀਨੀ।
ਖੋਯੋ ਸੰਚਜੋ ਪੂਰਬ ਮੇਰੋ। ਯਾਂਤੇ ਬਿਫਲ ਭਯੋ ਬਚ ਤੇਰੋ॥ ੩੦॥

ਜਦ ਤੋਂ ਇਹ ਜੰਮਿਆ ਹੈ ਤੇ ਹੋਸ਼ ਸੰਭਾਲੀ ਹੈ, ਇਸ ਨੇ ਧਨ ਕਮਾਉਣ ਦੀ ਕੋਈ ਕਿਰਤ ਵੀ ਨਹੀਂ ਕੀਤੀ। ਮੇਰਾ ਪਿਛਲਾ ਇਕੱਠਾ ਕੀਤਾ ਧਨ ਵੀ ਗਵਾ ਦਿੱਤਾ ਹੈ। ਇਸ ਲਈ ਤੁਹਾਡੇ ਸਾਰੇ ਬਚਨ ਵਿਅਰਥ ਗਏ ਹਨ' ॥ ੩੦॥

ਬੋਲਜੋ ਬਚਨ ਬਿੱਪ੍ਰ ਪਰਬੀਨਾ। ਜਿਹ ਮਨ ਸ੍ਰੀ ਨਾਨਕ ਜਸ ਲੀਨਾ।
'ਸੁਨਿ ਕਾਲੂ ਤੂ ਮੂਲਹੁ ਭੂਲਾ। ਸੁਤ ਸੁਸ਼ੀਲ ਤੇ ਨਿਤ ਪ੍ਰਤਿਕੂਲਾ॥ ੩੧॥

ਪਰਬੀਨ ਬ੍ਰਾਹਮਣ ਨੇ ਫਿਰ ਦੱਸਿਆ ਕਿ ਸ੍ਰੀ ਨਾਨਕ ਨੇ ਕਿਸ ਪ੍ਰਕਾਰ ਜੱਸ ਪਾਇਆ ਹੈ। "ਹੇ ਕਾਲੂ ਸੁਣ ! ਤੂੰ ਮੁੱਢੋਂ ਹੀ ਘੁੱਥਾ ਹੈਂ। ਤੂੰ ਆਪਣੇ ਸੁਸ਼ੀਲ ਪੁੱਤਰ ਦੇ ਸਦਾ ਹੀ ਉਲਟ ਰਹਿੰਦਾ ਹੈਂ॥ ੩੧॥

ਬਾਰ ਬਾਰ ਮੈਂ ਤੁਝ ਸਮਝਾਯੋ। ਜਗਤ ਉਧਾਰਨ ਹਿਤ ਇਹ ਆਯੋ।
ਭਗਵਤ ਗੀਤਾ ਸਾਰ ਵਿਚਾਰਾ। ਕਰੈ ਪਢੇ ਬਿਨ ਸ਼ਬਦ ਉਚਾਰਾ॥ ੩੨॥

ਬਾਰ-ਬਾਰ ਮੈਂ ਤੈਨੂੰ ਸਮਝਾਇਆ ਹੈ ਕਿ ਇਹ ਜਗਤ ਦਾ ਉਧਾਰ ਕਰਨ ਵਾਸਤੇ ਆਇਆ ਹੈ। ਉਹ ਇਕ ਵੀ ਸ਼ਬਦ ਪੜ੍ਹਨ ਜਾਂ ਉਚਾਰਨ ਤੋਂ ਬਗੈਰ ਭਗਵਤ ਗੀਤਾ ਦੀ ਸਾਰ ਜਾਣਦਾ ਹੈ॥ ੩੨॥

ਜਿਨ ਮੋਕੋ ਸ਼ੁਭ ਦੀਨੋ ਗਜਾਨਾ। ਜਿਹ ਬਚ ਸੁਨ ਮਮ ਮਨ ਠਹਿਰਾਨਾ।
ਲੋਕ ਉਧਾਰਨ ਕਰਹਿ ਅਨੇਕੂ। ਜਪਹਿ ਜਾਪ ਜੋ, ਪਾਇ ਬਿਬੇਕੂ॥ ੩੩॥

ਜਿਸ ਨੇ ਮੈਨੂੰ ਸ਼ੁਭ ਗਿਆਨ ਦਿੱਤਾ ਹੈ ਅਤੇ ਜਿਸ ਦੇ ਬਚਨ ਸੁਣ ਕੇ ਮੈਂ ਮਨ ਵਿਚ ਇਹ ਠਹਿਰਾਇਆ ਹੈ ਕਿ ਇਹ ਅਨੇਕਾਂ ਲੋਕਾਂ ਦਾ ਉਧਾਰ ਕਰੇਗਾ ਅਤੇ ਜਿਹੜਾ ਵੀ ਜਾਪ ਜਪੇਗਾ ਉਹ ਬ੍ਰਹਮ ਗਿਆਨੀ ਪ੍ਰਾਪਤ ਕਰੇਗਾ॥ ੩੩॥

ਮੁਝ ਕੋ ਦੀਸਤਿ ਬਿਸ਼ਨੁ ਸਮਾਨਾ। ਕਲਾਵਾਨਾ ਸਭਿ ਸ਼ੁਭ ਗੁਣਖਾਨਾ।
ਬਿੱਪ੍ਰ ਬਚਨ ਸੁਨਿ ਕਰਿ ਤਬ ਕਾਲੂ। ਸਦਨਹਿ ਆਯੋ ਰੋਸ ਬਿਸਲੂ॥ ੩੪॥

ਮੈਨੂੰ ਤਾਂ ਇਹ ਵਿਸ਼ਨੂੰ ਦਾ ਰੂਪ ਦਿੱਸਦਾ ਹੈ। ਵੱਡਾ ਕਲਾਵਾਨ ਤੇ ਗੁਣਾਂ ਦਾ ਖਜ਼ਾਨਾ ਹੈ।" ਬ੍ਰਾਹਮਣ ਦੇ ਬਚਨ ਸੁਣ ਕੇ ਮਹਿਤਾ ਕਾਲੂ ਬੜੇ ਗੁੱਸੇ ਵਿਚ ਆਪਣੇਂ ਘਰ ਆ ਗਿਆ॥ ੩੪॥

ਤਿਹ ਪਾਛੈ ਸ੍ਰੀ ਗੁਰ ਜਗਤੇਸ਼ਾ। ਰਹਤਿ ਉਦਾਸ ਦੁਰਾਏ ਬੇਸਾ।
ਕੋ ਕੋ 'ਕਲਾਵਾਨ' ਕਰਿ ਕਹਿਈ। ਜੋ ਸਤਿਸੰਗੀ ਮਾਨਵ ਅਹਿਈ॥ ੩੫॥

ਇਸ ਤੋਂ ਪਿਛੋਂ ਜਗਤ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਉਦਾਸ ਰਹਿਣ ਲੱਗ ਗਏ। ਕੋਈ ਕੋਈ ਉਨ੍ਹਾਂ ਨੂੰ 'ਕਲਾਵਾਨ' ਕਹਿੰਦਾ ਹੈ ਜਿਹੜੇ ਉਨ੍ਹਾਂ ਦੇ ਸਤਸੰਗੀ ਮਨੁੱਖ ਹਨ॥ ੩੫॥

ਨਰ ਮਤਿਮੰਦ ਨ ਲਖਿ ਸੁਖਕੰਦਾ। ਨਹਿੰ ਜਾਨਹਿੰ ਇਹ ਰੂਪ ਮੁਕੰਦਾ।
ਵਹਿਰ ਨਗਰ ਤੇ ਬਿਟਪ ਜੁ ਦੂਰਾ। ਬਾਸੁਰ ਬੈਸਹਿੰ ਤਹਿੰ ਜਗ ਮੂਰਾ॥ ੩੬॥

ਤੋੜੀ ਬੁੱਧੀ ਵਾਲੇ ਮਨੁੱਖ ਸੁਖਾਂ ਦੇ ਦਾਤੇ ਗੁਰੂ ਜੀ ਨੂੰ ਨਾ ਪਹਿਚਾਣ ਸਕੇ ਤੇ ਇਹ ਨਾ ਜਾਣ ਸਕੇ ਕਿ ਇਹ ਮੁਕਤੀਦਾਤੇ ਦਾ ਰੂਪ ਹਨ। ਉਸ ਨਗਰ ਦੇ ਬਾਹਰਵਾਰ ਦੂਰ ਜਿਹੜਾ ਇਕ ਬ੍ਰਿਛ ਹੈ, ਉਸ ਦਰੱਖਤ ਦੇ ਹੇਠਾਂ ਜਗਤ ਦੇ ਮੂਲ ਬੈਠਦੇ ਸਨ॥ ੩੬॥

ਕਾਲ ਬਿਤਾਵਹਿੰ ਰਹਿਤਿ ਇਕਾਕੀ। ਬੋਲਣ ਮਿਲਨ ਨ ਲੇਂ ਸੁਧ ਕਾਕੀ।
ਏਕ ਦਿਵਸ੍ ਪਾਦਪਦਲ ਸੁੰਦਰ। ਸਘਨ ਛਾਉਂ ਬੈਠੇ ਗੁਨਮੰਦਰ॥ ੩੭॥

ਇਕੱਲੇ ਰਹਿ ਕੇ ਸਮਾਂ ਗੁਜ਼ਾਰਦੇ ਸਨ। ਨਾ ਬੋਲਦੇ ਸਨ, ਨਾ ਕਿਸੇ ਨੂੰ ਮਿਲਦੇ ਸਨ ਅਤੇ ਨਾ ਕਿਸੇ ਦੀ ਸੁਧ ਲੈਂਦੇ ਸਨ। ਇਕ ਦਿਨ ਬ੍ਰਿਛ ਦੇ ਸੁੰਦਰ ਸੰਘਣੇ ਪੱਤਿਆਂ ਦੀ ਛਾਂ ਹੇਠ ਗੁਣਾਂ ਦੇ ਘਰ (ਗੁਰੂ ਜੀ) ਬੈਠੇ ਹੋਏ ਸਨ॥ ੩੭॥

ਜਬ ਦਿਨ ਕੇ ਜੁਗ ਜਾਮ ਬਿਤਾਏ। ਦੁਖਮੋਚਨ ਲੋਚਨ ਅਲਸਾਏ।
ਸੁੰਦਰ ਬਸਤ੍ਰ ਬਿਛਾਇ ਬਿਛੌਨਾ। ਪੌਢੇ ਪੁਨ ਅਨਕੰਪਾਭੌਨਾ॥ ੩੮॥

ਜਦ ਦੋ ਪਹਿਰ ਦਿਨ ਬੀਤ ਗਿਆ ਤੇ ਦੁਖਾਂ ਨੂੰ ਦੂਰ ਕਰਨ ਵਾਲੇ ਭਾਵ-ਗੁਰੂ ਜੀ ਦੀਆਂ ਅੱਖਾਂ ਨੀਂਦਰਾਲੀਆਂ ਹੋ ਗਈਆਂ ਤਾਂ ਸੁੰਦਰ ਵਸਤਰ ਦਾ ਵਿਛੌਣਾ ਵਿਛਾ ਕੇ ਕਿਰਪਾ ਦੇ ਘਰ, ਭਾਵ-ਗੁਰੂ ਜੀ ਲੇਟ ਗਏ॥ ੩੮॥

ਦੋਇ ਮਹੂਰਤ ਜਬਹਿ ਬਿਤਾਵਾ। ਚਲਿ ਬੁਲਾਰ ਤਿਹ ਮਾਰਗ ਆਵਾ।
ਪੇਖਿ ਅਚੰਭੌ ਮਨ ਬਿਸਮਾਨਾ। ਸ਼ੋਰ ਬਿਹੀਨ ਭਯੋ ਠਹਿਰਾਨਾ॥ ੩੯॥

ਜਦ ਚਾਰ ਘੜੀਆਂ ਸਮਾਂ ਬੀਤਿਆ ਤਾਂ ਰਾਇ ਬੁਲਾਰ ਉਸ ਰਸਤੇ ਆਇਆ। ਗੁਰੂ ਜੀ ਨੂੰ ਬ੍ਰਿਛ ਹੇਠ ਲੇਟਿਆ ਵੇਖ ਕੇ ਉਹ ਬਹੁਤ ਹੈਰਾਨ ਹੋਇਆ ਤੇ ਖੜਾਕ ਤੋਂ ਰਹਿਤ ਹੋ ਕੇ ਠਹਿਰ ਗਿਆ॥ ੩੯॥

ਨਿਜ ਸੰਗੀ ਸੋਂ ਬਚਨ ਅਲਾਵਾ। 'ਦੇਖਹੁ ਅਚਰਜ ਏਹੁ ਸੁਹਾਵਾ।
ਸੁੰਦਰ ਸੁਖਮੰਦਰ ਸੁਤ ਕਾਲੂ। ਸੋਯੋ ਅਜ਼ਮਤ ਜਾਸ ਬਿਸਾਲੂ॥ ੪੦॥

ਉਸ ਨੇ ਆਪਣੇ ਸਾਥੀ ਨਾਲ ਗੱਲ ਕੀਤੀ, "ਵੇਖੋ! ਸੁੰਦਰ, ਸੁਖਾਂ ਦਾ ਘਰ, ਮਹਿਤਾ ਕਾਲੂ ਦਾ ਪੁੱਤਰ ਕਿੰਨੀ ਵਿਲੱਖਣ ਸ਼ੋਭਾ ਪਾ ਰਿਹਾ ਹੈ। ਵੱਡੀ ਕਰਾਮਾਤ ਅਤੇ ਕੀਰਤੀ ਵਾਲਾ ਸੁੱਤਾ ਪਿਆ ਹੈ॥ ੪੦॥

ਢਰਿ ਗਾ ਸਭਿ ਪਾਦਪ ਪਰਛਾਵਾਂ। ਨਹੀਂ ਢਰਜੋ ਜਹਿਂ ਇਨ ਸੁਖ ਪਾਵਾ।
ਨਿਸ਼ਚੇ ਕਲਾਵਾਨ ਅਵਤਾਰਾ। ਰਹਿਤਿ ਦੁਰਾਇ ਅਪਨਪੌ ਸਾਰਾ॥ ੪੧॥

ਸਭ ਬ੍ਰਿਛਾਂ ਦਾ ਪ੍ਰਛਾਵਾਂ ਢਲ ਗਿਆ ਹੈ, ਪਰ ਜਿਸ ਬ੍ਰਿਛ ਹੇਠ ਇਹ ਸੁੱਤਾ ਹੈ, ਉਸ ਦਾ ਪ੍ਰਛਾਵਾਂ ਨਹੀਂ ਢੱਲਿਆ। ਨਿਸ਼ਚੇ ਹੀ ਇਹ ਕਲਾਵਾਨ ਅਵਤਾਰ ਹੈ। ਆਪਣੀ ਅਸਲੀਅਤ ਛੁਪਾਉਂਦਾ ਹੈ॥ ੪੧॥

ਪਾਵਕ ਬੀਚ ਭਸਮ ਕੇ ਜੈਸੇ। ਤੇਜ ਨ ਲਖਜੇ ਪਰਤਿ ਹੈ ਕੈਸੇ।
ਪਰ ਜੇ ਲਖਨਹਾਰ ਹੁਇ ਕੋਊ। ਤਿਹ ਨਿਕਾਸ ਸੀਤਹ ਖ੍ਵੈ ਸੋਊ॥ ੪੨॥

ਸੁਆਹ ਵਿਚ ਦੱਬੀ ਹੋਈ ਅੱਗ ਵਾਂਗ ਜਿਵੇਂ ਇਸ ਦਾ ਤੇਜ ਨਹੀਂ ਜਾਣਿਆ ਜਾ ਸਕਦਾ, ਪਰ ਜੇ ਕੋਈ ਜਾਣਨ ਵਾਲਾ ਹੋਵੇ ਤਾਂ ਸੁਆਹ ਵਿਚੋਂ ਕੱਢ ਕੇ ਪਾਲਾ ਹਟਾ ਲੈਂਦਾ ਹੈ॥ ੪੨॥

ਤਿਉਂ ਇਸਕੀ ਸੇਵਾ ਜੋ ਕਰਿਈ। ਜਨਮ ਮਰਨ ਤਿਹ ਕਿਉਂ ਨਹਿਂ ਟਰਿਈ।
ਆਗੇ ਬਿਧਿ ਇਕ ਅਚਰਜ ਦੇਖੀ। ਸਰਪ ਛਾਉਂ ਕਿਯ ਪ੍ਰੀਤ ਵਿਸ਼ੇਖੀ॥ ੪੩॥

ਇਸੇ ਤਰ੍ਹਾਂ ਹੀ ਜਿਹੜਾ ਇਸ ਦੀ ਸੇਵਾ ਕਰੇਗਾ, ਉਸ ਦਾ ਜਨਮ ਮਰਨ ਕਿਵੇਂ ਨਾ ਟਲੇਗਾ? ਪਹਿਲਾਂ ਵੀ ਇਸ ਦੀ ਇਕ ਕਰਾਮਾਤ ਵੇਖੀ ਹੈ। ਸੱਪ ਨੇ ਬੜੀ ਪ੍ਰੀਤ ਨਾਲ ਇਸ ਨੂੰ ਛਾਂ ਕੀਤੀ ਸੀ॥ ੪੩॥

ਚੌਪਈ- ਅਸਥਿਰ ਰਹੀ ਤਰੋਵਰੁ ਛਾਯਾ। ਅਚਰਜ ਹੀ ਜੁਗ ਬਾਰਿ ਲਖਾਯਾ।
ਅਸ ਕਹਿ ਬੰਦੇ ਦੋਨੋ ਹਾਥਾ। ਬੰਦਨ ਕਿਯ ਧਰਿਕੈ ਧਰ ਮਾਥਾ॥ ੪੪॥

ਬ੍ਰਿਛ ਦੀ ਛਾਂ ਇਕ ਥਾਂ ਹੀ ਟਿਕੀ ਰਹੀ ਹੈ। ਦੋ ਵਾਰ ਅਜਿਹਾ ਅਚਰਜ ਵੇਖਿਆ ਹੈ।" ਇਹ ਕਹਿ ਕੇ ਦੋਵੇਂ ਹੱਥ ਜੋੜੇ ਅਤੇ ਧਰਤੀ ਤੇ ਮੱਥਾ ਟੇਕ ਕੇ ਬੰਦਨਾ ਕੀਤੀ॥ ੪੪॥

ਹਟਯੋ ਦੂਰ ਤੇ ਸ਼ਰਧਾ ਧਾਰੀ। ਗਮਨਯੋ ਨਗਰ ਹੋਤਿ ਰਤਿ ਭਾਰੀ।
ਸ਼ੁਭ ਬਿਧਿ ਕਰਤਿ ਸੰਕਲਪ ਵਿਕਲਪਾ। ਦਿਨ ਪ੍ਰਤਿ ਜਿਹ ਕੋ ਹੁਇ ਭ੍ਰਮ ਅਲਪਾ ॥੪੫॥

ਉਹ ਸ਼ਰਧਾ ਧਾਰ ਕੇ ਦੂਰ ਹੱਟ ਗਿਆ ਅਤੇ ਪਿਆਰ ਨਾਲ ਭਰ ਕੇ ਨਗਰ ਚਲਾ ਗਿਆ। ਸ਼ੁਭ ਵਿਧੀ ਅਨੁਸਾਰ ਉਸ ਨੇ ਸੰਕਲਪ ਲਿਆ ਅਤੇ ਦਿਨ-ਬਦਿਨ ਭਰਮ ਘਟਦਾ ਗਿਆ॥ ੪੫॥

ਸਦਨ ਜਾਇ ਬੈਸਜੋ ਹਰਿਖਾਈ। ਕਾਲੂ ਗਾ ਤਬ ਸਹਜਿ ਸੁਭਾਈ।
ਸਾਦਰ ਤਿਹ ਸੁਭ ਠੌਰ ਬਿਠਾਯੋ। ਬਹੁਰ ਪ੍ਰੇਮ ਸੋਂ ਬਚਨ ਸੁਨਾਯੋ॥ ੪੬॥

ਘਰ ਜਾ ਕੇ ਬੜਾ ਪ੍ਰਸੰਨ ਹੋ ਕੇ ਬੈਠ ਗਿਆ। ਤਦ ਸਹਿਜ ਸੁਭਾਅ ਉਥੇ ਕਾਲੂ ਪਹੁੰਚ ਗਿਆ। ਬੜਾ ਆਦਰ ਦੇ ਕੇ ਉਸ ਨੂੰ ਆਪਣੇ ਨੇੜੇ ਚੰਗੀ ਥਾਂ ਬਿਠਾਇਆ ਤੇ ਫਿਰ ਬੜੇ ਪ੍ਰੇਮ ਨਾਲ ਇਹ ਬਚਨ ਸੁਣਾਇਆ॥ ੪੬॥

'ਭੂਰ ਭਾਗ ਕੇ ਭਾਜਨ ਕਾਲੂ!। ਅਸ ਸੁਤ ਜਨਮੇ ਭਯੋ ਨਿਹਾਲੂ।
ਤਦਪਿ ਸੁਭਾਵ ਤੁਮਾਰ ਕਠੋਰਾ। ਕੌਰਾ ਕਬ ਨ ਬੋਲਿਯੇ ਥੋਰਾ॥ ੪੭॥

"ਹੇ ਵੱਡੇ ਭਾਗਾਂ ਦੇ ਮਾਲਕ ਕਾਲੂ! ਤੇਰੇ ਘਰ ਐਸਾ ਪੁੱਤਰ ਜੰਮਿਆ ਹੈ ਕਿ ਤੂੰ ਨਿਹਾਲ ਹੋ ਗਿਆ ਹੈਂ। ਫਿਰ ਵੀ ਤੇਰਾ ਸੁਭਾਅ ਕਠੋਰ ਹੈ। ਤੂੰ ਉਸ ਨੂੰ ਕਦੀ ਵੀ ਕੌੜਾ ਨਾ ਬੋਲਿਆ ਕਰ॥ ੪੭॥

ਤਿਹ ਸਦਕਾ ਕਰਿ ਇਹ ਮਮ ਨਗਰੀ। ਪਾਵਨ ਹੋਤਿ ਬਸਤਿ ਸੁਖ ਸਗਰੀ।
ਭੂਲ ਨ ਕੀਜੈ ਕਬਹਿ ਅਨਾਦਰ। ਅਸਨ ਬਸਨ ਦੀਜੈ ਸੁਖ ਸਾਦਰ॥ ੪੮॥

ਉਸ ਕਰਕੇ ਹੀ ਇਹ ਮੇਰੀ ਨਗਰੀ ਪਵਿੱਤਰ ਹੋ ਗਈ ਹੈ ਅਤੇ ਸੁਖੀ ਵੱਸ ਰਹੀ ਹੈ। ਉਸ ਦਾ ਭੁੱਲ ਕੇ ਵੀ ਕਦੀ ਨਿਰਾਦਰ ਨਾ ਕਰੋ। ਸੁਖ ਤੇ ਆਦਰ ਨਾਲ ਇਸ ਨੂੰ ਭੋਜਨ ਅਤੇ ਵਸਤਰ ਦੇਵੋ॥ ੪੮॥

ਜਾਮਾਂ ਮੋਹਿ ਤੁਰਕ ਕੇ ਆਹੀ। ਭੋਜਨ ਬਨੈ ਨ ਮਮ ਘਰ ਮਾਂਹੀ।
ਨਤੁ ਰਾਖੋਂ ਸਾਦਰ ਨਿਜ ਸਦਮਾ। ਸੁਫਲ ਜਨਮ ਸੇਵੇ ਪਦ ਪਦਮਾ॥ ੪੯॥

ਮੈਂ ਇਕ ਤੁਰਕ ਦੇ ਘਰ ਜਨਮ ਲਿਆ ਹੈ। ਇਸ ਲਈ ਉਹ ਮੇਰੇ ਘਰ ਨਹੀਂ ਰਹਿ ਸਕਦਾ। ਨਹੀਂ ਤਾਂ ਮੈਂ ਉਸ ਨੂੰ ਬੜੇ ਆਦਰ ਨਾਲ ਆਪਣੇ ਘਰ ਰੱਖਾਂ। ਉਸ ਦੇ ਚਰਨਾਂ ਦੀ ਸੇਵਾ ਕਰਕੇ ਮੈਂ ਆਪਣਾ ਜਨਮ ਸਫਲਾ ਕਰਾਂ॥ ੪੯॥

ਪੋਸ਼ਿਸ਼ ਸੁੰਦਰ ਦਿਉਂ ਬਨਿਵਾਈ। ਲੇ ਜਾਵਹੁ ਕਾਲੂ ਪਹਿਰਾਈ।
ਜੋ ਆਵਹਿ ਤਿਨ ਕਾਜ ਪਦਾਰਥ। ਸੋ ਮੈਂ ਗਨਿਹੋਂ ਭਯੋ ਸਕਾਰਥ'॥ ੫੦॥

ਉਸ ਨੂੰ ਸੁੰਦਰ ਪੋਸ਼ਾਕ ਬਣਾ ਕੇ ਦਿੰਦਾ ਹਾਂ। ਹੇ ਕਾਲੂ! ਲੈ ਜਾਵੋ ਤੇ ਉਸ ਨੂੰ ਪਹਿਨਾਓ. ਮੇਰਾ ਜਿਹੜਾ ਵੀ ਪਦਾਰਥ ਉਸ ਦੇ ਕੰਮ ਆਉਂਦਾ ਹੈ, ਮੈਂ ਸਮਝਾਂਗਾ ਮੈਂ ਸਫਲ ਹੋਇਆ ਹਾਂ॥ ੫੦॥

ਸੁਨਿ ਬੁਲਾਰ ਕੀ ਅਸਬਿਧਿ ਬਾਨੀ। ਸ਼ਰਧਾ ਪ੍ਰੇਮ ਵਿਖੇ ਲਪਟਾਨੀ।
ਬੋਲਜੋ ਹਾਥ ਜੋਰਿ ਤਬ ਕਾਲੂ। ਜਾਂਕੋ ਮਾਯਾ ਮੋਹ ਬਿਸਾਲੂ॥ ੫੧॥

ਰਾਇ ਬੁਲਾਰ ਦੀ ਇਹ ਗੱਲ ਜਿਹੜੀ ਕਿ ਸ਼ਰਧਾ ਅਤੇ ਪ੍ਰੇਮ ਵਿਚ ਲਿਪਟੀ ਹੋਈ ਸੀ, ਸੁਣ ਕੇ ਮਹਿਤਾ ਕਾਲੂ, ਜਿੰਨਾਂ ਦਾ ਮਾਇਆ ਨਾਲ ਬੜਾ ਮੋਹ ਹੈ, ਹੱਥ ਜੋੜ ਕੇ ਬੋਲਿਆ॥ ੫੧॥

'ਤੁਝ ਕਰੁਨਾ ਕਰਿ ਮੁਝ ਘਰ ਸਰਬਾ। ਅਹੈਂ ਪਦਾਰਥਿ ਦਿਯ ਬਹੁ ਦਰਬਾ।
ਕਿਸੂ ਵਸਤੁ ਕੀ ਕਮੀ ਨ ਮੇਰੇ। ਅਧਿਕ ਧਾਮ ਧਨ ਮਾਲ ਘਨੇਰੇ॥ ੫੨॥

''ਤੁਹਾਡੀ ਕਿਰਪਾ ਨਾਲ ਮੇਰੇ ਘਰ ਸਭ ਕੁਝ ਹੈ। ਬੜੇ ਪਦਾਰਥ ਅਤੇ ਧਨ ਦਿੱਤਾ ਹੈ। ਕਿਸੇ ਵਸਤ ਦੀ ਵੀ ਮੇਰੇ ਘਰ ਘਾਟ ਨਹੀ। ਮੇਰੇ ਘਰ ਧਨ ਮਾਲ ਬਹੁਤ ਹੈ॥ ੫੨॥

ਤਦਪਿ ਵਧਤਿ ਮੁਝ ਨਿਤ ਚਿਤ ਚਿੰਤਾ। ਨਿਸ ਦਿਨ ਬੀਤਹਿ ਗਣੀ ਗੁਨੰਤਾ।
ਤੁਮ ਨਾਨਕ ਕੀ ਕਰਤਿ ਵਡਾਈ। ਮੈਂ ਨ ਲਖੀ ਤਿਹ ਮਤਿ ਕਿਹ ਥਾਂਈ ॥੫੩॥

ਤਦ ਵੀ ਮੇਰੇ ਚਿੱਤ ਵਿਚ ਇਕ ਚਿੰਤਾ ਵਧਦੀ ਹੀ ਜਾਂਦੀ ਹੈ। ਰਾਤ ਦਿਨ ਇਹੋ ਗਿਣਤੀ ਗਿਣਦਿਆਂ ਬੀਤ ਜਾਂਦਾ ਹੈ। ਤੁਸੀਂ ਨਾਨਕ ਦੀ ਬੜੀ ਵਡਿਆਈ ਕਰਦੇ ਹੋ, ਪਰ ਮੈਂ ਤਾਂ ਉਸ ਵਿਚ ਅਜਿਹੀ ਕੋਈ ਬੁੱਧੀ ਨਹੀਂ ਵੇਖੀ ਹੈ॥ ੫੩॥

ਜਿਹ ਕ੍ਰਿਤ ਕੇ ਤਤਪਰ ਥਿਰੁ ਕੀਨਾ। ਕੋ ਨ ਸਵਾਰੀ, ਕੀਨੀ ਹੀਨਾ।
ਪੂਰਬ ਬਹੁ ਘਰ ਵਸਤੁ ਗਵਾਈ। ਅਬ ਕਿਦਾਰ ਪਸੁ ਦੀਨਿ ਚਰਾਈ ॥੫੪॥

ਜਿਸ ਕਾਰ ਕਮਾਉਣ ਵਾਸਤੇ ਵੀ ਖੜਾ ਕੀਤਾ ਹੈ, ਕੁਝ ਨਹੀਂ ਸਵਾਰਿਆ, ਨੁਕਸਾਨ ਹੀ ਕੀਤਾ ਹੈ। ਬਚਪਨ ਵਿਚ ਘਰ ਦੀਆਂ ਬਹੁਤ ਵਸਤਾਂ ਗੁਆ ਦਿੱਤੀਆਂ। ਹੁਣ ਖੇਤੀ ਪਸ਼ੂਆਂ ਨੂੰ ਚਰਵਾ ਦਿੱਤੀ ਹੈ॥ ੫੪॥

ਜਨਮੇ ਤੇ ਜਬ ਸੁਰਤਿ ਸੰਭਾਰੀ। ਤਨਕ ਨ ਧਨ ਕੀ ਕ੍ਰਿਤਿ ਸਵਾਰੀ।
ਮਨ ਉਨਮੱਤਿ ਨ ਕਰਤਿ ਸਨੇਹੂ। ਵਹਿਰ ਨਗਰ ਬੈਸਹਿ ਤਜਿ ਗੇਹੂ' ॥੫੫॥

ਜਦ ਤੋਂ ਜੰਮਿਆ ਹੈ ਤੇ ਸੁਰਤ ਸੰਭਾਲੀ ਹੈ, ਥੋੜੀ ਵੀ ਧਨ ਦੀ ਕਿਰਤ ਨਹੀ ਕੀਤੀ। ਮਨ ਮਸਤ ਹੈ, ਪਿਆਰ ਨਹੀਂ ਕਰਦਾ। ਘਰ ਛੱਡ ਕੇ ਨਗਰ ਦੇ ਬਾਹਰ ਜਾ ਕੇ ਬੈਠ ਜਾਂਦਾ ਹੈ''॥ ੫੫॥

ਕਹਿ ਬੁਲਾਰ 'ਤੁਵਮਤਿ ਅਨਜਾਂਨੀ। ਤਿਹ ਕੀ ਰੀਤਿ ਨ ਸਕਤਿ ਪਛਾਨੀ।
ਧਨ ਤ੍ਰਿਸ਼ਨਾ ਮਹਿਂ ਮਤਿ ਲਪਟਾਨੀ। ਗੁਨਨ ਗੂਢ ਕਿਉਂ ਸਕੇ ਪਛਾਨੀ' ॥੫੬॥

ਰਾਇ ਬੁਲਾਰ ਨੇ ਕਿਹਾ, ''ਤੇਰੀ ਬੁੱਧੀ ਅਨਜਾਣ ਹੈ। ਤੂੰ ਉਸ ਦੀ ਰੀਤ ਨੂੰ ਪਛਾਣ ਨਹੀਂ ਸਕਦਾ। ਤੂੰ ਧਨ ਦੀ ਤ੍ਰਿਸ਼ਨਾ ਵਿਚ ਆਪਣੀ ਮੱਤ ਲਿਪਟਾਈ ਹੈ। ਤੂੰ ਗੁਝੇ ਗੁਣਾਂ ਵਾਲੇ ਨੂੰ ਕਿਵੇਂ ਪਛਾਣ ਸਕਦਾ ਹੈਂ''॥ ੫੬॥

ਕਹਿਨ ਸੁਨਨਿ ਕਰਿ ਅਸਥਿਧਿ ਕਾਲੂ। ਚਲਿ ਆਲਯ ਆਯੋ ਤਤਕਾਲੂ।
ਕਰਨ ਲਗਯੋ ਕਾਰਜ ਨਿਜ ਜੋਊ। ਸੁਤ ਗੁਨ ਪਰਖਨ ਕਰਤਿ ਨ ਕੋਊ ॥੫੭॥

ਮਹਿਤਾ ਕਾਲੂ ਇਸ ਤਰ੍ਹਾਂ ਕਹਿ ਸੁਣ ਕੇ, ਛੇਤੀ ਹੀ ਚੱਲ ਕੇ ਆਪਣੇ ਘਰ ਆ ਗਿਆ। ਉਸੇ ਵੇਲੇ ਆਪਣੇ ਨਿੱਜੀ ਕੰਮ ਕਰਨ ਲੱਗ ਗਿਆ। ਆਪਣੇ ਪੁੱਤਰ ਦੇ ਗੁਣਾਂ ਦੀ ਕਦੇ ਵੀ ਪਹਿਚਾਣ ਨਹੀਂ ਕਰਦਾ॥ ੫੭॥

ਦੋਹਰਾ- ਸ੍ਰੀ ਸਤਿਗੁਰ ਕਰਤਾ ਪੁਰਖ ਅਸਥਿਧਿ ਕਰਤਿ ਬਿਲਾਸ।
ਭਜਿ ਸੰਤੋਖ ਸਿੰਘ ਨਾਮ ਤਿਂਹ ਤਜਹੁ ਆਨ ਕੀ ਆਸ॥ ੫੮॥

ਸ੍ਰੀ ਸਤਿਗੁਰ ਕਰਤਾ ਪੁਰਖ ਇਸ ਵਿਧੀ ਅਨੁਸਾਰ ਕ੍ਰੀੜਾ ਕਰਦੇ ਸਨ। ਹੇ ਸੰਤੋਖ ਸਿੰਘ! ਉਸ ਦੇ ਨਾਮ ਦਾ ਭਜਨ ਕਰ, ਤੇ ਹੋਰ ਕਿਸੇ 'ਤੇ ਆਸ ਰੱਖਣੀ ਛੱਡ ਦੇਵੇਂ॥ ੫੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਖੇਤੀ, ਬ੍ਰਿਖ ਛਾਯਾ ਅਸਥਿਰ' ਪ੍ਰਸੰਗ ਬਰਨਨ ਨਾਮ ਦ੍ਵਾਦਸਮੋ ਅਧਯਾਯ॥ ੧੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਰਵਾਂ ਅਧਿਆਇ, ਜਿਸ ਦਾ ਨਾਮ 'ਖੇਤ ਬੀਜਣਾ, ਬ੍ਰਿਛ ਦੀ ਛਾਂ ਅਸਥਿਰ' ਹੈ,

ਸਮਾਪਤ ਹੋਇਆ॥ ੧੨॥

# ਅਧਿਆਇ ਤੇਰ੍ਹਵਾਂ

*ਵੈਦ ਨੂੰ ਉਪਦੇਸ਼।*

ਦੋਹਰਾ- ਬੰਦੋਂ ਪਦ ਸ੍ਰੀ ਸਾਰਦਾ ਉਤਪਲ ਦਲ ਦੁਤਿ ਨੈਨ।
ਉਰ ਦਾ ਸਰਿਤਾ ਸੁਮਤਿ ਕੀ ਬੀਚੀ ਜਿਹ ਬਰ ਬੈਨ॥ ੧॥

ਮੈਂ ਸਰਸਵਤੀ ਜੀ ਦੇ ਚਰਨਾਂ ਤੇ ਮੱਥਾ ਟੇਕਦਾ ਹਾਂ, ਜਿਸ ਦੇ ਨੈਣਾਂ ਦੀ ਸੁੰਦਰਤਾ ਕੰਵਲਾਂ ਦੀਆਂ ਪੰਖੜੀਆਂ ਵਰਗੀ ਹੈ, ਅਤੇ ਜੋ ਹਿਰਦੇ ਵਿਚ ਸ੍ਰੇਸ਼ਟ ਬੁੱਧੀ ਦੀ ਨਦੀ ਦਾ ਪ੍ਰਵਾਹ ਜਾਰੀ ਕਰ ਦੇਣ ਵਾਲੀ ਹੈ, ਜਿਸ ਨਦੀ ਵਿਚ ਫਿਰ ਉੱਤਮ ਵਾਕਾਂ ਦੀਆਂ ਲਹਿਰਾਂ ਲਹਿਰਾਉਂਦੀਆਂ ਹਨ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਪਾਵਸ ਕਰਤਿ ਬਿਲਾਸ ਬਿਤਾਈ। ਬਹੁਰ ਨਵੀਨ ਅਪਰ ਰਿਤੁ ਆਈ।
ਸੁੰਦਰ ਸ਼ਰਦ ਸਾਰਦਾ ਮਾਨੋ। ਬਦਨ ਚੰਦ੍ਰਮਾ ਬਿਮਲ ਪਛਾਨੋ॥ ੨॥

*ਭਾਈ ਬਾਲੇ ਨੇ ਕਿਹਾ-* ਵਰਖਾ ਰੁਤ ਵਿਲਾਸ ਕਰਦਿਆਂ ਬਿਤਾ ਦਿੱਤੀ ਤੇ ਫਿਰ ਸਰਦ ਰੁਤ ਆ ਗਈ। ਸਰਦ ਰੁਤ ਸ਼ਾਰਦਾ ਵਾਂਗ ਸੁੰਦਰ ਹੈ ਅਤੇ ਉਸ ਦਾ ਸਰੀਰ ਚੰਦਰਮਾਂ ਵਾਂਗ ਪਛਾਣੋ॥ ੨॥

ਅੰਬਰ ਬਰ ਨੀਲਾਂਬਰ ਲੀਨਾ। ਜਾਂਕੇ ਸੁਭਤਿ ਪਯੋਧਰ ਪੀਨਾ।
ਉਡਗਨ ਭੂਖਨ ਜਰੇ ਜਰਾਊ। ਲਲਿਤ ਮਰਾਲੰ ਪਾਵਨ ਪਾਊ॥ ੩॥

ਅਕਾਸ਼ ਹੀ ਮਾਨੋ ਸ਼ਾਰਦਾ ਨੇ ਨੀਲਾ ਕਪੜਾ ਪਹਿਣਿਆ ਹੋਇਆ ਹੈ। ਜਿਥੇ ਬੱਦਲ ਬੜੇ ਸ਼ੋਭਾ ਪਾ ਰਹੇ ਹਨ। ਤਾਰੇ ਜੜਾਊ ਗਹਿਣਿਆਂ ਵਾਂਗ ਜੜੇ ਹੋਏ ਹਨ। ਸੁੰਦਰ ਹੰਸ ਪਵਿੱਤਰ ਪੈਰ ਲੈ ਕੇ ਫਿਰਦੇ ਹਨ॥ ੩॥

ਮ੍ਰਿਦੁਲ ਕਮਲ ਕਰ ਜਿਹ ਦੁਤਿ ਭੂਰੀ। ਉੱਜਲ ਦੇਹਿ ਚੰਦ੍ਰਿਕਾ ਰੂਰੀ।
ਕਮਤੀ ਕਰਤਿ ਤਪਤ ਸੀ ਕੁਮਤੀ। ਸਦਾ ਬਧਾਵਤਿ ਸੀਤਲ ਸੁਮਤੀ॥ ੪॥

ਕੋਮਲ ਕਮਲ ਵਰਗੇ ਹੱਥ ਬਹੁਤ ਸੁੰਦਰ ਹਨ। ਸਫੈਦ ਸਰੀਰ ਚਾਂਦਨੀ ਵਰਗਾ ਹੈ, ਜਿਹੜੀ ਤਪਸ ਵਰਗੀ ਖੋਟੀ ਮਤ ਨੂੰ ਘੱਟ ਕਰਦਾ ਹੈ ਅਤੇ ਸਦਾ ਸੀਤਲ ਮੱਤ ਵਧਾਉਂਦਾ ਹੈ॥ ੪॥

ਘਰ-ਘਰ ਪਿਤਰ ਪਰਾਹੁਨ ਆਏ। ਪੰਥੀ ਪੁਰਿ ਨਿਜ ਪੰਥ ਸਿਧਾਏ।
ਪੂਜ ਪਾਇਤਾ ਚੰਡਿ ਗਨੇਸ਼ਾ। ਰਿਪੁ ਦੇਸ਼ਨ ਪਰ ਚਢੇ ਨਰੇਸ਼ਾ॥ ੫॥

ਘਰ ਘਰ ਪਿੱਤਰ ਪ੍ਰਾਹੁਣੇ ਆਏ, ਮੁਸਾਫਰ ਰਸਤੇ ਪੈ ਕੇ ਆਪਣੇ ਨਿੱਜੀ ਨਗਰਾਂ ਵਲ ਚਲੇ ਗਏ। ਚੰਡੀ ਅਤੇ ਗਣੇਸ਼ ਨੂੰ ਪੂਜ ਕੇ ਪਾਇਤਾ (ਮਹੂਰਤ ਸਮੇਂ ਆਪਣੀ ਥਾਂ ਤੋਰਿਆ ਗਿਆ ਵਸਤਰ ਸ਼ਸਤਰ ਆਦਿ ਸਾਮਾਨ) ਤੋਰ ਕੇ, ਰਾਜਿਆਂ ਦੁਸ਼ਮਣ ਦੇ ਦੇਸ਼ਾਂ ਤੇ ਚੜ੍ਹਾਈ ਕੀਤੀ॥ ੫॥

ਭਏ ਸੇਤ ਜਲਮੁਘ ਜਲ ਹੀਨਾ। ਜਿਉਂ ਤਨ ਬਿਤੀ ਬੈਸ ਬਲੁ ਛੀਨਾ।
ਨਾਸੇ ਅਲਪ ਜੰਤੁ ਜੇ ਰਾਸੀ। ਜਨੁ ਗਯਾਨੀ ਬਾਸ਼ਨਾ ਬਿਨਾਸ਼ੀ॥ ੬॥

ਸਫੈਦ ਬੱਦਲ ਜਲਹੀਣ ਹੋ ਗਏ, ਜਿਵੇਂ ਉਮਰ ਵੱਧਣ ਨਾਲ ਤਨ ਦਾ ਬਲ ਘਟ ਜਾਂਦਾ ਹੈ, ਜਿਵੇਂ ਸਾਰੇ ਛੋਟੇ ਜੀਵ ਨੱਸ ਜਾਂਦੇ ਹਨ, ਜਿਵੇਂ ਗਿਆਨੀ ਵਾਸ਼ਨਾ ਦਾ ਵਿਨਾਸ਼ ਕਰਦਾ ਹੈ॥ ੬॥

ਦੋਹਰਾ- ਸੁੰਦਰ ਸੁਖ ਮੰਦਰ ਪ੍ਰਭੂ ਆਨੰਦ ਸਦਾ ਮੁਕੰਦ।
ਅੰਤਰ ਮੁਖ ਬ੍ਰਿਤਿ ਸਰਦ ਮੈਂ ਕੀਨੀ ਬਹੁ ਜਗਬੰਦ॥ ੭॥

ਸੁੰਦਰ, ਸੁਖਾਂ ਦਾ ਘਰ, ਮੁਕਤੀਦਾਤਾ ਪ੍ਰਭੂ ਸਦਾ ਅਨੰਦਿਤ ਰਹਿੰਦੇ ਹਨ। ਸਰਦ ਰੁੱਤ ਵਿਚ ਜਗਤ ਦੇ ਬੰਦਨ ਯੋਗ ਨੇ ਸਰਦੀ ਰੁੱਤ ਵਿਚ ਅੰਤਰਮੁਖੀ ਬ੍ਰਿਤੀ ਕੀਤੀ ਹੋਈ ਹੈ॥ ੭॥

ਚੌਪਈ- ਤਿਹ ਪਾਛੇ ਬੇਦੀ ਕੁਲ ਕੇਤਾ। ਪੌਢੇ ਰਹਹਿਂ ਇਕਾਂਤਿ ਨਿਕੇਤਾ।
ਸੰਤ ਸੁਮਤਿ ਜਿਹ ਸੁਨਹਿਂ ਬਿਲੋਕਹਿਂ। ਤਹਿਂ ਜਾਵਹਿਂ ਕਬ ਕਬ ਤਜ ਓਕਹਿਂ ॥੮॥

ਇਸ ਤੋਂ ਪਿਛੋਂ ਬੇਦੀ ਕੁਲ ਦੇ ਧੁਜ ਭਾਵ ਗੁਰੂ ਜੀ ਇਕਾਂਤ ਵਿਚ ਪਏ ਰਹਿੰਦੇ ਸਨ। ਸੰਤ ਜਾਂ ਕਿਸੇ ਚੰਗੀ ਮੱਤ ਵਾਲੇ ਬਾਰੇ ਸੁਣਦੇ ਸਨ ਤਾਂ ਘਰ ਛੱਡ ਕੇ ਉਥੇ ਚਲੇ ਜਾਂਦੇ ਸਨ॥ ੮॥

ਕਰਤਿ ਸਦਾ ਸੰਤਨ ਕੀ ਸੰਗਤਿ॥ ਨਹਿਂ ਬੈਠੇਂ ਅਗਯਾਤਨ ਪੰਗਤਿ॥
ਨਿਰੰਕਾਰ ਕੀ ਕੀਰਤਿ ਗਾਥਾ॥ ਕਹਿਹਂ ਸੁਨਹਿਂ ਤਿਨਸੋਂ ਹਿਤ ਸਾਥਾ॥ ੯॥

ਸਦਾ ਸੰਤਾਂ ਦੀ ਸੰਗਤ ਕਰਦੇ ਹਨ ਤੇ ਅਗਿਆਨੀਆਂ ਦੀ ਸੰਗਤ ਵਿਚ ਕਦੇ ਵੀ ਨਹੀਂ ਬੈਠਦੇ। ਨਿਰੰਕਾਰ ਦੀ ਗਾਥਾ ਕਰਦੇ ਹਨ ਤੇ ਸੰਤਾਂ ਨਾਲ ਬੜੇ ਪਿਆਰ ਨਾਲ ਗੱਲਬਾਤ ਕਰਦੇ ਅਤੇ ਸੁਣਦੇ ਹਨ॥ ੯॥

ਰੀਤਿ ਬਿਰਕਤਨ ਕੀ ਚਿਤ ਧਾਰੀ। ਤਜੇ ਜੰਜਾਰ ਜੁ ਹੁਤੇ ਸੰਸਾਰੀ।
ਬੈਸ, ਗੋਤ, ਧਨ, ਜਾਤਿ, ਸਮਾਨਾ। ਬਚਨ ਸੁਨਨਿ ਕੀ ਜਿਨ ਰੁਚਿ ਨਾਨਾ॥੧੦॥

ਚਿੱਤ ਵਿਚ ਵੈਰਾਗੀਆਂ ਵਾਲੀ ਰੀਤੀ ਹੈ, ਸੰਸਾਰ ਦੇ ਸਾਰੇ ਜੰਜਾਲ ਛੱਡ ਦਿੱਤੇ ਹਨ। ਜਾਤਪਾਤ ਅਤੇ ਇਸਤਰੀ ਨੂੰ ਬਰਾਬਰ ਸਮਝਦੇ ਹਨ। ਸੰਤਾਂ ਦੇ ਭਿੰਨ ਭਿੰਨ ਬਚਨ ਸੁਣਨ ਦੀ ਉਸ ਵਿਚ ਬਹੁਤ ਪ੍ਰੀਤੀ ਹੈ॥ ੧੦॥

ਬੈਸਹਿਂ ਪਾਸ ਆਨ ਕਰਿ ਸੋਊ। ਬਾਲਪਨੇ ਮਹਿਂ ਖੇਲਤਿ ਜੋਊ।
ਉਦਾਸੀਨ ਤਿਨ ਸੌਂ ਤਬ ਐਸੇ। ਬਿਨਾ ਚਿਨਾਰੀ ਮਿਲ ਹੈਂ ਜੈਸੇ॥ ੧੧॥

ਉਨ੍ਹਾਂ ਦੇ ਪਾਸ ਆ ਕੇ ਬੈਠ ਜਾਂਦੇ ਹਨ ਅਤੇ ਬਾਲਪੁਣੇ ਵਿਚ ਉਹੋ ਕੁਝ ਖੇਡਦੇ ਹਨ। ਉਨ੍ਹਾਂ ਦੇ ਨਾਲ ਇਸ ਤਰ੍ਹਾਂ ਉਦਾਸੀਨ ਹੁੰਦੇ ਹਨ ਜਿਵੇਂ ਕੋਈ ਬਿਨਾਂ ਪਹਿਚਾਣ ਦੇ ਮਿਲ ਜਾਂਦਾ ਹੈ॥ ੧੧॥

ਅਸਬਿਧਿ ਦੇਖਿ ਮਾਤ ਮਨ ਚਿੰਤਾ। ਗਈ ਨਿਕਟਿ ਜਹਿਂ ਹੁਤੇ ਇਕੰਤਾ।
ਦਸ਼ਾ ਦੇਖਿ ਸੁਤ ਕੀ ਬਿਸਮਾਨੀ। ਬੋਲੀ ਮਹਾਂ ਪ੍ਰੀਤਿ ਮੈਂ ਬਾਨੀ॥ ੧੨॥

ਅਜਿਹਾ ਵੇਖ ਕੇ ਮਾਤਾ ਦੇ ਮਨ ਵਿਚ ਬੜੀ ਚਿੰਤਾ ਹੋਈ। ਉਥੇ ਗਏ ਜਿਥੇ ਨੇੜੇ ਹੀ ਇਕਾਂਤ ਵਿਚ ਬੈਠੇ ਸਨ। ਆਪਣੇ ਪੁੱਤਰ ਦੀ ਇਹ ਹਾਲਤ ਵੇਖ ਕੇ ਉਹ ਬਹੁਤ ਹੈਰਾਨ ਹੋਈ ਤੇ ਬੜੇ ਪ੍ਰੇਮ ਨਾਲ ਬੋਲੀ॥ ੧੨॥

'ਸੁਨਹੁ ਤਾਤ! ਚਿਤ ਬਾਤ ਬਿਚਾਰੋ। ਨਿਜ ਕਾਰਜ ਕੀਜੇ ਨਿਰਧਾਰੋ।
ਤੁਝ ਕਿਉਂ ਬਨੈ ਫਕੀਰਨ ਸੰਗਾ। ਗ੍ਰਿਹਸਤ ਕਾਜ ਕਰਿਜੇ ਸ ਉਮੰਗਾ॥੧੩॥

ਹੇ ਪੁੱਤਰ ਸੁਣੋ! ਆਪਣੇ ਚਿੱਤ ਵਿਚ ਇਹ ਗੱਲ ਵਿਚਾਰੋ, ਆਪਣੇ ਨਿੱਜੀ ਕਾਰਜ ਵਾਸਤੇ ਸੋਚ ਸਮਝ ਕੇ ਕੁਝ ਕਰੋ। ਤੁਸੀਂ ਇਨ੍ਹਾਂ ਸੰਤਾਂ ਫਕੀਰਾਂ ਦੀ ਕਿਉਂ ਸੰਗਤ ਕਰਦੇ ਹੋ। ਗ੍ਰਿਹਸਤ ਕਾਰਜ ਵਾਸਤੇ ਵੀ ਉਤਸ਼ਾਹ ਨਾਲ ਕੁਝ ਕਰੋ॥ ੧੩॥

ਕ੍ਰਿਖੀ ਕਰਨ ਕੀ ਜੇ ਨਹਿਂ ਪ੍ਰੀਤਿ। ਬਨਜਹੁ ਬਨਜ ਸਿਖਹੁ ਅਸ ਰੀਤੀ।
ਕਰਹੁ ਕਾਰ ਕੋ ਹੋਇ ਸੁਚੇਤਾ। ਖਰਚ ਸੰਭਾਰਹੁ ਅਪਨ ਨਿਕੇਤਾ॥ ੧੪॥

ਖੇਤੀ ਕਰਨ ਵਿਚ ਜੇ ਤੁਹਾਡੀ ਰੁਚੀ ਨਹੀਂ ਹੈ ਤਾਂ ਵਣਜ ਵਪਾਰ ਦੀ ਰੀਤੀ ਨੂੰ ਸਿਖੋ। ਉਹ ਕਾਰ ਕਰੋ ਜੋ ਲਾਭਦਾਇਕ ਹੋਵੇ। ਹੇ ਪੁੱਤਰ ! ਆਪਣੇ ਘਰ ਦਾ ਖਰਚਾ ਸੰਭਾਲੋ॥ ੧੪॥

ਕਰਿ ਉਪਾਇ ਜਬ ਦਰਬ ਉਪਾਵਹੁ। ਭਲਿ ਬਿਧਿ ਸੰਚਹੁ ਨਿਜ ਘਰਿ ਲਜਾਵਹੁ।
ਕੋ ਖੱਤ੍ਰੀ ਤਬ ਕਰਹਿ ਨਿਹਾਰੂ। ਲਖਹਿ ਕਮਾਊ ਸਹਿ ਪਰਵਾਰੂ॥ ੧੫॥

ਜਦੋਂ ਮਿਹਨਤ ਕਰਕੇ ਧਨ ਕਮਾਵੇ ਤਾਂ ਭਲੇ ਢੰਗ ਨਾਲ ਇਕੱਠਾ ਕਰੋ ਅਤੇ ਆਪਣੇ ਘਰ ਲਿਆਵੋ। ਕੋਈ ਖਤਰੀ ਜਦ ਤੈਨੂੰ ਵੇਖੇਗਾ ਤੇ ਇਹ ਸਮਝੇਗਾ ਕਿ ਇਹ ਪੁੱਤਰ ਪਰਵਾਰ ਵਿਚ ਬੜਾ ਕਮਾਊ ਹੈ॥ ੧੫॥

ਨਿਜ ਤਨਿਯਾ ਤੁਝ ਦੇਯ ਬਿਵਾਹੀ। ਸੁਜਸੁ ਹੋਇ ਸਭਿ ਲੋਕਨ ਮਾਂਹੀ।
ਅਬ ਕਾਜਨਿ ਤੇ ਲਖਹਿਂ ਉਦਾਸੂ। ਮਿਲ ਕਰਿ ਮਨੁਜ ਕਰਹਿਂ ਉਪਹਾਸੂ॥੧੬॥

ਫਿਰ ਉਹ ਆਪਣੀ ਪੁੱਤਰੀ ਦਾ ਵਿਆਹ ਤੇਰੇ ਨਾਲ ਕਰ ਦੇਵੇਗਾ ਤੇ ਤੇਰਾ ਸਭ ਲੋਕ ਵਿਚ ਸ੍ਰੇਸ਼ਟ ਜੱਸ ਹੋਵੇਗਾ। ਹੁਣ ਜਦ ਮਨੁੱਖ ਵੇਖਦੇ ਹਨ ਕਿ ਤੇਰੀ ਕੰਮ-ਕਾਜ ਵਿਚ ਰੁਚੀ ਨਹੀਂ ਹੈ ਤਾਂ ਉਹ ਮਿਲ ਕੇ ਹਾਸਾ ਠੱਠਾ ਕਰਦੇ ਹਨ॥ ੧੬॥

ਕਹਹਿਂ-ਨਿਲਾਯਕ ਤਿਨ ਕੋ ਤਾਤਾ। ਕਛੂ ਨ ਕ੍ਰਿਤਿ ਕਰਨ ਕੀ ਗਯਾਤਾ।
ਲਖਹਿਂ-ਦਾਰਿਦੀ ਕੋ ਮਤਿ ਹੀਨਾ-। ਕੋ ਭਾਖਹਿ-ਇਹ ਬਲ ਤੇ ਛੀਨਾ-॥ ੧੭॥

ਉਨ੍ਹਾਂ ਨੂੰ ਵਡੇਰੇ ਨਾਲਾਇਕ ਕਹਿੰਦੇ ਹਨ ਜਿਨ੍ਹਾਂ ਨੂੰ ਕਿਰਤ ਕਰਨ ਦੀ ਥੋੜ੍ਹੀ ਵੀ ਸਮਝ ਨਹੀਂ। ਦਲਿਦਰੀ ਨੂੰ ਬੁੱਧੀਹੀਣ ਸਮਝਦੇ ਹਨ ਅਤੇ ਕਹਿੰਦੇ ਹਨ, ਇਹ ਤਾਂ ਸ਼ਕਤੀਹੀਣ ਅਤੇ ਨਿਰਬਲ ਹੈ॥ ੧੭॥

ਬੱਜ੍ਰ ਸਮਾਨ ਬਚਨ ਉਪਹਾਸੂ। ਕਹਹਿਂ ਸ਼ਰੀਕ ਈਰਖਾ ਜਾਸੂ।
ਹਮ ਉਰ ਜਰੇ ਜਾਇਂ ਸੋ ਕੈਸੇ ? ਦੁਖਹਿਂ ਬਦਰਿ ਢਿਗ ਰੰਭਾ ਜੈਸੇ॥੧੮॥

ਸ਼ਰੀਕ ਹਾਸੇ ਠੱਠੇ ਦੇ ਪੱਥਰ ਵਰਗੇ ਬੋਲ ਬੋਲਦੇ ਹਨ। ਜੋ ਕੁਝ ਉਹ ਈਰਖਾ ਵੱਸ ਹੋ ਕੇ ਕਹਿੰਦੇ ਹਨ, ਅਸੀਂ ਉਨ੍ਹਾਂ ਬੋਲਾਂ ਨੂੰ ਆਪਣੇ ਹਿਰਦੇ ਵਿਚ ਕਿਵੇਂ ਜਰ ਲਈਏ ? ਸਾਡੀ ਤਾਂ ਉਹ ਹਾਲਤ ਹੋ ਗਈ ਹੈ, ਜਿਵੇਂ ਬੇਰੀ ਦੇ ਰੁੱਖ ਪਾਸ ਕੇਲੇ ਦਾ ਰੁੱਖ ਵਿੰਨ੍ਹਿਆ ਜਾਣ ਕਰਕੇ ਸਦਾ ਹੀ ਦੁਖੀ ਰਹਿੰਦਾ ਹੈ॥ ੧੮॥

ਸੰਗਤਿ ਤਜਹੁ ਫਕੀਰਨ ਕੇਰੀ। ਪੰਕਤਿ ਬੈਸਹੁ ਗਯਾਤਿਨਿ ਹੇਰੀ।
ਜਿਉਂ ਨਿਜ ਨਿਜ ਕਰਿਹੀਂ ਸੋ ਕਾਜਾ। ਤਿਉਂ ਤੁਮ ਕਰਹੁ, ਤਾਤ ਲਖਿ ਲਾਜਾ॥ ੧੯॥

ਫਕੀਰਾਂ ਦੀ ਸੰਗਤ ਨੂੰ ਛੱਡੋ ਅਤੇ ਆਪਣੇ ਸਕੇ-ਸੰਬੰਧੀਆਂ ਦੀ ਸੰਗਤ ਵਿਚ ਬੈਠੋ। ਹੇ ਪੁੱਤਰ ! ਲੱਜਿਆ ਨੂੰ ਸਮਝ ਅਤੇ ਜਿਵੇਂ ਸਾਰੇ ਆਪੋ ਆਪਣਾ ਕੰਮ ਕਰਦੇ ਹਨ, ਤੂੰ ਵੀ ਉਸ ਤਰ੍ਹਾਂ ਆਪਣਾ ਕੰਮ ਕਰਿਆ ਕਰ॥ ੧੯॥

ਸੁਨੇ ਸਭੈ ਬਚ ਜੋ ਕਹਿ ਮਾਤਾ। ਚਿੱਤ ਨ ਲਗੀਆ ਕੋਊ ਬਾਤਾ।
ਪੁਨਿ ਪਰ ਰਹੇ ਪਾਇ ਮੁਖਿ ਬਸਨਾ। ਤੂਸ਼ਨ ਭਏ ਸੁ ਬੋਲੇ ਕਸ ਨਾ॥੨੦॥

ਗੁਰੂ ਨਾਨਕ ਜੀ ਨੇ ਸਾਰੇ ਬਚਨ ਸੁਣੇ ਜੋ ਮਾਤਾ ਜੀ ਨੇ ਕਹੇ ਸਨ, ਪਰ ਉਸ ਦੇ ਦਿਲ ਨੂੰ ਕੋਈ ਵੀ ਗੱਲ ਚੰਗੀ ਨਾ ਲੱਗੀ। ਫਿਰ ਮੁਖੜੇ ਤੇ ਕਪੜਾ ਪਾ ਕੇ ਪਏ ਰਹੇ। ਚੁੱਪ ਹੋ ਗਏ ਅਤੇ ਕਿਸੇ ਨਾਲ ਵੀ ਨਾ ਬੋਲੇ॥ ੨੦॥

ਪਰਾਭਗਤਿ ਮਹਿਂ ਭਗਤ ਦਸ਼ਾ ਸੀ। ਤਸ ਬਿਧਿ ਕੀਨੀ ਸ੍ਰੀ ਸੁਖ ਰਾਸੀ।
ਰੈਨ ਦਿਵਸ ਪਰ ਰਹੈਂ ਨਿਕੇਤਾ। ਬਿਚਰ ਨ ਬੋਲਹਿਂ ਕਬਹਿ ਸੁਚੇਤਾ॥੨੧॥

ਪਰਾਭਗਤੀ ਵਿਚ ਭਗਤ ਵਰਗੀ ਦਸ਼ਾ ਹੈ। ਸੁੱਖਾਂ ਦੀ ਰਾਸ ਹੁਣ ਇਸ ਵਿਧੀ ਨਾਲ ਰਹਿ ਰਹੇ ਹਨ। ਦਿਨ ਰਾਤ ਚੁੱਪ ਪਏ ਰਹਿੰਦੇ ਹਨ। ਕਦੀ ਵੀ ਸੁਚੇਤ ਹੋ ਕੇ ਨਾ ਬੋਲਦੇ ਹਨ ਅਤੇ ਨਾ ਹੀ ਚਲਦੇ ਫਿਰਦੇ ਹਨ॥ ੨੧॥

ਭੇ ਉਨਮੱਤ ਨਿਮਗਨ ਅਨੰਦਾ। ਸਰੁਜ ਲਖਹਿਂ ਨਰ ਤਨ ਸੁਖਕੰਦਾ।
ਖਾਨ ਪਾਨ ਨਹਿਂ ਰੁਚਿ ਸੋਂ ਕਰਿਹੀਂ। ਸ਼ਾਂਤਿ ਬ੍ਰਿਤਿ ਮੁਖ ਤੂਸ਼ਨ ਧਰਿਹੀਂ। ॥੨੨॥

ਮਸਤ ਹੋਏ ਅੰਦਰੂਨੀ ਅਨੰਦ ਵਿਚ ਲਿਵਲੀਨ ਰਹਿੰਦੇ ਹਨ। ਲੋਕ ਸੁਖ ਕੰਦ (ਗੁਰੂ ਜੀ) ਦੇ ਸਰੀਰ ਨੂੰ ਰੋਗਗ੍ਰਸਤ ਸਮਝਦੇ ਹਨ। ਖਾਣ ਪੀਣ ਵਿਚ ਉਨ੍ਹਾਂ ਦੀ ਕੋਈ ਰੁਚੀ ਨਹੀਂ ਹੈ। ਸ਼ਾਂਤ ਬ੍ਰਿਤੀ ਹੈ ਅਤੇ ਮੁਖ ਤੋਂ ਚੁੱਪ ਧਾਰੀ ਹੋਈ ਹੈ॥ ੨੨॥

ਮਾਤ ਆਨ ਬਹੁ ਕਰਿ ਕਰਿ ਹੇਤੂ। ਅਸਨ ਖੁਵਾਵਹਿ ਮਧੁਰ ਸਮੇਤੂ।
'ਦੁਰਬਲ ਭਾ ਤਵ ਤਾਤ ! ਸਰੀਰਾ। ਕਿਉਂ ਨ ਕਹਹੁ ਨਿਜ ਰੁਜ ਕੀ ਪੀਰਾ ॥੨੩॥

ਮਾਤਾ ਜੀ ਆਉਂਦੇ ਹਨ ਅਤੇ ਬੜਾ ਪਿਆਰ ਕਰਕੇ ਮਿਠੇ ਸਮੇਤ ਭੋਜਨ ਖਵਾਉਂਦੇ ਹਨ। ਕਹਿੰਦੇ ਹਨ, "ਤੇਰਾ ਸਰੀਰ ਬਹੁਤ ਦੁਰਬਲ ਹੋ ਗਿਆ ਹੈ, ਤੂੰ ਆਪਣੇ ਰੋਗ ਦੀ ਪੀੜਾ ਕਿਉਂ ਨਹੀਂ ਦੱਸਦਾ ? ੨੩॥

ਆਨਨ ਪੀਤ, ਅਚੰਚਲ ਅੰਗਾ। ਬਿਗਸ ਨ ਬੋਲਹੁ ਸੰਗ ਉਮੰਗਾ।
ਨਿਜ ਸੰਗੀ ਕੇ ਸੰਗਮ ਮਾਂਹੀ। ਮਿਲਿਕੈ ਬਿਚਰਤਿ ਕਿਉਂ ਤੁਮ ਨਾਂਹੀ ? ॥੨੪॥

ਤੇਰਾ ਮੂੰਹ ਪੀਲਾ ਹੋ ਗਿਆ ਹੈ ਅਤੇ ਅੰਗ ਢਿਲੇ ਪੈ ਗਏ ਹਨ ਅਤੇ ਤੂੰ ਖੁਸ਼ ਹੋ ਕੇ ਉਤਸ਼ਾਹ ਨਾਲ ਕਿਸੇ ਨਾਲ ਵੀ ਨਹੀਂ ਬੋਲਦਾ। ਆਪਣੇ ਮਿੱਤਰਾਂ-ਮੇਲੀਆਂ ਨੂੰ ਕਿਉਂ ਨਹੀਂ ਮਿਲਦਾ ਅਤੇ ਉਨ੍ਹਾਂ ਵਿਚ ਜਾ ਕੇ ਕਿਉਂ ਨਹੀਂ ਫਿਰਦਾ ? ੨੪॥

ਬਾਸੁਰ ਨਿਸਾ ਇਕਾਂਤ ਨਿਕੇਤੂ। ਪਰੇ ਰਹਹੁ, ਕਿਉਂ ਕਰਤਿ ਨ ਹੇਤੂ ?
ਰੁਚਿ ਸੋਂ ਅਸਨ ਕਰਤਿ ਨਹਿਂ ਖਾਨਾ। ਕਿਧੌਂ ਉਦਰ ਰੁਜ ਕੋ ਬਲਵਾਨਾ ॥੨੫॥

ਦਿਨ ਰਾਤ ਇਕੱਲਾ ਪਿਆ ਰਹਿੰਦਾ ਏਂ, ਕਿਉਂ ਕਿਸੇ ਨੂੰ ਪਿਆਰ ਨਹੀਂ ਕਰਦਾ ? ਰੁਚੀ ਅਜਿਹੀ ਬਣਾਈ ਹੋਈ ਹੈ ਕਿ ਭੋਜਨ ਵੀ ਨਹੀਂ ਕਰਦਾ। ਕਿਤੇ ਪੇਟ ਦਾ ਕੋਈ ਵੱਡਾ ਰੋਗ ਤੇ ਨਹੀਂ ਲੱਗ ਗਿਆ ? ੨੫॥

ਮੁਹਰ ਮੁਹੁ ਜਨਨੀ ਇਵ ਭਾਖੀ। ਸੁਤ ਉਪਚਾਰ ਕਰਨ ਅਭਿਲਾਖੀ।
ਮਨ ਹੀ ਮਨਹਿ ਮਨਾਵ ਮਹੇਸ਼ਾ। ਪੂਜ ਚੰਡਿਕਾ ਬਹੁਰ ਗਨੇਸ਼ਾ॥ ੨੬।

ਬਾਰ-ਬਾਰ ਮਾਤਾ ਜੀ ਇਹੋ ਕੁਝ ਕਹਿੰਦੇ ਹਨ ਅਤੇ ਉਸ ਵਿਚ ਪੁੱਤਰ ਦੇ ਇਲਾਜ ਦੀ ਇੱਛਾ ਪੈਦਾ ਹੋਈ। ਉਹ ਮਨ ਹੀ ਮਨ ਵਿਚ ਸ਼ਿਵ ਜੀ ਨੂੰ ਧਿਆ ਰਹੀ ਸੀ ਤੇ ਚੰਡੀ ਦੀ ਪੂਜਾ ਕਰਕੇ ਗਨੇਸ਼ ਅੱਗੇ ਪ੍ਰਾਰਥਨਾ ਕਰ ਰਹੀ ਸੀ॥ ੨੬॥

ਸੁਤ ਸ਼ਰੀਰ ਕੋ ਕਰਹੁ ਅਰੋਗਾ। ਦੇਉਂ ਉਪਾਇਨ ਜਸ ਜਿਸ ਜੋਗਾ-।
ਬੰਦਹਿ ਕਰ ਧਰ ਪਰ ਧਰਿ ਸਿਰ ਕੋ। ਨਮੋ ਕਰਹਿ ਸ੍ਰੀ ਲਖਮੀ ਬਰ ਕੋ ॥੨੭॥

ਕਹਿੰਦੀ ਸੀ, "ਮੇਰੇ ਪੁੱਤਰ ਦੇ ਸਰੀਰ ਨੂੰ ਅਰੋਗ ਕਰੋ। ਮੈਂ ਉਹੋ-ਉਹੋ ਭੇਟਾ ਚੜ੍ਹਾਵਾਂਗੀ ਜੈਸੀ-ਜੈਸੀ ਤੁਹਾਡੀ ਪਦਵੀ ਦੇ ਬਰਾਬਰ ਹੈ। ਦੋਵੇਂ ਹੱਥ ਜੋੜ ਕੇ ਧਰਤੀ ਉਤੇ ਸਿਰ ਧਰ ਕੇ ਮਾਇਆ ਦੇ ਪਤੀ ਭਾਵ ਪ੍ਰਭੂ ਨੂੰ ਨਮਸ਼ਕਾਰ ਕਰ ਰਹੀ ਹੈ॥ ੨੭॥

ਸੁਤ ਕਰ ਗਹਿ ਕਰਿ ਬਹੁਰੋ ਬੋਲੀ। 'ਕਹਹੁ ਆਪਨੀ ਪੀਰਾ ਖੋਲੀ।
ਤਿਸ ਪਰ ਮੈਂ ਕਰਿਵਾਉਂ ਇਲਾਜਾ। ਬੈਦ ਬੁਲਾਇ ਬਿਲਮ ਬਿਨ ਆਜਾ ॥੨੮॥

ਪੁੱਤਰ ਨੂੰ ਆਪਣੇ ਹੱਥ ਨਾਲ ਫੜ ਕੇ ਫਿਰ ਬੋਲੀ, "ਪੁੱਤਰ ! ਆਪਣੀ ਪੀੜ ਨੂੰ ਖੋਲ੍ਹ ਕੇ ਬਿਆਨ ਕਰ, ਤਾਂਕਿ ਮੈਂ ਉਸ ਦਾ ਇਲਾਜ ਕਰਾਵਾਂ ਤੇ ਕਿਸੇ ਦੇਰੀ ਤੋਂ ਬਗੈਰ ਅੱਜ ਹੀ ਵੈਦ ਨੂੰ ਬੁਲਾਵਾਂ॥ ੨੮॥

ਮਸ਼ਟ ਕਰੀ ਬੇਦੀ ਕੁਲਨਾਥਾ। ਉਤਰ ਨ ਦੇਂ ਕੋ ਜਨਨੀ ਸਾਥਾ।
ਸੁਧਿ ਲੇਵਨ ਆਵਹਿਂ ਸਭਿ ਗਜਾਤੀ। ਜਿਨ ਕੋ ਨਹਿਂ ਅਸ ਰੀਤਿ ਸੁਹਾਤੀ ॥੨੯॥

ਪਰ ਬੇਦੀ ਕੁਲ ਦੇ ਮਾਲਕ ਨੇ ਚੁੱਪ ਧਾਰਨ ਕਰ ਛੱਡੀ ਤੇ ਆਪਣੀ ਮਾਤਾ ਜੀ ਨੂੰ ਕੋਈ ਉੱਤਰ ਨਾ ਦਿੱਤਾ। ਸਾਰੇ ਸਕੇ-ਸੰਬੰਧੀ ਸੁੱਧ ਲੈਣ ਆ ਰਹੇ ਹਨ, ਜਿਨ੍ਹਾਂ ਨੂੰ ਅਜਿਹੀ ਰੀਤੀ ਸ਼ੋਭਦੀ ਨਹੀਂ ਹੈ॥ ੨੯॥

ਭੋਜਨ ਖਾਤਿ ਨ ਪੀਵਤਿ ਨੀਰੂ। ਹੇਰਤਿ ਬੇਦੀ ਭਏ ਅਧੀਰੂ।
ਝੂਰ ਬਿਸੂਰਤਿ ਸਭਿ ਪਰਵਾਰੂ। ਰੁਜ ਨ ਪਾਇ ਨਹਿ ਕਰਿ ਉਪਚਾਰੂ॥ ੩੦॥

ਨਾ ਭੋਜਨ ਖਾਂਦੇ ਹਨ ਅਤੇ ਨਾ ਹੀ ਪਾਣੀ ਪੀਂਦੇ ਹਨ ਤੇ ਗੁਰੂ ਜੀ ਅਧੀਰ ਹੋ ਕੇ ਵੇਖੀ ਜਾਂਦੇ ਹਨ। ਸਾਰਾ ਪਰਿਵਾਰ ਝੂਰ ਰਿਹਾ ਹੈ, ਰੋਗ ਦਾ ਕੁਝ ਪਤਾ ਨਹੀਂ ਲਗਦਾ ਤੇ ਨਾ ਹੀ ਇਲਾਜ ਹੋ ਰਿਹਾ ਹੈ॥ ੩੦॥

ਕਾਲੂ ਸੋਂ ਬੋਲੇ ਮਿਲਿ ਸੋਊ। 'ਤਵ ਤਨੁਜਹਿ ਕੋ ਦੁਖ ਹੈ ਕੋਊ।
ਤੂੰ ਨਿਚਿੰਤ ਫਿਰ ਹੈਂ ਕਹੁ ਕੈਸੇ ? ਇਕ ਸੁਤ, ਬਹੁਰ ਰੁਜੀ ਭਾ ਐਸੇ॥ ੩੧॥

ਸਾਰੇ ਮਿਲ ਕੇ ਫਿਰ ਮਹਿਤਾ ਕਾਲੂ ਨੂੰ ਕਹਿਣ ਲੱਗੇ, "ਤੁਹਾਡੇ ਪੁੱਤਰ ਨੂੰ ਜ਼ਰੂਰ ਕੋਈ ਦੁੱਖ ਹੈ। ਤੂੰ ਨਿਸ਼ਚਿੰਤ (ਬੇਫ਼ਿਕਰ) ਹੋ ਕੇ ਕਿਵੇਂ ਫਿਰ ਰਿਹਾ ਹੈਂ ? ਤੇਰਾ ਇਕੋ-ਇਕ ਪੁੱਤਰ ਹੈ ਅਤੇ ਉਹ ਵੀ ਰੋਗ ਗ੍ਰਸਤ ਹੈ॥ ੩੧॥

ਬੈਦ ਬੁਲਾਇ ਇਲਾਜ ਕਰੀਜੈ। ਦਰਬ ਲੋਭ ਨਹਿ ਰਿਦੈ ਧਰੀਜੈ।
ਜੇ ਤਵ ਤਾਤ ਅਰੋਗ ਜਿਵੰਤੂ। ਇਹ ਤੇ ਅਧਿਕ ਹੋਇ ਧਨਵੰਤੂ॥ ੩੨॥

ਵੈਦ ਬੁਲਾ ਕੇ ਇਸ ਦਾ ਇਲਾਜ ਕਰਵਾਉ ਤੇ ਆਪਣੇ ਹਿਰਦੇ ਵਿਚ ਧਨ ਦਾ ਲਾਲਚ ਨਾ ਕਰੋ। ਜੇ ਤੁਹਾਡਾ ਪੁੱਤਰ ਅਰੋਗ ਜੀਵੇਗਾ ਤਾਂ ਇਹ ਬਹੁਤ ਵੱਡਾ ਧਨਵਾਨ ਹੋਵੇਗਾ॥ ੩੨॥

ਸੁਤ ਸਨੇਹ ਕੋ ਮਨ ਤੇ ਤਜਾਗੀ। ਦਰਬ ਵਿਖੈ ਕਿਉਂ ਭਾ ਅਨੁਰਾਗੀ ?'।
ਤਰਕ ਸੁਨਤਿ ਗਜਾਤਿਨਿ ਕੀ ਕਾਲੂ। ਹੁਤੋ ਅਨੁਜ ਢਿਗ ਤਿਹਛਿਨ ਲਾਲੂ॥੩੩॥

ਤੁਹਾਡੇ ਪੁੱਤਰ ਨੇ ਸਭ ਸਨੇਹ ਪਿਆਰ ਛੱਡ ਦਿੱਤੇ ਹਨ, ਫਿਰ ਧਨ ਨਾਲ ਪਿਆਰ ਇਹ ਕਿਵੇਂ ਕਰੇਗਾ?" ਮਹਿਤਾ ਕਾਲੂ ਨੇ ਆਪਣੇ ਸੰਬੰਧੀਆਂ ਦੀ ਬੋਲੀ ਸੁਣੀ। ਉਸ ਵੇਲੇ ਉਸ ਦੇ ਪਾਸ, ਉਸ ਦਾ ਛੋਟਾ ਭਰਾ ਲਾਲੂ ਖੜਾ ਸੀ॥ ੩੩॥

ਬੈਦ ਬੁਲਾਵਨ ਹੇਤ ਪਠਾਯਾ। ਲਾਲੂ ਤਿਹ ਘਰ ਜਾਇ ਬੁਲਾਯਾ।
ਨਾਮ ਜਾਸ 'ਹਰਿਦਾਸ' ਹੁਲਾਸੀ। ਜਗੇ ਭਾਗ ਗਾ ਢਿਗ ਸੁਖਰਾਸੀ॥ ੩੪॥

ਉਸ ਨੂੰ ਉਸੇ ਵੇਲੇ ਵੈਦ ਬੁਲਾਉਣ ਲਈ ਭੇਜ ਦਿੱਤਾ। ਲਾਲੂ ਵੈਦ ਦੇ ਘਰ ਗਿਆ ਤੇ ਉਸ ਨੂੰ ਬੁਲਾਇਆ। ਵੈਦ ਦਾ ਨਾਂ ਹਰੀ ਦਾਸ ਸੀ। ਉਸ ਦੇ ਭਾਗ ਜਾਗ ਪਏ ਤੇ ਉਹ ਸੁੱਖਾਂ ਦੀ ਰਾਸ ਗੁਰੂ ਜੀ ਦੇ ਪਾਸ ਗਿਆ॥ ੩੪॥

ਤਨ ਪਰ ਬਸਨ ਲਏ ਸੁਖਦਾਈ। ਜਹਿਂ ਪੌਢੇ, ਆਯੋ ਤਿਹ ਥਾਂਈ।
ਕਾਲੂ ਕਹੈ,'ਸੁ ਬੈਦਾਂ! ਸੁਨੀਏ। ਕਰ ਬਿਲੋਕ ਇਹ ਰੁਜ ਕੋ ਗੁਨੀਏ॥ ੩੫॥

ਸੁਖਾਂ ਦੇ ਦਾਤੇ ਨੇ ਸਰੀਰ ਤੇ ਚਾਦਰ ਲਈ ਹੋਈ ਸੀ। ਜਦ ਵੈਦ ਉਸ ਥਾਂ ਤੇ ਪਹੁੰਚਿਆ, ਕਾਲੂ ਕਹਿਣ ਲੱਗਾ, " ਹੇ ਵੈਦ! ਸੁਣੋ, "ਹੱਥ ਵੇਖ ਕੇ ਰੋਗ ਦੀ ਪਛਾਣ ਕਰੋ॥ ੩੫॥

ਨਿਸਦਿਨ ਪਰਜੋ ਰਹੈ ਸਹਿ ਆਲਸ। ਖਾਨ ਪਾਨ ਕੀ ਕਰੈ ਨ ਲਾਲਸ।
ਪੀਤ ਬਦਨ ਤਨਖੀਨ ਕੁਢਾਰਾ। ਬੇਦਨ ਪਾਇ ਕਰਹੁ ਉਪਚਾਰਾ॥ ੩੬॥

ਇਹ ਸੁਸਤੀ ਨਾਲ ਦਿਨ ਰਾਤ ਪਿਆ ਰਹਿੰਦਾ ਹੈ ਤੇ ਖਾਣ-ਪੀਣ ਦੀ ਕੋਈ ਲਾਲਸਾ ਨਹੀਂ ਕਰਦਾ। ਮੁਖੜਾ ਪੀਲਾ ਪੈ ਗਿਆ ਹੈ ਤੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ। ਬੀਮਾਰੀ ਲੱਭ ਕੇ ਇਸ ਦਾ ਇਲਾਜ ਕਰੋ॥ ੩੬॥

ਸੁਨਿ ਕਰਿ ਬਚਨ ਬੈਦ ਬੁਧਿਵੰਤਾ। ਬੈਠਜੋ ਨਿਕਟ ਤਬਹਿ ਜਗ ਕੰਤਾ।

**ਆਨਨ ਪਰ ਤੇ ਬਸਨ ਉਘਾਰਾ। ਹੇਰਤਿ ਧਮਨੀ ਕਰ ਕਰ ਧਾਰਾ॥ ੩੭॥**

ਮਹਿਤਾ ਕਾਲੂ ਦੇ ਇਹ ਬਚਨ ਸੁਣ ਕੇ ਬੁੱਧੀਵਾਨ ਵੈਦ ਜਗਤ ਦੇ ਮਾਲਕ (ਗੁਰੂ ਜੀ) ਦੇ ਕੋਲ ਬੈਠ ਗਿਆ। ਗੁਰੂ ਜੀ ਦੇ ਸਰੀਰ ਤੋਂ ਉਸ ਨੇ ਕਪੜਾ ਉਤਾਰਿਆ ਤੇ ਉਨ੍ਹਾਂ ਦਾ ਹੱਥ ਫੜ ਕੇ ਨਬਜ਼ ਲੱਭੀ॥ ੩੭॥

**ਬੈਦ ਬਦਨ ਦੁਖ ਕਦਨ ਸੁ ਦੇਖਾ। ਜਿਸ ਕੋ ਮਨੁ ਅਨੁਕੰਪ ਬਿਸ਼ੇਖਾ।**
**ਕਰ ਤੇ ਕਰਖ ਲਯੋ ਨਿਜ ਕਰ ਕੋ। ਉਠ ਬੈਠੇ ਦੇਵਨ ਮਤਿ ਬਰ ਕੋ ॥੩੮॥**

ਵੈਦ ਨੇ ਜਦ ਦੁੱਖਾਂ ਦਾ ਨਾਸ਼ ਕਰਨ ਵਾਲੇ ਅਤੇ ਵੱਡੇ ਕਿਰਪਾਲੂ ਦਾ ਸਰੀਰ ਵੇਖਿਆ ਤੇ ਨਬਜ਼ ਵੇਖਣ ਲਈ ਜਦ ਉਨ੍ਹਾਂ ਦਾ ਹੱਥ ਫੜਿਆ ਤਾਂ ਗੁਰੂ ਜੀ ਨੇ ਆਪਣਾ ਹੱਥ ਵੈਦ ਦੇ ਹੱਥ ਤੋਂ ਖਿਚ ਲਿਆ ਤੇ ਸ੍ਰੇਸ਼ਟ ਮੱਤ ਦੇਣ ਵਾਸਤੇ ਉੱਠ ਕੇ ਬੈਠ ਗਏ॥ ੩੮॥

**ਬਚ ਬੋਲੇ ਉਤਪਲ ਦਲ ਲੋਚਨ। ਸੁਖਦ ਅਚਲ ਭਵ ਬੰਧ ਬਿਮੋਚਨ।**
**'ਗਹਹੁ ਹਾਥ ਕੇ ਸਾਥ ਸੁ ਹਾਥਾ। ਕਜਾ ਤੁਮ ਜੀਉ ਕਹਹੁ ਨਿਜ ਗਾਥਾ?' ॥੩੯।**

ਕੰਵਲ ਪੱਤੀਆਂ ਵਰਗੇ ਨੈਣਾਂ ਵਾਲੇ, ਸੁਖਾਂ ਦੇ ਦਾਤੇ ਅਤੇ ਸੰਸਾਰ ਬੰਧਨ ਤੋਂ ਮੁਕਤ ਕਰਨ ਵਾਲੇ ਨੇ ਇਹ ਬਚਨ ਕਹੇ, "ਆਪਣੇ ਹੱਥ ਨਾਲ ਮੇਰਾ ਹੱਥ ਫੜਿਆ ਹੈ, ਤੁਹਾਡੇ ਜੀਅ ਵਿਚ ਕੀ ਵਿਚਾਰ ਹੈ? ਇਹ ਗਾਥਾ ਮੈਨੂੰ ਕਹਿ ਕੇ ਸੁਣਾਓ" ॥ ੩੯॥

**ਸੁਨਿ ਕਰਿ ਭੇਖਕ ਬਚਨ ਉਚਾਰੇ। 'ਹੌਂ ਹੇਰੋਂ ਜੋ ਰੋਗ ਤੁਮਾਰੇ।**
**ਪਿੱਤ, ਵਾਇ, ਕਫ, ਸ੍ਰੋਣਤ ਚਾਰੂ। ਇਨ ਤੇ ਤਨ ਮਹਿਂ ਹੋਤਿ ਵਿਕਾਰੂ॥੪੦॥**

ਇਹ ਸੁਣ ਕੇ ਫਿਰ ਵੈਦ ਨੇ ਇਹ ਬਚਨ ਕਹੇ, "ਹੇ ਸੁੰਦਰ ਬਾਲਕ! ਤੈਨੂੰ ਜੋ ਰੋਗ ਲੱਗਾ ਹੈ, ਉਹ ਮੈਂ ਵੇਖਣ ਲੱਗਾ ਸੀ, ਕੀ ਤੈਨੂੰ ਪਿੱਤ ਹੈ, ਵਾਈ ਹੈ, ਬਲਗਮ ਹੈ ਜਾਂ ਲਹੂ ਦਾ ਰੋਗ ਹੈ। ਇਨ੍ਹਾਂ ਕਰਕੇ ਸਰੀਰ ਵਿਚ ਵਿਗਾੜ ਪੈਦਾ ਹੁੰਦਾ ਹੈ॥ ੪੦॥

**ਜਿਹ ਕੋ ਮੈਂ ਵਿਕਾਰ ਅਬ ਹੇਰੋਂ। ਤਿਹ ਪਰ ਕਰਿ ਉਪਚਾਰ ਨਿਬੇਰੋਂ।**
**ਪਥ ਕੋ ਰਾਖ ਔਖਧੀ ਖਾਵਹੁ। ਹੁਇ ਅਰੋਗ ਤਨ ਤੇ ਸੁਖ ਪਾਵਹੁ॥੪੧॥**

ਇਨ੍ਹਾਂ ਚਹੁੰਵਾਂ ਵਿਚੋਂ ਜਿਹੜਾ ਵੀ ਵਿਕਾਰ ਮੈਂ ਵੇਖਾਂਗਾ, ਉਸ ਰੋਗ ਦੀ ਦਵਾਈ ਦੇ ਕੇ ਮੈਂ ਰੋਗ ਨੂੰ ਦੂਰ ਕਰਾਂਗਾ। ਪਰਹੇਜ ਕਰਕੇ ਦਵਾਈ ਖਾਵੋ ਅਤੇ ਅਰੋਗ ਹੋ ਕੇ ਤਨ ਤੇ ਸੁਖ ਪਾਵੋ॥ ੪੧॥

**ਅਸਨ ਖਾਨ ਕੀ ਰੁਚਿ ਉਪਜੈ ਹੈ। ਨਿਰਬਲ ਦੇਹਿ ਬਲੀ ਪੁਨ ਹ੍ਵੈ ਹੈ'।**
**ਬੈਦ ਬਚਨ ਸੁਨਿ ਪੰਕਜ ਬਦਨਾ। ਤਿਹ ਪ੍ਰਤਿ ਬੋਲੇ ਸਭਿ ਸੁਖ ਸਦਨਾ॥੪੨॥**

ਇਸ ਤਰ੍ਹਾਂ ਖਾਣ-ਪੀਣ ਦੀ ਰੁਚੀ ਵਧਦੀ ਹੈ ਅਤੇ ਨਿਰਬਲ ਦੇਹ ਬਲਵਾਨ ਹੋ ਜਾਂਦੀ ਹੈ।" ਵੈਦ ਦੇ ਬਚਨ ਸੁਣ ਕੇ ਕੰਵਲ ਵਰਗੇ ਸਰੀਰ ਵਾਲੇ ਅਤੇ ਸੁਖਾਂ ਦੇ ਘਰ ਨੇ ਵੈਦ ਨੂੰ ਇਹ ਬਚਨ ਕਹੇ॥ ੪੨॥

*ਸ੍ਰੀ ਮੁਖਵਾਕ: ਸਲੋਕ ਮ: ੧॥*

**ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥**
**ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ੧॥**

ਵੈਦ ਦਵਾਈ ਲਿਖਣ ਵਾਸਤੇ ਬੁਲਾਇਆ ਗਿਆ ਹੈ। ਮੇਰੀ ਬਾਂਹ ਨੂੰ ਫੜ ਕੇ ਉਹ ਨਬਜ਼ ਵੇਖਦਾ ਹੈ। ਨਾਦਾਨ ਵੈਦ ਇਹ ਨਹੀਂ ਜਾਣਦਾ ਕਿ ਪੀੜ ਤਾਂ ਮਨ ਅੰਦਰ ਹੈ॥ ੧॥

ਚੌਪਈ- ਲਗਜੋ ਆਦਿ ਕੋ ਹਉਮੈ ਰੋਗੂ। ਜਿਹ ਤੇ ਮਹਾਂ ਦੁਖੀ ਸਭਿ ਲੋਗੂ।
ਜਗ ਮਹਿ ਜਨਮ ਮਰਨ ਕੋ ਕਾਰਨ। ਕਿਹ ਉਪਚਾਰ ਨ ਹੋਤਿ ਨਿਵਾਰਨ॥੪੩॥

ਆਰੰਭ ਤੋਂ ਹੀ ਮਨੁੱਖ ਨੂੰ ਹਉਮੈ ਰੋਗ ਲੱਗਾ ਹੈ, ਜਿਸ ਤੋਂ ਸਭ ਲੋਕ ਬਹੁਤ ਦੁਖੀ ਹਨ। ਜਗਤ ਵਿਚ ਜਨਮ ਮਰਨ ਦੇ ਕਾਰਨ ਕਿਸੇ ਦਵਾਈ ਨਾਲ ਵੀ ਇਹ ਰੋਗ ਦੂਰ ਨਹੀ ਹੁੰਦਾ॥ ੪੩॥

ਅਪਨ ਆਪ ਕੋ ਹੇਰਹੁ ਆਮੀ। ਕਰਹੁ ਅਵਰ ਕੋ ਕੈਸ ਅਨਾਮੀ।
ਜਿਸ ਭੇਖਜ ਤੇ ਹਉਮੈ ਜਾਈ। ਅਬਚਲ ਸੁਖ ਵਸਿ ਹੈ ਤਨ ਆਈ॥੪੪॥

ਜੇ ਤੁਸੀਂ ਆਪਣੇ ਆਪ ਨੂੰ ਹੀ ਰੋਗੀ ਸਮਝਦੇ ਹੋ ਤਾਂ ਫਿਰ ਹੋਰਨਾਂ ਨੂੰ ਕਿਵੇਂ ਅਰੋਗ ਕਰੋਗੇ? ਜਿਸ ਦਵਾ ਨਾਲ ਹਉਮੈ ਦੂਰ ਹੁੰਦੀ ਹੈ ਅਤੇ ਤਨ ਵਿਚ ਅਬਿਨਾਸ਼ੀ ਸੁੱਖ ਆ ਕੇ ਵੱਸਦਾ ਹੈ॥ ੪੪॥

ਸੋ ਉਪਚਾਰ ਕਰੇ ਜੇ ਕੋਊ। ਨਿਜ ਰੁਜ ਖੋਇ ਬੈਦ ਭਲ ਸੋਊ।
ਜਨਮ ਮਰਨ ਤੇ ਮੁਕਤਾ ਹੋਈ। ਬਹੁਰ ਨ ਰੋਗ ਬਿਆਪੈ ਕੋਈ॥ ੪੫॥

ਜੇ ਉਹ ਇਲਾਜ ਕੋਈ ਕਰੇ ਤਾਂ ਨਿੱਜੀ ਦੁਖ ਦੂਰ ਕਰਨ ਵਾਲਾ ਅਸਲ ਵਿਚ ਉਹ ਹੀ ਚੰਗਾ ਵੈਦ ਹੈ। ਜਨਮ ਮਰਨ ਤੋਂ ਮੁਕਤ ਹੋਵੇ ਅਤੇ ਦੁਬਾਰਾ ਉਸ ਨੂੰ ਕੋਈ ਰੋਗ ਨਾ ਲੱਗੇ॥ ੪੫॥

ਰੁਜ ਪਰਖਨ ਪੁਨ ਤਿਨ ਕੋ ਹਰਨੇ। ਸੁਨਜੋ ਚਹਿਤਿ ਹੋ ਮਨ ਦਿਢ ਕਰਨੇ।
ਤੌ ਉਚਰਹੁ, ਨਿਜ ਹਿਰਦੇ ਚਾਹੂ। ਸਭੈ ਕਹੌਂ ਮੈਂ ਤੁਮਰੇ ਪਾਹੂ॥ ੪੬॥

ਬਿਮਾਰੀ ਜਾਚਣ ਅਤੇ ਫਿਰ ਇਸ ਨੂੰ ਦੂਰ ਕਰਨ ਲਈ ਕੀ ਕਰਨਾ ਚਾਹੀਦਾ ਹੈ, ਜੇ ਤੁਸੀਂ ਇਸ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਹੇ ਵੈਦ ! ਮਨ ਟਿਕਾ ਕੇ ਸੁਣੋ। ਜੇ ਤੇਰੇ ਹਿਰਦੇ ਵਿਚ ਸੁਣਨ ਦੀ ਚਾਹ ਹੈ ਤਾਂ ਮੈਂ ਇਸ ਦਾ ਉਚਾਰਨ ਕਰਦਾ ਹਾਂ। ਇਹ ਸਭ ਕੁਝ ਮੈਂ ਤੇਰੀ ਖਾਤਰ ਕਹਿੰਦਾ ਹਾਂ॥ ੪੬॥

ਅਸਖਿਧਿ ਸੁਨੇ ਬੈਦ ਬਚ ਜਬ ਹੀ। ਬਿਸਮੈ ਹੋਇ ਵਿਚਾਰਤਿ ਤਬ ਹੀ।
ਕੋ ਕੋ ਨਰ ਇਹ ਨੁਤਹਿ ਉਚਾਰੀ। ਸੁਨਤਿ ਹੁਤੇ ਅਬ ਨੈਨ ਨਿਹਾਰੀ॥੪੭॥

ਵੈਦ ਨੇ ਜਦ ਗੁਰੂ ਜੀ ਦੇ ਇਹ ਸ਼ਬਦ ਸੁਣੇ ਤਾਂ ਬੜਾ ਹੈਰਾਨ ਹੋ ਕੇ ਵਿਚਾਰ ਕਰਨ ਲੱਗਾ ਕਿ ਅਜਿਹੇ ਗੁਣ ਤਾਂ ਕਿਸੇ ਵਿਰਲੇ ਮਨੁੱਖ ਵਿਚ ਹੀ ਹੋ ਸਕਦੇ ਹਨ। ਹੁਣ ਤਕ ਅਜਿਹੇ ਗੁਣਾਂ ਵਾਲੇ ਮਨੁੱਖ ਬਾਰੇ ਸੁਣਦੇ ਰਹੇ ਹਾਂ, ਪਰ ਅੱਜ ਅੱਖੀਂ ਵੇਖਿਆ ਹੈ॥ ੪੭॥

ਕਲਾਵਾਨ ਇਹ ਸਤਿ ਅਵਤਾਰਾ। ਬੂਝ ਲੇਉਂ ਮੈਂ ਹੁਇ ਨਿਸਤਾਰਾ।
ਅਸ ਵਿਚਾਰ ਕਰਿ ਬੈਦ ਸਿਆਨਾ। ਬੰਦ ਹਾਥ ਦੋ ਬਚਨ ਬਖਾਨਾ॥੪੮॥

ਇਹ ਕਲਾਵਾਨ ਸੱਚ ਦਾ ਅਵਤਾਰ ਹੈ, ਮੈਂ ਤਾਂ ਨਿਸਤਾਰਾ ਕਰਕੇ ਬੁੱਝ ਲਿਆ ਹੈ। ਇਸ ਤਰ੍ਹਾਂ ਵਿਚਾਰ ਕਰਕੇ ਸਿਆਣੇ ਵੈਦ ਨੇ ਦੋਵੇਂ ਹੱਥ ਜੋੜ ਕੇ ਇਹ ਬਚਨ ਕਹੇ॥ ੪੮॥

'ਤੁਮਰੇ ਬਚਨ ਸੁਨਨਿ ਅਭਿਲਾਖਾ। ਵਧੀ ਮੋਹਿ ਮਨ ਜਿਉਂ ਤਰੁ ਸ਼ਾਖਾ।
ਕਰੁਨਾ ਕਰਿ ਜੋ ਸਭਿ ਬਿਰਤਾਂਤਾ। ਕਹਹੁ ਆਪ ਜਿਉਂ ਮੁਝ ਹੁਇ ਸ਼ਾਂਤਾ॥੪੯॥

''ਤੁਹਾਡੇ ਬਚਨ ਸੁਣਨ ਦੀ ਮੇਰੇ ਵਿਚ ਪ੍ਰਬਲ ਇੱਛਾ ਪੈਦਾ ਹੋਈ ਹੈ। ਇਹ ਖਾਹਿਸ਼ ਇਸ ਤਰ੍ਹਾਂ ਵਧੀ ਹੈ ਜਿਵੇਂ ਦਰੱਖਤ ਦੀ ਟਹਿਣੀ ਵਧਦੀ ਹੈ। ਕਿਰਪਾ ਕਰਕੇ ਸਾਰਾ ਬ੍ਰਿਤਾਂਤ ਵੇਰਵੇ ਸਹਿਤ ਕਹੋ, ਤਾਂਕਿ ਮੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ''॥ ੪੯॥

ਕਮਲ ਬਦਨ ਕਰੁਨਾ ਗੁਨਮੰਦਿਰ। ਬੋਲੇ ਬਚਨ ਮ੍ਰਿਦੁਲ ਬਰ ਸੁੰਦਰ।
'ਤਨ ਹਉਮੈ ਮਮਤਾ ਜੁ ਘਨੇਰੀ। ਸਭਿ ਬਜਾਧਨਿ ਕੀ ਮੂਲ ਵਡੇਰੀ॥੫੦॥

ਕਮਲ ਸਰੀਰ ਅਤੇ ਪਿਆਰ ਦੇ ਗੁਣਾਂ ਦੇ ਘਰ ਭਾਵ-ਗੁਰੂ ਜੀ ਨੇ ਕੋਮਲ ਸ੍ਰੇਸ਼ਟ ਅਤੇ ਸੁੰਦਰ ਬਚਨ ਬੋਲੇ, "ਸਰੀਰ ਵਿਚ ਜਿਹੜਾ ਮਮਤਾ ਅਤੇ ਹਉਮੈ ਦਾ ਅਧਿਕ ਵਾਸਾ ਹੋਇਆ ਹੈ, ਇਹ ਸਾਰੇ ਰੋਗਾਂ ਦੀ ਜੜ੍ਹ ਹੈ॥ ੫੦॥

ਆਤਮ ਤਨ ਤੇ ਲਖੀਐ ਨਜਾਰੋ। ਚੇਤਨ ਜੜ੍ਹ ਨੀਕੇ ਨਿਰਧਾਰੋ।
ਨਿਰਵਿਕਾਰ ਪੁਨ ਜਾਣਿ ਅਸੰਗਾ। ਭ੍ਰਮ ਭੰਗਹੁ ਤਬ ਹੈ ਇਹ ਭੰਗਾ॥੫੧॥

ਆਤਮਾ ਨੂੰ ਸਰੀਰ ਨਾਲੋਂ ਵੱਖਰਾ ਸਮਝੋ ਅਤੇ ਜੜ੍ਹ ਚੇਤਨ ਦਾ ਚੰਗੀ ਤਰ੍ਹਾਂ ਨਿਰਣਾ ਕਰੋ। ਨਿਰਵਿਕਾਰ ਨੂੰ ਫਿਰ ਨਿਰਾਲਾ ਸਮਝੋ। ਭਰਮ ਨੂੰ ਨਾਸ਼ ਕਰੋ, ਤਦ ਹੀ ਇਸ ਦਾ ਖਾਤਮਾ ਹੋਵੇਗਾ॥ ੫੧॥

ਪਰਗੁਨ ਪਰਧਨ ਪਰਨ ਪ੍ਰਸੰਸਾ। ਜਰੈ ਨ ਇਹੁ, ਜੁਰ ਲਖੋ ਨਿਸੰਸਾ।
ਸਭਿ ਜੀਵਨ ਸੋਂ ਮੈਤ੍ਰੀ ਕਰਨੀ। ਤਿਹ ਕੋ ਇਹ ਔਖਧਿ ਬਰ ਹਰਨੀ॥੫੨॥

ਪਰਾਇਆ ਗੁਣ, ਪਰਾਇਆ ਧਨ ਅਤੇ ਪਰਾਈ ਪ੍ਰਸੰਸਾ ਨਿਰਸੰਦੇਹ ਨਾ ਸਹਿ ਸਕਣ ਵਾਲਾ ਤਾਪ ਸਮਝੋ। ਸਾਰੇ ਜੀਵਨ ਵਿਚ ਮਿੱਤਰਤਾ ਕਰਨੀ, ਉਸ ਤਾਪ ਨੂੰ ਦੂਰ ਕਰਨ ਵਾਲੀ ਚੰਗੀ ਦਵਾ ਹੈ॥ ੫੨॥

ਜਿਉਂ ਮਿੱਤ੍ਰਨਿ ਸੁਖ ਲਖਿ ਕਰਿ ਸੁਖੀਆ। ਤੈਸੀ ਬ੍ਰਿੱਤਿ ਸਭਿਨਿ ਸੋਂ ਰਖੀਆ।
ਨਿਜ ਗੁਣ,ਧਨ,ਨਿਜ ਜਸ ਬਿਸਤੀਰਨ। ਕਰਤਿ ਮਾਨ,ਇਹ ਹੈ ਵਡਜੀਰਨ॥੫੩॥

ਜਿਵੇਂ ਮਿਤਰਾਂ-ਦੋਸਤਾਂ ਨੂੰ ਮਿਲ ਕੇ ਸੁਖ ਪ੍ਰਾਪਤ ਹੁੰਦਾ ਹੈ, ਅਜਿਹੀ ਬ੍ਰਿਤੀ ਹਰ ਗੈਰ ਵਿਅਕਤੀ ਵਾਸਤੇ ਵੀ ਹੋਣੀ ਚਾਹੀਦੀ ਹੈ, ਨਿੱਜੀ ਗੁਣ, ਧਨ, ਨਿਜੀ ਸਿਫਤ ਤੇ ਵਿਸਤ੍ਰਿਤ ਮਾਣ ਕਰਨਾ ਇਕ ਬੜਾ ਪੁਰਾਣਾ ਰੋਗ ਹੈ॥ ੫੩॥

ਲਖਿ ਕਰਿ ਸਭਿ ਹਰਿ ਕੀ ਵਡਿਆਈ। ਰਿਦੇ ਗਰੀਬੀ ਚੂਰਨ ਖਾਈ।
ਹਰਿ ਸਿਮਰਨ ਰੁਚਿ ਸੋਂ ਲਿਵਲਾਗੀ। ਲਖਹਿ ਅਰੁਜ ਇਹ ਭੂਖ ਸੁ ਜਾਗੀ॥੫੪॥

ਹਰ ਪਾਸੇ ਹਰੀ ਦੀ ਵਡਿਆਈ ਵੇਖ ਕੇ ਹਿਰਦੇ ਵਿਚ ਗਰੀਬੀ ਵਿਦਮਾਨ ਹੁੰਦੀ ਹੈ। ਫਿਰ ਇਨਸਾਨ ਦੀ ਹਰੀ ਸਿਮਰਨ ਵਿਚ ਲਿਵ ਲੱਗ ਜਾਂਦੀ ਹੈ। ਉਹ ਆਪਣੇ ਆਪ ਨੂੰ ਅਰੋਗ ਵੇਖਦਾ ਹੈ, ਕਿਉਂਕਿ ਉਸ ਵਿਚ ਹਰੀ ਭਗਤੀ ਦੀ ਭੁੱਖ ਜਾਗਦੀ ਹੈ॥ ੫੪॥

ਬਿਸ਼ੈ ਬਾਸ਼ਨਾ ਤ੍ਰਿਸ਼ਨਾ ਖਾਂਸੀ। ਦਿਨਪ੍ਰਤਿ ਬਰਧਤਿ ਕਬ ਨ ਬਿਨਾਸ਼ੀ।
ਮਿੱਥਜਾ ਸਭਿਹਿ ਪਦਾਰਥ ਜਾਨੀ। ਇਹ ਚਟਨੀ ਤਿਹ ਕਰਿਹੀ ਹਾਨੀ॥੫੫॥

ਵਿਸ਼ੇ ਵਾਸ਼ਨਾ, ਲਾਲਚ ਅਤੇ ਖਾਂਸੀ ਨਿਤਾਪ੍ਰਤਿ ਵੱਧਦੇ ਰਹਿੰਦੇ ਹਨ, ਕਦੀ ਖਤਮ ਨਹੀਂ ਹੁੰਦੇ। ਇਹ ਸਾਰੇ ਪਦਾਰਥ ਝੂਠੇ ਸਮਝੋ, ਇਹ ਚਟਪਟੇ ਪਦਾਰਥ ਮਨੁੱਖ ਨੂੰ ਹਾਨੀ ਹੀ ਪਹੁੰਚਾਉਂਦੇ ਹਨ॥ ੫੫॥

ਕਾਮ ਕ੍ਰੋਧ ਅਰੁ ਮੋਹ ਤ੍ਰਿਦੋਖੁ। ਜਿਨ ਸਭਿ ਜੀਵਨ ਕੀ ਸੁਧ ਸੋਖੁ।
ਸਤਿਗੁਰ ਬਚਨ ਤੰਬੇ ਸੁਰ ਪੂਰੀ। ਨਿਤ ਸੇਵਹਿ ਤਿਹ,ਸੋ ਹੋਇ ਦੂਰੀ॥੫੬॥

ਕਾਮ, ਕ੍ਰੋਧ ਅਤੇ ਮੋਹ, ਵਾਈ, ਪਿਤ ਅਤੇ ਬਲਗਮ ਵਾਂਗ ਤਿੰਨ ਵੱਡੇ ਦੁੱਖ ਹਨ, ਜਿਨ੍ਹਾਂ ਜੀਵਨ ਦੀ ਸਾਰੀ ਸੋਝੀ ਸੁਕਾ ਦਿੱਤੀ ਹੈ, ਭਾਵ- ਜਿਨ੍ਹਾਂ ਕਰਕੇ ਮਨੁੱਖ ਸੋਝੀਹੀਣ ਹੋ ਗਿਆ ਹੈ। ਪਰ ਸਤਿਗੁਰੂ ਦੇ ਬਚਨ, ਮਾਰੇ ਹੋਏ ਤਾਂਬੇ ਦੀ ਪੁੜੀ ਹੈ, ਜਿਸ ਦਾ ਨਿਤ ਸੇਵਨ ਕਰਨ ਨਾਲ ਸਾਰੇ ਦੁਖ ਦੂਰ ਹੁੰਦੇ ਹਨ॥ ੫੬॥

ਬਮਨ ਰੋਗ ਕਰਿਹੀ ਪਰਨਿੰਦਾ। ਹਟਹਿ, ਲਖਹਿ ਸਭਿ ਤੇ ਨਿਜਮੰਦਾ।

ਅਸ ਬਿਧਿ ਕੇ ਰੁਜ ਸੋਂ ਮਨ ਪੂਰਨ। ਮਿਟਹਿ ਸੇਵ ਗੁਰ ਪਦ ਰਜ ਚੂਰਨ ॥੫੭॥

ਪਰਾਈ ਨਿੰਦਿਆ ਉਲਟੀ ਦਾ ਰੋਗ ਹੈ। ਆਪਣੇ ਆਪ ਨੂੰ ਸਭ ਨਾਲੋਂ ਮਾੜਾ ਸਮਝਣ ਨਾਲ ਇਹ ਰੋਗ ਦੂਰ ਹੋ ਜਾਂਦਾ ਹੈ। ਪਰ ਇਸ ਤਰ੍ਹਾਂ ਦੇ ਜੋ ਮਨ ਦੇ ਰੋਗ ਹਨ, ਉਹ ਸਤਿਗੁਰੂ ਦੇ ਚਰਨਾਂ ਦੀ ਧੂੜ ਸੇਵਨ ਨਾਲ ਹੀ ਦੂਰ ਹੁੰਦੇ ਹਨ'' ॥ ੫੭॥

ਕਮਲ ਬਦਨ ਤੇ ਬਚਨ ਸੁਨੇ ਜਬ। ਬੈਦ ਬਿਚੱਛਨ ਨਿੰਮ੍ਰਿ ਭਯੋ ਤਬ।
ਨਿਜ ਮਨ ਕੋ ਮੁਨਸਬ ਹੁਇ ਤਬ ਹੀ। ਕਹੇ ਜਿ ਰੁਜ ਲਖਿ ਲੀਨੇ ਸਭਿ ਹੀ ॥੫੮॥

ਜਦ ਕਮਲ ਦੇ ਮੁੱਖ ਵਾਲੇ ਭਾਵ- ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਚਤੁਰ ਵੈਦ ਸਨਿਮਰ ਹੋ ਗਿਆ। ਉਸ ਦੇ ਨਿਜੀ ਮਨ ਨੇ ਸਮਝਿਆ ਕਿ ਉਸ ਨੂੰ ਇਨਸਾਫ਼ ਕਰਨ ਵਾਲਾ ਮਿਲ ਗਿਆ ਹੈ, ਜਿਸ ਨੇ ਸਾਰੇ ਰੋਗ ਪਹਿਚਾਣ ਲਏ ਹਨ॥ ੫੮॥

ਕਰ ਬਿਬ ਬੰਦਤਿ ਬਿਨੈ ਬਖਾਨੀ। 'ਹੌਂ ਹੇਰਜੋ ਹ੍ਵੈ ਕਰਿ ਅਨਜਾਨੀ।
ਜਸ ਇੱਛਾ ਕਰੀਏ ਤਸ ਲੀਲ੍ਹਾ। ਮਹਾਂਪੁਰਖੁ ਤੁਮ ਗੁਨੀ ਗਹੀਲਾ॥ ੫੯॥

ਵੈਦ ਨੇ ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, ''ਮੈਂ ਬੇਸਮਝੀ ਕਾਰਨ ਤੁਹਾਨੂੰ ਪਹਿਚਾਣ ਨਹੀਂ ਸੀ ਸਕਿਆ ਤੇ ਤੁਹਾਨੂੰ ਬਿਮਾਰ ਸਮਝ ਬੈਠਾ ਸੀ। ਜਿਵੇਂ ਇੱਛਾ ਹੈ, ਕਰੋ, ਇਹ ਸਭ ਤੁਹਾਡੀ ਲੀਲ੍ਹਾ ਹੈ। ਤੁਸੀਂ ਮਹਾਂਪੁਰਖ ਗੁਣਾਂ ਦੇ ਖ਼ਜ਼ਾਨੇ ਹੋ॥੫੯॥

ਤੁਮਰੇ ਬਚਨਨ ਮੋਹਿ ਅਬਿੱਦਜਾ। ਬਾਨ ਲੱਛ ਜਿਉਂ ਕੀਨੀ ਭਿੱਦਜਾ।
ਆਮੀ ਹੋਵਨ ਬਹੁਰ ਅਨਾਮੀ। ਲਖਿ ਲਿਯ ਗਤਿ ਸਭਿ ਹੁਇ ਤਵ ਸਾਮੀ ॥੬੦॥

ਤੁਹਾਡੇ ਬਚਨਾਂ ਨੇ ਮੇਰੀ ਅਵਿਦਿਆ ਨਿਸ਼ਾਨੇ ਤੇ ਤੀਰ ਲੱਗਣ ਵਾਂਗ ਵਿੰਨ੍ਹੀ ਗਈ ਹੈ, ਭਾਵ— ਤੁਹਾਡੇ ਬਚਨਾਂ ਨੇ ਮੇਰੀ ਬੇਸਮਝੀ ਦੂਰ ਕਰ ਦਿੱਤੀ ਹੈ। ਰੋਗੀ ਫਿਰ ਅਰੋਗੀ ਹੋ ਗਏ ਹਨ। ਮੈਂ ਜਾਣ ਲਿਆ ਕਿ ਆਪ ਦੀ ਸਰਨ ਹੋ ਕੇ ਹੀ ਮੇਰੀ ਇਹ ਹਾਲਤ ਹੋਈ ਹੈ॥ ੬੦॥

ਅਬ ਮੁਝ ਪਰ ਇਹ ਕਰੁਨਾ ਕਰੀਏ। ਮਨ ਕੇ ਰੋਗ ਸਗਲ ਪਰਿਹਰੀਏ'।
ਸ੍ਰੀ ਗੁਰ ਕਹਜੋ 'ਕਰੋ ਸਤਿਸੰਗਾ। ਦਿਨ ਥੋਰਨ ਮੈਂ ਹੋਵਹਿ ਭੰਗਾ' ॥ ੬੧॥

ਹੁਣ ਮੇਰੇ ਤੇ ਇਹ ਕਿਰਪਾ ਕਰੋ, ਤੇ ਮੇਰੇ ਮਨ ਦੇ ਸਾਰੇ ਰੋਗ ਦੂਰ ਕਰ ਦੇਵੋ। 'ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਸਤਿਸੰਗ ਕਰੋ, ਥੋੜ੍ਹੇ ਦਿਨਾਂ ਵਿਚ ਹੀ ਤੁਹਾਡੇ ਮਨ ਦੇ ਸਾਰੇ ਰੋਗ ਦੂਰ ਹੋ ਜਾਣਗੇ'' ॥ ੬੧॥

ਮਨਿ ਸੁਖ ਪਾਇ ਕਰੀ ਪਦ ਬੰਦਨ। ਮਹਿਮਾ ਜਾਨੀ ਕੁਮਤਿ ਨਿਕੰਦਨ।
ਗਯੋ ਸਦਨ ਸੇਵਜੋ ਸਤਿਸੰਗਾ। ਮੋਖ ਉਚਿਤ ਭਾ ਉਰ ਭ੍ਰਮ ਭੰਗਾ॥ ੬੨॥

ਮਨ ਵਿਚ ਸੁਖ ਪਾ ਕੇ ਵੈਦ ਨੇ ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਖੋਟੀ ਬੁੱਧੀ ਦਾ ਨਾਸ਼ ਕਰਨ ਵਾਲੇ ਗੁਰੂ ਜੀ ਦੀ ਮਹਿਮਾ ਨੂੰ ਸਮਝਿਆ। ਆਪਣੇ ਘਰ ਗਿਆ ਅਤੇ ਸਤਿਸੰਗਤ ਵਿਚ ਪ੍ਰਭੂ ਦਾ ਸਿਮਰਨ ਕੀਤਾ। ਮੋਖ ਪ੍ਰਾਪਤੀ ਦੇ ਲਾਇਕ ਹੋਇਆ ਅਤੇ ਦਿਲ ਦੇ ਸਾਰੇ ਵਹਿਮ ਭਰਮ ਨਾਸ਼ ਹੋ ਗਏ॥ ੬੨॥

ਦੋਹਰਾ- ਅਸਬਿਧਿ ਬੈਦ ਉਧਾਰ ਕਰਿ ਸ੍ਰੀ ਗੁਰ ਕਰੁਨਾ ਖਾਨ।
ਸਦਾ ਬਦਨ ਤੇ ਨਾਮ ਜਪ ਧਰਹੁ ਰਿਦੇ ਨਿਤ ਧਜਾਨ॥ ੬੩॥

ਇਸ ਤਰ੍ਹਾਂ ਪਰਮ ਦਿਆਲੂ ਗੁਰੂ ਜੀ ਨੇ ਵੈਦ ਦਾ ਉਧਾਰ ਕੀਤਾ। ਸਦਾ ਆਪਣੇ ਮੁਖ ਨਾਲ ਪ੍ਰਭੂ ਦਾ ਨਾਮ ਜਪੋ ਅਤੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਧਰੋ॥ ੬੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬੈਦ ਪ੍ਰਸੰਗ' ਬਰਨਨ ਨਾਮ ਤ੍ਰਯੋਦਸ਼ਮੋ ਅਧਯਾਯ॥ ੧੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਰ੍ਹਵਾਂ ਅਧਿਆਇ, ਜਿਸ ਦਾ ਨਾਮ 'ਵੈਦ ਪ੍ਰਸੰਗ' ਹੈ, ਸਮਾਪਤ ਹੋਇਆ॥ ੧੩॥

# ਅਧਿਆਇ ਚੌਧਵਾਂ

*ਖ਼ਰਾ ਸੌਦਾ ਕਰਨ ਜਾਣਾ।*

ਦੋਹਰਾ- ਸ੍ਰੀ ਨਾਨਕ ਸੁਖ ਸਿੰਧੁ ਕੋ ਹਾਥ ਜੋਰਿ ਪਰਨਾਮ।
ਜਿਸ ਕਰੁਨਾ ਤੇ ਵਡ ਅਘੀ ਪਾਵਹਿਂ ਗਤਿ ਬਿਸਰਾਮ॥ ੧॥

ਸੁਖਾਂ ਦੇ ਸਮੁੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੇਰੀ ਹੱਥ ਜੋੜ ਕੇ ਨਮਸ਼ਕਾਰ ਹੈ, ਜਿਨ੍ਹਾਂ ਦੀ ਕਿਰਪਾ ਨਾਲ ਵੱਡੇ ਪਾਪੀ ਜੀਉਂਦਿਆਂ ਹੀ ਆਤਮਕ ਆਰਾਮ ਪਾਉਂਦੇ ਹਨ ਅਤੇ ਮਰ ਕੇ ਮੁਕਤੀ ਪ੍ਰਾਪਤ ਕਰਦੇ ਹਨ॥ ੧॥

*ਸਤਿਗੁਰ ਮਿਹਰ ਦਾ ਭਰੋਸਾ ਤੇ ਫਲ॥*

ਚੌਪਈ- ਤਿਹ ਕਰੁਨਾ ਕੀ ਹਮਰੇ ਟੇਕੂ। ਸੁਮਤਿ ਨ ਉਕਤਿ ਨ ਮੁਝ ਉਰ ਏਕੂ।
ਰੁਚਿ ਊਚੀ ਮਨ ਕੀ ਮਤਿ ਕੀਰਾ। ਮਿਲੈ ਨ ਕੌਡੀ ਚਾਹਉਂ ਹੀਰਾ॥ ੨॥

ਸਤਿਗੁਰੂ ਨਾਨਕ ਜੀ ਦੀ ਮਿਹਰ ਦਾ ਸਾਨੂੰ ਆਸਰਾ ਹੈ। ਮੇਰੇ ਪਾਸ ਨਾ ਸ੍ਰੇਸ਼ਟ ਬੁੱਧੀ ਹੈ ਅਤੇ ਨਾ ਹੀ ਯੋਗ ਲਿਖਣ ਦੀ ਜਾਚ ਹੈ। ਮੇਰੇ ਮਨ ਦੀ ਆਪਣੀ ਮੱਤ ਤਾਂ ਹੋਛੀ ਹੈ, ਪਰ ਰੁਚੀ ਬੜੀ ਉੱਚੀ ਹੈ। ਜਿਵੇਂ ਮੰਗ ਤਾਂ ਹੀਰਾ ਰਿਹਾ ਹਾਂ, ਪਰ ਮੇਰਾ ਕੌਡੀ ਪ੍ਰਾਪਤ ਕਰਨ ਦਾ ਵੀ ਹੱਕ ਨਹੀਂ॥ ੨॥

ਜਿਉਂ ਜਿਉਂ ਮਤਿ ਦੇ ਮੁਝਹਿ ਬੁਲਾਈ। ਤਿਉਂ ਤਿਉਂ ਲਿਖੋਂ ਕਥਾ ਸੁਖਦਾਈ।
ਸ਼ਕਤਿ ਨਹੀਂ ਇਕ ਪਦ ਰਚਨਾਂ ਕੀ। ਗ੍ਰੰਥ ਕਰਨ ਇਹ ਕਰੁਨਾ ਤਾਂਕੀ॥ ੩॥

ਜਿਵੇਂ ਜਿਵੇਂ ਸ੍ਰੀ ਨਾਨਕ ਦੇਵ ਜੀ ਬੁੱਧੀ ਦੇ ਕੇ ਮੈਨੂੰ ਬੁਲਾਉਂਦੇ ਹਨ, ਤਿਵੇਂ ਤਿਵੇਂ ਮੈਂ ਉਨ੍ਹਾਂ ਦੀ ਸੁਖ ਦੇਣ ਵਾਲੀ ਕਥਾ ਲਿਖ ਰਿਹਾ ਹਾਂ। ਮੇਰੇ ਵਿਚ ਇਕ ਪਦ ਲਿਖਣ ਦੀ ਵੀ ਸ਼ਕਤੀ ਨਹੀਂ ਹੈ, ਪਰ ਜਿਹੜਾ ਮੈਂ ਗ੍ਰੰਥ ਲਿਖ ਰਿਹਾ ਹਾਂ ਇਹ ਉਨ੍ਹਾਂ ਦੀ ਹੀ ਮਿਹਰ ਸਦਕਾ ਹੈ॥ ੩॥

*ਸ੍ਰੀ ਬਾਲਾ ਸੰਧੁਰੁ ਵਾਚ॥*

ਸ੍ਰੀ ਅੰਗਦ! ਸੁਨੀਏ ਕਹਿ ਬਾਲਾ। ਸ੍ਰੀ ਸਤਿਗੁਰ ਕੀ ਕਥਾ ਰਸਾਲਾ।
ਕੋਇਕ ਦਿਨ ਘਰਿ ਰਹੇ ਨਿਕੇਤੂ। ਬਿਚਰਹਿਂ ਨਹਿਂ ਬੇਦੀ ਕੁਲ ਕੇਤੂ॥ ੪॥

*ਸ੍ਰੀ ਬਾਲਾ ਸੰਧੂ ਕਹਿੰਦੇ ਹਨ-* ਹੇ ਗੁਰੂ ਅੰਗਦ ਦੇਵ ਜੀ! ਤੁਸੀਂ ਸਤਿਗੁਰੂ ਜੀ ਦੀ ਕਥਾ ਪ੍ਰੇਮ ਨਾਲ ਸੁਣੋ। ਕਈ ਦਿਨ ਗੁਰੂ ਜੀ ਘਰ ਵਿਚ ਹੀ ਰਹੇ ਅਤੇ ਬੇਦੀ ਕੁਲ ਦੇ ਦੁਲਾਰੇ ਬਾਹਰ ਫਿਰਨ ਤੁਰਨ ਨਹੀਂ ਸੀ ਜਾਂਦੇ॥ ੪॥

ਕਬਹਿ ਕਰਹਿ ਕਾਲੂ ਪਰਤੀਤੂ। ਬਚਨ ਸੁਨਤਿ ਬਿਸਮੈ ਹੁਇ ਚੀਤੂ।
ਬਹੁਰ ਦੇਇ ਮਾਯਾ ਭਰਮਾਈ। ਰਿਦੈ ਕੁ ਤਰਕ ਅਨੇਕ ਉਠਾਈ॥ ੫॥

ਕਦੀ ਤਾਂ ਮਹਿਤਾ ਕਾਲੂ ਨਿਸ਼ਚਾ ਕਰ ਲੈਂਦਾ ਹੈ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਚਿੱਤ ਵਿਚ ਬੜਾ ਪ੍ਰਸੰਨ ਹੁੰਦਾ ਹੈ। ਪਰ ਫਿਰ ਮਾਇਆ ਦਾ ਭਰਮਾਇਆ ਹੋਇਆ ਹਿਰਦੇ ਵਿਚ ਕਈ ਪ੍ਰਕਾਰ ਦੇ ਤਰਕ ਅਤੇ ਸ਼ੰਕੇ ਲੈ ਬੈਠਦਾ ਹੈ ਅਤੇ ਸੋਚਦਾ ਹੈ॥ ੫॥

'ਬਚਨ ਕਹਿਨ ਮੈਂ ਇਹ ਗੁਣ ਸਾਲੀ। ਧਨ ਖਟਨੇ ਕੀ ਜਾਨਿ ਨ ਚਾਲੀ।
ਸੁਨਿ ਸੁਨਿ ਬਚ ਨਰ ਕਰਹਿਂ ਵਡਾਈ। ਧਨਹਾਨੀ ਇਹ ਭੇਦ ਨ ਪਾਈ॥ ੬॥

"ਗਲਾਂ ਬਾਤਾਂ ਕਰਨ ਵਿਚ ਇਹ ਗੁਣਾਂ ਦਾ ਘਰ ਹੈ, ਪਰ ਧਨ ਖੱਟਣ ਦੀ ਇਹ ਕੋਈ ਚਾਲ ਨਹੀ ਜਾਣਦਾ। ਇਸ ਤਰ੍ਹਾਂ ਦੇ ਬਚਨ ਸੁਣ ਕੇ ਲੋਕ ਵਡਿਆਈ ਕਰਦੇ ਹਨ, ਪਰ ਧਨ ਦੇ ਨੁਕਸਾਨ ਦਾ ਇਹ ਭੇਤ ਨਹੀਂ ਜਾਣਦਾ॥ ੬॥

ਪੁਨ ਰਿਤੁ ਪਰਵਿਰਤੀ ਹੇਮੰਤਾ। ਤਿਹ ਮਹਿਂ ਸੁਨਹੁ ਜੁ ਭਾ ਵਰਤੰਤਾ।
ਤਾਲਨ ਬਾਰਜ ਬਨੀ ਬਿਨਾਸ਼ੀ। ਜਿਉਂ ਕੁਸੰਗ ਨਾਸਹਿ ਜਸੁ ਰਾਸੀ॥ ੭॥

ਫਿਰ ਰੁੱਤ ਬਦਲੀ ਤੇ ਸਿਆਲ ਦੀ ਰੁੱਤ ਆ ਗਈ, ਇਹ ਸੁਣੋ ਜੋ ਉਸ ਰੁੱਤ ਵਿਚ ਬੀਤੀ। ਸਰੋਵਰਾਂ ਵਿਚ ਕੰਵਲਾਂ ਦੀਆਂ ਬਗੀਚੀਆਂ ਦਾ ਇੰਝ ਵਿਨਾਸ਼ ਹੋ ਗਿਆ ਜਿਵੇਂ ਕੁਸੰਗਤ ਵਿਚ ਕੀਰਤੀ ਨੱਸ ਜਾਂਦੀ ਹੈ॥ ੭॥

ਨਿਕਟ ਅਗਨਿ ਕੇ ਰਹਹਿਂ ਮਹਾਨਾ। ਜਿਉਂ ਨ੍ਰਿਪ ਸੇਵਹਿਂ ਜੇ ਮਤਿਵਾਨਾ।
ਮੰਦ ਤੇਜ ਸੂਰਜ ਕਾ ਵਯੋ। ਜਯੋਂ ਭੂਪਤਿ ਹੁਇ ਆਲਸ ਕਿਯੋ॥ ੮॥

ਵੱਡੇ ਲੋਕ ਹਰ ਵੇਲੇ ਅੱਗ ਪਾਸ ਇੰਝ ਬੈਠਦੇ ਹਨ ਜਿਵੇਂ ਰਾਜੇ ਬੁਧੀਮਾਨਾ ਦੇ ਉਪਾਸ਼ਕ ਹੁੰਦੇ ਹਨ। ਸੂਰਜ ਦਾ ਤੇਜ ਵੀ ਮੱਠਾ ਪੈ ਗਿਆ ਹੈ, ਜਿਵੇਂ ਕਿਸੇ ਬਾਦਸ਼ਾਹ ਨੇ ਆਲਸ ਕੀਤਾ ਹੋਵੇ॥ ੮॥

ਨਰ ਨਾਰਿਨਿ ਕੋ ਸੀਤ ਕੰਪਾਵਤਿ। ਮ੍ਰਿਗ ਬਨਬਾਸੀ ਤਿਨਹਿਂ ਦੁਖਾਵਤਿ।
ਕਾਹੂੰ ਸਮੇਂ ਨ੍ਰਿਪ ਹੁਇ ਬਿਨ ਜੋਰਾ। ਜਿਉਂ ਦੁਖ ਦੇਹਿਂ ਪ੍ਰਜਾ ਕੋ ਚੋਰਾ॥ ੯॥

ਇਸਤਰੀਆਂ ਮਰਦਾਂ ਨੂੰ ਠੰਢ ਨੇ ਕਾਂਬਾ ਛੇੜ ਦਿੱਤਾ ਹੈ ਅਤੇ ਜੰਗਲਾਂ ਵਿਚ ਹਿਰਨਾਂ ਨੂੰ ਸਰਦੀ ਨੇ ਬਹੁਤ ਤੰਗ ਕੀਤਾ ਹੈ। ਜਿਵੇਂ ਕਿਸੇ ਸਮੇਂ ਰਾਜੇ ਦੇ ਕਮਜ਼ੋਰ ਹੋਣ ਕਰਕੇ ਚੋਰ ਪਰਜਾ ਨੂੰ ਬਹੁਤ ਦੁੱਖੀ ਕਰਦੇ ਹਨ॥ ੯॥

ਨਿਸ ਦੀਰਘ ਮਹਿਂ ਲੇਤਿ ਨਿਹਾਲੀ। ਸੋਵਹਿਂ ਸੀਤ ਬਿਦਾਰਿ ਸੁਖਾਲੀ।
ਜਿਉਂ ਸਤਿਗੁਰ ਕੀ ਲੇ ਪਗ ਧੂਰੀ। ਭਵਸੰਕਟ ਸਿੱਖ ਕਰਹਹਿਂ ਦੂਰੀ॥੧੦॥

ਠੰਢੀ ਤੇ ਲੰਮੀ ਰਾਤ ਨੂੰ ਰਜ਼ਾਈ ਲੈ ਕੇ ਪਾਲੇ ਨੂੰ ਇਸ ਤਰ੍ਹਾਂ ਦੂਰ ਕਰਕੇ ਸੌਂਦੇ ਹਨ, ਜਿਵੇਂ ਸਤਿਗੁਰੂ ਦੇ ਪੈਰਾਂ ਦੀ ਧੂੜ ਲੈ ਕੇ ਸਿੱਖ ਜਨਮ ਮਰਨ ਦੇ ਸੰਕਟ ਨੂੰ ਦੂਰ ਕਰਦੇ ਹਨ॥ ੧੦॥

ਆਤਪ ਖਰੀ ਸੁਹਾਇ ਸਰੀਰਾ। ਜਿਉਂ ਸਤਿਸੰਗਤਿ ਜਨ ਮਤਿ ਧੀਰਾ।
ਸੀਤਲ ਬਹਿਹੀ ਨੀਰ ਸਮੀਰਾ। ਜੋ ਰੰਕਨ ਕੋ ਕਰਤਿ ਅਧੀਰਾ ॥੧੧॥

ਧੁੱਪ ਸਰੀਰ ਨੂੰ ਇੰਝ ਚੰਗੀ ਲਗਦੀ ਹੈ ਜਿਵੇਂ ਬੁਧੀਮਾਨਾਂ ਦੀ ਸਤਿਸੰਗਤਿ ਮਨੁੱਖਾਂ ਨੂੰ ਧੀਰਜ ਦਿੰਦੀ ਹੈ। ਸੀਤਲ ਪਾਣੀ ਤੇ ਹਵਾ ਵਹਿ ਰਹੇ ਹਨ, ਜਿਹੜੇ ਕੰਗਾਲਾਂ ਨੂੰ ਬਹੁਤ ਅਧੀਰ ਕਰ ਰਹੇ ਹਨ॥ ੧੧॥

ਜਿਉਂ ਬਿਨ ਸਤਿਗੁਰ ਤੇ ਰਖਵਾਰਾ। ਜਗਜਾਸੀ ਕੋ ਕਰਤਿ ਬਿਕਾਰਾ।
ਅਸ ਹਿਮੰਤ ਰਿਤੁ ਮਹਿਂ ਜਗ ਕੰਤਾ। ਪਰੇ ਰਹਹਿਂ ਸੁਖਦਾਨੀ ਸੰਤਾ॥੧੨॥

ਜਿਵੇਂ ਸਤਿਗੁਰੂ ਤੋਂ ਬਗੈਰ ਰਖਵਾਲਾ ਲੋਕਾਈ ਨੂੰ ਬੇਕਾਰ ਕਰ ਦਿੰਦਾ ਹੈ, ਇਸ ਤਰ੍ਹਾਂ ਠੰਢੀ ਰੁੱਤ ਵਿਚ ਜਗਤ ਦੇ ਮਾਲਕ ਅਤੇ ਸੰਤਾਂ ਨੂੰ ਸੁੱਖ ਦੇਣ ਵਾਲੇ ਭਾਵ-ਗੁਰੂ ਜੀ ਲੇਟੇ ਰਹਿੰਦੇ ਹਨ॥ ੧੨॥

ਕਿਸ ਸਿਉਂ ਮਿਲਹਿਂ ਨ ਬੋਲਹਿਂ ਬਾਨੀ। ਰਹਹਿਂ ਇਕਾਂਕੀ ਗੁਨ ਗਨ ਖਾਨੀ।
ਅਸ ਬਿਧਿ ਸੋਂ ਜੁਗ ਮਾਸ ਬਿਤਾਏ। ਫਿਰਨ ਲਗੇ ਪੁਨ ਸਹਿਜ ਸੁਭਾਏ॥੧੩॥

ਨਾ ਹੀ ਕਿਸੇ ਨਾਲ ਮਿਲਦੇ ਹਨ ਤੇ ਨਾ ਹੀ ਕਿਸੇ ਨਾਲ ਬਚਨ-ਬਿਲਾਸ ਕਰਦੇ ਹਨ। ਸਮੂਹ ਗੁਣਾਂ ਦੀ ਖਾਣ ਹਰ ਵੇਲੇ ਇਕੱਲੇ ਰਹਿੰਦੇ ਹਨ। ਇਸ ਤਰ੍ਹਾਂ ਦੋ ਮਹੀਨੇ ਬੀਤ ਗਏ। ਫਿਰ ਸਹਿਜ ਸੁਭਾਅ ਹੀ ਫਿਰਨ ਤੁਰਨ ਲੱਗ ਗਏ॥ ੧੩॥

ਰੁਚਿ ਸੋਂ ਖਾਨ ਪਾਨ ਕੋ ਕਰਿਹੀਂ। ਮਾਤ ਬਿਲੋਕ ਹਰਖ ਉਰ ਧਰਿਹੀ।
ਜਾਨਤਿ ਭਈ ਅਨਾਮੈਂ ਤਨ ਕੋ। ਦੀਨੋ ਦਾਨ ਦਿਜਨ ਸਭਿਹਿਨਿ ਕੋ॥੧੪॥

ਜਿਸ ਪਦਾਰਥ ਨੂੰ ਖਾਣ-ਪੀਣ ਦੀ ਰੁਚੀ ਹੁੰਦੀ ਹੈ, ਆਪਣੇ ਮਾਤਾ ਜੀ ਨੂੰ ਕਹਿ ਕੇ ਆਪਣੇ ਮਨ ਦੀ ਖ਼ਾਹਿਸ਼ ਪੂਰੀ

ਕਰਦੇ ਹਨ। ਮਾਤਾ ਜੀ ਨੇ ਜਦ ਇਹ ਵੇਖਿਆ ਕਿ ਉਸ ਦਾ ਪੁੱਤਰ ਅਰੋਗ ਹੋ ਗਿਆ ਹੈ ਤਾਂ ਉਸ ਨੇ ਸਭ ਬ੍ਰਾਹਮਣਾਂ ਨੂੰ ਦਾਨ ਦਿੱਤਾ॥ ੧੪॥

ਸੁੰਦਰ ਬਸਤ੍ਰ ਨਵੀਨ ਬਨਾਏ। ਸੁਤ ਕੋ ਯੁਤਿ ਦੁਲਾਰ ਪਹਿਰਾਏ।
ਬਦਨ ਸਦਨ ਛਬਿ ਪੁਨ ਪੁਨ ਦੇਖੀ। ਵਡਭਾਗਣ ਲਖਿ ਆਪ ਬਿਸ਼ੇਖੀ॥੧੫॥

ਫਿਰ ਉਸ ਨਵੇਂ ਸੁੰਦਰ ਕਪੜੇ ਬਣਵਾਏ ਅਤੇ ਆਪਣੇ ਪੁੱਤਰ ਨੂੰ ਬੜੇ ਪਿਆਰ ਨਾਲ ਪਹਿਨਾਏ। ਸ਼ੋਭਾ ਦੇ ਘਰ ਗੁਰੂ ਜੀ ਦੇ ਮੁਖੜੇ ਨੂੰ ਬਾਰ ਬਾਰ ਵੇਖਿਆ ਅਤੇ ਆਪਣੇ ਆਪ ਨੂੰ ਵਡਭਾਗਣ ਜਾਣ ਕੇ ਬਹੁਤ ਪ੍ਰਸੰਨ ਹੋਈ॥ ੧੫॥

ਗਜਾਤਿਨਿ ਕੀ ਪੰਗਤਿ ਜਗ ਮੂਲਾ। ਬੈਸਹਿਂ, ਭੇ ਕਾਲੂ ਅਨਕੂਲਾ।
ਲੌਕਿਕ ਰੀਤਿ ਮਿਲਨ ਪੁਨ ਬੋਲਨ। ਕਰਿਹੀਂ ਸਭਿ ਬਿਧਿ ਪੁਰਿ ਮਹਿਂ ਡੋਲਨ॥੧੬॥

ਸਕੇ-ਸੰਬੰਧੀਆਂ ਦੀ ਪੰਗਤੀ ਜਗਤ ਦਾ ਮੂਲ ਹੈ। ਗੁਰੂ ਜੀ ਕਈ ਵਾਰ ਮਹਿਤਾ ਕਾਲੂ ਦੇ ਪਾਸ ਆ ਕੇ ਬੈਠ ਜਾਂਦੇ ਹਨ। ਲੌਕਿਕ ਰੀਤੀ ਅਨੁਸਾਰ ਮਿਲਦੇ ਅਤੇ ਬੋਲਦੇ ਹਨ ਅਤੇ ਆਪਣੀ ਮਰਜ਼ੀ ਮੁਤਾਬਿਕ ਨਗਰ ਵਿਚ ਘੁੰਮਦੇ ਫਿਰਦੇ ਹਨ॥ ੧੬॥

ਸੁੰਦਰ ਸ਼ੋਭਤਿ ਬੈਸ ਕਿਸ਼ੋਰਾ। ਗਿਰਾ ਮ੍ਰਿਦੁਲ ਮਧਰੀ ਚਿਤ ਚੋਰਾ।
ਲਲਿਤ ਬਿਲੋਚਨ ਦਲ ਉਤਪਲ ਸੇ। ਤਾਰੇ ਸ਼ਜਾਮ ਗੰਡਕੀ ਸਿਲ ਸੇ॥੧੭॥

ਕਿਸ਼ੋਰ (ਗਿਆਰਾਂ ਸਾਲ ਤੋਂ ਪੰਦਰਾਂ ਸਾਲ ਦੀ ਉਮਰ) ਅਵਸਥਾ ਵਿਚ ਗੁਰੂ ਜੀ ਬਹੁਤ ਸੁੰਦਰ ਲਗਦੇ ਹਨ। ਚਿੱਤ ਨੂੰ ਚੁਰਾ ਲੈਣ ਵਾਲੇ ਦੀ ਆਵਾਜ਼ ਬੜੀ ਮਿੱਠੀ ਅਤੇ ਕੋਮਲ ਹੈ। ਸੁੰਦਰ ਨੈਣ ਕੰਵਲ ਦੀਆਂ ਪੰਖੜੀਆਂ ਵਰਗੇ ਹਨ। ਅੱਖਾਂ ਦੇ ਤਾਰੇ ਗੰਡਕ ਨਾਮੀ ਨਦੀ ਦੇ ਪੱਥਰਾਂ ਵਰਗੇ ਕਾਲੇ ਹਨ॥ ੧੭॥

ਸੋਰਠਾ- ਬਨੀ ਸੁ ਭ੍ਰਿਕੁਟੀ ਬੰਕ ਜਿਉਂ ਕਮਾਨ ਇਹ ਕਾਮ ਕੀ।
ਕਿਧੋਂ ਇੰਦੁ ਅਕਲੰਕ ਸਦਨ ਤਾਸ ਮਹਿਰਾਬ ਸੀ॥ ੧੮॥

ਭਰਵੱਟੇ ਕਾਮਦੇਵ ਦੀ ਕਮਾਨ ਵਾਂਗ ਜਾਂ ਦੂਜ ਦੇ ਚੰਦ ਵਾਂਗ, ਜਾਂ ਉਸ ਦੇ ਘਰ ਦੀ ਡਾਟ ਵਾਂਗ ਟੇਢੇ ਹਨ॥ ੧੮॥

ਚੌਪਈ- ਮੰਦਮੰਦ ਸੁੰਦਰ ਗਤਿ ਚਲਿਹੀ। ਦਯਾ ਦ੍ਰਿਸ਼ਟਿ ਦੇਖਹਿਂ ਦੁਖ ਦਲਿਹੀਂ।
ਨਿਜ ਇੱਛਾ ਬੇਦੀ ਕੁਲ ਕੇਤੂ। ਬਿਚਰਹਿਂ, ਕਿਰਤ ਨ ਕਰਤਿ ਨਿਕੇਤੂ॥੧੯॥

ਹੌਲੀ ਹੌਲੀ ਸੋਹਣੀ ਚਾਲ ਚਲਦੇ ਹਨ। ਜਿਸ ਵਲ ਵੀ ਮਿਹਰ ਦੀ ਨਜ਼ਰ ਕਰਕੇ ਵੇਖਦੇ ਹਨ, ਉਸ ਦੇ ਦੁੱਖਾਂ ਦਾ ਨਾਸ ਕਰ ਦਿੰਦੇ ਹਨ। ਬੇਦੀ ਕੁਲ ਦੇ ਧ੍ਵਜ ਆਪਣੀ ਇੱਛਾ ਅਨੁਸਾਰ ਘੁੰਮਦੇ ਫਿਰਦੇ ਹਨ ਅਤੇ ਘਰ ਦਾ ਕੋਈ ਕੰਮ ਨਹੀਂ ਕਰਦੇ॥ ੧੯॥

ਐਸੇ ਕਿੰਚਤ ਕਾਲ ਬਿਤਾਯੋ। ਜਗਤ ਉਧਾਰਨ ਹਿਤ ਜੋ ਆਯੋ।
ਇਕ ਬਾਸੁਰ ਕਾਲੂ ਨਿਜ ਸਦਨਾ। ਬੈਸਿ ਬੁਲਾਯੋ ਬਾਰਜ ਬਦਨਾ॥੨੦॥

ਗੁਰੂ ਜੀ ਜਿਹੜੇ ਜਗਤ ਦਾ ਉਧਾਰ ਕਰਨ ਆਏ ਹਨ, ਇਸ ਤਰ੍ਹਾਂ ਆਪਣਾ ਸਮਾਂ ਬਤੀਤ ਕਰ ਰਹੇ ਹਨ। ਇਕ ਦਿਨ ਕਾਲੂ ਨੇ ਆਪਣੇ ਘਰ ਵਿਚ ਕੰਵਲ ਦੇ ਫੁੱਲ ਵਰਗੇ ਮੁਖੜੇ ਵਾਲੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ॥ ੨੦॥

ਦਰਬ ਕਮਾਵਨ ਸਿਖਵਨ ਹੇਤੂ। ਨਿਕਟ ਬਿਸਾਯੋ ਕ੍ਰਿਪਾ ਨਿਕੇਤੂ।
ਪ੍ਰੀਤ ਚਿੰਤ ਮਹਿਂ ਸਾਨੀ ਬਾਨੀ। ਬੋਲਜੋ ਰੀਤਿ ਅਨੀਤਿ ਪਛਾਨੀ॥੨੧॥

ਧਨ ਕਮਾਉਣ ਦੀ ਸਿਖਿਆ ਦੇਣ ਹਿਤ ਕਿਰਪਾ ਦੇ ਘਰ (ਗੁਰੂ ਜੀ) ਨੂੰ ਆਪਣੇ ਪਾਸ ਬਿਠਾਇਆ। ਪ੍ਰੀਤ ਅਤੇ ਚਿੰਤਾ ਨਾਲ ਮਿਲੀ ਹੋਈ ਬੋਲੀ, ਰੀਤੀ ਅਤੇ ਅਨੀਤੀ ਪਹਿਚਾਣ ਕੇ ਕਿਹਾ॥੨੧॥

'ਸੁਤ ਨਾਨਕ! ਤੂੰ ਏਕ ਹਮਾਰੇ। ਨਹਿੰ ਦੂਸਰ ਜੋ ਕਾਜ ਸੰਭਾਰੇ।
ਤੁਮ ਨੈ ਤਜਿ ਦੀਨੋ ਅਸਰੀਤੂ। ਜਿਉਂ ਵਿਰਾਗ ਦਿਢ ਹੋਤਿ ਅਤੀਤੂ ॥੨੨॥

''ਹੇ ਨਾਨਕ! ਤੂੰ ਸਾਡਾ ਇਕੋ ਇਕ ਪੁੱਤਰ ਏਂ, ਕੋਈ ਹੋਰ ਦੂਸਰਾ ਪੁੱਤਰ ਨਹੀਂ ਹੈ ਜਿਹੜਾ ਸਾਡਾ ਕੰਮ-ਕਾਜ ਸੰਭਾਲੇ. ਤੂੰ ਘਰ ਦਾ ਕੰਮ ਕਾਜ ਇੰਝ ਛੱਡ ਦਿੱਤਾ ਹੈ ਜਿਵੇਂ ਇਕ ਪੱਕਾ ਫਕੀਰ ਹੋਵੇ॥ ੨੨॥

ਕਹਹੁ ਗ੍ਰਿਸਤ ਸਿਉਂ ਕਿਉਂ ਬਨਿ ਆਵੈ। ਨਿਸ ਬਾਸੁਰ ਬਿਨ ਕਾਮ ਬਿਤਾਵੈ।
ਮੁਝ ਜੀਵਤਿ ਜੇ ਲੇਤਿ ਸੰਭਾਰੀ। ਹੌਂ ਜਾਨਤਿ ਸੁਤ ਹੈ ਸੁਖਕਾਰੀ॥੨੩॥

ਕਿਸੇ ਕੰਮ ਵਿਚ ਰੁੱਝਣ ਤੋਂ ਬਗੈਰ, ਦੱਸ ਕਿਵੇਂ ਗੁਜ਼ਾਰਾ ਹੋਵੇਗਾ। ਦਿਨ ਰਾਤ ਕੋਈ ਕੰਮ ਕਰਨ ਤੋਂ ਬਗੈਰ ਬਤੀਤ ਕਰ ਰਿਹਾ ਹੈਂ। ਜੇ ਮੇਰੇ ਜੀਉਂਦੇ-ਜੀਉਂਦੇ ਘਰ-ਬਾਰ ਦਾ ਕੰਮ ਸੰਭਾਲ ਲਵੇਂਗਾ ਤਾਂ ਸਮਝਾਂਗਾ ਕਿ ਮੇਰਾ ਪੁੱਤਰ ਬੜਾ ਸੁਖਕਾਰੀ ਹੈ॥ ੨੩॥

ਤੁਝ ਜਨਮਤਿ ਮਨ ਭਾ ਭਰਵਾਸਾ। ਨਾਨਕ ਕਰਿਹੈ ਨਾਮ ਪ੍ਰਕਾਸ਼ਾ।
ਦਰਬ ਕਮਾਵਨ ਮੈਂ ਜਸ ਮੇਰੋ। ਜਾਨਹਿ ਸਭਿ ਪੁਰਿ ਮਾਂਹਿ ਘਨੇਰੋ॥੨੪॥

ਤੇਰਾ ਜਨਮ ਹੋਣ ਤੋਂ ਮਨ ਨੂੰ ਬੜਾ ਭਰਵਾਸਾ ਹੋਇਆ ਸੀ ਕਿ ਨਾਨਕ ਸਾਡਾ ਨਾਂ ਰੋਸ਼ਨ ਕਰੇਗਾ। ਧਨ ਕਮਾਉਣ ਵਿਚ ਮੇਰਾ ਬੜਾ ਜੱਸ ਹੈ ਤੇ ਸਾਰੇ ਨਗਰ ਵਾਲੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ॥੨੪॥

ਜਿਮ ਰਾਂਕਾ ਕੋ ਇੰਦ ਨਿਹਾਰੀ। ਦੇਖ ਸਰਾਹਹਿਂ ਸਭਿ ਨਰ ਨਾਰੀ।
ਰਾਹੁ ਸਰਸ ਤੂੰ ਭਾ ਘਰ ਮਾਂਹੀ। ਸਭਿ ਬਿਧਿ ਮੰਦ ਕਰਤਿ ਭਾ ਤਾਂਹੀ॥੨੫॥

ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਸਾਰੇ ਵੇਖਦੇ ਹਨ ਤੇ ਸਾਰੇ ਮਰਦ ਇਸਤਰੀਆਂ ਵੇਖ ਕੇ ਸਲਾਘਾ ਕਰਦੇ ਹਨ। ਪਰ ਤੂੰ ਤਾਂ ਮੇਰੇ ਘਰ ਵਿਚ ਚੰਦ ਗ੍ਰਹਿਣ ਲਾਉਣ ਵਾਲਾ ਰਾਹੂ ਜੰਮਿਆ ਹੈਂ। ਸਭ ਤਰ੍ਹਾਂ ਨਾਲ ਤੂੰ ਮੰਦੇ ਕੰਮ ਹੀ ਕਰ ਰਿਹਾ ਹੈਂ॥ ੨੫॥

ਏਕ ਨ ਮਤਿ ਮਨ ਬਨਜ ਕਰਨ ਕੀ। ਬਹੁਰ ਨ ਖੱਤ੍ਰੀ ਰੀਤਿ ਬਰਨ ਕੀ।
ਹਾਰਜੋ ਅਨਿਕ ਬਿਧਿਨ ਮਤਿ ਦੇਤੂ। ਕਬਹਿ ਕਮਾਇ ਨ ਲਜਾਇ ਨਿਕੇਤੂ॥੨੬॥

ਤੈਨੂੰ ਵਪਾਰ ਕਰਨ ਦੀ ਵੀ ਅਕਲ ਨਹੀਂ ਹੈ ਅਤੇ ਨਾ ਹੀ ਖੱਤਰੀ ਵਰਨ ਦੀ ਕੋਈ ਰੀਤੀ ਜਾਣਦੇ ਹੋ। ਦੂਸਰਿਆਂ ਨੂੰ ਤਾਂ ਸਿਖਿਆ ਦਿੰਦਾ ਥੱਕ ਗਿਆ ਹੈਂ, ਪਰ ਆਪ ਕਦੇ ਵੀ ਘਰ ਵਿਚ ਕੁਝ ਵੀ ਕਮਾਈ ਕਰਕੇ ਨਹੀਂ ਲਿਆਂਦਾ''॥ ੨੬॥

ਜਨਕ ਬਚਨ ਤੂਸ਼ਨਿ ਕਰਿ ਸੁਨੀਆ। ਜਿਉਂ ਅਡੋਲ ਬੈਠੇ ਵਡ ਮੁਨੀਆ।
ਬਹੁ ਬਿਧਿ ਕੀ ਕਹਿ ਗਿਰਾ ਕਠੋਰਾ। ਤੂਸ਼ਨਿ ਭਾ, ਜਿਸ ਰੋਸ ਨ ਥੋਰਾ॥੨੭॥

ਗੁਰੂ ਜੀ ਨੇ ਆਪਣੇ ਪਿਤਾ ਜੀ ਦੇ ਬਚਨ ਚੁੱਪ ਕਰਕੇ ਸੁਣ ਲਏ, ਜਿਵੇਂ ਵੱਡੇ ਮੁਨੀ ਅਡੋਲ ਬੈਠੇ ਹੋਣ। ਮਹਿਤਾ ਕਾਲੂ ਨੇ ਗੁੱਸੇ ਵਿਚ ਕਈ ਤਰ੍ਹਾਂ ਦੇ ਕਠੋਰ ਸ਼ਬਦ ਕਹੇ, ਪਰ ਗੁਰੂ ਜੀ ਚੁੱਪ ਰਹੇ ਤੇ ਉਨ੍ਹਾਂ ਰਤਾ ਭਰ ਵੀ ਰੋਸ ਨਾ ਕੀਤਾ॥ ੨੭॥

ਘਟਿਕਾ ਜੁਗਲ ਬਿਤੀਤੀ ਜਬ ਹੀ। ਤਪਤ ਰਿਦਾ ਸੀਤਲ ਭਾ ਤਬ ਹੀ।
ਬਹੁਰੋ ਬੋਲੇ ਬੋਲ ਅਮੋਲਾ। ਜਨੁ ਕਾਲੂ ਸੁਖ ਕੁਲਫਹਿ ਖੋਲਾ॥ ੨੮॥

ਜਦ ਦੋ ਘੜੀਆਂ ਬੀਤੀਆਂ ਤਾਂ ਤਪਦੇ ਹਿਰਦੇ ਨੂੰ ਠੰਢ ਪਈ। ਫਿਰ ਉਨ੍ਹਾਂ ਅਮੋਲਕ ਬਚਨ ਕਹੇ ਅਤੇ ਮਹਿਤਾ ਕਾਲੂ ਦੇ ਸੁੱਖਾਂ ਦਾ ਜੰਦਰਾ ਖੋਲ੍ਹਿਆ॥ ੨੮॥

'ਬਖਸ਼ ਖਤਾ ਪਿਤ! ਪਾਛਲ ਕੇਰੀ। ਨਹੀਂ ਬਿਗਾਰੋਂ ਕਾਰਜ ਫੇਰੀ।

ਜਿਉਂ ਰਾਵਰ ਕੀ ਹੋਇ ਰਜਾਈ। ਤਿਉਂ ਮੈਂ ਕਰਿਹੋਂ ਪ੍ਰੀਤਿ ਲਗਾਈ॥ ੨੯॥

ਕਹਿਣ ਲੱਗੇ, "ਪਿਤਾ ਜੀ ! ਮੇਰੀ ਪਿਛਲੀ ਗਲਤੀ ਮੁਆਫ ਕਰੋ, ਮੈਂ ਦੁਬਾਰਾ ਕਿਸੇ ਕੰਮ ਨੂੰ ਨਹੀਂ ਵਿਗਾੜਾਂਗਾ। ਜਿਹੜਾ ਵੀ ਕੰਮ ਕਰਵਾਉਣ ਦੀ ਆਪ ਜੀ ਦੀ ਇੱਛਾ ਹੋਵੇਗੀ ਉਹ ਕੰਮ ਮੈਂ ਬੜੇ ਪ੍ਰੇਮ ਨਾਲ ਕਰਾਂਗਾ॥ ੨੯॥

ਉਚਿਤ ਕਰਨ ਕੇ ਮੋਕੋ ਜੋਊ। ਅਬ ਕਹੀਏ ਕਰਿਹੋਂ ਮੈਂ ਸੋਊ'।
ਮ੍ਰਿਦੁਲ ਮਧੁਰ ਨੰਮ੍ਰੀ ਸੁਨਿ ਬਾਨੀ। ਭੀ ਕਾਲੂ ਕੇ ਮਨ ਸੁਖਦਾਨੀ॥ ੩੦॥

ਜਿਹੜਾ ਵੀ ਕੰਮ ਤੁਸੀਂ ਮੇਰੇ ਲਈ ਉਚਿਤ ਸਮਝਦੇ ਹੋ, ਤੁਸੀਂ ਕਹੋ, ਮੈਂ ਉਹੀ ਕੰਮ ਕਰਾਂਗਾ।" ਗੁਰੂ ਜੀ ਦੀ ਕੋਮਲ, ਮਿਠੀ ਅਤੇ ਸਨਿਮਰ ਬਾਣੀ ਨੇ ਬਾਬਾ ਕਾਲੂ ਦੇ ਮਨ ਨੂੰ ਬੜਾ ਸੁੱਖ ਦਿੱਤਾ॥ ੩੦॥

ਜਾਨਿ ਆਪਨੇ ਸੁਤ ਅਨੁਸਾਰੀ। ਧਨ ਖਾਟਨ ਕੀ ਗਿਰਾ ਉਚਾਰੀ।
'ਸੁਨ ਸੁਤ ਪੂਰਬ ਭਾ ਕ੍ਰਿਖਿ ਕਾਰੀ। ਪਸੁ ਚਰਾਇ ਸੋ ਦੀਨਿ ਉਜਾਰੀ॥ ੩੧॥

ਮਹਿਤਾ ਕਾਲੂ ਨੇ ਜਦ ਵੇਖਿਆ ਕਿ ਉਸ ਦਾ ਪੁੱਤਰ ਹੁਣ ਠੀਕ ਰਸਤੇ ਤੇ ਆ ਗਿਆ ਹੈ ਤਾਂ ਉਸ ਨੇ ਧਨ ਕਮਾਉਣ ਦੀ ਗੱਲ ਕਹੀ। ਹੇ ਪੁੱਤਰ ! ਪਹਿਲਾਂ ਤੂੰ ਖੇਤੀ ਕਰਕੇ ਫਿਰ ਪਸ਼ੂ ਚਰਾ ਕੇ ਉਜਾੜ ਦਿੱਤੀ॥ ੩੧॥

ਮੁਝ ਮਨ ਮੈਂ ਥੀ ਐਸ ਵਿਚਾਰਾ। ਦਿਉਂ ਬਸਾਇ ਇਕ ਗ੍ਰਾਮ ਨਿਰਾਰਾ।
ਸੋ ਤੋ ਰਹੇ ਮਨੋਰਥ ਮੇਰੇ। ਪੰਗ ਤਕਹਿ ਜਿਉਂ ਗਿਰਸਿਰ ਹੇਰੇ॥ ੩੨॥

ਮੇਰੇ ਮਨ ਵਿਚ ਅਜਿਹਾ ਵਿਚਾਰ ਸੀ ਕਿ ਮੈਂ ਤੈਨੂੰ ਇਕ ਨਿਆਰਾ ਪਿੰਡ ਵਸਾ ਕੇ ਦੇਵਾਂ। ਉਹ ਤਾਂ ਮੇਰਾ ਇਕ ਮਨੋਰਥ ਇਕ ਕਾਮਨਾ ਬਣ ਕੇ ਰਹਿ ਗਈ, ਜਿਵੇਂ ਕੋਈ ਪਿੰਗਲਾ ਪਹਾੜ ਦੀ ਚੋਟੀ ਵੇਖਣ ਦੀ ਖਾਹਿਸ਼ ਕਰਦਾ ਹੈ॥ ੩੨॥

ਮੁਝ ਤੇ ਬੀਸ ਕਾਰਖਿਕ ਲੀਜੈ। ਆਨ ਸਥਾਨ ਪਯਾਨੋ ਕੀਜੈ।
ਹੇਰਿ ਲਾਭਦਾ ਵਸਤੁ ਵਿਚਾਰੀ। ਬਨਜਹੁ ਨਿਜ ਮਤਿ ਕੇ ਅਨੁਸਾਰੀ॥ ੩੩॥

ਮੈਥੋਂ ਵੀਹ ਰੁਪਏ ਲਵੋ ਤੇ ਕਿਸੇ ਹੋਰ ਸਥਾਨ ਤੇ ਜਾਵੋ। ਕੋਈ ਲਾਭਦਾਇਕ ਵਸਤੂ ਵੇਖ ਕੇ ਆਪਣੀ ਸਮਝ ਅਨੁਸਾਰ ਵਪਾਰ ਕਰੋ॥ ੩੩॥

ਅਬ ਕੇ ਜੇ ਆਨਹੁ ਸ਼ੁਭ ਸੌਦਾ। ਪੁਨ ਬਹੁ ਧਨ ਦਿਉਂ ਉਰ ਭਰਿ ਮੋਦਾ।
ਨਿਜ ਪੂੰਜੀ ਤੁਮ ਰਖਹੁ ਨਿਰਾਲੀ। ਕਰਹੁ ਬਨਜ ਇਹ ਰੀਤਿ ਸੁਖਾਲੀ॥ ੩੪॥

ਜੇ ਹੁਣ ਤੂੰ ਚੰਗਾ ਸੌਦਾ ਕਰੇਂਗਾ ਤਾਂ ਦੁਬਾਰਾ ਖੁਸ਼ੀ-ਖੁਸ਼ੀ ਮੈਂ ਤੈਨੂੰ ਬਹੁਤ ਧਨ ਦੇਵਾਂਗਾ। ਆਪਣੀ ਪੂੰਜੀ ਤੁਸੀਂ ਵੱਖਰੀ ਰਖੋ ਤੇ ਇਸ ਸੁਖਾਲੀ ਰੀਤੀ ਅਨੁਸਾਰ ਵਪਾਰ ਕਰੋ॥ ੩੪॥

ਦਿਨ ਪ੍ਰਤਿ ਦਰਬ ਬਧਾਵਹੁ ਭਾਰੀ। ਬਹੁਰ ਸਪੂਤ ਕਹਹਿਂ ਨਰ ਨਾਰੀ।
ਬਾਲਾ ਲੇਹੁ ਦੂਸਰਾ ਸੰਗਾ। ਸੁਤ ! ਜਾਵਹੁ ਅਬ ਸਹਿਤ ਉਮੰਗਾ'॥ ੩੫॥

ਪ੍ਰਤਿ ਦਿਨ ਧਨ ਵਧਾਉਂਦੇ ਜਾਵੋ, ਫਿਰ ਤੈਨੂੰ ਹਰ ਮਰਦ ਇਸਤਰੀ ਸਪੁੱਤਰ ਕਹਿਣਗੇ। ਆਪਣੇ ਨਾਲ ਬਾਲੇ ਨੂੰ ਲੈ ਲਵੋ ਤੇ ਹੇ ਪੁੱਤਰ ! ਹੁਣ ਬੜੇ ਉਤਸ਼ਾਹ ਅਤੇ ਉਮੰਗ ਨਾਲ ਸੌਦਾ ਕਰਨ ਵਾਸਤੇ ਜਾਵੋ॥ ੩੫॥

ਕਹਿ ਬਾਲਾ ਸੁਨਿ ਗੁਰ ! ਦੁਖ ਕਦਨੰ। ਦਾਸ ਪਠਾਯੋ ਤਬ ਮੁਝ ਸਦਨੰ।
ਗਯੋ ਸੰਗ ਮੈਂ ਤਿਹ ਅਸਥਾਨੰ। ਜਹਿਂ ਕਾਲੂ ਨਾਨਕ ਗਤਿ ਦਾਨੰ॥ ੩੬॥

ਭਾਈ ਬਾਲੇ ਨੇ ਕਿਹਾ, "ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਅੰਗਦ ਦੇਵ ਜੀ ! ਸੁਣੋ ਫਿਰ ਇਕ ਨੌਕਰ ਨੂੰ ਮੇਰੇ ਘਰ

ਭੇਜਿਆ ਗਿਆ ਅਤੇ ਮੈਂ ਉਸਦੇ ਨਾਲ ਉਥੇ ਗਿਆ, ਜਿਥੇ ਮਹਿਤਾ ਕਾਲੂ ਅਤੇ ਮੁਕਤੀਦਾਤੇ ਗੁਰੂ ਨਾਨਕ ਜੀ ਬਿਰਾਜਮਾਨ ਸਨ॥ ੩੬॥

ਮੁਝਕੋ ਸਾਦਰ ਨਿਕਟਿ ਬਿਠਾਯੰ। ਹਿਤ ਭੇਜਨ ਕੇ ਬਚਨ ਅਲਾਯੰ।
'ਸੁਨਿ ਬਾਲੇ ਤੂੰ ਹੈਂ! ਮਤਿਵਾਨੰ। ਕੀਜੈ ਨਾਨਕ ਸੰਗ ਪਯਾਨੰ॥ ੩੭॥

ਮੈਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ ਅਤੇ ਗੁਰੂ ਨਾਨਕ ਜੀ ਦੇ ਨਾਲ ਭੇਜਣ ਹਿਤ ਬਚਨ ਕਹੇ। ਮਹਿਤਾ ਕਾਲੂ ਜੀ ਨੇ ਕਿਹਾ, "ਹੇ ਬਾਲੇ ਸੁਣ ! ਤੂੰ ਬੜਾ ਅਕਲਮੰਦ ਅਤੇ ਸੂਝ ਵਾਲਾ ਹੈਂ। ਨਾਨਕ ਦੇ ਨਾਲ ਤੂੰ ਵਪਾਰ ਕਰਨ ਵਾਸਤੇ ਜਾ॥ ੩੭॥

ਹੋਇ ਲਾਭਦਾ ਸੌਦਾ ਜੋਊ। ਲੇਹੁ ਸੰਭਾਰ ਆਨਿਯੇ ਸੋਊ'।
ਅਸ ਕਹਿ ਬੀਸ ਰਜਤਪਣ ਦੀਨੇ। ਭਲਿ ਬਿਧਿ ਸੌਂ ਮੁਝ ਸੌਂਪਨ ਕੀਨੇ॥ ੩੮॥

ਜਿਹੜਾ ਲਾਭਦਾਇਕ ਸੌਦਾ ਹੋਵੇ, ਉਸ ਨੂੰ ਸੰਭਾਲ ਕੇ ਲੈ ਆਉਣਾ। ਇਹ ਕਹਿ ਕੇ ਵੀਹ ਰੁਪਏ ਦਿੱਤੇ ਅਤੇ ਚੰਗੀ ਤਰ੍ਹਾਂ ਮੇਰੇ ਹਵਾਲੇ ਕਰ ਦਿੱਤੇ॥ ੩੮॥

ਭਾ ਤਯਾਰ ਮੈਂ ਮਾਨ ਨਿਦੇਸਾ। ਚਲੇ ਮੁਕੰਦ ਜਿ ਕਟਤਿ ਕਲੇਸ਼ਾ।
ਚਾਰੁ ਪਟੰਬਰ ਕੀ ਇਕਲਾਈ। ਸੋ ਲੀਨੀ ਮੈਂ ਕੰਧ ਉਚਾਈ॥ ੩੯॥

ਆਗਿਆ ਪ੍ਰਾਪਤ ਕਰਕੇ ਮੈਂ ਤਿਆਰ ਹੋ ਗਿਆ ਤੇ ਕਲੇਸ਼ਾਂ ਨੂੰ ਕੱਟਣ ਵਾਲੇ ਮੁਕਤੀਦਾਤੇ ਦੇ ਨਾਲ ਚਲ ਪਿਆ। ਸੁੰਦਰ ਰੇਸ਼ਮ ਦਾ ਦੋਸ਼ਾਲਾ ਮੈਂ ਮੋਢੇ ਉਤੇ ਰੱਖ ਲਿਆ॥ ੩੯॥

ਵਹਿਰ ਨਗਰ ਤੇ ਕੇਤਿਕ ਦੂਰੀ। ਕਾਲੂ ਦੇ ਤਹਿਂ ਸਿਖਵਨ ਭੂਰੀ।
ਬਹੁਰ ਹਟਜੋ ਕਰਿ ਮੋਹ ਘਨੇਰਾ। ਬਾਰਬਾਰ ਪਾਛਲ ਦਿਸਿ ਹੇਰਾ॥ ੪੦॥

ਮਹਿਤਾ ਕਾਲੂ ਜੀ ਨਗਰ ਤੋਂ ਨਿਕਲ ਕੇ ਕਾਫੀ ਦੂਰ ਤਕ ਸਾਡੇ ਨਾਲ ਗਏ ਤੇ ਚਲਦੇ-ਚਲਦੇ ਉਹ ਬਹੁਤ ਸਿੱਖਿਆ ਦਿੰਦੇ ਗਏ। ਫਿਰ ਬਹੁਤ ਪਿਆਰ ਕਰਕੇ ਉਹ ਵਾਪਿਸ ਆ ਗਏ, ਪਰ ਫਿਰ ਵੀ ਬਾਰ-ਬਾਰ ਪਿਛਾਂਹ ਨੂੰ ਵੇਖਦੇ ਸਨ॥ ੪੦॥

ਮੰਦ ਮੰਦ ਪਗ ਧਰਿ ਗੁਨ ਮੰਦਰ। ਚਲਤਿ ਪੰਥ ਭਾਖਤਿ ਬਚ ਸੁੰਦਰ।
ਭਗਤਿ ਵਿਰਾਗ ਗਯਾਨ ਗੁਨ ਸਾਨੀ। ਮੁਝ ਉਪਦੇਸ਼ਨ ਕਹਿਤਿ ਕਹਾਨੀ॥੪੧॥

ਗੁਣਾਂ ਦੇ ਘਰ ਭਾਵ- ਗੁਰੂ ਜੀ ਬਹੁਤ ਹੋਲੀ-ਹੋਲੀ ਪੈਰ ਧਰਦੇ ਸਨ। ਰਾਹ ਵਿਚ ਚਲਦਿਆਂ ਉਹ ਬੜੇ ਸੁੰਦਰ ਬਚਨ ਕਹਿ ਰਹੇ ਸਨ, ਭਗਤੀ, ਵੈਰਾਗ ਅਤੇ ਗਿਆਨ ਦੇ ਗੁਣਾਂ ਨਾਲ ਮਿਲੀ ਹੋਈ ਕਹਾਣੀ ਕਹਿ ਕੇ ਮੈਨੂੰ ਉਪਦੇਸ਼ ਕਰ ਰਹੇ ਸਨ॥ ੪੧॥

ਗ੍ਰਾਮ ਨਗਰ ਮਾਰਗ ਮਹਿਂ ਜੇਤੇ। ਸਹਜਿ ਸਹਜਿ ਉਲੰਘੇ ਸਭਿ ਤੇਤੇ।
ਚਲਤਿ ਚਲਤਿ ਆਯੋ ਇਕ ਕਾਨਨ। ਤਾਂਹਿ ਬਿਲੋਕਤਿ ਸ੍ਰੀ ਕਮਲਾਨਨ॥੪੨॥

ਰਾਹ ਵਿਚ ਜਿੰਨੇ ਵੀ ਪਿੰਡ ਆਏ, ਸਭ ਨੂੰ ਹੋਲੀ-ਹੋਲੀ ਲੰਘ ਗਏ। ਚਲਦਿਆਂ-ਚਲਦਿਆਂ ਰਾਹ ਵਿਚ ਇਕ ਸੰਘਣਾ ਜੰਗਲ ਆਇਆ, ਕਮਲ ਵਰਗੇ ਮੁੱਖ ਵਾਲੇ ਉਸ ਜੰਗਲ ਨੂੰ ਵੇਖਦੇ ਹਨ॥ ੪੨॥

ਸੁੰਦਰ ਆਸ਼੍ਰਮ ਏਕ ਨਿਹਾਰੀ। ਜਹਿਂ ਤਪੀਸ਼ ਤਪ ਤਾਪਹਿਂ ਭਾਰੀ।
ਕਿਹਿ ਆਸਨ ਕਿਯ ਊਰਧ ਬਾਹੂ। ਬਿਟਪਨ ਲਟਕਤਿ ਕੋ ਉਲਟਾਹੂ॥੪੩॥

ਉਥੇ ਇਕ ਸੁੰਦਰ ਆਸ਼੍ਰਮ ਵੇਖਿਆ ਜਿਥੇ ਸਾਧੂ ਭਾਰੀ ਤਪ ਕਰ ਰਹੇ ਸਨ। ਉਨ੍ਹਾਂ ਨੇ ਕਈ ਪ੍ਰਕਾਰ ਦੇ ਆਸਣ ਬਣਾਏ ਹੋਏ ਸਨ। ਕਈਆਂ ਨੇ ਬਾਹਾਂ ਖੜੀਆਂ ਕੀਤੀਆਂ ਹੋਈਆਂ ਸਨ। ਕਈ ਦਰੱਖਤਾਂ ਨਾਲ ਪੁੱਠੇ ਲਟਕੇ ਹੋਏ ਸਨ॥ ੪੩॥

ਏਕ ਚਰਨ ਪਰ ਕੋ ਇਕ ਠਾਂਢੇ। ਸੁਖ ਪਰਲੋਕ ਜਿਨਹਿਂ ਰੁਚਿ ਬਾਢੇ।
ਕਾਹੂੰ ਸਿਧਾਸਨ ਕੋ ਪਦਮਾਸਨ। ਬਾਰਿਪਾਨ ਕੋ ਰਹਤਿ ਬਿਨਾਸਨ॥ ੪੪ ॥

ਕਈ ਇਕ ਪੈਰ ਦੇ ਭਾਰ ਖੜੇ ਸਨ, ਜਿਨ੍ਹਾਂ ਨੂੰ ਪਰਲੋਕ ਦੀ ਸੁੱਖ ਦੀ ਬੜੀ ਰੀਝ ਸੀ। ਕਈਆਂ ਨੇ ਸਿੱਧਾਸਨ (ਖੱਬੇ ਪੈਰ ਦੀ ਅੱਡੀ ਲਿੰਗ ਗੁਦਾ ਦੇ ਵਿਚਕਾਰ ਸੀਣ ਵਿਚ ਰੱਖਣੀ, ਸੱਜੇ ਪੈਰ ਦੀ ਅੱਡੀ ਲਿੰਗ ਦੇ ਉਪਰ ਟਿਕਾਉਣੀ, ਗਿੱਚੀ ਸਿੱਧੀ ਤੇ ਸਰੀਰ ਨੂੰ ਕੱਸ ਕੇ ਰੱਖਣਾ) ਬਣਾਇਆ ਹੋਇਆ ਸੀ ਤੇ ਕਈਆਂ ਨੇ ਪਦਮਾਸਨ (ਸੱਜੇ ਪੈਰ ਨੂੰ ਖੱਬੇ ਪੱਟ ਤੇ ਰੱਖਣਾ, ਖੱਬੇ ਪੈਰ ਨੂੰ ਸੱਜੇ ਪੱਟ ਤੇ ਰੱਖਣਾ, ਕੰਡ ਪਿਛੋਂ ਬਾਹਾਂ ਫੇਰ ਕੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਤੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਫੜਨਾ, ਸਰੀਰ ਨੂੰ ਕੱਸ ਕੇ ਸਿੱਧਾ ਰੱਖਣਾ) ਬਣਾਇਆ ਹੋਇਆ ਸੀ। ਕੋਈ ਪਾਣੀ ਪੀ ਕੇ ਗੁਜ਼ਾਰਾ ਕਰਦਾ ਸੀ ਤੇ ਕੋਈ ਨਿਰਾਹਾਰ ਰਹਿੰਦਾ ਸੀ॥ ੪੪ ॥

ਸ੍ਵੇਤ ਰੰਗ ਲਾਗੀ ਭਸਮੰਗਾ। ਜਟਾ ਸੀਸ ਜਿਨ ਧੂਸਰ ਰੰਗਾ।
ਕਿਨ ਬਲਕਲ ਲਿਜ ਕੋ ਅੰਗ ਨੰਗਾ। ਅਗਨਿ ਉਸ਼ਨ ਸੌਂ ਕੋਇ ਉਮੰਗਾ॥੪੫ ॥

ਆਪਣੇ ਅੰਗਾਂ ਤੇ ਸਫੈਦ ਰੰਗ ਦੀ ਸਵਾਹ ਮਲ਼ੀ ਹੋਈ ਸੀ। ਸਿਰ ਤੇ ਜਟਾਵਾਂ ਮਟਿਆਲੇ ਰੰਗ ਦੀਆਂ ਸਨ। ਕਿਸੇ ਨੇ ਭੋਜ ਪੱਤਰਾਂ ਨਾਲ ਆਪਣੇ ਸਰੀਰ ਦੇ ਨੰਗੇ ਅੰਗਾਂ ਨੂੰ ਢੱਕਿਆ ਹੋਇਆ ਸੀ। ਕਈ ਅੱਗ ਦੇ ਸੇਕ ਨਾਲ ਹਿਤ ਕਰ ਰਹੇ ਸਨ॥ ੪੫ ॥

ਕੋ ਬੈਠਹਿ ਜਲ ਕੰਠ ਪ੍ਰਮਾਨਾ। ਸਿਮਰ ਇਕਾਕੀ ਕੋ ਭਗਵਾਨਾ।
ਕੋ ਠਾਂਢੇ ਦਿਨ ਰੈਨ ਬਿਤਾਵੈ। ਕੋ ਮੋਨੀ ਨਹਿਂ ਬਚਨ ਅਲਾਵੈ॥ ੪੬ ॥

ਕੋਈ ਜਲ ਵਿਚ ਗਿਚੀ ਤਕ ਬੈਠਾ ਸੀ ਤੇ ਇਕੱਲਿਆਂ ਭਗਵਾਨ ਦਾ ਸਿਮਰਨ ਕਰ ਰਿਹਾ ਸੀ। ਕਈ ਖੜੇ ਰਹਿ ਕੇ ਦਿਨ ਰਾਤ ਬਤੀਤ ਕਰਦੇ ਸਨ, ਕਈ ਚੁੱਪ ਰਹਿੰਦੇ ਸਨ ਤੇ ਮੁੱਖ ਤੋਂ ਕੋਈ ਬਚਨ ਨਹੀ ਸਨ ਬੋਲਦੇ॥ ੪੬ ॥

ਕੋ ਨਿਜ ਬ੍ਰਿੱਤ ਨਿਰੋਧਨ ਕਰਿਹੀ। ਸੁਖ ਜੁ ਸੁਰਗ ਤ੍ਰਿਨ ਸਮ ਪਰਿਹਰਿਹੀ।
ਕੋ ਮਿਲ ਕਰਿ ਕਰਿ ਕਥਾ ਰਸਾਲਾ। ਪਢਹਿ ਸੁਨਹਿ ਧਰਿ ਪ੍ਰੇਮ ਬਿਸਾਲਾ॥੪੭ ॥

ਕੋਈ ਆਪਣੀ ਬਿਰਤੀ ਇਕਾਗਰ ਕਰ ਰਿਹਾ ਸੀ ਅਤੇ ਉਸ ਨੇ ਸਾਰੇ ਦੁਨਿਆਵੀ ਸੁੱਖਾਂ ਨੂੰ ਤਿਆਗ ਦਿੱਤਾ ਸੀ। ਕਈ ਮਿਲ ਕੇ ਹਰੀ ਦੀ ਸੁੰਦਰ ਕਥਾ ਕਰ ਰਹੇ ਸਨ ਤੇ ਹਿਰਦੇ ਵਿਚ ਬੜਾ ਪ੍ਰੇਮ ਧਾਰ ਕੇ ਪੜ੍ਹ ਸੁਣ ਰਹੇ ਸਨ॥ ੪੭॥

ਸਭਿ ਕੋ ਇਕ ਮਹੰਤ, ਸੋ ਕੈਸਾ? ਮਨਹੁੰ ਸ਼ਰੀਰ ਧਾਰਿ ਤਪ ਬੈਸਾ।
ਤਰੁਤ੍ਵਕ ਕੀ ਕਟਿ ਕੀਨਿ ਕੁਪੀਨਾ। ਮ੍ਰਿਗਛਾਲਾ ਪਰ ਆਸਨ ਕੀਨਾ॥ ੪੮ ॥

ਸਾਰਿਆਂ ਦਾ ਇਕ ਮਹੰਤ ਸੀ, ਉਹ ਕਿਸ ਤਰ੍ਹਾਂ ਦਾ ਸੀ? ਮਾਨੋਂ ਤਪ ਹੀ ਸਰੀਰ ਧਾਰ ਕੇ ਬੈਠਾ ਸੀ। ਉਸ ਦਰੱਖਤ ਦੀ ਛਿਲ ਦੀ ਲੱਕ ਨਾਲ ਲੰਗੋਟੀ ਬੱਧੀ ਹੋਈ ਸੀ ਅਤੇ ਮ੍ਰਿਗਸ਼ਾਲਾ 'ਤੇ ਆਸਣ ਲਾ ਕੇ ਬੈਠਾ ਹੋਇਆ ਸੀ॥ ੪੮ ॥

ਭਾਰੀ ਜਟਾਮੁਕਟ ਜਿਹ ਸੀਸਾ। ਬੈਠਜੋ ਰਿਦੈ ਭਜਤਿ ਜਗਦੀਸ਼ਾ।
ਤਿਨਹਿਂ ਬਿਲੋਕ ਠਾਂਢਿ ਹੁਇ ਰਹੇ। ਮੁਝ ਸੋਂ ਅਸ ਬਚ ਕੋਮਲ ਕਹੇ॥ ੪੯ ॥

ਉਸ ਦੇ ਸਿਰ ਤੇ ਮਾਨੋ ਭਾਰੀ ਜਟਾਂ ਦਾ ਮੁਕਟ ਸੀ। ਹਿਰਦੇ ਵਿਚ ਪ੍ਰਭੂ ਦਾ ਭਜਨ ਕਰਦਾ ਹੋਇਆ ਬੈਠਾ ਸੀ। ਉਸ ਨੂੰ ਵੇਖ ਕੇ ਗੁਰੂ ਜੀ ਖੜੇ ਦੇ ਖੜੇ ਰਹਿ ਗਏ ਤੇ ਫਿਰ ਮੈਨੂੰ ਇਸ ਤਰ੍ਹਾਂ ਕੋਮਲ ਬਚਨ ਕਹੇ॥ ੪੯ ॥।

'ਬਨਜ ਭਲੋ ਹਮ ਇਹਠਾਂ ਪਾਯੋ। ਯਾਕੋ ਤਜਿਨੋ ਮਨ ਨਹਿਂ ਭਾਯੋ।
ਪਾਇ ਅਮੋਲ ਜੁ ਮਗ ਮਹਿ ਹੀਰਾ। ਫਟਕ ਨ ਬਨਜਹਿਂ ਜੇ ਮਤਿ ਧੀਰਾ॥੫੦ ॥

''ਅਸੀ ਇਥੇ ਬੜਾ ਭਲਾ ਸੌਦਾ ਪਾਇਆ ਹੈ। ਇਸ ਨੂੰ ਛੱਡਣ ਨੂੰ ਮਨ ਨਹੀ ਕਰਦਾ। ਜਿਹੜੇ ਜੀਵਨ ਦੇ ਰਾਹ ਵਿਚ ਅਮੋਲਕ ਹੀਰਿਆਂ ਦਾ ਵਪਾਰ ਕਰਦੇ ਹਨ, ਉਹ ਫਿਰ ਸ਼ੀਸ਼ੇ ਦਾ ਵਣਜ ਨਹੀ ਕਰਦੇ॥ ੫੦ ॥

ਖੋਜਤਿ ਮਧੁ ਪਯੂਖ ਕਰ ਆਈ। ਜੋ ਜਾਨਹਿ ਨਿਜ ਭਾਗ ਭਲਾਈ॥
ਬਹੁਰ ਪਿਤਾ ਕੀ ਆਗਜਾ ਜੋਊ। ਭਲੋ ਬਨਜ ਕਰਨੇ ਕੀ ਸੋਊ॥ ੫੧ ॥

ਸ਼ਹਿਦ ਦੀ ਖੋਜ ਕਰਨ ਵਾਲੇ ਨੂੰ ਜੇ ਅੰਮ੍ਰਿਤ ਮਿਲ ਜਾਵੇ, ਉਹ ਆਪਣੇ ਚੰਗੇ ਭਾਗ ਸਮਝੇਗਾ। ਪਿਤਾ ਦੀ ਆਗਿਆ ਅਨੁਸਾਰ ਜੋ ਸੌਦਾ ਕਰਨਾ ਹੈ ਉਸ ਨਾਲੋਂ ਇਹ ਸੌਦਾ ਬਹੁਤ ਚੰਗਾ ਹੈ॥ ੫੧॥

ਯਾਂਤੇ ਬਨਜ ਲਾਭਦਾ ਔਰ ਨ। ਫਿਰ ਦੇਖਹੁ ਜੇ ਸਭਿ ਹੀ ਠੌਰਨ।
ਏਹ ਰਜਤਪਨ ਇਨਹਿ ਚਢਾਵਹਿਂ। ਅਸਨ ਬਸਨ ਤੇ ਲੇ ਸੁਖ ਪਾਵਹਿਂ ॥੫੨ ॥

ਇਸ ਨਾਲੋਂ ਲਾਭਦਾਇਕ ਹੋਰ ਕੋਈ ਸੌਦਾ ਨਹੀ, ਬੇਸ਼ਕ ਸਭ ਥਾਈਂ ਫਿਰ ਕੇ ਵੇਖ ਲਵੋ। ਇਹ ਵੀਹ ਰੁਪਏ ਇਨ੍ਹਾਂ ਨੂੰ ਦੇ ਦਿੰਦੇ ਹਾਂ, ਤਾਂਕਿ ਇਹ ਭੋਜਨ ਕਪੜੇ ਖਰੀਦ ਕੇ ਸੁਖ ਪ੍ਰਾਪਤ ਕਰਨ"॥ ੫੨॥

ਅਸ ਸੁਨਿ ਕਰਿ ਬਚ ਬੇਦੀ ਬਰਕੇ। ਮੈਂ ਬੋਲਜੋ ਕਾਲੂ ਦਿਸ਼ ਡਰਿਕੇ।
'ਬਨਕਨ ਜਿਉਂ ਬਨਜਨ ਧਨ ਹੇਤੂ। ਤੁਮ ਕੋ ਭੇਜਜੋ ਕ੍ਰਿਪਾ ਨਿਕੇਤੂ ! ॥੫੩ ॥

ਬੇਦੀ ਕੁਲ ਦੇ ਲਾਲ ਦੇ ਇਹ ਬਚਨ ਸੁਣ ਕੇ ਮੈਂ ਕਾਲੂ ਦਾ ਡਰ ਕਰਕੇ ਬੋਲਿਆ, " ਬਾਨੀਆਂ ਵਾਂਗ ਵਪਾਰ ਕਰਨ ਲਈ ਤੁਹਾਨੂੰ ਤੁਹਾਡੇ ਪਿਤਾ ਨੇ ਭੇਜਿਆ ਹੈ॥ ੫੩॥

ਪੁਨ ਤੁਮ ਜਨਕਹਿ ਕਠਿਨ ਸੁਭਾਊ। ਗੁਨਹੁ ਆਪ ਮੁਝ ਦੋਸੁ ਨ ਕਾਊ॥
ਪਿਤਾ ਪੁੱਤ੍ਰ ਕਰਿ ਲੇਹੁ ਨਿਬੇਰੋ। ਮੈਂ ਹੋ ਦਾਸ ਨ ਕਰਹਿ ਸੁ ਝੇਰੋ॥ ੫੪॥

ਫਿਰ ਤੁਹਾਡੇ ਪਿਤਾ ਜੀ ਦਾ ਬੜਾ ਸਖਤ ਸੁਭਾਅ ਹੈ। ਤੁਸੀ ਵਿਚਾਰ ਕਰ ਲਵੋ, ਫਿਰ ਮੈਨੂੰ ਦੋਸ਼ ਨਾ ਦੇਣਾ। ਤੁਸੀ ਪਿਤਾ ਪੁੱਤਰ ਆਪ ਹੀ ਨਿਬੇੜੋ। ਮੈਂ ਤਾਂ ਨੌਕਰ ਹਾਂ, ਇਸ ਲਈ ਝਗੜਾ ਨਹੀ ਕਰਾਂਗਾ॥ ੫੪॥

ਜਿਉਂ ਮਨ ਆਇ ਕਰਹੁ ਤਿਉਂ ਕਾਰਾ। ਹੌਂ ਤੌਂ ਨਿਤ ਰਾਵਰਿ ਅਨੁਸਾਰਾ।
ਖੇਲਤਿ ਜਬੈ ਬਾਲਕਨਿ ਮਾਂਹੀ। ਤਬ ਹੀ ਸੰਗ ਤਜਜੋ ਮੈਂ ਨਾਂਹੀ॥ ੫੫॥

ਜਿਵੇਂ ਤੁਹਾਡੇ ਮਨ ਵਿਚ ਆਉਂਦੀ ਤਿਵੇਂ ਹੀ ਕਾਰ ਕਰੋ। ਮੈਂ ਤਾਂ ਸਦਾ ਤੁਹਾਡੀ ਮਰਜ਼ੀ ਅਨੁਸਾਰ ਹੀ ਚਲਦਾ ਰਿਹਾ ਹਾਂ। ਜਦ ਤੁਸੀਂ ਬਾਲਕਾਂ ਨਾਲ ਵੀ ਖੇਡਦੇ ਸੀ, ਤਦ ਵੀ ਮੈਂ ਤੁਹਾਡਾ ਸਾਥ ਨਹੀ ਸੀ ਛੱਡਿਆ॥ ੫੫॥

ਜਿਉਂ ਜਿਉਂ ਮੁਝ ਕੋ ਦੇਤਿ ਰਜਾਈ। ਤਿਉਂ ਤਿਉਂ ਕਰਉਂ ਸਦਾ ਸੁਖ ਪਾਈ।
ਕਰਨੋ ਚਿਤ ਕਰੀਏ ਗੁਨ ਉਰ ਮੈਂ। ਅਸ ਕਹਿ ਮੈਂ ਦੀਨੋ ਧਨ ਕਰ ਮੈਂ ॥੫੬ ॥

ਜਿਵੇਂ-ਜਿਵੇਂ ਤੁਸੀ ਮੈਨੂੰ ਹੁਕਮ ਕਰਦੇ ਹੋ ਤਿਵੇਂ-ਤਿਵੇਂ ਕਰਕੇ ਸਦਾ ਸੁਖ ਪਾਉਂਦਾ ਹਾਂ। ਜੋ ਕੁਝ ਕਰਨ ਲਾਇਕ ਹੈ, ਦਿਲ ਵਿਚ ਸੋਚ ਕੇ ਉਹ ਕੁਝ ਹੀ ਕਰੋ।" ਇਹ ਕਹਿ ਕੇ ਮੈਂ ਧਨ ਗੁਰੂ ਜੀ ਦੇ ਹੱਥ ਵਿਚ ਧਰ ਦਿੱਤਾ॥ ੫੬॥

ਕਰ ਮਹਿਂ ਲੇਯ ਕਾਰਖਿਕ ਤਬ ਹੀ। ਗਏ ਮਹੰਤ ਸੰਤ ਜਹਿਂ ਸਭਿ ਹੀ।
ਕਰ ਬੰਦਨ ਤਿਨ ਕੇ ਢਿਗ ਬੈਸੇ। ਕੁੰਭਜ ਨਿਕਟ ਰਘੁ ਤਮ ਜੈਸੇ॥ ੫੭॥

ਉਨ੍ਹਾਂ ਰੁਪਏ ਉਸੇ ਵੇਲੇ ਆਪਣੇ ਹੱਥ ਵਿਚ ਫੜ ਲਏ ਤੇ ਉਥੇ ਚਲੇ ਗਏ ਜਿਥੇ ਮਹੰਤ ਸੰਤ ਸਭ ਬੈਠੇ ਸਨ। ਉਨ੍ਹਾਂ ਨੂੰ ਬੰਦਨਾ ਕਰਕੇ ਉਨ੍ਹਾਂ ਦੇ ਪਾਸ ਬੈਠ ਗਏ। ਜਿਵੇਂ ਅਗਸਤ ਮੁਨੀ ਦੇ ਨੇੜੇ ਸ੍ਰੀ ਰਾਮਚੰਦਰ ਬੈਠੇ ਸਨ॥੫੭॥

ਮ੍ਰਿਦੁਲ ਮਧੁਰ ਕਰੁਨਾ ਸੰਗ ਸਾਨੀ। ਬੋਲੇ ਪਰਮ ਮਨੋਹਰ ਬਾਨੀ।
'ਨਗਨ ਅੰਗ ਦਿਨ ਰੈਨ ਬਿਤਾਵਤਿ। ਪਹਿਰਤਿ ਨਹੀ ਕਿ ਹਾਥ ਨ ਆਵਤਿ ? ॥੫੮॥

ਪ੍ਰਭੂ ਕਿਰਪਾ ਨਾਲ ਮਿਲੀ ਹੋਈ ਮਿੱਠੀ ਅਤੇ ਪਰਮ ਮਨੋਹਰ ਸੁਰ ਵਿਚ ਗੁਰੂ ਜੀ ਬੋਲੇ, "ਆਪਣੇ ਅੰਗਾਂ ਨੂੰ ਨੰਗੇ ਰੱਖ ਕੇ ਦਿਨ ਰਾਤ ਬਤੀਤ ਕਰਦੇ ਹੋ, ਜਦ ਪਾਸ ਪ੍ਰੀਤ ਹੀ ਨਾ ਹੋਵੇ ਤਾਂ ਪ੍ਰਭੂ ਕਿਵੇਂ ਹੱਥ ਆ ਸਕਦਾ ਹੈ ?

ਇਸ ਰਿਤੁ ਮਹਿਂ ਤਨ ਸੀਤ ਸੰਤਾਵਤਿ। ਬਹੁਰੋ ਬਰਖਾ, ਉਸਨ ਤਪਾਵਤਿ।
ਅਚਵਹੁ ਅਸਨ ਕਿ ਰਹਹੁ ਅਨਸਨਾ। ਦੇਤਿ ਖੇਦ ਤਨ ਜਿਉਂ ਬਿਨ ਬਸਨਾ ॥੫੯॥

ਇਸ ਰੁੱਤ ਵਿਚ ਸਰੀਰ ਨੂੰ ਠੰਢ ਸਤਾਉਂਦੀ ਹੈ, ਫਿਰ ਬਰਸਾਤ ਅਤੇ ਗਰਮੀ ਸਤਾਉਂਦੀ ਹੈ। ਭੋਜਨ ਖਾਂਦੇ ਹੋ ਕਿ ਨਿਰਾਹਾਰ ਰਹਿੰਦੇ ਹੋ। ਕਪੜੇ ਅਤੇ ਬਸਤਰਾਂ ਤੋਂ ਬਗੈਰ ਸਰੀਰ ਨੂੰ ਕਸ਼ਟ ਦਿੰਦੇ ਹੋ॥ ੫੯॥

ਪ੍ਰਭਾਵਾਨ ਸੁੰਦਰ ਸਰਬੰਗਾ। ਭਸਮ ਸੰਗ ਸੋਂ ਕੀਨਿ ਕੁਰੰਗਾ।
ਸੰਤ ਰੂਪ ਮਤਿ ਭਲੋ ਉਤੰਗਾ। ਉੱਤਰ ਦੀਜੈ ਸੰਗ ਉਮੰਗਾ॥ ੬੦॥

ਸਾਰੇ ਅੰਗ ਕਰਕੇ ਤੁਸੀਂ ਸੁੰਦਰ ਅਤੇ ਪ੍ਰਭਾਵਸ਼ਾਲੀ ਹੋ, ਪਰ ਸਵਾਹ ਮਲ ਕੇ ਸਰੀਰ ਨੂੰ ਕੋਝਾ ਅਤੇ ਕਰੂਪ ਬਣਾ ਲਿਆ ਹੈ। ਪਰ ਸੰਤ ਰੂਪ ਸਿਧਾਂਤ ਬਹੁਤ ਉੱਚਾ ਹੈ। ਉਮੰਗ ਸਹਿਤ ਮੇਰੀ ਇਸ ਗੱਲ ਦਾ ਉਤਰ ਦੇਵੋ'॥ ੬੦॥

ਰਿਖੀਕੇਸ਼ ਸੁਨਿ ਬੋਲਜੋ ਬਾਨੀ। ਮੁਕਤਿ ਜੁ ਮਾਰਗ ਤਾ ਰਸ ਸਾਨੀ।
'ਸਾਧ ਬੇਖ ਜਿਨ ਧਰਜੋ ਸਰੀਰਾ। ਤਾਂਕੋ ਚਹੀਅਤਿ ਸੰਜਮ ਚੀਰਾ॥ ੬੧॥

ਇਹ ਸੁਣ ਕੇ ਰਿਖੀਕੇਸ਼ ਮਹੰਤ, ਜਿਸ ਨੂੰ ਮੁਕਤੀ ਦਾ ਮਾਰਗ ਮਿਲਿਆ ਹੋਇਆ ਹੈ, ਬੋਲਿਆ, "ਜਿਸ ਨੇ ਸਰੀਰ ਤੇ ਸਾਧ ਵੇਸ ਧਾਰਨ ਕੀਤਾ ਹੈ, ਉਸ ਨੂੰ ਕਪੜੇ ਪਾਉਣ ਤੋਂ ਸੰਜਮ ਕਰਨਾ ਚਾਹੀਦਾ ਹੈ॥ ੬੧॥

ਬਹੁਰ ਸੁਨਹੁ ਭੋਜਨ ਕੀ ਰੀਤੀ। ਜੇ ਹਮ ਜਾਚਹਿਂ ਹੋਤਿ ਅਨੀਤੀ।
ਸਿੰਘਾਸਨ ਸੰਤੋਖ ਸੁਹਾਵਾ। ਤਾਂ ਪਰ ਬੈਸ ਪਰਮ ਸੁਖ ਪਾਵਾ॥ ੬੨॥

ਫਿਰ ਤੁਸੀਂ ਭੋਜਨ ਦੀ ਰੀਤੀ ਸੁਣੋ। ਜੇ ਅਸੀਂ ਇਸ ਦੀ ਪੜਚੋਲ ਕਰੀਏ ਤਾਂ ਨੀਤੀ ਦੇ ਉਲਟ ਹੋਵੇਗਾ। ਤਖਤ ਤੇ ਸਬਰ ਸੰਤੋਖ ਹੀ ਸ਼ੋਭਦਾ ਹੈ। ਉਸ ਤੇ ਬੈਠ ਕੇ ਅਸੀ ਪਰਮ ਸੁੱਖ ਪ੍ਰਾਪਤ ਕਰਦੇ ਹਾਂ॥ ੬੨॥

ਪਰਾਲਬਧ ਸੋਂ ਦਾਸ ਹਮਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ।
ਸੁਭਟ ਸੰਗ ਬਹੁ ਬਿਧਿ ਤਪ ਤਾਪਨ। ਮੋਹ ਨ੍ਰਿਪਤ ਕੀ ਪ੍ਰਿਤਨਾ ਖਾਪਨ ॥੬੩॥

ਕਿਸਮਤ ਸਾਡੀ ਨੌਕਰ ਹੈ। ਉਹ ਸਾਡੀ ਅਨੇਕ ਪ੍ਰਕਾਰ ਨਾਲ ਸੇਵਾ ਕਰਦੀ ਹੈ। ਚੰਗੇ ਸੂਰਮਿਆਂ ਨਾਲ ਕਈ ਵਿਧੀਆਂ ਨਾਲ, ਤਪ ਤਾਪਦੇ ਹਨ। ਮੋਹ ਰਾਜੇ ਦੀ ਸੈਨਾ ਨੂੰ ਖਤਮ ਕਰ ਦਿੰਦੇ ਹਨ॥ ੬੩॥

ਸਤਿ ਕੋ ਛਤਰ ਸੀਸ ਪਰ ਝੂਲੰ। ਜਾਸ ਬਿਲੋਕ ਦਬਤਿ ਪ੍ਰਤਿਕੂਲੰ।
ਅਬਚਲ ਜਬ ਕੋ ਅਸ ਸੁਖ ਪਾਯੰ। ਅਨਤ ਨ ਤਬ ਕੋ ਮਨ ਬਿਰਮਾਯੰ ॥੬੪॥

ਸੱਚ ਦਾ ਛੱਤਰ ਸਿਰ ਤੇ ਝੁਲਦਾ ਹੈ। ਜੱਸ ਵੇਖ ਕੇ ਵੈਰੀ ਦੱਬ ਜਾਂਦੇ ਹਨ। ਇਸ ਤਰ੍ਹਾਂ ਜਦ ਸੁਖ ਪ੍ਰਾਪਤ ਕਰਦੇ ਹਨ, ਤਦ ਮਨ ਹੋਰ ਪਾਸੇ ਮੋਹਿਆ ਨਹੀਂ ਜਾਂਦਾ"॥ ੬੪॥

ਸੰਤ ਉਕਤਿ ਕੀ ਸੁਨਿ ਕਰਿ ਜੁਗਤੰ। ਹਰਖਤਿ ਸ੍ਰੀ ਨਾਨਕ ਬਚਨੁ ਕਤੰ।
'ਰਾਵਰਿ ਨਾਮ ਸੁਨਨ ਅਭਿਲਾਖਾ। ਤੁਮਹੋ ਧੰਨ ਧਰਮ ਦਿੜ੍ਹ ਰਾਖਾ॥ ੬੫॥

ਉਸ ਸੰਤ ਦੀ ਉਚਾਰੀ ਜੁਗਤੀ ਸੁਣ ਕੇ ਸ੍ਰੀ ਨਾਨਕ ਜੀ ਨੇ ਖੁਸ਼ ਹੋ ਕੇ ਇਹ ਬਚਨ ਉਚਾਰਿਆ, "ਆਪਦਾ ਨਾਮ ਸੁਣਨ ਦੀ ਮੇਰੀ ਅਭਿਲਾਸ਼ਾ ਹੈ। ਤੁਸੀ ਧੰਨ ਹੋ ਜਿਨ੍ਹਾਂ ਧਰਮ ਦੀ ਰਖਿਆ ਕੀਤੀ ਹੈ॥ ੬੫॥

ਕਿਯ ਆਸਾ ਇਕ ਏਕੰਕਾਰੰ। ਪਰਬ੍ਰਿਤਿ ਤਜਿ ਨਿਰਬ੍ਰਿਤਿ ਪਗ ਧਾਰੰ।
ਸੁਮਤਿ ਅਗਾਤੀ ਸੰਤ ਸਚਾਲੀ। ਸ਼ਾਂਤਿ ਲਤਾ ਭਲਿ ਬਿਧਿ ਪ੍ਰਤਿਪਾਲੀ' ॥੬੬॥

ਉਹ ਇਕ ਪ੍ਰਭੂ ਦੀ ਆਸ ਕਿਵੇਂ ਕਰ ਸਕਦੇ ਹਨ, ਜਿਹੜੇ ਗ੍ਰਹਿਸਤ ਛੱਡ ਕੇ ਤਿਆਗ ਦਾ ਰਸਤਾ ਧਾਰਨ ਕਰਦੇ ਹਨ। ਚੰਗੀ ਮੱਤ ਵਾਲੇ ਸੰਤਾਂ ਦੀ ਚਾਲ ਚਲਦੇ ਹਨ, ਜਿਨ੍ਹਾਂ ਸ਼ਾਂਤੀ ਦੀ ਵੇਲ ਚੰਗੀ ਤਰ੍ਹਾਂ ਪਾਲੀ ਹੈ'' ॥ ੬੬ ॥

ਪੁਨ ਭਾਖਤਿ ਮਹੰਤ ਸ਼ੁਭ ਬਾਨੀ। 'ਭੋ ਧੀਮਤਿ ਤੁਮ ਹੋ ਗੁਨ ਖਾਨੀ!
ਬੈਸ ਕਿਸ਼ੋਰ ਬਿਖੈ ਅਪਮਾਨੀ। ਸਤਿ ਸੰਗਤਿ ਪਰ ਸੁਮਤਿ ਲੁਭਾਨੀ ॥ ੬੭ ॥

ਫਿਰ ਮਹੰਤ ਨੇ ਆਪਣੇ ਸ਼ੁਭ ਬਚਨ ਕਹੇ, ''ਹੇ ਗੁਣਾਂ ਦੀ ਖਾਣ! ਤੁਸੀਂ ਬੜੇ ਬੁਧੀਮਾਨ ਹੋ। ਛੋਟੀ ਉਮਰ ਵਿਚ ਹੀ ਤੁਸੀਂ ਮਾਨ ਰਹਿਤ ਹੋ। ਸਤਿਸੰਗਤਿ ਨਾਲ ਤੁਹਾਡਾ ਬਹੁਤ ਪਿਆਰ ਹੈ॥ ੬੭॥

ਸੰਤਰੇਨ ਹੈ ਨਾਮ ਹਮਾਰਾ। ਸ੍ਰੀ ਗੁਰੁ ਬਚ ਸੋਂ ਧਰਜੋ ਸੁਧਾਰਾ।
ਦੀਨ ਗਰੀਬੀ ਕੋ ਸਿਰੁਪਾਊ। ਸੁਜਸ ਜਾਸੁ ਬਹੁ ਵਧਤਿ ਪ੍ਰਭਾਊ' ॥ ੬੮ ॥

ਸਾਡਾ ਨਾਂ ਸੰਤਰੇਨ ਹੈ, ਤੇ ਸ੍ਰੀ ਗੁਰੂ ਦੇ ਬਚਨ ਕਰਕੇ ਅਸੀਂ ਆਪਣੇ ਜੀਵਨ ਦਾ ਸੁਧਾਰ ਕੀਤਾ ਹੈ। ਅਧੀਰ ਅਤੇ ਗਰੀਬੀ ਸਾਡੇ ਸਿਰੋਪੇ ਹਨ, ਜੱਸ, ਜਾਸ ਅਤੇ ਪ੍ਰਤਾਪ ਬਹੁਤ ਵਧਿਆ ਹੈ'' ॥ ੬੮ ॥

ਰਿਦੇ ਪ੍ਰਸੀਦੇ ਸੁਨਿ ਕਰਿ ਨਾਮੂ। ਜਿਉਂ ਕਵਿ ਉਕਤਿ ਸੁਨਤਿ ਮਤਿ ਧਾਮੂ।
ਮੁਝ ਸੋਂ ਕਹਿਨ ਲਗੇ ਤਿਹ ਕਾਲਾ। 'ਤਜਜੋ ਨ ਜਾਇ ਬਨਜ ਇਹ, ਬਾਲਾ!' ॥੬੯॥

ਨਾਮ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਜਿਵੇਂ ਬੁੱਧੀ ਦੇ ਘਰ ਨੇ ਕਵੀ ਦੇ ਕਥਨ ਸੁਣੇ ਹੋਣ। ਮੈਨੂੰ ਉਸੇ ਵੇਲੇ ਕਹਿਣ ਲੱਗੇ, ''ਹੇ ਬਾਲਾ! ਮੈਥੋਂ ਇਹ ਸੌਦਾ ਛੱਡਿਆ ਨਹੀਂ ਜਾਂਦਾ'' ॥੬੯॥

ਕਰ ਤੇ ਧਨ ਧਰਿ ਅੱਗ੍ਰ ਮਹੰਤਾ। 'ਅਸਨ ਕਰਾਵਹੁ' ਕਹਿੰ ਜਗਕੰਤਾ।
'ਹਮ ਨੈ ਤੁਮਰੀ ਸਭਿ ਬਿਧਿ ਜਾਨੀ। ਕਰਤਿ ਨ ਪ੍ਰਾਰਥਨਾ ਗੁਨਹਾਨੀ ॥੭੦॥

ਆਪਣੇ ਹੱਥ ਵਿਚ ਫੜਿਆ ਧਨ ਮਹੰਤ ਦੇ ਅੱਗੇ ਰੱਖ ਦਿੱਤਾ ਤੇ ਜਗਤ ਦੇ ਮਾਲਕ ਭਾਵ- ਗੁਰੂ ਜੀ ਨੇ ਕਿਹਾ, ''ਹੇ ਮਹੰਤ ਜੀ! ਆਪਣੇ ਸਾਥੀ ਸਾਧੂ ਸੰਤਾਂ ਨੂੰ ਭੋਜਨ ਕਰਾਵੋ। ਅਸੀਂ ਤੁਹਾਡੇ ਬਾਰੇ ਸਭ ਕੁਝ ਜਾਣ ਲਿਆ ਹੈ ਕਿ ਤੁਸੀਂ ਕਿਸੇ ਪਾਸੋਂ ਹੱਥ ਅੱਡ ਕੇ ਮੰਗਦੇ ਨਹੀਂ'' ॥੭੦॥

ਬਿਨ ਜਾਚੇ ਸਾਦਰ ਜੋ ਦੇਈ। ਤਾਂਕੋ ਰੁਚਿ ਸੋਂ ਅਚਨ ਕਰੇਈ।
ਅਬਹਿ ਪਠਾਏ ਸ੍ਰੀ ਕਰਤਾਰਾ। ਲੇ ਕਰਿ ਸੁਖ ਸੋਂ ਕਰਹੁ ਅਹਾਰਾ ॥ ੭੧ ॥

ਬਿਨ ਮੰਗਿਆਂ ਜੋ ਕੋਈ ਅਦਬ ਅਤੇ ਆਦਰ ਨਾਲ ਦਿੰਦਾ ਹੈ ਤਾਂ ਉਸ ਨੂੰ ਪ੍ਰੇਮ ਨਾਲ ਛੱਕਦੇ ਹੋ। ਸ੍ਰੀ ਕਰਤਾਰ ਨੇ ਇਹ ਸਭ ਕੁਝ ਭੇਜਿਆ ਹੈ, ਇਸ ਲਈ ਇਸ ਰਕਮ ਨੂੰ ਲੈ ਕੇ ਸੁਖ ਪੂਰਵਕ ਭੋਜਨ ਛਕੋ'' ॥ ੭੧ ॥

ਕਹਿ ਮਹੰਤ 'ਲਘੁ ਬੈਸ ਕੁਲੀਨੰ। ਤਵ ਬਿਵਹਾਰੰ ਜਨਕ ਅਧੀਨੰ।
ਪਠਜੋ ਕਾਜ ਕਿਹ ਤੋਹਿ ਵਿਚਾਰੀ। ਜਾਹੁ ਛੂਛ ਤੇ ਦੇਹਿ ਨਿਕਾਰੀ' ॥ ੭੨ ॥

ਮਹੰਤ ਨੇ ਕਿਹਾ, ''ਤੁਸੀਂ ਉੱਤਮ ਕੁਲ ਵਿਚ ਜਨਮ ਲਿਆ ਹੈ ਅਤੇ ਤੁਹਾਡੀ ਉਮਰ ਹਾਲੇ ਬਹੁਤ ਛੋਟੀ ਹੈ, ਕੀ ਤੁਸੀਂ ਆਪਣੇ ਪਿਤਾ ਜੀ ਦੀ ਮਰਜ਼ੀ ਅਨੁਸਾਰ ਇਹ ਵਿਵਹਾਰ ਕਰ ਰਹੇ ਹੋ? ਤੁਸੀਂ ਕਿਸੇ ਕੰਮ ਵਾਸਤੇ ਵਿਚਾਰ ਬਣਾ ਕੇ ਚਲੇ ਸੀ ਜਾਂ ਉਸ ਤਰ੍ਹਾਂ ਹੀ ਪਿੰਡ ਤੋਂ ਨਿਕਲ ਕੇ ਖਾਲੀ ਜਾ ਰਹੇ ਸੀ?'' ॥ ੭੨ ॥

'ਸੁਨਹੁ ਸੰਤ! ਮੈਂ ਪਿਤਾ ਨਿਦੇਸਾ। ਸੋ ਕੀਨੋ ਜਿਸ ਲਾਭ ਵਿਸ਼ੇਸ਼ਾ।
ਮੁਝ ਸੋਂ ਕਹਜੋ ਬਨਜ ਸੋ ਕਰੀਏ। ਯਾਂਤੇ ਅਨਤ ਨ ਭਲੋ ਬਿਚਰੀਏ' ॥੭੩॥

ਗੁਰੂ ਜੀ ਨੇ ਕਿਹਾ, "ਹੇ ਸੰਤ ਜੀ ਸੁਣੋ! ਮੇਰੇ ਪਿਤਾ ਜੀ ਦਾ ਹੁਕਮ ਹੈ ਕਿ ਉਹੀ ਸੌਦਾ ਕਰਨਾ ਹੈ ਜਿਸ ਵਿਚ ਵਿਸ਼ੇਸ਼ ਲਾਭ ਹੋਵੇ। ਮੈਨੂੰ ਉਨ੍ਹਾਂ ਕਿਹਾ ਹੈ ਕਿ ਕੋਈ ਵਪਾਰ ਕਰੋ। ਇਸ ਤੋਂ ਜਿਆਦਾ ਲਾਭਦਾਇਕ ਹੋਰ ਕਿਹੜਾ ਸੌਦਾ ਹੋ ਸਕਦਾ ਹੈ?" ॥੭੩॥

ਬਾਨੀ ਸੁਨੀ ਸੁ ਧੀਰ ਮਹੰਤਾ। ਕਹਜੋ 'ਜਿ ਤਵ ਉਰ ਇਹ ਦਿਢ ਮੰਤਾ।
ਲੇ ਜਾਵਹੁ ਧਨ ਨਿਜ ਕਿਹ ਨਗਰੀ। ਭੋਜਨ ਸੌਜ ਆਨਿ ਦਿਹੁ ਸਗਰੀ' ॥੭੪॥

ਮਹੰਤ ਨੇ ਬੜੇ ਧੀਰਜ ਨਾਲ ਗੁਰੂ ਜੀ ਦੇ ਬਚਨ ਸੁਣੇ ਅਤੇ ਕਿਹਾ, "ਜੇ ਤੁਹਾਡੇ ਦਿਲ ਵਿਚ ਇਹ ਪੱਕੀ ਸਲਾਹ ਹੈ ਤਾਂ ਇਹ ਧਨ ਆਪ ਕਿਸੇ ਨਗਰ ਵਿਚ ਲੈ ਜਾਵੋ ਤਾਂ ਭੋਜਨ ਦੀ ਸਾਰੀ ਰਸਦ ਸਾਨੂੰ ਆ ਕੇ ਦੇ ਦੇਵੋ" ॥ ੭੪ ॥

ਸੁਨੇ ਸ੍ਰਵਨ ਸੰਤਨ ਕੇ ਬੈਨਾ। ਨਗਰ ਦਿਸ਼ਾ ਗਮਨੇ ਗੁਨਐਨਾ।
ਲੇ ਬਿਪਨੀ ਤੇ ਚੂਨ ਮਹੀਨਾ। ਤਿਹ ਹਿਤ ਪੰਚ ਰਜਤਪਨ ਦੀਨਾ ॥ ੭੫ ॥

ਜਦ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੰਤ ਦੀ ਇਹ ਗੱਲ ਸੁਣੀ ਤਾਂ ਗੁਣਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਨਗਰ ਵਲ ਚਲ ਪਏ। ਮੰਡੀ ਵਿਚ ਜਾ ਕੇ ਪੀਸਿਆ ਹੋਇਆ ਮਹੀਨ ਆਟਾ ਲਿਆ ਤੇ ਦੁਕਾਨਦਾਰ ਨੂੰ ਪੰਜ ਰੁਪਏ ਦਿੱਤੇ ॥ ੭੫ ॥

ਸੂਖਮ ਚਾਵਰ ਚਾਰੁ ਲਮੇਰੇ। ਤਿਹ ਸਮ ਲੇਕਰਿ ਭਾਰ ਬੰਧੇਰੇ।
ਲੀਨ ਤੀਨ ਕੋ ਘ੍ਰਿਤ ਨਵੀਨਾ। ਸਿਤਾ ਸ੍ਵੇਤ ਤਾਂਕੇ ਸਮ ਲੀਨਾ ॥ ੭੬ ॥

ਸੋਹਣੇ ਤੇ ਲੰਮੇ ਚਾਵਲ ਲਏ, ਆਟੇ ਦੇ ਮੁੱਲ ਦੇ ਬਰਾਬਰ ਭਾਵ ਪੰਜਾਂ ਰੁਪਈਆਂ ਦੇ ਲੈ ਕੇ ਬੰਨ੍ਹ ਲਏ। ਤਿੰਨਾਂ ਰੁਪਈਆਂ ਦਾ ਤਾਜ਼ਾ ਘਿਉ ਲਿਆ ਅਤੇ ਤਿੰਨਾਂ ਰੁਪਈਆਂ ਦੀ ਸਫੈਦ ਖੰਡ ਲਈ ॥ ੭੬ ॥

ਦੁਗਧ ਹੇਤ ਖਰਚੇ ਪੁਨ ਤੀਨੋ। ਬਾਕੀ ਭਾਰ ਬਾਹ ਕੋ ਦੀਨੋ।
ਸਭਿਹਿ ਸੌਜ ਪੁਰਿ ਤੇ ਉਚਵਾਈ। ਸੰਤਨ ਢਿਗ ਗਮਨੇ ਜਗਰਾਈ ॥ ੭੭ ॥

ਦੁੱਧ ਵਾਸਤੇ ਫਿਰ ਤਿੰਨ ਰੁਪਏ ਖਰਚੇ ਤੇ ਬਾਕੀ ਦੇ ਰੁਪਏ ਭਾਰ ਚੁੱਕਣ ਵਾਲੇ ਨੂੰ ਦੇ ਦਿੱਤੇ। ਫਿਰ ਨਗਰ ਤੋਂ ਸਾਰੀ ਰਸਦ ਚੁਕਵਾ ਕੇ, ਜਗਤ ਦੇ ਰਾਜੇ ਭਾਵ- ਗੁਰੂ ਜੀ ਨੇ ਸੰਤਾਂ ਦੇ ਪਾਸ ਜਾ ਰਖਵਾਈ ॥ ੭੭ ॥

ਸਭਿ ਸੰਭਾਰ ਮਹੰਤ ਅਗਾਰੀ। ਧਰਿ ਬੈਸੇ ਸੇਵਕ ਸੁਖਕਾਰੀ।
'ਦੀਜੈ ਆਇਸੁ ਹੋਇ ਰਸੋਈ। ਅਚਹਿੰ ਸੰਤ ਰੁਚਿ ਕਰਹਿੰ ਜਿਤੋਈ' ॥ ੭੮ ॥

ਸਭ ਕੁਝ ਮਹੰਤ ਅੱਗੇ ਰੱਖ ਕੇ ਉਸ ਨੂੰ ਸੰਭਾਲ ਦਿੱਤਾ ਤੇ ਫਿਰ ਸੇਵਕਾਂ ਨੂੰ ਸੁਖੀ ਕਰਨ ਵਾਲੇ ਧਰਤੀ ਤੇ ਬੈਠ ਗਏ। "ਆਗਿਆ ਹੋਵੇ ਤਾਂ ਰਸੋਈ ਤਿਆਰ ਕਰੀਏ, ਤਾਂਕਿ ਸੰਤ ਜਿੰਨੀ ਭੁ ਹੋਵੇ ਆਪਣੀ ਭੁੱਖ ਅਤੇ ਰੁਚੀ ਅਨੁਸਾਰ ਖਾਵਣ" ॥ ੭੮ ॥

ਸੋਰਠਾ- ਸੁਨਿ ਮਹੰਤ ਮਤਿਵੰਤਿ ਕਹੀ ਗਿਰਾ ਜਗਕੰਤ ਸੋਂ ॥
'ਕਰਿ ਅਚਵਹਿੰਗੇ ਸੰਤ ਤੁਮ ਗਮਨਹੁ ਪੁਰਿ ਆਪਨੇ' ॥ ੭੯ ॥

ਬੁਧੀਵਾਨ ਮਹੰਤ ਨੇ ਜਗਤ ਪਤੀ ਭਾਵ- ਗੁਰੂ ਜੀ ਦੇ ਇਹ ਬਚਨ ਸੁਣ ਕੇ ਕਿਹਾ, "ਸੰਤ ਆਪੇ ਹੀ ਛੱਕ ਲੈਣਗੇ, ਤੁਸੀਂ ਆਪਣੇ ਨਗਰ ਨੂੰ ਜਾਵੋ" ॥ ੭੯ ॥

ਦੋਹਰਾ- ਤਜਿ ਕਾਨਨ ਕਮਲਾਨਨੋ ਗਵਨੇ ਨਿਜ ਪੁਰਿ ਓਰ।
ਕਵਿ ਸੰਤੋਖ ਸਿੰਘ ਬੰਦਨਾ ਧਰ ਪਰ ਜੁਗ ਕਰ ਜੋਰਿ ॥ ੮੦ ॥

ਜੰਗਲ ਨੂੰ ਛੱਡ ਕੇ ਕਮਲ ਮੁੱਖ ਵਾਲੇ ਆਪਣੇ ਨਗਰ ਵੱਲ ਚਲ ਪਏ। ਕਵੀ ਸੰਤੋਖ ਸਿੰਘ ਦੋਵੇਂ ਹੱਥ ਜੋੜ ਧਰਤੀ ਤੇ ਮੱਥਾ ਟੇਕ ਕੇ ਗੁਰੂ ਜੀ ਅੱਗੇ ਬੰਦਨਾਂ ਕਰਦਾ ਹੈ॥ ੮੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਪਸੀਅਨ ਪ੍ਰਸੰਗ' ਬਰਨਨ ਨਾਮ ਚਤੁਰਦਸਮੋ ਅਧਯਾਯ॥ ੧੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਚੌਧਵਾਂ ਅਧਿਆਇ, ਜਿਸ ਦਾ ਨਾਮ 'ਖ਼ਰਾ ਸੌਦਾ ਕਰਨ ਜਾਣਾ' ਹੈ, ਸਮਾਪਤ ਹੋਇਆ॥ ੧੪॥

# ਅਧਿਆਇ ਪੰਦਰਵਾਂ

*ਖ਼ਰਾ ਸੌਦਾ, ਬਾਬਾ ਕਾਲੂ ਤੇ ਰਾਇ ਬੁਲਾਰ।*

ਦੋਹਰਾ- ਸ੍ਰੀ ਅੰਗਦ ਅਰਬਿੰਦ ਪਦ ਆਨੰਦ ਕੰਦ ਮੁਕੰਦ।
ਧਰਪਰ ਧਰਿ ਸਿਰ ਨਮਹਿ ਕਰਿ ਸ਼ਰਨ ਹਰਨ ਦੁਖ ਵ੍ਰਿੰਦ॥ ੧॥

ਸ੍ਰੀ ਗੁਰੂ ਅੰਗਦ ਦੇਵ ਜੀ ਜਿਨ੍ਹਾਂ ਦੀ ਸ਼ਰਨ ਵੱਡੇ-ਵੱਡੇ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ ਅਤੇ ਜੋ ਅਨੰਦ ਦਾਤੇ ਅਤੇ ਮੁਕਤੀ ਦਾਤੇ ਹਨ, ਦੇ ਚਰਨਾਂ ਕੰਵਲਾਂ ਤੇ ਧਰਤੀ ਉਤੇ ਸਿਰ ਰੱਖ ਕੇ ਮੱਥਾ ਟੇਕਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਜਬ ਹਮ ਗਮਨੇ ਤਿਨਕੋ ਤਜਾਗੀ। ਬੋਲੇ ਸੰਤ ਗਿਰਾ ਅਨੁਰਾਗੀ।
'ਆਰਬਲਾ ਲਘੁ ਬਾਲ ਸੁਚਾਲੀ। ਗਿਰਾ ਵਿਰਾਗ ਭਗਤਿ ਭਲ ਸਾਲੀ॥ ੨॥

ਤਾਈ ਬਾਲੇ ਨੇ ਕਿਹਾ- ਜਦ ਅਸੀਂ ਸੰਤਾਂ ਨੂੰ ਛੱਡ ਕੇ ਆ ਗਏ ਤਾਂ ਦੂਸਰੇ ਸੰਤ ਬੜੇ ਪ੍ਰਸੰਨ ਹੋ ਕੇ ਬੋਲੇ, "ਇਸ ਸ੍ਰੇਸ਼ਟ ਬਾਲਕ ਦੀ ਉਮਰ ਬਹੁਤ ਛੋਟੀ ਸੀ, ਪਰ ਉਸ ਦੀ ਭਲੀ ਬਾਣੀ, ਭਗਤੀ ਅਤੇ ਵੈਰਾਗ ਦਾ ਘਰ ਸੀ॥ ੨॥

ਤੁਮ ਸੋਂ ਆਨਿ ਕੀਨ ਬਹੁ ਭਾਊ। ਮ੍ਰਿਦੁਲ ਕ੍ਰਿਪਾਲ ਬਿਸਾਲ ਸੁਭਾਊ।
ਭੋਜਨ ਸੌਜ ਆਨਿ ਜਬ ਬੈਸੇ। ਚਲਨ ਰਜਾਇ ਦੀਨਿ ਤੁਮ ਕੈਸੇ?' ॥ ੩॥

ਉਸ ਨੇ ਆ ਕੇ ਤੁਹਾਡੇ ਨਾਲ ਬਹੁਤ ਪ੍ਰੇਮ ਪਿਆਰ ਕੀਤਾ ਤੇ ਉਸ ਕਿਰਪਾਲੂ ਦਾ ਸੁਭਾਅ ਬੜਾ ਕੋਮਲ ਅਤੇ ਵਿਸ਼ਾਲ ਸੀ। ਰਸਦ ਲਿਆ ਕੇ ਜਦ ਉਹ ਆ ਕੇ ਬੈਠ ਗਏ ਸਨ ਤਾਂ ਜਾਣ ਦੀ ਆਗਿਆ ਤੁਸੀਂ ਕਿਵੇਂ ਦਿੱਤੀ?" ॥ ੩॥

ਸੁਨਿ ਮਹੰਤ ਬੋਲਜੋ ਬਰਬਾਨੀ। 'ਇਹ ਕੋ ਪਰਮ ਪੁਰਖ ਸੁਖਦਾਨੀ।
ਕਲਾਵਾਨ ਗਜਾਨੀ ਗੁਨਖਾਨੀ। ਦੁਰਜੋ ਰਹੈ ਗਤਿ ਪਰਹਿ ਨ ਜਾਨੀ॥ ੪॥

ਆਪਣੇ ਚੇਲਿਆਂ ਦੀ ਗੱਲ ਸੁਣ ਕੇ ਸ੍ਰੇਸ਼ਟ ਮਹੰਤ ਬੋਲਿਆ, "ਸੁੱਖਾਂ ਦਾ ਦਾਤਾ ਭਾਵ- ਗੁਰੂ ਨਾਨਕ ਜੀ ਤਾਂ ਕੋਈ ਪਰਮ ਪੁਰਖ ਹੈ ਅਤੇ ਉਹ ਬੜਾ ਕਲਾਵਾਨ, ਗਿਆਨਵਾਨ ਅਤੇ ਗੁਣਾਂ ਦਾ ਖਜ਼ਾਨਾ ਹੈ। ਉਹ ਆਪਣੇ ਆਪ ਨੂੰ ਛੁਪਾ ਕੇ ਰਖਦਾ ਹੈ, ਭਾਵ- ਜ਼ਾਹਰ ਨਹੀਂ ਹੋਣ ਦਿੰਦਾ, ਉਸ ਦੀ ਅਸਲੀ ਹਾਲਤ ਨੂੰ ਕੋਈ ਨਹੀਂ ਜਾਣ ਸਕਦਾ॥ ੪॥

ਭਯੋ ਅਸਹਿ ਮੁਝ ਤੇਜ ਪ੍ਰਭਾਊ। ਯਾਂਤੇ ਦੀਨੀ ਜਾਨਿ ਰਜਾਊ'।
ਅਸ ਕਹਿ ਤਬ ਕੀਨੋ ਪੁਨ ਅਸਨਾ। ਖਾਨ ਲਗੇ ਸ੍ਵਾਦਨ ਲੇ ਰਸਨਾ॥ ੫॥

ਉਸ ਦੇ (ਗੁਰੂ ਨਾਨਕ ਦੇਵ ਜੀ ਦੇ) ਤੇਜ ਦਾ ਪ੍ਰਤਾਪ ਮੈਥੋਂ ਝੱਲਿਆ ਨਹੀਂ ਗਿਆ, ਇਸ ਕਰਕੇ ਮੈਂ ਉਸ ਨੂੰ ਜਾਣ ਦੀ ਆਗਿਆ ਦੇ ਦਿੱਤੀ।" ਇਹ ਕਹਿ ਕੇ ਫਿਰ ਆਸਣ ਤੇ ਬੈਠ ਗਏ ਅਤੇ ਸਵਾਦੀ ਭੋਜਨ ਛੱਕਣ ਲੱਗੇ॥ ੫॥

ਸਿਤਾ ਘ੍ਰਿਤ ਮੇਲਜੋ ਸੰਗ ਪਾਇਸੁ। ਸੰਤ ਛੁਧਾਤੁਰ ਤ੍ਰਿਪਤੇ ਖਾਇਸੁ।
ਮਨ ਪ੍ਰਸੀਦ ਹ੍ਵੈ ਬਚਨ ਬਖਾਨੇ। 'ਇਹ ਕਰਤਾਰ ਪਠਜੋ ਹਮ ਜਾਨੈ॥ ੬॥

ਖੰਡ ਘਿਉ ਨੂੰ ਖੀਰ ਦੇ ਨਾਲ ਮਿਲਾਇਆ ਤੇ ਸੱਤਾਂ ਦਿਨਾਂ ਦੇ ਭੁੱਖੇ ਸੰਤ ਭੋਜਨ ਖਾ ਕੇ ਤ੍ਰਿਪਤ ਹੋ ਗਏ। ਮਨ ਪਸੰਦ ਭੋਜਨ ਖਾ ਕੇ ਉਹ ਕਹਿਣ ਲੱਗੇ, "ਸਾਨੂੰ ਤਾਂ ਇੰਝ ਲਗਦਾ ਹੈ ਕਿ ਜਿਵੇਂ ਇਹ ਭੋਜਨ ਕਰਤਾਰ ਨੇ ਹੀ ਭੇਜਿਆ ਹੈ॥ ੬॥

ਕਿਧੋਂ ਸਰੀਰ ਧਾਰਿ ਕਰਤਾਰਾ। ਆਨਿ ਲੀਨਿ ਸੁਧਿ, ਦੀਨ ਅਹਾਰਾ।
ਸਪਤ ਦਿਵਸ ਕੇ ਛੁਧ ਸੰਤਾਏ। ਅਬ ਭੋਜਨ ਕਰਿ ਹਮ ਤ੍ਰਿਪਤਾਏ' ॥ ੭॥

ਕਿਤੇ ਕਰਤਾਰ ਆਪ ਹੀ ਸਰੀਰ ਧਾਰ ਕੇ ਤਾਂ ਨਹੀਂ ਆ ਗਿਆ। ਉਸ ਨੇ ਆ ਕੇ ਸਾਡੀ ਸੁੱਧ ਲਈ ਹੈ ਅਤੇ ਸਾਨੂੰ ਖਾਣ ਨੂੰ ਦਿੱਤਾ ਹੈ। ਸੱਤਾਂ ਦਿਨਾ ਤੋਂ ਸਾਨੂੰ ਭੁੱਖ ਨੇ ਸਤਾਇਆ ਸੀ, ਹੁਣ ਭੋਜਨ ਕਰਕੇ ਸਾਡੀ ਤ੍ਰਿਸ਼ਨਾਂ ਪੂਰੀ ਹੋਈ ਹੈ ਤੇ ਅਸੀਂ ਤ੍ਰਿਪਤ ਹੋ ਗਏ ਹਾਂ"॥ ੭॥

ਇਤ ਸ੍ਰੀ ਨਾਨਕ ਪੁਰਿ ਦਿਸ਼ ਗਵਨੂ। ਅਰਧਪੰਥ ਪਹੁੰਚੇ ਗੁਨਭਵਨੂ।
ਸੋਚ ਬਿਮੋਚਨ ਸੋਚਨ ਲਾਗੇ। ਹਟਕਤਿ ਚਿਤ, ਪਗ ਪਰਹਿਂ ਨ ਆਗੇ ॥ ੮॥

ਇਧਰ ਸ੍ਰੀ ਨਾਨਕ ਆਪਣੇ ਨਗਰ ਵਲ ਜਾ ਰਹੇ ਸਨ। ਜਦ ਗੁਣਾਂ ਦੇ ਘਰ ਅੱਧ ਵਿਚ ਪਹੁੰਚੇ ਤਾਂ ਸੋਚਾਂ ਦੂਰ ਕਰਨ ਵਾਲੇ ਗੁਰੂ ਜੀ ਆਪਣੇ ਚਿਤ ਵਿਚ ਸੋਚਣ ਲੱਗੇ। ਉਨ੍ਹਾਂ ਦਾ ਚਿੱਤ ਉਨ੍ਹਾਂ ਨੂੰ ਰੋਕਦਾ ਸੀ ਤੇ ਇਕ ਵੀ ਕਦਮ ਅੱਗੇ ਨਹੀਂ ਸੀ ਪੁਟਿਆ ਜਾ ਰਿਹਾ॥ ੮॥

ਚਿੰਤਾਤੁਰ ਸੇ ਹ੍ਵੈ ਗੁਨਖਾਨੀ। ਬੋਲੇ ਮੁਝ ਸੋਂ ਅਸ ਬਿਧਿ ਬਾਨੀ।
'ਇਹ ਕੀਨੋ ਕਜਾ ਹਮ ਨੈਂ ਕਾਮਾ। ਉੱਤਰ ਕੋ ਦੈ ਹੈਂ ਚਲਿ ਧਾਮਾ॥ ੯॥

ਗੁਣਾਂ ਦੇ ਖ਼ਜ਼ਾਨੇ ਚਿੰਤਾ ਵਿਚ ਜਕੜੇ ਗਏ ਤੇ ਮੈਨੂੰ ਇਸ ਤਰ੍ਹਾਂ ਕਹਿਣ ਲੱਗੇ, "ਅਸੀਂ ਇਹ ਕੀ ਕੰਮ ਕੀਤਾ ਹੈ, ਘਰ ਜਾ ਕੇ ਅਸੀਂ ਕੀ ਜਵਾਬ ਦੇਵਾਂਗੇ॥ ੯॥

ਪਿਤ ਕੋ ਅਧਿਕ ਕ੍ਰੋਧ ਉਪਜੈ ਹੈ। ਮੁਝ ਤੁਝ ਸੋਂ ਦੇ ਗਾਰਿ ਲਰੈ ਹੈ'।
ਮੈਂ ਭਾਖਜੋ 'ਕਛੁ ਦੋਸ਼ ਨ ਮੇਰੋ। ਤੁਮ ਕੋ ਬਰਜ ਰਹਜੋ ਬਹੁਤੇਰੋ॥ ੧੦॥

ਪਿਤਾ ਜੀ ਬਹੁਤ ਗੁੱਸੇ ਵਿਚ ਆਉਣਗੇ ਅਤੇ ਮੈਨੂੰ ਤੈਨੂੰ ਗਾਲੀਆਂ ਦੇ ਕੇ ਲੜਨਗੇ।" ਇਹ ਸੁਣ ਕੇ ਮੈਂ ਕਿਹਾ, "ਇਸ ਵਿਚ ਮੇਰਾ ਕੋਈ ਕਸੂਰ ਨਹੀਂ ਹੈ, ਮੈਂ ਤਾਂ ਤੁਹਾਨੂੰ ਬਹੁਤ ਰੋਕਿਆ ਸੀ॥ ੧੦॥

ਆਪ ਜਾਨਿਕੈ ਕੀਨ ਕੁਕਾਜੂ। ਚਿਤ ਕਿਉਂ ਚਿੰਤ ਧਰੀ ਤੁਮ ਆਜੂ।
ਅਬ ਜਿਮ ਹੋਇ ਸਹਹੁ ਸੋ ਰੀਤੀ। ਸੁਧੀ ਹੁਇ ਅਥਵਾ ਬਿੱਪ੍ਰੀਤੀ॥ ੧੧॥

ਤੁਸੀਂ ਜਾਣ ਬੁੱਝ ਕੇ ਇਹ ਮਾੜਾ ਕੰਮ ਕੀਤਾ ਹੈ। ਤੁਸੀਂ ਅੱਜ ਆਪਣੇ ਚਿਤ ਵਿਚ ਚਿੰਤਾ ਨੂੰ ਧਾਰਨ ਕੀਤਾ ਹੈ। ਹੁਣ ਜਿਵੇਂ ਹੋਵੇ ਆਪਣੀ ਕੀਤੀ ਨੂੰ ਸਹਿਣ ਕਰੋ, ਤਾਂਕਿ ਜਿਹੜੀ ਪੁੱਠੀ ਪੈ ਗਈ ਹੈ, ਉਹ ਸਿੱਧੀ ਹੋ ਜਾਵੇ॥ ੧੧॥

ਮੁਝ ਕੋ ਚਿੰਤ ਨ ਏਕ ਬਿਆਪੇ। ਧਨ ਤੁਮਰਾ ਖਰਚਜੋ ਤੁਮ ਆਪੇ।
ਬਹੁਰ ਨ ਮੈਂ ਤੁਮ ਤੇ ਕਛੁ ਸਜਾਨਾ। ਸਭਿ ਜਾਨਹਿੰਗੇ ਬੈਸ ਸਮਾਨਾ॥ ੧੨॥

ਮੈਨੂੰ ਤਾਂ ਇਸ ਗੱਲ ਦੀ ਜ਼ਰਾ ਵੀ ਚਿੰਤਾ ਨਹੀਂ ਹੈ, ਕਿਉਂਕਿ ਤੁਸੀਂ ਆਪਣਾ ਧਨ ਆਪ ਖਰਚਿਆ ਹੈ। ਦੂਸਰਾ ਮੈਂ ਆਪ ਨਾਲੋਂ ਕੋਈ ਜ਼ਿਆਦਾ ਸਿਆਣਾ ਨਹੀਂ ਹਾਂ, ਕਿਉਂਕਿ ਸਾਰੇ ਜਾਣਦੇ ਹਨ ਕਿ ਸਾਡੀ ਉਮਰ ਇਕੋ ਜਿਹੀ ਹੈ॥ ੧੨॥

ਪੁਨ ਮੈਂ ਹੋਂ ਆਇਸੁ ਅਨੁਸਾਰੀ। ਤਵ ਪਿਤ ਭੇਜਜੋ ਦਾਸ ਵਿਚਾਰੀ।

ਯਾਂਤੇ ਦੋਸ਼ ਨ ਮਮ ਪਰ ਠਾਨਹਿ ॥ਕਰਮ ਸੁਭਾਸੁਭ ਤੁਮਰੇ ਜਾਨਹਿ ॥੧੩॥

ਹੋਰ ਮੈਂ ਤਾਂ ਤੁਹਾਡੇ ਕਹੇ ਅਨੁਸਾਰ ਹੀ ਚਲਣਾ ਹੈ, ਕਿਉਂਕਿ ਪਿਤਾ ਨੇ ਮੈਨੂੰ ਨੌਕਰ ਜਾਣ ਕੇ ਭੇਜਿਆ ਹੈ, ਇਸ ਕਰਕੇ ਮੇਰੇ ਸਿਰ ਕੋਈ ਦੋਸ਼ ਨਹੀ ਆਉਂਦਾ ਹੈ। ਕਿਹੜਾ ਕੰਮ ਚੰਗਾ ਹੈ ਅਤੇ ਕਿਹੜਾ ਕੰਮ ਮਾੜਾ ਹੈ, ਇਹ ਤੁਸੀ ਹੀ ਜਾਣਦੇ ਹੋ''॥ ੧੩॥

ਗਟੀ ਗਿਨਤਿ ਬੋਲਤਿ ਬਚ ਦੋਊ। ਨਿਯਰਾਨੀ ਤਲਵੰਡੀ ਸੋਊ।
ਹੌਂ ਤੌਂ ਚਲਿ ਆਯੋ ਨਿਜ ਸਦਨਾ। ਪੁਰਿ ਨ ਪ੍ਰਵੇਸ਼ੇ ਪੰਕਜ ਬਦਨਾ॥੧੪

ਗੱਲਾਂ ਬਾਤਾਂ ਕਰਦਿਆਂ ਅਤੇ ਸੋਚਾਂ ਸੋਚਦਿਆਂ ਤਲਵੰਡੀ ਨੇੜੇ ਆ ਗਈ, ਮੈਂ ਤਾਂ ਆਪਣੇ ਘਰ ਨੂੰ ਚਲਾ ਆਇਆ, ਪਰ ਕੰਵਲ ਦੇ ਫੁੱਲ ਵਰਗੇ ਸਰੀਰ ਵਾਲੇ ਨਗਰ ਵਿਚ ਨਾ ਆਏ॥ ੧੪॥

ਏਕ ਤਾਲ ਜਲਹੀਨ ਜੁ ਦੂਰੀ। ਤਹਿਂ ਬੈਸੇ ਬੈਸਕ ਜਿਨ ਰੂਰੀ।
ਸੁਨਜੋ ਜਬਹਿ ਆਯੋ ਘਰਿ ਬਾਲਾ। ਭਯੋ ਹਉਲ ਕਾਲੂ ਤਤਕਾਲਾ॥ ੧੫॥

ਕੁਝ ਦੂਰ ਇਕ ਸੁੱਕਾ ਹੋਇਆ ਤਾਲਾਬ ਸੀ, ਗੁਰੂ ਜੀ ਉਸ ਤਾਲਾਬ ਦੇ ਵਿਚ ਜਾ ਕੇ ਬੈਠ ਗਏ। ਜਦ ਮਹਿਤਾ ਕਾਲੂ ਨੂੰ ਇਹ ਪਤਾ ਲੱਗਾ ਕਿ ਬਾਲਾ ਘਰ ਆ ਗਿਆ ਹੈ, ਤਾਂ ਕਾਲੂ ਇਕ ਦਮ ਘਬਰਾ ਗਿਆ॥ ੧੫॥

ਦਾਸ ਪਠਾਇ ਮੁਝਹਿ ਬੁਲਵਾਯਾ। ਕ੍ਰੂਰ ਬਿਲੋਕਤਿ ਬਚਨ ਅਲਾਯਾ।
'ਕਹਾਂ ਕਾਰਖਿਕ,ਨਾਨਕ ਕਹਿੰਵਾ?। ਤਜਜੈਂ ਸੰਗ ਕਿਉਂ ਪਾਛੇ ਰਹਿਵਾ? ॥੧੬॥

ਨੌਕਰ ਨੂੰ ਭੇਜ ਕੇ ਮੈਨੂੰ ਬੁਲਾਇਆ ਤੇ ਬੜੇ ਗੁੱਸੇ ਨਾਲ ਮੇਰੇ ਵਲ ਵੇਖ ਕੇ ਕਿਹਾ, ''ਰੁਪਏ ਕਿਥੇ ਹਨ ਅਤੇ ਨਾਨਕ ਕਿਥੇ ਹੈ? ਉਸ ਦਾ ਸਾਥ ਤੂੰ ਕਿਉਂ ਛੱਡਿਆ ਹੈ ਅਤੇ ਉਹ ਪਿਛੇ ਕਿਉਂ ਰਿਹਾ ਹੈ॥ ੧੬॥

ਬਨਜਜੋ ਬਨਜ ਕਿਧੌਂ ਤੁਮ ਨਾਹੀਂ?। ਬਿਨ ਦਿਯ ਸੁਧ ਗਾ ਨਿਜ ਘਰ ਮਾਂਹੀ।
ਕਿਹ ਨਗਰੀ ਮਹਿਂ ਤਿਹਕੋ ਛੋਰਾ? ਰੂਠ ਰਹਜੋ ਕਿਉਂ ਤੈਂ ਨ ਬਹੋਰਾ?' ॥੧੭॥

ਕੀ ਤੁਸੀਂ ਵਪਾਰ ਨਹੀਂ ਕੀਤਾ? ਮੈਨੂੰ ਸੂਚਨਾ ਦੇਣ ਤੋਂ ਬਗੈਰ ਆਪਣੇ ਘਰ ਕਿਉਂ ਚਲਾ ਗਿਆ? ਕਿਸ ਨਗਰੀ ਵਿਚ ਉਸ ਨੂੰ ਛੱਡ ਕੇ ਆਇਆ ਹੈਂ। ਜੇ ਉਹ ਰੁਸ ਗਿਆ ਸੀ ਤਾਂ ਉਸ ਨੂੰ ਮੋੜ ਕੇ ਘਰ ਕਿਉਂ ਨਹੀਂ ਲਿਆਇਆ?'' ॥ ੧੭॥

ਅਸ ਬਚ ਸੁਨਿ ਕੈ ਗਿਰਾ ਉਬਾਚੀ। ਜਸ ਬਿਧਿ ਬਿਤੀ ਬਤਾਈ ਸਾਚੀ।
'ਇਕ ਕਾਨਨ ਮੈਂ ਹੁਤੇ ਫਕੀਰਾ। ਚਲੇ ਜਾਤਿ ਬੈਸੇ ਤਿਨ ਤੀਰਾ॥ ੧੮॥

ਇਹ ਬਚਨ ਸੁਣ ਕੇ ਮੈਂ ਵੀ ਆਪਣਾ ਮੂੰਹ ਖੋਲ੍ਹਿਆ ਤੇ ਸਾਰੀ ਬੀਤੀ ਸੱਚੀ ਸੱਚੀ ਗੱਲ ਦੱਸ ਦਿੱਤੀ। ''ਇਕ ਜੰਗਲ ਵਿਚ ਕੁਝ ਫਕੀਰ ਰਹਿੰਦੇ ਸਨ। ਜਾਂਦਾ ਜਾਂਦਾ ਉਨ੍ਹਾਂ ਦੇ ਪਾਸ ਜਾ ਕੇ ਬੈਠ ਗਿਆ॥ ੧੮॥

ਕਛੁਕ ਪਰਸਪਰ ਬੋਲਨ ਕੀਨਾ। ਭੋਜਨ ਹਿਤ ਤਿਨ ਕੋ ਧਨ ਦੀਨਾ।
ਕਹਿਨ ਲਗੇ ਪਿਤ ਆਇਸੁ ਜੈਸੀ। ਭਲੇ ਬਨਜ ਕੀ ਕੀਨੀ ਤੈਸੀ॥ ੧੯॥

ਉਨ੍ਹਾਂ ਨਾਲ ਕੁਝ ਦੇਰ ਵਿਚਾਰ ਵਟਾਂਦਰਾ ਕੀਤਾ ਤੇ ਫਿਰ ਉਨ੍ਹਾਂ ਦੇ ਭੋਜਨ ਵਾਸਤੇ ਸਾਰਾ ਧਨ ਦੇ ਦਿੱਤਾ। ਕਹਿਣ ਲੱਗੇ, ਜਿਵੇਂ ਪਿਤਾ ਜੀ ਨੇ ਕਿਹਾ ਸੀ ਕਿ ਕੋਈ ਲਾਹੇਵੰਦਾ ਸੌਦਾ ਕਰਨਾ, ਇਹ ਵਪਾਰ ਵੀ ਬਹੁਤ ਚੰਗਾ ਹੈ, ਇਸ ਲਈ ਮੈਂ ਉਸ ਤਰ੍ਹਾਂ ਹੀ ਕਰ ਰਿਹਾ ਹਾਂ॥ ੧੯॥

ਦੇ ਕਰਿ ਦਰਬ ਘਰਨ ਮੁਰਿ ਆਏ। ਨਗਰ ਵਹਿਰ ਬੈਸੇ ਕਿਸ ਬਾਏ।
ਕ੍ਰੋਧ ਕਰਨ ਤੁਮ ਤੇ ਡਰ ਧਰਿਕੈ। ਸਦਨ ਨ ਆਏ ਇਹੈ ਬਿਚਰਿਕੈ' ॥੨੦॥

ਸਾਰਾ ਧਨ ਉਨ੍ਹਾਂ ਨੂੰ ਦੇ ਕੇ ਘਰ ਨੂੰ ਮੁੜ ਆਏ। ਨਗਰ ਵਿਚ ਕਿਸੇ ਥਾਂ ਲੁਕ ਕੇ ਬੈਠੇ ਹਨ। ਇਹ ਧਾਰ ਕੇ ਕਿ ਤੁਸੀਂ ਬਹੁਤ ਗੁੱਸਾ ਕਰੋਗੇ, ਇਹ ਸੋਚ ਕੇ ਘਰ ਨਹੀਂ ਆਏ ਹਨ' ॥ ੨੦ ॥

ਅਸ ਸੁਨਿ ਕਾਲੂ ਕ੍ਰੋਧ ਨ ਥੋਰਾ। ਪਰਸਤਿ ਘ੍ਰਿਤ, ਜਯੋਂ ਪਾਵਕ ਜੋਰਾ।
ਕਹੈ ਕਿ 'ਮੁਝ ਕੋ ਦੇਹੁ ਬਤਾਈ। ਚਲਹੁ ਸੰਗ ਬੈਸਯੋ ਜਿਹ ਥਾਂਈ' ॥ ੨੧ ॥

ਇਹ ਸੁਣ ਕੇ ਕਾਲੂ ਦਾ ਕ੍ਰੋਧ ਘਟਿਆ ਨਾ, ਬਲਕਿ ਜਿਵੇਂ ਅੱਗ ਤੇ ਘਿਊ ਪਾਉਣ ਨਾਲ ਅੱਗ ਜ਼ੋਰ ਨਾਲ ਮੱਚਦੀ ਹੈ, ਕਹਿਣ ਲੱਗੇ, "ਮੈਨੂੰ ਇਹ ਦੱਸ ਅਤੇ ਮੇਰੇ ਨਾਲ ਚਲ ਜਿਸ ਥਾਂ ਤੇ ਉਹ ਬੈਠਿਆ ਹੈ" ॥ ੨੧ ॥

ਮੁਖ ਤੇ ਬੋਲਤਿ ਗਿਰਾ ਕਠੋਰਾ। ਲੇ ਮੁਝ ਸੰਗ ਚਲਯੋ ਤਿਨ ਓਰਾ।
ਸੁਨੀ ਮਾਤ ਸਭਿ ਧਨ ਕੀ ਗਾਥਾ। ਖੋਜਨਗਾ ਕਾਲੂ ਰਿਸਿ ਸਾਥਾ ॥ ੨੨ ॥

ਮੁਖ ਤੋਂ ਬਹੁਤ ਕਠੋਰ ਸ਼ਬਦ ਬੋਲਦੇ ਹੋਏ ਉਹ ਮੇਰੇ ਨਾਲ ਉਸ ਪਾਸੇ ਵਲ ਚਲ ਪਏ, ਜਿਥੇ ਗੁਰੂ ਜੀ ਬੈਠੇ ਸਨ। ਜਦ ਮਾਤਾ ਜੀ ਨੂੰ ਧਨ ਦੀ ਕਹਾਣੀ ਦਾ ਪਤਾ ਲੱਗਾ ਅਤੇ ਇਹ ਵੀ ਸੁਣਿਆ ਕਿ ਮਹਿਤਾ ਕਾਲੂ ਗੁੱਸੇ ਵਿਚ ਆ ਕੇ ਪੁੱਤਰ ਨੂੰ ਲੱਭਣ ਗਿਆ ਹੈ ॥ ੨੨ ॥

ਤੁਰਤ ਤਬਹਿ ਤਨਿਯਾ ਕੋ ਭੇਜਾ। ਪਤਿ ਰਿਸ ਤੇ ਉਠਿ ਧਰਕ ਕਰੇਜਾ।
ਬਹੁਰੋ ਦਾਸੀ ਦਾਸ ਪਠਾਏ। ਹਿਤ ਬਿਲੋਕਨੇ ਲੋਕ ਸਿਧਾਏ ॥ ੨੩ ॥

ਤਾਂ ਤੁਰੰਤ ਆਪਣੀ ਪੁੱਤਰੀ (ਬੇਬੇ ਨਾਨਕੀ) ਨੂੰ ਭੇਜਿਆ। ਪਤੀ ਦੇ ਗੁੱਸੇ ਬਾਰੇ ਸੁਣ ਕੇ ਉਸ ਦਾ ਕਾਲਜਾ ਕੰਬਣ ਲੱਗਾ। ਫਿਰ ਦਾਸ ਅਤੇ ਦਾਸੀਆਂ ਨੂੰ ਭੇਜਿਆ ਤੇ ਵੇਖਣ ਵਾਸਤੇ ਹੋਰ ਲੋਕ ਵੀ ਉਸ ਪਾਸੇ ਚਲ ਪਏ ॥ ੨੩ ॥

ਬਹਿਰ ਜਾਇ ਪਿਖਿ ਜਲ ਬਿਨ ਤਾਲਾ। ਬੈਸੇ ਨੀਵ ਸਥਾਨ ਕ੍ਰਿਪਾਲਾ।
ਅਵਿਲੋਕਯੋ ਕਾਲੂ ਜਿਹ ਕਾਲਾ। ਬੋਲਤਿ ਭਾ ਦੁਰਬਚਨ ਬਿਸਾਲਾ ॥ ੨੪ ॥

ਫਿਰ ਜਾ ਕੇ ਉਨ੍ਹਾਂ ਇਕ ਸੁੱਕੇ ਤਾਲਾਬ ਨੂੰ ਵੇਖਿਆ, ਜਿਥੇ ਕਿਰਪਾਲੂ ਗੁਰੂ ਜੀ ਨੀਵੀਂ ਥਾਂ ਬੈਠੇ ਸਨ। ਜਿਸ ਵੇਲੇ ਬਾਬੇ ਕਾਲੂ ਨੇ ਉਨ੍ਹਾਂ ਨੂੰ ਵੇਖਿਆ ਤੇ ਉਨ੍ਹਾਂ ਨੇ ਬਹੁਤ ਦੁਰਬਚਨ ਬੋਲੇ ॥ ੨੪ ॥

ਗਹਿ ਕਰ ਬੂਝਤਿ ਰਿਸ ਕਰਿ ਭਾਰੀ। 'ਕਹਾਂ ਕਾਰਖਿਕ ? ਸਦਨ ਉਜਾਰੀ !।
ਕਹਾਂ ਬਨਜ ਜੋ ਤੈਂ ਕਰਿ ਲਯਾਯੋ?। ਘਰ ਜਨਮਯੋ ਮਮ ਨਾਮ ਗਵਾਯੋ ॥ ੨੫ ॥

ਬਾਂਹ ਤੋਂ ਫੜ ਕੇ ਬੜੇ ਗੁੱਸੇ ਵਿਚ ਆ ਕੇ ਪੁੱਛਿਆ, "ਘਰ ਉਜਾੜੂ ! ਰੁਪਏ ਕਿੱਥੇ ਹਨ ? ਕਿਹੜਾ ਵਪਾਰ ਤੇ ਕਿਹੜਾ ਸੌਦਾ ਜਿਹੜਾ ਤੂੰ ਕਰਕੇ ਲਿਆਇਆ ਹੈਂ। ਮੇਰੇ ਘਰ ਜੰਮ ਕੇ ਤੂੰ ਮੇਰੇ ਨਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ" ॥ ੨੫ ॥

ਸੁਨਿ ਕਮਲਾਨਨ ਤੂਸ਼ਨ ਠਾਨੀ। ਪਿਤ ਬੁਲਾਇ ਨਹਿਂ ਬੋਲਤਿ ਬਾਨੀ।
ਯਾਂਤੇ ਅਧਿਕ ਕ੍ਰੋਧ ਕਰਿ ਕਾਲੂ ॥ ਕਰੀ ਤਾੜਨਾ ਤ੍ਰਾਸ ਬਿਸਾਲੂ ॥ ੨੬ ॥

ਇਹ ਸੁਣ ਕੇ ਕਮਲ ਜਿਹੇ ਮੁਖੜੇ ਵਾਲੇ ਨੇ ਚੁੱਪ ਠਾਨੀ ਰੱਖੀ। ਪਿਤਾ ਜੀ ਬੁਲਾਉਂਦੇ ਸਨ, ਪਰ ਉਹ ਬੋਲਦੇ ਨਹੀਂ ਸਨ। ਬਾਬਾ ਕਾਲੂ ਜੀ ਨੇ ਫਿਰ ਹੋਰ ਕ੍ਰੋਧ ਵਧਾ ਕੇ ਅਤੇ ਤਾੜਨਾ ਕਰਕੇ ਗੁਰੂ ਜੀ ਨੂੰ ਬਹੁਤ ਡਰਾਇਆ ॥ ੨੬ ॥

ਦਹਿਨ ਹਾਥ ਤੇ ਬਾਮ ਕਪੋਲਾ। ਹਨੇ ਤਮਾਚੇ ਬਲ ਸੋਂ ਤੋਲਾ।
ਬਾਮ ਹਾਥ ਤੇ ਦਹਿਨ ਗੰਡ ਸਥਲ। ਹਨੇ ਚਪੇਟਨ ਰਿਸ ਕਰਿ ਨਿਜ ਬਲ ॥ ੨੭ ॥

ਸੱਜੇ ਹੱਥ ਨਾਲ ਖੱਬੀ ਗੱਲ੍ਹ ਤੇ ਪੂਰੇ ਜ਼ੋਰ ਨਾਲ ਤਮਾਚਾ ਮਾਰਿਆ। ਖੱਬੇ ਹੱਥ ਨਾਲ ਸੱਜੀ ਗੱਲ੍ਹ ਤੇ ਪੁੜਪੁੜੀ ਕੋਲ ਪੂਰੇ ਜ਼ੋਰ ਨਾਲ ਗੁੱਸੇ ਵਿਚ ਆ ਕੇ ਚਪੇੜਾਂ ਮਾਰੀਆਂ ॥ ੨੭ ॥

ਸ੍ਰੀ ਨਾਨਕ ਕੇ ਨੈਨਨ ਨੀਰਾ। ਨਿਕਸ ਚਲ੍ਯੋ ਜਿਉਂ ਮਾਨੀ ਪੀਰਾ।
ਮਨਹੁ ਮੀਨ ਦੋ ਪੀਕਰਿ ਪਾਨੀ। ਬਮਨਤਿ ਸੋ ਅਸ ਪਰਿਹੀ ਜਾਨੀ॥੨੮॥

ਸ੍ਰੀ ਨਾਨਕ ਦੀਆਂ ਅੱਖਾਂ ਵਿਚ ਪਾਣੀ ਇਸ ਤਰ੍ਹਾਂ ਨਿਕਲ ਪਿਆ ਮਾਨੋ ਪੀੜ ਪ੍ਰਤੀਤ ਕੀਤੀ ਹੈ। ਇੰਝ ਲੱਗ ਰਿਹਾ ਹੈ ਕਿ ਮਾਨੋ ਦੋ ਮੱਛ ਪਾਣੀ ਪੀ ਕੇ ਪਾਣੀ ਉਲਟ ਰਹੇ ਹਨ॥ ੨੮॥

ਭਰੇ ਕਮਲ ਦਲ ਜਲ ਜਿਉਂ ਸੋਭਾ। ਬੂੰਦਨ ਪਰ ਮੁਕਤਾ ਛਬਿ ਲੋਭਾ।
ਸੋਹਤ ਪਰਿ ਗਏ ਨੀਲ ਕਪੋਲਾ। ਜਿਉਂ ਉਤਪਲ ਪਰ ਅਲਿਨ ਅਡੋਲਾ॥੨੯॥

ਮਾਨੋ ਕਮਲਾਂ ਦੇ ਦਲ ਜਲ ਵਿਚ ਸ਼ੋਭਾ ਪਾ ਰਹੇ ਹੋਣ। ਅੱਖਾਂ ਦੀਆਂ ਬੂੰਦਾਂ ਦੀ ਸ਼ੋਭਾ ਇਸ ਤਰ੍ਹਾਂ ਹੈ ਕਿ ਜਿਵੇਂ ਉਨ੍ਹਾਂ ਉਤੇ ਮੋਤੀਆਂ ਦੀ ਛਵੀ ਸੁਭਾਇਮਾਨ ਹੋ ਰਹੀ ਹੈ। ਗਲ੍ਹਾਂ ਤੇ ਨੀਲ ਪਏ ਇੰਝ ਸੋਭਦੇ ਹਨ ਜਿਵੇਂ ਕੰਵਲ ਫੁੱਲਾਂ ਉਤੇ ਭੌਰੇ ਟਿਕ ਰਹੇ ਹਨ॥ ੨੯॥

ਕਿਧੋਂ ਹੁਤੋ ਅਕਲੰਕ ਮਯੰਕਾ। ਮ੍ਰਿਗਛਾਲਾ ਤੇ ਭਯੋ ਸੁਅੰਕਾ।
ਪਹੁੰਚੀ ਨਿਕਟ ਨਾਨਕੀ ਤੂਰਨ। ਪਿਤ ਕਰ ਗਹ੍ਯੋ, ਜੁ ਰਿਸ ਮੈਂ ਪੂਰਨ॥੩੦॥

ਜਿਵੇਂ ਕਲੰਕ ਰਹਿਤ ਚੰਦਰਮਾਂ ਉਤੇ ਮ੍ਰਿਗ ਦੀ ਛਾਇਆ ਦਾ ਨਿਸ਼ਾਨ ਪੈ ਗਿਆ ਹੋਵੇ। ਉਸੇ ਵੇਲੇ ਬੇਬੇ ਨਾਨਕੀ ਜੀ ਉਨ੍ਹਾਂ ਦੇ ਪਾਸ ਗਈ ਤੇ ਗੁੱਸੇ ਵਿਚ ਆਏ ਪਿਤਾ ਜੀ ਦਾ ਹੱਥ ਫੜ ਲਿਆ॥ ੩੦॥

ਬਹੁਰ ਬਿਲੋਕਨ ਲੋਕ ਜਿ ਆਏ। ਬਰਜ੍ਯੋ ਬਹੁਤਿ ਭਾਂਤਿ ਸਮਝਾਏ।
ਸੁਖਸਾਗਰ ਕੌ ਲੇ ਨਿਜ ਸੰਗਾ। ਨਰ ਪੌਛਤਿ ਮੁਖ ਪ੍ਰੇਮ ਉਮੰਗਾ॥ ੩੧॥

ਫਿਰ ਜਿਹੜੇ ਲੋਕ ਵੇਖਣ ਆਏ ਸਨ, ਉਨ੍ਹਾਂ ਬਾਬਾ ਕਾਲੂ ਜੀ ਨੂੰ ਰੋਕਿਆ ਤੇ ਕਈ ਤਰ੍ਹਾਂ ਸਮਝਾਇਆ। ਸੁੱਖਾਂ ਦੇ ਸਾਗਰ ਨੂੰ ਉਹ ਆਪਣੇ ਨਾਲ ਲੈ ਗਏ ਤੇ ਗੁਰੂ ਜੀ ਦੇ ਮੁੱਖ ਨੂੰ ਬੜੇ ਪ੍ਰੇਮ ਨਾਲ ਪੂੰਝਿਆ॥ ੩੧॥

ਮ੍ਰਿਦੁਲ ਗਿਰਾ ਕਹਿ ਦੇਤਿ ਦਿਲਾਸਾ। ਮੰਦ ਮੰਦ ਗਮਨੇ ਪੁਰਿ ਆਸਾ।
ਮਾਤ ਬਿਲੋਕਤਿ ਲੋਚਨ ਲਾਈ। ਪੂਰਨ ਪ੍ਰੇਮ ਵਹਿਰ ਪੁਰਿ ਆਈ॥ ੩੨॥

ਕੋਮਲ ਸ਼ਬਦ ਕਹਿ ਕੇ ਉਹ ਉਸ ਨੂੰ ਦਿਲਾਸਾ ਦੇ ਰਹੇ ਸਨ ਤੇ ਹੌਲੀ ਹੌਲੀ ਨਗਰ ਵੱਲ ਲੈ ਗਏ। ਮਾਤਾ ਜੀ ਸੇਜਲ ਅੱਖਾਂ ਵੇਖ ਕੇ ਪੂਰਨ ਪ੍ਰੇਮ ਵਿਚ ਆ ਗਏ॥ ੩੨॥

ਸਜਲ ਬਿਲੋਚਨ ਸੁਤਹਿ ਬਿਲੋਕੀ। ਭਈ ਪ੍ਰੇਮ ਕੀ ਉਮਗ ਅਰੋਕੀ।
ਕੰਠ ਲਗਾਇ ਨੈਨ ਭਰਿ ਆਏ। ਅੱਸ੍ਰੂ ਸੰਗ ਸੁਤ ਅੰਗ ਭਿਗਾਏ॥ ੩੩॥

ਉਨ੍ਹਾਂ ਆਪਣੇ ਪੁੱਤਰ ਦੀਆਂ ਹੰਝੂ ਭਰੀਆਂ ਅੱਖਾਂ ਵੇਖੀਆਂ ਤੇ ਉਨ੍ਹਾਂ ਦੇ ਦਿਲ ਵਿਚ ਪ੍ਰੇਮ ਨੇ ਨਾ ਰੁਕਣ ਵਾਲਾ ਉਛਾਲਾ ਮਾਰਿਆ। ਗਲ ਨਾਲ ਲਾ ਕੇ ਉਨ੍ਹਾਂ ਦੇ ਨੈਣ ਭਰ ਆਏ ਤੇ ਹੰਝੂਆਂ ਨਾਲ ਪੁੱਤਰ ਦੇ ਅੰਗ ਗਿੱਲੇ ਕਰ ਦਿੱਤੇ॥ ੩੩॥

ਆਨਿ ਸਦਨ ਮਹਿਂ ਬਦਨ ਨਿਹਾਰੀ। ਪੌਛਤਿ ਚਾਰੁ ਬਿਲੋਚਨ ਬਾਰੀ।
'ਸੁਤ ਨ ਕਰਹੁ ਕਾਰਜ ਅਬ ਕੋਊ। ਬਿਚਰਹੁ ਪੁਰਿ ਮਹਿਂ ਸ੍ਵੈਛਾ ਹੋਊ॥ ੩੪॥

ਘਰ ਵਿਚ ਆ ਕੇ ਉਸ ਨੇ ਆਪਣੇ ਪੁੱਤਰ ਦਾ ਬਦਨ ਵੇਖਿਆ। ਸੁੰਦਰ ਬਦਨ ਨੂੰ ਪੂੰਝਦਿਆਂ ਉਨ੍ਹਾਂ ਦੀਆਂ ਅੱਖਾਂ ਤੋਂ ਜਲ ਵਹਿ ਤੁਰਿਆ ਤੇ ਕਿਹਾ, "ਪੁੱਤਰ ਹੁਣ ਕੋਈ ਕੰਮ ਨਾ ਕਰੋ ਤੇ ਨਗਰ ਵਿਚ ਆਪਣੀ ਇੱਛਾ ਅਨੁਸਾਰ ਚਲੋ ਫਿਰੋ॥ ੩੪॥

ਜੇ ਨ ਕਰਹੁਗੇ ਕੋ ਬਿਵਹਾਰਾ। ਨਹਿਂ ਬਿਗਰੈ ਕਛੁ, ਹੋਇ ਨ ਰਾਰਾ।
ਸਦਨ ਦੀਨ ਸੁਖ ਸਰਬ ਬਿਧਾਤਾ। ਬੈਠੇ ਸਦਾ ਰਹਹੁ ਰੰਗਿਰਾਤਾ॥ ੩੫॥

ਜੇ ਤੁਸੀਂ ਕੋਈ ਕੰਮ ਨਾ ਕਰੋਗੇ ਤਾਂ ਤੁਹਾਡੇ ਪਾਸੋਂ ਕੁਝ ਵਿਗੜੇਗਾ ਵੀ ਨਹੀ ਤੇ ਕੋਈ ਝਗੜਾ ਵੀ ਖੜਾ ਨਹੀਂ ਹੋਵੇਗਾ। ਘਰ ਵਿਚ ਪ੍ਰਭੂ ਨੇ ਸਭ ਪ੍ਰਕਾਰ ਦੇ ਸੁੱਖ ਆਨੰਦ ਦਿੱਤੇ ਹਨ। ਸਦਾ ਹੀ ਆਪਣੇ ਰੰਗ ਵਿਚ ਰੱਤੇ ਬੈਠੇ ਰਹੋ'' ॥ ੩੫॥

ਕੋਤਿਕ ਮਾਨਵ ਦੇਖਨ ਹਾਰੇ। ਜਸਪਦ ਗਏ ਰਾਇ ਕੇ ਦ੍ਵਾਰੇ।
ਜਹਿਂ ਬੈਸਯੋ ਨਿਜ ਸਭਾ ਲਗਾਈ। ਤਹਾਂ ਜਾਇ ਸਭਿ ਬਾਤ ਸੁਨਾਈ ॥੩੬॥

ਕੁਝ ਲੋਕ ਜਿਨ੍ਹਾਂ ਨੇ ਇਹ ਸਭ ਕੁਝ ਵੇਖਿਆ ਸੀ, ਛੇਤੀ ਹੀ ਰਾਇ ਬੁਲਾਰ ਦੇ ਦੁਆਰੇ ਉਥੇ ਚਲੇ ਗਏ, ਜਿਥੇ ਰਾਇ ਬੁਲਾਰ ਆਪਣੀ ਨਿੱਜੀ ਸਭਾ ਲਾਈ ਬੈਠਾ ਸੀ। ਉਨ੍ਹਾਂ ਨੇ ਉਥੇ ਜਾ ਕੇ ਉਸ ਨੂੰ ਸਾਰੀ ਕਹਾਣੀ ਸੁਣਾਈ॥ ੩੬॥

'ਬੀਸ ਰਜਤਪਣ ਕਾਲੂ ਨੰਦਨ। ਦੀਨੇ ਸੰਤਨ ਕੋ ਕਰਿ ਬੰਦਨ।
ਦਯਾ ਯੁਕਤਿ ਜਿਹ ਮ੍ਰਿਦੁਲ ਸੁਭਾਊ। ਨਗਨ ਛੁਧਾਤੁਰ ਪਿਖਿ ਨ ਸਕਾਊ ॥੩੭॥

ਬਾਬਾ ਕਾਲੂ ਦੇ ਪੁੱਤਰ ਨੇ ਬੰਦਨਾ ਕਰਕੇ ਵੀਹ ਰੁਪਏ ਸੰਤਾਂ ਨੂੰ ਦੇ ਦਿੱਤੇ ਹਨ, ਜਿਵੇਂ ਉਸ ਦਾ ਬੜਾ ਦਿਆਲੂ ਤੇ ਕੋਮਲ ਸੁਭਾਅ ਹੈ, ਨੰਗੇ ਭੁੱਖੇ ਸਾਧੂਆਂ ਨੂੰ ਉਹ ਵੇਖ ਨਹੀਂ ਸਕਿਆ॥ ੩੭॥

ਕਾਲੂ ਹਨੇ ਚਪੇਟਨ ਜੋਰਾ। ਅਤਿ ਤ੍ਰਾਸਤਿ ਜਿਹ ਤਰਸ ਨ ਥੋਰਾ।
ਸੁਨਤਿ ਕਾਨ ਇਵ ਰਾਇ ਬੁਲਾਰਾ। ਸ੍ਰੀ ਨਾਨਕ ਜਿਂਹ ਕੋ ਬਹੁ ਪਜਾਰਾ ॥੩੮॥

ਬਾਬਾ ਕਾਲੂ ਨੇ ਉਸ ਨੂੰ ਬਹੁਤ ਜ਼ੋਰ ਨਾਲ ਚਪੇੜਾਂ ਮਾਰੀਆਂ ਹਨ, ਬਹੁਤ ਡਰਾਇਆ ਤੇ ਦੁਖੀ ਕੀਤਾ ਹੈ ਅਤੇ ਜ਼ਰਾ ਵੀ ਤਰਸ ਨਹੀਂ ਕੀਤਾ। ਰਾਇ ਬੁਲਾਰ ਨੇ ਜਦ ਇਹ ਗੱਲ ਸੁਣੀ ਜਿਹੜਾ ਕਿ ਸ੍ਰੀ ਨਾਨਕ ਨੂੰ ਬਹੁਤ ਪਿਆਰ ਕਰਦਾ ਸੀ ਤਾਂ॥ ੩੮॥

ਪ੍ਰੀਤਿ ਸੰਗ ਹਿਰਦਾ ਪਰਿ ਪੂਰਨ। ਦਾਸ ਬੁਲਾਇ ਪਠਾਯੋ ਤੂਰਨ।
'ਕਮਲ ਨੈਨ ਆਨਹੁ ਮੁਝ ਐਨਾ। ਕਾਲੂ ਸਹਿਤ ਜਿਸੇ ਹਰਿ ਭੈ ਨਾ ॥੩੯॥

ਉਸ ਦਾ ਹਿਰਦਾ ਪ੍ਰੀਤ ਨਾਲ ਪਰਿਪੂਰਨ ਹੋ ਗਿਆ ਤੇ ਉਸ ਨੇ ਤੁਰੰਤ ਇਕ ਨੌਕਰ ਨੂੰ ਬੁਲਾਇਆ ਤੇ ਕਿਹਾ, "ਹੁਣੇ ਹੀ ਕਮਲ ਨੈਣ ਸ੍ਰੀ ਨਾਨਕ ਨੂੰ ਮੇਰੇ ਘਰ ਲਿਆਵੇ ਅਤੇ ਨਾਲ ਹੀ ਕਾਲੂ ਨੂੰ ਵੀ ਬੁਲਾਵੇ, ਜਿਸ ਨੂੰ ਹਰੀ ਦਾ ਵੀ ਕੋਈ ਡਰ ਨਹੀਂ''॥ ੩੯॥

ਅਸ ਕਹਿ ਕ੍ਰੋਧ ਅਧਿਕ ਮਨ ਛਾਵਾ। ਫਰਕਤਿ ਅਧਰ ਰਿਦੈ ਦੁਖ ਪਾਵਾ।
ਸੀਤਲ ਸ੍ਵਾਸ ਲੇਤਿ ਬਹੁ ਬਾਰੀ।-ਮਮ ਪੁਰਿ ਹੋਤਿ ਅਵੱਗਜਾ ਭਾਰੀ ॥੪੦॥

ਇਹ ਕਹਿ ਕੇ ਮਨ ਵਿਚ ਬੜਾ ਕ੍ਰੋਧ ਭਰ ਗਿਆ, ਹੋਂਠ ਫਰਕਣ ਲੱਗੇ ਅਤੇ ਹਿਰਦੇ ਵਿਚ ਬੜਾ ਦੁੱਖ ਪਾਇਆ। ਬਹੁਤ ਵਾਰ ਠੰਢੇ ਸਾਹ ਲੈਂਦਾ ਸੀ ਅਤੇ ਸੋਚਦਾ ਸੀ, "ਮੈਥੋਂ ਬਹੁਤ ਵੱਡੀ ਭੁੱਲ ਹੋ ਗਈ ਹੈ॥ ੪੦॥

ਕਲਾਵਾਨ, ਕਲਹੀਨ ਕ੍ਰਿਪਾਲਾ। ਹ੍ਵੈ ਤਾਂਕੋ ਤ੍ਰਿਸਕਾਰ ਬਿਸਾਲਾ।
ਲਾਗਹਿ ਮੁਝ ਸਰੀਰ ਸਭਿ ਦੋਸੂ-। ਅਸ ਬਿਸੂਰ ਉਰ ਸਰਸਤਿ ਰੋਸੂ ॥੪੧॥

ਜਿਹੜਾ ਏਡਾ ਵੱਡਾ ਕਲਾਵਾਨ, ਕਲਪਨਾ ਰਹਿਤ ਅਤੇ ਕ੍ਰਿਪਾਲੂ ਹੈ, ਉਸ ਦਾ ਏਨਾ ਵੱਡਾ ਨਿਰਾਦਰ ਕੀਤਾ ਹੈ। ਇਹ ਸਾਰੇ ਦੋਸ਼ ਮੇਰੇ ਸਰੀਰ ਨੂੰ ਲੱਗਦੇ ਹਨ। ਇਸ ਤਰ੍ਹਾਂ ਝੁਰਦਿਆਂ ਹੋਇਆਂ ਹਿਰਦੇ ਵਿਚ ਗੁੱਸਾ ਬਹੁਤ ਵੱਧ ਰਿਹਾ ਹੈ॥ ੪੧॥

ਸੁਖ ਸਾਗਰ ਕੋ ਲੇ ਕਰਿ ਦਾਸਾ। ਪਹੁੰਚਯੋ ਤਬ ਬੁਲਾਰ ਕੇ ਪਾਸਾ।
ਪ੍ਰੇਮ ਰੂਪ ਪੂਰਨ ਉਰ ਬਾਰਾ। ਲੋਚਨ ਦਰ ਜਨੁ ਛੁਟਯੋ ਫੁਹਾਰਾ॥ ੪੨॥

ਸੁੱਖਾਂ ਦੇ ਸਾਗਰ ਭਾਵ- ਗੁਰੂ ਨਾਨਕ ਜੀ ਨੂੰ ਲੈ ਕੇ ਦਾਸ ਰਾਇ ਬੁਲਾਰ ਦੇ ਪਾਸ ਪਹੁੰਚ ਗਏ। ਪੂਰਨ ਰੂਪ ਗੁਰੂ ਜੀ ਨੂੰ ਵੇਖ ਕੇ ਅੱਖਾਂ ਵਿਚ ਮਾਨੋ ਜਲ ਦੇ ਫੁਹਾਰੇ ਚਲ ਪਏ॥ ੪੨॥

ਭਏ ਜਲਜ ਤੇ ਜਲਦ ਸਜਲ ਸੋਂ। ਨਿਜ ਧਾਰਾ ਗੇਰਤਿ ਤਲ ਥਲ ਸੋਂ।
ਤੂਰਨ ਤਜਿ ਕਰਿ ਉਠਜੋ ਪ੍ਰਯੰਕਾ। ਕਰਿ ਸਤਿਕਾਰ ਲੀਨ ਭਰਿ ਅੰਕਾ ॥੪੩॥

ਕਮਲ ਰੂਪ ਨੇਤਰ, ਬੱਦਲ ਸਮਾਨ ਜਲ ਦੀ ਆਪਣੀ ਜਲ ਧਾਰਾ ਨੂੰ ਹੇਠਾਂ ਧਰਤੀ ਤੇ ਡੇਗਦੇ ਹਨ। ਛੇਤੀ ਹੀ ਪਲੰਘ ਨੂੰ ਛੱਡ ਕੇ ਉਠਿਆ ਤੇ ਆਦਰ ਕਰਕੇ ਆਪਣੇ ਗਲੇ ਨਾਲ ਲਾ ਕੇ ਜੱਫੀ ਭਰ ਲਈ॥ ੪੩॥

ਗਦਗਦ ਗਿਰਾ ਅੱਸ੍ਰੂ ਬਹਿ ਬਾਰੀ। ਅੰਗ ਭਿਗੋਏ ਕਰੁਨਾ ਧਾਰੀ।
ਬੋਲਨ ਚਹਿਤਿ ਨ ਆਵਤਿ ਬਾਨੀ। ਮਹਾਂ ਮੋਹ ਮੈਂ ਮਤਿ ਲਪਟਾਨੀ ॥੪੪॥

ਗਦਗਦ ਹੋ ਕੇ ਬੜੇ ਭਾਰੀ ਹੰਝੂ ਵਹਿ ਤੁਰੇ ਤੇ ਪਿਆਰ ਨੂੰ ਧਾਰਨ ਕਰਨ ਵਾਲੇ ਨੇ ਅੰਗ-ਅੰਗ ਗਿੱਲੇ ਕਰ ਦਿੱਤੇ। ਬੋਲਣਾ ਚਾਹੁੰਦਾ ਸੀ ਪਰ ਕੋਈ ਗੱਲ ਔੜਦੀ ਨਹੀਂ ਸੀ, ਅਤਿ ਪਿਆਰ ਵਿਚ ਬੁੱਧੀ ਲਿਪਟੀ ਹੋਈ ਸੀ॥ ੪੪॥

ਨਿਕਟ ਜਿ ਨਰ ਕਰੁਨਾ ਮਨ ਠਾਨਹਿਂ। ਕਾਲੂ ਕੋ ਕੁਸ਼ੀਲ ਪਹਿਚਾਨਹਿਂ।
ਰਾਇ ਸੁਨਾਇ ਬਚਨ ਕਹਿ ਨਿੰਦਹਿਂ। -ਕ੍ਰੂਰ ਕਰਮ ਕੀਨੋ ਮਨ ਬਿੰਦਹਿਂ ॥੪੫॥

ਕੋਲ ਬੈਠਾ ਜੋ ਕੋਈ ਵਿਅਕਤੀ ਮਨ ਵਿਚ ਪਿਆਰ ਲਿਆਉਂਦਾ ਸੀ ਤਾਂ ਉਹ ਬਾਬਾ ਕਾਲੂ ਨੂੰ ਬੜਾ ਕਰੜੇ ਸੁਭਾਅ ਵਾਲਾ ਪਹਿਚਾਣਦਾ ਸੀ। ਰਾਇ ਬੁਲਾਰ ਬਚਨ ਕਹਿ ਕੇ ਬੜੀ ਨਿੰਦਿਆ ਕਰ ਰਹੇ ਸਨ ਤੇ ਸਾਰੇ ਸਮਝਦੇ ਸਨ ਕਿ ਬਾਬਾ ਕਾਲੂ ਨੇ ਇਹ ਬਹੁਤ ਮਾੜਾ ਕੰਮ ਕੀਤਾ ਹੈ॥ ੪੫॥

ਨੀਲ ਕਪੋਲ ਬਿਲੋਕਤਿ ਲੋਚਨ। ਮ੍ਰਿਦੁਲ ਲਖਹਿ ਕਰ ਅੱਸ੍ਰੂ ਮੋਚਨ।
ਧਰਿ ਧੀਰਜ ਉਰ ਰਾਇ ਬੁਲਾਰੂ। ਪਰਖ ਸਮਰਖਹਿ ਕੀਨਿ ਉਚਾਰੂ ॥੪੬॥

ਗੱਲ੍ਹਾਂ ਤੇ ਪਏ ਨੀਲ ਅੱਖੀਂ ਵੇਖ ਕੇ, ਕੋਮਲ ਸਮਝ ਕੇ ਅੱਖਾਂ ਵਿਚੋਂ ਹੰਝੂ ਕੇਰਦਾ ਹੈ। ਰਾਇ ਬੁਲਾਰ ਨੇ ਹਿਰਦੇ ਵਿਚ ਧੀਰਜ ਧਰ ਕੇ ਕਠੋਰ ਬਚਨ ਗੁੱਸੇ ਨਾਲ ਕਹੇ॥ ੪੬॥

'ਕਾਲੂ ਕਲਹੀ ਕ੍ਰੂਰ ਕਠੋਰਾ। ਏਕ ਨ ਮਾਨਜੋ ਤੈਂ ਬਚ ਮੋਰਾ।
ਕਰੁਨਾਹੀਨ, ਕੁਸ਼ੀਲ, ਕੁਢਾਲੀ। ਸੁਧ ਪਰਲੋਕ ਰਿਦਾ ਤਵ ਖਾਲੀ ॥੪੭॥

ਹੇ ਕਾਲੂ ! ਤੂੰ ਬੜਾ ਝਗੜਾਲੂ, ਨਿਰਦਈ ਅਤੇ ਕਠੋਰ ਹੈਂ। ਤੂੰ ਮੇਰਾ ਇਕ ਬਚਨ ਵੀ ਨਹੀਂ ਮੰਨਿਆ ਹੈ। ਤੂੰ ਪ੍ਰੇਮ ਰਹਿਤ, ਕੁਸ਼ੀਲ ਅਤੇ ਮਾੜੇ ਤਰੀਕੇ ਵਾਲਾ ਹੈਂ। ਪਰਲੋਕ ਦੀ ਖ਼ਬਰ ਤੋਂ ਤੇਰਾ ਹਿਰਦਾ ਖਾਲੀ ਹੈ॥ ੪੭॥

ਦਿਨਪ੍ਰਤਿ ਬ੍ਰਿੱਧਤਿ ਮਨ ਧਨ ਲੋਭਾ। ਸੁਤ ਸੁਸ਼ੀਲ ਕੀ ਲਖਤਿ ਨ ਸ਼ੋਭਾ।
ਸੁਖ ਇਸ ਲੋਕਹਿ ਦੀਨ ਬਿਸਾਰੀ। ਜਿਨ ਪ੍ਰਲੋਕ ਪਰ ਡੀਠ ਸੁਧਾਰੀ ॥੪੮॥

ਪ੍ਰਤਿ ਦਿਨ ਧਨ ਵਾਸਤੇ ਤੇਰੇ ਮਨ ਦਾ ਲੋਭ ਵਧਦਾ ਹੀ ਜਾ ਰਿਹਾ ਹੈ। ਤੂੰ ਆਪਣੇ ਸੁਸ਼ੀਲ ਪੁੱਤਰ ਦੀ ਸ਼ੋਭਾ ਨਹੀ ਜਾਣੀ ਹੈ। ਦੀਨ ਵਿਸਾਰ ਕੇ ਤੂੰ ਇਸ ਲੋਕ ਵਿਚ ਸੁੱਖ ਭਾਲ ਰਿਹਾ ਹੈਂ। ਜਿਸ ਪਰਲੋਕ ਤੇ ਨਜ਼ਰ ਸੁਧਾਰੀ ਹੈ॥ ੪੮॥

ਅਸ ਸੁਤ ਉਚਿਤ ਨ ਤਵ ਘਰ ਮਾਂਹੀ। ਛੱਤ੍ਰੀ ਬਰਨ ਕਰਮ ਤਸ ਨਾਂਹੀ।
ਕਲਪ ਬ੍ਰਿੱਛ ਜਿਵੁਂ ਨਿਪਜਹਿ ਮਾਰੂ। ਜਿਉਂ ਸੰਬਕ ਤੇ ਮੁਕਤਾ ਚਾਰੂ ॥੪੯॥

ਇਹ ਪੁੱਤਰ ਤੇਰੇ ਘਰ ਵਿਚ ਰਹਿਣ ਦੇ ਲਾਇਕ ਨਹੀਂ। ਤੇਰੇ ਖਤਰੀ ਵਰਨ ਜੈਸੇ ਕਰਮ ਨਹੀਂ ਹਨ। ਕਲਪ ਬ੍ਰਿਛ ਜਿਵੇਂ ਮਾਰੂਥਲ ਵਿਚ ਉਗਿਆ ਹੋਵੇ, ਜਿਵੇਂ ਮੂੰਗਫਲੀ ਵਿਚ ਮੋਤੀ ਪੈਦਾ ਹੋਇਆ ਹੋਵੇ॥ ੪੯॥

ਤਿਉਂ ਅਜੋਗ ਬਿਧਿ ਮੈਂ ਲਖਿ ਲੀਨੀ। ਈਸ਼੍ਵਰ ਕੀ ਗਤਿ ਪਰਹਿ ਨ ਚੀਨੀ।
ਲੱਜਤਿ ਕਾਲੂ ਸਭਾ ਮਝਾਰਾ। ਪੁਨ ਬੁਲਾਰ ਸੋਂ ਬਚਨ ਉਚਾਰਾ॥ ੫੦॥

ਇਸ ਤਰ੍ਹਾਂ ਦੀ ਅਜੋਗ ਵਿਧੀ ਮੈਂ ਵੇਖ ਲਈ ਹੈ, ਈਸ਼ਵਰ ਦੀ ਗਤੀ ਜਾਣੀ ਨਹੀਂ ਜਾ ਸਕਦੀ।'' ਬਾਬਾ ਕਾਲੂ ਜੀ ਸਭਾ ਵਿਚ ਬੜੇ ਸ਼ਰਮਿੰਦੇ ਹੋਏ ਤੇ ਰਾਇ ਬੁਲਾਰ ਨੂੰ ਇਹ ਬਚਨ ਕਿਹਾ॥ ੫੦॥

'ਮੁਝ ਸੋਂ ਕਰਤਿ ਅਧਿਕ ਤੁਮ ਰੋਸੂ। ਰਿਦੈ ਬਿਚਾਰੋ ਕਿਹ ਕੋ ਦੋਸੂ।
ਬਨਜ ਹੇਤ ਘਰ ਤੇ ਦਿਯ ਦਰਬਾ। ਜਾਇ ਫ਼ਕੀਰਨ ਅਰਪਯੋ ਸਰਬਾ॥ ੫੧॥

ਮੇਰੇ ਨਾਲ ਤੁਸੀਂ ਵਾਧੂ ਰੋਸ ਕਰਦੇ ਹੋ, ਪਰ ਆਪਣੇ ਹਿਰਦੇ ਵਿਚ ਵਿਚਾਰ ਕਰੋ ਕਿ ਅਸਲ ਦੋਸ਼ੀ ਕੌਣ ਹੈ। ਵਪਾਰ ਕਰਨ ਵਾਸਤੇ ਘਰ ਤੋਂ ਧਨ ਦਿੱਤਾ ਸੀ, ਪਰ ਇਸ ਨੇ ਸਾਰਾ ਫਕੀਰਾਂ ਨੂੰ ਦੇ ਦਿੱਤਾ॥ ੫੧॥

ਵਹਿਰ ਨਗਰ ਤੇ ਬੈਸਯੋ ਦੁਰਿਕੈ। ਉਤਰ ਨ ਦੀਨੋ ਕੋ ਘਰ ਮੁਰਿਕੈ।
ਬਾਲੇ ਕਹੀ ਹਕੀਕਤ ਸਾਰੀ। ਤਹਿਂ ਬੈਸਯੋ ਸਰ ਜਹਿਂ ਬਿਨ ਬਾਰੀ॥ ੫੨॥

ਫਿਰ ਨਗਰ ਤੋਂ ਬਾਹਰ ਲੁਕ ਕੇ ਬੈਠ ਗਿਆ, ਘਰ ਵਾਪਿਸ ਆ ਕੇ ਕੋਈ ਉਤਰ ਨਾ ਦਿੱਤਾ। ਬਾਲੇ ਨੇ ਮੈਨੂੰ ਸਾਰੀ ਹਕੀਕਤ ਸੁਣਾਈ ਤੇ ਇਹ ਇਕ ਪਾਣੀ ਰਹਿਤ ਸੁੱਕੇ ਤਾਲਾਬ ਵਿਚ ਬੈਠਾ ਸੀ॥ ੫੨॥

ਜਬ ਕੋ ਜਨਮਯੋ ਸੁਰਤ ਸੰਭਾਰਾ। ਕਈ ਬਾਰ ਇਉਂ ਸਦਨ ਉਜਾਰਾ।
ਸੁਨਿ ਬੁਲਾਰ ਪੁਨ ਗਿਰਾ ਬਖਾਨੀ। 'ਤਵ ਉਰ ਪਾਹਨ ਨਿੰਦਾ ਠਾਨੀ॥ ੫੩॥

ਜਦ ਤੋਂ ਇਹ ਜੰਮਿਆ ਹੈ ਅਤੇ ਇਸ ਨੇ ਸੁਰਤ ਸੰਭਾਲੀ ਹੈ, ਕਈ ਵਾਰ ਇਸ ਨੇ ਘਰ ਉਜਾੜਿਆ ਹੈ। ''ਰਾਇ ਬੁਲਾਰ ਨੇ ਬਾਬਾ ਕਾਲੂ ਦੀ ਇਹ ਗੱਲ ਸੁਣ ਕੇ ਕੁਝ ਬਚਨ ਕਹੇ, ''ਤੇਰਾ ਹਿਰਦਾ ਪੱਥਰ ਦਾ ਹੈ, ਤੂੰ ਪੁੱਤਰ ਦੀ ਨਿੰਦਿਆ ਕਰਨ ਦੀ ਠਾਨੀ ਹੋਈ ਹੈ॥ ੫੩॥

ਪੁੱਤ੍ਰ ਨੇਹ, ਨਹਿਂ ਭੈ ਜਗਤੇਸ਼ਾ। ਪਰਮਾਰਥ ਕੀ ਸੁਮਤਿ ਨ ਲੇਸ਼ਾ।
ਲੋਭ ਲਹਿਰ ਉਰ ਸ਼ਰਧਾ ਖਾਲੀ। ਅਜ਼ਮਤ ਸਮਝਤਿ ਚਿਤ ਨ ਬਿਸਾਲੀ॥ ੫੪॥

ਤੇਰੇ ਦਿਲ ਵਿਚ ਨਾ ਪੁੱਤਰ ਦਾ ਮੋਹ ਹੈ ਅਤੇ ਨਾ ਹੀ ਜਗਤ ਦੇ ਈਸ਼ਵਰ ਦਾ ਕੋਈ ਭੈਅ ਹੈ। ਪਰਮਾਰਥ ਦੀ ਤੈਨੂੰ ਰਤਾ ਭਰ ਵੀ ਸਮਝ ਨਹੀਂ। ਲੋਭ ਲਹਿਰ ਵਿਚ ਉਲਝਿਆ ਤੇਰਾ ਹਿਰਦਾ ਸ਼ਰਧਾ ਤੋਂ ਖਾਲੀ ਹੈ, ਪਾਕੀਜ਼ਗੀ ਅਤੇ ਵੱਡੀ ਕਰਾਮਾਤ ਸਮਝਣ ਲਈ ਤੇਰੇ ਹਿਰਦੇ ਵਿਚ ਵਿਸ਼ਾਲਤਾ ਨਹੀਂ ਹੈ॥ ੫੪॥

ਬਰ ਪਾਰਸ ਘਰ ਪਰਹਰਿ ਉਰ ਤੇ। ਚਾਹਤਿ ਫਿਰਤਿ ਸੁ ਕੌਡੀ ਪਰ ਤੇ।
ਜਿਉਂ ਅਜਾਨ ਕੋ ਪ੍ਰਾਪਤਿ ਹੀਰਾ। ਕਿਉਂ ਸੁਖ ਪਾਵਹਿ ਰੰਕ ਅਧੀਰਾ॥ ੫੫॥

ਆਪਣੇ ਘਰ ਦਾ ਸ੍ਰੇਸ਼ਟ ਪਾਰਸ ਦਿਲੋਂ ਭੁਲਾ ਕੇ, ਤੂੰ ਦੂਸਰਿਆਂ ਪਾਸੋਂ ਕੌਡੀਆਂ ਲੱਭਦਾ ਫਿਰਦਾ ਹੈਂ। ਜਿਵੇਂ ਮੂਰਖ ਨੂੰ ਹੀਰਾ ਪ੍ਰਾਪਤ ਹੋ ਜਾਵੇ ਤਾਂ ਉਹ ਕੰਗਾਲ ਕਿਉਂ ਸੁੱਖ ਪਾਵੇਗਾ॥ ੫੫॥

ਸ੍ਰੀ ਨਾਨਕ ਤਨ ਧਰਿ ਘਰ ਹਿੰਦੂ। ਤੁਰਕ ਜਨਮ ਅਪਨੋ ਮਨ ਬਿੰਦੂ।
ਅਸਮੰਜਸ ਹ੍ਵੈ ਹੈ ਨਿਜ ਸਦਮਾ। ਰਾਖੋਂ ਜੇ ਮੁਕੰਦ ਪਦ ਪਦਮਾ॥ ੫੬॥

ਸ੍ਰੀ ਨਾਨਕ ਨੇ ਹਿੰਦੂ ਘਰ ਵਿਚ ਜਨਮ ਲਿਆ ਹੈ ਅਤੇ ਮੈਂ ਤੁਰਕ ਦੇ ਘਰ ਪੈਦਾ ਹੋਇਆ ਸਮਝਦਾ ਹਾਂ, ਮੈਂ ਕੰਵਲ ਵਰਗੇ ਚਰਨਾਂ ਵਾਲੇ ਮੁਕਤੀਦਾਤੇ ਨੂੰ ਜੇ ਆਪਣੇ ਘਰ ਰੱਖਾਂ ਤਾਂ ਇਹ ਨਾਮੁਨਾਸਬ ਗੱਲ ਹੈ॥ ੫੬॥

ਧਨ ਤ੍ਰਿਸ਼ਨਾ ਕਾਲੂ ਉਰ ਤੇਰੇ। ਇਨ ਕੋ ਖਰਚ ਲੇਹੁ ਘਰ ਮੇਰੇ।
ਅਸ ਕਹਿ ਦਾਸ ਪਠਾ ਤਤਕਾਲਾ। ਜਹਿਂ ਰਾਨੀ ਖੋਖਰ ਮਧਸਾਲਾ॥ ੫੭॥

ਹੇ ਕਾਲੂ ! ਤੈਨੂੰ ਧਨ ਦੀ ਬਹੁਤ ਤ੍ਰਿਸ਼ਨਾ ਅਤੇ ਲਾਲਚ ਹੈ, ਇਸ ਦਾ ਖਰਚਾ ਤੂੰ ਮੈਥੋਂ ਲੈ ਸਕਦਾ ਹੈਂ।'' ਇਹ ਕਹਿ ਕੇ ਨੌਕਰ ਨੂੰ ਤੁਰੰਤ ਉਥੇ ਭੇਜਿਆ ਜਿਥੇ ਖੇਖਰ ਜਾਤ ਦੀ ਰਾਣੀ ਘਰ ਦੇ ਵਿਚ ਸੀ॥ ੫੭॥

ਬੀਸ ਰਜਤਪਣ ਆਨ ਸੁ ਦੀਨੇ। ਲੀਨਿ ਨ੍ਰਿਪਤ ਨਿਜ ਪਾਨ ਪ੍ਰਬੀਨੇ।
ਜਬਹਿ ਦੇਨ ਲਾਗਜੋ ਕਰ ਕਾਲੂ। ਹ੍ਵੈ ਕੈ ਬੋਲਜੋ ਲਜਤਿ ਬਿਸਾਲੂ॥ ੫੮॥

ਵੀਹ ਰੁਪਏ ਉਸ ਨੇ ਆ ਕੇ ਦਿੱਤੇ। ਰਾਜੇ ਨੇ ਆਪਣੇ ਹੱਥਾਂ ਨਾਲ ਫੜ ਲਏ। ਜਦ ਉਹ ਰੁਪਏ ਬਾਬਾ ਕਾਲੂ ਨੂੰ ਦੇਣ ਲੱਗਾ ਤਾਂ ਬਾਬਾ ਕਾਲੂ ਲਜਿਤ ਹੋ ਕੇ ਇਸ ਤਰ੍ਹਾਂ ਬੋਲਿਆ॥ ੫੮॥

'ਨਹੀਂ ਬਿਸੂਰਤਿ ਮੈਂ ਇਹ ਦਰਬਾ। ਕਰਤਾ ਸਦਾ ਕੁਕਾਰਜ ਸਰਬਾ।
ਮੁਝ ਪਾਛੈ ਨਿਜ ਘਰ ਬਿਵਹਾਰਾ। ਕਿਉਂ ਨਿਰਬਾਹਹਿ ਕਰਹੁ ਬਿਚਾਰਾ॥ ੫੯॥

''ਕਿਸੇ ਸੂਰਤ ਵਿਚ ਵੀ ਮੈਂ ਇਹ ਧਨ ਨਹੀਂ ਲਵਾਂਗਾ। ਸਦਾ ਇਹ ਮਾੜੇ ਕੰਮ ਕਰਦਾ ਹੈ। ਮੇਰੇ ਪਿਛੋਂ ਨਿਜ ਘਰ ਦਾ ਵਿਵਹਾਰ ਇਹ ਕਿਸ ਤਰ੍ਹਾਂ ਨਿਭਾਵੇਗਾ, ਇਸ ਗੱਲ ਤੇ ਜ਼ਰਾ ਵਿਚਾਰ ਕਰੋ॥ ੫੯॥

ਤੁਮ ਜੋ ਦੇਨਿ ਦਰਬ ਅਬ ਲਾਗੇ। ਸਰਬ ਸੁਖ ਦੀਨੇ ਕਿਨ ਆਗੇ।
ਤਵ ਪ੍ਰਤਾਪ ਸਭਿ ਕੁਛ ਮੁਝ ਸਦਨਾ। ਤਵ ਪ੍ਰਸਾਦ ਕਰਿ ਦਾਰਿਦ ਰਦਨਾ॥ ੬੦॥

ਤੁਸੀਂ ਜਿਹੜਾ ਧਨ ਹੁਣ ਦੇਣ ਲੱਗੇ ਹੋ, ਪਹਿਲੇ ਸਾਰੇ ਸੁਖ ਕਿਸ ਨੇ ਦਿੱਤੇ ਹਨ ? ਤੁਹਾਡੇ ਪ੍ਰਤਾਪ ਕਰਕੇ ਹੀ ਮੇਰੇ ਘਰ ਵਿਚ ਸਭ ਕੁਝ ਹੈ। ਤੁਹਾਡੀ ਕਿਰਪਾ ਕਰਕੇ ਹੀ ਸਭ ਦਰਿਦਰ ਦੂਰ ਹੁੰਦੇ ਹਨ'॥ ੬੦॥

ਕਹਜੋ ਰਾਇ 'ਅਬ ਤੋ ਇਹ ਲੀਜੈ। ਬਹੁਰੋ ਯਾਂ ਬਿਧਿ ਕਾਰਜ ਕੀਜੈ।
ਅਸਨ ਬਸਨ ਤੇ ਖਰਚ ਜੁ ਸਰਬਾ। ਮਮ ਢਿਗ ਤੇ ਗਿਨ ਕਰਿ ਲਿਹੁ ਦਰਬਾ॥ ੬੧॥

ਰਾਇ ਬੁਲਾਰ ਨੇ ਕਿਹਾ, ''ਹੁਣ ਤਾਂ ਇਹ ਰੁਪਏ ਲੈ ਲਵੋ, ਬਾਅਦ ਵਿਚ ਇਸ ਤਰ੍ਹਾਂ ਕੰਮ ਕਰੋ, ਗੁਰੂ ਨਾਨਕ ਜੀ ਦੇ ਰਹਿਣ ਬਹਿਣ ਦਾ ਜੋ ਖਰਚਾ ਹੁੰਦਾ ਹੈ, ਮੈਥੋਂ ਉਹ ਸਾਰਾ ਧਨ ਗਿਣ ਕੇ ਲੈ ਲਵੋ॥ ੬੧॥

ਸੁਤ ਕੀ ਮਹਿਮਾ ਲਖਿ ਨ ਸਕਾਯਾ। ਦਰਬ ਲੋਭ ਹਿਰਦਾ ਬਿਰਮਾਯਾ।
ਧਨ ਆਨਹਿ ਜਾਨਹਿ ਸੁਖਦਾਯਕ। ਸਤਿਪੰਥੀ ਕੋ ਕਹਿਤ ਨਲਾਯਕ॥ ੬੨॥

ਤੂੰ ਆਪਣੇ ਪੁਤਰ ਦੀ ਮਹਿਮਾ ਨੂੰ ਜਾਣ ਨਹੀਂ ਸਕਿਆ ਤੇ ਧਨ ਦੇ ਲਾਲਚ ਵਿਚ ਤੇਰਾ ਹਿਰਦਾ ਭਟਕ ਰਿਹਾ ਹੈ। ਤੂੰ ਧਨ ਪ੍ਰਾਪਤੀ ਨੂੰ ਹੀ ਸੁਖਦਾਇਕ ਸਮਝਦਾ ਹੈਂ ਅਤੇ ਆਪਣੇ ਸੱਚੇ ਮਾਰਗ ਤੇ ਚੱਲਣ ਵਾਲੇ ਪੁੱਤਰ ਨੂੰ ਨਾਲਾਇਕ ਕਹਿੰਦਾ ਹੈਂ॥ ੬੨॥

ਭਗਤ ਜਗਤ ਕੀ ਰਹਤਿ ਅਜੁਕਤੀ। ਇਕ ਧਨ ਗਾਹਕ ਇਕ ਲੇ ਮੁਕਤੀ।
ਗਯੋ ਦਰਬ ਜਾਨਜੋ ਨਿਜ ਜੇਤੋ। ਮੋਹਿ ਨਿਕਟ ਤੇ ਲੇਵਹੁ ਤੇਤੋ'॥ ੬੩॥

ਭਗਤਾਂ ਦੀ ਅਤੇ ਜਗਤ ਦੀ ਨਾ ਜੁੜਨ ਵਾਲੀ ਰਹਿਤ ਹੈ, ਜਗਤ ਧਨ ਦਾ ਗਾਹਕ ਹੈ ਅਤੇ ਭਗਤ ਮੁਕਤੀ ਦਾ ਗਾਹਕ ਹੈ। ਜਿੰਨਾ ਧਨ ਤੂੰ ਸਮਝਦਾ ਏਂ ਕਿ ਤੇਰੇ ਪੁੱਤਰ ਨੇ ਬਰਬਾਦ ਕਰ ਦਿੱਤਾ ਹੈ, ਮੇਰੇ ਪਾਸੋਂ ਉਤਨਾ ਧਨ ਲੈ ਲਵੋ'॥ ੬੩॥

ਰਾਇ ਦੇਤਿ ਸੋ ਲੇਤਿ ਨ ਕਾਲੂ। ਭਯੋ ਪਰਸਪਰ ਕਹਿਨ ਬਿਸਾਲੂ।
ਨ੍ਰਿਪਤਿ ਅਮਾਤਜ ਬਾਤ ਮੁਖ ਭਾਖੀ। 'ਆਇਸੁ ਰਾਇ ਮੰਨ ਅਭਿਲਾਖੀ॥ ੬੪॥

ਰਾਇ ਬੁਲਾਰ ਬਾਬਾ ਕਾਲੂ ਨੂੰ ਧਨ ਦਿੰਦਾ ਸੀ, ਪਰ ਬਾਬਾ ਕਾਲੂ ਧਨ ਲੈ ਨਹੀਂ ਸੀ ਰਿਹਾ। ਕਿੰਨਾ ਚਿਰ ਲਗਾਤਾਰ

ਕਹਿਣ ਸੁਣਨ ਚਲਦਾ ਰਿਹਾ। ਫਿਰ ਰਾਜੇ ਦੇ ਵਜ਼ੀਰ ਨੇ ਆਪਣੇ ਮੁਖ ਤੋਂ ਇਕ ਗੱਲ ਕਹੀ, "ਰਾਜਾ ਜੀ ਜੇ ਆਗਿਆ ਹੋਵੇ ਤਾਂ ਮੇਰੇ ਮਨ ਵਿਚ ਇਕ ਗੱਲ ਆਈ ਹੈ॥ ੬੪॥

ਬਾਰ ਬਾਰ ਨਹਿਂ ਫੇਰ ਕਰੀਜੈ। ਬਿਨ ਬਿਚਾਰ ਬਚ ਬ੍ਰਿਧਨ ਮਨੀਜੈ।
ਕਬਹੁਂ ਨ ਝਿਰਕਹੁ ਉਤਪਲ ਲੋਚਨ। ਤਵ ਸੁਤ ਸੰਤ ਕੁਬੰਧ ਬਿਮੋਚਨ ॥੬੫॥

ਬਾਰ-ਬਾਰ ਨਾਂਹ ਨਹੀ ਕਰਨੀ ਚਾਹੀਦੀ, ਵੱਡਿਆਂ ਦੀ ਗੱਲ ਬਿਨਾਂ ਸੋਚੇ ਮੰਨ ਲੈਣੀ ਚਾਹੀਦੀ ਹੈ। ਕੰਵਲ ਨੈਣ ਨੂੰ ਕਦੀ ਵੀ ਨਾ ਝਿੜਕੋ। ਤੇਰਾ ਪੁੱਤਰ ਮਨੁੱਖਤਾ ਨੂੰ ਖੋਟੇ ਬੰਧਨਾਂ ਤੋਂ ਛੁਡਾਉਣ ਵਾਲਾ ਹੈ"॥ ੬੫॥

ਬਹੁਤ ਬਾਰ ਕਹਿ ਰਾਇ ਪ੍ਰਬੀਨੇ। ਨਿਜ ਕਰ ਤੇ ਕਾਲੂ ਕਰ ਦੀਨੇ।
ਝੂਰ ਬਿਸੂਰਤਿ ਗਮਨਜੋ ਸਦਨਾ। ਅੰਤਰ ਬੈਸਜੋ ਲੱਜਿਤ ਬਦਨਾ॥ ੬੬॥

ਸ੍ਰੇਸ਼ਟ ਅਤੇ ਪ੍ਰਬੀਨ ਰਾਇ ਬੁਲਾਰ ਨੇ ਬਹੁਤ ਵਾਰ ਕਿਹਾ ਅਤੇ ਰੁਪਏ ਆਪਣੇ ਹੱਥ ਵਿਚ ਫੜ ਕੇ ਬਾਬਾ ਕਾਲੂ ਦੇ ਹੱਥ ਵਿਚ ਫੜਾਏ। ਬਾਬੇ ਕਾਲੂ ਨੇ ਪੈਸੇ ਫੜ ਲਏ ਤੇ ਝੁਰਦਾ ਹੋਇਆ ਆਪਣੇ ਘਰ ਨੂੰ ਚਲਾ ਗਿਆ ਤੇ ਸ਼ਰਮਿੰਦਾ ਹੋ ਕੇ ਉਦਾਸ ਚਿਤ ਆਪਣੇ ਘਰ ਬੈਠ ਗਿਆ॥ ੬੬॥

ਤਲਵੰਡੀ ਜੇਤੇ ਨਰ ਨਾਰੀ। ਸੁਨਿ ਕਰਿ ਕਹਹਿਂ 'ਵਡੋ ਬੁਰਿਆਰੀ।
ਪੂਰਬ ਨਿਰਦੈ ਹੁਇ ਸੁਤ ਮਾਰਾ। ਨ੍ਰਿਪ ਤੇ ਲੇ ਧਨ ਆਇ ਅਗਾਰਾ॥ ੬੭॥

ਤਲਵੰਡੀ ਨਗਰ ਦੇ ਜਿੰਨੇ ਵੀ ਨਰ ਨਾਰੀ ਸਨ, ਬਾਬੇ ਕਾਲੂ ਬਾਰੇ ਸੁਣ ਕੇ ਉਸ ਦੀ ਬਹੁਤ ਬੁਰਿਆਈ ਕਰ ਰਹੇ ਸਨ। ਕਹਿੰਦੇ ਸਨ, "ਪਹਿਲਾਂ ਨਿਰਦਈ ਨੇ ਆਪਣੇ ਪੁੱਤਰ ਨੂੰ ਬਹੁਤ ਮਾਰਿਆ, ਫਿਰ ਰਾਜੇ ਤੋਂ ਧਨ ਲੈ ਕੇ ਘਰ ਆ ਗਿਆ॥ ੬੭॥

ਯੁਗਲ ਕੁਕਰਮ ਕੀਨਿ ਮਨ ਬਿੰਦਹਿਂ। ਜਹਿਂ ਤਹਿਂ ਕਾਲੂ ਕੋ ਨਰ ਨਿੰਦਹਿਂ।
ਪੁਰਿ ਮਹਿਂ ਸੁਨਿ ਨਿੰਦਾ ਨਿਜ ਸ੍ਰੋਨਾ। ਬੋਲ ਨ ਆਵ ਭਯੋ ਮੁਖ ਮੋਨਾ॥ ੬੮॥

ਦੋਵੇਂ ਭੈੜੇ ਕਰਮ ਜਿਹੜੇ ਕੀਤੇ ਹਨ, ਉਨ੍ਹਾਂ ਨੂੰ ਲੋਕ ਬਹੁਤ ਮਾੜੇ ਸਮਝਦੇ ਹਨ ਅਤੇ ਜਿਥੇ ਕਿਥੇ ਬਾਬੇ ਕਾਲੂ ਦੀ ਨਿੰਦਿਆ ਹੋ ਰਹੀ ਹੈ। ਸਾਰੇ ਨਗਰ ਵਿਚ ਆਪਣੇ ਕੰਨੀ ਆਪਣੀ ਨਿੰਦਿਆ ਸੁਣ ਕੇ, ਬਾਬਾ ਕਾਲੂ ਕਿਸੇ ਨਾਲ ਬੋਲਣ ਜੋਗਾ ਨਹੀਂ ਸੀ ਰਿਹਾ ਤੇ ਹਰ ਵੇਲੇ ਚੁੱਪ ਰਹਿੰਦਾ ਹੈ॥ ੬੮॥

ਦੁਖਤਿ ਰਿਦੈ ਮੈਂ ਹ੍ਵੈ ਕਰਿ ਭਾਰੀ। ਉਰ ਬਿਸੂਰ ਕਰਿ ਭੂਰ ਵਿਚਾਰੀ।
ਮਰਨ ਭਲੋ ਜੀਵਨ ਧਿਕ ਮੇਰੋ। ਜਹਿਂ ਤਹਿਂ ਅਪਜਸ ਭਯੋ ਘਨੇਰੋ- ॥੬੯॥

ਹਿਰਦੇ ਵਿਚ ਬਹੁਤ ਦੁਖੀ ਰਹਿ ਕੇ ਫਿਰ ਦਿਲ ਵਿਚ ਇਕ ਗੱਲ ਦੀ ਵਿਚਾਰ ਕੀਤੀ। ਮੇਰੇ ਜੀਵਨ ਨੂੰ ਧਿਰਕਾਰ ਹੈ, ਇਸ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਜਿੱਥੇ ਕਿੱਥੇ ਭਾਰੀ ਬਦਨਾਮੀ ਹੋ ਰਹੀ ਹੈ॥ ੬੯॥

ਲੇਕਰਿ ਦਰਬ ਬੁਲਾਰ ਅਗਾਰਾ। ਜਾਇ ਪਾਸ ਮੁਖ ਬਚਨ ਉਚਾਰਾ।
'ਭੂਪਤਿ ! ਲੀਜੈ ਅਪਨੋ ਦਰਬਾ। ਨਿੰਦਾ ਕਰਤਿ ਨਗਰ ਮਮ ਸਰਬਾ' ॥੭੦॥

ਬਾਬਾ ਕਾਲੂ ਧਨ ਲੈ ਕੇ ਰਾਇ ਬੁਲਾਰ ਦੇ ਘਰ ਚਲਾ ਗਿਆ ਤੇ ਰਾਇ ਬੁਲਾਰ ਦੇ ਪਾਸ ਪਹੁੰਚ ਕੇ ਉਸ ਨੂੰ ਬਚਨ ਕੀਤਾ, "ਰਾਜਾ ਜੀ ! ਆਪ ਆਪਣਾ ਧਨ ਵਾਪਿਸ ਲੈ ਲਵੋ। ਨਗਰ ਵਿਚ ਮੇਰੀ ਬਹੁਤ ਨਿੰਦਿਆ ਹੋ ਰਹੀ ਹੈ"॥ ੭੦॥

ਕਹਿਤਿ ਨ੍ਰਿਪਤ ਚਿਤ ਰੋਸ ਬਿਸਾਰੇ। 'ਕਮਲਨੈਨ ਤੇ ਲੀਨ ਉਧਾਰੇ।
ਸੋ ਦੀਨੇ ਜਾਵਹੁ ਨਿਜ ਸ਼ਾਲਾ। ਪੁਨ ਨ ਕ੍ਰੋਧ ਕਰਿ ਸੰਗ ਕ੍ਰਿਪਾਲਾ॥ ੭੧॥

ਰਾਜੇ ਨੇ ਚਿਤ ਵਿਚੋਂ ਗੁੱਸਾ ਭੁਲਾ ਕੇ ਕਿਹਾ, "ਇਹ ਸਮਝੋ ਕਿ ਤੁਸੀਂ ਇਹ ਪੈਸੇ ਕਮਲਨੈਣ ਭਾਵ- ਗੁਰੂ ਜੀ ਤੋਂ ਉਧਾਰ

ਲਏ ਹਨ। ਇਸ ਲਈ ਇਹ ਰੁਪਏ ਆਪਣੇ ਘਰ ਲੈ ਜਾਵੋ ਤੇ ਦੁਬਾਰਾ ਕਿਰਪਾਲੂ ਸ੍ਰੀ ਨਾਨਕ ਨੂੰ ਕਦੇ ਵੀ ਗੁੱਸੇ ਨਹੀਂ ਹੋਣਾ ਹੈ॥ ੭੧॥

'ਜਬ ਕੋ ਜਨਮਯੋ ਇਨ ਸੁਧ ਪਾਈ। ਇਕ ਬਿਰਾਟਿਕਾ ਕਬਿ ਨ ਖਟਾਈ।
ਆਨਿ ਕਹਾਂ ਤੇ ਦੀਨ ਉਧਾਰਾ?। ਧਨ ਖੱਟਹਿ ਤੋ ਕਿਉਂ ਹੈ ਰਾਰਾ॥ ੭੨॥

ਜਦ ਤੋਂ ਮੇਰੇ ਪੁੱਤਰ ਨੇ ਜਨਮ ਲਿਆ ਹੈ ਅਤੇ ਹੋਸ਼ ਸੰਭਾਲੀ ਹੈ, ਇਸ ਨੇ ਇਕ ਕੌਡੀ ਵੀ ਕਦੀ ਖੱਟ ਕੇ ਨਹੀ ਲਿਆਂਦੀ। ਉਸ ਨੂੰ ਕਿਥੋਂ ਲਿਆ ਕੇ ਉਧਾਰ ਦੇਵਾਂ? ਜੇ ਉਹ ਧਨ ਖੱਟ ਕੇ ਲਿਆਵੇ ਤਾਂ ਫਿਰ ਝਗੜਾ ਹੀ ਕਿਉਂ ਹੋਵੇ ? ॥ ੭੨॥

'ਸੁਨਿ ਕਾਲੂ ਤੁਝਕੋ ਸੁਧ ਨਾਂਹੀ। ਮਾਯਾ ਜਿਤੀ ਪਿਖਹੁ ਜਗ ਮਾਂਹੀ।
ਸਭਿ ਵਰਤਹਿ ਨਾਨਕ ਅਨੁਸਾਰੀ। ਪਤਿ ਰਜਾਇ ਜਿਉਂ ਪਤਿਬ੍ਰਤ ਨਾਰੀ॥੭੩॥

ਬਾਬੇ ਕਾਲੂ ਦੀ ਇਹ ਗੱਲ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਹੇ ਕਾਲੂ ਸੁਣ! ਤੇਰੇ ਹੋਸ਼ ਕਾਇਮ ਨਹੀਂ ਹਨ। ਜਿੰਨੀ ਮਾਇਆ ਤੂੰ ਜਗਤ ਵਿਚ ਵੇਖਦਾ ਹੈਂ, ਇਹ ਸਾਰੀ ਸ੍ਰੀ ਨਾਨਕ ਦੇ ਹੁਕਮ ਵਿਚ ਵਿਚਰਦੀ ਹੈ, ਜਿਵੇਂ ਇਕ ਪਤੀਬ੍ਰਤ ਨਾਰੀ ਆਪਣੇ ਪਤੀ ਦੀ ਰਜ਼ਾ ਵਿਚ ਰਹਿੰਦੀ ਹੈ॥ ੭੩॥

ਸੰਪਤ ਸਰਬ ਤੁਰੰਗ ਮਤੰਗਾ। ਸਜੰਦਨ ਔ ਸੁਖਪਾਲ ਸੁਰੰਗਾ।
ਔਰ ਜਿ ਮੁਝ ਘਰਿ ਸਭਿ ਵਡਿਆਈ। ਕਮਲਨੈਨ ਕੀ ਕਰੁਨਾ ਪਾਈ' ॥੭੪॥

ਸਾਰੀ ਸੰਪਤੀ, ਘੋੜੇ, ਹਾਥੀ, ਰਥ ਅਤੇ ਪਾਲਕੀਆਂ ਅਤੇ ਜਿਹੜੀ ਮੈਨੂੰ ਮਾਣ ਵਡਿਆਈ ਮਿਲੀ ਹੈ, ਇਹ ਸਾਰੀ ਮੈਂ ਕਮਲਨੈਣ (ਗੁਰੂ ਜੀ) ਦੀ ਮਿਹਰ ਨਾਲ ਪ੍ਰਾਪਤ ਕੀਤੀ ਹੈ"॥ ੭੪॥

ਸੋਰਠਾ- ਅਸ ਬਿਧਿ ਰਾਇ ਬੁਲਾਰ ਕਾਲੂ ਕੋ ਸਮਝਾਵਈ।
ਬਰ ਸ਼ਰਧਾ ਉਰ ਧਾਰਿ ਪਰਮ ਪ੍ਰੇਮ ਉਪਜਾਵਈ॥ ੭੫॥

ਇਸ ਤਰ੍ਹਾਂ ਰਾਇ ਬੁਲਾਰ ਕਾਲੂ ਨੂੰ ਸਮਝਾ ਰਿਹਾ ਸੀ, ਸ੍ਰੇਸ਼ਟ ਸ਼ਰਧਾ ਦਿਲ ਵਿਚ ਧਾਰ ਕੇ ਪਰਮ ਪ੍ਰੇਮ ਉਪਜਾ ਰਿਹਾ ਸੀ॥ ੭੫॥

ਦੋਹਰਾ- ਬਦਨ ਇੰਦੁ ਛਬਿ ਮਦਨ ਸਮ ਕਦਨ ਕਲੁਖ ਦੁਖ ਮੰਦ।
ਸ੍ਵੈਛਾ ਹ੍ਵੈ ਬਿਚਰਤਿ ਨਗਰ ਜਗਤ ਭਗਤ ਦਾਨੰਦ॥ ੭੬॥

ਚੰਦਰਮਾਂ ਵਰਗਾ ਮੁਖੜਾ, ਕਾਮਦੇਵ ਵਰਗੀ ਸੁੰਦਰ ਸੂਰਤ, ਪਾਪਾਂ ਦੇ ਨਾਸ਼ ਕਰਤਾ, ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਜਗਤ ਦੇ ਭਗਤਾਂ ਨੂੰ ਆਨੰਦ ਦੇਣ ਵਾਲੇ ਸ੍ਰੀ ਨਾਨਕ ਜੀ ਆਪਣੀ ਇੱਛਾ ਅਨੁਸਾਰ ਫਿਰਦੇ ਹਨ।

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਲੂ, ਰਾਇ ਬੁਲਾਰ' ਪ੍ਰਸੰਗ ਬਰਨਨ ਨਾਮ ਪੰਚਮਦਸਮੋ ਅਧਯਾਯ॥ ੧੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਦਰਵਾਂ ਅਧਿਆਇ, ਜਿਸ ਦਾ ਨਾਮ 'ਖਰਾ ਸੌਦਾ, ਬਾਬਾ ਕਾਲੂ ਤੇ ਰਾਇ ਬੁਲਾਰ' ਪ੍ਰਸੰਗ ਹੈ, ਸਮਾਪਤ ਹੋਇਆ॥ ੧੫॥

# ਅਧਿਆਇ ਸੋਲ੍ਹਵਾਂ

*ਛਾਪ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ।*

ਦੋਹਰਾ- ਅਮਰਦਾਸ ਸ੍ਰੀ ਗੁਰ ਸੁਖਦ ਸੰਤਿ ਸਰੂਪ ਅਨੂਪ॥
ਸਿੱਖਨ ਕੇ ਮਨ ਗਜਾਨ ਦਾ ਗਤਿ ਉਦਾਰ ਵਡ ਭੂਪ॥ ੧॥

ਸ੍ਰੀ ਗੁਰੂ ਅਮਰਦਾਸ ਜੀ ਉਪਮਾ ਤੋਂ ਪਰ੍ਹੇ ਹਨ ਤੇ ਸੱਚ ਹੀ ਉਨ੍ਹਾਂ ਦਾ ਵਜੂਦ ਹੈ, ਸਿੱਖਾਂ ਦੇ ਮਨ ਨੂੰ ਗਿਆਨ ਦਿੰਦੇ ਹਨ। ਲੋੜਵੰਦ ਦੁਖੀਆਂ ਨੂੰ ਮਨ ਇੱਛਤ ਸੁਖ ਦਿੰਦੇ ਹਨ, ਕਿਉਂਕਿ ਉਨ੍ਹਾਂ ਦਾ ਵਰਤਾਉ ਹੀ ਵੱਡੇ ਰਾਜਿਆਂ ਵਾਂਗੂੰ ਉਦਾਰ ਹੈ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਭੁਜੰਗ ਪ੍ਰਯਾਤ ਛੰਦ। ਸੁਤਾ ਨਾਨਕੀ ਜੋ ਹੁਤੀ ਧਾਮ ਕਾਲੂ। ਗੁਨੰ ਖਾਨ ਮਾਨੋ ਸਰੂਪੰ ਬਿਸਾਲੂ।
ਸੁਤਾ ਕੇ ਸਮਾਨੰ ਲਖਯੋ ਤਾਂਹਿ ਰਾਈ। ਭਲੇ ਥਾਨ ਕੀਨੀ ਸੁਤਾ ਕੀ ਸਗਾਈ॥ ੨॥

*ਭਾਈ ਬਾਲੇ ਨੇ ਕਿਹਾ-* ਬਾਬਾ ਕਾਲੂ ਜੀ ਦੇ ਘਰ ਜੋ ਉਨ੍ਹਾਂ ਦੀ ਲੜਕੀ ਬੇਬੇ ਨਾਨਕੀ ਸੀ, ਉਹ ਗੁਣਾਂ ਦੀ ਖਾਨ ਅਤੇ ਬੜੇ ਸੁੰਦਰ ਸਰੂਪ ਵਾਲੀ ਸੀ। ਆਪਣੀ ਨਿਜ ਪੁੱਤਰੀ ਵਰਗਾ ਹੀ ਉਸ ਨੇ ਇਕ ਵਰ ਢੂੰਡਿਆ, ਜਿਸ ਨੂੰ ਰਾਇ ਬੁਲਾਰ ਜਾਣਦਾ ਸੀ ਤੇ ਬਾਬੇ ਕਾਲੂ ਨੇ ਇਕ ਭਲੇ ਥਾਂ ਆਪਣੀ ਬੇਟੀ ਦੀ ਸਗਾਈ ਕਰ ਦਿੱਤੀ॥ ੨॥

ਤੋਟਕ ਛੰਦ- ਸੁਲਤਾਨ ਪੁਰੇ ਜੈਰਾਮ ਹੁਤੋ। ਬਰ ਬਾਹਜ ਬੰਸ ਬਿਸੁੱਧ ਮਤੋ।
ਸਨਬੰਧ ਭਯੋ ਤਿਹ ਸੰਗ ਭਲੰ। ਇਕ ਸਾਰ ਮਿਲੇ ਬਰ ਨਾਰਿ ਕਲੰ॥ ੩॥

ਸੁਲਤਾਨਪੁਰ ਵਿਖੇ ਇਕ ਵਿਅਕਤੀ ਜੈ ਰਾਮ ਰਹਿੰਦਾ ਸੀ। ਉਹ ਸ੍ਰੇਸ਼ਟ ਕੁਲ ਦਾ ਖੱਤਰੀ ਅਤੇ ਉੱਜਲ ਬੁੱਧੀ ਵਾਲਾ ਸੀ। ਉਸ ਦੇ ਨਾਲ ਚੰਗੇ ਸੰਬੰਧ ਸਨ। ਇਕ ਵਾਰ ਵਰ ਤੇ ਕੰਨਿਆਂ ਇਕ ਦੂਸਰੇ ਨੂੰ ਮਿਲੇ ਸਨ॥ ੩॥

ਸਜਿ ਸਾਜਿ ਬਰਾਤ ਭਲੀ ਸਗਰੀ। ਕਿਯ ਆਨ ਢੁਕਾਊ ਸੁਸ੍ਰੂ ਨਗਰੀ।
ਲਿਯ ਸੰਗ ਮਤੰਗ ਤੁਰੰਗਨ ਕੇ। ਪਟ ਸ਼ੋਭਤਿ ਹੈਂ ਬਹੁ ਰੰਗਨ ਕੇ॥ ੪॥

ਸਾਰੀ ਬਰਾਤ ਚੰਗੀ ਤਰ੍ਹਾਂ ਸਜ ਸਜਾ ਕੇ ਸਹੁਰੇ ਦੀ ਨਗਰੀ ਵਿਚ ਆ ਢੁਕਾਅ ਕੀਤੀ। ਜੰਞ ਹਾਥੀਆਂ, ਘੋੜਿਆਂ ਤੇ ਚੜ੍ਹੀ ਹੋਈ ਸੀ ਅਤੇ ਰੰਗ-ਬਿਰੰਗੇ ਕਪੜੇ ਬੜੀ ਸ਼ੋਭਾ ਪਾ ਰਹੇ ਸਨ॥ ੪॥

ਬਰ ਭੂਖਨ ਕੰਚਨ ਅੰਗ ਧਰੇ। ਝਮਕਾਤਿ ਜਰਾਵਨ ਸੰਗ ਜਰੇ।
ਮਨ ਹੋਇ ਉਦਾਰ ਧਨੰ ਬਰਖੇ। ਸਭਿ ਪਾਵਹਿਂ ਰੰਕ ਰਿਦੇ ਹਰਖੇ॥ ੫॥

ਸੁੰਦਰ ਵਸਤਰ ਅਤੇ ਸੋਨੇ ਦੇ ਗਹਿਣੇ ਪਹਿਨੇ ਹੋਏ ਸਨ, ਜੜਾਊ ਨਗਾਂ ਨਾਲ ਜੜ੍ਹੇ ਗਹਿਣੇ ਬਹੁਤ ਚਮਕਦੇ ਸਨ। ਬੜੀ ਖੁਲ੍ਹ- ਦਿਲੀ ਨਾਲ ਧਨ ਦੀ ਵਰਖਾ ਕਰ ਰਹੇ ਸਨ। ਗਰੀਬ ਧਨ ਪਾ ਕੇ ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ॥ ੫॥

ਕਬਿੱਤ- ਬਾਜਤਿ ਨਗਾਰੇ ਬਹੁ ਖੇਦਜਨ ਅਖਾਰੇ ਹੋਤਿ ਕੌਤਕ ਨਿਹਾਰੇ ਮਨ ਰਹੇਂ ਹੈਂ ਲੁਭਾਇਕੈ।
ਪਾਇਕੈ ਨਿਦੇਸ ਕੋ ਬਰਾਤ ਨੈ ਨਿਵੇਸ ਕੀਨੋ, ਅਥਏ ਦਿਨੇਸ਼ ਕੇ ਹੁਤਾਸਨ ਜਗਾਇਕੈ।
ਭਾਵਰੈ ਕੋ ਲੇਯ ਸਭਿ ਦਿੱਜਨ ਕੋ ਦਾਨ ਦੇਯ ਅੰਗਨਾ ਸੁਨਾਇ ਗਾਰਿ ਗੀਤਨ ਕੋ ਗਾਇਕੈ।
ਦੋਊ ਕੁਲ ਰੀਤਿ ਕੀਨ ਦਾਇਜ ਬਹੁਤ ਦੀਨ ਵਡੋ ਜਸੁ ਲੀਨ ਸਭਿ ਰਹੇ ਹਰਖਾਇਕੈ॥੬॥

ਨਗਾਰੇ ਵੱਜ ਰਹੇ ਸਨ, ਕਈ ਪ੍ਰਕਾਰ ਦੇ ਅਖਾੜੇ ਲੱਗੇ ਹੋਏ ਸਨ ਤੇ ਉਨ੍ਹਾਂ ਦੇ ਕੌਤਕਾਂ ਨੂੰ ਵੇਖ ਕੇ ਮਨ ਲੁਭਾਇਮਾਨ ਹੋ ਰਹੇ ਸਨ। ਆਦੇਸ਼ ਪਾ ਕੇ ਬਰਾਤ ਠਹਿਰਣ ਵਾਲੇ ਟਿਕਾਣੇ ਪਹੁੰਚ ਗਈ ਅਤੇ ਸੂਰਜ ਛਿਪਣ ਤੇ ਅਗਨੀ ਜਗਾਈ ਗਈ।

ਫੇਰੇ ਲੈ ਕੇ ਸਾਰੇ ਬ੍ਰਾਹਮਣਾਂ ਨੂੰ ਦਾਨ ਦਿੱਤਾ ਗਿਆ, ਇਸਤਰੀਆਂ ਗੀਤ ਗਾ ਗਾ ਕੇ ਸੁਣਾ ਰਹੀਆਂ ਸਨ। ਦੋਹਾਂ ਕੁਲਾਂ ਨੇ ਰੀਤੀ ਅਨੁਸਾਰ ਬਹੁਤ ਦਾਜ ਦਿੱਤਾ, ਵੱਡਾ ਜੱਸ ਪ੍ਰਾਪਤ ਕਰਕੇ ਸਾਰੇ ਬਹੁਤ ਖੁਸ਼ ਹੋ ਰਹੇ ਸਨ॥ ੬॥

**ਕੀਨੋ ਉਪਬਾਹ ਅਭਿਰਾਮ ਯੌ ਜਰਾਮ ਪੁਨ ਗਯੋ ਨਿਜ ਧਾਮ ਮਨ ਆਨੰਦ ਬਢਾਇਕੈ।**
**ਬਾਸੁਰ ਬਿਤੀਤੇ ਕੁਛ ਨਾਨਕ ਸੌਂ ਕਾਲੂ ਕਹੈ 'ਭਗਨੀ ਕੋ ਆਨਿ ਸੁਲਤਾਨ ਪੁਰਿ ਜਾਇਕੈ'।**
**ਮਾਨਤਿ ਨ ਬੈਨ ਅਨੁਕੰਪਐਨ ਤੂਸ਼ਨੀ ਭੇ ਜਾਂਕੋ ਕਿਹ ਭੈ ਨ, ਨੀਚੇ ਨੈਨ ਠਹਿਰਾਇਕੈ।**
**ਰਾਇਕੇ ਨਿਕਟ ਜਾਇ ਸਭਿ ਹੀ ਸੁਨਾਇ ਬਿਧਿ 'ਭਗਨੀ ਨ ਆਨਤਿ ਹੈ ਰਹਜੋਂ ਸਮਝਾਇਕੈ' ॥੭॥**

ਸ਼ਾਦੀ ਹੋ ਜਾਣ ਬਾਅਦ ਜੈ ਰਾਮ ਬੜੀ ਖੁਸ਼ੀ-ਖੁਸ਼ੀ ਆਪਣੇ ਨਿੱਜੀ ਘਰ ਗਿਆ। ਦਿਨ ਬੀਤਣ ਤੇ ਬਾਬੇ ਕਾਲੂ ਨੇ ਸ੍ਰੀ ਨਾਨਕ ਨੂੰ ਕਿਹਾ, "ਕਿਰਪਾ ਕਰਕੇ ਸੁਲਤਾਨਪੁਰ ਜਾ ਕੇ ਆਪਣੀ ਭੈਣ ਜੀ ਨੂੰ ਲੈ ਕੇ ਆਉ।"

ਕਿਰਪਾ ਦੇ ਘਰ ਨੇ ਆਪਣੇ ਪਿਤਾ ਜੀ ਦੀ ਗੱਲ ਨਾ ਮੰਨੀ ਤੇ ਚੁੱਪ ਕਰਕੇ ਨੀਵੇਂ ਨੈਣ ਕਰਕੇ ਬੈਠ ਗਏ। ਬਾਬਾ ਕਾਲੂ ਰਾਇ ਬੁਲਾਰ ਦੇ ਪਾਸ ਗਿਆ ਤੇ ਸੁਣਾ ਕੇ ਕਿਹਾ, "ਭੈਣ ਨੂੰ ਨਹੀਂ ਲਿਆਉਂਦਾ, ਮੈਂ ਬਹੁਤ ਸਮਝਾਇਆ ਹੈ"॥ ੭॥

**ਰਾਇ ਭੇਜਯੋ ਦਾਸ ਕੋ ਬੁਲਾਇ ਸੁਖ ਰਾਸ ਰੂਪ, ਸਾਦਰ ਬਸਾਇ ਪਾਸ ਪ੍ਰੇਮ ਕੇ ਪ੍ਰਕਾਸ਼ ਸੋਂ।**
**ਮਾਥੇ ਪਰ ਹਾਥ ਫੇਰ, ਗਾਥਾ ਹਿਤ ਸਾਥ ਕਹਿ 'ਏਕ ਵਾਰ ਜੱਯੈ ਸੁਸਾ ਆਨੀਏ ਅਵਾਸ ਸੋਂ।**
**ਦੂਜੇ ਤਹਾਂ ਜਾਇ ਰਹੋ ਰਿਦੈ ਸੁਖ ਪਾਇ ਅਹੋ ਕਾਲੂ ਕੀ ਕਲਾਹਿ ਮਿਟ ਜਾਇ ਅਨਾਯਾਸ ਸੋਂ।**
**ਸਹਿਜ ਸੁਭਾਇ ਤਬ ਹੀਏ ਜੋ ਸੁਹਾਇ ਕਰੋ ਜਾਵਨੋਂ ਉਚਿਤ ਤੁਮੈ ਅਬੈ ਸੁਸਾ ਪਾਸ ਸੋਂ' ॥੮॥**

ਰਾਇ ਬੁਲਾਰ ਨੇ ਇਕ ਦਾਸ ਨੂੰ ਸੁਖਾਂ ਦੀ ਰਾਸ ਰੂਪੀ ਸ੍ਰੀ ਨਾਨਕ ਨੂੰ ਬੁਲਾਉਣ ਵਾਸਤੇ ਭੇਜਿਆ ਤੇ ਫਿਰ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ। ਮੱਥੇ ਤੇ ਹੱਥ ਫੇਰ ਅਤੇ ਬੜੇ ਪ੍ਰੇਮ ਨਾਲ ਗੱਲ ਕਹੀ, "ਇਕ ਵਾਰ ਜਾਉ ਅਤੇ ਆਪਣੀ ਭੈਣ ਨੂੰ ਘਰ ਲੈ ਆਉ।

ਦੂਸਰਾ ਉਥੇ ਜਾ ਕੇ ਰਹੋ ਅਤੇ ਦਿਲ ਵਿਚ ਸੁਖ ਪਾਉ, ਇਸ ਤਰ੍ਹਾਂ ਕਾਲੂ ਦਾ ਵੀ ਨਿਤ ਦਾ ਝਗੜਾ ਸੌਖਾ ਹੀ ਮੁਕ ਜਾਵੇਗਾ। ਤੁਹਾਡੇ ਹਿਰਦੇ ਵਿਚ ਜੋ ਵੀ ਆਉਂਦਾ ਹੈ, ਉਸ ਤਰ੍ਹਾਂ ਹੀ ਕਰੋ, ਪਰ ਭੈਣ ਦੇ ਕੋਲ ਜਾਣਾ ਬਹੁਤ ਜ਼ਰੂਰੀ ਹੈ ਅਤੇ ਉਚਿਤ ਵੀ ਹੈ"॥ ੮॥

**ਬ੍ਰਿੱਧ ਬੈਸ ਨਗਰੇਸੁ ਬੱਲਭ ਵਿਸ਼ੇਸ ਲਖਿ ਮਾਨੇ ਜਗਤੇਸ਼ ਬੈਨ ਭਾਨੇ ਮਨ ਆਪਨੇ।**
**ਬਾਲਾ ਭਨੈ: ਅੰਗਦ ਜੀ ! ਕੀਜੈ ਪਾਨ ਕਥਾ ਰਸ, ਭਏ ਹੈਂ ਤਯਾਰ ਜਿਨ ਕੀਨੇ ਦੰਭ ਖਾਪਨੇ।**
**ਮੋਸੇ ਹਿਤ ਸਦਾ ਧਰੈਂ, ਦਾਸ ਜਾਨ ਦਯਾ ਕਰੈਂ, ਨਿਕਟਿ ਹਕਾਰ ਲੀਨ ਸਾਥ ਕੋ ਅਪਾਪ ਨੇ।**
**ਆਇਕੈ ਨਿਕੇਤ ਲੀਨ ਬੇਦੀ ਕੁਲਕੇਤ ਨੇਗ, ਮਾਤਾ ਕਰਿ ਹੇਤ ਬਿਦਾ ਕੀਨਾ ਹਰਿ ਜਾਪਨੇ॥੯॥**

ਨਗਰੀ ਦੇ ਰਾਜੇ ਨੂੰ ਬਹੁਤ ਪਿਆਰਾ ਜਾਣ ਕੇ, ਜਗਤ ਪਤੀ ਸ੍ਰੀ ਨਾਨਕ ਜੀ ਨੂੰ ਉਨ੍ਹਾ ਦੇ ਬੋਲ ਚੰਗੇ ਲੱਗੇ ਤੇ ਉਨ੍ਹਾਂ ਜਾਣ ਦੀ ਹਾਂ ਕਰ ਦਿੱਤੀ। ਭਾਈ ਬਾਲਾ ਕਹਿੰਦੇ ਹਨ, "ਹੇ ਗੁਰੂ ਅੰਗਦ ਦੇਵ ਜੀ ! ਕਥਾ ਰਸ ਅੰਮ੍ਰਿਤ ਪੀਵੋ, ਦੰਭ ਦਾ ਨਾਸ ਕਰਨ ਵਾਲੇ ਗੁਰੂ ਜੀ ਜਾਣ ਵਾਸਤੇ ਮੰਨ ਗਏ।

ਮੇਰੇ ਨਾਲ ਸਦਾ ਹੀ ਪਿਆਰ ਕਰਦੇ ਸਨ, ਦਾਸ ਜਾਣ ਕੇ ਮੇਰੇ ਤੇ ਦਇਆ ਕਰਦੇ ਸਨ, ਨਿਸ਼ਪਾਪ ਭਾਵ-ਗੁਰੂ ਜੀ ਨੇ ਮੈਨੂੰ ਆਪਣੇ ਪਾਸ ਬੁਲਾ ਲਿਆ। ਘਰ ਆ ਕੇ ਭੈਣ ਨੂੰ ਦੇਣ ਵਾਲੀਆਂ ਵਸਤਾਂ ਲਈਆਂ ਅਤੇ ਮਾਤਾ ਜੀ ਨੇ ਹਰੀ ਦਾ ਜਾਪ ਕਰਨ ਵਾਲੇ (ਗੁਰੂ ਜੀ) ਨੂੰ ਵਿਦਾ ਕੀਤਾ॥ ੯॥

ਚਲੇ ਪੰਥ ਮੰਦ ਮੰਦ ਆਨੰਦ ਕੇ ਕੰਦ ਜੋਊ ਸੁੰਦਰ ਮੁਕੰਦ ਪਦ ਨੈਨ ਅਰਬਿੰਦ ਸੇ।
ਦੇਖਤਿ ਸਿਸੁਰ ਰੁਤਿ ਕਾਨਨ ਨਿਪਾਤ ਪਾਤ ਨਗਨ ਬਿਟਪ ਭੇ ਨਰਕ ਅਘਵੰਦ ਸੇ।
ਆਂਬਨ ਕੋ ਮੌਰ ਭਖਿ ਕੰਠ ਕਲ ਕੋਕਲਾ ਕੇ ਕੂਕਤਿ ਸੁਨਾਇ ਕੂਕ ਪਾਵਤਿ ਅਨੰਦ ਸੇ।
ਕੀਰ, ਕਲਬਿੰਕ, ਕੰਕ, ਤੋਕਕ, ਕਕੰਨ, ਕੋਕ, ਕੁਰਕਟ, ਕਰੇਟੂ, ਕਾਕ, ਕੇਕੀ, ਹੈਂ ਨਰਿੰਦਸੇ ॥੧੦॥

ਅਨੰਦ ਦਾਤਾ ਹੌਲੀ-ਹੌਲੀ ਆਪਣੇ ਪੰਧ ਤੇ ਚਲ ਪਏ। ਮੁਕਤੀਦਾਤੇ ਦੇ ਸੁੰਦਰ ਚਰਨ ਹਨ ਅਤੇ ਨੈਣ ਕੰਵਲ ਵਰਗੇ ਹਨ। ਪਤਝੜ ਦੀ ਰੁੱਤ ਹੋਣ ਕਰਕੇ ਜੰਗਲ ਦੇ ਸਭ ਦਰੱਖਤਾਂ ਦੇ ਪੱਤੇ ਝੜ ਗਏ ਹਨ ਅਤੇ ਸਾਰੇ ਬ੍ਰਿਛ ਨਰਕ ਜਾਣ ਵਾਲੇ ਪਾਪੀਆਂ ਵਾਂਗ ਨੰਗੇ ਹੋ ਗਏ ਹਨ।

ਅੰਬਾਂ ਦਾ ਬੂਰ ਖਾ ਕੇ ਕੋਇਲਾਂ ਦੇ ਗਲੇ ਸੁੰਦਰ ਹੋ ਗਏ ਹਨ ਤੇ ਉਹ ਬੜੇ ਅਨੰਦ ਨਾਲ ਕੂਕ ਕੇ ਗੀਤ ਸੁਣਾਉਂਦੀਆਂ ਹਨ। ਤੋਤੇ, ਚਿੜੀਆਂ, ਬਗਲੇ, ਪਪੀਹੇ, ਬਟੇਰੇ, ਚਾਤ੍ਰਿਕ, ਚਕਵੀ ਚਕਵਾ, ਕੁਕੜ, ਕਾਲਕਾਂਛੀ, ਕਾਂ ਅਤੇ ਮੋਰ ਰਾਜਿਆਂ ਵਰਗੇ ਹਨ॥ ੧੦॥

ਬੋਲਤਿ ਕਪੋਤ ਭ੍ਰਿੰਗ, ਖੰਜਨ, ਕੁਲਿੰਗ ਕਲ ਸਾਰਸ ਕੁਰੰਗ ਨਾਨਾ ਰੰਗ ਕੇ ਬਿਹੰਗ ਹੈਂ।
ਕਾਨਨ ਉਲੰਘਿ ਗਏ ਨੱਗਰ ਉਮੰਗ ਪਿਖਿ ਨਾਗਰ ਔ ਨਾਗਰੀ ਅਨੰਦ ਬਹੁ ਰੰਗ ਹੈਂ।
ਗਾਵਤਿ ਬਸੰਤ ਮਿਲ ਨਾਚਤਿ ਅਨੰਦ ਘਰ ਰਾਇ ਰੰਕ ਤਜੀ ਸ਼ੰਕ ਫਿਰਤਿ ਨਿਸ਼ੰਗ ਹੈਂ।
ਹਾਥ ਸੋਂ ਬਜਾਇੰ ਤਾਰੀ ਮੁਖ ਤੇ ਸੁਨਾਇੰ ਗਾਰੀ ਡਾਰੈਂ ਪਿਚਕਾਰੀ ਭਰਿ ਰੰਗਤਿ ਸੁਰੰਗ ਹੈਂ ॥੧੧॥

ਕਬੂਤਰ, ਭੌਰੇ, ਮਮੋਲੇ, ਖੱਤਖੇ, ਸੁੰਦਰ ਸਾਰਸ, ਲਮਢੀਂਗੇ ਅਤੇ ਕਈ ਪ੍ਰਕਾਰ ਦੇ ਪੰਛੀ ਗਾਉਂਦੇ ਹਨ। ਜੰਗਲ ਨੂੰ ਲੰਘ ਕੇ ਬੜੇ ਉਤਸ਼ਾਹ ਨਾਲ ਨਗਰ ਵਿਚ ਗਏ। ਨਗਰੀ ਅਤੇ ਨਗਰ ਦੇ ਵਸਨੀਕ ਵੇਖ ਕੇ ਉਹ ਬੜੇ ਖੁਸ਼ ਹੋਏ ਕਿ ਨਗਰ ਦੇ ਪੁਰਖ ਅਤੇ ਇਸਤਰੀਆਂ ਬੜੇ ਅਨੰਦ ਦੇ ਰੰਗ ਵਿਚ ਸਨ।

ਉਹ ਬਸੰਤ ਦੇ ਗੀਤ ਗਾ ਰਹੀਆਂ ਸਨ ਅਤੇ ਮਿਲ ਕੇ ਨੱਚ ਰਹੀਆਂ ਸਨ। ਸਾਰੇ ਰਾਜਾ ਪਰਜਾ ਆਪਣੇ ਘਰਾਂ ਵਿਚ ਬਹੁਤ ਖੁਸ਼ ਸਨ ਤੇ ਹਰ ਪ੍ਰਕਾਰ ਦੇ ਸ਼ੰਕੇ ਛੱਡ ਉਹ ਬਿਨਾਂ ਕਿਸੇ ਭੈਅ ਦੇ ਵਿਚਰ ਰਹੇ ਸਨ। ਇਸਤਰੀਆਂ ਹੱਥਾਂ ਨਾਲ ਗਿੱਧਾ ਪਾ ਰਹੀਆਂ ਸਨ, ਅਤੇ ਮੂੰਹ ਨਾਲ ਸਿਠਣੀਆਂ ਦੇ ਰਹੀਆਂ ਸਨ ਅਤੇ ਪਿਚਕਾਰੀਆਂ ਭਰ ਭਰ ਇਕ ਦੂਸਰੇ ਤੇ ਰੰਗ ਸੁੱਟ ਰਹੀਆਂ ਸਨ॥ ੧੧॥

ਸੋਦਰੀ ਸਦਨ ਗਏ ਕਮਲ ਬਦਨ ਪੁਨ ਬੰਧਨ ਕਦਨ ਜਾਂਕੇ ਨਾਮ ਲੇਤਿ ਹੋਤਿ ਹੈਂ।
ਸਾਦਰ ਸਨੇਹ ਕਰਿ ਮਿਲ ਕੇ ਬਿਸਾਏ ਗੇਹ, ਕੁਸ਼ਲ ਪ੍ਰਸ਼ਨ ਬੂਝ ਆਨੰਦ ਉਦੋਤਿ ਹੈਂ।
ਏਕ ਦਿਨ ਰਹੇ, ਬਿਦਾ ਲੇਨਿ ਹਿਤ ਬੈਨ ਕਹੇ, ਸੁਨਿਕੈ ਜੈਰਾਮ ਸਨਮਾਨੈ ਰੂਪ ਜੋਤਿ ਹੈ।
'ਮੇਰੇ ਧਾਮ ਰਹੋ, ਸੇਵਾ ਕਰੋਂ ਜੋਊ ਕਹੋ ਤੁਮ, ਸੰਤ ਰੂਪ ਦੇਖੇ ਤੇ ਕਲੁਖ ਦੁਖ ਖੋਤਿ ਹੈਂ' ॥੧੨॥

ਜਿਨ੍ਹਾਂ ਦਾ ਨਾਂ ਕਮਲ ਮੁਖ ਵਾਲੇ, ਬੰਧਨਾਂ ਦਾ ਨਾਸ਼ ਕਰਨ ਵਾਲੇ, ਲਏ ਜਾਂਦੇ ਹਨ, ਬੇਬੇ ਨਾਨਕੀ ਜੀ ਦੇ ਘਰ ਗਏ। ਬੜੇ ਆਦਰ ਪ੍ਰੇਮ ਨਾਲ ਉਨ੍ਹਾਂ ਨੂੰ ਘਰ ਵਿਚ ਬਿਠਾਇਆ ਗਿਆ। ਸੁਖ-ਸਾਂਦ ਪੁਛ ਕੇ ਬੜਾ ਅਨੰਦ ਪ੍ਰਕਾਸ਼ ਹੁੰਦਾ ਹੈ।

ਇਕ ਦਿਨ ਠਹਿਰੇ, ਫਿਰ ਵਿਦਾ ਲੈਣ ਵਾਸਤੇ ਕੁਝ ਬਚਨ ਕਹੇ, ਸੁਣ ਕੇ ਜੈ ਰਾਮ ਜਿਹੜੇ ਕਿ ਉਨ੍ਹਾਂ ਨੂੰ ਜੋਤ ਸਰੂਪ ਮੰਨਦੇ ਸਨ, ਉਨ੍ਹਾਂ ਨੇ ਬੜੇ ਆਦਰ ਨਾਲ ਕਿਹਾ, ''ਮੇਰੇ ਘਰ ਰਹੋ, ਜੋ ਵੀ ਤੁਸੀਂ ਕਹੋ, ਮੈਂ ਤੁਹਾਡੀ ਸੇਵਾ ਕਰਾਂ। ਤੁਹਾਡੇ ਸੰਤ ਰੂਪ ਚਿਹਰੇ ਨੂੰ ਵੇਖ ਕੇ ਸਾਰੇ ਪਾਪ ਦੁਖ ਦੂਰ ਹੋ ਜਾਂਦੇ ਹਨ''॥ ੧੨॥

ਪਰਮਾਨੰਦ ਜਨਕ ਜਰਾਮ ਕੋ ਬਖਾਨੇ ਬੈਨ 'ਬਿਦਾ ਦੇਹੁ ਅਬਕੇ ਬਹੁਰ ਪੁਰਿ ਆਵਈਂ।
ਭਗਨੀ ਕੋ ਲੇਨਿ ਮਾਤ ਪਿਤਾ ਨੈ ਪਠਾਏ ਏਹ, ਜਾਨੋ ਜੋਗ ਜਾਨੋ ਅਬ, ਨਹੀਂ ਪੁਨ ਜਾਵਈ'।

ਜਾ ਬਿਧਿ ਵਿਚਾਰ ਕੀਨਿ ਸਭਿਨਿ ਕੋ ਬਿਦਾ ਦੀਨਿ ਚਲੇ ਤਲਵੰਡੀ ਮਗ ਸੁੰਦਰ ਸੁਹਾਵਈ।
ਬੇਦੀ ਕੁਲ ਕੇਤ ਆਏ ਸੁਸਾ ਕੇ ਸਮੇਤ ਨਿਜ ਪ੍ਰਵਿਸ਼ੇ ਨਿਕੇਤ ਮਾਤ ਅੰਗ ਮੈਂ ਨ ਮਾਵਈ ॥੧੩॥

ਪਿਤਾ ਜੀ ਨੇ ਜਿਵੇਂ ਗੁਰੂ ਜੀ ਨੂੰ ਕਿਹਾ ਸੀ, ਉਨ੍ਹਾਂ ਉਸ ਤਰ੍ਹਾਂ ਹੀ ਕਹਿ ਦਿੱਤਾ, "ਹੁਣ ਤੁਸੀਂ ਵਿਦਾ ਕਰੋ, ਮੈਂ ਦੁਬਾਰਾ ਇਸ ਨਗਰੀ ਆਵਾਂਗਾ। ਆਪਣੀ ਭੈਣ ਲੈਣ ਵਾਸਤੇ ਮਾਤਾ ਪਿਤਾ ਨੇ ਮੈਨੂੰ ਭੇਜਿਆ ਹੈ, ਜਿਸ ਤਰ੍ਹਾਂ ਤੁਸੀਂ ਮੁਨਾਸਿਬ ਸਮਝੋ, ਹੁਣ ਨਹੀਂ, ਫੇਰ ਆ ਜਾਵਾਂਗਾ"।

ਇਸ ਤਰ੍ਹਾਂ ਸਭ ਨੇ ਵਿਚਾਰ ਕੀਤੀ ਤੇ ਸਾਰਿਆਂ ਨੇ ਉਨ੍ਹਾਂ ਨੂੰ ਵਿਦਾ ਕੀਤਾ ਅਤੇ ਗੁਰੂ ਜੀ ਆਪਣੀ ਭੈਣ ਜੀ ਨੂੰ ਲੈ ਕੇ ਤਲਵੰਡੀ ਦੇ ਰਾਹ ਪਏ, ਸੁੰਦਰ ਸ਼ੋਭਾ ਪਾ ਰਹੇ ਸਨ। ਬੇਦੀ ਕੁਲ ਦੇ ਦੁਲਾਰੇ ਆਪਣੀ ਭੈਣ ਸਮੇਤ ਆਪਣੇ ਘਰ ਆ ਗਏ। ਮਾਤਾ ਜੀ ਨੇ ਜਦ ਭੈਣ ਭਰਾਵਾਂ ਨੂੰ ਆਉਂਦਿਆਂ ਵੇਖਿਆ ਤੇ ਉਹ ਅਤਿ ਪ੍ਰਸੰਨ ਹੋਈ॥ ੧੩॥

ਸ੍ਵੈਯਾ- ਰਾਇ ਸੁਨਜੋ ਨਿਜ ਬੱਲਭ ਆਵਨ, ਦਾਸ ਪਠਾਵਨ ਕੀਨ ਤਦਾਈ।
ਲੀਨਿ ਬੁਲਾਇ, ਸੁ ਪਾਸ ਬਿਸਾਇ, ਰਿਦੈ ਸੁਖ ਪਾਇ, ਅਖੀਂ ਭਰਿ ਆਈ।
ਪ੍ਰੇਮ ਸੋਂ ਬੂਝ ਸਰੀਰ ਅਪੀਰ ਕੀ ਪ੍ਰੀਤਿ ਨਵੀਨ ਕਰੀ ਅਧਿਕਾਈ।
ਧੀਰ ਧੁਰੰਧਰ ਸ੍ਰੀ ਗੁਰੁ ਪੂਰਨ 'ਛੇਮ' ਕਹੀ ਔ ਜੈਰਾਮ ਵਡਾਈ॥ ੧੪॥

ਜਦ ਰਾਇ ਬੁਲਾਰ ਨੇ ਸੁਣਿਆ ਕਿ ਉਨ੍ਹਾਂ ਦਾ ਆਪਣਾ ਪਿਆਰਾ ਆ ਗਿਆ ਹੈ ਤਾਂ ਨੌਕਰ ਨੂੰ ਉਸੇ ਵੇਲੇ ਬੁਲਾਉਣ ਲਈ ਭੇਜ ਦਿੱਤਾ। ਬੁਲਾ ਕੇ ਆਪਣੇ ਪਾਸ ਬਿਠਾਇਆ। ਹਿਰਦੇ ਵਿਚ ਸੁੱਖ ਪ੍ਰਾਪਤ ਕੀਤਾ ਤੇ ਅੱਖਾਂ ਭਰ ਆਈਆਂ।

ਪ੍ਰੇਮ ਨਾਲ ਸਰੀਰ ਦੀ ਸੁਖ ਸਾਂਦ ਜਾਣ ਕੇ, ਪ੍ਰੀਤ ਹੋਰ ਵਧਾਈ। ਧੀਰਜ ਦੇ ਧਾਰਨਹਾਰੇ ਸ੍ਰੀ ਗੁਰੂ ਨੂੰ ਪੂਰਨ ਕੁਸ਼ਲ ਕਹੀ ਅਤੇ ਜੈ ਰਾਮ ਦੀ ਵਡਿਆਈ ਕੀਤੀ॥ ੧੪॥

ਦੋਹਰਾ- ਸਦਨ ਅਏ ਦੁਖਕਦਨ ਪੁਨ ਜਿਨ ਤੇ ਮਦਨ ਲਜਾਇ।
ਰਦਨ ਕੁੰਦ ਕੰਦਲ ਅਨੰਦ ਮੰਦ ਮੰਦ ਗਤਿ ਪਾਇ॥ ੧੫॥

ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਘਰ ਨੂੰ ਵਾਪਿਸ ਆ ਗਏ, ਜਿਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਵੀ ਲਜਿਤ ਹੁੰਦਾ ਹੈ। ਮਰਤਬਾਨ ਦੇ ਫੁੱਲ ਜਿਹੇ ਦੰਦ ਹਨ, ਅਨੰਦ ਦੀ ਗੰਦਲ ਹਨ ਤੇ ਉਨ੍ਹਾਂ ਦੀ ਤੋਰ ਬੜੀ ਗੰਭੀਰ ਹੈ॥ ੧੫॥

ਕਬਿੱਤ- ਸੁੰਦਰ ਬਦਨ ਪਰ ਤਨਕ ਸ਼ਮਸ ਮਸ ਮਾਨਹੁ ਸਿੰਗਾਰ ਨਿਜ ਰੂਪ ਪ੍ਰਗਟਾਵਈ।
ਕਿਧੌਂ ਸਸਿ ਪਾਸ ਚਹਿ ਪਸਰਜੋ ਤਮਸ ਜਸ ਕਿਧੌਂ ਮੁਖ ਸਾਰਸ ਪੈਂ ਮਧੁਪ ਸੁਹਾਵਈ।
ਭੁਜਾਂ ਹੈਂ ਪ੍ਰਲੰਬ ਭਾਰੀ, ਉੱਨਤ ਸਿਕੰਧ ਚਾਰੀ, ਦਯਾ ਭਰੀ ਨੈਨ ਕੋਰ ਚਿੱਤ ਕੋ ਚੁਰਾਵਈ।
ਕੁੰਡਲ ਕਪੋਲ ਪਰ ਝਮਕਤਿ ਲੋਲ ਭਏ, ਚਿਬੁਕ ਅਮੋਲ ਛਬਿ ਹੇਰੇ ਤੇ ਲੁਭਾਵਈ॥੧੬॥

ਸੁੰਦਰ ਮੁੱਖ ਉੱਤੇ ਦਾਹੜੀ ਦਾ ਕਾਲਾਪਣ ਮਾਨੋ ਸ਼ਿੰਗਾਰ ਰਸ ਨਿੱਜੀ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਜਿਵੇਂ ਚੰਦਰਮਾਂ ਦੇ ਕੋਲ ਹਨੇਰਾ ਪਸਰਿਆ ਹੁੰਦਾ ਹੈ ਜਾਂ ਜਿਵੇਂ ਕੰਵਲ ਦੇ ਮੁੱਖ ਤੇ ਭੌਰਾ ਸੋਭਦਾ ਹੈ।

ਬਾਹਾਂ ਬਹੁਤ ਲੰਮੀਆਂ ਹਨ। ਮੋਢੇ ਸੁੰਦਰ ਅਤੇ ਉਚੇ ਹਨ, ਅੱਖਾਂ ਦੀਆਂ ਕੋਣਾਂ ਦੇ ਕਟਾਖ ਚਿੱਤ ਨੂੰ ਚੁਰਾ ਰਹੇ ਹਨ। ਗੱਲ੍ਹਾਂ ਤੇ ਪਏ ਕੁੰਡਲ ਝਮਕਦੇ ਬੜੇ ਚੰਚਲ ਨਜ਼ਰ ਆਉਂਦੇ ਹਨ, ਠੋਡੀ ਦੀ ਛਵੀ ਦੇਖਣ ਵਿਚ ਬੜੀ ਅਮੋਲਕ ਅਤੇ ਲੁਭਾਵਣੀ ਹੈ॥ ੧੬॥

ਸ੍ਵੈਯਾ- ਰਾਗ ਬਿਰੋਧ ਤੇ ਬ੍ਰਿੱਤਿ ਨਿਰੋਧਨ ਆਦਿ ਤੇ ਰੀਤਿ ਸਦਾ ਜਿਨ ਕੀ।
ਛ੍ਵੈ ਨ ਸਕੈ ਹਰਖੰ ਮਨ ਸ਼ੋਕ ਦ੍ਵੈ ਜਜੋਂ ਦਲ ਕੰਜ ਜਲੰਕਨ ਕੀ।

ਏਕਸੇ ਆਨੰਦ ਮੈਂ ਮਗਨੰ ਜਗ ਤਾਰਨ ਲੀਲਾ ਕਰੇ ਤਨ ਕੀ।
ਐਸੇ ਗੁਰੂ ਕੀ ਜੋਊ ਸਤਿਸੰਗਤ ਸੇਵਤਿ ਕਹਾ ਉਪਮਾ ਤਿਨ ਕੀ॥੧੭॥

ਮੋਹ ਤੋਂ ਰੋਕਣ ਦੀ ਤੇ ਬ੍ਰਿਤੀ ਨੂੰ ਇਕਾਗਰ ਕਰਨ ਦੀ ਜਿਨ੍ਹਾਂ ਦੀ ਸਦਾ ਰੀਤੀ ਰਹੀ ਹੈ। ਜਿਵੇਂ ਕਮਲ ਦੇ ਪੱਤੇ ਨੂੰ ਪਾਣੀ ਦੀ ਬੂੰਦ ਛੂਹ ਨਹੀਂ ਸਕਦੀ ਇਸ ਤਰ੍ਹਾਂ ਉਨ੍ਹਾਂ ਨੂੰ ਖੁਸ਼ੀ ਅਤੇ ਗ਼ਮੀ ਛੂਹ ਨਹੀਂ ਸਕਦੀ। ਇਕ ਰਸ ਅਨੰਦ ਵਿਚ ਮਗਨ ਰਹਿੰਦੇ ਹਨ ਅਤੇ ਸਰੀਰਕ ਤੌਰ ਤੇ ਜੱਗ ਨੂੰ ਤਾਰਨ ਦੀ ਲੀਲ੍ਹਾ ਕਰਦੇ ਹਨ। ਜਿਹੜੇ ਅਜਿਹੇ ਗੁਰੂ ਦੀ ਸਤਿਸੰਗਤ ਕਰਦੇ ਹਨ, ਉਨ੍ਹਾਂ ਦੀ ਉਪਮਾ ਕੌਣ ਜਾਣ ਸਕਦਾ ਹੈ॥ ੧੭॥

ਦੋਹਰਾ- ਉਦਾਸੀਨ ਬ੍ਰਿਤਿ ਮੈਂ ਸਦਾ ਸ੍ਰੀ ਬੇਦੀ ਕੁਲਕੇਤੁ।
ਅਸ ਬਿਧਿ ਦਿਵਸ ਬਿਤਾਵਈਂ ਜਗ ਤਾਰਨ ਕੇ ਹੇਤੁ॥ ੧੮॥

ਸ੍ਰੀ ਬੇਦੀ ਕੁਲ ਦੇ ਦੁਲਾਰੇ ਸਦਾ ਉਦਾਸੀਨ ਬ੍ਰਿਤੀ ਵਿਚ ਰਹਿੰਦੇ ਹਨ। ਇਸ ਵਿਧੀ ਅਨੁਸਾਰ ਜੱਗ ਨੂੰ ਤਾਰਨ ਵਾਸਤੇ ਦਿਨ ਬਤੀਤ ਕਰਦੇ ਹਨ॥ ੧੮॥

ਕਬਿੱਤ- ਬਹੁਰੋ ਜੈਰਾਮ ਚਲਿ ਆਯੋ ਸਸੁਰਾਰ ਧਾਮ, ਜਾਂਕੋ ਅਭਿਰਾਮ ਬੇਖ ਲੇਨੇ ਹਿਤ ਨਾਨਕੀ।
ਸੁਨਿਕੇ ਬੁਲਾਰ ਨੈ ਬੁਲਾਇ ਪਠਾ ਤਾਤਕਾਲ, ਆਇ ਮਿਲਜੋ ਭਲੀ ਰੀਤਿ ਕਰੀ ਸਨਮਾਨ ਕੀ।
ਕੁਸ਼ਲ ਪ੍ਰਸੰਗ ਕਰਿ, ਰਿਦੇ ਮੈਂ ਅਨੰਦ ਧਰਿ ਬੋਲਜੋ ਸਮਝਾਨ ਹਿਤ ਬਿਧਿ ਗਤਿਦਾਨ ਕੀ।
'ਕਲਾਵਾਨ ਨਾਨਕ ਸੁਜਾਨ ਕੋ ਤੂੰ ਭਲੇ ਮਾਨ, ਕਲਹ ਕਰਤਿ ਕਾਲੂ ਸਮਝ ਨ ਸਜਾਨ ਕੀ॥੧੯॥

ਬਾਅਦ ਵਿਚ ਜੈ ਰਾਮ ਆਪਣੇ ਸਹੁਰੇ ਘਰ ਆਇਆ, ਜਿਸ ਨੇ ਬੇਬੇ ਨਾਨਕੀ ਹਿਤ ਸੁੰਦਰ ਪੋਸ਼ਾਕ ਪਹਿਨੀ ਹੋਈ ਸੀ। ਜਦ ਰਾਇ ਬੁਲਾਰ ਨੂੰ ਉਸ ਦੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਤਤਕਾਲ ਉਸ ਨੂੰ ਸੱਦ ਭੇਜਿਆ। ਭਾਈ ਜੈ ਰਾਮ ਉਸ ਨੂੰ ਜਾ ਮਿਲਿਆ ਅਤੇ ਬੜਾ ਆਦਰ ਤੇ ਸਨਮਾਨ ਕੀਤਾ।

ਸੁਖ-ਸਾਂਦ ਪੁੱਛ ਪੁਛਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਮੁਕਤੀਦਾਤੇ ਭਾਵ- ਗੁਰੂ ਜੀ ਬਾਰੇ ਸਮਝਾਉਣ ਹਿਤ ਕਿਹਾ, "ਕਲਾਵਾਨ ਅਤੇ ਚਤੁਰ ਨਾਨਕ ਨੂੰ ਤੂੰ ਭਲਾ ਮੰਨ, ਕਾਲੂ ਉਸ ਨਾਲ ਝਗੜਾ ਕਰਦਾ ਹੈ ਤੇ ਨਾਨਕ ਨੂੰ ਸਮਝਣ ਦੀ ਉਸ ਵਿਚ ਸਿਆਣਪ ਨਹੀਂ॥ ੧੯॥

ਮੇਰੋ ਕਹਜੋ ਮਾਨਿ ਨਿਜ ਰਾਖੋ ਘਰ ਮਾਨ ਸਨ ਉਤੇ ਕਿਤ ਥਾਨ ਬਿਧਿ ਬਜਾਹਿ ਕੀ ਮਿਲੀਜੀਏ।
ਸੇਵਉ ਸਭਿ ਭਾਂਤਿ ਸੋਂ ਮਿਟਾਇ ਮਨ ਭ੍ਰਾਤ ਮੀਤ ! ਭੂਲ ਹੂੰ ਨ ਪ੍ਰਤਿਕੂਲ ਹੋਨੀ ਮਤਿ ਕੀਜੀਏ।
ਸ੍ਵਾਰਥ ਪ੍ਰਮਾਰਥ ਮੈਂ ਜਨਮ ਪਦਾਰਥ ਕੋ ਚਾਹੋ ਜਿ ਸਕਾਰਥਾ ਤੋ ਨੀਕੇ ਲਖਿ ਲੀਜੀਏ।
ਏਕ ਤੋ ਕਹਿਨ ਮੇਰੋ ਦੂਜੇ ਸਨਬੰਧ ਤੇਰੋ ਤੀਜੇ ਨਿਜ ਭਲਾ ਹੇਰੋ ਸੇਵਾ ਮੈਂ ਪ੍ਰਸੀਜੀਏ॥੨੦॥

ਮੇਰਾ ਕਿਹਾ ਮੰਨੋ ਤੇ ਉਸ ਨੂੰ ਆਪਣੇ ਘਰ ਆਦਰ ਮਾਣ ਨਾਲ ਰਖੋ, ਉਧਰੋ ਕਿਸੇ ਥਾਂ ਜੁਗਤੀ ਕਰਕੇ ਉਸ ਦਾ ਵਿਆਹ ਕਰ ਦੇਣਾ। ਮਨ ਦੇ ਸਾਰੇ ਭਰਮ ਦੂਰ ਕਰਕੇ ਸਭ ਭਾਂਤ ਉਸ ਦੀ ਸੇਵਾ ਕਰੋ। ਜੇ ਭੁੱਲ ਵੀ ਹੋ ਜਾਵੇ ਤਾਂ ਆਪਣੀ ਬੁੱਧੀ ਨੂੰ ਉਸ ਦੇ ਪ੍ਰਤਿਕੂਲ ਨਹੀਂ ਕਰਨਾ ਹੈ ਭਾਵ- ਉਸ ਦੇ ਉਲਟ ਨਹੀਂ ਹੋ ਜਾਣਾ ਹੈ।

ਜੇ ਤੁਸੀਂ ਸਵਾਰਥੀ ਪ੍ਰਮਾਰਥ ਵਿਚ ਆਪਣੇ ਜਨਮ ਪਦਾਰਥ ਨੂੰ ਸਕਾਰਥਾ ਬਣਾਉਣਾ ਚਾਹੁੰਦੇ ਹੋ ਤਾਂ ਮੇਰੀ ਇਹ ਗੱਲ ਸਮਝ ਲਵੋ। ਇਕ ਤਾਂ ਮੇਰੇ ਕਹਿਣ ਤੇ, ਦੂਜਾ ਤੁਹਾਡਾ ਸੰਬੰਧੀ ਹੋਣ ਕਰਕੇ, ਤੀਜਾ ਜੇ ਆਪਣਾ ਨਿੱਜੀ ਭਲਾ ਚਾਹੁੰਦੇ ਹੋ ਤਾਂ ਉਸ ਦੀ ਸੇਵਾ ਵਿਚ ਲੱਗ ਜਾਵੋ॥ ੨੦॥

ਦੋਹਰਾ- ਕਲਹੀ ਕਾਲੂ ਕਲਹਿ ਕਰਿ, ਯਾਂਤੇ ਰਹਹਿ ਉਦਾਸ।
ਜਾਹੁ ਜਬਹਿ ਨਿਜ ਸਦਨ ਕੋ ਪੁਨ ਪਠਵਹੁ ਤੁਮ ਪਾਸ'॥ ੨੧॥

ਝਗੜਾਲੂ ਕਾਲੂ ਉਸ ਨਾਲ ਨਿਤ ਲੜਾਈ ਕਰਦਾ ਹੈ, ਇਸ ਲਈ ਉਹ ਉਦਾਸ ਰਹਿੰਦਾ ਹੈ। ਜਦ ਤੁਸੀਂ ਆਪਣੇ ਘਰ ਨੂੰ ਜਾਣ ਲੱਗੋ ਤਾਂ ਉਸ ਨੂੰ ਆਪਣੇ ਪਾਸ ਲੈ ਜਾਵੋ"॥ ੨੧॥

ਸ੍ਵੈਯਾ- ਜੈਰਾਮ ਤਬੈ ਹਰਖਾਇ ਰਿਦੇ ਕਹਿ 'ਭਾਗ ਜਗੇ ਅਪਨੇ ਵਡ ਜਾਨੋਂ।
ਜਿਨਕੀ ਉਪਮਾ ਤੁਮ ਆਪ ਕਰੋ ਸੁ ਚਲੈਂ ਮਮ ਧਾਮ ਕ੍ਰਿਤਾਰਥ ਮਾਨੋਂ।
ਧਨ ਤੇ ਤਨ ਤੇ ਮਨ ਤੇ ਜਨ ਤੇ ਸਭਿ ਆਇਸੁ ਮੈਂ ਤਿਨ ਕੀ ਸਿਰ ਠਾਨੋ'।
ਕਹਿ ਯੋ ਉਠਿ ਬੰਦਨ ਕੀਨਿ ਬੁਲਾਰ ਕੋ, ਹੋਇ ਬਿਦਾ ਸੁ ਨਿਕੇਤ ਸਿਧਾਨੋ॥੨੨॥

ਭਾਈ ਜੈ ਰਾਮ ਤਦ ਇਹ ਕਹਿ ਕੇ ਬੜਾ ਪ੍ਰਸੰਨ ਹੋਇਆ, "ਇਹ ਸਮਝੋ ਮੇਰੇ ਤਾਂ ਭਾਗ ਹੀ ਜਾਗ ਪਏ, ਜਿਸ ਦੀ ਤੁਸੀਂ ਏਨੀ ਉਪਮਾ ਕਰਦੇ ਹੋ, ਜੇ ਉਹ ਮੇਰੇ ਘਰ ਚਲੇ ਤਾਂ ਮੇਰੇ ਤੇ ਬਹੁਤ ਵੱਡਾ ਕ੍ਰਿਤਾਰਥ ਹੋਇਆ ਮੰਨੋ।

ਧਨ ਨਾਲ, ਤਨ ਨਾਲ, ਮਨ ਨਾਲ ਤੇ ਦਾਸ ਬਣ ਕੇ ਉਸ ਦੀ ਹਰ ਪ੍ਰਕਾਰ ਦੀ ਆਗਿਆ ਮੈਂ ਆਪਣੇ ਸਿਰ ਤੇ ਲਵਾਂਗਾ।" ਇਹ ਕਹਿ ਕੇ ਉਠ ਕੇ ਰਾਇ ਬੁਲਾਰ ਨੂੰ ਨਮਸ਼ਕਾਰ ਕੀਤੀ ਅਤੇ ਆਪਣੇ ਘਰ ਨੂੰ ਚਲੇ ਗਏ॥ ੨੨॥

ਸੋਰਠਾ- ਲੀਨਿ ਭਾਰਜਾ ਸਾਥ ਡੋਲੇ ਮਹਿ ਚਢਿਵਾਇ ਕਰਿ।
ਮਿਲ ਸ੍ਰੀ ਨਾਨਕ ਸਾਥ ਸਾਸ ਸਸੁਰ ਕੋ ਨਮੋ ਕਰਿ॥ ੨੩॥

ਆਪਣੀ ਪਤਨੀ ਨੂੰ ਡੋਲੇ ਵਿਚ ਬਿਠਾ ਕੇ ਨਾਲ ਲੈ ਲਿਆ ਅਤੇ ਸ੍ਰੀ ਨਾਨਕ ਤੇ ਸੱਸ ਸਹੁਰੇ ਨੂੰ ਨਮਸ਼ਕਾਰ ਕੀਤੀ॥ ੨੩॥

ਸਨੇ ਸਨੇ ਪ੍ਰਸਥਾਨ ਯੁਤ ਦਾਸਨ ਕੇ ਘਰ ਗਯੋ।
ਸਿਮਰਤਿ ਸਤੁਤਿ ਬਖਾਨ ਸ੍ਰੀ ਨਾਨਕ ਕੋ ਦੰਪਤੀ॥ ੨੪॥

ਚਲ ਚਲ ਕੇ ਦਾਸਾਂ ਸਹਿਤ ਆਪਣੇ ਘਰ ਪਹੁੰਚ ਗਏ, ਦੰਪਤੀ ਭਾਵ- ਭਾਈ ਜੈ ਰਾਮ ਅਤੇ ਬੇਬੇ ਨਾਨਕੀ ਨੇ ਗੁਰੂ ਨਾਨਕ ਦੀ ਉਸਤਤ ਵਿਚ ਸ਼ਬਦ ਦਾ ਉਚਾਰਨ ਕੀਤਾ॥ ੨੪॥

ਸ੍ਵੈਯਾ- ਤਾਂ ਪਸ਼ਚਾਤ ਰਹੇ ਜਸ ਭਾਂਤਿ ਕਹੋਂ ਤਸ ਗਾਥ ਸੁਨੋ ਸੁਖਦਾਨੀ !
ਯੋਗ ਕੀ ਰੀਤਿ ਨਿਕੇਤ ਬਿਖੈ ਵਰਤੈਂ, ਨਿਰਲੇਪ ਵਿਖੇਪਤਾ ਹਾਨੀ।
ਜੈਸ ਬਿਦੇਹ ਰਹਯੋ ਗ੍ਰਿਹਸਤਾਸ੍ਰਮ, ਹੈ ਅਜ ਲੌ ਪਰਤੱਛ ਕਹਾਨੀ।
ਪਾਵਕ ਬੀਚ ਬਿਭੂਤ ਛਪੈ ਤਿਵ ਰਾਖੀ ਛਪਾਇ ਕਲਾ ਗੁਨਖਾਨੀ॥ ੨੫॥

ਭਾਈ ਬਾਲਾ ਜੀ ਕਹਿੰਦੇ ਹਨ, "ਹੇ ਸੁਖਦਾਤੇ ਗੁਰੂ ਅੰਗਦ ਦੇਵ ਜੀ! ਬਾਅਦ ਵਿਚ ਗੁਰੂ ਨਾਨਕ ਜੀ ਜਿਸ ਤਰ੍ਹਾਂ ਰਹੇ ਤੈਸੀ ਕਥਾ ਤੁਸੀਂ ਸੁਣੋ। ਘਰ ਵਿਚ ਯੋਗ ਦੀ ਰੀਤੀ ਵਰਤਦੇ ਸਨ ਤੇ ਹਰ ਵੇਲੇ ਨਿਰਲੇਪ ਤੇ ਵਿਖੇਪ ਤੋਂ ਰਹਿਤ ਹੋ ਕੇ ਰਹਿੰਦੇ ਸਨ॥ ੨੪॥

ਜਿਸ ਤਰ੍ਹਾਂ ਜਨਕ ਜੀ ਗ੍ਰਹਿਸਤ ਆਸ਼੍ਰਮ ਵਿਚ ਰਹੇ, ਅੱਜ ਉਹ ਪ੍ਰਤੱਖ ਕਹਾਣੀ ਸੁਣੋ। ਜਿਵੇਂ ਅੱਗ ਵਿਚ ਸਵਾਹ ਲੁਕੀ ਹੁੰਦੀ ਹੈ, ਇਸ ਤਰ੍ਹਾਂ ਗੁਣਾਂ ਦੇ ਖ਼ਜ਼ਾਨੇ ਨੇ ਆਪਣੀ ਕਲਾ ਨੂੰ ਛੁਪਾ ਕੇ ਰਖਿਆ ਹੈ॥ ੨੫॥

ਸੋਰਠਾ- ਲਖਿ ਨ ਸਕਹਿ ਅਨਜਾਨ ਬਕਹਿਂ ਸਿ ਅਸ ਮਿਲ ਪਰਸਪਰ।
'ਕਾਜ ਕਠਨ ਜਗ ਜਾਨਿ ਬਿਨ ਮਤਿ ਹੋਇ ਨ ਆਵਈ'॥ ੨੬॥

ਅਨਜਾਣ ਆਦਮੀ ਉਸ ਨੂੰ ਸਮਝ ਨਹੀਂ ਸੀ ਸਕਦਾ ਤੇ ਸਾਰੇ ਮਿਲ ਕੇ ਉਹ ਇਸ ਤਰ੍ਹਾਂ ਕਹਿੰਦੇ ਹਨ, "ਜਗਤ ਨੂੰ ਜਾਣਨ ਤੋਂ ਬਗੈਰ ਕੰਮ ਕਰਨਾ ਬੜਾ ਕਠਿਨ ਹੈ ਅਤੇ ਸਮਝ ਵੀ ਨਹੀਂ ਆਉਂਦੀ ਹੈ"॥ ੨੬॥

ਸ੍ਰੀ ਬੇਦੀ ਕੁਲ ਚੰਦ ਰਹਤਿ ਸਮਾਨ ਸੁਭਾਇ ਮੈਂ।
ਕਮਲਨ ਸੇ ਮਤਿਮੰਦ ਕੈਸੇ ਸਕਹਿਂ ਪਛਾਨ ਸੋ॥ ੨੭॥

ਸ੍ਰੀ ਬੇਦੀ ਕੁਲ ਦੇ ਚੰਦ ਸਦਾ ਇਕ ਸਮਾਨ ਸੁਭਾਅ ਵਿਚ ਰਹਿੰਦੇ ਹਨ, ਭਾਵ-ਨਾ ਉਹ ਕਦੇ ਗੁੱਸੇ ਵਿਚ ਆਉਂਦੇ ਹਨ ਅਤੇ ਨਾ ਹੀ ਬਹੁਤ ਖੁਸ਼ ਹੁੰਦੇ ਹਨ। ਕਮਲ ਫੁਲ ਵਰਗੇ ਦੁਰਬੁੱਧੀ ਵਾਲੇ ਲੋਕ ਗੁਰੂ ਨਾਨਕ ਜੀ ਨੂੰ ਕਿਵੇਂ ਪਛਾਣ ਸਕਦੇ ਸਨ ?॥ ੨੭॥

ਧਰਮਧੁਰੀਨ ਅਗਾਧ ਅਸ ਬਿਧਿ ਸਮਾਂ ਬਿਤਾਵਈ।
ਚਲਿ ਕਰਿ ਆਯੋ ਸਾਧ ਏਕ ਦਿਵਸ ਤਲਵੰਡਿਕਾ॥ ੨੮॥

ਧਰਮ ਧਾਰਨ ਵਾਲੇ, ਅਗਾਧ ਪੁਰਸ਼ ਨੂੰ ਇਸ ਜੁਗਤੀ ਅਨੁਸਾਰ ਸਮਾਂ ਹੀ ਪ੍ਰਗਟ ਕਰੇਗਾ। ਇਕ ਦਿਨ ਤਲਵੰਡੀ ਚਲ ਕੇ ਇਕ ਸਾਧ ਆਇਆ॥ ੨੮॥

ਕਬਿੱਤ- ਰੀਤਿ ਤਨ ਸੰਤ ਕੀ ਅਤੀਤ ਬੈਠੋ ਆਨਿ ਇਕ ਨੱਗਰ ਵਹਿਰ ਬਰ ਆਸਨ ਡਸਾਇਕੇ।
ਤਾਂਹੀ ਸਮੇਂ ਸਹਿਜ ਸੁਭਾਇ ਗਏ ਨਾਨਕ ਜੀ ਬੈਸੇ 'ਕਰਤਾਰ ਕਰਤਾਰ' ਤਾਂ ਸੁਨਾਇਕੇ।
ਕੰਚਨ ਕੀ ਮੁੰਦ੍ਰਿਕਾ ਸੁਹਾਇ ਛੁੱਦ੍ਰ ਆਂਗੁਰੀਮੈਂ, ਲੋਟਾ ਹਾਥ ਲੀਏ ਉਪਕਾਰੀ ਜੇ ਸੁਭਾਇਕੇ।
ਬੂਝਤਿ ਅਤੀਤ 'ਕੌਨ ਨਾਮ ਤੇ ਬਰਨ ਰੀਤਿ ਕਹੋ ਪਰਤੀਤ ਨਿਜ ਚੀਤ ਕੀ ਜਨਾਇਕੈ' ॥੨੯॥

ਸਰੀਰ ਤੇ ਸੰਤ ਦਾ ਰੂਪ ਬਣਾ, ਪਿੰਡ ਦੇ ਬਾਹਰ ਇਕ ਚੰਗਾ ਆਸਣ ਵਿਛਾ ਕੇ ਬੈਠ ਗਿਆ। ਉਸ ਸਮੇਂ ਗੁਰੂ ਨਾਨਕ ਦੇਵ ਜੀ ਸਹਿਜ ਸੁਭਾਅ ਉਥੇ ਗਏ, ਉਸ ਨੂੰ 'ਕਰਤਾਰ ਕਰਤਾਰ' ਕਹਿ ਕੇ ਬੈਠ ਗਏ। ਗੁਰੂ ਜੀ ਨੇ ਸੋਨੇ ਦੀ ਮੁੰਦਰੀ ਆਪਣੀ ਛੋਟੀ ਉਂਗਲੀ ਵਿਚ ਪਾਈ ਹੋਈ ਸੀ ਤੇ ਹੱਥ ਵਿਚ ਲੋਟਾ ਫੜਿਆ ਹੋਇਆ ਸੀ। ਗੁਰੂ ਨਾਨਕ ਜੀ ਨੂੰ ਵੇਖ ਉਹ ਸਾਧੂ ਪੁੱਛਣ ਲੱਗਾ, "ਤੁਹਾਡਾ ਨਾਂ ਕੀ ਹੈ, ਕਿਹੜਾ ਵਰਨ, ਕਿਹੜੀ ਰੀਤੀ ਹੈ ਅਤੇ ਆਪਣੇ ਚਿੱਤ ਦੀ ਪ੍ਰਤੀਤ ਨੂੰ ਸਮਝਾ ਕੇ ਦੱਸੋ?" ॥੨੯॥

'ਨਾਨਕ ਹੈ ਨਾਮ ਨਿਰੰਕਾਰੀ ਤਨ ਬੇਖ ਜਾਨ ॥ਖੱਤ੍ਰੀ ਕੀ ਜਾਤਿ ਗੋਤ ਬੇਦੀ ਮਮ ਜਾਨੀਏ'।
ਕਹੈ ਸੰਤ ਵਾਕ 'ਤੁਮ ਆਪ ਨਿਰੰਕਾਰੀ ਭਏ ? ਉੱਤਰ ਬਤਾਇ ਹਮ ਕੌਨ ਤੇ ਪ੍ਰਮਾਨੀਏ'।
'ਰਾਵਰਿ ਤੇ ਸੰਤ ਰੂਪ ਮਤੇ ਹੈ ਅਨੂਪ ਸ਼ੁਭ ਭਏ ਨਿਰੰਕਾਰ ਹੂੰ ਕੇ ਭੇਦ ਨ ਪਛਾਨੀਏ'।
ਐਸੇ ਕਹਿ ਵਾਕ ਲੀਨੀ ਕਰ ਤੇ ਉਤਾਰਿ ਛਾਪ ਲੋਟੇ ਕੇ ਸਮੇਤ ਤਾਂਹਿ ਦੀਨੀ ਸੁਖ ਦਾਨੀਏ॥੩੦॥

ਗੁਰੂ ਨਾਨਕ ਜੀ ਨੇ ਉੱਤਰ ਦਿੱਤਾ, "ਨਾਨਕ ਮੇਰਾ ਨਾਂ ਹੈ ਤੇ ਨਿਰੰਕਾਰੀ ਮੇਰੇ ਸਰੀਰ ਦਾ ਵੇਸ ਜਾਣੋ। ਖੱਤਰੀ ਮੇਰੀ ਜਾਤੀ ਹੈ ਅਤੇ ਗੋਤ ਮੇਰੀ ਬੇਦੀ ਸਮਝੋ।" ਇਹ ਸੁਣ ਕੇ ਸੰਤ ਨੇ ਕਿਹਾ, "ਤੁਸੀ ਆਪ ਨਿਰੰਕਾਰੀ ਬਣੇ ਹੋ। ਪਰ ਅਸੀਂ ਕਿਵੇਂ ਪ੍ਰਮਾਣ ਕਰੀਏ, ਤੁਹਾਡੇ ਪਾਸ ਇਸ ਦਾ ਕੀ ਸਬੂਤ ਹੈ? ਸਾਡੀ ਇਸ ਗੱਲ ਦਾ ਉੱਤਰ ਦੇਵੋ।"

"ਆਪ ਦਾ ਤਾਂ ਸੰਤ ਰੂਪ ਮਤ ਹੈ, ਅਨੂਪ ਸ਼ੁਭ ਬਣੇ ਹੋ, ਪਰ ਨਿਰੰਕਾਰ ਦੇ ਭੇਦ ਨੂੰ ਪਹਿਚਾਣਦੇ ਨਹੀਂ।" ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਆਪਣੇ ਹੱਥ ਤੋਂ ਛਾਪ ਲਾਹ ਲਈ ਤੇ ਲੋਟੇ ਸਮੇਤ ਸੁਖਾਂ ਦੇ ਦਾਤੇ ਨੇ ਸਾਧੂ ਨੂੰ ਦੇ ਦਿੱਤੀ॥ ੩੦॥

ਕਹੇ ਪੁਨ ਸੰਤ 'ਹਮੈਂ ਪਹੁੰਚੀ, ਸੁ ਲੇਹੁ ਅਬ, ਨਹੀਂ ਮੋਹਿ ਕਾਮ ਨਿਜ ਧਾਮ ਲੈ ਸਿਧਾਈਏ'।
'ਏਕ ਬਾਰ ਦੇਇ ਕਰਿ ਤਾਂਹਿ ਕੋ ਸੋ ਲੇਹਿਂ ਹਮ, ਦੇਤਿ ਕਰ ਲੇਤਿ ਜੌਨ, ਧਰਮ ਲਜਾਈਏ'।
ਹੋਇਕੈ ਪ੍ਰਸੰਨ ਸੰਤ ਕਹਤਿ 'ਪੂਛੰਨਬੇਖ, ਲੇਤਿ ਕਰਤਾਰ ਸੁਧ ਐਸੇ ਜਾਨ ਪਾਈਏ'।
ਸੰਤ ਤਬ ਚਲਜੋ ਗਯੋ, ਨਾਨਕ ਸਦਨ ਅਯੋ, ਸੁੰਦਰ ਬਦਨ ਨਿਜ ਸਿੱਖ ਸੁਖਦਾਈਏ॥੩੧॥

ਸਾਧੂ ਨੇ ਕਿਹਾ, "ਸਾਨੂੰ ਇਹ ਮੁੰਦਰੀ ਲੋਟਾ ਮਿਲ ਗਿਆ ਹੈ, ਤੁਸੀਂ ਹੁਣ ਵਾਪਿਸ ਲੈ ਲਵੋ, ਮੇਰੇ ਇਹ ਕਿਸੇ ਕੰਮ

ਨਹੀ, ਤੁਸੀ ਇਨ੍ਹਾਂ ਨੂੰ ਆਪਣੇ ਘਰ ਲੈ ਜਾਵੋ।'' ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਇਕ ਵਾਰ ਹੱਥੀ ਦੇ ਕੇ ਫਿਰ ਵਾਪਸ ਲਈਏ ਇਹ ਵਾਜਿਬ ਨਹੀ, ਦੇ ਕੇ ਫਿਰ ਵਾਪਸ ਲੈਣ ਨਾਲ ਧਰਮ ਨੂੰ ਲਾਜ ਲਗਦੀ ਹੈ।''

ਪ੍ਰਸੰਨ ਹੋ ਕੇ ਸੰਤ ਨੇ ਕਿਹਾ, ''ਗੁਪਤ ਰੂਪ ਵਿਚ ਕਰਤਾਰ ਖਬਰ ਲੈ ਲੈਂਦੇ ਹਨ, ਇਸ ਤਰ੍ਹਾਂ ਸਮਝ ਪਈ ਹੈ।'' ਸੰਤ ਫਿਰ ਚਲਿਆ ਗਿਆ, ਸ੍ਰੀ ਨਾਨਕ ਆਪਣੇ ਸਿੱਖਾਂ ਦੇ ਸੁਖਦਾਈ, ਸੁੰਦਰ ਮੁਖੜੇ ਵਾਲੇ ਆਪਣੇ ਘਰ ਆ ਗਏ॥ ੩੧॥

ਕਾਲੂ ਕਰ ਦੇਖਿ ਕਹਜੋ, ਕੋਪ ਮੈਂ ਬਿਸੇਖ, ਮੁਖ ਭਾਖੈ ਦੁਰਬਾਚ 'ਅਬ ਸਾਚ ਕਹੋ ਮੋਹਿ ਕੋ।
ਲੋਟਾ ਤੈਂ ਗਵਾਇ ਛਾਪ ਦੀਨੀ ਕੋਨ ਜਾਇ ਸੁਤ ! ਸਦਾ ਦੁਖਦਾਇ ਮਤਿ ਆਵਤਿ ਨ ਤੋਹਿ ਕੋ।
ਕਹਾਂ ਲੋ ਪੁਕਾਰੋਂ, ਨਹਿਂ ਲੀਨਿ ਤੈਂ ਸਮ੍ਹਾਰੋ, ਭੋਨ ਕੀਨ ਯੌਂ ਉਜਾਰੋ, ਮੁਰ ਕਹਜੋ ਜਿ ਨ ਪੋਹਿ ਕੋ।
ਇੱਛਾ ਜਹਿਂ ਜੱਯੈ, ਹਮ ਧਾਮ ਹੂੰ ਨ ਅੱਯੈ, ਨਿਜ ਖੱਯੈ ਜੋ ਕਮੱਯੈ ਕਹਜੋ ਰਿਦੈ ਭਰਿ ਛੋਹਿ ਕੋ ॥੩੨ ॥

ਬਾਬਾ ਕਾਲੂ ਖਾਲੀ ਹੱਥ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਤੇ ਮੁੱਖ ਤੋਂ ਬੜੇ ਖੋਟੇ ਬਚਨ ਕਹੇ, ''ਹੁਣ ਮੈਨੂੰ ਸਚੋ ਸੱਚ ਦੱਸ, ਲੋਟਾ ਤੂੰ ਗਵਾ ਆਇਆ ਏਂ ਤੇ ਛਾਪ ਕਿਸ ਨੂੰ ਦਿੱਤੀ ਹੈ? ਸਦਾ ਤੂੰ ਮੈਨੂੰ ਦੁਖੀ ਕਰਦਾ ਹੈਂ, ਤੈਨੂੰ ਅਕਲ ਨਹੀਂ ਆਈ।

ਕਿਥੋਂ ਤਕ ਪੁਕਾਰਾਂ, ਤੂੰ ਕਿਸੇ ਚੀਜ਼ ਨੂੰ ਸੰਭਾਲਦਾ ਹੀ ਨਹੀ, ਤੂੰ ਸਾਰੇ ਘਰ ਨੂੰ ਉਜਾੜ ਦਿੱਤਾ ਹੈ, ਮੇਰਾ ਕੁਝ ਵੀ ਆਖਿਆ ਤੈਨੂੰ ਪੋਹਿੰਦਾ ਨਹੀ। ਜਿਥੇ ਤੇਰੀ ਇੱਛਾ ਕਰਦੀ ਹੈ ਚਲੇ ਜਾ, ਮੁੜ ਕੇ ਮੇਰੇ ਘਰ ਨਾ ਆਵੀਂ, ਆਪ ਖਾਓ ਜੋ ਕਮਾਓ'' ਬੜੇ ਗੁੱਸੇ ਨਾਲ ਬਾਬਾ ਕਾਲੂ ਜੀ ਨੇ ਕਿਹਾ॥ ੩੨॥

'ਛੋਡੀ ਜੋ ਕਮਾਈ ਤੇਰੀ, ਦੀਨੀ ਤੈਂ ਗਵਾਇ ਮੇਰੀ, ਬਨਜ ਬਿਉਹਾਰ ਕੀ ਨ ਮੱਤਿਤੇਰੇ ਪਾਸ ਹੈ।
ਤੂਸ਼ਨੀ ਕਰਤਿ, ਹੌਂਹੂ ਬੋਲਤਿ ਖਪਤਿ ਨਿਤ, ਮਾਨਤਿ ਨ ਬਾਤ ਕਿਧੌਂ ਦੁੱਖ ਹੀ ਕੀ ਰਾਸ ਹੈ'।
ਰਾਇ ਸੰਗ ਧਾਇ ਜਾਇ ਕਹਜੋ ਕਾਹੂ ਭੇਦ ਸਭਿ ਕਾਲੂ ਕੋ ਬੁਲਾਇ ਰਾਇ ਲੀਨਿ ਤਬ ਆਸੁ ਹੈ।
'ਕਹਾਂ ਤੋਹਿ ਭਯੋ, ਨਹਿਂ ਮਾਨੈ ਕਿਮ ਕਹਜੋ, ਬਹੁ ਪ੍ਰਾਕ ਸਮਝਯੋ ਤੇਰੋ ਗਯੋ ਬਿਸਵਾਸ ਹੈ ॥੩੩ ॥

''ਤੇਰੀ ਕਮਾਈ ਤਾਂ ਅਸੀਂ ਛੱਡੀ, ਤੂੰ ਮੇਰੀ ਕਮਾਈ ਵੀ ਗਵਾ ਦਿੱਤੀ ਹੈ, ਵਣਜ ਵਪਾਰ ਕਰਨ ਦੀ ਵੀ ਅਕਲ ਤੇਰੇ ਪਾਸ ਨਹੀਂ ਹੈ। ਤੂੰ ਆਪ ਚੁੱਪ ਕਰ ਰਹਿੰਦਾ ਹੈਂ ਤੇ ਮੈਂ ਬੋਲ ਬੋਲ ਕੇ ਨਿੱਤ ਖੱਪਦਾ ਰਹਿੰਦਾ ਹਾਂ, ਮੇਰੀ ਗੱਲ ਕਦੀ ਵੀ ਮੰਨਦਾ ਨਹੀ, ਜਿਵੇਂ ਤੂੰ ਕਿਤੇ ਦੁੱਖਾਂ ਦੀ ਖਾਣ ਹੋਵੇਂ।''

ਗੁਰੂ ਨਾਨਕ ਜੀ ਉਸੇ ਵੇਲੇ ਰਾਇ ਬੁਲਾਰ ਦੇ ਪਾਸ ਚਲੇ ਗਏ ਤੇ ਉਸ ਨੂੰ ਸਾਰੀ ਗੱਲ ਦੱਸੀ। ਰਾਇ ਬੁਲਾਰ ਨੇ ਛੇਤੀ ਹੀ ਕਾਲੂ ਨੂੰ ਬੁਲਾਇਆ। ''ਤੈਨੂੰ ਕੀ ਹੋ ਗਿਆ ਹੈ, ਮੇਰੀ ਕਹੀ ਹੋਈ ਗੱਲ ਨੂੰ ਮੰਨਦਾ ਹੀ ਨਹੀ, ਮੈਂ ਪਹਿਲਾਂ ਵੀ ਕਈ ਵਾਰ ਤੈਨੂੰ ਸਮਝਾਇਆ ਹੈ, ਹੁਣ ਤਾਂ ਤੇਰਾ ਵਿਸ਼ਵਾਸ ਹੀ ਨਹੀ ਰਿਹਾ ਹੈ॥ ੩੩॥

ਦੋਹਰਾ- ਪੱਥਰ ਤੇ ਨਿਠੁਰੋ ਅਧਿਕ, ਜਲ ਮਮ ਬਚ ਕਿਮ ਭੇਦ।
ਨਾਨਕ ਕਦਲੀ ਕੋਮਲੰ ਪੋਨ ਜਿਵੇਂ ਦੇ ਖੇਦ॥ ੩੪॥

ਤੂੰ ਤਾਂ ਪੱਥਰ ਵਾਂਗ ਸਖਤ ਹੈਂ, ਮੇਰੇ ਬਚਨ ਤਾਂ ਪਾਣੀ ਵਰਗੇ ਹਨ, ਇਹ ਪੱਥਰ ਨੂੰ ਕਿਵੇਂ ਵਿੰਨ੍ਹ ਸਕਦੇ ਹਨ? ਨਾਨਕ ਤਾਂ ਕੇਲੇ ਵਾਂਗ ਕੋਮਲ ਹੈ। ਇਸ ਨੂੰ ਤਾਂ ਪੌਣ ਵੀ ਦੁੱਖ ਨਹੀ ਦੇ ਸਕਦੀ ਹੈ'॥ ੩੪॥

ਸ੍ਵੈਯਾ- ਨਾਨਕ ਤਾਤ ਕਹੀ ਤਬ ਬਾਤ 'ਸੁਨੋ, ਕਰ ਛਾਪ ਹੁਤੀ ਸੁਧ ਨਾਂਹੀ।
ਜਾਨਤਿ ਨਾਂਹਿ ਨ ਕਾਹਿ ਕਰੀ, ਕਿਹ ਗੇਰ ਦਈ ਕਿ ਦਈ ਕਿਸ ਪਾਹੀ?
ਹੌਂ ਅਨੁਮਾਨ ਤੇ ਜਾਨਤਿ ਹੌਂ ਮਨ, ਗੋਸ਼ਟੀ ਨਿੱਤ ਫਕੀਰਨ ਕਾ ਹੀ।
ਦੇ ਤਿਨ ਕੋ ਨ ਬਤਾਵਤਿ ਹੈ ਪੁਨ ਤੂਸ਼ਨ ਧਾਰਤਿ ਹੈ ਮੁਖ ਮਾਂਹੀ॥ ੩੫॥

ਨਾਨਕ ਦੇ ਪਿਤਾ ਜੀ ਨੇ ਫਿਰ ਗੱਲ ਕਹੀ, "ਸੁਣੋ ! ਇਸ ਦੇ ਹੱਥ ਵਿਚ ਛਾਪ ਸੀ, ਪਰ ਉਸ ਦੀ ਇਸ ਨੂੰ ਕੋਈ ਖ਼ਬਰ ਨਹੀ। ਇਹ ਵੀ ਨਹੀ ਜਾਣਦਾ ਕਿ ਉਸ ਦਾ ਕੀ ਬਣਿਆ ਅਤੇ ਕਿਸਨੂੰ ਦਿੱਤੀ ? ਕੀ ਉਸ ਨੂੰ ਡੇਗ ਦਿੱਤਾ ਜਾਂ ਕਿਸੇ ਨੂੰ ਦੇ ਦਿੱਤੀ?

ਕੋਈ ਅਨੁਮਾਨ ਹੋਵੇ ਤਾਂ ਮਨ ਵਿਚ ਜਾਣਦਾ ਹੋਵੇ, ਨਿਤ ਫਕੀਰਾਂ ਨਾਲ ਗੋਸ਼ਟੀ ਕਰਦਾ ਹੈ। ਉਨ੍ਹਾਂ ਫਕੀਰਾਂ ਨੂੰ ਦੇ ਦਿੰਦਾ ਹੈ ਅਤੇ ਫਿਰ ਦੱਸਦਾ ਵੀ ਨਹੀਂ ਤੇ ਮੁੱਖ ਵਿਚ ਚੁੱਪ ਧਾਰਨ ਕਰ ਲੈਂਦਾ ਹੈ॥ ੩੫॥

ਹੌਂ ਕਿਹ ਤੇ ਜਿ ਕਮਾਇ ਕੈ ਆਨਤਿ ਖੋਵਤਿ ਹੈ ਨ ਵਿਚਾਰ ਕਰਾਹੀ।
ਜੋ ਇਸ ਬੈਸ ਸਮਾਨ ਹੁਤੇ ਘਰ ਕਾਰ ਸੰਭਾਰਿ ਲਈ ਸਭਿ ਤਾਂਹੀ।
ਔਰ ਨ ਜਾਨਤਿ ਕਾਜ ਕਛੂ ਇਹ ਦੇਵਨ ਕੋ ਸਭਿ ਤੇ ਸਰਸਾਹੀ।
ਖਟਿ ਨ ਚਾਹਤਿ ਮੈਂ ਇਹ ਕੀ ਕਬ, ਆਪ ਕਮਾਇ ਕੈ ਆਪ ਹੀ ਖਾਹੀ॥ ੩੬॥

ਜੇ ਇਹ ਕਿਸੇ ਥਾਂ ਤੋਂ ਕਮਾ ਕੇ ਗਵਾ ਦੇਵੇ ਤਾਂ ਉਹ ਗੱਲ ਵਿਚਾਰਨ-ਯੋਗ ਨਹੀ ਅਤੇ ਨਾ ਹੀ ਮੈਂ ਪ੍ਰਵਾਹ ਕਰਾਂਗਾ, ਪਰ ਇਸ ਦੀ ਉਮਰ ਦੇ ਬਰਾਬਰ ਕੋਈ ਹੋਰ ਵੀ ਹੁੰਦਾ ਤਾਂ ਘਰ-ਬਾਰ ਨੂੰ ਪੂਰੀ ਤਰ੍ਹਾਂ ਸੰਭਾਲ ਲੈਂਦਾ।

ਹੋਰ ਤਾਂ ਕੋਈ ਨਾ ਕੋਈ ਕੰਮ ਜਾਣਦੇ ਹਨ, ਪਰ ਇਹ ਤਾਂ ਹੋਰਨਾਂ ਨੂੰ ਦੇਣ ਵਿਚ ਸਭ ਤੋਂ ਅੱਗੇ ਹੈ, ਮੈਂ ਤਾਂ ਇਸ ਦੀ ਖੱਟੀ ਕਮਾਈ ਕਦੀ ਨਹੀਂ ਚਾਹੀ, ਪਰ ਇਸ ਨੂੰ ਚਾਹੀਦਾ ਹੈ ਕਿ ਆਪ ਕਮਾ ਕੇ ਆਪ ਖਾਵੇ॥ ੩੬॥

ਰਾਇ ਜੀ ਮੋਹਿ ਗੁਨਾਹਿ ਵਿਚਾਰਹੁ ਕੋ ਲਗ ਹੋਇ ਨਿਬਾਹਕ ਯਾਹੀ।
ਹੌਂ ਮਹਿਰੋਂ ਤਬ ਕਿਉਂ ਨਿਭਿਹੈ ਅਬ ਬੈਸ ਜੁਵਾ ਨਹਿੰ ਕਾਰ ਕਮਾਹੀ'।
ਰਾਇ ਬੁਲਾਰ ਵਿਚਾਰਿ ਕਹੀ 'ਨਿਤ ਰਾਰ ਹੁਵੈ ਤੁਮਰੇ ਘਰ ਮਾਂਹੀ।
ਨਾਨਕ ਕੋ ਅਬ ਧਾਮ ਜੈਰਾਮ, ਕਹਜੋ ਮਮ ਮਾਨ, ਪਠਾਉ ਤਹਾਂਹੀ॥ ੩੭॥

ਰਾਜਾ ਜੀ ! ਮੇਰੇ ਗੁਨਾਹਾਂ ਬਾਰੇ ਵੀ ਵਿਚਾਰ ਕਰੋ, ਜਿਸ ਤਰ੍ਹਾਂ ਮੇਰਾ ਇਸ ਨਾਲ ਨਿਰਬਾਹ ਹੋ ਸਕੇ, ਮੇਰੀ ਇਸ ਨਾਲ ਕਿਵੇਂ ਨਿਭੇਗੀ, ਜੇ ਇਹ ਜਵਾਨ ਉਮਰ ਵਿਚ ਕੁਝ ਕਾਰ ਕਰਕੇ ਕਮਾਈ ਨਹੀ ਕਰੇਗਾ?"

ਰਾਇ ਬੁਲਾਰ ਨੇ ਵਿਚਾਰ ਕੇ ਕਿਹਾ, "ਤੁਹਾਡੇ ਘਰ ਵਿਚ ਨਿਤ ਝਗੜਾ ਰਹਿੰਦਾ ਹੈ, ਮੈਂ ਵਿਚਾਰ ਕੀਤੀ ਹੈ ਕਿ ਸ੍ਰੀ ਨਾਨਕ ਨੂੰ ਹੁਣ ਜੈ ਰਾਮ ਦੇ ਘਰ ਭੇਜ ਦਈਏ, ਜੇ ਤੁਸੀ ਕਹੋ ਤਾਂ ਮੈਂ ਹੁਣੇ ਹੀ ਭੇਜ ਦਿੰਦਾ ਹਾਂ॥ ੩੭॥

ਰਿਸ ਸੌਂ ਦੁਰਬਾਕ ਕਹੈ ਨਿਤ ਹੀ ਦੁਖ ਨਾਨਕ ਰੰਜ ਸਦਾ ਘਰ ਮਾਂਹੀ॥
ਨਹਿੰ ਮੇਲ ਬਨੈ ਤੁਮਰੋ ਉਨਕੋ ਜਿਮ ਪੂਰਬ ਪੱਛਮ ਦ੍ਵੈ ਨਰ ਜਾਹੀਂ।
ਮਨ ਲੋਲਪਤਾ ਤਵ, ਤਾਂਹਿ ਉਦਾਰਤਿ ਸੰਤ ਸੁਭਾਇ ਸਦਾ ਕਰੁਨਾ ਹੀ'।
ਪੁਨ ਸੇਵਕ ਭੇਜ ਬੁਲਾਇ ਕੈ ਨਾਨਕ ਪਾਸ ਬਸਾਇ ਕੈ ਸਾਦਰ ਪ੍ਰਾਹੀ॥ ੩੮॥

ਗੁੱਸੇ ਵਿਚ ਆ ਕੇ ਤੁਸੀਂ ਬਹੁਤ ਭੈੜੇ ਸ਼ਬਦ ਕਹੇ ਹਨ ਅਤੇ ਨਿਤ ਨਾਨਕ ਨਾਲ ਘਰ ਵਿਚ ਲੜਦੇ ਰਹਿੰਦੇ ਹੋ। ਤੁਹਾਡਾ ਉਸ ਨਾਲ ਕਦੇ ਵੀ ਮੇਲ ਨਹੀ ਹੋਣਾ, ਜਿਵੇਂ ਪੂਰਬ ਪੱਛਮ ਕਦੇ ਵੀ ਆਪਸ ਵਿਚ ਮਿਲ ਨਹੀਂ ਸਕਦੇ।

ਤੇਰਾ ਮਨ ਬਹੁਤ ਲੋਭੀ ਹੈ, ਇਸ ਕਰਕੇ ਹੀ ਸੰਤ ਸੁਭਾਅ ਅਤੇ ਕਿਰਪਾਲੂ ਨੂੰ ਸਦਾ ਹੀ ਡਾਂਟਦੇ ਰਹਿੰਦੇ ਹੋ।" ਫਿਰ ਗੁਰੂ ਨਾਨਕ ਪਾਸ ਨੌਕਰ ਨੂੰ ਭੇਜ ਕੇ ਉਨ੍ਹਾਂ ਨੂੰ ਬੜੇ ਆਦਰ ਸਤਿਕਾਰ ਨਾਲ ਬੁਲਾਇਆ॥ ੩੮॥

ਦੋਹਰਾ- 'ਪਤੀਆ ਮੈਂ ਲਿਖ ਦੇਯ ਹੌਂ ਜਾਵੋ ਪੁਰਿ ਸੁਲਤਾਨ।
ਪਰਚਹੁਗੇ, ਸੁਖ ਪਾਇ ਹੌਂ, ਕਾਲੂ ਕਲਹਿ ਨਿਦਾਨ'॥ ੩੯॥

ਫਿਰ ਗੁਰੂ ਜੀ ਨੂੰ ਕਹਿਣ ਲੱਗੇ, "ਮੈਂ ਇਕ ਚਿੱਠੀ ਲਿਖ ਦਿੰਦਾ ਹਾਂ ਤੁਸੀਂ ਸੁਲਤਾਨਪੁਰ ਲੋਧੀ ਵਿਖੇ ਚਲੇ ਜਾਵੋ, ਉਥੇ ਜਾ ਕੇ ਸੁਖ ਪਾਉਗੇ, ਕਿਉਂਕਿ ਇਥੇ ਮਹਿਤਾ ਕਾਲੂ ਕਲੇਸ਼ ਦਾ ਖਜ਼ਾਨਾ ਹੈ, ਇਸ ਤਰ੍ਹਾਂ ਉਸ ਦੀ ਲੜਾਈ ਵੀ ਮੁੱਕ ਜਾਏਗੀ"॥ ੩੯॥

ਸੋਰਠਾ- ਇਹ ਬਿਧਿ ਕਹਿ ਕਰਿ ਰਾਇ ਪਾਤੀ ਲਿਖੀ ਜੈਰਾਮ ਕੋ।
'ਨਾਨਕ ਤੁਮ ਢਿਗ ਆਇ ਭਾਗ ਵਡੇ ਨਿਜ ਜਾਨੀਏ॥ ੪੦॥

ਇਸ ਤਰ੍ਹਾਂ ਕਹਿ ਕੇ ਰਾਇ ਬੁਲਾਰ ਨੇ ਜੈ ਰਾਮ ਦੇ ਨਾਂ ਤੇ ਇਕ ਚਿੱਠੀ ਲਿਖ ਕੇ ਦਿੱਤੀ। ਲਿਖਿਆ ਸੀ, "ਸ੍ਰੀ ਨਾਨਕ ਤੁਹਾਡੇ ਪਾਸ ਆ ਰਹੇ ਹਨ, ਆਪਣੇ ਵੱਡੇ ਭਾਗ ਸਮਝੋ॥ ੪੦॥

ਭੁਜੰਗ ਛੰਦ- ਜਿਤੀ ਸੇਵ ਹੋਵੈ ਕਰੋ ਆਪ ਯਾਂਕੀ'। ਲਿਖੀ ਰਾਇ ਐਸੇ ਭਯੋ ਪ੍ਰੇਮ ਛਾਕੀ।
ਦਈ ਹਾਥ ਮੈਂ ਹੇਰਿ ਰੂਪੰ ਦਇਆਲਾ। ਬੁਲਾਯੋ ਮੁਝੇ ਸੰਗ ਦੇਨੇ ਕ੍ਰਿਪਾਲਾ॥੪੧॥

ਜਿਵੇਂ ਵੀ ਸੇਵਾ ਕਰ ਸਕਦੇ ਹੋ, ਇਨ੍ਹਾਂ ਦੀ ਆਪ ਸੇਵਾ ਕਰੋ", ਰਾਇ ਬੁਲਾਰ ਨੇ ਇਸ ਪ੍ਰਕਾਰ ਪ੍ਰੇਮ ਭਰੀ ਚਿੱਠੀ ਲਿਖੀ, ਦਿਆਲੂ ਗੁਰੂ ਜੀ ਦਾ ਸੁੰਦਰ ਰੂਪ ਵੇਖ ਕੇ ਚਿੱਠੀ ਉਸ ਨੂੰ ਫੜਾ ਦਿੱਤੀ ਫਿਰ ਮੈਨੂੰ (ਭਾਈ ਬਾਲਾ) ਬੁਲਾ ਕੇ ਕਿਹਾ ਕਿਰਪਾਲੂ ਗੁਰੂ ਨਾਨਕ ਦੇ ਤੁਸੀਂ ਨਾਲ ਜਾਣਾ ਹੈ॥ ੪੧॥

ਭਰਜੋ ਫੇਰ ਅੰਕੰ ਮੁਖੰ ਲੀਨ ਚੂਮੰ। ਮੁਚਜੋ ਨੈਨ ਨੀਰੰ ਗਿਰੀ ਬੂੰਦ ਭੂਮੰ।
ਮਨੋ ਬਜੋਗ ਪੀਰੰ ਰਿਦੇ ਨ ਸਮਾਵੈ। ਚਖੰ ਦ੍ਵਾਰ ਆਮੇਯ ਬਾਹਜੰ ਸੁ ਆਵੈ॥੪੨॥

ਫਿਰ ਉਸ ਨੇ ਗੁਰੂ ਜੀ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ ਤੇ ਮੁਖੜਾ ਚੁੰਮਿਆ, ਗੁਰੂ ਜੀ ਦੀਆਂ ਅੱਖਾਂ ਤੋਂ ਹੰਝੂ ਵਹਿ ਤੁਰੇ ਅਤੇ ਬੂੰਦਾਂ ਧਰਤੀ ਤੇ ਡਿੱਗੀਆਂ। ਵਿਛੋੜੇ ਦੀ ਪੀੜ ਹਿਰਦੇ ਵਿਚ ਨਹੀਂ ਸੀ ਸਮਾਉਂਦੀ, ਅੰਦਰ ਦੀ ਪੀੜ ਅੰਦਰ ਨਹੀਂ ਟਿਕਦੀ ਤੇ ਅੱਖਾਂ ਦੁਆਰਾ ਬਾਹਰ ਆ ਰਹੀ ਹੈ॥ ੪੨॥

ਦਿਲਾਸੋ ਦਿਯੋ ਹੈ ਧਰਜੋ ਹਾਥ ਸੀਸੰ। ਬਿਦਾ ਕੀਨਿ, ਪ੍ਰੀਤੰ ਬਹੂਤੀ ਛਿਤੀਸੰ।
ਗਏ ਧਾਮ ਮਾਤਾ ਮਿਲੀ ਅੱਸ੍ਰ ਡਾਰੀ।-ਬਿਧਾਤਾ ਗਤੰ ਨ ਲਖੀ ਜਾਇ ਨਜਾਰੀ॥੪੩॥

ਰਾਇ ਬੁਲਾਰ ਨੇ ਦਿਲਾਸਾ ਦਿੱਤਾ ਤੇ ਸਿਰ ਉੱਤੇ ਹੱਥ ਧਰਿਆ। ਬਹੁਤ ਪ੍ਰੇਮ ਪਿਆਰ ਨਾਲ ਰਾਇ ਬੁਲਾਰ ਨੇ ਉਨ੍ਹਾਂ ਨੂੰ ਵਿਦਾ ਕੀਤਾ। ਰਾਇ ਬੁਲਾਰ ਦੇ ਘਰ ਹੀ ਗੁਰੂ ਜੀ ਦੇ ਮਾਤਾ ਜੀ ਉਨ੍ਹਾਂ ਨੂੰ ਮਿਲੇ। ਇਹ ਵਿਧਾਤਾ ਦੀ ਗਤੀ ਹੈ, ਇਸ ਨੂੰ ਕੋਈ ਵੀ ਸਮਝ ਨਹੀਂ ਸਕਦਾ॥ ੪੩॥

ਇਕੰ ਤਾਤ ਮੇਰੋ ਬਿਯੋਗੀ ਸੁ ਕੀਨੋ। ਨ ਦੇਵੰ ਸਹਾਰਜੋ ਨ ਦੇਖੰਨ ਦੀਨੋ-।
ਭਰੇ ਅੰਕ ਮੈਂ ਸੀਤ ਸ੍ਵਾਸੰ ਨਿਕਾਰੇ। ਬਢੀ ਪੀਰ ਮਾਨੋ ਹੁਵੈਂ ਪ੍ਰਾਨ ਨਜਾਰੇ॥੪੪॥

ਮੇਰਾ ਇਕ ਹੀ ਪੁੱਤਰ ਹੈ, ਉਹ ਵੀ ਮੈਨੂੰ ਵਿਛੋੜਾ ਦੇ ਰਿਹਾ ਹੈ। ਮੈਥੋਂ ਇਹ ਵਿਛੋੜਾ ਝੱਲਿਆ ਨਹੀਂ ਜਾਂਦਾ, ਨਾ ਮੈਂ ਰੱਜ ਕੇ ਆਪਣੇ ਪੁੱਤਰ ਨੂੰ ਵੇਖ ਹੀ ਸਕੀ ਹਾਂ। ਆਪਣੇ ਪੁੱਤਰ ਨੂੰ ਗਲਵੱਕੜੀ ਵਿਚ ਲੈਂਦੀ ਹੈ ਅਤੇ ਠੰਢੇ ਸਾਹ ਭਰਦੀ ਹੈ। ਬਹੁਤ ਪੀੜ ਅਨੁਭਵ ਕਰ ਰਹੀ ਹੈ ਮਾਨੋ ਪ੍ਰਾਣ ਨਿਕਲ ਰਹੇ ਹਨ॥ ੪੪॥

ਕਹੋ 'ਤਾਤ! ਤੇਰੇ ਬਿਨਾ ਕੈਸ ਜੀਵੋਂ। ਸਹਜੋ ਜਾਇ ਨਾਂਹੀ ਬਿਖੈ ਘੋਰ ਪੀਵੋਂ।
ਕਿਆ ਮੈਂ ਨਿਹਾਰੋਂ ਸੁ ਪਾਛੈ ਇਕਾਕੀ। ਹੁਤੋ ਸੁਨ ਏਕੋ ਸਮੀਪੰ ਨ ਤਾਂਕੀ॥੪੫॥

"ਹੇ ਪੁੱਤਰ! ਦਸੋ, ਮੈਂ ਤੇਰੇ ਬਗੈਰ ਕਿਵੇਂ ਜੀ ਸਕਾਂਗੀ। ਮੈਂ ਤੇਰਾ ਵਿਛੋੜਾ ਬਰਦਾਸ਼ਤ ਨਹੀਂ ਕਰ ਸਕਾਂਗੀ ਅਤੇ ਜ਼ਹਿਰ ਘੋਲ ਕੇ ਪੀ ਲਵਾਂਗੀ। ਮੈਂ ਇਕੱਲੀ ਪਿਛੋਂ ਕਿਸ ਨੂੰ ਵੇਖਾਂਗੀ। ਜੇ ਇਕ ਹੋਰ ਪੁੱਤਰ ਮੇਰੇ ਪਾਸ ਹੁੰਦਾ ਤਾਂ ਮੈਨੂੰ ਕਿਸੇ ਗੱਲ ਦੀ ਘਾਟ ਨਾ ਹੁੰਦੀ"॥ ੪੫॥

ਕਰੀ ਬੰਦਨਾ ਮਾਤ ਕੋ ਰੋਤਿ ਛੋਰੀ। ਪਿਤਾ ਕੋ ਨਮੋ ਕੀਨਿ ਦੋ ਹਾਥ ਜੋਰੀ।
ਸਖਾ ਕੋ ਮਿਲੇ ਜੋ ਹੁਤੇ ਬਾਲ ਪਜਾਰੇ। ਮੁੜੇ ਸੰਗ ਲੇ ਫੇਰ ਪੰਥੰ ਪਧਾਰੇ॥੪੬॥

ਜਦ ਮਾਂ ਨੇ ਰੋਣਾ ਛੱਡਿਆ ਤਾਂ ਮਾਤਾ ਜੀ ਨੂੰ ਬੰਦਨਾ ਕੀਤੀ ਅਤੇ ਪਿਤਾ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ। ਫਿਰ ਉਹ ਆਪਣੇ ਪਿਆਰੇ ਬਾਲ ਦੋਸਤਾਂ ਨੂੰ ਮਿਲੇ ਤੇ ਫਿਰ ਮੈਨੂੰ ਆਪਣੇ ਨਾਲ ਲੈ ਕੇ ਰਾਹੇ ਰਾਹ ਚਲ ਪਏ॥ ੪੬॥

ਵਿਖੈ ਤੇ ਵਿਰਾਗੰ ਵਿਚਾਰੰ ਕਹਾਨੀ। ਮਗੰ ਜਾਤਿ ਭਾਖੈਂ ਭਲੇ ਮੋਖਦਾਨੀ।
ਪੁਰੀ ਨੀਯਰਾਨੀ ਕਟੀ ਬਾਟ ਸਾਰੀ। ਪ੍ਰਵੇਸ਼ੰ ਬਜ਼ਾਰੰ ਕਿਯੋ ਹੇਰਿ ਚਾਰੀ॥੪੭॥

ਰਾਹ ਵਿਚ ਤੁਰੇ ਜਾਂਦੇ ਵੈਰਾਗ ਦੀ ਕਹਾਣੀ ਵਿਚਾਰ ਰਹੇ ਸਨ ਅਤੇ ਮੁਕਤੀਦਾਤੇ ਰਾਹ ਵਿਚ ਦੋਹੀਂ ਪਾਸੀਂ ਵੇਖਦੇ ਤੁਰੇ ਜਾ ਰਹੇ ਸਨ। ਫਿਰ ਸੁਲਤਾਨਪੁਰ ਨਗਰੀ ਨੇੜੇ ਆ ਗਈ ਤੇ ਸਾਰਾ ਪੰਧ ਮੁੱਕ ਗਿਆ। ਬਜ਼ਾਰਾਂ ਵਿਚ ਪ੍ਰਵੇਸ਼ ਕੀਤਾ ਤੇ ਚਾਰ-ਚੁਫੇਰੇ ਵੇਖ ਕੇ ਬਹੁਤ ਪ੍ਰਸੰਨ ਹੋਏ॥ ੪੭॥

ਗਏ ਧਾਮ ਜੈਰਾਮ ਬੇਦੀਨ ਰਾਈ। ਤਬੈ ਨਾਨਕੀ ਸੋਦਰੀ ਦੇਖਿ ਧਾਈ।
ਉਭੈ ਪੈਰ ਪੈ ਆਨਿਕੈ ਸੀਸ ਧਾਰਯੋ। ਦਯਾ ਐਨ ਯੌਂ ਦੇਖਿ ਬੈਨੰ ਉਚਾਰਯੋ॥੪੮॥

ਬੇਦੀਆਂ ਦੇ ਰਾਜੇ ਭਾਈ ਜੈ ਰਾਮ ਦੇ ਘਰ ਗਏ। ਤਦ ਭੈਣ ਬੇਬੇ ਨਾਨਕੀ ਵੇਖ ਕੇ ਭੱਜੀ ਆਈ। ਦੋਵਾਂ ਚਰਨਾਂ ਤੇ ਆ ਕੇ ਸੀਸ ਰਖਿਆ। ਇਹ ਵੇਖ ਕੇ ਦਿਆਲੂ ਗੁਰੂ ਜੀ ਨੇ ਇਨ੍ਹਾਂ ਬਚਨਾਂ ਦਾ ਉਚਾਰਨ ਕੀਤਾ॥ ੪੮॥

ਵੱਡੀ ਸੋਦਰੀ ਮੋਹਿ ਤੇ ਬੈਸ ਤੇਰੀ। ਕਰੌਂ ਬੰਦਨਾ ਯੋਗਤਾ ਹੈ ਸੁ ਮੇਰੀ।
ਅਪੁਠੀ ਕਰੀ ਬਾਤ ਯੋਗੁ ਨ ਐਸੇ। ਕਿਯੋ ਸੋਦਰੀ ਜੋ ਅਬੈ ਆਪ ਜੈਸੇ'॥੪੯॥

"ਤੁਸੀਂ ਮੇਰੇ ਵੱਡੇ ਭੈਣ ਜੀ ਹੋ, ਉਮਰ ਵਿਚ ਤੁਸੀਂ ਮੈਥੋਂ ਵੱਡੇ ਹੋ, ਮੈਂ ਤੁਹਾਨੂੰ ਬੰਦਨਾ ਕਰਾਂ, ਇਹ ਮੇਰੇ ਜੋਗ ਬਣਦਾ ਹੈ। ਤੁਸੀਂ ਉਲਟੀ ਗੱਲ ਕੀਤੀ ਹੈ, ਐਸੀ ਗੱਲ ਕੀਤੀ ਹੈ ਜਿਹੜੀ ਕਿ ਬਿਲਕੁਲ ਤੁਹਾਡੇ ਯੋਗ ਨਹੀਂ ਹੈ। ਹੇ ਮੇਰੇ ਵੱਡੇ ਭੈਣ ਜੀ! ਇਹ ਦੱਸੋ ਮੈਂ ਆਪ ਜੈਸਾ ਭਾਵ ਆਪ ਦੇ ਬਰਾਬਰ ਕਿਵੇਂ ਹੋ ਗਿਆ ਹਾਂ?"॥ ੪੯॥

ਕਹੈ ਨਾਨਕੀ 'ਸਾਚ ਜੈਸੇ ਬਖਾਨੀ। ਜੁਈ ਹੋਇ ਭ੍ਰਾਤਾ ਕਹੋ ਸੋ ਪ੍ਰਮਾਨੀ।
ਨਹੀਂ ਭ੍ਰਾਤ ਕਾਂਕੇ, ਜਗੰਦੀਸ਼ ਪੇਖੋਂ। ਰਿਦੇ ਆਪਨੇ ਮੈਂ ਨ ਭ੍ਰਾਤਾ ਭਿ ਲੇਖੋਂ॥੫੦॥

ਬੇਬੇ ਨਾਨਕੀ ਨੇ ਕਿਹਾ, "ਮੈਂ ਸੱਚੀ ਗੱਲ ਕੀਤੀ ਹੈ, ਜੇ ਤਾਂ ਤੁਸੀਂ ਕੇਵਲ ਮੇਰੇ ਭਰਾ ਹੋ ਤਾਂ ਜੋ ਤੁਸੀਂ ਕਹੋਗੇ ਮੈਂ ਮੰਨ ਲਵਾਂਗੀ, ਤੁਸੀਂ ਕਿਸੇ ਦੇ ਭਰਾ ਨਹੀਂ ਹੋ, ਬਲਕਿ ਮੈਂ ਇਹ ਜਾਣਿਆ ਹੈ ਕਿ ਤੁਸੀਂ ਜਗਤ ਦੇ ਈਸ਼ਵਰ ਹੋ। ਮੈਂ ਵੀ ਆਪਣੇ ਚਿਤ ਵਿਚ ਭਰਾ ਨਹੀਂ ਜਾਣਦੀ॥ ੫੦॥

ਨ ਆਦੰ ਨ ਅੰਤੰ ਬਿਅੰਤੰ ਸਰੂਪੰ। ਪਿਤਾ ਹੈ ਨ ਮਾਤਾ ਨ ਬੰਧੰ ਅਨੂਪੰ।
ਨਿਜੰ ਇੱਛ ਤੇ ਦੇਹਿ ਧਾਰੀ ਦਯਾਲੰ। ਉਧਾਰੰਨ ਮੰਦੰ ਜਗੰ ਜੀਵ ਜਾਲੰ॥੫੧॥

ਨਾ ਤੁਹਾਡਾ ਕੋਈ ਆਦਿ ਹੈ, ਨਾ ਅੰਤ ਹੈ ਅਤੇ ਤੁਹਾਡਾ ਸਰੂਪ ਬੇਅੰਤ ਹੈ, ਤੁਹਾਡਾ ਨਾ ਕੋਈ ਪਿਤਾ ਹੈ, ਨਾ ਮਾਤਾ ਹੈ ਅਤੇ ਨਾ ਹੀ ਕੋਈ ਸਕਾ ਸੰਬੰਧੀ ਹੈ। ਆਪਣੀ ਨਿੱਜੀ ਇੱਛਾ ਕਰਕੇ ਦਿਆਲੂ ਨੇ ਆਪਣੀ ਦੇਹ ਧਾਰਨ ਕੀਤੀ ਹੈ। ਸਾਰੇ ਜਗਤ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ ਇਸ ਜਗਤ ਵਿਚ ਆਏ ਹੋ॥ ੫੧॥

ਕਲੀ ਕਾਲ ਮਾਂਹੀ ਬਿਥਾਰੋ ਸੁਚਾਲੀ। ਮਿਟਾਵੋ ਕੁਪੰਥੰ ਕੁਦੰਭੰ ਕੁਚਾਲੀ।
ਸਦਾ ਐਸ ਹੀ ਮੋਹਿ ਕੋ ਦਾਨ ਦੀਜੈ। ਮਤੰ ਨ ਬਿਸਾਰੋ ਕਬੈ, ਯੌਂ ਪ੍ਰਸੀਜੈ॥੫੨॥

ਇਸ ਕਲਜੁਗ ਵਿਚ ਸ੍ਰੇਸ਼ਟਾਚਾਰ ਨੂੰ ਫੈਲਾਵੋ। ਭੈੜੇ ਰਾਹ ਚੱਲਣ ਵਾਲਿਆਂ ਅਤੇ ਖੋਟੀ ਰੀਤੀ ਅਪਣਾਉਣ ਵਾਲਿਆਂ

ਦਾ ਵਿਨਾਸ਼ ਕਰ ਦੇਵੋ। ਮੈਨੂੰ ਸਦਾ ਹੀ ਅਜਿਹਾ ਦਾਨ ਦੇਵੋ। ਚੰਗੀ ਬੁੱਧੀ ਨੂੰ ਕਦੇ ਵੀ ਨਾ ਵਿਸਾਰੋ ਅਤੇ ਇਸ ਤਰ੍ਹਾਂ ਵਿਚਰ ਕੇ ਖੁਸ਼ ਪ੍ਰਸੰਨ ਰਹੋ" ॥ ੫੨ ॥

ਇਤੇ ਮੱਧ ਜੈਰਾਮ ਆਯੋ ਤਹਾਂ ਹੀ। ਸੁਸਾ ਨਾਨਕੀ ਸੋਂ ਮਿਲੇ ਬੈਸ ਜਾਂਹੀ।
ਉਠੇ ਬੰਦਨਾਂ ਕੋ ਨਿਹਾਰੇ ਜਰਾਮਾ। ਹਟਾਯੋ ਇਨੈ ਆਪ ਕੀਨੀ ਪ੍ਰਨਾਮਾ ॥੫੩ ॥

ਏਨੇ ਵਿਚ ਭਾਈ ਜੈਰਾਮ ਉਥੇ ਆ ਗਏ, ਜਿਥੇ ਬੇਬੇ ਨਾਨਕੀ ਆਪਣੇ ਭਰਾ ਨੂੰ ਲੈ ਕੇ ਬੈਠੇ ਸਨ। ਜੈ ਰਾਮ ਨੂੰ ਵੇਖ ਕੇ ਗੁਰੂ ਜੀ ਬੰਦਨਾ ਕਰਨ ਵਾਸਤੇ ਉੱਠ ਖਲੋਤੇ। ਜੈ ਰਾਮ ਨੇ ਫੌਰਨ ਗੁਰੂ ਜੀ ਨੂੰ ਬੰਦਨਾ ਕਰਨ ਤੋਂ ਰੋਕਿਆ ਅਤੇ ਆਪ ਗੁਰੂ ਜੀ ਨੂੰ ਪ੍ਰਣਾਮ ਕੀਤਾ ॥ ੫੩ ॥

ਕਹੇ ਬੈਨ ਜੈਰਾਮ 'ਧਾਮੰ ਪੁਨੀਤਾ। ਭਯੋ ਆਵਨੇ ਤੇ ਉਡੀਕੰਤਿ ਨੀਤਾ।
ਨਿਹਾਲੰ ਕਿਯੋ ਮੋਹਿ ਦੀਨੋ ਦਿਦਾਰੰ। ਅਹੋ ਸੰਤ ਰੂਪੰ ਅਨੂਪੰ ਦਯਾਰੰ ॥੫੪ ॥

ਜੈ ਰਾਮ ਨੇ ਕਿਹਾ, "ਮੇਰੇ ਘਰ ਵਿਚ ਆ ਕੇ ਤੁਸੀਂ ਘਰ ਨੂੰ ਪਵਿੱਤਰ ਕਰ ਦਿੱਤਾ ਹੈ। ਮੈਂ ਸਦਾ ਹੀ ਤੁਹਾਡੇ ਆਉਣ ਦੀ ਉਡੀਕ ਕਰਦਾ ਸੀ। ਆਪਣੇ ਦਰਸ਼ਨ ਦੀਦਾਰ ਦੇ ਕੇ ਮੈਨੂੰ ਤੁਸੀਂ ਨਿਹਾਲ ਕਰ ਦਿੱਤਾ ਹੈ। ਤੁਸੀਂ ਪੂਰਨ ਸੰਤ ਸਰੂਪ ਅਤੇ ਦਿਆਲੂ ਹੋ ॥ ੫੪ ॥

ਚਹੋ ਪੋਸ਼ਿਸ਼ੰ ਜੈਸ ਤੈਸੀ ਹੰਢਾਵੋ। ਰੁਚੈ ਜੋ ਰਿਦੈ ਸੋ ਭਲੀ ਭਾਂਤਿ ਖਾਵੋ।
ਰਹੋ ਬੈਠ ਆਪੰ, ਨਿਕੇਤੰ ਤੁਮਾਰੋ। ਕਰੋ ਸੰਤਿਸੰਗੰ ਸੁ ਨਾਮੰ ਉਚਾਰੋ ॥੫੫ ॥

ਜੇਹੀ ਜੇਹੀ ਪੁਸ਼ਾਕ ਅਤੇ ਭੋਜਨ ਚਾਹੁੰਦੇ ਹੋ, ਉਸ ਤਰ੍ਹਾਂ ਦਾ ਹੀ ਭਲੀ ਭਾਂਤ ਹੰਢਾਵੋ ਅਤੇ ਖਾਵੋ। ਜਿਸ ਤਰ੍ਹਾਂ ਮਰਜ਼ੀ ਬੈਠੋ ਅਤੇ ਰਹੋ, ਇਹ ਤੁਹਾਡਾ ਆਪਣਾ ਘਰ ਹੈ। ਜਿਵੇਂ ਜੀਅ ਆਵੇ ਸਤਿਸੰਗ ਕਰੋ ਅਤੇ ਨਾਮ ਦਾ ਅਭਿਆਸ ਕਰੋ" ॥ ੫੫ ॥

ਦੋਹਰਾ- ਅਸ ਬਿਧਿ ਮਿਲ ਕਰਿ ਪਰਸਪਰ ਦੁਇ ਦਿਸ਼ ਉਰ ਹਰਿਖਾਇ।
ਸ੍ਰੀ ਨਾਨਕ ਸੁ ਪ੍ਰਕਾਸ਼ ਕੋ ਪੂਰਨ ਖੋੜਸ ਧਜਾਇ ॥ ੫੬ ॥

ਇਸ ਤਰ੍ਹਾਂ ਗੁਰੂ ਜੀ, ਬੇਬੇ ਨਾਨਕੀ ਅਤੇ ਭਾਈ ਜੈ ਰਾਮ ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ। ਗੁਰ ਨਾਨਕ ਪ੍ਰਕਾਸ਼ ਗ੍ਰੰਥ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੁੰਦਾ ਹੈ ॥ ੫੬ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਸੁਲਤਾਨ ਪੁਰ ਜਾਵਣਾ ਪ੍ਰਸੰਗ ਬਰਨਨੰ ਨਾਮ ਖੋੜਸਮੋ ਅਧਯਾਯ ॥ ੧੬ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੋਲ੍ਹਵਾਂ ਅਧਿਆਇ ਜਿਸਦਾ ਨਾਮ "ਥਾਲ ਲੋਟਾ ਸਾਧੂ ਨੂੰ ਦਿੱਤਾ, ਸੁਲਤਾਨਪੁਰ ਜਾਣਾ" ਹੈ, ਸਮਾਪਤ ਹੋਇਆ ॥ ੧੬ ॥

# ਅਧਿਆਇ ਸਤਾਰ੍ਹਵਾਂ

*ਮੋਦੀ ਦੀ ਕਾਰ ਆਰੰਭੀ।*

ਦੋਹਰਾ- ਰਾਮ ਦਾਸ ਸ੍ਰੀ ਸਤਿਗੁਰ ਦਾਸਨ ਕੇ ਸੁਖਰਾਸ।
ਜਮ ਪਾਸਨ ਕੇ ਤ੍ਰਾਸ ਕੋ ਕਰਤਿ ਛਿਨਿਕ ਮਹਿ ਨਾਸ਼ ॥ ੧ ॥

ਸ੍ਰੀ ਸਤਿਗੁਰੂ ਰਾਮਦਾਸ ਜੀ, ਦਾਸਾਂ ਲਈ ਸੁੱਖਾਂ ਦੇ ਖਜ਼ਾਨੇ ਹਨ, ਜਮ ਦੀਆਂ ਫਾਹੀਆਂ ਦੇ ਡਰ ਨੂੰ ਇਕ ਛਿਨ ਵਿਚ ਨਾਸ਼ ਕਰਨਹਾਰੇ ਹਨ॥ ੧ ॥

*ਸ੍ਰੀ ਬਾਲਾ ਸੰਧੁਰ ਵਾਚ॥*

ਸ੍ਵੈਯਾ- ਯਾਂ ਬਿਧਿ ਸੋਂ ਮਿਲਿਕੈ ਹਰਖੈਂ ਉਰ ਸਾਦਰ ਸੇਵ ਭਲੇ ਕਰਿਹੀਂ।
ਕਾਲ ਬਿਤਾਵਹਿਂ ਦਯਾਲੁ ਮਹਾਂ ਸੁਲਤਾਨ ਪੁਰੇ ਸੁਖ ਸੋਂ ਫਿਰਿਹੀਂ।
ਤਾਰਨ ਜਾਂ ਅਵਤਾਰ ਧਰਜੋ, ਕਲਿਕੇ ਨਰ ਮੰਦ ਮਹਾਂ ਜਰਿਹੀਂ।
ਬਾਸੁਰ ਏਕ ਸੁਸਾਪਤਿ ਸੋਂ ਭਗਨੀ ਮਿਲਿ ਬੈਸਤਿ ਭੇ ਘਰ ਹੀ॥ ੨ ॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਦੋਵੇਂ ਦਿਰ ਮਿਲ ਕੇ ਬੜੇ ਪ੍ਰਸੰਨ ਹੁੰਦੇ ਹਨ ਅਤੇ ਬੜੇ ਆਦਰ ਨਾਲ ਸੇਵਾ ਕਰਦੇ ਹਨ। ਦਿਆਲੂ ਸਤਿਗੁਰੂ ਜੀ ਸੁਲਤਾਨਪੁਰ ਵਿਖੇ ਆਪਣਾ ਸਮਾਂ ਸੁਖ ਨਾਲ ਫਿਰ ਤੁਰ ਕੇ ਬੜੀ ਮੌਜ ਨਾਲ ਬਤੀਤ ਕਰ ਰਹੇ ਹਨ। ਸੰਸਾਰ ਨੂੰ ਤਾਰਨ ਲਈ ਇਨ੍ਹਾਂ ਅਵਤਾਰ ਧਾਰਿਆ ਹੈ, ਕਿਉਂਕਿ ਕਲਜੁਗ ਦੇ ਮੰਦੀ ਬੁਧੀ ਵਾਲੇ ਨਰ ਸੜ ਬਲ ਰਹੇ ਹਨ। ਇਕ ਦਿਨ ਭਣਵਈਏ ਭਾਈ ਜੈ ਰਾਮ ਅਤੇ ਭੈਣ ਬੇਬੇ ਨਾਨਕੀ ਨਾਲ ਮਿਲ ਕੇ ਘਰ ਵਿਚ ਹੀ ਬੈਠੇ ਹਨ॥ ੨ ॥

ਪੰਕਜ ਨੈਨ ਪ੍ਰਭੂ ਗੁਨ ਐਨ ਭਨੇ ਮੁਖ ਬੈਨ 'ਸੁਨੋ ਮਮ ਬਾਨੀ।
ਕਾਰ ਬਿਹੀਨ ਭਲੇ ਨਹਿਂ ਚੀਨ, ਕਹੈਂ ਪਰਬੀਨ, ਸਭੈ ਜਗ ਜਾਨੀ।
ਹੈ ਜਗ ਰੀਤਿ ਕਰੈਂ ਸਭਿ ਪ੍ਰੀਤ ਸੁ ਕਜੋਂ ਵਿਪਰੀਤ ਕਰੋਂ ਮਨ ਮਾਨੀ।
ਦੇਹੁ ਬਤਾਇ ਜੁਊ ਮਨ ਭਾਇ ਬਿਤਾਇ ਸਮਾ ਪਰਚਾਨ ਜੁ ਪ੍ਰਾਨੀ ॥ ੩ ॥

ਕੰਵਲ ਨੈਣ ਅਤੇ ਪ੍ਰਭੂ ਗੁਣਾਂ ਵਾਲੇ ਗੁਰੂ ਨਾਨਕ ਆਪਣੇ ਮੁਖ ਤੋਂ ਕਹਿਣ ਲੱਗੇ, "ਸਭ ਜੱਗ ਜਾਣਦਾ ਹੈ ਅਤੇ ਸਿਆਣੇ ਪੁਰਸ਼ ਵੀ ਕਹਿੰਦੇ ਹਨ, ਕੰਮ-ਕਾਜ ਕਰਨ ਤੋਂ ਬਗੈਰ ਵਿਹਲੇ ਰਹਿਣਾ ਕੋਈ ਚੰਗਾ ਕੰਮ ਨਹੀਂ, ਕੰਮ-ਕਾਜ ਕਰਨ ਦੀ ਇਸ ਜੱਗ ਦੀ ਰੀਤ ਨੂੰ ਜੇ ਸਾਰੇ ਹੀ ਚੰਗਾ ਕਹਿੰਦੇ ਹਨ ਤਾਂ ਮੈਂ ਕਿਉਂ ਇਸ ਦੇ ਉਲਟ ਕਰਾਂ? ਮੈਨੂੰ ਦੱਸੋ, ਜਿਸ ਤਰ੍ਹਾਂ ਤੁਹਾਡੇ ਮਨ ਭਾਉਂਦਾ ਹੈ ਕਹੋ, ਜਿਵੇਂ ਵੀ ਪ੍ਰਾਣੀ ਸਮਾਂ ਬਤੀਤ ਕਰ ਸਕਦੇ ਹਨ" ॥ ੩ ॥

ਸੁਨਿਕੈ ਭਗਨੀ ਪੁਨ ਬੈਨ ਭਨੇ 'ਮਨ ਗਜਾਨ ਸੁਨੋ ਗੁਨ ਤੋ ਪਰਚਾ।
ਜਗਕੰਤ ਮਤੋ ਚਿਤ ਸੰਤ ਬਿਅੰਤ ਕਰੋ ਮਿਲਿ ਸੰਤਨ ਸੋਂ ਚਰਚਾ।
ਨਰ ਨਾਰਿ ਚਰਾਚਰ ਦੇਨਿ ਦਤਾਰ ਸੁਰਾਸੁਰ ਬ੍ਰਿੰਦ ਕਰੈਂ ਅਰਚਾ।
ਧਨ ਧਾਨ ਪਦਾਰਥ ਜੋ ਘਰ ਮੈਂ, ਕਰੁਨਾ ਤਵ, ਲੇਜ ਕਰੋ ਖਰਚਾ ॥ ੪ ॥

ਗੁਰੂ ਜੀ ਦੀ ਗੱਲ ਸੁਣ ਕੇ ਭੈਣ ਨਾਨਕੀ ਜੀ ਨੇ ਕਿਹਾ, "ਗਿਆਨ ਸੁਣਨਾ ਤੇ ਮਨ ਵਿਚ ਵਿਚਾਰਨਾ ਇਹ ਤੁਹਾਡਾ ਪਰਚਾ ਹੈ, ਤੁਸੀਂ ਜਗਤ ਦੇ ਮਾਲਕ ਹੋ ਜੋ ਤੁਹਾਡੇ ਚਿਤ ਆਵੇ ਕਰੋ, ਬੇਅੰਤ ਸੰਤ ਮਹਾਤਮਾ ਹਨ, ਉਨ੍ਹਾਂ ਨਾਲ ਮਿਲ ਕੇ

ਗਿਆਨ ਗੋਸ਼ਟੀ ਕਰੋ, ਭਿੰਨ-ਭਿੰਨ ਵਿਸ਼ਿਆਂ ਤੇ ਚਰਚਾ ਕਰੋ। ਤੁਸੀਂ ਨਰ ਨਾਰੀ ਜੰਗਮ ਆਦਿ ਦੇ ਦੇਣਹਾਰ ਦਾਤੇ ਹੋ ਅਤੇ ਦੇਵਤੇ ਦੈਂਤ ਸਾਰੇ ਆਪ ਦੀ ਪੂਜਾ ਕਰਦੇ ਹਨ। ਘਰ ਵਿਚ ਜੋ ਵੀ ਧਨ ਅਤੇ ਅੰਨ ਜੋ ਵੀ ਪਦਾਰਥ ਮੌਜੂਦ ਹਨ, ਕਿਰਪਾ ਕਰਕੇ ਉਨ੍ਹਾਂ ਨੂੰ ਲਵੋ ਅਤੇ ਜਿਵੇਂ ਜੀਅ ਕਰੇ ਖਰਚਾ ਕਰੋ"॥ ੪॥

ਵਾਕ ਜਰਾਮ ਭਨੇ ਅਭਿਰਾਮ 'ਜੁ ਕਾਮਨਾ ਹੋਇ ਸੁ ਧਾਮ ਤੇ ਲੀਜੈ।
ਜੇ ਜਗ ਕਾਜ ਸੁ ਪਾਜ ਸਮਾਜ ਤੁਮੈ ਨਹਿੰ ਛਾਜਤਿ ਕਜੌ ਉਰਝੀਜੈ।
ਲਾਜ ਭਰੇ ਮਹਾਂਰਾਜ ਬਿਸਾਰ ਪਚੇ ਨਿਜ ਕਾਜਹਿ ਮੋ ਸੇ ਲਖੀਜੈ।
ਬੈਠ ਰਹੋ, ਜਸੁ ਨਾਮ ਕਹੋ, ਹਰਿ ਪ੍ਰੇਮ ਲਹੋ, ਸੁਖ ਯੌਂ ਮੁਝ ਦੀਜੈ'॥ ੫॥

ਭਾਈ ਜੈ ਰਾਮ ਨੇ ਸੁੰਦਰ ਗੁਰੂ ਜੀ ਨੂੰ ਇਹ ਲਫਜ਼ ਕਹੇ, "ਜਿਸ ਚੀਜ਼ ਦੀ ਵੀ ਕਾਮਨਾ ਹੋਵੇ ਸੋ ਘਰ ਤੋਂ ਲੈ ਲਵੋ, ਜਿਹੜੇ ਜੱਗ ਦੇ ਕਾਰਜ ਹਨ ਉਹ ਸਭ ਫਜ਼ੂਲ ਹਨ, ਤੁਹਾਨੂੰ ਉਹ ਸ਼ੋਭਦੇ ਨਹੀਂ, ਇਨ੍ਹਾਂ ਖਲਜਗਣਾਂ ਵਿਚ ਕਿਉਂ ਫਸਦੇ ਹੋ?

ਰੱਬ ਨੂੰ ਭੁਲਾ ਕੇ ਲਾਜ ਆਉਂਦੀ ਹੈ, ਅਸੀਂ ਤਾਂ ਆਪਣੇ ਨਿੱਜੀ ਕੰਮਾਂ ਵਿਚ ਫਸੇ ਹਾਂ। ਹਮੇਸ਼ਾਂ ਬੈਠੇ ਰਹੋ ਅਤੇ ਹਰੀ ਦਾ ਨਾਮ ਜਪੋ, ਹਰੀ ਦਾ ਪ੍ਰੇਮ ਪਾਵੋ, ਇਸ ਤਰ੍ਹਾਂ ਕਰਕੇ ਮੈਨੂੰ ਸੁਖ ਦੇਵੋ"॥ ੫॥

ਪੁਨ ਪੰਕਜ ਨੈਨ ਭਨੇ ਮੁਖ ਬੈਨ 'ਸੁਸਾ ਸੁਨਿ ਬੇਦ ਬਖਾਨਤਿ ਜੈਸੇ।
ਕਰ ਸੌਂ ਕਰਿ ਕਾਰ ਅਹਾਰ ਕਰੈਂ, ਕਿਰਤਾਰਥ ਦੇਹਿ ਕਰੈਂ ਨਰ ਐਸੇ।
ਧਨ ਆਪ ਕਮਾਇ ਖਵਾਇਕੈ ਖਾਵਤਿ ਭੋਜਨ ਛਾਦਨ ਸਾਧਨ ਦੈ ਸੇ।
ਕਰੁਨਾ ਕਰਿ ਸੰਤ ਉਧਾਰ ਕਰੈਂ ਭਵ ਭੀਤਰ ਫੇਰ ਨ ਆਵਤਿ ਕੈਸੇ'॥ ੬॥

ਫਿਰ ਕੰਵਲ ਨੈਣ ਭਾਵ- ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮੁੱਖ ਤੋਂ ਕਿਹਾ, "ਭੈਣ ਜੀ! ਸੁਣੋ, ਜਿਸ ਤਰ੍ਹਾਂ ਸਭ ਗਿਆਨੀ ਕਹਿੰਦੇ ਹਨ, ਕਿ ਆਪਣੇ ਹੱਥਾਂ ਨਾਲ ਕਿਰਤ ਕਰਕੇ ਭੋਜਨ ਕਮਾ ਕੇ ਆਪਣਾ ਜੀਵਨ ਸਫਲ ਕਰੋ। ਹਰ ਵਿਅਕਤੀ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਧਨ ਆਪ ਕਮਾਇ ਤੇ ਸਾਧੂਆਂ ਨੂੰ ਭੋਜਨ-ਕਪੜਾ ਦੇ ਕੇ ਫਿਰ ਆਪ ਖਾਇ। ਸੰਤ ਕਿਰਪਾ ਕਰਕੇ ਉਧਾਰ ਕਰਨਗੇ ਤੇ ਫਿਰ ਮਨੁੱਖ ਜਨਮ ਮਰਨ ਦੇ ਗੇੜ ਵਿਚ ਕਿਵੇਂ ਆਵੇਗਾ?"॥ ੬॥

ਫੇਰ ਜਰਾਮ ਗਿਰਾ ਉਚਰੀ 'ਤੁਮ ਆਇਸੁ ਮੋ ਮਨ ਹੈ ਅਨੁਸਾਰੀ।
ਮੋਰ ਸਕੌਂ ਨ ਕਹਜੋ ਤੁਮਰੋ ਜਿਨਕੀ ਨੁਤਿ ਰਾਇ ਬੁਲਾਰ ਉਚਾਰੀ।
ਲੇਖਾ ਪਢੇ ਤੋ ਕਹੋ ਮੁਝ ਸੌਂ ਕਛੁ ਲੈ ਦੇਉਂ ਜੋ ਹੁਇ ਲੇਖੇ ਕੀ ਕਾਰੀ'।
'ਹੌਂ ਸਭਿ ਜਾਨਤਿ ਭਾਂਤਿ ਹਿਸਾਬ ਕੀ ਲੇਨੇ ਜੁ ਦੇਨੇ ਭਲੇ ਹੈ ਵਿਚਾਰੀ॥ ੭॥

ਫਿਰ ਜੈ ਰਾਮ ਨੇ ਮਿੱਠੇ ਬੋਲ ਬੋਲੇ, "ਤੁਸੀਂ ਆਗਿਆ ਕਰੋ ਜਿਵੇਂ ਤੁਸੀਂ ਕਹੋਗੇ, ਮੈਂ ਤੁਹਾਡੀ ਆਗਿਆ ਅਨੁਸਾਰ ਕਰਾਂਗਾ। ਤੁਹਾਡਾ ਕਿਹਾ ਮੈਂ ਕਦੇ ਨਹੀਂ ਮੋੜ ਸਕਦਾ ਜਿਸ ਦੀ ਰਾਇ ਬੁਲਾਰ ਨੇ ਏਨੀ ਸਿਫਤ ਕੀਤੀ ਹੈ। ਜੇ ਲੇਖਾ ਪੜ੍ਹਨਾ ਚਾਹੁੰਦੇ ਹੋ ਤਾਂ ਤੁਹਾਨੂੰ ਮੈਂ ਕੁਝ ਲੇਖੇ ਜੋਖੇ ਦਾ ਕੰਮ ਲੈ ਦਿੰਦਾ ਹਾਂ, ਇਸ ਤਰ੍ਹਾਂ ਲੇਖੇ ਦੀ ਕਾਰ ਕਰੋ। ਸਾਰੇ ਹਿਸਾਬ ਦੇ ਤਰੀਕੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜੋ ਲੈਣੇ ਹਨ ਉਹ ਦੇਣੇ ਹਨ, ਚੰਗੀ ਤਰ੍ਹਾਂ ਵਿਚਾਰ ਕਰ ਲਵੋ"॥ ੭॥

ਦੋਹਰਾ- 'ਦੌਲਤ ਖਾਨ ਨਵਾਬ ਕੋ ਮੋਦੀਖਾਨਾ ਲੇਹੁ।
ਤੁਮ ਤੇ ਹੋਇ ਨਿਬਾਹਿ ਜੇ ਕਰੋ ਕਾਜ ਸੁਭ ਏਹੁ'॥ ੮॥

"ਨਵਾਬ ਦੌਲਤ ਖਾਂ ਦਾ ਮੋਦੀਖਾਨਾ ਸੰਭਾਲ ਲਵੋ। ਜੇ ਇਹ ਕੰਮ ਤੁਸੀਂ ਚੰਗੀ ਤਰ੍ਹਾਂ ਨਿਬਾਹ ਸਕਦੇ ਹੋ ਤਾਂ ਇਕ ਕੰਮ ਕਰ ਲਵੋ"॥ ੮॥

ਕਬਿੱਤ- ਭਾਖੀ ਜੋ ਜੈਰਾਮ ਸੋਊ ਨਾਨਕ ਜੀ ਮਾਨਿ ਮਨ ਕਹੈਂ 'ਕਰਤਾਰ ਨਿਰਬਾਹੈ ਮੋਹਿ ਕਾਜ ਕੋ।
ਦੀਨਬੰਧੁ ਦਯਾਨਿਧਿ ਸਦਾ ਹੀ ਪ੍ਰਸਿੱਧ ਸਾਰੇ ਸੰਤਨ ਸਹਾਈ ਰਾਖੈ ਨਿਜ ਨਾਮ ਲਾਜ ਕੋ'।
ਭਾਖਤਿ ਜੈਰਾਮ 'ਤੁਮ ਪਾਸ ਹੋਇ ਆਵੈ ਕਾਮ ਰਿਦੇ ਮੈਂ ਵਿਚਾਰੋਂ ਜਾਨੋਂ ਬਹੁਤ ਸਮਾਜ ਕੋ।
ਚਲੀਏ ਨਬਾਬ ਪਾਸ ਮਿਲੀਏ ਅਵਾਸ ਤਿਂਹ ਕੀਜੈ ਨ ਬਿਲੰਬ ਅਬ ਭਲੋ ਦਿਨ ਆਜ ਕੋ' ॥੯॥

ਜਿਹੜੀ ਗੱਲ ਜੈ ਰਾਮ ਨੇ ਕਹੀ, ਗੁਰੂ ਜੀ ਨੇ ਉਹੋ ਗੱਲ ਮਨ ਵਿਚ ਮੰਨ ਕੇ ਕਿਹਾ, "ਕਰਤਾਰ ਆਪ ਮੇਰੇ ਕਾਰਜ ਨੂੰ ਨਿਬਾਹੇਗਾ। ਦੀਨ ਬੰਧੂ, ਦਇਆ ਦੇ ਖਜ਼ਾਨੇ ਸਭ ਸੰਤਾਂ ਦੀ ਸਹਾਇਤਾ ਕਰਨ ਲਈ ਪ੍ਰਸਿੱਧ ਹਨ। ਆਪਣੇ ਨਾਂ ਦੀ ਲਾਜ ਹਿਤ ਉਹ ਮੇਰੇ ਕੰਮ ਵਿਚ ਵੀ ਸਹਾਇਤਾ ਕਰੇਗਾ।" ਜੈ ਰਾਮ ਨੇ ਕਿਹਾ, "ਤੁਸੀਂ ਉਸ ਪਾਸੋਂ ਹੋ ਆਵੋ, ਕੰਮ ਬਾਰੇ ਆਪਣੇ ਹਿਰਦੇ ਵਿਚ ਵਿਚਾਰ ਕਰੋ, ਤੁਸੀਂ ਬਹੁਤ ਦੁਨੀਆਂ ਨੂੰ ਜਾਣਦੇ ਹੋ। ਚਲੋ ਹੁਣ ਦੌਲਤ ਖਾਂ ਪਾਸ ਉਸ ਦੇ ਘਰ ਜਾਂਦੇ ਹਾਂ, ਹੁਣ ਇਸ ਵਿਚ ਦੇਰ ਨਾ ਕਰੀਏ, ਅੱਜ ਬੜਾ ਭਲਾ ਦਿਨ ਹੈ" ॥ ੯॥

ਸ੍ਵੈਯਾ- ਦੌਲਤ ਖਾਨ ਕੇ ਭੌਨ ਗਏ ਪ੍ਰਭੁ ਜਾਇ ਮਿਲੇ ਸਭਿ ਬਾਤ ਜਨਾਏ।
ਨਾਨਕ ਰੂਪ ਨਿਹਾਰਿ ਨਬਾਬ ਕਹੈ 'ਇਹ ਮੋਦੀ ਕੀ ਕਾਰ ਚਲਾਏ।
ਹੈ ਮਤਿਵਾਨ ਸੁਜਾਨ ਸਾ ਦੀਸਤਿ' ਪੋਸ਼ਿਸ਼ ਦੇਤਿ ਭਯੋ ਹਰਖਾਏ।
ਕਾਰਿਖਕੰ ਪੁਨ ਦੀਨ ਹਜ਼ਾਰ ਜਰਾਮ ਸਮੇਤ ਲਏ ਘਰ ਆਏ॥ ੧੦॥

ਦੌਲਤ ਖਾਂ ਦੇ ਘਰ ਗਏ, ਗੁਰੂ ਜੀ ਜਾ ਕੇ ਮਿਲੇ ਤੇ ਸਾਰੀ ਗੱਲ-ਬਾਤ ਬਾਰੇ ਉਸ ਨੂੰ ਦੱਸਿਆ। ਸ੍ਰੀ ਨਾਨਕ ਦੇ ਰੂਪ ਨੂੰ ਵੇਖ ਕੇ, ਨਵਾਬ ਕਹਿਣ ਲੱਗਾ, "ਕੀ ਇਹ ਮੋਦੀ ਦਾ ਕੰਮ ਕਰ ਲਵੇਗਾ ? ਇਹ ਤਾਂ ਮਸਤ ਸੁਜਾਨ ਜਿਹਾ ਦਿੱਸਦਾ ਹੈ," ਇਕ ਪੁਸ਼ਾਕਾ ਖਿਲਅਤ ਦੇ ਤੌਰ ਤੇ ਦਿੱਤਾ ਤੇ ਵੇਖ ਕੇ ਬਹੁਤ ਖੁਸ਼ ਹੋਇਆ। ਫਿਰ ਇਕ ਹਜ਼ਾਰ ਰੁਪਏ ਦਿੱਤੇ, ਜਿਨ੍ਹਾਂ ਨੂੰ ਲੈ ਕੇ ਜੈ ਰਾਮ ਦੇ ਨਾਲ ਆਪਣੇ ਘਰ ਨੂੰ ਵਾਪਿਸ ਆ ਗਏ॥ ੧੦॥

ਸੋਰਠਾ- ਪਾਯੋ ਤਬ ਬਹ ਆਨ ਆਪਨ ਮਹਿਂ ਸੌਦਾ ਸਭਹਿ।
ਤੋਲ ਦੇਤਿ ਨਿਜ ਪਾਨ ਲੈਨਹਾਰ ਜੋ ਆਵਹੀ॥ ੧੧॥

ਬਾਅਦ ਵਿਚ ਆ ਕੇ ਹੱਟੀ ਵਿਚ ਸਾਰਾ ਸੌਦਾ ਪਾ ਲਿਆ ਤੇ ਆਪਣੇ ਹੱਥੀਂ ਗਾਹਕਾਂ ਨੂੰ ਤੋਲ ਕੇ ਦਿੰਦੇ ਸਨ॥ ੧੧॥

ਦੋਹਰਾ- ਆਇਸੁ ਲੇਕਰਿ ਸੁਸਾ ਕੀ ਖਾਨ ਪਾਨ ਬਿਧਿ ਜੋਇ।
ਆਪਨ ਅਪਨੀ ਮਹਿਂ ਕਰਤਿ ਜਿਮ ਰੁਚਿ ਚਿਤ ਮਹਿਂ ਹੋਇ॥ ੧੨॥

ਇਸ ਤਰ੍ਹਾਂ ਆਪਣੇ ਭੈਣ ਜੀ ਦੇ ਜੋ ਖਾਣ-ਪੀਣ ਦਾ ਪ੍ਰਬੰਧ ਸੀ, ਉਸ ਅਨੁਸਾਰ ਹੀ ਅੰਨ ਪਾਣੀ ਛੱਕ ਲੈਂਦੇ ਸਨ ਤੇ ਆਪ ਜੋ ਕੁਝ ਵੀ ਕਮਾਉਂਦੇ ਸੀ, ਆਪਣੀ ਰੁਚੀ ਅਨੁਸਾਰ ਆਪਣੀ ਹੱਟੀ ਵਿਚ ਜਮ੍ਹਾਂ ਕਰ ਲੈਂਦੇ ਸਨ॥ ੧੨॥

ਕਬਿੱਤ- ਆਵਤਿ ਹਜ਼ਾਰ ਮੋਦੀ ਖਾਨੇ ਕੀ ਚਲਾਇਂ ਕਾਰ ਲੇਤਿ ਜੋਊ ਆਇ ਸੋਊ ਜਾਇ ਹੁਲਸਾਇਕੈ।
ਗੋਧੁਮ ਕੋ ਚੂਨ, ਮਾਖ ਦਾਰ, ਲੋਨ, ਘ੍ਰਿੱਤ ਬਹੁ, ਹਰਦੀ ਮਰਚ ਦੋਊ, ਧਰੇ ਹੈਂ ਮੰਗਾਇਕੈ।
ਫਾਣਤੀ, ਸਿਤੋਪਲ, ਸਿਤਾ ਸੋਂ ਗੁੜ ਆਦਿ ਜੋਊ ਚਣਕ ਜਵਨ ਕੇ ਅੰਬਾਰ ਰਾਖੇ ਲਾਇਕੈ।
ਹੋਤਿ ਭੀਰ ਭਾਰੀ ਲੇਨਹਾਰ ਨਹਿ ਪਾਇਂ ਵਾਰੀ ਦੇਤਿ ਭੁਨਸਾਰੀ ਤੇ ਪ੍ਰਦੋਖ ਲੋ ਗਿਣਾਇਕੈ ॥੧੩॥

ਹਜ਼ਾਰ ਰੁਪਏ ਲਿਆਕੇ ਮੋਦੀ ਦੀ ਕਾਰ ਚਲਾ ਰਹੇ ਸਨ, ਜਿਹੜਾ ਵੀ ਗਾਹਕ ਸੌਦਾ ਲੈਣ ਆਉਂਦਾ ਸੀ ਜੋ ਅਤੇ ਜਿੰਨਾ ਵੀ ਉਹ ਮੰਗਦਾ ਸੀ, ਦੇ ਦਿੰਦੇ ਸਨ ਤੇ ਹਰ ਗਾਹਕ ਬੜਾ ਪ੍ਰਸੰਨ ਹੋ ਜਾਂਦਾ ਸੀ। ਆਪਣੀ ਹੱਟੀ ਵਿਚ ਕਣਕ ਦਾ ਆਟਾ, ਮਾਂਹ

ਦੀ ਦਾਲ, ਲੂਣ, ਘਿਉ, ਹਲਦੀ, ਮਿਰਚ ਆਦਿ ਮੰਗਵਾ ਕੇ ਰੱਖੇ ਹਨ। ਮਿਸ਼ਰੀ, ਪਤਾਸੇ, ਖੰਡ ਆਦਿ ਛੋਲਿਆਂ ਤੇ ਜਵਾਂ ਦੇ ਢੇਰ ਸਾਰੇ ਲਿਆ ਕੇ ਰੱਖੇ ਹਨ। ਬੜੀ ਭੀੜ ਲੱਗੀ ਰਹਿੰਦੀ ਹੈ ਤੇ ਸਵੇਰ ਤੋਂ ਸ਼ਾਮ ਗਾਹਕਾਂ ਦੀ ਵਾਰੀ ਨਹੀਂ ਆਉਂਦੀ ਹੈ॥ ੧੩॥

ਸ੍ਵੈਯਾ- ਯਾ ਬਿਧਿ ਦੇਖਿ ਬਿਸੇਖ ਅਨੰਦਤਿ ਦੰਪਤਿ ਸੰਪਤਿ ਭੂਰ ਭਏ ਤੇ।
ਨਾਨਕੀ ਬੈਨ ਕਹੈ ਪਤਿਸੋਂ 'ਅਬ ਭ੍ਰਾਤ ਰਖੈ ਧਨ ਬਜਾਹਿ ਕਏ ਤੇ।
ਟੋਰਹੁ ਕੋ ਘਰ, ਚਾਹਿ ਰਖੋ ਉਰ, ਹੋਇ ਬਰੋਬਰ ਜੋ ਮਿਲਏ ਤੇ'।
ਕਾਲੂ ਪਿਤਾ ਹਰਖੈ ਸਭਿ ਭਾਂਤਿਨਿ ਤਾਂ ਮਨ ਚਾਹਿ ਭੀ ਈਹਾਂ ਅਏ ਤੇ॥੧੪॥

ਇਹ ਕੁਝ ਵੇਖ ਕੇ ਪਤੀ ਪਤਨੀ ਬਹੁਤ ਪ੍ਰਸੰਨ ਹੁੰਦੇ ਹਨ। ਭੈਣ ਨਾਨਕੀ ਕਹਿੰਦੀ ਹੈ, "ਹੁਣ ਤਾਂ ਭਰਾ ਆਪਣੇ ਵਿਆਹ ਵਾਸਤੇ ਧਨ ਜੋੜ ਕੇ ਰੱਖੇਗਾ। ਗੁਰੂ ਨਾਨਕ ਜੀ ਦੇ ਵਿਆਹ ਵਾਸਤੇ ਕੋਈ ਘਰ ਲਭੋ, ਆਪਣੇ ਹਿਰਦੇ ਵਿਚ ਇਹ ਚਾਹ ਰਖੋ ਕਿ ਉਹ ਸਾਡੇ ਬਰਾਬਰ ਦਾ ਹੋਣਾ ਚਾਹੀਦਾ ਹੈ।" ਜਦ ਪਿਤਾ ਜੀ ਕਾਲੂ ਜੀ ਨੂੰ ਇਹ ਸਭ ਕੁਝ ਦੱਸਿਆ ਗਿਆ ਤਾਂ ਮਨ ਵਿਚ ਬੜਾ ਖੁਸ਼ ਹੋਇਆ ਤੇ ਉਸ ਨੇ ਮਨ ਵਿਚ ਸੁਲਤਾਨਪੁਰ ਆਉਣ ਦੀ ਇੱਛਾ ਪ੍ਰਗਟ ਕੀਤੀ॥ ੧੪॥

ਦੋਹਰਾ- ਸੁਨਿ ਬੋਲਜੋ ਜੈਰਾਮ ਤਬ 'ਕਰਨ ਲਗੇ ਹੈਂ ਕਾਰ।
ਕੋ ਖੱਤ੍ਰੀ ਅਬ ਦੇਖਿਕੈ ਕਰਿਹੈ ਬਜਾਹ ਵਿਚਾਰ'॥੧੫॥

ਜੈ ਰਾਮ ਨੇ ਕਿਹਾ, "ਹੁਣ ਤਾਂ ਕੁਝ ਕੰਮ ਕਰਨ ਲੱਗਾ ਹੈ। ਹੁਣ ਤਾਂ ਕਿਸੇ ਚੰਗੇ ਖੱਤਰੀ ਦਾ ਘਰ ਵੇਖ ਕੇ ਇਸ ਦੇ ਵਿਆਹ ਬਾਰੇ ਵਿਚਾਰ ਕਰਨੀ ਚਾਹੀਦੀ ਹੈ"॥ ੧੫॥

ਕਬਿੱਤ- ਅੰਗਦ ਜੀ ਗਤਿ ਦੈਨ! ਸੁਨੋ ਇਕ ਰੈਨ ਵਿਖੇ ਐਸੇ ਮੈਂ ਉਚਾਰੇ ਬੈਨ 'ਬਿਦਾ ਮੋਹਿ ਦੀਜੀਏ।
ਧਾਮ ਹਮ ਜਾਇਕੈ ਕ੍ਰਿਸ਼ਾਨੀ ਕੋ ਕਮਾਇ ਖਾਇਂ, ਕਰੈਂ ਕ੍ਰਿੱਤ ਆਪਨੀ ਕੋ ਜਾਂਹੀ ਤੇ ਸੁਹੀਜੀਏ'।
ਕੋਮਲ ਕਪੋਲ ਪਰ ਕੁੰਡਲ ਹਲਤਿ ਬੋਲੇ ਮਾਨੋ ਚੰਦ ਮੰਡਲ ਮੈਂ ਮੀਨ ਦੋ ਪਿਖੀਜੀਏ।
'ਬਾਲੇ! ਗੁਜ਼ਰਾਨ ਕਰਿ ਰਿਦੈ ਕਰਤਾਰ ਧਰਿ ਕੈਸੇ ਤੂੰ ਉਦਾਸ ਉਰ ਭੇਦ ਸੋ ਭਨੀਜੀਏ॥੧੬॥

ਭਾਈ ਬਾਲੇ ਨੇ ਕਿਹਾ- ਹੇ ਮੁਕਤੀ ਦਾਤੇ! ਗੁਰੂ ਅੰਗਦ ਦੇਵ ਜੀ! ਸੁਣੋ, ਇਕ ਰਾਤ ਮੈਂ ਇਸ ਤਰ੍ਹਾਂ ਦੇ ਬਚਨ ਕਹੇ, "ਮੈਨੂੰ ਹੁਣ ਛੁੱਟੀ ਦੇਵੋ, ਮੈਂ ਆਪਣੇ ਘਰ ਜਾ ਕੇ ਖੇਤੀ ਕਰਾਂਗਾ ਅਤੇ ਕਮਾਈ ਕਰਕੇ ਖਾਵਾਂਗਾ, ਆਪਣੀ ਕਿਰਤ ਕਰਨੀ ਹੀ ਸੋਭਦੀ ਹੈ।" ਜਿਸ ਦੀਆਂ ਸੁੰਦਰ ਗੱਲ੍ਹਾਂ ਤੇ ਕੁੰਡਲ ਪਏ ਹਿਲ ਰਹੇ ਸਨ, ਭਾਵ- ਗੁਰੂ ਜੀ ਇਸ ਤਰ੍ਹਾਂ ਬੋਲੇ ਜਿਵੇਂ ਚੰਦ ਮੰਡਲ ਵਿਚ ਦੋ ਮੱਛ ਦਿਖਾਈ ਦਿੰਦੇ ਹਨ, "ਬਾਲੇ! ਗੁਜ਼ਾਰਾ ਕਰ ਅਤੇ ਹਿਰਦੇ ਵਿਚ ਕਰਤਾਰ ਨੂੰ ਧਾਰਨ ਕਰ। ਤੂੰ ਕਿਉਂ ਉਦਾਸ ਹੈਂ, ਹਿਰਦੇ ਦੇ ਭਾਵ ਨੂੰ ਖੋਲ੍ਹ ਕੇ ਦੱਸੋ॥ ੧੬॥

ਸ੍ਵੈਯਾ- ਐਸੇ ਨ ਜਾਨ ਸੁਜਾਨ! ਰਿਦੈ ਕ੍ਰਿਤ ਮੋਦੀ ਲਈ ਧਨ ਧਾਮ ਸੰਚਾਰੇ।
ਕੇਤਿਕ ਬਾਸੁਰ ਕਾਲ ਬਿਤਾਵਤਿ ਹੈ ਕਿਹ ਕਾਮ ਜੁ ਕਾਰ ਹਮਾਰੇ?
ਜੋ ਕਰਨੀ ਕ੍ਰਿਤ ਸੋ ਕਰਿ ਹੈਂ, ਜਬ ਆਨ ਚਲੈਂ ਤੁਝ ਲੇਜ ਸੰਗਾਰੇ।
ਹ੍ਵੈ ਗੁਜ਼ਰਾਨ ਹਮਾਰਿ ਤੁਮਾਰਿ ਮਿਲੇ ਕਰਿਯੇ ਇਹ ਕਾਰ ਪਿਆਰੇ'॥੧੭॥

ਹੇ ਮੇਰੇ ਸੁਘੜ ਸਿਆਣੇ ਦੋਸਤ! ਇਸ ਤਰ੍ਹਾਂ ਨਾ ਸਮਝ, ਮੋਦੀ ਦੇ ਕੰਮ ਵਿਚ ਘਰ ਧਨ ਇਕੱਠਾ ਕਰਨ ਲਈ ਕੁਝ ਸਮਾਂ ਹੋਰ ਗੁਜ਼ਾਰਦੇ ਹਾਂ ਅਤੇ ਵੇਖਦੇ ਹਾਂ ਕਿ ਸਾਡਾ ਅਸਲ ਵਿਚ ਕੀ ਕੰਮ ਹੈ ਅਤੇ ਅਸੀਂ ਕੀ ਕੰਮ ਕਰਨਾ ਹੈ? ਜਿਹੜੀ ਕਿਰਤ ਕਰਨੀ ਹੈ ਉਹ ਕਰ ਰਹੇ ਹਾਂ, ਜਦ ਕਿਤੇ ਹੋਰ ਥਾਂ ਜਾਣ ਲੱਗੇ ਤਾਂ ਤੁਹਾਨੂੰ ਨਾਲ ਲੈ ਚਲਾਂਗੇ। ਦੋਵੇਂ ਮਿਲ ਜੁਲ ਕੇ ਗੁਜ਼ਾਰਾ ਕਰੀਏ, ਇਹੋ ਸਾਡਾ ਕੰਮ ਹੈ"॥ ੧੭॥

ਦੋਹਰਾ- ਅਸ ਕਹਿ ਮਮ ਮਨ ਕਰਖ ਲਿਯ ਨਿਕਟ ਰਖਨ ਕੇ ਹੇਤ।
ਤਜਿ ਨ ਸਕੋਂ ਦਰਸ਼ਨ ਸਫਲ ਸ੍ਰੀ ਬੇਦੀ ਕੁਲਕੇਤ॥ ੧੮॥

ਇਹ ਕਹਿ ਕੇ ਮੈਂ ਗੁਰੂ ਜੀ ਦਾ ਮਨ ਖਿੱਚ ਲਿਆ, ਤਾਂਕਿ ਮੈਂ ਉਨ੍ਹਾਂ ਦੇ ਨੇੜੇ ਰਹਿ ਸਕਾਂ ਤੇ ਬੇਦੀ ਕੁਲ ਦੇ ਦੁਲਾਰੇ ਦੇ ਕਦੇ ਵੀ ਦਰਸ਼ਨ ਛੱਡ ਨਾ ਸਕਾਂ, ਭਾਵ ਸਦਾ ਹੀ ਉਹ ਮੇਰੇ ਸਾਹਮਣੇ ਰਹਿਣ॥ ੧੮॥

ਸੋਰਠਾ- ਮੈਂ ਬੋਲਜੋ ਕਰ ਬੰਦਿ 'ਤੁਮ ਰਜਾਇ ਮਾਨੋਂ ਸਦਾ।
ਇਹ ਬਰ ਦੇਹੁ ਮੁਕੰਦ ਭੂਲ ਨ ਪ੍ਰਤਿਕੂਲੋਂ ਕਦਾ॥ ੧੯॥

ਮੈਂ ਹੱਥ ਜੋੜ ਕੇ ਬੋਲਿਆ, "ਮੇਰੀ ਇਕ ਬੇਨਤੀ ਮੰਨੋ, ਹੇ ਮੁਕਤੀਦਾਤੇ! ਮੈਨੂੰ ਇਕ ਵਰ ਦੇਵੋ ਕਿ ਕਦੀ ਵੀ ਮੈਂ ਤੁਹਾਡੇ ਉਲਟ ਕੁਝ ਨਾ ਕਰਾਂ"॥ ੧੯॥

'ਬਾਲੇ! ਤੂੰ ਮਮ ਮਿੱਤ੍ਰ, ਸੱਤਿ ਵਿਖੈਂ ਨਿਤਿ ਮਤਿ ਦ੍ਰਿੜੈ।
ਇਹ ਬਚ ਰਾਖਹੁ ਚਿੱਤ ਜਨਮ ਮਰਨ ਤੇ ਮੁਕਤਿ ਹ੍ਵੈ'॥ ੨੦॥

ਗੁਰੂ ਜੀ ਬੋਲੇ, "ਹੇ ਬਾਲੇ ! ਤੂੰ ਮੇਰਾ ਮਿੱਤਰ ਹੈਂ ਅਤੇ ਸੱਤ ਵਿਚ ਤੇਰੀ ਮੱਤ ਟਿਕ ਜਾਵੇ, ਇਹ ਬਚਨ ਯਾਦ ਰੱਖੇਂ ਤਾਂ ਫਿਰ ਜਨਮ ਮਰਨ ਤੋਂ ਮੁਕਤ ਹੋ ਜਾਵੇਂਗੇ"॥ ੨੦॥

ਅਸ ਸੁਨਿ ਪਦ ਅਰਬਿੰਦ ਮੈਂ ਬੰਦੇ ਕਰ ਬੰਦ ਦੋ।
ਕਹੈਂ ਜੁ ਕ੍ਰਿਤ ਬਖਸ਼ਿੰਦ ਕਰਨ ਲਗਜੋ ਪੁਨ ਕਾਰ ਸੋ॥ ੨੧॥

ਇਹ ਸੁਣ ਕੇ ਕਮਲ ਦੇ ਫੁਲ ਵਰਗੇ ਚਰਨਾਂ ਵਾਲੇ ਗੁਰੂ ਜੀ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। । ਜਿਵੇਂ ਕਿਰਤ ਬਖਸ਼ਣ ਵਾਲੇ ਕਹਿੰਦੇ ਸਨ ਫਿਰ ਮੈਂ ਉਸ ਤਰ੍ਹਾਂ ਹੀ ਕੰਮ ਕਰਨ ਲੱਗ ਗਿਆ॥ ੨੧॥

ਅਪਰ ਥਾਨ ਤੇ ਆਣਿ ਸੌਦਾ ਆਪਨ ਮੈਂ ਧਰੌਂ।
ਆਪਨ ਕਿਧੌਂ ਨਿਧਾਨ ਹੋਤਿ ਅਤੋਟਹਿ ਵਸਤੁ ਸਭਿ॥ ੨੨॥

ਹੋਰ ਥਾਵਾਂ ਤੋਂ ਸੌਦਾ ਖਰੀਦ ਕੇ ਹੱਟੀ ਵਿਚ ਪਾ ਲਿਆ, ਹੱਟੀ ਫਿਰ ਨਿਰਾ ਹੱਟੀ ਨਹੀਂ ਰਹੀ ਸੀ, ਬਲਕਿ ਇਕ ਵੱਡਾ ਭੰਡਾਰ ਬਣ ਗਿਆ ਸੀ॥ ੨੨॥

ਦੋਹਰਾ- ਜਾਚਕ ਕਰਿ ਹੈਂ ਜਾਚਨਾ ਪਾਵਹਿ ਪਰਮ ਪ੍ਰਸਾਦਿ।
ਸੁਨਿ ਸੁਨਿ ਆਵਹਿਂ ਅਨਿਕ ਪੁਨ ਦੇਵਹਿਂ ਸਭਿਨਿ ਅੰਨਾਦ ॥੨੩॥

ਮੰਗਤੇ ਜਦ ਮੰਗਣ ਦੀ ਖਾਹਿਸ਼ ਪ੍ਰਗਟ ਕਰਦੇ ਹਨ ਤਾਂ ਪਰਮ ਕਿਰਪਾ ਪ੍ਰਾਪਤ ਕਰਦੇ ਹਨ। ਗੁਰੂ ਜੀ ਬਾਰੇ ਸੁਣ ਸੁਣ ਕੇ ਆਉਂਦੇ ਹਨ ਅਤੇ ਅਨੇਕ ਪ੍ਰਕਾਰ ਦੇ ਅੰਨ ਪ੍ਰਾਪਤ ਕਰਦੇ ਹਨ॥ ੨੩॥

ਅਸਨਹੀਨ ਬਸਨੰ ਨਗਨ ਕਰਤਿ ਅਰਥਨਾ ਜੌਨ।
ਛੂਛਾ ਬਹੁਰ ਨ ਜਾਵਈ ਆਵਤਿ ਜੋਊ ਭੌਨ॥ ੨੪॥

ਭੋਜਨ ਤੋਂ ਭੁੱਖਾ, ਵਸਤਰਾਂ ਤੋਂ ਨੰਗਾ, ਜੋ ਕੋਈ ਕੁਝ ਮੰਗਦਾ ਹੈ, ਖਾਲੀ ਹੱਥ ਨਹੀਂ ਸੀ ਜਾਂਦਾ, ਜਿਹੜਾ ਇਕ ਵਾਰ ਗੁਰੂ ਨਾਨਕ ਦੇਵ ਜੀ ਦੇ ਭੰਡਾਰ ਤੇ ਆ ਜਾਂਦਾ ਸੀ॥ ੨੪॥

ਸ੍ਵੈਯਾ- ਦੌਲਤ ਖਾਨ ਕੋ ਥੋਰੋ ਉਠਾਵਨ, ਤਾਂਹਿ ਤੇ ਹੋਤਿ ਵਿਸ਼ੇਖ ਹੀ ਦਾਨਾ।
ਕੀਰਤੀ ਕਉ ਸੁਨਿ ਧਾਵਤਿ ਆਵਤਿ ਪਾਵਤਿ ਜੋ ਅਰਥੀ ਅਨੁਮਾਨਾ।

ਚੂਨ ਤੇ ਲੋਨ ਘ੍ਰਿਤਾਦਿ ਤੇ ਜੇ ਵਥੁ ਅੰਤਰ ਚੀਰ ਧਰੇ ਬਿਧਿ ਨਾਨਾ।
ਜਾਂ ਵਸਤੂ ਕੋ ਨਿਕਾਰ ਕੈ ਦੇਵਤਿ ਸੋ ਨ ਘਟੈ ਉਤਨੀ ਠਹਿਰਾਨਾ॥ ੨੫॥

ਜੇ ਦੌਲਤ ਖਾਂ ਥੋੜਾ ਖਰਚਾ ਚੁਕੇ ਤਦ ਹੀ ਵਧੀਕ ਦਾਨ ਦਿੱਤਾ ਜਾ ਸਕਦਾ ਹੈ। ਗੁਰੂ ਜੀ ਦੀ ਕੀਰਤੀ ਨੂੰ ਸੁਣ ਕੇ ਅਤੇ ਪਤਾ ਲੱਗਣ ਤੇ ਗਰੀਬ ਲੋਕ ਦੌੜਦੇ ਆਉਂਦੇ ਹਨ ਅਤੇ ਗੁਰੂ ਜੀ ਨੂੰ ਉਸ ਤਰ੍ਹਾਂ ਦਾ ਪਾਉਂਦੇ ਹਨ ਜਿਵੇਂ ਉਹ ਅਨੁਮਾਨ ਲਾਉਂਦੇ ਹਨ। ਆਟਾ, ਲੂਣ, ਘਿਉ ਆਦਿ ਕਈ ਖਾਣ ਪੀਣ ਅਤੇ ਪਹਿਨਣ ਦੀਆਂ ਚੀਜ਼ਾਂ ਕਪੜਿਆਂ ਸਮੇਤ ਟਿਕਾ ਰੱਖੀਆਂ ਹਨ। ਜਿਹੜੀ ਵੀ ਵਸਤੂ ਕੱਢ ਕੇ ਲੋਕਾਂ ਨੂੰ ਦਿੰਦੇ ਹਨ, ਉਹ ਘਟਦੀ ਨਹੀਂ, ਓਨੀ ਦੀ ਓਨੀ ਰਹਿੰਦੀ ਹੈ॥ ੨੫॥

ਦੋਹਰਾ- ਕੀਰਤਿ ਪਸਰੀ ਪੁਰਿ ਸਰਬ ਘਰ ਘਰ ਭੀ ਭਰਪੂਰ।
ਕਿਧੋਂ ਚੰਦ ਕੀ ਚਾਂਦਨੀ ਜਿਉਂ ਚਕੋਰ ਪ੍ਰਿਯ ਰੂਰ॥ ੨੬॥

ਸਾਰੇ ਸ਼ਹਿਰ ਅਤੇ ਘਰ ਘਰ ਵਿਚ ਕੀਰਤੀ ਇੰਝ ਸ਼ੋਭਾ ਪਾ ਰਹੀ ਹੈ ਮਾਨੋ ਚੰਦ ਦੀ ਚਾਂਦਨੀ ਚਕੋਰ ਨੂੰ ਲੁਭਾਇਮਾਨ ਕਰ ਰਹੀ ਹੋਵੇ॥ ੨੬॥

ਮਾਸ ਮਾਸ ਲੇਖਾ ਹੁਵੈ ਜਾਹਿਂ ਵਹੀ ਲੇ ਹਾਥ।
ਸੰਖਜਾ ਕਰਿ ਸਭਿ ਦਿਵਸ ਕੀ ਬੈਸਹਿਂ ਲੇਖਕ ਸਾਥ॥ ੨੭॥

ਮਹੀਨੇ ਦੇ ਮਹੀਨੇ ਲੇਖਾ ਹੁੰਦਾ ਹੈ ਅਤੇ ਹੱਥ ਵਿਚ ਵਹੀ ਲੈ ਕੇ ਜਾਂਦੇ ਹਨ। ਸਾਰੇ ਦਿਨਾਂ ਦੀ ਗਿਣਤੀ ਕਰਕੇ ਲੇਖਕ ਦੇ ਨਾਲ ਬੈਠਦੇ ਹਨ॥ ੨੭॥

ਸੋਰਠਾ- ਜਬ ਜਬ ਲੇਖਾ ਹੋਇ ਤਬ ਤਬ ਬਾਧਾ ਨਿਕਸਈ।
ਬਿਸਮੈ ਮਨ ਸੁਨਿ ਲੋਇ ਕੋ ਕੋ ਕਰਿਈ ਈਰਖਾ॥ ੨੮॥

ਜਦ ਜਦ ਵੀ ਲੇਖਾ ਹੁੰਦਾ ਹੈ ਤਦ ਵਧ ਹੀ ਵਧ ਨਿਕਲਦਾ ਹੈ। ਲੋਕਾਂ ਦੇ ਮਨ ਸੁਣ ਕੇ ਪ੍ਰਸੰਨ ਹੁੰਦੇ ਹਨ ਅਤੇ ਕੋਈ ਕੋਈ ਈਰਖਾ ਵੀ ਕਰਦਾ ਹੈ॥ ੨੮॥

ਨਹਿਂ ਜਾਨੈ ਮਤਿ ਮੰਦ-ਇਹ ਕਰਤਾਰ ਸਰੂਪ ਹੈਂ।
ਆਨੰਦ ਕੰਦ ਮੁਕੰਦ ਜਾਂਕੋ ਕਛੁ ਅਚਰਜ ਨਹੀਂ-॥ ੨੯॥

ਮਾੜੀ ਮੱਤ ਵਾਲੇ ਇਹ ਨਹੀਂ ਸੀ ਜਾਣਦੇ ਕਿ ਇਹ ਕਰਤਾਰ ਦਾ ਸਰੂਪ ਹਨ। ਉਹ ਆਨੰਦ ਦੇ ਦਾਤੇ, ਬੱਦਲ ਵਾਂਗ ਜਲ ਦੇ ਦਾਤੇ ਅਤੇ ਮੁਕਤੀ ਦਾਤੇ ਹਨ, ਉਨ੍ਹਾਂ ਵਾਸਤੇ ਕੁਝ ਵੀ ਅਚਰਜ ਨਹੀਂ॥ ੨੯॥

'ਸੁਧ ਨਹਿਂ ਦੌਲਤ ਖਾਨ ਬਾਦ ਦਰਬ ਕੋ ਖੋਵਈ।
ਘਾਟਾ ਹੋਇ ਨਿਦਾਨ ਗਹਯੋ ਜਾਇ ਦੁਖ ਪਾਵਈ'॥ ੩੦॥

ਕਈ ਕਹਿੰਦੇ ਹਨ, "ਦੌਲਤ ਖਾਂ ਨੂੰ ਕੋਈ ਖ਼ਬਰ ਨਹੀਂ, ਉਹ ਧਨ ਦੌਲਤ ਵਿਅਰਥ ਗਵਾ ਰਿਹਾ ਹੈ। ਅਖੀਰ ਨੂੰ ਘਾਟਾ ਪਵੇਗਾ ਤੇ ਜਦ ਫੜਿਆ ਗਿਆ ਤਾਂ ਬੜਾ ਦੁੱਖ ਪਾਵੇਗਾ"॥ ੩੦॥

ਕੋ ਅਸ ਕਰਤਿ ਉਚਾਰ, ਕੋਇਕ ਭਾਖਤਿ ਅਪਰ ਗਤਿ।
'ਦੇਵਤਿ ਦਾਨ ਉਦਾਰ ਬਰਕਤ ਯਾਂਤੇ ਅਧਿਕ ਹੈ'॥ ੩੧॥

ਕਈ ਇਸ ਤਰ੍ਹਾਂ ਕਹਿੰਦੇ ਸਨ ਤੇ ਕੋਈ ਇਕ ਹੋਰ ਤਰ੍ਹਾਂ ਆਖਦੇ ਸਨ, "ਉਦਾਰ-ਚਿੱਤ ਹੋ ਕੇ ਦਾਨ ਦਿੰਦੇ ਹਨ। ਇਸ ਕਰਕੇ ਬਹੁਤ ਬਰਕਤ ਹੈ"॥ ੩੧॥

ਸ੍ਵੈਯਾ- ਜਾਚਕ ਕੇਤਿਕ ਦਾਨ ਕੋ ਲੇ ਤਲਵੰਡੀ ਗਏ ਨੁਤਿ ਭੂਰ ਉਚਾਰੀ।
'ਮੋਦੀ ਭਯੋ ਨ੍ਰਿਪ ਦੌਲਤਖਾਨ ਕੋ ਦਾਨ ਕੋ ਦੈਨ ਕਰਯੋ ਪੁੰਨ ਭਾਰੀ।
ਨੰਗ ਛੁਧਾਤੁਰ ਦੇਖਿ ਸਕੈਂ ਨਹਿਂ ਸੰਪਤ ਬ੍ਰਿੱਧ ਭਈ ਸੁਖਕਾਰੀ।
ਪੁੰਨਮਤੀ ਕ੍ਰਿਤ ਧੰਨਵਤੀ ਜਿਹ ਜਾਚਕ ਭੀਰ ਹੈ ਤਾਂਹਿ ਕੇ ਦ੍ਵਾਰੀ ॥੩੨॥

ਕੁਝ ਇਕ ਮੰਗਤੇ ਦਾਨ ਲੈ ਕੇ ਤਲਵੰਡੀ ਗਏ ਅਤੇ ਗੁਰੂ ਜੀ ਦੀ ਬਹੁਤ ਉਸਤਤ ਕੀਤੀ, ਉਨ੍ਹਾਂ ਕਿਹਾ, "ਰਾਜੇ ਦੌਲਤ ਖਾਂ ਦਾ ਮੋਦੀ ਬਣਿਆ ਹੈ ਅਤੇ ਦਾਨ ਦੇਣ ਦਾ ਵੱਡਾ ਭਾਰੀ ਪੁੰਨ ਲਿਆ ਹੋਇਆ ਹੈ। ਕਿਸੇ ਨੂੰ ਨੰਗਾ ਭੁੱਖਾ ਨਹੀਂ ਵੇਖ ਸਕਦੇ ਤੇ ਸੁੱਖਾਂ ਦੇ ਦਾਤੇ ਦੀ ਸੰਪਤੀ ਬਹੁਤ ਵੱਧ ਗਈ ਹੈ। ਪੁੰਨ ਵਾਲੀ ਤੇ ਧਨ ਵਾਲੀ ਕਿਰਤ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੇ ਦਰਵਾਜ਼ੇ ਤੇ ਮੰਗਤਿਆ ਦੀ ਭੀੜ ਲੱਗੀ ਰਹਿੰਦੀ ਹੈ" ॥ ੩੨ ॥

ਜਾਚਕ ਜੇ ਤਲਵੰਡੀ ਹੁਤੇ ਸਭਿ ਆਵਤਿ ਭੇ ਧਨ ਲੇਨਿ ਕੀ ਆਸਾ।
ਜੋ ਜਿਸ ਜਾਚਨਾ ਆਨ ਕਰੀ ਤਸ, ਪਾਵਤਿ ਭੇ ਗਯੋ ਕੋ ਨ ਨਿਰਾਸਾ।
ਕੀਰਤਿ ਕੋ ਸੁਨਿ ਰਾਇਬੁਲਾਰ ਅਨੰਦਤਿ ਪ੍ਰਾਪਤਿ ਜਿਉਂ ਸੁਖਰਾਸਾ।
ਸੋਚ ਬਿਮੋਚਨ ਸਾਰਸ ਲੋਚਨ ਰੂਪ ਬਿਲੋਕਨ ਚਾਹਤਿ ਪਾਸਾ॥ ੩੩॥

ਜਿੰਨੇ ਮੰਗਤੇ ਤਲਵੰਡੀ ਵਿਚ ਸਨ, ਉਹ ਧਨ ਦੀ ਆਸ ਲੈ ਕੇ ਸੁਲਤਾਨਪੁਰ ਆਏ। ਜੋ ਜੋ ਕਿਸੇ ਨੇ ਮੰਗਿਆ, ਉਸ ਨੂੰ ਮਿਲ ਗਿਆ ਅਤੇ ਕੋਈ ਵੀ ਨਿਰਾਸ ਨਾ ਗਿਆ। ਗੁਰੂ ਜੀ ਦੀ ਕੀਰਤੀ ਸੁਣ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ, ਜਿਵੇਂ ਉਸ ਨੂੰ ਸੁੱਖਾਂ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਸੋਚਾਂ ਨੂੰ ਦੂਰ ਕਰਨ ਵਾਲੇ, ਕੰਵਲ ਵਰਗੇ ਨੈਣਾਂ ਵਾਲੇ ਭਾਵ- ਗੁਰੂ ਜੀ ਦੇ ਦਰਸ਼ਨ ਕਰਨੇ ਲੋਚਦਾ ਸੀ॥ ੩੩॥

ਸ੍ਰੋਨ ਮੇਂ ਕਾਲੂ ਸੁਨੀ ਸੁਤ ਕੀ ਨੁਤਿ ਚਿੱਤ ਲਖੀ-ਬਿਤ ਲੇਹਿ ਕਮਾਈ॥
ਤੱਦਪਿ ਭੂਰ ਉਦਾਰ ਅਹੇ ਧਨ ਰਾਖਨ ਕੀ ਮਤਿ ਤਾਂਹਿ ਨ ਆਈ।
ਹੌਂ ਅਬ ਜਾਇਕੇ ਦੇਉਂ ਸਿਆਨਪ ਆਨਿਹੌਂ ਜੇਤੋ ਕੀਓ ਇਕਠਾਈ-।
ਐਸੇ ਵਿਚਾਰਿ ਕੈ ਤਯਾਰ ਭਯੋ ਮਿਲਨੇ ਹਿਤ ਜਾਵਤਿ ਭਾ ਢਿਗ ਰਾਈ॥੩੪॥

ਜਦ ਬਾਬਾ ਕਾਲੂ ਨੇ ਆਪਣੇ ਕੰਨਾਂ ਨਾਲ ਆਪਣੇ ਪੁੱਤਰ ਦੀ ਸਿਫਤ ਸੁਣੀ ਤਾਂ ਸਮਝ ਗਿਆ ਕਿ ਪੁੱਤਰ ਧਨ ਨੂੰ ਗਵਾ ਰਿਹਾ ਹੈ। ਸ਼ੁਰੂ ਤੋਂ ਹੀ ਬਹੁਤ ਉਦਾਰ-ਚਿਤ ਹੈ ਤੇ ਧਨ ਰੱਖਣ ਦੀ ਉਸ ਨੂੰ ਹਾਲੇ ਤਕ ਅਕਲ ਨਹੀ ਆਈ। ਹੁਣ ਜਾ ਕੇ ਉਸ ਨੂੰ ਸਮਝਾਉਂਦਾ ਹਾਂ ਤੇ ਜਿੰਨਾ ਪੈਸਾ ਉਸ ਨੇ ਕਮਾਇਆ ਹੈ ਅਤੇ ਇਕੱਠਾ ਕੀਤਾ ਹੋਵੇਗਾ ਉਹ ਜਾ ਕੇ ਲਿਆਵਾਂਗਾ। ਐਸਾ ਵਿਚਾਰ ਕਰਕੇ ਪੁੱਤਰ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ ਤੇ ਪਹਿਲਾਂ ਰਾਇ ਬੁਲਾਰ ਦੇ ਪਾਸ ਪਹੁੰਚ ਗਿਆ॥ ੩੪ ॥

'ਹੌਂ ਸੁਲਤਾਨ ਪੁਰੇ ਸੁਧ ਲੇਵਣ ਆਇਸੁ ਦੇਹੁ ਕਰੌਂ ਗਵਨਾ।
ਰਾਇ ਕਹੇ 'ਹਿਤ ਸੋਂ ਮਿਲੀਏ ਨ ਕੁਬੋਲ ਭਨੋ ਮੁਖ ਤੇ ਕਵਨਾ।
ਮੋ ਦਿਸ ਤੇ ਸਿਰ ਪੈ ਕਰ ਫੇਰਹੁ ਪ੍ਰੀਤਿ ਸੋਂ ਕੰਠ ਕਰੋ ਲਵਨਾਂ।
ਸ੍ਰੋਨਨ ਮੈਂ ਸੁਨਿ ਬੰਦਨ ਕੀਨਿ ਮੁਕੰਦ ਪਿਤਾ ਪੁਨ ਗਾ ਭਵਨਾ॥ ੩੫॥

"ਮੈਂ ਸੁਲਤਾਨਪੁਰ ਆਪਣੇ ਪੁੱਤਰ ਦੀ ਖਬਰ ਸਾਰ ਲੈਣ ਜਾਣਾ ਹੈ, ਇਸ ਲਈ ਜਾਣ ਦੀ ਆਗਿਆ ਬਖਸ਼ੋ। ਰਾਇ ਬੁਲਾਰ ਨੇ ਕਿਹਾ, "ਪ੍ਰੇਮ ਨਾਲ ਮਿਲਣਾ, ਕੋਈ ਮਾੜਾ ਬਚਨ ਨਹੀਂ ਕਹਿਣਾ ਅਤੇ ਮੇਰੇ ਵਲੋਂ ਉਸ ਦੇ ਸਿਰ ਤੇ ਹੱਥ ਫੇਰਨਾ ਅਤੇ ਬੜੇ ਪ੍ਰੇਮ ਨਾਲ ਗਲੇ ਲਾਉਣਾ।" ਕੰਨਾਂ ਨਾਲ ਸੁਣ ਕੇ ਬੰਦਨਾ ਕੀਤੀ ਤੇ ਫਿਰ ਮੁਕਤੀ ਦਾਤੇ ਭਾਵ-ਗੁਰੂ ਜੀ ਦੇ ਪਿਤਾ ਬਾਬਾ ਕਾਲੂ ਜੀ ਫਿਰ ਆਪਣੇ ਘਰ ਨੂੰ ਚਲਾ ਗਿਆ॥ ੩੫॥

ਮਾਤ ਸੰਦੇਸ਼ ਦਏ ਅਸੂਆਂ ਭਰਿ ਤਾਤ ਕੋ ਮੋਹ ਰਿਦੇ ਮੈਂ ਘਨੇਰਾ।
ਕਾਲੂ ਤਬਹਿ ਮਧੁਰਾਨਹਿੰ ਲੈ ਸਕਟਾ ਜੁਰਵਾਇਕੈ ਬੈਲਨ ਪ੍ਰੇਰਾ।
ਪੰਥ ਕੋ ਛੋਰਿ ਸਭੈ ਕ੍ਰਮਸੋਂ ਪੁਰਿ ਪ੍ਰਾਪਤਿ ਭਾ ਸੁਤ ਆਪਨ ਹੇਰਾ।
ਠਾਂਢ ਕਿਯੋ ਸਕਟਾ ਤਿਹ ਥਾਨ, ਤਰੈ ਉਤਰਯੋ ਉਰ ਮੋਹ ਵਧੇਰਾ॥੩੬॥

ਮਾਤਾ ਜੀ ਨੇ ਹੰਝੂ ਭਰ ਕੇ ਕਈ ਸੁਨੇਹੇ ਦਿੱਤੇ, ਉਸ ਦੇ ਹਿਰਦੇ ਵਿਚ ਆਪਣੇ ਪੁੱਤਰ ਵਾਸਤੇ ਬਹੁਤ ਪਿਆਰ ਸੀ। ਬਾਬਾ ਕਾਲੂ ਫਿਰ ਮਿਠਾਈ ਲੈ ਕੇ ਗੱਡੇ ਨਾਲ ਬਲਦ ਜੁਤਵਾ ਕੇ ਬਲਦਾਂ ਨੂੰ ਹਿੱਕ ਕੇ ਚੱਲ ਪਏ। ਹੌਲੀ-ਹੌਲੀ ਸਾਰਾ ਪੰਧ ਮੁਕਾਇਆ ਤੇ ਸੁਲਤਾਨਪੁਰ ਸ਼ਹਿਰ ਵਿਚ ਪਹੁੰਚ ਕੇ ਆਪਣੇ ਪੁੱਤਰ ਨੂੰ ਹੱਟੀ ਤੇ ਬੈਠਾ ਵੇਖਿਆ। ਆਪਣੇ ਗੱਡੇ ਨੂੰ ਹੱਟੀ ਦੇ ਸਾਹਮਣੇ ਜਾ ਕੇ ਖੜਾ ਕੀਤਾ ਅਤੇ ਹਿਰਦੇ ਵਿਚ ਬੜਾ ਪਿਆਰ ਵਧਾ ਕੇ ਥੱਲੇ ਉਤਰਿਆ॥ ੩੬॥

ਪੰਕਜ ਨੈਨ ਬਿਲੋਕਿ ਪਿਤਾਦਿਸ਼ਿ ਤੂਰਨ ਧਾਇ ਕੈ ਕੀਨਿ ਪ੍ਰਨਾਮਾ।
ਕਾਲੂ ਉਠਾਇ ਲਯੋ, ਭੁਜ ਕੋ ਗਹਿ ਕੰਠ ਲਗਾਇ ਭਲੇ ਸੁਖ ਧਾਮਾ।
ਹੇ ਪੁਨ ਬੰਦਨ ਜਾਇ ਕਰੀ ਗੁਰ ਅੰਗਦ ਜੀ! ਸੁਨ ਪੂਰਨ ਕਾਮਾ।
ਬੂਝਿਕੈ ਛੇਮ ਸਰੀਰ ਕੀ ਤਾਂ ਛਿਨ ਬੈਸਯੋ ਪ੍ਰਯੰਕ ਪੈ ਲੇ ਅਭਿਰਾਮਾ॥੩੭॥

ਕਮਲ ਨੈਣ ਸ੍ਰੀ ਗੁਰੂ ਨਾਨਕ ਦੇਵ ਨੇ ਜਦ ਆਪਣੇ ਪਿਤਾ ਜੀ ਨੂੰ ਵੇਖਿਆ ਤਾਂ ਤੁਰੰਤ ਅੱਗੇ ਵੱਧ ਕੇ ਪ੍ਰਣਾਮ ਕੀਤੀ। ਬਾਬਾ ਕਾਲੂ ਨੇ ਬਾਂਹ ਤੋਂ ਫੜ ਕੇ ਸੁੱਖਾਂ ਦੇ ਘਰ ਭਾਵ-ਆਪਣੇ ਪੁੱਤਰ ਨੂੰ ਗਲੇ ਨਾਲ ਲਾ ਲਿਆ। ਸਾਰੀਆਂ ਕਾਮਨਾਵਾਂ ਨੂੰ ਪੂਰੀਆਂ ਕਰਨ ਵਾਲੇ, ਹੇ ਗੁਰੂ ਅੰਗਦ ਦੇਵ ਜੀ! ਸੁਣੋ ਫਿਰ ਮਹਿਤਾ ਕਾਲੂ ਜੀ ਪੁੱਤਰ ਦੇ ਸਰੀਰ ਦੀ ਸੁਖ ਸਾਂਦ ਪੁੱਛ ਕੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਪਲੰਘ 'ਤੇ ਬੈਠ ਗਿਆ॥ ੩੭॥

ਹਾਥ ਕੇ ਸਾਥ ਪਲੋਸਤਿ ਮਾਥ ਅਨਾਥਨ ਨਾਥ ਕੋ ਅੰਕ ਬਸਾਈ।
ਮੇਲ ਭਯੋ ਬਹੁ ਕਾਲ ਵਿਖੈ ਮਨ ਪ੍ਰੀਤਿ ਨਈ ਕੀ ਜਈ ਉਪਜਾਈ।
ਸੌਦਾ ਵਿਸ਼ੇਖ ਹੀ ਦੇਖ ਨਿਖੱਦਜਾ ਮੈਂ ਜਾਨ ਸਪੂਤ ਰਹਯੋ ਹਰਖਾਈ।
ਦ੍ਵੈ ਘਟਿਕਾ ਜਬ ਬੀਤ ਗਈ ਤਿਹ ਕਾਲ ਮੈਂ ਕਾਲੂ ਨੇ ਬਾਨੀ ਅਲਾਈ॥੩੮॥

ਆਪਣੇ ਹੱਥ ਦੇ ਨਾਲ ਪੁੱਤਰ ਦੇ ਸੁੰਦਰ ਮੱਥੇ ਨੂੰ ਪਲੋਸਦਾ ਹੈ, ਫਿਰ ਅਨਾਥਾਂ ਦੇ ਨਾਥ ਭਾਵ-ਆਪਣੇ ਪੁੱਤਰ ਨੂੰ ਗੋਦੀ ਵਿਚ ਬਿਠਾ ਕੇ ਮੱਥੇ ਤੇ ਹੱਥ ਫੇਰ ਕੇ ਪਿਆਰ ਦਿੰਦਾ ਹੈ। ਬੜੀ ਦੇਰ ਬਾਅਦ ਪਿਉ ਪੁੱਤਰ ਦਾ ਮੇਲ ਹੋਇਆ ਹੈ, ਇਸ ਲਈ ਇਕ ਨਵੇਂ ਪਿਆਰ ਦਾ ਖੁਮਾਰ ਅਤੇ ਉਮਾਹ ਉਪਜਿਆ ਹੈ। ਹੱਟੀ ਵਿਚ ਬਹੁਤ ਜ਼ਿਆਦਾ ਸੌਦਾ ਵੇਖ ਕੇ ਇਹ ਸਮਝ ਗਿਆ ਕਿ ਪੁੱਤਰ ਬਹੁਤ ਪ੍ਰਸੰਨ ਅਤੇ ਖੁਸ਼ਹਾਲ ਹੈ। ਜਦ ਬੈਠਿਆਂ ਦੋ ਘੜੀਆਂ ਬੀਤ ਗਈਆਂ ਤਾਂ ਉਸ ਵੇਲੇ ਮਹਿਤਾ ਕਾਲੂ ਨੇ ਕੁਝ ਸ਼ਬਦ ਕਹੇ॥ ੩੮॥

'ਬਹੁ ਕਾਲ ਭਯੋ ਸੁਲਤਾਨਪੁਰੇ ਕ੍ਰਿਤ ਮੋਦੀ ਤੇ ਕੀਨੀ ਹੈ ਕੇਤੀ ਕਮਾਈ?'
ਸੁਨਿ ਪੰਕਜ ਲੋਚਨ ਬੈਨ ਭਨੇ 'ਬਹੁ ਆਨ ਕਮਾਈ ਕਰੀ ਇਹ ਥਾਂਈ।
ਨਹਿੰ ਹਾਥ ਮੈਂ ਆਥ ਕਰੈ ਥਿਰਤਾ, ਉਤ ਆਵਤਿ ਹੈ ਇਤ ਕੋ ਚਲਿ ਜਾਈ।
ਕਰ ਏਕ ਬਿਰਾਟਿਕਾ ਸੰਚਿ ਕਰੀ ਨਹਿੰ, ਆਮਦ ਔ ਖਰਚੀ ਸਮਤਾਈ'॥੩੯॥

"ਬੜੇ ਲੰਮੇ ਸਮੇਂ ਤੋਂ ਸੁਲਤਾਨਪੁਰ ਵਿਖੇ ਮੋਦੀ ਦਾ ਕਾਰ ਕਰ ਰਿਹਾ ਹੈਂ, ਇਸ ਸਮੇਂ ਤਕ ਤੂੰ ਹੁਣ ਕਿੰਨੀ ਕੁ ਕਮਾਈ ਕੀਤੀ ਹੈ?" ਇਹ ਸੁਣ ਕੇ ਕੰਵਲ ਨੈਣ ਗੁਰੂ ਜੀ ਨੇ ਕਿਹਾ, "ਮੈਂ ਇਥੇ ਆ ਕੇ ਬਹੁਤ ਕਮਾਈ ਕੀਤੀ ਹੈ। ਪਰ ਮਾਇਆ ਹੱਥ

ਵਿਚ ਟਿਕਦੀ ਨਹੀ, ਇਕ ਪਾਸੇ ਤੋਂ ਆਉਂਦੀ ਹੈ ਤੇ ਦੂਸਰੇ ਪਾਸੇ ਚਲੀ ਜਾਂਦੀ ਹੈ। ਹੱਥ ਵਿਚ ਇਕ ਕੋਡੀ ਜੋੜੀ ਨਹੀਂ ਹੈ, ਆਮਦਨ ਅਤੇ ਖਰਚ ਬਰਾਬਰ ਹੀ ਚੱਲ ਰਿਹਾ ਹੈ''॥ ੩੯॥

ਦੋਹਰਾ- ਤਾਤ ਮੋਹ ਤ੍ਰਿਣ ਸੇਤੁ ਜਿਉਂ ਤ੍ਰਿਸ਼ਨਾ ਲਹਿਰ ਪ੍ਰਵਾਹਿ।
ਏਕਹਿ ਬਾਰ ਬਹਾਇ ਸੋ ਰਹਾ ਨ ਕਛੁ ਮਨ ਮਾਂਹਿ॥ ੪੦॥

ਪੁੱਤਰ ਦਾ ਪਿਆਰ ਅਤੇ ਮੋਹ ਇੰਝ ਬਹਿ ਗਿਆ ਜਿਵੇਂ ਤ੍ਰਿਸ਼ਨਾ ਦੀ ਲਹਿਰ ਦੇ ਪ੍ਰਵਾਹ ਨੇ ਉਸ ਨੂੰ ਇਕੋ ਝਟਕੇ ਵਿਚ ਰੋੜ੍ਹ ਦਿੱਤਾ ਹੋਵੇ ਅਤੇ ਮਨ ਵਿਚ ਕੁਝ ਵੀ ਨਾ ਬਚਿਆ ਹੋਵੇ॥ ੪੦॥

ਸ੍ਵੈਯਾ- ਸੁਨਿ ਸ੍ਰੋਨਨਿ ਮੈਂ ਮਨ ਰੋਸ ਘਨੋ ਮੁਖ ਬੈਨ ਭਨੇ ਧਨ ਰਾਖਨਿ ਹੇਤੂ।
'ਜਬ ਕੋ ਜਨਮਜੋ ਨ ਦਯੋ ਸੁਖ ਤੈਂ, ਨਿਤ ਬਾਦ ਗਵਾਇ ਬਿਤੰ ਦੁਖ ਦੇਤੂ।
ਇਕ ਹੋਤਿ ਸਪੂਤ ਕਮਾਵਤਿ ਹੈਂ ਧਨ ਪਾਵਤਿ ਸੋ ਜਸੁ ਆਨਿ ਨਿਕੇਤੂ।
ਸੁਧਿ ਮੂਲ ਨ ਭੂਲ ਕਰੀ ਕਬਹੂੰ ਮੁਝਤੇ ਪ੍ਰਤਿਕੂਲ ਰਹਜੋ ਅਨਚੇਤੂ॥ ੪੧॥

ਕੰਨਾਂ ਨਾਲ ਜਦ ਗੁਰੂ ਜੀ ਦੀਆਂ ਇਹ ਗੱਲਾਂ ਸੁਣੀਆਂ ਤਾਂ ਮਨ ਵਿਚ ਬੜਾ ਰੋਸ ਕੀਤਾ ਅਤੇ ਧਨ ਜੋੜਨ ਵਾਸਤੇ ਕੁਝ ਬਚਨ ਇਸ ਤਰ੍ਹਾਂ ਕਹੇ, ''ਜਦ ਤੋਂ ਤੂੰ ਜਨਮ ਲਿਆ ਹੈ, ਤੂੰ ਸਾਨੂੰ ਕੋਈ ਸੁਖ ਨਹੀਂ ਦਿੱਤਾ, ਘਰ ਤੋਂ ਪੈਸੇ ਲਏ ਹੀ ਹਨ ਅਤੇ ਬਾਅਦ ਵਿਚ ਗਵਾ ਕੇ ਸਾਨੂੰ ਦੁੱਖ ਦਿੱਤਾ ਹੈ। ਇਕ ਪੁੱਤਰ ਹੁੰਦੇ ਹਨ ਜੋ ਕਮਾਈ ਕਰਦੇ ਹਨ ਅਤੇ ਧਨ ਪ੍ਰਾਪਤ ਕਰਕੇ ਘਰ ਵਿਚ ਜੱਸ ਪਾਉਂਦੇ ਹਨ, ਪਰ ਤੈਨੂੰ ਤਾਂ ਭੁਲ ਕੇ ਵੀ ਸੋਝੀ ਨਹੀਂ ਆਈ ਅਤੇ ਬੇਸਮਝ ਸਦਾ ਹੀ ਮੇਰੇ ਕਹੇ ਦੇ ਉਲਟ ਹੀ ਚਲਦਾ ਰਿਹਾ ਹੈਂ॥ ੪੧॥

ਕਾਲ ਬਿਸਾਲ ਬਿਤਜੋ ਕ੍ਰਿਤਿ ਮੋਦੀ ਮੈ ਏਕ ਵਿਰਾਟਿਕਾ ਭੀ ਨ ਖਟਾਈ'।
ਮੋ ਸੋਂ ਕਿਯੋ ਬਹੁ ਰੋਸੁ ਤਬੈ 'ਧਿਗ ਤੂ ਹੀ ਰਹੈਂ ਧਨ ਦੀਨਿ ਗਵਾਈ'।
ਬਾਰਜ ਲੋਚਨ ਬੰਕ ਬਿਲੋਕਿ ਮੁਝੈ ਬਰਜਾ ਨਿਜ ਭੌਹਿ ਦਿਖਾਈ।
ਖੀਝ ਰਿਦੈ ਦੁਰਬੈਨ ਭਨੈ ਬਹੁ, ਤੂਸ਼ਨ ਹੋਇ ਰਹੇ ਜਗ ਸਾਈਂ॥ ੪੨॥

ਤੈਨੂੰ ਮੋਦੀਖਾਨੇ ਵਿਚ ਕੰਮ ਕਰਦਿਆਂ ਕਾਫੀ ਸਮਾਂ ਬੀਤ ਗਿਆ ਹੈ, ਪਰ ਤੂੰ ਤਾਂ ਇਕ ਕੌਡੀ ਦੀ ਵੀ ਖੱਟੀ ਨਹੀਂ ਕੀਤੀ ਹੈ।'' ਮੇਰੇ (ਭਾਈ ਬਾਲਾ) ਨਾਲ ਵੀ ਫਿਰ ਬੜਾ ਰੋਸ ਕੀਤਾ ਅਤੇ ਕਿਹਾ, ''ਤੂੰ ਹੀ ਇਸ ਦੇ ਕੋਲ ਰਹਿੰਦਾ ਹੈਂ ਅਤੇ ਇਸ ਨੂੰ ਧਨ ਗਵਾਉਣ ਦਿੰਦਾ ਹੈਂ।'' ਕੰਵਲ ਨੈਣ ਨੇ ਫਿਰ ਮੇਰੇ ਵੱਲ ਟੇਢੀ ਨਜ਼ਰ ਨਾਲ ਵੇਖਿਆ ਅਤੇ ਡਰਾਵਾ ਦੇ ਕੇ ਮੈਨੂੰ ਕੋਈ ਗੱਲ ਕਰਨੋਂ ਵਰਜਿਆ। ਬਾਬੇ ਕਾਲੂ ਨੇ ਹਿਰਦੇ ਵਿਚ ਖਿੱਝ ਕੇ ਬੜੇ ਭੈੜੇ ਸ਼ਬਦ ਕਹੇ, ਪਰ ਜੱਗ ਦੇ ਮਾਲਕ ਚੁਪ ਰਹੇ॥ ੪੨॥

ਦੋਹਰਾ- 'ਜੋ ਖੋਯੋ ਮਮ ਧਾਮ ਤੇ ਦੇਵਹੁ ਅਬਹਿ ਕਮਾਇ।
ਹੌਂ ਆਯੋ ਲੇਵਨ ਕਛੂ ਦੀਨੋ ਸਭਿਹਿ ਗਵਾਇ॥ ੪੩॥

''ਜੋ ਕੁਝ ਹੁਣ ਤਕ ਗਵਾਇਆ ਹੁਣੇ ਕਮਾਈ ਕਰਕੇ ਮੇਰੇ ਘਰ ਪਹੁੰਚਾ, ਮੈਂ ਤਾਂ ਕੁਝ ਲੈਣ ਆਇਆ ਸੀ, ਪਰ ਤੂੰ ਤਾਂ ਸਭ ਕੁਝ ਗਵਾ ਦਿੱਤਾ ਹੈ॥੪੩॥

ਬੈਸ ਤਰੁਨ ਇਸ ਕੀ ਭਈ ਸਮਝ ਨ ਆਈ ਕੋਇ।
ਪਾਛਲ ਜੈਸੀ ਮਤਿ ਰਹੀ ਹਾਨ ਲਾਭ ਸਮ ਦੋਇ॥ ੪੪॥

ਇਹ ਉਮਰ ਵਿਚ ਹੁਣ ਕਾਫੀ ਜਵਾਨ ਹੋ ਗਿਆ ਹੈ, ਪਰ ਇਸ ਦੀ ਸਮਝ ਵਿਚ ਕੁਝ ਆਉਂਦਾ ਹੀ ਨਹੀਂ, ਜਿਸ ਤਰ੍ਹਾਂ ਇਸ ਦੀ ਪਹਿਲੀ ਮਤ ਸੀ, ਹੁਣ ਵੀ ਉਸ ਤਰ੍ਹਾਂ ਹੀ ਹੈ, ਇਸ ਵਾਸਤੇ ਹਾਨੀ ਅਤੇ ਲਾਭ ਬਰਾਬਰ ਹੀ ਹਨ॥ ੪੪॥

ਸ੍ਵੈਯਾ- ਧਾਮ ਕੋ ਨਾਂਹਿ ਸੰਦੇਹ ਕੋਊ ਧਨ ਖੋਵਤਿ ਖਾਵਤਿ ਏਕ ਸੀ ਜੋਰੀ।
ਦੂਜੇ ਜੇ ਹੋਤਿ ਭਲੋ ਸਮਝਾਵਤਿ, ਹੈ ਨ ਗਮੀ ਧਨ ਕੀ ਮਨ ਥੋਰੀ।
ਜੋ ਮਤਿਵਾਨ ਹੁਤੋ ਕੋਊ ਮਾਨਵ ਕਾਰ ਇਸੇ ਮਹਿਂ ਲੇ ਧਨ ਜੋਰੀ।
ਹੋਇ ਬਿਆਹਿ ਤ ਕਹਾ ਖਰਚੈ ਤਬ ਚਾਹੈਗਾ ਆਪ ਕਮਾਈ ਜੁ ਮੋਰੀ॥੪੫॥

ਧਨ ਕਮਾਉਣ ਦਾ ਕੋਈ ਫਿਕਰ ਨਹੀਂ ਹੈ, ਧਨ ਗਵਾਉਣ ਅਤੇ ਖਾਣ ਵਿਚ ਇਹ ਇਕੋ ਜਿਹੀ ਜੋੜੀ ਹੈ (ਭਾਵ ਗੁਰੂ ਨਾਨਕ ਤੇ ਭਾਈ ਬਾਲਾ) ਦੂਸਰਾ ਜੇ ਸਮਝਾਉਣ ਨਾਲ ਕੋਈ ਭਲਾ ਹੁੰਦਾ ਹੋਵੇ ਤਾਂ ਇਨ੍ਹਾਂ ਨੂੰ ਸਮਝਾਵੇ ਵੀ, ਇਨ੍ਹਾਂ ਨੂੰ ਤਾਂ ਧਨ ਦੀ ਥੋੜੀ ਜਿਹੀ ਵੀ ਫਿਕਰ ਜਾਂ ਚਿੰਤਾ ਨਹੀਂ ਹੈ। ਜੇ ਕੋਈ ਬੁਧੀਮਾਨ ਮਨੁੱਖ ਹੋਵੇ ਤਾਂ ਇਸੇ ਕਾਰ ਵਿਚ ਕਾਫੀ ਧਨ ਜੋੜ ਸਕਦਾ ਹੈ। ਜਦ ਵਿਆਹ ਹੋਵੇਗਾ ਤਾਂ ਕਿਥੋਂ ਖਰਚਾ ਕਰੇਗਾ, ਫਿਰ ਤਾਂ ਮੇਰੀ ਕਮਾਈ ਵਿਚੋਂ ਖਰਚ ਕਰਨਾ ਚਾਹੇਗਾ॥ ੪੫॥

ਹੇ ਸੁਤ! ਬੈਸ ਜੁਵਾ ਭਵ ਭੀ, ਅਬ ਛੋਰ ਫਜ਼ੂਲੀ ਕੋ, ਹੋਹੁ ਸਯਾਨਾ।
ਪਾਛਲ ਰੀਤਿ ਤੇ ਹ੍ਵੈ ਬਿਪਰੀਤਿ, ਕਰੋ ਧਨ ਸੰਚਨ ਜਜੋਂ ਮਤਿਵਾਨਾ।
ਜੇ ਮੁਝ ਦੇਨੇ ਕੋ ਨਾਂਹਿ ਚਹੋ ਮਨ ਪੂੰਜੀ ਨਿਰਾਲੀ ਰਖੋ ਨਿਜ ਥਾਨਾ।
ਹੈਂ ਘਰ ਕਾਰਜ ਨਾਨਾ ਪ੍ਰਕਾਰ ਕੇ ਕਜੋਂ ਨਿਬਹੈਂ ਧਨ ਹੀਨ ਜੇ ਪਾਨਾ॥੪੬॥

ਹੇ ਪੁੱਤਰ! ਤੂੰ ਹੁਣ ਜਵਾਨ ਹੋ ਗਿਆ ਹੈਂ, ਹੁਣ ਫਜ਼ੂਲ ਖਰਚੀ ਛੱਡ ਤੇ ਸਿਆਣਾ ਬਣ। ਪਿਛਲੀ ਰੀਤ ਦੇ ਹੁਣ ਉਲਟ ਕੰਮ ਕਰੋ ਤੇ ਬੁਧੀਵਾਨ ਬਣ ਕੇ ਧਨ ਇਕੱਠਾ ਕਰੋ।

ਜੇ ਤੁਹਾਡਾ ਦਿਲ ਮੈਨੂੰ ਧਨ ਦੇਣ ਨੂੰ ਨਹੀਂ ਕਰਦਾ ਤਾਂ ਮੈਨੂੰ ਨਾ ਦੇਵੋ, ਆਪਣੀ ਪੂੰਜੀ ਨੂੰ ਵੱਖਰੀ ਆਪਣੇ ਪਾਸ ਰੱਖੋ, ਘਰ ਵਿਚ ਕਈ ਪ੍ਰਕਾਰ ਦੇ ਖਰਚੇ ਆ ਪੈਂਦੇ ਹਨ, ਜੇ ਧਨ ਤੋਂ ਖਾਲੀ ਹੱਥ ਹੋਣ ਤਾਂ ਕਿਸੇ ਪ੍ਰਕਾਰ ਵੀ ਜ਼ਿੰਦਗੀ ਨਿਭਦੀ ਨਹੀਂ ਹੈ"॥ ੪੬॥

ਦੋਹਰਾ- ਧਨ ਸੰਚਨ ਕੇ ਅਨਿਕ ਗੁਨ ਬਰਨਨ ਕਰੇ ਸੁਨਾਇ।
ਬਹੁ ਬਿਧਿ ਬੁਧਿ ਸਮਝਾਵਈ ਰੋਸ ਨੇਹ ਮਨ ਲਜਾਇ॥ ੪੭॥

ਫਿਰ ਧਨ ਜਮ੍ਹਾਂ ਕਰਨ ਦੇ ਉਨ੍ਹਾਂ ਅਨੇਕ ਗੁਣ ਵਰਣਨ ਕਰਕੇ ਸੁਣਾਏ। ਮਨ ਵਿਚ ਬੜਾ ਪਿਆਰ ਤੇ ਸਨੇਹ ਭਰ ਕੇ ਉਨ੍ਹਾਂ ਕਈ ਪ੍ਰਕਾਰ ਸਮਝਾਇਆ॥ ੪੭॥

ਸੋਰਠਾ- ਬਹੁਰ ਦਿਲਾਸਾ ਦੀਨ ਕਰਿ ਦੁਲਾਰ ਨਿਜ ਤਨੁਜ ਸੋਂ।
ਧਾਮ ਪਯਾਨਾ ਕੀਨ ਜਹਾਂ ਹੁਤੇ ਜੈਰਾਮ ਕੋ॥ ੪੮॥

ਫਿਰ ਦਿਲਾਸਾ ਦੇ ਕੇ ਆਪਣੇ ਪੁੱਤਰ ਨੂੰ ਲਾਡ ਪਿਆਰ ਕੀਤਾ ਤੇ ਭਾਈ ਜੈ ਰਾਮ ਜਿਥੇ ਰਹਿੰਦਾ ਸੀ, ਉਸ ਦੇ ਘਰ ਵੱਲ ਚਲੇ ਗਏ॥ ੪੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀ ਖਾਨਾ ਲੇਨਿ' ਪ੍ਰਸੰਗ ਬਰਨਨ ਨਾਮ ਸਪਤਦਸਮੋ ਅਧਯਾਯ॥ ੧੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਰ੍ਹਵਾਂ ਅਧਿਆਇ ਜਿਸ ਦਾ ਨਾਮ 'ਮੋਦੀ ਦੀ ਕਾਰ ਆਰੰਭੀ' ਹੈ, ਸਮਾਪਤ ਹੋਇਆ॥ ੧੭॥

# ਅਧਿਆਇ ਅਠਾਰ੍ਹਵਾਂ

*ਲੇਖਾ ਕੀਤਾ, ੧੩੫ ਰੁਪਏ ਵੱਧ ਨਿਕਲੇ।*

ਦੋਹਰਾ- ਸ੍ਰੀ ਅਰਜਨ ਅਰਜ਼ਨ ਸੁਨਤਿ ਅਰਜਨ ਜਸ ਵਿਸਤਾਰ।
ਬਾਨੀ ਅਰਜੁਨ ਬਾਨ ਜਿਨ ਬੰਦਨ ਪਦ ਸਿਰ ਧਾਰਿ॥ ੧॥

ਗੁਰੂ ਅਰਜਨ ਦੇਵ ਜੀ ਜਿਨ੍ਹਾਂ ਦਾ ਉੱਜਲ ਜੱਸ ਜਗਤ ਵਿਚ ਫੈਲ ਰਿਹਾ ਹੈ ਅਤੇ ਆਪਣੇ ਦਾਸਾਂ ਦੀਆਂ ਬੇਨਤੀਆਂ ਸੁਣ ਲੈਣ ਵਾਲੇ ਹਨ ਅਤੇ ਜਿਨ੍ਹਾਂ ਦੀ ਉਚਾਰੀ ਹੋਈ ਬਾਣੀ ਅਰਜੁਨ ਦੇ ਤੀਰਾਂ ਵਾਂਗ ਮਨ ਨੂੰ ਵਿੰਨ੍ਹ ਦੇਣ ਵਾਲੀ ਹੈ, ਉਸ ਗੁਰੂ ਜੀ ਦੇ ਚਰਨਾਂ ਵਿਚ ਮੈਂ ਸਿਰ ਧਰ ਕੇ ਮੱਥਾ ਟੇਕਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਦੋਹਰਾ- ਮਿਲਜੋ ਜਾਇਕੈ ਨਾਨਕੀ ਮਨ ਕਰਿ ਅਧਿਕ ਸਨੇਹ।
ਅਸਨ ਬਸਨ ਆਨਯੋ ਹੁਤੋ ਦਯੋ ਬੈਸ ਕਰਿ ਗ੍ਰੇਹ॥ ੨॥

ਭਾਈ ਬਾਲੇ ਨੇ ਕਿਹਾ- ਫਿਰ ਬਾਬਾ ਕਾਲੂ ਮੰਨ ਵਿਚ ਅਧਿਕ ਪਿਆਰ ਧਰ ਕੇ ਬੇਬੇ ਨਾਨਕੀ ਨੂੰ ਜਾ ਕੇ ਮਿਲੇ। ਜਿਹੜੇ ਭੋਜਨ ਕਪੜੇ ਗੱਡੇ ਉਤੇ ਲੱਦ ਕੇ ਲਿਆਏ ਸਨ, ਉਹ ਬੇਬੇ ਨਾਨਕੀ ਨੂੰ ਘਰ ਵਿਚ ਦੇ ਦਿੱਤੇ।

ਸੋਰਠਾ- ਆਯੋ ਬਹੁਰ ਜਰਾਮ ਸਾਦਰ ਤਿਹ ਬੰਦਨ ਕਰੀ।
ਮਿਲਿ ਬੈਸੇ ਸਭਿ ਧਾਮ ਰਿਦਾ ਅਮੋਦਹਿ ਸੰਗ ਭਰਿ॥ ੩॥

ਬਾਅਦ ਵਿਚ ਜੈ ਰਾਮ ਵੀ ਆ ਗਿਆ ਤੇ ਉਸ ਨੇ ਆ ਕੇ ਬੜੇ ਆਦਰ ਨਾਲ ਬੰਦਨਾ ਕੀਤੀ। ਸਾਰੇ ਆਪਣੇ ਹਿਰਦੇ ਖੁਸ਼ੀ ਨਾਲ ਭਰ ਕੇ ਬੈਠ ਗਏ॥ ੩॥

ਸ਼ਸ਼ਿਬਦਨਾ ਛੰਦ- ਮਿਲਿ ਰਲਿ ਬੈਸਾ। ਕੁਸ਼ਲ ਬੁਝੇਸਾ। ਬਚ ਤਬ ਕਾਲੂ। ਕਹਤਿ ਉਤਾਲੂ॥੪॥

ਰਲ ਮਿਲ ਕੇ ਬੈਠ ਗਏ। ਸੁੱਖ ਸਾਂਦ ਪੁੱਛੀ। ਬਾਬਾ ਕਾਲੂ ਨੇ ਫਿਰ ਬਚਨ ਕੀਤੇ ਅਤੇ ਬੜੀ ਕਾਹਲੀ ਵਿਚ ਬੋਲਿਆ॥ ੪॥

'ਸੁਤ ਮਮ ਆਯੋ। ਨਹਿਂ ਸਮਝਾਯੋ। ਕਰਤਿ ਕੁਕਾਰਾ। ਸਦਨ ਉਜਾਰਾ॥੫॥

"ਮੇਰਾ ਪੁੱਤਰ ਜਦ ਦਾ ਇਥੇ ਆਇਆ ਹੈ, ਉਸ ਨੂੰ ਤੁਸੀ ਬਿਲਕੁਲ ਨਹੀਂ ਸਮਝਾਇਆ ਹੈ, ਉਹ ਬੜੇ ਭੈੜੇ ਕੰਮ ਕਰਦਾ ਰਿਹਾ ਹੈ ਅਤੇ ਘਰ ਨੂੰ ਉਜਾੜ ਦਿੱਤਾ ਹੈ॥ ੫॥

ਸੁਧਿ ਨਹਿਂ ਲੀਨੋ। ਤੁਮ ਕਹਾ ਕੀਨੋ? ਸੁਰਤਿ ਬਿਸਾਰਾ। ਕਿਹ ਧਨ ਡਾਰਾ॥੬॥

ਤੁਸੀਂ ਉਸ ਦੀ ਖਬਰ ਸਾਰ ਨਹੀਂ ਲਈ। ਤੁਸੀਂ ਕੀ ਕੀਤਾ ਹੈ? ਉਸ ਦਾ ਖਿਆਲ ਹੀ ਵਿਸਾਰ ਦਿੱਤਾ ਅਤੇ ਇਹ ਵੀ ਪਤਾ ਨਾ ਲਿਆ ਕਿ ਉਸ ਨੇ ਧਨ ਕਿੱਥੇ ਗਵਾਇਆ॥ ੬॥

ਨਹਿੰਨ ਬਿਵਾਹਾ। ਚਿਤ ਮਹਿਂ ਚਾਹਾ।-ਧਨ ਨਹਿਂ ਖੋਵੈ। ਅਸ ਬਿਧਿ ਹੋਵੈ- ॥੭॥

ਨਾ ਹੀ ਉਸ ਦਾ ਵਿਆਹ ਕਰਨ ਵਾਸਤੇ ਆਪਣੇ ਚਿੱਤ ਵਿਚ ਇੱਛਾ ਪ੍ਰਗਟ ਕੀਤੀ, ਤਾਂਕਿ ਉਹ ਧਨ ਨਾ ਖੋਵੇ ਤੇ ਠੀਕ ਰਸਤੇ ਤੇ ਆ ਜਾਵੇ॥ ੭॥

ਕਰਿ ਰਖਵਾਰੀ। ਨਿਤ ਸੁਧਿਕਾਰੀ। ਬਹੁ ਧਨ ਆਵੈ। ਕਿਹ ਬਿਧਿ ਜਾਵੈ ?' ॥੮॥

ਰਾਖੀ ਕਰਕੇ ਉਸ ਦਾ ਸਦਾ ਖਿਆਲ ਰਖੋ, ਬਹੁਤ ਧਨ ਆਉਂਦਾ ਹੈ, ਪਰ ਉਹ ਕਿਥੇ ਜਾਂਦਾ ਹੈ ?"॥ ੮॥

ਭੁਜੰਗ ਛੰਦ- ਕਹੈ ਨਾਨਕੀ ਬੈਨ 'ਤਾਤੰ ! ਸੁਨੀਜੈ। ਲਗ੍ਯੋ ਕਾਰ ਭ੍ਰਾਤਾ ਭਲੇ ਹੀ ਜਨੀਜੈ।
ਹੁਵੈ ਹੈ ਕਿਤੇ ਥਾਂਇ ਵੈਸੇ ਸਗਾਈ। ਉਦਾਸੀਨ ਯਾਂਕੋ ਲਖੀਜੈ ਸੁਭਾਈ॥੯॥

ਫਿਰ ਬੇਬੇ ਨਾਨਕੀ ਬੋਲੀ, "ਹੇ ਪਿਤਾ ਜੀ ! ਮੇਰੀ ਗੱਲ ਸੁਣੋ, ਭਰਾ ਕੰਮ ਤੇ ਲੱਗਾ ਹੈ, ਇਸ ਨੂੰ ਭਲਾ ਸਮਝੋ। ਇਸ ਤਰ੍ਹਾਂ ਉਸ ਦੀ ਕਿਸੇ ਥਾਂ ਸਗਾਈ ਹੋ ਜਾਵੇਗੀ, ਤੁਹਾਡਾ ਚਿੱਤ ਬੜਾ ਉਦਾਸ ਲੱਗਦਾ ਹੈ॥ ੯॥

ਇਹਾਂ ਆਨਿ ਤੇਰੋ ਕਛੂ ਨਾਂਹਿ ਖੋਈ। ਸਵਾਰੈ ਵਿਗਾਰੈ ਨਿਜੰ ਕਾਰ ਸੋਈ'।
ਭਨੇ ਬੈਨ ਜੈਰਾਮ ਤਾਂਸੋ ਸੁਨਾਈ। 'ਭਯੋ ਹੈ ਅਬੈ ਸੋਧ ਯਾਂਕੀ ਸਗਾਈ ॥੧੦॥

ਇਥੇ ਆ ਕੇ ਤੁਹਾਡਾ ਉਸ ਨੇ ਕੁਝ ਨਹੀਂ ਗਵਾਇਆ ਹੈ। ਉਹ ਆਪਣੀ ਹੀ ਕਾਰ ਕਮਾਈ ਨੂੰ ਸੰਵਾਰਦਾ ਵਿਗਾੜਦਾ ਹੈ।" ਜੈ ਰਾਮ ਬਾਰੇ ਉਸ ਨੂੰ ਸੁਣਾ ਕੇ ਕਿਹਾ, "ਇਹ ਹੁਣੇ ਹੀ ਗੁਰੂ ਨਾਨਕ ਦੀ ਸਗਾਈ ਬਾਰੇ ਢੂੰਡ ਕਰਕੇ ਆਏ ਹਨ"॥ ੧੦॥

ਦੋਹਰਾ- ਹਰਖ੍ਯੋ ਕਾਲੂ ਕਹਤਿ ਪੁਨਿ 'ਹੋਇ ਭਲੀ ਜਹਿਂ ਠੌਰ।
ਦੇਖਿ ਜੈਰਾਮ! ਕਰੀਜੀਏ ਖੱਤ੍ਰੀ ਹ੍ਵੈ ਧਨ ਗੌਰ॥ ੧੧॥

ਬਾਬਾ ਕਾਲੂ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਕਿਹਾ, ਕੋਈ ਚੰਗਾ ਰਜਿਆ ਪੁਜਿਆ ਘਰ ਵੇਖੋ ਅਤੇ ਜੈ ਰਾਮ ਨੂੰ ਸੰਬੋਧਿਤ ਹੋ ਕੇ ਬੋਲੇ, "ਕਿਸੇ ਬਹੁਤ ਧਨ ਵਾਲੇ ਅਮੀਰ ਖੱਤਰੀ ਦਾ ਘਰ ਲੱਭੋ।"੧੧॥

ਕਬਿੱਤ- ਭਾਖਤਿ ਜੈਰਾਮ ! 'ਚੋਣਾ ਗੋਤ ਮੂਲਾ ਨਾਮ ਤਿਹ ਤਨੁਜਾ ਹੈ ਧਾਮ ਸੋ ਰੰਧਾਵੇ ਪਟਵਾਰੀਆ।
ਭਲੋ ਹੈ ਠਿਕਾਨੋ ਚਾਹਿ ਕੀਨਿ ਮੈਂ ਖੁਜਾਨੋ ਜਾਨੋ ਹੋਇ ਸਨਬੰਧ, ਸੁਖ ਸਾਨੋ ਸੋ ਨਿਹਾਰੀਆ।
'ਮੋਰ ਤੋਰ ਏਕ ਲਾਜ, ਜਾਨੈ ਜੈਸੇ ਕਰੋ ਕਾਜ, ਆਪ ਤੂੰ ਸਯਾਨੋ' ਬੈਨ ਕਾਲੂ ਯੌਂ ਉਚਾਰੀਆ।
'ਜੈਸੇ ਸੁਖਤਨਿਯਾ ਕੋ ਸੀਤਲ ਸੁ ਨੈਨ ਮੇਰੇ ਤੈਸੇ ਪਿਖੌਂ ਨਾਨਕ ਕੋ ਲਾਲਸਾ ਹਮਾਰੀਆ ॥੧੨॥

ਬਾਬਾ ਕਾਲੂ ਦੀ ਗੱਲ ਸੁਣ ਕੇ ਜੈ ਰਾਮ ਨੇ ਕਿਹਾ, "ਚੋਣਾ ਗੋਤ ਦੇ ਮੂਲ ਚੰਦ ਖੱਤਰੀ ਦੇ ਘਰ ਲੜਕੀ ਹੈ, ਅਤੇ ਮੂਲ ਚੰਦ ਰੰਧਾਵਿਆਂ ਦਾ ਪਟਵਾਰੀ ਹੈ। ਬੜਾ ਚੰਗਾ ਘਰ ਹੈ, ਇਸ ਬਾਰੇ ਮੈਂ ਆਪ ਖੋਜ ਭਾਲ ਕੀਤੀ ਹੈ। ਇਹ ਜਾਣ ਪੈਂਦਾ ਹੈ ਕਿ ਸੰਬੰਧ ਪੱਕੇ ਹੋ ਜਾਣਗੇ, ਮੈਂ ਸਭ ਕੁਝ ਸੁਖ ਸਮੇਤ ਵੇਖਿਆ ਹੈ।" ਇਹ ਸੁਣ ਕੇ ਬਾਬਾ ਕਾਲੂ ਨੇ ਕਿਹਾ, "ਮੇਰੀ ਤੇਰੀ ਇਕੋ ਗੱਲ ਹੈ, ਜਿਸ ਤਰ੍ਹਾਂ ਵੀ ਠੀਕ ਸਮਝੋ, ਕਾਰਜ ਕਰੋ, ਤੁਸੀਂ ਆਪ ਬੜੇ ਸਿਆਣੇ ਹੋ। ਜਿਸ ਤਰ੍ਹਾ ਮੈਂ ਆਪਣੀ ਪੁੱਤਰੀ ਨੂੰ ਸੁਖੀ ਵੇਖ ਕੇ ਖੁਸ਼ ਹੋਇਆ ਹਾਂ, ਇਸ ਤਰ੍ਹਾਂ ਹੀ ਮੈਨੂੰ ਆਪਣੇ ਪੁੱਤਰ ਨਾਨਕ ਨੂੰ ਖੁਸ਼ ਵੇਖਣ ਦੀ ਲਾਲਸਾ ਹੈ"॥ ੧੨॥

ਦੋਹਰਾ- 'ਤੁਮ ਕਾਲੂ ਮਮ ਪਿਤਾ ਸਮ ਰਹਉ ਇਹਾਂ ਕਰਿ ਧਾਮ।
ਨਾਨਕ ਜਨਨੀ ਆਨਿ ਹੌਂ ਭਾਖੇ ਬੈਨ ਜਰਾਮ॥ ੧੩॥

ਫਿਰ ਜੈ ਰਾਮ ਨੇ ਕਿਹਾ, "ਤੁਸੀਂ ਮੇਰੇ ਪਿਤਾ ਸਮਾਨ ਹੋ, ਇਥੇ ਮੇਰੇ ਘਰ ਵਿਚ ਹੀ ਰਹੋ, ਨਾਨਕ ਜੀ ਦੇ ਮਾਤਾ ਜੀ ਨੂੰ ਮੈਂ ਆਪ ਜਾ ਕੇ ਲੈ ਆਵਾਂਗਾ"॥ ੧੩॥

ਕਬਿੱਤ- ਕਾਲੂ ਭਨੇ ਬੈਨ 'ਬਹੁ ਕਾਲ ਕੋ ਹੈ ਐਨ ਮੇਰੋ ਕੋਊ ਦੁਖ ਹੈ ਨ, ਸੁਖ ਚੈਨ ਸੌਂ ਬਸਤਿ ਹੌਂ।
ਕਾਰ ਪਟਵਾਰੀ ਤਹਾਂ ਦੀਨੀ ਰਾਇ ਸਾਰੀ, ਮਮ ਲੋਕ ਅਨੁਸਾਰੀ, ਪੁਨ ਕੈਸੇ ਨ ਤਜਤਿ ਹੌਂ।
ਹੋਇ ਜੇ ਸਗਾਈ ਲੇਹੁ ਸਪਦ ਬੁਲਾਈ ਮੋਹਿ, ਕੀਜੈ ਨ ਬਿਲੰਬ ਤੋਹਿ ਓਰ ਹੌਂ ਕਹਤਿ ਹੌਂ।
ਰਾਖੋ ਰਖਵਾਰੀ ਸੁਤ ਕਰੈ ਨ ਖੁਆਰੀ ਧਨ, ਦੀਜੈ ਮਤਿ ਆਪ, ਤਾਂਕੀ ਚਿੰਤਾ ਮੈਂ ਰਹਤਿ ਹੌਂ ॥੧੪॥

ਇਹ ਗੱਲ ਸੁਣ ਕੇ ਕਾਲੂ ਨੇ ਕਿਹਾ, "ਬੜੇ ਲੰਮੇ ਸਮੇਂ ਤੋਂ ਮੈਂ ਆਪਣੇ ਨਗਰ ਵਿਚ ਵੱਸ ਰਿਹਾ ਹਾਂ, ਮੈਨੂੰ ਉਥੇ ਕੋਈ ਦੁੱਖ ਨਹੀ, ਬੜੇ ਸੁੱਖ ਚੈਨ ਨਾਲ ਮੈਂ ਰਹਿ ਰਿਹਾ ਹਾਂ। ਰਾਇ ਬੁਲਾਰ ਨੇ ਮੈਨੂੰ ਪਟਵਾਰੀ ਦਾ ਸਾਰਾ ਕੰਮ ਕਾਜ ਸੋਂਪਿਆ ਹੈ। ਮੈਂ ਆਪਣੇ

ਦੋਸਤਾਂ ਮਿਤਰਾਂ ਨੂੰ ਕਿਵੇਂ ਛੱਡ ਸਕਦਾ ਹਾਂ। ਜੇ ਸਗਾਈ ਹੋ ਜਾਵੇ ਤਾਂ ਮੈਨੂੰ ਫੌਰਨ ਬੁਲਾ ਲੈਣਾ, ਇਸ ਵਿਚ ਕੋਈ ਦੇਰੀ ਨਾ ਕਰਨਾ ਤੇ ਤੈਨੂੰ ਹੋਰ ਵੀ ਕਹਿੰਦਾ ਹਾਂ ਕਿ ਨਾਨਕ ਦਾ ਪੂਰਾ ਖਿਆਲ ਰੱਖਣਾ ਹੈ, ਤਾਂਕਿ ਪੁੱਤਰ ਧਨ ਦਾ ਹੋਰ ਵਿਨਾਸ਼ ਨਾ ਕਰੇ। ਉਸ ਨੂੰ ਆਪ ਸਮਝਾਓ, ਮੈਨੂੰ ਹਰ ਵੇਲੇ ਉਸ ਦੀ ਚਿੰਤਾ ਲੱਗੀ ਰਹਿੰਦੀ ਹੈ"॥ ੧੪॥

ਨਾਨਕੀ ਭਨਤਿ 'ਸੁਨ ਬੈਨ ਮੇ ਜਨਕ ! ਤੁਮ ਭਾਖਤਿ ਸਦੀਵ ਧਨ ਖੋਤਿ ਨਿਤ ਮੋਰੀਆ।
ਆਪਨੀ ਕਰਤਿ ਕ੍ਰਿਤ, ਖੋਇ ਕਿਧੋਂ ਰਾਖੈ ਬਿਤ, ਰਹੀਏ ਨਿਚਿੰਤ ਚਿਤ, ਲੇਤਿ ਨਹਿਂ ਤੋਰੀਆ।
ਭੂਖੇ ਕੋ ਅਸਨ ਪੁਨ ਬਸਨ ਨਗਨ ਦਾਨੀ, ਪੁੰਨਵਾਨ ਰੂਪ, ਕਰੈ ਜਾਰੀ ਨਹਿਂ ਚੋਰੀਆ।
ਕਰੈ ਜੇ ਕੁਕਰਮ, ਨਿਵਾਰਨ ਧਰਮ ਤਾਂਕੋ, ਲਗੈ ਜੇ ਸੁਕਰਮ, ਅਧਰਮ ਤਾਂਹਿ ਹੋਰੀਆ ॥੧੫॥

ਇਹ ਸੁਣ ਕੇ ਬੇਬੇ ਨਾਨਕੀ ਨੇ ਕਿਹਾ, "ਮੇਰੇ ਪਿਤਾ ਜੀ ! ਸੁਣੋ, ਤੁਸੀਂ ਸਦਾ ਇਹ ਕਹਿੰਦੇ ਆ ਰਹੇ ਹੋ ਕਿ ਮੇਰਾ ਪੁੱਤਰ ਮੇਰਾ ਧਨ ਉਜਾੜ ਰਿਹਾ ਹੈ। ਪਰ ਹੁਣ ਤਾਂ ਉਹ ਆਪਣੀ ਕਿਰਤ ਕਰ ਰਿਹਾ ਹੈ, ਭਾਵੇਂ ਉਹ ਗਵਾਏ ਜਾਂ ਰਖੇ, ਇਸ ਵਿਚ ਤੁਹਾਨੂੰ ਚਿੰਤਾ ਕਰਨ ਦੀ ਕੀ ਲੋੜ ਹੈ? ਕਿਉਂਕਿ ਉਹ ਤੁਹਾਡਾ ਤਾਂ ਕੁਝ ਨਹੀਂ ਲੈ ਰਿਹਾ ਹੈ। ਭੁਖਿਆਂ ਨੂੰ ਭੋਜਨ ਅਤੇ ਨੰਗਿਆਂ ਨੂੰ ਕਪੜੇ ਦਾਨ ਕਰਦਾ ਹੈ। ਉਹ ਪੁੰਨਵਾਨ ਰੂਪ ਹੈ, ਸਦਾ ਪੁੰਨ ਕਰਦਾ, ਕੋਈ ਚੋਰੀ ਜਾਰੀ ਤੇ ਨਹੀਂ ਕਰ ਰਿਹਾ। ਜਿਹੜਾ ਵਿਅਕਤੀ ਭੈੜੇ ਕੁਕਰਮ ਕਰਦਾ ਹੈ, ਉਸ ਨੂੰ ਰੋਕਣਾ ਧਰਮ ਹੈ। ਪਰ ਜਿਹੜਾ ਚੰਗੇ ਕੰਮ ਕਰਦਾ ਹੈ, ਉਸ ਨੂੰ ਰੋਕਣਾ ਅਧਰਮ ਹੈ॥ ੧੫॥

ਦੋਧਕ ਛੰਦ- ਜਾਨਹੁ ਤਾਤ ! ਇਹੈ ਗਤਿ ਭ੍ਰਾਤਹਿ। ਦੇਤਿ ਫਕੀਰ ਖਵਾਇ ਜਹਾਂ ਤਹਿਂ।
ਲੋਭ ਨਹੀ ਤਿਂਹ ਕੇ ਉਰ ਅੰਤਰ। ਦਾਨ ਬਿਖੈ ਮਤਿ ਜਾਨਿ ਨਿਰੰਤਰ॥੧੬॥

ਵੇਖੋ ਪਿਤਾ ਜੀ ! ਇਸ ਗੱਲ ਨੂੰ ਸਮਝੋ, ਉਹ ਫਕੀਰਾਂ ਨੂੰ ਦਾਨ ਦਿੰਦਾ ਹੈ ਅਤੇ ਉਨ੍ਹਾਂ ਨੂੰ ਭੋਜਨ ਖਵਾਉਂਦਾ ਹੈ। ਉਸ ਦੇ ਦਿਲ ਵਿਚ ਕਿਸੇ ਪ੍ਰਕਾਰ ਦਾ ਕੋਈ ਲੋਭ ਨਹੀਂ ਹੈ, ਉਸ ਵਿਚ ਸਦਾ ਹੀ ਦਾਨ ਦੇਣ ਅਤੇ ਗਰੀਬਾਂ ਦਾ ਭਲਾ ਕਰਨ ਦੀ ਰੁਚੀ ਕਾਇਮ ਹੈ॥ ੧੬॥

ਦੌਲਤ ਖਾਂ ਨ੍ਰਿਪ ਤੇ ਡਰ ਆਵਹਿ। ਲੇਖਹਿ ਮੈਂ ਧਨ ਨਾ ਘਟਿ ਜਾਵਹਿ।
ਜਾਚਕ ਭੀਰ ਵਡੀ ਨਿਤ ਹੋਵਹਿ। ਭਾਖਹਿਂ ਲੋਕ ਸਭੈ-ਇਹ ਖੋਵਹਿ- ॥੧੭॥

ਬਾਦਸ਼ਾਹ ਦੌਲਤ ਖਾਂ ਤੋਂ ਜ਼ਰੂਰ ਡਰ ਲੱਗਦਾ ਹੈ ਕਿ ਕਿਤੇ ਹਿਸਾਬ ਕਿਤਾਬ ਕਰਦੇ ਸਮੇਂ ਧਨ ਨਾ ਘਟ ਜਾਵੇ। ਮੰਗਤਿਆਂ ਦੀ ਸਦਾ ਹੀ ਭੀੜ ਲੱਗੀ ਰਹਿੰਦੀ ਹੈ। ਸਾਰੇ ਲੋਕ ਕਹਿੰਦੇ ਹਨ ਕਿ ਇਹ ਧਨ ਗਵਾ ਰਿਹਾ ਹੈ॥ ੧੭॥

ਸ਼ਸ਼ਿਬਦਨਾ ਛੰਦ- ਜਬ ਕਰਿ ਲੇਖਾ। ਵਧਤਿ ਵਿਸ਼ੇਖਾ। ਨਹਿਂ ਘਟਿ ਜਾਂਈ। ਭਲ ਪਤਿ ਆਈ॥੧੮॥

ਜਦ ਲੇਖਾ ਕੀਤਾ ਤਾਂ ਬਹੁਤ ਧਨ ਵੱਧ ਨਿਕਲਿਆ। ਕੁਝ ਵੀ ਘਟਿਆ ਨਾ, ਇਸ ਤਰ੍ਹਾਂ ਇੱਜ਼ਤ ਰਹਿ ਗਈ॥ ੧੮॥

ਇਹ ਕਰਤਾਰਾ। ਧਰਿ ਅਵਤਾਰਾ। ਭਵ ਭਵ ਮਾਂਹੀ। ਨਰ ਤਨ ਨਾਂਹੀ ॥੧੯॥

ਇਹ ਤਾਂ ਕਰਤਾਰ ਨੇ ਆਪ ਇਸ ਸੰਸਾਰ ਵਿਚ ਅਵਤਾਰ ਧਾਰਨ ਕੀਤਾ ਹੈ। ਇਹ ਕੋਈ ਮਨੁੱਖੀ ਸਰੀਰ ਨਹੀਂ ਹੈ"॥ ੧੯॥

ਇਵ ਸੁਨਿ ਕਾਲੂ। ਕਹਿ 'ਸੁਖ ਭਾਲੂ। ਅਬ ਕਰਿ ਲੇਖਾ ਵਧਤਿ ਜਿ ਦੇਖਾ॥੨੦॥

ਇਹ ਸੁਣ ਕੇ ਕਾਲੂ ਨੇ ਕਿਹਾ, "ਇਹ ਤਾਂ ਹੁਣ ਤਕ ਭਲਾ ਹੈ, ਪਰ ਹੁਣ ਲੇਖਾ ਕਰਕੇ ਵੇਖੋ, ਜੇ ਵੱਧ ਜਾਵੇ ਤਾਂ ਮੈਂ ਵੇਖਾਂ॥ ੨੦॥

ਮਮ ਕਹਿ ਮਾਨੋ। ਮਨ ਪਹਿਚਾਨੋ। ਕਰਹੁ ਉਪਾਈ। ਦਰਬ ਖਿਸਾਈ॥੨੧॥

ਮੇਰਾ ਕਿਹਾ ਮੰਨੋ ਅਤੇ ਆਪਣੇ ਮਨ ਨਾਲ ਪਹਿਚਾਣ ਕਰੋ, ਕੋਈ ਉਪਾਅ ਕਰੋ ਤੇ ਧਨ ਖਿਸਕਾਉ॥ ੨੧॥

ਕਖ ਲਖ ਜਾਂਕੇ। ਇਕ ਸਮ ਤਾਂਕੇ। ਅਸ ਬਿਧਿ ਕੀਜੈ। ਧਨ ਜਿਵ ਲੀਜੈ ॥੨੨॥

ਉਸ ਦੇ ਵਾਸਤੇ ਕੱਖ (ਸੁਕੇ ਘਾਹ ਦੀ ਤ੍ਰਿਣ) ਅਤੇ ਲੱਖ ਬਰਾਬਰ ਹਨ। ਕੋਈ ਐਸੀ ਵਿਧੀ ਕਰੋ ਕਿ ਉਸ ਤੋਂ ਕਿਸੇ ਤਰ੍ਹਾਂ ਵੀ ਧਨ ਪ੍ਰਾਪਤ ਕਰ ਲਵੋ॥ ੨੨॥

ਦੋਹਰਾ- ਬਾਲੇ ਕੋ ਬੁਲਵਾਇਕੈ ਦੇਹੁ ਤਿਸੈ ਸਮਝਾਇ।
ਹਮ ਤੁਮ ਮਿਲਿ ਤਿਹ ਸੋਂ ਕਹੈ ਲੈਹੈ ਬਾਤ ਮਨਾਇ॥ ੨੩॥

ਬਾਲੇ ਨੂੰ ਬੁਲਾ ਕੇ ਉਸ ਨੂੰ ਸਮਝਾਉ, ਅਸੀਂ ਤੁਸੀਂ ਮਿਲ ਕੇ ਉਸ ਨੂੰ ਇਸ ਗੱਲ ਵਾਸਤੇ ਰਾਜ਼ੀ ਕਰ ਲਵਾਂਗੇ, ਅਤੇ ਬਾਲਾ ਨਾਨਕ ਨੂੰ ਮਨਾ ਲਵੇਗਾ॥ ੨੩॥

ਹਾਕਲ ਛੰਦ-ਜੈਰਾਮ ਬੋਲਿ ਤਤਕਾਲਾ॥ ਪਠਿ ਦਾਸ ਬੁਲਾਯੋ ਬਾਲਾ।
ਜਬ ਬੈਸਜੇ ਬਚਨ ਬਖਾਨੇ। 'ਤੁਮ ਨਾਨਕ ਮੀਤ ਸੁਜਾਨੇ ॥ ੨੪॥

ਜੈ ਰਾਮ ਨੇ ਉਸ ਵੇਲੇ ਇਕ ਸੇਵਕ ਨੂੰ ਭੇਜ ਕੇ ਤੁਰੰਤ ਬਾਲੇ ਨੂੰ ਬੁਲਾ ਲਿਆ। ਜਦ ਉਹ ਆ ਕੇ ਬੈਠ ਗਿਆ ਤਾਂ ਬਾਬੇ ਕਾਲੂ ਨੇ ਇਹ ਬਚਨ ਕਹੇ, "ਤੁਸੀਂ ਨਾਨਕ ਦੇ ਬੜੇ ਅਕਲਮੰਦ ਅਤੇ ਪਿਆਰੇ ਮਿੱਤਰ ਹੋ॥ ੨੪॥

ਹੌਂ ਤੁਮ ਕੋ ਜਾਨਤਿ ਐਸੇ। ਸੁਤ ਨਾਨਕ ਹੈ ਮਮ ਜੈਸੇ।
ਕਰਿ ਤਾਂਕੀ ਅਬ ਰਖਵਾਰੀ। ਧਨ ਬਿਰਥਾ ਦੇਯ ਨ ਡਾਰੀ॥ ੨੫॥

ਮੈਂ ਤੈਨੂੰ ਇਸ ਤਰ੍ਹਾਂ ਸਮਝਦਾ ਹਾਂ ਜਿਵੇਂ ਮੈਂ ਆਪਣੇ ਪੁੱਤਰ ਨਾਨਕ ਨੂੰ ਸਮਝਦਾ ਹਾਂ। ਤੁਸੀਂ ਹੁਣ ਨਾਨਕ ਦੀ ਪੂਰੀ ਰਾਖੀ ਕਰਨੀ ਹੈ ਤੇ ਕਿਸੇ ਪ੍ਰਕਾਰ ਦਾ ਧਨ ਬਿਰਥਾ ਨਹੀਂ ਜਾਣ ਦੇਣਾ ਹੈ॥ ੨੫॥

ਤੁਝ ਸੰਗਿ ਰਹੇ ਕੀ ਲਾਜਾ। ਧਨ ਜਾਵਹਿ ਨਹੀਂ ਅਕਾਜਾ।
ਸੁਨਿ ਕਾਲੂ ਤੇ ਤਿਹ ਕਾਲਾ। ਰਿਸ ਈਖਦ ਕਰਿ ਕਹਿ ਬਾਲਾ॥ ੨੬॥

ਤੇਰੇ ਸਾਥ ਰਹਿਣ ਦੀ ਉਹ ਲਾਜ ਰਖੇਗਾ ਤੇ ਧਨ ਫਜ਼ੂਲ ਵਿਚ ਨਹੀਂ ਜਾਵੇਗਾ।" ਬਾਬੇ ਕਾਲੂ ਦੀ ਇਹ ਗੱਲ ਸੁਣ ਕੇ, ਬਾਲਾ ਥੋੜੇ ਜਿਹੇ ਗੁੱਸੇ ਵਿਚ ਆ ਗਿਆ॥੨੬॥

'ਹਮ ਲੋਭ ਨਹੀਂ ਮਨ ਰਾਈ। ਕਿਉਂ ਮਹਿਤਾ ਜੀ ਭਰਮਾਈ।
ਨਹਿੰ ਲਾਲਸ ਹੈ ਕੁਛ ਅਸਨਾ। ਨਹਿੰ ਕਰਤਿ ਫਜ਼ੂਲੀ ਬਸਨਾ॥ ੨੭॥

"ਸਾਡੇ ਮਨ ਵਿਚ ਕਿਸੇ ਪ੍ਰਕਾਰ ਦਾ ਲਾਲਚ ਜਾਂ ਲੋਭ ਨਹੀਂ ਹੈ। ਹੇ ਮਹਿਤਾ ਜੀ ! ਕਿਉਂ ਮੈਨੂੰ ਭਰਮਾ ਰਹੇ ਹੋ। ਸਾਨੂੰ ਨਾ ਹੀ ਕਿਸੇ ਪਦਾਰਥ ਦੀ ਲਾਲਸਾ ਹੈ ਤੇ ਨਾ ਹੀ ਵਸਤਰਾਂ ਨੂੰ ਅਸੀਂ ਫਜ਼ੂਲ ਵਿਚ ਗਵਾਉਂਦੇ ਹਾਂ॥ ੨੭॥

ਪਰਮੇਸੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ।
ਇਸ ਸੰਗਤਿ ਹੋਤਿ ਉਧਾਰੋ। ਮਨ ਸਵਹਹਿ ਸ਼ਰਧਾ ਧਾਰੋ॥ ੨੮॥

ਸ੍ਰੀ ਨਾਨਕ ਪ੍ਰਮੇਸ਼ੁਰ ਰੂਪ ਹੈ, ਉਹ ਵਿਲੱਖਣ ਉਪਕਾਰੀ ਰੂਪ ਸੰਤ ਹੈ। ਉਸ ਦੀ ਸੰਗਤ ਵਿਚ ਰਹਿ ਕੇ ਮਨੁੱਖ ਦਾ ਉਧਾਰ ਹੁੰਦਾ ਹੈ। ਉਸ ਪ੍ਰਤਿ ਸ਼ਰਧਾ ਧਾਰਨ ਨਾਲ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਾਪਤ ਹੁੰਦਾ ਹੈ॥ ੨੮॥

ਹਮ ਪਾਈ ਦੁਰਲਭ ਦੇਹਾ। ਭਵ ਤਾਰੋਂ ਕਾਰਜ ਏਹਾ।
ਸੁਨਿ ਮਹਿਤਾ! ਤੁਝ ਧਨ ਚਾਹਾ। ਰਹੁ ਨਾਨਕ ਸੁਤ ਕੇ ਪਾਹਾ॥ ੨੯॥

ਸਾਨੂੰ ਪ੍ਰਭੂ ਨੇ ਇਹ ਦੁਰਲੱਭ ਦੇਹ ਦਿੱਤੀ ਹੈ। ਇਸ ਭਵਜਲ ਰੂਪੀ ਸੰਸਾਰ ਸਾਗਰ ਨੂੰ ਤਰ ਕੇ ਕਿਵੇਂ ਪਾਰ ਹੋਣਾ ਹੈ, ਇਹੋ ਸਾਡਾ ਵੱਡਾ ਕਾਰਜ ਹੈ। ਹੇ ਮਹਿਤਾ ਜੀ ! ਸੁਣੋ, ਜੇ ਤੁਹਾਨੂੰ ਧਨ ਚਾਹੀਦਾ ਹੈ ਤਾਂ ਆਪਣੇ ਪੁੱਤਰ ਨਾਨਕ ਪਾਸ ਰਹੋ॥ ੨੯॥

ਮਮ ਇੱਛਾ ਉਰ ਮਹਿ ਏਹੀ। ਨਹਿ ਆਇਸੁ ਮੇਟਵਿ ਕੇਹੀ।
ਕਛੁ ਦਰਬ ਨ ਪ੍ਰੀਹਾ ਮੇਰੇ। ਜੇ ਮਨ ਮਹਿ ਲਾਲਸ ਤੇਰੇ॥ ੩੦॥

ਮੇਰੇ ਦਿਲ ਦੀ ਇਹੋ ਇੱਛਾ ਹੈ ਕਿ ਮੈਂ ਉਸ ਦਾ ਕੋਈ ਵੀ ਹੁਕਮ ਨਹੀਂ ਮੋੜਨਾ ਹੈ। ਮੈਨੂੰ ਕਿਸੇ ਪ੍ਰਕਾਰ ਦੇ ਧਨ ਦੀ ਇੱਛਾ ਨਹੀਂ ਹੈ, ਜਿਸ ਦੀ ਕਿ ਤੁਹਾਡੇ ਮਨ ਵਿਚ ਲਾਲਸਾ ਹੈ॥ ੩੦॥

ਰਹੁ ਨਾਨਕ ਸੁਤ ਕੇ ਪਾਸੂ। ਲੇ ਆਵਹੁ ਇਹਾਂ ਅਵਾਸੂ।
ਜੋ ਖਰਚਹਿ ਤੇ ਵਧਿ ਜਾਵੈ। ਰਹੁ ਲੇਵਤਿ ਜੋ ਕਰ ਆਵੈ॥ ੩੧॥

ਆਪਣੇ ਪੁੱਤਰ ਨਾਨਕ ਦੇ ਪਾਸ ਰਹੋ। ਆਪਣੇ ਘਰ ਨੂੰ ਇਥੇ ਹੀ ਲੈ ਆਵੋ। ਜਿੰਨਾ ਖਰਚਦਾ ਹੈ, ਉਤਨਾ ਹੀ ਵੱਧ ਜਾਂਦਾ ਹੈ। ਜੋ ਕੁਝ ਵੀ ਤੁਹਾਡੇ ਹੱਥ ਆਵੇ, ਲੈਂਦੇ ਰਹੋ॥ ੩੧॥

ਬਿਤ ਹੋਇ ਨ ਹਮਰੇ ਪਾਸਾ। ਉਹ ਸੁਆਮੀ ਹਮ ਤਿਹ ਦਾਸਾ।
ਧਨ ਇਕਠੋ ਕਿਉਂ ਬਨਿ ਆਈ। ਤਿਹ ਆਇਸੁ ਮੇਟਿ ਨ ਜਾਈ' ॥੩੨॥

ਮੇਰੇ ਪਾਸੋਂ ਧਨ ਨਹੀਂ ਲਿਆਂਦਾ ਜਾ ਸਕਦਾ, ਉਹ ਮੇਰਾ ਮਾਲਕ ਹੈ ਅਤੇ ਮੈਂ ਉਸ ਦਾ ਸੇਵਕ ਹਾਂ। ਧਨ ਇਕੱਠਾ ਕਿਵੇਂ ਹੋ ਸਕਦਾ ਹੈ? ਮੈਂ ਉਸ ਦੇ ਕਿਸੇ ਹੁਕਮ ਨੂੰ ਟਾਲ ਨਹੀਂ ਸਕਦਾ' ॥ ੩੨॥

ਸੁਨਿ ਬੋਲਯੋ ਤਬ ਜੈਰਾਮਾ। 'ਸੁਨਿ ਮਹਿਤਾ! ਇਹ ਨਿਹਕਾਮਾ।
ਸਭਿ ਬਾਲੇ ਸਾਚ ਬਖਾਨੀ। ਸਤਿ ਜਾਨਹੁ ਨਿਜ ਮਨ ਮਾਨੀ॥ ੩੩॥

ਇਹ ਸੁਣ ਕੇ ਜੈ ਰਾਮ ਬੋਲਿਆ, "ਮਹਿਤਾ ਜੀ! ਸੁਣੋ, ਇਹ ਸਭ ਕੁਝ ਬੇਲੋੜ ਹੈ। ਬਾਲੇ ਨੇ ਸੱਚੀ ਗੱਲ ਦੱਸ ਦਿੱਤੀ ਹੈ। ਇਸ ਗੱਲ ਨੂੰ ਸੱਚੀ ਜਾਣੋ ਅਤੇ ਆਪਣੇ ਮਨ ਵਿਚ ਪੂਰੀ ਤਰ੍ਹਾਂ ਮੰਨੋ॥ ੩੩॥

ਨਹਿ ਕੀਜੈ ਉਰ ਮਹਿ ਰੋਸੂ। ਕਛੁ ਬਾਲੇ ਕੋ ਨਹਿ ਦੋਸੂ।
ਜਬ ਹੋਵਹਿ ਨਾਨਕ ਬਜਾਹਾ। ਨਹਿ ਖੋਵਹਿ ਧਨ, ਨਿਤ ਚਾਹਾ॥ ੩੪॥

ਆਪਣੇ ਮਨ ਵਿਚ ਕਿਸੇ ਪ੍ਰਕਾਰ ਦਾ ਰੋਸ ਨਾ ਕਰੋ, ਇਸ ਵਿਚ ਬਾਲੇ ਦਾ ਕੋਈ ਦੋਸ਼ ਨਹੀਂ। ਜਦ ਨਾਨਕ ਦਾ ਵਿਆਹ ਹੋ ਜਾਵੇਗਾ ਤਾਂ ਉਹ ਸਦਾ ਵਾਂਗ ਧਨ ਨਹੀਂ ਗਵਾਏਗਾ, ਕਿਉਂਕਿ ਫਿਰ ਉਸ ਨੂੰ ਵੀ ਧਨ ਦੀ ਲੋੜ ਪਵੇਗੀ॥ ੩੪॥

ਬੁਲਵਾਵੌਂ ਹੋਇ ਸਗਾਈ। ਚਿਤ ਚਿੰਤਾ ਕਰਹੁ ਨ ਕਾਈ।
ਤਿਯ ਮੋਹ ਤਬਹਿ ਹੋ ਜਾਈ। ਨਹਿ ਖੋਵਹਿ ਦਰਬ ਅਜਾਈਂ ॥ ੩੫॥

ਜਦ ਸਗਾਈ ਹੋਵੇਗੀ ਤਾਂ ਮੈਂ ਤੁਹਾਨੂੰ ਬੁਲਾਵਾਂਗਾ, ਆਪਣੇ ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਵਿਆਹ ਤੋਂ ਬਾਅਦ ਇਸਤਰੀ ਨਾਲ ਪਿਆਰ ਹੋ ਜਾਵੇਗਾ ਤੇ ਫਿਰ ਧਨ ਨੂੰ ਵੀ ਫਜ਼ੂਲ ਵਿਚ ਨਹੀਂ ਗਵਾਏਗਾ"॥ ੩੫॥

ਸੁਨਿ ਬਾਲਾ ਤਹਾਂ ਸਿਧਾਯਾ। ਜਹਿ ਨਾਨਕ ਹਾਟ ਸੁਹਾਯਾ।
ਤਬ ਕਾਲੂ ਕੌਇਕ ਕਾਲਾ। ਬੀਤਾਯੋ ਤਨਿਯਾ ਸ਼ਾਲਾ॥ ੩੬॥

ਇਹ ਕੁਝ ਸੁਣ ਕੇ ਬਾਲਾ ਉਥੇ ਪਹੁੰਚ ਗਿਆ, ਜਿਥੇ ਸ੍ਰੀ ਨਾਨਕ ਜੀ ਦਾ ਹਟ ਸ਼ੋਭਾ ਪਾ ਰਿਹਾ ਸੀ। ਤਦ ਮਹਿਤਾ ਕਾਲੂ ਕੁਝ ਸਮੇਂ ਤਕ ਆਪਣੀ ਪੁੱਤਰੀ ਦੇ ਘਰ ਵਿਖੇ ਹੀ ਠਹਿਰਿਆ॥ ੩੬॥

ਚਲਿਨੇ ਕੀ ਕੀਨੀ ਤਯਾਰੀ। ਸਮਝਾਵਤਿ ਬਹੁ ਪਰਕਾਰੀ।
'ਸੁਤ ਹੋਇ ਸਗਾਈ ਤੇਰੀ। ਅਬ ਤੂਰਨ ਨਹਿ ਕਛੁ ਦੇਰੀ॥ ੩੭॥

ਚੱਲਣ ਦੀ ਤਿਆਰੀ ਕੀਤੀ ਅਤੇ ਆਪਣੇ ਪੁੱਤਰ ਨੂੰ ਕਈ ਪ੍ਰਕਾਰ ਨਾਲ ਸਮਝਾਇਆ, "ਪੁੱਤਰ ਹੁਣ ਤੇਰੀ ਸਗਾਈ ਛੇਤੀ ਹੋ ਜਾਵੇਗੀ, ਇਸ ਵਿਚ ਕੋਈ ਦੇਰ ਨਹੀਂ ਹੈ॥ ੩੭॥

ਕਰਿ ਇਕਠੋ ਖਰਚ ਸਗਾਈ। ਤਜਿ ਆਗਲ ਰੀਤਿ ਬਿਜਾਈ।'
ਮਿਲਿ ਤਨਜਾ ਤਨੁਜਾਪਤਿ ਕੋ। ਬਹੁ ਚਲਨ ਸਮੈਂ ਕਰਿ ਹਿਤ ਕੋ॥੩੮॥

ਆਪਣੀ ਸਗਾਈ ਵਾਸਤੇ ਧਨ ਇਕੱਠਾ ਕਰੋ ਅਤੇ ਪਿਛਲੀ ਅਯੋਗ ਰੀਤੀ ਨੂੰ ਛੱਡ ਦੇਵੋ।" ਫਿਰ ਆਪਣੀ ਪੁੱਤਰੀ ਅਤੇ ਜਵਾਈ ਜੈ ਰਾਮ ਨੂੰ ਚਲਣ ਸਮੇਂ ਬੜੇ ਪਿਆਰ ਸਤਿਕਾਰ ਨਾਲ ਮਿਲੇ॥ ੩੮॥

ਮਿਲਿ ਨਾਨਕ ਸੋਂ ਪੁਨ ਬਾਲਾ। ਬਚ ਹਿਤ ਕੇ ਕਹਿ ਕਰਿ ਚਾਲਾ।
ਨਿਜ ਕਾਲੂ ਭੌਨ ਸਿਧਾਯਾ। ਪੁਨ ਨਾਨਕ ਕਾਰ ਚਲਾਯਾ॥ ੩੯॥

ਨਾਨਕ ਨੂੰ ਮਿਲ ਕੇ ਫਿਰ ਬਾਲੇ ਨੂੰ ਮਿਲਿਆ ਅਤੇ ਬੜੇ ਪਿਆਰ ਦੇ ਬਚਨ ਕਹਿ ਕੇ ਚਲ ਪਿਆ। ਮਹਿਤਾ ਕਾਲੂ ਆਪਣੇ ਨਗਰ ਨੂੰ ਚਲਾ ਗਿਆ, ਫਿਰ ਨਾਨਕ ਆਪਣੇ ਕੰਮ ਕਾਜ ਵਿਚ ਲੱਗ ਗਿਆ॥ ੩੯॥

ਹੈ ਰੀਤਿ ਪੂਰਬਲਿ ਜੈਸੀ। ਸਭਿ ਵਰਤਹਿ ਨਾਨਕ ਤੈਸੀ।
ਦੇ ਅਸਨ ਬਸਨ ਸਭਿ ਤਾਂਈ। ਘਰ ਛੂਛਾ ਕੋ ਨ ਪਠਾਈ॥ ੪੦॥

ਜਿਸ ਤਰ੍ਹਾਂ ਦੀ ਪਹਿਲੀ ਰੀਤੀ ਚਲਦੀ ਸੀ, ਸ੍ਰੀ ਨਾਨਕ ਨੇ ਉਹੋ ਵਰਤਾਰਾ ਹੀ ਰਖਿਆ। ਉਹ ਸਭ ਨੂੰ ਭੋਜਨ ਅਤੇ ਵਸਤਰ ਦਿੰਦਾ ਸੀ ਅਤੇ ਕੋਈ ਵੀ ਮੰਗਤਾ ਖਾਲੀ ਹੱਥ ਨਹੀਂ ਜਾਂਦਾ ਸੀ॥ ੪੦॥

ਪੁਰਿ ਪਸਰੀ ਕੀਰਤਿ ਰੂਰੀ। ਨਰ ਨਾਰਿਨਿ ਘਰ ਘਰ ਪੂਰੀ॥
ਕੈ ਪਾਂਤਿ ਮਰਾਲਨਿ ਭੂਲੀ। ਕਲ ਕਿਧੋਂ ਮਾਲਤੀ ਫੂਲੀ॥ ੪੧॥

ਸਾਰੇ ਨਗਰ ਵਿਚ ਉਨ੍ਹਾਂ ਦੀ ਸੁੰਦਰ ਕੀਰਤੀ ਫੈਲ ਗਈ। ਮਰਦ ਇਸਤਰੀਆਂ ਘਰ ਘਰ ਇੰਝ ਜੱਸ ਗਾਉਂਦੇ ਸਨ, ਜਿਵੇਂ ਹੰਸਾਂ ਦੀ ਡਾਰ ਭੁੱਲ ਗਈ ਹੋਵੇ ਜਾਂ ਜਿਵੇਂ ਸੁੰਦਰ ਮਾਲਤੀ ਦੇ ਫੁੱਲ ਖਿੜੇ ਹੋਏ ਹਨ॥ ੪੧॥

ਜਿਉਂ ਸੁਰਤਰੁ ਅਨਿਕ ਉਦਾਰਾ। ਤਿਉਂ ਦੇਤਿ ਨ ਹੋਤਿ ਅਵਾਰਾ।
ਨਿਤ ਭੂਰ ਫਕੀਰਨਿ ਭੀਰਾ। ਦੇ ਹਰਖਹਿਂ ਰਿਦੇ ਸਧੀਰਾ॥ ੪੨॥

ਜਿਵੇਂ ਕਲਪ ਬ੍ਰਿਛ ਬਹੁਤ ਵੱਡਾ ਸਖੀ ਬਣ ਗਿਆ ਸੀ ਅਤੇ ਹਰ ਇਕ ਦੇ ਮਨ ਦੀਆਂ ਇੱਛਾਂ ਪੂਰੀਆਂ ਕਰ ਰਿਹਾ ਹੋਵੇ, ਇੰਝ ਹੀ ਗੁਰੂ ਜੀ ਦਾਨ ਦੇਣ ਵਿਚ ਕੋਈ ਦੇਰੀ ਨਹੀਂ ਸਨ ਕਰ ਰਹੇ। ਸਦਾ ਹੀ ਫਕੀਰਾਂ ਦੀ ਭੀੜ ਲੱਗੀ ਰਹਿੰਦੀ ਸੀ। ਧੀਰਜ ਵਾਲੇ ਗੁਰੂ ਜੀ, ਸਭ ਨੂੰ ਦਾਨ ਦੇ ਕੇ ਦਿਲ ਵਿਚ ਖੁਸ਼ ਹੁੰਦੇ ਸਨ॥ ੪੨॥

ਦੋਹਰਾ- ਕਿਤਿਕ ਕਾਲ ਬੀਤਤਿ ਭਯੋ ਤਬਹਿ ਪਿਸ਼ਨ ਇਕ ਆਇ।
ਦੂਤੀ ਕਰੀ ਜੈਰਾਮ ਪੈ ਸਦਨ ਇਕੰਤਿ ਬਸਾਇ॥ ੪੩॥

ਕਾਫੀ ਸਮਾਂ ਇਸ ਤਰ੍ਹਾਂ ਬੀਤ ਗਿਆ, ਫਿਰ ਇਕ ਚੁਗਲ ਨੇ ਜੈ ਰਾਮ ਦੇ ਘਰ ਜਾ ਕੇ ਉਸ ਨੂੰ ਇਕੱਲਿਆਂ ਬਿਠਾ ਕੇ ਚੁਗਲੀ ਕੀਤੀ॥ ੪੩॥

ਹਾਕਲ ਛੰਦ- 'ਤਿਯ ਸੋਦਰ ਤੁਮ ਸਮਝਾਓ। ਧਨ ਬਿਰਥਾ ਨਾਂਹਿ ਲੁਟਾਓ।
ਮਨ ਜਾਨਿ ਭਲੇ ਮਮ ਬੈਨਾ॥ ਮਨ ਤਨਕ ਤਾਂਹਿ ਕੇ ਭੈ ਨਾ॥ ੪੪॥

"ਤੁਸੀ ਆਪਣੀ ਇਸਤਰੀ ਦੇ ਭਰਾ ਨੂੰ ਸਮਝਾਓ, ਧਨ ਵਿਅਰਥ ਵਿਚ ਨਾ ਲੁਟਾਓ। ਮੇਰੀ ਗੱਲ ਆਪਣੇ ਮਨ ਵਿਚ ਚੰਗੀ ਤਰ੍ਹਾਂ ਜਾਣ ਲਵੋ। ਗੁਰੂ ਨਾਨਕ ਨੂੰ ਰਤਾ ਭਰ ਵੀ ਕਿਸੇ ਦਾ ਡਰ ਨਹੀਂ ਹੈ॥ ੪੪॥

ਬਹੁਦੇਤਿ ਫਕੀਰਨ ਦਰਬਾ। ਨਿਤ ਖੋਤਿ ਤੁਰਕ ਘਰ ਸਰਬਾ।
ਤੁਮ ਖੋਇ ਤੁਰਕ ਕੀ ਜਾਨੋ। ਦੁਖਦਾਨੀ ਅਮਲ ਪਛਾਨੋਂ॥ ੪੫॥

ਉਹ ਫਕੀਰਾਂ ਨੂੰ ਬਹੁਤ ਧਨ ਦੇ ਰਿਹਾ ਹੈ ਤੇ ਨਵਾਬ ਦੇ ਘਰ ਨੂੰ ਲੁਟਾਈ ਜਾ ਰਿਹਾ ਹੈ। ਤੁਸੀਂ ਨਵਾਬ ਦੀ ਆਦਤ ਨੂੰ ਚੰਗੀ ਤਰ੍ਹਾਂ ਜਾਣਦੇ ਹੋ, ਉਸ ਦੀ ਦੁਖਦਾਈ ਹਕੂਮਤ ਨੂੰ ਚੰਗੀ ਤਰ੍ਹਾਂ ਪਛਾਣਦੇ ਹੋ'॥ ੪੫॥

ਭੈਮਾਨ ਭਯੋ ਜੈਰਾਮਾ। ਉਠਿ ਤੂਰਨ ਗਮਨਜੋ ਧਾਮਾ।
ਕਹਿ ਬੋਲੀ 'ਆਰਜ ਤਨੀਆ! ਬਹੁ ਲੋਕਨ ਤੇ ਮੈਂ ਸੁਨੀਆ॥ ੪੬॥

ਇਹ ਸੁਣ ਕੇ ਜੈ ਰਾਮ ਭੈ-ਭੀਤ ਹੋ ਗਿਆ ਤੇ ਤੁਰੰਤ ਉੱਠ ਕੇ ਘਰ ਨੂੰ ਚਲਾ ਗਿਆ। ਘਰ ਪਹੁੰਚ ਕੇ ਉਸ ਨੇ ਮਹਿਤਾ ਕਾਲੂ ਦੀ ਪੁੱਤਰੀ ਭਾਵ- ਗੁਰੂ ਨਾਨਕ ਜੀ ਦੀ ਭੈਣ, ਬੇਬੇ ਨਾਨਕੀ ਨੂੰ ਆਵਾਜ਼ ਮਾਰ ਕੇ ਬੁਲਾਇਆ ਅਤੇ ਕਿਹਾ, "ਬੜੇ ਲੋਕਾਂ ਪਾਸੋਂ ਮੈਂ ਸੁਣਿਆ ਹੈ॥ ੪੬॥

ਧਨ ਖਰਚਤਿ ਨਾਨਕ ਐਸੇ। ਵਡ ਭੂਪਤਿ ਹੋਵਤਿ ਜੈਸੇ।
ਭੈ ਦੇਤਿ ਕਹੈਂ ਨਰ ਆਏ। ਜਿਉਂ ਸਰ ਹਿਰਦੇ ਖਰ ਲਾਏ॥ ੪੭॥

ਕਿ ਨਾਨਕ ਇਸ ਤਰ੍ਹਾਂ ਧਨ ਖਰਚ ਰਿਹਾ ਹੈ ਜਿਵੇਂ ਕਿ ਉਹ ਬਹੁਤ ਵੱਡਾ ਮਹਾਰਾਜਾ ਹੋਵੇ। ਲੋਕ ਮੈਨੂੰ ਇਸ ਤਰ੍ਹਾਂ ਆ ਕੇ ਡਰਾਉਂਦੇ ਹਨ ਜਿਵੇਂ ਸਿੱਧੇ ਤੀਰ ਮੇਰੀ ਛਾਤੀ ਵਿਚ ਮਾਰਦੇ ਹੋਣ॥ ੪੭॥

ਅਬ ਕਰੋਂ ਕੌਨ ਮੈਂ ਕਾਜਾ। ਰਹਿ ਆਵਹਿ ਜਿਹ ਬਿਧਿ ਲਾਜਾ।
ਚਿੰਤੋ ਦਿਧ ਭਯੋ ਨਿਮਗਨਾ। ਕਹੁ ਪੋਤ ਜਤਨ ਹਦਿ ਲਘਨਾ॥੪੮॥

ਹੁਣ ਮੈਂ ਕੀ ਕੰਮ ਕਰਾਂ, ਜਿਸ ਨਾਲ ਮੇਰੀ ਰਹਿ ਆ ਜਾਵੇ ਅਤੇ ਲਾਜ ਬੱਚ ਸਕੇ। ਮੈਂ ਤਾਂ ਚਿੰਤਾ ਦੇ ਸਮੁੰਦਰ ਵਿਚ ਡੁੱਬ ਰਿਹਾ ਹਾਂ। ਕਿਹੜਾ ਜਤਨ ਰੂਪੀ ਜਹਾਜ਼ ਚੜ੍ਹਾਂ, ਤਾਂਕਿ ਇਹ ਭਵਜਲ ਪਾਰ ਕਰ ਸਕਾਂ'॥ ੪੮॥

ਸੁਨਿ ਭਨੇ ਨਾਨਕੀ ਬਚਨਾ। 'ਮਨ ਤਵ ਜੇ ਸੰਸੈ ਖਚਨਾ।
ਕਰਿ ਬਾਤ ਉਚਿਤ ਚਿਤ ਭਾਈ। ਜਿਉਂ ਭਰਮ ਭੂਰ ਮਿਟ ਜਾਈ॥੪੯॥

ਇਹ ਸੁਣ ਕੇ ਬੇਬੇ ਨਾਨਕੀ ਨੇ ਬਚਨ ਕੀਤੇ, "ਤੁਹਾਡੇ ਮਨ ਵਿਚ ਜਿਹੜੇ ਸ਼ੱਕ ਅਤੇ ਸੰਸੇ ਘਰ ਕਰ ਗਏ ਹਨ। ਮੇਰੇ ਭਰਾ ਬਾਰੇ ਕੋਈ ਉਚਿਤ ਗੱਲ ਕਰੋ ਜੋ ਦਿਲ ਨੂੰ ਚੰਗੀ ਲੱਗੇ ਅਤੇ ਜਿਸ ਨਾਲ ਸਾਰਾ ਭਰਮ ਮਿੱਟ ਜਾਵੇ॥ ੪੯॥

ਪਰਤੀਤਿ ਨ ਆਈ ਤੁਮਕੋ। ਕਜਾ ਮਸਲਤ ਬੂਝਤਿ ਹਮਕੋ।
ਤੁਮ ਜਾਨਤਿ ਭ੍ਰਾਤ ਵਡਾਈ। ਨਿਤ ਦੇਤਿ ਮੁਝੈ ਸਮਝਾਈ॥ ੫੦॥

ਤੁਹਾਨੂੰ ਹਾਲੇ ਤਕ ਪ੍ਰਤੀਤ ਨਹੀ ਆਈ ਹੈ, ਮੈਥੋਂ ਕੀ ਸਲਾਹ ਪੁੱਛਦੇ ਹੋ। ਤੁਸੀਂ ਮੇਰੇ ਭਰਾ ਦੀ ਵਡਿਆਈ ਨੂੰ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਸਦਾ ਹੀ ਮੈਨੂੰ ਸਮਝਾਉਂਦੇ ਰਹਿੰਦੇ ਹੋ॥ ੫੦॥

ਨਿਤ ਹਮਰੇ ਉਰ ਪਰਤੀਤੂ। ਨਹਿਂ ਡੋਲਤਿ ਕਬਹੂੰ ਚੀਤੂ।
ਪਰਮੇਸ਼ੁਰ ਨਾਨਕ ਰੂਪਾ। ਉਪਕਾਰੀ ਸੰਤ ਅਨੂਪਾ॥ ੫੧॥

ਮੇਰੇ ਹਿਰਦੇ ਵਿਚ ਸਦਾ ਹੀ ਪ੍ਰਤੀਤ ਹੈ। ਮੇਰਾ ਚਿਤ ਕਦੇ ਵੀ ਡੋਲਦਾ ਨਹੀਂ। ਸ੍ਰੀ ਨਾਨਕ ਪ੍ਰਮੇਸ਼ੁਰ ਰੂਪ ਹੈ, ਵਿਲੱਖਣ ਉਪਕਾਰੀ ਸੰਤ ਹੈ॥੫੧॥

ਭਵ ਮਾਯਾ ਵਰਤਤਿ ਜੋਊ। ਸ੍ਰੀ ਨਾਨਕ ਕੀ ਸਭਿ ਸੋਊ।

ਤੁਮ ਚਾਹਤਿ ਜੇ ਅਬ ਦੇਖਾ। ਕਰਿ ਲੀਜੈ ਸਭਿ ਹੀ ਲੇਖਾ॥ ੫੨॥

ਸੰਸਾਰ ਵਿਚ ਜਿਹੜਾ ਮਾਇਆ ਦਾ ਵਰਤਾਰਾ ਹੈ, ਉਹ ਸਭ ਕੁਝ ਸ੍ਰੀ ਨਾਨਕ ਕਰਕੇ ਹੀ ਹੈ। ਤੁਸੀਂ ਜੇ ਹੁਣ ਇਹ ਵਰਤਾਰਾ ਵੇਖਣਾ ਚਾਹੁੰਦੇ ਹੋ ਤਾਂ ਉਸ ਦੇ ਹਟ ਦਾ ਲੇਖਾ ਕਰਵਾ ਕੇ ਵੇਖ ਲਵੋ॥ ੫੨॥

ਜੇ ਵਧੈ ਕਿਧੋਂ ਹੁਇ ਪੂਰਾ। ਨਹਿੰ ਮਾਨਹੁ ਜੋ ਕਹੁੰ ਕੂਰਾ।
ਸੁਨਿ ਬੋਲਜੋ ਵਾਕ ਜਰਾਮਾ। 'ਅਬ ਹੌਂ ਨ ਕਰੌਂ ਇਹ ਕਾਮਾ॥ ੫੩॥

ਜਾਂ ਤਾਂ ਹਿਸਾਬ ਕਿਤਾਬ ਵਧੇਗਾ ਜਾਂ ਪੂਰਾ ਹੋਵੇਗਾ। ਮੇਰੀ ਗੱਲ ਨੂੰ ਜ਼ਰਾ ਭਰ ਵੀ ਝੂਠ ਨਾ ਮੰਨੋ।'' ਇਹ ਸੁਣ ਕੇ ਜੈ ਰਾਮ ਬੋਲਿਆ, ''ਮੈਂ ਹੁਣ ਇਹ ਕੰਮ ਨਹੀਂ ਕਰਾਂਗਾ॥ ੫੩॥

ਹੈ ਤੁਮਰੇ ਉਰ ਜਬ ਐਸੇ। ਨਹਿੰ ਲੇਖਾ ਕਰਿਹੌਂ ਕੈਸੇ'।
ਬਚ ਭਨੈ ਨਾਨਕੀ 'ਸੁਨੀਏ!। ਅਬ ਲੇਖਾ ਲੇਹੁ, ਨ ਗੁਨੀਏ॥ ੫੪॥

ਤੇਰੇ ਹਿਰਦੇ ਵਿਚ ਜਦ ਇਸ ਤਰ੍ਹਾਂ ਹੈ ਤਾਂ ਮੈਂ ਲੇਖਾ ਕਿਵੇਂ ਕਰਵਾਵਾਂਗਾ। ਬੇਬੇ ਨਾਨਕੀ ਨੇ ਫਿਰ ਕਿਹਾ, ''ਮੇਰੀ ਗੱਲ ਸੁਣੋ, ਹੁਣ ਲੇਖਾ ਕਰਵਾ ਲਵੋ ਅਤੇ ਵਿਚਾਰਾਂ ਵਿਚ ਨਾ ਪਵੋ॥੫੪॥

ਨਹਿੰ ਕੀਜੈ ਅਬਹਿ ਬਿਲੰਬਾ। ਬੁਲਵਾਵਉ ਸੁਤ ਮਮ ਅੰਬਾ।
ਕਹਿ ਭੇਜੀ ਤੁਲਸਾਂ ਦਾਸੀ। ਜਹਿੰ ਨਾਨਕ ਥੇ ਸੁਖਰਾਸੀ॥ ੫੫॥

ਹੁਣ ਇਸ ਵਿਚ ਕੋਈ ਦੇਰ ਨਾ ਕਰੋ, ਮੇਰੀ ਮਾਂ ਦੇ ਪੁੱਤਰ ਨੂੰ ਹੁਣੇ ਹੀ ਬੁਲਾਵੋ।'' ਉਸੇ ਵੇਲੇ ਹੀ ਤੁਲਸਾਂ ਨਾਮੀ ਸੇਵਕਾ ਨੂੰ ਸੁਖਾਂ ਦੇ ਖਜ਼ਾਨੇ ਗੁਰੂ ਨਾਨਕ ਜੀ ਪਾਸ ਭੇਜਿਆ॥ ੫੫॥

ਤਿਹ ਬੂਝਤਿ ਨਾਨਕ ਐਸੇ। 'ਕਹੁ ਤੁਲਸਾਂ ਆਈ ਕੈਸੇ?'।
ਪੁਨ ਦਾਸੀ ਬਚਨ ਬਖਾਨੇ। 'ਤੁਮ ਭਗਨੀ ਬਹੁ ਹਿਤਵਾਨੇ॥ ੫੬॥

ਸ੍ਰੀ ਨਾਨਕ ਜੀ ਤੁਲਸਾਂ ਸੇਵਕਾ ਨੂੰ ਵੇਖ ਕੇ ਪੁੱਛਣ ਲੱਗੇ, ''ਤੁਲਸਾਂ! ਦੱਸੋ, ਕਿਵੇਂ ਆਈ ਹੈਂ?'' ਫਿਰ ਦਾਸੀ ਨੇ ਕਿਹਾ, ''ਤੁਹਾਡੀ ਭੈਣ ਤੁਹਾਨੂੰ ਬਹੁਤ ਪਿਆਰ ਕਰਦੀ ਹੈ॥ ੫੬॥

ਬਹੁ ਬਿਨੈ ਕਰੀ ਕਹਿ ਬਾਨੀ। ਦਿਹੁ ਦਰਸ਼ਨ ਕਰੁਨਾ ਠਾਨੀ।
ਇਉਂ ਆਈ ਤੁਮਰੇ ਪਾਸਾ। ਉਠਿ ਚਲੀਏ ਸੁਸਾ ਅਵਾਸਾ॥ ੫੭॥

ਉਸ ਨੇ ਬਹੁਤ ਬੇਨਤੀ ਕੀਤੀ ਹੈ, ਇਸ ਲਈ ਕਿਰਪਾ ਕਰਕੇ ਉਸ ਨੂੰ ਦਰਸ਼ਨ ਦੇਵੋ। ਇਸ ਕਰਕੇ ਮੈਂ ਤੁਹਾਡੇ ਪਾਸ ਆਈ ਹਾਂ। ਉਠੋ ਤੇ ਭੈਣ ਦੇ ਘਰ ਚਲੋ'' ॥ ੫੭॥

ਦੋਹਰਾ- ਸ੍ਰੀ ਨਾਨਕ ਬੋਲੇ ਬਚਨ 'ਚਲਿ ਤੁਲਸਾਂ ਹੌਂ ਆਇ।
ਮੁਝਕੋ ਲੀਨਿ ਬੁਲਾਇ ਢਿਗ ਬੂਝਤਿ ਭੇ ਗਤਿ ਦਾਇ॥ ੫੮॥

ਸ੍ਰੀ ਨਾਨਕ ਨੇ ਫਿਰ ਬਚਨ ਕੀਤੇ, ''ਤੂੰ ਤੁਲਸਾਂ ਚਲ, ਮੈਂ ਹੁਣੇ ਆਉਂਦਾ ਹਾਂ। ਫਿਰ ਮੈਨੂੰ (ਭਾਈ ਬਾਲਾ) ਆਪਣੇ ਪਾਸ ਬੁਲਾਇਆ ਤੇ ਮੁਕਤੀ ਦਾਤੇ ਮੈਨੂੰ ਪੁੱਛਣ ਲੱਗੇ॥ ੫੮॥

ਹਾਕਲਛੰਦ-'ਕਿਉਂ ਹਮੈਂ ਬੁਲਾਯੋ? ਬਾਲਾ!। ਭ੍ਰਮ ਹੋਯੋ ਉਰ ਇਹ ਕਾਲਾ।
ਮਮ ਚੁਗਲੀ ਕੀਨੀ ਕਾਹੂ। ਮਨ ਲਖਿਯਤਿ ਹੈ ਬਿਧਿ ਯਾਹੂ॥ ੫੯॥

"ਹੇ ਬਾਲਾ! ਮੈਨੂੰ ਘਰ ਕਿਉਂ ਬੁਲਾਇਆ ਹੈ, ਮੇਰੇ ਹਿਰਦੇ ਵਿਚ ਇਸ ਸਮੇਂ ਭਰਮ ਉਤਪੰਨ ਹੋਇਆ ਹੈ। ਮੇਰੀ ਕਿਸੇ ਨੇ ਚੁਗਲੀ ਕੀਤੀ ਹੈ, ਮੇਰਾ ਮਨ ਤਾਂ ਇਹੋ ਕੁਝ ਸਮਝਦਾ ਹੈ" ॥ ੫੯॥

ਸ੍ਰੀ ਅੰਗਦ ਸੋਂ ਕਹਿ ਬਾਲਾ। ਸਭਿ ਕਥਾ ਬਨਾਇ ਰਸਾਲਾ।
ਗੁਰ ਅੰਗਦ! ਸੁਨੀਏ ਬੈਨਾ। ਹੌਂ ਭਾਖ੍ਯੋ 'ਸੁਨਹੁ ਸੁਖੈਨਾ! ॥ ੬੦॥

ਸਾਰੀ ਕਥਾ ਰਸੀਲੀ ਬਣਾ ਕੇ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ। ਹੇ ਗੁਰੂ ਅੰਗਦ ਦੇਵ ਜੀ! ਸਾਰੀ ਵਾਰਤਾ ਸੁਣੋ। ਮੈਂ ਕਿਹਾ, "ਹੇ ਸੁਖਾਂ ਦੇ ਘਰ ਭਾਵ-ਗੁਰੂ ਜੀ!॥ ੬੦॥

ਕੋ ਕਰਿਹੈ ਦੂਤੀ ਤੇਰੀ?। ਨਹਿਂ ਔਗੁਨਤਾ ਕਛੁ ਹੇਰੀ।
ਨਹਿਂ ਕਰਤੇ ਕਛੂ ਕੁਕਾਰਾ। ਸੁਨਿ ਨਾਨਕ ਬਚਨ ਉਚਾਰਾ॥ ੬੧॥

ਕੌਣ ਤੁਹਾਡੀ ਚੁਗਲੀ ਕਰ ਸਕਦਾ ਹੈ? ਜਿਸ ਨੇ ਇਸ ਵਿਚ ਕੋਈ ਗੁਣ-ਔਗੁਣ ਨਹੀਂ ਵੇਖਿਆ। ਜਦ ਤੁਸੀ ਕੋਈ ਮਾੜਾ ਕੰਮ ਹੀ ਨਹੀਂ ਕਰਦੇ।" ਇਹ ਸੁਣ ਕੇ ਸ੍ਰੀ ਨਾਨਕ ਨੇ ਬਚਨ ਕੀਤਾ॥ ੬੧॥

'ਹੈ ਆਪਨ ਮੈਂ ਜੁ ਮਿਠਾਈ। ਸੋ ਬਾਲਾ ਆਨਿ ਉਚਾਈ'।
ਲੇ ਢਾਈ ਸੇਰ ਪਤਾਸੇ। ਉਠਿ ਗੱਛਤਿ ਭੇ ਸੁਖਰਾਸੇ॥ ੬੨॥

"ਸਾਡੇ ਪਾਸ ਜੋ ਮਿੱਠਾ ਹੈ, ਉਸ ਨੂੰ ਬਾਲਾ ਚੁੱਕ ਕੇ ਲਿਆ।" ਢਾਈ ਸੇਰ ਪਤਾਸੇ ਲੈ ਕੇ, ਤੇ ਸੁਖਾਂ ਦੇ ਖਜ਼ਾਨੇ ਉਨ੍ਹਾਂ ਪਤਾਸਿਆਂ ਨੂੰ ਚੁੱਕ ਕੇ ਉੱਠ ਕੇ ਚੱਲ ਪਏ॥ ੬੨॥

ਚਲਿ ਆਏ ਸੁਸਾ ਨਿਕੇਤਾ। ਹੌਂ ਸੰਗ ਗਯੋ ਕਰਿ ਹੇਤਾ।
ਉਠਿ ਕੀਨੋ ਬਹੁ ਸਤਿਕਾਰੂ। ਮੰਚ ਦੀਨ ਵਿਛਾਇ ਜੁ ਚਾਰੂ॥ ੬੩॥

ਆਪਣੀ ਭੈਣ ਦੇ ਘਰ ਚਲ ਕੇ ਆ ਗਏ। ਮੈਂ ਵੀ ਪ੍ਰੇਮ ਕਰਕੇ ਨਾਲ ਹੀ ਗਿਆ। ਬੇਬੇ ਨਾਨਕੀ ਜੀ ਨੇ ਉਠ ਕੇ ਬੜਾ ਸਤਿਕਾਰ ਕੀਤਾ ਤੇ ਸੁੰਦਰ ਪਲੰਘ ਵਿਛਾ ਦਿੱਤਾ॥ ੬੩॥

ਤਬ ਬੋਲੇ ਬੇਦਜਨ ਕੇਤਾ। 'ਕਹੁ ਭਗਨੀ! ਬੋਲਨ ਹੇਤਾ।
ਤੁਮ ਹਮਕੋ ਬੋਲਿ ਪਠਾਯੋ। ਸੁਨਿ ਆਇਸੁ ਮੈਂ ਚਲਿ ਆਯੋ' ॥ ੬੪॥

ਤਦ ਬੇਦੀਆਂ ਦੀ ਧੁਜਾ ਬੋਲਿਆ, "ਭੈਣ ਜੀ! ਦੱਸੋ, ਕਿਸ ਕਾਰਨ ਬੁਲਾਇਆ ਹੈ? ਤੁਸੀਂ ਮੈਨੂੰ ਸੱਦ ਕੇ ਬੁਲਾਇਆ ਹੈ। ਇਹ ਸੁਣ ਕੇ ਮੈਂ ਚੱਲ ਕੇ ਆ ਗਿਆ ਹਾਂ"॥ ੬੪॥

ਕਹਿ ਕਾਲੂ ਤਨੁਜਾ 'ਭਾਈ!। ਤਵ ਦਰਸ਼ਨ ਮਨ ਲਲਚਾਈ।
ਤਬ ਭੇਜੀ ਤੁਲਸਾਂ ਦਾਸੀ। ਅਬ ਦੇਖਿਤਿ ਰਿਦਾ ਵਿਕਾਸੀ' ॥ ੬੫॥

ਮਹਿਤਾ ਕਾਲੂ ਦੀ ਪੁੱਤਰੀ ਨੇ ਫਿਰ ਕਿਹਾ, "ਮੇਰੇ ਵੀਰ! ਮੇਰਾ ਤੇਰੇ ਦਰਸ਼ਨਾਂ ਨੂੰ ਮਨ ਲਲਚਾ ਗਿਆ ਸੀ। ਇਸ ਕਰਕੇ ਮੈਂ ਤੁਲਸਾਂ ਦਾਸੀ ਨੂੰ ਭੇਜਿਆ ਸੀ। ਹੁਣ ਦਰਸ਼ਨ ਕਰਕੇ ਦਿਲ ਪ੍ਰਸੰਨ ਹੋ ਗਿਆ ਹੈ" ॥ ੬੫॥

ਸ੍ਰੀ ਨਾਨਕ ਬਚਨ ਉਚਾਰੇ। 'ਸੁਨਿ ਭਗਨੀ ਰਿਦੈ ਹਮਾਰੇ।
ਭ੍ਰਮ ਹੋਯੋ, ਦੇਹੁ ਬਤਾਈ। ਕਿਸ ਕਾਰਜ ਮੋਹਿ ਬੁਲਾਈ?' ॥ ੬੬॥

ਸ੍ਰੀ ਨਾਨਕ ਨੇ ਫਿਰ ਕੁਝ ਬਚਨਾਂ ਦਾ ਉਚਾਰਨ ਕੀਤਾ, "ਸੁਣੋ ਭੈਣ ਜੀ! ਮੇਰੇ ਹਿਰਦੇ ਵਿਚ ਭਰਮ ਜਾਗਿਆ ਹੈ, ਮੈਨੂੰ ਸੱਚੋ ਸੱਚ ਦੱਸ ਦੇਵੋ ਕਿ ਕਿਸ ਕਾਰਨ ਮੈਨੂੰ ਬੁਲਾਇਆ ਗਿਆ ਹੈ?" ॥ ੬੬॥

ਬਚ ਭਨੇ ਨਾਨਕੀ ਐਸੇ। 'ਤੁਮ ਜਾਨਤਿ ਸਭਿ ਬਿਧਿ ਜੈਸੇ।

ਹੋ ਅੰਤਰਜਾਮੀ ਜਾਨੌਂ। ਬਿਨ ਬੋਲਤਿ ਸਭਿਹਿ ਪਛਾਨੌਂ ॥ ੬੭ ॥

ਬੇਬੇ ਨਾਨਕੀ ਨੇ ਫਿਰ ਇਸ ਤਰ੍ਹਾਂ ਬਚਨ ਕਹੇ, "ਤੁਸੀਂ ਜਿਵੇਂ ਸਭ ਕੁਝ ਜਾਣਦੇ ਹੋ, ਤੁਸੀਂ ਆਪ ਅੰਤਰਜਾਮੀ ਹੋ, ਬਿਨਾਂ ਬੋਲਿਆਂ ਹੀ ਸਭ ਕੁਝ ਪਹਿਚਾਣ ਲੈਂਦੇ ਹੋ" ॥ ੬੭ ॥

'ਸੁਨਿ ਭਗਨੀ ਮੈਂ ਉਰ ਜਾਨੀ। ਮੁਰ ਦੂਤੀ ਕਿਨੈ ਬਖਾਨੀ।
ਹੈ ਆਗੇ ਹਮੈਂ ਸੰਦੇਹੋ। ਸਭਿ ਲੇਖਾ ਅਬ ਕਰਿ ਲੇਹੋ ॥ ੬੮ ॥

"ਭੈਣ ਜੀ ! ਮੇਰੀ ਗੱਲ ਸੁਣੋ, ਮੈਂ ਆਪਣੇ ਹਿਰਦੇ ਵਿਚ ਇਹ ਜਾਣ ਲਿਆ ਹੈ ਕਿ ਕਿਸੇ ਨੇ ਮੇਰੇ ਬਾਰੇ ਚੁਗਲੀ ਕੀਤੀ ਹੈ, ਮੈਨੂੰ ਪਹਿਲਾਂ ਹੀ ਸ਼ੱਕ ਸੀ, ਤੁਸੀਂ ਹੁਣ ਹੱਟ ਦਾ ਲੇਖਾ-ਜੋਖਾ ਕਰਵਾ ਲਵੋ ॥ ੬੮ ॥

ਬਹੁ ਦੇਰਿ ਭਈ ਬਿਨ ਲੇਖੇ। ਧਨ ਨਿਕਸਹਿ ਕਿਤਨੋ ਸ਼ੇਖੇ।
ਮਿਟਿ ਜੈ ਹੈ ਮਨ ਸੰਦੇਹਾ। ਇਉਂ ਪੂਰਬ ਹੀ ਮੁਝ ਪ੍ਰੇਹਾ ॥ ੬੯ ॥

ਲੇਖਾ ਕੀਤੇ ਨੂੰ ਬਹੁਤ ਦੇਰ ਹੋ ਗਈ ਹੈ, ਪਤਾ ਨਹੀਂ ਕਿੰਨਾ ਧਨ ਬਾਕੀ ਨਿਕਲੇ, ਸਾਰਿਆਂ ਦੇ ਮਨ ਦਾ ਸੰਸਾ ਮੁੱਕ ਜਾਵੇ, ਪਹਿਲਾਂ ਤੋਂ ਹੀ ਮੇਰੀ ਇਹ ਇੱਛਾ ਹੈ" ॥ ੬੯ ॥

ਸੁਨਿ ਭਗਨੀ ਦੇਤਿ ਦਿਲੇਸਾ। 'ਨਹਿਂ ਕੋਊ ਭ੍ਰਾਤ ਅੰਦੇਸਾ।
ਸਭਿ ਲੇਖਾ ਲੇਨਾ ਦੇਨਾ। ਨਿਤ ਚਲਜੈ ਜਾਤਿ ਘਟ ਹੈ ਨਾ ॥ ੭੦ ॥

ਭੈਣ ਨੇ ਇਹ ਗੱਲ ਸੁਣ ਕੇ ਦਿਲਾਸਾ ਦਿੱਤਾ ਅਤੇ ਕਿਹਾ, "ਮੇਰੇ ਭਰਾ ਜੀ ! ਸਾਨੂੰ ਨਾ ਕੋਈ ਸੰਸਾ ਹੈ ਅਤੇ ਨਾ ਕੋਈ ਡਰ ਹੈ। ਸਭ ਲੇਖਾ ਲੈਣਾ-ਦੇਣਾ ਬਣਿਆ ਹੈ, ਸਦਾ ਚਲਦਾ ਆਇਆ ਹੈ, ਪਰ ਕਦੇ ਘਟਦਾ ਨਹੀਂ ਹੈ" ॥ ੭੦ ॥

'ਭੋ ਭਗਨੀ! ਸੱਤਿ ਅਲਾਈ। ਧਰਿ ਲੇਖਾ ਲਾਜ ਨ ਰਾਈ।
ਨਹਿ ਕਰੀਏ ਅਬ ਕਛੁ ਦੇਰਾ। ਸਭਿ ਲੇਖਾ ਲੇਹੁ ਨਿਬੇਰਾ ॥ ੭੧ ॥

"ਮੇਰੀ ਭੈਣ ਜੀ ! ਤੁਸੀਂ ਸੱਚੀ ਗੱਲ ਕਹੀ ਹੈ, ਲੇਖਾ ਕਰਵਾਉਣ ਵਿਚ ਮੈਨੂੰ ਰਤੀ ਭਰ ਵੀ ਸ਼ਰਮ ਨਹੀਂ ਹੈ। ਜੇ ਹੁਣ ਨਾ ਕਰਾਂਗੇ ਤੇ ਫਿਰ ਕੁਝ ਦੇਰ ਨੂੰ ਕਰਾਂਗੇ। ਸਭ ਲੇਖਾ ਹੁਣੇ ਹੀ ਨਬੇੜ ਲੈਣਾ ਚਾਹੀਦਾ ਹੈ ॥ ੭੧ ॥

ਮਨ ਸੰਸੈ ਜਾਹਿ ਨਿਵਾਰਾ। ਹ੍ਵੈ ਦੂਤਨ ਕਾ ਮੁਖ ਕਾਰਾ।
ਸੁਨਿ ਭਗਨੀ ਬੈਨ ਉਚਾਰਾ। 'ਜਿਉਂ ਉਪਜਯੋ ਰਿਦੇ ਵਿਚਾਰ ॥ ੭੨ ॥

ਜਿਵੇਂ ਤੁਹਾਡੇ ਹਿਰਦੇ ਵਿਚ ਵਿਚਾਰ ਉਪਜਿਆ ਹੈ ਮਨ ਦੇ ਸੰਸੇ ਦੂਰ ਹੋ ਜਾਣਗੇ। ਚੁਗਲਖੋਰਾਂ ਦਾ ਮੂੰਹ ਕਾਲਾ ਹੋਵੇਗਾ।" ਭੈਣ ਨੇ ਸੁਣ ਇਹ ਸ਼ਬਦ ਕਹੇ, "ਜਿਵੇਂ ਤੁਹਾਡੇ ਹਿਰਦੇ ਵਿਚ ਵਿਚਾਰ ਉਪਜਿਆ ਹੈ ॥ ੭੨ ॥"

ਮਨ ਜਾਨਹੁ ਕਰੀਏ ਸੋਈ। ਜਿਉਂ ਰਿਦੇ ਹਰਖ ਤਵ ਹੋਈ।'
ਲੈ ਸੰਗ ਚਲੇ ਜੈ ਰਾਮਾ। ਜਹਿਂ ਦੌਲਤ ਖਾਂ ਕੋ ਧਾਮਾ ॥ ੭੩ ॥

ਜੋ ਮਨ ਵਿਚ ਜਾਣਦੇ ਹੋ, ਉਸ ਤਰ੍ਹਾਂ ਹੀ ਕਰੋ। ਜਿਵੇਂ ਤੁਹਾਡੇ ਮਨ ਦੀ ਖੁਸ਼ੀ ਹੁੰਦੀ ਹੈ।" ਆਪਣੇ ਜੀਜਾ ਜੀ ਜੈ ਰਾਮ ਨੂੰ ਲੈ ਕੇ ਦੌਲਤ ਖਾਂ ਦੇ ਘਰ ਪਹੁੰਚ ਗਏ ॥ ੭੩ ॥

ਮਿਲ ਨਵੀਸਿੰਦ ਸੋਂ ਬੈਸੇ। ਨਰ ਪ੍ਰਾਕ੍ਰਿਤ ਹੋਵਹਿਂ ਜੈਸੇ।
ਜੋ ਆਮਦ ਖਰਚ ਭਯੋ ਹੈ। ਸਭਿ ਭਾਖਿ ਲਿਖਾਇ ਦਯੋ ਹੈ ॥ ੭੪ ॥

ਦੌਲਤ ਖਾਂ ਆਪਣੇ ਮੁਨਸ਼ੀਆਂ ਨੂੰ ਲੈ ਕੇ ਬੈਠਾ ਸੀ। ਜਿਵੇਂ ਕਿ ਸੰਸਾਰੀ ਮਨੁੱਖਾਂ ਦਾ ਕਾਰ ਵਿਹਾਰ ਹੁੰਦਾ ਹੈ। ਜੋ ਆਮਦਨ ਖਰਚ ਹੋਇਆ ਹੈ ਸਭ ਬੋਲ ਕੇ ਲਿਖਾ ਦਿੱਤਾ ਹੈ ॥ ੭੪ ॥

ਦੋਹਰਾ- ਤੀਨ ਮਹੀਨੇ ਅਰਧ ਪੁਨਿ ਲੇਖਕ ਲੇਖਾ ਕੀਨ।
ਇਕ ਸਤ ਪੈਤੀ ਰਜਤਪਣ ਵਾਧੇ ਦਾਨੀ ਦੀਨ॥੭੫॥

ਸਾਢੇ ਤਿੰਨ ਮਹੀਨੇ ਦਾ ਮੁਨਸ਼ੀਆਂ ਨੇ ਲੇਖਾ ਕੀਤਾ। ਇਕ ਸੌ ਪੈਤੀ ਰੁਪਏ ਦੀਨਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਦੇ ਵਾਧੂ ਨਿਕਲੇ॥ ੭੫॥

ਹਾਕਲ ਛੰਦ-ਕਿਯ ਕਮਲਨੈਨ ਜਬ ਲੇਖਾ॥ ਤਬ ਨਿਕਸਜੋ ਇਤਨਾ ਸੇਖਾ।
ਜੈਰਾਮ ਰਿਦੈ ਤਿਹ ਕਾਲਾ। ਭੀ ਲੱਜਾ ਹਰਖ ਬਿਸਾਲਾ॥ ੭੬॥

ਕਮਲ ਨੈਣ ਗੁਰੂ ਜੀ ਦਾ ਜਦ ਲੇਖਾ ਕੀਤਾ ਤਾਂ ਏਨੇ ਰੁਪਏ ਵਾਧੂ ਨਿਕਲੇ। ਜੈ ਰਾਮ ਦਾ ਹਿਰਦਾ ਉਸੇ ਵੇਲੇ ਲੱਜਾ ਅਤੇ ਖੁਸ਼ੀ ਨਾਲ ਭਰ ਗਿਆ॥ ੭੬॥

ਤਿਹ ਘਟੀ ਬਿਸੁਰਤਿ ਬੂਰਾ। ਮੈਂ ਭਰਮਜੋ ਭਾਖੇ ਕੂਰਾ।
ਰਲਿ ਆਏ ਧਾਮ ਜੈਰਾਮਾ। ਮਚ ਬੈਠੇ ਸੇਵਕ ਸਾਮਾ॥ ੭੭॥

ਉਸ ਸਮੇਂ ਉਹ ਝੁਰਿਆ ਅਤੇ ਉਦਾਸ ਹੋ ਗਿਆ। ਸੋਚਣ ਲੱਗਾ, ਮੈਂ ਚੁਗਲਖੋਰ ਦੇ ਝੂਠ ਬੋਲਣ ਕਰਕੇ ਭਰਮ ਵਿਚ ਪੈ ਗਿਆ ਸੀ। ਗੁਰੂ ਨਾਨਕ ਨੂੰ ਨਾਲ ਲੈ ਕੇ ਜੈ ਰਾਮ ਘਰ ਨੂੰ ਆ ਗਿਆ। ਸੇਵਕਾਂ ਸਮਾਨ ਗੁਰੂ ਜੀ ਪਾਸ ਮੰਜੇ ਤੇ ਬੈਠ ਗਿਆ॥ ੭੭॥

ਤਬ ਭਗਨੀ ਬੂਝਤਿ ਐਸੇ। 'ਕਹੁ ਲੇਖਾ ਨਿਬਰਜੋ ਕੈਸੇ?'।
ਸੁਖ ਐਨਹਿਂ ਬੈਨ ਬਖਾਨੇ। 'ਸੁਨਿ, ਜੀਜਾ ਬਾਤ ਸੁ ਜਾਨੇ॥ ੭੮॥

ਤਦ ਭੈਣ ਬੇਬੇ ਨਾਨਕੀ ਜੀ ਇਸ ਤਰ੍ਹਾਂ ਪੁੱਛਣ ਲੱਗੇ, "ਦੱਸੋ, ਵਿਰ ਲੇਖਾ ਕਿਵੇਂ ਨਿਬੜਿਆ?" ਵਿਰ ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਨੇ ਕਿਹਾ, ਸੁਣੋ ਭੈਣ ਜੀ! ਜੀਜਾ ਜੀ ਨੂੰ ਚੰਗੀ ਤਰ੍ਹਾਂ ਪਤਾ ਹੈ॥ ੭੮॥

ਇਹ ਲੀਜੈ ਮੋਦੀਖਾਨਾ। ਅਬ ਹੋਇ ਨ ਮੋ ਗੁਜ਼ਰਾਨਾ।
ਕਰਤਾਰੰ ਮਮ ਕਰਤਾਰੰ। ਨਿਜ ਕਾਰਜ ਲੇਹੁ ਸੰਭਾਰੰ॥ ੭੯॥

ਇਹ ਹੁਣ ਮੋਦੀਖਾਨਾ ਸੰਭਾਲਣ, ਮੇਰਾ ਹੁਣ ਇਥੇ ਗੁਜ਼ਾਰਾ ਨਹੀਂ ਹੋ ਸਕਦਾ। ਮੇਰਾ ਕਰਤਾਰ ਹੀ ਕਰਤਾਰ ਹੈ। ਨਿਜ ਕਾਰਜ ਵਾਸਤੇ ਸੰਭਾਲ ਲੈਣ"॥ ੭੯॥

ਚਲਿਬੇ ਕੀ ਕੀਨੀ ਤਜਾਰੀ। ਸ੍ਰੀ ਨਾਨਕ ਪਰਉਪਕਾਰੀ।
ਜੈਰਾਮ ਉਠਜੋ ਤਿਹ ਕਾਲਾ। ਗਹਿ ਪਗ ਕਹਿ ਬਿਨੈ ਬਿਸਾਲਾ॥੮੦॥

ਫਿਰ ਸ੍ਰੀ ਨਾਨਕ ਪਰਉਪਕਾਰੀ ਨੇ ਚਲਣ ਦੀ ਤਿਆਰੀ ਕੀਤੀ। ਜੈ ਰਾਮ ਤੁਰੰਤ ਉਠਿਆ ਤੇ ਪੈਰ ਫੜ ਕੇ ਬੜੀ ਬੇਨਤੀ ਕੀਤੀ॥੮੦॥

ਕਰਿ ਭਗਨੀ ਰੁਦਨ ਅਲਾਵੈ। 'ਇਉਂ ਭ੍ਰਾਤਾ ਕਿਉਂ ਬਨਿ ਆਵੈ।
ਮੁਝ ਮਾਰਹੁ ਤੌਂ ਕਿਤ ਜਾਵਹੁ। ਜੇ ਰਹਿ ਹੋ ਮੋਹਿ ਜਿਆਵਹੁ॥ ੮੧॥

ਭੈਣ ਉੱਚੀ ਉੱਚੀ ਰੋਣ ਲੱਗ ਪਈ, "ਵੇ ਵੀਰ! ਇੰਝ ਕਿਵੇਂ ਬਣ ਆਵੇਗੀ। ਮੈਨੂੰ ਪਹਿਲਾਂ ਮਾਰ ਲਵੋ ਤੇ ਫਿਰ ਕਿਤੇ ਜਾਵੋ। ਜੇ ਰਹੋਗੇ ਤਾਂ ਮੈਂ ਜੀਵਾਂਗੀ॥ ੮੧॥

ਤੁਮ ਮਿਰਦੁਲ ਸਰਲ ਸੁਭਾਊ। ਕਰਿ ਔਗੁਨ ਚਿੱਤ ਨ ਕਾਊ।
ਹਮ ਭੂਲਨਹਾਰ ਸਦਾਈ। ਤੁਮ ਬਖਸ਼ਹੁ ਕਿਉਂ ਨਹਿ ਭਾਈ?'॥੮੨॥

ਤੇਰਾ ਤਾਂ ਕੋਮਲ ਸਰਲ ਸੁਭਾਅ ਹੈ। ਤੇਰੇ ਦਿਲ ਵਿਚ ਕੋਈ ਔਗੁਣ ਨਹੀਂ ਹੈ। ਅਸੀਂ ਤਾਂ ਸਦਾ ਹੀ ਭੁਲਣਹਾਰ ਹਾਂ। ਹੇ ਮੇਰੇ ਵੀਰ! ਮੈਨੂੰ ਕਿਉਂ ਨਹੀਂ ਬਖਸ਼ੋਗੇ?"॥ ੮੨॥

ਦੋਹਰਾ- ਕਮਲਨੈਨ ਮੁਖਬੈਨ ਕਹਿ 'ਸੁਨਿ ਜੀਜਾ ਜੈਰਾਮ!
ਪੁਨਿ ਘਾਟੇ ਜੇ ਆਵਈ ਕਿਉਂ ਕਰਿ ਹੌਂ ਇਹ ਕਾਮ?'॥ ੯੩॥

ਕਮਲ ਨੈਣ ਨੇ ਫਿਰ ਆਪਣੇ ਮੁੱਖ ਤੋਂ ਇਹ ਬਚਨ ਕਹੇ, "ਜੀਜਾ ਜੀ! ਸੁਣੋ, ਜਿਸ ਕੰਮ ਵਿਚ ਫਿਰ ਘਾਟਾ ਹੀ ਪੈਣਾ ਹੈ, ਉਹ ਕੰਮ ਕਿਉਂ ਕਰਨਾ ਹੈ?"॥੯੩॥

ਤ੍ਰਿਭੰਗੀ ਛੰਦ-ਜੈਰਾਮ ਬਖਾਨੀ ਸਬਿਨੈ ਬਾਨੀ 'ਨਹਿਂ ਮੈਂ ਜਾਨੀ ਸ਼ਕਤਿ ਸਬੈ।
ਕਿੰਚਤ ਹੌਂ ਜਾਨੀ, ਬਹੁ ਅਨਜਾਨੀ, ਉਰ ਸਭਿ ਜਾਨੀ, ਲਖਹੁ ਅਬੈ।
ਪਰਮੇਸ਼ੁਰ ਪੂਰਨ, ਕਲਮਲ ਚੂਰਨ, ਗੁਨ ਸੰਪੂਰਨ, ਅਵਤਾਰੀ।
ਮੁਝ ਬਖ਼ਸ ਗੁਨਾਹੂ, ਸੁਨਿ ਕਰਿ ਕਾਂਹੂ ਉਰ ਭਰਮਾਹੂ, ਦੁਖਟਾਰੀ!' ॥੯੪॥

ਜੈ ਰਾਮ ਨੇ ਫਿਰ ਬੇਨਤੀ ਸਮੇਤ ਕਿਹਾ, "ਮੈਂ ਸਾਰੀ ਸ਼ਕਤੀ ਨਹੀਂ ਜਾਣੀ ਸੀ, ਬਹੁਤ ਥੋੜੀ ਜਾਣੀ ਸੀ, ਮੈਂ ਬਹੁਤ ਅਨਜਾਣ ਸੀ, ਪਰ ਹੁਣ ਸਭ ਕੁਝ ਜਾਣ ਗਿਆ ਹਾਂ। ਤੁਸੀਂ ਪੂਰਨ ਪਰਮੇਸ਼ੁਰ, ਸਰਬ ਕਲਾ ਸੰਪੂਰਣ ਅਵਤਾਰ ਹੋ। ਹੇ ਦੁੱਖ ਨਾਸ਼ਕ! ਮੇਰੇ ਗੁਨਾਹਾਂ ਨੂੰ ਬਖਸ਼ ਦੇਵੋ, ਕਿਸੇ ਪਾਸੋਂ ਸੁਣ ਸੁਣਾ ਕੇ ਮੇਰਾ ਦਿਲ ਭਰਮ ਗਿਆ ਸੀ'॥ ੯੪॥

ਪੁਨ ਸੁਸਾ ਅਲਾਈ 'ਸੁਨਿ ਸੁਖਦਾਈ! ਜੇ ਘਟਿ ਜਾਈ ਦਰਬ ਕਬੈ।
ਜਹਿਂ ਕਹਿਂ ਤੇ ਲਯਾਈ, ਦੇਉਂ ਪੁਰਾਈ, ਨਹਿਂ ਤੁਮ ਗਮਨੌ ਰਹੋ ਅਬੈ।
ਹਮ ਫੇਰਿ ਨ ਕਹਿਹੈਂ; ਤੂਸ਼ਨ ਰਹਿ ਹੈਂ, ਸਭਿ ਸੁਖ ਲਹਿ ਹੈਂ ਪਾਸ ਰਹੇ।
ਮਨ ਰੋਸ ਨਿਵਾਰੋ, ਕਰੁਨਾ ਧਾਰੋ, ਬਿਰਹ ਨ ਡਾਰੋ, ਪੰਥ ਗਹੋ' ॥ ੯੫॥

ਫਿਰ ਭੈਣ ਕਹਿਣ ਲੱਗੀ, "ਸੁੱਖਾਂ ਦੇ ਦਾਤੇ! ਸੁਣੋ, ਜੇ ਕਦੇ ਧਨ ਘਟ ਵੀ ਜਾਵੇਗਾ ਤਾਂ ਮੈਂ ਜਿਥੋਂ ਕਿਤਿਓਂ ਵੀ ਲਿਆ ਕੇ ਪੂਰਾ ਕਰਾਂਗੀ, ਤੁਸੀਂ ਹਾਲੇ ਕਿਤੇ ਬਾਹਰ ਨਾ ਜਾਵੋ।

ਅਸੀ ਫਿਰ ਕਦੇ ਕੁਛ ਨਹੀਂ ਕਹਾਂਗੇ, ਸਦਾ ਚੁਪ ਰਹਾਂਗੇ, ਤੁਹਾਡੇ ਪਾਸ ਰਹਿ ਕੇ ਸਾਨੂੰ ਸਭ ਸੁਖ ਪ੍ਰਾਪਤ ਹੋਣਗੇ। ਮਨ ਵਿਚ ਗੁੱਸਾ ਦੂਰ ਕਰੋ, ਪ੍ਰੇਮ ਰਸ ਧਾਰਨ ਕਰੋ, ਇਥੋਂ ਜਾ ਕੇ ਸਾਡੇ ਹਿਰਦਿਆਂ ਵਿਚ ਵਿਛੋੜੇ ਦੀ ਪੀੜਾ ਨੂੰ ਨਾ ਵਧਾਓ"॥੯੫॥

ਹੌਂ ਨਿਕਟਿ ਬਖਾਨੀ 'ਇਹ ਬਰ ਬਾਨੀ ਨਾਨਕ ਸਾਨੀ ਅਵਰ ਨਹੀ।
ਜੋ ਰਘੁਵਰ ਕਿਸ਼ਨਾਂ ਧਰਿ ਤਨ ਬਿਸ਼ਨਾ ਹੈ ਪਤਿ ਜਿਸ਼ਨਾ ਰੂਪ ਸਹੀ।
ਯੁਗ ਪਦ ਅਰਬਿੰਦਾ ਆਨੰਦ ਕੰਦਾ ਸੁਖਦ ਮੁਕੰਦਾ ਅਘ ਟਾਰੀ।
ਜਨ ਕਰੁਨਾ ਕਰਿ ਸਭਿ ਜਗ ਠਾਕੁਰ ਗਜਾਨ ਦਿਵਾਕਰ ਭੁਜ ਭਾਰੀ' ॥੯੬॥

ਇਹ ਮੈਂ ਆਪਣੇ ਪਾਸੋਂ ਕਹਿ ਰਹੀ ਹਾਂ ਕਿ "ਚੰਗੀ ਬਾਣੀ ਵਾਲੇ, ਨਾਨਕ ਦਾ ਸਾਨੀ ਦੁਨੀਆਂ ਤੇ ਕੋਈ ਹੋਰ ਨਹੀਂ ਹੈ। ਜੋ ਵਿਸ਼ਨੂੰ ਨੇ ਤਨ ਧਾਰ ਕੇ ਰਾਮ ਕ੍ਰਿਸ਼ਨ ਦੇ ਰੂਪ ਲਏ ਹਨ।

ਕੰਵਲ ਫੁੱਲ ਵਰਗੇ ਚਰਨਾਂ ਵਾਲਾ, ਆਨੰਦ ਦਾਤਾ, ਬਰਖਾ ਦੇਣ ਵਾਲਾ ਬੱਦਲ, ਸੁਖਾਂ ਦਾ ਦਾਤਾ, ਮੁਕਤੀ ਦਾਤਾ ਅਤੇ ਪਾਪ ਨਾਸ਼ਕ ਹੈ। ਕਿਰਪਾ ਕਰਨ ਵਾਲੇ, ਗਿਆਨ ਦੇ ਸੂਰਜ, ਆਜਾਨੁ ਬਾਹੂ ਨੇ ਆਪਣੇ ਦਾਸਾਂ ਉਤੇ ਸਦਾ ਕਿਰਪਾ ਕੀਤੀ ਹੈ"॥ ੯੬॥

ਦੋਹਰਾ- ਸ੍ਰੀ ਅੰਗਦ ਜੀ! ਸੁਨਹੁ ਮੈਂ ਇਮ ਤਬ ਕਹਿ ਕਰ ਬੰਦ।
ਬਹੁਰ ਬਚਨ ਉਚਰੇ ਰੁਚਿਰ ਕਰਨ ਰੋਸ ਹਿਤ ਮੰਦ॥ ੮੭॥

ਹੇ ਸ੍ਰੀ ਗੁਰੂ ਅੰਗਦ ਜੀ! ਮੈਂ ਫਿਰ ਦੋਵੇਂ ਹੱਥ ਬੰਨ੍ਹ ਕੇ ਨਮਸ਼ਕਾਰ ਕੀਤੀ। ਫਿਰ ਮੈਂ ਖੁਸ਼ ਕਰਨ ਹਿਤ ਅਤੇ ਗੁੱਸੇ ਨੂੰ ਘੱਟ ਕਰਨ ਵਾਸਤੇ ਬਹੁਤ ਬਚਨ ਕਹੇ॥ ੮੭॥

ਕੁੰਡਲੀਆ ਛੰਦ-'ਸੁਸਾ ਸੁਸਾਪਤਿ ਦੀਨ ਹ੍ਵੈ ਖਿਨੈ ਭਨਤਿ ਬਹੁ ਬਾਰ।
ਪਗ ਪਕਰਤਿ ਮਨ ਪ੍ਰੇਮ ਧਰਿ ਰਹੀਏ ਜੀਜਾਗਾਰ।
ਰਹੀਏ ਜੀਜਾਗਾਰ ਬਚਨ ਪੁਨ ਪੁਨ ਨਹਿ ਫੇਰਹੁ।
ਦਯਾ ਐਨ ਸੁਖਦੈਨ! ਪਰਮ ਪ੍ਰੇਮੀ ਇਨ ਹੇਰਹੁ।
ਵਡਿਜਨ ਕੇ ਮਨ ਕ੍ਰੋਧ ਜੋ ਪਾਵਕ ਸਰਸ ਉਦੋਤਿ।
ਕਰਤਿ ਬੇਨਤੀ ਬੰਦਨਾ ਬਾਰਿ ਬੁਝਾਵਨ ਹੋਤਿ'॥ ੮੮॥

ਭੈਣ ਜੀ ਅਤੇ ਜੈ ਰਾਮ ਜੀ ਬੜੇ ਅਧੀਰ ਬਣ ਗਏ ਹਨ ਤੇ ਉਨ੍ਹਾਂ ਨੇ ਬਹੁਤ ਬਾਰ ਕਿਹਾ ਅਤੇ ਕਦੇ ਪੈਰ ਫੜਦੇ ਹਨ ਅਤੇ ਕਹਿੰਦੇ ਹਨ ਕਿ ਜੀਜੇ ਦੇ ਘਰ ਪ੍ਰੇਮ ਧਾਰਨ ਕਰਕੇ ਰਹੋ। ਇਸ ਲਈ ਜੀਜੇ ਦੇ ਘਰ ਰਹੋ ਤੇ ਉਨ੍ਹਾਂ ਬਚਨਾਂ ਦਾ ਬਾਰ ਬਾਰ ਖੰਡਨ ਨਾ ਕਰੋ॥ ਦਇਆਵਾਨ ਅਤੇ ਸੁੱਖਾਂ ਨੂੰ ਦੇਣ ਵਾਲੇ! ਇਨ੍ਹਾਂ ਪਰਮ ਪ੍ਰੇਮੀਆਂ ਨੂੰ ਵੇਖੋ। ਵੱਡਿਆਂ ਦੇ ਮਨ ਵਿਚ ਕ੍ਰੋਧ ਅੱਗ ਵਾਂਗ ਪ੍ਰਗਟਦਾ ਹੈ। ਬਾਰ ਬਾਰ ਬੇਨਤੀ ਕਰਨਾ ਮਾਨੋ ਜਲ ਹੈ, ਜਿਹੜਾ ਇਸ ਅਗਨੀ ਨੂੰ ਸ਼ਾਂਤ ਕਰ ਦਿੰਦਾ ਹੈ'॥ ੮੮॥

ਕਮਲਨੈਨ ਸੁਨਿ ਬੈਨ ਮਮ ਹ੍ਵੈ ਗਏ ਪਰਮ ਕ੍ਰਿਪਾਲ।
ਬਾਨੀ ਸਾਨੀ ਹੇਤ ਜਨ ਬੋਲੇ ਸੁਖਦ ਰਸਾਲ।
ਬੋਲੇ ਸੁਖਦ ਰਸਾਲ ਭਨਯੋ 'ਬਾਲੇ ਬਚ ਤੇਰਾ।
ਕਬਹਿ ਨ ਹੋਰਹੁਂ ਤਾਂਹਿ ਲਖਹੁ ਇਸ ਬਿਧਿ ਮਤ ਮੇਰਾ।
ਅਸ ਕਹਿ ਇਸਥਿਤਿ ਪੁਨ ਕਰੀ ਦੀਨਾ ਨਾਥ ਦਯਾਲੁ।
ਦੇਖੇ ਦਰਸ਼ਨ ਦੁਖ ਦਹੈਂ ਜਨ ਦਾਤਾ ਜੁ ਬਿਸਾਲ॥ ੮੯॥

ਕਮਲ ਨੈਣ ਮੇਰੀ ਇਹ ਬੇਨਤੀ ਸੁਣ ਕੇ ਪਰਮ ਕਿਰਪਾਲੂ ਹੋ ਗਏ। ਸੁੰਦਰ ਸੁਖਦਾਤੇ ਲੋਕ ਹਿਤ ਵਾਲੀ ਬੋਲੀ ਬੋਲੇ। ਸੁੰਦਰ ਸੁਖਦਾਤੇ ਬੋਲੇ, "ਬਾਲੇ ਤੇਰਾ ਬਚਨ ਮੈਂ ਕਦੇ ਨਹੀਂ ਟਾਲਦਾ, ਤੂੰ ਅਸਲ ਵਿਧੀ ਅਨੁਸਾਰ ਮੈਨੂੰ ਜਾਣਿਆ ਹੈ।" ਇਹ ਕਹਿ ਕੇ ਦੀਨ ਦੁਨੀਆਂ ਦੇ ਮਾਲਕ ਠਹਿਰ ਗਏ। ਜਿਸ ਨੂੰ ਵੇਖਣ ਨਾਲ ਸਾਰੇ ਦੁਖ ਦੂਰ ਹੁੰਦੇ ਹਨ ਜੋ ਦਾਸਾਂ ਦੇ ਦਾਤਾ ਹਨ ਅਤੇ ਬੜੇ ਕਿਰਪਾਲੂ ਹਨ॥੮੯॥

ਦੋਹਰਾ- ਦੰਪਤਿ ਮੁਝ ਸੋਂ ਭਾਖਿਹੀਂ ਧਰਿਕੈ ਅਧਿਕ ਸਨੇਹੁ।
'ਆਜ ਭ੍ਰਾਤ ਦੀਨੋ ਨਯੋ ਧੰਨ ਧੰਨ ਬੁਧਿ ਗੇਹੁ!॥ ੯੦॥

ਬੇਬੇ ਨਾਨਕੀ ਅਤੇ ਜੈ ਰਾਮ ਜੀ ਬੜੇ ਪ੍ਰੇਮ ਨਾਲ ਮੈਨੂੰ ਕਹਿਣ ਲੱਗੇ, "ਅੱਜ ਤੂੰ ਸਾਨੂੰ ਨਵਾਂ ਭਰਾ ਦਿੱਤਾ ਹੈ, ਹੇ ਬੁੱਧੀ ਦੇ ਘਰ, ਤੂੰ ਧੰਨ ਹੈਂ॥ ੯੦॥

ਸੇਵਾ ਨਿਸਬਾਸੁਰ ਕਰਤਿ ਯਾਂਤੇ ਕਰੁਨਾ ਭੂਰ।
ਸ਼ਰਧਾ ਤੁਮਰੈ ਉਰ ਦਈ ਭਯੋ ਭਰਮ ਮਨ ਦੂਰ॥ ੯੧॥

ਬੜੇ ਪ੍ਰੇਮ ਨਾਲ ਦਿਨ ਰਾਤ ਸੇਵਾ ਕਰਾਂਗੇ। ਤੁਹਾਡੇ ਵਾਸਤੇ ਸ਼ਰਧਾ ਬਹੁਤ ਵਧ ਗਈ ਹੈ ਤੇ ਸਾਡੇ ਦਿਲ ਦੇ ਸਾਰੇ ਭਰਮ ਦੂਰ ਹੋ ਗਏ ਹਨ''॥ ੯੧॥

ਸੋਰਠਾ- ਹਰਖਤਿ ਸਭਿ ਸੁਖ ਪਾਇ ਸ੍ਰੀ ਨਾਨਕ ਆਪਨ ਚਲੇ।
ਮੰਦ ਮੰਦ ਗਤਿ ਜਾਇ ਕਵਿ ਜਾਵਤਿ ਬਲਿਹਾਰਨੇ॥ ੯੨॥

ਸਾਰੇ ਸੁਖ ਪਾ ਕੇ ਅਤੇ ਪ੍ਰਸੰਨ ਹੋ ਕੇ ਗੁਰੂ ਨਾਨਕ ਜੀ ਹੱਟੀ ਨੂੰ ਚੱਲ ਪਏ। ਹੌਲੀ-ਹੌਲੀ ਤੁਰਦੇ ਉਹ ਹੱਟੀ ਤੇ ਪਹੁੰਚ ਗਏ। ਕਵੀ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥ ੯੨॥

ਲੇਖੇ ਤੇ ਜੋ ਸ਼ੇਖ ਦੀਨੋ ਦੌਲਤ ਖਾਨ ਧਨ।
ਹਰਖਜੋ ਰਿਦੇ ਵਿਸ਼ੇਖ ਦਏ ਸਤਾਰਾਂ ਸੈ ਅਧਿਕ॥ ੯੩॥

ਲੇਖੇ ਸਮੇਂ ਜੋ ਧਨ ਗੁਰੂ ਜੀ ਦਾ ਨਿਕਲਿਆ ਸੀ, ਦੌਲਤ ਖਾਂ ਨੇ ਉਹ ਧਨ ਗੁਰੂ ਜੀ ਨੂੰ ਦੇ ਦਿੱਤਾ। ਉਸ ਨੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ, ਸਤਾਰਾਂ ਸੌ ਰੁਪਏ ਇਨਾਮ ਵਜੋਂ ਹੋਰ ਦਿੱਤੇ॥ ੯੩॥

ਹਿੰਦੂ ਤੁਰਕ ਬਹੁ ਆਇ ਦੇਤਿ ਵਧਾਈ ਮਿਲਿ ਸਭੈ।
ਭਾਖਹਿਂ ਬਹੁਰ ਸੁਨਾਇ 'ਹਮਹਿਂ ਸੁਨਜੋ ਕ੍ਰਿਤ ਤਜਿ ਦਈ॥ ੯੪॥

ਬਹੁਤ ਸਾਰੇ ਹਿੰਦੂ ਤੁਰਕ ਵਧਾਈ ਦੇਣ ਵਾਸਤੇ ਆਏ। ਸਾਰੇ ਮਿਲ ਕੇ ਇਹੋ ਕਹਿ ਰਹੇ ਸਨ, ''ਅਸੀਂ ਤਾਂ ਸੁਣਿਆ ਸੀ ਤੁਸੀਂ ਇਹ ਕਾਰ ਹੀ ਛੱਡ ਦਿੱਤੀ॥ ੯੪॥

ਦੋਹਰਾ- ਅਧਿਕ ਕੀਨ ਅਪਸੋਸ ਹਮ, ਤੁਮ ਉਪਕਾਰਿ ਸਰੀਰ।
ਕ੍ਰਿਤਿ ਲੀਨੀ ਹਰਖੇ ਸੁਨਤਿ, ਵਧੀਏ ਗੁਨੀ ਗਹੀਰ!'॥ ੯੫॥

ਅਸੀਂ ਤਾਂ ਬਹੁਤ ਅਫਸੋਸ ਕੀਤਾ ਸੀ, ਤੁਸੀਂ ਤਾਂ ਉਪਕਾਰੀ ਸਰੀਰ ਹੋ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਫਿਰ ਮੋਦੀਖਾਨੇ ਦਾ ਕੰਮ ਸੰਭਾਲ ਲਿਆ ਹੈ ਤਾਂ ਸਾਰੇ ਬਹੁਤ ਖੁਸ਼ ਹੋਏ ਅਤੇ ਕਹਿਣ ਲੱਗੇ, ''ਹੇ ਗੁਣਾਂ ਦੇ ਸਮੁੰਦਰ! ਭਾਵ-ਗੁਰੂ ਜੀ ਤੁਹਾਡੇ ਕੰਮ ਵਿਚ ਹੋਰ ਵਾਧਾ ਹੋਵੇ''॥ ੯੫॥

ਜਥਾ ਉਚਿਤ ਸਨਮਾਨ ਕੈ ਬਿਦਾ ਕੀਨਿ ਗੁਨ ਐਨ।
ਕਰਨ ਲਗੇ ਮੋਦੀ ਕਿਰਤ ਪੂਰਬ ਜਿਉਂ ਮਨ ਭੈ ਨ॥ ੯੬॥

ਜਿਵੇਂ ਉਚਿਤ ਸੀ ਆਦਰ ਦੇ ਕੇ ਗੁਣਾਂ ਦੇ ਖਜ਼ਾਨੇ ਨੂੰ ਸਭ ਨੇ ਵਿਦਾ ਕੀਤਾ। ਮੋਦੀ ਦੀ ਕਿਰਤ ਫਿਰ ਉਸ ਤਰ੍ਹਾਂ ਹੀ ਕਰਨ ਲੱਗ ਗਏ, ਜਿਵੇਂ ਪਹਿਲਾਂ ਵੀ ਨਿਧੜਕ ਹੋ ਕੇ ਕਰਦੇ ਸਨ।

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲੇਖਾ ਕਰਨ' ਪ੍ਰਸੰਗ ਬਰਨਨ ਨਾਮ ਅਸ਼ਟਦਸਮੋ ਅਧਯਾਯ॥ ੧੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਾਰਵਾਂ ਅਧਿਆਇ, ਜਿਸ ਦਾ ਨਾਮ 'ਲੇਖਾ ਕੀਤਾ, ੧੩੫ ਰੁਪਏ ਵੱਧ ਨਿਕਲੇ' ਹੈ, ਸਮਾਪਤ ਹੋਇਆ॥ ੧੮॥

# ਅਧਿਆਇ ਉੱਨੀਵਾਂ

*ਸਤਿਗੁਰੂ ਜੀ ਦੀ ਸਗਾਈ।*

ਦੋਹਰਾ- ਸ੍ਰੀ ਗੁਰੁ ਹਰਿਗੋਵਿੰਦ ਜੀ ਪਦ ਅਰਬਿੰਦ ਮਨਾਇ।
ਕਹੋਂ ਕਥਾ ਸੁਖਦਾਇਨੀ ਸੁਨੋ ਸਿੱਖ ਚਿਤ ਲਾਇ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨ ਕਮਲਾਂ ਨੂੰ ਮਨਾ ਕੇ ਸੁਖ ਦੇਣ ਵਾਲੀ ਕਥਾ ਵਰਣਨ ਕਰਦਾ ਹਾਂ। ਹੇ ਸਿਖੋ ! ਚਿੱਤ ਲਾ ਕੇ ਸੁਣੋ॥੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਸੈਯਾ- ਕੇਤਿਕ ਕਾਲ ਬਿਤੀਤ ਭਯੋ ਭਲਿ ਰੀਤਿ ਸੋਂ ਮੋਦੀ ਕੀ ਕਾਰ ਚਲਾਈ।
ਤੋਲਤਿ ਲੇ ਤਕਰੀ ਕਰ ਮੈਂ, ਹਰਿਖਾਇ ਕੈ ਲੇਤਿ ਹੈਂ, ਦੇਤਿ ਸਵਾਈ।
ਜਾਚਿਕ ਆਵਤਿ ਕੀਰਤਿ ਕੋ ਸੁਨਿ ਜੋ ਮਨ ਭਾਵਤਿ ਪਾਵਤਿ ਸਾਈ।
ਹੋਇ ਰਹੇ ਬਿਸਮਾਦ ਸਭੈ ਨਰ ਕੀਨਿ ਰਸਾਇਨ ਕੈ ਧਨ ਪਾਈ॥ ੨॥

*ਭਾਈ ਬਾਲੇ ਨੇ ਕਿਹਾ,* "ਮੋਦੀ ਦੀ ਭਲੀ ਕਾਰ ਚਲਾਈ ਨੂੰ ਕਾਫੀ ਸਮਾਂ ਬੀਤ ਗਿਆ ਸੀ। ਹੱਥ ਵਿਚ ਫੜ ਕੇ ਤੱਕੜੀ ਨਾਲ ਤੋਲਦੇ ਸਨ। ਲੋਕ ਬੜੇ ਖੁਸ਼ ਹੋ ਕੇ ਲੈਂਦੇ ਸਨ ਤੇ ਸਭ ਨੂੰ ਸਵਾਇਆ ਭਾਵ-ਵਾਧੂ ਹੀ ਦਿੰਦੇ ਸਨ। ਮੰਗਤੇ ਉਨ੍ਹਾਂ ਦੀ ਕੀਰਤੀ ਨੂੰ ਸੁਣ ਕੇ ਆਉਂਦੇ ਸਨ ਤੇ ਜੋ ਉਨ੍ਹਾਂ ਦੇ ਮਨ ਨੂੰ ਭਾਉਂਦਾ ਸੀ, ਲੈ ਕੇ ਜਾਂਦੇ ਸਨ। ਸਭ ਨਰ ਖੁਸ਼ ਪ੍ਰਸੰਨ ਰਹਿੰਦੇ ਸਨ ਤੇ ਆ ਕੇ ਰਸਦ ਜਾਂ ਧਨ ਪਾਉਂਦੇ ਸਨ॥ ੨॥

ਜਾਨੈਂ ਨ ਭੇਦ-ਅਛੇਦ ਯਹੀ ਕਰਤਾਰ, ਸਰੂਪ ਧਰਾ ਅਵਤਾਰਾ।
ਦੰਭ ਨਿਕੰਦਨ ਆਨੰਦ ਕੰਦ ਸੁ ਨਾਮ ਜਪਾਵਨ ਕੋ ਤਨ ਧਾਰਾ।
ਨਉਨਿਧਿ ਸਿੱਧਿ ਅਠਾਰਹਿੰ ਜੇ ਕਰ ਬੰਦਿ ਕੈ ਠਾਂਢੀ ਰਹੈਂ ਦਰਬਾਰਾ।
ਕੋਨ ਕਮੀ ਹੁਇ ਤਾਂਹਿ ਸਥਾਨ, ਨਿਰੰਜਨ ਅੰਜਨ ਮੈਂ ਵਰਤਾਰਾ-॥ ੩॥

ਇਹ ਭੇਦ-ਅਛੇਦ ਉਹ ਜਾਣਦੇ ਨਹੀਂ ਸਨ ਕਿ ਇਹ ਤਾਂ ਕਰਤਾਰ ਰੂਪ ਅਵਤਾਰ ਹਨ। ਕੂੜ ਦਾ ਨਾਸ਼ ਕਰਨ ਵਾਲੇ, ਆਨੰਦ ਦੇ ਬਦਲ ਹਨ, ਦੁਨੀਆਂ ਨੂੰ ਨਾਮ ਜਪਾਉਣ ਵਾਸਤੇ ਸਰੀਰ ਧਾਰਨ ਕੀਤਾ ਹੈ। ਜਿਸ ਦੇ ਦਰਬਾਰ ਨੌ ਨਿੱਧ ਅਤੇ ਅਠਾਰਾਂ ਸਿਧੀਆਂ ਹੱਥ ਜੋੜ ਕੇ ਖਲੋਤੇ ਰਹਿੰਦੇ ਹਨ। ਉਸ ਸਥਾਨ ਤੇ ਕਾਹਦੀ ਘਾਟ ਹੋ ਸਕਦੀ ਹੈ ਜਿਥੇ ਪਰਮੇਸ਼ੁਰ ਮਾਇਆ ਵਿਚ ਵਰਤ ਰਿਹਾ ਹੈ॥ ੩॥

ਕਬਿੱਤ- ਪੱਖੋ ਕੇ ਰੰਧਾਵੇ ਗ੍ਰਾਮ ਬਸੈ ਤਹਿੰ ਮੂਲਾ ਨਾਮ, ਨੇਗੀ ਲੇ ਸਗਾਈ ਆਏ ਪੁਰਿ ਸੁਲਤਾਨ ਹੈਂ।
ਬੂਝਤਿ ਜਰਾਮ ਨਾਮ, ਆਨਿ ਮਿਲੇ ਧਾਮ ਸੋਊ, ਭਲੇ ਸਨਮਾਨ ਕੈ ਬੈਸਾਏ ਸ਼ੁਭ ਥਾਨ ਹੈ।
ਨਾਨਕੀ ਸੁਨੰਤਿ ਹਰਖੰਤਿ ਅਨਮੇਵ ਅੰਗ, ਬੋਲੀ ਕੁਲਬਧੂ, ਜੇ ਵਧਾਈ ਦੇਤਿ ਮਾਨ ਹੈਂ।
ਕੀਨੀ ਕੁਲ ਰੀਤਿ ਮਿਲਿ ਗਾਵਤਿ ਹੈਂ ਗੀਤ ਤੀਜ ਨੀਕੋ ਉਤਸਾਹ ਕੀਨੋ ਦੀਨੋ ਬਹ ਦਾਨ ਹੈ॥੪॥

ਪੱਖੋਕੇ ਰੰਧਾਵੇ ਵਿਖੇ ਇਕ ਮੂਲਾ ਨਾਮ ਦਾ ਖੱਤਰੀ ਰਹਿੰਦਾ ਹੈ, ਉਸ ਦੇ ਲਾਗੀ ਸੁਲਤਾਨਪੁਰ ਵਿਚ ਸਗਾਈ ਲੈ ਕੇ ਆਏ ਹਨ। ਉਹ ਜੈ ਰਾਮ ਦਾ ਨਾਂ ਪੁੱਛਦੇ ਹਨ। ਉਸ ਨੂੰ ਘਰ ਵਿਚ ਆ ਮਿਲੇ ਅਤੇ ਜੈ ਰਾਮ ਨੇ ਉਨ੍ਹਾਂ ਦਾ ਬੜਾ ਆਦਰ ਕਰਕੇ ਚੰਗੇ ਸਥਾਨ ਤੇ ਬਿਠਾਇਆ ਹੈ। ਬੇਬੇ ਨਾਨਕੀ ਇਹ ਸੁਣ ਕੇ ਏਨੀ ਪ੍ਰਸੰਨ ਹੋਈ ਕਿ ਉਹ ਆਪਣੇ ਅੰਗਾਂ ਵਿਚ ਨਹੀਂ ਸੀ

ਸਮਾਉਂਦੀ। ਉਸ ਨੇ ਉਸੇ ਵੇਲੇ ਆਪਣੀ ਕੁਲ ਦੀਆਂ ਇਸਤਰੀਆਂ ਨੂੰ ਬੁਲਾਇਆ, ਉਹ ਸਾਰੀਆਂ ਆ ਕੇ ਵਧਾਈਆਂ ਦਿੰਦੀਆਂ ਹਨ ਅਤੇ ਬੇਬੇ ਨਾਨਕੀ ਜੀ ਸਭ ਦੀਆਂ ਵਧਾਈਆਂ ਪ੍ਰਵਾਨ ਕਰਦੇ ਹਨ। ਕੁਲ ਦੀ ਰੀਤੀ ਅਨੁਸਾਰ ਸਾਰੀਆਂ ਇਸਤਰੀਆਂ ਮਿਲ ਕੇ ਗੀਤ ਗਾਉਂਦੀਆਂ ਹਨ ਅਤੇ ਬੇਬੇ ਨਾਨਕੀ ਜੀ ਨੇ ਪ੍ਰਸੰਨ ਹੋ ਕੇ ਬਹੁਤ ਦਾਨ ਦਿੱਤਾ॥ ੪॥

**ਹਰਖਯੋ ਜਰਾਮ ਬਹੁ ਬਾਂਧਵ ਬੁਲਏ ਧਾਮ ਘਟਿਕਾ ਵਿਚਾਰ ਕੰਜ ਨੈਨ ਕੋ ਬਿਠਾਯੋ ਹੈ।**
**ਭਾਲ ਮੈਂ ਤਿਲਕ ਕੀਨੋ, ਬਿੱਪ੍ਰਨ ਅਸੀਸ ਦੀਨੋ, ਅੱਛਤ ਲਗਾਇ ਮਿਸ਼ਟਾਨ ਮੁਖ ਪਾਯੋ ਹੈ।**
**ਗਾਇੰ ਗੀਤ ਨਾਰੀ ਲੇਤਿ ਨਾਮ ਦੇਤਿ ਗਾਰੀ, ਹਾਸ ਹੋਤਿ ਸੁਖਕਾਰੀ ਮਨ ਸਭਿਨਿ ਕੇ ਭਾਯੋ ਹੈ।**
**ਐਸੇ ਸੁਲਤਾਨ ਪੁਰਿ ਅਧਿਕ ਉਛਾਹ ਕਰਿ ਏਕ ਤਲਵੰਡੀ ਨਰ ਤੁਰਨ ਪਠਾਯੋ ਹੈ॥ ੫॥**

ਜੈ ਰਾਮ ਵੀ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਵੀ ਆਪਣੇ ਸਾਰੇ ਸਾਕ ਸੰਬੰਧੀ ਬੁਲਾ ਕੇ ਉਨ੍ਹਾਂ ਨੂੰ ਆਪਣੇ ਘਰ ਵਿਚ ਬੜੇ ਆਦਰ ਮਾਨ ਨਾਲ ਬਿਠਾਇਆ ਹੈ। ਮੱਥੇ ਤੇ ਤਿਲਕ ਲਾਇਆ ਹੈ, ਬ੍ਰਾਹਮਣਾਂ ਨੇ ਬੜੀਆਂ ਅਸੀਸਾਂ ਦਿੱਤੀਆਂ ਤੇ ਸਾਰਿਆਂ ਨੂੰ ਜ਼ਰਦਾ (ਮਿੱਠੇ ਚਾਵਲ) ਖਵਾਇਆ ਹੈ। ਸਾਰੀਆਂ ਇਸਤਰੀਆਂ ਗੀਤ ਗਾਉਂਦੀਆਂ ਹਨ, ਨਾਂ ਲੈ ਕੇ ਸਿਠਣੀਆਂ ਦਿੰਦੀਆਂ ਹਨ, ਸੁਖਕਾਰੀ ਹਾਸਾ ਸਭ ਨੂੰ ਬਹੁਤ ਚੰਗਾ ਲੱਗਾ ਹੈ। ਇਸ ਤਰ੍ਹਾਂ ਸੁਲਤਾਨਪੁਰ ਵਿਚ ਬਹੁਤ ਚਾਅ ਮਲ੍ਹਾਰ ਕਰਕੇ, ਇਕ ਆਦਮੀ ਨੂੰ ਮਹਿਤਾ ਕਾਲੂ ਨੂੰ ਸੁਨੇਹਾ ਦੇਣ ਵਾਸਤੇ ਤਲਵੰਡੀ ਨੂੰ ਭੇਜਿਆ ਹੈ॥ ੫॥

**ਸ੍ਵੈਯਾ- ਤ੍ਰਿਪਤਾ ਗੁਰ ਮਾਤ ਸੁਨੀ ਜਬ ਬਾਤ ਰਿਦੈ ਹਰਖੀ ਜਿਉਂ ਨਵੋਂ ਨਿਧਿ ਪਾਈ।**
**ਕਰ ਮੈਂ ਮਿਸ਼ਟਾਨ ਲਏ ਨਿਕਸੀ, ਕਿਯ ਤੁੰਡ ਅਲੰ ਜਿਨ ਸੁੱਧ ਬਤਾਈ।**
**ਬਲਿਹਾਰਿ ਮੈਂ ਜਾਊਂ ਮੁਹੁਰਮੁਹੂ-ਦਿਯ ਕਾਰਿਖਕੰ ਪੰਚ, ਚੀਰ ਉਢਾਈ।**
**ਕੁਲਨਾਰਿ ਬੁਲਾਇ ਗਵਾਇ ਕੈ ਗੀਤਨਿ ਮੰਗਲ ਕੀਨ ਭਯੋ ਮਨ ਭਾਈ॥ ੬॥**

ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਨੇ ਜਦ ਇਹ ਖੁਸ਼ਖਬਰੀ ਸੁਣੀ ਤਾਂ ਉਹ ਹਿਰਦੇ ਵਿਚ ਏਨੀ ਖੁਸ਼ ਹੋਈ, ਜਿਵੇਂ ਉਸ ਨੇ ਨੌ ਨਿੱਧ ਖਜ਼ਾਨਾ ਪਾ ਲਿਆ ਹੋਵੇ। ਹੱਥ ਵਿਚ ਮਿਠਾਈ ਲੈ ਕੇ ਨਿਕਲੀ ਤੇ ਜਿਸ ਵਿਅਕਤੀ ਨੇ ਆ ਕੇ ਇਹ ਖਬਰ ਦਿੱਤੀ ਸੀ, ਉਸ ਦਾ ਮਿਠਾਈ ਨਾਲ ਮੂੰਹ ਭਰ ਦਿੱਤਾ। ਕਹਿਣ ਲੱਗੀ, "ਮੈਂ ਵਾਰ ਵਾਰ ਬਲਿਹਾਰ ਜਾਂਦੀ ਹਾਂ" ਫਿਰ ਪੰਜ ਰੁਪਏ ਕੱਢ ਕੇ ਦਿੱਤੇ ਤੇ ਸਿਰੋਪਾ ਪਹਿਨਾਇਆ। ਫਿਰ ਆਪਣੇ ਕੁਲ ਦੀਆਂ ਸਾਰੀਆਂ ਇਸਤਰੀਆਂ ਬੁਲਾ ਕੇ ਮਨ ਭਾਉਂਦੇ ਗੀਤ ਗਵਾ ਕੇ ਮੰਗਲ ਕੀਤਾ॥ ੬॥

**ਕਾਲੂ ਨੈ ਬਾਤ ਸੁਨੀ ਹਰਖਯੋ ਘਨਘੋਰ ਤੇ ਮੋਰ ਮਨੋ ਸੁਖ ਪਾਈ।**
**ਜਾਚਕ ਜਾਚਤਿ ਦੇ ਮਨ ਭਾਵਤਿ ਲੇਤਿ ਅਸੀਸ, ਭਨੰਤਿ 'ਬਧਾਈ'।**
**ਅੰਗਨ ਮੈਂ ਅੰਗਨਾ ਸੁ ਉਮੰਗ ਦੁਕੂਲ ਅਲੰਕ੍ਰਿਤ ਸੋਂ ਛਬਿ ਛਾਈ।**
**ਨਾਨਕ ਰੂਪ ਲਖਯੋ ਅਵਤਾਰ ਕੋ, ਬੈਸ ਸ਼ਰੀਕਨ ਯਾ ਬਿਧਿ ਗਾਈ॥ ੭॥**

ਜਦ ਕਾਲੂ ਨੇ ਇਹ ਗੱਲ ਸੁਣੀ ਤਾਂ ਉਹ ਏਨਾ ਖੁਸ਼ ਹੋਇਆ ਮਾਨੋ ਜਿਵੇਂ ਮੋਰ ਕਾਲੀ ਘਟਾ ਨੂੰ ਵੇਖ ਅਤਿ ਪ੍ਰਸੰਨ ਹੁੰਦਾ ਹੈ। ਮੰਗਤਿਆਂ ਨੂੰ ਉਨ੍ਹਾਂ ਦਾ ਚਾਹਤ ਅਨੁਸਾਰ ਦਾਨ ਦੇ ਕੇ ਅਸੀਸਾਂ ਲੈਂਦਾ ਹੈ। ਬਾਕੀ ਲੋਕ ਵਧਾਈਆਂ ਦਿੰਦੇ ਹਨ।

ਸਾਰਾ ਵਿਹੜਾ, ਸੁੰਦਰ ਵਸਤਰਾਂ ਅਤੇ ਗਹਿਣਿਆਂ ਨਾਲ ਸੱਜੀਆਂ ਇਸਤਰੀਆਂ ਨਾਲ ਭਰਿਆ ਪਿਆ ਹੈ। ਨਾਨਕ ਅਵਤਾਰ ਰੂਪ ਵੇਖਿਆ ਹੈ, ਸਾਰੀਆਂ ਸ਼ਰੀਕਣਾਂ ਮਿਲ ਕੇ ਇਸ ਤਰ੍ਹਾਂ ਗਾਉਂਦੀਆਂ ਹਨ॥ ੭॥

**ਸੋਰਠਾ- 'ਧਰਮਹਿੰ ਕਾ ਸਨਬੰਧ ਭਯਾ ਬੇਦੀਅਨ ਕੁਲ ਬਿਖੈ।**
**ਕਾਲੂ ਸੁਤ ਸਤਿਸੰਧ ਨਿਰਮਲ ਕੁਲ ਸਭਿਹੀ ਕਰੀ'॥ ੮॥**

ਬੇਦੀਆਂ ਦੀ ਕੁਲ ਵਿਖੇ ਧਰਮ ਦਾ ਸੰਬੰਧ ਜੁੜਿਆ ਹੈ। ਮਹਿਤਾ ਕਾਲੂ ਦੇ ਸਤ ਸਰੂਪ ਪੁੱਤਰ ਨੇ ਸਾਰੀ ਬੇਦੀਅਨ ਕੁਲ ਨੂੰ ਨਿਰਮਲ ਅਤੇ ਧਰਮੀ ਬਣਾ ਦਿੱਤਾ॥ ੮॥

ਦੋਹਰਾ- ਸ੍ਰੀ ਨਾਨਕ ਕੇ ਨਾਨਕੇ ਬੋਲਪਠੇ ਸੁਧ ਦੇਯ।
ਚਲਿ ਆਏ ਤਤਕਾਲ ਸੋ ਨੇਗ ਆਪਨੋ ਲੇਯ॥ ੯॥

ਸ੍ਰੀ ਨਾਨਕ ਦੇ ਨਾਨਕਿਆਂ ਨੂੰ ਸੱਦਾ ਭੇਜ ਕੇ ਬੁਲਾ ਲਿਆ। ਉਹ ਤੁਰੰਤ ਲਾਗ ਲੈ ਕੇ, ਜੋ ਉਨ੍ਹਾਂ ਨੂੰ ਦੇਣ ਬਣਦਾ ਸੀ, ਚਲ ਪਏ॥ ੯॥

ਚੌਪਈ- ਸ੍ਰੀ ਨਾਨਕ ਜਨਨੀਪਿਤ 'ਰਾਮਾ'। ਮਾਤਲੁ ਸ੍ਰੇਸ਼ਟ 'ਕ੍ਰਿਸ਼ਨਾ' ਨਾਮਾ।
ਨਾਨਕ ਜਨਨੀ ਮਾਤ 'ਭਿਰਾਈ'। ਸੁਨਿ ਕਰਿ ਸਗੁਨ ਭਲੇ ਤਹਿਂ ਆਈ॥੧੦॥

ਸ੍ਰੀ ਨਾਨਕ ਦੇ ਮਾਤਾ ਜੀ ਦੇ ਪਿਤਾ ਭਾਵ- ਉਨ੍ਹਾਂ ਦੇ ਨਾਨਾ ਜੀ ਜਿਸ ਦਾ ਨਾਂ ਰਾਮਾ ਹੈ, ਸ੍ਰੇਸ਼ਟ ਮਾਮਾ ਜੀ ਜਿਸ ਦਾ ਨਾਂ ਕ੍ਰਿਸ਼ਨਾ ਹੈ ਅਤੇ ਸ੍ਰੀ ਨਾਨਕ ਜੀ ਦੀ ਮਾਤਾ ਦੀ ਮਾਤਾ ਭਾਵ ਗੁਰੂ ਜੀ ਦੀ ਨਾਨੀ ਜੀ ਅਜਿਹਾ ਖੁਸ਼ੀਆਂ ਭਰਿਆ ਮੌਕਾ ਸੁਣ ਕੇ ਸਭ ਉਥੇ ਪਹੁੰਚੇ॥ ੧੦॥

ਮਿਲਿ ਸਭਿ ਕੀਨੋ ਉਤਸ਼ਵ ਭੂਰੀ। ਹਰਖਤਿ ਕਰਹਿਂ ਰੀਤਿ ਕੁਲ ਰੂਰੀ॥
ਮਿਲਿ ਸਭਿਹਿਨਿ ਸੋਂ ਬੋਲਜੋ ਕਾਲੂ। 'ਤਜਹੁ ਬਿਲੰਬਹਿ ਹੋਹੁ ਉਤਾਲੂ॥੧੧॥

ਸਾਰਿਆਂ ਨੇ ਮਿਲ ਕੇ ਬੜਾ ਭਾਰੀ ਉਤਸਵ ਮਨਾਇਆ ਹੈ ਤੇ ਖੁਸ਼ੀ ਵਿਚ ਆ ਕੇ ਉਨ੍ਹਾਂ ਕੁਲ ਦੀ ਰੀਤੀ ਅਨੁਸਾਰ ਬਹੁਤ ਚਾਅ ਮਲ੍ਹਾਰ ਕੀਤੇ ਹਨ। ਫਿਰ ਕਾਲੂ ਸਭ ਨੂੰ ਮਿਲ ਕੇ ਕਹਿਣ ਲੱਗਾ, "ਹੁਣ ਦੇਰੀ ਛੱਡੋ ਤੇ ਤੁਰੰਤ ਤਿਆਰੀਆਂ ਕਰੋ॥ ੧੧॥

ਚਲਿ ਕਰਿ ਚੌਕੜ ਖਰਚਨ ਕਰੀਏ। ਤੂਰਨ ਪੰਥ ਵਿਖੇ ਪਗ ਧਰੀਏ'।
ਅਸ ਕਹਿ ਸਭਿਹੀ ਸੌਜ ਸੰਭਾਰੀ। ਬ੍ਰਿਖਭ ਸਕਟ ਸੋਂ ਜੋਰੇ ਭਾਰੀ॥ ੧੨॥

ਹੁਣ ਚਲ ਕੇ ਰੁਪਇਆਂ ਦੀ ਥੈਲੀ ਖਰਚੀਏ ਅਤੇ ਛੇਤੀ ਚਲਣ ਲਈ ਰਾਹ ਵਿਚ ਕਦਮ ਧਰੀਏ।" ਇਹ ਕਹਿ ਕੇ ਸਭ ਨੇ ਆਪਣੀ ਸਮੱਗਰੀ ਸੰਭਾਲ ਲਈ। ਦੋ ਵੱਡੇ ਬਲਦ ਗੱਡੇ ਨੂੰ ਜੋਤ ਦਿੱਤੇ॥ ੧੨॥

ਕਾਲੂ ਲਾਲੂ ਕੀਨੀ ਤਜਾਰੀ। ਸ੍ਰੀ ਨਾਨਕ ਗੁਨ ਭਨਤਿ ਉਚਾਰੀ।
ਕਰਨ ਦਰਸ ਲਾਲਸ ਉਰ ਜਾਗੀ। ਜਿਉ ਮਧੁਕਰ ਪੁਸ਼ਕਰ ਅਨੁਰਾਗੀ॥੧੩॥

ਕਾਲੂ ਅਤੇ ਉਸ ਦੇ ਭਰਾ ਲਾਲੂ ਨੇ ਤਿਆਰੀ ਕੀਤੀ ਅਤੇ ਚੱਲਣ ਲਗਿਆਂ ਗੁਰੂ ਨਾਨਕ ਦੇ ਗੁਣਾਂ ਦਾ ਉਚਾਰਨ ਕੀਤਾ। ਮਨ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦੀ ਲਾਲਸਾ ਜਾਗੀ, ਜਿਵੇਂ ਕਿ ਭੌਰਾ ਕੌਂਵਲ ਫੁੱਲ ਨੂੰ ਵੇਖ ਕੇ ਮੋਹਿਆ ਜਾਂਦਾ ਹੈ॥ ੧੩॥

ਦੋਹਰਾ- ਚਲੇ ਜਬਹਿ ਸੁਲਤਾਨਪੁਰਿ ਦ੍ਵਾਦਸ਼ ਸਭਿ ਨਰ ਨਾਰਿ।
ਮਾਤੁਲ ਨਾਨੇ ਹਰਖ ਮਨ ਔਰ ਦਾਸ ਸੁਖਕਾਰ॥੧੪॥

ਜਦ ਬਾਰ੍ਹਾਂ ਮਰਦ ਇਸਤਰੀਆਂ ਸੁਲਤਾਨਪੁਰ ਵਲ ਚੱਲਣ ਲੱਗੇ। ਮਾਮੇ, ਨਾਨੇ ਅਤੇ ਸੇਵਕ ਬੜੀ ਖੁਸ਼ੀ-ਖੁਸ਼ੀ ਨਾਲ ਜਾਣ ਲਈ ਤਿਆਰ ਹੋ ਗਏ॥ ੧੪॥

ਚੌਪਈ- ਰਾਇ ਸਦਨ ਕਾਲੂ ਤਬ ਗਯੋ। ਨਿਕਟ ਜਾਇ ਉਚਰਤਿ ਬਚ ਭਯੋ।
'ਮੋ ਸੁਤ ਨਾਨਕ ਦਾਸ ਤੁਮਾਰਾ। ਭਈ ਸਗਾਈ ਮੁਝਹਿ ਹਕਾਰਾ॥੧੫॥

ਫਿਰ ਕਾਲੂ ਰਾਇ ਬੁਲਾਰ ਦੇ ਘਰ ਗਿਆ, ਨੇੜੇ ਜਾ ਕੇ ਇਹ ਬਚਨ ਕਹੇ, 'ਮੇਰਾ ਪੁੱਤਰ ਨਾਨਕ ਤੁਹਾਡਾ ਸੇਵਕ ਹੈ, ਉਸ ਦੀ ਸਗਾਈ ਹੋ ਰਹੀ ਹੈ, ਇਸ ਲਈ ਮੈਨੂੰ ਬੁਲਾਇਆ ਹੈ॥ ੧੫॥

ਤਿਹ ਚੌਕੜ ਖਰਚਨ ਹਮ ਜਾਵਵਿਂ। ਜੇ ਆਇਸੁ ਅਬ ਤੁਮਰੀ ਪਾਵਹਿਂ।
ਸੁਨਿ ਕਾਲੂ ਬਚ ਬੋਲਜੋ ਰਾਊ। 'ਅਸ ਬਿਧਿ ਨਹਿਂ ਕਹੁ ਬੈਨ ਬਿਜਾਊ ॥੧੬॥

ਓਥੇ ਅਸੀਂ ਰੁਪਏ ਖਰਚਣ ਚਲੇ ਹਾਂ, ਜੇ ਹੁਣ ਤੁਹਾਡੀ ਆਗਿਆ ਮਿਲ ਜਾਵੇ। ਰਾਇ ਬੁਲਾਰ ਕਹਿਣ ਲੱਗਾ, "ਸੁਣ ਕਾਲੂ ! ਹੁਣ ਇਸ ਤਰ੍ਹਾਂ ਦੀ ਬੇਜਾ, ਅਨੁਚਿਤ ਅਤੇ ਅਯੋਗ ਗੱਲ ਨਾ ਕਰ॥ ੧੬॥

ਨਾਨਕ ਹਮਰੋ ਸ੍ਵਾਮੀ ਜਾਨੋ। ਹੌਂ ਕਿੰਕਰ ਕੇ ਥਾਨ ਪ੍ਰਮਾਨੋ।
ਕਰੁਨਾ ਕਰੈ ਜਿ ਨਾਨਕ ਮੋ ਪਰ। ਯਹੀ ਮਨੀਖਾ ਮਨ ਮੈਂ ਹੋ ਥਿਰ॥੧੭॥

ਨਾਨਕ ਮੇਰਾ ਸੇਵਕ ਨਹੀਂ, ਉਹ ਤਾਂ ਮੇਰਾ ਮਾਲਕ ਹੈ, ਮੈਨੂੰ ਉਸ ਦਾ ਇਕ ਮਾਮੂਲੀ ਦਾਸ ਸਮਝੋ। ਜੇ ਨਾਨਕ ਮੇਰੇ ਤੇ ਰਹਿਮ ਕਰੇ ਤਾਂ ਇਹ ਹੀ ਮੇਰੇ ਦਿਲ ਦੀ ਵੱਡੀ ਚਾਹ ਹੈ॥ ੧੭॥

ਬਚਨ ਉਚਾਰਹੁ ਬਹੁਰ ਨ ਐਸੇ। ਹ੍ਵੈ ਅਨਜਾਨ ਕਹੇ ਅਬ ਜੈਸੇ।
ਮਹਿਮਾ ਲਖਤਿ ਨ, ਨਿਜ ਸੁਤ ਜਾਨੈਂ। ਤੀਨ ਲੋਕ ਜਿਸ ਆਇਸੁ ਮਾਨੈ ॥੧੮॥

ਮੁੜ ਕੇ ਅਜਿਹੀ ਗੱਲ ਨਹੀਂ ਕਰਨੀ ਹੈ। ਜਿਵੇਂ ਮੂਰਖਾਂ ਵਾਂਗ ਤੂੰ ਹੁਣ ਇਹ ਗੱਲ ਕਹੀ ਹੈ। ਤੁਹਾਡੇ ਪੁੱਤਰ ਦੀ ਮਹਿਮਾ ਪਾਈ ਨਹੀਂ ਜਾ ਸਕਦੀ, ਜਿਸ ਦੇ ਹੁਕਮ ਵਿਚ ਇਹ ਤਿੰਨੇ ਲੋਕ ਰਹਿੰਦੇ ਹਨ, ਭਾਵ-ਜਿਸ ਦੀ ਆਗਿਆ ਇਹ ਤਿੰਨ ਲੋਕ ਮੰਨਦੇ ਹਨ॥ ੧੮॥

ਦੋਹਰਾ- ਜਾਹੁ ਅਬੈ ਸੁਲਤਾਨਪੁਰਿ ਚੌਕੜ ਖਰਚਹੁ ਜੋਇ।
ਮਿਲਿ ਸ੍ਰੀ ਨਾਨਕ ਸੰਗ ਤੁਮ ਨਹਿਂ ਦੁਰਬਾਕ ਬਗੋਇ॥ ੧੯॥

ਹੁਣ ਤੁਸੀਂ ਸੁਲਤਾਨਪੁਰ ਜਾਵੋ ਅਤੇ ਓਥੇ ਜਾ ਕੇ ਚੋਕੜ ਖਰਚੋ, ਪਰ ਇਕ ਗੱਲ ਸੁਣ ਲਵੋ ਕਿ ਸ੍ਰੀ ਨਾਨਕ ਨੂੰ ਮਿਲ ਕੇ ਤੁਸੀਂ ਕੋਈ ਮਾੜੇ ਸ਼ਬਦ ਨਹੀਂ ਬੋਲੋਗੇ॥ ੧੯॥

ਚੌਪਈ- ਸੁਨਿ ਕਰਿ ਕਾਲੂ ਗਿਰਾ ਅਲਾਈ। 'ਉਰ ਸੰਦੇਹ ਨ ਪਾਵਹੁ ਰਾਈ!
ਭਲੇ ਬਚਨ ਅਬ ਭਾਖਨ ਕੀਜੈ। ਕੁਸ਼ਲ ਸ੍ਰੇਜ ਕੀ ਆਇਸੁ ਦੀਜੈ' ॥੨੦॥

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਮਹਿਤਾ ਕਾਲੂ ਨੇ ਕੁਝ ਬਚਨ ਕਹੇ, "ਇਸ ਬਾਰੇ ਦਿਲ ਵਿਚ ਰਤਾ ਵੀ ਸੰਸਾ ਨਾ ਰਖੋ। ਹੁਣ ਕੁਝ ਚੰਗੇ ਬਚਨ ਬੋਲੋ ਤੇ ਸੁਖ ਕਲਿਆਣ ਦੀ ਆਗਿਆ ਦੇਵੋ"॥ ੨੦॥

'ਹੈ ਕਾਲੂ ਤੂੰ ਬੋਲ ਵਿਗਾਰਾ। ਯਾਂਤੇ ਬਰਜਨ ਬਚਨ ਉਚਾਰਾ।
ਇਹਾਂ ਰਹਤਿ ਜਬ ਕਰਤਿ ਲਰਾਈ। ਤਹਿਂ ਨਹਿਂ ਕਹੀਏ ਬੈਨ ਬਿਜਾਈ' ॥੨੧॥

ਮਹਿਤਾ ਕਾਲੂ ਦੀ ਇਹ ਗੱਲ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਹੇ ਕਾਲੂ ! ਤੂੰ ਬੋਲ ਵਿਗਾੜ ਏਂ ਤੇ ਝੱਟ ਮਾੜੇ ਬੋਲ ਬੋਲਣ ਲੱਗ ਜਾਂਦਾ ਹੈਂ, ਮੈਂ ਤੈਨੂੰ ਮਾੜੇ ਬਚਨ ਬੋਲਣ ਤੋਂ ਵਰਜਣ ਵਾਸਤੇ ਕਿਹਾ ਹੈ। ਇਥੇ ਰਹਿ ਕੇ ਜਦ ਲੜਾਈ ਕਰਦਾ ਹੈਂ ਤਾਂ ਓਥੇ ਜਾ ਕੇ ਵੀ ਕੋਈ ਅਨੁਚਿਤ ਬੋਲ ਨਹੀਂ ਬੋਲਣਾ ਹੈ॥ ੨੧॥

'ਸੁਨਹੁ ਰਾਇ ਜੀ ਸ਼ੁਭ ਮਤਿ ਦਾਨੀ। ਤੁਮ ਪਰਮੇਸ਼ੁਰ ਕੇ ਅਸਥਾਨੀ।
ਇਕ ਸੁਤ ਹਮਰੈ ਨਾਨਕ ਪ੍ਯਾਰੋ। ਮਿਲਿ ਤਿਹ ਕਿਉਂ ਦੁਰਬਾਕ ਉਚਾਰੋਂ ॥੨੨॥

"ਹੇ ਰਾਇ ਜੀ ! ਸੁਣੋ, ਤੁਸੀਂ ਮੈਨੂੰ ਚੰਗੀ ਮੱਤ ਦਿੱਤੀ ਹੈ। ਤੁਸੀਂ ਮੇਰੇ ਵਾਸਤੇ ਪਰਮੇਸ਼ੁਰ ਦੀ ਥਾਂ ਹੋ। ਸਾਡਾ ਤਾਂ ਇਕੋ ਨਾਨਕ ਪਿਆਰਾ ਪੁੱਤਰ ਹੈ, ਉਸ ਨੂੰ ਮਿਲ ਕੇ ਮੈਂ ਦੁਰਬਚਨ ਕਿਉਂ ਬੋਲਾਂਗਾ?" ॥ ੨੨॥

ਰਾਇ ਕਹੇ 'ਕਰਿ ਕਾਰਜ ਜਾਇ। ਕਰਿਹੈ ਤੁਮਰੋ ਭਲੋ ਖ਼ੁਦਾਇ।

ਮੁਝ ਦਿਸ ਤੇ ਕਰਿ ਅਧਿਕ ਸਨੇਹਾ। ਪਰਸਹੁ ਪਦ ਅਨੁਕੰਪਾਗੇਹਾ॥੨੩॥

ਰਾਇ ਬੁਲਾਰ ਨੇ ਕਿਹਾ, "ਜਾ ਅਤੇ ਜਾ ਕੇ ਕਾਰਜ ਪੂਰਾ ਕਰ, ਖੁਦਾਵੰਦ ਕਰੀਮ ਤੇਰਾ ਭਲਾ ਕਰੇਗਾ, ਮੇਰੇ ਵਲੋਂ ਉਸ ਨੂੰ ਬਹੁਤ ਬਹੁਤ ਪਿਆਰ ਦੇਣਾ ਅਤੇ ਕਿਰਪਾ ਦੇ ਘਰ ਭਾਵ-ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਪਰਸਣਾ॥ ੨੩॥

ਦੋਹਰਾ- ਘਨੀ ਬੰਦਗੀ ਕੀਜੀਏ ਕਮਲ ਨੈਨ ਢਿਗ ਜਾਇ।
ਕਰਿ ਬੰਦਨ ਕਾਲੂ ਚਲਜੋ ਮਾਨੀ ਰਾਇ ਰਜਾਇ॥ ੨੪॥

ਕਮਲ ਨੈਣ ਭਾਵ- ਗੁਰੂ ਜੀ ਦੇ ਪਾਸ ਜਾ ਕੇ ਬੜੇ ਪਿਆਰ ਅਤੇ ਸਤਿਕਾਰ ਨਾਲ ਬੰਦਨਾਂ ਕਰਨੀ।" ਮਹਿਤਾ ਕਾਲੂ ਰਾਇ ਦੀ ਗੱਲ ਮੰਨ ਕੇ ਅਤੇ ਨਮਸਕਾਰ ਕਰਕੇ ਚੱਲ ਪਿਆ॥ ੨੪॥

ਚੌਪਈ- ਸਕਟੇ ਪਰ ਅਰੂਢ ਤਬ ਹੋਏ। ਚਲਤਿ ਭਏ ਸਭਿ ਸ਼ੋਕ ਬਿਗੋਏ।
ਸੁਤ ਕੀ ਪ੍ਰੀਤਿ ਬਧੇ ਸੰਗਿ ਡੋਰੀ। ਮਨਹੁ ਮੀਨ ਕਰਖੇ ਕਰਿ ਜੋਰੀ॥੨੫॥

ਛਕੜੇ ਤੇ ਸਵਾਰ ਹੋ ਗਏ ਤੇ ਸਾਰੇ ਦੁੱਖ ਦੂਰ ਕਰਕੇ ਚਲ ਪਏ। ਪੁੱਤਰ ਦੀ ਪ੍ਰੀਤ ਦੀ ਡੋਰੀ ਨਾਲ ਬੱਝੇ ਹੋਏ ਇੰਝ ਜਾ ਰਹੇ ਸਨ ਮਾਨੋ ਮੱਛ ਬੜੇ ਜ਼ੋਰ ਨਾਲ ਖਿੱਚ ਰਿਹਾ ਸੀ॥ ੨੫॥

ਖਰਚ ਸਮਾਜ ਲੀਨਿ ਬਿਧਿ ਨਾਨਾ। ਦਿਨਪ੍ਰਤਿ ਅਧਿਕਹਿ ਕੀਨਿ ਪਯਾਨਾ।
ਘਰ ਕੋ ਡੂੰਮ ਸੰਗਿ ਮਰਦਾਨਾ। ਜਿਸਕੇ ਜਾਗੇ ਭਾਗ ਮਹਾਨਾ॥ ੨੬॥

ਕਈ ਪ੍ਰਕਾਰ ਦੇ ਸਮਾਜਿਕ ਖਰਚੇ ਨਾਲ ਲਏ ਸਨ ਅਤੇ ਪ੍ਰਤਿ ਦਿਨ ਬੜਾ ਸਫਰ ਕਰਦੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਘਰ ਦਾ ਡੂਮ ਮਰਦਾਨਾ ਵੀ ਸੀ, ਜਿਸ ਦੇ ਮਹਾਨ ਭਾਗ ਜਾਗ ਪਏ ਹਨ॥ ੨੬॥

ਪੁਰਿ ਸੁਲਤਾਨ ਵਿਖੈ ਚਲਿ ਆਏ। ਨਰ ਨਾਰੀ ਸਭਿ ਦੇਤਿ ਵਧਾਏ।
ਉਤਰਿ ਸਕਟ ਪਰ ਤੇ ਤਹਿੰ ਸਭਿ ਹੀ। ਧਾਮ ਜਰਾਮ ਪ੍ਰਵੇਸ਼ੇ ਤਬ ਹੀ॥੨੭॥

ਫਿਰ ਸੁਲਤਾਨਪੁਰ ਨਗਰ ਵਿਖੇ ਚਲ ਕੇ ਆ ਗਏ ਅਤੇ ਸਭ ਇਸਤਰੀਆਂ ਮਰਦਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਛਕੜੇ ਤੋਂ ਸਾਰੇ ਉਤਰ ਕੇ ਜੈ ਰਾਮ ਦੇ ਘਰ ਅੰਦਰ ਚਲੇ ਗਏ॥ ੨੭॥

ਮਿਲੀ ਨਾਨਕੀ ਨੇਹੁ ਘਨੇਰਾ। ਮਾਤ ਅੰਕ ਲੇ ਸਿਰ ਕਰ ਫੇਰਾ।
ਕਾਲੂ ਕੀ ਪਤਿਬ੍ਰਤਾ ਕੁਮਾਰੀ। ਰੂਪ ਸ਼ੀਲ ਗੁਨ ਪੂਰਨ ਚਾਰੀ॥ ੨੮॥

ਬੇਬੇ ਨਾਨਕੀ ਬੜੇ ਪਿਆਰ ਨਾਲ ਮਿਲੀ। ਮਾਤਾ ਜੀ ਨੇ ਉਸ ਦੇ ਸਿਰ ਤੇ ਹੱਥ ਫੇਰਿਆ। ਮਹਿਤਾ ਕਾਲੂ ਦੀ ਪਤੀਬ੍ਰਤਾ ਲੜਕੀ, ਸੁੰਦਰ ਸੁਸ਼ੀਲ ਅਤੇ ਪੂਰਨ ਗੁਣਾਂ ਦੀ ਮਾਲਕ ਸੀ॥ ੨੮॥

ਮਿਲਿ ਸਭਿਹਿਨਿ ਸੋਂ ਆਨੰਦ ਦੀਨਾ। ਜਥਾ ਉਚਿਤ ਤਿਉਂ ਆਦਰ ਕੀਨਾ।
ਆਇ ਵਹਿਰ ਤੇ ਤਬੈ ਜਰਾਮਾ। ਸਭਿਹਿਨਿ ਸੋਂ ਮਿਲਿ ਕੀਨਿ ਪ੍ਰਨਾਮਾ॥੨੯॥

ਸਾਰਿਆਂ ਨੂੰ ਮਿਲ ਕੇ ਖੁਸ਼ੀ ਅਤੇ ਖੇੜਾ ਵੰਡਿਆ। ਜਿਵੇਂ ਵੀ ਉਚਿਤ ਸੀ, ਉਸ ਤਰ੍ਹਾਂ ਹੀ ਸਭ ਨੂੰ ਆਦਰ ਅਤੇ ਸਤਿਕਾਰ ਦਿੱਤਾ। ਫਿਰ ਜੈ ਰਾਮ ਜੀ ਬਾਹਰ ਤੋਂ ਆ ਗਏ। ਉਨ੍ਹਾਂ ਸਭ ਨੂੰ ਮਿਲ ਕੇ ਪ੍ਰਣਾਮ ਕੀਤਾ॥ ੨੯॥

ਸ੍ਰੀ ਨਾਨਕ ਸੁਨਿ ਆਵਨ ਕਾਲੂ। ਉਠਿ ਕਰਿ ਗਮਨੇ ਸਦਨ ਉਤਾਲੂ।
ਧਾਰਜੋ ਪਦ ਪੰਕਜ ਪਰ ਸੀਸਾ। ਦੀਨੀ ਕਾਲੂ ਅਧਿਕ ਅਸੀਸਾ॥ ੩੦॥

ਜਦ ਸ੍ਰੀ ਨਾਨਕ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ, ਮਹਿਤਾ ਕਾਲੂ ਜੀ ਆਏ ਹਨ ਤਾਂ ਤੁਰੰਤ ਉੱਠ ਕੇ ਘਰ ਵਲ ਚਲ

ਪਏ। ਆਪਣੇ ਪਿਤਾ ਜੀ ਨੂੰ ਮਿਲ ਕੇ ਉਨ੍ਹਾਂ ਦੇ ਪੈਰਾਂ ਤੇ ਸਿਰ ਧਰ ਕੇ ਬੰਦਨਾ ਕੀਤੀ ਤੇ ਮਹਿਤਾ ਕਾਲੂ ਜੀ ਨੇ ਬਹੁਤ ਅਸੀਸਾਂ ਦਿੱਤੀਆਂ॥ ੩੦॥

ਸੁੰਘਤਿ ਮਸਤਕ ਭਰਿ ਭਰਿ ਕੋਰੀ। ਪੇਖਹਿਂ ਮੁਖ ਕੋ ਸਪਿ ਸੁਖ ਠੋਰੀ।
ਪਰਮ ਪ੍ਰੇਮ ਪੁਲਕਾਵਲ ਅੰਗਾ। ਕਰਤਿ ਪਜਾਰ ਉਰ ਸੰਗਿ ਉਮੰਗਾ ॥੩੧॥

ਜੱਫੀ ਵਿਚ ਭਰ ਭਰ ਕੇ ਮੱਥੇ ਨੂੰ ਚੁੰਮਦਾ ਹੈ ਅਤੇ ਗੁਰੂ ਜੀ ਦੇ ਮੁੱਖ ਨੂੰ ਵੇਖ ਵੇਖ ਸੁਖ ਪ੍ਰਾਪਤ ਕਰਦਾ ਹੈ। ਪਰਮ ਪ੍ਰੇਮ ਵਿਚ ਸਰੀਰ ਦੇ ਸਾਰੇ ਰੋਮ ਖੜੇ ਹੋ ਗਏ ਅਤੇ ਦਿਲ ਵਿਚ ਬੜੇ ਉਤਸ਼ਾਹ ਅਤੇ ਉਮਾਹ ਨਾਲ ਪਿਆਰ ਕਰ ਰਿਹਾ ਹੈ॥ ੩੧॥

ਦੋਹਰਾ- ਗਤਿ ਦਾਨੀ ਬੂਝਤਿ ਭਏ 'ਭਨਹੁ ਜਨਕ! ਸਮਝਾਇ।
ਤਨ ਅਨਾਮ ਮਨ ਅਨਦ ਹੈ ਤਲਵੰਡੀ ਮੇਂ ਰਾਇ?'॥ ੩੨॥

ਮੁਕਤੀ ਦਾਤੇ ਫਿਰ ਪੁੱਛਣ ਲੱਗੇ, "ਹੇ ਪਿਤਾ ਜੀ! ਮੈਨੂੰ ਸਮਝਾ ਕੇ ਦੱਸੋ, ਕਿ ਤਲਵੰਡੀ ਵਿਚ ਰਾਇ ਬੁਲਾਰ ਤੰਦਰੁਸਤ, ਸਿਹਤਮੰਦ ਅਤੇ ਅਨੰਦਮਈ ਹਨ?"॥ ੩੨॥

ਚੌਪਈ- ਕਾਲੂ ਕਹਤਿ ਭਯੋ 'ਸੁਨ ਤਾਤਾ! ਬਿਸਰ ਗਈ ਥੀ ਉਰ ਤੇ ਬਾਤਾ।
ਤੁਮ ਕਰਿਵਾਇ ਦਯੋ ਮੋਹਿ ਯਾਦੂ। ਸਭਿਹਿ ਕੁਸ਼ਲ ਤਹਿਂ ਪ੍ਰਭੁ ਪ੍ਰਸਾਦੂ॥੩੩॥

ਮਹਿਤਾ ਕਾਲੂ ਕਹਿਣ ਲੱਗਾ, 'ਪੁੱਤਰ! ਸੁਣ, ਮੇਰੇ ਹਿਰਦੇ ਵਿਚ ਇਹ ਗੱਲ ਭੁੱਲ ਗਈ ਸੀ। ਤੂੰ ਮੈਨੂੰ ਹੁਣ ਯਾਦ ਕਰਵਾ ਦਿੱਤਾ ਹੈ। ਪ੍ਰਭੂ ਦੀ ਕਿਰਪਾ ਨਾਲ ਓਥੇ ਸਾਰੇ ਰਾਜ਼ੀ ਬਾਜ਼ੀ ਹਨ॥ ੩੩॥

ਪਰਮ ਪ੍ਰੇਮ ਸੋਂ ਤਿਹ ਮਤਿ ਪੂਰੀ। ਕਰੀ ਬੰਦਗੀ ਤੁਮ ਸੋਂ ਭੂਰੀ।
ਕਹਜੋ ਪ੍ਰੀਤ ਸੋਂ ਤਵ ਪਦ ਪਰਸਨ। ਜਿਸ ਕੋ ਲਾਲਸ ਨਿਸਦਿਨ ਦਰਸ਼ਨ ॥੩੪॥

ਬੜੇ ਪ੍ਰੇਮ ਅਤੇ ਸਤਿਕਾਰ ਨਾਲ ਰਾਇ ਬੁਲਾਰ ਜੀ ਨੇ ਤੁਹਾਨੂੰ ਬਹੁਤ ਬਹੁਤ ਬੰਦਨਾ ਕੀਤੀ ਹੈ। ਉਨ੍ਹਾਂ ਕਿਹਾ ਸੀ ਕਿ ਮੇਰੇ ਵਲੋਂ ਬੜੇ ਪ੍ਰੇਮ ਨਾਲ ਤੇਰੇ ਚਰਨਾਂ ਦੀ ਪਰਸਨਾ ਕਰਾਂ, ਕਿਉਂਕਿ ਉਸ ਨੂੰ ਦਿਨ ਰਾਤ ਤੇਰੇ ਦਰਸ਼ਨਾਂ ਦੀ ਲਾਲਸਾ ਰਹਿੰਦੀ ਹੈ'॥ ੩੪॥

ਸੁਨਿ ਸੰਦੇਸ਼ ਪ੍ਰਿਯ ਉਠੇ ਬਹੋਰੀ। ਗਏ ਮਾਤ ਢਿਗ ਦ੍ਵੈ ਕਰ ਜੋਰੀ।
ਧਰਜੋ ਯੁਗਲ ਚਰਨਨ ਪਰ ਮਾਥਾ। ਕੰਠ ਲਗਾਏ ਭੁਜ ਗਹਿ ਹਾਥਾ॥੩੫॥

ਪਿਆਰੇ ਦਾ ਸੰਦੇਸ਼ਾ ਸੁਣ ਕੇ ਗੁਰੂ ਨਾਨਕ ਜੀ ਉਠ ਬੈਠੇ ਅਤੇ ਆਪਣੀ ਮਾਤਾ ਜੀ ਦੇ ਪਾਸ ਚਲੇ ਗਏ। ਦੋਹਾਂ ਚਰਨਾਂ ਤੇ ਮੱਥਾ ਰੱਖ ਕੇ ਟੇਕਿਆ। ਮਾਤਾ ਜੀ ਨੇ ਦੋਹਾਂ ਬਾਹਾਂ ਨਾਲ ਚੁੱਕ ਕੇ ਗਲ ਨਾਲ ਲਾਇਆ॥ ੩੫॥

ਸਜਲ ਬਿਲੋਚਨ ਆਂਸੁਨਪਾਤੀ। ਭਰਿ ਆਨੰਦ ਭੀ ਸੀਤਲ ਛਾਤੀ।
ਤਨੁਜ ਬਦਨ ਛਬਿ ਸਦਨ ਬਿਲੋਕੀ। ਉਤਸ਼ਵ ਸਮੈਂ ਜਾਨੁ ਅੰਸੁ ਰੋਕੀ॥੩੬॥

ਅੱਖਾਂ ਸੇਜਲ ਹੋ ਗਈਆਂ ਅਤੇ ਹੰਝੂ ਵਹਿ ਤੁਰੇ, ਖੁਸ਼ੀ ਵਿਚ ਸੀਨੇ ਵਿਚ ਠੰਢ ਪੈ ਗਈ। ਪੁੱਤਰ ਦਾ ਸਰੀਰ ਜੋ ਸੁੰਦਰਤਾ ਦਾ ਘਰ ਹੈ, ਨੂੰ ਵੇਖ ਕੇ ਹੰਝੂ ਭਰ ਆਏ, ਪਰ ਖੁਸ਼ੀ ਦਾ ਮੌਕਾ ਸਮਝ ਕੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਰੋਕਿਆ॥ ੩੬॥

ਦੈਵ ਪ੍ਰਭਾਵਹਿ ਕੀਨਿ ਬਿਯੋਗਨਿ। ਨਹਿਂ ਮੁਝ ਸੁਖ ਦਿਯ ਸੁਤ ਸੰਜੋਗਨਿ॥
ਤਦਪਿ ਲਖਹੁਂ ਮੈਂ ਨਿਜ ਵਡਭਾਗੀ। ਸੁਤ ਉਤਸ਼ਵ ਅਬ ਦੇਖਨਿ ਲਾਗੀ- ॥੩੭॥

ਦੇਵ ਗਤੀ ਨੇ ਮੈਨੂੰ ਵਿਜੋਗਣ ਬਣਾ ਦਿੱਤਾ ਹੈ, ਮੈਨੂੰ ਪੁੱਤਰ ਦੇ ਮੇਲ ਦਾ ਸੁਖ ਪ੍ਰਾਪਤ ਨਹੀਂ ਹੈ। ਫਿਰ ਵੀ ਮੈਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੀ ਸਮਝਦੀ ਹਾਂ ਕਿ ਮੈਂ ਹੁਣ ਪੁੱਤਰ ਦੀ ਸਗਾਈ ਦਾ ਉਤਸਵ ਵੇਖਣ ਲੱਗੀ ਹਾਂ॥ ੩੭॥

ਬਾਰ ਬਾਰ ਜਾਵਹਿ ਬਲਿਹਾਰੀ। ਤ੍ਰਿਪਤਿ ਨ ਪਿਖਿ ਸੁਤ ਮੂਰਤਿ ਚਾਰੀ।
ਸ੍ਰੀ ਨਾਨਕ ਪੁਨ ਉਠਿ ਸੁਖਦਾਤਾ। ਜਾਇ ਕਰੀ ਬੰਦਨ ਪਿਤ ਭ੍ਰਾਤਾ॥ ੩੮॥

ਮੈਂ ਤੇਰੇ ਬਾਰ-ਬਾਰ ਬਲਿਹਾਰੀ ਜਾਂਦੀ ਹਾਂ, ਪੁੱਤਰ ਦਾ ਸੁੰਦਰ ਮੁਖੜਾ ਵੇਖ ਕੇ ਦਿਲ ਰੱਜਦਾ ਨਹੀ। ਫਿਰ ਸੁੱਖਾਂ ਦੇ ਦਾਤੇ ਗੁਰੂ ਨਾਨਕ ਜੀ ਉਠ ਕੇ ਚਲੇ ਗਏ ਅਤੇ ਆਪਣੇ ਪਿਤਾ ਜੀ ਦੇ ਭਰਾ ਨੂੰ ਜਾ ਬੰਦਨਾ ਕੀਤੀ॥ ੩੮॥

ਹਿਤ ਸੋਂ ਲਾਲੂ ਭਰਿ ਕਰਿ ਅੰਕਾ। ਹਰਖਤਿ ਪੇਖਤਿ ਬਦਨ ਮਯੰਕਾ।
ਕੰਠ ਲਗਾਇ ਰਹਜੋ ਸੁਖ ਪਾਈ। ਜਿਉਂ ਕਿਰਪਨ ਧਨ ਤਜਿ ਨ ਸਕਾਈ॥੩੯॥

ਪਿਆਰ ਨਾਲ ਲਾਲੂ ਜੀ ਨੇ ਉਸ ਨੂੰ ਆਪਣੇ ਜੱਫੇ ਵਿਚ ਭਰ ਲਿਆ ਅਤੇ ਚੰਦਰਮਾਂ ਵਰਗੇ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗਲ ਨਾਲ ਲਾਈ ਰੱਖ ਕੇ ਸੁਖ ਪ੍ਰਾਪਤ ਕੀਤਾ ਤੇ ਉਸ ਦਾ ਆਪਣੇ ਭਤੀਜੇ ਨੂੰ ਨਾ ਛੱਡਣ ਦਾ ਇੰਝ ਚਿਤ ਕਰਦਾ ਸੀ ਜਿਵੇਂ ਕੰਜੂਸ ਧਨ ਛੱਡ ਨਹੀ ਸਕਦਾ॥ ੩੯॥

'ਜਨਮਜੋ ਹਮ ਘਰ ਸੁਤ ਸੁਖਦਾਈ। ਨਿਰਮਲ ਕੀਨੀ ਕੁਲ ਇਹ ਜਾਈ।
ਅੱਗ੍ਰਜ ਕੀ ਪਰਮੇਸੁਰ ਜਾਨੈ'। ਕਰਿ ਹਿਤ ਲਾਲੂ ਬਚਨ ਬਖਾਨੈ॥ ੪੦॥

"ਸਾਡੇ ਘਰ ਸੁਖਦਾਈ ਪੁੱਤਰ ਨੇ ਜਨਮ ਲਿਆ ਹੈ। ਸਾਡੀ ਇਸ ਕੁਲ ਨੂੰ ਹੀ ਨਿਰਮਲ ਅਤੇ ਪਵਿੱਤਰ ਬਣਾ ਦਿੱਤਾ ਹੈ। ਅੱਗੇ ਦੀ ਪਰਮੇਸੁਰ ਜਾਣਦਾ ਹੈ।" ਲਾਲੂ ਨੇ ਬੜੇ ਪਿਆਰ ਵਿਚ ਆ ਕੇ ਇਹ ਸ਼ਬਦ ਕਹੇ॥ ੪੦॥

ਪੁਨ ਉਠਿ ਸ੍ਰੀ ਨਾਨਕ ਦੁਖਕੰਦਨ। ਜਾਇ ਕਰੀ ਨਾਨੇ ਪਦ ਬੰਦਨ।
ਪਕਰ ਭੁਜਾ ਨਿਜ ਕੰਠ ਲਗਾਯੋ। ਅਨੰਦ ਨੀਰ ਲੋਚਨ ਮਹਿਂ ਛਾਯੋ॥੪੧॥

ਫਿਰ ਦੁੱਖਾਂ ਦਾ ਨਾਸ਼ ਕਰਨ ਵਾਲੇ ਸ੍ਰੀ ਨਾਨਕ ਉਠ ਪਏ ਤੇ ਆਪਣੇ ਨਾਨੇ ਦੇ ਚਰਨਾਂ ਤੇ ਜਾ ਬੰਦਨਾ ਕੀਤੀ। ਉਸ ਨੇ ਬਾਹਾਂ ਤੋਂ ਫੜ ਕੇ ਗਲ ਨਾਲ ਲਾਇਆ ਤੇ ਅੱਖਾਂ ਵਿਚ ਖੁਸ਼ੀ ਦੇ ਹੰਝੂ ਛਾ ਗਏ॥ ੪੧॥

ਪਿਖਤਿ ਨ ਕੋ ਜਾਚਕ ਤਿਹ ਠੌਰੈ। ਦੋਹਿਤ ਕੋ ਨ ਅੰਕ ਤੇ ਛੋਰੈ।
ਨਾਨੀ ਨਾਨਕ ਨਾਮ 'ਭਿਰਾਈ'। ਤਿਨ ਆਨਨ ਤੇ ਗਿਰਾ ਅਲਾਈ॥ ੪੨॥

ਓਥੇ ਕੋਈ ਮੰਗਤਾ ਆਦਿ ਨਾ ਵੇਖ ਕੇ, ਆਪਣੇ ਦੋਹਤੇ ਨੂੰ ਗਲਵਕੜੀ ਵਿਚੋਂ ਨਹੀ ਸੀ ਛੱਡ ਰਿਹਾ। ਗੁਰੂ ਜੀ ਦੀ ਨਾਨੀ ਜਿਸ ਦਾ ਨਾਂ ਭਿਰਾਈ ਸੀ, ਉਸ ਨੇ ਓਥੇ ਆ ਕੇ ਮੁੱਖ ਤੋਂ ਇਹ ਬਚਨ ਕਹੇ॥ ੪੨॥

ਦੋਹਰਾ- ਮੁਕਤਹੁ ਅਬ ਨਿਜ ਅੰਕ ਤੇ ਕਰਿ ਸਨੇਹ ਤੁਮ ਲੀਨ।
ਮਿਲਹਿਂ ਅਪਰ ਸੋਂ ਪ੍ਰੇਮ ਧਰਿ ਬਿਰਹਿ ਕਰਹਿਂ ਸਭਿ ਛੀਨ॥ ੪੩॥

"ਇਸ ਨੂੰ ਹੁਣ ਆਪਣੇ ਕਲਾਵੇ ਵਿਚੋਂ ਛੱਡੋ, ਤੁਸੀਂ ਬਹੁਤ ਪਿਆਰ ਕਰ ਲਿਆ ਹੈ। ਇਹ ਹੋਰਨਾਂ ਨੂੰ ਵੀ ਮਿਲਣ ਤੇ ਸਭ ਦਾ ਵਿਛੋੜਾ ਦੂਰ ਕਰਨ"॥ ੪੩॥

ਚੌਪਈ- 'ਮੈਂ ਨ ਤਜੋਂ' ਰਾਮੇ ਬਚ ਭਾਖਾ। 'ਜਬ ਲੌ ਪੂਰਨ ਹ੍ਵੈ ਨਹਿਂ ਕਾਂਖਾ।
ਤਬਹਿ ਵਿਛੋਰੋਂ ਅਪਨੇ ਉਰ ਸੋਂ। ਸਿਰਵਾਰੋਂ ਧਨ ਬਹੁ ਨਿਜ ਕਰ ਸੋਂ॥੪੪॥

ਗੁਰੂ ਜੀ ਦੇ ਨਾਨੇ ਰਾਮੇ ਨੇ ਕਿਹਾ, "ਮੈਂ ਤਾਂ ਇਸ ਨੂੰ ਨਹੀ ਛੱਡਾਂਗਾ। ਜਦ ਤਕ ਮੇਰੀ ਇੱਛਾ ਪੂਰਨ ਨਹੀ ਹੁੰਦੀ। ਤਦ ਹੀ ਇਸ ਨੂੰ ਆਪਣੇ ਹਿਰਦੇ ਨਾਲੋਂ ਵਿਛੋੜੂੰਗਾ ਜਦ ਆਪਣੇ ਹੱਥੀਂ ਇਸ ਦੇ ਸਿਰ ਤੋਂ ਬਹੁਤ ਧਨ ਵਾਰਾਂਗਾ"॥ ੪੪॥

ਸੁਨਤਿ ਭਿਰਾਈ ਬਚਨ ਅਲਾਵੈ। 'ਕਰਹੁ ਨਿਛਾਵਰ ਜੋ ਮਨ ਭਾਵੈ'।
ਰਾਮਾ ਕਹਿ 'ਕੋ ਆਇ ਨ ਮਾਂਗਨ। ਦੇਉਂ ਨਿਛਾਵਰ ਕਰ ਕਿਹ ਆਂਗਨ॥੪੫॥

ਇਹ ਸ਼ਬਦ ਸੁਣ ਕੇ ਭਿਰਾਈ ਬੋਲੀ, "ਜੋ ਤੁਹਾਡੇ ਮਨ ਭਾਵੇ ਨਿਛਾਵਰ ਕਰੋ।" ਭਿਰਾਈ ਦੀ ਇਹ ਗੱਲ ਸੁਣ ਕੇ ਰਾਮਾ ਕਹਿਣ ਲੱਗਾ, "ਜਦ ਇਸ ਵਿਹੜੇ ਵਿਚ ਕੋਈ ਮੰਗਣ ਵਾਲਾ ਮੰਗਤਾ ਹੀ ਨਹੀਂ ਆਇਆ ਤਾਂ ਮੈਂ ਆਪਣੇ ਦੋਹਤਰੇ ਤੋਂ ਪੈਸੇ ਵਾਰ ਕੇ ਕਿਸ ਨੂੰ ਦੇਵਾਂ ?"॥ ੪੫॥

ਤਬਹਿ ਨਾਨਕੀ ਤੁਲਸਾਂ ਦਾਸੀ। ਪਠਈ ਜਾਚਕ ਆਨਹੁ ਪਾਸੀ-।
ਜਬ ਜਾਚਕ ਜਾਨੇ ਤਹਿਂ ਆਏ। ਬੀਸ ਰੁਪੱਯਨ ਟਕੇ ਮੰਗਾਏ॥ ੪੬॥

ਤਦ ਬੇਬੇ ਨਾਨਕੀ ਨੇ ਤੁਲਸਾਂ ਦਾਸੀ ਨੂੰ ਚਾਰ ਚੁਫੇਰੇ ਭੇਜਿਆ, ਤਾਂਕਿ ਉਹ ਮੰਗਤਿਆਂ ਨੂੰ ਖਬਰ ਕਰਕੇ ਆਵੇ। ਜਦ ਇਹ ਸਮਝਿਆ ਕਿ ਮੰਗਤੇ ਆ ਗਏ ਹਨ ਤਦ ਵੀਹ ਰੁਪਿਆਂ ਦੇ ਟਕੇ ਮੰਗਵਾਏ॥ ੪੬॥

ਦਸ ਕੇ ਨਾਨੀ, ਪੰਚ ਸੁ ਮਾਮਾ। ਕਰਹਿਂ ਨਿਛਾਵਰ ਸਿਰ ਸੁਖ ਧਾਮਾ।
ਅੰਗਨ ਮਹਿਂ ਮੰਗਨ ਸਨ ਪੂਰਾ। ਲੇਵਨ ਹੇਤ ਭੀਰ ਭੀ ਭੂਰਾ॥ ੪੭॥

ਦਸਾਂ ਰੁਪਈਆਂ ਦੇ ਨਾਨੀ ਨੇ ਸਿਰਵਾਰਨੇ ਕੀਤੇ ਤੇ ਪੰਜ ਰੁਪਏ ਮਾਮੇ ਨੇ ਵਾਰ ਕੇ ਮੰਗਤਿਆਂ ਨੂੰ ਦਿੱਤੇ। ਉਹ ਗੁਰੂ ਜੀ ਦੇ ਸਿਰ ਤੋਂ ਦੀ ਵਾਰ ਵਾਰ ਕੇ ਮੰਗਤਿਆਂ ਨੂੰ ਦੇ ਰਹੇ ਸਨ। ਸਾਰਾ ਵਿਹੜਾ ਮੰਗਤਿਆਂ ਨਾਲ ਭਰ ਗਿਆ ਤੇ ਦਾਨ ਲੈਣ ਵਾਸਤੇ ਲਾਗੀਆ ਦੀ ਭੀੜ ਲੱਗ ਗਈ॥ ੪੭॥

ਆਨਿ ਦਰਬ ਕਿਸ਼ਨੇ ਪਿਤ ਪੂਛਾ। ਦਯੋ ਸਭਿਨਿ ਕੋ ਤਜਯੋ ਨ ਛੂਛਾ।
ਕਿਯੋ ਨਾਨਕੇ ਉਤਸ਼ਵ ਭੂਰੀ। ਬਜਹਿ ਸਮਾਨ ਜੁ ਹ੍ਵੈ ਬਿਧਿ ਰੂਰੀ॥ ੪੮॥

ਕ੍ਰਿਸ਼ਨ ਦੇ ਪਿਤਾ ਭਾਵ ਗੁਰੂ ਜੀ ਦੇ ਨਾਨਾ ਜੀ ਨੇ ਆ ਕੇ ਹੋਰ ਧਨ ਮੰਗਵਾਇਆ, ਅਤੇ ਸਾਰਿਆਂ ਨੂੰ ਵੰਡਿਆ ਤੇ ਕਿਸੇ ਨੂੰ ਖਾਲੀ ਨਾ ਮੋੜਿਆ। ਗੁਰੂ ਨਾਨਕ ਜੀ ਦੀ ਕੁੜਮਾਈ ਦਾ ਭਾਰੀ ਉਤਸਵ ਮਨਾਇਆ ਗਿਆ। ਵਿਆਹ ਵਾਂਗ ਸੁੰਦਰ ਨਜ਼ਾਰਾ ਵੇਖਣ ਨੂੰ ਮਿਲ ਰਿਹਾ ਸੀ॥ ੪੮॥

ਦੋਹਰਾ- ਮਿਲ ਕੈ ਸਭਿ ਤਿਹ ਥਾਨ ਮਹਿਂ ਮਾਨਯੋ ਅਧਿਕ ਅਨੰਦ।
ਜਸ ਸੁੰਦਰ ਵਿਸਤ੍ਰਿਤਿ ਕਰਿ ਮਨਹੁ ਪ੍ਰਕਾਸ਼ਤਿ ਚੰਦ॥ ੪੯॥

ਉਸ ਥਾਂ ਤੇ ਮਿਲ ਕੇ ਸਭ ਪਰਿਵਾਰ ਵਾਲਿਆਂ ਨੇ ਬੜਾ ਆਨੰਦ ਮਾਣਿਆ ਤੇ ਗੁਰੂ ਨਾਨਕ ਦੇਵ ਜੀ ਦਾ ਜੱਸ ਚੰਦ ਦੇ ਪ੍ਰਕਾਸ਼ ਵਾਂਗ ਫੈਲਾਇਆ॥ ੪੯॥

ਚੌਪਈ- ਏਕ ਦਯੋਸ ਤਹਿਂ ਕੀਨ ਮੁਕਾਮੁ। ਪੁਨ ਪਯਾਨ ਕਿਯ ਮੂਲੇ ਧਾਮੁ।
ਪਰਮਾਨੰਦ ਨੰਦਨ ਜੈਰਾਮੁ। ਕਰੀ ਤਯਾਰੀ ਚਲਿਬੇ ਕਾਮੁ॥ ੫੦॥

ਇਕ ਦਿਨ ਸਾਰੇ ਉਥੇ ਠਹਿਰੇ ਤੇ ਫਿਰ ਅਗਲੇ ਦਿਨ ਮੂਲ ਚੰਦ ਖੱਤਰੀ ਦੇ ਘਰ ਵੱਲ ਚੱਲ ਪਏ। ਪਰਮਾਨੰਦ ਦੇ ਪੁੱਤਰ ਜੈਰਾਮ ਨੇ ਜਾਣ ਦੀ ਪੂਰੀ ਤਿਆਰੀ ਕੀਤੀ॥ ੫੦॥

ਰਾਮਾ, ਕ੍ਰਿਸ਼ਨਾ, ਕਾਲੂ, ਲਾਲੂ। ਹਰਖਤਿ ਉਰਮਹਿਂ ਚਲੇ ਉਤਾਲੂ।
ਗਮਨੇ ਕ੍ਰਮ ਕ੍ਰਮ ਮਗ ਕੋ ਤਜਾਗੇ। ਨਿਕਟ ਜਾਇ ਪਹੁਚੇ ਵਡਭਾਗੇ॥ ੫੧॥

ਰਾਮਾ, ਕ੍ਰਿਸ਼ਨਾ, ਬਾਬਾ ਕਾਲੂ, ਲਾਲੂ ਇਹ ਸਭ ਕੁਝ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਚੱਲਣ ਵਾਸਤੇ ਝੱਟ ਤਿਆਰ ਹੋ ਗਏ। ਹੌਲੀ-ਹੌਲੀ ਚਲਦੇ-ਚਲਦੇ ਪਿੰਡ ਦੇ ਨੇੜੇ ਪਹੁੰਚ ਗਏ॥ ੫੧॥

ਭੇਜਯੋ ਦਿਜ ਨਿੰਧਾ ਅਗਵਾਏ। 'ਸੁਧ ਮੂਲੇ ਕਹੁ ਬੇਦੀ ਆਏ।
ਚੋਕੜ ਖਰਚਨ ਸਮਝਹੁ ਕਾਜਾ। ਜਾਇ ਕਹੋ ਇਵ, ਕਰਹਿ ਸਮਾਜਾ॥ ੫੨॥

ਨਿੱਧਾ ਨਾਂ ਦੇ ਬ੍ਰਾਹਮਣ ਨੂੰ ਸਭ ਤੋਂ ਪਹਿਲਾਂ ਮੂਲ ਚੰਦ ਦੇ ਘਰ ਭੇਜਿਆ ਗਿਆ। ਉਸ ਨੂੰ ਕਿਹਾ ਕਿ ਉਹ ਜਾ ਕੇ ਦੱਸੇ ਕਿ ਬੇਦੀ ਆ ਗਏ ਹਨ। ਚੋਕੜ ਖਰਚਣ ਦੇ ਕਾਰਜ ਨੂੰ ਸਮਝੋ ਅਤੇ ਉਨ੍ਹਾਂ ਨੂੰ ਦੱਸੇ ਕਿ ਚੋਕੜ ਖਰਚਣ ਦੀ ਰੀਤੀ ਨੂੰ ਪੂਰਾ ਕਰਨ ਆਏ ਹਨ, ਜਿਵੇਂ ਤੁਸੀਂ ਠੀਕ ਸਮਝੋ, ਆਪਣੇ ਸਕੇ-ਸੰਬੰਧੀਆਂ ਦਾ ਇਕੱਠ ਕਰ ਲਵੋ'॥ ੫੨॥

ਗਮਨਜੋ ਘਰ, ਪਿਖ ਦੀਨਿ ਅਸੀਸਾ। 'ਚਿਰੰਜੀਵ ਕਰਿ ਹੈ ਜਗਦੀਸ਼ਾ'।
ਮੂਲੇ ਬੰਦਨ ਦਿਜ ਕੌ ਕੀਨੋ। ਸਨਮਾਨਜੋ ਆਸਨ ਆਸੀਨੋ॥ ੫੩॥

ਬ੍ਰਾਹਮਣ ਮੂਲ ਚੰਦ ਦੇ ਘਰ ਚਲਾ ਗਿਆ ਅਤੇ ਜਾ ਕੇ ਸਾਰੇ ਪਰਿਵਾਰ ਨੂੰ ਅਸੀਸ ਦਿੱਤੀ ਅਤੇ ਕਿਹਾ, "ਪ੍ਰਭੂ ਤੁਹਾਨੂੰ ਸਦਾ ਸਲਾਮਤ ਰਖੇ।" ਮੂਲ ਚੰਦ ਨੇ ਵੀ ਬ੍ਰਾਹਮਣ ਨੂੰ ਬੰਦਨਾ ਕੀਤੀ ਤੇ ਆਦਰ ਸਹਿਤ ਬੈਠਣ ਲਈ ਆਸਣ ਗ੍ਰਹਿਣ ਕਰਨ ਲਈ ਕਿਹਾ॥ ੫੩॥

'ਕਿਹ ਤੇ ਭਯੋ ਆਵਨੋ ਤੋਹੀ। ਅਪਨੀ ਕਹੋ ਵਾਰਤਾ ਮੋਹੀ'।
ਸੁਨਿ ਕਰਿ ਬ੍ਰਹਮਣ ਅਚਨ ਅਲਾਯਾ। 'ਹੌਂ ਸੁਲਤਾਨ ਨਗਰ ਤੇ ਆਯਾ ॥੫੪॥

ਬ੍ਰਾਹਮਣ ਨੂੰ ਵੇਖ ਕੇ ਮੂਲ ਚੰਦ ਕਹਿਣ ਲੱਗਾ, "ਤੁਸੀਂ ਕਿਥੋਂ ਆਏ ਹੋ, ਆਪਣੇ ਬਾਰੇ ਮੈਨੂੰ ਸਭ ਕੁਝ ਦੱਸੋ।" ਇਹ ਸੁਣ ਕੇ ਬ੍ਰਾਹਮਣ ਬੋਲਿਆ, ਮੈਂ ਸੁਲਤਾਨਪੁਰ ਨਗਰ ਤੋਂ ਆਇਆ ਹਾਂ॥ ੫੪॥

ਪਰਮਾਨੰਦ ਪਠਾ ਤੁਮ ਪਾਸਾ। ਆਏ ਬੇਦੀ ਲਖਹੁ ਅਵਾਸਾ।
ਚੋਕੜ ਖਰਚਨ ਕੀ ਬਿਧਿ ਜਾਨਹੁ। ਸੁਧਿ ਕਰਨੇ ਮਮ ਆਵਨ ਮਾਨਹੁ' ॥੫੫॥

ਪਰਮਾਨੰਦ ਜੀ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਤੁਹਾਡੇ ਘਰ ਬੇਦੀ ਆਏ ਹਨ। ਚੋਕੜ ਖਰਚਣ ਦੀ ਵਿਧੀ ਨੂੰ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ। ਮੈਂ ਇਸ ਸਭ ਕੁਝ ਬਾਰੇ ਆਪ ਜੀ ਨੂੰ ਖਬਰ ਦੇਣ ਹੀ ਆਇਆ ਹਾਂ"॥ ੫੫॥

ਸੁਨਿ ਮੂਲਾ ਬੋਲਜੋ ਦ੍ਵਿਜ ਸਾਥੇ। 'ਭਲਾ ਭਯੋ ਆਵਹਿਂ ਮੁਝ ਮਾਥੇ'।
ਤੂਰਨ ਜਹਿਂ ਤਹਿਂ ਦਾਸ ਪਠਾਏ। ਲਿਯ ਮੰਗਵਾਇ ਸੈਜ ਸਮੁਦਾਏ॥ ੫੬॥

ਇਹ ਸੁਣ ਕੇ ਮੂਲ ਚੰਦ ਬ੍ਰਾਹਮਣ ਨੂੰ ਕਹਿਣ ਲੱਗਾ, "ਤੂੰ ਬੜਾ ਚੰਗਾ ਕੀਤਾ ਹੈ ਕਿ ਮੇਰੇ ਪਾਸ ਆਇਆ ਹੈਂ", ਉਸ ਨੇ ਛੇਤੀ ਹੀ ਸਾਰਿਆਂ ਨੂੰ ਬੁਲਾਉਣ ਵਾਸਤੇ ਨੌਕਰਾਂ ਨੂੰ ਭੇਜਿਆ ਤੇ ਆਪਣੇ ਕੁੜਮਾਂ ਨੂੰ ਘਰ ਮੰਗਵਾ ਲਿਆ॥ ੫੬॥

ਦ੍ਵਿਜ ਭੇਜਜੋ ਪੁਨ ਬੋਲਿ ਪਠਾਏ। ਮੂਲੇ ਸਦਨ ਸਭਿਹ ਚਲਿ ਆਏ।
ਮਿਲਿਕੈ ਕਰੀ ਭਲੇ ਕੁਲ ਰੀਤਾ। ਹਰਖੇ ਵਧੀ ਨਵੀਨੀ ਪ੍ਰੀਤਾ॥ ੫੭॥

ਫਿਰ ਬ੍ਰਾਹਮਣ ਨੂੰ ਭੇਜ ਕੇ ਸਭ ਨੂੰ ਬੁਲਾਵਾ ਭੇਜ ਦਿੱਤਾ ਤੇ ਸਾਰੇ ਹੀ ਮੂਲੇ ਦੇ ਘਰ ਚੱਲ ਕੇ ਆ ਗਏ ਤੇ ਸਾਰਿਆਂ ਨੇ ਮਿਲ ਕੇ ਕੁਲ ਦੀ ਰੀਤੀ ਨੂੰ ਨਿਭਾਇਆ। ਦੋਵੇਂ ਧਿਰਾਂ ਮਿਲ ਕੇ ਬਹੁਤ ਖੁਸ਼ ਹੋਈਆਂ ਅਤੇ ਪ੍ਰੇਮ ਪਿਆਰ ਵਧਿਆ॥ ੫੭॥

ਚੋਕੜ ਖਰਚਨ ਜੋ ਬਿਧਿ ਚੀਨੀ। ਪਰਮਾਨੰਦ ਸਭਿਹ ਤਬ ਕੀਨੀ।
ਰਾਹੁ ਲਾਗ ਯੁਗ ਘਾਂ ਤੇ ਹੋਯੋ। ਭਈ ਵਧਾਈ ਸ਼ੋਕ ਬਿਗੋਯੋ॥ ੫੮॥

ਚੋਕੜ ਖਰਚਨ ਦੀ ਜੋ ਵਿਧੀ ਬਣਾਈ ਸੀ, ਪਰਮਾਨੰਦ ਨੇ ਉਸ ਵਿਧੀ ਅਨੁਸਾਰ ਸਭ ਕੁਝ ਕੀਤਾ। ਲਾਗੀ ਦੀ ਰਹੁਰੀਤੀ ਸੀ, ਦੋਹਾਂ ਤਰਫਾਂ ਤੋਂ ਉਸ ਤਰ੍ਹਾਂ ਕੀਤਾ ਗਿਆ, ਦੋਹਾਂ ਪਾਸਿਆਂ ਤੋਂ ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਗਈਆਂ॥ ੫੮॥

ਕਰਿ ਇਕੰਤ ਕਾਲੂ ਕਹਿ ਬਾਨੀ। 'ਪਰਮਾਨੰਦ! ਸੁਨੋ ਸੁਖ ਖਾਨੀ।
ਮੂਲੇ ਤੇ ਮਾਂਗਹੁ ਤੁਮ ਸਾਹਾ। ਭਲੀ ਭਾਂਤਿ ਜੋ ਹੋਇ ਬਿਵਾਹਾ॥ ੫੯॥

ਇਕਾਂਤ ਵਿਚ ਲੈ ਜਾ ਕੇ ਬਾਬਾ ਕਾਲੂ ਨੇ ਕਿਹਾ, "ਹੇ ਸੁੱਖਾਂ ਦੇ ਖਜ਼ਾਨੇ ਪਰਮਾਨੰਦ ਜੀ ਸੁਣੋ, "ਮੂਲ ਚੰਦ ਪਾਸੋਂ ਤੁਸੀਂ ਸਾਹਾ ਮੰਗੋ, ਤਾਂਕਿ ਭਲੇ ਢੰਗ ਨਾਲ ਵਿਆਹ ਹੋ ਸਕੇ" ॥ ੫੯ ॥

ਕੀਨੇ ਪ੍ਰਿਥਕ ਮੂਲੇ ਕੋ ਤਬਹੀ। ਪਰਮਾਨੰਦ ਕਹੀ ਬਿਧਿ ਸਭਿਹੀ।'
ਕੰਨਜਾ ਬਰ ਕੀ ਬਯ ਹੈ ਤਰੁਨਾ। ਸਾਹਾ ਲਿਖ ਦਿਹ ਲਖਿ ਆਚਰਨਾ ॥੬੦॥

ਉਸ ਵੇਲੇ ਮੂਲ ਚੰਦ ਨੂੰ ਵਖਰਾ ਲੈ ਗਏ, ਤੇ ਪਰਮਾਨੰਦ ਨੇ ਉਸ ਨੂੰ ਸਾਰੀ ਗੱਲ-ਬਾਤ ਸਮਝਾ ਦਿੱਤੀ ਅਤੇ ਕਿਹਾ "ਕੰਨਿਆ ਅਤੇ ਲਾੜੇ ਦੀ ਉਮਰ ਹੁਣ ਜੁਆਨ ਹੋ ਗਈ ਹੈ। ਰੀਤੀ ਅਨੁਸਾਰ ਠੀਕ ਸਮਝ ਕੇ ਸਾਹਾ ਲਿਖ ਦੇਵੋ" ॥ ੬੦ ॥

ਸੁਨਿ ਮੂਲੇ ਨੇ ਬਚਨ ਉਚਾਰੇ। ਨਹਿ ਮਾਨੋ ਮਨ ਬੈਨ ਤੁਮਾਰੇ।
ਏਕ ਬਰਸ ਬੀਤੇ ਤਿਹ ਪਾਛੇ। ਲਿਖਿ ਭੇਜੋਂ ਸਾਹਾ ਮੈਂ ਆਛੇ ॥ ੬੧ ॥

ਇਹ ਸੁਣ ਕੇ ਮੂਲੇ ਨੇ ਕਿਹਾ, "ਮੈਂ ਤੁਹਾਡੇ ਬਚਨਾਂ ਨਾਲ ਸਹਿਮਤ ਨਹੀਂ ਹਾਂ। ਜਦ ਇਕ ਸਾਲ ਬੀਤ ਜਾਵੇਗਾ ਤਾਂ ਮੈਂ ਆਪ ਤੁਹਾਨੂੰ ਸਾਹਾ ਲਿਖ ਕੇ ਭੇਜ ਦੇਵਾਂਗਾ" ॥ ੬੧ ॥

ਅਸ ਸੁਨਿਕੈ ਤਿਨ ਤੂਸ਼ਨ ਠਾਨੀ। ਭਨੀ ਜੁ ਮੂਲੇ ਸੋ ਮਨ ਮਾਨੀ।
ਇਕ ਦਿਨ ਰਹਿ ਭੇ ਬਿਦਾ ਸਕੀਰਤਿ। ਗ੍ਰਾਮਹਿ ਸੁੰਦਰ ਜਸ ਬਿਸਤੀਰਤਿ ॥੬੨॥

ਇਹ ਸੁਣ ਕੇ ਪਰਮਨੰਦ ਚੁਪ ਕਰ ਰਿਹਾ। ਮੂਲ ਚੰਦ ਨੇ ਜੋ ਗੱਲ ਕਹੀ, ਉਹ ਮੰਨ ਲਈ। ਇਕ ਦਿਨ ਰੱਖ ਕੇ ਬੜੀ ਇਜ਼ਤ ਮਾਨ ਨਾਲ ਅਗਲੇ ਦਿਨ ਵਿਦਾ ਕੀਤੇ। ਉਸ ਪਿੰਡ ਵਿਚ ਉਸ ਦਾ ਬੜਾ ਸੁੰਦਰ ਜੱਸ ਫੈਲਿਆ ਹੋਇਆ ਸੀ ॥ ੬੨ ॥

ਸਕਟ ਅਰੂਢਹਿ ਪੰਥ ਸਿਧਾਏ। ਪੁਰਿ ਸੁਲਤਾਨ ਵਿਖੈ ਚਲਿ ਆਏ।
ਕਰਤਿ ਨਾਨਕੀ ਉਤਸ਼ਵ ਭਾਰੀ। ਸਦਨ ਬੁਲਾਈ ਨਾਗਰ ਨਾਰੀ ॥ ੬੩ ॥

ਸਾਰੇ ਗੱਡਿਆਂ ਉਤੇ ਚੜ੍ਹ ਕੇ ਆਪਣੇ ਰਾਹ ਪਏ ਤੇ ਫਿਰ ਚਲ ਕੇ ਸੁਲਤਾਨਪੁਰ ਵਿਖੇ ਪਹੁੰਚ ਗਏ। ਬੇਬੇ ਨਾਨਕੀ ਨੇ ਬੜਾ ਭਾਰੀ ਉਤਸਵ ਕੀਤਾ ਅਤੇ ਘਰ ਵਿਚ ਨਗਰ ਦੇ ਸਭ ਨਰ-ਨਾਰੀਆਂ ਨੂੰ ਬੁਲਾਇਆ ॥ ੬੩ ॥

ਗਾਵਤਿ ਗੀਤ ਮਿਲੀ ਪਿਕਬੈਨੀ। ਗਾਰੀ ਦੇਹਿਂ ਸੁਖਦ ਮ੍ਰਿਗ ਨੈਨੀ।
ਮੰਗਤ ਜਨ ਪਾਵਹਿਂ ਬਹੁ ਦਾਨਾ। ਦੇਹਿਂ ਅਸੀਸ 'ਵਧਹਿਂ ਸੁਖ ਨਾਨਾ ॥੬੪॥

ਇਸਤਰੀਆਂ ਮਿਲ ਕੇ ਗੀਤ ਗਾਉਂਦੀਆਂ ਹਨ। ਹਰਨੀਆਂ ਦੇ ਨੈਣਾਂ ਵਰਗੀਆਂ ਇਕ ਦੂਸਰੀਆਂ ਨੂੰ ਸਿਠਣੀਆਂ ਦੇ ਰਹੀਆਂ ਹਨ। ਮੰਗਤਿਆਂ ਨੂੰ ਬਹੁਤ ਜ਼ਿਆਦਾ ਦਾਨ ਦਿੱਤਾ ਜਾ ਰਿਹਾ ਹੈ ਅਤੇ ਉਹ ਅਸੀਸਾਂ ਦੇ ਰਹੇ ਹਨ ਕਿ ਤੁਹਾਡੇ ਘਰ ਹਰ ਪ੍ਰਕਾਰ ਦੇ ਸੁੱਖ ਵਿਚ ਵਾਧਾ ਹੋਵੇ ॥ ੬੪ ॥

ਕੇਤਿਕ ਦਿਨ ਰਹਿ ਪੁਰਿ ਸੁਲਤਾਨਾ। ਪੁਨ ਕਾਲੂ ਚਹਿ ਕਰਜੋ ਪਯਾਨਾ।
"ਹ੍ਵੈ ਹੈ ਅਟਕੀ ਕ੍ਰਿਤ ਪਟਵਾਰੀ। ਅਬ ਗਮਨੋਂ ਮੈਂ-ਰਿਦੇ ਵਿਚਾਰੀ ॥ ੬੫ ॥

ਕਈ ਦਿਨ ਉਹ ਸੁਲਤਾਨਪੁਰ ਪਿੰਡ ਵਿਚ ਰਹੇ। ਫਿਰ ਕਾਲੂ ਨੇ ਵਾਪਿਸ ਆਪਣੇ ਨਗਰ ਨੂੰ ਜਾਣਾ ਚਾਹਿਆ। ਕਹਿਣ ਲੱਗਾ, "ਮੇਰੇ ਪਟਵਾਰ ਦਾ ਕੰਮ ਕਾਜ ਰੁਕਿਆ ਪਿਆ ਹੈ। ਹੁਣ ਜਾਣ ਦਾ ਆਪਣੇ ਮਨ ਵਿਚ ਵਿਚਾਰ ਬਣਾ ਲਿਆ ਹੈ ॥ ੬੫ ॥

ਚਲਨ ਬੈਨ ਸੁਨਿ ਕਰਿ ਮਰਦਾਨਾ। ਗਵਨਜੋ ਜਹਾਂ ਹੁਤੇ ਗਤਿਦਾਨਾ।
ਨਿਕਟਿ ਜਾਇ ਕਰਿ ਗਿਰਾ ਵਖਾਨੀ। 'ਸੁਨਿ ਜਜਮਾਨ ਅਧਿਕ ਤੁਮ ਦਾਨੀ ॥੬੬॥

ਜਦ ਮਰਦਾਨੇ ਨੇ ਕਾਲੂ ਦੇ ਚਲੇ ਜਾਣ ਦੀ ਗੱਲ ਸੁਣੀ ਤਾਂ ਉਹ ਉਸੇ ਵੇਲੇ ਮੁਕਤੀਦਾਤੇ ਗੁਰੂ ਨਾਨਕ ਜੀ ਪਾਸ ਗਏ। ਨੇੜੇ ਜਾ ਕੇ ਉਸ ਨੇ ਕਿਹਾ, "ਹੇ ਅਧਿਕ ਦਾਨੀ, ਮੇਰੇ ਜਜਮਾਣ, ਮੇਰੀ ਇਕ ਗੱਲ ਸੁਣੋ ॥੬੬॥

ਅਤਿ ਉਤਸ਼ਵ ਸੋਂ ਭਈ ਸਗਾਈ। ਮੁਝ ਦੀਜੈ ਨਿਜ ਅਬਹਿ ਵਧਾਈ।
ਭੋ ਸੁਖਰਾਸ! ਅਵਾਸ ਮਿਰਾਸੀ। ਧਰੋਂ ਸਦਾ ਮੈਂ ਰਾਵਹਿਂ ਆਸੀ॥ ੬੭॥

ਬੜੇ ਉਤਸ਼ਾਹ ਅਤੇ ਉਮਾਹ ਨਾਲ ਤੁਹਾਡੀ ਸਗਾਈ ਹੋਈ ਹੈ, ਮੈਨੂੰ ਹੁਣ ਆਪ, ਆਪਣੇ ਹੱਥੀਂ ਵਧਾਈ ਦੇਵੋ। ਹੇ ਸੁਖਾਂ ਦੇ ਖਜ਼ਾਨੇ! ਮੈਂ ਆਪ ਦੇ ਘਰ ਦਾ ਮਿਰਾਸੀ ਹਾਂ, ਮੈਂ ਸਦਾ ਹੀ ਆਪਣੀ ਲੋੜ ਤੁਹਾਡੇ ਪਾਸੋਂ ਪੂਰੀ ਕਰਦਾ ਹਾਂ॥੬੭॥

ਨਰ ਅਨੇਕ ਤੁਮਤੇ ਵਰੁਸਾਨੇ। ਪਾਵਹਿਂ ਜਾਚਕ ਨਿਜ ਮਨ ਭਾਨੇ।
ਅਬਲੋ ਮੈਂ ਨ ਜਾਚਨਾ ਕੀਨੀ। ਤੁਮ ਪਿਤ ਦੇਤਿ ਵਸਤੁ ਸੋ ਲੀਨੀ॥ ੬੮॥

ਅਨੇਕਾਂ ਹੀ ਵਿਅਕਤੀਆਂ ਨੂੰ ਤੁਸੀਂ ਵਰਸੋਇਆ ਹੈ ਅਤੇ ਮੰਗਤੇ ਸਦਾ ਮਨਭਾਉਣੀਆਂ ਵਸਤਾਂ ਪਾਉਂਦੇ ਹਨ। ਹੁਣ ਤਕ ਮੈਂ ਕਦੇ ਵੀ ਤੁਹਾਥੋਂ ਕੁਝ ਮੰਗਿਆ ਨਹੀਂ ਹੈ, ਜੋ ਕੁਝ ਤੁਹਾਡੇ ਪਿਤਾ ਦਿੰਦੇ ਹਨ ਉਹੋ ਕੁਝ ਲੈ ਲੈਂਦਾ ਹਾਂ॥ ੬੮॥

ਗਤਿਦਾਨੀ ਸੁਨਿ ਕਰਿ ਤਿਹ ਬਾਨੀ। ਬੋਲੇ ਮ੍ਰਿਦੁਲ ਪਰਮ ਸੁਖ ਸਾਨੀ।
'ਜੌਨ ਮਨੋਰਥ ਮਨ ਹ੍ਵੈ ਤੇਰੇ। ਕਰਹੁ ਬਚਨ ਦੇਵੋਂ ਬਿਨ ਦੇਰੇ॥ ੬੯॥

ਜਦ ਮੁਕਤੀ ਦਾਤੇ ਨੇ ਮਰਦਾਨੇ ਦੀ ਇਹ ਗੱਲ ਸੁਣੀ ਤਾਂ ਆਨੰਦ ਭਰੀ ਆਪਣੀ ਕੋਮਲ ਬਾਣੀ ਵਿਚ ਕਿਹਾ, "ਜੋ ਵੀ ਤੇਰੇ ਮਨ ਵਿਚ ਇੱਛਾ ਹੈ, ਬਚਨ ਕਰੋ, ਮੈਂ ਦੇਣ ਵਿਚ ਰਤੀ ਭਰ ਵੀ ਦੇਰ ਨਹੀਂ ਲਾਵਾਂਗਾ॥ ੬੯॥

ਹਮਰੋ ਹੈ ਤੁਝ ਸੰਗ ਇਕ ਕਾਜੂ। ਅਭਿਲਾਖਾ ਪੂਰੋ ਨਿਜ ਆਜੂ'।
ਮਰਦਾਨਾ ਗੁਨਿਕੈ ਮਨ ਸ੍ਵਾਰਥ। ਕਹੈ 'ਦੇਹੁ ਕੋ ਭਲੋ ਪਦਾਰਥ॥ ੭੦॥

ਮੈਨੂੰ ਤੁਹਾਡੇ ਨਾਲ ਇਕ ਕੰਮ ਹੈ। ਇਸ ਲਈ ਤੁਸੀਂ ਆਪਣੇ ਮਨ ਦੀ ਇੱਛਾ ਅੱਜ ਹੀ ਪੂਰੀ ਕਰ ਲਵੋ।" ਮਰਦਾਨਾ ਆਪਣੇ ਮਨ ਦੀ ਲੋੜ ਬਾਰੇ ਸੋਚਣ ਲੱਗ ਗਿਆ। ਸੋਚ ਕੇ ਬੋਲਿਆ, "ਮੈਨੂੰ ਕੋਈ ਭਲਾ ਜਿਹਾ ਪਦਾਰਥ ਦੇਵੋ॥ ੭੦॥"

ਜਿਹਤੇ ਹਰਖਹੁੰ ਉਰ ਤ੍ਰਿਪਤਾਈ। ਜਸ ਤੁਮਰੋ ਕਰਿ ਦੇਉਂ ਦੁਆਈ।
ਹੈ ਰਾਵਰ ਕੋ ਮੁਝੈ ਭਰੋਸਾ। ਸਮ ਉਦਾਰ ਕੋ ਨ੍ਰਿਪ ਨ ਸਕੋਸ਼ਾ॥ ੭੧॥

ਜਿਸ ਨੂੰ ਵੇਖ ਕੇ ਹਿਰਦਾ ਬਹੁਤ ਪ੍ਰਸੰਨ ਹੋਵੇ ਅਤੇ ਮੇਰੇ ਮਨ ਦੀ ਕਾਮਨਾ ਪੂਰੀ ਹੋ ਜਾਵੇ। ਤੁਹਾਡਾ ਜੱਸ ਕਰਾਂ ਅਤੇ (ਅਸੀਸਾਂ) ਦੁਆਵਾਂ ਦੇਵਾਂ, ਮੈਨੂੰ ਆਪ ਜੀ ਤੇ ਪੂਰਨ ਭਰੋਸਾ ਹੈ, ਕਿਉਂਕਿ ਕਈ ਖਜ਼ਾਨਿਆਂ ਵਾਲਾ ਰਾਜਾ ਵੀ ਆਪ ਜਿਹਾ ਸਖੀ ਨਹੀਂ ਹੈ"॥ ੭੧॥

ਦੋਹਰਾ- 'ਸੁਨਿ ਮਰਦਾਨਾ ਕਾਨ ਦੈ ਨੀਕ ਵਸਤੁ ਜਿਹ ਪਾਇ।
ਕੀਮਤ ਤਾਂਹਿ ਨ ਜਾਨਈ ਰੰਜ ਰਿਦਾ ਹ੍ਵੈ ਜਾਇ॥ ੭੨॥

ਹੇ ਮਰਦਾਨਾ! ਮੇਰੀ ਗੱਲ ਧਿਆਨ ਦੇ ਕੇ ਸੁਣ, ਜੇ ਤੈਨੂੰ ਕੋਈ ਬਹੁਤ ਅਮੁੱਲ ਵਸਤੂ ਮਿਲ ਜਾਵੇ, ਜਿਸ ਦੀ ਤੂੰ ਕੀਮਤ ਵੀ ਨਾ ਜਾਣਦਾ ਹੋਵੇਂ, ਪਰ ਵੇਖ ਕੇ ਹਿਰਦੇ ਵਿਚ ਰੰਜ ਹੋਵੇ॥ ੭੨॥

ਚੌਪਈ- ਕਰੋ ਲਾਲਸਾ ਦਰਦ ਦੁਕੂਲਾ। ਨਹਿਂ ਜਾਨਹੁ ਆਗੇ ਕਜਾ ਸੂਲਾ।
ਜਾਤ ਮਿਰਾਸੀ ਜਾਚਨ ਦਰਬਾ। ਪਹਿਰਨ ਖਾਨ ਲਖੋ ਸੁਖ ਸਰਬਾ॥੭੩॥

ਕਿਉਂਕਿ ਤੁਹਾਨੂੰ ਕੱਪੜੇ ਅਤੇ ਧਨ ਦੀ ਲਾਲਸਾ ਹੈ, ਪਰ ਇਹ ਨਹੀਂ ਜਾਣਦੇ ਇਹ ਵਸਤਾਂ ਅੱਗੇ ਜਾ ਕੇ ਕਿੰਨੀਆਂ ਦੁਖਦਾਇਕ ਹੋ ਜਾਂਦੀਆਂ ਹਨ। ਤੁਸੀਂ ਮਰਾਸੀ ਜਾਤ ਦੇ ਧਨ ਮੰਗਣ ਵਾਲੇ ਹੋ। ਪਹਿਨਣ ਖਾਣ ਨੂੰ ਹੀ ਸਾਰਾ ਸੁਖ ਸਮਝਦੇ ਹੋ"॥੭੩॥

ਮਨ ਗੁਨਿਕੇ ਭਨਿਹੀ ਮਰਦਾਨਾ। 'ਸੋ ਦੀਜੈ ਜੋ ਨੀਕੋ ਜਾਨਾ।

ਜਿਉਂ ਮੁਝ ਭਲਾ ਹੋਇ, ਸੁਖਪੁੰਜਾ! ਸੋ ਦੇਵੋ, ਕਿਉਂ ਹੋਵਹੁ ਰੰਜਾ!' ॥੭੪॥

ਗੁਰੂ ਜੀ ਦੀ ਇਹ ਗੱਲ ਸੁਣ ਕੇ ਮਰਦਾਨਾ ਬੋਲਿਆ, "ਜੋ ਤੁਸੀਂ ਚੰਗਾ ਸਮਝਦੇ ਹੋ, ਓਹੋ ਕੁਝ ਦੇਵੋ, ਜਿਸ ਨਾਲ ਮੇਰਾ ਭਲਾ ਹੋਵੇ ਤੇ ਸੁੱਖ ਪ੍ਰਾਪਤ ਹੋਵੇ। ਮੈਨੂੰ ਉਹੋ ਕੁਝ ਦੇਵੋ ਜੋ ਤੁਸੀਂ ਠੀਕ ਸਮਝਦੇ ਹੋ, ਮੈਨੂੰ ਰੰਜ ਕਿਉਂ ਹੋਵੇਗਾ" ॥ ੭੪ ॥

ਬੋਲੇ ਕਮਲ ਨੈਨ 'ਤੁਝ ਦੀਨੋ। ਬਾਦਿਤ ਤੰਤ ਬਜਾਵਨ ਚੀਨੋ।
ਯਾ ਗੁਨ ਤੇ ਮਨ ਹਰਿ ਕਰਿ ਸ਼ੋਕੂ। ਬੰਧਨ ਤਜਿ ਹ੍ਵੈ ਸੁਖ ਦ੍ਵੈ ਲੋਕੂ॥੭੫॥

ਕਮਲ ਨੈਣ ਭਾਵ- ਗੁਰੂ ਜੀ ਬੋਲੇ, "ਤੈਨੂੰ ਤੰਦੀ ਵਾਲੇ ਸਾਜ ਦੇ ਵਜਾਉਣ ਦੀ ਬਹੁਤ ਜਾਚ ਹੈ, ਇਸ ਕਰਕੇ ਤੈਨੂੰ ਇਹੋ ਕੁਝ ਦਿੰਦੇ ਹਾਂ। ਇਸ ਗੁਣ ਨਾਲ ਮਨ ਦੇ ਸਾਰੇ ਦੁਖ ਦੂਰ ਕਰ ਤੇ ਸਾਰੇ ਬੰਧਨ ਛੱਡ ਕੇ ਦੋ ਲੋਕਾਂ ਵਿਚ ਸੁਖ ਪ੍ਰਾਪਤ ਕਰ॥ ੭੫॥

ਹਰਿ ਗੁਨ ਗਾਵਨ ਕੇ ਰਸ ਮਾਂਹੀ। ਪਰਚੈ ਮਨ ਅਵਗੁਨ ਮਿਟ ਜਾਹੀਂ।
ਅਸ ਗੁਣ ਸੋ ਅਭਿਲਾਖਾ ਮੇਰੀ। ਰਹੈਂ ਸੰਗਿ ਜੇ, ਹ੍ਵੈ ਗਤਿ ਤੇਰੀ' ॥ ੭੬ ॥

ਹਰੀ ਦੇ ਗੁਣ ਗਾਉਣ ਨਾਲ ਹੀ ਅੰਮ੍ਰਿਤ ਰਸ ਪ੍ਰਾਪਤ ਹੁੰਦਾ ਹੈ ਅਤੇ ਮਨ ਪਰਚਦਾ ਹੈ ਅਤੇ ਅਵਗੁਣ ਮਿਟ ਜਾਂਦੇ ਹਨ। ਇਸ ਗੁਣ ਕਰਕੇ ਮੇਰੀ ਅਭਿਲਾਸ਼ਾ ਹੈ ਕਿ ਇਹ ਗੁਣ ਤੇਰੇ ਨਾਲ ਰਹੇ ਅਤੇ ਜੇ ਤੂੰ ਸਾਡੇ ਨਾਲ ਰਹੇਂਗਾ ਤਾਂ ਤੈਨੂੰ ਇਸ ਭਵਜਲ ਜਗਤ ਵਿਚ ਮੁਕਤੀ ਪ੍ਰਾਪਤ ਹੋਵੇਗੀ' ॥ ੭੬ ॥

ਇਉਂ ਸੁਨਿ ਹਰਖ ਉਠਜੋ ਮਰਦਾਨਾ। ਉਚਰਜੋ ਸ੍ਰੀ ਨਾਨਕ ਕਲਜਾਨਾ।
ਪਿਤਾ ਪਿਤਾਮੈ ਪਰ ਪੁਨ ਪਰ ਕੇ। ਬਰਨਨ ਨਾਮ ਕਰੇ ਜਗ ਗੁਰ ਕੇ ॥੭੭॥

ਗੁਰੂ ਜੀ ਦੀ ਇਹ ਗੱਲ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਉਸ ਨੇ ਸ੍ਰੀ ਨਾਨਕ ਦੇ ਪਰਿਵਾਰ ਦੀ ਬਹੁਤ ਉਸਤਤਿ ਕੀਤੀ। ਅਤੇ ਗੁਰੂ ਜੀ ਦੇ ਪਿਤਾ, ਦਾਦੇ, ਪੜਦਾਦੇ ਅਤੇ ਲਕੜਦਾਦੇ ਤਕ ਦੇ ਨਾਂ ਲੈ ਕੇ ਬਹੁਤ ਪ੍ਰਸੰਸਾ ਕੀਤੀ॥ ੭੭॥

ਸੁਭ ਗੁਣ ਸੰਗਿ ਕੀਨਿ ਪਰਸੰਸਾ। 'ਨਿਪਜਜੋ ਬੇਦੀ ਕੁਲ ਅਵਤੰਸਾ।
ਦੀਪਕ ਕਾਲੂ ਸਦਨ ਸਪੂਤਾ। ਪਿਖਿ ਉਦਾਰ ਲੱਜਤਿ ਪੁਰਹੂਤਾ ॥ ੭੮ ॥

ਸੁਭ ਗੁਣਾਂ ਸਹਿਤ ਮਹਿਮਾ ਕੀਤੀ ਤੇ ਕਿਹਾ ਕਿ ਗੁਰੂ ਜੀ ਬੇਦੀ ਕੁਲ ਵਿਚ ਸੂਰਜ ਵਾਂਗ ਪ੍ਰਕਾਸ਼ਮਾਣ ਹੋਏ ਹਨ। ਕਾਲੂ ਦੇ ਘਰ ਵਿਚ ਇਕ ਦੀਪਕ ਸਪੂਤ ਪੈਦਾ ਹੋਇਆ ਹੈ, ਜਿਸ ਦੀ ਉਦਾਰਤਾ ਨੂੰ ਵੇਖ ਕੇ ਇੰਦਰ ਵੀ ਸ਼ਰਮਾਉਂਦਾ ਹੈ॥ ੭੮॥

ਤਿਹ ਛਿਨ ਪੰਕਜ ਲੋਚਨ ਚਾਰੂ। ਗਰ ਤੇ ਜਾਮਾ ਦੀਨ ਉਤਾਰੂ।
ਕੇਤਿਕ ਦਰਬ ਦੇਤਿ ਭੇ ਸੰਗਾ। ਲਿਯ ਮਰਦਾਨੇ ਸੰਗਿ ਉਮੰਗਾ॥ ੭੯ ॥

ਉਸੇ ਵੇਲੇ ਕਮਲ ਨੈਣ ਭਾਵ-ਗੁਰੂ ਜੀ ਨੇ ਆਪਣੇ ਗਲ ਵਿਚ ਪਿਆ ਸੋਹਣਾ ਚੋਲ਼ਾ ਲਾਹ ਦਿੱਤਾ ਅਤੇ ਉਸ ਨਾਲ ਕਾਫੀ ਧਨ ਦਿੱਤਾ, ਜਿਸ ਨੂੰ ਮਰਦਾਨਾ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ॥ ੭੯॥

ਪਹਿਰ ਅੰਗ ਹਿਰਦੇ ਸੁਖਪਾਈ। ਕਹੈ ਬਹੁਰ 'ਮੁਝ ਦੇਹੁ ਰਜਾਈ।
ਜਾਵੋਂ ਸਦਨ ਨਗਰ ਤਲਵੰਡੀ। ਤਵ ਪਿਤ ਸੰਗਹਿ, ਹੇ ਦੁਖਖੰਡੀ!' ॥੮੦॥

ਮਰਦਾਨਾ ਗੁਰੂ ਜੀ ਦਾ ਚੋਲ਼ਾ ਆਪਣੇ ਗਲ ਵਿਚ ਪਾ ਕੇ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਹੁਣ ਮੈਨੂੰ ਆਗਿਆ ਬਖਸ਼ੋ। ਮੈਂ ਆਪਣੇ ਘਰ ਤਲਵੰਡੀ ਜਾਵਾਂ ਤੇ ਫਿਰ ਆਪਣੇ ਪਿਤਾ ਦੇ ਨਾਲ ਰਹਿ ਕੇ ਉਸ ਦੇ ਦੁਖ ਦੂਰ ਕਰਾਂ" ॥ ੮੦ ॥

ਬੋਲੇ ਸ੍ਰੀ ਨਾਨਕ ਸੁਖ ਰਾਸੀ। 'ਤੂੰ ਹੈਂ ਬੇਦੀ ਬੰਸ ਮਿਰਾਸੀ।
ਜਾਚਨਿ ਆਨ ਸਥਾਨ ਨ ਕੀਜੈ। ਲੇ ਇਨ ਤੇ ਸੰਤੋਖ ਧਰੀਜੈ' ॥ ੮੧ ॥

ਸੁਖਾਂ ਦੀ ਰਾਸ ਭਾਵ- ਗੁਰੂ ਨਾਨਕ ਜੀ ਬੋਲੇ, "ਤੂੰ ਬੇਦੀ ਕੁਲ ਦਾ ਮਿਰਾਸੀ ਹੈਂ। ਕਿਸੇ ਹੋਰ ਸਥਾਨ ਤੇ ਜਾ ਕੇ ਮੰਗਣ ਦਾ ਕੰਮ ਨਾ ਕਰੋ। ਇਨ੍ਹਾਂ ਪਾਸੋਂ ਧਨ ਲੈ ਕੇ ਹੀ ਸੰਤੋਖ ਸਬਰ ਕਰੋ" ॥ ੯੧ ॥

'ਜੇ ਤੁਮ ਰਾਖੋਗੇ ਸੁਧ ਮੋਰੀ। ਅਨਤ ਅੱਗ੍ਰ ਕਿਉਂ ਜਾਉਂ ਬਹੋਰੀ।
ਅਸਨ ਬਸਨ ਕੋ ਲੋਪ ਅਮੋਰਾ। ਸੋ ਕਰਿਵਾਵਹਿ ਕਰ ਨਿਜ ਜੋਰਾ' ॥ ੯੨ ॥

"ਜੇ ਤੁਸੀਂ ਮੇਰਾ ਖਿਆਲ ਰਖੋਗੇ ਤਾਂ ਕਿਸੇ ਹੋਰ ਅੱਗੇ ਜਾ ਕੇ ਕਿਉਂ ਮੰਗਾਂਗਾ ? ਭੋਜਨ ਕਪੜੇ ਦਾ ਨਾ ਕਾਬੂ ਵਿਚ ਰਹਿਣ ਵਾਲਾ ਲੋਭ ਹੈ। ਉਹ ਲੋਭ ਹੀ ਮਨੁੱਖ ਦੇ ਹੱਥ ਜੁੜਵਾਉਂਦਾ ਹੈ" ॥ ੯੨ ॥

ਦੋਹਰਾ- 'ਸੁਨਿ ਮਰਦਾਨੇ! ਲੇ ਸਦਾ ਸਭਿ ਕੀ ਸੁਧ ਕਰਤਾਰ।
ਦੇਹਿ ਬਣੀ ਪਸ਼ਚਾਤ ਹੈ ਪੂਰਬ ਬਨਾ ਅਹਾਰ' ॥ ੯੩ ॥

"ਹੇ ਮਰਦਾਨੇ ! ਸੁਣ, ਕਰਤਾਰ ਹੀ ਸਭ ਦਾ ਖਿਆਲ ਰੱਖਦਾ ਹੈ। ਮਨੁੱਖ ਦਾ ਸਰੀਰ ਬਾਅਦ ਵਿਚ ਬਣਦਾ ਹੈ ਪਰ ਉਸ ਦੇ ਖਾਣ ਪੀਣ ਦਾ ਆਹਾਰ ਪਹਿਲਾਂ ਹੀ ਮਿੱਥ ਲਿਆ ਜਾਂਦਾ ਹੈ" ॥ ੯੩ ॥

ਚੌਪਈ- ਮਿਲਿ ਕਾਲੂ ਤਨੀਆ ਜਾਮਾਤਾ। ਪੁਨ ਆਪਨ ਆਵਾ ਹਿਤ ਤਾਤਾ।
ਬੈਸੇ ਨਿਕਟ ਏਕ ਪਰਜੰਕਾ। ਦੇਖਹਿ ਸੁਤ ਕੋ ਬਦਨ ਮਯੰਕਾ ॥ ੯੪ ॥

ਬਾਬਾ ਕਾਲੂ ਆਪਣੀ ਪੁੱਤਰੀ ਅਤੇ ਜਵਾਈ ਨੂੰ ਮਿਲ ਕੇ ਫਿਰ ਹੱਟੀ ਉੱਤੇ ਆਪਣੇ ਪੁੱਤਰ ਨੂੰ ਮਿਲਣ ਆਏ ਅਤੇ ਆ ਕੇ ਲਾਗੇ ਵਿਛੇ ਹੋਏ ਇਕ ਪਲੰਘ ਤੇ ਬੈਠ ਗਏ ਅਤੇ ਚੰਨ ਵਰਗੇ ਸੋਹਣੇ ਆਪਣੇ ਪੁੱਤਰ ਦੇ ਮੁਖੜੇ ਵੱਲ ਵੇਖਿਆ॥ ੯੪ ॥

ਅਧਿਕ ਨੇਹ ਕਰਿ ਸਿਖਵਨ ਦੇਈ। ਇਕਠੋ ਦਰਬ ਕਰਨ ਕੀ ਜੇਈ।
'ਖਰਚ ਬਜਾਹ ਕੋ ਕਰਹੁ ਤਯਾਰੀ। ਧਨ ਚਹਿਯਤਿ ਹੈ ਤਿਸ ਦਿਨ ਭਾਰੀ' ॥ ੯੫ ॥

ਬੜਾ ਪਿਆਰ ਕਰਕੇ ਅਤੇ ਮੋਹ ਜਤਾ ਕੇ ਉਸ ਨੇ ਸਿਖਿਆ ਦਿੱਤੀ ਕਿ ਉਹ ਹਰ ਹੀਲੇ ਧਨ ਇਕੱਠਾ ਕਰੇ। ਉਸ ਨੇ ਕਿਹਾ, "ਹੇ ਪੁੱਤਰ ! ਹੁਣ ਵਿਆਹ ਦੇ ਖਰਚੇ ਦੀ ਤਿਆਰੀ ਕਰੋ, ਉਸ ਦਿਨ ਵਾਸਤੇ ਸਾਨੂੰ ਭਾਰੀ ਧਨ ਦੀ ਲੋੜ ਹੈ" ॥ ੯੫ ॥

ਅਸ ਪ੍ਰਕਾਰ ਕੀ ਕਹਿ ਬਿਧਿ ਨਾਨਾ। ਸੁਣਿ ਸ੍ਰੀ ਨਾਨਕ ਬਾਕ ਬਖਾਨਾ।
'ਪੁਰਿ ਪਤਿ ਰਾਇ ਬੁਲਾਰ ਉਦਾਰਾ। ਤਿਨ ਸੋਂ ਭਨਿਯੇ ਅਨੰਦ ਹਮਾਰਾ ॥੯੬ ॥

ਇਸ ਤਰ੍ਹਾਂ ਅਨੇਕ ਢੰਗ ਤਰੀਕਿਆਂ ਨਾਲ ਉਸ ਗੁਰੂ ਜੀ ਨੂੰ ਸਮਝਾਇਆ। ਗੁਰੂ ਨਾਨਕ ਜੀ ਉਸ ਦੇ ਬਚਨ ਸੁਣ ਕੇ ਬੋਲੇ, "ਸਾਡੇ ਨਗਰ ਵਿਚ ਰਾਇ ਬੁਲਾਰ ਬੜਾ ਉਦਾਰ-ਚਿਤ ਅਤੇ ਸਖੀ ਵਿਅਕਤੀ ਹੈ। ਉਨ੍ਹਾਂ ਨੂੰ ਮੇਰੇ ਹਾਲ-ਚਾਲ ਬਾਰੇ ਦੱਸਣਾ ਅਤੇ ਕਹਿਣਾ ਕਿ ਮੈਂ ਬਿਲਕੁਲ ਅਨੰਦ ਚਿਤ ਰਹਿ ਰਿਹਾ ਹਾਂ॥ ੯੬ ॥

ਪ੍ਰਿਯ ਸੁਤ ਤੇ ਪ੍ਰਿਯਬਚ ਸੁਨਿ ਕਾਨਾ। ਤਲਵੰਡੀ ਪੁਨਿ ਕੀਨਿ ਪਯਾਨਾ।
ਤਜਿ ਕਰਿ ਕ੍ਰਮ ਕ੍ਰਮ ਸੋਂ ਮਗ ਸਗਰਾ। ਜਾਇ ਪ੍ਰਵੇਸ਼ੇ ਸੁਖ ਸੋਂ ਨਗਰਾ ॥ ੯੭ ॥

ਆਪਣੇ ਪਿਆਰੇ ਪੁੱਤਰ ਦੇ ਪਿਆਰੇ ਬਚਨ ਸੁਣ ਕੇ, ਬਾਬਾ ਕਾਲੂ ਜੀ ਫਿਰ ਤਲਵੰਡੀ ਨੂੰ ਚਲੇ ਗਏ। ਹੌਲੀ-ਹੌਲੀ ਸਾਰਾ ਪੰਧ ਮੁਕਾਉਂਦੇ ਹੋਏ ਉਹ ਸੁਖ ਸਹਿਤ ਆਪਣੇ ਨਗਰ ਵਿਚ ਪਹੁੰਚ ਗਏ॥ ੯੭ ॥

ਕੁਸ਼ਲ ਸੰਦੇਸ਼ ਸੁਨੇ ਸਭਿ ਰਾਊ। ਪੁਲਕਾਵਲਿ ਭਾ ਮ੍ਰਿਦੁਲ ਸੁਭਾਊ।
ਧਰਿ ਕਰਿ ਉਰ ਮਹਿਂ ਮੂਰਤਿ ਧਯਾਨਾ। ਬੰਦਹਿ ਪਦ, ਜਨੁ ਨਿਜ ਢਿਗ ਜਾਨਾ ॥ ੯੮ ॥

ਰਾਇ ਬੁਲਾਰ ਨੇ ਜਦ ਗੁਰੂ ਨਾਨਕ ਬਾਰੇ ਕੁਸ਼ਲ ਸੰਦੇਸ਼ ਸੁਣੇ ਤਾਂ ਕੋਮਲ ਹਿਰਦੇ ਵਾਲਾ ਖੁਸ਼ੀ ਨਾਲ ਗਦ ਗਦ ਹੋ ਗਿਆ। ਗੁਰੂ ਨਾਨਕ ਜੀ ਦੀ ਸੂਰਤ ਹਿਰਦੇ ਵਿਚ ਧਾਰ ਕੇ ਜਿਵੇਂ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ ਹੋਵੇ॥ ੯੮ ॥

ਜਥਾ ਬਾਰਤਾ ਭਈ ਸਗਾਈ। ਤਥਾ ਚੌਪਈ ਮਾਂਝ ਬਨਾਈ।
ਕਿਯੋ ਧਯਾਯ ਪੂਰਨ ਸੁਖਮੂਰਾ। ਭਜਿ ਸੰਤੋਖ ਸਿੰਘ ਗੁਰੁ ਪਗ ਰੂਰਾ॥ ੬੯॥

ਜਿਵੇਂ ਸਾਰੀ ਵਾਰਤਾ ਬੀਤੀ ਅਤੇ ਹੋਈ ਸੀ, ਉਸ ਤਰ੍ਹਾਂ ਮੈਂ ਸੰਵਾਰ ਕੇ ਚੌਪਈ ਬਣਾਈ ਹੈ। ਹੇ ਕਵੀ ਸੰਤੋਖ ਸਿੰਘ! ਪੂਰਨ ਸੁਖਾਂ ਦੇ ਮੂਲ ਨੂੰ ਕਿਵੇਂ ਧਿਆਵੇਂਗਾ, ਗੁਰੂ ਜੀ ਦੇ ਸੁੰਦਰ ਚਰਨਾਂ ਦੀ ਆਰਾਧਨਾ ਕਰੋ॥ ੬੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਸਗਾਈ ਪ੍ਰਸੰਗ ਬਰਨਨ ਨਾਮ ਉਨੀਸਮੋ ਅਧਯਾਯ॥ ੧੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉੱਨੀਵਾਂ ਅਧਿਆਇ, ਜਿਸ ਦਾ ਨਾਮ 'ਸਤਿਗੁਰੂ ਜੀ ਦੀ ਸਗਾਈ' ਹੈ, ਸਮਾਪਤ ਹੋਇਆ॥ ੧੯॥

## ਅਧਿਆਇ ਵੀਹਵਾਂ

*ਲੇਖਾ ਕੀਤਾ, ੩੨੧ ਵਾਧਾ ਲਏ।*

ਦੋਹਰਾ- ਸ੍ਰੀ ਸਤਿਗੁਰੂ ਸਹਾਇ ਮਮ ਸਿਮਰ ਸਿਮਰ ਸੁਖ ਪਾਇ।
ਦਾਰਿਦ ਕਲਮਲ ਮਲ ਦਲਿਨ, ਜੈ ਜੈ ਸ੍ਰੀ ਹਰਿ ਰਾਇ ॥ ੧॥

ਸ੍ਰੀ ਗੁਰੂ ਹਰਿ ਰਾਇ ਜੀ ਜੋ ਸਦਾ ਮੇਰੇ ਸਹਾਇਕ ਸਤਿਗੁਰੂ ਜੀ ਹਨ ਅਤੇ ਜਿਨ੍ਹਾਂ ਨੂੰ ਸਿਮਰ ਸਿਮਰ ਕੇ ਮੈਂ ਸਦਾ ਸੁਖ ਪਾਏ ਹਨ ਅਤੇ ਜਿਹੜੇ ਦਲਿਦਰਾਂ ਅਤੇ ਪਾਪਾਂ ਦੀ ਮੈਲ ਨੂੰ ਦੂਰ ਕਰਨ ਵਾਲੇ ਹਨ ਉਨ੍ਹਾਂ ਦੀ ਸਦਾ ਹੀ ਜੈ ਹੋਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨਿ ਸ੍ਰੀ ਅੰਗਦ ਕਰੁਨਾ ਖਾਨੀ! ਗੁਰ ਨਾਨਕ ਕੀ ਕਥਾ ਮਹਾਨੀ।
ਇਸ ਉਤਸਾਹਿ ਭਏ ਤੇ ਪਾਛੇ। ਮੋਦੀ ਕਾਰ ਚਲਾਵਹਿ ਆਛੇ॥ ੨॥

*ਭਾਈ ਬਾਲੇ ਨੇ ਕਿਹਾ- ਹੇ ਕਿਰਪਾ ਦੇ ਖਜ਼ਾਨੇ ਗੁਰੂ ਅੰਗਦ ਦੇਵ ਜੀ! ਗੁਰੂ ਨਾਨਕ ਦੇਵ ਜੀ ਦੀ ਮਹਾਨ ਕਥਾ ਸੁਣੋ।* ਸਗਾਈ ਦੇ ਉਤਸ਼ਾਹ ਤੋਂ ਬਾਅਦ, ਮੋਦੀਖਾਨੇ ਦੀ ਕਾਰ ਨੂੰ ਬੜੀ ਚੰਗੀ ਤਰ੍ਹਾਂ ਚਲਾਉਣ ਲੱਗੇ॥ ੨॥

ਆਇ ਛੁਧਾਤੁਰ ਦੇਂ ਤਿਹ ਅਸਨਾ। ਬਸਨ ਬਿਹੀਨ ਲਖਹਿ, ਦੇਂ ਬਸਨਾ।
ਜਾਚਿ ਨ ਕੋਊ ਗਮਨਜੇ ਛੂਛਾ। ਆਇਂ ਬਿਦੇਸ਼ੀ ਆਪਨ ਪੂਛਾ॥ ੩॥

ਜਿਹੜੇ ਭੁੱਖੇ ਆਉਂਦੇ ਸਨ, ਉਨ੍ਹਾਂ ਨੂੰ ਉਹ ਭੋਜਨ ਦਿੰਦੇ ਸਨ। ਜਿਹੜੇ ਵਸਤਰਾਂ ਤੋਂ ਬਗੈਰ ਆਉਂਦੇ ਸਨ, ਉਨ੍ਹਾਂ ਨੂੰ ਕਪੜੇ ਦਿੰਦੇ ਸਨ। ਕੋਈ ਵੀ ਮੰਗਤਾ ਖਾਲੀ ਨਹੀ ਸੀ ਜਾਂਦਾ। ਹੱਟੀ ਬਾਰੇ ਪੁੱਛ ਕੇ ਕਈ ਬਦੇਸ਼ੀ ਵੀ ਆਉਂਦੇ ਸਨ॥੩॥

ਵਡੀ ਭੋਰ ਤੇ ਦੇਵਨ ਲਾਗਹਿਂ। ਜਾਮ ਨਿਸਾ ਲੌ ਛੂਛ ਨ ਤਜਾਗਹਿਂ।
ਦੌਲਤ ਖਾਨ ਸਪੂਰਨ ਸੇਨਾ। ਆਨ ਅਸਨ ਆਪਨ ਤੇ ਲੇਨਾ॥ ੪॥

ਸਵੇਰੇ ਸਵੱਖਤੇ ਤੋਂ ਭੋਜਨ ਪਦਾਰਥ ਦੇਣ ਲੱਗ ਜਾਂਦੇ ਸਨ, ਅਤੇ ਪਹਿਰ ਰਾਤ ਗਈ ਤਕ ਕਿਸੇ ਨੂੰ ਖਾਲੀ ਨਹੀਂ ਸੀ ਜਾਣ ਦਿੰਦੇ। ਦੌਲਤ ਖਾਂ ਦੀ ਸੰਪੂਰਣ ਸੈਨਾ ਹੱਟੀ ਤੋਂ ਆ ਕੇ ਰਸਦ ਲੈਂਦੀ ਸੀ॥ ੪॥

ਦੇਸ਼ ਬਿਦੇਸ਼ੀ ਜਾਚਕ ਜੇਤੇ। ਆਨਿ ਅਹਾਰ ਲੇਹਿਂ ਸਭਿ ਤੇਤੇ।
ਰਹੈ ਸਥਾਨ ਭੀਰ ਸੌ ਭੂਰਾ। ਭਨਹਿਂ ਅਸੀਸ 'ਵਧਹਿ ਸੁਖ ਮੂਰਾ !'॥ ੫॥

ਦੇਸ਼ ਬਿਦੇਸ਼ ਦੇ ਜਿੰਨੇ ਵੀ ਮੰਗਤੇ ਸਨ, ਇਥੇ ਆ ਕੇ ਭੋਜਨ ਕਰਦੇ ਸਨ, ਹੱਟੀ ਦਾ ਆਸਾ-ਪਾਸਾ ਭੀੜ ਨਾਲ ਭਰਿਆ ਰਹਿੰਦਾ ਸੀ ਅਤੇ ਉਹ ਆ ਕੇ ਅਸੀਸ ਦਿੰਦੇ ਸਨ ਕਿ ਹੇ ਸੁੱਖਾਂ ਦੇ ਮੂਲ ! ਭਾਵ- ਗੁਰੂ ਜੀ ਤੁਸੀਂ ਸਦਾ ਵਧੋ॥ ੫॥

ਯਾ ਬਿਧਿ ਦੇਖਯੋ ਰਿਦੇ ਉਦਾਰਾ। ਪੁਰਿ ਕੇ ਨਰ ਮਿਲਿ ਕਰਹਿਂ ਵਿਚਾਰਾ।
'ਨਿਸ ਬਾਸੁਰ ਦੇ ਦਾਨ ਮਹਾਨਾ। ਵਡ ਦਾਨੀ ਹੈ ਭੂਪ ਸਮਾਨਾ॥ ੬॥

ਇਹ ਕੁਝ ਵੇਖ ਕੇ ਸਾਰੇ ਨਗਰ ਦੇ ਲੋਕ ਮਿਲ ਕੇ ਇਹ ਵਿਚਾਰ ਕਰਨ ਲੱਗੇ, "ਦਿਨ ਰਾਤ ਇਹ ਬਹੁਤ ਦਾਨ ਦਿੰਦਾ ਹੈ। ਇਹ ਤਾਂ ਏਡਾ ਵੱਡਾ ਦਾਨੀ ਬਣ ਗਿਆ ਹੈ ਕਿ ਵੱਡੇ ਵੱਡੇ ਰਾਜੇ ਵੀ ਇਸ ਦਾ ਮੁਕਾਬਲਾ ਨਹੀਂ ਕਰ ਸਕਦੇ, ਭਾਵ-ਇਹ ਮਹਾਨ ਰਾਜਿਆਂ ਦੇ ਬਰਾਬਰ ਹੋ ਗਿਆ ਹੈ॥ ੬॥

ਤੁਰਕਨ ਕੇ ਪੈਸੇ ਬਹੁ ਖੋਵਹਿ। ਰੰਚਕ ਤ੍ਰਾਸ ਰਿਦੇ ਨਹਿਂ ਹੋਵਹਿ।
ਜਾਨਤਿ ਹੈਂ ਹਮ ਕਾਲਿ ਕਿ ਆਜੁ। ਨਾਨਕ ਜਾਵਹਿ ਹਜਾਂ ਤੇ ਭਾਜੁ॥ ੭॥

ਇਹ ਤੁਰਕਾਂ ਦੇ ਬਹੁਤ ਪੈਸੇ ਗਵਾਉਂਦਾ ਹੈ ਤੇ ਇਸ ਦੇ ਹਿਰਦੇ ਵਿਚ ਰਾਈ ਮਾਤ੍ਰ ਵੀ ਡਰ ਨਹੀਂ ਹੈ। ਅਸੀਂ ਸਭ ਜਾਣਦੇ ਹਾਂ ਕਿ ਕਲ ਜਾਂ ਅੱਜ, ਨਾਨਕ ਇਥੋਂ ਭੱਜ ਜਾਵੇਗਾ॥ ੭॥

ਦੋਹਰਾ- ਤੁਰਕਨ ਤਸਕਰ ਹੋਇਕੈ ਜਾਵਹਿਗੋ ਜਬ ਭਾਜਿ।
ਗਹਿ ਲੇਵਹਿ ਜੈਰਾਮ ਕੋ ਜਾਹਿ ਤਾਂਹਿ ਕੀ ਲਾਜ॥ ੮॥

ਜਦ ਤੁਰਕਾਂ ਦਾ ਚੋਰ ਬਣ ਕੇ ਭੱਜ ਜਾਵੇਗਾ ਤਾਂ ਜੈ ਰਾਮ ਨੂੰ ਫੜ ਲੈਣਗੇ ਤੇ ਉਸ ਦਾ ਸਾਰਾ ਇੱਜ਼ਤ ਮਾਣ ਜਾਂਦਾ ਰਹੇਗਾ"॥ ੮॥

ਚੌਪਈ- ਜੇ ਮਤਿਮੰਦ ਹਿਤੂ ਜੈਰਾਮਾ। ਮਿਲ ਕਰਿ ਚਲਿ ਆਏ ਤਿਹ ਧਾਮਾ।
ਬੋਲਿ ਇਕਾਕੀ ਕਰਿ ਲੇ ਬੈਸੇ। ਕਹੈਂ 'ਨਿਚਿੰਤ ਰਹੈਂ ਤੂੰ ਕੈਸੇ? ॥ ੯॥

ਜਿਹੜੇ ਲੋਕ ਜੈ ਰਾਮ ਦੇ ਹਿਤੂ ਸਨ, ਉਹ ਚਲ ਕੇ ਜੈ ਰਾਮ ਦੇ ਘਰ ਆ ਗਏ। ਉਸ ਨੂੰ ਇਕੱਲੇ ਨੂੰ ਸੱਦ ਕੇ ਬੋਲੇ, "ਤੁਸੀਂ ਨਿਸ਼ਚਿੰਤ ਹੋ ਕੇ ਕਿਵੇਂ ਬੈਠੇ ਹੋ?॥ ੯॥

ਨਿਤ ਪ੍ਰਤਿ ਜੋ ਖੋਵਤਿ ਅਤਿ ਦਰਬਾ। ਸੋ ਸਮਝਹੁ ਉਰ ਅਪਨੇ ਸਰਬਾ।
ਬਾਦ ਖੋਇ ਸੋ ਜਾਇ ਪਲਾਈ। ਸਗਰੋ ਝਗਰਾ ਤੁਝ ਗਰ ਪਾਈ॥ ੧੦॥

ਜਿਹੜਾ ਹਰ ਘੜੀ ਏਨਾ ਧਨ ਗਵਾਈ ਜਾਂਦਾ ਹੈ, ਉਸ ਸਾਰੀ ਗੱਲ ਨੂੰ ਆਪਣੇ ਹਿਰਦੇ ਵਿਚ ਸਮਝੋ। ਸਾਰਾ ਧਨ ਬਿਰਥਾ ਗਵਾ ਕੇ ਉਹ ਭੱਜ ਜਾਵੇਗਾ ਅਤੇ ਸਾਰਾ ਝਗੜਾ ਤੇਰੇ ਗਲ ਪੈ ਜਾਵੇਗਾ॥ ੧੦॥

ਸੋ ਖਰਚਨ ਕੋ ਲਖਤਿ ਅਸਾਨਾ। ਤੁਝ ਕੋ ਮੁਸ਼ਕਲ ਬਨਹਿ ਮਹਾਨਾ।
ਭੂਪਤਿ ਪੂਰ ਲੇਹਿ ਨਿਜ ਲੇਖਾ। ਚਲਹਿ ਇਲਾਜ ਨ, ਤੂੰ ਦੇਂ ਸੇਖਾ॥ ੧੧॥

ਉਹ ਖਰਚਣ ਨੂੰ ਬੜਾ ਆਸਾਨ ਸਮਝਦਾ ਹੈ, ਪਰ ਤੇਰੇ ਵਾਸਤੇ ਇਕ ਵੱਡੀ ਮੁਸ਼ਕਲ ਖੜੀ ਹੋ ਜਾਵਾਂਗੀ। ਨਵਾਬ ਆਪੇ ਹੀ ਲੇਖਾ ਪੂਰਾ ਕਰ ਲਵੇਗਾ, ਹੋਰ ਇਸ ਦਾ ਕੋਈ ਇਲਾਜ ਨਹੀਂ, ਬਾਕੀ ਦਾ ਤੈਨੂੰ ਹੀ ਭਰਨਾ ਪੈਣਾ ਹੈ॥ ੧੧॥

ਦੀਰਘ ਦਰਸ਼ੀ ਜੇ ਮਤਿਵਾਨਾ। ਕਰਹਿਂ ਨ ਅਸ ਪ੍ਰਕਾਰ ਧਨ ਹਾਨਾ।
ਬਾਲ ਸਖਾਈ ਕੋ ਲਖਿ ਮੀਤਾ। ਹੇਰਯੋ ਹੋਤਿ ਹੇਤ ਵਿਪਰੀਤਾ॥ ੧੨॥

ਜੇ ਉਹ ਦੂਰ ਦ੍ਰਿਸ਼ਟੀ ਵਾਲਾ ਅਤੇ ਬੁੱਧੀਮਾਨ ਹੋਵੇ ਤਾਂ ਧਨ ਦਾ ਇਸ ਪ੍ਰਕਾਰ ਨੁਕਸਾਨ ਨਾ ਕਰੇ। ਬਚਪਨ ਦੇ ਦੋਸਤ ਨੂੰ ਆਪਣਾ ਮਿਤਰ ਜਾਣ ਕੇ ਅਤੇ ਭਲੇ ਦੇ ਉਲਟ ਹੁੰਦਾ ਵੇਖ ਕੇ ਅਸੀ ਤੇਰੇ ਹਿਤ ਵਾਸਤੇ ਹੀ ਇਹ ਸਭ ਕੁਝ ਕਿਹਾ ਹੈ॥ ੧੨॥

ਸਹਿ ਨ ਸਕੇ ਹਮ ਇਹ ਮਨ ਮਾਂਹੀ। ਅਪਰ ਹੇਤ ਕੋ ਜਾਨਹੁ ਨਾਂਹੀ।

ਤੁਝ ਸਮਝਾਵਨ ਕੋ ਮਿਲਿ ਆਏ। ਕਰਹੁ ਆਪ ਜੈਸੇ ਮਨ ਭਾਏ ॥੧੩॥

ਅਸੀਂ ਇਹ ਮਨ-ਮਾਨੀ ਆਪਣੇ ਮਨ ਵਿਚ ਸਹਿ ਨਹੀਂ ਸਕੇ ਹਾਂ। ਸਾਡਾ ਇਸ ਵਿਚ ਹੋਰ ਕੋਈ ਸਵਾਰਥ ਨਹੀਂ ਹੈ। ਤੈਨੂੰ ਸਮਝਾਉਣ ਵਾਸਤੇ ਮਿਲ ਕੇ ਆਏ ਹਾਂ, ਬਾਕੀ ਜੋ ਤੁਹਾਡੇ ਮਨ ਨੂੰ ਚੰਗਾ ਲੱਗੇ, ਉਸ ਤਰ੍ਹਾਂ ਕਰੋ" ॥ ੧੩ ॥

ਪਾਵਸ ਸਮ ਪਿਸ਼ਨਨਿ ਕੀ ਬਾਨੀ। ਚਿੰਤ ਆਪਗਾ ਕੀਨਿ ਮਹਾਨੀ।
ਕਮਲ ਕੋਮਲੰ ਮਨ ਜੈਰਾਮੂ। ਉਖਰਜੋ ਧੀਰਜ ਮੂਲ ਅਥਾਮੂ॥ ੧੪॥

ਜੈ ਰਾਮ ਨੇ ਜਦ ਚੁਗਲਾਂ ਦੀ ਬਰਸਾਤ ਵਰਗੀ ਭਿੱਜੀ ਗੱਲ-ਬਾਤ ਸੁਣੀ ਤਾਂ ਉਹ ਚਿੰਤਾ ਦੀ ਮਹਾਨ ਨਦੀ ਵਿਚ ਖੋ ਗਏ। ਜੈ ਰਾਮ ਦਾ ਕਮਲ ਦੇ ਫੁੱਲ ਵਰਗਾ ਕੋਮਲ ਮਨ ਧੀਰਜ-ਰਹਿਤ ਹੋ ਗਿਆ॥ ੧੪ ॥

ਯਤਨ ਤੀਰ ਕਿਤ ਪਾਯਤਿ ਨਾਂਹੀ। ਬਹਜੋ ਪ੍ਰਵਾਹਿ ਗਣੀ ਕੇ ਮਾਂਹੀ।
ਅਸ ਕਹਿ ਗਮਨੇ ਅਪਨ ਨਿਕੇਤਾ। ਹੁਤੇ ਜੁ ਮੂਰਖ ਦੁਸ਼ਟ ਅਚੇਤਾ॥੧੫॥

ਮਨ ਵਿਚ ਕਈ ਪ੍ਰਕਾਰ ਦੇ ਯਤਨ ਸੋਚ ਰਿਹਾ ਸੀ, ਪਰ ਕੋਈ ਵੀ ਯਤਨ ਰੂਪੀ ਕਿਨਾਰਾ ਮਿਲ ਨਹੀਂ ਸੀ ਰਿਹਾ। ਇਸ ਤਰ੍ਹਾਂ ਗਿਣਤੀਆਂ ਕਰਦਾ ਅਤੇ ਸੋਚਾਂ ਸੋਚਦਾ ਕਿਸੇ ਡੂੰਘੇ ਵਹਿਣਾਂ ਵਿਚ ਵਹਿ ਗਿਆ। ਅਜਿਹੀਆਂ ਸੋਚਾਂ ਸੋਚਦਾ ਉਹ ਆਪਣੇ ਘਰ ਚਲੇ ਗਿਆ॥ ੧੫ ॥

ਬੈਸਹਿ ਸਦਨ ਨੀਵ ਕਰਿ ਗ੍ਰੀਵਾ। ਮਨਹੁ ਬਨਜੋ ਚਿੰਤਾ ਕੀ ਸੀਵਾ।
ਨਿਸਿ ਦਿਨ ਬੀਤੇ ਗਿਨਤਜੋ ਗਿਨਤੀ। ਕਰੈ ਦੀਨ ਹ੍ਵੈ ਪ੍ਰਭੁ ਸੋਂ ਬਿਨਤੀ ॥੧੬॥

ਘਰ ਜਾ ਕੇ ਧੌਣ ਨੀਵੀਂ ਕਰਕੇ ਬੈਠ ਗਿਆ ਤੇ ਮਨ ਅਤੇ ਚਿਤ ਚਿੰਤਾ ਦੀ ਹੱਦ ਪਾਰ ਕਰ ਗਏ, ਭਾਵ-ਬਹੁਤ ਚਿੰਤਤ ਹੋ ਗਏ। ਦਿਨ ਰਾਤ ਗਿਣਤੀਆਂ ਗਿਣਦਿਆਂ ਲੰਘ ਜਾਂਦੇ ਸਨ ਅਤੇ ਬੜੇ ਮਸਕੀਨ ਬਣ ਕੇ ਪ੍ਰਭੂ ਪਾਸ ਬੇਨਤੀਆਂ ਕਰਦੇ ਸਨ॥ ੧੬ ॥

ਉਰ ਅੰਤਰ ਮਾਨਤਿ ਬਹੁ ਖੇਦਾ। ਵਹਿਰ ਨ ਕਿਸ ਢਿਗ ਭਾਖਹਿ ਭੇਦਾ।
ਜਬੈ ਨਾਨਕੀ ਦਸ਼ਾ ਬਿਲੋਕੀ। ਹਰਖ ਹੀਨ ਪਤਿ ਕੀ ਮਤਿ ਸ਼ੋਕੀ॥੧੭॥

ਆਪਣੇ ਅੰਤਰ ਹਿਰਦੇ ਵਿਚ ਬੜਾ ਪਛਤਾਵਾ ਕਰ ਰਹੇ ਸਨ। ਪਰ ਬਾਹਰ ਉਹ ਆਪਣੇ ਹਿਰਦੇ ਦੀ ਗੱਲ ਕਿਸੇ ਨੂੰ ਨਹੀਂ ਦੱਸ ਰਹੇ ਸਨ। ਜਦ ਬੇਬੇ ਨਾਨਕੀ ਨੇ ਆਪਣੇ ਪਤੀ ਦੀ ਫਿਕਰਮੰਦ ਅਤੇ ਸ਼ੋਕਮਈ ਹਾਲਤ ਵੇਖੀ॥ ੧੭॥

ਰਿਦੈ ਗੁਨਹਿ-ਕੋ ਭਯੋ ਕੁਕਾਜੂ। ਚਿੰਤਮਾਨ ਹ੍ਵੈ ਬੈਠਜੋ ਆਜੂ-।
ਤੁਲਸਾਂ ਦਾਸੀ ਭੇਵ ਜਨਾਯਾ। 'ਸੁਨਹੁ ਬਧੂ ! ਮੈਂ ਜਸੋਂ ਲਖਿ ਪਾਯਾ॥੧੮॥

ਉਹ ਦਿਲ ਵਿਚ ਸੋਚਣ ਲੱਗੀ ਕਿ ਕਿਸ ਮਾੜੇ ਕਾਰਜ ਕਰਕੇ ਉਸ ਦੇ ਪਤੀ ਦੇਵ ਅੱਜ ਏਡੀ ਵੱਡੀ ਚਿੰਤਾ ਵਿਚ ਬੈਠੇ ਹਨ ? ਤੁਲਸਾਂ ਦਾਸੀ ਨੇ ਉਸ ਨੂੰ ਸਾਰਾ ਭੇਦ ਦੱਸਿਆ। ਉਹ ਕਹਿਣ ਲੱਗੀ, "ਮਾਲਕਣ ! ਜਿਥੋਂ ਤਕ ਮੈਂ ਸਮਝਿਆ ਹੈ॥ ੧੮ ॥

ਏਕ ਦਿਵਸ ਮਿਲਿ ਮਨੁਜ ਭਲੇਰੇ। ਮੈਂ ਅਵਿਲੋਕੇ ਆਵਤਿ ਡੇਰੇ।
ਤਾਂ ਦਿਨ ਤੇ ਇਹ ਚਿੰਤਾ ਮਾਨਾ। ਕੋ ਜਾਨਹਿ ਕਹਾ ਤਿਨਹਿਂ ਬਖਾਨਾ ॥੧੯॥

ਇਕ ਦਿਨ ਮੈਂ ਕੁਝ ਭਲੇ ਪੁਰਸ਼ ਆਪਣੇ ਘਰ ਆਉਂਦੇ ਵੇਖੇ। ਉਸ ਦਿਨ ਤੋਂ ਮਾਲਕ ਚਿੰਤਾ ਵਿਚ ਗਲਤਾਨ ਬੈਠੇ ਹਨ, ਕੌਣ ਜਾਣੇ, ਉਨ੍ਹਾਂ ਲੋਕਾਂ ਨੇ ਮਾਲਕ ਨੂੰ ਕੀ ਕਿਹਾ ਹੈ" ॥ ੧੯॥

ਸੁਨਤਿ ਨਾਨਕੀ ਸੁਮਤਿ ਸਜੂਤੀ। ਲਖਿ ਲੀਨੀ-ਕੀਨੀ ਕਿਨ ਦੂਤੀ-।
ਨਿਕਟਿ ਬੈਠਿ ਪਤਿ ਕੋ ਸਮਝਾਯਾ। 'ਕਿਉਂ ਉਰ ਭਰਮੇ ਤੁਮ ? ਸੁਖਦਾਯਾ ! ॥੨੦॥

ਸ੍ਰੇਸ਼ਟ ਸਮਝ ਵਾਲੀ ਬੇਬੇ ਨਾਨਕੀ ਝੱਟ ਸਮਝ ਗਏ ਕਿ ਕਿਸੇ ਨੇ ਚੁਗਲੀ ਕੀਤੀ ਹੈ। ਉਹ ਪਤੀ ਦੇ ਪਾਸ ਗਈ ਅਤੇ ਨੇੜੇ ਬੈਠ ਕੇ ਉਸ ਨੂੰ ਸਮਝਾਇਆ, ''ਹੇ ਸੁਖਦਾਤੇ ! ਤੁਸੀਂ ਦਿਲ ਵਿਚ ਕੀ ਭਰਮ ਪਾਲੀ ਬੈਠੇ ਹੋ? ॥ ੨੦॥

ਪੂਰਬ ਪਤਾ ਲਯੋ ਭਲਿ ਦੇਖੀ। ਉਰ ਮਹਿਂ ਸ਼ਰਧਾ ਧਰਹੁ ਵਿਸ਼ੇਖੀ।
ਸਭਿ ਅਨਜਾਨ ਭਨਹਿਂ ਜੇ ਮਾਨਵ। ਤਿਨਕੇ ਭੇਵ ਮੰਦ ਨਹਿਂ ਜਾਨਵ॥੨੧॥

ਪਹਿਲਾਂ ਵੀ ਤੁਸੀਂ ਚੰਗੀ ਤਰ੍ਹਾਂ ਪਰਖ ਲਿਆ ਹੈ, ਤੁਹਾਨੂੰ ਆਪਣੇ ਦਿਲ ਵਿਚ ਭਰਮ ਦੇ ਥਾਂ ਸ਼ਰਧਾ ਧਾਰਨ ਕਰਨੀ ਚਾਹੀਦੀ ਹੈ। ਜਿਹੜੇ ਅਣਜਾਣ ਤੇ ਮੂਰਖ ਤੁਹਾਨੂੰ ਦੱਸਦੇ ਹਨ, ਉਹ ਅਸਲ ਵਿਚ ਗੁਰੂ ਜੀ ਦਾ ਭੇਦ ਨਹੀਂ ਜਾਣਦੇ॥ ੨੧॥

ਇਸ ਪ੍ਰਕਾਰ ਕਹਿ ਬਹੁ ਸਮਝਾਵਹਿ। ਤਦਪਿ ਜਰਾਮ ਨ ਚਿੰਤਾ ਜਾਵਹਿ।
ਮਨ ਮਹਿਂ ਬਸੀ ਪਿਸ਼ਨ ਕੀ ਬਾਨੀ। ਬਿਨ ਸਤਿ ਦੇਖੇ ਹੋਇ ਨ ਹਾਨੀ॥੨੨॥

ਇਸ ਤਰ੍ਹਾਂ ਕਹਿ ਕੇ ਉਸਨੇ ਬਹੁਤ ਸਮਝਾਇਆ ਪਰ ਫਿਰ ਵੀ ਭਾਈ ਜੈ ਰਾਮ ਦੀ ਚਿੰਤਾ ਦੂਰ ਨਾ ਹੋਈ। ਉਸ ਦੇ ਮਨ ਵਿਚ ਚੁਗਲਾਂ ਦੀਆਂ ਗੱਲਾਂ ਸਥਾਈ ਨਿਵਾਸ ਕਰ ਗਈਆਂ ਸਨ ਤੇ ਬਿਨਾਂ ਸੱਚ ਦੇ ਵੇਖੇ ਉਸ ਦੀ ਚਿੰਤਾ ਦੂਰ ਨਹੀਂ ਸੀ ਹੋ ਸਕਦੀ॥ ੨੨॥

ਸ੍ਰੀ ਨਾਨਕ ਤਬ ਅੰਤਰਜਾਮੀ। ਲਖਿ ਲੀਨੀ ਦੂਤਨ ਕੀ ਖਾਮੀ।
ਪੁਨ ਜਰਾਮ ਚਿੰਤਾਤੁਰ ਚੀਨਾ। ਜਿਹ ਮਨ ਪਿਸ਼ਨਨਿ ਬਾਨੀ ਭੀਨਾ॥੨੩॥

ਫਿਰ ਸ੍ਰੀ ਨਾਨਕ ਅੰਤਰਜਾਮੀ ਜੀ ਚੁਗਲਾਂ ਦੀ ਕਮੀਨਗੀ ਅਤੇ ਕਚਿਆਈ ਨੂੰ ਸਮਝ ਗਏ। ਫਿਰ ਉਸ ਜੈ ਰਾਮ ਨੂੰ ਫਿਕਰਮੰਦ ਵੇਖਿਆ ਜਿਸ ਨੂੰ ਚੁਗਲਾਂ ਝੂਠ ਬੋਲ ਕੇ ਚਿੰਤਾ ਦੀ ਭੱਠੀ ਵਿਚ ਸੁਟਿਆ ਸੀ॥ ੨੩॥

ਤਾਂਕੀ ਚਿੰਤਾ ਹਤਨੇ ਹੇਤਾ। ਗਮਨੇ ਸ੍ਰੀ ਬੇਦੀ ਕੁਲਕੇਤਾ।
ਸਦਨ ਜਾਇ ਸਾਦਰ ਦੁਖ ਕਦਨਾ। ਬੈਸੇ ਮੰਚ ਪਰ ਪੰਕਜ ਬਦਨਾ॥੨੪॥

ਉਸ ਦੀ ਚਿੰਤਾ ਨੂੰ ਦੂਰ ਕਰਨ ਵਾਸਤੇ ਬੇਦੀ ਕੁਲ ਦੇ ਦੁਲਾਰੇ ਘਰ ਗਏ। ਘਰ ਜਾ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਅਤੇ ਕੰਵਲ ਮੁਖ ਵਾਲੇ ਪਲੰਘ ਤੇ ਬੈਠ ਗਏ॥ ੨੪॥

ਮਧੁਰ ਮ੍ਰਿਦੁਲ ਬੋਲੇ ਮੁਖ ਬਾਨੀ। ਜਨੁ ਚਿੰਤਾ ਰੁਜ ਚੂਰਨ ਸਾਨੀ।
'ਜੀਜਾ ਜੀ ! ਲੇਖਾ ਕਰਿਵਾਈਏ। ਸਭਿਹਿ ਹਿਸਾਬ ਨਿਵਾਬ ਦਿਵਾਈਏ॥੨੫॥

ਫਿਰ ਕੋਮਲ ਅਵਾਜ਼ ਵਿਚ ਬੋਲੇ, ''ਜੀਜਾ ਜੀ ! ਲੇਖਾ ਕਰਵਾਓ ਅਤੇ ਸਾਰਾ ਹਿਸਾਬ ਕਿਤਾਬ ਨਵਾਬ ਨੂੰ ਦਵਾਓ॥ ੨੫॥

ਬੀਤੇ ਬਹੁ ਬਾਸੁਰ ਬਿਨ ਲੇਖੇ। ਕਰਿਵਾਵਹੁ ਨਿਕਸਹਿ ਕਛੁ ਸ਼ੇਖੇ'।
ਸੁਨਿ ਜੈਰਾਮ ਰਿਦੇ ਹਰਿਖਾਯੋ। ਜਨੁ ਸ਼ਰਧਾ ਧਨੁ ਖੋਯੋ ਪਾਯੋ॥ ੨੬॥

ਲੇਖਾ ਕੀਤੇ ਨੂੰ ਬਹੁਤ ਦਿਨ ਬੀਤ ਗਏ ਹਨ। ਹਿਸਾਬ ਕਿਤਾਬ ਕਰਨ ਨਾਲ ਸ਼ਾਇਦ ਕੁਝ ਬਕਾਇਆ ਨਿਕਲੇ।'' ਇਹ ਸੁਣ ਜੈ ਰਾਮ ਹਿਰਦੇ ਵਿਚ ਬਹੁਤ ਖੁਸ਼ ਹੋਇਆ, ਮਾਨੋ ਗਵਾਚਿਆ ਹੋਇਆ ਸ਼ਰਧਾ ਰੂਪ ਧਨ ਮੁੜ ਪ੍ਰਾਪਤ ਕਰ ਲਿਆ ਹੋਵੇ॥ ੨੬॥

ਹੁਤੀ ਚਿੰਤ ਜਾਂਕੀ ਦਿਨ ਰਾਤੀ। ਅਕਸਮਾਤ ਸੋ ਬਨੀ ਸੁਹਾਤੀ।
ਲੇ ਨਿਦੇਸ ਗਾ ਪਾਸ ਨਰੇਸ਼ਾ। ਪੋਸ਼ਿਸ਼ ਪਹਿਰ ਕਿਯੇ ਸੁਭ ਬੇਸਾ॥ ੨੭॥

ਜਿਸ ਗੱਲ ਦੀ ਦਿਨ ਰਾਤ ਚਿੰਤਾ ਰਹਿੰਦੀ ਸੀ, ਅਚਣਚੇਤ ਉਹ ਸੁਹਾਵਣੀ ਹੋ ਗਈ। ਆਗਿਆ ਲੈ ਕੇ ਉਹ ਨਵਾਬ ਪਾਸ ਗਏ। ਵਧੀਆ ਪੋਸ਼ਾਕਾਂ ਪਾ ਕੇ ਉਹ ਬਹੁਤ ਸ਼ੋਭ ਰਹੇ ਸਨ॥ ੨੭॥

ਨਿਕਟਿ ਬੈਠਿ ਕਹਿ 'ਸੁਨ ਨ੍ਰਿਪ ਲੋਦੀ! ਕਰਜੋ ਹਿਸਾਬ ਚਹਿਤਿ ਤੁਮ ਮੋਦੀ।
ਕਾਲ ਬਿਸਾਲ ਬਿਤਜੋ ਬਿਨ ਲੇਖੇ। ਆਮਦ ਖਰਚ ਉਚਿਤ ਅਬ ਦੇਖੇ' ॥੨੮॥

ਨੇੜੇ ਬੈਠ ਕੇ ਉਹ ਕਹਿਣ ਲੱਗੇ, "ਹੇ ਨਵਾਬ ਲੋਧੀ! ਸੁਣੋ, ਤੁਹਾਡਾ ਮੋਦੀ ਕਹਿੰਦਾ ਹੈ ਕਿ ਹਿਸਾਬ ਕਿਤਾਬ ਕੀਤੇ ਨੂੰ ਬਹੁਤ ਸਮਾਂ ਹੋ ਗਿਆ ਹੈ, ਆਮਦਨ ਖਰਚ ਦਾ ਸਾਰਾ ਲੇਖਾ ਚੰਗੀ ਤਰ੍ਹਾਂ ਜਾਂਚ ਲਵੋ" ॥ ੨੮ ॥

ਪੂਰਬ ਦੌਲਤ ਖਾਂ ਢਿਗ ਦੂਤੀ। ਦੁਸ਼ਟ ਲੋਕ ਮਿਲਿ ਕਰਤਿ ਬਹੂਤੀ।
'ਸਰਬ ਦਰਬ ਕੋ ਖੋਕਰਿ ਨਾਨਕ। ਹੋਇ ਪਲਾਇਨ ਕਬਹਿ ਅਚਾਨਕ' ॥੨੯॥

ਪਹਿਲਾਂ ਹੀ ਚੁਗਲਖੋਰਾਂ ਨੇ ਦੌਲਤ ਖਾਂ ਪਾਸ ਬਹੁਤ ਚੁਗਲੀਆਂ ਕੀਤੀਆਂ ਸਨ ਅਤੇ ਦੁਸ਼ਟ ਲੋਕਾਂ ਨੇ ਗੁਰੂ ਜੀ ਦੇ ਬਰਖਿਲਾਫ ਬਹੁਤ ਕੁਝ ਬੋਲਿਆ ਸੀ, ਉਨ੍ਹਾਂ ਕਿਹਾ ਸੀ, "ਸਾਰੇ ਧਨ ਨੂੰ ਖੁਰਦ-ਬੁਰਦ ਕਰਕੇ ਨਾਨਕ ਅਚਾਨਕ ਹੀ ਕਿਤੇ ਭੱਜ ਜਾਣ ਵਾਲਾ ਸੀ' ॥ ੨੯ ॥

ਸੁਨਤਿ ਜਰਾਮ ਬਚਨ ਭੂਪਾਲਾ। ਬੋਲਜੋ 'ਸੰਸਾ ਮੁਝਹਿ ਬਿਸਾਲਾ।
ਲੇਖੇ ਤੇ ਸੋ ਹੋਇ ਬਿਨਾਸ਼ੀ। ਬੋਲਿ ਲੇਹੁ ਤਾਂਕੋ ਮਮ ਪਾਸੀ' ॥ ੩੦ ॥

ਜਦ ਨਵਾਬ ਨੇ ਜੈ ਰਾਮ ਦੀ ਗੱਲ ਸੁਣੀ ਤਾਂ ਕਿਹਾ, "ਮੈਨੂੰ ਪਹਿਲਾਂ ਹੀ ਬਹੁਤ ਸ਼ੰਕਾ ਹੈ। ਲੇਖਾ ਹੋ ਜਾਣ ਨਾਲ ਸਾਰੀ ਸ਼ੰਕਾ ਦੂਰ ਹੋ ਜਾਵੇਗੀ। ਇਸ ਲਈ ਉਸ ਨੂੰ ਮੇਰੇ ਪਾਸ ਬੁਲਾ ਲਵੋ ॥ ੩੦ ॥

ਨਿੱਧਾ ਦਿਜ ਜੈਰਾਮ ਪਠਾਯਾ। ਆ ਨਿੱਧੇ ਯਾ ਬਚਨ ਅਲਾਯਾ।
'ਚਲਹੁ ਆਪ ਕਰਿ ਲੀਜੈ ਲੇਖਾ। ਨ੍ਰਿਪ ਬੁਲਾਇ ਜਿਹ ਸਭਾ ਵਿਸ਼ੇਖਾ ॥੩੧॥

ਨਿਧਾ ਦਿਜ ਨੂੰ ਜੈ ਰਾਮ ਨੇ ਬੁਲਾਇਆ ਤੇ ਉਸ ਦੇ ਆਉਣ ਤੇ ਇਹ ਬਚਨ ਕੀਤਾ, "ਚਲੋ ਆਪ ਜਾ ਕੇ ਸ੍ਰੀ ਨਾਨਕ ਨੂੰ ਕਹੋ ਕਿ ਲੇਖਾ ਕਰ ਲਵੋ। ਨਵਾਬ ਨੇ ਜਿਥੇ ਵਿਸ਼ੇਸ਼ ਸਭਾ ਬੁਲਾਈ ਹੋਈ ਹੈ ਉਥੇ ਆ ਜਾਵੋ" ॥ ੩੧ ॥

ਕਹਿ ਬਾਲਾ ਸ੍ਰੀ ਅੰਗਦ ਪੂਰਨ! ਸੁਨਹੁ ਤਯਾਰ ਭਏ ਤਬ ਤੂਰਨ।
ਵਹੀ ਬਿਸਾਲ ਦੀਨਿ ਮੁਝ ਹਾਥਾ। ਗਮਨ ਕਿਯੋ ਨ੍ਰਿਪ ਢਿਗ ਜਗਨਾਥਾ ॥੩੨॥

ਫਿਰ ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ! ਗੁਰੂ ਨਾਨਕ ਦੇਵ ਜੀ ਉਸੇ ਵੇਲੇ ਤਿਆਰ ਹੋ ਗਏ ਅਤੇ ਇਕ ਵੱਡੀ ਵਹੀ ਮੇਰੇ ਹੱਥ ਵਿਚ ਫੜਾ ਦਿੱਤੀ ਤੇ ਫਿਰ ਜਗਤ ਦੇ ਮਾਲਕ ਭਾਵ- ਗੁਰੂ ਨਾਨਕ ਜੀ ਨਵਾਬ ਵਲ ਚਲ ਪਏ ॥ ੩੨ ॥

ਮੰਦ ਮੰਦ ਸੁੰਦਰ ਗਤਿ ਭਾਰੀ। ਪਹੁੰਚਤਿ ਭੇ ਤਬ ਸਭਾ ਮਝਾਰੀ।
ਕਾਜ਼ੀ ਖਾਨ ਦਿਵਾਨ ਮੁਲਾਨੇ। ਜਹਿਂ ਬੈਸੇ ਨੀਕੇ ਕਰਿ ਬਾਨੇ ॥ ੩੩ ॥

ਫਿਰ ਹੌਲੀ-ਹੌਲੀ ਸੁੰਦਰ ਚਾਲ ਚਲਦੇ ਹੋਏ ਸਭਾ ਵਿਚ ਪਹੁੰਚ ਗਏ। ਉਥੇ ਕਾਜ਼ੀ, ਖਾਨ, ਦੀਵਾਨ ਅਤੇ ਮੁਲਾਨੇ ਬੜੇ ਸੁੰਦਰ ਲਿਬਾਸ ਪਾ ਕੇ ਬੈਠੇ ਹੋਏ ਸਨ ॥ ੩੩ ॥

ਸਭਿਨਿ ਸ਼ਿਰੋਮਨਿ ਦੌਲਤ ਖਾਨਾ। ਸੇਵਹਿਂ ਜਾਂਹਿ ਸੁਭਟ ਬਿਧਿ ਨਾਨਾ।
ਤਹਾਂ ਹੋਇ ਠਾਢੇ ਸੁਖ ਧਾਮਾ। ਬਿਧਿ ਨੀਕੀ ਸੋਂ ਕੀਨਿ ਸਲਾਮਾ ॥ ੩੪ ॥

ਸਾਰਿਆਂ ਦਾ ਮੁਖੀ ਦੌਲਤ ਖਾਂ ਜਿਸ ਨੂੰ ਵੱਡੇ-ਵੱਡੇ ਸੂਰਮੇਂ ਕਈ ਪ੍ਰਕਾਰ ਨਾਲ ਸਲਾਮਾਂ ਕਰਦੇ ਸਨ, ਸੁੱਖਾਂ ਦੇ ਘਰ ਗੁਰੂ ਜੀ ਉਸ ਪਾਸ ਪਹੁੰਚ ਗਏ ਅਤੇ ਵਿਧੀ ਅਨੁਸਾਰ ਸਲਾਮ ਕੀਤੀ ॥ ੩੪ ॥

ਸ੍ਰੀ ਗੁਰੁ ਦਿਸ਼ਿ ਨ੍ਰਿਪ ਦ੍ਰਿਸ਼ਟਿ ਬਿਲੋਕੀ। ਜਾਂਕੀ ਮਤਿ ਸ਼ਰਧਾ ਤੇ ਫੋਕੀ।
ਬੂਝਤਿ ਭਾ 'ਤੁਮਾਰ ਕੋ ਨਾਮਾ? ਭਨੀਏ ਭੋ ਮੋਦੀ ਅਭਿਰਾਮਾ!' ॥ ੩੫ ॥

ਜਦ ਨਵਾਬ ਨੇ ਜਿਸ ਦੀ ਮੱਤ ਸ਼ਰਧਾ ਤੋਂ ਕੋਰੀ ਸੀ, ਗੁਰੂ ਜੀ ਨੂੰ ਵੇਖ ਕੇ ਪੁੱਛਿਆ, "ਤੁਹਾਡਾ ਕੀ ਨਾਂ ਹੈ ? ਹੇ ਸੁੰਦਰ ਮੋਦੀ ਮੈਨੂੰ ਆਪਣਾ ਨਾਂ ਦੱਸੋ"॥ ੩੫॥

ਕਮਲ ਨੈਨ ਸੁਨਿ ਗਿਰਾ ਉਚਾਰੀ। 'ਅਹੈ ਨਾਮ ਨਾਨਕ ਨਿਰੰਕਾਰੀ'।
'ਮੈਂ ਨਹਿ ਸਮਝਯੋ ਕਹਯੋ ਤੁਮਾਰੋ। ਸੰਗ ਮਾਯਨੇ ਫੇਰ ਉਚਾਰੋ'॥ ੩੬॥

ਫਿਰ ਕਮਲ ਨੈਣ ਭਾਵ- ਗੁਰੂ ਜੀ ਨੇ ਕਿਹਾ, "ਮੇਰਾ ਨਾਂ ਨਾਨਕ ਨਿਰੰਕਾਰੀ ਹੈ।" ਨਵਾਬ ਨੇ ਫਿਰ ਕਿਹਾ, "ਮੈਂ ਤੁਹਾਡਾ ਨਾਂ ਸਮਝ ਨਹੀ ਸਕਿਆ, ਅਰਥਾਂ ਸਹਿਤ ਇਸ ਦਾ ਫਿਰ ਉਚਾਰਨ ਕਰੋ।"॥ ੩੬॥

ਤਬ ਜਰਾਮ ਬੋਲਯੋ ਮਤਿਸਾਲੀ। 'ਬੀਚ ਪਾਰਸੀ ਰੀਤਿ ਸਮ੍ਹਾਲੀ।
ਬੇਸੁਬਹਾ ਜੋ ਬਿਨਾ ਨਮੂਨੇ। ਬੇਚਗੂਨ ਯਜ਼ਦਾਂ ਬੇਚੂਨੇ॥ ੩੭॥

ਫਿਰ ਬੁੱਧੀ ਦਾ ਘਰ ਜੈ ਰਾਮ ਬੋਲਿਆ, "ਨਿਰਸੰਦੇਹ ਜੋ ਅਦੁਤੀ ਹੈ, ਜੋ ਅਮੋਲਕ ਤੇ ਰੂਪ ਤੋਂ ਰਹਿਤ ਹੈ, ਜੋ ਕਾਰਣ ਤੋਂ ਰਹਿਤ ਹੈ, ਉਹੀ ਬੇਮਿਸਾਲ ਖੁਦਾ ਹੈ॥ ੩੭॥

'ਨੇਤਿ ਨੇਤਿ' ਕਹਿ ਬੇਦ ਕਤੇਬਾ। ਲਖਯੋ ਨ ਕਿਨਹੂੰ ਕਰਤਿ ਹਿਸੇਬਾ।
ਕਰਨਹਾਰ ਤਾਂ ਸਿਫਤੀ ਬੰਦਾ। ਮੈਹੋਂ ਕਹਿ ਨਾਨਕ ਸੁਖਕੰਦਾ'॥ ੩੮॥

ਉਸ ਖੁਦਾ ਨੂੰ ਵੇਦ ਅਤੇ ਮੁਸਲਮਾਨੀ ਕਿਤਾਬਾਂ ਬੇਅੰਤ-ਬੇਅੰਤ ਕਹਿੰਦੀਆਂ ਹਨ। ਉਸ ਦਾ ਅੰਤ ਕੋਈ ਨਹੀਂ ਪਾ ਸਕਿਆ। ਉਸ ਦੀ ਸਿਫਤ ਕਰਨਹਾਰਾ ਸੁਖਾਂ ਦਾ ਦਾਤਾ ਨਾਨਕ ਹੈ"॥ ੩੮॥

ਬਿਗਸਾ ਬਹੁ ਨਬਾਬ ਸੁਨਿ ਬਾਨੀ। ਮਤਿ ਜਾਂਕੀ ਬਿਸ਼ਿਜਨਿ ਲਪਟਾਨੀ।
ਕਰਤਿ ਕੁਤਰ ਕਹਿ ਬੋਲਯੋ ਬੈਨਾ। 'ਮੋਦੀ ਬਜਾਹ ਲਯੋ ਕਿਤ ਕੈ ਨਾ?'॥੩੯॥

ਨਵਾਬ ਜੈ ਰਾਮ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਇਆ, ਜਿਸ ਦੀ ਅਕਲ ਵਿਸ਼ਿਆਂ ਵਿਕਾਰਾਂ ਵਿਚ ਗ੍ਰਸੀ ਹੋਈ ਸੀ। ਕੁਝ ਹੁੱਜਤ ਕਰਕੇ ਉਹ ਬੋਲਿਆ, "ਮੋਦੀ ਵਿਆਹ ਲਿਆ ਹੈ ਕਿਤੇ ਕਿ ਨਹੀਂ ?"॥ ੩੯॥

ਕਹਿ ਜਰਾਮ 'ਅਬ ਲੋਂ ਨ ਬਿਵਾਹਾ। ਭਾ ਸਨਬੰਧ ਆਇ ਹੈ ਸਾਹਾ।
ਤਵ ਪ੍ਰਤਾਪ ਕੋ ਪਾਇ ਅਲੰਬਾ। ਹੋਇ ਬਜਾਹ ਅਬ ਕਛੁ ਨ ਬਿਲੰਬਾ'॥੪੦॥

ਜੈ ਰਾਮ ਨੇ ਕਿਹਾ, "ਹੁਣ ਤਕ ਤੇ ਵਿਆਹਿਆ ਨਹੀ, ਪਰ ਸਗਾਈ ਹੋ ਗਈ ਹੈ ਅਤੇ ਛੇਤੀ ਸਾਹੇ ਚਿੱਠੀ ਵੀ ਆ ਜਾਵੇਗੀ। ਤੁਹਾਡੇ ਪ੍ਰਤਾਪ ਦਾ ਹੀ ਆਸਰਾ ਹੈ, ਵਿਆਹ ਵਿਚ ਹੁਣ ਬਹੁਤੀ ਦੇਰੀ ਨਹੀ"॥ ੪੦॥

ਅਸ ਸੁਨਿ ਬੋਲਯੋ ਦੌਲਤ ਖਾਨਾ। 'ਸਿਫਤੀ ਬੰਦਾ ਨਿਜਹਿ ਵਖਾਨਾ।
ਸੋ ਸਤਿ ਬਾਤ ਤਬਹਿ ਲੋਂ ਬਰਨੀ। ਜਬ ਲੋ ਘਰ ਮੈਂ ਆਇ ਨ ਤਰੁਨੀ॥੪੧॥

ਇਹ ਸੁਣ ਕੇ ਦੌਲਤ ਖਾਂ ਬੋਲਿਆ "ਸਿਫਤੀ ਬੰਦਾ ਹੈ, ਮੈਂ ਆਪ ਵੇਖਿਆ ਹੈ, ਪਰ ਸੱਚੀ ਗੱਲ ਤਾਂ ਤਦ ਹੀ ਹੋਵੇਗੀ ਜਦ ਵਹੁਟੀ ਵਿਆਹ ਕੇ ਘਰ ਆ ਜਾਵੇਗੀ॥ ੪੧॥

ਜਤੀ ਸਤੀ ਤਪਸੀ ਰਿਖਿ ਜੇਤੇ। ਪਾਰ ਨ ਪੱਯੈ ਜਿਨਹਿਂ ਗਿਨੇ ਤੇ।
ਦਰਸ ਅੰਗਨਾਂ ਜਾਰ ਮਹਾਨਾ। ਫਸੇ ਨ ਨਿਕਸਹਿ ਅਤਿ ਬਲਿਵਾਨਾ॥੪੨॥

ਜਤੀ ਸਤੀ ਤਪੱਸਵੀ ਅਤੇ ਜਿੰਨੇ ਵੀ ਰਿਖੀ ਹਨ ਅਤੇ ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀ, ਇਹ ਸਾਰੇ ਹੀ ਜਦ ਇਸਤਰੀ ਦੇ ਦਰਸ਼ਨ ਕਰਕੇ ਉਸ ਦੇ ਜਾਲ ਵਿਚ ਫਸ ਜਾਂਦੇ ਹਨ ਤਾਂ ਫਿਰ ਇਸ ਮਹਾਂ ਜਾਲ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ, ਵੱਡੇ ਵੱਡੇ ਮਹਾਂ ਬਲੀ ਵੀ ਇਸ ਜਾਲ ਵਿਚੋਂ ਨਹੀ ਨਿਕਲ ਸਕੇ"॥ ੪੨॥

ਬੋਲੇ ਨਾਨਕ ਸੁਨਤਿ ਕੁਤਰਕਾ। ਖੰਡਨ ਹਿਤ ਆਸ਼ੇ ਤਿਹ ਉਰਕਾ।

'ਜਿਨ ਕੋ ਮਨ ਹਰਿ ਪ੍ਰੇਮਹਿ ਪੂਰਾ। ਨਿਸ ਬਾਸੁਰ ਕਬ ਹੋਇ ਨ ਊਰਾ॥੪੩॥

ਇਹ ਗੱਲ ਬਾਤ ਸੁਣ ਕੇ ਸ੍ਰੀ ਨਾਨਕ ਬੋਲੇ, ਤਾਕਿ ਉਸ ਦੇ ਆਸ਼ੇ ਨੂੰ ਖੰਡਨ ਕਰ ਸਕਣ, "ਜਿਨ੍ਹਾਂ ਦਾ ਮਨ ਖੁਦਾ ਦੇ ਪ੍ਰੇਮ ਵਿਚ ਪੂਰਾ ਹੈ, ਉਨ੍ਹਾਂ ਦਾ ਮਨ ਦਿਨ ਰਾਤ ਕਦੇ ਵੀ ਖਾਲੀ ਨਹੀਂ ਹੁੰਦਾ॥ ੪੩॥

ਤਿਨਕੇ ਮਨ ਕਜਾ ਨਾਰਿ ਮਲੀਨੀ। ਭਾਵਤਿ ? ਜੋ ਦੁਰਗੰਧਹਿ ਭੀਨੀ।
ਅਸਤ ਰਕਤ ਮੱਜਾ ਪਲ ਬਾਰਾ। ਕਰਹਿ ਪ੍ਰੀਤਿ ਜੋ ਬਿਨਾ ਵਿਚਾਰਾ॥੪੪॥

ਉਨ੍ਹਾਂ ਨੂੰ ਦੁਰਗੰਧ ਭਰੀ, ਹੱਡ ਮਾਸ, ਲਹੂ ਮਿਝ ਅਤੇ ਵਾਲਾਂ ਦੀ ਭਰੀ ਹੋਈ ਨਾਰ ਕਿਵੇਂ ਚੰਗੀ ਲਗ ਸਕਦੀ ਹੈ, ਜਿਹੜੇ ਇਸ ਨਾਰ ਨੂੰ ਪ੍ਰੀਤ ਕਰਦੇ ਹਨ ਉਹ ਵਿਚਾਰਹੀਣ ਹਨ॥ ੪੪॥

ਜੋ ਵਿਚਾਰ ਕਰਿ ਦੇਖਹਿ ਗਜਾਨੀ। ਏਕਹਿ ਵਸਤੁ ਨ ਨੀਕੀ ਜਾਨੀ।
ਤਾਂਤੇ ਤਾਂਕੀ ਕਰਤਿ ਨ ਪ੍ਰੀਤਾ। ਭਜਹਿਂ ਮਕੰਦ ਸੁਖਦ ਕੋ ਚੀਤਾ॥੪੫॥

ਜੇ ਕੋਈ ਗਿਆਨੀ ਵਿਚਾਰ ਕੇ ਵੇਖੇ ਤਾਂ ਉਹ ਇਕ ਗੱਲ ਨੂੰ ਜਾਣ ਲਵੇਗਾ ਕਿ ਇਸਤਰੀ ਨਾਲ ਪ੍ਰੀਤ ਪਾਉਣ ਨਾਲੋਂ ਉਸ ਪ੍ਰਭੂ ਮੁਕਤੀ ਦਾਤੇ ਅਤੇ ਸੁੱਖਾਂ ਦੇ ਖਜ਼ਾਨੇ ਦੀ ਪ੍ਰੀਤ ਨੂੰ ਚਿਤ ਵਿਚ ਸਿਮਰਨਾ ਕਿੰਨਾ ਚੰਗਾ ਹੈ" ॥ ੪੫॥

ਦੌਲਤ ਖਾਂ ਲਖਿ ਦਿਢ ਪਰਤੀਤਾ। ਬੋਲਜੋ 'ਖੋਇਂ ਦਰਬ ਤੂੰ ਨੀਤਾ।
ਮੋ ਸੋਂ ਕਹਹਿਂ ਆਇ ਨਰ ਭੂਰਾ। ਅਬ ਲੇਖਾ ਕਰਿ ਦੀਜੈ ਪੂਰਾ॥੪੬॥

ਦੌਲਤ ਖਾਂ ਗੁਰੂ ਜੀ ਦੀ ਦ੍ਰਿੜ ਪ੍ਰਤੀਤ ਨੂੰ ਵੇਖ ਕੇ ਬੋਲਿਆ, "ਤੂੰ ਰੋਜ਼ ਧਨ ਗਵਾਉਂਦਾ ਹੈਂ, ਇਸ ਬਾਰੇ ਮੈਨੂੰ ਬਹੁਤ ਆਦਮੀਆਂ ਨੇ ਆ ਕੇ ਦੱਸਿਆ ਹੈ। ਹੁਣ ਲੇਖਾ ਕਰਵਾ ਅਤੇ ਪੂਰਾ ਹਿਸਾਬ ਦੇ" ॥ ੪੬॥

'ਸੁਨਹੁ ਨ੍ਰਿਪਤਿ ! ਨਿਜ ਕਰੀਏ ਲੇਖਾ। ਦੇਹੁ ਦਰਬ ਨਿਕਸੈ ਮੁਝ ਸ਼ੇਖਾ।
ਭਨਤਿ ਪਿਸ਼ਨ ਤਬ ਨਿਰਨਾ ਕਰੀਏ। ਝੂਠ ਸਾਚ ਕੋ ਰਿਦੇ ਵਿਚਰੀਏ' ॥੪੭॥

ਗੁਰੂ ਜੀ ਕਹਿਣ ਲੱਗੇ, "ਹੇ ਨਵਾਬ ! ਸੁਣੋ, ਆਪ ਆਪਣੇ ਹੱਥੀਂ ਲੇਖਾ ਕਰੋ, ਮੈਨੂੰ ਉਹ ਧਨ ਦੇਵੋ ਜਿਹੜਾ ਵਾਧੂ ਨਿਕਲੇ। ਜੋ ਤੁਹਾਨੂੰ ਚੁਗਲ ਆਖਦੇ ਹਨ, ਉਸ ਦਾ ਨਿਰਣਾ ਕਰੋ ਅਤੇ ਸੱਚ ਝੂਠ ਬਾਰੇ ਆਪਣੇ ਹਿਰਦੇ ਵਿਚ ਵਿਚਾਰ ਕਰੋ" ॥ ੪੭॥

ਦੌਲਤ ਖਾਨ ਤਬਹਿ ਭੂਪਾਲਾ। ਇਕ ਬੁਲਾਇ ਲੇਖਕ ਤਤਕਾਲਾ।
ਬੋਲਜੋ ਤਿਹ ਸੋਂ 'ਸੰਖਜਾ ਕੀਜੈ। ਆਮਦ ਖਰਚ ਸਭਿਹਿ ਗਿਨਿ ਲੀਜੈ॥੪੮॥

ਨਵਾਬ ਦੌਲਤ ਖਾਂ ਨੇ ਉਸੇ ਵੇਲੇ ਇਕ ਲੇਖਾਕਾਰ ਨੂੰ ਤੁਰੰਤ ਬੁਲਾਇਆ ਅਤੇ ਉਸ ਨੂੰ ਕਿਹਾ, "ਗਿਣਤੀ ਕਰੋ, ਆਮਦਨ ਖਰਚ ਸਾਰਾ ਗਿਣ ਲਵੋ॥ ੪੮॥

ਬਹੁਤ ਦਿਵਸ ਕਾ ਹੈ ਯਹਿ ਲੇਖਾ। ਕਿਹ ਦਿਸ਼ ਨਿਕਸਹਿ ਸਰਸਹਿ ਸ਼ੇਖਾ।
ਆਨਿ ਆਨਿ ਤੁਮ ਨੀਤ ਉਚਾਰੋ। ਮੋਦੀ ਖੋਵਤਿ ਦਰਬ ਤੁਮਾਰੋ॥੪੯॥

ਕਾਫੀ ਸਮੇਂ ਤੋਂ ਇਹ ਲੇਖਾ ਨਹੀਂ ਹੋਇਆ ਹੈ। ਕਿਸ ਦਾ ਵਾਧਾ ਜਾਂ ਬਾਕੀ ਨਿਕਲਦਾ ਹੈ। ਤੁਸੀਂ ਨਿਤ ਆ ਆ ਕੇ ਮੈਨੂੰ ਕਹਿੰਦੇ ਹੋ ਕਿ ਮੋਦੀ ਤੁਹਾਡਾ ਧਨ ਗਵਾ ਰਿਹਾ ਹੈ॥ ੪੯॥

ਲੇਹੁ ਸੰਭਾਰਿ ਰੀਤਿ ਅਬ ਨੀਕੀ। ਕਰੀਏ ਬਾਤ ਭਾਵਤੀ ਜੀਕੀ'।
ਨਵੀਸਿੰਦ ਸੁਨਿ ਜਾਦੋਰਾਈ। ਗੁਨਤਿ ਰਿਦੈ ਹੋਈ ਮਨ ਭਾਈ॥ ੫੦॥

ਹੁਣ ਤੂੰ ਚੰਗੀ ਰੀਤੀ ਅਨੁਸਾਰ ਸਾਰਾ ਕੰਮ ਕਾਜ ਚੰਗੀ ਤਰ੍ਹਾਂ ਸੰਭਾਲ ਲੈ ਅਤੇ ਜਿਸ ਤਰ੍ਹਾਂ ਤੇਰੇ ਮਨ ਨੂੰ ਭਾਉਂਦਾ ਹੈ,

ਉਸ ਤਰ੍ਹਾਂ ਹੀ ਕਰ।" ਜਾਦੋ ਰਾਇ ਨਾਂ ਦੇ ਉਸ ਮੁਨਸ਼ੀ ਨੇ ਸਾਰੀ ਗੱਲ ਸੁਣੀ ਤੇ ਦਿਲ ਵਿਚ ਸੋਚਦਾ ਹੈ ਕਿ ਇਹ ਸਭ ਕੁਝ ਤਾਂ ਮੇਰੀ ਮਰਜ਼ੀ ਅਨੁਸਾਰ ਹੋਇਆ ਹੈ॥ ੫੦॥

ਇਨ ਜੋ ਧਨ ਬਹੁ ਬਾਦ ਗਵਾਯਾ। ਉਠਨਿ ਨ ਦੇਉਂ ਲੇਉਂ ਇਹ ਥਾਯਾ।
ਬਹੁਰਿ ਨ ਬੈਸਹਿ ਮੋਦੀਖਾਨੇ। ਦਈ ਨ ਰਿਸ਼ਵਤ ਹਮੈਂ ਨ ਜਾਨੇ-॥੫੧॥

ਜਿਹੜਾ ਇਸ ਮੋਦੀ ਨੇ ਧਨ ਵਿਅਰਥ ਗਵਾਇਆ ਹੈ, ਇਸ ਨੂੰ ਉੱਠਣ ਨਹੀਂ ਦੇਵਾਂਗਾ ਤੇ ਇਸ ਥਾਂ ਹੀ ਰੱਖ ਲਵਾਂਗਾ। ਫਿਰ ਇਹ ਇਸ ਮੋਦੀਖਾਨੇ ਨਹੀਂ ਬੈਠੇਗਾ, ਇਸ ਨੇ ਮੈਨੂੰ ਰਿਸ਼ਵਤ ਨਹੀਂ ਦਿੱਤੀ, ਇਹ ਮੈਨੂੰ ਜਾਣਦਾ ਨਹੀਂ ਕਿ ਮੈਂ ਕਿਹੋ ਜਿਹਾ ਬੰਦਾ ਹਾਂ॥ ੫੧॥

ਮਿਲਿ ਬੈਸੇ ਦੋਨੋ ਇਕ ਥਾਨਾ। ਲੇਖਾ ਹੋਵਨਿ ਲਗੋ ਮਹਾਨਾ।
ਪ੍ਰਥਮ ਲਿਖਾਯੋ ਆਮਦ ਦਰਬਾ। ਲਯੋ ਨ੍ਰਿਪਤ ਢਿਗ ਤੇ ਜੋ ਸਰਬਾ॥੫੨॥

ਦੋਵੇਂ ਮਿਲ ਕੇ ਇਕ ਥਾਂ ਬੈਠ ਗਏ ਤੇ ਮਹਾਨ ਲੇਖਾ ਹੋਵਣ ਲੱਗਾ, ਪਹਿਲਾਂ ਆਮਦਨ ਧਨ ਲਿਖਾਇਆ, ਜਿਹੜਾ ਕਿ ਨਵਾਬ ਨੇ ਉਨ੍ਹਾਂ ਪਾਸੋਂ ਲੈ ਲਿਆ ਸੀ॥ ੫੨॥

ਲਿਖਨਿ ਲਗੇ ਪੁਨਿ ਖਰਚ ਮਹਾਨਾ। ਜਿਹ ਕੋ ਅੰਤ ਕਠਨ ਵਿਧਿ ਜਾਨਾ।
ਮਹਾਂ ਕੁਟਿਲ ਬਹੁ ਪਾਇ ਅਰਾਵਨ। ਕੂਰ ਬਚਨ ਕਹਿ ਹੇਤ ਡਰਾਵਨ॥੫੩॥

ਫਿਰ ਜੋ ਕੁਝ ਖਰਚ ਹੋਇਆ ਸੀ, ਉਹ ਕੁਝ ਲਿਖਣ ਲੱਗੇ, ਜਿਸ ਨੂੰ ਅਖੀਰ ਵਿਚ ਬੜੀ ਮੁਸ਼ਕਿਲ ਨਾਲ ਸਮਝਿਆ। ਭੈੜੀ ਨੀਤ ਵਾਲਾ ਮੁਨਸ਼ੀ ਬਾਰ-ਬਾਰ ਅੜਾਉਣੀਆਂ ਪਾਉਂਦਾ ਸੀ, ਅਤੇ ਭੈੜੇ ਲਫ਼ਜ਼ ਕਹਿ ਕੇ ਡਰਾਉਂਦਾ ਸੀ॥ ੫੩॥

ਗਰਬ ਕਰਹਿ ਜਿਉ ਰਿੰਙਣਜੋਤੀ। ਰਵਿਹਿ ਦਬਾਵਹਿ ਨਿਜਹਿ ਉਦੋਤੀ।
ਮਹਾਂ ਮੰਦਮਤਿ ਜਾਂਨਹਿ ਨਾਂਹੀ।-ਇਹ ਕਰਤਾਰ ਰੂਪ ਭਵ ਮਾਂਹੀ-॥੫੪॥

ਜੁਗਨੂੰ ਵਾਂਗ ਬੜਾ ਘੁਮੰਡ ਕਰਦਾ ਸੀ। ਜਿਵੇਂ ਜੁਗਨੂੰ ਆਪਣੀ ਰੋਸ਼ਨੀ ਵਿਖਾ ਕੇ ਸੂਰਜ ਨੂੰ ਦਬਾ ਰਿਹਾ ਹੋਵੇ। ਮੂਰਖ ਇਹ ਜਾਣਦਾ ਨਹੀਂ ਸੀ ਕਿ ਇਹ ਤਾਂ ਸੰਸਾਰ ਵਿਚ ਕਰਤਾਰ ਰੂਪ ਸੀ॥ ੫੪॥

ਪੰਚ ਦਿਵਸ ਲੌ ਲੇਖਾ ਭਾਰਾ। ਕਰਤਿ ਬਾਦ ਬਹੁ ਲਿਖਜੋ ਗਵਾਰਾ।
ਗਿਨੇ ਤੀਨ ਸੈ ਬਹੁਰ ਇਕੀਸਾ। ਲੇਨੇ ਸੇਖੂ ਸ੍ਰੀ ਜਗਦੀਸਾ॥ ੫੫॥

ਪੰਜਾਂ ਦਿਨਾਂ ਤਕ ਭਾਰੀ ਲੇਖਾ ਹੁੰਦਾ ਰਿਹਾ। ਝਗੜਾ ਕਰਕੇ ਮੂਰਖ ਨੇ ਬਹੁਤ ਕੁਝ ਲਿਖਿਆ। ਪਰ ਫਿਰ ਵੀ ਗੁਰੂ ਜੀ ਦੇ ਤਿੰਨ ਸੌ ਇੱਕੀ ਰੁਪਏ ਨਵਾਬ ਵਲ ਨਿਕਲੇ॥ ੫੫॥

ਝੂਰ ਬਿਸੂਰਤਿ ਮੂਰਖ ਮਾਨੀ। ਬੂੜ ਗਯੋ ਤਤਛਿਨ ਬਿਨ ਪਾਨੀ।
ਮਮ ਅਭਿਲਾਖਾ ਰਾਖਨਿ ਊਰਾ। ਸੇਖ ਨਿਕਾਸੇ ਭਯੋ ਨ ਪੂਰਾ॥ ੫੬॥

ਮੂਰਖ ਮੁਨਸ਼ੀ ਨੇ ਜਦ ਵੇਖਿਆ, ਧਨ ਘਟਣ ਦੀ ਥਾਂ ਗੁਰੂ ਜੀ ਦਾ ਬਕਾਇਆ ਨਿਕਲਦਾ ਹੈ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਇੰਝ ਝੂਰ ਗਿਆ ਜਿਵੇਂ ਪੌਦਾ ਪਾਣੀ ਬਗੈਰ ਕੁਮਲਾ ਜਾਂਦਾ ਹੈ। ਕਹਿਣ ਲੱਗਾ, "ਮੇਰੀ ਤਾਂ ਇਹ ਖਾਹਿਸ਼ ਸੀ ਕਿ ਮੈਂ ਗੁਰੂ ਜੀ ਨੂੰ ਘਾਟੇ ਵਿਚ ਰੱਖਾਂਗਾ, ਪਰ ਇਸ ਨੇ ਤਾਂ ਨਵਾਬ ਵਲ ਬਾਕੀ ਕੱਢੀ ਹੈ॥ ੫੬॥

ਬਾਰ ਬਾਰ ਨ੍ਰਿਪ ਤੇ ਧਨ ਲੀਨਾ। ਨਿਸ ਦਿਨ ਅਧਿਕ ਲੁਟਾਵਨ ਕੀਨਾ।
ਲੇਨਹਾਰ ਧਨ ਰਹਜੋ ਬਹੋਰੀ। ਅਚਰਜ ਲਖਿ ਨ ਸਕਤਿ ਮਤਿ ਮੋਰੀ-॥੫੭॥

ਇਸ ਨੇ ਬਾਰ-ਬਾਰ ਨਵਾਬ ਤੋਂ ਧਨ ਲਿਆ ਹੈ ਅਤੇ ਦਿਨ ਰਾਤ ਲੁਟਾਉਂਦਾ ਵੀ ਰਿਹਾ ਹੈ। ਫਿਰ ਵੀ ਗੁਰੂ ਜੀ ਲੈਣਹਾਰੇ ਨਿਕਲੇ। ਮੇਰੀ ਮੂਰਖ ਮਤ ਇਸ ਅਸਚਰਜ ਕੌਤਕ ਨੂੰ ਸਮਝ ਨਾ ਸਕੀ ਹੈ॥ ੫੭॥

ਗਮਨਜੋ ਸਦਨ ਬਦਨ ਬਹੁ ਲਾਜਾ। ਦਯੋ ਨ ਉੱਤਰ ਕੋ ਢਿਗ ਰਾਜਾ।
ਆਪਨ ਅਪਨੀ ਪੰਕਜ ਲੋਚਨ। ਆਨ ਬਿਰਾਜੇ ਬੰਧ ਬਿਮੋਚਨ॥ ੫੮॥

ਬੜਾ ਸ਼ਰਮਿੰਦਾ ਹੋ ਕੇ ਆਪਣੇ ਘਰ ਨੂੰ ਚਲਾ ਗਿਆ ਤੇ ਨਵਾਬ ਪਾਸ ਜਾ ਕੇ ਉਸ ਨੂੰ ਕੋਈ ਉੱਤਰ ਨਾ ਦਿੱਤਾ। ਕਮਲ ਨੈਣ ਅਤੇ ਮੁਕਤੀ ਦਾਤੇ ਆਪਣੀ ਹੱਟੀ ਤੇ ਆ ਬਿਰਾਜੇ॥ ੫੮॥

ਸਰਿਤਾ ਚਿੰਤ ਚੀਤ ਜੈਰਾਮਾ। ਬਹਜੋ ਜਾਤਿ ਥੋ ਆਠੋ ਜਾਮਾ।
ਸੁਨੀ ਗਿਰਾ ਉਰ ਹਰਖਹਿ ਕਰਨੀ। ਭਯੋ ਧੀਰ ਪਾਈ ਜਨੁ ਤਰਨੀ॥ ੫੯॥

ਜੈ ਰਾਮ ਜਿਹੜੇ ਚਿੰਤਾ ਰੂਪੀ ਨਦੀ ਵਿਚ ਅੱਠੇ ਪਹਿਰ ਡੁੱਬੇ ਰਹਿੰਦੇ ਸਨ, ਜਦ ਉਨ੍ਹਾਂ ਨੇ ਗੁਰੂ ਸਾਹਿਬ ਬਾਰੇ ਗੱਲ ਸੁਣੀ ਤਾਂ ਬਹੁਤ ਪ੍ਰਸੰਨ ਹੋਏ। ਮਨ ਵਿਚ ਧੀਰਜ ਆਇਆ, ਮਾਨੋ ਚਿੰਤਾ ਦੀ ਨਦੀ ਵਿਚੋ ਬਾਹਰ ਨਿਕਲਣ ਲਈ ਉਨ੍ਹਾਂ ਨੂੰ ਬੇੜੀ ਮਿਲ ਗਈ ਹੋਵੇ॥ ੫੯॥

ਤੂਰਨ ਗਮਨਜੋ ਨਿਕਟਿ ਨ੍ਰਿਪਾਲਾ। ਬੋਲਜੋ ਬਾਨੀ ਬਿਸਦ ਬਿਸਾਲਾ।
'ਪੰਜ ਦਿਵਸ ਲੋ ਲੇਖਾ ਕੀਨੋ। ਸਗਰੋ ਅਬ ਪੂਰਨ ਭਾ ਚੀਨੋ'॥ ੬੦॥

ਉਹ ਤੁਰੰਤ ਨਵਾਬ ਦੇ ਪਾਸ ਗਿਆ ਤੇ ਉਸ ਨੂੰ ਬੜੇ ਮਿੱਠੇ ਸ਼ਬਦਾਂ ਵਿਚ ਸਾਰੀ ਗੱਲਬਾਤ ਦੱਸੀ। "ਪੰਜ ਦਿਨ ਤਕ ਲੇਖਾ ਕੀਤਾ। ਸਭ ਕੁਝ ਦੀ ਪੂਰਨ ਤਸੱਲੀ ਨਾਲ ਜਾਂਚ ਪੜਤਾਲ ਕੀਤੀ"॥ ੬੦॥

ਸੁਨਿ ਬੂਝਤਿ ਨ੍ਰਿਪ ਸੰਸੈ ਜਾਸੁ। 'ਕਿਸ ਕੀ ਸ਼ੇਸ਼ ਰਹੀ ਕਿਸ ਪਾਸੁ?'
ਕਹਿ ਜਰਾਮ 'ਸੁਧ ਮੋਹਿ ਨ ਸਾਰੀ। ਨਵੀਸਿੰਦ ਨਿਜ ਲੇਹੁ ਹਕਾਰੀ॥ ੬੧॥

ਇਹ ਸੁਣ ਕੇ ਨਵਾਬ ਜਿਸ ਨੂੰ ਕਿ ਵੱਡਾ ਸੰਸਾ ਸੀ, ਪੁੱਛਦਾ ਹੈ, "ਹੁਣ ਕਿਸਦਾ ਬਕਾਇਆ ਕਿਸ ਵਲ ਰਿਹਾ ਹੈ?" ਜੈ ਰਾਮ ਕਹਿਣ ਲੱਗਾ, "ਮੈਨੂੰ ਪੂਰੀ ਖਬਰ ਨਹੀਂ ਹੈ, ਪਰ ਤੁਸੀਂ ਮੁਨਸ਼ੀ ਨੂੰ ਬੁਲਾ ਕੇ ਪੁੱਛ ਲਵੋ"॥ ੬੧॥

ਮਤਸਰ ਅਗਨਿ ਸੰਗ ਜਿਹ ਛਾਤੀ। ਜਰਤਿ ਰਹਤਿ ਜਿਵ ਹੋਤਿ ਅਰਾਤੀ'।
ਤਬ ਨਬਾਬ ਨਿਜ ਦਾਸ ਪਠਾਯਾ। ਤੁਰਨ ਅਪਨੇ ਨਿਕਟ ਬੁਲਾਯਾ॥ ੬੨॥

ਜਿਵੇਂ ਈਰਖਾ ਦੀ ਅਗਨੀ ਨਾਲ ਛਾਤੀ ਜਲਦੀ ਹੈ, ਅਤੇ ਸੜਦੀ ਰਹਿੰਦੀ ਹੈ, ਜਿਵੇਂ ਕਿ ਵੈਰੀ ਹੋਵੇ। ਤਦ ਨਵਾਬ ਨੇ ਉਸੇ ਵੇਲੇ ਆਪਣੇ ਨੌਕਰ ਨੂੰ ਭੇਜਿਆ ਤੇ ਮੁਨਸ਼ੀ ਨੂੰ ਆਪਣੇ ਪਾਸ ਬੁਲਾਇਆ॥ ੬੨॥

'ਕਿਵ ਗਿਨਤੀ ਮਹਿੰ ਕੀਨਿ ਨਿਬੇਰੀ। ਕਿਸਕੀ ਕਿਸਦਿਸ਼ ਸ਼ੇਸ਼ ਘਨੇਰੀ?'
ਬੋਲਜੋ ਬੈਨ ਬਦਨ ਬਡ ਬ੍ਰੀੜਾ। ਕਹਿ ਨ ਸਕਤਿ ਜਿਵ ਮਾਨਤਿ ਪੀੜਾ॥ ੬੩॥

ਨਵਾਬ ਨੇ ਪੁੱਛਿਆ, "ਗਿਣਤੀ ਦਾ ਫਿਰ ਕੀ ਨਿਬੇੜਾ ਹੋਇਆ ਹੈ। ਕਿਸ ਦਾ ਕਿਸ ਵੱਲ ਬਾਕੀ ਬਚਦਾ ਹੈ ਜਾਂ ਵਧਦਾ ਹੈ?" ਬੜਾ ਸ਼ਰਮਿੰਦਾ ਹੋ ਕੇ ਮੁਨਸ਼ੀ ਕੁਝ ਬੋਲਣ ਲੱਗਾ, ਪਰ ਉਸ ਪਾਸੋਂ ਕੁਝ ਕਿਹਾ ਨਹੀਂ ਸੀ ਜਾ ਰਿਹਾ, ਜਿਵੇਂ ਕਿ ਬੜੀ ਪੀੜ ਅਨੁਭਵ ਕਰ ਰਿਹਾ ਹੋਵੇ॥ ੬੩॥

'ਬਿਦਤ ਬਾਦ ਮੋਦੀ ਖ੍ਵੈ ਧਨ ਕੋ। ਦੇਤਿ ਸਦਾ ਰੰਕਨ ਅਨਗਨ ਕੋ।
ਲੇਖੇ ਮਹਿ ਨਿਤ ਸ਼ੇਖ ਨਿਕਾਸੈ। ਜਾਇ ਨ ਪਾਯੋ ਕਛੁ ਤਿਹ ਆਸ਼ੈ॥ ੬੪॥

ਇਹ ਗੱਲ ਜ਼ਾਹਰਾ ਰੂਪ ਵਿਚ ਪ੍ਰਗਟ ਹੈ ਕਿ ਮੋਦੀ ਵਿਅਰਥ ਧਨ ਗਵਾਉਂਦਾ ਹੈ। ਸਦਾ ਹੀ ਅਨੇਕਾਂ ਗਰੀਬਾਂ ਨੂੰ ਧਨ ਦਿੰਦਾ ਰਹਿੰਦਾ ਹੈ। ਪਰ ਲੇਖਾ ਕਰਨ ਸਮੇਂ ਸਦਾ ਨਵਾਬ ਵਲ ਬਕਾਇਆ ਨਿਕਲਦਾ ਹੈ। ਇਹ ਗੱਲ ਮੇਰੀ ਸਮਝ ਵਿਚ ਨਹੀਂ ਆਉਂਦੀ ਹੈ॥ ੬੪॥

ਅਬ ਮੈਂ ਲੇਖਾ ਕੀਨ ਸ਼ੁਮਾਰਾ। ਬਹੁਰ ਬਹੁਰ ਲਿਖਿ ਬਹੁਤ ਵਿਚਾਰਾ॥
ਗਿਨੇ ਤੀਨ ਸੈ ਸੰਗ ਇਕੀਸਾ। ਤੁਮ ਦਿਸ਼ ਪਹੁੰਚੇ, ਸੁਨੋ ਛਿਤੀਸਾ!' ॥ ੬੫ ॥

ਹੁਣ ਮੈਂ ਲੇਖਾ ਬਾਰ-ਬਾਰ ਗਿਣਿਆ ਹੈ, ਬਾਰ-ਬਾਰ ਲਿਖ ਕੇ ਬਹੁਤ ਵਿਚਾਰਿਆ ਹੈ, ਪਰ ਫਿਰ ਵੀ ਹੇ ਨਵਾਬ ਜੀ! ਹੁਣ ਤਿੰਨ ਸੌ ਇੱਕੀ ਰੁਪਏ ਤੁਹਾਡੇ ਵੱਲ ਨਿਕਲਦੇ ਹਨ''॥ ੬੫॥

ਤਬ ਨਬਾਬ ਬੋਲਜੋ ਬਿਸਮਾਨਜੋ। 'ਮੁਝ ਢਿਗ ਬਹੁਤਨਿ ਆਨਿ ਬਖਾਨਜੋ।
ਮੋਦੀ ਹੋਇ ਪਲਾਇਨ ਕਬ ਹੀ। ਦਰਬ ਸੰਭਾਰਿ ਲੇਹੁ ਨਿਜ ਸਭਿ ਹੀ ॥੬੬ ॥

ਤਦ ਨਵਾਬ ਖੁਸ਼ ਹੋ ਕੇ ਬੋਲਿਆ, ''ਮੈਨੂੰ ਬਹੁਤ ਲੋਕਾਂ ਨੇ ਆ ਕੇ ਕਿਹਾ ਹੈ ਕਿ ਮੋਦੀ ਕਿਸੇ ਵੇਲੇ ਵੀ ਭੱਜ ਸਕਦਾ ਹੈ, ਤੁਸੀਂ ਸਾਰਾ ਧਨ ਹੁਣ ਆਪ ਸੰਭਾਲ ਲਵੋ॥ ੬੬॥

ਦੁਸ਼ਟ ਪਿਸ਼ਨ ਬੋਲਤਿ ਬਚ ਝੂਠੇ। ਦੇਖਿ ਸਕਹਿਂ ਨਹਿਂ ਮਤਸਰ ਮੂਠੇ।
ਦਾਨਿ ਦੇਨਿ ਤੇ ਸਰਸਤਿ ਮੋਦੀ'। ਅਸ ਕਹਿ ਤੂਸ਼ਨ ਭੂਪਤਿ ਲੋਦੀ ॥ ੬੭ ॥

ਦੁਸ਼ਟ ਚੁਗਲ ਲੋਕ ਝੂਠ ਬੱਕਦੇ ਰਹੇ ਹਨ। ਇਹ ਈਰਖਾ ਦੇ ਮਾਰੇ ਹੋਏ ਕੁਝ ਵੇਖ ਨਹੀਂ ਸਕੇ। ਦਾਨ ਦੇਣ ਨਾਲ ਮੋਦੀ ਦਾ ਧਨ ਵਧਦਾ ਹੈ।'' ਇਹ ਕਹਿ ਕੇ ਨਵਾਬ ਲੋਦੀ ਚੁਪ ਹੋ ਗਿਆ॥ ੬੭॥

ਤਬ ਜਰਾਮ ਬੋਲਜੋ 'ਸੁਨਿ ਰਾਊ! ਮੋਦੀ ਕਰਤਿ ਦੁਖਾਉ ਨ ਕਾਊ।
ਧਨ ਸੰਚੈਂ ਨਰ ਜੇ ਪਰਪੰਚੀ। ਦਾਨ ਦੇਤਿ ਸੋ, ਰਖਤਿ ਨ ਸੰਚੀ' ॥ ੬੮ ॥

ਫਿਰ ਜੈ ਰਾਮ ਬੋਲਿਆ, ''ਹੇ ਨਵਾਬ ਜੀ! ਸੁਣੋ, ਮੋਦੀ ਕਿਸੇ ਦਾ ਦਿਲ ਨਹੀ ਦੁਖਾਉਂਦਾ। ਜੋ ਪਰਪੰਚੀ ਲੋਕ ਹਨ, ਉਹ ਧਨ ਇਕੱਠਾ ਕਰਦੇ ਹਨ। ਪਰ ਮੋਦੀ ਦਾਨ ਦਿੰਦਾ ਹੈ, ਧਨ ਇਕੱਠਾ ਕਰਕੇ ਨਹੀਂ ਰਖਦਾ''॥ ੬੮॥

ਪਿਸ਼ਨ ਸਭਾ ਮੈਂ ਸੁਨਿ ਕਰਿ ਲਾਜੇ। ਸਭਿ ਪਰ ਸ੍ਰੀ ਨਾਨਕ ਜਸ ਛਾਜੇ।
ਜਿਉਂ ਰਵਿ ਉਦੈ ਹੋਇ ਬਿਧਿ ਨੀਕੀ। ਦੀਪਕ ਦੀਪਤਿ ਪਰਿਹੀ ਫੀਕੀ ॥੬੯ ॥

ਚੁਗਲਾਂ ਨੇ ਜਦ ਸਭਾ ਵਿਚ ਇਹ ਗੱਲ ਸੁਣੀ ਤਾਂ ਉਹ ਬਹੁਤ ਸ਼ਰਮਿੰਦੇ ਹੋਏ। ਸਾਰਿਆਂ ਉਤੇ ਸ੍ਰੀ ਨਾਨਕ ਦਾ ਜੱਸ ਛਾ ਗਿਆ। ਜਿਵੇਂ ਸੂਰਜ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਦੀਵੇ ਦੀ ਲੋਅ ਫਿੱਕੀ ਪੈ ਜਾਂਦੀ ਹੈ॥ ੬੯॥

ਦੌਲਤ ਖਾਨ ਸਮਝ ਸਭਿ ਭਾਂਤੀ। ਚਾਹਤਿ ਰਿਦੈ ਦੇਨਿ ਧਨ ਥਾਤੀ।
ਕੋਸ਼ਪ ਦਾਸ ਪਠਾਇ ਬੁਲਾਯਾ। ਨਿਕਟ ਬਿਠਾਯੋ, ਬਚਨ ਅਲਾਯਾ ॥ ੭੦ ॥

ਦੌਲਤ ਖਾਂ ਸਭ ਪ੍ਰਕਾਰ ਨਾਲ ਸਮਝ ਗਿਆ ਤਾਂ ਹਿਰਦੇ ਵਿਚ ਚਾਹੁੰਦਾ ਸੀ ਕਿ ਗੁਰੂ ਜੀ ਨੂੰ ਧਨ ਦੀ ਥੈਲੀ ਦੇਵੇ। ਨੌਕਰ ਨੂੰ ਭੇਜ ਕੇ ਖਜ਼ਾਨਚੀ ਨੂੰ ਬੁਲਾਇਆ। ਉਸ ਨੂੰ ਆਪਣੇ ਨੇੜੇ ਬਿਠਾ ਕੇ ਕਿਹਾ॥ ੭੦॥

'ਸੁਨਹੁ ਭਵਾਨੀਦਾਸੰ ਤੂਰਨ। ਦੀਜੈ ਮੋਦੀ ਸ਼ੇਖ ਸਪੂਰਨ।
ਤੀਨ ਹਜ਼ਾਰ ਦੇਹੁ ਧਨ ਔਰੀ। ਆਗੇ ਚਲਿਹੈ ਕਾਰ ਬਹੋਰੀ॥ ੭੧ ॥

''ਭਵਾਨੀ ਦਾਸ! ਸੁਣੋ, ਮੋਦੀ ਨੂੰ ਬਾਕੀ ਦੀ ਸਾਰੀ ਰਕਮ ਤੁਰੰਤ ਦੇ ਦੇਵੋ। ਤਿੰਨ ਹਜ਼ਾਰ ਦੀ ਰਕਮ ਇਸ ਨੂੰ ਹੋਰ ਦੇਵੋ, ਤਾਂਕਿ ਅੱਗੇ ਫਿਰ ਕਾਰ-ਵਿਹਾਰ ਚਲਦਾ ਰਹੇ॥ ੭੧॥

ਸੁਨਿ ਕਰਿ ਗਮਨਜੋ ਜਹਾਂ ਖਜ਼ਾਨਾ। ਨਿਕਟ ਹਕਾਰਜੋ ਕ੍ਰਿਪਾ ਨਿਧਾਨਾ।
ਗਿਨ ਕਰਿ ਧਨ ਦੀਨੀ ਤਿਨ ਥਾਤੀ। ਜਹਿਂ ਤੇ ਛਾਤੀ ਜਰਤਿ ਅਰਾਤੀ ॥੭੨ ॥

ਇਹ ਸੁਣ ਕੇ ਉਥੇ ਪੁੱਜਾ ਜਿਥੇ ਖਜ਼ਾਨਾ ਸੀ ਤੇ ਉਥੇ ਨੇੜੇ ਹੀ ਕਿਰਪਾ ਦੇ ਖਜ਼ਾਨੇ ਗੁਰੂ ਜੀ ਨੂੰ ਵੇਖਿਆ। ਉਸ ਨੂੰ ਸਾਰਾ ਧਨ ਗਿਣ ਕੇ ਥੈਲੀ ਦਿੱਤੀ, ਜਿਸ ਨੂੰ ਵੇਖ ਕੇ ਵੈਰੀਆਂ ਦੀ ਛਾਤੀ ਸੜਦੀ ਹੈ॥ ੭੨॥

ਕੰਧ ਉਚਾਵੇ ਮੈਂ ਕਹਿ ਬਾਲਾ। ਆਪਨਿ ਘਰ ਆਨੇ ਤਤਕਾਲਾ।
ਚਲਿ ਜਰਾਮ ਤਬ ਤਿਹਠਾਂ ਆਵਾ। ਸੁਖਦਾ ਪਿਖਿ ਹਿਰਦਾ ਹਰਖਾਵਾ ॥੭੩ ॥

ਬਾਲੇ ਨੇ ਕਿਹਾ, "ਮੈਨੂੰ ਬੁਲਾ ਕੇ ਮੇਰੇ ਮੋਢੇ ਤੇ ਰੱਖ ਦਿੱਤੇ ਤੇ ਤੁਰੰਤ ਆਪਣੇ ਘਰ ਆ ਗਏ। ਜੈ ਰਾਮ ਫਿਰ ਉਸ ਥਾਂ ਚਲ ਕੇ ਆਇਆ ਤੇ ਸੁਖਦਾਤੇ ਨੂੰ ਵੇਖ ਕੇ ਉਸ ਦਾ ਹਿਰਦਾ ਬਹੁਤ ਪ੍ਰਸੰਨ ਹੋਇਆ॥ ੭੩॥

ਤੀਨ ਹਜ਼ਾਰ ਲੀਨ ਕਰਿ ਨਜਾਰੇ। ਧਰਜੇ ਜਰਾਮ ਧਾਮ ਸੋ ਸਾਰੇ।
ਰਹਾ ਸ਼ੇਖ ਹਿਤ ਆਪਨ ਕਾਜਾ। ਸੌਦਾ ਲੀਨ ਗਰੀਬ ਨਿਵਾਜਾ॥ ੭੪॥

ਤਿੰਨ ਹਜ਼ਾਰ ਰੁਪਈਆ ਵੱਖਰਾ ਲਿਆ ਕੇ ਸਾਰਾ ਜੈ ਰਾਮ ਦੇ ਘਰ ਰੱਖ ਦਿੱਤਾ। ਜਿਹੜਾ ਬਕਾਇਆ ਮਿਲਿਆ ਸੀ ਉਹ ਆਪਣੇ ਕੰਮ ਵਾਸਤੇ ਰੱਖ ਲਿਆ, ਤਾਂਕਿ ਉਸ ਨਾਲ ਹੋਰ ਸੌਦਾ ਲਿਆ ਜਾ ਸਕੇ ਅਤੇ ਗਰੀਬ ਨਿਵਾਜ਼ ਗਰੀਬਾਂ ਵਿਚ ਵੰਡ ਸਕਣ॥ ੭੪॥

ਕਰਨ ਲਗੇ ਕਾਰਜ ਪੁਨ ਤੈਸੇ। ਮਨ ਉਦਾਰਤਾ ਪੂਰਬ ਜੈਸੇ।
ਪਾਵਹਿਂ ਭੋਜਨ ਸਭੈ ਭਿਖਾਰੀ। ਲੇ ਅਹਾਰ ਨ੍ਰਿਪ ਸੈਨਾ ਸਾਰੀ॥ ੭੫॥

ਫਿਰ ਪਹਿਲਾਂ ਵਾਂਗ ਕੰਮ ਕਰਨ ਲੱਗ ਗਏ ਤੇ ਮਨ ਦੀ ਉਦਾਰਤਾ ਪਹਿਲੇ ਵਾਂਗ ਹੀ ਸੀ। ਸਾਰੇ ਭਿਖਾਰੀ ਭੋਜਨ ਛੱਕਦੇ ਸਨ ਤੇ ਨਵਾਬ ਦੀ ਸਾਰੀ ਫੌਜ ਰਾਸ਼ਨ ਲੈਂਦੀ ਸੀ॥ ੭੫॥

ਤਬ ਜੈਰਾਮ ਧਾਮ ਨਿਜ ਆਯਾ। ਕਾਲੂਤਨੀਆ ਵਾਕ ਅਲਾਯਾ।
'ਕਿਸ ਬਿਧਿ ਭਯੋ ਭ੍ਰਾਤ ਕੋ ਲੇਖਾ। ਕਿਸਕੀ ਕਿਸ ਦਿਸ਼ਿ ਨਿਕਸੀ ਸ਼ੇਖਾ ? ॥੭੬॥

ਤਦ ਜੈ ਰਾਮ ਆਪਣੇ ਘਰ ਆਇਆ ਤਾਂ ਬੇਬੇ ਨਾਨਕੀ ਨੇ ਇਹ ਸ਼ਬਦ ਕਹੇ, "ਭਰਾ ਦਾ ਲੇਖਾ ਕਿਵੇਂ ਰਿਹਾ ? ਕਿਸ ਦਾ ਬਕਾਇਆ ਕਿਸ ਵੱਲ ਰਿਹਾ ਹੈ ?॥ ੭੬॥

ਰਹੀ ਕਾਰ ਕੇ ਤਜੀ ਬਹੋਰੀ ? ਦਿਵਸ ਪਾਂਚ ਲੌ ਗਿਨਤੀ ਟੋਰੀ'।
ਬੋਲਜੋ ਤਬ ਜੈਰਾਮ ਅਦੰਭਾ। 'ਨਿਤ ਦੇਖਤਿ ਮੁਝ ਹੋਤਿ ਅਚੰਭਾ॥ ੭੭॥

ਕੰਮ-ਕਾਜ ਰਖਿਆ ਹੈ ਕਿ ਫਿਰ ਛੱਡ ਦਿੱਤਾ ਹੈ ? ਪੰਜ ਦਿਨ ਤਕ ਗਿਣਤੀ ਹੁੰਦੀ ਰਹੀ ਹੈ।" ਫਿਰ ਜੈ ਰਾਮ ਨੇ ਸਚੋ-ਸੱਚ ਬੋਲ ਦਿੱਤਾ ਅਤੇ ਕਿਹਾ, "ਮੈਨੂੰ ਨਿਤ ਵੇਖ ਵੇਖ ਕੇ ਅਸਚਰਜਤਾ ਹੁੰਦੀ ਹੈ॥ ੭੭॥

ਸਦਾ ਫਕੀਰਨ ਕੀ ਦਰ ਭੀਰਾ। ਸਭਿ ਕੋ ਦੇਵਹਿਂ ਗੁਨੀ ਗਹੀਰਾ।
ਲੇਖੇ ਕਰਨ ਵਿਖੇ ਬਰਿਆਈ। ਕਾਢਹਿਂ ਅਪਨੀ ਸ਼ੇਖ ਵਧਾਈ॥ ੭੮॥

ਸਦਾ ਫਕੀਰਾਂ ਦੀ ਦਰਵਾਜ਼ੇ ਤੇ ਭੀੜ ਲੱਗੀ ਰਹਿੰਦੀ ਤੇ ਗੁਨੀ ਗਹੀਰਾ ਭਾਵ-ਗੁਰੂ ਜੀ ਸਭ ਨੂੰ ਦਿੰਦੇ ਹਨ। ਪਰ ਲੇਖਾ ਕਰਨ ਸਮੇਂ ਚੋਰੇ-ਚੋਰੀ ਆਪਣਾ ਬਕਾਇਆ ਵਧਾ ਲੈਂਦੇ ਹਨ॥ ੭੮॥

ਲੇਖਕ ਹਾਰੇ ਅਧਿਕ ਪ੍ਰਬੀਨਾ। ਲੱਜਤਿ ਭੇ ਮਨ ਅਚਰਜ ਚੀਨਾ।
ਤ੍ਰੈ ਸੈ ਤ੍ਰੈ ਸਹੰਸ੍ਰ ਇੱਕੀਸਾ। ਆਨੇ ਆਪਨ ਦੀਨ ਮਹੀਸ਼ਾ॥ ੭੯॥

ਵੱਡੇ-ਵੱਡੇ ਚਾਤਰ ਮੁਨਸ਼ੀ ਹਾਰ ਗਏ ਹਨ। ਸ਼ਰਮਿੰਦੇ ਹੋ ਕੇ ਮਨ ਵਿਚ ਹੈਰਾਨ ਰਹਿ ਜਾਂਦੇ ਹਨ। ਤਿੰਨ ਹਜ਼ਾਰ ਤਿੰਨ ਸੌ ਇੱਕੀ ਰੁਪਏ ਨਵਾਬ ਨੇ ਹੱਟੀ ਤੇ ਦਿੱਤੇ ਹਨ"॥ ੭੯॥

ਭਨੇ ਨਾਨਕੀ 'ਸੋਦਰ ਮੇਰਾ। ਤਿਨਕੋ ਪਤਾ ਰਾਇ ਨੈ ਹੇਰਾ।
ਦਿਢ ਸ਼ਰਧਾ ਮਹਿਂ ਮਨ ਠਹਿਰਾਨਾ। ਸੁਖਦਾਨੀ ਤੇ ਸੋ ਵਰੁਸਾਨਾ' ॥ ੮੦ ॥

ਬੇਬੇ ਨਾਨਕੀ ਆਖਦੀ ਹੈ ਕਿ "ਮੇਰੇ ਭਰਾ ਨੂੰ ਰਾਇ ਬੁਲਾਰ ਨੇ ਪਰਤਾਇਆ ਹੈ ਅਤੇ ਉਸ ਦੀ ਅਜ਼ਮਤ ਨੂੰ ਸਮਝਿਆ ਹੈ। ਦ੍ਰਿੜ੍ਹ ਸ਼ਰਧਾ ਵਿਚ ਉਸ ਦਾ ਮਨ ਠਹਿਰਿਆ ਹੈ ਤੇ ਸੁਖਾਂ ਦੇ ਦਾਤੇ ਨੂੰ ਉਸ ਵਰੋਸਾਇਆ ਹੈ" ॥ ੮੦ ॥

'ਸੁਨਿ ਸੁਮਤੇ! ਇਸਤੇ ਸੰਸਾਰਾ। ਬਹੁ ਵਰੁਸਾਵਹਿ ਹੋਇ ਉਧਾਰਾ।
ਇਕ ਬੁਲਾਰ ਕੀ ਕਹਾ ਹੈ ਗਿਨਤੀ। ਤਰਹਿਂ ਅਸੁਰ ਸੁਰ ਕਰਹਿਂ ਜਿ ਬਿਨਤੀ' ॥੯੧ ॥

ਹੇ ਸ੍ਰੇਸ਼ਟ ਬੁੱਧੀ ਵਾਲੀ! ਸੁਣੋ, ਇਸ ਪਾਸੋਂ ਸੰਸਾਰ ਦਾ ਬਹੁਤ ਕਲਿਆਣ ਅਤੇ ਉਧਾਰ ਹੋਵੇਗਾ। ਇਕ ਬੁਲਾਰ ਦੀ ਕੀ ਗਿਣਤੀ ਹੈ, ਇਸ ਅੱਗੇ ਤਾਂ ਦੇਵਤੇ ਅਤੇ ਰਾਕਸ਼ ਬੇਨਤੀਆਂ ਕਰਦੇ ਹਨ" ॥ ੯੧ ॥

ਦੋਹਰਾ- ਭਈ ਹਰਖਤਾ ਅਧਿਕ ਉਰ ਪਤਿ ਕੇ ਸੁਨਿ ਕਰਿ ਬੈਨ।
ਪ੍ਰਾਪਤਿ ਜਿਉਂ ਅਵਿਲੰਬਤਾ ਵਧਤਿ ਵੇਲ ਸਤ੍ਰੈਨ॥ ੯੨ ॥

ਬੇਬੇ ਨਾਨਕੀ ਪਤੀ ਦੀ ਇਹ ਗੱਲ ਸੁਣ ਕੇ ਦਿਲ ਵਿਚ ਬਹੁਤ ਖੁਸ਼ ਹੋਈ, ਜਿਵੇਂ ਕਿਸੇ ਵੇਲ ਨੂੰ ਜਦ ਕੋਈ ਆਸਰਾ ਮਿਲ ਜਾਵੇ ਤਾਂ ਉਹ ਬਹੁਤ ਵਧਦੀ ਹੈ॥ ੯੨ ॥

ਦੰਪਤਿ ਸੰਪਤ ਬਹੁਤ ਪਿਖਿ ਸ਼ਰਧਾ ਧਰਤਿ ਬਿਸਾਲ।
ਭਰਮ ਕਰਨ ਕੋ ਤਰਕ ਕਰਿ ਸੇਵਹਿਂ ਚਰਨ ਕ੍ਰਿਪਾਲ॥ ੯੩ ॥

ਪਤੀ ਪਤਨੀ ਦੀ ਗੁਰੂ ਜੀ ਪ੍ਰਤਿ ਸ਼ਰਧਾ ਬਹੁਤ ਵੱਧ ਗਈ। ਭਰਮ ਨੂੰ ਛੱਡ ਕੇ ਉਹ ਕਿਰਪਾਲੂ ਦੇ ਚਰਨਾਂ ਦੀ ਸੇਵਾ ਕਰਨ ਲੱਗੇ॥ ੯੩ ॥

*ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਹਿਸਾਬ ਕਰਨਾ' ਪ੍ਰਸੰਗ ਬਰਨਨੰ ਨਾਮ ਬੀਸਮੋ ਅਧਯਾਯ॥ ੨੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਵੀਹਵਾਂ ਅਧਿਆਇ, ਜਿਸ ਦਾ ਨਾਮ 'ਹਿਸਾਬ ਕਰਨਾ' ਹੈ, ਸਮਾਪਤ ਹੋਇਆ॥ ੨੦॥

## *ਅਧਿਆਇ ਇੱਕੀਵਾਂ*

*ਬਰਾਤ ਦੀ ਸੁਲਤਾਨਪੁਰੋਂ ਚੜ੍ਹਾਈ।*

ਦੋਹਰਾ- ਸੁੰਦਰ ਬਦਨ, ਨਿਕਦਨ ਦੁਖ, ਸਦਨ ਸੁਖਨਿ, ਗੁਨ ਭੂਰ।
ਸ੍ਰੀ ਸਤਿਗੁਰ ਹਰਿ ਕ੍ਰਿਸ਼ਨ ਜੀ ਜੈ ਜੈ ਮੰਗਲ ਮੂਰ॥ ੧॥

ਸਤਿਗੁਰੂ ਹਰਿਕ੍ਰਿਸ਼ਨ ਜੀ ਦਾ ਮੁਖੜਾ ਸੋਹਣਾ ਹੈ, ਉਹ ਦੁੱਖਾਂ ਨੂੰ ਕੱਟਣ ਵਾਲੇ, ਸੁਖਾਂ ਦੇ ਘਰ, ਗੁਣ ਭਰਪੂਰ ਅਤੇ ਖੁਸ਼ੀਆਂ ਦੇ ਮੂਲ ਹਨ। ਉਨ੍ਹਾਂ ਦੀ ਸਦਾ ਜੈ ਹੋਵੇ॥ ੧॥

*ਸ੍ਰੀ ਕਾਲਾ ਸੰਧੁਰੁ ਵਾਚ॥*

ਸੈਯਾ- ਐਸੇ ਹੀ ਕਾਲ ਬਿਤੀਤ ਕਰਾ ਇਕ ਸਾਲ ਭਯੋ ਪਸ਼ਚਾਤ ਸਗਾਈ।
ਮੂਲੇ ਨੈ ਲੀਨ ਬੁਲਾਇ ਦ੍ਵਿਜੋਤਮ ਸਾਦਰ ਆਸਨ ਦੀਨੋ ਡਸਾਈ।

ਰਾਸ ਪੈ ਸਾਹਾ ਸੁਧਾਇ ਕੈ ਸੁੱਧ ਲਿਖੀ ਪਤੀਆ ਤਤਕਾਲ ਪਠਾਈ।
ਮਾਸ ਅਸਾੜ ਸੁਦੀ ਸਪਤੈ, ਸੁਲਤਾਨਪੁਰੇ ਨਰ ਕੀਨੀ ਹੈ ਧਾਈ॥ ੨ ॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਹੀ ਸਮਾਂ ਬਤੀਤ ਕੀਤਾ ਤੇ ਸਗਾਈ ਹੋਈ ਨੂੰ ਪੂਰਾ ਇਕ ਸਾਲ ਹੋ ਗਿਆ। ਮੂਲੇ ਨੇ ਉੱਤਮ ਬ੍ਰਾਹਮਣ ਨੂੰ ਬੁਲਾ ਲਿਆ ਤੇ ਆਦਰ ਨਾਲ ਸੁੰਦਰ ਆਸਣ ਵਿਛਾ ਕੇ ਦਿੱਤਾ। ਫਿਰ ਸਾਹਾ ਸੁਧਾ ਕੇ ਸਾਹੇ ਚਿੱਠੀ ਲਿਖੀ ਅਤੇ ਪੱਤਰ ਇਕ ਆਦਮੀ ਨੂੰ ਦੇ ਕੇ ਤੁਰੰਤ ਭੇਜ ਦਿੱਤਾ। ਹਾੜ ਮਹੀਨੇ ਦੀ ਸੁਦੀ ਸਤਮੀ ਦਾ ਸਾਹਾ ਸੋਧਿਆ ਗਿਆ ਤੇ ਇਕ ਆਦਮੀ ਨੂੰ ਸੁਲਤਾਨਪੁਰ ਵੱਲ ਭੇਜ ਦਿੱਤਾ॥ ੨॥

ਆਨਿਕੈ ਨਾਨਕੀ ਭੈਨ ਦਈ ਸੁਨਿਕੈ ਮਨ ਮਾਹਿਂ ਖਿਰੀ ਸੁਖਬਾਰੀ।
ਭ੍ਰਾਤਾ ਕੋ ਪਾਨਿਗ੍ਰਹੰਨ ਹੁਵੈ ਅਰੁ ਬਾਸੁਰ ਆਜ ਕੇ ਮੈਂ ਬਲਿਹਾਰੀ।
ਪਾਤੀ ਲੇ ਹਾਥ ਜਰਾਮ ਤਬੈ ਦਿਜ ਲੀਨੋ ਬੁਲਾਇਕੈ ਪਾਠ ਉਚਾਰੀ।
ਸ੍ਰੋਨਨਿ ਮੈਂ ਸੁਨਿ ਮਾਸ ਅਸਾੜ ਕੀ ਕੀਨੀ ਤਯਾਰੀ ਸਭੈ ਅਗਵਾਰੀ॥ ੩ ॥

ਉਸ ਵਿਅਕਤੀ ਨੇ ਸਾਹੇ-ਚਿੱਠੀ ਆ ਕੇ ਬੇਬੇ ਨਾਨਕੀ ਦੇ ਘਰ ਦਿੱਤੀ। ਸਾਹੇ-ਚਿੱਠੀ ਬਾਰੇ ਸੁਣ ਕੇ ਉਹ ਮਨ ਵਿਚ ਸੁਖ ਦੀ ਵਾੜੀ ਵਾਂਗ ਖਿੜ ਉੱਠੀ। ਮੇਰੇ ਭਰਾ ਦਾ ਵਿਆਹ ਹੋਵੇ, ਇਸ ਦਿਨ ਦੇ ਅੱਜ ਮੈਂ ਬਲਿਹਾਰੀ ਜਾਂਦੀ ਹਾਂ। ਸਾਹੇ-ਚਿੱਠੀ ਹੱਥ ਵਿਚ ਲੈ ਕੇ ਜੈ ਰਾਮ ਨੇ ਬ੍ਰਾਹਮਣ ਨੂੰ ਬੁਲਾਇਆ ਤੇ ਸਾਰੇ ਪਰਿਵਾਰ ਦੇ ਸਾਹਮਣੇ ਉਸ ਨੇ ਪੜ੍ਹ ਕੇ ਸੁਣਾਈ। ਕੰਨਾਂ ਨਾਲ ਹਾੜ ਮਹੀਨੇ ਬਾਰੇ ਸੁਣ ਕੇ ਸਾਰਿਆਂ ਨੇ ਛੇਤੀ ਤਿਆਰੀ ਕਰਨ ਬਾਰੇ ਸੋਚਿਆ॥ ੩ ॥

ਕੀਨ ਬਡੋ ਉਤਸਾਹ ਭਲੋ ਚਲਿ ਨਾਗਰੀ ਆਵਤਿ ਲੋਚਨਚਾਰੀ।
ਭੂਖਨ ਅੰਬਰ ਓਢਿ ਪਟੰਬਰ ਸੁੰਦਰ ਮੰਦਰ ਅੰਦਰ ਨਾਰੀ।
ਆਸਨ ਡਾਰਤਿ ਤਾ ਸਤਿਕਾਰਤਿ ਧਾਰਤਿ ਨਾਨਕੀ ਆਨੰਦ ਭਾਰੀ।
ਗੀਤਨ ਗਾਵਤਿ ਜੇ ਮਨ ਭਾਵਤਿ ਜੀ ਹਰਖਾਵਤਿ ਹੈਂ ਮਿਲਿ ਸਾਰੀ॥ ੪ ॥

ਬੜਾ ਵੱਡਾ ਉਤਸ਼ਾਹ ਕੀਤਾ ਅਤੇ ਨਗਰ ਦੀਆਂ ਸੁੰਦਰ ਨੈਣਾਂ ਵਾਲੀਆਂ ਔਰਤਾਂ ਉਨ੍ਹਾਂ ਦੇ ਘਰ ਆਉਣ ਲੱਗੀਆਂ। ਔਰਤਾਂ ਸੁੰਦਰ ਗਹਿਣੇ, ਸੁੰਦਰ ਰੇਸ਼ਮੀ ਕਪੜੇ ਪਹਿਨ ਕੇ ਘਰ ਵਿਚ ਆ ਰਹੀਆਂ ਹਨ। ਬੇਬੇ ਨਾਨਕੀ ਉਨ੍ਹਾਂ ਦਾ ਆਦਰ ਕਰਦੀ ਹੋਈ ਸੁੰਦਰ ਬਿਸਤਰੇ ਵਿਛਾ ਰਹੀ ਸੀ ਤੇ ਉਸ ਨੇ ਮਨ ਵਿਚ ਵਚਿੱਤਰ ਅਨੰਦ ਧਾਰਨ ਕੀਤਾ ਹੋਇਆ ਹੈ। ਸਾਰੀਆਂ ਔਰਤਾਂ ਮਨ-ਭਾਉਂਦੇ ਗੀਤ ਗਾ ਰਹੀਆਂ ਹਨ ਤੇ ਸਾਰੀਆਂ ਮਿਲ ਕੇ ਪ੍ਰਸੰਨ ਹੋ ਰਹੀਆਂ ਹਨ॥ ੪ ॥

ਕਬਿੱਤ- ਨਿੱਧੇ ਕੋ ਬੁਲਾਇ ਕੈ ਜੈਰਾਮ ਇਉਂ ਅਲਾਇ ਬਚ 'ਕੀਜੀਏ ਤਯਾਰੀ ਤਲਵੰਡੀ ਦ੍ਰੁਤ ਜਾਨਿ ਕੀ'।
ਕੁੰਕਮ ਸੋਂ ਪਤੀਆ ਸੁਹਾਇ, ਮਿਸ਼ਟਾਨ ਸੰਗ, ਧਾਮ ਹੂੰ ਤੇ ਕਾਢਿ ਆਨਿ ਦੀਨੀ ਪਾਨ ਨਾਨਕੀ।
ਚਲਯੋ ਦਿਜ ਧਾਇ ਸਭਿ ਮਾਰਗ ਬਿਹਾਇ ਕਰਿ, ਕਾਲੂ ਘਰ ਜਾਇ ਸੁਧ ਦਈ ਹਰਖਾਨ ਕੀ।
ਮਾਤ ਹਰਖਾਇ ਉਰ ਆਨੰਦ ਨ ਮਾਇ, ਸੁਭ ਸਗੁਨ ਮਨਾਇ ਭਨੈ 'ਕੌਨ ਮੇਰੇ ਮਾਨ ਕੀ' ॥੫ ॥

ਨਿੱਧੇ ਨੂੰ ਬੁਲਾ ਕੇ ਜੈ ਰਾਮ ਨੇ ਇਹ ਬਚਨ ਕਹੇ, "ਤਲਵੰਡੀ ਜਾਣ ਦੀ ਛੇਤੀ ਤਿਆਰੀ ਕਰੋ। ਕੇਸਰ ਨਾਲ ਪੱਤ੍ਰਕਾ ਬੜੀ ਸੋਭਦੀ ਸੀ ਤੇ ਮਿਠਿਆਈ ਲੈ ਕੇ ਬੇਬੇ ਨਾਨਕੀ ਨੇ ਆਪਣੇ ਹੱਥ ਨਾਲ ਆ ਕੇ ਬ੍ਰਾਹਮਣ ਨਿੱਧੇ ਨੂੰ ਦੇ ਦਿੱਤੀ। ਬ੍ਰਾਹਮਣ ਨੇ ਸਾਰੇ ਮਾਰਗ ਚਲ ਕੇ ਬਾਬਾ ਕਾਲੂ ਦੇ ਘਰ ਪਹੁੰਚ ਕੇ ਖੁਸ਼ੀ ਦੀ ਖਬਰ ਸੁਣਾਈ। ਮਾਤਾ ਜੀ ਬਹੁਤ ਖੁਸ਼ ਹੋਏ ਤੇ ਆਨੰਦ ਅਤੇ ਖੇੜੇ ਵਿਚ ਉਹ ਸਮਾਉਂਦੇ ਨਹੀ ਸਨ। ਉਨ੍ਹਾਂ ਨੇ ਸਾਰੇ ਸ਼ੁਭ ਸ਼ਗਨ ਕੀਤੇ ਅਤੇ ਕਿਹਾ, "ਅੱਜ ਕੌਣ ਹੈ ਜਿਸ ਦਾ ਮਾਨ ਸਨਮਾਨ ਮੇਰੇ ਵਰਗਾ ਹੈ?"॥ ੫॥

ਦੋਹਰਾ- ਹਰਖ ਕਰਤਿ, ਉਰ ਮਹਿਂ ਸਰਸ ਕਾਲੂ ਬਹੁ ਸੁਖ ਪਾਇ।
ਤੂਰਨ ਤਯਾਰੀ ਕੋ ਕਰਤਿ, ਖਰਚਤ ਧਨ ਕਰਿ ਚਾਇ॥੬॥

ਬਾਬਾ ਕਾਲੂ ਵੀ ਬੜਾ ਪ੍ਰਸੰਨ ਹੋਇਆ ਅਤੇ ਦਿਲ ਵਿਚ ਉਸ ਨੇ ਬੜਾ ਸੁਖ ਤੇ ਆਨੰਦ ਅਨੁਭਵ ਕੀਤਾ। ਛੇਤੀ ਹੀ ਤਿਆਰੀ ਕਰਨੀ ਆਰੰਭ ਕਰ ਦਿੱਤੀ ਤੇ ਧਨ ਬੜੇ ਚਾਅ ਨਾਲ ਖਰਚ ਰਹੇ ਹਨ॥ ੬॥

ਸੋਰਠਾ- ਸ੍ਰੀ ਨਾਨਕ ਕੀ ਮਾਤ ਕਰੀ ਰੀਤਿ ਜੇ ਬਜਾਹ ਕੀ।
ਮੰਗਲ ਸਦਨ ਸੁਹਾਤਿ ਤੋਰਨ ਦਰ ਪਰ ਰਾਜ ਹੀ॥ ੭॥

ਸ੍ਰੀ ਨਾਨਕ ਦੇ ਮਾਤਾ ਜੀ ਨੇ ਵਿਆਹ ਦੀ ਰੀਤੀ ਕੀਤੀ। ਉਸ ਨੇ ਘਰ ਦੇ ਦਰਵਾਜ਼ੇ ਵਿਚ ਧਾਗੇ ਵਿਚ ਪੱਤ੍ਰ ਪ੍ਰੋ ਕੇ ਬੰਨ੍ਹੇ॥ ੭॥

ਕਬਿੱਤ- ਨੱਗਰ ਕੀ ਨਾਰਿ ਸਭ ਲੀਨੀ ਹੈ ਹਕਾਰਿ, ਕੀਨੇ ਅੰਗਨ ਸਿੰਗਾਰ ਕੋ ਅਨੰਦ ਉਰ ਆਵਤੀ।
ਬੇਦਨ ਬਧੂਟੀ ਛਬਿ ਸਭਿਨਿ ਕੀ ਲੂਟੀ ਮਨੋਂ ਬਾਂਧਿ ਬਾਂਧਿ ਟੋਲੀ ਮੁਖ ਮੰਦ ਮੰਦ ਗਾਵਤੀ।
ਚੂਨਰੀ ਨਵੀਨ ਲਾਲ ਛੂਟੀ, ਸੁਠ ਮਾਲ ਗਰੇ ਬੇਂਦੀ ਧਰੇ ਭਾਲ, ਪਰੀ ਹੀਏ ਹੁਲਸਾਵਤੀ।
ਬਰੀ ਦਰ ਨਾਰੀ, ਗੁਰ ਮਾਤ ਸਤਿਕਾਰੀ ਸਭਿ, ਭਈ ਭੀਰ ਭਾਰੀ, ਘਰ ਥਾਵ ਹੂੰ ਨ ਪਾਵਤੀ॥੮॥

ਨਗਰ ਦੀਆਂ ਸਾਰੀਆਂ ਇਸਤਰੀਆਂ ਨੂੰ ਬੁਲਾ ਲਿਆ ਹੈ। ਉਹ ਆਪਣੇ ਅੰਗਾਂ ਨੂੰ ਸ਼ਿੰਗਾਰ ਕੇ ਬੜੀਆਂ ਆਨੰਦ-ਮਈ ਹੋ ਰਹੀਆਂ ਹਨ। ਬੇਦੀਆਂ ਦੀਆਂ ਇਸਤਰੀਆਂ ਹਾਰ-ਸ਼ਿੰਗਾਰ ਕਰਕੇ ਬੜੀਆਂ ਫੱਬ ਰਹੀਆਂ ਹਨ ਤੇ ਟੋਲੀਆਂ ਬੰਨ੍ਹ ਬੰਨ੍ਹ ਕੇ ਉਹ ਹੌਲੀ-ਹੌਲੀ ਗਾਉਂਦੀਆਂ ਹਨ। ਲਾਲ ਰੰਗ ਦੀਆਂ ਨਵੀਆਂ ਚੁੰਨੀਆਂ ਬੇਪਰਵਾਹੀ ਵਿਚ ਹਿਲ ਰਹੀਆਂ ਹਨ। ਸੁੰਦਰ ਗਹਿਣੇ ਗਲ ਵਿਚ ਪਾਏ ਹਨ ਤੇ ਮੱਥੇ ਤੇ ਬਿੰਦੀਆਂ ਲਾਈਆਂ ਹੋਈਆਂ ਹਨ ਅਤੇ ਖੁਸ਼ੀ ਵਿਚ ਉਹ ਪਾਗਲ ਹੋ ਰਹੀਆਂ ਹਨ॥ ੮॥

ਦੇਤਿ ਹੈਂ ਵਧਾਈ, ਲੇਤਿ ਸੋ ਗੁਨੀ ਚਢਾਇ ਸੀਸ, ਪੂਜਿ ਸੁਤ ਈਸ਼ ਕੋ ਅਬਿਘਨਾ ਮਨਾਵਈ।
ਸੁਨਿ ਪੁਰਿ ਸਾਰੇ ਆਏ ਜਾਚਕ ਦੁਆਰੇ ਮਿਲਿ, ਮਾਂਗਤਿ ਜੋ ਦੇਤਿ ਸੋਊ, ਛੂਛ ਨ ਹਟਾਵਈ।
ਕੀਨੋ ਪਕਵਾਨ, ਬਾਂਟਿ ਦੀਨੋ ਸਨਮਾਨ ਸਨ, ਅਧਿਕ ਉਮੰਗ ਸੰਗਿ ਅੰਗ ਮੈਂ ਨ ਮਾਵਈ।
ਦੁੰਦਭੀ ਔ ਭੇਰੀ ਪੌਰ ਧਰੀ ਬਿਧਿ ਖਰੀ ਬਾਜੈ, ਨਾਰਿਨਿ ਕੀ ਭੀਰ ਭਰੀ ਹੇਰਿ ਸੁਖ ਪਾਵਈ॥੯॥

ਇਸਤਰੀਆਂ ਵਧਾਈਆਂ ਦਿੰਦੀਆਂ ਹਨ ਤੇ ਗੁਰੂ ਜੀ ਦੇ ਮਾਤਾ ਜੀ ਵਧਾਈਆਂ ਲੈਂਦੀ ਹੈ, ਜਿਹੜੀ ਕਿ ਈਸ਼ਵਰ ਨੂੰ ਪੂਜ ਕੇ ਪੁੱਤਰ ਦਾ ਮੰਗਲ ਮਨਾ ਰਹੀ ਹੈ। ਨਗਰ ਦੇ ਸਾਰੇ ਮੰਗਤੇ, ਇਹ ਖੁਸ਼ਖਬਰੀ ਸੁਣ ਕੇ ਬਾਬਾ ਕਾਲੂ ਦੇ ਦੁਆਰ ਤੇ ਪਹੁੰਚ ਗਏ। ਉਹ ਜੋ ਕੁਝ ਮੰਗਦੇ ਹਨ, ਉਨ੍ਹਾਂ ਨੂੰ ਦਿੰਦੇ ਹਨ ਅਤੇ ਕਿਸੇ ਨੂੰ ਖਾਲੀ ਨਹੀਂ ਮੋੜਦੇ। ਕਈ ਪਕਵਾਨ ਤਿਆਰ ਕਰਵਾਏ ਅਤੇ ਆਦਰ ਸਹਿਤ ਸਭ ਨੂੰ ਵੰਡ ਦਿੱਤੇ। ਅਧਿਕ ਉਮੰਗ ਅਤੇ ਉਤਸ਼ਾਹ ਹੋਣ ਕਰਕੇ ਆਪਣੇ ਅੰਗਾਂ ਵਿਚ ਸਮਾ ਨਹੀਂ ਰਹੇ ਹਨ। ਦਰਵਾਜ਼ੇ ਉੱਤੇ ਨਗਾਰਾ ਤੇ ਭੇਰੀ ਚੰਗੀ ਵਿਧੀ ਅਨੁਸਾਰ ਵੱਜ ਰਹੇ ਹਨ। ਇਸਤਰੀਆਂ ਦੀ ਭੀੜ ਇਹ ਸਭ ਕੁਝ ਵੇਖ ਕੇ ਬੜੀ ਖੁਸ਼ ਹੋ ਰਹੀ ਹੈ ਅਤੇ ਸੁਖ ਪਾ ਰਹੀ ਹੈ॥ ੯॥

ਹੁਤੀ ਕੁਲ ਰੀਤਿ ਜੋਊ ਕਾਲੂ ਸਭਿ ਕੀਨਿ ਸੋਊ ਆਏ ਬੇਦੀ ਸਭਿ ਕੋਊ ਰਿਦੇ ਹਰਖਾਇ ਕੈ।
ਬੋਲਿਕੈ ਬਦਨ ਨਿਜ ਸਸੁਰੇ ਸਦਨ ਸੁਧ ਭੇਜੀ ਜਸਪਦ ਏਕ ਮਾਨਵ ਪਠਾਇ ਕੈ।
ਸੁਨੀ ਮਨ ਭਾਏ ਤਿਨ ਮੰਗਲ ਕਰਾਏ ਬਹੁ ਲੇਯ ਕੈ ਸਮਾਜ ਸਭਿ ਆਏ ਸੁਖ ਪਾਇ ਕੈ।
ਮਿਲ ਕੈ ਵਿਚਾਰ ਕਰਿ ਚਲੇ ਸੁਲਤਾਨਪੁਰਿ-ਸੋਜ ਲੀਜੈ ਸਰਸ ਨ ਦੀਜੀਏ ਭੁਲਾਇਕੈ- ॥੧੦॥

ਜੋ ਬੇਦੀ ਕੁਲ ਦੀ ਰੀਤੀ ਹੈ, ਬਾਬਾ ਕਾਲੂ ਜੀ ਨੇ ਉਸ ਤਰ੍ਹਾਂ ਹੀ ਕੀਤੀ ਹੈ। ਸਾਰੇ ਬੇਦੀ ਆਏ ਹੋਏ ਹਨ ਅਤੇ ਆਪਣੇ

ਹਿਰਦਿਆਂ ਵਿਚ ਬੜੇ ਖੁਸ਼ ਹੋ ਰਹੇ ਸਨ। ਮਹਿਤਾ ਕਾਲੂ ਜੀ ਨੇ ਇਕ ਆਦਮੀ ਨੂੰ ਬੁਲਾਇਆ ਤੇ ਉਸ ਨੂੰ ਛੇਤੀ ਆਪਣੇ ਸਹੁਰੇ ਖ਼ਬਰ ਦੇਣ ਵਾਸਤੇ ਭੇਜਿਆ। ਜਦ ਮਹਿਤਾ ਕਾਲੂ ਜੀ ਦੇ ਸਹੁਰਿਆਂ ਭਾਵ ਗੁਰੂ ਨਾਨਕ ਜੀ ਦੇ ਨਾਨਕਿਆਂ ਨੇ ਸੁਣਿਆ ਤਾਂ ਉਨ੍ਹਾਂ ਬਹੁਤ ਮੰਗਲ ਕਰਵਾਏ ਤੇ ਸਾਰਾ ਪਰਿਵਾਰ ਲੈ ਕੇ ਹਿਰਦੇ ਵਿਚ ਸੁਖ ਪਾ ਕੇ ਮਹਿਤਾ ਕਾਲੂ ਜੀ ਦੇ ਘਰ ਪਹੁੰਚ ਗਏ। ਫਿਰ ਸਾਰੇ ਵਿਚਾਰ ਕਰਕੇ ਸੁਲਤਾਨਪੁਰ ਵਲ ਚਲਣ ਲਈ ਤਿਆਰ ਹੋ ਗਏ। ਇਹ ਗੱਲ ਭੁਲਾ ਕੇ ਕਿ ਸਮਾਨ ਵਧੇਰੇ ਨਾ ਲਈਏ॥ ੧੦॥

ਸ੍ਵੈਯਾ- ਕਾਲੂ ਗਯੋ ਤਬ ਰਾਇ ਕੇ ਪਾਸ ਕਰੀ ਅਰਦਾਸ ਤਜ਼ੀਮ ਬਖਾਨੀ।
'ਨਾਨਕ ਦਾਸ ਤੁਮਾਰੇ ਕੋ ਬਜਾਹਿ ਚਲੋਂ ਸੁਲਤਾਨ ਪੁਰੇ ਮਮ ਠਾਨੀ।
ਆਇਸੁ ਲੇਨਿ ਕੋ ਆਯੋ ਮੈਂ ਰਾਇ ਜੀ! ਦੇਹੁ ਬੁਝਾਇਕੈ ਬਾਤ ਸਯਾਨੀ'।
ਰੋਸ ਮੈਂ ਰਾਇ ਭਯੋ ਸੁਨਿਕੈ,'ਮਤਿ ਕਾਲੂ ਰਹੀ ਤੁਝ ਨੀਤ ਅਜਾਨੀ ॥੧੧॥

ਫਿਰ ਮਹਿਤਾ ਕਾਲੂ ਰਾਇ ਬੁਲਾਰ ਦੇ ਪਾਸ ਗਏ ਅਤੇ ਬੇਨਤੀ ਕਰਕੇ ਸਲਾਮ ਕੀਤੀ। ਤੁਹਾਡੇ ਨਾਨਕ ਦਾਸ ਦਾ ਵਿਆਹ ਆ ਗਿਆ ਹੈ, ਮੈਂ ਸੁਲਤਾਨਪੁਰ ਜਾਣ ਦਾ ਮਨ ਬਣਾਇਆ ਹੈ। ਹੇ ਰਾਇ ਜੀ! ਮੈਂ ਤੁਹਾਡੀ ਆਗਿਆ ਲੈਣ ਆਇਆ ਹਾਂ, ਸਾਨੂੰ ਕੋਈ ਸਿਆਣੀ ਗੱਲ ਸਮਝਾਉ। ਰਾਇ ਬੁਲਾਰ ਮਹਿਤਾ ਕਾਲੂ ਜੀ ਦੇ ਇਹ ਸ਼ਬਦ ਸੁਣ ਕੇ ਗੁੱਸੇ ਵਿਚ ਆ ਗਏ ਅਤੇ ਕਿਹਾ, "ਹੇ ਕਾਲੂ! ਤੇਰੀ ਮਤਿ ਸਦਾ ਬੱਚਿਆਂ ਵਾਲੀ ਰਹੀ॥ ੧੧॥

ਤਾਤ ਪਛਾਨਤਿ, ਭੇਦ ਲਖੈਂ ਨਹਿਂ, ਦੂਖਤਿ ਮੋਹਿ ਕਰੈਂ, ਬਿਨ ਜਾਨੀ।
ਦਾਸ ਲਖੈਂ ਤਿਹ ਕੋ ਮਨ ਮੈਂ, ਤਿਹੂੰ ਲੋਕਨ ਕੋ ਪਤਿ ਜੋ ਗਤਿਦਾਨੀ।
ਹੋਤਿ ਰਿਦਾ ਮਮ ਰੰਜ ਸੁਨੇ ਬਚ ਫੇਰ ਕਰੋ ਨਹਿਂ ਐਸ ਬਖਾਨੀ।
ਤੋਹਿ ਰਹਯੋ ਸਮਝਾਇ ਸਭੈ ਬਿਧਿ ਏਕ ਭੀ ਬਾਤ ਨਹੀਂ ਮਨ ਮਾਨੀ' ॥੧੨॥

ਕੇਵਲ ਪੁੱਤਰ ਹੀ ਸਮਝਦਾ ਹੈਂ, ਅਸਲ ਭੇਦ ਨੂੰ ਜਾਣ ਨਹੀਂ ਸਕਿਆ, ਤੂੰ ਮੈਨੂੰ ਬਿਨਾਂ ਕਿਸੇ ਕਾਰਨ ਦੁਖੀ ਕਰਦਾ ਹੈਂ। ਗੁਰੂ ਜੀ ਨੂੰ ਜਾਣਨ ਤੋਂ ਬਗੈਰ ਮੇਰਾ ਦਾਸ ਕਹਿੰਦੇ ਹੋ, ਉਹ ਤਾਂ ਤਿੰਨਾਂ ਲੋਕਾਂ ਦੇ ਮੁਕਤੀ ਦਾਤਾ ਹਨ। ਇਸ ਤਰ੍ਹਾਂ ਸੁਣ ਕੇ ਮੇਰੇ ਮਨ ਵਿਚ ਬੜਾ ਦੁਖ ਪੁੱਜਦਾ ਹੈ, ਇਸ ਲਈ ਦੁਬਾਰਾ ਅਜਿਹੇ ਬਚਨ ਫੇਰ ਨਾ ਕਰੋ। ਤੈਨੂੰ ਮੈਂ ਬਹੁਤ ਸਮਝਾਉਂਦਾ ਰਿਹਾ ਹਾਂ, ਪਰ ਮੇਰੀ ਇਕ ਗੱਲ ਵੀ ਤੂੰ ਆਪਣੇ ਮਨ ਵਿਚ ਮੰਨੀ ਨਹੀਂ ਹੈ"॥ ੧੨॥

ਕਾਲੂ ਬਖਾਨਤਿ 'ਰਾਇ ਸੁਨੋ! ਤੁਮੈਂ ਈਸੁਰ ਕੇ ਸਮ ਜਾਨਤਿ ਹੌਂ।
ਬੈਸ ਵਡੀ ਪੁਰਿਕੇ ਪਤਿ ਰਾਵਰਿ ਆਦਰ ਮਾਨ ਪਛਾਨ ਤਿਹੌਂ'।
'ਆਦਰ ਔਰਨ ਬਾਤਨ ਕੋ, ਸੁਨਿ ਕਾਲੂ! ਮੈਂ ਹੀਨਤ ਮਾਨ ਤਿਹੌਂ।
ਸੀਸ ਕਿਰੀਟ ਸੁਹਾਵਤਿ ਹੈ, ਪਗ ਪਾਵਤਿ, ਮੁਢ ਮੈਂ ਠਾਨਤਿ ਹੌਂ ॥੧੩॥

ਮਹਿਤਾ ਕਾਲੂ ਕਹਿਣ ਲੱਗੇ, "ਹੇ ਰਾਇ ਬੁਲਾਰ ਜੀ! ਸੁਣੋ, ਮੈਂ ਤੁਹਾਨੂੰ ਈਸ਼ਵਰ ਦੇ ਬਰਾਬਰ ਜਾਣਦਾ ਹਾਂ, ਤੁਹਾਡੀ ਵੱਡੀ ਉਮਰ ਹੈ ਅਤੇ ਤੁਸੀਂ ਵੱਡੇ ਨਗਰ ਦੇ ਰਾਜੇ ਹੋ, ਇਸ ਲਈ ਮੈਂ ਜਾਣਦਾ ਹਾਂ ਕਿ ਮੈਨੂੰ ਆਪ ਜੀ ਦਾ ਕਿੰਨਾ ਆਦਰ ਮਾਣ ਕਰਨਾ ਚਾਹੀਦਾ ਹੈ।" ਇਹ ਸੁਣ ਕੇ ਰਾਇ ਬੋਲਿਆ, "ਹੇ ਕਾਲੂ! ਸੁਣ ਮੈਂ ਹੋਰਨਾਂ ਗੱਲਾਂ ਵਾਸਤੇ ਆਦਰ ਮਾਣ ਪ੍ਰਾਪਤ ਕਰਨਾ ਆਪਣੀ ਨਿਰਾਦਰੀ ਸਮਝਦਾ ਹਾਂ। ਮੁਕਟ ਸਿਰ ਉਤੇ ਹੀ ਸ਼ੋਭਦਾ ਹੈ, ਜਿਹੜਾ ਪੈਰਾਂ ਵਿਚ ਮੁਕਟ ਰਖੇ ਉਸ ਨੂੰ ਮੈਂ ਮੂਰਖਤਾਈ ਸਮਝਦਾ ਹਾਂ"॥ ੧੩॥

ਦੋਹਰਾ- 'ਅਬ ਕੋ ਕਹਿਬੋ ਬਖਸ਼ਿਯੈ ਬਹੁਰਿ ਨ ਕਰੋਂ ਉਚਾਰਿ।
ਵਿਸਰਿ ਜਾਤਿ ਮਮ ਰਿਦੇ ਤੇ ਰਾਖੋਂ ਅਬੈ ਸੰਭਾਰਿ' ॥ ੧੪॥

ਬਾਬਾ ਕਾਲੂ ਜੀ ਕਹਿੰਦੇ ਹਨ, "ਹੁਣ ਦੇ ਕਹੇ ਸੁਣੇ ਨੂੰ ਬਖਸ਼ ਲਵੋ, ਦੁਬਾਰਾ ਮੈਂ ਅਜਿਹੇ ਬਚਨ ਕਦੇ ਨਹੀਂ ਬੋਲਾਂਗਾ। ਹੁਣ ਮੈਂ ਇਸ ਗੱਲ ਨੂੰ ਕਦੇ ਨਹੀਂ ਭੁਲਾਂਗਾ ਤੇ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖਾਂਗਾ" ॥ ੧੪ ॥

ਸੋਰਠਾ- 'ਹੌਂ ਬਖਸ਼ਨ ਕੋ ਕੌਨ, ਬਖਸ਼ਨ ਉਚਿਤ ਸੁ ਬਖਸ਼ਈ।
ਸੁਤ ਨਾਨਕ ਤੁਝ ਭੌਨ ਬਿਨ ਬਖ਼ਸ਼ਨ ਬਖ਼ਸ਼ੇ ਸਦਾ॥ ੧੫ ॥

ਇਹ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਮੈਂ ਬਖਸ਼ਣ ਵਾਲਾ ਕੌਣ ਹੁੰਦਾ ਹਾਂ, ਬਖਸ਼ਿੰਦ ਪ੍ਰਭੂ ਹੀ ਬਖਸ਼ ਸਕਦਾ ਹੈ, ਤੇਰੇ ਘਰ ਵਿਚ ਨਾਨਕ ਤੇਰਾ ਪੁੱਤਰ ਹੀ ਨਾ ਬਖਸ਼ਣ ਵਾਲਿਆਂ ਨੂੰ ਵੀ ਬਖਸ਼ ਸਕਦਾ ਹੈ॥ ੧੫ ॥

ਸ੍ਵੈਯਾ- ਜਾਹੁ ਅਬੈ ਹਮਰੀ ਦਿਸ਼ਤੇ ਕ੍ਰਿਤ ਬੰਦਗੀ ਨਾਨਕ ਚੰਦ ਅਗਾਰੀ।
ਹਾਸਲ ਹੋਇ ਮੁਰਾਦ ਤੁਮਾਰ ਖ਼ੁਦਾਇ ਕਰੈ ਸਭਿ ਕਾਰ ਸਵਾਰੀ।
ਸ਼ੁਮਤਾ ਖੋਇ, ਉਦਾਰਤਾ ਧਾਰਿ ਕਰੋ ਉਪਬਜਾਹ ਸੁ ਕੀਰਤਿ ਕਾਰੀ।
ਮੋਹਿ ਨਿਕੇਤ ਤੇ ਚਾਹਿ ਸੁ ਲੇਵਹੁ, ਹੈਂ ਸਿਵਕਾ ਰਥ ਔ ਧਨ ਭਾਰੀ ॥੧੬॥

ਜਾਵੋ ਤੇ ਹੁਣ ਮੇਰੇ ਵਲੋਂ ਨਾਨਕ ਚੰਦ ਅੱਗੇ ਬੰਦਨਾ ਕਰਨੀ। ਤੁਹਾਡੀ ਮੁਰਾਦ ਪੂਰੀ ਹੋਵੇ ਅਤੇ ਖ਼ੁਦਾਵੰਦ ਕਰੀਮ ਤੁਹਾਡੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰੇ। ਕੰਜੂਸੀ ਛੱਡੋ ਅਤੇ ਉਦਾਰਤਾ ਧਾਰਨ ਕਰੋ, ਤਾਂਕਿ ਵਿਆਹ ਜੱਸ ਪੂਰਣ ਅਤੇ ਕੀਰਤਕਾਰੀ ਹੋਵੇ। ਮੇਰੇ ਪਾਸੋਂ ਜੋ ਤੁਹਾਨੂੰ ਚਾਹੀਦਾ ਹੈ ਲਵੋ, ਮੇਰੇ ਪਾਸ ਪਾਲਕੀਆਂ, ਰੱਥ ਅਤੇ ਧਨ ਦਾ ਕੋਈ ਘਾਟਾ ਨਹੀਂ ਹੈ" ॥ ੧੬ ॥

ਲੀਨੇ ਤੁਰੰਗਮ ਭੂਖਨ ਸੰਜੁਤਿ ਸੁੰਦਰ ਜੀਨ ਜਿਨੈ ਛਬਿ ਛਾਈ।
ਸਜੰਦਨ ਔ ਸਕਟੇ ਸ਼ੁਭ ਸਾਜਿਕੈ ਤੰਬੂ ਕਨਾਤ ਲਏ ਸਮੁਦਾਈ।
ਕਾਲੂ ਨ ਲੇਵਤਿ ਹੈ ਧਨ ਹਾਥ ਮੈਂ ਭੂਪਤ ਦੇਤਿ ਭਯੋ ਬਰਿਆਈ।
ਬੰਦਨ ਕੋ ਕਰਿ ਹੋਇ ਬਿਦਾ ਨਿਜ ਧਾਮ ਗਯੋ, ਮਨ ਮੈਂ ਹਰਿਖਾਈ॥ ੧੭ ॥

ਉਨ੍ਹਾਂ ਨੇ ਗਹਿਣਿਆਂ ਅਤੇ ਸੁੰਦਰ ਕਾਠੀਆਂ ਸਮੇਤ ਸੱਜੇ ਹੋਏ ਘੋੜੇ ਲਏ। ਰੱਥ, ਗੱਡੇ ਚੰਗੀ ਤਰ੍ਹਾਂ ਸਜਾ ਕੇ ਅਤੇ ਸ਼ਿੰਗਾਰ ਕੇ ਤੰਬੂ ਕਨਾਤਾਂ ਨਾਲ ਭਰ ਲਏ। ਰਾਇ ਬੁਲਾਰ ਮਹਿਤਾ ਕਾਲੂ ਜੀ ਨੂੰ ਧਨ ਦਿੰਦੇ ਹਨ, ਪਰ ਜਦ ਉਹ ਲੈਂਦੇ ਨਹੀਂ ਹਨ, ਤਾਂ ਜੋਰਾਜਬਰੀ ਧਨ ਉਸ ਨੂੰ ਪਕੜਾਉਂਦੇ ਹਨ। ਫਿਰ ਬੰਦਨਾਂ ਕਰਕੇ ਆਪਣੇ ਘਰ ਨੂੰ ਗਿਆ ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ॥ ੧੭ ॥

ਮਾਨਵ ਭੇਜ ਬੁਲਾਇ ਪਠੇ ਸਭਿ ਹੈਂ ਪੁਰਿ ਮੈਂ ਰਹਿਂ ਬੇਦੀ ਜੁ ਗਜਾਤੀ।
ਦੇ ਸਨਮਾਨ ਬਖਾਨ ਕੀਯੋ 'ਮਨ ਜਾਨਹੁ ਬੰਸ ਹਮਾਰ ਹੈ ਖਜਾਤੀ।
ਸੋ ਪਟਵਾਰੀ ਰੰਧਾਵਨ ਕੋ ਜਿਨਕੇ ਬਹੁ ਗ੍ਰਾਮ ਹੈਂ ਦੀਰਘ ਜਾਤੀ।
ਭੂਰ ਕਰੋ ਮਿਲਿਕੈ ਜਸੁ ਪਾਵਨ ਜੇ ਜਗ ਮੈਂ ਸ਼ੁਭ ਰੀਤਿ ਸੁਹਾਤੀ॥ ੧੮ ॥

ਬੰਦਾ ਭੇਜ ਕੇ ਨਗਰ ਵਿਚ ਰਹਿਣ ਵਾਲੇ ਆਪਣੀ ਬਰਾਦਰੀ ਦੇ ਸਾਰੇ ਬੇਦੀ ਬੁਲਾ ਲਏ ਹਨ। ਉਨ੍ਹਾਂ ਨੂੰ ਬੜਾ ਆਦਰ ਮਾਣ ਦੇ ਕੇ ਕਿਹਾ, "ਆਪਣੇ ਮਨ ਵਿਚ ਚੰਗੀ ਤਰ੍ਹਾਂ ਸਮਝ ਲਵੋ ਕਿ ਸਾਡਾ ਵੰਸ਼ ਸਭ ਤੋਂ ਸ੍ਰੇਸ਼ਟ ਹੈ॥ ਉਹ ਰੰਧਾਵਿਆਂ ਦੇ ਪਟਵਾਰੀ ਹਨ, ਜਿਨ੍ਹਾਂ ਦੇ ਵੱਡੀ ਜਾਤੀ ਦੇ ਬਹੁਤ ਪਿੰਡ ਹਨ, ਸਾਰੇ ਮਿਲ ਕੇ ਛੇਤੀ ਕਰੋ ਜਗ ਵਿਚ ਪਵਿੱਤਰ ਜੱਸ ਪ੍ਰਾਪਤੀ ਲਈ ਜਿਹੜੀ ਰੀਤੀ ਸ਼ੋਭਦੀ ਹੈ॥ ੧੮ ॥

ਦੋਹਰਾ- ਇਕ ਮੇਰੀ ਤੁਮ ਨਹਿਂ ਲਖੋ ਹੈ ਸਭਿ ਹੀ ਕੀ ਲਾਜ।
ਗਮਨਹੁ ਅਬਹਿ ਬਿਲੰਬ ਤਜਿ ਸੁੰਦਰ ਸਾਜਹੁ ਸਾਜ"॥ ੧੯ ॥

ਮੇਰੀ ਤੁਸਾਂ ਸਾਰਿਆਂ ਨੇ ਲਾਜ ਰੱਖੀ ਹੈ, ਇਸ ਲਈ ਦੇਰੀ ਛੱਡ ਕੇ ਛੇਤੀ ਚਲੋ ਅਤੇ ਆਪਣੇ ਸਾਰੇ ਸਾਜ ਵਾਜ ਸੁੰਦਰ ਸਜਾ ਲਵੋ'॥ ੧੯॥

ਸੁਨਿ ਸ਼੍ਰੋਨਨ ਬੇਦੀ ਸਭੈ ਬਾਨੇ ਭਲੇ ਬਨਾਇ।
ਲੇ ਧਨ ਨਿਜ ਨਿਜ ਧਾਮ ਤੇ ਚਲੇ ਚਤੁਰ ਚਿਤ ਚਾਇ॥ ੨੦॥

ਇਹ ਸੁਣ ਕੇ ਸਾਰੇ ਬੇਦੀਆਂ ਨੇ ਸੁੰਦਰ ਪੋਸ਼ਾਕਾਂ ਪਾ ਲਈਆਂ ਤੇ ਆਪਣੇ-ਆਪਣੇ ਘਰਾਂ ਤੋਂ ਧਨ ਲੈ ਕੇ ਚਤੁਰ ਸੁਭਾਵ ਵਾਲੇ ਬੜੇ ਚਾਅ ਮਲ੍ਹਾਰ ਨਾਲ ਚਲ ਪਏ॥ ੨੦॥

ਸ੍ਵੈਯਾ- ਕੰਚਨ ਭੂਖਨ ਪਾਇ ਘਨੇ ਨਗ ਬੀਚ ਬਨੇ ਜਿਨਕੇ ਝਮਕਾਵੈਂ।
ਕੰਕਨ ਅੰਗਦ ਕੁੰਡਲ ਤੇ ਮੁਖ ਮੰਡਲ ਸੁੰਦਰ ਕੋ ਦਰਸਾਵੈਂ।
ਮਾਲ ਬਿਸਾਲ ਭਲੇ ਗਰ ਧਾਰਿ, ਅਮੋਲ ਦੁਕੂਲ ਲੀਏ ਮਨ ਭਾਵੈਂ।
ਸੀਸਨ ਪੈ ਸਿਰ ਪੇਚ ਬਧੇ ਧਰਿ ਕੈ ਕਲਗੀ ਅਧਿਕਾਇ ਸੁਹਾਵੈਂ॥੨੧॥

ਸੋਨੇ ਦੇ ਬਹੁਤ ਗਹਿਣੇ ਪਾਏ ਹੋਏ ਸਨ, ਅਤੇ ਉਨ੍ਹਾਂ ਵਿਚ ਨਗ ਚਮਕ ਰਹੇ ਸਨ। ਕੰਗਣ, ਬਹੁੰਟੇ ਅਤੇ ਕਾਲੇ ਕੁੰਡਲ ਮੁਖੜਿਆਂ ਦੀ ਸੁੰਦਰਤਾ ਨੂੰ ਦਰਸਾ ਰਹੇ ਸਨ। ਗਲਾਂ ਵਿਚ ਵੱਡੀਆਂ-ਵੱਡੀਆਂ ਮਾਲਾਵਾਂ ਸ਼ੋਭ ਰਹੀਆਂ ਹਨ ਅਤੇ ਉਨ੍ਹਾਂ ਜਿਹੜੇ ਅਮੋਲਕ ਦੁਪੱਟੇ ਪਹਿਨੇ ਹੋਏ ਹਨ, ਉਹ ਮਨਾਂ ਨੂੰ ਬਹੁਤ ਭਾਅ ਰਹੇ ਹਨ। ਸਿਰਾਂ ਉਤੇ ਬੱਧੀਆਂ ਦਸਤਾਰਾਂ ਬੜੀਆਂ ਸੁੰਦਰ ਲੱਗ ਰਹੀਆਂ ਹਨ॥ ੨੧॥

ਦੋਹਰਾ- ਛੈਲ ਛਬੀਲੇ ਛਬਿ ਭਰੇ, ਛਾਪ ਛਲਾਯਨ ਹਾਥ।
ਸਜਿ ਸਜਿ ਬਾਹਨ ਆਪਨੇ ਭਏ ਬਰਾਤੀ ਸਾਥ॥ ੨੨॥

ਬਾਂਕੇ ਨੌਜਵਾਨਾਂ ਦੇ ਜਿਨ੍ਹਾਂ ਦੀ ਛਵੀ ਝੱਲੀ ਨਹੀਂ ਜਾਂਦੀ ਹੈ, ਹੱਥ ਛਾਪਾਂ ਛੱਲਿਆਂ ਨਾਲ ਭਰੇ ਪਏ ਹਨ। ਆਪਣੀਆਂ-ਆਪਣੀਆਂ ਗੱਡੀਆਂ ਵਿਚ ਸੱਜ ਧੱਜ ਕੇ ਬਰਾਤੀਆਂ ਦੇ ਨਾਲ ਜਾ ਰਹੇ ਹਨ॥ ੨੨॥

ਕਬਿੱਤ- ਸਜੰਦਨ ਤੁਰੰਗਮ ਸਕਟ ਪੈ ਅਰੂਢੇ ਕੋਊ ਜਰੀ ਸੰਗਿ ਜਰੇ ਰਾਜੇ ਆਰਨ ਉਛਾਰਿਹੀਂ।
ਬਾਰਬਧੂ ਬ੍ਰਿੰਦ ਸੰਗਿ ਗਮਨੀ ਉਮੰਗਿ ਮਨ ਅੰਗਨ ਸ਼ੰਗਾਰਕੈ ਅਨੰਗ ਮਾਨ ਟਾਰਿਹੀਂ।
ਬਾਦਿਤ ਬਜਾਨ ਹਾਰ ਕੌਤਕ ਕਰਨਹਾਰ ਭਾਰ ਕੇ ਉਚਾਨਹਾਰ ਤਜਾਰ ਭੇ ਅਪਾਰ ਹੀ।
ਧਰੇ ਹੈਂ ਤੁਖਾਰ ਪਰ ਦੀਰਘ ਦਮਾਮੇ ਬਹੁ ਸਾਜੇ ਸ਼ੁਭ ਰਾਜੈਂ ਬਾਜੈਂ ਡੰਕ ਇਕ ਬਾਰਹੀਂ॥੨੩॥

ਰਥਾਂ, ਘੋੜਿਆਂ, ਗੱਡਿਆਂ ਉਤੇ ਤਿਲੇ ਦੀਆਂ ਤਾਰਾਂ ਪ੍ਰਕਾਸ਼ਮਾਨ ਹੋ ਰਹੀਆਂ ਹਨ ਅਤੇ ਲਾਲ ਰੰਗ ਦੇ ਉਛਾੜ ਸ਼ੋਭ ਰਹੇ ਹਨ। ਇਸਤਰੀਆਂ ਦਾ ਸਮੂਹ ਬੜੇ ਉਤਸ਼ਾਹ ਨਾਲ ਹਾਰ-ਸ਼ਿੰਗਾਰ ਕਰਕੇ ਕਾਮ ਦੇਵਤਾ ਦਾ ਵੀ ਮਾਣ ਤੋੜ ਰਿਹਾ ਹੈ। ਵਾਜੇ ਵਜਾਉਣ ਵਾਲੇ ਵਾਜੇ ਵਜਾ ਰਹੇ ਹਨ ਅਤੇ ਤਮਾਸ਼ਾ ਕਰਨ ਵਾਲੇ ਤਮਾਸ਼ੇ ਵਿਖਾ ਰਹੇ ਹਨ। ਕਈ ਭਾਰ ਚੁਕਣ ਵਾਲੇ, ਵੱਡੇ ਤੋਂ ਵੱਡੇ ਭਾਰ ਨੂੰ ਚੁੱਕਣ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਊਠਾਂ ਉਤੇ ਵੱਡੇ ਵੱਡੇ ਨਗਾਰੇ ਰੱਖੇ ਹੋਏ ਹਨ ਅਤੇ ਨਗਾਰੇ ਤੇ ਦਮਾਮੇ ਇਕ ਵਾਰ ਹੀ ਇਕੱਠੇ ਵੱਜਦੇ ਹਨ॥ ੨੩॥

ਦੋਹਰਾ- ਬੇਦਿਜਨਿ ਕੀ ਬਰ ਸੁੰਦਰੀ ਮਧੁਰ ਮਧੁਰ ਸੁਰ ਗਾਇ।
ਸਰਸਤਿ ਹਰਖਤਿ ਉਰ ਵਿਖੈ, ਮੁਰੀ ਬਰਾਤ ਚਢਾਇ॥ ੨੪॥

ਬੇਦੀਆਂ ਦੀਆਂ ਇਸਤਰੀਆਂ ਬੜੀ ਮਧੁਰ ਸੁਰ ਵਿਚ ਗੀਤ ਗਾ ਰਹੀਆਂ ਹਨ। ਉਹ ਹਿਰਦੇ ਵਿਚ ਬੜੇ ਖੇੜੇ ਵਿਚ ਆ ਕੇ ਬਰਾਤ ਨੂੰ ਚੜ੍ਹਾ ਕੇ ਖੁਸ਼ ਹੋ ਰਹੀਆਂ ਹਨ॥ ੨੪॥

ਕਬਿੱਤ- ਭਯੋ ਹੈ ਅਰੂਢ ਕਾਲੂ, ਲੀਨੋ ਧਨ ਲਾਲੂ ਬਹੁ, ਤਜੀ ਤਲਵੰਡੀ, ਪਦ ਪੰਥ ਵਿਖੈ ਪਾਏ ਹੈਂ।
ਲੀਨੇ ਧਨ ਰਾਮਾ, ਸੁਤ ਕਿਸ਼ਨਾ ਸੁ ਨਾਮਾ ਜਿਹ ਧਰੇ ਉਰ ਚਾਹਿ ਸੁਲਤਾਨਪੁਰਿ ਧਾਏ ਹੈਂ।
ਸਭੈ ਦਿਨ ਜਾਹਿ ਚਲੇ ਡੇਰਾ ਰੈਨ ਮਾਂਹਿ, ਬਿਧਿ ਐਸੀਏ ਚਲਤਿ ਧਾਮ ਨਾਨਕੀ ਕੇ ਆਏ ਹੈਂ।
ਆਨੰਦ ਉਦਧਿ ਮਿਲਿ ਕੇਲ ਕਰੈਂ ਮੀਨ ਜਿਵ, ਨਾਨਕ ਸਪੂਤ ਭਯੋ, ਭਏ ਮਨ ਭਾਏ ਹੈਂ॥੨੫॥

ਮਹਿਤਾ ਕਾਲੂ ਜੀ ਵੀ ਘੋੜੇ ਤੇ ਚੜ੍ਹ ਗਏ ਅਤੇ ਲਾਲੂ ਨੇ ਆਪਣੇ ਨਾਲ ਬਹੁਤ ਧਨ ਲੈ ਲਿਆ, ਤਲਵੰਡੀ ਛੱਡ ਕੇ ਉਹ ਸੁਲਤਾਨਪੁਰ ਵਾਲੇ ਰਾਹ ਤੇ ਪੈ ਕੇ ਚਲ ਪਏ। ਰਾਮੇਂ ਨੇ ਵੀ ਧਨ ਲਿਆ ਅਤੇ ਉਸ ਦੇ ਪੁੱਤਰ ਕ੍ਰਿਸ਼ਨੇ ਨੇ ਦਿਲ ਵਿਚ ਬਹੁਤ ਖ਼ੁਸ਼ੀ ਮਨਾਈ, ਜਦ ਕਿ ਸਾਰੇ ਸੁਲਤਾਨਪੁਰ ਦੇ ਰਾਹੇ ਪੈ ਤੁਰੇ। ਸਾਰਾ ਦਿਨ ਚਲਦੇ ਹਨ ਤੇ ਰਾਤ ਨੂੰ ਰਾਹ ਵਿਚ ਡੇਰਾ ਕਰਦੇ ਹਨ, ਇਸ ਤਰ੍ਹਾਂ ਚਲਦੇ-ਚਲਦੇ ਬੇਬੇ ਨਾਨਕੀ ਦੇ ਘਰ ਪਹੁੰਚ ਗਏ ਹਨ। ਮੱਛੀ ਵਾਂਗ ਆਨੰਦ ਦੇ ਸਮੁੰਦਰ ਗੁਰੂ ਨਾਨਕ ਨੂੰ ਮਿਲ ਕੇ ਸਾਰੇ ਹੀ ਆਪਣੇ ਹਿਰਦਿਆਂ ਵਿਚ ਬਹੁਤ ਖੁਸ਼ ਹੋਏ॥ ੨੫॥

ਆਨਿਕੇ ਜੈਰਾਮ ਸਨਮਾਨ ਕੀਨੋ ਸਭਿਨਿ ਕੋ, ਯਥਾ ਜੋਗ ਥਾਨ ਦੀਨੋ ਡੇਰਾ ਕਰਿਵਾਇਕੈ।
ਤਨੀਆ ਨਿਕਟਿ ਜਾਇ ਮਿਲਯੋ ਕਾਲੂ ਪਾਇ ਸੁਖ, ਦਯੋ ਮਧੁਰਾਨਹਿ ਕੋ ਦਾਸ ਤੇ ਮੰਗਾਇਕੈ।
ਸਭਿਹੀ ਸੰਭਾਰਨ ਸੰਭਾਰਿ ਬੰਧਿ ਬੰਧਿ ਭਾਰ, ਧਰੇ ਸਕਟਨ ਸਭਿ ਊਪਰ ਤੇ ਲਜਾਇਕੈ।
ਪ੍ਰਮਾਨੰਦ ਮਿਲਯੋ ਕੀਨਿ ਪ੍ਰਸ਼ਨ ਕੁਸ਼ਲ ਭਲੇ ਹੇਰਿ ਕੈ ਬਰਾਤ ਉਰ ਰਹਯੋ ਹਰਿਖਾਇਕੈ॥੨੬॥

ਆ ਕੇ ਜੈ ਰਾਮ ਨੇ ਸਾਰਿਆਂ ਦਾ ਆਦਰ ਕੀਤਾ ਅਤੇ ਡੇਰਾ ਕਰਵਾ ਕੇ ਸਾਰਿਆਂ ਨੂੰ ਯਥਾ ਯੋਗ ਸਥਾਨ ਰਹਿਣ ਵਾਸਤੇ ਦਿੱਤਾ। ਬਾਬਾ ਕਾਲੂ ਜੀ ਪੁੱਤਰੀ ਪਾਸ ਜਾ ਕੇ ਸੁਖ ਸਹਿਤ ਮਿਲਿਆ ਤੇ ਨੌਕਰ ਪਾਸੋਂ ਮਿਠਿਆਈ ਮੰਗਵਾ ਕੇ ਦਿੱਤੀ। ਸਾਰਿਆਂ ਨੇ ਆਪਣਾ ਸਮਾਨ ਸੰਭਾਲ ਕੇ ਬੰਨ੍ਹ ਬੰਨ੍ਹ ਕੇ ਰੱਖ ਲਿਆ ਤੇ ਸਾਰੀਆਂ ਪੰਡਾਂ ਗੱਡਿਆਂ ਉਤੇ ਰੱਖ ਲਈਆਂ। ਪਰਮਾਨੰਦ ਵੀ ਆ ਕੇ ਮਿਲਿਆ ਅਤੇ ਸਭ ਦਾ ਹਾਲ-ਚਾਲ ਪੁਛਿਆ ਅਤੇ ਸਾਰਿਆਂ ਨੂੰ ਠੀਕ-ਠਾਕ ਵੇਖ ਕੇ ਬਹੁਤ ਖੁਸ਼ ਹੋਇਆ॥ ੨੬॥

ਸ਼੍ਰੋਨ ਸੁਖ ਕੰਦ ਸੁਨਿ, ਆਏ ਜਗਬੰਦ ਪੁਨ ਦੋਊ ਕਰ ਬੰਦਿ ਪਦ ਬੰਦੇ ਸੀਸ ਨਾਯੋ ਹੈ।
ਕਾਲੂ ਨੇ ਉਤਾਲ ਲੀਨਿ ਅੰਕ ਹਿਤ ਨਾਲ, ਭਯੋ ਪ੍ਰੀਤ ਮੈਂ ਬਿਸਾਲ ਨਿਜ ਗਰੇ ਸੋਂ ਲਗਾਯੋ ਹੈ।
ਬੇਦੀ ਸਭਿ ਔਰ ਭਰੇ ਪ੍ਰੇਮ ਤਿਹ ਠੌਰ ਮਿਲੇ ਭਰਿ ਭਰਿ ਕੋਰ ਉਰ ਭਾਰੀ ਸੁਖ ਪਾਯੋ ਹੈ।
ਸੁੰਦਰ ਕਿਸ਼ੋਰ ਲਖੈਂ ਬੰਸ ਸਿਰਮੌਰ ਨਿਜ, ਦੌਰ ਦੌਰ ਜਾਂਕੋ ਜਸੁ ਦੇਸ਼ ਦੇਸ਼ ਛਾਯੋ ਹੈ॥੨੭॥

ਸੁਖਾਂ ਦੇ ਦਾਤੇ ਗੁਰੂ ਜੀ ਭਾਵ- ਜਗਤ ਦੇ ਬੰਧਨ ਕੱਟਣ ਵਾਲੇ ਨੇ, ਜਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਥੇ ਆਏ ਤੇ ਆ ਕੇ ਦੋਵੇਂ ਹੱਥ ਜੋੜ ਕੇ ਸਿਰ ਨਿਵਾ ਕੇ ਪੈਰਾਂ ਨੂੰ ਹੱਥ ਲਾਏ। ਮਹਿਤਾ ਕਾਲੂ ਜੀ ਨੇ ਉਸ ਵੇਲੇ ਆਪਣੀ ਹਿਕ ਨਾਲ ਲਾ ਲਿਆ, ਤੇ ਬੜੇ ਪਿਆਰ ਨਾਲ ਆਪਣੇ ਗਲ ਨਾਲ ਲਾ ਲਿਆ ਹੈ। ਬਾਕੀ ਸਾਰੇ ਬੇਦੀ ਵੀ ਆ ਕੇ ਮਿਲੇ ਤੇ ਗੁਰੂ ਜੀ ਨੂੰ ਮਿਲ ਕੇ ਬਹੁਤ ਸੁਖੀ ਹੋਏ। ਸਾਰੇ ਹੀ ਵੇਖ ਕੇ ਕਹਿ ਰਹੇ ਹਨ ਕਿ ਬੇਦੀਆਂ ਦੀ ਸ਼੍ਰੋਮਣੀ ਕੁਲ ਵਿਚ ਉਹ ਸਭ ਤੋਂ ਸੋਹਣੇ ਸੁੰਦਰ ਜਵਾਨ ਸਨ, ਜਿਸ ਦਾ ਜੱਸ ਦੇਸ਼ ਵਿਚ ਦੂਰ ਦੂਰ ਤਕ ਫੈਲਿਆ ਹੋਇਆ ਹੈ॥ ੨੭॥

ਦੋਹਰਾ- ਕਮਲਨੈਨ ਕੋ ਧਨ ਜਿਤੋ ਦੀਨੋ ਕਾਲੂ ਹਾਥ।
ਕਹੀ ਜਰਾਮ ਸੁਨਾਇ ਪੁਨਿ ਸਭਿ ਲੇਖੇ ਕੀ ਗਾਥ॥ ੨੮॥

ਗੁਰੂ ਜੀ ਦਾ ਜਿੰਨਾ ਵੀ ਧਨ ਜੈ ਰਾਮ ਪਾਸ ਪਿਆ ਸੀ, ਉਨ੍ਹਾਂ ਨੇ ਸਾਰਾ ਲਿਆ ਕੇ ਆਪਣੇ ਸਹੁਰੇ ਕਾਲੂ ਜੀ ਨੂੰ ਦੇ ਦਿੱਤਾ। ਉਸ ਤੋਂ ਬਾਅਦ ਜੈ ਰਾਮ ਨੇ ਲੇਖੇ ਦੀ ਸਾਰੀ ਕਹਾਣੀ ਸੁਣਾਈ॥ ੨੮॥

ਸੋਰਠਾ- ਉਰ ਧਰਿ ਹਰਖ ਬਿਸਾਲ ਕਾਲੂ ਬੋਲਯੋ ਬਚਨ ਤਬ।
'ਖਰਚਨ ਕੋ ਅਬ ਕਾਲ ਭਲਾ ਭਯੋ ਧਨ ਬਹੁ ਕਰਯੋ ॥ ੨੯॥

ਦਿਲ ਵਿਚ ਬਹੁਤ ਖੁਸ਼ ਹੋ ਕੇ ਫਿਰ ਮਹਿਤਾ ਕਾਲੂ ਜੀ ਨੇ ਬਚਨ ਕੀਤੇ, "ਖਰਚਣ ਦਾ ਹੁਣ ਠੀਕ ਸਮਾਂ ਆ ਗਿਆ ਹੈ, ਚੰਗਾ ਹੋਇਆ ਇਸ ਨੇ ਬਹੁਤ ਧਨ ਇਕੱਠਾ ਕੀਤਾ ਹੈ"॥ ੨੯॥

ਔਰ ਭੇਵ ਨਹਿਂ ਜਾਨਿ ਏਕ ਦਰਬ ਕੀ ਲਾਲਸਾ।
ਯੌਂ ਨ ਕਰਹਿ ਪਹਿਚਾਨ-ਕਰਤਾ ਹਰਤਾ ਜਗਤ ਕੋ-॥ ੩੦॥

ਹੋਰ ਅਸਲ ਭੇਦ ਨਹੀਂ ਜਾਣਦਾ ਕਿ ਗੁਰੂ ਜੀ ਨੂੰ ਤਾਂ ਇਕ ਰੁਪਏ ਦੀ ਵੀ ਲਾਲਸਾ ਨਹੀਂ ਹੈ। ਇਸ ਤਰ੍ਹਾਂ ਉਹ ਜਗਤ ਦੇ ਕਰਤਾ ਧਰਤਾ ਦੀ ਪਹਿਚਾਣ ਨਾ ਕਰ ਸਕੇ॥ ੩੦॥

ਕਬਿੱਤ- ਨਾਨਾ ਬਿਧਿ ਭੋਜਨ ਕਰਾਇ ਕੈ ਜਿਮਾਇ ਨਰ, ਬਨਿਤਾ ਕੀ ਪਾਂਤਹਿਂ ਬਿਸਾਇ ਹਿਤ ਖਾਨ ਕੋ।
ਔਰ ਜੇ ਹੈਂ ਊਚ ਨੀਚ ਸਭਿ ਕੋ ਅਹਾਰ ਦੀਨੇ, ਨੀਕੇ ਪਕਵਾਨ ਖਾਨ ਕੀਨੇ ਸੁਖ ਮਾਨਕੇ।
ਚਤੁਰ ਬਰਨ ਕੇਰੇ ਘਰਨ ਘਰਨ ਫੇਰੇ ਤੂਰਨ ਨਰਨ ਪ੍ਰੇਰੇ ਕਾਲੂ ਰੰਕ ਰਾਨਕੇ।
ਸਭਿਨਿ ਦਿਵਾਯੋ, ਉਤਸਾਹ ਯੌਂ ਬਢਾਯੋ ਅਤਿ, ਵਡੋ ਜਸ ਛਾਯੋ ਬੀਚ ਪੁਰਿ ਸੁਲਤਾਨ ਕੇ॥੩੧॥

ਮਰਦਾਂ ਨੂੰ ਕਈ ਪ੍ਰਕਾਰ ਦੇ ਭੋਜਨ ਕਰਵਾ ਕੇ ਫਿਰ ਇਸਤਰੀਆਂ ਦੀ ਪੰਗਤ ਲਵਾ ਦਿੱਤੀ, ਤਾਂਕਿ ਉਹ ਵੀ ਭੋਜਨ ਛੱਕ ਲੈਣ ਅਤੇ ਫਿਰ ਅਮੀਰਾਂ ਗਰੀਬਾਂ ਨੂੰ ਭੋਜਨ ਕਰਵਾਇਆ। ਸਾਰੇ ਬੜਾ ਸੁਖ ਮੰਨ ਕੇ ਭੋਜਨ ਖਾਂਦੇ ਸਨ। ਜਿੰਨੇ ਵੀ ਹੋਰ ਜਾਤੀਆਂ ਦੇ ਲੋਕ ਸਨ, ਉਨ੍ਹਾਂ ਦੇ ਘਰ-ਘਰ ਨੌਕਰਾਂ ਨੂੰ ਭੇਜਿਆ ਗਿਆ, ਤਾਂਕਿ ਉਹ ਹਰ ਅਮੀਰ ਗਰੀਬ ਨੂੰ ਭੋਜਣ ਖਾਣ ਵਾਸਤੇ ਬੁਲਾ ਕੇ ਲਿਆਉਣ। ਸਾਰਿਆਂ ਨੂੰ ਬਹੁਤ ਉਤਸ਼ਾਹਿਤ ਕੀਤਾ, ਇਸ ਤਰ੍ਹਾਂ ਆਪਣਾ ਬਹੁਤ ਵੱਡਾ ਜਸ ਵਧਾਇਆ, ਜਿਹੜਾ ਸਾਰੇ ਸੁਲਤਾਨਪੁਰ ਸ਼ਹਿਰ ਵਿਚ ਛਾ ਗਿਆ॥ ੩੧॥

ਦੋਹਰਾ- ਬ੍ਰਿੰਦ ਮਧੁਰ ਪਕਵਾਨ ਕੋ ਸੀਸ ਨਰਨ ਧਰਿਵਾਇ।
ਦੌਲਤ ਖਾਨ ਨ੍ਰਿਪਾਲ ਕੋ ਦੀਨਿ ਜਰਾਮ ਸੁ ਜਾਇ॥ ੩੨॥

ਬਹੁਤ ਮਿਠੇ ਪਕਵਾਨਾਂ ਨੂੰ ਮਰਦਾਂ ਦੇ ਸਿਰਾਂ ਤੇ ਰਖਵਾਕੇ, ਜੈ ਰਾਮ ਜੀ ਨਵਾਬ ਦੌਲਤ ਖਾਂ ਨੂੰ ਦੇਣ ਵਾਸਤੇ ਉਨ੍ਹਾਂ ਦੇ ਘਰ ਗਏ॥ ੩੨॥

ਸੋਰਠਾ- ਲਖਿ ਅਨੰਦ ਕੋ ਬ੍ਰਿੰਦ ਬਦਜੋ ਨਰਿੰਦ ਸੁ ਬਦਨ ਤੇ।
'ਵਸਤੁ ਬਿਲੰਦੁ ਸੁਛੰਦ ਮੋਹਿ ਨਰਨ ਤੇ ਚਹਿਤਿ ਲਿਹੁ'॥ ੩੩॥

ਅਨੰਦ ਖੇੜੇ ਨੂੰ ਵੇਖ ਕੇ ਨਵਾਬ ਨੇ ਮੁਖ ਤੋਂ ਬਹੁਤ ਕਿਹਾ, "ਜਿਸ ਚੀਜ਼ ਦੀ ਵੀ ਲੋੜ ਹੋਵੇ, ਮੇਰੇ ਆਦਮੀਆਂ ਪਾਸੋਂ ਲੈ ਲਵੋ"॥ ੩੩॥

ਕਬਿੱਤ- ਬੋਲੇ ਗੁਨ ਐਨ ਅਰਬਿੰਦ ਸਮ ਨੈਨ ਲੋਨੇ ਜਾਂਕੇ ਅਵਿਲੋਕ ਕੋਨੇ ਮੈਨ ਬਿਨ ਮਾਨਕੇ।
ਭੌਨ ਮੈਂ ਬਸਾਇ ਤਨ ਸਾਦਨ ਮਲਾਇ ਸੁਭ ਗਾਇ ਗੀਤ ਅੰਗਨਾ ਬਨਾਇ ਬੈਨ ਮਾਨ ਕੇ।
ਵਡੀ ਵਡਭਾਗਨਿ ਸੁਹਾਗਨਿ ਸਪਤ ਮਿਲਿ ਅੰਗਨ ਮਲਤਿ ਭਲੇ ਬੇਦੀ ਕੁਲ ਭਾਨੁ ਕੇ।
ਨ੍ਹਾਨ ਪੁਨ ਕੀਨੋ, ਬਹੁ ਦੀਨਨਿ ਕੋ ਦਾਨ ਦੀਨੋ, ਆਸਨ ਅਸੀਨੇ, ਕੁਰਬਾਨ ਸੁਖਦਾਨ ਕੇ॥੩੪॥

ਫਿਰ ਇਸਤਰੀਆਂ ਨੇ, ਗੁਣਵਾਨ, ਕਮਲ ਨੈਣ ਅਤੇ ਜਿਨ੍ਹਾਂ ਦੇ ਅੱਖ ਦੇ ਕੋਨੇ ਨੂੰ ਦੇਖ ਕੇ ਕਾਮਦੇਵ (ਸੁੰਦਰਤਾ ਦਾ ਦੇਵਤਾ) ਦਾ ਵੀ ਮਾਣ ਟੁੱਟ ਜਾਵੇ, ਨੂੰ ਬੁਲਾਇਆ। ਘਰ ਵਿਚ ਬਿਠਾ ਕੇ ਵਟਣਾ ਮਲਿਆ ਅਤੇ ਬੜੇ ਮਾਣ ਨਾਲ ਵਿਹੜੇ ਵਿਚ ਬੈਠ ਕੇ ਉਨ੍ਹਾਂ ਸੁੰਦਰ ਗੀਤ ਗਾਏ। ਵੱਡੀਆਂ ਵਡਭਾਗਣਾਂ, ਸੁਹਾਗਣਾਂ ਵਿਹੜੇ ਵਿਚ ਬਹਿ ਕੇ ਬੇਦੀ ਕੁਲ ਦੇ ਸੂਰਜ ਭਾਵ ਗੁਰੂ ਜੀ ਨੂੰ ਵਟਣਾ ਮਲ ਰਹੀਆਂ ਸਨ। ਉਸ ਦੇ ਬਾਅਦ ਇਸ਼ਨਾਨ ਕਰਵਾਇਆ, ਗਰੀਬਾਂ ਨੂੰ ਬਹੁਤ ਦਾਨ ਦਿੱਤਾ। ਗੁਰੂ ਜੀ ਆਸਨ ਤੇ ਬੈਠੇ ਹਨ। ਕਵੀ ਸੁਖਾਂ ਦੇ ਦਾਤੇ ਤੋਂ ਕੁਰਬਾਨ ਜਾਂਦਾ ਹੈ॥ ੩੪॥

ਸੈਯਾ- ਸੋਹਤਿ ਪੀਤ ਦੁਕੂਲ ਧਰੇ ਸ਼ੁਭ ਹਾਥ ਬਨ੍ਹਾਂ ਜਿਨ ਕੇ ਕੰਗਨਾ।
ਭੂਖਨ ਭੂਖਤਿ ਹੈਂ ਤਨ ਮੈਂ, ਕਰ ਛਾਪ ਛਲਾਯਨ ਸੋਂ ਰੰਗਨਾ।
ਸੀਸ ਬਧਾ ਸਿਰਪੇਚ ਫਬੇ ਛਬਿ ਚਾਰੁ ਬਿਲੋਕਤਿ ਹੈਂ ਅੰਗਨਾ।
ਰੂਪ ਮੁਕੰਦ ਅਨੰਦ ਕਿ ਕੰਦ ਬਨਜੋ ਮੁਖ ਚੰਦ ਕਲੰਕ ਬਿਨਾ॥ ੩੫॥

ਪੀਲਾ ਦੁਪੱਟਾ ਸ਼ੋਭ ਰਿਹਾ ਹੈ ਅਤੇ ਸ਼ੁਭ ਹੱਥਾਂ ਤੇ ਕੰਗਣ ਪਹਿਨੇ ਹੋਏ ਹਨ। ਸੁੰਦਰ ਗਹਿਣੇ ਸਰੀਰ ਤੇ ਬਹੁਤ ਸੱਜ ਰਹੇ ਹਨ ਅਤੇ ਹੱਥਾਂ ਦੀਆਂ ਉਂਗਲੀਆਂ ਮੁੰਦਰੀਆਂ ਅਤੇ ਛਾਪਾਂ ਛਲਿਆਂ ਨਾਲ ਸੱਜ ਰਹੀਆਂ ਹਨ। ਸਿਰ ਤੇ ਬੰਨ੍ਹੀ ਦਸਤਾਰ ਬੜੀ ਸੁੰਦਰ ਫੱਬ ਰਹੀ ਹੈ। ਵਿਹੜੇ ਵਿਚ ਖੜੀਆਂ ਇਸਤਰੀਆਂ ਵੇਖ ਰਹੀਆਂ ਹਨ। ਮੁਕਤੀ ਦਾਤੇ ਅਤੇ ਆਨੰਦ ਦਾਤੇ ਦਾ ਮੁਖੜਾ ਕਲੰਕ ਰਹਿਤ ਚੰਦ ਵਾਂਗ ਸੁੰਦਰ ਲੱਗ ਰਿਹਾ ਸੀ॥ ੩੫॥

ਭਰੀ ਸੁੰਦਰਤਾ ਬਹੁ ਸੀਸ ਕਿਰੀਟ ਸੁਹਾਵਤਿ ਲਾਲ ਚੁਨੀ ਸੁ ਹਰੀ।
ਹਰੀ ਲੋਕਨ ਬੁਧਿ ਬਿਲੋਕਤਿ ਆਨਨ ਲੋਚਨ ਡੀਠ ਕਹੂੰ ਨ ਟਰੀ।
ਟਰੀ ਆਪਦ ਤਾਂ ਨਰ ਕੀ ਸਗਰੀ ਜਿਨ ਮੂਰਤਿ ਸੋ ਉਰ ਮਾਹਿ ਧਰੀ।
ਧਰੀ ਅੰਗਨ ਮੈਂ ਸੁਖਮਾ ਸੁਖ ਕੀ, ਜਗ ਕੋਮਲਤਾ ਬਚ ਬੀਚ ਭਰੀ॥ ੩੬॥

ਸਿਰ ਤੇ ਸੁੰਦਰ ਮੁਕਟ ਬਹੁਤ ਸ਼ੋਭ ਰਿਹਾ ਹੈ ਅਤੇ ਲਾਲ ਪੰਨੇ ਤੇ ਸੁਹਣੇ ਹੀਰੇ ਦਮਕਾਂ ਮਾਰ ਰਹੇ ਹਨ। ਗੁਰੂ ਜੀ ਦੀ ਸੁੰਦਰਤਾ ਵੇਖ ਕੇ ਲੋਕ ਆਪਣੀ ਸੁੱਧ ਬੁੱਧ ਖੋ ਬੈਠੇ ਸਨ। ਸਾਰੇ ਇਸ ਤਰ੍ਹਾਂ ਟਿਕਟਿਕੀ ਲਾ ਕੇ ਵੇਖ ਰਹੇ ਸਨ ਕਿ ਕਿਸੇ ਦੀ ਨਜ਼ਰ ਪਰ੍ਹੇ ਨਹੀਂ ਹੱਟਦੀ ਹੈ। ਉਸ ਮਰਦ ਦੀਆਂ ਤਾਂ ਸਾਰੀਆਂ ਬਿਪਤਾਵਾਂ ਹੀ ਦੂਰ ਹੋ ਗਈਆਂ ਜਿਸ ਨੇ ਵੀ ਗੁਰੂ ਜੀ ਦੀ ਸੂਰਤ ਇਕ ਵਾਰ ਆਪਣੇ ਮਨ ਵਿਚ ਵਸਾ ਲਈ। ਗੁਰੂ ਜੀ ਦੇ ਅੰਗਾਂ ਵਿਚ ਸੁਖ ਦੀ ਸ਼ੋਭਾ ਭਰਪੂਰ ਹੈ ਅਤੇ ਉਨ੍ਹਾਂ ਦੇ ਬਚਨਾਂ ਵਿਚ ਜਗਤ ਦੀ ਕੋਮਲਤਾ ਭਰੀ ਪਈ ਹੈ॥ ੩੬॥

ਛੋਟੇ ਨਿਸ਼ਾਨ ਧਰੇ ਦਰ ਬਾਜਤਿ ਆਵਤਿ ਜਾਵਤਿ ਲੇਤਿ ਹੈਂ ਦੇਈ।
ਤਾਤ ਕਮਾਈ ਕੋ ਕਾਲੂ ਬਿਲੋਕਿ ਬਿਸਾਲ ਉਦਾਰ ਰਿਦਾ ਬਹੁ ਦੇਈ।
ਆਵਤਿ ਰਾਗ ਕਲਾਵਤ ਗਾਵਤਿ ਭਾਵਤਿ ਜੋ ਬਿਤ ਪਾਵਤਿ ਸੇਈ।
ਯਾ ਬਿਧਿ ਕੋ ਉਤਸਾਹ ਭਯੋ ਕਵਿ ਕੀਨਿ ਕਬਿੱਤਨ ਮੱਧ ਭਨੇਈ॥ ੩੭॥

ਛੋਟੇ ਨਗਾਰੇ ਦਰਵਾਜ਼ੇ ਵਿਚ ਰੱਖੇ ਵੱਜ ਰਹੇ ਸਨ ਅਤੇ ਮੰਗਤੇ ਆਉਂਦੇ ਜਾਂਦੇ ਦਾਨ ਲੈ ਰਹੇ ਸਨ। ਪੁੱਤਰ ਦੀ ਵਿਸ਼ਾਲ ਕਮਾਈ ਨੂੰ ਵੇਖ ਕੇ ਮਹਿਤਾ ਕਾਲੂ ਦਾ ਹਿਰਦਾ ਬਹੁਤ ਖੁਲ੍ਹ ਦਿਲਾ ਹੋ ਗਿਆ ਹੈ ਅਤੇ ਉਹ ਬਹੁਤ ਦਾਨ ਦੇ ਰਹੇ ਹਨ। ਕਲੌਤ ਆ ਕੇ ਰਾਗ ਗਾ ਰਹੇ ਹਨ ਤੇ ਮੂੰਹ ਮੰਗਿਆ ਦਾਨ ਪ੍ਰਾਪਤ ਕਰ ਰਹੇ ਸਨ। ਇਸ ਤਰ੍ਹਾਂ ਖ਼ੁਸ਼ੀ ਭਰਿਆ ਉਤਸ਼ਾਹ ਮਨਾਇਆ ਜਾ ਰਿਹਾ ਹੈ, ਜਿਸ ਨੂੰ ਕਵੀ ਨੇ ਕਬਿਤਾਂ ਵਿਚ ਕਥਨ ਕੀਤਾ ਹੈ॥ ੩੭॥

ਪਾਵਨ ਮੰਗਲ ਹੋਤਿ ਸੁਹਾਭਨ ਭਾਵਨ ਭਾਟ ਰਟੈਂ ਗੁਨ ਕੋ।
ਲਾਗੀ ਸਭਾ ਸਭਿ ਬੇਦਨਿ ਕੀ ਨਟ ਰਾਗ ਅਲਾਪ ਕਰੈਂ ਧੁਨ ਕੋ।
ਰੀਝ ਰਿਦੇ ਬਖਸ਼ੇ ਬਖਸ਼ੀਸ਼ਨਿ, ਪਾਇਕੇ ਸੋ ਹਰਖੈਂ ਧਨ ਕੋ।
ਹਾਸ ਬਿਲਾਸ ਕਰੈਂ ਮਿਲਿਕੈ ਪਿਖਿ ਕੌਤਕ ਭਾਂਤਿ ਅਨੇਕਨ ਕੋ ॥ ੩੮॥

ਪਾਵਨ ਮੰਗਲ ਬੜਾ ਸ਼ੋਭ ਰਿਹਾ ਹੈ ਅਤੇ ਭੱਟ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਗੁਣਾਂ ਦਾ ਗਾਇਣ ਕਰ ਰਹੇ ਹਨ। ਬੇਦੀਆਂ ਦੀ ਸਭਾ ਲੱਗੀ ਹੋਈ ਹੈ ਅਤੇ ਨਟ ਨਵੀਆਂ ਧੁਨਾਂ ਕੱਢ ਕੇ ਅਲਾਪ ਕਰ ਰਹੇ ਹਨ। ਹਿਰਦੇ ਵਿਚ ਬੜੇ ਖ਼ੁਸ਼ ਹੋ ਕੇ ਬੇਦੀ

ਬਖਸ਼ੀਸ਼ਾਂ ਦੇ ਰਹੇ ਹਨ ਅਤੇ ਮੰਗਤੇ ਦਾਨ ਪਾ ਕੇ ਬਹੁਤ ਪ੍ਰਸੰਨ ਹੋ ਰਹੇ ਹਨ। ਸਾਰੇ ਕਈ ਪ੍ਰਕਾਰ ਦੇ ਕੌਤਕ ਵੇਖ ਕੇ ਹਾਸ-ਬਿਲਾਸ ਕਰ ਰਹੇ ਹਨ॥ ੩੮॥

ਖਰੀ ਚਾਰੁ ਬਰਾਤ ਬਨੀ ਸਗਰੀ ਤਨ ਭੂਖਨ ਜੇਬ ਜਰਾਵ ਜਰੀ।
ਜ਼ਰੀਦੋਜ਼ ਫਿਰੈ ਬਿਜਨਾ ਸਭਿ ਪੈ ਸਮ ਸੂਰਜ ਕੇ ਜਿਹ ਕ੍ਰਾਂਤਿ ਧਰੀ।
ਧਰੀ ਪੋਸ਼ਿਸ ਅੰਗ ਪਟੰਬਰ ਅੰਬਰ ਹੈ ਪਸ਼ਮੰਬਰ ਸ਼ੋਭ ਕਰੀ।
ਕਰੀ ਸੁੰਦਰ ਰੰਗ ਅਨੇਕਨ ਕੀ ਪੁਰਹੂਤ ਸਭਾ ਦੁਤਿ ਲੀਨਿ ਛਰੀ॥ ੩੯॥

ਸਾਰੀ ਬਰਾਤ ਬੜੀ ਸੁੰਦਰ ਲੱਗ ਰਹੀ ਹੈ ਅਤੇ ਉਨ੍ਹਾਂ ਦੇ ਪਹਿਨੇ ਹੋਏ ਜੜਾਊ ਗਹਿਣੇ ਸ਼ੋਭਾ ਪਾ ਰਹੇ ਹਨ। ਤਿਲੇ ਦਾ ਕੱਢਿਆ ਹੋਇਆ ਪੱਖਾ ਸਭ ਉਤੇ ਫੇਰਿਆ ਜਾ ਰਿਹਾ ਹੈ ਅਤੇ ਸਭ ਨੂੰ ਬਰਾਬਰ ਹਵਾ ਦੇ ਰਿਹਾ ਹੈ। ਸਾਰਿਆਂ ਨੇ ਪਸ਼ਮੀਨੇ ਦੇ ਕਪੜੇ ਦੀ ਬਣਾਈ ਪੋਸ਼ਾਕ ਪਹਿਨੀ ਹੋਈ ਹੈ ਅਤੇ ਸਭ ਨੂੰ ਉਹ ਸੁੰਦਰ ਲੱਗ ਰਹੀ ਹੈ। ਇੰਝ ਲੱਗ ਰਿਹਾ ਹੈ ਜਿਵੇਂ ਇੰਦਰ ਦੀ ਸਭਾ ਦੀ ਸ਼ੋਭਾ ਨੂੰ ਵੀ ਗੁਰੂ ਜੀ ਦੀ ਸਭਾ ਨੇ ਖੋਹ ਲਿਆ ਹੈ ਭਾਵ ਇੰਦਰ ਦੀ ਸਭਾ ਨੂੰ ਵੀ ਮਾਤ ਪਾ ਗਈ ਹੈ॥ ੩੯॥

ਦੋਹਰਾ- ਦਿਵਸ ਬਿਤੀਤੇ ਕਿਤਿਕ ਇਵ ਸਾਹਾ ਅਯੋ ਸਮੀਪ।
ਲਗੇ ਕਰਨ ਤਯਾਰੀ ਚਲਿਨਿ ਬ੍ਯਾਹਨ ਕੁਲ ਕੋ ਦੀਪ॥ ੪੦॥

ਕਈ ਦਿਨ ਬੀਤੇ ਤੇ ਸਾਹਾ ਨੇੜੇ ਆ ਗਿਆ। ਫਿਰ ਸਾਰੇ ਬੇਦੀ ਕੁਲ ਦੇ ਦੀਪ ਵਿਆਹੁਣ ਜਾਣ ਦੀਆਂ ਤਿਆਰੀਆਂ ਕਰਨ ਲੱਗੇ॥ ੪੦॥

ਸੈਯਾ- ਭੂਪਤਿ ਪਾਸ ਜਰਾਮ ਗਯੋ ਵਥੁ ਲੇਵਨ ਕੀ ਸਭਿ ਗਾਥ ਸੁਨਾਈ।
ਦੀਨੇ ਮਤੰਗ ਅੰਬਾਰਨ ਸੰਗਿ ਤੁਰੰਗਮ ਸੋਂ ਅਸਵਾਰ ਬਨਾਈ।
ਭੂਖਨ ਸੁੰਦਰ ਕੰਚਨ ਕੇ ਨਗ ਬੀਚ ਜਰਾਵਨ ਸੋਂ ਛਬਿ ਛਾਈ।
ਔਰ ਤੁਖਾਰ ਦਏ ਹਿਤ ਭਾਰਨਿ ਤੰਬੂ ਕਨਾਤਨ ਕੇ ਸਮੁਦਾਈ॥ ੪੧॥

ਫਿਰ ਜੈ ਰਾਮ ਨਵਾਬ ਦੇ ਪਾਸ ਗਿਆ ਅਤੇ ਚੀਜ਼ਾਂ ਵਸਤਾਂ ਲੈਣ ਦੀ ਸਾਰੀ ਗਾਥਾ ਸੁਣਾਈ। ਉਸ ਨੇ ਅੰਬਾਰੀਆਂ ਸਮੇਤ ਹਾਥੀ ਅਤੇ ਸਵਾਰੀ ਲਈ ਘੋੜੇ ਦਿੱਤੇ। ਉਹ ਸਾਰੇ ਸੋਨੇ ਦੇ ਜੜਾਊ ਗਹਿਣਿਆਂ ਅਤੇ ਨਗਾਂ ਨਾਲ ਜੜੇ ਹੋਏ ਵੱਡੀ ਸ਼ੋਭਾ ਪਾ ਰਹੇ ਸਨ। ਉਸ ਨੇ ਤੰਬੂ ਕਨਾਤਾਂ ਨੂੰ ਚੁੱਕਣ ਵਾਸਤੇ ਊਠ ਵੀ ਦਿੱਤੇ॥ ੪੧॥

ਅੜਿਲ- ਦੌਲਤ ਖਾਂ ਲਖਿ ਰਿਦੈ ਸੁ ਮੋਦੀ ਆਪਨੋ। ਜਸ ਅਪਜਸ ਜਗ ਮਾਝ ਮੁਝਹਿ ਸੰਗਿ ਜਾਪਨੋ।
ਦਯੋ ਦਰਬ ਮੰਗਵਾਇ ਕੋਸ਼ ਤੇ ਹਰਖ ਯੁਤਿ। ਹੋ ਕਹੈ 'ਕਰਹੁ ਜਸ ਭੂਰ ਉਦਾਰੂ ਹੋਇ ਚਿਤ' ॥੪੨॥

ਦੌਲਤ ਖਾਂ ਨੇ ਹਿਰਦੇ ਵਿਚ ਖੁਸ਼ ਹੋ ਕੇ ਆਪਣੇ ਮੋਦੀ ਨੂੰ ਜਾਣ ਕੇ ਕਿ ਉਸ ਦੇ ਨਾਲ ਹੀ ਉਸ ਦਾ ਜੱਗ ਵਿਚ ਜੱਸ ਜਾਂ ਅਪਜੱਸ ਹੈ। ਉਸ ਵੇਲੇ ਖਜ਼ਾਨੇ ਵਿਚੋਂ ਧਨ ਮੰਗਵਾ ਕੇ ਦਿੱਤਾ ਅਤੇ ਕਿਹਾ, "ਚਿੱਤ ਵਿਚ ਪੂਰਨ ਉਦਾਰ-ਚਿਤ ਹੋ ਕੇ ਜੱਸ ਕਰੋ"॥ ੪੨॥

ਸੈਯਾ- ਆਨਿ ਜਰਾਮ ਨੈ ਧਾਮ ਵਿਖੈ ਤਤਕਾਲ ਕਰੀ ਚਢਿਨੇ ਕੀ ਤਯਾਰੀ।
ਆਪਨੇ ਆਪਨੇ ਵਾਹਨ ਸਾਜਿ ਅਰੂਢ ਭਏ ਤਨ ਪੋਸ਼ਿਸ਼ ਧਾਰੀ।
ਲੌਕਿਕ ਵੈਦਿਕ ਰੀਤ ਕਰੀ ਸਭਿ ਬ੍ਰਿੰਦ ਮਿਲੀ ਤਹਿਂ ਨਾਗਰ ਨਾਰੀ।
ਮਾਨੋ ਕੋਕਿਲਕਾ ਕੁਹਕਾਵਤਿ ਗਾਵਤਿ ਗੀਤਨਿ ਆਨੰਦ ਭਾਰੀ॥ ੪੩॥

ਇਹ ਸਭ ਵਸਤਾਂ ਲੈ ਕੇ ਜੈ ਰਾਮ ਫੌਰਨ ਘਰ ਆ ਗਿਆ ਤੇ ਚੱਲਣ ਦੀ ਤਿਆਰੀ ਕਰ ਦਿੱਤੀ। ਆਪਣੀਆਂ ਆਪਣੀਆਂ

ਅਸਵਾਰੀਆਂ ਸਜਾ ਕੇ ਅਤੇ ਤਿਆਰ ਕਰਕੇ ਉਨ੍ਹਾਂ ਤੇ ਸਵਾਰ ਹੋ ਗਏ। ਉਨ੍ਹਾਂ ਨੇ ਆਪਣੇ ਸਰੀਰ ਤੇ ਸੁੰਦਰ ਪੋਸ਼ਾਕੇ ਪਾਏ ਹੋਏ ਸਨ। ਲੌਕਿਕ ਵੈਦਿਕ ਰੀਤੀ ਕੀਤੀ ਅਤੇ ਨਗਰ ਦੇ ਸਾਰੇ ਚਤੁਰ ਲੋਕ ਉਨ੍ਹਾਂ ਨੂੰ ਮਿਲਣ ਵਾਸਤੇ ਆਏ ਅਤੇ ਇਸਤਰੀਆਂ ਸੁੰਦਰ ਗੀਤ ਗਾ ਰਹੀਆਂ ਸਨ। ਇੰਝ ਲੱਗ ਰਿਹਾ ਸੀ ਜਿਵੇਂ ਕੋਇਲਾਂ ਬੋਲਦੀਆਂ ਹਨ, ਇਸ ਤਰ੍ਹਾਂ ਦੇ ਸੁੰਦਰ ਗੀਤ ਗਾਏ ਜਾ ਰਹੇ ਸਨ॥ ੪੩॥

ਸਾਰਸ ਲੋਚਨ ਬੰਧ ਬਿਮੋਚਨ ਰੂਪ ਬਿਲੋਕਤਿ ਹੈ ਮਨ ਹਾਰੀ।
ਸ਼ੇਖਰੇ ਸੋਹੈਂ ਲਿਲਾਰ ਉਦਾਰਕੇ, ਸੀਸ ਪੈ ਹੇਮ ਸੁ ਨੀਕੇ ਹੈ ਢਾਰੀ।
ਸੋਭਾ ਕੇ ਮੋਰ ਫਿਰੈ ਸਿਰ ਚੋਰ ਪਿਖੈਂ ਨਰ ਦੋਰ ਸੁ ਭੀਰ ਭੀ ਭਾਰੀ।
ਹੋਇ ਅਰੂਢਿ ਚਲੇ ਸਿਵਕਾ ਪਰ ਜਾਮੈਂ ਜਟੇ ਝਮਕੈਂ ਨਗ ਚਾਰੀ॥ ੪੪॥

ਕਵਲ ਨੈਣ, ਬੰਧਨਾਂ ਤੋਂ ਮੁਕਤ ਕਰਨ ਵਾਲੇ ਗੁਰੂ ਜੀ ਦਾ ਰੂਪ ਵੇਖ ਵੇਖ ਕੇ ਮਨ ਹਰਿਆ ਜਾ ਰਿਹਾ ਹੈ। ਮੱਥੇ ਤੇ ਲਟਕਣ ਵਾਲਾ ਸਿਹਰਾ, ਉਦਾਰ ਗੁਰੂ ਜੀ ਦੇ ਮੱਥੇ ਤੇ ਲਟਕ ਰਿਹਾ ਹੈ ਅਤੇ ਸੋਨੇ ਦੀ ਕਲਗੀ ਬੜੀ ਸ਼ੋਭਾ ਪਾ ਰਹੀ ਹੈ। ਸ਼ੋਭਾ ਦੇ ਸਿਰਮੌਰ ਦੇ ਸਿਰ ਤੇ ਚੋਰ ਝੁਲਦਾ ਵੇਖ ਕੇ ਨਰ ਨਾਰੀ ਦੌੜ ਦੌੜ ਕੇ ਆ ਰਹੇ ਹਨ ਅਤੇ ਬੜੀ ਭਾਰੀ ਭੀੜ ਹੁੰਦੀ ਜਾ ਰਹੀ ਹੈ। ਫਿਰ ਆਪਣੀ ਪਾਲਕੀ ਵਿਚ ਬੈਠ ਗਏ ਹਨ ਅਤੇ ਪੋਸ਼ਾਕ ਉਤੇ ਜੜੇ ਸੁੰਦਰ ਨਗ ਅਤੇ ਰਤਨ ਬੜੀਆਂ ਝਮਕਾਂ ਮਾਰ ਰਹੇ ਹਨ॥ ੪੪॥

ਕਬਿੱਤ- ਸੁੰਦਰ ਮਤੰਗ ਸਜਯੋ ਅਰੁਨ ਅੰਬਾਰੀ ਸੰਗ, ਤਾਂਪੈ ਚਢਿ ਕਾਲੂ ਅੰਗ ਆਨੰਦ ਨ ਮਾਵਈ।
ਲਾਲੂ ਗਜਾਰੂਢ ਭਯੋ ਰਾਮਚੰਦ ਕਾਨਾ ਪੁਨ, ਚਢਯੋ ਜਗਜੀਤ ਮੱਲ, ਲਾਲ ਨੰਦ ਭਾਵਈ।
ਜੱਟਮਲ, ਇੰਦ੍ਰ ਸੈਨ, ਨੰਦ ਲਾਲ ਮੈਨ ਸਮ ਸ਼ੋਭਾ ਐਨ, ਰਥ ਪਰ ਚਢੇ ਛਬਿ ਪਾਵਈ।
ਚੰਦ੍ਰ ਭਾਨੁ, ਕੋਲ ਨੈਨ, ਸ਼ਿਵਲਾਲ, ਕਾਮ ਸੈਨ, ਮਾਨਚੰਦ ਮਾਨਸੰਗ ਚਢਯੋ ਹਰਖਾਵਈ॥ ੪੫॥

ਸੁੰਦਰ ਹਾਥੀ ਜਿਹੜਾ ਲਾਲ ਰੰਗ ਦੀ ਅੰਬਾਰੀ ਨਾਲ ਸਜਿਆ ਸੀ ਉਸ ਵਿਚ ਬਾਬਾ ਕਾਲੂ ਬੈਠ ਕੇ ਆਪਣੇ ਅੰਗਾਂ ਵਿਚ ਨਹੀਂ ਸਨ ਸਮਾ ਰਹੇ। ਲਾਲੂ ਵੀ ਹਾਥੀ ਤੇ ਚੜ੍ਹ ਗਿਆ। ਫਿਰ ਰਾਮਚੰਦ, ਕਾਹਨਾ, ਜਗਜੀਤ ਮਲ ਹਾਥੀਆਂ ਉਤੇ ਚੜ੍ਹ ਗਏ। ਜੱਟਮਲ, ਇੰਦਰ ਸੈਨ, ਨੰਦ ਲਾਲ ਆਦਿ ਕਾਮਦੇਵ ਵਰਗੀ ਸੁੰਦਰਤਾ ਦੇ ਘਰ ਰਥਾਂ ਤੇ ਚੜ੍ਹ ਕੇ ਸ਼ੋਭ ਰਹੇ ਸਨ। ਚੰਦ੍ਰ ਭਾਨ, ਕੋਲ ਨੈਨ, ਸ਼ਿਵ ਲਾਲ, ਕਾਮ ਸੈਨ, ਮਾਨ ਚੰਦ ਬੜੇ ਮਾਨ ਨਾਲ ਖੁਸ਼ ਹੋ ਕੇ ਆਪਣੀਆਂ ਅਸਵਾਰੀਆਂ ਤੇ ਚੜ੍ਹ ਗਏ॥ ੪੫॥

ਛਪਯ- ਪ੍ਰਮਾਨੰਦ, ਜੈਰਾਮ ਬਹੁਰ ਚਢਿ ਚਲਯੋ ਫਿਰੰਦਾ।
ਤਖਤ ਰਾਮ, ਜਗਰਾਇ ਬਨਯੋ ਸੁਭਿ ਅਰਜਨ ਚੰਦਾ।
ਔਰ ਦਿਵਾਨੀ ਮੱਲ, ਮੂਹਨ ਮੱਲ, ਭਲੋ ਸੁਹਾਈ।
ਲਖਪਤਿ ਰਾਇ ਕੁਲੀਨ ਚਢਯੋ ਅਸੁ ਜਾਦੋਰਾਈ।
ਬੇਦੀ ਪੁਨਿ ਛੱਤ੍ਰੀ ਅਪਰ ਕੇਤਿਕ ਗਿਨਿਯੇ ਨਾਮ ਤਿਨ।
ਸੁਭ ਬਾਨੇ ਨੀਕ ਬਨਾਇ ਕੈ ਚਲੇ ਚੰਚਲਹਿ ਜਾਨੁ ਜਿਨ॥ ੪੬॥

ਪਰਮਾਨੰਦ ਅਤੇ ਜੈ ਰਾਮ ਵੀ ਆਪਣੇ ਵਾਹਨਾਂ ਤੇ ਚੜ੍ਹ ਗਏ। ਤਖਤ ਰਾਮ, ਜਗਰਾਇ ਅਤੇ ਅਰਜਨ ਚੰਦ ਆਪਣੀਆਂ ਅਸਵਾਰੀਆਂ ਤੇ ਚੜ੍ਹੇ ਬੜੀ ਸ਼ੋਭਾ ਪਾ ਰਹੇ ਹਨ। ਦਿਵਾਨੀ ਮਲ, ਮੂਹਨ ਮਲ ਨੇ ਵੀ ਬੜੀ ਸ਼ੋਭਾ ਪਾਈ। ਲਖਪਤਿ ਰਾਇ ਅਤੇ ਜਾਦੂ ਰਾਇ ਸੁੰਦਰ ਘੋੜਿਆਂ ਤੇ ਚੜ੍ਹ ਪਏ। ਬੇਦੀਆਂ ਅਤੇ ਖੱਤਰੀਆਂ ਦੇ ਮੈਂ ਕਿੰਨੇ ਕੁ ਨਾਮ ਗਿਣਾਂ, ਸੁਭ ਅਤੇ ਸੁੰਦਰ ਪੋਸ਼ਾਕਾਂ ਪਾ ਕੇ ਆਪਣੀਆਂ ਚੰਚਲ ਵਾਹਨਾਂ ਤੇ ਜਾ ਚੜ੍ਹੇ ਹਨ॥ ੪੬॥

ਸ੍ਵੈਯਾ- ਦਿਸ਼ ਏਕ ਤਰੰਗਨ ਚੰਚਲ ਸੁੰਦਰ ਜਾਤਿ ਕੁਦਾਵਤਿ ਭੂਖਨ ਧਾਰੀ।
ਦਿਸ਼ ਏਕ ਮਤੰਗ ਅੰਬਾਰਨਿ ਸੰਗ ਕਰੈਂ ਜਿਨ ਗੰਡਹਿ ਭ੍ਰਿੰਗ ਗੁੰਜਾਰੀ।
ਦਿਸ਼ ਏਕ ਚਲੇ ਸ਼ਿਵਕਾ, ਰਥ ਪੰਗਤਿ, ਬੀਚ ਬਿਰਾਜਹਿ ਬਾਹਜ ਚਾਰੀ।
ਦਿਸ਼ ਏਕ ਤੁਖਾਰ ਚਲੇ ਸਕਟੇ ਗਮਨੇ ਮਗ ਹੋਤਿ ਕੁਲਾਹਲ ਭਾਰੀ॥੪੭॥

ਇਕ ਪਾਸੇ ਸੁੰਦਰ ਅਤੇ ਚੰਚਲ ਅਤੇ ਚਾਲਾਕ ਘੋੜੇ ਸੋਹਣੇ ਗਹਿਣਿਆਂ ਨਾਲ ਸੱਜੇ ਹੋਏ ਚਲ ਰਹੇ ਸਨ। ਦੂਸਰੇ ਪਾਸੇ ਹਾਥੀ ਅੰਬਾਰੀਆਂ ਸਹਿਤ ਚਲ ਰਹੇ ਸਨ ਅਤੇ ਜਿਨ੍ਹਾਂ ਦੀਆਂ ਪੁੜਪੁੜੀਆਂ ਪਾਸ ਭੌਰੇ ਗੂੰਜ ਰਹੇ ਸਨ। ਇਕ ਪਾਸੇ ਪਾਲਕੀਆਂ ਅਤੇ ਰੱਥ ਲਾਈਨਾਂ ਵਿਚ ਚਲ ਰਹੇ ਸਨ, ਜਿਨ੍ਹਾਂ ਵਿਚ ਬੈਠੇ ਖੱਤਰੀ ਸੋਹਣੇ ਲੱਗ ਰਹੇ ਸਨ। ਇਕ ਪਾਸੇ ਊਠ ਅਤੇ ਗੱਡੇ ਚਲ ਰਹੇ ਸਨ ਅਤੇ ਖੁਸ਼ੀ ਭਰਿਆ ਬੜਾ ਉੱਚਾ ਸ਼ੋਰ ਹੋ ਰਿਹਾ ਸੀ॥ ੪੭॥

ਸ੍ਵੈਯਾ- ਬਾਜਤਿ ਢੋਲ ਦਮਾਮੇ ਵਡੇ, ਤੁਰਰੀ, ਡਫ ਸੋ, ਮੁਰਲੀ, ਕਰਨਾਈ।
ਝਾਂਝਰ ਭੂਰ ਨਫੀਰ ਬਜੇ ਮੁਖ ਬਾਤ ਕਹੀ ਨਹਿਂ ਦੇਤਿ ਸੁਨਾਈ।
ਰੰਗ ਅਨੇਕਨਿ ਕੇਰ ਪਤਾਕਨਿ ਜਾਂਹਿ ਲਿਯੇ ਸਭਿ ਆਗੇ ਹੀ ਧਾਈ।
ਮੰਗਲ ਭੌਨ ਭਏ ਸੁਭ ਸੌਨ ਸਮੈਂ ਸਭਿ ਗੌਨ ਕੇ ਦੀਨੇ ਦਿਖਾਈ॥੪੮॥

ਵੱਡੇ-ਵੱਡੇ ਢੋਲ ਤੇ ਦਮਾਮੇ ਵੱਜ ਰਹੇ ਸਨ ਅਤੇ ਤੁਰੀਆ, ਡੱਫ, ਮੁਰਲੀਆਂ ਅਤੇ ਨਰਸਿੰਘੇ ਮਿੱਠੀਆਂ ਧੁਨਾਂ ਕੱਢ ਰਹੇ ਸਨ। ਛਾਂਜਰ, ਤੂਤੀ (ਨਫੀਰ) ਵੀ ਬਹੁਤ ਉੱਚੀ ਵੱਜ ਰਹੀ ਸੀ ਅਤੇ ਮੂੰਹ ਨਾਲ ਜਿਹੜਾ ਵੀ ਕੋਈ ਗੱਲ ਕਰਦਾ ਸੀ, ਉਹ ਕਿਸੇ ਨੂੰ ਸੁਣਾਈ ਨਹੀਂ ਸੀ ਦਿੰਦੀ। ਕਈ ਵਿਅਕਤੀ ਅਨੇਕ ਪ੍ਰਕਾਰ ਦੀਆਂ ਝੰਡੀਆਂ ਲੈ ਕੇ ਸਭ ਦੇ ਅੱਗੇ-ਅੱਗੇ ਜਾ ਰਹੇ ਹਨ। ਘਰ ਵਿਚ ਜੰਞ ਦੇ ਚੱਲਣ ਸਮੇਂ ਕਈ ਪ੍ਰਕਾਰ ਦੇ ਸ਼ੁਭ ਸ਼ਗੁਨ ਇਸ ਪ੍ਰਕਾਰ ਹੋਏ ਹਨ।

ਦੋ ਘਟ ਨਾਰਿ ਸੁਹਾਗਣ ਲੇ ਤਹਿਂ ਆਨਿ ਮਿਲੀ ਜਾਹਿਂ ਸ੍ਰੀ ਜਗ ਸਾਂਈ।
ਖੇਲ ਸੁਹਾਵਨ ਬਾਇਸ ਦਾਂਹਨ ਧਾਇ ਭਲੇ ਮ੍ਰਿਗ ਮਾਲਹਿ ਆਈ।
ਹੇਰਤਿ ਹੈਂ ਨਕੁਲਾ ਸਭਿ ਈ ਸੁਰਭੀ ਹੋਇ ਸਾਮੁਹਿ ਖੀਰ ਪਿਆਈ।
ਸੁੰਦਰ ਮੰਦ ਸਮੀਰ ਬਹੀ ਅਵਿਲੋਕ ਬਰਾਤ ਰਹੀ ਹਰਿਖਾਈ॥੪੯॥

ਪਾਣੀ ਦੇ ਦੋ ਘੜੇ ਲੈ ਕੇ ਸੁਹਾਗਣ ਨਾਰੀਆਂ ਉਥੇ ਆ ਮਿਲੀਆਂ ਜਿਥੇ ਜਗਤ ਦੇ ਮਾਲਕ ਬੈਠੇ ਸਨ। ਕਾਂ ਸੱਜੇ ਪਾਸੇ ਬੋਲੇ ਸਨ ਅਤੇ ਹਿਰਨਾਂ ਦੀ ਡਾਰ ਖੱਬੇ ਪਾਸੇ ਵਲ ਨੂੰ ਦੌੜੀ ਸੀ। ਨਿਓਲ ਧੌਣਾਂ ਉਚੀਆਂ ਕਰ ਤੱਕਦੇ ਸਨ ਅਤੇ ਗਾਂ ਸਾਹਮਣੇ ਹੋ ਕੇ ਵੱਛੇ ਨੂੰ ਦੁੱਧ ਪਿਆਉਂਦੀ ਸੀ। ਸੁੰਦਰ ਹਲਕੀ ਹਵਾ ਚਲ ਰਹੀ ਹੈ, ਜਿਹੜੀ ਬਰਾਤ ਵੇਖ ਕੇ ਬਹੁਤ ਪ੍ਰਸੰਨ ਹੋਈ ਹੈ। ਇਹ ਸਾਰੇ ਸ਼ੁਭ ਸ਼ਗਨ ਗਿਣੇ ਹਨ, ਜਿਹੜੇ ਬਰਾਤ ਦੇ ਚਲਣ ਸਮੇਂ ਹੋਏ॥ ੪੯॥

ਸੋਰਠਾ- ਚਲੇ ਪਰਮ ਸੁਖ ਪਾਇ ਬਾਜਹਿਂ ਘੰਟੇ ਗਜਨ ਕੇ।
ਘੁੰਘਰੂ ਛਰਨਨ ਲਾਇ ਰਾਜਹਿਂ ਰਥ ਸਾਜਹਿਂ ਤੁਰੰਗ॥ ੫੦॥

ਜੰਞ ਬੜਾ ਸੁਖ ਪਾ ਕੇ ਚਲ ਰਹੀ ਹੈ ਅਤੇ ਹਾਥੀਆਂ ਦੇ ਗਲਾਂ ਦੀਆਂ ਘੰਟੀਆਂ ਵੱਜ ਰਹੀਆਂ ਹਨ। ਰੱਥਾਂ ਨਾਲ ਜੁੱਤੇ ਸਜੇ ਹੋਏ ਘੋੜਿਆਂ ਦੇ ਪੈਰਾਂ ਵਿਚ ਝਾਂਜਰਾਂ ਛੁਣਕਾਰਾਂ ਪਾ ਰਹੀਆਂ ਹਨ॥ ੫੦॥

ਦੋਹਰਾ- ਮੁਝ ਕੋ ਰਾਖਯੋ ਸੰਗਿ ਨਿਜ ਖਰਚ ਪ੍ਰਿਥਕ ਕਛੁ ਦੇਯ।
ਸੁਨਿਯੇ ਸ੍ਰੀ ਅੰਗਦ ਗੁਰੂ ਕਥਾ ਸਾਰ ਰਸ ਲੇਯ॥ ੫੧॥

ਭਾਈ ਬਾਲੇ ਨੇ ਕਿਹਾ, "ਮੈਨੂੰ ਪਹਿਲਾਂ ਕੁਝ ਵੱਖਰਾ ਖਰਚਾ ਦੇ ਕੇ ਆਪਣੇ ਨਾਲ ਰੱਖ ਲਿਆ। ਹੇ ਗੁਰੂ ਅੰਗਦ ਦੇਵ ਜੀ! ਸਤਿਗੁਰੂ ਨਾਨਕ ਦੇਵ ਜੀ ਦੀ ਕਥਾ ਦੀ ਸਾਰ ਬੜੇ ਪ੍ਰੇਮ ਨਾਲ ਸੁਣੋ ਅਤੇ ਰਸ ਮਾਣੋ॥ ੫੧॥

ਸ੍ਵੈਯਾ- ਹੋਤਿ ਕੁਲਾਹਲ ਬਾਦਿਤ ਬਾਜਤਿ ਆਇ ਗਏ ਸਭਿ ਤੀਰ ਬਿਪਾਸਾ।
ਕੇਵਟ ਕੋ ਧਨ ਦੀਨ ਤਬੈ ਤਰਨੀ ਤਿਨ ਕੀਨਿ ਸੰਬ੍ਰਹ ਸੁ ਪਾਸਾ।
ਗੈ ਰਥ ਬਾਜ ਸਮਾਜ ਤੁਖਾਰ ਭਰੇ ਸਕਟੇ ਵਸਤੂਨਿ ਜੇ ਰਾਸਾ।
ਹੀਨ ਬਿਲੰਬਹਿ ਅੰਬ ਤੇ ਪਾਰ ਕਰੇ ਸਭਿਹੀ ਨਿਜ ਲਾਇਕੇ ਦਾਸਾ॥੫੨॥

ਬੜਾ ਸ਼ੋਰ ਮੱਚਿਆ ਹੋਇਆ ਸੀ ਅਤੇ ਵਾਜੇ ਵੱਜ ਰਹੇ ਸਨ, ਜਦ ਬਿਆਸਾ ਨਦੀ ਦੇ ਕੰਢੇ ਤੇ ਪਹੁੰਚੇ, ਉਨ੍ਹਾਂ ਮਲਾਹ ਨੂੰ ਧਨ ਦਿੱਤਾ, ਤਦ ਉਸ ਨੇ ਬੇੜੀ ਨੂੰ ਉਨ੍ਹਾਂ ਦੇ ਪਾਸ ਭੇਜਿਆ। ਹਾਥੀ, ਰੱਥ, ਘੋੜੇ, ਊਠ ਅਤੇ ਵਸਤੂਆਂ ਨਾਲ ਭਰੇ ਹੋਏ ਗੱਡੇ, ਮਲਾਹ ਨੇ ਆਪਣੇ ਦਾਸਾਂ ਨੂੰ ਲਾ ਕੇ ਸਭ ਨੂੰ ਪਾਣੀ ਤੋਂ ਪਾਰ ਕਰ ਦਿੱਤਾ॥ ੫੨॥

ਦੋਹਰਾ- ਕੇਵਟ ਮਿਲਿ ਆਏ ਸਭੈ ਦੂਲਹੁ ਹੇਰਨ ਹੇਤੁ।
ਦਰਬ ਬਸਨ ਬਖਸ਼ੇ ਤਿਨਹਿਂ ਸ੍ਰੀ ਬੇਦੀ ਕੁਲਕੇਤੁ॥ ੫੩॥

ਫਿਰ ਸਾਰੇ ਮਲਾਹ ਮਿਲ ਕੇ ਲਾੜੇ ਨੂੰ ਵੇਖਣ ਵਾਸਤੇ ਆਏ। ਬੇਦੀ ਕੁਲ ਦੇ ਦੀਪ ਨੂੰ ਉਨ੍ਹਾਂ ਸਭ ਨੂੰ ਕਪੜੇ ਅਤੇ ਧਨ ਦਿੱਤਾ॥ ੫੩॥

ਸ੍ਵੈਯਾ- ਹੋਇ ਉਲੰਘਨ ਯੌਂ ਸਰਿਤਾ ਸਭਿ ਆਨਿ ਖਡੂਰ ਮਹਿਂ ਕੀਨ ਮੁਕਾਮਾ।
ਜਾਮਨਿ ਮੈਂ ਪਕਵਾਨ ਸੁ ਕਾਲੂ ਨੈ ਬਾਂਟ ਬਰਾਤ ਦਯੋ ਅਭਿਰਾਮਾ।
ਭੋਜਨ ਕੇ ਅਚਿਕੈ ਸਹਿ ਭ੍ਰਾਤਨਿ ਪੌਢੇ ਪ੍ਰਯੰਕ ਪੈ ਸ੍ਰੀ ਸੁਖ ਧਾਮਾ।
ਭੋਰ ਭਈ ਗੁਨ ਭਾਟ ਰਟੈਂ ਬਹੁ ਬਾਜੇ ਬਜੇ ਜਗ ਪੂਰਨ ਕਾਮਾ॥ ੫੪॥

ਨਦੀ ਨੂੰ ਇਸ ਤਰ੍ਹਾਂ ਪਾਰ ਕਰਕੇ ਸਾਰੇ ਖਡੂਰ ਆ ਕੇ ਠਹਿਰ ਗਏ। ਰਾਤ ਨੂੰ ਮਹਿਤਾ ਕਾਲੂ ਜੀ ਨੇ ਜੋ ਪਕਵਾਨ ਅਤੇ ਮਠਿਆਈਆਂ ਨਾਲ ਲਿਆਂਦੀਆਂ ਸਨ, ਸਾਰੀ ਬਰਾਤ ਨੂੰ ਵੰਡ ਦਿੱਤੀਆਂ। ਭੋਜਨ ਛੱਕ ਕੇ ਸਾਰੇ ਭਰਾਵਾਂ ਸਹਿਤ, ਸੁਖਾਂ ਦੇ ਘਰ ਗੁਰੂ ਜੀ ਆਪਣੇ ਪਲੰਘ ਤੇ ਬਿਰਾਜ ਗਏ। ਸਵੇਰ ਹੋਈ ਤਾਂ ਭੱਟ ਜੱਸ ਗਾਉਣ ਲੱਗੇ ਅਤੇ ਵਾਜੇ ਵੱਜਣ ਲੱਗੇ, ਸਭ ਕਾਰਜ ਪੂਰਨ ਹੋਏ॥ ੫੪॥

ਛਪਯ- ਨਿਜ ਨਿਜ ਸਜਿ ਸਜਿ ਜਾਨੁ ਸਭਿਹਿ ਚਢਿ ਚਲੀ ਬਰਾਤਾ।
ਗ੍ਰਾਮ ਨਗਰ ਮਗ ਆਇ ਨਾਰਿ ਨਰ ਹ੍ਵੈਂ ਹੁਲਸਾਤਾ।
ਦੇਖਹਿਂ ਦੂਲਹੁ ਦੌਰਿ ਦਰਸ ਦੁਖ ਦਾਰਿਦ ਦਲਤੂ।
ਪ੍ਰਸਪਰ ਕਰਹਿਂ ਸਰਾਹਿ ਸੰਗ ਤਜਿ ਸਦਨ ਨ ਚਲਤੂ।
ਪੁਨ ਅਸ ਪ੍ਰਕਾਰ ਦ੍ਵੈ ਨਿਸਿ ਅਪਰ ਮਗ ਮਹਿਂ ਕਰੀ ਬਿਤੀਤ ਚਲਿ।
ਤਬ ਪਹੁੰਚੇ ਤਿਹ ਪੁਰਿ ਕੇ ਨਿਕਟ ਕਰਨੌ ਜਹਾਂ ਢੁਕਾਉ ਭਲ॥ ੫੫॥

ਅਗਲੇ ਦਿਨ ਆਪਣੇ ਆਪ ਸੱਜ ਧੱਜ ਕੇ ਸਾਰੇ ਬਰਾਤੀ ਆਪਣੀਆਂ-ਆਪਣੀਆਂ ਅਸਵਾਰੀਆਂ ਤੇ ਸਵਾਰ ਹੋ ਗਏ। ਰਸਤੇ ਵਿਚ ਜੋ ਜੋ ਵੀ ਪਿੰਡ ਨਗਰ ਆਉਂਦੇ ਸਨ, ਉਨ੍ਹਾਂ ਪਿੰਡਾਂ ਦੀਆਂ ਇਸਤਰੀਆਂ ਅਤੇ ਮਰਦ ਬਰਾਤ ਦੀ ਚੜ੍ਹਤ ਨੂੰ ਵੇਖ ਕੇ ਬਹੁਤ ਖੁਸ਼ ਹੁੰਦੇ ਸਨ, ਉਹ ਲਾੜੇ, ਦਰਿਦਰ ਨਾਸ ਕਰਨ ਵਾਲੇ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਸਾਰੇ ਉਨ੍ਹਾਂ ਦੀ ਸਿਫਤ ਕਰਦੇ ਸਨ। ਗੁਰੂ ਜੀ ਨੂੰ ਵੇਖ ਕੇ ਉਹ ਏਨੇ ਕੀਲੇ ਜਾਂਦੇ ਸਨ ਕਿ ਉਨ੍ਹਾਂ ਦਾ ਗੁਰੂ ਜੀ ਨੂੰ ਛੱਡ ਕੇ ਘਰ

ਜਾਣ ਨੂੰ ਜੀਅ ਨਹੀਂ ਸੀ ਕਰਦਾ। ਫਿਰ ਇਸ ਤਰ੍ਹਾਂ ਦੋ ਰਾਤਾਂ ਹੋਰ ਰਾਹ ਵਿਚ ਕੱਟੀਆਂ, ਫਿਰ ਉਹ ਉਸ ਨਗਰ ਦੇ ਨੇੜੇ ਪੁੱਜੇ ਜਿੱਥੇ ਕਿ ਜੰਞ ਦਾ ਢੁਕਾਅ ਹੋਣਾ ਸੀ॥ ੫੫॥

ਸੋਰਠਾ- ਕੋਸ ਪ੍ਰਮਾਨ ਟਿਕਾਇ ਸੁੰਦਰ ਸਜਤਿ ਬਰਾਤ ਜੋ।
ਭਯੋ ਸਪੂਰਨ ਧਯਾਇ ਬਹੁਰ ਕਰੈ ਇਤਿਹਾਸ ਕਵਿ॥ ੫੬॥

ਸੁੰਦਰ ਸਜੀ ਹੋਈ ਬਰਾਤ ਨੂੰ ਇਕ ਕੋਹ ਦੂਰ ਹੀ ਰੁਕਣ ਨੂੰ ਕਹਿ ਦਿੱਤਾ, ਇਹ ਧਿਆਏ ਸੰਪੂਰਣ ਹੁੰਦਾ ਹੈ, ਇਸ ਤੋਂ ਬਾਅਦ ਅਗਲਾ ਇਤਿਹਾਸ ਕਵਿਤਾ ਵਿਚ ਬਿਆਨ ਕਰਾਂਗਾ॥ ੫੬॥

*ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਰਾਤ ਚਢਨਿ' ਪ੍ਰਸੰਗ ਬਰਨਨੰ ਨਾਮ ਇਕੀਸਮੋ ਅਧਯਾਯ॥ ੨੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕੀਵਾਂ ਅਧਿਆਇ ਜਿਸਦਾ ਨਾਮ 'ਬਰਾਤ ਚੜ੍ਹਨਾ' ਹੈ ਸਮਾਪਤ ਹੋਇਆ॥ ੨੧॥

## ਅਧਿਆਇ ਬਾਈਵਾਂ

*ਬਰਾਤ ਦਾ ਢੁਕਾਉ, ਵਿਆਹ।*

ਦੋਹਰਾ- ਤੁਰਕਨ ਕੁਲ ਕਾਨਨ ਕਮਲ ਤੇਗ ਬਹਾਦਰ ਚੰਦ।
ਪਦ ਅਰਬਿੰਦਹਿ ਬੰਦਨਾ ਜਜੋਤਿ ਸੱਚਿਦਾਨੰਦ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੋ ਤੁਰਕਾਂ ਦੀ ਕੁਲ ਰੂਪੀ ਕਮਲ ਵਾੜੀ ਨੂੰ ਅੱਗ ਵਾਂਗ ਗਰਮ ਲਗਦੇ ਹਨ, ਪਰ ਆਪ ਚੰਦ ਵਾਂਗ ਸੀਤਲ ਹਨ ਅਤੇ ਉਨ੍ਹਾਂ ਦੀ ਜੋਤ ਸਤਿ ਚਿਤ ਆਨੰਦ ਰੂਪ ਹੈ, ਉਨ੍ਹਾਂ ਦੇ ਚਰਨ ਕਮਲਾਂ ਪਰ ਮੇਰੀ ਨਮਸਕਾਰ ਹੈ ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਦੋਹਰਾ- ਨਗਰ ਨਿਕਟਿ ਇਸਥਿਤਿ ਕਰੀ ਸਭਿ ਬਰਾਤ ਨੇ ਜਾਇ।
ਕੌਤਕ ਹੋਤਿ ਅਨੇਕ ਬਿਧਿ ਮਨੁਜ ਮੋਦ ਮਨ ਪਾਇ॥ ੨॥

*ਭਾਈ ਬਾਲੇ ਨੇ ਕਿਹਾ-* ਨਗਰ ਦੇ ਨੇੜੇ ਜਾ ਕੇ ਸਾਰੀ ਬਰਾਤ ਨੂੰ ਠਹਿਰਾ ਦਿੱਤਾ ਗਿਆ। ਕਈ ਪ੍ਰਕਾਰ ਦੇ ਕੌਤਕ ਅਤੇ ਰੰਗ ਤਮਾਸ਼ੇ ਹੋਣ ਲੱਗੇ, ਜਿਨ੍ਹਾਂ ਨੂੰ ਵੇਖ ਕੇ ਮਨੁੱਖ ਖੁਸ਼ ਹੋ ਰਹੇ ਸਨ॥ ੨॥

ਕਬਿੱਤ- ਪ੍ਰਮਾਨੰਦ ਨੰਦਨ ਜੈਰਾਮ ਦਿਜ ਬੋਲਿ ਲੀਨੋ ਦੀਨੋ ਸੋ ਪਠਾਇ 'ਸੁਧਿ ਦੀਜਿਯੇ ਬਰਾਤ ਕੀ'।
ਮਿਲਯੋ ਮੂਲੇ ਜਾਇ ਮੁਖ ਆਸ਼ਿਖ ਅਲਾਇ ਭਲੇ 'ਸੁਨੋ ਜਜਮਾਨ ਕੱਲਯਾਨ ਤੇਰੇ ਗਾਤ ਕੀ।
ਕਾਲੂ ਚੰਦ ਮਹਿਤੇ ਕੀ ਉਤਰੀ ਬਰਾਤ ਆਨਿ, ਆਯੋ ਸੁਧ ਦੇਨਿ ਜਿਹ ਸ਼ੋਭ ਬਹੁ ਭਾਂਤਿ ਕੀ'।
ਮੂਲੇ ਕੀਨੀ ਬੰਦਨ ਅਨੰਦ ਰਿਦੇ ਮਾਨਿ ਕਹ੍ਯੋ 'ਭਲੀ ਬਾਤ ਭਈ, ਸੁਧਿ ਲੇਊਂ ਮੈ ਬਰਾਤ ਕੀ' ॥੩॥

ਪਰਮਾਨੰਦ ਦੇ ਪੁੱਤਰ ਜੈ ਰਾਮ ਨੇ ਬ੍ਰਾਹਮਣਾਂ ਨੂੰ ਬੁਲਾ ਲਿਆ ਤੇ ਉਨ੍ਹਾਂ ਨੂੰ ਬਰਾਤ ਬਾਰੇ ਖ਼ਬਰ ਦੇਣ ਲਈ ਮੂਲ ਚੰਦ ਦੇ ਘਰ ਭੇਜਿਆ ਗਿਆ। ਉਹ ਜਾ ਕੇ ਮੂਲ ਚੰਦ ਨੂੰ ਮਿਲੇ ਅਤੇ ਮੁਖ ਤੋਂ ਅਸੀਸ ਦਿੱਤੀ, "ਸੁਣੋ ਜਜਮਾਣ ਤੁਹਾਡਾ ਕਲਿਆਣ ਹੋਵੇ। ਕਾਲੂ ਚੰਦ ਮਹਿਤਾ ਆਪਣੇ ਪੁੱਤਰ ਦੀ ਬਰਾਤ ਲੈ ਕੇ ਆ ਗਿਆ ਹੈ। ਉਨ੍ਹਾਂ ਬਾਰੇ ਮੈਂ ਆਪ ਜੀ ਨੂੰ ਖ਼ਬਰ ਦੇਣ ਆਇਆ ਹਾਂ ਜਿਨ੍ਹਾਂ ਦੀ ਸ਼ੋਭਾ ਬਹੁਤ ਪ੍ਰਕਾਰ ਦੀ ਹੈ।" ਮੂਲ ਚੰਦ ਨੇ ਬ੍ਰਾਹਮਣ ਨੂੰ ਬੰਦਨਾਂ ਕੀਤੀ ਤੇ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਬੜੇ ਮਾਣ ਨਾਲ ਕਿਹਾ, "ਤੁਸੀਂ ਬੜੀ ਚੰਗੀ ਗੱਲ ਕੀਤੀ ਹੈ, ਮੈਂ ਹੁਣੇ ਹੀ ਬਰਾਤ ਦਾ ਪਤਾ ਲੈਂਦਾ ਹਾਂ"॥ ੩॥

ਸ੍ਵੈਯਾ- ਮੂਲਾ ਗਯੋ ਉਠਿਕੈ ਤਬ ਤੂਰਨ ਪੰਚ 'ਹਿੱਤਾ' ਜਿਹ ਗੋਤ ਰਿੰਧਾਵਾ।
ਬੈਨ ਭਨੇ 'ਸੁਨਿਯੇ ਸੁਤ ਚੋਧਰੀ ਆਈ ਬਰਾਤ ਅਬੈ ਸੁਧਿ ਆਵਾ।
ਲੇਨੇ ਅਗਾਰੀ ਚਲੈਂ ਤਿਨ ਕੋ ਹਮ ਆਇਸੁ ਜੇ ਤੁਮਰੀ ਸੁਭ ਪਾਵਾ।
ਰਾਵਰ ਕੋ ਅਵਿਲੰਬ ਸਦੀਵਹਿ' ਤੇ ਸੁਨਿਕੈ ਇਵ ਬੈਨ ਅਲਾਵਾ॥੪॥

ਮੂਲ ਚੰਦ ਫਿਰ ਉਠਿਆ ਤੇ ਤੁਰੰਤ ਪੰਚ ਦੇ ਘਰ ਪੁਜਿਆ ਜਿਸ ਦੀ ਗੋਤ ਰੰਧਾਵਾ ਸੀ। ਉਸ ਨੂੰ ਜਾ ਕੇ ਉਸ ਨੇ ਕਿਹਾ, "ਹੇ ਚੋਧਰੀ ਜੀ ਸੁਣੋ, ਮੈਨੂੰ ਹੁਣੇ ਖਬਰ ਮਿਲੀ ਹੈ ਕਿ ਬਰਾਤ ਆ ਗਈ ਹੈ। ਹੁਣ ਪਹਿਲਾਂ ਚਲ ਕੇ ਬਰਾਤ ਦਾ ਸਵਾਗਤ ਕਰਨ ਜਾਈਏ ਅਤੇ ਤੁਸੀਂ ਆਪਣੀਆਂ ਸ਼ੁਭ ਕਾਮਨਾਵਾਂ ਅਤੇ ਅਸੀਸਾਂ ਦੇ ਕੇ ਉਨ੍ਹਾਂ ਨੂੰ ਲੈ ਕੇ ਆਵੋ। ਮੈਨੂੰ ਸਦਾ ਤੁਹਾਡਾ ਹੀ ਆਸਰਾ ਹੈ। ਇਹ ਸੁਣ ਕੇ ਚੋਧਰੀ ਬੋਲਿਆ॥ ੪॥

'ਬੈਸ ਵਡੀ ਜਰਾ ਲੀਨ ਗ੍ਰਸੀ ਚਲਿਬੇ ਬਲ ਨਾਂਹਿ ਰਹਯੋ ਮੁਝ ਦੇਹੀ।
ਨਾਤੁਰ ਮੈਂ ਚਲਤੋ ਅਬ ਸੰਗਿ ਸਦਾ ਤੁਮੈ ਜਾਨਤਿ ਪ੍ਰਾਨ ਸਨੇਹੀ।
ਤਾਤ ਅਜਿਤੇ! ਪਧਾਰ ਇਨੈਂ ਸੰਗਿ ਲੇਹੁ ਬਰਾਤ ਭਲੀ ਬਿਧਿ ਜੇਹੀ
ਚਾਹਿ ਜੁ ਹੋਇ ਪੁਚਾਇ ਸੁ ਦੇਵਹੁ ਪਾਸ ਰਹੋ ਜਹਿਂ ਮੂਲਾ ਰਹੇਹੀ' ॥੫॥

"ਮੇਰੀ ਹੁਣ ਬਹੁਤ ਵੱਡੀ ਉਮਰ ਹੋ ਗਈ ਹੈ, ਬੁਢਾਪੇ ਨੇ ਆ ਗ੍ਰੱਸਿਆ ਹੈ, ਨਹੀਂ ਤਾਂ ਮੈਂ ਜ਼ਰੂਰ ਚਲਦਾ, ਪਰ ਮੇਰੇ ਵਿਚ ਹੁਣ ਤਾਕਤ ਨਹੀਂ ਰਹੀ ਹੈ। ਤੁਸੀਂ ਸਦਾ ਜਾਣਦੇ ਹੋ ਕਿ ਤੁਸੀਂ ਮੈਰੇ ਪ੍ਰਾਣਾਂ ਨਾਲੋਂ ਵੀ ਜ਼ਿਆਦਾ ਪਿਆਰੇ ਹੋ। ਹੇ ਪੁੱਤਰ ਅਜਿਤੇ! ਤੂੰ ਇਨ੍ਹਾਂ ਦੇ ਨਾਲ ਜਾ ਤੇ ਭਲੀ ਪ੍ਰਕਾਰ ਬਰਾਤ ਨੂੰ ਲੈ ਕੇ ਆ ਜਾ। ਜੋ ਵੀ ਉਹ ਚਾਹੁਣ ਉਨ੍ਹਾਂ ਨੂੰ ਪਹੁੰਚਾ ਦੇਵੇ, ਤੁਸੀਂ ਉਨ੍ਹਾਂ ਦੇ ਪਾਸ ਰਹੋ ਜਾਂ ਮੂਲ ਚੰਦ ਨੂੰ ਉਨ੍ਹਾਂ ਪਾਸ ਰਹਿਣ ਦੇਵੋ" ॥ ੫॥

ਅੜਿਲ- ਮੂਲਾ ਕਹੈ 'ਸੁ ਲਾਜ ਹਮਾਰੀ ਤੋਹਿ ਕੋ। ਜਸ ਅਪਜਸ ਸ਼ੁਭ ਕਾਜ ਕੁਕਾਜੰ ਹੋਹਿ ਕੋ।
ਪੰਚ ਨਗਰ ਕੇ ਆਪ ਬਿਦਤਿ ਤੁਮ ਨਾਮ ਹੈ। ਹੋ ਮੈ ਪਟਵਾਰੀ ਬਿਦਤਿ ਸਦਾ ਢਿਗ ਧਾਮ ਹੈ॥੬॥

ਮੂਲ ਚੰਦ ਨੇ ਕਿਹਾ, "ਸਾਡੀ ਲਾਜ ਹੁਣ ਤੁਹਾਡੇ ਹੱਥ ਹੈ। ਜੱਸ, ਅਪਜੱਸ, ਸ਼ੁਭ ਕਾਰਜ ਕੁ ਕਾਰਜ ਸਭ ਤੁਹਾਡੇ ਵੱਸ ਹੈ। ਪੰਜਾਂ ਪਿੰਡਾਂ ਵਿਚ ਤੁਹਾਡਾ ਨਾਂ ਪ੍ਰਗਟ ਹੈ, ਮੈਂ ਤੁਹਾਡਾ ਪਟਵਾਰੀ ਹਾਂ, ਸਦਾ ਤੁਹਾਡੇ ਘਰ ਹੀ ਰਹਿੰਦਾ ਹਾਂ॥ ੬॥

ਬਰੰ ਬਰਾਤ ਬਟੋਰ ਵਡੀ ਪੁਰ ਬਿਯਨਿ ਕੀ। ਕਾਲੁ ਪਰਮਾਨੰਦ ਸੈਨ ਗੈ ਹਯਨ ਕੀ।
ਲੇਕਰਿ ਪਹੁੰਚੇ ਆਨਿ ਸਕੀਰਤਿ ਸੋਹਿਹੀ। ਹੋ ਸ਼ੋਭਾ ਭਾਂਤਿਨਿ ਭਾਂਤਿ ਹੇਰਿ ਸੁਰ ਮੋਹਿ ਹੀਂ ॥੭॥

ਦੋ ਸ਼ਹਿਰਾਂ ਦੀ ਬੜੀ ਚੰਗੀ ਅਤੇ ਵੱਡੀ ਬਰਾਤ ਹੈ। ਮਹਿਤਾ ਕਾਲੂ ਅਤੇ ਪਰਮਾਨੰਦ ਦੀ ਸੈਨਾ ਘੋੜਿਆਂ ਅਤੇ ਹਾਥੀਆਂ ਤੇ ਆਈ ਹੈ। ਉਹ ਬਰਾਤ ਲੈ ਕੇ ਪਹੁੰਚ ਗਏ ਹਨ ਅਤੇ ਉਨ੍ਹਾਂ ਦੀ ਕੀਰਤੀ ਬੜੀ ਸ਼ੋਭਾ ਪਾ ਰਹੀ ਹੈ। ਉਨ੍ਹਾਂ ਦੀ ਭਿੰਨ-ਭਿੰਨ ਰੰਗ ਢੰਗ ਦੀ ਸ਼ੋਭਾ ਵੇਖ ਕੇ ਦੇਵਤੇ ਵੀ ਮੋਹਿਤ ਹੋ ਰਹੇ ਹਨ" ॥ ੭॥

ਹਿੱਤਾ ਕਹੈ 'ਤੁਹਿ ਬੋਲ ਵਿਗਾਰ ਸਭਾਇ ਹੈ। ਨਹਿਂ ਬੋਲਹੁ ਦੁਰਬਾਕ ਤ ਕੀਰਤਿ ਪਾਇ ਹੈਂ।
ਪਰਮਾਨੰਦ ਤੇ ਆਦਿ ਭਲੇ ਨਰ ਜਾਨਿਯੇ। ਹੋ ਤਵ ਘਰ ਕੀਨਿ ਢੁਕਾਉ ਬਚਨ ਮਮ ਮਾਨਿਯੇ॥੮॥

ਹਿੱਤੇ ਨੇ ਕਿਹਾ, "ਤੇਰਾ ਬੋਲ ਵਿਗਾੜ ਕਰਨ ਦਾ ਸੁਭਾਵ ਹੈ। ਜੇ ਦੁਰਵਾਕ ਨਾ ਬੋਲੇਂ ਤਾਂ ਕੀਰਤੀ ਪਾਵੇਂ। ਪਰਮਾਨੰਦ ਤੇ ਦੂਸਰਿਆਂ ਨੂੰ ਭਲੇ ਮਨੁੱਖ ਜਾਣੋ। ਉਨ੍ਹਾਂ ਤੁਹਾਡੇ ਘਰ ਢੁਕਾਅ ਕੀਤਾ ਹੈ, ਮੇਰਾ ਇਕ ਬਚਨ ਮੰਨੋ॥ ੮॥

ਤਲਵੰਡੀ ਕੋ ਕਾਲੂ ਜੋ ਪਟਵਾਰੀਆ। ਤੁਝਹਿ ਸਰੀਖੋ ਸੁਨਯੋ ਸੁ ਬੋਲ ਵਿਗਾਰੀਆ।
ਸਮਤਾ ਕਰਹੁ ਨ ਕੈਸੇ,ਸੇਵਾ ਕੀਜਿਯੇ। ਹੋ ਸਹਿਕਰਿ ਤਿਨਕੇ ਬਚਨ,ਬਿਨੀਤਿ ਭਨੀਜਿਯੇ॥੯॥

ਤਲਵੰਡੀ ਦਾ ਰਹਿਣ ਵਾਲਾ ਮਹਿਤਾ ਕਾਲੂ ਜੋ ਪਟਵਾਰੀ ਹੈ, ਸੁਣਿਆ ਹੈ ਤੇਰੇ ਵਰਗਾ ਉਹ ਵੀ ਵੱਡਾ ਬੋਲ ਵਿਗਾੜ ਹੈ। ਬਰਾਬਰੀ ਕਰਨ ਦੀ ਲੋੜ ਨਹੀਂ, ਜਿੰਨੀ ਹੋ ਸਕੇ ਸੇਵਾ ਕਰੋ, ਉਨ੍ਹਾਂ ਦੇ ਬਚਨ ਸਹਿਣ ਕਰਕੇ ਬੇਨਤੀ ਕਰੋ॥ ੯॥

ਹਿਤ ਬਰਾਤ ਕੇ ਚਹਹੁ ਸੁ ਮੋ ਤੇ ਲੀਜਿਯੇ। ਅਸਨ ਬਸਨ ਧਨ ਮਾਲ ਨ ਸ਼ੰਕਾ ਕੀਜਿਯੇ।
ਜਿਉਂ ਸ਼ੋਭਾ ਤਿਨ ਕੀਨਿ ਆਪ ਅਧਿਕਹਿ ਕਰੋ। ਹੋ ਉਰ ਉਦਾਰਤਾਧਾਰਿ ਕ੍ਰਿਪਨਤਾ ਪਰਿਹਰੋ ॥੧੦॥

ਜੋ ਕੁਝ ਬਰਾਤ ਵਾਸਤੇ ਚਾਹੀਦਾ ਹੈ ਉਹ ਮੈਥੋਂ ਲੈ ਲਵੋ। ਕਪੜੇ, ਭੋਜਨ, ਧਨ ਮਾਲ ਦਾ ਕੋਈ ਸ਼ੰਕਾ ਨਾ ਕਰੋ। ਜੋ ਸ਼ੋਭਾ ਉਹ ਕਰਨ ਤੁਸੀਂ ਉਸ ਤੋਂ ਵੱਧ ਕਰੋ, ਦਿਲ ਵਿਚ ਉਦਾਰਤਾ ਧਾਰਨ ਕਰੋ ਅਤੇ ਕੰਜੂਸੀ ਛੱਡੋ ਤੇ ਖੁਲ੍ਹ-ਦਿਲੀ ਵਰਤੋ'' ॥ ੧੦॥

ਸ੍ਵੈਯਾ- ਮਾਨਿਕੇ ਬੈਨ ਕੋ ਮਾਨਵ ਲੈ ਸੰਗਿ ਲੇਨਿ ਬਰਾਤ ਚਲਾ ਅਗੁਵਾਨੀ।
ਬਿੱਪ੍ਰਨਿ, ਬਾਹਜ, ਬੈਸਨਿ, ਸ਼ੂਦ੍ਰਨਿ ਬ੍ਰਿੰਦ ਭਏ ਸ਼ੁਭ ਬੋਲਤਿ ਬਾਨੀ।
ਯੋਗ ਕੋ ਨੇਗ ਲਏ ਸਭਿ ਹੀ ਨਿਕਸੇ ਨਗਰੀ ਤੇ ਉਮੰਗਹਿ ਠਾਨੀ।
ਡੰਕ ਦਮਾਮਨ ਘਾਵ ਪਰੇ ਇਨ ਰੀਤਿ ਬਿਲੋਕ ਬਰਾਤ ਜੁੜਾਨੀ॥੧੧॥

ਉਨ੍ਹਾਂ ਦੇ ਬਚਨ ਮੰਨ ਕੇ ਕੁਝ ਭਲੇ ਪੁਰਸ਼ਾਂ ਨੂੰ ਨਾਲ ਲੈ ਕੇ ਬਰਾਤ ਦਾ ਸਵਾਗਤ ਕਰਕੇ ਲੈਣ ਵਾਸਤੇ ਚਲੇ ਗਿਆ। ਬ੍ਰਾਹਮਣ, ਖੱਤਰੀ, ਵੈਦ, ਸ਼ੂਦਰ ਸਾਰੇ ਆਏ ਤੇ ਉਹ ਸ਼ੁਭ ਬਾਣੀ ਬੋਲ ਰਹੇ ਸਨ। ਸਭ ਹੀ ਆਪਣੇ ਆਪਣੇ ਲਾਗ ਲੈ ਰਹੇ ਸਨ, ਉਹ ਨਗਰ ਵਿਚ ਬੜੀਆਂ ਉਮੰਗਾਂ ਲੈ ਕੇ ਨਿਕਲੇ ਸਨ। ਨਗਾਰਿਆਂ ਤੇ ਡੰਕੇ ਵੱਜ ਰਹੇ ਸਨ, ਇਸ ਰੀਤੀ ਨਾਲ ਜੁੜੀ ਹੋਈ ਬਰਾਤ ਨੂੰ ਲੋਕ ਵੇਖ ਰਹੇ ਸਨ॥ ੧੧॥

ਹੋਤਿ ਭਯੋ ਸਮਧੀਨ ਕੋ ਮੇਲ, ਨਿਛਾਵਰ ਕੀਨਿ ਉਭੈ ਸੁਖ ਮਾਨੀ।
ਸਾਦਰ ਸੋਂ ਕੁਲ ਰੀਤਿ ਕਰੀ ਭਲ ਪ੍ਰੀਤਿ ਬਢੀ ਨ ਕਿਸੀ ਮਨ ਹਾਨੀ।
ਲੋਚਨ ਸੋਂ ਅਵਿਲੋਕਤਿ ਦੂਲਹੁ ਮੂਲੇ ਕੋ 'ਧੰਨ ਹੀ ਧੰਨਾ' ਬਖਾਨੀ।
'ਭਾਗਨ ਭੂਰਨ ਕੋ ਇਹ ਭਾਜਨ ਜਾਤੇ ਜਮਾਤਾ ਭਯੋ ਗੁਨਖਾਨੀ' ॥੧੨॥

ਕੁੜਮਾਂ ਦੀ ਮਿਲਣੀ ਹੋਈ ਅਤੇ ਦੋਹਾਂ ਨੇ ਖੁਸ਼ੀ ਖੁਸ਼ੀ ਬਹੁਤ ਵਾਰਨੇ ਕੀਤੇ। ਬੜੇ ਆਦਰ ਨਾਲ ਕੁਲ ਦੀ ਰੀਤ ਕੀਤੀ ਗਈ, ਭਲੀ ਪ੍ਰੀਤ ਵਧੀ ਤੇ ਕਿਸੇ ਦੇ ਮਨ ਨੇ ਕੋਈ ਰੋਸ ਨਾ ਕੀਤਾ। ਆਪਣੀਆਂ ਅੱਖਾਂ ਨਾਲ ਲਾੜੇ ਨੂੰ ਵੇਖ ਕੇ ਮੂਲ ਚੰਦ ਨੇ "ਧੰਨ ਹੈ, ਧੰਨ ਹੈ" ਕਿਹਾ, "ਬੜੀ ਚੰਗੀ ਕਿਸਮਤ ਹੋਣ ਕਰਕੇ, ਪੂਰੇ ਭਾਗਾਂ ਦਾ ਪਾਤਰ ਅਤੇ ਗੁਣਾਂ ਦੀ ਖਾਨ ਇਹ ਜਵਾਈ ਮਿਲਿਆ ਹੈ" ॥ ੧੨॥

ਦੋਹਰਾ- ਮਿਲ ਕਰਿ ਦੁਹ ਦਿਸ਼ਿ ਪਰਸਪਰ ਸਰਸਤਿ ਹਰਖਤਿ ਹੋਇ।
ਗਮਨੇ ਨਗਰੀ ਕੋ ਬਹੁਰ ਚਹਤਿ ਕਰਜੋ ਅਬ ਢੋਇ॥ ੧੩॥

ਦੋਵੇਂ ਪਾਸੇ ਮਿਲ ਕੇ ਬਰਾਬਰ ਬਹੁਤ ਖੁਸ਼ ਹੋਏ। ਫਿਰ ਨਗਰ ਵਲ ਚੱਲ ਪਏ, ਕਿਉਂਕਿ ਉਹ ਹੁਣ ਚਾਹੁੰਦੇ ਸਨ ਕਿ ਢੁਕਾਅ ਕੀਤਾ ਜਾਵੇ॥ ੧੩॥

ਸ੍ਵੈਯਾ- ਗਜ ਗਾਜਤਿ ਸਾਜ ਸਜੇ ਸਭਿ ਹੀ ਧੁਨਿ ਘੰਟਨ ਕੀ ਉਠਿਹੀ ਵਡ ਘੋਰਾ।
ਅਸੁ ਹਿੰਸਤਿ ਜੀਨ ਜਰਾਵ ਜਰੇ ਅਵਿਨੀ ਖੁਰ ਬਾਜ ਰਹੇ ਚਹੂੰ ਓਰਾ।
ਰਥ ਜਾਤਿ ਚਲੇ ਛਨਕੈਂ ਘੁੰਘਰੂ ਪੁਨਿ ਚੱਕ੍ਰਨ ਕੋ ਖਰਕਾਨਹਿ ਥੋਰਾ।
ਡਫ ਢੋਲ ਦਮਾਮਨਿ ਡੰਕ ਲਗੇ ਪਰ ਆਪਨ ਕੋ ਨ ਸੁਨੈ ਵਡਸ਼ੋਰਾ ॥੧੪॥

ਹਾਥੀ ਗੱਜਦੇ ਸਨ ਅਤੇ ਸਭ ਤਰ੍ਹਾਂ ਨਾਲ ਸਾਜ ਸੱਜੇ ਹੋਏ ਸਨ ਤੇ ਘੰਟੀਆਂ ਦੀ ਵੱਡੀ ਧੁਨੀ ਉੱਠ ਰਹੀ ਸੀ। ਘੋੜੇ ਹਿਣਕਦੇ ਸਨ, ਉਨ੍ਹਾਂ ਉਤੇ ਸੁੰਦਰ ਕਾਠੀਆਂ ਪਈਆਂ ਹੋਈਆਂ ਸਨ, ਚਾਰ-ਚੁਫੇਰੇ ਘੋੜਿਆਂ ਦੇ ਖੁਰ ਜ਼ਮੀਨ ਨਾਲ ਵੱਜ ਰਹੇ ਸਨ। ਰੱਥ ਚਲੇ ਜਾ ਰਹੇ ਸਨ ਤੇ ਘੋੜਿਆਂ ਦੇ ਪੈਰਾਂ ਨਾਲ ਬੰਨ੍ਹੇ ਘੁੰਗਰੂ ਛਣਕ ਰਹੇ ਸਨ। ਰੱਥਾਂ ਦੇ ਪਹੀਆਂ ਦਾ ਖੜਾਕ ਵੀ ਬਹੁਤ ਹੋ ਰਿਹਾ ਹੈ। ਡਫ, ਢੋਲ, ਦਮਾਮੇ ਏਨੇ ਜ਼ੋਰ ਨਾਲ ਵੱਜ ਰਹੇ ਸਨ ਕਿ ਕਿਸੇ ਨੂੰ ਏਨੇ ਰੌਲੇ ਵਿਚ ਆਪਣੀ ਆਵਾਜ਼ ਵੀ ਨਹੀਂ ਸੀ ਸੁਣਦੀ ਦਿੰਦੀ॥ ੧੪॥

ਮੁਰਲੀ, ਮਿਰਦੰਗ, ਉਪੰਗ, ਤੰਬੂਰਨ, ਝਾਂਝਰ, ਟਾਲ ਬਜੈਂ ਕਰਨਾਈ।
ਬਰ ਬਾਰਬਧੂ ਸੁਠ ਗਾਇਕੈ ਰਾਗਨ ਤਾਨ ਮਿਲਾਇਕੈ ਮੋਦ ਬਢਾਈ।
ਦੁਤਿ ਰੰਗ ਅਨੇਕ ਪਤਾਕ ਬਨੇ ਫਹਿਰਾਇ ਘਨੇ ਸਭਿ ਆਗੈ ਸੁ ਜਾਈ।
ਅਰਬਿੰਦ ਬਿਲੋਚਨ ਬੀਚ ਬਿਰਾਜਹਿ,ਮੋਰ ਪੈ ਚੋਰ ਢੁਰੈ ਛਬਿ ਛਾਈ॥੧੫॥

ਮੁਰਲੀ, ਮਿਰਦੰਗ, ਨਸਤ੍ਰੰਗ, ਢੋਲ, ਛੈਣੇ, ਟੱਲ ਆਦਿ ਬੜੇ ਜ਼ੋਰ ਨਾਲ ਵੱਜ ਰਹੇ ਸਨ। ਗਾਉਣ ਵਾਲੀਆਂ ਇਸਤਰੀਆਂ ਰਾਗਾਂ ਦੀ ਸੁਰ ਮਿਲਾ ਕੇ ਗਾ ਰਹੀਆਂ ਸਨ, ਜਿਸ ਨੂੰ ਸੁਣ ਕੇ ਸਭ ਪ੍ਰਸੰਨ ਹੋ ਰਹੇ ਸਨ ਭਾਵ-ਉਨ੍ਹਾਂ ਦੇ ਗੀਤ ਪ੍ਰਸੰਨਤਾ ਵਿਚ ਵਾਧਾ ਕਰ ਰਹੇ ਸਨ। ਅਨੇਕ ਪ੍ਰਕਾਰ ਦੇ ਰੰਗਾਂ ਵਾਲੀਆਂ ਝੰਡੀਆਂ ਲਹਿਰਾ ਰਹੀਆਂ ਸਨ ਤੇ ਝੰਡੀ ਬਰਦਾਰ ਉਨ੍ਹਾਂ ਨੂੰ ਲੈ ਕੇ ਸਭ ਦੇ ਅੱਗੇ ਅੱਗੇ ਜਾ ਰਹੇ ਸਨ, ਸੀਸ ਉਤੇ ਚੌਰ ਝੁੱਲ ਰਿਹਾ ਸੀ ਤੇ ਉਨ੍ਹਾਂ ਦੀ ਸੁੰਦਰਤਾ ਦੀ ਸ਼ੋਭਾ ਸਾਰੇ ਛਾਈ ਹੋਈ ਸੀ॥ ੧੫॥

ਏਕ ਮਤੰਗ ਪੈ ਲਾਲੂ ਅਰੂਢਿ ਕਰੇ ਬਰਖਾ ਧਨ ਕੀ ਮਨ ਭਾਈ।
ਦੂਸਰ ਪੈ ਚਢਿ ਤਾਤ ਜੈਰਾਮ ਕੋ ਹੀਨ ਬਿਲੰਬ, ਭਲੇ ਬਰਖਾਈ।
ਮੇਘ ਕੀ ਰੀਤਿ ਸੁਹਾਇ ਦੁਊ ਤਬ ਨੀਚ ਔ ਊਚ ਵਿਚਾਰ ਨ ਕਾਈ।
ਕੀਰਤਿ ਯੌਂ ਬਿਸਤੀਰਤਿ ਹੈ ਜਨੁ ਪੂਰਨ ਚੰਦ ਲੈ ਜੋਨ੍ਹ ਸੀ ਛਾਈ॥੧੬॥

ਇਕ ਹਾਥੀ ਉਤੇ ਲਾਲੂ ਚੜ੍ਹਿਆ ਹੋਇਆ ਸੀ ਤੇ ਉਹ ਰੁਪਇਆਂ ਦੀ ਮਨ-ਭਾਉਂਦੀ ਵਰਖਾ ਕਰ ਰਿਹਾ ਸੀ। ਦੂਸਰੇ ਹਾਥੀ ਤੇ ਜੈ ਰਾਮ ਦਾ ਪਿਤਾ ਪਰਮਾਨੰਦ ਚੜ੍ਹਿਆ ਹੋਇਆ ਸੀ ਅਤੇ ਉਹ ਬੜੀ ਕਾਹਲੀ-ਕਾਹਲੀ ਰੁਪਇਆਂ ਦਾ ਮੀਂਹ ਵਰਸਾ ਰਿਹਾ ਸੀ। ਦੋਹਾਂ ਦੀ ਰੁਪਈਆਂ ਦੀ ਵਰਖਾ ਕਰਨ ਦੀ ਰੀਤੀ ਬਹੁਤ ਸ਼ੋਭ ਰਹੀ ਸੀ। ਉਸ ਸਮੇਂ ਉਚ ਨੀਚ ਦਾ ਕੋਈ ਵਿਚਾਰ ਨਹੀਂ ਸੀ। ਕੀਰਤੀ ਏਨੀ ਫੈਲ ਗਈ ਸੀ ਜਿਵੇਂ ਕਿ ਪੁੰਨਿਆਂ ਦੇ ਚੰਦ ਨੇ ਚਾਂਦਨੀ ਫੈਲਾਈ ਹੋਵੇ॥ ੧੬॥

ਸ਼੍ਰੋਨਨ ਮੈਂ ਸੁਨਿ ਬਾਜਨ ਕੀ ਧੁਨਿ ਬਿੱਭ੍ਰਮ ਹੋਤਿ ਭਯੋ ਮਨ ਨਾਰੀ।
ਹਾਰ ਲਪੇਟ ਲਯੋ ਕਟ ਕੇ ਤਟ ਕਿੰਕਨ ਲੈ ਗਰਬੀਚ ਸੁਧਾਰੀ।
ਨੂਪਰ ਹਾਥਨਿ ਮੈਂ, ਪਹੁੰਚੀ ਪਗ, ਅੰਚਰ ਅੰਗਿਆ ਸੋ ਨ ਸੰਭਾਰੀ।
ਅੰਜਨ ਅੰਜ ਕਪੋਲਨ ਪੈ, ਚਖ ਜਾਵਕ ਡਾਰਿਨ ਧੀਰ ਵਿਚਾਰੀ॥੧੭॥

ਕੰਨਾਂ ਨਾਲ ਵਾਜਿਆਂ ਦੀ ਧੁਨੀ ਸੁਣ ਕੇ ਨਾਰੀਆਂ ਦੇ ਮਨ ਘਬਰਾ ਗਏ ਸਨ ਕਿ ਉਹ ਗਹਿਣੇ ਕਪੜੇ ਵੀ ਉਲਟ ਪੁਲਟ ਪਾਉਣ ਲੱਗ ਗਈਆਂ ਸਨ। ਲੱਕ ਉਦਾਲੇ ਹਾਰ ਲਪੇਟ ਲਏ ਅਤੇ ਤੜਾਗੀਆਂ ਗਲਾਂ ਵਿਚ ਪਾ ਲਈਆਂ। ਝਾਂਜਰਾਂ ਹੱਥਾਂ ਵਿਚ ਫੜ ਲਈਆਂ ਤੇ ਹੱਥਾਂ ਦੇ ਗਹਿਣੇ ਪੈਰਾਂ ਨਾਲ ਬੰਨ੍ਹ ਲਏ ਤੇ ਓਢਣ ਅਤੇ ਅੰਗੀਆਂ ਉਨ੍ਹਾਂ ਪਾਸੋਂ ਸੰਭਾਲੀਆਂ ਨਾ ਗਈਆਂ। ਅੱਖਾਂ ਦੇ ਥਾਂ ਗਲ੍ਹਾਂ ਤੇ ਸੁਰਮਾਂ ਪਾ ਲਿਆ ਤੇ ਪੈਰਾਂ ਤੇ ਲਾਉਣ ਵਾਲਾ ਲਾਲ ਰੰਗ ਅੱਖਾਂ ਵਿਚ ਪਾ ਲਿਆ॥ ੧੭॥

ਯਾ ਬਿਧਿ ਅੰਗ ਸ਼ਿੰਗਾਰਿ ਸ਼ਿੰਗਾਰਿ ਕੇ ਦੌਰ ਚਢੀ ਮਿਲ ਬ੍ਰਿੰਧ ਅਟਾਰੀ।
ਮਾਨਹੁ ਮੇਘਨ ਮੈਂ ਚਮਕਾਤਿ ਛਟਾ ਛਬਿ ਸੀ ਦਮਕੈਂ ਦੁਤਿ ਨਾਰੀ।

ਨੀਲ ਸਰੋਜਨ ਮਾਲ ਬਿਲੋਚਨ ਰੂਪ ਬਿਲੋਕਤਿ ਦੂਲਹੁ ਸਾਰੀ।
ਝਾਕ ਝਰੋਖਨ ਬੀਚ, ਗੁਲਾਬ ਲੇ ਫੂਲਨ ਅੰਜੁਲ ਮੰਜੁਲ ਡਾਰੀ॥ ੧੮॥

ਇਸ ਤਰ੍ਹਾਂ ਅੰਗ ਸ਼ਿੰਗਾਰ ਸ਼ਿੰਗਾਰ ਕੇ ਉੱਚੀਆਂ ਅਟਾਰੀਆਂ ਵਲ ਭੱਜ ਉਠੀਆਂ। ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੋਵੇ, ਉਨ੍ਹਾਂ ਇਸਤਰੀਆਂ ਦੀ ਸੁੰਦਰਤਾ ਇੰਝ ਲਿਸ਼ਕਾਂ ਮਾਰ ਰਹੀ ਸੀ। ਨੀਲੇ ਕੰਵਲਾਂ ਦੀ ਧਾਲ ਵਾਂਗ ਸਾਰੀਆਂ ਲਾੜੇ ਦਾ ਰੂਪ ਵੇਖ ਰਹੀਆਂ ਸਨ। ਝਰੋਖਿਆਂ ਵਿਚ ਵੇਖ ਕੇ ਸਫੇਦ ਗੁਲਾਬ ਦੇ ਫੁਲਾਂ ਦੇ ਬੁੱਕ ਲਾੜੇ ਤੇ ਸੁੱਟਦੀਆਂ ਹਨ॥ ੧੮॥

ਰੰਗ ਸੁਰੰਗਹਿ ਮੇਲ ਸੁਗੰਧਹਿ ਪ੍ਰੀਤਿ ਸਪ੍ਰੀਤਿਹਿ ਲੇ ਘਟ ਨਾਰੀ।
ਚੰਦਮੁਖੀ ਸੁਖਕੰਦ ਬਿਲੋਕ ਅਨੰਦ ਭਰੀ ਪਟ ਪਾਗਤ ਚਾਰੀ।
ਲਾਲ ਗੁਲਾਲ ਬਿਸ਼ਾਲ ਕੋ ਬਾਲ ਗੁਲਾਬ ਮਿਲਾਦਿ ਬਰਾਤ ਪੈਡਾਰੀ।
ਧਾਮਨਿ ਪੰਕਤਿ ਪੰਕ ਭਯੋ ਸਭਿ, ਅੰਕ ਉਮੰਗ ਬਿਲਾਸਤਿ ਭਾਰੀ॥੧੯॥

ਸੁਗੰਧੀਆਂ ਵਾਲੇ ਸੁੰਦਰ ਰੰਗ ਮੇਲ ਕੇ ਨਾਰੀਆਂ ਬੜੇ ਪ੍ਰੇਮ ਨਾਲ ਫੁੱਲ ਵਰਸਾ ਰਹੀਆਂ ਹਨ। ਸੁਖਦਾਤੇ ਗੁਰੂ ਜੀ ਦੇ ਚੰਦਰਮਾਂ ਵਰਗੇ ਮੁਖੜੇ ਨੂੰ ਸੁੰਦਰ ਕਪੜਿਆਂ ਵਿਚ ਸੱਜ ਕੇ ਵੇਖ ਕੇ ਅਨੰਦਿਤ ਹੋ ਰਹੀਆਂ ਹਨ। ਬੜੀ ਵੱਡੀ ਮਿਕਦਾਰ ਲਾਲ ਗੁਲਾਲ ਵਿਚ ਗੁਲਾਬ ਦਾ ਇਤਰ ਮਿਲਾ ਕੇ ਔਰਤਾਂ ਬਰਾਤੀਆਂ ਤੇ ਪਾਉਂਦੀਆਂ ਹਨ। ਏਨਾ ਇਤਰ ਗੁਲਾਬ ਸੁਟਿਆ ਗਿਆ ਹੈ ਕਿ ਗਲੀ ਵਿਚ ਚਿੱਕੜ ਹੋ ਗਿਆ ਹੈ। ਸਾਰੇ ਉਮੰਗ ਅਤੇ ਉਤਸ਼ਾਹ ਵਿਚ ਬਹੁਤ ਖੁਸ਼ ਹੋ ਰਹੇ ਹਨ॥ ੧੯॥

ਮੂਲੇ ਕੇ ਦ੍ਵਾਰ ਢੁਕਾਉ ਕਰਯੋ ਅਸ ਆਰਤਿਹਾਰ ਕੀ ਆਰਤੀ ਤਾਰੀ।
ਚੰਦ੍ਰ ਮੁਖੀ ਤਹਿਂ ਬ੍ਰਿੰਦ ਮਿਲੀ ਕਲ ਕੰਠ ਹੈ ਕੋਕਿਲਾ ਕੀ ਅਨੁਹਾਰੀ।
ਮੰਗਲ ਸੋਂ ਕੁਲ ਰੀਤਿ ਕਰੈਂ ਲੇਯ ਨਾਨਕ ਨਾਮ ਉਚਾਰਤਿ ਗਾਰੀ।
ਗਯਾਨ ਪੈ ਕਾਮ ਕੋ ਜੋਰ ਚਲਯੋ ਨ, ਪਲਾਇਨ ਹ੍ਵੈ ਮਨੋ ਬਾਦ ਪੁਕਾਰੀ॥੨੦॥

ਮੂਲ ਚੰਦ ਦੇ ਦਰਵਾਜ਼ੇ ਤੇ ਢੁਕਾਅ ਕੀਤਾ ਤੇ ਦੁਖ ਹਰਤਾ ਗੁਰੂ ਜੀ ਦੀ ਆਰਤੀ ਉਤਾਰੀ ਗਈ। ਸੁੰਦਰ ਇਸਤਰੀਆਂ ਮਿਲ ਕੇ ਕੋਇਲ ਵਰਗੀ ਸੁੰਦਰ ਆਵਾਜ਼ ਵਿਚ ਗਾ ਰਹੀਆਂ ਹਨ। ਉਹ ਖੁਸ਼ੀ ਦੇ ਗੀਤ ਗਾਉਂਦੀਆਂ ਹਨ ਅਤੇ ਨਾਨਕ ਦਾ ਨਾਂ ਲੈ ਕੇ ਸਿਠਣੀਆਂ ਦਿੰਦੀਆਂ ਹਨ, ਪਰ ਗਿਆਨ ਉਤੇ ਕਾਮਦੇਵ ਦਾ ਜ਼ੋਰ ਨਾ ਚਲ ਸਕਿਆ, ਹਾਰ ਕੇ ਭੈੜੇ ਬਚਨ ਬੋਲਣ ਲੱਗ ਪਈਆਂ॥ ੨੦॥

ਦੂਲੋ ਸਮੇਤ ਬਰਾਤ ਬਹੋਰ ਕਿਯੋ ਸੁਭ ਥਾਨ ਮੈਂ ਆਨਿਕੈ ਡੇਰਾ।
ਰਾਜਹਿ ਧੂਰ ਪਰੀ ਮੁਖ ਪੈ ਜਿਵ ਸੰਗ ਪਿਰਾਗ ਕੁਸ਼ੇਸ਼ਯ ਹੇਰਾ।
ਤੰਬੂ ਕਨਾਤਨ ਤਾਨੇ ਬਿਤਾਨਨਿ ਲਾਗੇ ਸ਼ਮਯਾਨਨ ਸੋਹੈ ਘਨੇਰਾ।
ਜੋ ਜਿਹ ਚਾਹਿ ਦਈ ਸੋਉ ਤਾਂਹਿ, ਹਤਯੋ ਸ੍ਰਮ ਦੂਰ ਲਗੀ ਨਹਿਂ ਦੇਰਾ॥੨੧॥

ਲਾੜੇ ਸਮੇਤ ਬਰਾਤ ਨੇ ਫਿਰ ਸ਼ੁਭ ਅਸਥਾਨ ਤੇ ਆ ਕੇ ਆਪਣਾ ਡੇਰਾ ਕੀਤਾ। ਗੁਰੂ ਜੀ ਦੇ ਮੁਖੜੇ ਉਤੇ ਪਈ ਧੂੜ ਇੰਝ ਲਗਦੀ ਹੈ ਜਿਵੇਂ ਕੌਲ ਫੁੱਲ ਤੇ ਪਿਰਾਗ ਸੋਭਦੀ ਹੈ।

ਤੰਬੂ, ਕਨਾਤਾਂ ਲਾ ਕੇ ਆਰਾਮ ਕਰਨ ਲੱਗੇ ਅਤੇ ਸ਼ਾਮਿਆਨੇ ਬਹੁਤ ਸੋਭ ਰਹੇ ਸਨ। ਜੋ ਕੁਝ ਵੀ ਕੋਈ ਚਾਹੁੰਦਾ ਸੀ, ਉਸ ਨੂੰ ਉਹੋ ਕੁਝ ਦਿੰਦੇ ਸਨ ਅਤੇ ਥਕਾਵਟ ਦੂਰ ਕਰਨ ਵਿਚ ਬਹੁਤੀ ਦੇਰ ਨਾ ਲੱਗੀ॥ ੨੧॥

ਧੇਨੁ ਕੇ ਧੂਲ ਕੋ ਵੇਲਾ ਭਯੋ ਤਬ ਛੂਟਨ ਲਾਗੀ ਹੈ ਜੋਰ ਹਵਾਈ।
ਮੰਗਲ ਕੀ ਸੁਧਿ ਦੇਨੇ ਕੇ ਹੇਤ ਮਨੋ ਪਤੀਆ ਸੁਰ ਲੋਕ ਪਠਾਈ।

ਬਾਜ ਮਤੰਗ ਉਤੰਗ ਬਰੂਦ ਕੇ ਸ਼ਾਰ ਮਤਾਬੀ ਛੁਟੈ ਫੁਲਵਾਈ।
ਦੈਤਨਿ ਦੈਤ ਭਯਾਨਕ ਬੇਖ ਸੁ ਕੌਤਕ ਦੇਖਿ ਰਹੇ ਹਰਖਾਈ॥ ੨੨॥

ਗਊ ਧੂੜ ਦਾ ਜਦ ਵੇਲਾ ਹੋਇਆ ਤਾਂ ਸਾਰੇ ਜ਼ੋਰ ਨਾਲ ਆਤਸ਼ਬਾਜ਼ੀ ਚੱਲਣ ਲੱਗੀ। ਖੁਸ਼ੀ ਦੀ ਖਬਰ ਦੇਣ ਖਾਤਰ ਮਾਨੋ ਦੇਵ ਲੋਕ ਨੂੰ ਪੱਤ੍ਰਕਾ ਭੇਜੀ ਹੋਵੇ। ਬਾਰੂਦ ਦੇ ਬਣੇ ਹੋਏ ਉਚੇ ਘੋੜੇ, ਹਾਥੀ, ਮਤਾਬੀਆਂ ਅਤੇ ਫੁਲਵਾਈਆਂ ਛੱਡੀਆਂ ਜਾ ਰਹੀਆਂ ਹਨ। ਬਾਰੂਦ ਦੇ ਬਣੇ ਹੋਏ ਭਿਆਨਕ ਦੈਤ ਅਤੇ ਦੈਂਤਣੀਆਂ ਚਲ ਰਹੀਆਂ ਹਨ। ਲੋਕ ਇਹ ਕੌਤਕ ਵੇਖ ਕੇ ਖੁਸ਼ ਹੋ ਰਹੇ ਹਨ॥ ੨੨॥

ਮਾਨਵ ਮੂਲੇ ਨੇ ਏਕ ਪਠਾ ਹਿਤ ਹੂਤਨ ਕੇ ਤਿਨ ਜਾਇ ਸੁਨਾਵਾ।
'ਧਾਰਹੁ ਆਪ ਚਲ ਪਦ ਕੋ ਅਬ ਕਾਲ ਭਯੋ ਹਿਤ ਲੇਵਨ ਲਾਵਾ'।
ਯੋ ਸੁਨਿ ਡੰਕ ਨਿਸ਼ਾਨ ਲਗੇ ਧੁਨਿ ਘੋਰ ਉਠੀ ਘਨ ਜਿਉਂ ਘਹਿਰਾਵਾ।
ਆਨੰਦ ਕੋ ਉਰ ਧਾਰਿ ਤਬੈ ਗਮਨੇ ਮਿਲ ਸਾਜ ਸਮਾਜ ਸੁਹਾਵਾ॥ ੨੩॥

ਮੂਲ ਚੰਦ ਨੇ ਇਕ ਵਿਅਕਤੀ ਨੂੰ ਬੁਲਾਉਣ ਵਾਸਤੇ ਭੇਜਿਆ ਤੇ ਉਸ ਨੇ ਜਾ ਕੇ ਸੁਣਾਇਆ, "ਹੁਣ ਸਾਰੇ ਤਿਆਰ ਹੋ ਜਾਵੋ ਤੇ ਚਲ ਕੇ ਆਵੋ, ਕਿਉਂਕਿ ਹੁਣ ਲਾਵਾਂ ਦਾ ਸਮਾਂ ਹੋ ਗਿਆ ਹੈ।" ਇਹ ਸੁਣ ਕੇ ਨਗਾਰੇ ਤੇ ਬੜੇ ਜ਼ੋਰ ਦੀ ਚੋਟ ਪਈ ਅਤੇ ਏਨੀ ਉੱਚੀ ਆਵਾਜ਼ ਹੋਈ ਜਿਵੇਂ ਬੱਦਲ ਗੱਜਿਆ ਹੋਵੇ, ਦਿਲ ਆਨੰਦ ਨੂੰ ਧਾਰ ਕੇ ਅਤੇ ਆਪਣਾ ਸਾਜ਼ ਸਮਾਨ ਸਵਾਰ ਕੇ ਇਕੱਠੇ ਹੋ ਕੇ ਚਲ ਪਏ॥ ੨੩॥

ਬੇਦੀ ਜੇ ਬ੍ਰਿੰਦ ਔ ਬੇਦੀ ਸ਼ਿਰੋਮਣਿ ਬੇਦੀ ਰਚੀ ਜਹਿਂ ਗੇ ਤਿਹ ਥਾਈਂ।
ਪੁੰਜ ਜਹਾਂ ਦਿਜਰਾਜ ਬਿਰਾਜਤਿ ਹੇਰਿ ਸਮਾਜ ਉਠੇ ਹਰਿਖਾਈ।
ਦੇ ਮੁਖ ਆਸ਼ਿਖ ਕੋ ਸੁਖ ਪਾਇ ਗਏ ਸਭਿ ਬੈਸ ਤਹਾਂ ਚਹੁੰ ਘਾਈ।
ਬੇਦ ਕੇ ਮੰਤ੍ਰ ਉਚਾਰਿ ਤਬੈ ਸ਼ੁਭ ਰੀਤਿ ਕਰੀ ਜਿਵ ਬੇਦ ਨੈ ਗਾਈ॥ ੨੪॥

ਸਾਰੇ ਬੇਦੀ ਅਤੇ ਬੇਦੀ ਸ਼੍ਰੋਮਣੀ ਗੁਰੂ ਜੀ ਉਥੇ ਪਹੁੰਚ ਗਏ, ਜਿਥੇ ਬੇਦੀ ਤਿਆਰ ਕੀਤੀ ਸੀ। ਜਿਥੇ ਮਹਾਨ ਬ੍ਰਾਹਮਣ ਬੈਠੇ ਸਨ, ਉਹ ਬਰਾਤ ਨੂੰ ਵੇਖ ਕੇ ਉਠ ਖਲੋਤੇ ਅਤੇ ਬੜੇ ਖੁਸ਼ ਹੋਏ। ਉਨ੍ਹਾਂ ਬ੍ਰਾਹਮਣਾਂ ਨੇ ਅਸੀਸ ਦਿੱਤੀ ਤੇ ਸਾਰੇ ਬਰਾਤੀ ਉਥੇ ਚਾਰੇ ਪਾਸੇ ਬੈਠ ਗਏ। ਵਿਆਹ ਦੇ ਮੰਤਰ ਉਚਾਰ ਕੇ ਸ਼ੁਭ ਰੀਤੀ ਕੀਤੀ, ਜਿਵੇਂ ਵਿਆਹ ਦੀ ਪੱਧਤੀ ਹੈ॥ ੨੪॥

ਦੋਹਰਾ- ਅੰਦਰ ਸੁੰਦਰ ਸਦਨ ਤੇ ਲਜਾਏ ਮੋਦਿ ਬਿਲੰਦ।
ਲਖਮੀ ਰੂਪ ਸੁਲੱਖਨੀ ਢਿਗ ਸ੍ਰੀ ਨਾਨਕ ਚੰਦ॥ ੨੫॥

ਘਰ ਦੇ ਅੰਦਰੋਂ ਇਕ ਉਚੀ ਲੰਮੀ ਪਿਆਰੀ-ਪਿਆਰੀ ਬੀਬੀ ਜੀ ਨੂੰ ਲੈ ਕੇ ਆਏ। ਲਛਮੀ ਰੂਪ ਸੁਲੱਖਣੀ ਨੂੰ ਚੰਦ ਦੇ ਮੁਖੜੇ ਵਰਗੇ ਸ੍ਰੀ ਨਾਨਕ ਦੇ ਪਾਸ ਬਿਠਾ ਦਿੱਤਾ॥ ੨੫॥

ਚਿਤ੍ਰਪਦਾ ਛੰਦ- ਪੰਕਜ ਨੈਨ ਬਨੇ ਦਿਸ ਦਾਹਨਿ ਸ੍ਰੀ ਮਹਿਲਾ ਕਿਯ ਬਾਮ ਜਿ ਅੰਗਾ।
ਦੀਪਤਿ ਕੀਨਿ ਹੁਤਾਸਨ ਕੋ ਦਿਜ ਪੂਜ ਬਿਨਾਯਕ ਚੰਦਨ ਸੰਗਾ।
ਧਾਰਿ ਸਰੋਅ ਵਿਖੈ ਸਰਪੀ ਮਧ ਪਾਵਕ ਪਾਵਤਿ ਜੋਤਿ ਅਭੰਗਾ।
ਲੇਯ ਭਵਾਰਿ ਫਿਰੇ ਵਰ ਚਾਰ ਸੁਹਾਵਤਿ ਜਯੋਂ ਰਤਿ ਸੰਗ ਅਨੰਗਾ॥ ੨੬॥

ਪੰਕਜ ਨੈਣ ਗੁਰੂ ਜੀ ਸੱਜੇ ਪਾਸੇ ਬੈਠ ਗਏ ਤੇ ਬੀਬੀ ਜੀ ਖੱਬੇ ਪਾਸੇ ਬੈਠ ਗਏ। ਅਗਨੀ ਜਲਾਈ ਗਈ ਤੇ ਬ੍ਰਾਹਮਣ ਨੇ ਚੰਦਨ ਲਾ ਕੇ ਆਪਣੇ ਇਸ਼ਟ ਦੇਵ ਦੀ ਪੂਜਾ ਕੀਤੀ।

ਘਿਉ ਵਿਚ ਚਮਚਾ ਪਾਉਂਦਾ ਹੈ ਤੇ ਘਿਉ ਦਾ ਚਮਚਾ ਅਗਨੀ ਤੇ ਸੁੱਟਦਾ ਹੈ, ਅਗਨੀ ਦੀ ਉਚੀ ਲਾਟ ਬਲ ਉਠਦੀ ਹੈ। ਸੁੰਦਰ ਜੋੜਾ ਫਿਰ ਫੇਰੇ ਲੈਂਦਾ ਹੈ ਅਤੇ ਇੰਝ ਸ਼ੋਭਦਾ ਹੈ ਜਿਵੇਂ ਰਤੀ ਕਾਮਦੇਵ ਦੇ ਸੰਗ ਚਲ ਰਹੀ ਹੋਵੇ॥ ੨੬॥

ਛਪਯ- ਇਤ ਪ੍ਰੋਧਾ ਹਰਿਦਯਾਲ ਬਹੁਰ ਮੂਲੇ ਕੇ ਪ੍ਰੋਧਾ।
ਪਢਿ ਹੈਂ ਸਾਖੋ ਚਾਰ ਗੋਤ੍ਰ ਐਦ੍ਰਿਕ ਕਰਿ ਸੋਧਾ।
ਉਤ ਕਹਿ 'ਚੋਣਾ' ਗੋਤ ਰੀਤਿ ਜਿਉਂ ਨੀਕਿ ਸੁਹਾਈ।
ਸੁਨਿ ਕਰਿ ਨਰ ਤਿਹ ਕਾਲ ਰਹੇ ਹਿਰਦੈ ਹਰਖਾਈ।
ਸਭਿ ਲੌਕਿਕ ਵੈਦਕ ਵਿਧਿ ਕਰੀ ਜਿਉਂ ਜਿਉਂ ਦਿਜਨ ਰਜਾਇ ਦਿਯ।
ਇਵ ਪਾਨਗ੍ਰਹਨ ਕਿਯ ਦਾਨ ਦਿਯ 'ਸੁਸਤਿ' ਬੋਲ ਵਰ ਬਿੱਪ੍ਰ ਲਿਯ॥੨੭॥

ਬਾਅਦ ਵਿਚ ਪ੍ਰੋਹਤ ਹਰਦਿਆਲਾ ਅਤੇ ਮੂਲ ਚੰਦ ਦਾ ਪ੍ਰੋਹਤ ਗੋਤਰਾਚਾਰ ਅਤੇ ਅੱਧਰ ਦਾ ਗੋਤ ਸੋਧ ਕੇ ਪੜ੍ਹਦੇ ਹਨ। ਉਹ ਕਹਿੰਦੇ ਹਨ 'ਚੋਣਾ' ਗੋਤ ਰੀਤੀ ਅਨੁਸਾਰ ਚੰਗੀ ਵੱਖੀ ਹੈ। ਇਹ ਸੁਣ ਕੇ ਸਾਰੇ ਆਦਮੀ ਉਸ ਸਮੇਂ ਬਹੁਤ ਖੁਸ਼ ਹੋਏ।

ਸਭ ਲੌਕਿਕ ਵੈਦਿਕ ਵਿਧੀ ਕੀਤੀ ਜਿਵੇਂ ਪ੍ਰੋਹਤਾਂ ਦੀ ਮਰਜ਼ੀ ਸੀ, ਉਸ ਤਰ੍ਹਾਂ ਹੀ ਹੁੰਦਾ ਰਿਹਾ। ਇੰਝ ਵਿਆਹ ਸੰਬੰਧੀ ਹਥਲੇਵਾ ਦਾ ਦਾਨ ਦਿੱਤਾ ਤੇ ਸਵ ਸਤ ਬੋਲ ਕੇ ਸ੍ਰੇਸ਼ਟ ਬ੍ਰਾਹਮਣ ਨੇ ਲੈ ਲਿਆ॥ ੨੭॥

ਅੜਿੱਲ-ਲੈ ਲਾਵਾਂ ਤਿਹ ਥਾਨ ਗਏ ਪੁਨਿ ਸਿਵਰ ਮੈਂ।
ਬਸੀ ਗੁੜਾਕਾ ਭਏ ਆਨਿ ਨਿਜ ਠਵਰ ਮੈਂ।
ਤਿਮਰ ਤ੍ਰਿਜਾਮਾ ਛਾਇ ਅੱਗਯ ਅਗਜਾਨਿ ਜਿਉਂ।
ਹੋ ਬਿਸ਼ੈ ਮਨੋਰਥ ਅਨਿਕ ਸੁ ਉਡਗਨ ਚਮਕ ਤਿਉਂ॥ ੨੮॥

ਲਾਵਾਂ ਲੈ ਕੇ ਮੁੜ ਆਪਣੇ ਤੰਬੂਆਂ ਵਿਚ ਚਲੇ ਗਏ। ਨੀਂਦ ਦੇ ਵੱਸ ਹੋ ਜਾਣ ਕਰਕੇ ਆਪਣੇ ਆਪਣੇ ਬਿਸਤਰਿਆਂ ਤੇ ਲੇਟ ਗਏ। ਰਾਤ ਦਾ ਹਨੇਰਾ ਛਾ ਗਿਆ, ਜਿਵੇਂ ਅਗਿਆਨੀ ਦੇ ਦਿਲ ਅਗਿਆਨ ਫੈਲ ਜਾਂਦਾ ਹੈ। ਜਿਵੇਂ ਸਾਡੇ ਮਨਾਂ ਵਿਚ ਬੇਅੰਤ ਵਿਸ਼ੇ ਮਨੋਰਥ ਭਰੇ ਹਨ, ਇਸ ਤਰ੍ਹਾਂ ਬੇਅੰਤ ਤਾਰੇ ਅਸਮਾਨ ਤੇ ਚਮਕਣ ਲੱਗੇ॥ ੨੮॥

ਕਬਿੱਤ- ਭਯੋ ਅਰਣੋਦਯ ਅਰਣਚੂੜ ਬੋਲੇ ਰਵ, ਖਿਰੇ ਅਰਬਿੰਦ ਪਰ ਸਾਰੰਗ ਸੁ ਡੋਲਹੀਂ।
ਪ੍ਰਾਚੀ ਪਿਯਰਾਨੀ, ਚਾਰੁ ਚਟਿਕਾ ਚੁਚਾਨੀ, ਬਾਨੀ ਚੱਕ੍ਰਵਾਕ ਮਿਲੇ, ਬੋਲ ਬੋਲਿਕੈ ਕਲੋਲ ਹੀ।
ਭਾਜੇ ਦੂਤਿ ਚੋਰ ਪੁਰਿ ਗ੍ਰਾਮਨਿ ਕੋ ਛੋਰਿ ਛੋਰਿ, ਭਾਨੁ ਕਰ ਦੋਰੀ ਗੈਨ, ਸੰਖ ਮੁਖ ਬੋਲਿ ਹੀ।
ਉਡਗਨ ਸਨ ਭਯੋ ਤਿਮਰ ਨਿਧਨ ਘਨ, ਗਜਾਨ ਜੈਸੇ ਮੋਹ ਸੈਨ ਹਨੈ ਝਕਝੋਲਿਹੀ॥੨੯॥

ਜਦ ਪ੍ਰਾਤਾਕਾਲ ਹੋਈ ਤਾਂ ਕੁਕੜਾਂ ਨੇ ਬਾਂਗਾਂ ਦਿੱਤੀਆਂ, ਕੰਵਲ ਦੇ ਫੁੱਲ ਖਿੜ ਪਏ ਅਤੇ ਭਵਰੇ ਫੁੱਲਾਂ ਦੇ ਦੁਆਲੇ ਘੁੰਮਣ ਲੱਗੇ। ਪੂਰਬ ਦਿਸ਼ਾ ਪੀਲੀ ਹੋ ਗਈ। ਸੁੰਦਰ ਚਿੜੀਆਂ ਚਹਿਕਣ ਲੱਗੀਆਂ। ਚਕਵਾ ਚਕਵੀ ਇਕ ਦੂਸਰੇ ਨੂੰ ਮਿਲ ਪਏ ਅਤੇ ਬੋਲ ਬੋਲ ਕੇ ਕਲੋਲਾਂ ਕਰਨ ਲੱਗੇ। ਹਲਕਾਰੇ ਛੇਤੀ ਪਹੁੰਚਣ ਵਾਸਤੇ ਅਤੇ ਬਚਣ ਵਾਸਤੇ ਛੇਤੀ ਹੀ ਆਪਣੇ ਘਰਾਂ ਵੱਲ ਭੱਜਣ ਲੱਗੇ। ਸੂਰਜ ਦੀਆਂ ਕਿਰਨਾਂ ਅਕਾਸ਼ ਵਿਚ ਮੁਖ ਤੋਂ ਸੰਖ ਬੋਲ ਰਹੀਆਂ ਹਨ। ਤਾਰਿਆਂ ਸਮੇਤ ਡੂੰਘੇ ਹਨੇਰੇ ਦਾ ਵਿਨਾਸ਼ ਹੋ ਗਿਆ ਹੈ ਜਿਵੇਂ ਗਿਆਨ ਮੋਹ ਦੀ ਸੈਨਾ ਨੂੰ ਪਛਾੜ ਕੇ ਤਬਾਹ ਕਰ ਦਿੰਦਾ ਹੈ॥ ੨੯॥

ਸੋਰਠਾ- ਨਿੰਦ੍ਰਾ ਤਜੀ ਦਯਾਰ ਜਿਉਂ ਗਜਾਨੀ ਹਿਤ ਅੰਗਨਾ।
ਜਾਗ੍ਰਤਤਾ ਤਨ ਧਾਰਿ ਜਿਉਂ ਅਨੰਦਤਾ ਭਗਤਿ ਮੈਂ॥ ੩੦॥

ਦਿਆਲੂ ਗੁਰੂ ਜੀ ਨੇ ਨੀਂਦ ਇੰਝ ਛੱਡ ਦਿੱਤੀ, ਜਿਵੇਂ ਗਿਆਨੀ ਨੇ ਇਸਤਰੀ ਦਾ ਮੋਹ ਛੱਡ ਦਿੱਤਾ ਹੋਵੇ। ਉਨ੍ਹਾਂ ਜਾਗ੍ਰਤਤਾ ਮਨ ਵਿਚ ਇੰਝ ਧਾਰ ਲਈ ਜਿਵੇਂ ਭਗਤੀ ਵਿਚ ਆਨੰਦਮਈ ਖੇੜਾ ਪ੍ਰਾਪਤ ਹੁੰਦਾ ਹੈ॥ ੩੦॥

ਚਿਤ੍ਰਪਦਾ ਛੰਦ-ਕੀਨਿ ਸ਼ਨਾਨ, ਦਯੋ ਪੁਨ ਦਾਨ, ਸਮਾਨ ਸੁ ਮਾਨ ਸੁ ਰਾਗਹਿ ਦ੍ਵੈਖਾ।
ਧਾਰਿ ਦੁਕੂਲ ਭਲੇ ਭਵ ਮੂਲ ਹਰੈਂ ਤਨ ਸੂਲਨ ਕਿੰਕਰ ਸੇਖਾ।
ਬੇਦਿਨਿ ਬੰਸ਼ ਸਰੋਜਨ ਸੂਰਜ ਭੂਖਨ ਊਖਤਿ ਸੋਹਿ ਵਿਸ਼ੇਖਾ।
ਰੂਪ ਅਨੂਪਮ ਸ਼ਾਂਤਿ ਮਨੋ ਕਿਯ ਗਯਾਨ ਅਛਾਦਨ ਜਨੌਂ ਧਰਿ ਭੇਖਾ॥੩੧॥

ਇਸ਼ਨਾਨ ਕਰਕੇ ਪੁੰਨ ਦਾਨ ਕੀਤਾ, ਉਨ੍ਹਾਂ ਨੇ ਪੁੰਨ ਦਾਨ ਕਰਨ ਵਿਚ ਕੋਈ ਦ੍ਵੈਖ ਨਹੀ ਕੀਤਾ, ਕਿਉਂਕਿ ਉਨ੍ਹਾਂ ਦੇ ਮਨ ਵਿਚ ਪਿਆਰ ਅਤੇ ਦ੍ਵੈਖ ਸਮਾਨ ਹਨ। ਭਲੇ ਕਪੜੇ ਧਾਰ ਕੇ ਸੰਸਾਰ ਦਾ ਮੂਲ ਗੁਰੂ ਜੀ ਸਾਰੇ ਦਾਸਾਂ ਦੇ ਸਰੀਰ ਦੇ ਦੁਖ ਦੂਰ ਕਰਦੇ ਹਨ। ਬੇਦੀ ਵੰਸ਼ ਕੰਵਲ ਹੈ ਅਤੇ ਗੁਰੂ ਜੀ ਸੂਰਜ ਹਨ ਅਤੇ ਜਿਹੜੇ ਉਨ੍ਹਾਂ ਗਹਿਣੇ ਪਹਿਨੇ ਹੋਏ ਹਨ ਊਖਤਿ ਸਮਾਨ ਸ਼ੋਭ ਰਹੇ ਹਨ, ਭਾਵ- ਚੜ੍ਹਦੇ ਸੂਰਜ ਦੀ ਲਾਲੀ ਵਾਂਗ ਚਮਕ ਰਹੇ ਹਨ। ਉਨ੍ਹਾਂ ਦਾ ਰੂਪ ਅਨੂਪਮ ਹੈ, ਮਨ ਉਨ੍ਹਾਂ ਦਾ ਸ਼ਾਂਤ ਹੈ। ਭਾਵ ਗੁਰੂ ਜੀ ਦੇ ਸੋਹਣੇ ਰੂਪ ਨੂੰ ਉਨ੍ਹਾਂ ਦੇ ਲਿਬਾਸ ਨੇ ਇੰਝ ਆਛਾਦਨ ਕੀਤਾ ਹੈ ਮਾਨੋ ਸਰੂਪ ਨੂੰ ਗਿਆਨ ਨੇ ਆਛਾਦਨ ਕੀਤਾ ਹੋਵੇ॥ ੩੧॥

ਸ੍ਵੈਯਾ- ਸੀਸ ਬਧਾ ਸਿਰਪੇਚ ਫਬੈ, ਗਰ ਮਾਲ ਬਨੀ ਮੁਕਤਾਲਨਿ ਕੀ।
ਲੋਚਨ ਲੋਲ ਬਿਲੋਕਤਿ ਲੋਕਨ ਪੀਰ ਹਰੈਂ ਅਘ ਜਾਲਨ ਕੀ।
ਸੁੰਦਰ ਜਨੌਂ ਅਰਬਿੰਦ ਖਿਰਾ ਮੁਖ ਜਾਂ ਗਤਿ ਕੀਨਿ ਬਿਹਾਲਨ ਕੀ।
ਕੁੰਡਲ ਡੋਲ ਕਪੋਲ ਅਮੋਲ, ਗਿਰਾ ਜਿਹ ਗਯਾਨ ਸਿਖਾਲਨ ਕੀ॥੩੨॥

ਉਨ੍ਹਾਂ ਦੇ ਸਿਰ ਤੇ ਬੰਨ੍ਹਿਆ ਹੀਰਾ ਬੜਾ ਫੱਬ ਰਿਹਾ ਹੈ ਅਤੇ ਗਲ ਵਿਚ ਮੋਤੀਆਂ ਦੀ ਮਾਲਾ ਹੈ। ਚੰਚਲ ਨੈਣਾਂ ਨਾਲ ਜਦ ਤੱਕਦੇ ਹਨ ਤਾਂ ਸਾਰਿਆਂ ਲੋਕਾਂ ਦੀ ਪੀੜ ਨੂੰ ਹਰ ਲੈਂਦੇ ਹਨ। ਸੋਹਣਾ ਮੁਖੜਾ ਕੰਵਲ ਵਾਂਗ ਖਿੜਿਆ ਹੈ, ਜਿਸ ਨੇ ਮੰਦੇ ਹਾਲ ਦੁਨੀਆਂ ਦਾ ਕਲਿਆਣ ਕੀਤਾ ਹੈ। ਗਲ੍ਹਾਂ ਉਤੇ ਵਾਲਾਂ ਦੇ ਅਮੋਲਕ ਕੁੰਡਲ ਲਟਕ ਰਹੇ ਹਨ, ਅਤੇ ਉਨ੍ਹਾਂ ਦੀ ਮਿਠੀ ਬਾਣੀ ਗਿਆਨ ਸਿਖਾਉਣ ਵਾਲੀ ਹੈ॥ ੩੨॥

ਅੜਿਲ- ਕਾਲੂ ਲਾਲੂ ਆਦਿ ਸੁ ਵੇਦੀ ਰਾਜਈ॥ ਅਲੰਕਾਰ ਪਟ ਰੁਚਿਰ ਸਭਾਸਦ ਸਾਜਈ।
ਬਹੁ ਜਾਚਿਕ ਕੀ ਭੀਰ ਲੇਤਿ ਹੈਂਆਨਿਕੈ। ਹੋ ਦੇਤਿ ਸਰਬ ਕੋ ਦਾਨ ਰਿਦੈ ਸੁਖ ਮਾਨਿਕੈ॥੩੩॥

ਕਾਲੂ ਲਾਲੂ ਆਦਿ ਬੇਦੀ ਸ਼ੋਭਾ ਪਾ ਰਹੇ ਹਨ। ਗਹਿਣੇ ਕਪੜੇ ਸਭ ਦੇ ਬੜੇ ਸੁੰਦਰ ਸੱਜ ਰਹੇ ਹਨ। ਮੰਗਤਿਆਂ ਦੀ ਬੜੀ ਭੀੜ ਲੱਗੀ ਹੋਈ ਹੈ ਤੇ ਸਾਰੇ ਆ ਕੇ ਦਾਨ ਲੈ ਰਹੇ ਹਨ। ਹਿਰਦੇ ਵਿਚ ਸੁਖ ਮੰਨ ਕੇ ਸਾਰਿਆਂ ਨੂੰ ਦਾਨ ਦੇ ਰਹੇ ਹਨ॥ ੩੩॥

ਅਨਿਕ ਭਾਂਤਿ ਕੇ ਹੋਤਿ ਸੁ ਕੌਤਕ ਦੇਖਈ। ਛੈਲ ਛਬੀਲੇ ਹਸਹਿਂ ਬਿਲਾਸ ਬਿਸ਼ੇਖਈ।
ਬਖਸ਼ਹਿਂ ਬਹੁ ਬਖਸ਼ੀਸ਼ ਪ੍ਰਮੋਦ ਬਢਾਇਕੈ। ਹੋ 'ਧੰਨ ਧੰਨ' ਮੁਖ ਕਹੈਂ ਰਹਜੋ ਜਸੁ ਛਾਇਕੈ॥੩੪॥

ਅਨੇਕ ਪ੍ਰਕਾਰ ਦੇ ਜੋ ਕੌਤਕ ਹੋ ਰਹੇ ਹਨ, ਉਨ੍ਹਾਂ ਨੂੰ ਵੇਖ ਰਹੇ ਹਨ। ਛੈਲ ਛਬੀਲੇ ਹੱਸਦੇ ਹਨ ਅਤੇ ਖੁਸ਼ ਹੋ ਰਹੇ ਹਨ। ਖੁਸ਼ੀ ਵਧਾ ਕੇ ਬਹੁਤ ਬਖਸ਼ਿਸ਼ ਦੇ ਰਹੇ ਹਨ। ਸਾਰੇ ਮੁਖ ਤੋਂ ਧੰਨ ! ਧੰਨ ! ਕਹਿ ਰਹੇ ਹਨ॥ ੩੪॥

ਦੋਹਰਾ- ਤਿਹ ਛਿਨ ਇਕ ਨਰ ਆਇਕੈ ਬੋਲਯੋ ਜੁਗ ਕਰ ਜੋਰਿ।
'ਗਮਨਹੁ ਅਚਨੇ ਅਸਨ ਕੋ ਕਰਿ ਕਰੁਨਾ ਚਖਕੋਰ'॥ ੩੫॥

ਫਿਰ ਇਕ ਆਦਮੀ ਦੋਵੇਂ ਹੱਥ ਜੋੜ ਕੇ ਆ ਕੇ ਬੋਲਿਆ, "ਕਿਰਪਾ ਦ੍ਰਿਸ਼ਟੀ ਕਰਕੇ, ਭਾਵ ਕਿਰਪਾ ਕਰਕੇ ਭੋਜਨ ਖਾਣ ਲਈ ਚਲੋ"॥ ੩੫॥

ਸੋਰਠਾ- ਸਭਿਹਿ ਸਮਾਜ ਸੁਹਾਤਿ ਕਾਲੂ ਕੀਨਿ ਰਜਾਇ ਤਬ।
'ਦੂਲਹੁ ਸਹਿਤ ਬਰਾਤਿ ਗਮਨੇ ਮੂਲੇ ਕੇ ਸਦਨ'॥ ੩੬॥

ਸਾਰੀ ਬਰਾਤ ਬੜੀ ਸੋਭਾ ਪਾ ਰਹੀ ਸੀ, ਜਦ ਮਹਿਤਾ ਕਾਲੂ ਨੇ ਇਹ ਬਚਨ ਕੀਤੇ, "ਦੂਲਹੇ ਸਮੇਤ ਸਾਰੀ ਜੰਞ ਮੂਲੇ ਦੇ ਘਰ ਚਲੋ"॥ ੩੬॥

ਸ੍ਵੈਯਾ- ਪਾਇ ਭਲੇ ਅਰਬਿੰਦ ਚਲੇ ਗਤਿ ਮੰਦ ਮਨੋਹਰ ਹੈ ਸੁੰਦਰੀ।
ਬਾਹੁ ਬਿਸ਼ਾਲ ਕਿਯੂਰ ਬਨਾ ਅੰਗੁਰੀ ਨਗ ਕੰਚਨ ਕੀ ਮੁੰਦਰੀ।
ਦਾਰਮ ਦਾਂਤਿਨਿ ਸੋਂ ਮੁਸਕਾਤਿ ਕਿ ਹੀਰਨਿ ਪਾਂਤਿ ਮਨੋ ਗੁੰਦਰੀ।
ਉੱਨਤ ਕੰਧ ਉਦਾਰ ਲਿਲਾਰ ਸੁ ਚਾਰ ਕਿ ਚੰਦ ਅਨੰਦ ਧਰੀ॥ ੩੭॥

ਕੰਵਲ ਫੁੱਲ ਵਰਗੇ ਸੁੰਦਰ ਗੁਰੂ ਜੀ ਆਹਿਸਤਾ-ਆਹਿਸਤਾ ਚਲ ਪਏ। ਲੰਮੀਆਂ-ਲੰਮੀਆਂ ਬਾਹਾਂ ਨਾਲ ਭੁਜ ਬੰਦ ਸੋਭ ਰਹੇ ਸਨ ਅਤੇ ਉਂਗਲੀਆਂ ਵਿਚ ਨਗਾਂ ਵਾਲੀਆਂ ਸੋਨੇ ਦੀਆਂ ਛਾਪਾਂ ਬੜੀਆਂ ਸੁੰਦਰ ਲੱਗ ਰਹੀਆਂ ਸਨ। ਜਦ ਮੁਸਕਰਾਉਂਦੇ ਹਨ ਤਾਂ ਅਨਾਰਾਂ ਵਰਗੇ ਦੰਦ ਇੰਝ ਲੱਗਦੇ ਹਨ ਜਿਵੇਂ ਹੀਰਿਆਂ ਦੀ ਪਾਲ ਗੁੰਦੀ ਹੋਈ ਹੈ। ਉੱਚੇ ਮੋਢੇ, ਖਿੜਿਆ ਸੁੰਦਰ ਮੱਥਾ ਇੰਝ ਸੁੰਦਰ ਲੱਗ ਰਿਹਾ ਹੈ ਜਿਵੇਂ ਚੰਦ ਨੇ ਆਨੰਦ ਧਾਰਨ ਕੀਤਾ ਹੋਵੇ॥ ੩੭॥

ਹਾਥ ਪੈ ਹਾਥ ਧਰੇ ਹਿਤ ਸਾਥ ਕਹੈਂ ਗੁਨ ਗਾਥਨ ਯੋਂ ਚਲਿ ਆਏ।
ਮੂਲੇ ਨਿਕੇਤ ਵਿਖੈ ਪ੍ਰਵਿਸ਼ੇ ਜਹਿਂ ਸੁੰਦਰ ਰੰਗ ਬਿਛਾਵਨ ਛਾਏ।
ਭਾਂਤਿਨਿ ਭਾਂਤਿ ਬਰਾਤ ਸੁਹਾਤਹਿ ਪਾਂਤਿਨਿ ਪਾਂਤਿ ਬਨਾਇ ਬਸਾਏ।
ਭਾਂਜਨ ਭੂਰ ਧਰੇ ਸਭਿ ਅੱਗ੍ਰਨ ਸੂਪਨਕਾਰ ਸੁ ਭੋਜਨ ਲਯਾਏ॥ ੩੮॥

ਹੱਥ ਤੇ ਹੱਥ ਧਰ ਕੇ ਬੜੇ ਪਿਆਰ ਨਾਲ ਗੁਣ ਗਾਉਂਦੇ ਮੂਲ ਚੰਦ ਦੇ ਘਰ ਜਾ ਪ੍ਰਵੇਸ਼ ਕੀਤਾ, ਜਿਥੇ ਬਹੁਤ ਸੁੰਦਰ ਵਿਛਾਉਣੇ ਵਿਛੇ ਹੋਏ ਸਨ। ਕਈ ਭਾਂਤ ਬਰਾਤ ਸੋਭ ਰਹੀ ਸੀ ਤੇ ਪੰਗਤ ਦਰ ਪੰਗਤ ਬਣਾ ਕੇ ਉਹ ਬੈਠ ਗਏ। ਬਹੁਤ ਪ੍ਰਕਾਰ ਦੇ ਬਰਤਨ ਉਨ੍ਹਾਂ ਦੇ ਅੱਗੇ ਰੱਖ ਦਿੱਤੇ ਤੇ ਰਸੋਈਏ ਭੋਜਨ ਲੈ ਕੇ ਆਏ॥ ੩੮॥

ਨੀਕੇ ਮਹਾਂ ਪਕਵਾਨ ਪਰੋਸਤਿ ਮਾਧੁਰਤਾ ਮਧ ਜਿਉਂ ਮਧਰਾਏ।
ਮੋਦਕ ਸੇਵਕੀਆਂ, ਨੁਗਦੀ, ਦਧਿ ਸੰਗ ਪਕੋਰਨ ਮੱਧ ਮਿਲਾਏ।
ਅੰਮ੍ਰਤੀਆਂ, ਖੁਰਮੇ, ਸੁ ਬਰੇ ਬਰ ਘੇਵਰ ਸੇਤ ਸਿਤਾ ਬਹੁ ਪਾਏ।
ਦਾਖ ਬਿਦਾਮ, ਗਿਰੂ ਪਿਸ਼ਤਾ ਸਭਿ ਭੋਜਨ ਮੇਵੇ ਅਮੇਜ਼ ਕਰਾਏ॥ ੩੯॥

ਬੜੇ ਵਧੀਆ ਮਹਾਂ ਪਕਵਾਨ ਪਰੋਸੇ ਗਏ, ਜਿਵੇਂ ਉਨ੍ਹਾਂ ਵਿਚ ਸ਼ਹਿਦ ਨੇ ਮਿਠਾਸ ਭਰੀ ਹੋਵੇ। ਲੱਡੂ, ਸੇਵੀਆਂ, ਬੂੰਦੀ ਅਤੇ ਦਹੀਂ ਵਿਚ ਪਕੌੜੀਆਂ ਮਿਲਾ ਕੇ ਲਿਆਏ। ਅੰਮ੍ਰਤੀਆਂ (ਜਲੇਬੀਆਂ) ਖੁਰਮੇ, ਵੜੇ ਅਤੇ ਸਫੇਦ ਖੰਡ ਘਿਉ ਬਹੁਤ ਵਰਤਾਏ ਗਏ। ਸੌਗੀ, ਬਦਾਮ, ਗਿਰੀ, ਪਿਸਤਾ ਆਦਿ ਸਭ ਮੇਵੇ ਮਿਲਾ ਕੇ ਭੋਜਨ ਕਰਵਾਏ ਗਏ॥ ੩੯॥

ਪੂਰਬ ਕੌਰ ਨਿਕਾਰਿ ਕੈ ਪੰਚ ਲਗੇ ਪੁਨ ਜੇਮਨ ਜੇ ਮਨ ਭਾਈ।
ਪੀਨ ਉਰੋਜਨ ਬੈਸ ਝਰੋਖਨਿ ਗਾਵਤਿ ਗੀਤਨਿ ਗਾਰਿ ਸੁਨਾਈ।

ਪਹਿਲਾ ਪੰਜ ਗ੍ਰਾਸ ਕੱਢ ਕੇ ਸਾਰੇ ਖਾਣ ਲੱਗੇ ਜੋ ਵੀ ਕਿਸੇ ਦੇ ਮਨ ਨੂੰ ਚੰਗਾ ਲੱਗਾ। ਇਸਤਰੀਆਂ ਝਰੋਖਿਆਂ ਵਿਚ ਬੈਠ ਕੇ ਗੀਤ ਗਾ ਰਹੀਆਂ ਸਨ ਅਤੇ ਸਿੱਠਣੀਆਂ ਦੇ ਰਹੀਆਂ ਸਨ।

ਕਾਲੂ ਸਮੇਤ ਬਰਾਤ ਸਭੇ ਸੁਭ ਰੀਤਿ ਕੋ ਹੇਰਿ ਰਹੇ ਹਰਿਖਾਈ।
ਜੂਠ ਮੇਂ ਡਾਰਿ ਉਠੇ ਧਨ ਕੋ ਬਹੁ, ਜੇਵ ਅਹਾਰ ਯੋ ਡੇਰੇ ਮੈਂ ਆਈ॥੪੦॥

ਬਾਬਾ ਕਾਲੂ ਸਮੇਤ ਸਾਰੇ ਬਰਾਤੀ ਰੀਤ ਸੁਣ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਜੂਠ ਦੇ ਲਈ ਬਹੁਤ ਧਨ ਦੇ ਕੇ ਅਤੇ ਭੋਜਨ ਛੱਕ ਕੇ ਸਾਰੇ ਉਠ ਖਲੋਤੇ ਤੇ ਆਪਣੇ ਡੇਰੇ ਆ ਗਏ॥ ੪੦॥

ਦੋਹਰਾ- ਤਿਹ ਛਿਨ ਸ੍ਰੀ ਸੁਖਦਾਨ ਕੋ ਲੇ ਗਏ ਅੰਤਰ ਧਾਮ।
ਗਜਿਗਾਮਨਿ ਦੁਤਿਦਾਮਨੀ ਸਸਿ ਬਦਨੀ ਜਹਿਂ ਬਾਮ॥ ੪੧॥

ਉਸੇ ਵੇਲੇ ਸੁਖਦਾਤੇ ਗੁਰੂ ਜੀ ਨੂੰ ਘਰ ਦੇ ਅੰਦਰ ਲੈ ਗਏ ਜਿਥੇ ਬਿਜਲੀ ਦੀ ਕ੍ਰਾਂਤੀ ਵਾਲੀਆਂ, ਹਾਥੀ ਦੀ ਤੋਰ ਵਾਲੀਆਂ, ਚੰਦਰ ਦੇ ਮੁਖੜੇ ਵਰਗੀਆਂ ਇਸਤਰੀਆਂ ਬੈਠੀਆਂ ਸਨ, ਉਥੇ ਗੁਰੂ ਜੀ ਨੂੰ ਲੈ ਗਏ॥ ੪੧॥

ਸ੍ਵੈਯਾ- ਹਾਸ ਬਿਲਾਸ ਸੁਆਸਨ ਜੇ ਪਰਕਾਸ਼ ਕਰੈਂ ਸੁਖਦਾਨਹਿ ਸੋਂ।
ਲੋਚਨ ਲੋਲ ਬਿਲੋਕਤਿ ਬੰਕ ਭਜੈਂ ਮੁਨਿ ਕੇ ਮਨ ਮਾਨਹਿ ਸੋ।
ਮਾਨਹੁ ਮੈਨ ਬਨਜੋ ਬਹੁ ਭੇਖਨ ਬਾਨ ਕਮਾਨਹਿ ਤਾਨਹਿ ਸੋ।
ਘੇਰਤਿ ਜੋਰ ਕਰੈ ਜਨੁ ਗਜਾਨ ਸੋਂ ਏਕਹਿ ਬਾਨ ਛੁਵਾ ਨਹਿਂ ਸੋ॥੪੨॥

ਇਸਤਰੀਆਂ ਸੁੱਖਾਂ ਦੇ ਦਾਤੇ ਗੁਰੂ ਜੀ ਨਾਲ ਸੁਹਾਵਣੇ ਹਾਸ-ਬਿਲਾਸ ਦੇ ਬੋਲ ਬੋਲਦੀਆਂ ਹਨ। ਉਹ ਗੁਰੂ ਜੀ ਵਲ ਇਸਤਰ੍ਹਾਂ ਟੇਢੀ ਨਜ਼ਰ ਨਾਲ ਵੇਖਦੀਆਂ ਹਨ ਕਿ ਉਹ ਮੁਨੀਆਂ ਦੇ ਮਨਾਂ ਨੂੰ ਵੀ ਮੋਹ ਲੈਂਦੀਆਂ ਹਨ। ਮਾਨੋ ਕਾਮਦੇਵ ਬਹੁਤ ਭੇਸ ਧਾਰ ਕੇ ਤੀਰ ਕਮਾਨ ਖਿਚ ਕੇ ਨੈਣਾਂ ਦੇ ਤੀਰ ਮਾਰ ਰਿਹਾ ਹੈ। ਮਾਨੋ ਗਿਆਨ ਨਾਲ ਜ਼ੋਰ ਕਰਦਾ ਹੈ, ਪਰ ਗੁਰੂ ਜੀ ਨੂੰ ਉਸ ਦਾ ਇਕ ਤੀਰ ਵੀ ਛੂਹਿਆ ਨਹੀਂ ਹੈ॥ ੪੨॥

ਦੋਹਰਾ- ਮਿਲਿ ਤਰੁਨੀ ਕੀਨੀ ਸਭਿਹਿ ਹੁਤੀ ਜੋਨ ਕੁਲ ਰੀਤਿ।
ਸਹਿਜ ਸਲੋਨੀ ਹੇਰਈ ਮੂਰਤਿ ਉਰ ਕਰਿ ਪ੍ਰੀਤਿ॥ ੪੩॥

ਇਸਤਰੀਆਂ ਨੇ ਕੁਲ ਦੀ ਰੀਤੀ ਅਨੁਸਾਰ ਸਭ ਕੁਝ ਕੀਤਾ। ਉਹ ਗੁਰੂ ਜੀ ਨੂੰ ਬੜੇ ਪਿਆਰ ਨਾਲ ਵੇਖ ਰਹੀਆਂ ਹਨ ਅਤੇ ਉਸ ਦੀ ਸੁੰਦਰ ਮੂਰਤ ਆਪਣੇ ਮਨ ਵਿਚ ਵਸਾ ਰਹੀਆਂ ਹਨ॥ ੪੩॥

ਸ੍ਵੈਯਾ- ਕੋਮਲ ਬੋਲ ਅਮੋਲ ਭਨੈਂ ਜਨ ਫੂਲ ਝਰੈਂ ਸ੍ਰਿਯਾ ਮੂਲ ਸੁਹਾਏ।
ਪੰਕਜ ਨੈਨ ਮਯਾ ਮਨ ਐਨ ਪਿਖੈਂ ਜਿਹ ਚੈਨ ਰਿਦੇ ਤਿਹ ਦਾਏ।
ਸੁੰਦਰਤਾ ਸਭਿ ਮੰਦਰ ਸ੍ਰੀ ਮੁਖ ਦੋਖ ਨਿਕੰਦਨ ਜਾਂ ਦਰਸਾਏ।
ਅੰਗਨ ਮੈਂ ਅੰਗਨਾ ਜਿ ਅਨੰਗ ਸੀ ਸੰਗਿ ਤਿਆਗ ਕੈ ਡੇਰਨਿ ਆਏ॥੪੪॥

ਗੁਰੂ ਜੀ ਮੁਕਤੀ ਦੇ ਮੂਲ ਰੂਪ ਵਾਕ ਕਹਿੰਦੇ ਹਨ, ਮਾਨੋ ਫੁੱਲ ਝੜ ਰਹੇ ਹਨ। ਕੰਵਲ ਨੈਣ ਦਇਆ ਦੇ ਘਰ ਗੁਰੂ ਜੀ ਨੂੰ ਜੋ ਵੀ ਵੇਖਦਾ ਹੈ ਉਸ ਦੇ ਹਿਰਦੇ ਵਿਚ ਸੁਖ ਸ਼ਾਂਤੀ ਵੱਸ ਜਾਂਦੀ ਹੈ। ਸ੍ਰੀ ਦੋਸ਼ ਨਾਸ਼ਕ ਗੁਰੂ ਦੇ ਕਾਰਨ ਸਾਰੇ ਘਰ ਵਿਚ ਸੁੰਦਰਤਾ ਪ੍ਰਵੇਸ਼ ਕਰ ਗਈ। ਵਿਹੜੇ ਵਿਚ ਇਸਤਰੀਆਂ ਜਿਹੜੀਆਂ ਕਾਮਦੇਵ ਵਾਂਗ ਸੁੰਦਰ ਹਨ, ਦਾ ਸੰਗ ਛੱਡ ਕੇ ਗੁਰੂ ਜੀ ਆਪਣੇ ਡੇਰੇ ਆ ਗਏ॥ ੪੪॥

ਮਹਿੰਦੀ ਪਦ ਸੰਜੁਤਿ ਕੋਕਨਦੰ, ਮਕਰੰਦ ਅਨੰਦ ਉਦਾਰ ਬਸਾਈ।
ਗਰ ਚੀਰ ਹੈਂ ਪੀਤ, ਪੁਨੀਤ ਮਨੋਗਹਿ ਜੱਗਜੁਪਵੀਤ ਮਹਾਂ ਛਬਿ ਛਾਈ।

ਕਲ ਕੰਕਨ ਕੰਚਨ ਭੂਰ ਕਿਯੂਰ ਬਨੀ, ਉਰਮਾਲ ਬਿਸਾਲ ਸੁਹਾਈ।
ਜਨੁ ਸ਼ਾਂਤਿ ਸਰੂਪ ਸ਼ਿੰਗਾਰ ਧਰੇ ਜਗ ਮੈਂ ਪ੍ਰਗਟਯੋ ਨਿਜ ਭਾਵ ਦਿਖਾਈ ॥੪੫॥

ਲਾਲ ਕੰਵਲ ਵਰਗੇ ਮਹਿੰਦੀ ਲੱਗੇ ਚਰਨਾਂ ਵਿਚ ਮਕਰੰਦ ਵਾਂਗ ਉਦਾਰਤਾ ਵੱਸ ਰਹੀ ਹੈ। ਗਲ ਵਿਚ ਪੀਲੇ ਰੰਗ ਦਾ ਪਰਨਾ ਹੈ, ਮਨ ਦੇ ਗ੍ਰਹਿਣ ਕਰਨ ਯੋਗ ਜੰਞੂ, ਭਾਵ ਉਹ ਜੰਞੂ ਜਿਸ ਨੂੰ ਗੁਰੂ ਜੀ ਨੇ ਜੀਅ ਕਾ ਜਨੇਊ ਕਿਹਾ ਹੈ, ਦੇ ਕਾਰਣ ਮਹਾਂ ਸੁੰਦਰਤਾ ਛਾਈ ਹੋਈ ਹੈ। ਸੋਨੇ ਦੇ ਸੁੰਦਰ ਕੜੇ ਪਹਿਨੇ ਹੋਏ ਹਨ, ਅਤੇ ਬਾਹਾਂ ਤੇ ਭੁੱਜਬੰਦ ਫੱਬ ਰਹੇ ਹਨ। ਗਲੇ ਵਿਚ ਸੁੰਦਰ ਲੰਮੀ ਮਾਲਾ ਬਹੁਤ ਸੁੰਦਰ ਲੱਗ ਰਹੀ ਹੈ। ਮਾਨੋ ਸ਼ਾਂਤੀ ਸਰੂਪ ਹਾਰ ਸ਼ਿੰਗਾਰ ਦਾ ਰੂਪ ਧਾਰ ਕੇ ਇਸ ਜੱਗ ਵਿਚ ਪ੍ਰਗਟ ਹੋਇਆ ਹੈ॥ ੪੫॥

ਦੋਹਰਾ- ਸੋਹਤਿ ਬੀਚ ਬਰਾਤ ਕੇ ਕੰਚਨ ਮਹਿਂ ਮਣਿ ਸੋਇ।
ਸਜਤਿ ਬੇਦੀਅਨ ਕੀ ਸਭਾ ਲਜਤਿ ਸੁਧਰਮਾ ਹੋਇ॥ ੪੬॥

ਬਰਾਤ ਦੇ ਵਿਚ ਉਹ ਇੰਝ ਸ਼ੋਭਾ ਪਾ ਰਹੇ ਹਨ ਜਿਵੇਂ ਸੋਨੇ ਵਿਚ ਹੀਰਾ ਚਮਕਦਾ ਹੈ। ਬੇਦੀਆਂ ਵਿਚ ਉਹ ਇੰਝ ਫੱਬ ਰਿਹਾ ਹੈ, ਜਿਸ ਨੂੰ ਵੇਖ ਕੇ ਆਪਣੀ ਸਭਾ ਵਿਚ ਬੈਠਾ ਇੰਦਰ ਵੀ ਲਜਿਤ ਹੋ ਰਿਹਾ ਹੈ॥ ੪੬॥

ਸ੍ਵੈਯਾ- ਬਾਰਮੁਖੀ ਸਿਰ ਮਾਂਗ ਸਵਾਰ ਸਭਾ ਕੇ ਮਝਾਰ ਭਲੀ ਬਿਧਿ ਆਈ।
ਬਾਦਿਤ ਗਾਯਕ ਸੰਗ ਲਏ ਪਗ ਨੇਵਰ ਬਾਜਨੀ ਆਨਿ ਵਜਾਈ।
ਤਾਲਨਿ ਸੰਗ ਮ੍ਰਿਦੰਗ ਮੁਚੰਗ ਉਪੰਗ ਤੰਬੂਰਨ ਤਾਲ ਮਿਲਾਈ।
ਰਾਗਨਿ ਰਾਗ ਭਰੇ ਅਨੁਰਾਗ ਸੋਂ ਮੋਹਨ ਕੋ ਮਨ ਤਾਨ ਬਸਾਈ॥੪੭॥

ਗਾਉਣ ਵਾਲਿਆਂ ਆਪਣੇ ਸਿਰਾਂ ਦੇ ਚੀਰ ਸਵਾਰ ਚੰਗੀ ਵਿਧੀ ਅਨੁਸਾਰ ਸਭਾ ਦੇ ਵਿਚ ਆਈਆਂ ਹਨ। ਗਾਉਣ ਵਜਾਉਣ ਵਾਲਿਆਂ ਨੇ ਆਪਣੇ ਪੈਰਾਂ ਵਿਚ ਝਾਂਜਰਾਂ ਬੰਨ੍ਹੀਆਂ ਹੋਈਆਂ ਹਨ ਤੇ ਝਾਂਜਰਾਂ ਅਤੇ ਕਿੰਕਣੀ ਦੀ ਉਨ੍ਹਾਂ ਛੁਣਕਾਰ ਛੇੜ ਦਿੱਤੀ। ਕੈਸੀਆਂ ਦੇ ਨਾਲ ਮ੍ਰਿਦੰਗ, ਮੁਚੰਗ, ਉਪੰਗ ਆਦਿ ਤੰਬੂਰਿਆਂ ਦੀ ਤਾਲ ਨਾਲ ਮਿਲ ਕੇ ਵੱਜਦੇ ਹਨ। ਰਾਗਨੀਆਂ ਅਤੇ ਰਾਗ ਬੜੇ ਸੁੰਦਰ ਤੇ ਆਕਰਸ਼ਕ ਹਨ ਜਿਹੜੇ ਮਨ ਨੂੰ ਮੋਹ ਲੈਂਦੇ ਹਨ॥ ੪੭॥

ਤ੍ਰਿਭੰਗੀ ਛੰਦ- ਚੰ ਚਟਪਟ ਨਾਰੀ ਲੇਤਿ ਭਵਾਰੀ ਛਮ ਛਮ ਕਾਰੀ ਛਬਿ ਧਰਿਨੀ।
ਸੰ ਸਟਪਟ ਬੈਠਤਿ, ਭੁਜਾ ਅਮੈਠਤਿ, ਤਾਲ ਇਕੈਠਤਿ ਮਨ ਹਰਿਨੀ।
ਲੰ ਲਟਪਟ ਛੈਲੀ ਰੂਪ ਨਵੇਲੀ ਗਤਿ ਅਲਬੇਲੀ ਸੁਠ ਅੰਗਾ।
ਠੰ ਠੁਮਠੁਮ ਠੁਮਕੀ ਝੁਕ ਝੁਕ ਝੁਮਕੀ, ਧੂਮ ਧੂਮ ਧੂਮਕੀ ਮਿਰਦੰਗਾ॥੪੮॥

ਨਾਰੀਆਂ ਛੇਤੀ ਛੇਤੀ ਭਾਉਂਦੀਆਂ ਹਨ ਅਤੇ ਛਮ ਛਮ ਕਰਕੇ ਸੁੰਦਰ ਲੱਗ ਰਹੀਆਂ ਹਨ। ਛੇਤੀ ਛੇਤੀ ਉਹ ਬੈਠਦੀਆਂ ਹਨ ਅਤੇ ਬਾਹਾਂ ਵਿੰਗੀਆਂ ਕਰਕੇ ਤਾਲ ਨਾਲ ਤਾਲ ਮਿਲਾ ਕੇ ਮਨ ਨੂੰ ਮੋਹ ਰਹੀਆਂ ਹਨ। ਚੰਚਲ ਅਤੇ ਛੈਲ ਛਬੀਲੀਆਂ ਨਾਰਾਂ ਜਿਹੜੀਆਂ ਬੜੀਆਂ ਰੂਪਵੰਤ ਹਨ ਅਤੇ ਚਾਲ ਜਿਨ੍ਹਾਂ ਦੀ ਅਲਬੇਲੀ ਹੈ ਅਤੇ ਉਹ ਸੁੰਦਰ ਅੰਗਾਂ ਵਾਲੀਆਂ ਹਨ। ਉਹ ਠੁਮਕ-ਠੁਮਕ ਅਦਾ ਨਾਲ ਚਲਦੀਆਂ ਹਨ ਅਤੇ ਝੁੱਕ ਝੁੱਕ ਕੇ ਝੁਮਕਦੀਆਂ ਹਨ ਅਤੇ ਮ੍ਰਿਦੰਗ ਦੀ ਧਮ ਧਮ ਆਵਾਜ਼ ਨਾਲ ਚਲਦੀਆਂ ਹਨ॥ ੪੮॥

ਲੰ ਲਟ ਸੁਠ ਲਟਕੀ ਚਿਕਨਤਿ ਚੋਟਕੀ ਬੇਨੀ ਸਟਕੀ ਬਿਸਿਯਰਤੰ।
ਬੰ ਬਿਧ ਜਿਉਂ ਨਟਕੀ ਸ਼ਾਰਤ ਪਟ ਕੀ ਕਰਵਰ ਮਟਕੀ ਸਿਰ ਧਰਤੰ।
ਕੰ ਕਿੰਕਨ ਕਟ ਕੀ ਤਟ ਛਬਿ ਥਟਕੀ ਸਭਿ ਮਤ ਝਟਕੀ ਚਿੱਤ੍ਰ ਲਿਖੇ।
ਸੰ ਸੁਧ ਨਹਿਂ ਘਟਕੀ ਸਭਾ ਸੁ ਠਟਕੀ ਦ੍ਰਿਸ਼ਟਹਿਂ ਅਟਕੀ ਨ੍ਰਿੱਤ ਵਿਖੇ॥੪੯॥

ਸੋਹਣੀਆਂ ਜ਼ੁਲਫਾਂ ਲਟਕ ਰਹੀਆਂ ਹਨ ਤੇ ਬਿੰਦਾਈ ਨਾਲ ਬਿੰਦੀਆਂ ਹੋਈਆਂ ਹਨ। ਗੁੱਤ ਸੱਪ ਵਾਂਗ ਪਿੱਛੇ ਲਟਕੀ ਹੋਈ ਹੈ। ਜਿਸ ਤਰ੍ਹਾਂ ਨਟ ਸਿਰ ਤੇ ਮਟਕੀ ਧਰਦਾ ਹੈ, ਉਸ ਤਰ੍ਹਾਂ ਕਪੜੇ ਨੂੰ ਉਨ੍ਹਾਂ ਅਦਾਵਾਂ ਨਾਲ ਕਰਦੀ ਹੈ। ਤੜਾਗੀ ਲੱਕ ਦੇ ਕੋਲ ਦੀ ਸੁੰਦਰਤਾ ਬੰਨ੍ਹ ਰਹੀ ਹੈ, ਵੇਖਣ ਵਾਲਿਆਂ ਦੇ ਮਨ ਮੋਹੇ ਗਏ ਮਾਨੋ ਉਹ ਲਿਖੀਆਂ ਤਸਵੀਰਾਂ ਹਨ। ਦਿਲ ਦੇ ਹੋਸ਼ ਗੁੰਮ ਹੋ ਗਏ ਹਨ, ਕਿਉਂਕਿ ਉਹ ਅਸਚਰਜਤਾ ਕਾਰਨ ਹੈਰਾਨ ਰਹਿ ਗਏ ਹਨ ਅਤੇ ਉਨ੍ਹਾਂ ਦੀਆਂ ਨਜ਼ਰਾਂ ਨਾਚ ਵਿਚ ਉਲਝ ਗਈਆਂ ਹਨ॥ ੪੯॥

**ਅੜਿਲ-ਵਿਸਰੇ ਦੇਸ਼ਨ ਕਾਲ ਸਭਾਸਦ ਜੇ ਸਬੈ। ਮੁਸਕਾਨੇ ਸੁਖਦਾਨ ਹੇਰਿ ਤਿਨ ਬਿਧਿ ਤਬੈ।**
**ਇੰਦ੍ਰਜਾਲ ਕੀ ਰੀਤਿ ਜਗਤ ਪਰਪੰਚ ਜੋ। ਹੋ ਅਸ ਪ੍ਰਕਾਰ ਲਖਿ ਰਿਦੇ ਸਦੀਵ ਅਬੰਚ ਜੋ॥੫੦॥**

ਸਭਾ ਦੇ ਸਾਰੇ ਹੀ ਵਿਅਕਤੀਆਂ ਨੂੰ ਦੇਸ਼ ਕਾਲ ਦੀ ਸੁੱਧ ਨਹੀਂ ਰਹੀ। ਸਾਰਿਆਂ ਜਾਂਞੀਆਂ ਨੂੰ ਇਸ ਤਰ੍ਹਾਂ ਵੇਖ ਕੇ ਗੁਰੂ ਜੀ ਮੁਸਕਰਾ ਪਏ। ਇੰਦਰਜਾਲ ਦੀ ਰੀਤੀ ਵਾਂਗ ਇਹ ਸਭ ਜਗਤ ਦਾ ਪਰਪੰਚ ਹੈ, ਪਰ ਗੁਰੂ ਜੀ ਉਤੇ ਇਸ ਪਰਪੰਚ ਦਾ ਕੋਈ ਪ੍ਰਭਾਵ ਨਾ ਪਿਆ, ਕਿਉਂਕਿ ਉਹ ਤਾਂ ਅਲੱਗ ਸਨ॥੫੦॥

**ਦਯੋ ਦਰਬ ਬਹੁ ਤਿਸੈ ਮਹਾਂ ਸੁਖਕੰਦ ਹੈ। ਬੇਦੀ ਚੰਦ ਮੁਕੰਦ ਸੁ 'ਬ੍ਰਹਮਾਨੰਦਾ' ਹੈ।**
**ਦਿਵਸਤੀਨ ਅਸ ਰੀਤਿ ਬਰਾਤ ਸੁਹਾਵਨੀ। ਹੋ ਰਹੀ ਕਹੀ ਜਿਉਂ ਆਦਿ ਕਥਾ ਬਰ ਪਾਵਨੀ॥੫੧॥**

ਬੜੇ ਪ੍ਰਸੰਨ ਹੋ ਕੇ ਉਸ ਨੂੰ ਬਹੁਤ ਧਨ ਦਿੱਤਾ। ਬੇਦੀ ਕੁਲ ਦਾ ਚੰਦਰਮਾਂ ਤਾਂ ਆਪ ਬ੍ਰਹਮਾਨੰਦ ਹੈ। ਤਿੰਨ ਦਿਨ ਤਕ ਇਸ ਤਰ੍ਹਾਂ ਹੀ ਬਰਾਤ ਸ਼ੋਭਾ ਪਾਉਂਦੀ ਰਹੀ। ਪਵਿੱਤਰ ਅਤੇ ਸ੍ਰੇਸ਼ਟ ਕਥਾ ਜਿਵੇਂ ਵਾਪਰੀ ਤਿਵੇਂ ਕਹੀ ਗਈ ਹੈ॥ ੫੧॥

**ਤਿਨਪੁਨ ਮਾਨਵ ਪਠਾ ਹਕਾਰਨ ਆਇਓ। ਗਮਨੈ ਲੇਨਿ ਬਿਦਾਇ ਰਿਦਾ ਉਮਗਾਇਓ।**
**ਕਾਲੂ ਲਾਲੂ ਆਦਿ ਸੁ ਪਰਮਾਨੰਦ ਜੋ। ਹੋ ਮੂਲੇ ਆਲਯ ਜਾਇ ਮਿਲੇ ਆਨੰਦ ਸੋਂ॥੫੨॥**

ਉਸੇ ਵੇਲੇ ਸੱਦਣ ਵਾਸਤੇ ਇਕ ਬੰਦਾ ਭੇਜਿਆ। ਸਾਡਾ ਹੁਣ ਘਰ ਵਾਪਿਸ ਜਾਣ ਲਈ ਚਿੱਤ ਕਰਦਾ ਹੈ। ਮਹਿਤਾ ਕਾਲੂ, ਲਾਲੂ ਤੇ ਜੋ ਪਰਮਾਨੰਦ ਹੈ, ਉਹ ਮੂਲ ਚੰਦ ਦੇ ਘਰ ਜਾ ਕੇ ਉਸ ਨੂੰ ਬੜੇ ਆਨੰਦ ਪ੍ਰਸੰਨ ਹੋ ਕੇ ਮਿਲੇ॥ ੫੨॥

**ਸੈਯਾ- ਭਾਂਜਨ ਭੂਖਨ, ਚੀਰ, ਪਟੰਬਰ, ਸੁੰਦਰ ਹੈਂ ਪਸ਼ਮੰਬਰ ਭਾਰੇ।**
**ਬਾਜਨ ਸਾਜ ਨਵੀਨ ਸਜੇ, ਬਹੁ ਦਾਇਜ ਦੀਨਿ ਉਤੰਗ ਤੁਖਾਰੇ।**
**ਕੰਚਨ ਔਰ ਖਜੂਰ ਦਯੋ ਪੁਨ ਦਾਸੀ ਦਈ ਤਨਿਯਾ ਹਿਤਕਾਰੇ।**
**ਦਾਇਜ ਦੀਨ ਵਡੇ, ਪੁਰਿ ਪੰਚ ਨੈ ਯੌਂ ਜਸ ਸੰਚਨ ਕੀਨ ਸਵਾਰੇ॥੫੩॥**

ਭਾਂਡੇ, ਜ਼ੇਵਰ, ਕਪੜੇ ਅਤੇ ਪਟੰਬਰ ਬੜੇ ਸੁੰਦਰ ਅਤੇ ਮਹਿੰਗੇ ਹਨ। ਘੋੜੇ ਨਵੇਂ ਸਾਜ਼ਾਂ ਨਾਲ ਸੱਜੇ ਹਨ, ਬਹੁਤ ਦਾਜ ਦਿੱਤਾ ਹੈ, ਊਠ, ਸੋਨਾ, ਚਾਂਦੀ ਦਿੱਤੇ ਹਨ ਅਤੇ ਸੇਵਾ ਵਾਸਤੇ ਆਪਣੀ ਪੁੱਤਰੀ ਦਿੱਤੀ ਹੈ। ਬਹੁਤ ਦਾਜ ਦਿੱਤਾ ਹੈ। ਨਗਰ ਦੇ ਪੈਂਚ ਹਿੱਤੇ ਨੇ ਬੜੇ ਧਿਆਨ ਨਾਲ ਜੱਸ ਕੀਤਾ॥ ੫੩॥

**ਬਾਂਧਵ ਸੰਗ ਸੁ ਮੂਲਾ ਤਬੈ ਪੁਨ ਪੰਚ ਹਿਤਾ ਸਭਿ ਹ੍ਵੈ ਇਕ ਠਾਏ।**
**ਦੇ ਕਰਿ ਹੋਇ ਅਧੀਨ ਰਹੇ ਕਰ ਬੰਦ ਦੋਊ ਮੁਖ ਬੈਨ ਅਲਾਏ।**
**'ਆਤਮਜਾ ਮਮ ਕਿੰਕਰੀ ਜਾਨਹੁ ਔਰ ਕਛੂ ਨਹਿੰ ਮੇ ਬਨ ਆਏ।**
**ਆਪ ਸਭੈ ਬਿਧਿ ਲਾਇਕ ਹੋ ਜਗ' ਯੌਂ ਕਹਿ ਆਪਸ ਮੈਂ ਹਰਿਖਾਏ॥੫੪॥**

ਫਿਰ ਮੂਲ ਚੰਦ ਤੇ ਹਿੱਤਾ ਨਾਮੀ ਪੈਂਚ ਆਪਣੇ ਸੰਬੰਧੀਆਂ ਸੰਗ ਇਕ ਥਾਂ ਇਕੱਠੇ ਹੋਏ। ਦੋਵੇਂ ਆਪਣੇ ਦੋਵੇਂ ਹੱਥ ਜੋੜ ਕੇ ਆਪਣੇ ਕੁੜਮਾਂ ਦੇ ਸਾਹਮਣੇ ਖਲੋ ਗਏ ਅਤੇ ਮੁਖ ਤੋਂ ਇਹ ਬਚਨ ਕਹੇ, "ਮੇਰੀ ਪੁੱਤਰੀ ਨੂੰ ਆਪਣੀ ਦਾਸੀ ਸਮਝੋ, ਮੇਰੇ ਪਾਸੋਂ ਹੋਰ ਕੁਝ ਬਣ ਸਰ ਨਹੀਂ ਸਕਿਆ। ਆਪ ਸਭ ਹੀ ਜੱਗ ਵਿਚ ਬੜੇ ਸੂਝਵਾਨ ਹੋ।" ਇਸ ਤਰ੍ਹਾਂ ਆਪਸ ਵਿਚ ਕਹਿ ਕੇ ਬਹੁਤ ਖੁਸ਼ ਹੋਏ॥ ੫੪॥

ਦੋਹਰਾ- ਸਭਿ ਬਿਧਿ ਨੀਕੀ ਰੀਤਿ ਕਰਿ ਦੁਇ ਦਿਸ਼ ਮੋਦਹਿ ਛਾਇ।
ਰਸ ਰਾਖਜੋ ਯੁਗ ਪਰਸਪਰ ਜਸ ਵਿਧਿ 'ਹਿਤੇ' ਅਲਾਇ॥ ੫੫॥

ਸਭ ਪ੍ਰਕਾਰ ਦੇ ਰਸਮੋਂ-ਰਿਵਾਜ ਕਰਕੇ ਦੋਵੇਂ ਪਾਸੇ ਬੜੇ ਖੁਸ਼ ਹੋਏ। ਦੋਵਾਂ ਨੇ ਆਪਸ ਵਿਚ ਸਮਾਨ ਪਿਆਰ ਅਤੇ ਆਦਰ ਮਾਨ ਰਖਿਆ, ਜਿਸ ਤਰ੍ਹਾਂ ਹਿੱਤੇ ਪੰਚ ਨੇ ਕਿਹਾ ਸੀ॥੫੫॥

ਸ੍ਵੈਯਾ- ਮੂਲੇ ਕੀ ਤੀਯ ਵਿਰਾਗ ਕਰੈ ਤਨੀਆ ਅਨੁਰਾਗ ਰਿਦੇ ਉਮਗਾਏ।
ਔਰ ਮਿਲੀ ਕਨਕਾ ਤਹਿਂ ਆਨਿ ਵਡੀ ਵਡਭਾਗਣ ਹੈ ਜਿਹ ਥਾਏ।
ਡੇਰੇ ਕੋ ਅੱਗ੍ਰਜ ਕੀਨਿ ਚਲੇ ਅਰਬਿੰਦ ਬਿਲੋਚਨ ਰੂਪ ਸੁਹਾਏ।
ਵਾਰਤਿ ਬਿੱਤ, ਉਦਾਰ ਕੀਏ ਚਿਤ, ਕੀਰਤਿ ਬੀਚ ਕਬਿੱਤਨਿ ਗਾਏ॥੫੬॥

ਮੂਲ ਚੰਦ ਦੀ ਇਸਤਰੀ ਦਾ ਹਿਰਦਾ ਵੈਰਾਗ ਨਾਲ ਭਰ ਗਿਆ ਸੀ ਤੇ ਆਪਣੀ ਧੀ ਦਾ ਮੋਹ ਉਸ ਦੇ ਅੰਦਰ ਉਛਾਲੇ ਮਾਰਨ ਲੱਗਾ ਸੀ। ਹੋਰ ਕੰਨਿਆਵਾਂ ਵੀ ਉਸ ਦੀ ਧੀ ਨੂੰ ਆ ਮਿਲੀਆਂ, ਜਿਥੇ ਵਡਭਾਗਣ ਮਾਤਾ ਸਲੱਖਣੀ ਜੀ ਬੈਠੀ ਹੋਈ ਸੀ। ਡੇਰੇ ਵਲ ਚਲ ਪਏ, ਕੰਵਲ ਨੈਣਾਂ ਵਾਲੇ ਦਾ ਰੂਪ ਬਹੁਤ ਸੁਭਾਇਮਾਨ ਹੋ ਰਿਹਾ ਸੀ। ਧਨ ਬਾਰੇ ਉਨ੍ਹਾਂ ਉਦਾਰ ਚਿੱਤ ਕੀਤਾ ਤੇ ਉਨ੍ਹਾਂ ਦੀ ਕੀਰਤੀ ਵਿਚ ਮੈਂ ਕਬਿੱਤਾਂ ਗਾਈਆਂ ਹਨ॥ ੫੬॥

ਅੜਿਲ-ਬ੍ਰਿੱਧ ਤਰੁਨ ਜੇ ਮਨੁਜ ਸੁ ਦੁਹਨ ਦਿਸ਼ਾਨਿ ਕੇ।
ਜਸ ਵਿਸਤਾਰਹਿਂ ਅਧਿਕ ਕਹੈਂ ਬਿਸਮਾਨ ਕੇ।
'ਹਮਹਿ ਬਿਲੋਕਤਿ ਕਬਹਿ ਨ ਅਸ ਉਤਸ਼ਵ ਭਯੋ।
ਹੋ ਜੈਸੇ ਇਸ ਉਪਬਜਾਹਿ ਹਰਖ ਅਤਿਸ਼ੈ ਭਯੋ'॥ ੫੭॥

ਦੋਹਾਂ ਪਾਸਿਆਂ ਦੇ ਜਿਹੜੇ ਬੁੱਢੇ ਅਤੇ ਜਵਾਨ ਮਨੁੱਖ ਸਨ, ਉਹ ਹੈਰਾਨ ਹੋ ਕੇ ਬਹੁਤ ਕੁਝ ਵਿਸਥਾਰ ਸਹਿਤ ਕਹਿ ਰਹੇ ਸਨ। "ਸਾਨੂੰ ਵੇਖਣ ਵਾਸਤੇ ਤਾਂ ਇਸ ਤਰ੍ਹਾਂ ਕਦੀ ਭੀੜ ਨਹੀਂ ਲੱਗੀ ਸੀ, ਅਤੇ ਨਾ ਹੀ ਅਜਿਹਾ ਉਤਸਵ ਅਸੀ ਕਿਤੇ ਹੋਰ ਵੇਖਿਆ ਹੈ, ਜਿਵੇਂ ਗੁਰੂ ਜੀ ਦੇ ਵਿਆਹ ਵਿਚ ਲੋਕਾਂ ਦੇ ਮਨਾ ਵਿਚ ਏਨਾ ਚਾਅ ਅਤੇ ਖੁਸ਼ੀ ਹੈ॥ ੫੭॥

ਦੋਹਰਾ- ਅਸ ਬਿਧਿ ਜਸ ਵਿਸਤਾਰਿ ਕੈ ਗਮਨੀ ਪੰਥ ਬਰਾਤ।
ਕ੍ਰਮ ਕ੍ਰਮ ਕਰੇ ਨਿਵਾਸ ਤਿਉਂ ਜਿਉਂ ਕੀਨੇ ਮਗ ਜਾਤਿ॥ ੫੮॥

ਇਸ ਤਰ੍ਹਾਂ ਜੱਸ ਖੱਟ ਕੇ ਬਰਾਤ ਆਪਣੇ ਰਾਹ ਪਈ ਅਤੇ ਵਾਪਿਸ ਜਾਂਦਿਆਂ ਉਥੇ-ਉਥੇ ਠਹਿਰਾਵ ਕੀਤਾ ਜਿਥੇ ਆਉਣ ਲੱਗਿਆਂ ਠਹਿਰੇ ਸਨ॥ ੫੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਰਾਤਿ ਪ੍ਰਸੰਗ' ਬਰਨਨ ਨਾਮ ਬਾਈਸਮੋਂ ਅਧ੍ਯਾਯ॥ ੨੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਈਵਾਂ ਅਧਿਆਇ, ਜਿਸਦਾ ਨਾਮ 'ਬਰਾਤ ਦਾ ਢੁਕਾਉ, ਵਿਆਹ' ਹੈ, ਸਮਾਪਤ ਹੋਇਆ॥ ੨੨॥

# ਅਧਿਆਇ ਤੇਈਵਾਂ

*ਵਿਆਹ ਤੋਂ ਬਾਅਦ, ਤਲਵੰਡੀ ਜਾਣਾ।*

ਦੋਹਰਾ- ਸਿਕਤਾ ਕਨ ਤੇ ਮੇਰੁ ਕਿਯ ਮੇਰਹੁੰ ਤੇ ਕਨ ਕੀਨ।
ਸ੍ਰੀ ਗੁਬਿੰਦ ਸਿੰਘ ਨਮਹਿ ਮਮ ਕੇਵਲ ਦਾਨੀ ਦੀਨ॥ ੧॥

ਰੇਤ ਦੇ ਕਿਣਕਿਆਂ ਨੂੰ ਪਰਬਤ ਬਣਾ ਦਿੱਤਾ ਤੇ ਮੇਰੂ ਵਰਗੇ ਪਰਬਤਾਂ ਨੂੰ ਕਿਣਕੇ ਕਿਣਕੇ ਕਰ ਸੁਟਿਆ। ਦਾਨ ਦੇਣ ਵਾਲੇ ਇਕੱਲੇ ਆਪ ਹੀ ਹਨ। ਅਜਿਹੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੀ ਨਮਸ਼ਕਾਰ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਨਿਕਟਿ ਨਗਰ ਕੇ ਗਈ ਬਰਾਤਾ। ਜਾਂਕੀ ਸ਼ੋਭਾ ਭਾਂਤਿਨਿ ਭਾਂਤਾ।
ਬਾਜੇ ਤੁਰਹੀ ਪਟਹਿ ਨਿਸ਼ਾਨਾ। ਪੁਰਿਕੇ ਨਗਨਿ ਸੁਨੀ ਧੁਨਿ ਕਾਨਾ॥੨॥

*ਭਾਈ ਬਾਲਾ ਨੇ ਕਿਹਾ-* ਬਰਾਤ ਨਗਰ ਦੇ ਨੇੜੇ ਪਹੁੰਚ ਗਈ, ਜਿਸ ਦੀ ਸ਼ੋਭਾ ਕਈ ਭਾਂਤ ਦੀ ਸੀ। ਤੁਰੀ, ਭੇਰੀ ਅਤੇ ਨਗਾਰੇ ਵੱਜਦੇ ਸਨ। ਨਗਰ ਦੇ ਲੋਕਾਂ ਨੇ ਵਾਜਿਆਂ ਦੀ ਧੁਨੀ ਆਪਣੇ ਕੰਨਾਂ ਨਾਲ ਸੁਣੀ॥ ੨॥

ਪਾਵਸ ਵਿਖੇ ਉਠਾ ਘਨ ਘੋਰਾ। ਹ੍ਵੈ ਪ੍ਰਮੋਦ ਜਿਉਂ ਮੋਰ ਨ ਥੋਰਾ।
ਤਿਉਂ ਪੁਰਿ ਮਨੁਜ ਰਹੇ ਹਰਿਖਾਈ। ਸਦਨ ਨਾਨਕੀ ਭਨਤਿ ਬਧਾਈ॥੩॥

ਜਿਵੇਂ ਬਰਸਾਤ ਦੇ ਮੌਸਮ ਵਿਚ ਬੱਦਲਾਂ ਦੇ ਗੱਜਣ ਦੀ ਆਵਾਜ਼ ਆਉਂਦੀ ਹੈ ਤਾਂ ਮੋਰ ਇਹ ਘਨਘੋਰ ਸੁਣ ਕੇ ਖੁਸ਼ੀ ਵਿਚ ਨੱਚ ਉਠਦਾ ਹੈ, ਇਸ ਤਰ੍ਹਾਂ ਨਗਾਰਿਆਂ ਦੀ ਆਵਾਜ਼ ਸੁਣ ਕੇ ਨਗਰ ਦੇ ਲੋਕ ਬਹੁਤ ਖੁਸ਼ ਹੋਏ ਤੇ ਬੇਬੇ ਨਾਨਕੀ ਦੇ ਘਰ ਵਧਾਈਆਂ ਦੇਣ ਆਉਣ ਲੱਗੇ॥ ੩॥

ਤੂਰਨ ਬਹਿਰ ਨਗਰ ਤੇ ਆਏ। ਹਿਤ ਬਿਲੋਕਨੇ ਮਨ ਸੁਖ ਪਾਏ।
ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਭੂਖਨ ਬਸਨ ਰੁਚਿਰ ਛਬਿ ਧਾਰੀ॥੪॥

ਤੁਰੰਤ ਨਗਰ ਤੋਂ ਬਾਹਰ ਆ ਗਏ, ਤਾਂਕਿ ਦਰਸ਼ਨ ਕਰਕੇ ਮਨ ਨੂੰ ਸੁਖ ਨਸੀਬ ਹੋਵੇ। ਨਗਰ ਦੀਆਂ ਨਾਰੀਆਂ ਹਾਰ ਸ਼ਿੰਗਾਰ ਕਰਕੇ ਸੁੰਦਰ ਗਹਿਣੇ ਕਪੜੇ ਪਾ ਕੇ ਅਤੇ ਖੂਬਸੂਰਤ ਸ਼ਕਲ ਬਣਾ ਕੇ॥ ੪॥

ਬਾਂਧਿ ਬਾਂਧਿ ਬੀਥਨ ਮਹਿਂ ਟੋਲੀ। ਆਇ ਨਿਕੇਤ ਵਧਾਈ ਬੋਲੀ।
ਬਧੂ ਬਿਲੋਕਨ ਕੀ ਅਭਿਲਾਖਾ। ਨਿਕਟਿ ਨਾਨਕੀ ਕਹਿ ਸੁਭ ਭਾਖਾ॥੫॥

ਤੇ ਗਲੀਆਂ ਵਿਚ ਟੋਲੀਆਂ ਬੰਨ੍ਹ ਬੰਨ੍ਹ ਕੇ, ਬੇਬੇ ਨਾਨਕੀ ਦੇ ਘਰ ਆਈਆਂ ਅਤੇ ਵਧਾਈ ਦੇ ਕੇ ਬੇਬੇ ਨਾਨਕੀ ਦੇ ਪਾਸ ਜਾ ਕੇ ਕਹਿਣ ਲੱਗੀਆਂ, "ਸਾਨੂੰ ਵਹੁਟੀ ਵੇਖਣ ਦੀ ਬੜੀ ਅਭਿਲਾਸ਼ਾ ਹੈ"॥੫॥

ਨਗਰ ਪ੍ਰਵੇਸ਼ੀ ਸਗਲ ਬਰਾਤਾ। ਜਨੁ ਅਨੰਦ ਕੋ ਮੇਘ ਸੁਹਾਤਾ।
ਦੂਲਹੁ ਦੁਲਹਨ ਆਗੇ ਜਾਵਤਿ। ਪੀਛੇ ਲਾਲੂ ਧਨ ਬਰਖਾਵਤਿ॥ ੬॥

ਸਾਰੀ ਬਰਾਤ ਨਗਰ ਵਿਚ ਪ੍ਰਵੇਸ਼ ਕਰ ਗਈ, ਜਿਵੇਂ ਖੁਸ਼ੀਆਂ ਦਾ ਬੱਦਲ ਚੜ੍ਹ ਕੇ ਆ ਗਿਆ ਹੋਵੇ। ਲਾੜਾ ਲਾੜੀ ਸਭ ਦੇ ਅੱਗੇ ਜਾ ਰਹੇ ਹਨ ਤੇ ਪਿਛੇ ਪਿਛੇ ਬਾਬਾ ਲਾਲੂ ਧਨ ਦੀ ਵਰਸ਼ਾ ਕਰ ਰਿਹਾ ਸੀ॥ ੬॥

ਅਸ ਬਿਧਿ ਸ੍ਰੀ ਬੇਦੀ ਕੁਲਕੇਤੂ। ਮੰਦ ਮੰਦ ਗੇ ਅਪਨ ਨਿਕੇਤੂ।
ਨਾਰਨ ਸਹਿਤ ਨਾਨਕੀ ਤੂਰਨ। ਨਿਕਸਿ ਕਰੀ ਕੁਲਰੀਤਿ ਸੰਪੂਰਨ॥੭॥

ਇਸ ਤਰ੍ਹਾਂ ਬੇਦੀ ਕੁਲ ਦਾ ਤਾਰਾ ਹੌਲੀ-ਹੌਲੀ ਆਪਣੇ ਘਰ ਪਹੁੰਚਿਆ। ਦੂਸਰੀਆਂ ਨਾਰੀਆਂ ਸਹਿਤ ਬੇਬੇ ਨਾਨਕੀ ਤੁਰੰਤ ਬਾਹਰ ਆਈ ਅਤੇ ਕੁਲ ਦੀ ਰੀਤੀ ਨੂੰ ਸੰਪੂਰਣ ਕੀਤਾ॥ ੭॥

ਸਾਦਰ ਲੇ ਕਰਿ ਨਿਜ ਭਰਜਾਈ। ਸੁੰਦਰ ਮੰਦਰ ਬੀਚ ਬਸਾਈ।
ਪਾਇ ਓਲ ਮੈ ਧਨ ਕੀ ਥਾਤੀ। ਭਰੀ ਹਰਖ ਭੀ ਸੀਤਲ ਛਾਤੀ॥ ੮॥

ਬੜੇ ਆਦਰ ਨਾਲ ਆਪਣੀ ਭਰਜਾਈ ਨੂੰ ਲੈ ਕੇ ਸੁੰਦਰ ਘਰ ਵਿਚ ਲੈ ਜਾ ਕੇ ਬਿਠਾ ਦਿੱਤਾ। ਉਸ ਦੀ ਝੋਲੀ ਵਿਚ ਧਨ ਦੀ ਥੈਲੀ ਪਾ ਕੇ ਬੜੀ ਪ੍ਰਸੰਨ ਹੋਈ ਅਤੇ ਸੀਨੇ ਵਿਚ ਠੰਢ ਪੈ ਗਈ॥ ੮॥

ਬਦਨ ਬਿਲੋਕਤਿ ਸੰਗ ਉਮੰਗਾ। ਕੰਚਨ ਭੂਖਨ ਭੂਖਤਿ ਅੰਗਾ।
ਹੇਰਿ ਹੇਰਿ ਉਰ ਹਰਖੈਂ ਨਾਰੀ। ਦੇਤਿ ਆਸ਼ਿਖਾ ਸੁਖਦ ਉਚਾਰੀ॥ ੯॥

ਬੜੇ ਚਾਅ ਨਾਲ ਭਰਜਾਈ ਦਾ ਮੁਖੜਾ ਵੇਖ ਰਹੀ ਸੀ। ਉਸ ਨੇ ਸੋਨੇ ਦੇ ਗਹਿਣੇ ਪਾਏ ਹੋਏ ਸਨ। ਦੂਸਰੀਆਂ ਨਾਰੀਆਂ ਵੀ ਵੇਖ ਵੇਖ ਕੇ ਖੁਸ਼ ਹੋ ਰਹੀਆਂ ਸਨ ਅਤੇ ਅਸੀਸਾਂ ਦੇ ਰਹੀਆਂ ਸਨ ਕਿ ਸਦਾ ਸੁਖੀ ਰਹੇ॥ ੯॥

ਬਹੁਰ ਬਰਾਤਹਿ ਕੀਨਿ ਨਿਵੇਸਾ। ਪਰਮਾਨੰਦ ਕੀ ਪਾਇ ਨਿਦੇਸਾ।
ਸੇਵਾ ਜਥਾ ਜੋਗ ਸਭਿ ਹੀ ਕੀ। ਤਬ ਜਰਾਮ ਕੀਨੀ ਬਿਧਿ ਨੀਕੀ॥੧੦॥

ਫਿਰ ਬਰਾਤ ਨੇ ਵੀ ਪਰਮਾਨੰਦ ਦੀ ਆਗਿਆ ਲੈ ਕੇ ਆ ਡੇਰਾ ਕੀਤਾ। ਸਾਰਿਆਂ ਦੀ ਯਥਾ ਜੋਗ ਸੇਵਾ ਕੀਤੀ ਗਈ। ਜੈ ਰਾਮ ਨੇ ਸਭ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ॥ ੧੦॥

ਅਸ ਪ੍ਰਕਾਰ ਦੁਇ ਨਿਸਾ ਬਿਤੀਤੀ। ਪੁਨ ਕਾਲੂ ਬੋਲਜੋ ਸੁਭ ਰੀਤੀ।
'ਨਾਨਕ ਜਨਨੀ ਮਨ ਅਨੁਰਾਗੀ। ਦੇਖਨਿ ਹੇਤ ਦ੍ਰਿਸ਼ਟਿ ਇਤ ਲਾਗੀ॥੧੧॥

ਇਸ ਤਰ੍ਹਾਂ ਦੋ ਰਾਤਾਂ ਬੀਤੀਆਂ ਤਾਂ ਅਗਲੇ ਦਿਨ ਮਹਿਤਾ ਕਾਲੂ ਜੀ ਨੇ ਸ਼ੁਭ ਰੀਤੀ ਨਾਲ ਕਿਹਾ, "ਨਾਨਕ ਜੀ ਦੇ ਮਾਤਾ ਜੀ ਦਾ ਮਨ ਹੁਣ ਮਿਲਣ ਵਾਸਤੇ ਬੜਾ ਬੇਤਾਬ ਹੋ ਗਿਆ ਹੈ। ਆਪਣੇ ਪੁੱਤਰ ਅਤੇ ਨੂੰਹ ਨੂੰ ਵੇਖਣ ਵਾਸਤੇ ਉਸ ਦੀ ਹਰ ਸਮੇਂ ਦ੍ਰਿਸ਼ਟੀ ਏਧਰ ਲੱਗੀ ਹੋਈ ਹੈ॥ ੧੧॥

ਤਿਹ ਕੋ ਕਰਨ ਮਨੋਰਥ ਪੂਰਨ। ਸਭਿ ਬਰਾਤ ਗਮਨੈ ਅਬ ਤੂਰਨ।
ਬਧੂ ਸੰਗਿ ਲੇ ਨਾਨਕ ਗਮਨੈ। ਮਿਲੇ ਮਾਤ ਕੋ ਅਪਨੈ ਭਵਨੈ॥ ੧੨॥

ਉਸ ਦਾ ਮਨੋਰਥ ਪੂਰਾ ਕਰਨ ਲਈ ਸਾਰੀ ਬਰਾਤ ਨੂੰ ਝੱਟ ਹੀ ਵਾਪਿਸ ਤਲਵੰਡੀ ਜਾਣਾ ਚਾਹੀਦਾ ਹੈ। ਨਾਨਕ ਵੀ ਆਪਣੀ ਵਹੁਟੀ ਨੂੰ ਲੈ ਕੇ ਨਾਲ ਚੱਲੇ ਅਤੇ ਆਪਣੀ ਮਾਤਾ ਜੀ ਨੂੰ ਆਪਣੇ ਘਰ ਜਾ ਕੇ ਮਿਲੇ॥ ੧੨॥

ਬਹੁਰ ਬੁਲਾਰ ਦਰਸ ਦੀ ਪਜਾਸਾ। ਚਲਿ ਤਲਵੰਡੀ ਪੂਰਹਿ ਆਸਾ।
ਮੁਝ ਚਲਤਜੋ ਤਿਨ ਗਿਰਾ ਉਚਾਰੀ। ਪੁਰਿ ਅਪਨੇ ਆਨਹੁ ਇਕ ਬਾਰੀ॥੧੩॥

ਹੋਰ ਰਾਇ ਬੁਲਾਰ ਨੂੰ ਵੀ ਨਾਨਕ ਦੇ ਦਰਸ਼ਨਾਂ ਦੀ ਬੜੀ ਸਿੱਕ ਹੈ। ਤਲਵੰਡੀ ਚੱਲ ਕੇ ਉਸ ਦੀ ਮੁਰਾਦ ਵੀ ਪੂਰੀ ਕਰੋ। ਜਦ ਮੈਂ ਤਲਵੰਡੀ ਤੋਂ ਆਉਣ ਲੱਗਾ ਸੀ ਤਾਂ ਰਾਇ ਬੁਲਾਰ ਨੇ ਮੈਨੂੰ ਪੱਕੀ ਕੀਤੀ ਸੀ ਕਿ ਨਾਨਕ ਇਕ ਵਾਰ ਆਪਣੇ ਨਗਰ ਵਿਚ ਆਵੇ॥ ੧੩॥

ਕੇਤਿਕ ਦਿਨ ਰਹਿ ਆਇ ਬਹੋਰੀ। ਕਰਹਿ ਕਾਰ ਇਉਂ ਮਸਲਤ ਮੋਰੀ'।
ਸ੍ਰੀ ਨਾਨਕ ਕੋ ਰੁਖ ਲਖਿ ਆਸੂ। ਬੋਲਜੋ ਤਬ ਜਰਾਮ ਤਿਹ ਪਾਸੂ॥੧੪॥

ਕੁਝ ਦਿਨ ਉਥੇ ਰਹਿ ਕੇ ਫਿਰ ਵਾਪਿਸ ਆ ਜਾਵੇ, ਇਹ ਮੇਰੀ ਖਾਹਿਸ਼ ਹੈ ਕਿ ਉਹ ਇਸ ਤਰ੍ਹਾਂ ਕਰੇ।" ਸ੍ਰੀ ਨਾਨਕ ਨੂੰ ਅਜਿਹੀ ਸਥਿਤੀ ਵਿਚ ਵੇਖ ਕੇ ਜੈ ਰਾਮ ਤਦ ਉਸ ਪਾਸੇ ਬੋਲਿਆ॥ ੧੪॥

'ਜਬ ਤੁਮ ਲੇ ਜਾਵਹੁਗੇ ਤਹਿੰਵਾ। ਮੋਦੀ ਕਾਰ ਨ ਹ੍ਵੈ ਨਿਰਬਹਿਵਾ।
ਲੇਨਾ ਦੇਨਾ ਕਾਰਜ ਭਾਰੀ। ਬਿਨ ਇਨ ਤੇ ਨਹਿਂ ਜਾਤਿ ਸੰਭਾਰੀ ॥੧੫॥

"ਜੇ ਤੁਸੀਂ ਸ੍ਰੀ ਨਾਨਕ ਨੂੰ ਤਲਵੰਡੀ ਲੈ ਜਾਵੋਗੇ ਤਾਂ ਮੋਦੀ ਦੇ ਕੰਮ ਕਾਜ ਦਾ ਨਿਰਬਾਹ ਨਾ ਹੋ ਸਕੇਗਾ। ਲੈਣ ਦੇਣ ਦਾ ਵੱਡਾ ਜਟਲ ਕਾਰਜ ਹੈ। ਇਨ੍ਹਾਂ ਤੋਂ ਬਗੈਰ ਇਹ ਕਾਰਜ ਸੰਭਾਲਿਆ ਨਹੀਂ ਜਾ ਸਕੇਗਾ॥ ੧੫॥

ਸੌਦਾ ਆਪਨ ਵਿਖੈ ਵਿਸ਼ੇਖਾ। ਕਰਹਿ ਨਬਾਬ ਸੰਗ ਕੋ ਲੇਖਾ?
ਕਮਲਨੈਨ ਕੋ ਰੁਖ ਪੁਨ ਨਾਂਹੀ। ਗਵਨ ਬਨੈ ਕਿਉਂ ਤਵ ਘਰ ਮਾਂਹੀ ॥੧੬॥

ਹੱਟੀ ਵਿਚ ਬਹੁਤ ਸੌਦਾ ਪਿਆ ਹੈ, ਨਵਾਬ ਦੇ ਨਾਲ ਲੇਖਾ ਜੋਖਾ ਕੌਣ ਕਰ ਸਕਦਾ ਹੈ ? ਕਮਲ ਨੈਣ ਗੁਰੂ ਜੀ ਨੂੰ ਕੀ ਲੋੜ ਹੈ ਕਿ ਉਹ ਤੁਹਾਡੇ ਘਰ ਨੂੰ ਜਾਵੇ" ॥ ੧੬॥

ਸੁਨਿ ਜੈਰਾਮ ਕੀ ਗਿਰਾ ਅਹੇਤੂ। ਪੁਨ ਕਾਲੂ ਬੋਲਜੋ ਕੁਲਕੇਤੂ।
'ਸੁਨਹੁ ਆਤਮਜ ! ਮਾਤ ਤੁਮਾਰੀ। ਹੋਇ ਹਰਖ ਸਹਿ ਬਧੂ ਨਿਹਾਰੀ ॥੧੭॥

ਜੈ ਰਾਮ ਦੀ ਰੁੱਖੀ ਬਾਣੀ ਸੁਣ ਕੇ ਬਾਬਾ ਕਾਲੂ ਜੀ ਬੋਲਿਆ, "ਮੇਰੇ ਪੁੱਤਰ ਮੇਰੀ ਗੱਲ ਸੁਣੋ, ਤੁਹਾਡੀ ਮਾਤਾ ਜੀ ਆਪਣੇ ਪੁੱਤਰ ਨਾਲ ਆਪਣੀ ਨੂੰਹ ਨੂੰ ਵੇਖ ਕੇ ਬਹੁਤ ਖੁਸ਼ ਹੋਵੇਗੀ॥ ੧੭॥

ਤਲਵੰਡੀ ਚਲਿਯੇ ਇਕ ਬੇਰਾ। ਪੁਨਿ ਮਨ ਮੈ ਤਹਿਂ ਕਰਹੁ ਬਸੇਰਾ।
ਪ੍ਰੇਮੀ ਪਰਮ ਬੁਲਾਰ ਬਹੋਰੀ। ਕਰੀ ਬੰਦਗੀ ਦ੍ਵੈ ਕਰ ਜੋਰੀ॥ ੧੮॥

ਇਕ ਵਾਰ ਤਲਵੰਡੀ ਚਲਾ ਜਾਵੇ, ਫਿਰ ਬੇਸ਼ਕ ਤੁਹਾਡੇ ਪਾਸ ਹੀ ਆ ਕੇ ਰਹਿ ਪਵੇ। ਸ੍ਰੀ ਨਾਨਕ ਦੇ ਪਰਮ ਪ੍ਰੇਮੀ ਰਾਇ ਬੁਲਾਰ ਨੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਸੀ॥ ੧੮॥

ਮਮ ਸਨੇਹ ਜੇ ਗੁਨਹੁ ਨ ਉਰ ਮੈਂ। ਤਿਹ ਦਿਸ਼ ਦੇਖਿ ਚਲਹੁ ਨਿਜ ਪੁਰਿ ਮੈਂ।
ਅਸ ਬਿਧਿ ਝਗਰਤਿ ਆਪਸ ਮਾਂਹੀ। ਚਲਿ ਕਰਿ ਆਵਾ ਮੂਲਾ ਤਾਂਹੀ ॥੧੯॥

ਜੇ ਮੇਰੇ ਪਿਆਰ ਨੂੰ ਹਿਰਦੇ ਵਿਚ ਨਹੀਂ ਵਿਚਾਰਦੇ ਹੋ ਤਾਂ ਰਾਇ ਬੁਲਾਰ ਦੀ ਬੇਨਤੀ ਵੇਖ ਕੇ ਹੀ ਨਗਰ ਨੂੰ ਇਕ ਵਾਰ ਚਲੋ।" ਇਸ ਤਰ੍ਹਾਂ ਜਦ ਆਪਿਸ ਵਿਚ ਝਗੜ ਰਹੇ ਸਨ ਤਾਂ ਮੂਲ ਚੰਦ ਉਥੇ ਆ ਗਿਆ॥ ੧੯॥

ਤੀਨ ਦਿਵਸ ਭੇ ਬਜਾਹ ਪਿਛਾਰੀ। ਗਮਨਜੋ ਨਿਜ ਘਰ ਤੇ ਹਿਤ ਧਾਰੀ।
ਲੇਨਿ ਹੇਤ ਨਿਜ ਤਨਿਜਾ ਆਯੋ। ਪਹੁੰਚ ਸਭਿਨਿ ਮੈਂ ਸੀਸ ਨਿਵਾਯੋ ॥੨੦॥

ਵਿਆਹ ਦੇ ਤਿੰਨ ਦਿਨ ਪਿਛੋਂ ਉਹ ਬੜੇ ਪਿਆਰ ਭਾਵਨਾ ਨਾਲ ਆਪਣੇ ਘਰੋਂ ਚਲਿਆ ਸੀ। ਉਹ ਆਪਣੀ ਪੁੱਤਰੀ ਨੂੰ ਲੈਣ ਆਇਆ ਸੀ ਤੇ ਘਰ ਪਹੁੰਚ ਕੇ ਉਸ ਨੇ ਸਾਰਿਆਂ ਨੂੰ ਨਮਸਕਾਰ ਕੀਤੀ॥ ੨੦॥

ਸੁਨਿ ਪ੍ਰਬਾਦ ਕੋ ਬਚਨ ਬਖਾਨਾ। 'ਰਹਿ ਸ੍ਰੀ ਨਾਨਕ ਪੁਰਿ ਸੁਲਤਾਨਾ।
ਕਾਰ ਕਰਨ ਕੋ ਔਰ ਨ ਕੋਊ। ਲੇਖਾ ਕਰਹਿ ਵਿਸ਼ੇਖਹਿ ਜੋਊ' ॥ ੨੧॥

ਝਗੜੇ ਨੂੰ ਸੁਣ ਕੇ ਉਨ੍ਹਾਂ ਨੇ ਬਚਨ ਕੀਤਾ, "ਸ੍ਰੀ ਨਾਨਕ ਨੂੰ ਸੁਲਤਾਨਪੁਰ ਵਿਚ ਹੀ ਰਹਿਣਾ ਚਾਹੀਦਾ ਹੈ। ਕੰਮ ਕਾਜ ਕਰਨ ਵਾਸਤੇ ਹੋਰ ਕੋਈ ਨਹੀਂ ਹੈ। ਕੇਵਲ ਉਹ ਹੀ ਵਿਸ਼ੇਸ਼ ਲੇਖਾ ਕਰ ਸਕਦੇ ਹਨ" ॥ ੨੧॥

ਪੁਨ ਪਰਮਾਨੰਦ ਪਰਮ ਸਯਾਨਾ। ਮਾਨਹਿਂ ਜਿਹ ਬਚ ਜੇ ਮਤਿਵਾਨਾ।
ਸਭਿਨਿ ਹੇਤ ਕੀ ਬੋਲਜੋ ਬਾਨੀ। 'ਸੁਨਹੁ ਸ੍ਰੋਨਿ ਸੁਭ ਰੀਤਿ ਪਛਾਨੀ ॥੨੨॥

ਪਰ ਜੈ ਰਾਮ ਦੇ ਪਿਤਾ ਪਰਮਾਨੰਦ, ਜਿਹੜੇ ਕਿ ਬਹੁਤ ਸਮਝਦਾਰ ਸਨ, ਅਤੇ ਉਨ੍ਹਾਂ ਦੇ ਬਚਨ ਸਭ ਬੁਧੀਮਾਨ ਮੰਨਦੇ ਸਨ। ਉਸ ਨੇ ਸਭ ਦੇ ਹਿੱਤ ਦੀ ਗੱਲ ਕੀਤੀ ਅਤੇ ਕਿਹਾ, "ਮੇਰੀ ਗੱਲ ਚੰਗੀ ਤਰ੍ਹਾਂ ਸੁਣੋ ਅਤੇ ਸ਼ੁਭ ਰੀਤੀ ਨੂੰ ਪਛਾਣੋ॥ ੨੨॥

ਭਯੋ ਬਯਾਹ ਸੁਤ ਇਕ ਕੀ ਮਾਤਾ। ਬਿਨਾ ਬਿਲੋਕੇ ਕਯੋਂ ਹ੍ਵੈ ਸ਼ਾਂਤਾ।
ਇਤਹਿ ਉਡੀਕਤਿ ਸੋਂ ਦ੍ਰਿਗ ਲਾਈ। ਬਿਛੁਰੇ ਬਛ ਜਯੋਂ ਧੇਨੁ ਲਵਾਈ॥੨੩॥

ਇਕ ਪੁੱਤਰ ਵਾਲੀ ਮਾਤਾ ਦੇ ਪੁੱਤਰ ਦਾ ਵਿਆਹ ਹੋਇਆ ਹੈ। ਉਹ ਇਸ ਪਾਸੇ ਕਦ ਤੋਂ ਇਸ ਤਰ੍ਹਾਂ ਅੱਖਾਂ ਲਾ ਕੇ ਉਡੀਕ ਕਰ ਰਹੀ ਹੈ, ਜਿਵੇਂ ਵਿਛੜੇ ਵੱਛੇ ਨਾਲ ਲਵੇਰੀ ਗਾਂ ਇਕ ਟਿਕ ਲਾ ਵੇਖਦੀ ਰਹਿੰਦੀ ਹੈ॥ ੨੩॥

ਅਸ ਉਤਸ਼ਵ ਬਿਨ ਮਿਲੇ ਅਨੀਤੂ। ਸਭਿ ਮਨ ਲਖਹੁ ਹੋਤਿ ਵਿਪਰੀਤੂ।
ਮੂਲ ਚੰਦ ਸੁਨਿ ! ਤੋਰ ਕੁਮਾਰੀ। ਭਯੋ ਆਵਨਾ ਪੂਰਬ ਵਾਰੀ॥੨੪॥

ਜੇ ਅਜਿਹੀ ਖੁਸ਼ੀ ਦੇ ਸਮੇਂ ਵੀ ਉਹ ਆਪਣੇ ਨੂੰਹ ਪੁੱਤਰ ਨੂੰ ਨਹੀਂ ਮਿਲਦੀ ਹੈ ਤਾਂ ਸਮਝੋ ਇਹ ਸਭ ਤੋਂ ਮਾੜੀ ਉਲਟੀ ਰੀਤੀ ਹੁੰਦੀ ਹੈ। ਹੇ ਭਾਈ ਮੂਲ ਚੰਦ ! ਤੁਸੀਂ ਵੀ ਸੁਣੋ ! ਤੇਰੀ ਪੁੱਤਰੀ ਦਾ ਪਹਿਲੀ ਵਾਰ ਆਉਣਾ ਹੋਇਆ ਹੈ॥ ੨੪॥

ਜਾਇ ਸਾਸ ਢਿਗ ਰੀਤਿ ਸੁਹਾਤੀ। ਹੇਰਿ ਬਧੂ ਹ੍ਵੈ ਸੀਤਲ ਛਾਤੀ।
ਕੇਤਿਕ ਦਿਨ ਰਹਿ ਲੇਜ ਅਸੀਸਾ। ਪੁਨਿ ਆਵਹਿ ਪਦ ਪਰ ਧਰਿ ਸੀਸਾ॥੨੫॥

ਤਦ ਹੀ ਰੀਤੀ ਸ਼ੋਭਾ ਪਾਉਂਦੀ ਹੈ, ਜੇ ਇਹ ਆਪਣੀ ਸੱਸ ਦੇ ਪਾਸ ਜਾਵੇ ਤਾਂਕਿ ਉਹ ਆਪਣੀ ਨੂੰਹ ਨੂੰ ਵੇਖ ਕੇ ਆਪਣਾ ਕਲੇਜਾ ਠੰਢਾ ਕਰੇ ਤਾਂ ਭਾਵ ਨੂੰਹ ਪੁੱਤਰ ਨੂੰ ਮਿਲ ਕੇ ਉਸ ਦਾ ਹਿਰਦਾ ਠੰਢਾ ਹੋਵੇ। ਕੁਝ ਦਿਨ ਉਸ ਦੇ ਪਾਸ ਰਹਿ ਕੇ ਉਸ ਦੀਆਂ ਅਸੀਸਾਂ ਲਵੇ, ਫਿਰ ਚਰਨਾਂ ਤੇ ਸੀਸ ਧਰ ਕੇ ਵਾਪਿਸ ਆ ਜਾਵੇ॥ ੨੫॥

ਕਿਉਂ ਇਨ ਬਨੈ ਰਹਿਨ ਤਲਵੰਡੀ। ਕ੍ਰਿਤ ਮੋਦੀ ਕੀ ਇਹਠਾਂ ਮੰਡੀ।
ਬਾਲੇ ਕੋ ਤਜਿ ਕਰਿ ਅਬ ਜਾਵਹਿਂ। ਬਹੁਰ ਆਇ ਨਿਜ ਕਾਰ ਚਲਾਵਹਿਂ॥੨੬॥

ਇਨ੍ਹਾਂ ਨੂੰ ਤਲਵੰਡੀ ਰਹਿਣ ਦੀ ਲੋੜ ਨਹੀਂ ਹੈ, ਕਿਉਂਕਿ ਇਨ੍ਹਾਂ ਤਾਂ ਮੋਦੀ ਦੀ ਕਾਰ ਕਰਨੀ ਹੈ। ਹੁਣ ਬਾਲੇ ਨੂੰ ਆਪਣੇ ਥਾਂ ਛੱਡ ਕੇ ਜਾਵੇ ਤੇ ਫਿਰ ਆਪ ਆ ਕੇ ਸਾਰਾ ਕੰਮ ਕਾਜ ਸੰਭਾਲ ਲਵੇ'॥ ੨੬॥

ਸੁਨਿ ਪਰਮਾਨੰਦ ਕੀ ਸੁਭ ਬਾਨੀ। ਮਨ ਮਾਨੀ ਸਭਿ ਤੂਸ਼ਨ ਠਾਨੀ।
ਮੁਝੈ ਬੁਲਾਇ ਲੀਨ ਤਿਹ ਕਾਲਾ। ਬੋਲੇ ਬਾਨੀ ਦੀਨ ਦਯਾਲਾ॥੨੭॥

ਪਰਮਾਨੰਦ ਦੀ ਸਿਆਣੀ ਅਤੇ ਸ਼ੁਭ ਬਾਣੀ ਸਾਰਿਆਂ ਨੇ ਮੰਨ ਲਈ ਤੇ ਸਾਰੇ ਚੁੱਪ ਹੋ ਗਏ। ਭਾਈ ਬਾਲਾ ਜੀ ਕਹਿੰਦੇ ਹਨ, ਗੁਰੂ ਜੀ ਨੇ ਉਸ ਵੇਲੇ ਮੈਨੂੰ ਬੁਲਾਇਆ ਅਤੇ ਦੀਨ ਦਿਆਲ ਗੁਰੂ ਜੀ ਨੇ ਮੈਨੂੰ ਇਸ ਤਰ੍ਹਾਂ ਕਿਹਾ॥ ੨੭॥

'ਹਮ ਜਾਵਹਿਂ ਤਲਵੰਡੀ ਨਗਰੀ। ਰਹਿ ਤੁਮ ਕਾਰ ਚਲਾਵਹੁ ਸਗਰੀ।
ਖਰਚ ਨਿਸ਼ੰਕਹਿ ਦੇਹੁ ਵਿਸ਼ੇਖਾ। ਆਨਿ ਕਰਹਿਂਗੇ ਹਮ ਸਭਿ ਲੇਖਾ॥੨੮॥

'ਅਸੀਂ ਤਲਵੰਡੀ ਨਗਰ ਵਿਚ ਜਾ ਰਹੇ ਹਾਂ। ਤੁਸੀਂ ਇਥੇ ਰਹੋ ਅਤੇ ਮੋਦੀਖਾਨੇ ਦਾ ਕੰਮ-ਕਾਜ ਚਲਾਵੋ। ਤੁਸੀਂ ਸ਼ੰਕਾ ਰਹਿਤ ਹੋ ਕੇ ਵੱਧ ਤੋਂ ਵੱਧ ਖਰਚਾ ਕਰੋ, ਅਸੀਂ ਆ ਕੇ ਸਭ ਲੇਖਾ ਕਰ ਲਵਾਂਗੇ'॥ ੨੮॥

ਸੁਨੀਏ ਸ੍ਰੀ ਅੰਗਦ ਕਹਿ ਬਾਲਾ। ਹੌਂ ਬੋਲਯੋ ਬਾਨੀ ਤਿਹ ਕਾਲਾ।
'ਲੇਨਿ ਦੇਨਿ ਕੋ ਕਾਜ ਵਿਸ਼ੇਖਾ। ਮੋ ਤੇ ਸਾਂਭਯੋ ਜਾਇ ਨ ਲੇਖਾ॥੨੯॥

ਸ੍ਰੀ ਬਾਲੇ ਨੇ ਕਿਹਾ, ਹੇ ਗੁਰੂ ਅੰਗਦ ਦੇਵ ਜੀ ! ਸੁਣੋ, ਮੈਂ ਉਸ ਸਮੇਂ ਇਹ ਕਿਹਾ, "ਲੈਣ ਦੇਣ ਦਾ ਕੰਮ ਬਹੁਤ ਵੱਡਾ ਹੈ, ਮੈਥੋਂ ਇਹ ਲੇਖਾ ਸਾਂਭਿਆ ਨਹੀਂ ਜਾਣਾ॥ ੨੯॥

ਕਾਰ ਚਲੇ ਕਿਉਂ ਬਿਨਾ ਤੁਮਾਰੇ। ਰਹਨਿ ਚਾਹਿ ਮਮ ਸਦਾ ਸੰਗਾਰੇ।
ਰਾਵਰ ਸਰਸ ਹੋਇ ਜੋ ਕੋਊ। ਤੇ ਤੁਮ ਕ੍ਰਿਤ ਨਿਬਾਹੈ ਸੋਊ'॥੩੦॥

ਤੁਹਾਡੇ ਬਗੈਰ ਕਿਵੇਂ ਕੰਮ ਚਲੇਗਾ, ਮੈਂ ਤਾਂ ਸਦਾ ਤੁਹਾਡੇ ਨਾਲ ਹੀ ਰਿਹਾ ਹਾਂ। ਜੋ ਕੋਈ ਤੁਹਾਡੇ ਵਰਗਾ ਹੋਵੇ ਤਾਂ ਹੀ ਉਹ ਤੁਹਾਡੇ ਕੰਮ-ਕਾਜ ਨੂੰ ਠੀਕ ਢੰਗ ਨਾਲ ਨਿਬਾਹ ਸਕਦਾ ਹੈ" ॥ ੩੦॥

ਸੁਨਿ ਬੋਲੇ ਸ੍ਰੀ ਮੁਖ ਸਸਿ ਸ਼ੋਭਾ। ਬਚਨਨਿ ਪਰ ਅੰਮ੍ਰਿਤ ਛਬਿ ਲੋਭਾ।
'ਹੈ ਬਾਲੇ ਤੁਝਕੋ ਮਮ ਸੰਗਾ। ਸਭੈ ਬੈਸ ਮੈਂ ਰਹੈਂ ਅਭੰਗਾ॥ ੩੧॥

ਮੇਰੀ ਗੱਲ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਅਜਿਹੇ ਸ਼ੋਭਨੀਕ ਸ਼ਬਦ ਕਹੇ, ਜਿਵੇਂ ਉਨ੍ਹਾਂ ਦੇ ਬਚਨਾਂ ਵਿਚੋਂ ਅੰਮ੍ਰਿਤ ਦੀ ਵਰਖਾ ਲੁਭਾ ਰਹੀ ਹੋਵੇ। ਕਹਿਣ ਲੱਗੇ, "ਹੇ ਬਾਲੇ ! ਤੂੰ ਲਗਾਤਾਰ ਮੇਰੇ ਸਾਥ ਰਹਿ ਰਿਹਾ ਹੈਂ॥ ੩੧॥

ਸਦਾ ਨਾਮ ਮਹਿਂ ਪ੍ਰੀਤਿ ਘਨੇਰੀ। ਜਨਮ ਮਰਨ ਕੀ ਕਟੈ ਜੁ ਬੇਰੀ।
ਕਾਰ ਕਰੈ ਸਭਿ ਹੀ ਕਰਤਾਰਾ। ਰਹੁ ਠਾਂਢੋ ਮਧ ਈਠ ਹਮਾਰਾ॥ ੩੨॥

ਸਦਾ ਹੀ ਆਪਣੇ ਹਿਰਦੇ ਵਿਚ ਪ੍ਰਭੂ ਪਿਆਰ ਦੀ ਪ੍ਰੀਤ ਵਧਾਓ, ਜਿਸ ਨਾਲ ਜਨਮ ਮਰਨ ਦੀਆਂ ਬੇੜੀਆਂ ਕੱਟੀਆਂ ਜਾਣਗੀਆਂ। ਸਾਰੇ ਕੰਮ ਕਾਜ ਪ੍ਰਭੂ ਆਪ ਕਰਦਾ ਹੈ। ਤੂੰ ਮੇਰੇ ਪਿਆਰੇ ਕੇਵਲ ਹੱਟੀ ਵਿਚ ਖੜਾ ਹੋ ਰਹੋ॥ ੩੨॥

ਏਕ ਮਾਸ ਲੌ ਹਮਰੋ ਆਵਨ। ਤਾਵਦ ਰਹੀਏ ਰੀਤਿ ਸੁਹਾਵਨ'।
ਇਉਂ ਸੁਨਿ ਮੈਂ ਸੁਖ ਪਾਇ ਘਨੇਰਾ। ਕਹਜੋ ਬਚਨ 'ਹੌਂ ਰਾਵਰਿ ਚੇਰਾ॥ ੩੩॥

ਮੇਰੇ ਵਾਪਿਸ ਆਉਣ ਵਿਚ ਇਕ ਮਹੀਨਾ ਲੱਗ ਜਾਵੇਗਾ, ਤਦ ਤਕ ਰੀਤੀ ਨੂੰ ਸੁਹਾਵਣਾ ਬਣਾਉਂਦੇ ਹੋਏ ਇਥੇ ਟਿਕੇ ਰਹੋ।" ਇਹ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਕਿਹਾ, "ਮੈਂ ਤਾਂ ਤੁਹਾਡਾ ਸੇਵਕ ਹਾਂ॥ ੩੩॥

ਕਰਿ ਕਰੁਨਾ ਦੀਜੈ ਬਰ ਐਸੇ। ਤੁਮ ਆਇਸੁ ਪੇਲੌਂ ਨਹਿਂ ਕੈਸੇ।
ਰਹੌਂ ਸਦਾ ਮੈਂ ਹ੍ਵੈ ਅਨੁਸਾਰੀ। ਰਿਦੇ ਲਾਲਸਾ ਯਹੀ ਹਮਾਰੀ' ॥ ੩੪॥

ਪਿਆਰ ਨਾਲ ਮੈਨੂੰ ਅਜਿਹਾ ਵਰ ਦੇਵੋ ਕਿ ਤੁਹਾਡੇ ਹੁਕਮ ਨੂੰ ਮੈਂ ਕਿਸੇ ਤਰ੍ਹਾਂ ਵੀ ਨਾ ਮੋੜਾਂ। ਸਦਾ ਹੀ ਮੈਂ ਤੁਹਾਡੀ ਆਗਿਆ ਵਿਚ ਰਹਾਂ, ਮੇਰੇ ਹਿਰਦੇ ਵਿਚ ਇਹੋ ਵੱਡੀ ਲਾਲਸਾ ਹੈ" ॥ ੩੪॥

ਪ੍ਰੇਮ ਪ੍ਰਸੀਦੇ ਸੁਨਿ ਕਰਿ ਬਚਨਾ। ਕਹਜੋ 'ਹੋਇ ਮਨ ਹਰਿ ਸੰਗਿ ਖਚਨਾ'।
ਕਰੀ ਬਹੁਰ ਤਲਵੰਡੀ ਤਯਾਰੀ। ਜੋ ਬਰਾਤ ਸਭਿ ਸੰਗਿ ਸਿਧਾਰੀ॥ ੩੫॥

ਮੇਰੀ ਇਹ ਗੱਲ ਸੁਣ ਕੇ ਪ੍ਰੇਮ ਵਿਚ ਪਸੀਜ ਕੇ ਕਿਹਾ, "ਤੇਰਾ ਮਨ ਸਦਾ ਹੀ ਪ੍ਰਭੂ ਪ੍ਰੇਮ ਵਿਚ ਲੱਗਾ ਰਹੇ।" ਫਿਰ ਤਲਵੰਡੀ ਜਾਣ ਦੀ ਤਿਆਰੀ ਕੀਤੀ, ਜਿੰਨੀ ਵੀ ਬਰਾਤ ਆਈ ਸੀ ਸਾਰੀ ਨਾਲ ਚਲ ਪਈ॥ ੩੫॥

ਮੈਂ ਪੀਛੇ ਕੀਨੀ ਕ੍ਰਿਤਿ ਮੋਦੀ। ਦਯੋ ਖਰਚ ਜੋ ਚਹਿ ਨ੍ਰਿਪ ਲੋਦੀ।
ਵਸਤੁ ਸਭਿਨਿ ਕੇ ਅਤੁਟ ਭੰਡਾਰਾ। ਆਪਨ ਬੈਸਾ ਦੇਉ ਸੁਖਾਰਾ॥ ੩੬॥

ਮੈਂ (ਭਾਈ ਬਾਲਾ) ਪਿਛੇ ਮੋਦੀ ਦਾ ਕੰਮ-ਕਾਜ ਸੰਭਾਲ ਲਿਆ ਅਤੇ ਨਵਾਬ ਲੋਧੀ ਨੇ ਜੋ ਵੀ ਖਰਚ ਮੰਗਿਆ, ਮੈਂ ਉਸ ਨੂੰ ਦਿੱਤਾ। ਸਭ ਵਸਤਾਂ ਦੇ ਅਤੁਟ ਭੰਡਾਰ ਸਨ। ਮੈਂ ਹੱਟੀ ਤੇ ਬੈਠਾ ਬਹੁਤ ਸੁਖੀ ਸੀ॥ ੩੬॥

ਦੋਹਰਾ- ਬਾਲਾ ਕਹਿ, ਦੇਖੇ ਨਹੀਂ ਤਲਵੰਡੀ ਜੁ ਅਨੰਦ।
ਸੁਨੇ ਸੁ ਜਿਸ ਬਿਧਿ ਹੌਂ ਕਹੌਂ ਸ੍ਰੀ ਅੰਗਦ ਸੁਖ ਕੰਦ! ॥ ੩੭॥

ਹੇ ਗੁਰੂ ਅੰਗਦ ਦੇਵ ਜੀ, ਸੁਖਾਂ ਦੇ ਦਾਤੇ ! ਮੈਂ ਤਲਵੰਡੀ ਜਾ ਕੇ ਸਾਰਾ ਆਨੰਦ ਮੰਗਲ ਤਾਂ ਵੇਖ ਨਹੀਂ ਸੀ ਸਕਿਆ ਪਰ ਜਿਸ ਤਰ੍ਹਾਂ ਮੈਂ ਸੁਣਿਆ ਹੈ ਉਸ ਤਰ੍ਹਾਂ ਬਿਆਨ ਕਰਦਾ ਹਾਂ॥ ੩੭॥

ਚੌਪਈ- ਤਲਵੰਡੀ ਕੇ ਨਿਕਟ ਪਹੂਚੇ। ਬਾਜਤਿ ਬਾਜੇ ਜਿਨ ਧੁਨਿ ਊਚੇ।
ਤਬ ਪੁਰਿ ਪਾਈ ਸਾਗਰ ਸੋਭਾ। ਉਮਗੇ ਨਰ ਜਨੁ ਬਢਜੋ ਛੋਭਾ ॥ ੩੮ ॥

ਤਲਵੰਡੀ ਨਗਰ ਦੇ ਨੇੜੇ ਪਹੁੰਚੇ, ਵਾਜੇ ਬੜੀ ਉਚੀ ਧੁਨੀ ਵਿਚ ਵੱਜ ਰਹੇ ਸਨ। ਉਸ ਸਮੇਂ ਤਲਵੰਡੀ ਨਗਰ ਇਕ ਵਿਸ਼ਾਲ ਸਮੁੰਦਰ ਵਾਂਗ ਸ਼ੋਭਾ ਪਾ ਰਿਹਾ ਸੀ ਅਤੇ ਸ਼ਹਿਰ ਦੇ ਮਰਦ ਉਤਸ਼ਾਹ ਨਾਲ ਖੁਸ਼ੀਆਂ ਮਨਾ ਰਹੇ ਸਨ॥ ੩੮॥

ਕਰਿ ਸ਼ਿੰਗਾਰ ਕੋ ਨਾਗਰ ਨਾਰੀ। ਕੰਚਨ ਭੂਖਨ ਰੁਚਿਰ ਸਵਾਰੀ।
ਪਰਿਧਾ ਚਲੀ ਪ੍ਰਕਾਸ਼ ਛਬੀਲਾ। ਸੋਹਤਿ ਜਜੋਂ ਬੜਵਾਨਲ ਕੀਲਾ ॥ ੩੯ ॥

ਸਮੁੰਦਰ ਰੂਪੀ ਨਗਰ ਵਿਚ ਨਾਰੀਆਂ ਹਾਰ ਸ਼ਿੰਗਾਰ ਕਰਕੇ, ਗਹਿਣੇ ਕੱਪੜੇ ਪਾ ਕੇ ਗਲੀਆਂ ਵਿਚ ਫਿਰ ਰਹੀਆਂ ਸਨ ਅਤੇ ਇੰਝ ਸੋਭਾ ਪਾ ਰਹੀਆਂ ਸਨ ਜਿਵੇਂ ਸਮੁੰਦਰ ਵਿਚ ਬੜਵਾਨਲ ਅੱਗ ਦੀਆਂ ਲਾਟਾਂ ਚਮਕਦੀਆਂ ਹਨ॥ ੩੯॥

ਕੀਰਤਿ ਰਾਂਕਾ ਬਨੀ ਸੁਹਾਤੀ। ਉਡਗਨ ਭੂਖਨ ਸਹਿਤ ਬਰਾਤੀ।
ਬਚਨ ਅਮੀ ਅਹਿਲਾਦ ਮੁਕੰਦਾ। ਅਸ ਸ੍ਰੀ ਨਾਨਕ ਪੂਰਨ ਚੰਦਾ ॥ ੪੦ ॥

ਚੰਦਰਮਾਂ ਦੀ ਚਾਂਦਨੀ ਬੜੀ ਸ਼ੋਭ ਰਹੀ ਹੈ। ਗਹਿਣਿਆਂ ਨਾਲ ਚਮਕਦੇ ਬਰਾਤੀ ਤਾਰੇ ਲੱਗ ਰਹੇ ਹਨ, ਮੁਕਤੀਦਾਤੇ ਦੇ ਬਚਨ ਅੰਮ੍ਰਿਤ ਰੂਪ ਹਨ ਅਤੇ ਸ੍ਰੀ ਨਾਨਕ ਬਰਾਤੀ ਰੂਪੀ ਤਾਰਿਆਂ ਵਿਚ ਪੂਰਨਮਾਸ਼ੀ ਦਾ ਚੰਦਰਮਾਂ ਹੈ॥ ੪੦॥

ਤਿਸਹਿ ਬਿਲੋਕਨ ਹੇਤ ਉਮੰਗਾ। ਆਵਤਿ ਨਰ ਜਨੁ ਉਠੇ ਤਰੰਗਾ।
ਨਗਰ ਕੋਟ ਬੇਲਾ ਤਜਿ ਤੂਰਨ। ਫੈਲਜੋ ਜਲ ਜਿਉਂ ਵਹਿਰ ਸੰਪੂਰਨ ॥ ੪੧ ॥

ਪੂਰਨਮਾਸ਼ੀ ਦੇ ਚੰਦਰਮਾਂ ਭਾਵ ਗੁਰੂ ਜੀ ਨੂੰ ਵੇਖਣ ਵਾਸਤੇ ਲੋਕ ਇਸ ਤਰ੍ਹਾਂ ਲਹਿਰਾਂ ਵਾਂਗ ਆ ਰਹੇ ਹਨ, ਜਿਵੇਂ ਪੂਰਨਮਾਸ਼ੀ ਸਮੇਂ ਸਮੁੰਦਰ ਵਿਚ ਜਵਾਰਭਾਟਾ ਆਉਂਦਾ ਹੈ। ਨਗਰ ਦੀ ਕੰਧ ਜਿਵੇਂ ਸਮੁੰਦਰ ਦੇ ਕੰਢੇ ਹਨ ਤੇ ਇਨ੍ਹਾਂ ਕੰਢਿਆਂ ਨੂੰ ਟੱਪ ਕੇ ਜਿਵੇਂ ਜਲ ਚਾਰ-ਚੁਫੇਰੇ ਛਾ ਗਿਆ ਹੋਵੇ॥ ੪੧॥

ਦੇਖਿ ਦੇਖਿ ਪਰਮੋਦ ਨ ਥੋਰਾ। ਸਭਿਹਿਂ ਬਿਲੋਚਨ ਕੀਨਿ ਚਕੋਰਾ।
ਚਿਰੰਕਾਲ ਬਿਛਰੇ ਸੁਖ ਰਾਸਾ। ਜਿਨਕੋ ਮਿਲਨੈ ਕੀ ਬਹੁ ਪਜਾਸਾ ॥ ੪੨ ॥

ਗੁਰੂ ਜੀ ਦੇ ਪੂਰਨਮਾਸ਼ੀ ਦੇ ਚੰਦ ਵਰਗੇ ਮੁਖੜੇ ਨੂੰ ਵੇਖ ਕੇ ਭੁੱਖ ਨਹੀਂ ਸੀ ਲੱਥ ਰਹੀ, ਅਜੇਹੀ ਚਾਂਦਨੀ ਨੂੰ ਵੇਖਣ ਵਾਲੀਆਂ ਅੱਖਾਂ ਚਕੋਰ ਹਨ ਜੋ ਦਰਸ਼ਨ ਕਰਕੇ ਸ਼ਾਂਤੀ ਅਤੇ ਅਨੰਦ ਲੈ ਰਹੀਆਂ ਹਨ। ਸੁਖਾਂ ਦੀ ਰਾਸ ਗੁਰੂ ਜੀ ਕਾਫੀ ਸਮੇਂ ਤੋਂ ਵਿਛੜੇ ਸਨ, ਜਿਨ੍ਹਾਂ ਨੂੰ ਮਿਲਣ ਦੀ ਸਭ ਵਿਚ ਬੜੀ ਸਿੱਕ ਅਤੇ ਪਿਆਸ ਹੈ॥ ੪੨॥

ਅਸ ਪ੍ਰਕਾਰ ਪੁਰਿ ਨਿਕਟਿ ਬਰਾਤਾ। ਪ੍ਰਵਿਸ਼ੀ ਦ੍ਵਾਰ ਪ੍ਰਕਾਸ਼ ਸੁਹਾਤਾ।
ਜਹਿਂ ਚੌਪਰ ਜਜੋਂ ਚਾਰਬਜਾਰੂ। ਤਿਹ ਮਹਿਂ ਗਮਨੇ ਹਰਖ ਅਪਾਰੂ ॥ ੪੩ ॥

ਇਸ ਤਰ੍ਹਾਂ ਬਰਾਤ ਨਗਰ ਦੇ ਨੇੜੇ ਪਹੁੰਚ ਗਈ। ਜਦ ਦੁਆਰ ਵਿਚ ਪ੍ਰਵੇਸ਼ ਕੀਤਾ ਤਾਂ ਚਾਰ-ਚੁਫੇਰਾ ਪ੍ਰਕਾਸ਼ਮਈ ਹੋ ਗਿਆ। ਜਿਥੇ ਚੌਪੜ ਵਾਂਗ ਬਾਜ਼ਾਰ ਇਕੱਠੇ ਆ ਕੇ ਮਿਲਦੇ ਸਨ, ਉਥੇ ਗੁਰੂ ਜੀ ਅਪਾਰ ਖੁਸ਼ ਹੋ ਕੇ ਪਹੁੰਚ ਗਏ॥ ੪੩॥

ਧਨ ਵਾਰ ਤਿਬਰ ਖਾਵਤਿ ਭਾਰੀ। ਕਰਹਿਂ ਸੁਜਸ ਜਹਿਂ ਤਹਿਂ ਨਰ ਨਾਰੀ।
ਨਿਜ ਨਿਕੇਤ ਕੇ ਨਿਕਟਹਿ ਆਏ। ਅਨਿਕ ਭਾਂਤਿ ਕੇ ਹੋਤਿ ਵਧਾਏ ॥ ੪੪ ॥

ਧਨ ਦੇ ਵਾਰਨੇ ਕਰਦੇ ਹਨ, ਅਤੇ ਰੁਪਈਆਂ ਦੀ ਵਰਖਾ ਹੁੰਦੀ ਹੈ। ਸਾਰੇ ਨਰ-ਨਾਰੀਆਂ ਬੜਾ ਜੱਸ ਕਰਦੀਆਂ ਹਨ। ਫਿਰ ਆਪਣੇ ਘਰ ਦੇ ਨੇੜੇ ਆਏ। ਅਨੇਕ ਪ੍ਰਕਾਰ ਦੀਆਂ ਵਧਾਈਆਂ ਹੋ ਰਹੀਆਂ ਹਨ॥ ੪੪॥

ਭਾ ਤ੍ਰਿਪਤਾ ਉਰ ਹਰਖ ਘਨੇਰਾ। ਸਹਿਤ ਸਨੂਖਾ ਸੁਤ ਕੋ ਹੇਰਾ।

ਕਰਹਿ ਨਿਛਾਵਰ ਦਰਬ ਅਪਾਰਾ। ਵਾਰੈ ਵਾਰ ਵਾਰ ਵਰ ਵਾਰਾ॥੪੫॥

ਮਾਤਾ ਤ੍ਰਿਪਤਾ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਜਦ ਉਨ੍ਹਾਂ ਪੁੱਤਰ ਸਮੇਤ ਆਪਣੀ ਨੂੰਹ ਨੂੰ ਵੇਖਿਆ। ਉਸ ਨੇ ਬਹੁਤ ਧਨ ਵਾਰਿਆ ਤੇ ਫਿਰ ਬਾਰ-ਬਾਰ ਆਪਣੇ ਪੁੱਤਰ ਤੋਂ ਪਾਣੀ ਵਾਰਦੀ ਹੈ॥੪੫॥

ਜੋ ਕੁਲਰੀਤਿ ਸ਼ਗੁਨ ਸ਼ੁਭ ਕਰਿਹੀ! 'ਹੌਂ ਬਲਿਹਾਰੀ' ਬੈਨ ਉਚਰਿਹੀ।
'ਭਯੋ ਸਪੂਤ ਨਿਕਤ ਹਮਾਰੇ। ਬਿੰਸਤ ਏਕ ਜਾਸੁ ਕੁਲ ਤਾਰੇ'॥੪੬॥

ਜਿਹੜੀ ਵੀ ਕੁਲ ਦੀ ਰੀਤੀ ਸੀ ਉਹ ਸਾਰੇ ਸ਼ਗਨ ਕੀਤੇ ਗਏ ਤੇ ਉੱਚੀ ਕਹਿੰਦੀ ਹੈ, "ਮੈਂ ਤੈਥੋਂ ਬਲਿਹਾਰ ਜਾਵਾਂ, ਮੇਰਾ ਪੁੱਤਰ ਮੇਰੇ ਪਾਸ ਆਇਆ ਹੈ, ਜਿਸ ਨੇ ਇੱਕੀ ਕੁਲ ਤਾਰੇ ਹਨ"॥੪੬॥

ਮਿਲੀ ਸੁਲਖਣੀ ਪੁਨਿ ਨਿਜ ਸਾਸੁ। ਧਰਜੋ ਚਰਨ ਪਰ ਮਸਤਕ ਆਸੁ।
ਆਸ਼ਿਖ ਦੀਨੀ, ਲੀਨੀ ਅੰਕਾ। ਹਰਖ ਬਿਲੋਕਜੋ ਬਦਨ ਮਯੰਕਾ॥੪੭॥

ਫਿਰ ਗੁਰੂ ਜੀ ਦੀ ਸੁਪਤਨੀ ਸੁਲੱਖਣੀ ਜੀ ਆਪਣੀ ਸੱਸ ਨੂੰ ਮਿਲੀ। ਉਸ ਆਪਣੀ ਸੱਸ ਦੇ ਚਰਨਾਂ ਤੇ ਸਿਰ ਰੱਖ ਦਿੱਤਾ। ਮਾਤਾ ਜੀ ਨੇ ਉਸ ਨੂੰ ਅਸੀਸ ਦਿੱਤੀ ਤੇ ਉਸ ਨੂੰ ਆਪਣੀ ਜੱਫੀ ਵਿਚ ਲੈ ਲਿਆ। ਫਿਰ ਚੰਦਰਮਾਂ ਵਰਗੇ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ॥੪੭॥

ਬੇਦੀ ਕੁਲ ਕੀ ਮਿਲੀ ਬਧੂਟੀ। ਦੇਖਿ ਦੇਖਿ ਮੁਖ ਸੁਖ ਜਨੁ ਲੂਟੀ।
ਨਿਕਟਿ ਸੁ ਤ੍ਰਿਪਤਾ ਦੇਤਿ ਵਧਾਈ। ਲੇਤਿ ਹਰਖ ਜੁਤਿ ਅੰਗ ਨ ਮਾਈ॥੪੮॥

ਬੇਦੀ ਕੁਲ ਦੀ ਵਹੁਟੀ ਮਿਲੀ ਹੈ, ਉਸ ਦਾ ਸੁੰਦਰ ਮੁਖੜਾ ਵੇਖ-ਵੇਖ ਮਾਨੋ ਸੁਖ ਲੁੱਟ ਰਹੀ ਹੈ। ਜੋ ਮਾਤਾ ਤ੍ਰਿਪਤਾ ਦੇ ਨੇੜੇ ਹਨ, ਉਹ ਵਧਾਈਆਂ ਦੇ ਰਹੀਆਂ ਹਨ। ਵੇਖ ਕੇ ਬਹੁਤ ਪ੍ਰਸੰਨ ਹੁੰਦੀਆਂ ਹਨ ਤੇ ਉਨ੍ਹਾਂ ਦੀ ਖੁਸ਼ੀ ਅੰਗਾਂ ਵਿਚ ਨਹੀਂ ਸੀ ਸਮਾਉਂਦੀ॥੪੮॥

ਸਹਿਤ ਸਨੁਖਾ ਸੁਤਹਿ ਸੁਹਾਈ। ਵਾਰਤਿ ਮਾਤੁ ਲਵਨ ਪੁਨਿਰਾਈ।
ਤੋਰਿ ਤੋਰਿ ਤ੍ਰਿਨ ਡਾਰਤਿ ਪੀਠਾ। ਕਹੈ ਕਿ 'ਲਗਹਿ ਨ ਕਾਹੂੰ ਡੀਠਾ॥੪੯॥

ਪੁੱਤਰ ਦੇ ਨਾਲ ਨੂੰਹ ਬੜੀ ਸੁੰਦਰ ਅਤੇ ਸੁਹਾਵਣੀ ਲੱਗ ਰਹੀ ਹੈ। ਮਾਤਾ ਜੀ ਫਿਰ ਉਨ੍ਹਾਂ ਉੱਤੋਂ ਦੀ ਲੂਣ ਵਾਰਦੇ ਹਨ। ਫਿਰ ਤੀਲੇ ਤੋੜ-ਤੋੜ ਉਨ੍ਹਾਂ ਦੀ ਪਿੱਠ ਤੇ ਸੁੱਟਦੇ ਹਨ। ਕਹਿੰਦੇ ਹਨ ਕਿਤੇ ਇਨ੍ਹਾਂ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ॥ ੪੯॥

ਚੌਪਈ- ਨਿਕਸ ਸਦਨ ਦੁਖਕਦਨ ਬਹੋਰੀ। ਮਿਲੇ ਸਭਿਨਿ ਕਰਿ ਪ੍ਰੀਤ ਨ ਥੋਰੀ।
ਯਥਾਯੋਗ ਕੀਨੋ ਸਨਮਾਨਾ। ਬੈਠੇ ਸਭਾ ਲਗਾਇ ਸੁਜਾਨਾ॥ ੫੦॥

ਦੁੱਖਾਂ ਦਾ ਨਾਸ ਕਰਨ ਵਾਲੇ ਗੁਰੂ ਜੀ ਘਰ ਵਿਚੋਂ ਨਿਕਲ ਕੇ ਬਾਹਰ ਆਏ। ਸਾਰੇ ਸਾਥੀਆਂ ਨੂੰ ਬਹੁਤ ਪ੍ਰੇਮ ਕਰਕੇ ਮਿਲੇ। ਸਾਰਿਆਂ ਦਾ ਯਥਾਯੋਗ ਆਦਰ ਕੀਤਾ ਤੇ ਬੁਧੀਮਾਨ ਗੁਰੂ ਜੀ ਆਪਣੀ ਸਭਾ ਲਾ ਕੇ ਬੈਠ ਗਏ॥ ੫੦॥

ਕੁਸ਼ਲ ਪ੍ਰਸ਼ਨ ਸਭਿਹਿਨਿ ਸੋਂ ਬੂਝੇ। ਸੁਖਹਿ ਸੁਨਾਯੋ ਨੇਹੁ ਅਰੂਝੇ।
ਮ੍ਰਿਦੁਲ ਉਦਾਰ ਮਧੁਰ ਲਖਿ ਸ਼ੀਲਾ। ਸਭਿਹਿ ਸਰਾਹਹਿਂ ਰੂਪ ਛਬੀਲਾ॥੫੧॥

ਸਾਰਿਆਂ ਤੋਂ ਉਨ੍ਹਾਂ ਦੀ ਸੁਖ-ਸਾਂਦ ਪੁੱਛੀ। ਸਾਰੇ ਹੀ ਗੁਰੂ ਜੀ ਦੇ ਪਿਆਰ ਵਿਚ ਉਲਝੇ ਹੋਏ ਸਨ। ਸਭ ਨੇ ਆਪਣੀ ਸੁਖ-ਸਾਂਦ ਭਲੀ ਭਾਂਤ ਸੁਣਾਈ। ਕੋਮਲ, ਉਦਾਰਚਿਤ ਅਤੇ ਮਿਠਾ ਸੁਭਾਵ ਵੇਖ ਕੇ ਸਾਰੇ ਹੀ ਗੁਰੂ ਜੀ ਦੇ ਸਰੂਪ ਦੀ ਸ਼ਲਾਘਾ ਕਰ ਰਹੇ ਹਨ॥ ੫੧॥

ਯੁਗਲ ਮਹੂਰਤ ਬੈਸਿ ਬਿਤਾਏ। ਉਠਿ ਘਰ ਘਰ ਸਭਿ ਨਰ ਪਧਰਾਏ।

ਪੁਨਿ ਕਾਲੂ ਬੋਲਜੋ 'ਇਉਂ ਕੀਜੈ। ਚਲਿ ਬੁਲਾਰ ਢਿਗ ਤਾਤ ! ਮਿਲੀਜੈ' ॥੫੨॥

ਉਥੇ ਦੋ ਘੜੀਆਂ ਬੈਠ ਕੇ ਬਤੀਤ ਕੀਤੇ। ਸਾਰੇ ਵਿਅਕਤੀ ਉਠ ਉਠ ਕੇ ਆਪਣੇ ਘਰਾਂ ਨੂੰ ਚਲੇ ਗਏ। ਫਿਰ ਮਹਿਤਾ ਕਾਲੂ ਜੀ ਨੇ ਕਿਹਾ, 'ਪੁੱਤਰ ! ਹੁਣ ਰਾਏ ਬੁਲਾਰ ਦੇ ਪਾਸ ਜਾ ਕੇ ਉਸ ਨੂੰ ਮਿਲ ਲਵੋ' ॥ ੫੨ ॥

ਕਿੰਚਤ ਮਾਨਵ ਲਾਲੂ ਸਾਥਾ। ਸੁਨਿ ਕਰਿ ਗਵਨੇ ਸ੍ਰੀ ਜਗਨਾਥਾ।
ਜਹਿਂ ਨਿਜ ਮੰਡਪ ਸਭਾ ਲਗਾਈ। ਬੂਝਤਿ ਰਾਇ ਬਿਵਾਹ ਭਲਾਈ॥੫੩॥

ਇਹ ਸੁਣ ਕੇ ਕਈ ਹੋਰ ਮਨੁੱਖ ਵੀ ਮਹਿਤਾ ਕਾਲੂ ਜੀ ਦੇ ਭਰਾ ਭਾਈ ਲਾਲੂ ਨੂੰ ਲੈ ਕੇ ਗੁਰੂ ਜੀ ਦੇ ਨਾਲ ਚਲ ਪਏ। ਜਿਥੇ ਆਪਣੇ ਨਿੱਜੀ ਮੰਡਪ ਵਿਚ ਸਭਾ ਲਗਾਈ ਸੀ ਉਥੇ ਰਾਏ ਬੁਲਾਰ ਲੋਕਾਂ ਪਾਸੋਂ ਉਨ੍ਹਾਂ ਦਾ ਹਾਲ-ਚਾਲ ਪੁੱਛ ਰਿਹਾ ਸੀ॥ ੫੩ ॥

ਤਹਾਂ ਜਾਇ ਪਹੁੰਚੇ ਗੁਨਖਾਨੀ। ਕਰਨ ਈਠ ਕੋ ਬਿਰਹਿ ਪ੍ਰਹਾਨੀ।
ਪੇਖਤਿ ਪੁਲਕਜੋ ਪ੍ਰੇਮਹਿਂ ਅੰਗਾ। ਤੂਰਨ ਤਿਸ਼ਟਜੋ ਸੰਗਿ ਉਮੰਗਾ॥ ੫੪ ॥

ਗੁਣਾਂ ਦੇ ਖਜ਼ਾਨੇ ਗੁਰੂ ਜੀ ਉਥੇ ਜਾ ਪਹੁੰਚੇ, ਜਿਥੇ ਜਾ ਕੇ ਉਹ ਛੇਤੀ ਹੀ ਵਿਛੋੜੇ ਦਾ ਨਾਸ ਕਰਨ ਵਾਲੇ ਸਨ। ਗੁਰੂ ਜੀ ਨੂੰ ਵੇਖਦਿਆਂ ਸਾਰ ਹੀ ਰਾਇ ਬੁਲਾਰ ਦਾ ਅੰਗ-ਅੰਗ ਪ੍ਰੇਮ ਨਾਲ ਭਰ ਗਿਆ ਤੇ ਝੱਟ ਬੜੇ ਉਤਸ਼ਾਹ ਨਾਲ ਉਹ ਖੜਾ ਹੋ ਗਿਆ॥ ੫੪ ॥

ਬਦਨ ਚੰਦ੍ਰਮਾ ਉੱਜਲ ਓਰਾ। ਲੋਚਨ ਕੀਨਿ ਚਕੋਰਨਿ ਜੋਰਾ।
ਨਿਕਟ ਜਾਇ ਪਦ ਪਰਸਨ ਹੇਤੂ। ਝੁਕਨ ਲਗੇ ਬੇਦੀ ਕੁਲ ਕੇਤੂ ॥੫੫॥

ਚੰਦਰਮਾਂ ਵਰਗੇ ਸਫੇਦ ਮੁਖੜੇ ਨੂੰ ਵੇਖਣ ਵਾਸਤੇ ਉਸ ਨੇਤ੍ਰਾਂ ਰੂਪੀ ਚਕੋਰਾਂ ਨੂੰ ਜੋੜ ਦਿੱਤਾ। ਨੇੜੇ ਜਾ ਕੇ ਜਦ ਚਰਨਾਂ ਨੂੰ ਹੱਥ ਲਾਉਣ ਵਾਸਤੇ ਬੇਦੀ ਕੁਲ ਦੇ ਤਾਰੇ, ਝੁਕਣ ਲੱਗੇ॥ ੫੫॥

ਭਰਿ ਕਰ ਸੋਂ ਕੋਰੀ ਗਰ ਲਾਏ। ਲੋਚਨ ਬੀਚ ਅਨੰਦ ਜਲ ਛਾਏ।
ਸੁਖ ਬੂਝਤਿ ਭੇ ਗਦ ਗਦ ਬਾਨੀ। ਬਿਨ ਉਚਰੇ ਦੁਹਿ ਦਿਸ਼ਿ ਪਹਿਚਾਨੀ ॥੫੬॥

ਤਾਂ ਰਾਇ ਬੁਲਾਰ ਨੇ ਇਕ ਦਮ ਜੱਫੀ ਵਿਚ ਭਰ ਕੇ ਆਪਣੇ ਗਲ ਨਾਲ ਲਾ ਲਿਆ। ਅੱਖਾਂ ਵਿਚ ਹੰਝੂ ਭਰ ਆਏ। ਸੁਖ-ਸਾਂਦ ਪੁਛਦੇ ਹਨ ਤੇ ਬੜੀ ਖੁਸ਼ੀ ਨਾਲ ਬੋਲਦੇ ਹਨ। ਕੁਝ ਕਹੇ ਬੋਲੇ ਬਗ਼ੈਰ ਇਕ ਦੂਸਰੇ ਨੂੰ ਪਹਿਚਾਣਦੇ ਹਨ॥ ੫੬ ॥

ਮੰਚ ਸਿਰ੍ਹਾਨੈ ਦਿਸ਼ ਬਰਿਆਈ। ਬੈਸਾਏ, ਉਰ ਮੋਦ ਬਡਾਈ।
ਦਰਸ ਪਜਾਸ ਦਿਨ ਬਿਤੇ ਨ ਥੋਰੇ। ਜਨੁ ਪੀਵਤਿ ਕਿਯ ਨੈਨ ਕਟੋਰੇ ॥੫੭॥

ਗੁਰੂ ਜੀ ਨੂੰ ਪਲੰਘ ਦੇ ਸਿਰਹਾਣੇ ਵਾਲੇ ਪਾਸੇ ਬਿਠਾਉਂਦੇ ਹਨ। ਇਸ ਤਰ੍ਹਾਂ ਗੁਰੂ ਜੀ ਦੀ ਵਡਿਆਈ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ। ਦਰਸ਼ਨਾਂ ਦੀ ਪਿਆਸ ਬੁਝਦੀ ਨਹੀ, ਜਿਵੇਂ ਕਿ ਨੈਣਾਂ ਦੇ ਕਟੋਰੇ ਭਰ-ਭਰ ਪੀਂਦੇ ਹੋਣ॥ ੫੭ ॥

ਏਕ ਘਟੀ ਲਗ ਕੋਇ ਨ ਬੋਲਾ। ਹੇਰਿ ਪ੍ਰੇਮ ਕੋ ਰਹੇ ਅਡੋਲਾ।
ਬਹੁਰ ਬਜਾਹ ਕੀ ਸੁਭ ਕਰਤੂਤਾ। ਬੂਝਤਿ ਭਯੋ ਰਾਇ ਮਤਿਪੂਤਾ॥ ੫੮॥

ਇਕ ਘੜੀ ਲਈ ਕੋਈ ਵੀ ਨਾ ਬੋਲਿਆ, ਪ੍ਰੇਮ ਨੂੰ ਵੇਖ ਕੇ ਸਾਰੇ ਅਡੋਲ ਰਹੇ। ਫਿਰ ਵਿਆਹ ਦੇ ਸ਼ੁਭ ਕਾਰਜ ਬਾਰੇ ਪਵਿੱਤਰ ਬੁੱਧੀ ਵਾਲੇ ਗੁਰੂ ਜੀ ਤੋਂ ਪੁਛਿਆ॥ ੫੮॥

ਮਰਦਾਨਾ ਬੋਲਜੋ ਤਿਹ ਕਾਲਾ। 'ਤਵ ਪ੍ਰਤਾਪ ਤੇ ਸੁਨਹੁ ਭੁਪਾਲਾ।
ਪੁਰਿ ਸੁਲਤਾਨ ਬਹੁਤ ਜਸੁ ਛਾਵਾ। ਨਰ ਨਾਰਿਨਿ ਘਰ ਘਰ ਪ੍ਰਤਿ ਗਾਵਾ ॥੫੯॥

ਇਹ ਸੁਣ ਕੇ ਮਰਦਾਨਾ ਬੋਲਿਆ, "ਰਾਏ ਜੀ! ਵਿਆਹ ਦੇ ਜਸ਼ਨ ਬਾਰੇ ਵੀ ਸੁਣੋ। ਸੁਲਤਾਨਪੁਰ ਵਿਚ ਇਨ੍ਹਾਂ ਦੀ ਬਹੁਤ ਕੀਰਤੀ ਹੋ ਰਹੀ ਹੈ। ਘਰ-ਘਰ ਨਰ-ਨਾਰੀਆਂ ਇਨ੍ਹਾਂ ਪ੍ਰਤਿ ਪ੍ਰੀਤ ਦੇ ਗੀਤ ਗਾ ਰਹੀਆਂ ਹਨ॥ ੫੯॥

ਦੌਲਤਖਾਨ ਦੀਨ ਜੋ ਚਾਹਾ। ਭੂਰ ਵਸਤੁ ਲੀਨੀ ਤਿਹ ਪਾਹਾ।
ਤਿਹਤੇ ਪੁਨਿ ਚਢਿ ਚਲੀ ਬਰਾਤਾ। ਕੀਨੋ ਜਾਇ ਢੁਕਾਉ ਸੁਹਾਤਾ॥੬੦॥

ਨਵਾਬ ਦੌਲਤ ਖਾਂ ਪਾਸੋਂ ਜੋ ਵੀ ਮੰਗਿਆ ਉਸ ਨੇ ਦਿੱਤਾ। ਉਸ ਪਾਸੋਂ ਬਹੁਤ ਵਸਤਾਂ ਲਈਆਂ ਗਈਆਂ। ਫਿਰ ਸਵਾਰ ਹੋ ਕੇ ਬਰਾਤ ਚਲ ਪਈ ਅਤੇ ਉਥੇ ਪਹੁੰਚ ਬਹੁਤ ਸੁਹਾਵਣਾ ਢੁਕਾਓ ਕੀਤਾ॥੬੦॥

ਖਰਚਜੋ ਕਾਲੂ ਦਰਬ ਬਿਸਾਲਾ। ਅਤਿ ਉਤਸਵ ਭਾ ਸੁਠਿ ਤਿਹ ਕਾਲਾ।
ਦੁਹਦਿਸ਼ ਨੈ ਰਸ ਅਤਿਸ਼ੈ ਰਾਖਾ। ਜਿਨਿਕੈ ਮਨ ਜਸੁ ਕੀ ਅਭਿਲਾਖਾ॥੬੧॥

ਮਹਿਤਾ ਕਾਲੂ ਜੀ ਨੇ ਬਹੁਤ ਧਨ ਖਰਚਿਆ। ਉਸ ਸਮੇਂ ਬੜਾ ਸੁੰਦਰ ਉਤਸਵ ਹੋਇਆ। ਦੋਹਾਂ ਤਰਫਾਂ ਨੇ ਬੜਾ ਪ੍ਰੇਮ ਭਾਵ ਰਖਿਆ, ਜਿਨ੍ਹਾਂ ਦੇ ਮਨਾਂ ਵਿਚ ਜੱਸ ਦੀ ਅਭਿਲਾਸ਼ਾ ਸੀ॥ ੬੧॥

ਮੁਝ ਦੇਖਤਿ ਭੇ ਬਜਾਹ ਘਨੇਰੇ। ਬਿੱਪ੍ਰ ਸੁ ਬਾਹਜ ਬੈਸ ਵਡੇਰੇ।
ਅਸ ਉਤਸ਼ਵ ਮੈਂ ਸੁਨਾ ਨ ਦੇਖਾ। ਜਸ ਇਸ ਮਹਿਂ ਭਾ ਮੋਦ ਬਿਸੇਖਾ॥੬੨॥

ਮੈਂ ਬਹੁਤ ਵਿਆਹ ਵੇਖੇ ਹਨ, ਬ੍ਰਾਹਮਣ, ਖੱਤਰੀ ਅਤੇ ਜਿਹੜੇ ਵੱਡੇ-ਵੱਡੇ ਵੈਸ਼ ਹੋਏ ਹਨ, ਪਰ ਅਜਿਹਾ ਉਤਸਵ ਮੈਂ ਕਿਤੇ ਨਾ ਸੁਣਿਆ ਹੈ ਅਤੇ ਨਾ ਵੇਖਿਆ ਹੈ। ਇਸ ਵਿਆਹ ਦਾ ਜੱਸ ਅਤੇ ਖੁਸ਼ੀ ਬਿਲਕੁਲ ਵੱਖਰੀ ਅਤੇ ਵਿਸ਼ਾਲ ਹੈ"॥ ੬੨॥

ਸੁਨਿ ਬੁਲਾਰ ਮਨ ਤਨ ਸੁਖ ਪਾਵਾ। 'ਸਾਧੁ ਸਾਧੁ' ਕਾਲੂ ਪ੍ਰਤਿ ਗਾਵਾ।
ਸ੍ਰੀ ਬੇਦੀ ਕੁਲ ਕਲਸ ਸੁਹਾਵਨ।ਅਸ ਪ੍ਰਕਾਰ ਮਿਲਿ ਕਿਯ ਘਰ ਆਵਨ॥੬੩॥

ਰਾਇ ਬੁਲਾਰ ਇਹ ਗੱਲ ਸੁਣ ਕੇ ਤਨੋ ਮਨੋ ਖੁਸ਼ ਹੋ ਗਿਆ। ਸਾਧ, ਸਾਧ ਕਹਿ ਕੇ ਉਸ ਕਾਲੂ ਪ੍ਰਤਿ ਗੁਣ ਗਾਇਆ। ਸ੍ਰੀ ਬੇਦੀ ਕੁਲ ਦੇ ਕਲਸ ਸੋਭਦੇ ਹਨ ਅਤੇ ਇਸ ਤਰ੍ਹਾਂ ਰਾਏ ਬੁਲਾਰ ਨੂੰ ਮਿਲ ਕੇ ਘਰ ਨੂੰ ਆ ਗਏ॥ ੬੩॥

ਚੌਪਈ- ਬਿੰਜਨ ਨਿਜ ਕਰ ਜਨਨਿ ਸਵਾਰੇ। ਬੈਠਿ ਨਿਕਟਿ ਕਰਿ ਨੇਹੁ ਜਿਵਾਰੇ।
ਰੁਚਿਰ ਅਸਨ ਜੋ ਅਚਜੋ ਕ੍ਰਿਪਾਲਾ। ਗਏ ਤਲਪ ਪਰ ਮ੍ਰਿਦੁਲ ਬਿਸਾਲਾ॥੬੪॥

ਮਾਤਾ ਜੀ ਨੇ ਆਪਣੇ ਹੱਥੀ ਭੋਜਨ ਤਿਆਰ ਕੀਤਾ, ਅਤੇ ਪਾਸ ਬੈਠ ਕੇ ਬੜੇ ਪਿਆਰ ਨਾਲ ਖਵਾਇਆ। ਜਦ ਕ੍ਰਿਪਾਲੂ ਗੁਰੂ ਜੀ ਨੇ ਆਪਣੀ ਰੁਚੀ ਅਨੁਸਾਰ ਭੋਜਨ ਛੱਕ ਲਿਆ ਤਾਂ ਨਰਮ ਵਿਸ਼ਾਲ ਸੇਜਾ ਤੇ ਚਲੇ ਗਏ॥ ੬੪॥

ਜਾਮ ਨਿਸਾ ਬੀਤੀ ਕਿਯ ਸੈਨਾ। ਰਹੀ ਜਾਮ ਜਾਗੇ ਗੁਨ ਐਨਾ।
ਕ੍ਰਮ ਕ੍ਰਮ ਸੋਚ ਕੀਨ ਇਸ਼ਨਾਨਾ। ਪਹਿਰੇ ਚੀਰ ਸਰੀਰ ਸੁਹਾਨਾ॥ ੬੫॥

ਜਦ ਪਹਿਰ ਰਾਤ ਬੀਤ ਗਈ ਤਾਂ ਸੌਂ ਗਏ ਅਤੇ ਜਦ ਪਹਿਰ ਰਾਤ ਰਹਿੰਦੀ ਸੀ ਤਾਂ ਜਾਗ ਪਏ। ਧੀਰੇ-ਧੀਰੇ ਉਨ੍ਹਾਂ ਨੇ ਇਸ਼ਨਾਨ ਕੀਤਾ ਤੇ ਫਿਰ ਸੁੰਦਰ ਕਪੜੇ ਪਹਿਣ ਲਏ॥ ੬੫॥

ਭਈ ਭੋਰ ਜਸੁ ਜਾਸੁ ਪਵਿੱਤ੍ਰਾ। ਬੈਸੇ ਸੋਹਤਿ ਭਵਨ ਬਚਿੱਤ੍ਰਾ।
ਲਿਯ ਬੁਲਾਇ ਪ੍ਰੋਧਾ ਹਰਿਦਯਾਲਾ। ਸ੍ਰੀ ਮੁਖ ਬੋਲੇ ਗਿਰਾ ਰਸਾਲਾ॥੬੬॥

ਜਦ ਸਵੇਰ ਹੋਈ ਤਾਂ ਪਵਿੱਤਰ ਜੱਸ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਵਚਿੱਤਰ ਭਵਨ ਵਿਚ ਸੋਭ ਰਹੇ ਸਨ। ਉਨ੍ਹਾਂ ਫਿਰ ਪ੍ਰੋਹਤ ਹਰਿਦਿਆਲ ਨੂੰ ਬੁਲਾਇਆ ਅਤੇ ਮੁਖ ਤੋਂ ਬੜੀ ਮਿੱਠੀ ਬਾਣੀ ਬੋਲੀ॥ ੬੬॥

'ਜਾਚਹੁ ਜੋ ਮਨ ਮਹਿਂ ਹੁਇ ਲਾਲਸ। ਲੇਹੁ ਅਬਹਿ ਸੋ ਕਰਹੁ ਨ ਆਲਸ।
ਬੋਲਜੋ ਦਿਜ ਹਰਿਦਜਾਲ ਪ੍ਰਬੀਨਾ। 'ਆਦਿ ਰੂਪ ਤੁਮ ਦਾਨੀ ਦੀਨਾ ॥੬੭॥

ਕਹਿਣ ਲੱਗੇ, " ਦਸੋ! ਜੇ ਕੋਈ ਮਨ ਵਿਚ ਲਾਲਸਾ ਹੋਵੇ, ਉਹ ਸਭ ਕੁਝ ਹੁਣੇ ਪ੍ਰਾਪਤ ਕਰੋ, ਇਸ ਵਿਚ ਕੋਈ ਦੇਰੀ ਨਹੀ ਹੋਵੇਗੀ। ਪ੍ਰੋਹਤ ਹਰਿਦਿਆਲ ਜਿਹੜਾ ਬੜਾ ਬੁਧੀਮਾਨ ਸੀ ਬੋਲਿਆ, "ਹੇ ਆਦਿ ਰੂਪ ਤੁਸੀਂ ਗਰੀਬਾਂ ਦੇ ਦਾਤੇ ਹੋ॥ ੬੭॥

ਰਾਵਰ ਜਿਤੀ ਲਖਾਵਨ ਕੀਨੀ। ਤੇਤੀ ਮਹਿਮਾ ਮੈਂ ਲਖਿ ਲੀਨੀ।
ਅਪਰ ਨਰਨ ਸੀ ਮਤਿ ਮੁਰ ਨਾਂਹੀ। ਧਰਹਿਂ ਜਿ ਭਾਵਨ ਨਰ ਤਵ ਨਾਂਹੀ ॥੬੮॥

ਤੁਹਾਡੀ ਜਿੰਨੀ ਵੀ ਮਹਿਮਾ ਮੈਂ ਸੁਣੀ ਸੀ, ਓਨੀ ਮਹਿਮਾ ਹੀ ਮੈਂ ਅੱਖੀਂ ਵੇਖ ਲਈ ਹੈ। ਹੋਰਨਾਂ ਮਰਦਾਂ ਵਰਗੀ ਮੇਰੀ ਬੁੱਧੀ ਨਹੀ ਹੈ। ਜੇ ਧਿਆਨ ਧਰੀਏ ਤਾਂ ਤੁਸੀਂ ਆਮ ਮਨੁੱਖ ਨਹੀਂ ਹੋ॥ ੬੮॥

ਕਾਰਨ ਕਾਰਜ ਕੋ ਆਧਾਰਾ। ਸਭਿ ਕੋ ਕਰਤਾ ਜਿਤੋ ਪਸਾਰਾ।
ਪਰਮੇਸੁਰ ਪਾਰਬ੍ਰਹਮ ਪੁਰਾਤਨ। ਪਰਮ ਪਰਾਵਰ ਨਾਥ ਸਨਾਤਨ॥ ੬੯॥

ਤੁਸੀਂ ਕਾਰਨ ਅਤੇ ਕਾਰਜ ਦਾ ਆਧਾਰ ਹੋ। ਇਸ ਦੁਨੀਆਂ ਦੇ ਸਾਰੇ ਪਸਾਰੇ ਦੇ ਤੁਸੀ ਕਰਤਾ ਹੋ। ਤੁਸੀਂ ਪਰਮੇਸ਼ਵਰ ਪਾਰਬ੍ਰਹਮ ਅਤੇ ਆਦਿ ਹੋ। ਆਪ ਜਗਤ ਦੇ ਉਤਮ ਪੁਰਖਾਂ ਤੋਂ ਪਰਮ ਹੋ ਅਤੇ ਦਿੱਸਣ ਵਾਲੀ ਅਤੇ ਨਾ ਦਿੱਸਣ ਵਾਲੀ ਦੋਹਾਂ ਪ੍ਰਕਾਰ ਦੀ ਸ੍ਰਿਸ਼ਟੀ ਵਿਚ ਜੋ ਉਚਿਆਂ ਤੋਂ ਉਚੇ ਵਿਅਕਤੀ ਹਨ, ਉਨ੍ਹਾਂ ਸਭਨਾਂ ਤੋਂ ਵੱਧ ਪੂਜਣਯੋਗ ਅਤੇ ਸਵਾਮੀ ਹੋ॥ ੬੯॥

ਅਹੇ ਸੱਚਿਦਾਨੰਦ ਮੁਕੰਦਾ। ਤਵ ਲੀਲਾ ਭਗਤਨਿ ਸੁਖਕੰਦਾ।
ਜੱਗਯੁਪਵੀਤ ਜਬਹਿ ਤੁਮ ਦੀਨੋ। ਤਬ ਕੋ ਮਮ ਮਨ ਇਸਥਿਰ ਕੀਨੋ॥੭੦॥

ਤੁਸੀਂ ਸਤਚਿਤ ਅਨੰਦ ਰੂਪ ਕਰਤਾਰ ਅਤੇ ਮੁਕਤੀਦਾਤੇ ਹੋ। ਤੁਹਾਡੀ ਲੀਲ੍ਹਾ ਭਗਤਾਂ ਨੂੰ ਸੁਖ ਦਿੰਦੀ ਹੈ। ਜਦ ਦਾ ਤੁਸੀਂ ਮੈਨੂੰ ਜੀਆ ਕਾ ਜਨੇਊ ਦਿੱਤਾ ਹੈ, ਉਸ ਸਮੇਂ ਤੋਂ ਹੀ ਮਨ ਵਿਚ ਪੱਕਾ ਕਰ ਲਿਆ ਕਿ ਤੁਸੀਂ ਆਪ ਕਰਤਾਰ ਹੋ॥ ੭੦॥

ਚੌਪਈ- ਸਰਬ ਲਾਲਸਾ ਭੀ ਉਰ ਪੂਰੀ। ਦੇਖੀ ਮੈਂ ਲੀਲਾ ਤੁਮ ਰੂਰੀ।
ਬ੍ਰਿੱਧ ਬੈਸ ਬਪੁ ਭਾ ਬਲ ਹੀਨਾ। ਅਬ ਦੀਜੈ ਮੁਝ ਮੋਖ ਪ੍ਰਬੀਨਾ॥ ੭੧॥

ਤੁਹਾਡੀ ਸੁੰਦਰ ਲੀਲ੍ਹਾ ਵੇਖ ਕੇ ਮੇਰੇ ਹਿਰਦੇ ਦੀ ਵੀ ਸਰਬ ਲਾਲਸਾ ਪੂਰੀ ਹੋ ਗਈ ਹੈ। ਮੇਰੀ ਹੁਣ ਬੁੱਢੀ ਉਮਰ ਹੋ ਗਈ ਹੈ ਅਤੇ ਸਰੀਰ ਬਲਹੀਣ ਹੋ ਗਿਆ ਹੈ। ਹੇ ਸ੍ਰੇਸ਼ਟ ਬੁੱਧੀ ਵਾਲੇ! ਹੁਣ ਮੈਨੂੰ ਜੀਵਨ ਮੁਕਤੀ ਬਖਸ਼ੋ"॥ ੭੧॥

ਭਗਤਿ ਮਿਲੀ ਬਾਨੀ ਸੁਨਿ ਕਾਨਾ। ਹਸਿ ਬੋਲੇ ਸ੍ਰੀ ਕ੍ਰਿਪਾ ਨਿਧਾਨਾ।
'ਧੰਨ ਬਿੱਪ੍ਰ ਬਰ ਬੁੱਧਿ ਤੁਮਾਰੀ। ਤਨ ਹਉਮੈ ਕੀ ਸੁਰਤਿ ਬਿਸਾਰੀ॥ ੭੨॥

ਆਪਣੇ ਕੰਨਾਂ ਨਾਲ ਭਗਤੀ ਭਾਵਨਾ ਵਾਲੀ ਬਾਣੀ ਸੁਣ ਕੇ ਕਿਰਪਾ ਦੇ ਖਜ਼ਾਨੇ ਸ੍ਰੀ ਗੁਰੂ ਜੀ ਹੱਸ ਕੇ ਬੋਲੇ, "ਧੰਨ ਪ੍ਰੋਹਤ, ਤੁਹਾਡੀ ਸ੍ਰੇਸ਼ਟ ਬੁੱਧੀ ਹੈ। ਤਨ ਅਤੇ ਹਉਮੈ ਦਾ ਖਿਆਲ ਤੁਸੀਂ ਛੱਡ ਦਿੱਤਾ ਹੈ॥ ੭੨॥

ਕਿੰਚਤ ਰਹਿਗੀ ਬੈਸ ਸ਼ਰੀਰਾ। ਪੁਨਿ ਅਪਵਰਗ ਪਾਇਂ ਮਤਿ ਧੀਰਾ!
ਜਿਉਂ ਮ੍ਰਿਕ ਗਜ ਤਜਿ ਹੀ ਬਿਨ ਸ਼ੋਕੂ। ਤਿਉਂ ਤਨ ਤਜਿ ਗਮਨੈਂ ਹਰਿ ਲੋਕੂ ॥੭੩॥

ਇਹ ਸਰੀਰ ਕਦ ਤਕ ਬੈਠਾ ਰਹੇਗਾ। ਹੇ ਧੀਰਜ ਅਤੇ ਸ੍ਰੇਸ਼ਟ ਮਤ ਵਾਲੇ ਬ੍ਰਾਹਮਣ! ਤੁਸੀਂ ਮੋਖ ਪ੍ਰਾਪਤ ਕਰੋਗੇ। ਜਿਵੇਂ ਦੇਵਲ ਰਿਖੀ ਦੇ ਸਰਾਪ ਨਾਲ ਇਕ ਗੰਧਰਵ ਹਾਥੀ ਬਣ ਗਿਆ ਸੀ ਤੇ ਜਿਸ ਨੂੰ ਫਿਰ ਵਰੁਣ ਦੇ ਸਰੋਵਰ ਵਿਚ ਇਕ ਤੰਦੂਏ ਨੇ ਫੜ ਲਿਆ ਸੀ, ਪਰ ਜਦ ਹਾਥੀ ਨੇ ਕਰਤਾਰ ਅੱਗੇ ਅਰਦਾਸ ਕੀਤੀ ਤਾਂ ਉਸ ਦਾ ਬਿਨਾਂ ਕਿਸੇ ਦੁਖ ਦੇ ਛੁਟਕਾਰਾ ਹੋ ਗਿਆ, ਇਸ ਤਰ੍ਹਾਂ ਤੁਸੀਂ ਕਿਸੇ ਦੁੱਖ ਤੋਂ ਬਗੈਰ ਆਪਣਾ ਤਨ ਮਾਤ ਲੋਕ ਛੱਡ ਕੇ ਸਵਰਗ ਵਿਚ ਚਲੇ ਜਾਉਗੇ"॥ ੭੩॥

ਅਸ ਕਹਿ ਦੀਨੋ ਦਰਬ ਘਨੇਰਾ। ਤਿਹ ਪਰ ਕ੍ਰਿਪਾ ਦ੍ਰਿਸ਼ਟਿ ਹ੍ਵੈ ਹੇਰਾ।
ਭਯੋ ਗਯਾਨ ਨਿਜ ਰੂਪ ਪਛਾਨਾ। ਜੀਵ ਭਾਵ ਸਭਿ ਹੀ ਬਿਸਰਾਨਾ॥ ੭੪॥

ਇਹ ਕਹਿ ਕੇ ਪ੍ਰੋਹਤ ਨੂੰ ਬਹੁਤ ਧਨ ਦਿੱਤਾ। ਉਸ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, ਜਿਸ ਨਾਲ ਉਸ ਨੂੰ ਗਿਆਨ ਹੋ ਗਿਆ ਤੇ ਉਸ ਨੇ ਆਪਣੇ ਨਿੱਜ ਰੂਪ ਨੂੰ ਪਹਿਚਾਣ ਲਿਆ ਅਤੇ ਜੀਵ ਭਾਵ ਸਭ ਵਿਸਰ ਗਿਆ॥ ੭੪॥

ਗਯੋ ਸਦਨ ਸੁਖ ਪਾਇ ਅਮੋਲਾ। ਨਿਜ ਮਨ ਨਿਸ਼ਚਾ ਹੁਤੋ ਅਡੋਲਾ।
ਬਹੁਰੋ ਪਾਧਾ, ਬੈਦ, ਮੁਲਾਨਾ। ਚਲਿ ਆਏ ਜਹਿਂਬੇ ਗਤਿ ਦਾਨਾ॥ ੭੫॥

ਘਰ ਜਾ ਕੇ ਬੜਾ ਸੁਖ ਪਾਇਆ। ਆਪਣੇ ਮਨ ਦਾ ਨਿਸ਼ਚਾ ਅਡੋਲ ਹੋ ਗਿਆ। ਫਿਰ ਪਾਂਧਾ, ਵੈਦ ਅਤੇ ਮੌਲਵੀ ਉਥੇ ਚਲ ਕੇ ਆ ਗਏ, ਜਿਥੇ ਮੁਕਤੀ ਦਾਤਾ ਬੈਠੇ ਹੋਏ ਸਨ॥ ੭੫॥

ਮਿਲਨ ਹੇਤ ਮਨ ਸੰਗਿ ਉਮੰਗਾ। ਜਿਨਕੋ ਚਢਯੋ ਰੰਗ ਸਤਿਸੰਗਾ।
ਜਬਹਿ ਬਿਲੋਕਯੋ ਕਾਲੂ ਨੰਦਨ। ਧਾਇ ਕਰੀ ਯੁਗ ਪਦ ਪਰ ਬੰਦਨ॥੭੬॥

ਗੁਰੂ ਜੀ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਮਨ ਵਿਚ ਬੜਾ ਉਤਸ਼ਾਹ ਸੀ, ਜਿਨ੍ਹਾਂ ਨੂੰ ਸਤਿਸੰਗ ਦਾ ਰੰਗ ਚੜ੍ਹਿਆ ਹੋਇਆ ਸੀ। ਜਦ ਉਨ੍ਹਾਂ ਕਾਲੂ ਦੇ ਪੁੱਤਰ ਨੂੰ ਵੇਖਿਆ ਤਾਂ ਝੱਟ ਅੱਗੇ ਵੱਧ ਕੇ ਗੁਰੂ ਜੀ ਦੇ ਦੋਹਾਂ ਚਰਨਾਂ ਤੇ ਬੰਦਨਾ ਕੀਤੀ॥ ੭੬॥

ਹੇਰਿ ਸਰੂਪ ਅਨੂਪ ਅਜੋਨਾ। ਬੋਲ ਨ ਆਵ ਭਏ ਮੁਖ ਮੋਨਾ।
ਕਵਲ ਨੈਨ ਸਨਮਾਨ ਬਸਾਏ। ਕੁਸ਼ਲ ਬੂਝਨੈ ਬੈਨ ਸੁਨਾਏ॥ ੭੭॥

ਅਜੋਨੀ, ਅਨੂਪ ਸਰੂਪ ਵੇਖ ਕੇ ਕੁਝ ਬੋਲਿਆ ਨਾ ਗਿਆ ਤੇ ਚੁੱਪ ਰਹਿ ਗਏ। ਕੰਵਨ ਨੈਣ ਗੁਰੂ ਜੀ ਨੇ ਸਾਰਿਆਂ ਨੂੰ ਬੜੇ ਆਦਰ ਨਾਲ ਬਿਠਾਇਆ ਅਤੇ ਉਨ੍ਹਾਂ ਪਾਸੋਂ ਉਨ੍ਹਾਂ ਦਾ ਹਾਲ-ਚਾਲ ਪੁੱਛਿਆ॥ ੭੭॥

ਧਰਿ ਧੀਰਜ ਬੋਲੇ ਮੁਖ ਬਾਨੀ। ਪਦ ਰਚਨਾ ਸੁਠ ਉਸਤਤਿ ਠਾਨੀ।
ਸਿੰਧ ਹੁਤਾਸਨ ਕਾਲ ਕਲੀ ਕੋ। ਅਤਿ ਪ੍ਰਚੰਡ ਇਸ ਤਰਹਿ ਬਲੀ ਕੋ॥੭੮॥

ਧੀਰਜ ਧਰ ਕੇ ਫਿਰ ਮੁੱਖ ਤੋਂ ਬੋਲੀ ਤੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਕਹਿਣ ਲੱਗੇ, "ਕਲਜੁਗ ਦਾ ਸਮਾਂ ਅਗਨ ਸਾਗਰ ਹੈ, ਕੋਈ ਬਲਵਾਨ ਹੀ ਇਸ ਨੂੰ ਤਰ ਕੇ ਪਾਰ ਕਰਦਾ ਹੈ॥ ੭੮॥

ਜੀਵ ਪਰੇ ਦਝਿ ਦਝਿ ਦੁਖ ਪਾਈ। ਉਬਰ ਨ ਸਕਹਿਂ ਨ ਪਾਇਂ ਉਪਾਈ।
ਬਾਂਧਨ ਹੇਤੁ ਸੇਤੁ ਤਹਿਂ ਭਾਰਾ। ਕ੍ਰਿਪਾ ਧਾਰਿ ਲੀਨੋ ਅਵਤਾਰਾ॥ ੭੯॥

ਜੀਵ ਪਏ ਸੜ ਸੜ ਕੇ ਦੁੱਖ ਪਾ ਰਹੇ ਹਨ। ਉਹ ਬਚ ਨਹੀ ਸਕਦੇ ਅਤੇ ਨਾ ਹੀ ਬਚਣ ਦਾ ਕੋਈ ਉਪਾਅ ਲੱਭਦਾ ਹੈ। ਇਸ ਅਗਨ ਸਾਗਰ ਉਤੇ ਭਾਰਾ ਪੁਲ ਬੰਨ੍ਹਣ ਵਾਸਤੇ ਆਪ ਨੇ ਕ੍ਰਿਪਾ ਕਰ ਕੇ ਅਵਤਾਰ ਧਾਰਿਆ ਹੈ॥ ੭੯॥

ਚਰਨ ਕਰਮ ਸੁਭ ਤੇ ਜੋ ਤੂਛੇ। ਲੋਚਨ ਸੁਮਤਿਹਿ ਤੇ ਉਰ ਛੂਛੇ।
ਸਮ ਦਮ ਜਿਨ ਕੇ ਕਰ ਨ ਸੰਗਾਰੇ। ਸੋ ਜਿਹ ਪਰ ਤਰਿ ਜਾਹਿਂ ਸੁਖਾਰੇ॥੮੦॥

ਸੁਭ ਕਰਮਾਂ ਤੋਂ ਜਿਨ੍ਹਾਂ ਦੇ ਪੈਰ ਪਿੰਗਲੇ ਹਨ, ਚੰਗੀ ਬੁੱਧੀ ਰੂਪ ਨੈਣਾਂ ਤੋਂ ਜੋ ਸੱਖਣੇ ਹਨ। ਜਿਨ੍ਹਾਂ ਦੇ ਨਾਲ ਸਮ ਦਮ ਆਦਿ ਹੱਥ ਨਹੀ ਹਨ। ਉਹ ਉਸ ਪੁਲ ਕਰਕੇ ਬੜੀ ਆਸਾਨੀ ਨਾਲ ਪਾਰ ਕਰ ਜਾਣਗੇ॥ ੮੦॥

ਮਨ ਅਨੁਮਾਨ ਕਰਤਿ ਸਦ ਹਮ ਹੀ। ਜਗਤ ਪ੍ਰਕਾਸ਼ ਕਰਹੁ ਕਬ ਤੁਮਹੀ।
ਰਾਵਰ ਪੂਰਨ ਕਲਾ ਸੰਕੋਚੀ। ਲਖਹਿਂ ਕਿ ਜੀਵ ਜਿਨਹਿਂ ਮਤਿ ਪੋਚੀ॥੮੧॥

ਸਦਾ ਹੀ ਅਸੀਂ ਮਨ ਵਿਚ ਅਨੁਮਾਨ ਲਾਉਂਦੇ ਹਾਂ ਕਿ ਜਗਤ ਵਿਚ ਕਦ ਤੁਹਾਡਾ ਪ੍ਰਕਾਸ਼ ਹੋਵੇਗਾ। ਤੁਸੀਂ ਆਪਣੀ ਪੂਰਨ ਕਲਾ ਲੁਕਾ ਰੱਖੀ ਹੈ। ਨੀਵੀਂ ਮਤ ਵਾਲੇ ਜੀਵ ਇਸ ਨੂੰ ਕਿਵੇਂ ਸਮਝ ਸਕਦੇ ਹਨ॥ ੯੧॥

ਅਸ ਪ੍ਰਕਾਰ ਕਹਿ ਕਰਿ ਬਚ ਲੋਨੇ। ਪਿਜਤਿ ਰੂਪ ਜਨੁ ਲੋਚਨ ਡੋਨੇ।
ਮਿਲੇ ਭਾਉ ਧਰਿ ਸਦਨ ਸਿਧਾਏ। ਜਿਨ ਮਨ ਭਗਤਿ ਵਿਖੇ ਸੁਖ ਪਾਏ॥੯੨॥

ਇਸ ਤਰ੍ਹਾਂ ਸੁੰਦਰ ਬਚਨ ਕਹਿ ਕੇ ਗੁਰੂ ਜੀ ਵਲ ਇੰਝ ਵੇਖਿਆ ਮਾਨੋਂ ਉਨ੍ਹਾਂ ਦੀਆਂ ਅੱਖਾਂ ਦੇ ਡੋਨੇ ਗੁਰੂ ਜੀ ਦੇ ਰੂਪ ਨੂੰ ਪੀ ਰਹੇ ਸਨ। ਬੜੇ ਪ੍ਰੇਮ ਨਾਲ ਮਿਲ ਕੇ ਫਿਰ ਆਪਣੇ ਘਰਾਂ ਨੂੰ ਚਲੇ ਗਏ, ਉਨ੍ਹਾਂ ਦੇ ਮਨਾਂ ਨੇ ਭਗਤੀ ਵਿਚ ਸੁਖ ਪਾਇਆ॥ ੯੨॥

ਮਿਲੇ ਆਨਿ ਪੁਨਿ ਬਾਲ ਸਖਾਈ। ਕਹਤਿ ਪਰਸਪਰ ਅਧਿਕ ਵਡਾਈ।
ਪਰਮ ਪ੍ਰੇਮ ਮੈਂ ਮੋਦ ਨ ਥੋਰਾ। ਇਕ ਟਕ ਦੇਖਿ ਰਹੇ ਮੁਖ ਓਰਾ॥੯੩॥

ਫਿਰ ਬਚਪਨ ਦੇ ਦੋਸਤ ਆ ਕੇ ਮਿਲ ਪਏ। ਉਨ੍ਹਾਂ ਆ ਕੇ ਬਹੁਤ ਵਡਿਆਈ ਕੀਤੀ। ਪਰਮ ਪ੍ਰੇਮ ਵਿਚ ਬਹੁਤ ਆਨੰਦ ਸੀ, ਇਕ ਟਿਕ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ॥ ੯੩॥

ਬੈਸਿ ਬਿਤਾਵਹਿਂ ਬਾਸੁਰ ਪਾਸੂ। ਨਿਤਪ੍ਰਤਿ ਉਰ ਹੈ ਨਯੋ ਹੁਲਾਸੂ।
ਯਾ ਬਿਧਿ ਲੀਲਾ ਸ੍ਰੀ ਜਗਨਾਥਾ। ਕੀਨੀ ਤਲਵੰਡੀ ਸੁਖ ਸਾਥਾ॥੯੪॥

ਗੁਰੂ ਜੀ ਦੇ ਪਾਸ ਬੈਠ ਕੇ ਸਮਾਂ ਗੁਜ਼ਾਰਦੇ ਹਨ ਅਤੇ ਨਿਤਾਪ੍ਰਤੀ ਦਿਲ ਵਿਚ ਨਵੀਂ ਖੁਸ਼ੀ ਪ੍ਰਾਪਤ ਹੁੰਦੀ ਸੀ। ਇਸ ਤਰ੍ਹਾਂ ਜਗਤ ਦੇ ਮਾਲਕ ਲੀਲ੍ਹਾ ਕਰ ਰਹੇ ਸਨ ਅਤੇ ਤਲਵੰਡੀ ਸੁਖਾਂ ਨਾਲ ਭਰ ਦਿੱਤੀ॥ ੯੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਜਾਵਨ' ਪ੍ਰਸੰਗ ਬਰਨਨ ਨਾਮ ਤੇਈਸਮੋ ਅਧ੍ਯਾਯ॥ ੨੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਈਵਾਂ ਅਧਿਆਇ, ਜਿਸ ਦਾ ਨਾਮ 'ਵਿਆਹ ਤੋਂ ਵਾਪਸ, ਤਲਵੰਡੀ ਜਾਣਾ' ਹੈ, ਸਮਾਪਤ ਹੋਇਆ॥ ੨੩॥

## ਅਧਿਆਇ ਚੌਵੀਵਾਂ

*ਤਲਵੰਡੀਓਂ ਵਾਪਸ ਸੁਲਤਾਨਪੁਰ ਆਉਣਾ।*

ਕਬਿੱਤ- ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।
ਕਿਧੌਂ ਜਹਿ ਹੰਸਨੀ ਸੀ ਮਾਨਸ ਵਿਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਜਾਨੀ, ਗ੍ਯਾਨ ਕੀ ਜਨਨਿ ਜਾਨੀ, ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ॥੧॥

ਗੁਰੂ ਜੀ ਦੀ ਗੁਰਬਾਣੀ ਅੰਮ੍ਰਿਤ ਦੀ ਨਦੀ ਵਾਂਗ ਭਰਮ ਰੂਪ ਰੋਗ ਨੂੰ ਦੂਰ ਕਰਨ ਵਾਲੀ ਹੈ। ਇਸ ਦਾ ਰੰਗ ਸਫੇਦ ਹੈ ਤੇ ਮਨ ਨੂੰ ਬੜੀ ਪਿਆਰੀ ਲੱਗਣ ਵਾਲੀ ਹੈ। ਇੰਝ ਲਗਦਾ ਹੈ ਕਿ ਇਹ ਮਾਨਸਰੋਵਰ ਨੂੰ ਸ਼ੋਭਾ ਦੇਣ ਵਾਲੀ ਹੰਸਣੀ ਹੈ। ਗੁਣੀਆਂ ਨੇ ਇਸ ਦੀ ਪ੍ਰਸੰਸਾ ਕੀਤੀ ਹੈ ਤੇ ਸਾਰੇ ਸੰਸਾਰ ਜਾਣ ਲਈ ਹੈ। ਇੰਝ ਅਨੁਭਵ ਹੁੰਦਾ ਹੈ ਕਿ ਇਹ ਮੋਹ ਰੂਪੀ ਤਪਸ਼ ਨੂੰ ਘੱਟ ਕਰਨ ਵਾਲੀ ਚੰਦ ਦੀ ਚਾਨਣੀ ਹੈ। ਹਿਰਦੇ ਨੂੰ ਅਨੰਦ ਦੇਣ ਵਾਲੀ ਸਦਾ ਹੀ ਸੁਖਾਂ ਦੀ ਦਾਤੀ ਹੈ। ਪ੍ਰੇਮ ਦੀ ਸੁਘੜ ਪਟਰਾਣੀ ਹੈ ਤੇ ਗਿਆਨ ਦੀ ਮਾਤਾ ਜਾਣੀ ਗਈ ਹੈ। ਕਈ ਗੁਣੀਆਂ ਨੇ ਵੀ ਬਾਣੀ ਉਚਾਰੀ ਹੈ, ਪਰ ਗੁਰੂ ਸਾਹਿਬ ਦੀ ਉਚਾਰੀ ਬਾਣੀ ਸਭ ਤੋਂ ਸ੍ਰੇਸ਼ਟ ਹੈ ਅਤੇ ਉਨ੍ਹਾਂ ਦੀ ਵੀ ਗੁਰੂ ਗੁਰਬਾਣੀ ਹੈ॥ ੧॥

ਸ੍ਰੀ ਬਾਲਾ ਸੰਧੁਰ ਵਾਚ॥

ਚੌਪਈ- ਰਹਿਨ ਲਗੇ ਗਤਿਦਾ ਤਲਵੰਡੀ। ਜਿਨਕੀ ਕੀਰਤਿ ਘਰ ਘਰ ਮੰਡੀ।
ਮਨੁਜ ਪਰਸਪਰ ਮਿਲਹਿਂ ਸਰਾਹਹਿਂ। ਮੁਹੁਰਮੁਹੂ ਸ੍ਰੀ ਗੁਨ ਅਵਗਾਹਹਿਂ॥੨॥

ਭਾਈ ਬਾਲੇ ਨੇ ਕਿਹਾ-ਮੁਕਤੀਦਾਤਾ ਤਲਵੰਡੀ ਰਹਿਣ ਲੱਗੇ, ਜਿਨ੍ਹਾਂ ਦੀ ਕੀਰਤੀ ਘਰ-ਘਰ ਵਿਚ ਹੋ ਰਹੀ ਸੀ। ਮਨੁੱਖ ਲਗਾਤਾਰ ਮਿਲਦੇ ਸਨ ਤੇ ਸਲਾਘਾ ਕਰਦੇ ਸਨ ਅਤੇ ਉਨ੍ਹਾਂ ਦੇ ਗੁਣਾਂ ਤੇ ਬਾਰ-ਬਾਰ ਵਿਚਾਰ ਕਰਦੇ ਸਨ॥ ੨॥

ਮਧੁਰ ਬਚਨ ਜਿਹ ਮ੍ਰਿਦੁਲ ਸੁਭਾਊ। ਮਦ ਤੇ ਆਦਿ ਕੁਕਰਮ ਨ ਕਾਊ।
ਉਰ ਉਦਾਰ, ਮਤਿ ਸੰਤ ਸਸ਼ੀਲਾ। ਕਰੁਨਾਵਾਨ ਸਰੂਪ ਛਬੀਲਾ॥੩॥

ਮਿੱਠੇ ਬਚਨ ਬੋਲਦੇ ਹਨ ਅਤੇ ਸੁਭਾਅ ਬੜਾ ਕੋਮਲ ਹੈ। ਹੰਕਾਰ ਆਦਿ ਵਰਗਾ ਉਨ੍ਹਾਂ ਵਿਚ ਕੋਈ ਮਾੜਾ ਔਗੁਣ ਨਹੀਂ ਹੈ। ਉਦਾਰ-ਚਿਤ ਹਨ ਅਤੇ ਮੱਤ ਸੰਤਾਂ ਵਾਂਗ ਸੁਸ਼ੀਲ ਹੈ। ਪ੍ਰੇਮ-ਮਈ ਸੁੰਦਰ ਛਬੀਲਾ ਸਰੂਪ ਹੈ॥ ੩॥

ਬਿਸ਼ੈ ਬਾਸ਼ਨਾ ਕੀ ਜਰ ਨਾ ਸੀ। ਹਰਖ ਸ਼ੋਕ ਤੇ ਰਿਦਾ ਉਦਾਸੀ।
ਪੁਰਿ ਸੁਲਤਾਨਹਿ ਜਾਂਹਿ ਕਮਾਈ। ਕਰੀ ਅਧਿਕ ਜਿਹ ਤੋਟ ਨ ਕਾਈ॥੪॥

ਵਿਸ਼ੇ ਵਾਸ਼ਨਾ ਦੀ ਜੜ੍ਹ ਹੀ ਨਹੀਂ ਹੈ। ਖੁਸ਼ੀ ਗ਼ਮੀ ਤੋਂ ਹਿਰਦਾ ਬਿਲਕੁਲ ਨਿਰਲੇਪ ਹੈ। ਸੁਲਤਾਨਪੁਰ ਜਾ ਕੇ ਕਮਾਈ ਕੀਤੀ ਹੈ। ਏਨੀ ਕਮਾਈ ਕੀਤੀ ਹੈ ਕਿ ਕਿਸੇ ਗੱਲ ਦੀ ਤੋਟ ਨਹੀਂ ਰਹੀ॥ ੪॥

ਦਯੋ ਦਾਨ ਦੀਨਨਿ ਧਨ ਭੂਰੀ। ਪਸਰੀ ਕੀਰਤਿ ਜਹਿਂ ਤਹਿਂ ਰੂਰੀ।
ਅਸ ਪ੍ਰਕਾਰ ਨਿਜ ਜਸ ਬਿਸਤਾਰਾ। ਬਸੇ ਮਾਸ ਇਕ ਮੋਖ ਉਦਾਰਾ॥੫॥

ਗ਼ਰੀਬਾਂ ਨੂੰ ਬਹੁਤ ਦਾਨ ਦਿੱਤਾ ਹੈ। ਹਰ ਥਾਂ ਉਨ੍ਹਾਂ ਦੀ ਸੁੰਦਰ ਕੀਰਤੀ ਫੈਲੀ ਹੋਈ ਹੈ। ਇਸ ਤਰ੍ਹਾਂ ਨਿਜ ਜੱਸ ਦਾ ਵਿਸਤਾਰ ਹੋਇਆ ਹੈ ਤੇ ਮੁਕਤੀਦਾਤੇ ਇਕ ਮਹੀਨਾ ਤਲਵੰਡੀ ਵਿਖੇ ਠਹਿਰੇ॥ ੫॥

ਪੁਨਿ ਗਮਨਨ ਕੀ ਕੀਨੀ ਤਯਾਰੀ। ਮਿਲਨਿ ਬੁਲਾਰਹਿ ਪ੍ਰੀਤ ਵਿਚਾਰੀ।
ਹੁਤੇ ਇਕੰਤ ਤਬਹਿ ਅਵਨੀਪਾ। ਸਾਦਰ ਬੈਸੇ ਜਾਇ ਸਮੀਪਾ॥੬॥

ਫਿਰ ਸੁਲਤਾਨਪੁਰ ਜਾਣ ਦੀ ਤਿਆਰੀ ਕੀਤੀ ਤੇ ਰਾਇ ਬੁਲਾਰ ਨੂੰ ਮਿਲਣ ਦੀ ਪ੍ਰੀਤ ਤੇ ਵਿਚਾਰ ਕੀਤਾ। ਰਾਇ ਬੁਲਾਰ ਤਦ ਇਕੱਲਾ ਬੈਠਾ ਹੋਇਆ ਸੀ। ਬੜੇ ਆਦਰ ਨਾਲ ਉਨ੍ਹਾਂ ਦੇ ਪਾਸ ਬੈਠ ਗਏ॥ ੬॥

ਹਾਥ ਬੰਦਿ ਬਚ ਬਦਤਿ ਬੁਲਾਰਾ। 'ਪਰਮ ਲਾਭ ਮੁਝ ਦਰਸ ਤੁਮਾਰਾ।
ਗਜਾਨ ਸ਼ਿਰੋਮਣਿ! ਕ੍ਰਿਪਾ ਨਿਧਾਨਾ!। ਕਲਾਵਾਨ! ਕਲ ਬਿਨ! ਗੁਨ ਖਾਨਾ॥੭॥

ਹੱਥ ਜੋੜ ਕੇ ਰਾਇ ਬੁਲਾਰ ਨੇ ਬਚਨ ਕੀਤੇ, 'ਮੇਰੇ ਧੰਨ ਭਾਗ, ਤੁਸੀਂ ਮੈਨੂੰ ਦਰਸ਼ਨ ਦਿੱਤੇ ਹਨ। ਸ਼੍ਰੋਮਣੀ ਗਿਆਨਵਾਨ! ਕਿਰਪਾਨਿਧਾਨ! ਕਲਾਵਾਨ! ਕਲਪਨਾ ਰਹਿਤ! ਗੁਣਾਂ ਦੀ ਖਾਨ!॥ ੭॥

ਫਸਯੋ ਰਹਤਿ ਮੈਂ ਜਗਤ ਕਲੇਸ਼ੂ। ਰਾਵਰ ਕੀ ਲਾਲਸ ਉਪਦੇਸ਼ੂ।
ਕਰਤਿ ਕਿਉਂ ਨ ਮੁਝ ਲਖਿ ਅਧਿਕਾਰੀ। ਕਟਹੁ ਨ ਬੰਧਨ, ਸ਼ਰਨਿ ਤੁਮਾਰੀ॥੮॥

ਮੈਂ ਜਗਤ ਦੇ ਕਲੇਸ਼ਾਂ ਵਿਚ ਫਸਿਆ ਰਹਿੰਦਾ ਹਾਂ। ਆਪ ਦੇ ਉਪਦੇਸ਼ ਸੁਣਨ ਦੀ ਲਾਲਸਾ ਹੈ। ਕੀ ਮੈਨੂੰ ਅਧਿਕਾਰੀ ਸਮਝ ਕੇ ਮੇਰੇ ਤੇ ਕਿਰਪਾ ਨਹੀਂ ਕਰਦੇ? ਹੇ ਪ੍ਰਭੂ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੇਰੇ ਬੰਧਨ ਕੱਟ ਦੇਵੋ'॥ ੮॥

ਸੁਨਿ ਬੋਲੇ ਸ੍ਰੀ ਪੰਕਜ ਬਦਨਾ। 'ਸਿਮਰਹੁ ਸਤਿਨਾਮ ਸੁਖਸਦਨਾ।
ਲਗਯੋ ਹੁਮਾਉ ਪੰਖ ਜਯੋਂ ਸੰਗਾ। ਜਬ ਛੁਟਹਿ ਧਨੁ ਤੇ ਸੁ ਖਤੰਗਾ॥੯॥

ਇਹ ਸੁਣ ਕੇ ਕਮਲ ਵਰਗੇ ਮੁਖੜੇ ਵਾਲੇ ਗੁਰੂ ਜੀ ਬੋਲੇ, "ਸਦਾ ਹੀ ਸਤਿਨਾਮ ਦਾ ਸਿਮਰਨ ਕਰੋ, ਜੋ ਸਭ ਸੁਖਾਂ ਦਾ ਘਰ ਹੈ। ਜਦ ਤੀਰ ਨਾਲ ਹੁਮਾ ਪੰਛੀ ਦਾ ਖੰਭ ਜੋੜ ਕੇ ਤੀਰ ਨੂੰ ਕਮਾਨ ਵਿਚੋਂ ਛੱਡੀਦਾ ਹੈ ਤੇ ਇਹ ਤੀਰ ਹੁਮਾ ਦੇਸ਼ ਵਿਚ ਪਹੁੰਚ ਜਾਂਦਾ ਹੈ॥ ੯॥

ਪਰ ਕੇ ਬਲ ਕਰਿ ਹੋਤਿ ਉੜਾਊ॥ ਪਹੁੰਚੇ ਸੋ ਜਹਿਂ ਦੇਸ਼ ਹੁਮਾਊ॥
ਬਹੁਰ ਨ ਆਇ ਪਰੈ ਕਬ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ॥੧੦॥

ਖੰਭ ਦੀ ਤਾਕਤ ਕਰਕੇ ਤੀਰ ਹੁਮਾ ਦੇਸ਼ ਪਹੁੰਚ ਜਾਂਦਾ ਹੈ। ਫਿਰ ਉਹ ਖੰਭ ਕਦੀ ਧਰਤੀ ਤੇ ਨਹੀਂ ਆਉਂਦਾ। ਇਸ ਤਰ੍ਹਾਂ ਹੀ ਨਾਮ ਦੀ ਰੀਤੀ ਵੀ ਵਰਣਨ ਕੀਤੀ ਹੈ॥ ੧੦॥

ਇਕ ਚਿਤ ਸਿਮਰਹਿ ਜੇ ਦਿਨ ਰਾਤੀ। ਛੁਟੇ ਦੇਹਿ ਤੇ ਹੋਇ ਸੰਗਾਤੀ।
ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ॥੧੧॥

ਜੇ ਇਕ ਚਿਤ ਦਿਨ ਰਾਤ ਸਿਮਰਨ ਕਰੀਏ ਤਾਂ ਦੇਹ ਦਾ ਛੁਟਕਾਰਾ ਹੋਣ ਤੇ ਨਾਮ ਉਸ ਦਾ ਸੰਗੀ ਹੋਵੇਗਾ। ਨਾਮ ਜਪਣ ਵਾਲੇ ਨੂੰ ਜਿਹੜਾ ਵੀ ਦੇਸ਼ ਸੁਹਾਵਣਾ ਲੱਗੇ, ਉਹ ਕਿਸੇ ਦੇਰ ਤੋਂ ਬਿਨਾਂ ਉਥੇ ਪਹੁੰਚ ਜਾਵੇਗਾ॥ ੧੧॥

ਬਹੁਰ ਨ ਜਗ ਮਹਿ ਪਾਵਹਿਂ ਦੇਹੀ। ਸੱਤਿਨਾਮ ਕੇ ਭੇ ਜੁ ਸਨੇਹੀ'।
ਸੁਨਿ ਉਪਦੇਸ਼ ਲਗੀ ਲਿਵ ਨਾਮੂ। ਜਾਗਜੋ ਪਰਮ ਪ੍ਰੇਮ ਅਭਿਰਾਮੂ॥੧੨॥

ਦੁਬਾਰਾ ਫਿਰ ਇਸ ਜੱਗ ਵਿਚ ਦੇਹ ਨਹੀਂ ਧਾਰਦਾ, ਸਤਿਨਾਮ ਨਾਲ ਜਿਸ ਦਾ ਪਿਆਰ ਹੋ ਜਾਂਦਾ ਹੈ।" ਉਪਦੇਸ਼ ਸੁਣ ਕੇ ਰਾਇ ਬੁਲਾਰ ਦੀ ਨਾਮ ਨਾਲ ਲਿਵ ਲੱਗ ਗਈ, ਮਨ ਵਿਚ ਸੁੰਦਰ ਪਰਮ ਪ੍ਰੇਮ ਜਾਗ ਪਿਆ॥ ੧੨॥

ਕਹਿਤਿ ਗਿਰਾ ਹ੍ਵੈ ਦੀਨ ਬਹੋਰੀ। 'ਦਰਸ ਲਾਲਸਾ ਰਿਦੇ ਨ ਥੋਰੀ।
ਤੁਮ ਗਮਨੇ ਅਬ ਪੁਰਿ ਸੁਲਤਾਨਾ। ਮੋਹਿ ਹੋਤਿ ਬ੍ਰਿਹ ਕਸ਼ਟ ਮਹਾਨਾ॥੧੩॥

ਫਿਰ ਦੀਨ ਹੋ ਕੇ ਸੁੰਦਰ ਬਚਨ ਕਹਿੰਦਾ ਹੈ, "ਮੇਰੇ ਹਿਰਦੇ ਵਿਚ ਦਰਸ਼ਨਾਂ ਦੀ ਬਹੁਤ ਲਾਲਸਾ ਹੈ। ਤੁਸੀਂ ਹੁਣ ਸੁਲਤਾਨਪੁਰ ਚਲੇ ਚੱਲੇ ਹੋ, ਮੈਨੂੰ ਵਿਛੋੜੇ ਦਾ ਬਹੁਤ ਕਸ਼ਟ ਹੋਵੇਗਾ" ॥ ੧੩॥

ਪ੍ਰੀਤਿ ਬਿਲੋਕਿ ਰਿਦੇ ਮਹਿਂ ਸਾਚੀ। ਕਮਲ ਬਦਨ ਪੁਨ ਗਿਰਾ ਉਬਾਚੀ।
'ਚਿਤ ਚੇਤੈ ਰਾਖਹੁ ਅਵਨੀਪਾ! ਮੈਂਹੋਂ ਤੁਮਰੇ ਸਦਾ ਸਮੀਪਾ'॥ ੧੪॥

ਹਿਰਦੇ ਵਿਚ ਸੱਚੀ ਪ੍ਰੀਤ ਵੇਖ ਕੇ, ਕਮਲ ਫੁੱਲ ਵਰਗੇ ਮੁਖੜੇ ਵਾਲੇ ਗੁਰੂ ਜੀ ਨੇ ਬਚਨ ਕੀਤੇ, "ਹੇ ਰਾਜਾ! ਕੇਵਲ ਚਿੱਤ ਵਿਚ ਯਾਦ ਕਰੋ, ਮੈਂ ਸਦਾ ਤੁਹਾਡੇ ਪਾਸ ਹਾਂ" ॥ ੧੪॥

ਅਸ ਪ੍ਰਕਾਰ ਦੇਕਰਿ ਉਰ ਧੀਰਾ। ਘਰ ਆਏ ਪੁਨਿ ਗੁਨੀ ਗਹੀਰਾ।
ਮਿਲੀ ਮਾਤ ਉਰ ਪ੍ਰੇਮ ਬਢਾਈ। ਬਿਛੁਰਤਿ ਬਛ ਜਿਉਂ ਧੇਨੁ ਲਵਾਈ॥੧੫॥

ਇਸ ਤਰ੍ਹਾਂ ਹਿਰਦੇ ਵਿਚ ਧੀਰਜ ਦੇ ਕੇ ਗੁਣਾਂ ਦੇ ਖਜ਼ਾਨੇ ਆਪਣੇ ਘਰ ਆ ਗਏ। ਮਾਤਾ ਜੀ ਨੂੰ ਮਿਲ ਕੇ ਬੜਾ ਪ੍ਰੇਮ ਵਧਾਇਆ। ਜਿਵੇਂ ਗਾਂ ਤੋਂ ਵੱਛਾ ਵਿਛੜਦਾ ਹੈ ਤਾਂ ਗਾਂ ਤਰਲੋ-ਮੱਛੀ ਹੁੰਦੀ ਹੈ॥ ੧੫॥

ਆਸ਼ਿਖ ਦੇਤਿ ਪਲੋਸਤਿ ਮਾਥਾ। ਮਨਹਿਂ ਮਨਾਵਤਿ ਸ੍ਰੀ ਜਗਨਾਥਾ।
'ਸੁਤ ਕੀ ਕੁਸ਼ਲ ਕਰਹੁ ਸਭਿ ਕਾਲਾ। ਮਹਾਂ ਪੁਰਖ ਤੁਮ ਦੀਨ ਦਯਾਲਾ॥੧੬॥

ਮਾਤਾ ਜੀ ਅਸੀਸਾਂ ਦਿੰਦੇ ਹਨ, ਮੱਥਾ ਪਲੋਸਦੇ ਹਨ ਅਤੇ ਮਨ ਵਿਚ ਜਗਤ ਦੇ ਮਾਲਕ ਦੀ ਅਰਾਧਣਾ ਕਰਦੇ ਹਨ, "ਹੇ ਪ੍ਰਭੂ! ਮੇਰੇ ਪੁੱਤਰ ਦੀ ਹਰ ਸਮੇਂ ਰਖਿਆ ਕਰਨੀ, ਹੇ ਦੀਨ ਦਿਆਲ! ਤੁਸੀਂ ਮਹਾਂਪੁਰਖ ਹੋ" ॥ ੧੬॥

ਧਰਜੋ ਮਾਤ ਕੇ ਪਗ ਪਰ ਸੀਸਾ। ਨਿਕਸੇ ਨਿਜ ਘਰ ਤੇ ਜਗਦੀਸ਼ਾ।
ਪ੍ਰੇਮੀ ਮਿਲੇ ਆਨਿ ਜੇ ਪੁਰਿਕੇ। ਪਰਸ ਪਰਸ ਗਮਨੇ ਪਗ ਗੁਰ ਕੇ॥ ੧੭॥

ਮਾਤਾ ਜੀ ਦੇ ਚਰਨਾਂ ਤੇ ਸੀਸ ਧਰਿਆ ਤੇ ਆਪਣੇ ਘਰ ਤੋਂ ਗੁਰੂ ਜੀ ਬਾਹਰ ਆ ਗਏ। ਨਗਰ ਦੇ ਸਾਰੇ ਪ੍ਰੇਮੀ ਆ ਕੇ ਮਿਲੇ ਅਤੇ ਉਹ ਸਾਰੇ ਗੁਰੂ ਜੀ ਦੇ ਚਰਨਾਂ ਨੂੰ ਛੂਹ ਛੂਹ ਕੇ ਤੁਰੇ ਜਾਂਦੇ ਸਨ॥ ੧੭॥

ਵਾਹਿਨ ਭਏ ਅਰੂਢ ਸੁਆਮੀ। ਦੀਨਬੰਧੁ ਪ੍ਰਭੁ ਅੰਤਰਜਾਮੀ।
ਸਿਖਵਨ ਕਾਲੂ ਦੇਵਤਿ ਭੂਰੀ। ਧਨ ਖਾਟਨ ਕੀ ਜੇ ਬਿਧਿ ਰੂਰੀ॥ ੧੮॥

ਸੁਆਮੀ ਗੁਰੂ ਜੀ ਆਪ ਆਪਣੇ ਵਾਹਣ ਤੇ ਚੜ੍ਹ ਬੈਠੇ। ਮਹਿਤਾ ਕਾਲੂ ਜੀ ਉਨ੍ਹਾਂ ਨੂੰ ਬਹੁਤ ਸਿਖਿਆ ਦੇ ਰਹੇ ਸਨ ਅਤੇ ਧਨ ਖੱਟਣ ਦੀਆਂ ਸੁੰਦਰ ਵਿਧੀਆਂ ਦੱਸ ਰਹੇ ਸਨ॥ ੧੮॥

'ਸੁਨਹੁ ਤਾਤ ! ਅਬ ਭਾ ਸਨਬੰਧਾ। ਯਾ ਮਹਿ ਨਾਨਾ ਬਿਧਿ ਕੇ ਧੰਧਾ।
ਬਹੁਤੇ ਬਿੱਤ ਇਕੱਤ੍ਰ ਸੁ ਕਰੀਏ। ਪਰਵਾਰਨ ਕੇ ਖਰਚ ਵਿਚਰੀਏ॥ ੧੯॥

"ਹੇ ਪੁੱਤਰ ਸੁਣੋ ! ਤੁਸੀਂ ਹੁਣ ਸੰਬੰਧੀ ਬਣ ਗਏ ਹੋ। ਤੁਹਾਡੇ ਪਾਸ ਕਈ ਪ੍ਰਕਾਰ ਦਾ ਕੰਮ-ਕਾਜ ਹੈ। ਬਹੁਤ ਧਨ ਇਕੱਠਾ ਕਰੋ ਤੇ ਪਰਿਵਾਰਾਂ ਦੇ ਖਰਚਿਆਂ ਬਾਰੇ ਵਿਚਾਰ ਕਰੋ॥ ੧੯॥

ਚੌਪਈ- ਪੂਰਬ ਕੀ ਉਦਾਰਤਾ ਤਜਾਗਹੁ। ਗ੍ਰਿਸਤੀ ਮਨੁਜਨ ਕੈ ਮਗ ਲਾਗਹੁ।
ਧਨੀ ਪੁਰਖ ਸਭਿ ਮਹਿਂ ਪਰਧਾਨਾ। ਧਨੀ ਮੂਢ ਕੋ ਕਹਿਤਿ ਸੁਜਾਨਾ॥ ੨੦॥

ਪਹਿਲਾਂ ਵਾਲੀ ਖੁਲ੍ਹ-ਦਿਲੀ ਹੁਣ ਛੱਡੋ। ਗ੍ਰਿਹਸਤੀ ਮਨੁੱਖ ਵਾਲਾ ਰਸਤਾ ਫੜੋ। ਧਨੀ ਮਨੁੱਖ ਸਭ ਵਿਚ ਪਰਧਾਨ ਹੁੰਦਾ ਹੈ। ਮੂਰਖ ਧਨਵਾਨ ਨੂੰ ਵੀ ਲੋਕ ਚਾਤਰ ਕਹਿੰਦੇ ਹਨ॥ ੨੦॥

ਮਿਲਹਿ ਧਨੀ ਕੋ ਸਕਲ ਭਲਾਈ। ਧਨ ਬਿਨ ਕਾਰਜ ਹ੍ਵੈ ਨਹਿਂ ਰਾਈ।
ਜਿਉਂ ਤਨ ਨਿਬਹੈ ਪ੍ਰਾਨ ਅਧਾਰਾ। ਤਿਉਂ ਧਨ ਤੇ ਸਭਿ ਜਗ ਬਿਵਹਾਰਾ॥ ੨੧॥

ਧਨੀ ਮਨੁੱਖ ਦੀ ਸਭ ਇੱਜ਼ਤ ਕਰਦੇ ਹਨ। ਧਨ ਬਗੈਰ ਕੋਈ ਕਾਰਜ ਵੀ ਨਹੀਂ ਹੋ ਸਕਦਾ। ਜਿਵੇਂ ਤਨ ਨੂੰ ਪ੍ਰਾਣਾਂ ਦਾ ਆਧਾਰ ਮੰਨਿਆ ਹੈ, ਇਸ ਤਰ੍ਹਾਂ ਸਾਰਾ ਜੱਗ ਧਨ ਦੇ ਹੀ ਆਸਰੇ ਹੈ॥ ੨੧॥

ਜਿਉਂ ਜਲ ਹੀਨ ਨ ਤਾਲ ਸੁਹਾਵਾ। ਤਿਉਂ ਧਨ ਬਿਨ ਨਰ ਸ਼ੋਭ ਨ ਪਾਵਾ।
ਸਜਲ ਮੇਘ ਬਿਨ ਜਿਉਂ ਕ੍ਰਿਖਿ ਨਾਂਹੀ। ਧਨ ਬਿਹੀਨ ਤਿਉਂ ਬਨਜ ਨ ਆਹੀ॥ ੨੨॥

ਜਿਸ ਤਰ੍ਹਾਂ ਜਲ ਤੋਂ ਬਗੈਰ ਸਰੋਵਰ ਸ਼ੋਭਦਾ ਨਹੀ, ਇਸ ਤਰ੍ਹਾਂ ਹੀ ਧਨ ਤੋਂ ਬਗੈਰ ਮਰਦ ਸ਼ੋਭਾ ਨਹੀ ਪਾਉਂਦਾ ਹੈ। ਜਿਵੇਂ ਪਾਣੀ ਵਾਲੇ ਬੱਦਲ ਬਿਨਾਂ ਖੇਤੀ ਨਹੀ ਹੁੰਦੀ, ਇਸ ਤਰ੍ਹਾਂ ਹੀ ਧਨ ਤੋਂ ਬਗੈਰ ਕੋਈ ਵਣਜ ਵਪਾਰ ਨਹੀਂ ਹੋ ਸਕਦਾ"॥ ੨੨॥

ਯਾ ਬਿਧਿ ਨਾਨਾ ਜੁਗਤਿ ਉਚਰਿਕੈ। ਸਮਝਾਵਤਿ ਕਾਲੂ ਹਿਤ ਕਰਿਕੈ।
'ਰਾਵਰ ਭਾਖਤਿ ਬਚਨ ਜਥਾ ਜੀ। ਭਲੀ ਬਾਤ ਪਿਤ ! ਕਰੌਂ ਤਥਾ ਜੀ'॥ ੨੩॥

ਇਸ ਤਰ੍ਹਾਂ ਕਈ ਪ੍ਰਕਾਰ ਦੀਆਂ ਜੁਗਤੀਆਂ ਦੱਸ ਕੇ, ਮਹਿਤਾ ਕਾਲੂ ਜੀ ਬੜੇ ਪਿਆਰ ਨਾਲ ਸਮਝਾਉਂਦੇ ਹਨ। ਫਿਰ ਗੁਰੂ ਜੀ ਕੁਝ ਬਚਨ ਉਚਾਰਦੇ ਹਨ "ਬਹੁਤ ਚੰਗੀ ਗੱਲ ਹੈ ਪਿਤਾ ਜੀ, ਮੈਂ ਇਸ ਤਰ੍ਹਾਂ ਹੀ ਕਰਾਂਗਾ"॥ ੨੩॥

ਅਸ ਕਹਿ ਕੀਨੀ ਪੁਨਿ ਪਦ ਬੰਦਨ। ਗਮਨੇ ਮਾਰਗ ਦੋਖ ਨਿਕੰਦਨ।
ਬੰਦ ਸੁਲਖਨੀ ਸਾਸੁ ਚਰਨਾ। ਮਿਲਤਿ ਸਨੇਹ ਸੰਗ ਕਰਿ ਕਰੁਨਾ॥ ੨੪॥

ਇਹ ਕਹਿ ਕੇ ਫਿਰ ਚਰਨਾਂ ਤੇ ਬੰਦਨਾ ਕੀਤੀ ਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਆਪਣੇ ਰਸਤੇ ਪੈ ਗਏ। ਨੂੰਹ ਸੁਲੱਖਣੀ ਨੇ ਆਪਣੀ ਸੱਸ ਦੇ ਚਰਨਾਂ ਤੇ ਬੰਦਨਾ ਕੀਤੀ। ਸੱਸ ਕਿਰਪਾ ਕਰਕੇ ਬੜੇ ਪਿਆਰ ਨਾਲ ਮਿਲੀ॥ ੨੪॥

ਦਈ ਆਸ਼ਿਖਾ ਚਿਤ ਹਿਤਕਾਰੀ। 'ਸਦਾ ਸੁਹਾਗ ਸਹਿਤ ਸੁਖ ਭਾਰੀ।
ਭਾਗਵਾਨ ਸੁਤ ਕੀ ਹ੍ਵੈਂ ਮਾਤਾ। ਪਤਿ ਕੀ ਪ੍ਰੀਤਿ ਰਹੈ ਸਭਿ ਭਾਂਤਾ॥੨੫॥

ਬੜੇ ਪਿਆਰ ਨਾਲ ਅਸੀਸਾਂ ਦਿੱਤੀਆਂ, "ਸਦਾ ਸੁਹਾਗਣ ਰਹੋ ਅਤੇ ਵੱਡਾ ਸੁਖ ਪ੍ਰਾਪਤ ਕਰੋ। ਮੈਂ ਭਾਗਵਾਨ ਪੁੱਤਰ ਦੀ ਮਾਤਾ ਹਾਂ, ਪਤੀ ਦੀ ਪ੍ਰੀਤ ਸਦਾ ਤੇਰੇ ਮਨ ਵਿਚ ਹਰ ਭਾਂਤ ਵੱਸਦੀ ਰਹੇ"॥ ੨੫॥

ਚਢਿ ਡੋਰੇ ਗਮਿਨੀ ਮਗ ਮਾਂਹੀ। ਦੁਹਦਿਸ਼ ਬਿਛੁਰਨ ਜਿਨ ਹਿਤ ਨਾਂਹੀ।
ਕ੍ਰਮ ਕ੍ਰਮ ਪਹੁੰਚੇ ਪੁਰਿ ਸੁਲਤਾਨਾ। ਦੀਨ ਦਾਨ ਦਾ ਦਯਾ ਨਿਧਾਨਾ॥੨੬॥

ਫਿਰ ਡੋਲੇ ਵਿਚ ਬੈਠ ਕੇ ਪਤੀ ਦੇ ਨਾਲ ਚਲੀ ਗਈ। ਪਤੀ ਨਾਲੋਂ ਵਿਛੜਨਾ ਜਿਸ ਦੇ ਹਿਤ ਵਿਚ ਨਹੀਂ ਹੈ। ਹੌਲੀ ਹੌਲੀ ਸੁਲਤਾਨਪੁਰ ਪਹੁੰਚ ਗਏ। ਗਰੀਬਾਂ ਨੂੰ ਦਾਨ ਦੇਣ ਵਾਲਾ ਜਿਹੜਾ ਵੱਡਾ ਖਜ਼ਾਨਾ ਹੈ॥ ੨੬॥

ਚੌਪਈ- ਧਾਂਮ ਜਰਾਮ ਨਾਨਕੀ ਦੋਊ। ਬਦਨ ਬਿਲੋਕਤਿ ਹਰਖੇ ਸੋਊ।
ਸਾਦਰ ਦੋਰ ਕਰੀ ਪਦ ਬੰਦਨ। ਕਰ ਪਕਰੇ ਯੁਗ ਦੋਖ ਨਿਕੰਦਨ॥੨੭॥

ਜੈ ਰਾਮ ਤੇ ਬੇਬੇ ਨਾਨਕੀ ਦੇ ਘਰ ਪਹੁੰਚ ਗਏ ਤਾਂ ਦੋਵੇਂ ਗੁਰੂ ਜੀ ਦਾ ਸੁੰਦਰ ਚਿਹਰਾ ਵੇਖ ਕੇ ਬਹੁਤ ਖੁਸ਼ ਹੋਏ। ਆਦਰ ਕਰਨ ਲਈ ਚਰਨਾਂ ਤੇ ਬੰਦਨਾਂ ਕਰਨ ਲੱਗੇ, ਪਰ ਦੁੱਖਾਂ ਦਾ ਨਾਸ਼ ਕਰਨ ਵਾਲੇ ਨੇ ਦੋਵੇਂ ਹੱਥ ਫੜ ਲਏ॥ ੨੭॥

ਕੁਸ਼ਲ ਪ੍ਰਸ਼ਨ ਕਰਿ ਮੰਚ ਪਰ ਬੈਸੇ। ਦਿਯੋ ਸੁਸਾ ਸੋਂ ਨੈਹਰ ਸੰਦੇਸੇ।
ਬਹੁਰ ਸੁਲਖਨੀ ਪ੍ਰਵਿਸ਼ੀ ਸਦਨਾ। ਬਿਗਸਜੋ ਕਮਲ ਨਾਨਕੀ ਬਦਨਾ॥੨੮॥

ਸੁਖ ਸਾਂਦ ਪੁਛ ਕੇ ਪਲੰਘ ਤੇ ਬੈਠ ਗਏ। ਬੇਬੇ ਨਾਨਕੀ ਜੀ ਨੂੰ ਪੇਕਿਆਂ ਦੇ ਸੁਨੇਹੇ ਦਿੱਤੇ ਗਏ। ਫਿਰ ਮਾਤਾ ਸੁਲੱਖਣੀ ਵੀ ਘਰ ਦੇ ਅੰਦਰ ਆ ਗਈ। ਉਸ ਨੂੰ ਵੇਖ ਕੇ ਨਾਨਕੀ ਦੇ ਮੁਖੜੇ ਦਾ ਕੰਵਲ ਖਿੜ ਉਠਿਆ॥ ੨੮॥

ਬੰਦਨ ਕਰਤਿ ਲੀਨ ਗਰ ਲਾਈ। ਜਨਮ ਰੰਕ ਜਜੋਂ ਨਵਨਿਧਿ ਪਾਈ।
ਪੀੜ੍ਹਾ ਸੁੰਦਰ ਸਦਨ ਡਸਾਵਾ। ਤਾਂ ਪਰ ਕਲਪਾ ਰੁਚਿਰ ਬਸਾਵਾ॥੨੯॥

ਜਦ ਮਾਤਾ ਸੁਲੱਖਣੀ ਜੀ ਨੇ ਬੰਦਨਾਂ ਕੀਤੀ ਤਾਂ ਬੇਬੇ ਨਾਨਕੀ ਨੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ, ਜਿਵੇਂ ਕਿਸੇ ਜਨਮ ਦੇ ਕੰਗਾਲ ਨੇ ਨੌ ਨਿਧਾਂ ਪਾ ਲਈਆਂ ਹੋਣ। ਸੁੰਦਰ ਪੀੜ੍ਹਾ ਡਾਹਿਆ ਗਿਆ, ਉਸ ਉਤੇ ਮਾਤਾ ਸੁਲੱਖਣੀ ਜੀ ਨੂੰ ਚੰਗੀ ਤਰ੍ਹਾਂ ਬਿਠਾਇਆ ਗਿਆ॥ ੨੯॥

ਸੁਨਿਯੈ ਸ੍ਰੀ ਅੰਗਦ! ਕਹਿ ਬਾਲਾ। ਹੌਂ ਸੁਨਿ ਸੁਧਿ ਆਪਨ ਤਤਕਾਲਾ।
ਗਮਨਜੋ ਜਹਿਂ ਬੈਸੇ ਗਤਿ ਦਾਈ। ਦਰਸ ਰਿਦੇ ਲਾਲਸ ਅਧਿਕਾਈ॥੩੦॥

ਫਿਰ ਭਾਈ ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ ਸੁਣੋ! ਮੈਨੂੰ ਜਦ ਹੱਟੀ ਤੇ ਇਹ ਖਬਰ ਮਿਲੀ ਤਾਂ ਮੈਂ ਤੁਰੰਤ ਉਥੇ ਪਹੁੰਚਿਆ ਜਿਥੇ ਮੁਕਤੀਦਾਤੇ ਬੈਠੇ ਹੋਏ ਸਨ। ਮੇਰੇ ਹਿਰਦੇ ਵਿਚ ਦਰਸ਼ਨਾਂ ਦੀ ਬਹੁਤ ਤਾਂਘ ਸੀ॥ ੩੦॥

ਜਬਹਿ ਬਿਲੋਕੇ ਬੇਦੀ ਨੰਦਨ। ਪਦ ਅਰਬਿੰਦਹਿ ਕੀਨੀ ਬੰਦਨ।
'ਚਿਤ ਕਰਤਾਰ ਰਹੈ' ਕਹਿ ਬਾਨੀ। ਕੁਸ਼ਲ ਬੂਝਿ ਬਹੁ ਕਰੁਨਾ ਠਾਨੀ॥੩੧॥

ਜਦ ਮੈਂ ਬੇਦੀ ਪੁੱਤਰ ਨੂੰ ਵੇਖਿਆ ਤਾਂ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਉਨ੍ਹਾਂ ਨੇ ਅਗੋਂ ਕਿਹਾ, "ਸਦਾ ਕਰਤਾਰ ਤੇਰੇ ਮਨ ਵਿਚ ਵੱਸਦਾ ਰਹੇ", ਫਿਰ ਹਾਲ-ਚਾਲ ਪੁੱਛ ਕੇ ਬਹੁਤ ਪਿਆਰ ਦਿੱਤਾ॥ ੩੧॥

ਹੌਂ ਬੋਲਜੋ 'ਨਿਤ ਕੁਸ਼ਲਹਿ ਮੇਰੇ। ਕਰੇ ਨਿਕੰਦਨ ਦੁਖ ਇਕ ਵੇਰੇ।
ਧਜਾਨ ਤੁਮਾਰੋ ਰਿਦੇ ਬਸਾਵਾ। ਤੀਨ ਤਾਪ ਤਨ ਛੁਹਨ ਨ ਪਾਵਾ ॥ ੩੨ ॥

ਮੈਂ ਕਿਹਾ, "ਮੈਂ ਸਦਾ ਹੀ ਠੀਕ-ਠਾਕ ਰਹਿੰਦਾ ਹਾਂ, ਕਿਉਂਕਿ ਆਪ ਜੀ ਨੇ ਇਕੋ ਵਾਰ ਮੇਰੇ ਸਾਰੇ ਦੁੱਖਾਂ ਦਾ ਨਾਸ਼ ਕਰ ਦਿੱਤਾ ਹੈ। ਹਿਰਦੇ ਵਿਚ ਹਰ ਸਮੇਂ ਤੁਹਾਡਾ ਧਿਆਨ ਹੀ ਵਸਾਇਆ ਹੈ। ਤਿੰਨ ਪ੍ਰਕਾਰ ਦੇ ਜਿਹੜੇ ਸੰਤਾਪ ਹਨ, ਉਹ ਮੇਰੇ ਸਰੀਰ ਨੂੰ ਛੂਹ ਨਹੀ ਸਕਦੇ॥ ੩੨ ॥

ਨੋਟ:- ਤਿੰਨ ਬਿਮਾਰੀਆਂ ਹਨ:- ੧. ਆਧਿ- ਮਨ ਦੇ ਜਾਂ ਅਧਿਆਤਮਕ ਰੋਗ।
੨. ਬਿਆਧਿ- ਸਰੀਰ ਦੇ ਰੋਗ।
੩. ਉਪਾਧਿ- ਭਰਮ ਭੁਲੇਖੇ ਦੇ ਰੋਗ।

ਚੌਪਈ- ਪ੍ਰੇਮੀ ਹੁਤੇ ਨਗਰ ਕੇ ਜੇਈ। ਦਰਸ਼ਨ ਕਰਨ ਅਏ ਸਭਿ ਤੇਈ।
ਬੰਦਹਿਂ ਪਦ ਅਰਬਿੰਦ ਮੁਕੰਦਾ। ਸਨਮਾਨਹਿਂ ਸਭਿ ਕੋ ਸੁਖਕੰਦਾ॥ ੩੩ ॥

ਨਗਰ ਵਿਚ ਜਿੰਨੇ ਵੀ ਉਨ੍ਹਾਂ ਦੇ ਪ੍ਰੇਮੀ ਸਨ, ਸਾਰੇ ਦਰਸ਼ਨ ਕਰਨ ਵਾਸਤੇ ਆਉਣ ਲੱਗੇ। ਉਹ ਹੱਥ ਜੋੜ ਕੇ ਮੁਕਤੀਦਾਤੇ ਦੇ ਚਰਨਾਂ ਤੇ ਢਹਿ ਪੈਂਦੇ ਸਨ। ਦੁੱਖਾਂ ਦੇ ਨਾਸ਼ ਕਰਨ ਵਾਲੇ ਸਭ ਦਾ ਸਨਮਾਨ ਕਰਦੇ ਸਨ॥ ੩੩ ॥

ਅਸ ਬਿਧਿ ਬਾਸੁਰ ਸਰਬ ਬਿਤਾਵਾ। ਭਈ ਪ੍ਰਦੋਖ ਤਿਮਰ ਨਭ ਛਾਵਾ।
ਨਾਨਾ ਰਸ ਬਿੰਜਨ ਕਰਿਵਾਏ। ਨਿਕਟ ਨਾਨਕੀ ਬੈਸ ਜਿਵਾਏ॥ ੩੪ ॥

ਇਸ ਤਰ੍ਹਾਂ ਸਾਰਾ ਦਿਨ ਬਤੀਤ ਹੋ ਗਿਆ। ਸ਼ਾਮ ਹੋ ਗਈ, ਤੇ ਸਾਰੇ ਅਕਾਸ਼ ਤੇ ਹਨੇਰਾ ਛਾ ਗਿਆ। ਘਰ ਵਿਚ ਕਈ ਪ੍ਰਕਾਰ ਦੇ ਭੋਜਨ ਤਿਆਰ ਹੋਏ ਸਨ। ਬੇਬੇ ਨਾਨਕੀ ਦੇ ਨੇੜੇ ਬੈਠ ਕੇ ਸਾਰੇ ਭੋਜਨ ਛਕੇ ਤੇ ਛਕਾਏ॥ ੩੪ ॥

ਰੈਨ ਵਿਖੈ ਸੈਨੰ ਪੁਨਿ ਕੀਨੀ। ਬਹੁ ਕਿੰਕਰ ਕੋ ਜਿਨ ਗਤਿ ਦੀਨੀ।
ਸਵਾ ਜਾਮ ਨਿਸ ਤਜੀ ਗੁੜਾਕਾ। ਉਠੇ ਸ਼ਾਂਤਿਦਾ ਦਰਸ਼ਨ ਜਾਂਕਾ॥ ੩੫ ॥

ਰਾਤ ਨੂੰ ਫਿਰ ਸੌਂ ਗਏ, ਜਿਨ੍ਹਾਂ ਨੇ ਬਹੁਤ ਪ੍ਰਾਣੀਆਂ ਨੂੰ ਮੁਕਤੀ ਦਿੱਤੀ ਸੀ। ਸਵਾ ਪਹਿਰ ਰਾਤ ਰਹੀ ਤਾਂ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ, ਜਾਗ ਪਏ॥ ੩੫ ॥

ਸਭਿਹਿ ਸੋਚ ਸੌਂ ਕੀਨਿ ਸ਼ਨਾਨਾ। ਆਸਨ ਕਰਿ ਬੈਸੇ ਨਿਜ ਧਜਾਨਾ।
ਤਿਮਰ ਨਸੇ ਹੋਈ ਜਬ ਭੋਰਾ। ਗਵਨੇ ਬਹੁਰ ਨਿਖੱਦਜਾ ਓਰਾ॥ ੩੬ ॥

ਫਿਰ ਉਨ੍ਹਾਂ ਚੰਗੀ ਤਰ੍ਹਾਂ ਇਸ਼ਨਾਨ ਕੀਤੇ ਤੇ ਆਸਣ ਬਣਾ ਕੇ ਪ੍ਰਭੂ ਦੇ ਸਿਮਰਨ ਵਿਚ ਧਿਆਨ ਲਾ ਕੇ ਬੈਠ ਗਏ। ਜਦ ਹਨੇਰਾ ਹਟਿਆ ਤੇ ਸਵੇਰ ਹੋ ਗਈ ਤਾਂ ਉਠ ਕੇ ਹੱਟੀ ਤੇ ਚਲੇ ਗਏ॥ ੩੬ ॥

ਕਰਨੇ ਲਗੇ ਬੈਸ ਕ੍ਰਿਤ ਮੋਦੀ। ਲੇਨਿ ਦੇਨਿ ਕੇ ਜਜੌਂ ਨ੍ਰਿਪ ਲੋਦੀ।
ਕਰਤਿ ਕਿਤਕ ਜਬ ਕਾਲ ਬਿਤਾਵਾ। ਲੇਨਿ ਸੁਤਾ ਨਿਜ ਮੂਲਾ ਆਵਾ॥ ੩੭ ॥

ਫਿਰ ਬੈਠ ਕੇ ਮੋਦੀ ਦਾ ਕੰਮ ਕਰਨ ਲੱਗੇ। ਜਿਵੇਂ ਨਵਾਬ ਲੋਧੀ ਨਾਲ ਲੈਣ-ਦੇਣ ਕਰਨਾ ਸੀ। ਇਹ ਕਾਰ ਕਰਦਿਆਂ ਜਦ ਬਹੁਤ ਸਮਾਂ ਬੀਤ ਗਿਆ ਤਾਂ ਆਪਣੀ ਪੁੱਤਰੀ ਸੁਲੱਖਣੀ ਨੂੰ ਲੈਣ ਵਾਸਤੇ ਉਸ ਦੇ ਪਿਤਾ ਜੀ ਮੂਲ ਚੰਦ ਆਏ॥ ੩੭ ॥

ਦੋਹਰਾ- ਦੋਇ ਦਿਵਸ ਰਹਿ ਕਰਿ ਨਗਰਿ ਲੇ ਤਨੀਆ ਨਿਜ ਸੰਗ।
ਕ੍ਰਮ ਕ੍ਰਮ ਪਹੁੰਚਜੋ ਸਦਨ ਕੋ ਮੂਲਾ ਹੋਇ ਉਮੰਗ॥ ੩੮ ॥

ਦੋ ਦਿਨ ਸੁਲਤਾਨਪੁਰ ਨਗਰ ਵਿਚ ਰਹਿ ਕੇ ਫਿਰ ਮੂਲ ਚੰਦ ਆਪਣੀ ਪੁੱਤਰੀ ਨੂੰ ਨਾਲ ਲੈ ਕੇ ਹੌਲੀ-ਹੌਲੀ ਚਲ ਕੇ ਆਪਣੇ ਘਰ ਪਹੁੰਚ ਕੇ ਬਹੁਤ ਖੁਸ਼ ਹੋਇਆ॥ ੩੮॥

ਪੂਰਬ ਉਰ ਉਦਾਰਤਾ ਜੈਸੀ। ਕਰਹਿਂ ਬਹੁਰ ਸੁਖਸਾਗਰ ਤੈਸੀ।
ਜਿਉਂ ਸੁਰਸਰਿ ਗਤਿ ਪ੍ਰਾਚੀ ਗਵਨੀ। ਕਬਹਿ ਨ ਬਿਹਰਹਿ ਪਸ਼ਚਮ ਅਵਨੀ॥ ੩੯॥

ਗੁਰੂ ਜੀ ਜਿਵੇਂ ਪਹਿਲਾਂ ਬੜੀ ਉਦਾਰਤਾ ਨਾਲ ਗਰੀਬਾਂ ਨੂੰ ਦਾਨ ਕਰਦੇ ਸਨ, ਉਸ ਤਰ੍ਹਾਂ ਹੀ ਹੁਣ ਸੁਖ ਦੇ ਸਾਗਰ ਕਰੀ ਜਾ ਰਹੇ ਸਨ। ਜਿਵੇਂ ਗੰਗਾ ਨਦੀ ਹਮੇਸ਼ਾਂ ਪੂਰਬ ਵੱਲ ਹੀ ਵਹਿੰਦੀ ਹੈ ਅਤੇ ਕਦੀ ਪੱਛਮ ਵਲ ਨਹੀ ਜਾਂਦੀ॥ ੩੯॥

ਦੋਹਰਾ- ਜਿਉਂ ਸੂਰਜ ਕੋ ਧਰਮ ਸੁਹਾਵਨ। ਸਦਾ ਤਿਮਰ ਕੋ ਕਰਹਿ ਨਸਾਵਨ।
ਤਿਉਂ ਰੰਕਨ ਕੋ ਕਸ਼ਟ ਨਿਵਾਰਨ। ਕਰਹਿਂ ਸਦਾ ਜੋ ਦਾਸ ਉਬਾਰਨ॥ ੪੦॥

ਜਿਵੇਂ ਸੂਰਜ ਦਾ ਇਹ ਸੁਹਾਵਣਾ ਧਰਮ ਹੈ ਕਿ ਉਹ ਸਦਾ ਹਨੇਰੇ ਨੂੰ ਭਜਾਉਂਦਾ ਹੈ, ਇਸ ਤਰ੍ਹਾਂ ਹੀ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਕਿ ਸੇਵਕ ਕਹਿੰਦੇ ਹਨ॥ ੪੦॥

ਜਿਉਂ ਸੁਰਤਰੁ ਕੋ ਸੁਭਗ ਸੁਭਾਊ। ਜਾਚੇ ਛੂਛਾ ਛੋਰਿ ਨ ਕਾਊ।
ਤਿਉਂ ਜੋ ਕਰਹਿਂ ਅਰਥਨਾ ਰੰਕਾ। ਦੇਹਿਂ ਸਭਿਨਿ ਕੋ ਬਦਨ ਮਯੰਕਾ॥ ੪੧॥

ਜਿਵੇਂ ਕਲਪ ਬ੍ਰਿਛ ਦਾ ਇਹ ਸੁਭਾਵ ਹੈ ਕਿ ਉਹ ਮੂੰਹ-ਮੰਗੀ ਮੁਰਾਦ ਦਿੰਦਾ ਹੈ ਅਤੇ ਮੰਗਣ ਵਾਲੇ ਨੂੰ ਕਦੇ ਵੀ ਖਾਲੀ ਨਹੀ ਜਾਣ ਦਿੰਦਾ। ਇਸ ਤਰ੍ਹਾਂ ਹੀ ਜਿਵੇਂ ਅਤੇ ਜੋ ਕੁਝ ਲੋਕ ਮੰਗਦੇ ਹਨ, ਚੰਦ੍ਰਮਾਂ ਵਰਗੇ ਮੁਖ ਵਾਲੇ ਗੁਰੂ ਜੀ ਸਭ ਨੂੰ ਦਿੰਦੇ ਹਨ॥ ੪੧॥

ਦੌਲਤਖਾਨ ਖਰਚ ਤਿਹ ਥੋਰਾ। ਹੋਤਿ ਖਿਸਾਲਾ ਰੰਕਨ ਓਰਾ।
ਸਰਬ ਦਿਵਸ ਮਹਿਂ ਅਪਰ ਨ ਕਾਰਾ। ਬੀਤਹਿ ਦੇਤੇ ਦਾਨ ਉਦਾਰਾ॥ ੪੨॥

ਦੌਲਤ ਖਾਂ ਨੂੰ ਉਹ ਖਰਚਾ ਥੋੜਾ ਦਿੰਦੇ ਹਨ, ਪਰ ਲੋਕਾਂ ਨੂੰ ਉਹ ਬਹੁਤ ਕੁਝ ਦਿੰਦੇ ਹਨ। ਸਾਰਾ ਦਿਨ ਉਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ, ਅਤੇ ਸਾਰਾ ਦਿਨ ਦਾਨ ਦਿੰਦਿਆਂ ਹੀ ਲੰਘ ਜਾਂਦਾ ਹੈ॥ ੪੨॥

ਦੋਹਰਾ- ਮਨਹੁ ਪੁੰਨ ਤਨ ਧਾਰਿ ਨਿਜ ਕੀਨੀ ਆਨਿ ਦੁਕਾਨ।
ਦਾਰਿਦ ਛੁਧਾ ਜੁ ਨਗਨਤਾ ਤਜਿਗੇ ਪੁਰਿ ਸੁਲਤਾਨ॥ ੪੩॥

ਉਨ੍ਹਾਂ ਨੇ ਮਨ ਵਿਚ ਧਾਰ ਕੇ ਆਪ ਆ ਕੇ ਇਥੇ ਦੁਕਾਨ ਕੀਤੀ ਸੀ। ਗਰੀਬੀ, ਦਲਿਦਰ ਅਤੇ ਨੰਗਨਤਾ, ਸੁਲਤਾਨਪੁਰ ਨਗਰ ਛੱਡ ਕੇ ਚਲੇ ਗਈ॥ ੪੩॥

ਚੌਪਈ- ਬਿਸਮਹਿ ਨਗਰ ਵਿਖੈ ਨਰ ਨਾਰੀ। ਮਨ ਅਨੁਮਾਨਤਿ ਮਤਿ ਜਿਨ ਹਾਰੀ।
ਕੇਊ ਲਖਹਿਂ ਰਸਾਇਨ ਕਰਿਹੀਂ। 'ਧਰਮ ਬਧਾਵਹਿ' ਕੋਇ ਉਚਰਿਹੀ॥ ੪੪॥

ਸਾਰੇ ਨਗਰ ਦੇ ਨਰ-ਨਾਰੀ ਬਹੁਤ ਹੈਰਾਨ ਹਨ। ਉਹ ਸਾਰੇ ਹੀ ਆਪਣਾ-ਆਪਣਾ ਅਨੁਮਾਨ ਲਾਉਂਦੇ ਸਨ। ਕੋਈ ਕਹਿੰਦਾ ਸੀ ਕਿ ਇਨ੍ਹਾਂ ਦੇ ਪਾਸ ਕੋਈ ਰਸਾਇਣ ਹੈ ਅਤੇ ਕੋਈ ਕਹਿੰਦਾ ਸੀ ਕਿ ਧਰਮ ਕਰਕੇ ਕਿਰਤ ਵਿਚ ਵਾਧਾ ਪੈਂਦਾ ਹੈ॥ ੪੪॥

ਕੋਇਕ ਕਲਾਵਾਨ ਅਨੁਮਾਨਹਿ। ਕੋ ਪਾਰਸ ਕੋ ਪਾਸ ਪਛਾਨਹਿ।
ਕੋ ਕਹਿ 'ਕਹਿ ਬਰ ਦੀਨੋ ਦੇਵਾ'। ਕੋ ਜਾਨਹਿ ਕਿਛ ਤੰਤ੍ਰਨਿ ਸੇਵਾ॥ ੪੫॥

ਕਈ ਕਲਾਵਾਨ ਸਿਆਣੇ ਇਹ ਅਨੁਮਾਨ ਲਾਉਂਦੇ ਸਨ ਕਿ ਗੁਰੂ ਜੀ ਪਾਸ ਪਾਰਸ ਹੈ ਜਿਸ ਨਾਲ ਇਹ ਲੋਹੇ ਨੂੰ ਵੀ

ਸੋਨਾ ਬਣਾ ਰਹੇ ਹਨ। ਕਈ ਕਹਿੰਦੇ ਸਨ ਕਿ ਇਸ ਨੂੰ ਦੇਵਤਿਆਂ ਦਾ ਵਰ ਹੈ ਅਤੇ ਕਈ ਕਹਿੰਦੇ ਸਨ ਕਿ ਇਹ ਤੰਤਰ-ਮੰਤਰ ਜਾਣਦੇ ਹਨ, ਜਿਹੜੇ ਇਨ੍ਹਾਂ ਦੀ ਸੇਵਾ ਕਰਦੇ ਹਨ॥ ੪੫॥

ਭਾਖਤਿ ਕੋਇ 'ਭਗਤ ਇਹ ਪੂਰਾ। ਸ੍ਰੀ ਹਰਿ ਕੋਸ਼ ਕਰੈ ਨਹਿਂ ਊਰਾ।
ਕੋਇ ਕਹੈ 'ਨਿਧਿ ਸਿਧਿ ਇਨ ਪਾਸੂ। ਦੇਤਿ ਦਾਨ ਦੀਨਨ ਕੋ ਆਸੂ' ॥੪੬॥

ਕਈ ਕਹਿੰਦੇ ਸਨ ਕਿ ਇਹ ਪੂਰਾ ਭਗਤ ਹੈ, ਪ੍ਰਭੂ ਆਪ ਹੀ ਖਜ਼ਾਨਾ ਘੱਟ ਨਹੀ ਹੋਣ ਦਿੰਦੇ। ਕਈ ਕਹਿੰਦੇ ਸਨ ਕਿ ਇਨ੍ਹਾਂ ਪਾਸ ਨਿਧੀਆਂ ਸਿਧੀਆਂ ਦਾ ਖਜ਼ਾਨਾ ਹੈ। ਇਸ ਕਰਕੇ ਇਹ ਗਰੀਬਾਂ ਨੂੰ ਖੁਲ੍ਹਾ ਦਾਨ ਦੇਈ ਜਾਂਦੇ ਹਨ॥ ੪੬॥

ਜਿਨ ਪਰ ਕਰੁਣਾ ਦ੍ਰਿਸ਼ਟਿ ਨਿਹਾਰੀ। ਰਿਦੇ ਅਵਿਦ੍ਯਾ ਦੂਰ ਬਿਦਾਰੀ।
ਸੋ ਜਾਨਹਿ 'ਪਰਮੇਸ਼ੁਰ ਆਪੂ। ਧਰਿ ਅਵਤਾਰ ਕਰਹਿਂ ਦੁਖ ਖਾਪੂ' ॥੪੭॥

ਜਿਸ ਵਲ ਵੀ ਪਿਆਰ ਭਰੀ ਦ੍ਰਿਸ਼ਟੀ ਨਾਲ ਵੇਖਦੇ ਹਨ ਉਸ ਦੇ ਹਿਰਦੇ ਦੀ ਸਾਰੀ ਮੂਰਖਤਾ ਦੂਰ ਹੋ ਜਾਂਦੀ ਹੈ। ਕਈ ਕਹਿੰਦੇ ਹਨ ਕਿ ਇਹ ਆਪ ਪ੍ਰਮੇਸ਼ੁਰ ਹਨ, ਜਿਹੜੇ ਅਵਤਾਰ ਧਾਰ ਕੇ ਲੋਕਾਂ ਦੇ ਦੁੱਖ ਦੂਰ ਕਰਨ ਆਏ ਹਨ॥ ੪੭॥

ਜੋ ਸ਼ਰਧਾ ਧਰਿ ਦਰਸ਼ਨ ਕਰਿਹੀਂ। ਮੋਹ ਜਨਤ ਸੰਸੈ ਸਭਿ ਹਰਿਹੀਂ।
ਜੇਕੋ ਸੀਖ ਆਨਿ ਕਰਿ ਲੇਈ। ਬਚਨ ਸੁਨਤਿ ਭ੍ਰਮ ਕੋ ਤਜਿ ਦੇਈ॥੪੮॥

ਜੋ ਸ਼ਰਧਾ ਧਾਰ ਕੇ ਦਰਸ਼ਨ ਕਰਦਾ ਹੈ ਉਸ ਦੇ ਮੋਹ ਤੋਂ ਪੈਦਾ ਹੋਏ ਸਾਰੇ ਸੰਕੇ ਅਤੇ ਡਰ ਦੂਰ ਹੋ ਜਾਂਦੇ ਹਨ। ਜੇ ਕੋਈ ਸ਼ਰਧਾ ਨਾਲ ਸਿਖਿਆ ਲੈਣ ਆਉਂਦਾ ਹੈ ਤਾਂ ਉਹ ਉਨ੍ਹਾਂ ਦੇ ਬਚਨ ਸੁਣ ਕੇ ਸਾਰੇ ਭਰਮ ਭੁਲੇਖੇ ਛੱਡ ਦਿੰਦਾ ਹੈ॥ ੪੮॥

ਅਸ ਪ੍ਰਕਾਰ ਬੀਤਾ ਇਕ ਮਾਸਾ। ਜਾਚਕ ਮੋਰਹਿਂ ਕੋ ਨ ਨਿਰਾਸਾ।
ਰਿਦੇ ਨਾਨਕੀ ਕੀਨਿ ਵਿਚਾਰਾ। ਭ੍ਰਾਤ ਭਾਰਜਾ ਆਇ ਅਗਾਰਾ॥ ੪੯॥

ਇਸ ਪ੍ਰਕਾਰ ਇਕ ਮਹੀਨਾ ਬੀਤ ਗਿਆ। ਕਿਸੇ ਮੰਗਤੇ ਨੂੰ ਵੀ ਨਿਰਾਸ ਵਾਪਿਸ ਨਹੀ ਸਨ ਮੋੜਦੇ। ਇਕ ਦਿਨ ਬੇਬੇ ਨਾਨਕੀ ਨੇ ਆਪਣੇ ਮਨ ਵਿਚ ਵਿਚਾਰ ਕੀਤਾ ਕਿ ਭਰਜਾਈ ਨੂੰ ਘਰ ਲਿਆਂਦਾ ਜਾਵੇ॥ ੪੯॥

ਸਭੈ ਸੰਭਾਰਨ ਸਾਂਭੈ ਸੋਊ। ਤਿਹ ਬਿਨ ਘਰ ਕੀ ਰੀਤਿ ਨ ਕੋਊ।
ਯਾ ਬਿਧਿ ਕਰਿ ਉਰਕੀ ਅਭਿਲਾਖਾ। ਪਤਿ ਕੇ ਨਿਕਟਿ ਬਚਨ ਪੁਨਿ ਭਾਖਾ॥੫੦॥

ਘਰ ਦਾ ਸਾਰਾ ਕੰਮ-ਕਾਜ ਉਹ ਸੰਭਾਲੇ। ਉਸ ਦੇ ਬਗੈਰ ਤਾਂ ਘਰ ਦੀ ਕੋਈ ਰੀਤੀ ਨਹੀਂ ਹੈ। ਇਹ ਵਿਚਾਰ ਕਰਕੇ ਉਸ ਨੇ ਆਪਣੇ ਪਤੀ ਪਾਸ ਇਹ ਬਚਨ ਕਹੇ॥ ੫੦॥

'ਨੇਗਿ ਯੋਗ ਕੋ ਦੇਹੁ ਪਠਾਈ। ਭ੍ਰਾਤ ਭਾਰਜਾ ਲੇਹੁ ਮੰਗਾਈ'।
ਸੁਨਿ ਜਰਾਮ ਤਬ ਮਨੁਜ ਬੁਲਾਏ। ਭਲੀ ਰੀਤਿ ਸੋ ਤਹਿਂ ਪਧਰਾਏ॥੫੧॥

"ਕਿਸੇ ਅਕਲਮੰਦ ਲਾਗੀ ਨੂੰ ਭੇਜ ਕੇ ਭਰਜਾਈ ਨੂੰ ਮੰਗਵਾ ਲਵੋ। ਇਹ ਸੁਣ ਕੇ ਜੈ ਰਾਮ ਨੇ ਕੁਝ ਮਨੁੱਖ ਬੁਲਾਏ ਤੇ ਚੰਗੀ ਰੀਤੀ ਅਨੁਸਾਰ ਉਨ੍ਹਾਂ ਨੂੰ ਮਾਤਾ ਸੁਲੱਖਣੀ ਜੀ ਨੂੰ ਲੈਣ ਵਾਸਤੇ ਭੇਜਿਆ॥ ੫੧॥

ਮੂਲਚੰਦ ਕੋ ਸਦਨ ਸੁਹਾਵਾ। ਪਹੁੰਚੇ ਜਾਇ ਸੰਦੇਸ਼ ਸੁਨਾਵਾ।
ਕਰਿ ਵਿਚਾਰ ਤਬ ਚੰਦੋ ਭਾਗੀ। ਸੁਤਾ ਸਨੇਹ ਵਿਖੈ ਅਨੁਰਾਗੀ॥ ੫੨॥

ਮੂਲ ਚੰਦ ਦੇ ਸੁੰਦਰ ਘਰ ਪਹੁੰਚ ਕੇ ਉਨ੍ਹਾਂ ਉਸ ਨੂੰ ਜੈ ਰਾਮ ਦਾ ਸੰਦੇਸ਼ ਸੁਣਾਇਆ। ਵਿਚਾਰ ਕਰਕੇ ਫਿਰ ਮੂਲ ਚੰਦ ਦੀ ਸੁਪਤਨੀ ਚੰਦੋ ਭੱਜੀ-ਭੱਜੀ ਮਾਤਾ ਸੁਲੱਖਣੀ ਪਾਸ ਗਈ ਅਤੇ ਆਪਣੀ ਪੁੱਤਰੀ ਦੇ ਮੋਹ ਵਿਚ ਵਿਆਕੁਲ ਹੋ ਗਈ॥ ੫੨॥

ਵਡਭਾਗਨਿ ਕੀ ਕੀਨੀ ਤਯਾਰੀ। ਦੀਨੀ ਸੰਗਿ ਸੇਜ ਤਿਨ ਭਾਰੀ।

ਦੇਵੀ ਰੂਪ ਸੁਲਖਨੀ ਨਾਮਾ। ਚਢਿ ਡੋਰੇ ਗਮਨੀ ਅਭਿਰਾਮਾ॥ ੫੩॥

ਵੱਡੇ ਭਾਗਾਂ ਵਾਲੀ ਸੁਲੱਖਣੀ ਨੂੰ ਤਿਆਰ ਕੀਤਾ ਤੇ ਕਈ ਪ੍ਰਕਾਰ ਦੇ ਪਦਾਰਥ ਅਤੇ ਕਪੜੇ ਉਸ ਨੂੰ ਨਾਲ ਲੈ ਜਾਣ ਵਾਸਤੇ ਦਿੱਤੇ। ਫਿਰ ਦੇਵੀ ਰੂਪ ਸੁਲੱਖਣੀ ਮਾਤਾ ਜੀ ਡੋਲੇ ਵਿਚ ਚੜ੍ਹ ਕੇ ਚਲੇ ਗਏ॥ ੫੩॥

ਦਾਸੀ ਸੰਗਿ ਲਏ ਪੁਰਿ ਆਈ। ਚਰਨ ਨਾਨਕੀ ਕੇ ਲਪਟਾਈ।
ਦੀਨ ਆਸ਼ਿਖਾ ਕਰਿ ਸਨਮਾਨਾ। ਸਦਨ ਬਸਾਈ ਜੋ ਸੁਭ ਥਾਨਾ॥੫੪॥

ਮਾਤਾ ਸੁਲੱਖਣੀ ਜੀ ਦਾਸੀਆਂ ਨੂੰ ਨਾਲ ਲੈ ਕੇ ਸੁਲਤਾਨਪੁਰ ਪਹੁੰਚ ਗਈ ਤੇ ਆ ਕੇ ਬੇਬੇ ਨਾਨਕੀ ਦੇ ਚਰਨ ਛੂਹੇ। ਬੇਬੇ ਨਾਨਕੀ ਨੇ ਅਸੀਸ ਦੇ ਕੇ ਬਹੁਤ ਆਦਰ ਕੀਤਾ ਅਤੇ ਘਰ ਵਿਚ ਸ਼ੁਭ ਅਸਥਾਨ ਤੇ ਬਿਠਾ ਦਿੱਤਾ॥ ੫੪॥

ਕੇਤਿਕ ਦਿਵਸ ਬਿਤਾਏ ਤਹਿੰਵਾ। ਹੁਤੋ ਨਿਕੇਤ ਨਾਨਕੀ ਜਹਿੰਵਾ।
ਬਹੁਰ ਨਿਰਾਰਾ ਹਰਮ ਬਨਾਵਾ। ਸਰਬ ਰੁਤਿਨ ਮਹਿੰ ਸੁਭਗ ਸੁਹਾਵਾ॥੫੫॥

ਓਥੇ ਕਈ ਦਿਨ ਬਿਤਾਏ, ਜਿਹੜਾ ਕਿ ਬੇਬੇ ਨਾਨਕੀ ਦਾ ਘਰ ਸੀ। ਫਿਰ ਇਕ ਵੱਖਰਾ ਜਨਾਨਾ ਘਰ ਬਣਾਇਆ ਗਿਆ ਜਿਹੜਾ ਕਿ ਸਾਰੀਆਂ ਰੁੱਤਾਂ ਵਿਚ ਚੰਗਾ ਰਹਿੰਦਾ ਸੀ॥ ੫੫॥

ਭਾਜਨ ਆਦਿ ਸੌਜ ਜੋ ਚਹੀਆ। ਸਭਿ ਅਨਵਾਇ ਧਰੀ ਘਰ ਮਹੀਆ।
ਸਰਪੀ ਸਿਤਾ ਅੰਨ ਜੋ ਨੀਕੇ। ਆਨਿ ਧਰੇ ਸਭਿ ਭਾਵਤਿ ਜੀਕੇ॥੫੬॥

ਭਾਂਡੇ ਅਤੇ ਹੋਰ ਸਾਮਾਨ ਜੋ ਚਾਹੀਦਾ ਸੀ ਸਭ ਕੁਝ ਲਿਆ ਕੇ ਉਸ ਦੇ ਨਵੇਂ ਘਰ ਵਿਚ ਰੱਖ ਦਿੱਤਾ। ਘਿਉ, ਖੰਡ ਅਤੇ ਅੰਨਦਾਣਾ ਜੋ ਚਾਹੀਦਾ ਸੀ॥ ੫੬॥

ਦੋਹਰਾ- ਕੰਚਨ ਭੂਖਨ ਨਗ ਜਟੇ ਪਹਿਰਾਏ ਘਰਿਵਾਇ।
ਹਰਖੀ ਉਰ ਬਹੁ ਨਾਨਕੀ ਭ੍ਰਾਤਾ ਭੌਨ ਬਸਾਇ॥ ੫੭॥

ਸੋਨੇ ਦੇ ਨਗਾਂ ਨਾਲ ਜੜੇ ਜਿਹੜੇ ਗਹਿਣੇ ਘੜਵਾਏ ਸਨ, ਉਹ ਸਾਰੇ ਪਹਿਨਾਏ, ਆਪਣੇ ਭਰਾ ਦੇ ਘਰ ਨੂੰ ਵਸਾ ਕੇ ਬੇਬੇ ਨਾਨਕੀ ਬਹੁਤ ਪ੍ਰਸੰਨ ਹੋਈ॥ ੫੭॥

ਚੌਪਈ- ਕਮਲ ਬਦਨ ਨਿਜ ਸਦਨ ਨ ਆਵਹਿਂ। ਆਪਨ ਪਰ ਨਿਸ ਦਜੋਸ ਬਿਤਾਵਹਿਂ।
ਜੇ ਕਬਿ ਆਵਹਿਂ ਦੀਨਨ ਨਾਥਾ। ਭਨਤਿ ਨ ਬਚਨ ਸੁਲਖਣੀ ਸਾਥਾ॥੫੮॥

ਕਮਲ ਵਰਗੇ ਸੁੰਦਰ ਮੁਖੜੇ ਵਾਲੇ ਆਪ ਆਪਣੇ ਘਰ ਨਹੀਂ ਸਨ ਆਉਂਦੇ, ਹੱਟੀ ਉਤੇ ਹੀ ਰਾਤ ਦਿਨ ਬਿਤਾਉਂਦੇ ਸਨ। ਦੀਨਾਂ ਦੇ ਸਵਾਮੀ ਜੇ ਕਦੇ ਘਰ ਆਉਂਦੇ ਸੀ ਤਾਂ ਮਾਤਾ ਸੁਲੱਖਣੀ ਜੀ ਦੇ ਨਾਲ ਕੋਈ ਗੱਲ-ਬਾਤ ਨਹੀਂ ਸਨ ਕਰਦੇ॥ ੫੮॥

ਕਿੰਚਤ ਪ੍ਰੀਤਿ ਨ ਚਿਤ ਤੇ ਕਰਿਈਂ। ਆਨਿ ਦਰਬ ਕਛੁ ਧਾਮ ਨ ਧਰਿਈਂ।
ਦੀਨਨਿ ਦੇਨੋ ਦਾਨ ਦਨਾਈ। ਕਰਿ ਦੁਕਾਨ ਜਗ ਰੀਤਿ ਚਲਾਈ॥੫੯॥

ਉਹ ਹਿਰਦੇ ਵਿਚ ਉਨ੍ਹਾਂ ਨੂੰ ਥੋੜਾ ਜਿਹਾ ਪਿਆਰ ਵੀ ਨਹੀਂ ਸਨ ਕਰਦੇ ਅਤੇ ਘਰ ਆ ਕੇ ਕੁਝ ਧਨ ਵੀ ਨਹੀਂ ਸਨ ਦਿੰਦੇ। ਗਰੀਬਾਂ ਨੂੰ ਦਾਨ ਦੇਣ ਵਿਚ ਬੜੇ ਚਤੁਰ ਹਨ ਅਤੇ ਦੁਕਾਨ ਤੇ ਜੱਗ ਲਾਇਆ ਹੋਇਆ ਹੈ॥ ੫੯॥

ਲੇਤਿ ਭੂਰ ਨਿਤ ਭੀਰ ਭਵੰਤਾ। ਦੇਹਿਂ ਨਿਰਾਲਸ ਸ੍ਰੀ ਜਗਕੰਤਾ।
ਕੋ ਬਿਲੋਕ ਨਰ ਕੀਰਤਿ ਕਰਿਹੀ। ਕੋ ਇਕ ਰਿਦੈ ਅਸੂਯਾ ਧਰਿਹੀ॥੬੦॥

ਦੁਕਾਨ ਤੇ ਬਹੁਤ ਭੀੜ ਲੱਗੀ ਰਹਿੰਦੀ ਹੈ। ਜਗਤ ਦੇ ਮਾਲਕ ਸਭ ਨੂੰ ਬੜੇ ਉੱਦਮ ਨਾਲ ਦਾਨ ਦੇ ਰਹੇ ਹਨ। ਕਈ ਵੇਖ ਕੇ ਗੁਰੂ ਜੀ ਦਾ ਬੜਾ ਜੱਸ ਕਰਦੇ ਹਨ ਤੇ ਕਈ ਦਿਲ ਵਿਚ ਈਰਖਾ ਕਰਦੇ ਹਨ॥ ੬੦॥

ਦੋਹਰਾ- ਸੁਨਿ ਪਿਖਿ ਖਿਝਹਿ ਸੁਲੱਖਨੀ ਅਸ ਪ੍ਰਕਾਰ ਬਿਵਹਾਰ।
ਘਰ ਕੀ ਪੀਰ ਨ ਜਾਨਈ ਬਾਹਰ ਬਨਜੋ ਉਦਾਰ॥ ੬੧॥

ਮਾਤਾ ਸੁਲੱਖਣੀ ਇਸ ਪ੍ਰਕਾਰ ਦੇ ਵਿਵਹਾਰ ਨੂੰ ਸੁਣ ਕੇ ਅਤੇ ਵੇਖ ਕੇ ਬੜਾ ਖਿਝਦੀ ਹੈ। ਉਹ ਕਹਿੰਦੀ ਹੈ ਕਿ ਘਰ ਦਾ ਦੁਖ ਤਾਂ ਜਾਣਦਾ ਨਹੀਂ, ਪਰ ਬਾਹਰ ਵੱਡੇ ਦਿਆਲੂ ਬਣੇ ਹਨ॥ ੬੧॥

ਚੌਪਈ- ਰਾਖਹਿਂ ਦਰਬ ਨ, ਖੋਇਂ ਅਕਾਜੂ। ਸਦਾ ਮੂਲ ਜੋ ਗ੍ਰਿਸਤਿ ਸਮਾਜੂ।
ਘਰ ਕੇ ਖਰਚ ਅਨਿਕ ਬਿਧਿ ਹੋਇਂ। ਦਰਬ ਪਾਸ ਤੇ ਪੂਜਹਿਂ ਸੋਇ॥ ੬੨॥

ਧਨ ਪਾਸ ਰੱਖਦੇ ਨਹੀਂ ਤੇ ਬਿਨਾਂ ਕਿਸੇ ਕੰਮ ਦੇ ਗਵਾ ਰਹੇ ਹਨ। ਗ੍ਰਿਹਸਤੀ ਨੂੰ ਚਲਾਉਣ ਵਾਸਤੇ ਸਦਾ ਪੈਸੇ ਦੀ ਲੋੜ ਰਹਿੰਦੀ ਹੈ। ਘਰ ਦੇ ਅਨੇਕਾਂ ਪ੍ਰਕਾਰ ਦੇ ਖਰਚੇ ਹੁੰਦੇ ਹਨ, ਜਿਸ ਦੇ ਪਾਸ ਧਨ ਹੁੰਦਾ ਹੈ ਉਹ ਹੀ ਸਾਰੇ ਕਾਰਜ ਪੂਰੇ ਕਰ ਸਕਦਾ ਹੈ॥ ੬੨॥

ਇਨਕੇ ਮਨ ਇਹ ਬਾਤ ਨ ਕਾਈ। ਜੋ ਆਵਤਿ ਸਭਿ ਦੇਤਿ ਲੁਟਾਈ।
ਧਨ ਰਾਖਨ ਨਿਜ ਉਰ ਨ ਵਿਚਾਰਾ। ਅਵਰ ਨ ਵਰਜਹਿਂ, ਭੇ ਅਨੁਸਾਰਾ॥੬੩॥

ਇਨ੍ਹਾਂ ਦੇ ਮਨ ਵਿਚ ਇਹ ਗੱਲ ਆਉਂਦੀ ਨਹੀਂ, ਜੋ ਕੁਝ ਵੀ ਆਉਂਦਾ ਹੈ ਲੁਟਾ ਦਿੰਦੇ ਹਨ, ਧਨ ਰੱਖਣ ਦਾ ਦਿਲ ਵਿਚ ਕੋਈ ਵਿਚਾਰ ਨਹੀਂ ਹੈ। ਦੂਜਰੇ ਵੀ ਇਸ ਨੂੰ ਮਨ੍ਹਾਂ ਨਹੀਂ ਕਰਦੇ ਹਨ॥ ੬੩॥

ਸਦਾ ਗਿਨਤ ਗਿਨਤੀ ਇਸ ਭਾਂਤੀ। ਹਿਰਦੇ ਦੁਖਤਿ ਰਹਤਿ ਦਿਨ ਰਾਤੀ।
ਕਬਿ ਕਬਿ ਆਇ ਨਾਨਕੀ ਪਾਸਾ। ਕਹੈ ਰੋਸ ਸੋਂ ਨਿਜ ਦੁਖ ਰਾਸਾ॥੬੪॥

ਸਦਾ ਇਸ ਪ੍ਰਕਾਰ ਗਿਣਤੀਆਂ ਗਿਣਦੀ ਰਹਿੰਦੀ ਹੈ ਤੇ ਦਿਲ ਵਿਚ ਦਿਨ ਰਾਤ ਦੁਖੀ ਰਹਿੰਦੀ ਹੈ। ਜਦ ਕਦੇ ਬੇਬੇ ਨਾਨਕੀ ਉਸ ਪਾਸ ਆਉਂਦੀ ਹੈ ਤਾਂ ਗੁੱਸੇ ਨਾਲ ਆਪਣਾ ਸਾਰਾ ਦੁੱਖ ਕਹਿੰਦੀ ਹੈ॥ ੬੪॥

'ਨਿਜ ਭ੍ਰਾਤਾ ਕੋ ਨਹਿਂ ਸਮਝਾਵਹਿ। ਗ੍ਰਿਹਸਤਿ ਕਾਜ ਇਉਂ ਕਿਉਂ ਬਨਿ ਅਵਹਿਂ ?
ਆਨਿ ਸਦਨ ਨਹਿਂ ਬਦਨ ਦਿਖਾਵੈਂ। ਸਰਬ ਦਰਬ ਕੋ ਬਹਿਰ ਲੁਟਾਵੈਂ॥੬੫॥

"ਤੁਸੀਂ ਆਪਣੇ ਭਰਾ ਨੂੰ ਸਮਝਾਉਂਦੇ ਨਹੀਂ ਹੋ, ਗ੍ਰਿਹਸਤ ਦੇ ਕੰਮ ਇਸ ਤਰ੍ਹਾਂ ਕਿਵੇਂ ਚੱਲਣਗੇ? ਘਰ ਵਿਚ ਆ ਕੇ ਕਦੇ ਆਪਣਾ ਚਿਹਰਾ ਵੀ ਨਹੀਂ ਵਿਖਾਉਂਦੇ ਤੇ ਸਾਰੇ ਧਨ ਨੂੰ ਲੁਟਾ ਰਹੇ ਹਨ"॥ ੬੫॥

ਸੁਨਿ ਕਰਿ ਸ਼੍ਰੋਨ ਨਾਨਕੀ ਬਾਨੀ। ਭਰਜਾਈ ਸਭਿ ਬਿਧਿ ਸਨਮਾਨੀ।
ਮਧੁਰ ਬਚਨ ਸੋਂ ਸਿਖਵਨ ਦੀਨੀ। ਜਗਤ ਰੀਤਿ ਲਖਿ ਸਾਚੀ ਚੀਨੀ॥੬੬॥

ਬੇਬੇ ਨਾਨਕੀ ਨੇ ਆਪਣੀ ਭਰਜਾਈ ਦੀਆਂ ਗੱਲਾਂ ਆਪਣੇ ਕੰਨਾਂ ਨਾਲ ਸੁਣੀਆਂ ਤਾਂ ਉਸ ਨੇ ਆਪਣੀ ਭਰਜਾਈ ਨੂੰ ਬੜੇ ਆਦਰ ਨਾਲ ਹਰ ਢੰਗ ਨਾਲ ਸਮਝਾਇਆ। ਆਪਣੇ ਮਿੱਠੇ ਬਚਨਾਂ ਨਾਲ ਉਸ ਨੂੰ ਸਿਖਿਆ ਦਿੱਤੀ ਤੇ ਜਗਤ ਦੀ ਰੀਤ ਉਸ ਨੇ ਸੱਚੀ ਸਮਝੀ॥ ੬੬॥

'ਜਿਉਂ ਉਚਰਤਿ ਤਿਉਂ ਕਰੀਏ ਕਾਜੂ। ਜਿਉਂ ਸੋ ਕਰਹਿਂ ਰਹਹੁ ਤਿਉਂ ਰਾਜੂ।
ਸਭਿ ਬਿਧਿ ਆਪ ਚਤੁਰ ਸੋ ਸਜਾਨਾ। ਕਹਾ ਸਮਝਾਵੋਂ ਨਹੀਂ ਇਯਾਨਾ॥੬੭॥

ਬੇਬੇ ਨਾਨਕੀ ਨੇ ਕਿਹਾ, "ਜਿਵੇਂ ਮੈਂ ਕਹਿੰਦੀ ਹਾਂ ਉਸ ਤਰ੍ਹਾਂ ਕੰਮ ਕਰੋ। ਜਿਸ ਤਰ੍ਹਾਂ ਉਹ ਕਰਦੇ ਹਨ ਉਸ ਤਰ੍ਹਾਂ ਹੀ ਕਰੋ। ਉਹ ਹਰ ਤਰ੍ਹਾਂ ਨਾਲ ਚਤੁਰ ਤੇ ਸਿਆਣੇ ਹਨ, ਉਸ ਨੂੰ ਕੀ ਸਮਝਾਵਾਂ, ਉਹ ਕੋਈ ਬੱਚਾ ਨਹੀਂ ਹੈ॥ ੬੭॥

ਪਤਿ ਤੇ ਤਜਹੁ ਜੁ ਮਤਿ ਪ੍ਰਤਿਕੂਲਾ। ਸਦਾ ਰਿਦੇ ਸੋਂ ਰਹੁ ਅਨਕੂਲਾ।

ਜੋ ਕੁਛ ਲਾਲਸ ਹੋਇ ਪਦਾਰਥ। ਕਹਿ ਮੋਸੋਂ ਪੂਰਵੋ ਸਭਿ ਸ੍ਵਾਰਥ॥ ੬੮॥

ਤੁਹਾਡੀ ਜਿਹੜੀ ਸੋਚ ਪਤੀ ਦੇ ਉਲਟ ਹੈ, ਇਸ ਨੂੰ ਤਿਆਗ ਦੇਵੋ। ਹਿਰਦੇ ਵਿਚ ਵੀ ਸਦਾ ਹੀ ਉਨ੍ਹਾਂ ਦੇ ਖਿਆਲ ਮੁਤਾਬਿਕ ਰਹੋ। ਜੇ ਕਿਸੇ ਪਦਾਰਥ ਦੀ ਲਾਲਸਾ ਹੋਵੇ ਤੇ ਮੈਨੂੰ ਦਸੋ, ਮੈਂ ਤੇਰੀ ਲੋੜ ਝੱਟ ਪੂਰੀ ਕਰਾਂਗੀ॥ ੬੮॥

ਜਾਨਹੁ ਭਲਾ ਕੰਤ ਅਨੁਸਾਰਾ। ਹੋਵਹਿ ਸਰਬ ਭਾਂਤਿ ਸੁਖਭਾਰਾ।
ਮਧੁਰ ਗਿਰਾ ਕੀ ਸੀਖ ਸੁਨੀ ਜਬ। ਤੂਸ਼ਨ ਭਈ ਸੁਲਖਣੀ ਮੁਖ ਤਬ॥ ੬੯॥

ਇਹ ਸਮਝੋ ਕਿ ਪਤੀ ਅਨੁਸਾਰ ਚੱਲਣ ਵਿਚ ਹੀ ਭਲਾ ਹੈ। ਇਸ ਨਾਲ ਆਪ ਨੂੰ ਸਭ ਪ੍ਰਕਾਰ ਦਾ ਸੁਖ ਪ੍ਰਾਪਤ ਹੋਵੇਗਾ।" ਜਦ ਉਸ ਨੇ ਬੇਬੇ ਨਾਨਕੀ ਦੀ ਮਿੱਠੀ ਬੋਲੀ ਵਿਚ ਸਿਖਿਆ ਸੁਣੀ ਤਾਂ ਸੁਲੱਖਣੀ ਆਪਣੇ ਆਪ ਚੁੱਪ ਹੋ ਗਈ॥ ੬੯॥

ਦੋਹਰਾ- ਸਦਨ ਗਈ ਪੁਨਿ ਆਪਨੇ ਮਨ ਸਚਿੰਤ ਨਿਤ ਹੋਇ।
ਸਮਾਂ ਬਿਤਾਵਨ ਕਿਤਿਕ ਕਜ ਮੁਖ ਤੇ ਤੂਸ਼ਨ ਹੋਇ॥ ੭੦॥

ਫਿਰ ਆਪਣੇ ਘਰ ਗਈ ਅਤੇ ਸਦਾ ਚਿੰਤਾਵਾਨ ਰਹਿੰਦੀ ਹੈ। ਉਹ ਕਦ ਤਕ ਸਮਾਂ ਬਿਤਾਉਣ ਲਈ ਚੁਪ ਰਹੇ॥ ੭੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰਿ ਆਵਨਾ' ਪ੍ਰਸੰਗ ਬਰਨਨ ਨਾਮ ਚੌਬੀਸਮੋ ਅਧ੍ਯਾਯ॥ ੨੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੋਵੀਵਾਂ ਅਧਿਆਇ, ਜਿਸ ਦਾ ਨਾਮ 'ਤਲਵੰਡੀਓਂ' ਵਾਪਸ ਸੁਲਤਾਨਪੁਰ ਆਉਣਾ ਹੈ, ਸਮਾਪਤ ਹੋਇਆ॥ ੨੪॥

## ਅਧਿਆਇ ਪੰਝੀਵਾਂ

*ਮੂਲੇ ਤੇ ਚੰਦੋ ਰਾਣੀ ਦਾ ਆ ਕੇ ਗੁੱਸੇ ਹੋਣਾ।*

ਦੋਹਰਾ- ਚੰਦ ਬਦਨ, ਸੁਮਤੀ ਸਦਨ, ਕੁਮਤਿ ਨਿਕਦਨ ਉਦਾਰ।
ਰੂਪ ਉਮਾ ਬਾਨੀ ਰਮਾ ਤਾਂਕੋ ਨਮੋ ਹਮਾਰ॥ ੧॥

ਚੰਦਰਮਾਂ ਵਰਗੇ ਸੋਹਣੇ ਮੁਖੜੇ ਵਾਲੀ ਸ੍ਰੇਸ਼ਟ ਬੁੱਧੀ ਦਾ ਘਰ, ਖੋਟ ਬੁੱਧੀ ਦਾ ਨਾਸ਼ ਕਰਨ ਵਾਲੀ ਤੇ ਜਿਹੜੀ ਸਦਾ ਉਦਾਰਚਿਤ ਰਹਿੰਦੀ ਤੇ ਜਿਸ ਦਾ ਸਰੂਪ ਵਿਦਿਆ ਅਤੇ ਵੀਰਤਾ ਪ੍ਰਾਪਤੀ ਹੈ, ਉਸ ਨੂੰ ਸਾਡਾ ਨਮਸ਼ਕਾਰ ਹੈ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਅਸ ਪ੍ਰਕਾਰ ਕਛੁ ਸਮਾਂ ਬਿਤਾਯੋ। ਮਿਲਿਨ ਹੇਤ ਤਬ ਮੂਲਾ ਆਯੋ।
ਸਦਨ ਸੁਤਾ ਕੇ ਪ੍ਰਵਿਸ਼ਯੋ ਜਬ ਹੀ। ਉਮਗਯੋ ਨੇਹੁ ਅਧਿਕ ਮਨ ਤਬ ਹੀ॥ ੨॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਕੁਝ ਸਮਾਂ ਬੀਤਿਆ ਤਾਂ ਮੂਲ ਚੰਦ ਆਪਣੀ ਪੁੱਤਰੀ ਨੂੰ ਮਿਲਣ ਵਾਸਤੇ ਆਇਆ। ਜਦ ਹੀ ਪੁੱਤਰੀ ਦੇ ਘਰ ਅੰਦਰ ਗਿਆ ਤਾਂ ਮਨ ਵਿਚ ਪੁੱਤਰੀ ਵਾਸਤੇ ਬੜਾ ਪਿਆਰ ਜਾਗਿਆ॥ ੨॥

ਉਠੀ ਸੁਲਖਣੀ, ਲੋਚਨ ਨੀਰਾ। ਭਰਿ ਆਵਾ, ਉਰ ਭਈ ਅਧੀਰਾ।
ਪਿਤ ਸੋਂ ਮਿਲਿ ਰੋਵਨ ਬਹੁ ਲਾਗੀ। ਮਨ ਦੁਖ ਤੇ ਜਨੁ ਕਰੁਨਾ ਪਾਗੀ॥ ੩॥

ਜਦ ਸੁਲੱਖਣੀ ਨੇ ਉਠ ਕੇ ਵੇਖਿਆ ਤਾਂ ਉਸ ਦੀਆਂ ਅੱਖਾਂ ਵਿਚ ਜਲ ਭਰ ਆਇਆ ਅਤੇ ਬੜੀ ਬਹਿਬਲ ਹੋ ਗਈ। ਪਿਤਾ ਨੂੰ ਮਿਲ ਕੇ ਬਹੁਤ ਰੋਣ ਲੱਗੀ ਅਤੇ ਦੁੱਖ ਨਾਲ ਕਰੁਨਾ ਰਸ ਵਿਚ ਡੁੱਬ ਗਈ॥ ੩॥

ਅੱਸ੍ਰੂਪਾਤ ਸੋਂ ਚੀਰ ਭਿਗੋਵਾ। ਜਨੁ ਦੁਖ ਅਪਨੋ ਮਲਿ ਮਲਿ ਧੋਵਾ।
ਬਹੁਰ ਬੈਸ ਕਰਿ ਪਿਤਾ ਬਸਾਵਾ। ਨਿਜ ਦੁਖ ਕ੍ਰਮ ਕ੍ਰਮ ਸਭਿਹਿ ਸੁਨਾਵਾ॥੪॥

ਹੰਝੂ ਭਿੱਗਣ ਨਾਲ ਸਾਰੇ ਕਪੜੇ ਭਿੱਜ ਗਏ, ਮਾਨੋ ਆਪਣੇ ਦੁੱਖ ਮਲ ਮਲ ਕੇ ਧੋ ਰਹੀ ਸੀ। ਫਿਰ ਆਪ ਬੈਠ ਕੇ ਪਿਤਾ ਨੂੰ ਬਿਠਾਇਆ ਅਤੇ ਆਪਣੇ ਸਾਰੇ ਦੁੱਖ ਹੌਲੀ-ਹੌਲੀ ਦੱਸੇ॥ ੪॥

ਮੋਚਤਿ ਲੋਚਨ ਬੂੰਦਨ ਨੀਰਾ। ਕਹਤਿ ਬਚਨ ਕੋ ਹੋਤਿ ਅਧੀਰਾ।
'ਸੁਨਿ ਪਿਤ ਭਲੇ ਸੰਗ ਹੌਂ ਲਾਈ। ਜਿਹ ਨਿਕੇਤ ਕੀ ਚਿੰਤ ਨ ਕਾਈ॥੫॥

ਨੈਣ ਪਾਣੀ ਦੀਆਂ ਬੂੰਦਾਂ ਛੱਡਦੇ ਹਨ। ਹੌਸਲਾ ਰਹਿਤ ਹੋ ਕੇ ਬਚਨ ਕਹਿ ਰਹੀ ਹੈ, "ਸੁਣੋ ਪਿਤਾ ਜੀ! ਮੈਨੂੰ ਕਿਸ ਦੇ ਸੰਗ ਲਾਇਆ ਹੈ, ਜਿਸ ਨੂੰ ਕਿ ਘਰ ਦੀ ਕੋਈ ਚਿੰਤਾ ਨਹੀਂ ॥ ੫॥

ਕਰਿ ਸਨਬੰਧ ਡੋਬ ਤੁਮ ਦੀਨੀ। ਪੂਰਬ ਜਨਮ ਕਰਮ ਮੈਂ ਹੀਨੀ।
ਮਾਸ ਏਕ ਦੋ ਬਹਿਰ ਬਿਤਾਵਹਿਂ। ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ॥੬॥

ਇਸ ਨਾਲ ਸੰਬੰਧ ਜੋੜ ਕੇ ਤੁਸੀ ਮੈਨੂੰ ਡੋਬ ਦਿੱਤਾ ਹੈ, ਪਿਛਲੇ ਜਨਮ ਵਿਚ ਮੈਂ ਕੋਈ ਮਾੜੇ ਕੰਮ ਕੀਤੇ ਹਨ। ਇਕ ਦੋ ਮਹੀਨੇ ਬਾਹਰ ਹੀ ਬਤੀਤ ਕਰਦਾ ਹੈ ਅਤੇ ਘਰ ਵਿਚ ਆ ਕੇ ਕਦੀ ਆਪਣਾ ਚਿਹਰਾ ਵੀ ਨਹੀਂ ਵਿਖਾਉਂਦਾ ਹੈ॥ ੬॥

ਜਿਉਂ ਨਿਸਿ ਬਸੈ ਆਨ ਪਰਦੇਸੀ। ਉਰ ਨਿਰਮੋਹ ਰੀਤਿ ਤਿਹ ਤੈਸੀ।
ਅਨਗਨ ਧਨ ਆਪਨ ਪਰ ਆਵਹਿ। ਸਰਬ ਸਦਨ ਤੇ ਬਹਿਰ ਲੁਟਾਵਹਿਂ॥੭॥

ਜਿਵੇਂ ਇਥੇ ਆ ਕੇ ਕੋਈ ਪ੍ਰਦੇਸੀ ਵੱਸਿਆ ਹੋਵੇ, ਉਸ ਨਿਰਮੋਹ ਦੀ ਤੈਸੀ ਰੀਤੀ ਹੈ, ਹੱਟੀ ਉਤੇ ਅਣਗਿਣਤ ਧਨ ਆਉਂਦਾ ਹੈ, ਸਾਰਾ ਹੀ ਘਰ ਤੋਂ ਬਾਹਰ ਹੀ ਲੁਟਾ ਆਉਂਦਾ ਹੈ॥ ੭॥

ਸੁਤੈ ਕ੍ਰਿਤ ਕੋ ਕਰਤਿ ਨਿਸ਼ੰਕਾ। ਕੋ ਸਮਝਾਇ ਨ, ਰਹੈਂ ਸਸ਼ੰਕਾ।
ਗ੍ਰਿਸਤਿ ਰੀਤਿ ਤੇ ਨੀਤ ਕੁਢਾਲੀ। ਮਾਨਹੁ ਬਨਜੋ ਫਜੂਲਿਨ ਸਾਲੀ॥੮॥

ਸਾਰੀ ਕਮਾਈ ਨੂੰ ਬਰਬਾਦ ਕਰ ਰਿਹਾ ਹੈ, ਕੋਈ ਵੀ ਸਮਝਾਉਂਦਾ ਨਹੀਂ, ਸਭ ਉਸ ਤੋਂ ਡਰਦੇ ਹਨ। ਗ੍ਰਿਹਸਤ ਰੀਤ ਦੇ ਉਲਟ ਚੱਲਣ ਵਾਲਾ ਹੈ, ਮਾਨੋ ਉਹ ਫਜ਼ੂਲ ਖਰਚੀਆਂ ਦਾ ਘਰ ਬਣ ਗਿਆ ਹੈ॥ ੮॥

ਮੇਲੀ ਸਦਾ ਬਿਸ਼ਾਲ ਫਕੀਰਨ। ਘਰ ਕੀ ਬੂਝਹਿ ਪੀਰ ਅਪੀਰ ਨ।
ਨਹਿਂ ਰੰਚਕ ਭਰ ਮਮ ਸਤਿਕਾਰਾ। ਸਹੌਂ ਰਿਦੈ ਸਦਹੀ ਦੁਖ ਭਾਰਾ॥੯॥

ਵੱਡੇ-ਵੱਡੇ ਫਕੀਰਾਂ ਨਾਲ ਸਦਾ ਮੇਲ ਮਿਲਾਪ ਰੱਖਦਾ ਹੈ, ਪਰ ਘਰ ਦੇ ਦੁੱਖ ਸੁੱਖ ਨੂੰ ਪੁਛਦਾ ਤਕ ਨਹੀਂ, ਮੇਰੇ ਵਾਸਤੇ ਉਸ ਦੇ ਮਨ ਵਿਚ ਰਤਾ ਭਰ ਵੀ ਸਤਿਕਾਰ ਨਹੀਂ, ਮੈਂ ਸਦਾ ਭਾਰੀ ਹਿਰਦੇ ਨਾਲ ਇਹ ਦੁੱਖ ਨੂੰ ਬਰਦਾਸ਼ਤ ਕਰਦੀ ਹਾਂ"॥ ੯॥

ਸੁਨਤਿ ਸੁਤਾ ਕੇ ਬੈਨ ਦੁਖਾਰੇ॥ ਮੂਲੇ ਅੱਸ੍ਰੂ ਲੋਚਨ ਡਾਰੇ।
ਜਰ ਬਰ ਗਯੋ ਰਿਦੇ ਕੇ ਮਾਂਹੀ। ਅਧਿਕ ਰੋਸ ਕਰਿਕੈਂ ਪਛੁਤਾਹੀ॥੧੦॥

ਆਪਣੀ ਪੁੱਤਰੀ ਦੇ ਦੁਖੀ ਬਚਨ ਸੁਣ ਕੇ ਮੂਲੇ ਦੀਆਂ ਅੱਖਾਂ ਵਿਚੋਂ ਅੱਥਰੂ ਡਿੱਗ ਪਏ। ਹਿਰਦੇ ਵਿਚ ਸੜ ਬਲ ਗਿਆ ਅਤੇ ਬਹੁਤ ਗੁੱਸਾ ਕਰਕੇ ਪਛਤਾਉਣ ਲੱਗਾ॥ ੧੦॥

ਕਾਲੂ ਕਜਾ ਮੂਲਾ ਜੋ ਕ੍ਰੋਧੀ। ਨਹਿੰ ਜਾਨਹਿ ਸ੍ਰੀ ਨਾਨਕ ਸੋਧੀ।
ਰਿਦੇ ਸੁਤਾ ਕੇ ਧੀਰਜ ਦੀਨਾ। ਉਠਜੋ ਆਪ ਰਿਸਿ ਮੈਂ ਮਨ ਲੀਨਾ॥ ੧੧॥

ਮਹਿਤਾ ਕਾਲੂ ਕੀ ਹੈ, ਮੂਲ ਚੰਦ ਉਸ ਤੋਂ ਕਿਤੇ ਵੱਧ ਗੁੱਸੇ ਵਾਲਾ ਹੈ। ਉਸ ਨੂੰ ਸ੍ਰੀ ਨਾਨਕ ਬਾਰੇ ਕੁਝ ਵੀ ਪਤਾ ਨਹੀਂ ਸੀ। ਉਸ ਨੇ ਹਿਰਦੇ ਵਿਚ ਆਪਣੀ ਧੀ ਨੂੰ ਧੀਰਜ ਦਿੱਤਾ ਅਤੇ ਆਪ ਗੁੱਸੇ ਵਿਚ ਆ ਕੇ ਉਠ ਖਲੋਤਾ॥ ੧੧॥

ਗਯੋ ਜਰਾਮ ਪਾਸ ਤਤਕਾਲਾ। ਮੁਖ ਬੋਲਤਿ ਦੁਰਬਾਕ ਬਿਸਾਲਾ।
ਤਿਹ ਛਿਨ ਸ੍ਰੀ ਨਾਨਕ ਜੈਰਾਮਾ। ਬੈਸੇ ਏਕ ਥਾਨ ਅਭਿਰਾਮਾ॥ ੧੨॥

ਉਸੇ ਵੇਲੇ ਜੈ ਰਾਮ ਦੇ ਪਾਸ ਗਿਆ, ਅਤੇ ਮੁਖ ਤੋਂ ਕਈ ਭੈੜੇ ਬਚਨ ਕਹੇ। ਉਸ ਵੇਲੇ ਸ੍ਰੀ ਨਾਨਕ ਤੇ ਜੈ ਰਾਮ ਦੋਵੇਂ ਇਕ ਥਾਂ ਬੈਠੇ ਸੁੰਦਰ ਲੱਗ ਰਹੇ ਸਨ॥ ੧੨॥

ਜਬਹਿ ਬਿਲੋਕਯੋ ਮੂਲਾ ਆਵਾ। ਸਨਮਾਨਯੋ ਆਸਨ ਬੈਸਾਵਾ।
ਬੈਸਤਿ ਬੋਲਯੋ ਗਿਰਾ ਕਠੋਰਾ। 'ਸੁਨਿ ਜਰਾਮ ਤੂੰ ਦੁਸ਼ਮਨ ਮੋਰਾ॥ ੧੩॥

ਜਦ ਉਨ੍ਹਾਂ ਵੇਖਿਆ ਕਿ ਮੂਲ ਚੰਦ ਆਇਆ ਹੈ ਤਾਂ ਬੜੇ ਆਦਰ ਮਾਣ ਨਾਲ ਆਸਣ ਦੇ ਕੇ ਬਿਠਾਇਆ। ਬੈਠਦਾ ਹੀ ਬੜੀ ਰੁੱਖੀ ਆਵਾਜ਼ ਵਿਚ ਬੋਲਿਆ, "ਐ ਜੈ ਰਾਮ! ਸੁਣ, ਤੂੰ ਮੇਰਾ ਦੁਸ਼ਮਣ ਹੈਂ॥ ੧੩॥

ਪੂਰਬ ਜਨਮ ਸ਼ੱਤ੍ਰਤਾ ਤੇਰੀ। ਯਾਂਤੇ ਦਸ਼ਾ ਕਰੀ ਅਸ ਮੇਰੀ।
ਯਹਿ ਜੋ ਸਦਾ ਫਕੀਰਨ ਸੰਗੀ। ਤਾਂਕੇ ਹੇਤ ਸੁਤਾ ਮੁਰਿ ਮੰਗੀ ॥ ੧੪॥

ਪਿਛਲੇ ਜਨਮ ਵਿਚ ਤੇਰਾ ਮੇਰੇ ਨਾਲ ਕੋਈ ਵੈਰ ਸੀ, ਜੋ ਤੂੰ ਅੱਜ ਮੇਰੀ ਇਹ ਦਸ਼ਾ ਕੀਤੀ ਹੈ। ਇਹ ਜੋ ਸਦਾ ਫਕੀਰਾਂ ਦਾ ਸੰਗ ਕਰਦਾ ਹੈ, ਇਸ ਦੇ ਨਾਲ ਮੇਰੀ ਪੁੱਤਰੀ ਦਾ ਸਾਕ ਕਰਵਾ ਦਿੱਤਾ॥ ੧੪॥

ਬਨਹਿ ਫਕੀਰ ਏਕ ਦਿਨ ਮਾਂਹੀ। ਰੁਚਿਤਿ ਕਰਹਿ ਸਭਿ ਸੰਸੈ ਨਾਂਹੀ।
ਜਾਂਕੋ ਜਾਂਸੋਂ ਲਾਗਯੋ ਹੇਤਾ। ਬਨਤਿ ਸੁ ਤਸ, ਕਹਿੰ ਸੁਮਤਿ ਨਿਕੇਤਾ॥ ੧੫॥

ਇਕ ਦਿਨ ਇਹ ਜ਼ਰੂਰ ਫਕੀਰ ਬਣ ਜਾਵੇਗਾ, ਕਿਉਂਕਿ ਜਿਸ ਪਾਸੇ ਵੱਲ ਇਸ ਦੀ ਰੁਚੀ ਹੈ ਉਹੀ ਕੰਮ ਕਰੇਗਾ। ਬੁੱਧੀਮਾਨ ਲੋਕ ਕਹਿੰਦੇ ਹਨ ਕਿ ਜਿਸ ਦਾ ਜਿਸ ਕਿਸੇ ਨਾਲ ਪਿਆਰ ਹੁੰਦਾ ਹੈ, ਉਹ ਓਹੋ ਕੁਝ ਬਣਦਾ ਹੈ॥ ੧੫॥

ਜੇ ਹੌਂ ਲੱਛਨ ਜਾਨਤਿ ਐਸੇ। ਸੁਤਾ ਸਬੰਧ ਕਰਤਿ ਕਹੁ ਕੈਸੇ।
ਆਪਨ ਪਰ ਆਵਤਿ ਬਹੁ ਦਰਬਾ। ਬਾਦ ਲੁਟਾਇ ਫਕੀਰਨ ਸਰਬਾ॥੧੬॥

ਜੇ ਤੂੰ ਇਸ ਦੇ ਅਜਿਹੇ ਲੱਛਣ ਜਾਣਦਾ ਸੀ ਤਾਂ ਮੇਰੀ ਪੁੱਤਰੀ ਦਾ ਇਸ ਨਾਲ ਸੰਬੰਧ ਕਿਵੇਂ ਕਰ ਦਿੱਤਾ। ਹੱਟੀ 'ਤੇ ਬਹੁਤ ਧਨ ਆਉਂਦਾ ਹੈ, ਪਰ ਇਹ ਬਾਅਦ ਵਿਚ ਸਾਰਾ ਫਕੀਰਾਂ ਨੂੰ ਲੁਟਾ ਦਿੰਦਾ ਹੈ॥ ੧੬॥

ਪੂਰਬ ਜਨਮ ਕਰੇ ਅਘ ਭਾਰੀ। ਭਯੋ ਜਮਾਤਾ ਤੇ ਦੁਖਕਾਰੀ।
ਨੈਕ ਨ ਮਮ ਤਨਿਯਾ ਸਨਮਾਨਾ। ਕਿਨਹਿ ਨ ਸਮਝਾਯੋ, ਕਜਾ ਜਾਨਾ॥੧੭॥

ਪਿਛਲੇ ਜਨਮ ਵਿਚ ਕੋਈ ਵੱਡੇ ਪਾਪ ਕੀਤੇ ਹਨ, ਜਿਹੜਾ ਤੂੰ ਮੈਨੂੰ ਆਪਣੇ ਜਵਾਈ ਤੋਂ ਦੁਖ ਦਿਵਾਇਆ ਹੈ। ਇਹ ਮੇਰੀ ਪੁੱਤਰੀ ਦਾ ਰਾਈ ਭਰ ਵੀ ਸਨਮਾਨ ਨਹੀਂ ਕਰਦਾ। ਮੈਂ ਨਹੀਂ ਜਾਣਦਾ, ਇਸ ਨੂੰ ਕਿਸੇ ਵੀ ਸਮਝਾਇਆ ਨਹੀਂ ਹੈ॥ ੧੭॥

ਭਈ ਦੀਨ ਨਿਤ ਰਹਤਿ ਦੁਖਾਰੀ। ਮਮ ਆਗੇ ਨਿਜ ਬ੍ਰਿਥਾ ਉਚਾਰੀ।
ਉਪਾਲੰਭ ਨਿਸ਼ਠੁਰ ਯੁਗ ਸਾਨੀ। ਸੁਨੀ ਜਰਾਮ ਸ੍ਰੋਨ ਸਭਿ ਬਾਨੀ॥ ੧੮॥

ਮੇਰੀ ਪੁੱਤਰੀ ਬੜੀ ਕਮਜ਼ੋਰ ਹੋਈ ਹੈ ਅਤੇ ਸਦਾ ਦੁਖੀ ਰਹਿੰਦੀ ਹੈ, ਮੇਰੇ ਅੱਗੇ ਉਸ ਨੇ ਆਪਣੀ ਹਾਲਤ ਬਿਆਨ ਕੀਤੀ ਹੈ।'' ਜਦ ਜੈ ਰਾਮ ਨੇ ਕਠੋਰਤਾ ਅਤੇ ਉਲਾਂਭੇ ਭਰੀ ਬਾਣੀ ਆਪਣੇ ਕੰਨਾਂ ਨਾਲ ਸੁਣੀ ਤਾਂ ਉਹ ਬੋਲੇ॥੧੮॥

'ਮਹਿਤਾ ਜੀ! ਨਾ ਕੀਜੈ ਰੋਸੂ। ਦੋਸ਼ ਅਰੋਪਹੁ ਨਹਿਂ ਬਿਨ ਦੋਸੂ।
ਕਿਸੂ ਵਸਤੁ ਕੀ ਕਮੀ ਨ ਆਜੂ। ਦਯੋ ਬਿਧਾਤਾ ਸਰਬ ਸਮਾਜੂ॥ ੧੯ ॥

''ਮਹਿਤਾ ਜੀ! ਗੁੱਸਾ ਨਾ ਕਰੋ, ਨਿਰਦੋਸ਼ ਉਤੇ ਫਜ਼ੂਲ ਵਿਚ ਦੋਸ਼ ਨਾ ਲਾਵੋ। ਉਸ ਦੇ ਘਰ ਅੱਜ ਕਿਸੇ ਵਸਤੂ ਦੀ ਘਾਟ ਨਹੀਂ ਹੈ, ਵਿਧਾਤਾ ਨੇ ਉਸ ਨੂੰ ਸਰਬ ਪਦਾਰਥ ਦਿੱਤੇ ਹਨ॥ ੧੯॥

ਅਸਨ ਬਸਨ ਭੂਖਨ ਧਨ ਭਾਰੀ। ਖਰਚਹਿ ਖਾਵਹਿ ਸੁਤਾ ਤੁਮਾਰੀ।
ਜਾਂਹਿ ਵਸਤੁ ਕੋ ਕਾਜ ਜੁ ਊਰਾ। ਉਚਰਹੁ ਆਪ ਕਰੋ ਮੈਂ ਪੂਰਾ॥ ੨੦॥

ਅੰਨ, ਕਪੜੇ, ਗਹਿਣੇ ਅਤੇ ਧਨ ਬਹੁਤ ਹੈ, ਜਿਸ ਤਰ੍ਹਾਂ ਮਰਜ਼ੀ ਤੁਹਾਡੀ ਪੁੱਤਰੀ ਖਰਚ ਕਰੇ ਅਤੇ ਖਾਵੇ, ਉਸ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਹੈ। ਕਿਸੇ ਵਸਤੂ ਦੀ ਜੇ ਘਾਟ ਅਨੁਭਵ ਕਰੇ ਤਾਂ ਮੈਨੂੰ ਦੱਸੇ, ਮੈਂ ਉਸੇ ਵੇਲੇ ਲਿਆ ਕੇ ਦੇਵਾਂਗਾ''॥ ੨੦॥

ਮਧੁਰ ਬਿਨੈ ਪਰਸੰਸਾ ਸਾਲੀ। ਸੁਨਿ ਮੂਲਾ ਭਾ ਸੀਤਲ ਚਾਲੀ।
ਹੁਤੋ ਕ੍ਰੋਧ ਮਨ ਪਾਵਕ ਜੈਸੇ। ਬਚਨ ਜਰਾਮ ਮਿਲੇ ਜਲ ਤੈਸੇ॥ ੨੧॥

ਉਸਤਤਿ ਦੇ ਘਰ ਜੈ ਰਾਮ ਦੀ ਮਿੱਠੀ ਬਾਣੀ ਸੁਣ ਕੇ ਮੂਲ ਚੰਦ ਸ਼ਾਂਤ ਹੋ ਗਿਆ। ਉਸ ਦਾ ਕ੍ਰੋਧ ਜਿਵੇਂ ਅਗਨੀ ਵਰਗਾ ਸੀ, ਉਸ ਤਰ੍ਹਾਂ ਜੈ ਰਾਮ ਦੀ ਮਿੱਠੀ ਬਾਣੀ ਪਾਣੀ ਵਰਗੀ ਸੀ, ਜਿਸ ਨੇ ਮੂਲ ਚੰਦ ਦੀ ਅਗਨੀ ਨੂੰ ਬੁਝਾ ਦਿੱਤਾ॥ ੨੧॥

ਕਮਲਨੈਨ ਮੁਖ ਤੂਸ਼ਨ ਰਾਖੀ। ਜਾਨਿ ਜਨਕ ਸਮ ਗਿਰਾ ਨ ਭਾਖੀ।
ਇਕ ਨਿਸ ਬਸਿਕਰਿ ਸੁਤਾ ਅਵਾਸਾ। ਦਈ ਧੀਰ ਕਹਿਕਰਿ 'ਸੁਖਰਾਸਾ'॥੨੨॥

ਕਮਲ ਨੈਣ ਗੁਰੂ ਜੀ ਮੁੱਖ ਤੋਂ ਕੁਝ ਨਾ ਬੋਲੇ ਤੇ ਚੁੱਪ ਰਹੇ। ਮੂਲ ਚੰਦ ਨੂੰ ਆਪਣੇ ਪਿਤਾ ਸਮਾਨ ਸਮਝ ਕੇ ਕੋਈ ਗੱਲ ਵੀ ਨਾ ਕਹੀ। ਆਪਣੀ ਪੁੱਤਰੀ ਦੇ ਘਰ ਇਕ ਦਿਨ ਠਹਿਰ ਕੇ ਜਾਣ ਲਗਿਆਂ ਆਪਣੀ ਧੀ ਨੂੰ ਧੀਰਜ ਦਿੱਤਾ ਅਤੇ ਕਿਹਾ, ''ਤੈਨੂੰ ਸਾਰੇ ਸੁਖ ਪ੍ਰਾਪਤ ਹੋਣ''॥ ੨੨॥

ਪੁਨ ਗਮਨਜੋ ਨਿਜ ਨਗਰ ਮਝਾਰਾ। ਸਭਿ ਬ੍ਰਿਤਾਂਤ ਤ੍ਰਿਗ ਪਤਿਨਿ ਉਚਾਰਾ।
ਕੇਤਿਕ ਦਯੋਸ ਬਿਤੀਤੇ ਜਬਹੀ। ਆਈ ਚੰਦੋਰਾਨੀ ਤਬ ਹੀ॥ ੨੩॥

ਫਿਰ ਆਪਣੇ ਨਗਰ ਚਲੇ ਗਿਆ ਤੇ ਸਾਰਾ ਬ੍ਰਿਤਾਂਤ ਆਪਣੀ ਪਤਨੀ ਨੂੰ ਸੁਣਾਇਆ। ਜਦ ਕੁਝ ਦਿਨ ਬੀਤ ਗਏ ਤਾਂ ਫਿਰ ਚੰਦੋਰਾਣੀ ਸੁਲਤਾਨਪੁਰ ਆਈ॥ ੨੩॥

ਮਿਲੀ ਸੁਤਾ ਸੋ ਨੇਹੁ ਘਨੇਰਾ। ਰੋਦਨ ਕਰਤਿ ਨੈਨ ਜਲ ਗੇਰਾ।
ਬੋਲਤਿ ਬਚਨਹਿ ਹੋਇ ਦੁਖਾਰੀ। 'ਹੇ ਬਿਧਿ! ਕਿਉਂ ਸਿਰਜੀ ਜਗ ਨਾਰੀ॥੨੪॥

ਆਪਣੀ ਪੁੱਤਰੀ ਨੂੰ ਮਿਲੀ ਤੇ ਬਹੁਤ ਪਿਆਰ ਦਿੱਤਾ ਤੇ ਅੱਖਾਂ ਵਿਚ ਹੰਝੂ ਭਰ ਕੇ ਰੋ ਪਈ। ਦੁਖੀ ਹੋ ਕੇ ਬਚਨ ਬੋਲਦੀ ਹੈ, ''ਹੇ ਵਿਧਾਤਾ! ਤੂੰ ਇਸ ਜੱਗ ਵਿਚ ਇਸਤਰੀ ਕਿਉਂ ਪੈਦਾ ਕੀਤੀ ਹੈ?॥ ੨੪॥

ਪਰਾਧੀਨ ਤਿਨ ਦੁਸਹਿ ਕਲੇਸ਼ਾ। ਲੇਕਰਿ ਜਨਮਤਿ ਸਭਿਹਿ ਅੰਦੇਸ਼ਾ।
ਬੈਸ ਸੁਲਖਨੀ ਕਰਿ ਉਰ ਧੀਰਾ। ਕਹਿਨ ਲਗੀ ਨਿਜ ਦੁਖ ਗੰਭੀਰਾ॥੨੫॥

ਸਦਾ ਪਰਾਏ ਦੇ ਅਧੀਨ ਰਹਿ ਕੇ ਅਸਹਿ ਦੁੱਖ ਝੱਲਦੀ ਹੈ। ਜਨਮ ਤੋਂ ਲੈ ਕੇ ਇਹ ਸਦਾ ਚਿੰਤਾ ਵਿਚ ਹੀ ਜਕੜੀ

ਰਹਿੰਦੀ ਹੈ।" ਫਿਰ ਹਿਰਦੇ ਵਿਚ ਧੀਰਜ ਧਾਰ ਕੇ ਸੁਲੱਖਣੀ ਆਪਣੀ ਮਾਤਾ ਦੇ ਪਾਸ ਬੈਠ ਕੇ ਆਪਣੇ ਨਿੱਜੀ ਦੁੱਖ ਬੜੀ ਗੰਭੀਰਤਾ ਨਾਲ ਦੱਸਣ ਲੱਗੀ॥ ੨੫॥

'ਸੁਨਹੁ ਮਾਤ ਪਤਿ ਕੀ ਵਿਪਰੀਤਾ। ਦਰਬ ਸਰਬ ਬਾਦਹਿ ਖ੍ਵੈ ਨੀਤਾ।
ਕਬਿ ਕਬਿ ਸਦਨਹਿ ਬਦਨ ਦਿਖਾਵਾ। ਆਪਨ ਪਰ ਦਿਨ ਰੈਨ ਬਿਤਾਵਾ॥੨੬॥

"ਹੇ ਮਾਤਾ ਜੀ ! ਪਤੀ ਦੀ ਬੇਪ੍ਰੀਤੀ ਬਾਰੇ ਵੀ ਸੁਣੋ। ਸਾਰਾ ਧਨ ਨਿਤ ਗਵਾਉਂਦਾ ਹੈ। ਕਦੀ ਕਦੀ ਘਰ ਵਿਚ ਚਿਹਰਾ ਦਿਖਾਉਂਦਾ ਹੈ। ਹੱਟੀ ਉਤੇ ਦਿਨ ਰਾਤ ਹੀ ਬਤੀਤ ਕਰਦਾ ਹੈ॥ ੨੬॥

ਗ੍ਰਿਹਸਤੀ ਰੀਤਿ ਨ ਤਾਮੈ ਏਕਾ। ਧਨ ਸੰਚਨ ਤੇ ਆਦਿ ਅਨੇਕਾ।
ਸੁਨਤਿ ਸੁਤਾ ਬਚ ਚੰਦੋਰਾਨੀ। ਭਈ ਕ੍ਰੋਧ ਕੇ ਮਤਿ ਗਲਤਾਨੀ॥ ੨੭॥

ਉਸ ਵਿਚ ਗ੍ਰਿਹਸਤ ਰੀਤੀ ਤਾਂ ਇਕ ਵੀ ਨਹੀਂ ਹੈ, ਪਰ ਧਨ ਲੁਟਾਉਣ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।" ਚੰਦੋਰਾਣੀ ਨੇ ਜਦ ਆਪਣੀ ਪੁੱਤਰੀ ਦੀਆਂ ਇਹ ਗੱਲਾਂ ਸੁਣੀਆਂ ਤੇ ਬੜੇ ਗੁੱਸੇ ਵਿਚ ਆ ਕੇ ਆਪਣੇ ਦਿਮਾਗ ਦਾ ਸੰਤੁਲਨ ਖੋ ਬੈਠੀ॥ ੨੭॥

ਗਵਨੀ ਸਦਨ ਨਾਨਕੀ ਜਹਿੰਵਾ। ਕੁਸ਼ਲ ਪ੍ਰਸ਼ਨ ਕਰਿ ਬੈਸੀ ਤਹਿੰਵਾ।
ਕ੍ਰੋਧ ਕੀਏ ਪੁਨਿ ਬੋਲੀ ਬੈਨਾ। 'ਤੁਮ ਉਰ ਡਰ ਪਰਮੇਸੁਰ ਹੈ ਨਾ॥ ੨੮॥

ਉਸੇ ਵੇਲੇ ਬੇਬੇ ਨਾਨਕੀ ਦੇ ਘਰ ਗਈ ਤੇ ਸੁਖ-ਸਾਂਦ ਪੁੱਛ ਕੇ ਉਸ ਦੇ ਕੋਲ ਬੈਠ ਗਈ। ਬੜੇ ਕ੍ਰੋਧ ਵਿਚ ਫਿਰ ਬੋਲੀ, "ਤੇਰੇ ਹਿਰਦੇ ਵਿਚ ਪਰਮੇਸ਼ੁਰ ਦਾ ਡਰ ਨਹੀਂ ਹੈ॥ ੨੮॥

ਕਿਸ ਪ੍ਰਕਾਰ ਕੋ ਠਾਨਜੋ ਮਤਾ। ਦਾਸੀ ਜਿਉਂ ਰਾਖੀ ਮਮ ਸੁਤਾ।
ਨਿਜ ਭ੍ਰਾਤਾ ਕੋ ਨਹਿਂ ਸਮਝਾਵਹਿ। ਸਰਬ ਦਰਬ ਕੋ ਵਹਿਰ ਲੁਟਾਵਹਿ॥੨੯॥

ਤੂੰ ਕਿਸ ਪ੍ਰਕਾਰ ਦੀ ਇਹ ਮੱਤ ਧਾਰਨ ਕੀਤੀ ਹੈ ਕਿ ਮੇਰੀ ਪੁੱਤਰੀ ਨੂੰ ਦਾਸੀ ਵਾਂਗ ਰਖਿਆ ਹੈ। ਆਪਣੇ ਭਰਾ ਨੂੰ ਕੁਝ ਸਮਝਾਉਂਦੀ ਨਹੀਂ। ਸਾਰੇ ਧਨ ਨੂੰ ਉਹ ਲੁਟਾਈ ਜਾ ਰਿਹਾ ਹੈ॥ ੨੯॥

ਤੁਮਰੇ ਸਰਸ ਨ ਹਿਰਦੈ ਕੋਈ। ਜਿਹ ਠਾਂ ਦੁਖੀ ਸੁਤਾ ਮਮ ਹੋਈ।
ਨਾਤਾ ਤਬ ਜਰਾਮ ਕਰਿਵਾਯਾ। ਅਬ ਤਿਹ ਕੋ ਨਹਿਂ ਕਿਉਂ ਸਮਝਾਯਾ ?॥੩੦॥

ਤੇਰੇ ਵਰਗਾ ਕੋਈ ਹਿਰਦਾ ਨਹੀਂ ਹੈ, ਜਿਸ ਨੇ ਮੇਰੀ ਪੁੱਤਰੀ ਨੂੰ ਏਨਾ ਦੁਖੀ ਕੀਤਾ ਹੈ। ਉਸ ਸਮੇਂ ਜੈ ਰਾਮ ਨੇ ਰਿਸ਼ਤਾ ਕਰਵਾਇਆ ਸੀ, ਹੁਣ ਤੂੰ ਉਸ ਨੂੰ ਕਿਉਂ ਨਹੀਂ ਸਮਝਾਇਆ ?॥ ੩੦॥

ਦੋਹਰਾ- ਆਨਿ ਸਦਨ ਸੁਧਿ ਲੇਤਿ ਨਹਿਂ, ਆਨਨ ਕਹੈ ਨ ਬੈਨ।
ਦਰਬ ਨ ਰਾਖਹਿ ਨਿਕਟਿ ਕਛੁ ਰਿਦੇ ਵਿਖੇ ਕਛੁ ਭੈ ਨਾ॥ ੩੧॥

ਘਰ ਆ ਕੇ ਮੇਰੀ ਧੀ ਦਾ ਦੁਖ-ਸੁਖ ਨਹੀਂ ਪੁਛਦਾ ਅਤੇ ਨਾ ਹੀ ਆ ਕੇ ਉਸ ਨਾਲ ਬੋਲਦਾ ਹੈ। ਆਪਣੇ ਪਾਸ ਕੋਈ ਧਨ ਨਹੀਂ ਰੱਖਦਾ ਹੈ ਅਤੇ ਹਿਰਦੇ ਵਿਚ ਕੋਈ ਭੈ ਨਹੀਂ ਹੈ"॥ ੩੧॥

ਚੌਪਈ- ਗਿਰਾ ਨਾਨਕੀ ਸ੍ਰੋਨਨ ਸੁਨੀ। ਸਠ ਕਰ ਮਾਨਿਕ ਤਿਉਂ ਬਿਧਿ ਗੁਨੀ।
ਬੋਲੀ ਮ੍ਰਿਦੁਲ ਮਾਧੁਰੀ ਬਾਨੀ। 'ਸੁਨਿ ਮਾਸੀ ! ਤੂੰ ਪਰਮ ਸਯਾਨੀ॥ ੩੨॥

ਬੇਬੇ ਨਾਨਕੀ ਨੇ ਚੰਦੋਰਾਣੀ ਦੀ ਗੱਲਬਾਤ ਸੁਣੀ, ਉਸ ਨੇ ਚੰਦੋਰਾਣੀ ਦੀ ਹਾਲਤ ਅਜਿਹੀ ਵੇਖੀ, ਜਿਵੇਂ ਕਿਸੇ ਮੂਰਖ ਦੇ ਹੱਥ ਮਾਣਕ ਆ ਗਿਆ ਹੋਵੇ। ਬੇਬੇ ਨਾਨਕੀ ਬੜੀ ਮਿੱਠੀ ਤੇ ਕੋਮਲ ਬਾਣੀ ਬੋਲੀ, "ਸੁਣ ਮਾਸੀ ! ਤੁਸੀਂ ਬਹੁਤ ਸਮਝਦਾਰ ਹੋ॥ ੩੨॥

ਕਿਆ ਸਮਝਾਵੋਂ ਮੈ ਭਲਿ ਬਾਤਾ। ਕੋ ਕੁਕਰਮ ਨਹਿਂ ਕਰਿਹੀ ਭ੍ਰਾਤਾ।
ਤਸਕਰ ਸੰਗਿ ਨ ਕਰਹਿ ਸਤੇਈ। ਜੂਪ ਨ ਖੇਲਤਿ, ਸੁਰਾ ਨ ਪੇਈ॥ ੩੩॥

ਮੈਂ ਉਸ ਨੂੰ ਕਿਹੜੀ ਭਲੀ ਗੱਲ ਸਮਝਾਵਾਂ ? ਮੇਰਾ ਭਰਾ ਕੋਈ ਭੈੜਾ ਕੰਮ ਨਹੀਂ ਕਰ ਰਿਹਾ ਹੈ। ਉਹ ਚੋਰਾਂ ਨਾਲ ਮਿਲ ਕੇ ਚੋਰੀ ਨਹੀਂ ਕਰਦਾ, ਜੂਆ ਨਹੀਂ ਖੇਡਦਾ ਅਤੇ ਸ਼ਰਾਬ ਨਹੀਂ ਪੀਂਦਾ॥ ੩੩॥

ਪਰ ਨਾਰਿਨ ਸੋ ਨਹਿਂ ਬਿਭਚਾਰੀ। ਬਿਸ਼ੈ ਬਾਸ਼ਨਾ ਉਰ ਤੇ ਟਾਰੀ।
ਲੋਭੀ, ਕ੍ਰੋਧੀ, ਲੰਪਟ ਨਾਂਹੀ। ਸੁਪਨ ਬਿਕਾਰ ਨ ਮਨ ਉਪਜਾਹੀਂ॥ ੩੪॥

ਪਰਾਈਆਂ ਇਸਤਰੀਆਂ ਨਾਲ ਉਹ ਵਿਭਚਾਰ ਨਹੀਂ ਕਰਦਾ, ਵਿਸ਼ੇ ਵਾਸ਼ਨਾ ਉਸ ਨੇ ਆਪਣੇ ਹਿਰਦੇ ਵਿਚੋਂ ਹੀ ਕੱਢ ਛੱਡੀ ਹੈ, ਨਾ ਉਹ ਲੋਭੀ ਹੈ, ਨਾ ਕ੍ਰੋਧੀ ਹੈ ਅਤੇ ਨਾ ਹੀ ਵਿਸ਼ਈ ਹੈ। ਮਾੜੇ ਕੰਮ ਬਾਰੇ ਉਹ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ॥ ੩੪॥

ਅਸ ਕੁਕਰਮ ਮਹਿਂ ਸੋਦਰ ਹੇਰੋਂ। ਤਉ ਸਮਝਾਵਨ ਬਨਿ ਹੈ ਮੇਰੋ।
ਭਲੋ ਬਿਲੋਕਹੁਂ ਤਾਂਹਿ ਸੁਭਾਊ। ਜਿਹ ਮਹਿਂ ਰੰਚਕ ਦੋਸ਼ ਨ ਕਾਊ॥ ੩੫॥

ਅਜਿਹੇ ਭੈੜੇ ਕੰਮ ਕਰਦਿਆਂ ਜੇ ਮੈਂ ਆਪਣੇ ਭਰਾ ਨੂੰ ਵੇਖਾਂ ਤਾਂ ਮੇਰਾ ਉਸ ਨੂੰ ਸਮਝਾਉਣਾ ਬਣਦਾ ਹੈ। ਉਸ ਦਾ ਬਹੁਤ ਹੀ ਭਲਾ ਅਤੇ ਚੰਗਾ ਸੁਭਾਅ ਵੇਖਦੀ ਹਾਂ, ਜਿਸ ਵਿਚ ਇਕ ਰਤੀ ਮਾਤਰ ਵੀ ਕੋਈ ਦੋਸ਼ ਨਹੀਂ ਹੈ॥ ੩੫॥

ਮਹਾਂ ਸੁਸ਼ੀਲ ਕਰੁਨਾਖਾਨੀ। ਅਸਨ ਬਸਨ ਰੰਕਨ ਕੋ ਦਾਨੀ।
ਪਰ ਦੁਖ ਪਿਖਿ ਨਹਿਂ ਜਾਤਿ ਸਹਾਰਾ। ਸੁਖਦਾਨੀ ਜਿਉਂ ਬ੍ਰਿਖ ਉਪਕਾਰਾ॥ ੩੬॥

ਕਿਰਪਾ ਦੀ ਖਾਣ ਬਹੁਤ ਸੁਸ਼ੀਲ ਹਨ। ਭੋਜਨ, ਕਪੜਾ ਉਹ ਗਰੀਬਾਂ ਨੂੰ ਦਾਨ ਕਰਦੇ ਹਨ। ਪਰਾਇਆ ਦੁੱਖ ਵੇਖ ਕੇ ਉਨ੍ਹਾਂ ਪਾਸੋਂ ਸਹਾਰਿਆ ਨਹੀਂ ਜਾਂਦਾ। ਸੁਖਾਂ ਦੇ ਦਾਤੇ ਤਾਂ ਇੰਝ ਹਨ ਜਿਵੇਂ ਉਪਕਾਰੀ ਬ੍ਰਿਛ ਹੁੰਦਾ ਹੈ॥ ੩੬॥

ਆਤਪ ਤਪਤੋ ਸਿਰ ਪਰ ਲੇਤਾ। ਕਰ ਛਾਯਾ ਪੰਖੀ ਸੁਖ ਦੇਤਾ।
ਇਉਂ ਕਰਿਕੈ ਨਿਜ ਹਾਥ ਕਮਾਈ। ਸਭਿ ਸੰਤਨ ਕੋ ਦੇਤਿ ਖੁਆਈ॥ ੩੭॥

ਬ੍ਰਿਛ ਧੁਪ ਅਤੇ ਤਪਸ਼ ਆਪਣੇ ਸਿਰ ਤੇ ਲੈਂਦਾ ਹੈ, ਪਰ ਛਾਂ ਕਰਕੇ ਪੰਛੀਆਂ ਨੂੰ ਸੁਖ ਦਿੰਦਾ ਹੈ। ਇਸ ਤਰ੍ਹਾਂ ਹੀ ਮੇਰਾ ਭਰਾ ਆਪਣੇ ਨਿੱਜੀ ਹੱਥਾਂ ਨਾਲ ਕਮਾਈ ਕਰਕੇ ਸਭ ਸੰਤਾਂ ਨੂੰ ਖੁਆ ਦਿੰਦਾ ਹੈ॥ ੩੭॥

ਮਨਹੁ ਭਗਤਿ ਨਿਜ ਧਰਜੋ ਸਰੂਪਾ। ਕਿਧੋਂ ਗਜਾਨ ਤਨ ਕੀਨ ਅਨੂਪਾ।
ਜੋਕੋ ਨੀਕੇ ਕਰਮਨ ਲਾਗਾ। ਤਿਨ ਹੋਰਹਿ ਸੋ ਹੋਤਿ ਕੁਭਾਗਾ॥ ੩੮॥

ਮਾਨੋ ਭਗਤੀ ਨੇ ਨਿਜੀ ਸਰੂਪ ਧਾਰਨ ਕੀਤਾ ਹੈ ਜਾਂ ਗਿਆਨ ਨੇ ਅਨੂਪਮ ਅਤੇ ਸੁੰਦਰ ਸਰੀਰ ਧਾਰਿਆ ਹੈ। ਜੇ ਕੋਈ ਏਨੇ ਚੰਗੇ ਕੰਮ ਵਿਚ ਲੱਗਾ ਹੋਵੇ, ਜਿਹੜਾ ਉਸ ਨੂੰ ਅਜਿਹੇ ਕੰਮ ਤੋਂ ਰੋਕੇ, ਉਸ ਵਰਗਾ ਭੈੜੇ ਭਾਗਾਂ ਵਾਲਾ ਕੌਣ ਹੋਵੇਗਾ ?॥ ੩੮॥

ਧੰਨਭਾਗ ਤੁਮ ਕਰੇ ਬਿਧਾਤਾ। ਜਿਨ ਕੋ ਐਸੋ ਬਨਜੋ ਜਮਾਤਾ।
ਅਨਿਕ ਕੁਲਨ ਕੋ ਕਰਹਿ ਉਧਾਰਾ। ਸ਼ਾਂਤਿ ਰੂਪ, ਕਿਯ ਨਾਸ਼ ਵਿਕਾਰਾ॥ ੩੯॥

ਵਿਧਾਤਾ ਨੇ ਤੁਹਾਡੇ ਚੰਗੇ ਭਾਗ ਕੀਤੇ ਹਨ ਜੋ ਤੁਹਾਨੂੰ ਅਜਿਹਾ ਜਵਾਈ ਮਿਲਿਆ ਹੈ। ਉਹ ਹੋਰ ਲੋਕਾਂ ਦਾ ਵੀ ਉਧਾਰ ਕਰਦਾ ਹੈ ਅਤੇ ਸ਼ਾਂਤੀ ਸਰੂਪ ਵਿਕਾਰਾਂ ਦਾ ਨਾਸ਼ ਕਰਦਾ ਹੈ॥ ੩੯॥

ਜਾਂਕੇ ਸਰਸ ਉਦਾਰ ਨ ਕੋਊ। ਪਸਰਜੋ ਸੁਜਸ ਸਰਬ ਦੁਖ ਖੋਊ।
ਕਬਹਿ ਨ ਘਾਟਾ ਲੇਖੇ ਆਵਾ। ਅਨਿਕ ਵਾਰ ਬਾਧੋ ਬਹੁ ਪਾਵਾ॥ ੪੦ ॥

ਉਸ ਵਰਗਾ ਕੋਈ ਉਦਾਰ-ਚਿਤ ਨਹੀਂ ਹੈ। ਉਸ ਦਾ ਸਾਰੇ ਜੱਸ ਫੈਲਿਆ ਹੈ ਕਿ ਉਹ ਸਭ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ। ਲੇਖੇ ਵਿਚ ਕਦੀ ਵੀ ਘਾਟਾ ਨਹੀਂ ਪਿਆ ਹੈ। ਅਨੇਕ ਵਾਰ ਵਾਧਾ ਹੀ ਨਿਕਲਿਆ ਹੈ॥ ੪੦॥

ਪੁਨਿ ਤੁਮ ਭਾਖਤਿ-ਸੁਤਾ ਹਮਾਰੀ। ਸਰਬ ਬਾਤ ਤੇ ਰਹਿਤਿ ਦੁਖਾਰੀ-।
ਕਹਿਯੇ ਕੌਨ ਪਦਾਰਥ ਹੀਨੀ ? ਜਾਂਤੇ ਦੁਖੀ ਸੁਤਾ ਨਿਜ ਚੀਨੀ॥੪੧॥

ਪਰ ਤੁਸੀਂ ਕਹਿੰਦੇ ਹੋ ਕਿ ਤੁਹਾਡੀ ਲੜਕੀ ਸਾਰੀਆਂ ਗੱਲਾਂ ਤੋਂ ਦੁਖੀ ਰਹਿੰਦੀ ਹੈ। ਦੱਸੋ ! ਉਸ ਪਾਸ ਕਿਹੜੇ ਪਦਾਰਥ ਦੀ ਘਾਟ ਹੈ, ਜਿਸ ਕਰਕੇ ਤੁਹਾਡੀ ਲੜਕੀ ਦੁਖੀ ਸਮਝੀ ਜਾਂਦੀ ਹੈ ?॥ ੪੧॥

ਸਰਬ ਵਸਤੁ ਭ੍ਰਾਤਾ ਨੇ ਦੀਨੀ। ਖਰਚਨ ਖਾਨ ਅਤੋਟਹਿ ਕੀਨੀ।
ਨਾਨਾ ਅਸਨ ਬਸਨ ਬਹੁ ਦੀਨੇ। ਸੁੰਦਰ ਭੂਖਨ ਭੂਖਤਿ ਕੀਨੇ॥੪੨॥

ਸਾਰੀਆਂ ਵਸਤਾਂ ਮੇਰੇ ਭਰਾ ਨੇ ਹੀ ਦਿੱਤੀਆਂ ਹਨ। ਖਾਣ ਖਰਚਣ ਦੀ ਕੋਈ ਤੋਟ ਨਹੀਂ ਰਹਿਣ ਦਿੱਤੀ। ਕਈ ਪ੍ਰਕਾਰ ਦੇ ਪਦਾਰਥ ਅਤੇ ਕਪੜੇ ਦਿੱਤੇ ਹਨ। ਸੁੰਦਰ ਗਹਿਣੇ ਉਸ ਨੂੰ ਪਹਿਨਾਏ ਗਏ ਹਨ॥ ੪੨॥

ਏਕ ਫਿਕਰ ਕੋ ਜ਼ਿਕਰ ਨ ਕੋਊ। ਚਹਿ ਜੁ ਹੋਇ ਪੁਚਾਵਹਿ ਸੋਊ।
ਬਿਨਾਂ ਦੋਖ ਤੁਮ ਕਰਹੁ ਖੁਆਰਾ। ਤੌ ਕਹਾ ਚਲਿਹੈ ਹਮਰੋ ਚਾਰਾ॥੪੩॥

ਇਕ ਗੱਲ ਦਾ ਵੀ ਕੋਈ ਫਿਕਰ ਨਹੀਂ ਹੈ। ਚਾਹੇ ਕੁਝ ਵੀ ਹੋ ਜਾਵੇ ਮੈਂ ਹਰ ਹਾਲਤ ਵਿਚ ਪਹੁੰਚਾਵਾਂਗੀ। ਕਿਸੇ ਦੋਸ਼ ਤੋਂ ਬਗੈਰ ਤੁਸੀ ਸਾਨੂੰ ਖੁਆਰ ਕਰਦੇ ਹੋ, ਅਜਿਹੀ ਦਸ਼ਾ ਵਿਚ ਸਾਡਾ ਕੀ ਚਾਰਾ ਚਲ ਸਕਦਾ ਹੈ?॥ ੪੩॥

ਸੁਨਿ ਮਾਸੀ ! ਅਸਮੰਜਸ ਗਾਥਾ। ਹਮ ਬੋਲਹਿਂ ਜੇ ਤੁਮਰੇ ਸਾਥਾ।
ਅਸਬਚ ਸੁਨਿ ਕਰਿ ਚੰਦੋਰਾਨੀ। ਭਈ ਤੂਸ਼ਨੀ ਆਇ ਨ ਬਾਨੀ॥੪੪॥

ਮਾਸੀ ਜੀ ! ਸੁਣੋ, ਇਹ ਬੇ-ਮੁਨਾਸਿਬ ਗੱਲ ਹੈ, ਜੇ ਮੈਂ ਤੁਹਾਨੂੰ ਕੁਝ ਕਹਾਂ।'' ਅਜਿਹੇ ਬਚਨ ਸੁਣ ਕੇ ਚੰਦੋਰਾਣੀ ਚੁੱਪ ਰਹੀ, ਕੋਈ ਗੱਲ ਔਹੜਦੀ ਨਹੀਂ ਸੀ॥ ੪੪॥

ਜਿਉਂ ਤਗ ਆਗੇ ਅਗ ਅਰਗਾਈ। ਉੱਤਰ ਬਾਤ ਨ ਆਵਤਿ ਕਾਈ।
ਲੱਜਤਿ ਹੋਇ ਸੁਤਾ ਢਿਗ ਆਈ। ਬੈਸ ਬਦਨ ਤੇ ਗਿਰਾ ਅਲਾਈ॥੪੫॥

ਜਿਵੇਂ ਗਿਆਨੀ ਅੱਗੇ ਅਗਿਆਨੀ ਨੂੰ ਗੱਲ ਨਹੀਂ ਆਉਂਦੀ, ਇਸ ਤਰ੍ਹਾਂ ਹੀ ਚੰਦੋਰਾਣੀ ਵੀ ਕਿਸੇ ਗੱਲ ਦਾ ਉਤਰ ਨਾ ਦੇ ਸਕੀ। ਸ਼ਰਮਿੰਦੀ ਹੋ ਕੇ ਆਪਣੀ ਧੀ ਦੇ ਘਰ ਚਲੇ ਗਈ ਅਤੇ ਬੈਠ ਕੇ ਇੰਞ ਬੋਲੀ॥੪੫॥

ਦੋਹਰਾ- 'ਸੁਨਿ ਤਨੁਜਾ ! ਹੌਂ ਜਾਇਕੈ ਆਗੈ ਤੋਰ ਨਿਨਾਨ।
ਉਪਾਲੰਭ ਬਹੁ ਬਿਧਿ ਕਹੇ ਤੋਕੋ ਦੁਖੀ ਪ੍ਰਮਾਨ॥ ੪੬॥

''ਪੁੱਤਰੀ ਸੁਣ ! ਮੈਂ ਤੈਨੂੰ ਦੁਖੀ ਸਮਝ ਕੇ ਤੇਰੀ ਨਨਾਣ ਦੇ ਘਰ ਜਾ ਕੇ ਉਸ ਨੂੰ ਬਹੁਤ ਉਲਾਂਭੇ ਦਿੱਤੇ॥ ੪੬॥

ਚੌਪਈ- ਸਾਚੋ ਉੱਤਰ ਤਿਸਨੈ ਦੀਨੋ। ਮੁਝ ਬੋਲਨ ਤੇ ਤੂਸ਼ਨ ਕੀਨੋ।
ਉੱਤਰ ਉਰ ਮੈਂ ਫੁਰਜੋ ਨ ਕੋਊ। ਹੀਨ ਪਦਾਰਥ ਭਾਖਹੁ ਸੋਊ' ॥੪੭॥

ਉਸ ਮੈਨੂੰ ਸੱਚਾ ਉੱਤਰ ਦਿੱਤਾ ਹੈ। ਮੈਨੂੰ ਬੋਲਣ ਤੋਂ ਚੁੱਪ ਕਰਵਾ ਦਿੱਤਾ ਹੈ। ਮੈਨੂੰ ਉਸ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਔੜਿਆ। ਜਿਸ ਪਦਾਰਥ ਦੀ ਤੈਨੂੰ ਥੁੜ ਹੈ ਸੋ ਦੱਸ'' ॥ ੪੭॥

ਸੁਨੀ ਸੁਲਖਨੀ ਅਸਬਿਧਿ ਬਾਨੀ। ਕਹਿਨਿ ਲਗੀ 'ਹੇ ਮਾਤ ਸਯਾਨੀ।
ਅਸਨ ਬਸਨ ਭੂਖਨ ਬਰ ਜੇਤੇ। ਸਰਬ ਪ੍ਰਕਾਰ ਦਏ ਮੁਝ ਤੇਤੇ॥੪੮॥

ਜਦ ਮਾਤਾ ਸੁਲੱਖਣੀ ਨੇ ਇਸ ਤਰ੍ਹਾਂ ਆਪਣੀ ਮਾਤਾ ਜੀ ਦੀ ਗੱਲਬਾਤ ਸੁਣੀ ਤਾਂ ਕਹਿਣ ਲੱਗੀ, "ਹੇ ਮੇਰੇ ਸਿਆਣੇ ਮਾਤਾ ਜੀ! ਭੋਜਨ, ਪਦਾਰਥ, ਕਪੜੇ ਅਤੇ ਜਿੰਨੇ ਵੀ ਸੁੰਦਰ ਗਹਿਣੇ ਹਨ, ਉਹ ਸਭ ਪ੍ਰਕਾਰ ਦੇ ਉਨ੍ਹਾਂ ਮੈਨੂੰ ਦਿੱਤੇ ਹਨ॥ ੪੮॥

ਅਵਰ ਵਸਤੁ ਕੀ ਕਮੀ ਨ ਮੋਕੋ। ਰਿਦੇ ਜੁ ਦੁਖ ਸੋ ਭਾਖਤਿ ਤੋਕੋ।
ਕਬਹਿ ਪ੍ਰੀਤਿ ਕਰਿ ਆਇ ਨ ਸਦਨਾ। ਮੁਝ ਸੋਂ ਬੋਲਜੋ ਬਿਹਸ ਨ ਬਦਨਾ॥੪੯॥

ਹੋਰ ਕਿਸੇ ਵਸਤੂ ਦੀ ਮੈਨੂੰ ਕੋਈ ਘਾਟ ਨਹੀਂ ਹੈ। ਮੇਰੇ ਹਿਰਦੇ ਵਿਚ ਜੋ ਦੁੱਖ ਹੈ ਉਹ ਮੈਂ ਤੁਹਾਨੂੰ ਦੱਸਦੀ ਹਾਂ। ਕਦੇ ਵੀ ਪ੍ਰੇਮ ਪਿਆਰ ਨਾਲ ਘਰ ਨਹੀਂ ਆਏ। ਮੇਰੇ ਨਾਲ ਕਦੀ ਮੂੰਹ ਤੋਂ ਹੱਸ ਕੇ ਨਹੀਂ ਬੋਲੇ॥ ੪੯॥

ਰਿਦੇ ਮਨੋਰਥ ਕਿਸ ਢਿਗ ਭਾਖੋਂ। ਜਿਸ ਸੋਂ ਕਹਿ ਅਪਨੇ ਦੁਖ ਨਾਖੋਂ।
ਨਿਤਪ੍ਰਤਿ ਚਿੰਤਾ ਮਾਂਹਿ ਬਿਤਾਊਂ। ਨਿਜ ਬੇਦਨ ਜੀਅਰਾ ਤਪਤਾਊਂ॥੫੦॥

ਮੈਂ ਆਪਣੇ ਹਿਰਦੇ ਦਾ ਮਨੋਰਥ ਕਿਸ ਨੂੰ ਦੱਸਾਂ? ਜਿਸ ਨੂੰ ਦੱਸ ਕੇ ਮੈਂ ਆਪਣੇ ਦੁੱਖ ਦੂਰ ਕਰਾਂ। ਹਰ ਵੇਲੇ ਚਿੰਤਾ ਵਿਚ ਪਈ ਰਹਿੰਦੀ ਹਾਂ। ਆਪਣੀ ਪੀੜਾ ਨਾਲ ਹਿਰਦੇ ਨੂੰ ਤਪਾ ਰਹੀ ਹਾਂ"॥ ੫੦॥

ਦੋਹਰਾ- ਸੁਨਤਿ ਸੁਤਾ ਬਚ ਮਰਮ ਕੇ ਗਈ ਨਾਨਕੀ ਪਾਸ।
ਸਰਬ ਬ੍ਰਿਥਾ ਬਰਨਨ ਕਰੀ ਨੀਕੀ ਰੀਤਿ ਪ੍ਰਕਾਸ਼॥ ੫੧॥

ਆਪਣੀ ਪੁੱਤਰੀ ਦੇ ਭੇਦ ਭਰੇ ਬਚਨ ਸੁਣ ਕੇ ਚੰਦੋਰਾਣੀ ਫਿਰ ਬੇਬੇ ਨਾਨਕੀ ਪਾਸ ਗਈ। ਸਾਰੀ ਕਹਾਣੀ ਉਸ ਨੇ ਵਰਣਨ ਕੀਤੀ ਅਤੇ ਰੀਤੀ ਦਾ ਪ੍ਰਕਾਸ਼ ਕੀਤਾ ਭਾਵ ਸਭ ਕੁਝ ਖੋਲ੍ਹ ਕੇ ਦੱਸ ਦਿੱਤਾ॥ ੫੧॥

ਚੌਪਈ- ਕਹੈ ਨਾਨਕੀ ਮਾਸੀ ਸੁਨਿਯੇ। ਤਿਹ ਸੁਭਾਇ ਨਿਸ਼ਠੁਰ ਬਹੁ ਜਨਿਯੇ।
ਕਰੋਂ ਅਵਾਹਨ ਹੌਂ ਕਿਹ ਕਾਲਾ। ਨਹਿੰ ਆਵਹਿ, ਤਿਹ ਯਾ ਬਿਧਿ ਚਾਲਾ॥੫੨॥

ਬੇਬੇ ਨਾਨਕੀ ਨੇ ਕਿਹਾ, "ਮਾਸੀ ਜੀ! ਸੁਣੋ, ਤੁਹਾਡੀ ਧੀ ਦਾ ਸੁਭਾਅ ਬੜਾ ਕਠੋਰ ਸਮਝਿਆ ਜਾਂਦਾ ਹੈ। ਕਿਸੇ ਵੇਲੇ ਵੀ ਬੁਲਾਵੇ ਤਾਂ ਉਹ ਆ ਜਾਂਦੇ ਹਨ। ਜੇ ਕਦੀ ਨਾ ਆਉਣ ਤਾਂ ਤੁਹਾਡੀ ਧੀ ਇਸ ਤਰ੍ਹਾਂ ਲੜਾਈ ਕਰਨ ਲੱਗ ਜਾਂਦੀ ਹੈ॥ ੫੨॥

ਜੇ ਆਵਹਿ ਨਿਜ ਸਹਿਜ ਸੁਭਾਈ। ਮਨਹੁ ਕ੍ਰੋਧ ਸੋਂ ਕਰਤਿ ਲਰਾਈ।
ਹੌਂ ਉਰ ਲਖਿ ਕਰਿ ਲਘੁ ਭਰਜਾਈ। ਕਰੌਂ ਤੂਸ਼ਨੀ ਸਮਾ ਬਿਤਾਈ॥ ੫੩॥

ਜੇ ਕਦੀ ਸਹਿਜ ਸੁਭਾਅ ਆ ਵੀ ਜਾਣ ਤਾਂ ਮਨ ਵਿਚ ਕ੍ਰੋਧ ਕਰਕੇ ਲੜਾਈ ਕਰਨ ਲੱਗ ਜਾਂਦੀ ਹੈ। ਇਸ ਤਰ੍ਹਾਂ ਹਿਰਦੇ ਵਿਚ ਜਾਣ ਕੇ ਕਿ ਉਹ ਮੇਰੀ ਛੋਟੀ ਭਰਜਾਈ ਹੈ, ਮੈਂ ਚੁੱਪ ਰਹਿ ਕੇ ਸਮਾਂ ਬਤੀਤ ਕਰ ਰਹੀ ਹਾਂ॥ ੫੩॥

ਸੁਭ ਖੱਤ੍ਰੀ ਕੀ ਤਨਿਯਾ ਕਰਿਕੈ। ਕਛੁ ਨ ਬਦਨ ਤੇ ਕਹੌਂ ਬਿਚਰਿਕੈ।
ਕਲਪਾ ਕਹਿ ਸਾਦਰ ਬੈਸਾਊਂ। ਹਰਖਤਿ ਰਹੈ ਦੇਖਿ ਸੁਖ ਪਾਊਂ॥ ੫੪॥

ਸੁਭ ਖੱਤਰੀ ਦੀ ਧੀ ਸਮਝ ਕੇ ਮੈਂ ਆਪਣੇ ਮੁੱਖ ਤੋਂ ਕੁਝ ਨਹੀਂ ਕਹਿੰਦੀ। ਕੀ ਗੱਲ ਕਹਿ ਕੇ ਮੈਂ ਉਸ ਨੂੰ ਆਦਰ ਨਾਲ ਵਸਾਵਾਂ, ਉਨ੍ਹਾਂ ਨੂੰ ਖੁਸ਼ ਵੇਖ ਕੇ ਮੈਂ ਵੀ ਸੁਖ ਪਾਵਾਂ"॥ ੫੪॥

ਦੋਹਰਾ- ਸੁਨਿ ਚੰਦੋਰਾਨੀ ਕਹਯੋ 'ਪਤਿ ਜਿ ਭਨਹਿ ਸੁਭ ਬੈਨ।
ਹੀਨ ਬਸਨ ਭੂਖਨ ਤਿਯਾ ਤੱਦਪਿ ਸੁਖ ਦਿਨ ਰੈਨ॥ ੫੫॥

ਇਹ ਸੁਣ ਕੇ ਚੰਦੋਰਾਣੀ ਨੇ ਕਿਹਾ, "ਪਤੀ ਦੇਵ ਜੇ ਚੰਗੀ ਬੋਲੀ ਬੋਲੇ, ਤਾਂ ਇਸਤਰੀ ਕਪੜੇ ਗਹਿਣੇ ਤੋਂ ਬਗੈਰ ਵੀ ਦਿਨ ਰਾਤ ਸੁਖੀ ਰਹਿੰਦੀ ਹੈ॥ ੫੫॥

ਸੋਰਠਾ- ਨਹਿਨ ਬਦਨ ਸਨਮਾਨ ਅਵਰ ਪਦਾਰਥ ਹੋਇਂ ਸਭਿ।
ਜਲ ਬਿਨ ਜਿਉਂ ਘਨ ਜਾਨਿ ਬਾਦ ਹੋਨਿ ਤਿਨ ਕੋ ਤਥਾ॥ ੫੬ ॥

ਮੂੰਹ ਨਾਲ ਦਿੱਤਾ ਹੋਇਆ ਆਦਰ, ਸਭ ਪਦਾਰਥਾਂ ਨਾਲੋਂ ਉਪਰ ਹੈ। ਜਿਵੇਂ ਜਲ ਬਿਨ ਬੱਦਲਾਂ ਦਾ ਹੋਣਾ ਵਿਰਥਾ ਹੈ॥ ੫੬ ॥

ਚੌਪਈ- ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ। ਨਿਸਿ ਬਾਸੁਰ ਸਭਿ ਬਹਿਰ ਬਿਤਾਵਹਿਂ।
ਨਹਿਂ ਬੋਲਤਿ ਤਿਹ ਸੋਂ ਕਬਿ ਆਈ। ਮਨ ਸਮਝਹੁ ਆਪਨੇ ਪਰਥਾਈ' ॥੫੭॥

ਕਦੀ ਵੀ ਘਰ ਵਿਚ ਆ ਕੇ ਮੂੰਹ ਨਹੀਂ ਵਿਖਾਉਂਦਾ, ਦਿਨ ਰਾਤ ਬਾਹਰ ਹੀ ਬਤੀਤ ਕਰਦਾ ਹੈ। ਕਦੀ ਆ ਕੇ ਉਸ ਨਾਲ ਬੋਲਦਾ ਵੀ ਨਹੀਂ। ਇਹ ਗੱਲ ਆਪਣੇ ਤੇ ਪਰਤਾ ਕੇ ਸਮਝੋ, ਭਾਵ ਜੇ ਤੁਹਾਡਾ ਪਤੀ ਘਰ ਆ ਕੇ ਤੁਹਾਡੇ ਨਾਲ ਨਾ ਬੋਲੇ ਤਾਂ ਤੁਹਾਡੇ ਤੇ ਕੀ ਬੀਤੇਗੀ ?"॥ ੫੭ ॥

ਸੁਨਿ ਪੁਨਿ ਭਨਤਿ ਨਾਨਕੀ ਬਾਨੀ। ਮ੍ਰਿਦੁਲ ਮਧੁਰ ਗੁਨ ਗਨ ਜਨੁ ਖਾਨੀ।
'ਹੇ ਮਾਸੀ ਤੂੰ ਸਭਿ ਬਿਧਿ ਸਾਚੀ। ਤਵ ਤਨਿਯਾ ਭੀ ਸਾਚ ਉਬਾਚੀ ॥੫੮॥

ਇਹ ਸੁਣ ਕੇ ਬੇਬੇ ਨਾਨਕੀ ਫਿਰ ਬੋਲੀ, ਮਾਨੋਂ ਸਾਰੇ ਗੁਣਾਂ ਦੀ ਖਾਣ ਸੱਚ ਕਹਿੰਦੀ ਹੈ। "ਹੇ ਮਾਸੀ ਜੀ ! ਤੁਸੀਂ ਹਰ ਤਰ੍ਹਾਂ ਸੱਚੇ ਹੋ, ਤੁਹਾਡੀ ਪੁੱਤਰੀ ਨੇ ਵੀ ਬਿਲਕੁਲ ਸੱਚ ਕਿਹਾ ਹੈ॥ ੫੮ ॥

ਤੱਦਪਿ ਅਸ ਪ੍ਰਕਾਰ ਸਮਝਾਈਐ। ਹੋਇ ਦੀਨ ਮਨ ਸੇਵ ਕਮਾਈਐ।
ਪੁਰਖੋਤਮ ਹ੍ਵੈ ਸੇਵ ਅਧੀਨਾ। ਇਉਂ ਭਾਖਤਿ ਹੈਂ ਗੁਨੀ ਪ੍ਰਬੀਨਾ ॥੫੯॥

ਉਸ ਨੂੰ ਇਸ ਤਰ੍ਹਾਂ ਸਮਝਾਓ ਕਿ ਮਸਕੀਨ ਹੋ ਕੇ ਆਪਣੇ ਪਤੀ ਦੀ ਸੇਵਾ ਕਰੇ। ਪ੍ਰਭੂ ਵੀ ਸੇਵਾ ਦੇ ਵੱਸ ਵਿਚ ਹੈ, ਇਹ ਕੁਝ ਵੱਡੇ-ਵੱਡੇ ਗੁਣੀ ਗਿਆਨੀ ਕਹਿ ਗਏ ਹਨ॥ ੫੯ ॥

ਹ੍ਵੈ ਪ੍ਰਸੰਨ ਦੀਨਨ ਪਰ ਦਯਾਲਾ। ਕਬਿ ਨ ਮਿਟਾਵਹਿਂ ਬਿਰਥੀ ਘਾਲਾ।
ਹਾਥ ਬੰਦਿ ਹੌਂ ਭੀ ਤਿਹ ਕਹਿਹੋਂ। ਉਰ ਮਹਿਂ ਡਰਤਿ ਸਦਾ ਹੀ ਰਹਿਹੋਂ ॥੬੦॥

ਦਿਆਲੂ ਗਰੀਬਾਂ ਦੀ ਸੇਵਾ ਤੇ ਪ੍ਰਸੰਨ ਹੁੰਦਾ ਹੈ ਅਤੇ ਉਨ੍ਹਾਂ ਦੀ ਸੇਵਾ ਰੂਪੀ ਘਾਲ ਕਦੇ ਵੀ ਬਿਰਥਾ ਨਹੀਂ ਜਾਂਦੀ। ਹੱਥ ਜੋੜ ਕੇ ਵੀ ਮੈਂ ਉਸ ਨੂੰ ਕਹਿ ਸਕਦੀ ਹਾਂ, ਪਰ ਦਿਲ ਵਿਚ ਸਦਾ ਹੀ ਡਰਦੀ ਰਹਿੰਦੀ ਹਾਂ"॥ ੬੦ ॥

ਦੋਹਰਾ- ਤੁਮ ਜਾਨਹੁਗੇ ਭ੍ਰਾਤ ਕੋ ਕਰਤਿ ਸੁਜਸ ਹਮ ਪਾਸ।
ਹੌਂ ਨ ਲਖੌਂ ਸੋਦਰ ਤਿਸੈ ਪਰਮੇਸ਼ੁਰ ਸੰਕਾਸ॥ ੬੧ ॥

ਤੁਸੀਂ ਸਮਝੋਗੇ ਕਿ ਮੈਂ ਤੁਹਾਡੇ ਪਾਸ ਆਪਣੇ ਭਰਾ ਦੀ ਸਿਫਤ ਕਰ ਰਹੀ ਹਾਂ। ਮੈਂ ਨਹੀਂ ਜਾਣਦੀ ਸਾਰੇ ਮੇਰੇ ਭਰਾ ਨੂੰ ਪਰਮੇਸ਼ੁਰ ਬਰਾਬਰ ਹੀ ਜਾਣਦੇ ਹਨ॥ ੬੧ ॥

ਚੌਪਈ-ਨਿਸ਼ਚੈ ਸਤਿ ਜਾਨਹੁ ਮਨਿ ਮਾਸੀ !। ਸਰਬ ਵਿਕਾਰ ਕੀਨ ਜਿਨ ਨਾਸ਼ੀ।
ਸੰਤ ਸਰੂਪ, ਜੁ ਕਹੈ ਸਪੂਰਨ। ਰਹਿਤਿ ਡਰਤਿ ਹਮ ਲਖਿ ਉਰ, ਕੂਰ ਨ ॥੬੨॥

ਹੇ ਮਾਸੀ ਜੀ ! ਮੇਰੀ ਗੱਲ ਨੂੰ ਨਿਸਚਿੰਤ ਹੋ ਕੇ ਸੱਚੀ ਸਮਝੋ। ਉਸ ਨੇ ਸਭ ਵਿਕਾਰਾਂ ਦਾ ਨਾਸ਼ ਕੀਤਾ ਹੈ। ਸੰਤ ਸਰੂਪ ਹਨ ਅਤੇ ਜੋ ਕਹਿੰਦੇ ਹਨ ਸੋ ਪੂਰਾ ਹੋ ਜਾਂਦਾ ਹੈ। ਅਸੀਂ ਵੇਖ ਕੇ ਹਿਰਦੇ ਵਿਚ ਡਰਦੇ ਹਾਂ। ਇਹ ਗੱਲ ਝੂਠ ਨਹੀਂ॥ ੬੨ ॥

ਅਬ ਜਾਵਹੁ, ਤੁਮ ਤੇ ਪਸ਼ਚਾਤਾ। ਜਬ ਅਵਾਸ ਆਵਹਿ ਸ੍ਰੀ ਭ੍ਰਾਤਾ।
ਕਰਿਵਾਵੌਂਗੀ ਬਹੁਤ ਦਿਲਾਸਾ। ਤਵ ਤਨਿਯਾ ਕੋ ਨਾਨਕ ਪਾਸਾ ॥੬੩॥

ਹੁਣ ਤੁਸੀਂ ਘਰ ਜਾਵੋ, ਤੁਹਾਡੇ ਪਿਛੋਂ ਜਦ ਭਰਾ ਜੀ ਘਰ ਆਉਣਗੇ ਤਾਂ ਮੈਂ ਦੋਹਾਂ ਨੂੰ ਦਿਲਾਸਾ ਦੇਵਾਂਗੀ ਅਤੇ ਆਪਸ ਵਿਚ ਸੁਲਾਹ ਕਰਾਵਾਂਗੀ'' ॥ ੬੩ ॥

ਇਹ ਬਿਧਿ ਮਧੁਰ ਬਚਨ ਕਹਿ ਨਾਨਾ। ਸੀਤਲ ਕਰੀ, ਕ੍ਰੋਧ ਭਾ ਹਾਨਾ।
ਬਹੁਰ ਸਨੇਹ ਸੰਗਿ ਸੁਖ ਸਾਨੀ। ਜੁਗਮ ਪਰਸਪਰ ਬੋਲਹਿਂ ਬਾਨੀ ॥ ੬੪ ॥

ਇਸ ਤਰ੍ਹਾਂ ਕਈ ਪ੍ਰਕਾਰ ਦੇ ਮਿਠੇ ਬਚਨ ਬੋਲ ਕੇ ਚੰਦੋਰਾਣੀ ਨੂੰ ਸ਼ਾਂਤ ਕੀਤਾ ਅਤੇ ਉਸ ਦੇ ਕ੍ਰੋਧ ਨੂੰ ਘੱਟ ਕੀਤਾ। ਫਿਰ ਬੜੇ ਪ੍ਰੇਮ ਨਾਲ ਦੋਵੇਂ ਆਪਸ ਵਿਚ ਗੱਲਾਂ-ਬਾਤਾਂ ਕਰਦੀਆਂ ਰਹੀਆਂ॥ ੬੪ ॥

ਉਠਿ ਕਰਿ ਆਈ ਤਨਿਯਾ ਪਾਸਾ। ਸਮਝਾਈ ਬਹੁ ਦੀਨ ਦਿਲਾਸਾ।
'ਕੰਤ ਤੋਹਿ ਨੀਕੋ ਸੁਭ ਕਰਮੀ। ਪੂਰਬ ਕੋ ਉਦਾਰ ਦਿਢ ਧਰਮੀ ॥ ੬੫ ॥

ਫਿਰ ਚੰਦੋ ਰਾਣੀ ਉਠ ਕੇ ਆਪਣੀ ਲੜਕੀ ਪਾਸ ਆ ਗਈ, ਉਸ ਨੂੰ ਬਹੁਤ ਦਿਲਾਸਾ ਦੇ ਕੇ ਸਮਝਾਇਆ। ''ਤੇਰਾ ਪਤੀ ਬੜੇ ਸ਼ੁਭ ਕਰਮਾਂ ਵਾਲਾ ਹੈ। ਉਹ ਪਹਿਲਾਂ ਤੋਂ ਹੀ ਬੜਾ ਉਦਾਰ-ਚਿਤ ਅਤੇ ਸ਼ੁਭ ਧਰਮੀ ਹੈ॥ ੬੫ ॥

ਤੂੰ ਨੈਹਰ ਘਰ ਹੁਤੀ ਦੁਲਾਰੀ। ਨਹਿਂ ਜਾਨਹਿ ਕਛੁ ਸੇਵ ਪ੍ਰਕਾਰੀ।
ਅਬ ਮਨ ਸਮਝ ਸੇਵ ਪਤਿ ਕੀਜੈ। ਭਲੇ ਰਿਝਾਇ ਸਰਬ ਸੁਖ ਲੀਜੈ ॥ ੬੬ ॥

ਤੂੰ ਪੇਕੇ ਘਰ ਵਿਚ ਬੜੀ ਲਾਡਲੀ ਸੀ। ਤੈਨੂੰ ਇਹ ਪਤਾ ਹੀ ਨਹੀਂ ਕਿ ਸੇਵਾ ਕਿਸ ਪ੍ਰਕਾਰ ਦੀ ਹੁੰਦੀ ਹੈ? ਹੁਣ ਗੱਲ ਨੂੰ ਸਮਝ ਤੇ ਪਤੀਦੇਵ ਦੀ ਸੇਵਾ ਕਰੋ, ਉਸ ਨੂੰ ਖੁਸ਼ ਕਰਕੇ ਸਭ ਸੁਖ ਪ੍ਰਾਪਤ ਕਰੋ॥ ੬੬ ॥

ਪਤਿ ਕੀ ਸੇਵ ਕਰਤਿ ਤ੍ਰਿਯ ਜੇਤੀ। ਸੁਖੀ ਰਹਤਿ ਦ੍ਵੈ ਲੋਕਨ ਤੇਤੀ।
ਅਸ ਪ੍ਰਕਾਰ ਕੀ ਸੀਖ ਸਿਖਾਨੀ। ਕਿਤਕ ਦਿਵਸ ਰਹਿ ਚੰਦੋਰਾਨੀ ॥ ੬੭ ॥

ਤੂੰ ਜਿੰਨੀ ਪਤੀ ਦੀ ਸੇਵਾ ਕਰੇਂਗੀ, ਉਤਨਾ ਹੀ ਤੁਸੀਂ ਦੋਵੇਂ ਸੁਖੀ ਰਹੋਗੇ।'' ਇਸ ਪ੍ਰਕਾਰ ਦੀ ਸਿਖਿਆ ਦੇ ਕੇ ਚੰਦੋਰਾਣੀ ਉਥੇ ਕੁਝ ਦਿਨ ਠਹਿਰੀ॥ ੬੭ ॥

ਦੋਹਰਾ- ਪੁਨਿ ਜਨਨੀ ਨਿਜ ਨਗਰ ਕੋ ਪ੍ਰਾਪਤਿ ਭਈ ਅਵਾਸ।
ਭਜਿ ਸੰਤੋਖ ਸਿੰਘ ਗੁਰੁ ਚਰਨ ਜਨਮ ਮਰਨ ਕਟਿ ਫਾਸ ॥ ੬੮ ॥

ਫਿਰ ਮਾਤਾ ਚੰਦੋਰਾਣੀ ਆਪਣੇ ਨਿੱਜੀ ਨਗਰ ਪਹੁੰਚ ਕੇ ਆਪਣੇ ਘਰ ਚਲੀ ਗਈ। ਹੇ ਸੰਤੋਖ ਸਿੰਘ ! ਤੂੰ ਗੁਰੂ ਦੇ ਚਰਨਾਂ ਦਾ ਸਿਮਰਨ ਕਰ, ਤਾਂਕਿ ਤੇਰੇ ਜਨਮ ਮਰਨ ਦੀ ਫਾਹੀ ਕੱਟੀ ਜਾਵੇ॥ ੬੮ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲੱਖਣੀ ਪ੍ਰਸੰਗ' ਬਰਨਨ ਨਾਮ ਪਚੀਸਮੋ ਅਧਯਾਯ॥ ੨੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੱਚੀਵਾਂ ਅਧਿਆਇ, ਜਿਸ ਦਾ ਨਾਮ 'ਮੂਲੇ ਤੇ ਚੰਦੋ ਰਾਣੀ ਦਾ ਆ ਕੇ ਗੁੱਸੇ ਹੋਣਾ' ਹੈ, ਸਮਾਪਤ ਹੋਇਆ॥ ੨੫॥

# ਅਧਿਆਇ ਛੱਬੀਵਾਂ

*ਬਾਬੇ ਸਿਰੀ ਚੰਦ ਦਾ ਜਨਮ।*

ਦੋਹਰਾ- ਅਮਲ ਕਮਲ ਦਲ ਲਲਿਤ ਚਖ ਸੁਰਸਰਿ ਜਲ ਸਮ ਦੇਹਿ।
ਕਰਨਹਾਰ ਮੰਗਲ ਸਕਲ ਨਮਹਿ ਚਰਨ ਪਰ ਲੇਹੁ॥ ੧॥

ਹੇ ਨਿਰਮਲ ਕੰਵਲ ਦੀ ਪੰਖੜੀ ਵਰਗੇ ਲਲਿਤ ਨੇਤ੍ਰਾਂ ਵਾਲੀ ਜਿਸ ਦਾ ਸਰੀਰ ਗੰਗਾ ਦੇ ਜਲ ਵਰਗਾ ਸਾਫ ਹੈ ਤੇ ਜੋ ਸਾਰੇ ਮੰਗਲਾਂ ਦੇ ਕਰਨ ਵਾਲੀ ਹੈ, ਆਪਣੇ ਚਰਨਾਂ ਤੇ ਮੇਰੀ ਨਮਸ਼ਕਾਰ ਪ੍ਰਵਾਨ ਕਰੋ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਤੋਟਕ ਛੰਦ- ਨਿਤ ਨਾਨਕ ਆਪਨਿ ਪੈ ਸੁ ਰਹੈਂ। ਜਿਹ ਹੇਰਨਿ ਤੇ ਅਘ ਓਘ ਦਹੈਂ।
ਕਰੁਨਾ ਕਰਿ ਡੀਠ ਪਿਖੈਂ ਜਿਹ ਕੋ। ਭਵ ਸਿੰਧ ਉਧਾਰ ਕਰੈਂ ਤਿਹ ਕੋ॥ ੨॥

ਭਾਈ ਬਾਲੇ ਨੇ ਕਿਹਾ- ਸਦਾ ਸ੍ਰੀ ਨਾਨਕ ਜੀ ਆਪਣੀ ਹੱਟੀ ਤੇ ਰਹਿੰਦੇ ਹਨ। ਜਿਸ ਨੂੰ ਇਕ ਵਾਰ ਕਿਰਪਾ ਕਰਕੇ ਵੇਖਦੇ ਹਨ ਉਸ ਦੇ ਸਭ ਪਾਪ ਕੱਟੇ ਜਾਂਦੇ ਹਨ। ਸੰਸਾਰ ਰੂਪ ਸਮੁੰਦਰ ਤੋਂ ਉਨ੍ਹਾਂ ਨੂੰ ਪਾਰ ਕਰ ਦਿੰਦੇ ਹਨ॥ ੨॥

ਇਕ ਦਯੋਸ ਗਏ ਭਗਨੀ ਸਦਨੰ। ਬਿਨ ਅੰਕ ਮਯੰਕ ਬਨਯੋ ਬਦਨੰ।
ਪਦ ਮੰਦਹਿ ਮੰਦ ਧਰੈਂ ਧਰਨੀ। ਉਪਮਾ ਅਰਬਿੰਦ ਭਲੇ ਬਰਨੀ॥ ੩॥

ਇਕ ਦਿਨ ਆਪਣੀ ਭੈਣ ਦੇ ਘਰ ਗਏ। ਉਨ੍ਹਾਂ ਦਾ ਮੁਖੜਾ ਕਲੰਕ ਬਿਨਾਂ ਚੰਦਰਮਾਂ ਵਰਗਾ ਬਣਿਆ ਸੀ। ਧਰਤੀ ਉਤੇ ਬਹੁਤ ਹੌਲੀ ਹੌਲੀ ਆਪਣੇ ਚਰਨ ਧਰਦੇ ਹਨ। ਕੰਵਲ ਦੀ ਉਪਮਾਂ ਮਹਾਨ ਬਿਆਨ ਕੀਤੀ ਹੈ॥ ੩॥

ਭਗਨੀ ਪਿਖਿ ਸ੍ਰੀ ਮੁਖ ਕੋ ਹਰਖੀ। ਜਨੁ ਆਨੰਦਤਾ ਜਗ ਕੀ ਕਰਖੀ।
ਤੁਲਸਾਂ ਪਰਯੰਕ ਮਨੋਗ ਡਸਾ। ਢਿਗ ਬੈਸਿ ਗਈ, ਕਹਿ ਬੈਨ ਸੁਸਾ॥ ੪॥

ਭੈਣ ਆਪਣੇ ਵੀਰ ਦਾ ਮੁਖੜਾ ਵੇਖ ਕੇ ਬਹੁਤ ਖੁਸ਼ ਹੋਈ। ਮਾਨੋ ਸਾਰੇ ਜੱਗ ਦੀਆਂ ਖੁਸ਼ੀਆਂ ਉਸ ਨੂੰ ਪ੍ਰਾਪਤ ਹੋ ਗਈਆਂ ਹਨ। ਦਾਸੀ ਤੁਲਸਾਂ ਨੇ ਸੁੰਦਰ ਪਲੰਘ ਡਾਹਿਆ। ਬੇਬੇ ਜੀ ਨੇ ਨੇੜੇ ਬੈਠ ਕੇ ਫਿਰ ਕਿਹਾ॥ ੪॥

'ਬਿਨ ਹੂਤ ਨਿਕੇਤ ਧਰੇ ਚਰਨਾ। ਮਨ ਜਾਨਤਿ ਹੌਂ ਜਿ ਭਈ ਕਰੁਨਾ।
ਮੁਖ ਹੇਰਨ ਕੀ ਚਿਤ ਚਾਹਿ ਸਦਾ। ਨਿਤ ਯਾਦ ਕਰੌਂ ਤੁਮ ਆਵ ਤਦਾ॥ ੫॥

ਬਿਨਾਂ ਸੱਦੇ ਦੇ ਘਰ ਵਿਚ ਚਰਨ ਧਰੇ ਹਨ। ਮਨ ਵਿਚ ਜਾਣਦੀ ਹਾਂ ਕਿ ਕਿਉਂ ਕਿਰਪਾ ਕੀਤੀ ਹੈ। ਤੁਹਾਡਾ ਮੁਖੜਾ ਵੇਖਣ ਦੀ ਸਦਾ ਚਾਹਤ ਰਹਿੰਦੀ ਹੈ। ਜਦ ਵੀ ਯਾਦ ਕਰਦੀ ਹਾਂ ਤੁਸੀਂ ਉਸੇ ਵੇਲੇ ਆ ਜਾਂਦੇ ਹੋ॥ ੫॥

ਪੁਨਿ ਨਾਨਕ ਬੈਨ ਭਨੇ 'ਸੁਨਿਯੇ। ਨਿਜ ਦਾਸ ਸਦਾ ਹਮ ਕੋ ਜਨਿਯੇ।
ਅਭਿਲਾਖ ਹਕਾਰਨ ਕੀ ਕਰਿਹੋ। ਤਬ ਤੂਰਨ ਆਉਂ, ਨ ਮੈਂ ਟਰਿਹੋਂ॥ ੬॥

ਫਿਰ ਨਾਨਕ ਨੇ ਕਿਹਾ, "ਭੈਣ ਜੀ! ਸੁਣੋ, ਮੈਨੂੰ ਸਦਾ ਆਪਣਾ ਦਾਸ ਸਮਝੋ। ਜਦ ਵੀ ਕਦੇ ਤੁਸੀਂ ਬੁਲਾਉਣ ਦੀ ਇੱਛਾ ਕਰਦੇ ਹੋ, ਤਦ ਮੈਂ ਤੁਰੰਤ ਆ ਜਾਂਦਾ ਹਾਂ ਅਤੇ ਕਦੇ ਵੀ ਮੈਂ ਰੁਕਦਾ ਨਹੀਂ॥ ੬॥

ਮੁਝ ਤੇ ਬਯ ਦੀਰਘ ਹੈ ਤੁਮਰੀ। ਨਿਤ ਆਇਸ ਮੈਂ ਲਿਪਸਾ ਹਮਰੀ।
ਤੁਮ ਵਾਕ ਨ ਮੋਰਹੁ ਮੈਂ ਕਬ ਹੀ। ਪਰਤਾਪ ਅਹੈ ਤੁਮਰਾ ਸਭਿ ਹੀ॥ ੭॥

ਮੇਰੇ ਨਾਲੋਂ ਤੁਹਾਡੀ ਵੱਡੀ ਉਮਰ ਹੈ। ਮੇਰੀ ਇੱਛਾ ਸਦਾ ਹੀ ਤੁਹਾਡੀ ਆਗਿਆ ਵਿਚ ਹੈ। ਤੁਹਾਡਾ ਕਿਹਾ ਵਾਕ ਮੈਂ ਕਦੇ ਵੀ ਮੋੜ ਨਹੀਂ ਸਕਦਾ। ਸਭ ਥਾਂ ਤੁਹਾਡਾ ਹੀ ਪ੍ਰਤਾਪ ਹੈ॥ ੭॥

ਜਗ ਕਾਰਜ ਜਾਰ ਸਮਾਨ ਫਸੇ। ਬਿਲਗੇ ਜੁ ਮਿਲੇ ਬਿਨ ਕਜੋਂ ਨਿਕਸੇ।
ਢਿਗ ਹੋਵਤਿ ਭੀ ਨਹਿਂ ਮੇਲ ਬਨੈ। ਦਿਸ਼ਟਾਂਤ ਇਹੈ ਮਤਿਵਾਨ ਭਨੈ ॥੮॥

ਜਗਤ ਦੇ ਕਾਰਜ ਜੋ ਜਾਲ ਸਮਾਨ ਹਨ ਉਨ੍ਹਾਂ ਵਿਚ ਜੋ ਫਸੇ ਹਨ, ਸੋ ਜਿਸ ਵਿਚ ਮਿਲੇ ਹੋਏ ਹਾਂ ਉਸ ਤੋਂ ਅਲੱਗ ਹੋਏ ਬਗੈਰ ਕਿਵੇਂ ਨਿਕਲ ਸਕਦੇ ਹਨ। ਨੇੜੇ ਹੁੰਦਿਆਂ ਵੀ ਮੇਲ ਨਾ ਹੋਵੇ। ਬੁਧੀਵਾਨ ਇਹੀ ਗੱਲ ਕਹਿੰਦੇ ਹਨ॥ ੮॥

ਭਗਨੀ ਬਚ ਬੋਲਤਿ ਆਨਨ ਸੋਂ। 'ਅਸ ਗਾਥ ਕਥੋਂ ਅਨਜਾਨਨ ਸੋਂ।
ਭਵਤਾਰਨ ਕੋ ਭਵ ਲੀਨ ਤੁਮੈਂ। ਭਵਦਾਯਕ! ਨਾ ਭਰਮਾਉ ਹਮੈਂ ॥੯॥

ਭੈਣ ਫਿਰ ਆਪਣੇ ਮੂੰਹ ਤੋਂ ਬਚਨ ਬੋਲਦੀ ਹੈ। "ਮੈਂ ਅਣਜਾਣਾਂ ਵਾਂਗ ਇਕ ਗੱਲ ਕਹਿੰਦੀ ਹਾਂ। ਸੰਸਾਰ ਨੂੰ ਤਾਰਨ ਵਾਸਤੇ ਤੁਸੀਂ ਇਸ ਸੰਸਾਰ ਵਿਚ ਅਵਤਾਰ ਧਾਰਿਆ ਹੈ। ਹੇ ਮੁਕਤੀ ਦਾਤੇ! ਸਾਨੂੰ ਉਸ ਤਰ੍ਹਾਂ ਹੀ ਨਾ ਭਰਮਾਓ" ॥ ੯॥

ਦੋਹਰਾ- 'ਇਹ ਬਿਧਿ ਕੀ ਸੁਧਿ ਤੁਮਹਿਂ ਕੋ ਜਾਨਹੁ ਸਭਿ ਵੀਚਾਰ।
ਕਰੁਨਾ ਹੈ ਕਰਤਾਰ ਕੀ ਤੋ ਪਰ ਸੁਸਾ! ਅਪਾਰ' ॥ ੧੦॥

"ਤੁਹਾਨੂੰ ਇਸ ਤਰ੍ਹਾਂ ਦੀ ਖਬਰ ਹੈ ਕਿ ਤੁਸੀਂ ਸਭ ਵਿਚਾਰ ਜਾਣਦੇ ਹੋ, ਕਰਤਾਰ ਦੀ ਤੁਹਾਡੇ 'ਤੇ ਬੇਅੰਤ ਕਿਰਪਾ ਹੈ" ॥ ੧੦॥

ਤੋਟਕ ਛੰਦ- 'ਇਕ ਸੋਦਰ! ਮੇ ਬਿਨਤੀ ਸੁਨਿਯੇ। ਇਹ ਬੈਨ ਭਲੇ ਮਨ ਮੈਂ ਗੁਨਿਯੇ।
ਜਬ ਆਇਸੁ ਦੇਹੁ ਕਹੌਂ ਤਬਹੀ। ਉਚਰੌਂ ਨ ਕਦਾਚਿਤ ਯੌਂ ਕਬਹੀ' ॥੧੧॥

"ਭਰਾ ਜੀ! ਮੇਰੀ ਇਕ ਬੇਨਤੀ ਸੁਣੋ। ਇਹ ਬਚਨ ਭਲੇ ਮਨ ਨਾਲ ਵਿਚਾਰੋ। ਜਦ ਆਗਿਆ ਦੇਵੋਗੇ ਤਦ ਹੀ ਕਹਾਂਗੀ। ਉਸ ਤਰ੍ਹਾਂ ਮੈਂ ਕਦੀ ਨਹੀਂ ਕਹਾਂਗੀ" ॥ ੧੧॥

ਜਨਤਾਰਨ ਬੈਨ ਬਿਨੈ ਸੁਨਿ ਕੈ। ਪਰਸੀਦਤਿ ਭੇ ਨਮਤਾ ਗੁਨਿਕੈ।
'ਮਨ ਜੋਨ ਮਨੋਰਥ ਸ਼ੰਕ ਬਿਨਾ। ਮੁਖਿ ਭਾਖਹੁ ਮੈਂ ਅਨੁਸਾਰਿ ਸਨਾ ॥੧੨॥

ਦਾਸਾਂ ਨੂੰ ਤਾਰਨਹਾਰ ਜੀ, ਭੈਣ ਜੀ ਦੀ ਇਹ ਗੱਲ ਸੁਣ ਕੇ, ਬੜੇ ਖੁਸ਼ ਹੋਏ ਅਤੇ ਨਿਮਰਤਾ ਵਿਚਾਰ ਕੇ ਬੋਲੇ। "ਜੋ ਵੀ ਤੁਹਾਡੇ ਮਨ ਵਿਚ ਹੈ ਉਸ ਨੂੰ ਕਿਸੇ ਸੰਕੇ ਬਗੈਰ ਕਹੋ, ਮੈਂ ਉਸ ਦਾ ਅਨੁਸਾਰੀ ਹਾਂ ॥ ੧੨॥

ਤਵ ਵਾਕ ਨ ਮੋਰ ਸਕੋਂ ਕਬ ਹੀ'। ਸੁਨਿ ਸ੍ਰੋਨ ਸੁਸਾ ਕਹਿ ਯੌਂ ਤਬ ਹੀ।
'ਕੁਲਵਾਨਨਿ ਕੀ ਤਨਿਯਾ ਸਦਨਾ। ਸਨਮਾਨ ਕਰੋ ਨਹਿਂ ਜੇ ਬਦਨਾ ॥੧੩॥

ਮੈਂ ਤੁਹਾਡੇ ਬਚਨ ਕਦੇ ਵੀ ਨਹੀਂ ਮੋੜ ਸਕਦਾ। ਇਹ ਸੁਣ ਕੇ ਬੇਬੇ ਨਾਨਕੀ ਨੇ ਉਸੇ ਵੇਲੇ ਕਿਹਾ, "ਤੁਹਾਡੇ ਘਰ ਵਿਚ ਉਚੀ ਕੁਲ ਵਾਲਿਆਂ ਦੀ ਪੁੱਤਰੀ ਹੈ। ਤੁਸੀਂ ਉਸ ਦਾ ਆਪਣੇ ਮੁੱਖ ਨਾਲ ਸਨਮਾਨ ਨਹੀਂ ਕਰਦੇ ਹੋ ॥ ੧੩॥

ਤਿਹ ਮਾਤ ਪਿਤਾ ਜਬ ਆਵਤਿ ਹੈਂ। ਦੁਰਵਾਕ ਅਲਾਇ ਲਜਾਵਤਿ ਹੈਂ।
ਸੁਨਿ ਤੂਸ਼ਨਿ ਹੋਇ ਰਹੌਂ ਤਿਨ ਤੇ। ਨਹਿਂ ਸਾਮੁਹਿ ਤਾਂ ਬਚਨਾ ਭਨਤੇ ॥੧੪॥

ਜਦ ਉਸ ਦੇ ਮਾਤਾ ਪਿਤਾ ਆਉਂਦੇ ਹਨ ਤਾਂ ਭੈੜੇ ਬਚਨ ਬੋਲ ਕੇ ਸਾਨੂੰ ਲਜਿਤ ਕਰਦੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਚੁੱਪ ਰਹਿਣਾ ਪੈਂਦਾ ਹੈ ਅਤੇ ਉਨ੍ਹਾਂ ਦੇ ਸਾਹਮਣੇ ਬੋਲਿਆ ਵੀ ਨਹੀਂ ਜਾਂਦਾ ॥ ੧੪॥

ਤੁਵ ਸੰਤ ਸੁਭਾਇ ਦਯਾ ਸੁ ਪਗਾ। ਉਪਕਾਰ ਵਿਖੈ ਦਿਨ ਰੈਨ ਲਗਾ।

ਕਰਿਯੋ ਦਿਲਗੀਰ ਨ ਜਾ ਘਰਨੀ। ਕੁਲਿਵਾਨਨਿ ਕੀ ਤਨਿਯਾ ਤਰੁਨੀ' ॥੧੫॥

ਤੁਹਾਡਾ ਸੰਤ ਸੁਭਾਅ ਹੈ ਅਤੇ ਦਇਆ ਦੇ ਪੁੰਜ ਹੋ, ਉਪਕਾਰ ਵਿਖੇ ਦਿਨ ਰਾਤ ਲਾ ਰਹੇ ਹੋ। ਆਪਣੀ ਇਸਤਰੀ ਨੂੰ ਕਦੀ ਵੀ ਦਿਲਗੀਰ ਨਾ ਕਰੋ, ਉਹ ਬੜੀ ਉਚੀ ਕੁਲ ਵਾਲਿਆਂ ਦੀ ਧੀ ਹੈ" ॥ ੧੫॥

ਗੁਨਐਨ ਸੁਨਜੋ ਮੁਖ ਬੈਨ ਕਹੇ। 'ਕਹੁ ਕੌਨ ਪਦਾਰਥ ਹੀਨ ਰਹੇ?।
ਚਿਤ ਚਾਹਿ ਪੁਚਾਇ ਦਯੋ ਸਭਿ ਹੀ। ਨਹਿਂ ਰੰਜ ਕਿਯੋ ਉਰ ਤਾਂ ਕਬਹੀ' ॥੧੬॥

ਜਦ ਗੁਰੂ ਜੀ ਨੇ ਆਪਣੀ ਭੈਣ ਜੀ ਦੇ ਇਹ ਸ਼ਬਦ ਸੁਣੇ ਤਾਂ ਬੋਲੇ, "ਦੱਸੋ ਉਸ ਨੂੰ ਕਿਸ ਪਦਾਰਥ ਦੀ ਘਾਟ ਹੈ। ਜੋ ਉਸ ਦਾ ਮਨ ਚਾਹੁੰਦਾ ਹੈ ਮੈਂ ਤੁਰੰਤ ਪਹੁੰਚਾ ਦਿੰਦਾ ਹਾਂ। ਉਸ ਨੇ ਦਿਲ ਵਿਚ ਕਦੇ ਵੀ ਰੰਜਸ਼ ਨਹੀਂ ਵਿਖਾਈ" ॥ ੧੬॥

ਭਗਨੀ ਕਹਿ 'ਤੂੰ ਪ੍ਰਿਯ ਦੀਨਨ ਕੋ। ਸਭਿ ਦੀਨ ਪਦਾਰਥ ਹੀਨਨ ਕੋ।
ਸਭਿ ਤੇ ਬਧ ਆਦਰ ਹੈ ਮੁਖ ਕੋ। ਤਿਯ ਕੋ ਪਤਿ ਬੈਨ ਕਹੈ ਸੁਖ ਕੋ ॥੧੭॥

ਭੈਣ ਨੇ ਕਿਹਾ, "ਤੂੰ ਗਰੀਬਾਂ ਦਾ ਪਿਆਰਾ ਹੈਂ ਅਤੇ ਸਾਰੇ ਪਦਾਰਥ ਉਨ੍ਹਾਂ ਨੂੰ ਦੇਈ ਜਾਂਦਾ ਹੈਂ। ਸਭ ਤੋਂ ਵੱਡਾ ਆਦਰ ਉਹ ਹੈ ਜਿਹੜਾ ਮੂੰਹ ਨਾਲ ਕੀਤਾ ਜਾਵੇ। ਆਪਣੇ ਪਤੀ ਪਾਸੋਂ ਬਚਨ ਸੁਣ ਕੇ ਹੀ ਸੁਖ ਮਿਲਦਾ ਹੈ ॥ ੧੭॥

ਦੋਹਰਾ- ਕੰਤ ਨ ਬੋਲਤਿ ਤਿਯਾ ਸੌਂ ਅਵਰ ਪਦਾਰਥ ਪਾਸ।
ਰੰਚਕ ਸੁਖ ਨਹਿਂ ਦੇ ਸਰਬ ਬਿਨ ਤੰਦੁਲ ਤੁਖ ਰਾਸ' ॥ ੧੮॥

ਜਿਸ ਪਤਨੀ ਨਾਲ ਉਸ ਦਾ ਪਤੀ ਨਹੀਂ ਬੋਲਦਾ, ਉਸ ਪਾਸ ਬੇਸ਼ਕ ਅਨੇਕਾਂ ਹੋਰ ਪਦਾਰਥ ਹੋਣ, ਉਹ ਸਾਰੇ ਪਦਾਰਥ ਚਾਵਲ ਰਹਿਤ ਫੱਕ ਦੇ ਸਮਾਨ ਹਨ ॥ ੧੮॥

ਤੋਟਕ ਛੰਦ- 'ਮਨ ਮਾਂਹਿ ਸੁਸਾ ਤੁਮਰੇ ਸੁ ਕਰੌਂ। ਨਿਤ ਆਇਸੁ ਮੈਂ ਉਰ ਮਾਂਹਿ ਧਰੌਂ।
ਬਿਰਤਾਂਤ ਅਬੈ ਇਹ ਜਾਨਿ ਦਿਜੈ। ਕਛੁ ਬਾਤ ਬਖਾਨਨਿ ਆਨ ਕਿਜੈ' ॥੧੯॥

"ਭੈਣ ਜੀ! ਜੋ ਤੁਹਾਡੇ ਮਨ ਵਿਚ ਹੈ, ਮੈਂ ਉਸ ਤਰ੍ਹਾਂ ਹੀ ਕਰਾਂਗਾ। ਤੁਹਾਡੀ ਆਗਿਆ ਮੈਂ ਸਦਾ ਦਿਲ ਵਿਚ ਰੱਖਾਂਗਾ। ਇਸ ਕਥਾ ਨੂੰ ਹੁਣ ਜਾਣ ਦੇਵੋ, ਹੁਣ ਕੋਈ ਹੋਰ ਗੱਲ ਕਰੋ" ॥ ੧੯॥

'ਸੁਨਿ ਸੋਦਰ ਲਾਲਸ ਰੈਨ ਦਿਨਾ। ਤੁਮ ਤਾਤ ਪਿਖੋਂ ਤੁ ਅਨੰਦ ਘਨਾ।
ਤਿਹ ਲਾਲਤਿ ਹੋਇ ਖੁਸ਼ੀ ਹਮਰੇ। ਅਸ ਜਾਚਿ ਕਰੋਂ ਢਿਗ ਮੈਂ ਤੁਮਰੇ' ॥੨੦॥

"ਹੇ ਭਰਾ ਜੀ! ਸੁਣੋ, ਮੇਰੇ ਦਿਲ ਵਿਚ ਦਿਨ ਰਾਤ ਇਹ ਲਾਲਸਾ ਰਹਿੰਦੀ ਹੈ ਕਿ ਤੁਹਾਡੇ ਪੁੱਤਰ ਨੂੰ ਵੇਖ ਕੇ ਬੜਾ ਆਨੰਦ ਲਵਾਂ। ਉਸ ਨੂੰ ਖਿਡਾ ਕੇ ਸਾਨੂੰ ਬਹੁਤ ਖੁਸ਼ੀ ਹੋਵੇਗੀ। ਇਹ ਮੰਗ ਮੈਂ ਤੁਹਾਡੇ ਪਾਸੋਂ ਕਰਦੀ ਹਾਂ" ॥ ੨੦॥

ਸੋਰਠਾ- 'ਭਈ ਮਨੋਰਥ ਵਾਨ ਤੂੰ ਭਗਤਨਿ ਕਰਤਾਰ ਕੀ।
ਪੂਰਹਿ ਕ੍ਰਿਪਾ ਨਿਧਾਨ ਭਗਤ ਵਛਲ ਵਡ ਬਿਰਦ ਜਿਹ' ॥ ੨੧॥

"ਤੁਸੀਂ ਕਰਤਾਰ ਦੀ ਭਗਤਨੀ ਹੋ, ਇਸ ਲਈ ਤੁਹਾਡਾ ਮਨੋਰਥ ਪੂਰਾ ਹੋਵੇਗਾ। ਕਿਰਪਾ ਦੇ ਖਜ਼ਾਨੇ ਅਤੇ ਭਗਤਾਂ ਦੀ ਰਖਿਆ ਕਰਨ ਵਾਲੇ ਆਪਣੇ ਮੁਰੀਦਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ" ॥ ੨੧॥

ਤੋਟਕ ਛੰਦ- ਅਸ ਭਾਖਿ ਗਿਰਾ ਸੁਖ ਸਾਗਰ ਜੋ। ਉਠਿ ਆਪਨ ਆਇ ਉਜਾਗਰ ਜੋ।
ਭਗਨੀ ਹਰਖੀ ਸਰਸੀ ਉਰ ਮੈਂ। ਜਿਵ ਨਵ ਨਿਧਿ ਆਨਿ ਪਰੀ ਘਰ ਮੈਂ ॥੨੨॥

ਸੁਖਾਂ ਦੇ ਸਾਗਰ ਗੁਰੂ ਜੀ ਇਹ ਗੱਲ ਕਹਿ ਕੇ ਉਠ ਕੇ ਆਪਣੀ ਹੱਟੀ ਤੇ ਆ ਗਏ, ਜਿਹੜੇ ਕਿ ਸਾਰੇ ਹੀ ਬੜੇ ਉਜਾਗਰ ਸਨ। ਭੈਣ ਦਿਲ ਵਿਚ ਬਹੁਤ ਖੁਸ਼ ਹੋਈ, ਜਿਵੇਂ ਉਸ ਦੇ ਘਰ ਵਿਚ ਨੌਂ ਨਿਧਾਂ ਆ ਗਈਆਂ ਹੋਣ ॥ ੨੨॥

ਕਬਿ ਸੋਦਰ ਬਾਕ ਨ ਕੂਰ ਭਯੋ। ਬਹੁ ਬਾਰਨ ਮੈਂ ਪਤਿਆਇ ਲਯੋ।
ਉਰ ਮੋਰ ਮਨੋਰਥ ਹੋਇ ਰਹੈ। ਸਤਿਸੰਧ ਸਦਾ ਸਤਿ ਬੈਨ ਕਹੈਂ॥ ੨੩ ॥

ਭਰਾ ਜੀ ਦਾ ਕਿਹਾ ਬਚਨ ਕਦੇ ਝੂਠਾ ਨਹੀਂ ਹੋਇਆ। ਮੈਂ ਕਈ ਵਾਰ ਪਤਿਆ ਲਿਆ ਹੈ। ਮੇਰੇ ਦਿਲ ਦਾ ਮਨੋਰਥ ਹੁਣ ਪੂਰਾ ਹੋਏਗਾ। ਸੱਚ ਨੂੰ ਧਾਰਨ ਕਰਨ ਵਾਲੇ ਸਦਾ ਸੱਚੇ ਬਚਨ ਬੋਲਦੇ ਹਨ॥ ੨੩ ॥

ਦੋਹਰਾ- ਦੋਖ ਨਿਕੰਦਨ ਕੰਦ ਸੁਖ ਸਦਨ ਲਗੇ ਪੁਨਿ ਜਾਨ।
ਪਰਫੁੱਲਤਿ ਕਵਲਜ ਬਦਨ ਰਦਨ ਕੁੰਦਦੁਤਿਵਾਨ॥ ੨੪ ॥

ਦੋਖ ਨਾਸ਼ਕ, ਸੁੱਖਾਂ ਦੇ ਦਾਤੇ ਫਿਰ ਘਰ ਜਾਣ ਲੱਗੇ। ਕੰਵਲ ਵਰਗਾ ਮੁਖੜਾ ਬੜਾ ਖਿੜਿਆ ਹੋਇਆ ਸੀ ਅਤੇ ਦੰਦ ਮਰਤਬਾਨ ਦੇ ਫੁੱਲ ਜਿਹੇ ਸ਼ੋਭਾ ਵਾਲੇ ਸਨ॥ ੨੪ ॥

ਤੋਟਕ ਛੰਦ- ਦਿਨ ਆਪਨ ਮੈਂ ਨਿਸਿ ਧਾਮ ਰਹੈਂ। ਜਿਹ ਪਾਵਕ ਵਾਕ ਅਮੰਕ ਦਹੈਂ।
ਹਰਖੰ ਉਰ ਸ਼ੋਕ ਸਮਾਨ ਜਿਸੈ। ਜਗ ਕੇ ਦੁਖ ਸੁੱਖ ਨ ਬਜਾਪ ਤਿਸੈ॥੨੫॥

ਦਿਨ ਸਮੇਂ ਹੱਟੀ 'ਤੇ ਅਤੇ ਰਾਤ ਆਪਣੇ ਘਰ ਵਿਚ ਰਹਿੰਦੇ ਹਨ। ਜਿਵੇਂ ਅੱਗ ਰੂਪੀ ਵਾਕ ਪਾਪਾਂ ਨੂੰ ਸਾੜਦੇ ਹਨ। ਦੁੱਖ ਅਤੇ ਸੁਖ ਜਿਸ ਵਾਸਤੇ ਬਰਾਬਰ ਹਨ, ਉਸ ਨੂੰ ਜੱਗ ਦੇ ਦੁਖ-ਸੁਖ ਵਿਆਪਦੇ ਨਹੀਂ॥ ੨੫॥

ਬਹੁ ਕੀਰਤਿ ਭੀ ਸੁਲਤਾਨ ਪੁਰੇ। ਨਰ ਨਾਰਿ ਮੁਹੁਰਮੁਹੂ ਉਚਰੇ।
'ਬਹੁ ਦੀਨਨ ਦਾ ਉਪਕਾਰ ਕਰੈਂ। ਧਨ ਲਾਲਸ ਨਾ ਮਨ ਮਾਂਹਿ ਧਰੈਂ॥੨੬॥

ਸੁਲਤਾਨਪੁਰ ਨਗਰ ਵਿਚ ਬਹੁਤ ਕੀਰਤੀ ਵਧੀ ਹੈ। ਸਾਰੇ ਮਰਦ ਔਰਤਾਂ ਵਾਰ-ਵਾਰ ਕਹਿੰਦੇ ਹਨ, "ਗਰੀਬਾਂ ਉੱਤੇ ਬੜਾ ਉਪਕਾਰ ਕਰਦੇ ਹਨ ਅਤੇ ਧਨ ਦੀ ਲਾਲਸਾ ਮਨ ਵਿਚ ਨਹੀਂ ਰੱਖਦੇ॥ ੨੬ ॥

ਸਮ ਏਸ ਉਦਾਰ ਨ ਔਰ ਬਿਯੋ। ਨਰ ਜਾਚਿਤਿ ਜੋ ਨਹਿਂ ਛੂਛ ਗਯੋ।
ਪੁਰਹੂਤ ਸਮਾ ਨਿਜ ਦੇਖਿ ਸੁ ਦੇ। ਇਸ ਕਾਲ ਬਿਚਾਰਨ ਨਾਂਹਿ ਕਦੇ॥੨੭॥

ਇਨ੍ਹਾਂ ਵਰਗਾ ਹੋਰ ਕੋਈ ਉਦਾਰ-ਚਿੱਤ ਨਹੀਂ ਹੋ ਸਕਦਾ। ਜਿਹੜਾ ਵੀ ਵਿਅਕਤੀ ਮੰਗਣ ਜਾਂਦਾ ਹੈ ਉਹ ਖਾਲੀ ਵਾਪਿਸ ਨਹੀਂ ਜਾਂਦਾ। ਉਹ ਦਾਨ ਹਰ ਵੇਲੇ ਕਰਦੇ ਹਨ, ਭਾਵ ਦਾਨ ਦੇਣ ਦਾ ਸਮਾਂ ਨਹੀਂ ਵਿਚਾਰਦੇ (ਆਮ ਦਾਨੀ ਇਹ ਵੇਖਦੇ ਹਨ ਕਿ ਕਿਸ ਸਮੇਂ ਦਿੱਤਾ ਹੋਇਆ ਦਾਨ ਬਹੁਤ ਫਲਦਾ ਹੈ)॥ ੨੭॥

ਕਰੁਨਾਲਯ ਕੋਮਲ ਹੈ ਮਨਿਯਾ। ਪਰ ਪੀਰ ਪਰਾਇ ਪਰੈ ਪ੍ਰਨਿਯਾ।
ਸਤਿ ਸ਼ੀਲ ਸਮੇਤ ਸਦਾ ਸਰਸਾ। ਤਨ ਜਾਂਹਿ ਬਿਕਾਰ ਨ ਕੋ ਪਰਸਾ ॥੨੮॥

ਉਹ ਕਿਰਪਾ ਦਾ ਘਰ ਹਨ ਅਤੇ ਉਨ੍ਹਾਂ ਦਾ ਮਨ ਬੜਾ ਕੋਮਲ ਹੈ। ਪਰਾਈ ਪੀੜ ਹਟਾਉਣਾ ਹੀ ਜਿਨ੍ਹਾਂ ਦਾ ਪ੍ਰਣ ਹੈ। ਸੱਚ ਸ਼ੀਲਤਾ ਸਮੇਤ ਸਦਾ ਵੱਧ ਤੋਂ ਵੱਧ ਹੈ। ਉਨ੍ਹਾਂ ਦਾ ਸਰੀਰ ਵਿਕਾਰਾਂ ਤੋਂ ਰਹਿਤ ਹੈ॥ ੨੮ ॥

ਦੋਹਰਾ- ਜੇ ਨਿੰਦਕ ਬਿੰਦਤਿ ਨਹੀਂ ਨਿੰਦਤਿ ਯਾ ਬਿਧਿ ਸੋਇ।
'ਬਾਸੁਰ ਏਕ ਪਰਾਇ ਹੈ ਤੁਰਕਨ ਧਨ ਕੋ ਖੋਇ॥ ੨੯ ॥

ਜਿਹੜੇ ਨਿੰਦਕ ਹਨ, ਉਹ ਅਸਲੀਅਤ ਜਾਣਦੇ ਨਹੀਂ ਤੇ ਇਸ ਤਰ੍ਹਾਂ ਨਿੰਦਿਆ ਕਰਦੇ ਹਨ, "ਇਕ ਦਿਨ ਇਹ ਤੁਰਕਾਂ ਦਾ ਧਨ ਗਵਾ ਕੇ ਭੱਜ ਜਾਵੇਗਾ॥ ੨੯॥

ਸੋਰਠਾ- ਕੈਧੌਂ ਬੰਧਜੇ ਜਾਇ ਦੌਲਤ ਖਾਨ ਨਿਬਾਬ ਕੇ।
ਤੁਰਕ ਕਠੋਰ ਸੁਭਾਇ ਤਜਹਿ ਨਹੀਂ ਲੀਏ ਬਿਨਾ॥ ੩੦॥

ਜਾਂ ਦੌਲਤ ਖਾਂ ਨਵਾਬ ਦਾ ਕੈਦੀ ਬਣ ਜਾਵੇਗਾ, ਕਿਉਂਕਿ ਸਖਤ ਸੁਭਾਅ ਵਾਲਾ ਤੁਰਕ ਪੈਸੇ ਵਸੂਲਣ ਬਗੈਰ ਛੱਡੇਗਾ ਨਹੀਂ'॥ ੩੦॥

ਤੋਟਕ ਛੰਦ- ਇਕ ਦੌਲਤ ਖਾਂ ਢਿਗ ਜਾਇ ਕਹੈ। 'ਬਿਦਤੰ ਬਿਤ ਖੋਤਿ, ਨ ਸਾਰ ਲਹੈ॥
ਸਭਿ ਖੋਇ ਪਲਾਇਨ ਹੋਇ ਚਲੈ। ਬਹੁਰੋ ਬਸੁ ਤੋਹਿ ਨ ਔਰ ਚਲੈ' ॥ ੩੧ ॥

ਇਕ ਦਿਨ ਇਕ ਆਦਮੀ ਨੇ ਨਵਾਬ ਦੌਲਤ ਖਾਂ ਦੇ ਪਾਸ ਜਾ ਕੇ ਕਿਹਾ, "ਪ੍ਰਗਟ ਰੂਪ ਵਿਚ ਤੁਹਾਡਾ ਧਨ ਗਵਾ ਰਿਹਾ ਹੈ, ਤੂੰ ਇਸ ਗੱਲ ਦੀ ਸਾਰ ਨਹੀਂ ਲੈ ਰਿਹਾ। ਇਕ ਦਿਨ ਸਭ ਕੁਝ ਗਵਾ ਕੇ ਭੱਜ ਜਾਵੇਗਾ, ਫਿਰ ਤੇਰਾ ਕੋਈ ਵੱਸ ਨਹੀਂ ਚਲਣਾ"॥ ੩੧॥

ਸੁਨਿ ਦੌਲਤ ਖਾਂ ਉਰ ਮੈਂ ਭਰਮੈ। ਬੁਲਿਵਾਇ ਦਯਾਨਿਧਿ ਕੋ ਘਰ ਮੈਂ।
'ਪਸ਼ਚਾਤ ਹਿਸਾਬ ਨਿਬੇਰ ਲਿਜੈ। ਪੁਨਿ ਅੱਗ੍ਰਜ ਲੇ ਧਨ ਕਾਰ ਕਿਜੈ' ॥੩੨ ॥

ਇਹ ਗੱਲ ਸੁਣ ਕੇ ਦੌਲਤ ਖਾਂ ਨੂੰ ਵੀ ਸ਼ੱਕ ਹੋ ਗਿਆ। ਉਸ ਨੇ ਦਇਆ ਦੇ ਖਜ਼ਾਨੇ ਨੂੰ ਆਪਣੇ ਘਰ ਬੁਲਾ ਲਿਆ ਅਤੇ ਕਿਹਾ ਕਿ "ਪਹਿਲਾਂ ਹਿਸਾਬ ਨਿਬੇੜ ਲਵੇ, ਫਿਰ ਹੋਰ ਧਨ ਲੈ ਕੇ ਕਾਰ ਕਰੇ"॥ ੩੨॥

ਦੋਹਰਾ- ਨਵੀਸਿੰਦ ਕੇ ਸੰਗਿ ਮਿਲਿ ਲੇਖਾ ਹੋਵਹਿ ਭੂਰ।
ਨਿਕਸੈ ਸ੍ਰੀ ਗੁਰ ਸ਼ੇਖ਼ ਧਨ ਲੱਜਤਿ ਆਨਨ ਕੂਰ॥ ੩੩॥

ਨਵੀਸਿੰਦ ਦੇ ਨਾਲ ਮਿਲ ਕੇ ਪੂਰਾ ਲੇਖਾ ਹੋਇਆ। ਗੁਰੂ ਜੀ ਦਾ ਨਵਾਬ ਵਲ ਬਕਾਇਆ ਨਿਕਲਿਆ ਵੇਖ ਕੇ ਝੂਠੇ ਬਹੁਤ ਸ਼ਰਮਿੰਦੇ ਹੋਏ॥ ੩੩॥

ਤੋਟਕ ਛੰਦ- ਧਨ ਆਨਤਿ ਨਾਨਕ ਜੀ ਸਦਨੰ। ਕਰ ਨਿੰਦਕ ਕੋ ਲਜਤੰ ਬਦਨੰ।
ਜਲ ਜਾਤਿ ਰਿਦੈ ਬਲ ਨਾਂਹਿ ਚਲੈ। ਜਿਵ ਰਿੰਙ੍ਹਣਿਜੋਤ ਨ ਭਾਨੁ ਤਲੈ॥੩੪॥

ਧਨ ਲੈ ਕੇ ਨਾਨਕ ਜੀ ਘਰ ਆ ਗਏ। ਨਿੰਦਕਾਂ ਦੇ ਮੂੰਹ ਲਜਿਤ ਹੋ ਗਏ। ਉਨ੍ਹਾਂ ਦੇ ਹਿਰਦੇ ਸੜ ਬਲ ਗਏ ਹਨ, ਪਰ ਕੋਈ ਜ਼ੋਰ ਨਹੀਂ ਹੈ ਚਲਦਾ, ਜਿਵੇਂ ਜੁਗਨੂੰ ਦੀ ਰੋਸ਼ਨੀ ਸੂਰਜ ਸਾਹਮਣੇ ਤੁੱਛ ਹੈ॥ ੩੪॥

ਕਬਿ ਭਾਵਤਿ ਜੌਨ੍ਹ ਜੁ ਚੋਰਨ ਕੋ? ਉਰ ਭਰ ਬਿਸੂਰਤਿ ਜੋਰ ਨ ਕੋ।
ਬਿਸਮਾਦ ਰਿਦੇ ਕਿ ਵਿਸ਼ੇਸ਼ ਰਹੈ। ਬਿਦਤੰ ਬਿਨ ਨੀਤ ਲੁਟਾਤਿ ਅਹੈ॥੩੫॥

ਚੋਰਾਂ ਨੂੰ ਚੰਦ ਦੀ ਚਾਂਦਣੀ ਕਦ ਚੰਗੀ ਲਗਦੀ ਹੈ? ਸਾਰੇ ਨਿੰਦਕ ਝੂਰਦੇ ਹਨ, ਕੋਈ ਪੇਸ਼ ਨਹੀਂ ਜਾਂਦੀ, ਹਿਰਦੇ ਵਿਚ ਹੈਰਾਨੀ ਹੋਰ ਵਧਦੀ ਹੈ ਕਿ ਇਹ ਤਾਂ ਨਿਤ ਧਨ ਨੂੰ ਲੁਟਾਉਂਦਾ ਰਿਹਾ ਹੈ॥ ੩੫॥

ਉਪਮਾ ਸਮ ਚੰਦ ਸਮੈ ਤਿਹ ਭੀ। ਜਿਹ ਕੀਰਤਿ ਜੌਨ੍ਹ ਮਨੋਗ ਸੁ ਭੀ।
ਚਿਤ ਮੀਤ ਚਕੋਰ ਸਿ ਚਾਹਤਿ ਹੈਂ। ਚਕਵਾ ਸਮ ਨਿੰਦਕ ਦਾਹਤਿ ਹੈਂ॥੩੬॥

ਤਿਸ ਸਮੇਂ ਵੀ ਉਪਮਾ ਚੰਦ ਵਾਂਗ ਚਮਕਦੀ ਹੈ। ਉਨ੍ਹਾਂ ਦੀ ਉਪਮਾਂ ਅਤੇ ਕੀਰਤੀ ਸੋਹਣੀ ਹੋਈ। ਮਿੱਤਰਾਂ ਦੇ ਚਿਤ ਚਕੋਰ ਵਾਂਗ ਗੁਰੂ ਜੀ ਨੂੰ ਚਾਹੁੰਦੇ ਹਨ ਅਤੇ ਨਿੰਦਕ ਚਕਵੇ ਵਾਂਗ ਸੜਦੇ ਹਨ॥ ੩੬॥

ਨਰ ਨਿੰਦਹਿਂ, ਕੀਰਤਿ ਕੋਇ ਕਰੰ। ਸਭਿ ਸੰਗਿ ਰਹੈਂ ਗੁਰ ਏਕ ਸਰੰ।
ਤਿਨ ਭੇਦ ਲਖੈ ਨਹਿਂ ਗਜਾਨ ਘਨੰ। ਸਮ ਸੂਰਜ ਕੇ ਤਮ ਦੇਤਿ ਹਨੰ॥੩੭॥

ਕਈ ਮਨੁੱਖ ਉਨ੍ਹਾਂ ਦੀ ਨਿੰਦਿਆ ਕਰਦੇ ਹਨ ਅਤੇ ਕਈ ਉਨ੍ਹਾਂ ਦੀ ਸ਼ਲਾਘਾ ਕਰਦੇ ਹਨ। ਗਿਆਨ ਵਿਹੂਣੇ ਉਨ੍ਹਾਂ ਦਾ ਭੇਦ ਨਹੀਂ ਸੀ ਪਾ ਸਕਦੇ, ਉਹ ਤਾਂ ਸੂਰਜ ਸਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਸਨ॥ ੩੭॥

ਦੋਹਰਾ- ਸ੍ਰੀ ਅੰਗਦ ਢਿਗ ਅਪਰ ਸਿਖ ਪ੍ਰਸ਼ਨ ਕੀਨ ਹਿਤ ਲਾਇ।
'ਕਰਤਿ ਭਲਾ ਸਭਿ ਕੋ ਗੁਰੂ ਸੋ ਕਿਉਂ ਬੁਰਾ ਕਮਾਇ'॥ ੩੮॥

ਸ੍ਰੀ ਗੁਰੂ ਅੰਗਦ ਜੀ ਪਾਸ ਹੋਰ ਸਿੱਖਾਂ ਨੇ ਪਿਆਰ ਨਾਲ ਇਹ ਪ੍ਰਸ਼ਨ ਕੀਤਾ, "ਜਦ ਗੁਰੂ ਨਾਨਕ ਦੇਵ ਜੀ ਸਭ ਦਾ ਭਲਾ ਕਰਦੇ ਸਨ ਤਾਂ ਕੁਝ ਲੋਕ ਉਨ੍ਹਾਂ ਦਾ ਬੁਰਾ ਕਿਉਂ ਸੋਚਦੇ ਸਨ ?"॥ ੩੮॥

*ਸ੍ਰੀ ਬਾਲਾ ਸੰਧੁਰ ਵਾਚ॥*

ਸ੍ਵੈਯਾ- ਸੁਨਿਯੇ ਮਨ ਧਾਰਿ ਇਕਾਗਰ ਕੋ ਇਹ ਸ੍ਰੀ ਗੁਰ ਕੋ ਇਤਿਹਾਸ ਪੁਨੀਤਾ।
ਦ੍ਰਿਸ਼ਟਾਂਤਿ ਬਖ੍ਯਾਤ ਅਹੇ ਅਵਨੀ ਪਰ ਤਾਂਹਿ ਸੁਨਾਇ ਕਹੌਂ, ਸੁਨਿ ਮੀਤਾ!।
ਤਰੁ ਏਕ ਰਸਾਲ ਬਿਸਾਲ ਖਰਾ ਦਲ ਸੁੰਦਰ ਸੋਂ ਫਲ ਸੰਗਿ ਨਮੀਤਾ।
ਤਹਿਂ ਪੰਥ ਚਲੰਤਹਿ ਆਇ ਗਯੋ ਨਰ ਆਤਪ ਤੇ ਜਿਹ ਬ੍ਯਾਕੁਲ ਚੀਤਾ॥੩੯॥

ਭਾਈ ਬਾਲੇ ਨੇ ਕਿਹਾ- ਮਨ ਧਾਰ ਕੇ, ਇਕਾਗਰ ਚਿਤ ਹੋ ਕੇ ਗੁਰੂ ਜੀ ਦੇ ਪਵਿੱਤਰ ਇਤਿਹਾਸ ਨੂੰ ਸੁਣੋ। ਪ੍ਰਿਥਵੀ ਤੇ ਇਹ ਦ੍ਰਿਸ਼ਟਾਂਤ ਪ੍ਰਗਟ ਹੈ, ਉਸ ਨੂੰ ਮੈਂ ਸੁਣਾਉਂਦਾ ਹਾਂ, ਹੇ ਮੇਰੇ ਮਿੱਤਰੋ ਸੁਣੋ। ਇਕ ਬੜਾ ਵੱਡਾ ਅੰਬ ਦਾ ਵਿਸ਼ਾਲ ਰੁੱਖ ਖੜਾ ਹੈ। ਉਸ ਦੇ ਪੱਤੇ ਅਤੇ ਟਹਿਣੀਆਂ ਸੁੰਦਰ ਫਲਾਂ ਨਾਲ ਝੁਕੀਆਂ ਹੋਈਆਂ ਹਨ। ਉਸ ਰਾਹ ਇਕ ਰਾਹੀ ਤੁਰਦਾ ਆ ਗਿਆ। ਧੁੱਪ ਦੀ ਗਰਮੀ ਨਾਲ ਉਸ ਦਾ ਚਿਤ ਬੜਾ ਵਿਆਕੁਲ ਹੈ॥ ੩੯॥

ਸ੍ਰਮ ਸ਼ੀਕਰ ਆਨਨ ਪੈ ਜਿਹ ਕੇ ਪੰਦਵੀ ਪਦ ਸੋਂ ਚਲਤਜੋ ਗਯੋ ਹਾਰੀ।
ਅਵਿਲੋਕ ਰਸਾਲ ਸੁ ਛਾਂਹਿ ਭਲੀ ਤਹਿਂ ਬੈਸ ਗਯੋ ਭਯੋ ਆਨੰਦ ਭਾਰੀ।
ਸੁਖ ਪਾਇ ਪਿਖੇ ਤਿਹ ਕੇ ਫਲ ਜੋ ਕਰ ਦੰਡ ਬਗਾਇ ਕੈ ਤਾਂਹਿ ਕੈ ਮਾਰੀ।
ਤਨ ਖਾਇ ਕੈ ਮਾਰ ਦਏ ਫਲ ਸੁੰਦਰ ਰੋਸ ਨਹੀਂ ਤਰੁ ਹੈ ਉਪਕਾਰੀ॥੪੦॥

ਥਕਾਨ ਕਰਕੇ ਮੁੜ੍ਹਕੇ ਦੀਆਂ ਬੂੰਦਾਂ ਉਸ ਦੇ ਮੁਖ ਤੇ ਡਿੱਗ ਰਹੀਆਂ ਸਨ, ਪੈਦਲ ਤੁਰਨ ਕਰਕੇ ਉਹ ਥੱਕ ਗਿਆ ਹੈ। ਭਲੀ ਸੁੰਦਰ ਛਾਂ ਵੇਖ ਕੇ ਉਹ ਰੁੱਖ ਦੀ ਛਾਂ ਹੇਠ ਬੈਠ ਗਿਆ ਅਤੇ ਬੜਾ ਅਨੰਦਿਤ ਹੋਇਆ। ਸੁਖ ਪ੍ਰਾਪਤ ਕਰਕੇ ਜਦ ਉਸ ਦੀ ਥਕਾਨ ਦੂਰ ਹੋ ਗਈ ਤਾਂ ਉਸ ਅੰਬ ਦੇ ਫਲਾਂ ਨੂੰ ਵੇਖਿਆ ਤਾਂ ਡੰਡਾ ਹੱਥ ਵਿਚ ਲੈ ਕੇ ਫਲਾਂ ਤੇ ਵਗਾਹ ਕੇ ਮਾਰਿਆ। ਪਰਉਪਕਾਰੀ ਰੁੱਖ ਨੇ ਉਸ ਦਾ ਰੋਸ ਨਾ ਕੀਤਾ॥ ੪੦॥

ਦੋਹਰਾ- ਸ਼ਕਤਿ ਨਿਕੰਦਨ ਕੀ ਨਹੀਂ ਤੱਦਪਿ ਬਹੁ ਮਨ ਮਾਂਹਿ।
ਛੇਦਨ ਕੇ ਸੰਕਲਪ ਜੋ ਕਰਤਿ ਸੁ ਕ੍ਰਿਤਘਨ ਆਹਿ॥ ੪੧॥

ਉਸ ਦੇ ਮਨ ਵਿਚ ਬੂਟੇ ਨੂੰ ਕੱਟਣ ਦਾ ਤਦ ਤਕ ਕੋਈ ਵਿਚਾਰ ਨਹੀਂ ਸੀ। ਬੂਟੇ ਨੂੰ ਕੱਟਣ ਦਾ ਜੋ ਸੰਕਲਪ ਕਰਦਾ ਹੈ ਉਹ ਕ੍ਰਿਤਘਣ ਹੈ॥ ੪੧॥

ਸੋਰਠਾ- ਜੋ ਜਿਹ ਆਦਿ ਸੁਭਾਇ ਉਪਕਾਰੀ ਕ੍ਰਿਤਘਨ ਬਹੁਰ।
ਅੰਤ ਤੀਕ ਨਿਬਹਾਇ, ਬਿਬ ਬਿਪਰੀਤ ਨ ਹੋਇ ਕਬ॥ ੪੨॥

ਜਿਸ ਦਾ ਸ਼ੁਰੂ ਤੋਂ ਸੁਭਾਅ ਉਪਕਾਰੀ ਹੈ ਅਤੇ ਬਾਅਦ ਵਿਚ ਕ੍ਰਿਤਘਨ ਹੋ ਜਾਂਦਾ ਹੈ। ਅੰਤ ਤਕ ਨਿਬਾਹ ਕਰੇ ਤਾਂ ਦੋਵਾਂ ਦਾ ਸੁਭਾਅ ਕਦੇ ਵੀ ਉਲਟ ਨਹੀਂ ਹੁੰਦਾ॥ ੪੨॥

ਤੋਟਕ ਛੰਦ- ਸਮ ਪੰਨਗ ਲੇਹੁ ਪਛਾਨ ਤਿਸੈ। ਢਿਗ ਪੀਵਤਿ ਪੈ ਜਿਹ ਤਾਂਹਿ ਡਸੈ।
ਉਪਕਾਰਿ ਕਿ ਸੰਗਿ ਬੁਰਾ ਕਰਿਹੀ। ਨਰ ਘੋਰ ਨਿਰੈ ਮਰਿ ਸੋ ਪਰਿ ਹੀ॥੪੩॥

ਉਸ ਕ੍ਰਿਤਘਨ ਨੂੰ ਸੱਪ ਵਰਗਾ ਸਮਝੋ, ਜਿਹੜਾ ਜਿਸ ਪਾਸੋਂ ਦੁੱਧ ਪੀਂਦਾ ਹੈ, ਅਖੀਰ ਓਸੇ ਨੂੰ ਡੰਗ ਮਾਰਦਾ ਹੈ। ਜਿਹੜਾ ਉਪਕਾਰੀ ਨਾਲ ਬੁਰਾ ਕਰਦਾ ਹੈ, ਉਹ ਵਿਅਕਤੀ ਘੋਰ ਨਰਕ ਵਿਚ ਪੈਂਦਾ ਹੈ॥ ੪੩॥

ਪਰਮਾਰਥ ਮੈਂ ਮਤਿ ਹੈ ਜਿਨਕੀ। ਕਬਿ ਹੋਇ ਬੁਰੇ ਮਹਿਂ ਨਾ ਤਿਨਕੀ।
ਹਰਖੈਂ ਪਰ ਕੋ ਸੁਖ ਦੇਖ ਸਦਾ। ਪਰ ਪੀਰ ਸਹਾਰ ਸਕੈਂ ਨ ਕਦਾ॥ ੪੪ ॥

ਜਿਨ੍ਹਾਂ ਦੀ ਬੁੱਧੀ ਪਰਮਾਰਥ ਵਾਲੀ ਹੈ, ਉਹ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦੇ। ਉਹ ਦੂਸਰੇ ਨੂੰ ਸੁਖੀ ਵੇਖ ਕੇ ਸਦਾ ਖ਼ੁਸ਼ ਹੁੰਦੇ ਹਨ ਅਤੇ ਪਰਾਏ ਦੀ ਪੀੜ ਵੇਖ ਕੇ ਸਹਾਰ ਨਹੀਂ ਸਕਦੇ॥ ੪੪॥

ਕਰੁਨਾ ਮਨ ਕੋਮਲ ਸੀਲ ਜੁਤੰ। ਸੁਖ ਪਾਵਤਿ ਹਜਾ, ਪਰਲੋਕ ਗਤੰ।
ਇਰਖਾ ਪਰੁਖਾ ਛਰ ਆਮਰਖਾ। ਮਨ ਸ਼ਾਂਤਿ ਸਦਾ ਬਿਨ ਤੇ ਤਰਖਾ॥ ੪੫ ॥

ਕਿਰਪਾਲੂ, ਕੋਮਲ ਅਤੇ ਸੀਤਲ ਸੁਭਾਅ ਵਾਲੇ ਇਥੇ ਵੀ ਸੁਖ ਭੋਗਦੇ ਹਨ ਅਤੇ ਪਰਲੋਕ ਵਿਚ ਮੁਕਤੀ ਪ੍ਰਾਪਤ ਕਰਦੇ ਹਨ। ਈਰਖਾ, ਕਠੋਰਤਾਈ, ਛਲ ਅਤੇ ਕ੍ਰੋਧ ਤੋਂ ਉਨ੍ਹਾਂ ਦਾ ਮਨ ਸਦਾ ਹੀ ਡਰਦਾ ਰਹਿੰਦਾ ਹੈ॥ ੪੫॥

ਦੋਹਰਾ- ਸ੍ਰੀ ਅੰਗਦ! ਬਾਲਾ ਕਹੇ ਸੁਨਹੁ ਬਹੁਰ ਇਤਿਹਾਸ।
ਅਸ ਬਿਧਿ ਕਾਲ ਬਿਤਾਵਈਂ ਜੋ ਦਾਤਾ ਸੁਖ ਰਾਸ॥ ੪੬॥

ਬਾਲਾ ਫਿਰ ਕਹਿਣ ਲੱਗਾ, "ਹੇ ਗੁਰੂ ਅੰਗਦ ਦੇਵ ਜੀ ਹੁਣ ਗੁਰੂ ਨਾਨਕ ਦੇਵ ਜੀ ਬਾਰੇ ਅਗਲਾ ਇਤਿਹਾਸ ਸੁਣੋ। ਦਾਤੇ ਅਤੇ ਸੁਖਾਂ ਦੀ ਰਾਸ ਗੁਰੂ ਜੀ ਦੇ ਇਸ ਤਰ੍ਹਾਂ ਦਿਨ ਬੀਤਦੇ ਗਏ॥ ੪੬॥

ਸੋਰਠਾ- ਆਇਸੁ ਮਹਿਂ ਦਿਨ ਰੈਨ ਰਹਿਤਿ ਸੁਲਖਨੀ ਪੁਨ ਸੁਮਤਿ।
ਜਿਉਂ ਉਚਰਤਿ ਮੁਖ ਬੈਨ ਤਜੇਂ ਸਭਿ ਕ੍ਰਿਤ ਕਮਾਵਈ॥ ੪੭॥

ਫਿਰ ਸੁਲੱਖਣੀ ਸਦਾ ਹੀ ਦਿਨ ਰਾਤ ਗੁਰੂ ਜੀ ਦੀ ਆਗਿਆ ਵਿਚ ਰਹਿਣ ਲੱਗੀ। ਗੁਰੂ ਜੀ ਜਿਵੇਂ ਵੀ ਮੁੱਖ ਤੋਂ ਕਹਿੰਦੇ ਸਨ ਉਸ ਤਰ੍ਹਾਂ ਹੀ ਕਰਦੀ ਸੀ॥ ੪੭॥

ਦੋਹਰਾ- ਕਮਲ ਬਦਨ ਜਬ ਸਦਨ ਮਹਿਂ ਬੈਸਹਿਂ ਆਨਿ ਮੁਕੰਦ।
ਦਾਸੀ ਕਰ ਤੇ ਬਿਜਨ ਲੇ ਪੌਨ ਝੁਲਾਵਹਿ ਮੰਦ॥ ੪੮॥

ਕਮਲ ਮੁਖ ਵਾਲੇ ਅਤੇ ਮੁਕਤੀ ਦਾਤੇ ਜਦ ਘਰ ਵਿਚ ਆ ਕੇ ਬੈਠ ਜਾਂਦੇ ਸਨ ਤਾਂ ਦਾਸੀ ਪਾਸੋਂ ਪੱਖਾ ਲੈ ਕੇ ਹੌਲੀ ਹੌਲੀ ਹਵਾ ਝੱਲਦੀ ਸੀ॥ ੪੮॥

ਸੀਤਲ ਜਲ ਨਿਜ ਹਾਥ ਲੇ ਪਾਦ ਪਖਾਰ ਸਪ੍ਰੀਤ।
ਪੁਨਿ ਅੰਚਰ ਸੋਂ ਪੋਂਛ ਕੈ ਸੇਵਤਿ ਜਾ ਬਿਧਿ ਨੀਤਿ॥ ੪੯॥

ਠੰਡਾ ਜਲ ਆਪਣੇ ਹੱਥ ਵਿਚ ਲੈ ਕੇ ਬੜੇ ਪ੍ਰੇਮ ਨਾਲ ਚਰਨ ਧੋਂਦੀ ਹੈ ਤੇ ਬਾਅਦ ਵਿਚ ਸੁੰਦਰ ਕਪੜੇ ਨਾਲ ਚਰਨਾਂ ਨੂੰ ਸਾਫ ਕਰਦੀ ਹੈ॥ ੪੯॥

ਸਦਨ ਵਿਖੈ ਸੇਵਾ ਸਰਬ ਦਾਸੀ ਦਾਸ ਹਟਾਇ।
ਕਰਤਿ ਸੁਲਖਨੀ ਭਾਉ ਧਰਿ ਮਨ ਕੋ ਮਾਨ ਮਿਟਾਇ॥ ੫੦॥

ਘਰ ਵਿਚ ਮਾਤਾ ਜੀ ਨੌਕਰਾਂ ਪਾਸੋਂ ਨਹੀਂ, ਆਪ ਸੇਵਾ ਕਰਦੇ ਹਨ। ਉਹ ਬੜੀ ਸ਼ਰਧਾ ਨਾਲ, ਮਨ ਦਾ ਘੁਮੰਡ ਮਿਟਾ ਕੇ ਗੁਰੂ ਜੀ ਦੀ ਪੂਜਾ ਕਰਦੇ ਹਨ॥ ੫੦॥

ਤੋਟਕ ਛੰਦ- ਘਰ ਜਾਚਨ ਜਾਚਿਕ ਆਵਤਿ ਹੈਂ। ਉਰ ਚਾਹਿਤਿ ਸੋ ਤਹਿਂ ਪਾਵਤਿ ਹੈਂ।
ਨਹਿਂ ਜਾਵਤਿ ਛੂਛ ਮੁਰਜੋ ਘਰ ਤੇ। ਹਰਖਾਤਿ ਉਦਾਰਤਿ ਦੈ ਕਰ ਤੇ॥੫੧॥

ਘਰ ਵਿਚ ਮੰਗਤੇ ਮੰਗਣ ਵਾਸਤੇ ਆਉਂਦੇ ਹਨ, ਜੋ ਉਨ੍ਹਾਂ ਦਾ ਦਿਲ ਕਰਦਾ ਉਹੀ ਪ੍ਰਾਪਤ ਕਰਦੇ ਹਨ। ਕੋਈ ਵੀ ਘਰ ਤੋਂ ਖਾਲੀ ਮੁੜ ਕੇ ਨਹੀਂ ਜਾਂਦਾ। ਬੜੀ ਖੁਸ਼ੀ ਨਾਲ ਉਦਾਰ ਚਿਤ ਹੋ ਕੇ ਮਾਤਾ ਜੀ ਆਪਣੇ ਹੱਥੀਂ ਦਾਨ ਕਰਦੇ ਹਨ॥ ੫੧॥

ਜਿਵ ਸ੍ਰੀ ਗੁਰ ਆਪਨ ਦੇਤਿ ਤਹਾਂ। ਤਿਵ ਦੇਨਿ ਲਗੀ ਸੁਖ ਹੋਤਿ ਮਹਾਂ।
ਹਰਖੈਂ ਜਿਸ ਰੀਤਿ, ਕਰੈ ਪੁਨਿ ਸੋ। ਅਨੁਸਾਰ ਰਹੈ ਤਨ ਔ ਮਨ ਸੋਂ॥ ੫੨॥

ਜਿਵੇਂ ਗੁਰੂ ਹੱਟੀ ਤੇ ਦਾਨ ਕਰਦੇ ਹਨ, ਮਾਤਾ ਜੀ ਘਰ ਵਿਚ ਦਾਨ ਕਰਕੇ ਬੜਾ ਸੁਖ ਪ੍ਰਾਪਤ ਕਰਦੇ ਹਨ। ਪੁੰਨ ਦੀ ਰੀਤੀ ਕਰਕੇ ਉਹ ਬਹੁਤ ਪ੍ਰਸੰਨ ਹੁੰਦੇ ਹਨ ਅਤੇ ਤਨੋ ਮਨੋ ਗੁਰੂ ਜੀ ਦੇ ਅਨੁਸਾਰ ਰਹਿੰਦੇ ਹਨ॥ ੫੨॥

ਦੋਹਰਾ- ਆਰੁਨਤਾ ਢਿਗ ਸੁਧ ਫਟਕ ਜਿਉਂ ਆਰੁਨ ਹ੍ਵੈ ਜਾਤ।
ਤਿਉਂ ਸ੍ਰੀ ਗੁਰੂ ਪ੍ਰਤਾਪ ਤੇ ਭਈ ਅਧਿਕ ਵਰਦਾਤਿ॥ ੫੩॥

ਜਿਵੇਂ ਲਾਲੀ ਪਾਸ ਸਾਫ ਸ਼ੀਸ਼ਾ ਵੀ ਲਾਲ ਹੋ ਜਾਂਦਾ ਹੈ, ਇਸ ਤਰ੍ਹਾਂ ਗੁਰੂ ਜੀ ਦੇ ਪਰਤਾਪ ਕਰਕੇ ਮਾਤਾ ਸੁਲੱਖਣੀ ਜੀ ਵੀ ਬੜੀ ਖੁਲ੍ਹ ਦਿਲੀ ਸਖੀ ਬਣ ਗਈ॥ ੫੩॥

ਸ੍ਰੀ ਨਾਨਕ ਪਰਸੀਦ ਹ੍ਵੈ ਕਰੁਨਾ ਕਰਤਿ ਅਪਾਰ।
ਰਜਨੀ ਰਾਜਹਿਂ ਭੌਨ ਮਹਿਂ, ਬਾਸੁਰ ਆਪਨ ਟਾਰਿ॥ ੫੪॥

ਸ੍ਰੀ ਨਾਨਕ ਜੀ ਨੇ ਪ੍ਰਸੰਨ ਹੋ ਕੇ ਬਹੁਤ ਕਿਰਪਾ ਕੀਤੀ ਹੈ। ਰਾਤ ਨੂੰ ਘਰ ਬਿਰਾਜਦੇ ਹਨ ਤੇ ਦਿਨ ਹੱਟੀ ਤੇ ਬਿਤਾਉਂਦੇ ਹਨ॥ ੫੪॥

ਸਮਾਂ ਬਿਤੀਤਜੋ ਕਿਤਿਕ ਜਬ ਸਾਧ੍ਵੀ ਪਤਿ ਸੰਜੋਗ।
ਗਰਭ ਧਰਨ ਨੀਕੋ ਬਹੁਰ ਹਰਖੀ ਉਰ ਹਰਿ ਸੋਗ॥ ੫੫॥

ਕਾਫੀ ਸਮਾਂ ਬੀਤ ਗਿਆ ਜਦ ਸੁਪਤਨੀ ਪਤੀ ਦਾ ਸੰਜੋਗ ਹੋਇਆ। ਗਰਭ ਧਾਰਨ ਕਰਕੇ ਦਿਲ ਵਿਚ ਬਹੁਤ ਖੁਸ਼ ਹੋਈ ਅਤੇ ਹਿਰਦੇ ਦੇ ਸਾਰੇ ਦੁੱਖ ਦੂਰ ਹੋ ਗਏ॥ ੫੫॥

ਸ੍ਵੈਯਾ- ਤਿਹ ਕਾਲ ਮੈਂ ਸਾਲ ਬਤੀਸ ਕੀ ਬੈਸ ਸਰੀਰ ਧਰੇ ਬਿਤਏ ਸੁਖਰਾਸਾ।
ਕਈ ਕੋਟ ਨਿਹਾਲ ਕਰੇ ਜਿਨ ਮਾਨਵ, ਜਾਂਹੀ ਕੇ ਨਾਮ ਕਟੇ ਜਮਫਾਸਾ।
ਨਿਪਜਜੋ ਸਿਰੀਚੰਦ ਮਹਾਂ ਸੁਖਕੰਦ, ਅਨੰਦ ਬਢਾ ਪਰਵਾਰ ਹੁਲਾਸਾ।
ਸੁਨਿ ਤਾ ਛਿਨ ਨਾਨਕੀ ਅੰਗ ਨ ਮਾਵਤਿ,ਪਾਵਤਿ ਆਮੀ,ਅਮੀ ਜਿਵਪਾਸਾ॥੫੬॥

ਉਸ ਸਮੇਂ ਸੁਖਾਂ ਦੀ ਰਾਸ ਗੁਰੂ ਜੀ ਨੂੰ ਅਵਤਾਰ ਧਾਰਨ ਕੀਤੇ ਨੂੰ ਬੱਤੀ ਸਾਲ ਬੀਤ ਗਏ ਸਨ। ਜਿਸ ਨੇ ਕਰੋੜਾਂ ਮਨੁੱਖਾਂ ਨੂੰ ਨਿਹਾਲ ਕੀਤਾ ਅਤੇ ਉਨ੍ਹਾਂ ਦੀ ਜਮਾਂ ਦੀ ਫਾਂਸੀ ਕੱਟੀ। ਫਿਰ ਮਹਾਂ ਸੁਖਦਾਤੇ ਸ੍ਰੀ ਚੰਦ ਜੀ ਪੈਦਾ ਹੋਏ ਤਾਂ ਬਹੁਤ ਅਨੰਦ ਵਧਿਆ ਅਤੇ ਸਾਰਾ ਪਰਿਵਾਰ ਖੁਸ਼ੀਆਂ ਨਾਲ ਭਰ ਗਿਆ। ਇਹ ਖੁਸ਼ੀ ਸੁਣ ਕੇ ਬੇਬੇ ਨਾਨਕੀ ਜੀ ਆਪਣੇ ਅੰਗਾਂ ਵਿਚ ਨਹੀਂ ਸਮਾਉਂਦੇ ਸਨ। ਜਿਵੇਂ ਰੋਗੀ ਨੂੰ ਕੋਲੋਂ ਹੀ ਅੰਮ੍ਰਿਤ ਮਿਲ ਗਿਆ ਹੋਵੇ॥ ੫੬॥

ਬਾਂਧਿ ਮਨੋਹਰ ਤੋਰਨ ਤੁਰਨ ਔਰ ਉਛਾਹਿ ਸਪੂਰਨ ਕੀਨੇ।
ਅੰਙਨ ਬਾਰ ਮੈਂ ਮੰਗਨ ਮੰਗਤਿ ਮੰਗਲ ਹੋਤਿ ਅਮੰਗਲ ਹੀ ਨੇ।
ਲੇ ਨਿਜ ਪਾਨ ਦਯੋ ਧਨ ਦਾਨ ਸੁ ਨਾਨਕੀ ਭਾਗ ਵਡੇ ਸੁਭ ਚੀਨੇ।
ਅੰਗਨਾ ਆਇ ਬਧਾਈ ਸੁਨਾਵਤਿ ਯਾ ਬਿਧਿ ਹੋਤਿ ਅਨੰਦ ਨਵੀਨੇ॥੫੭॥

ਸੁੰਦਰ ਪੱਤਰ ਪਰੋ ਕੇ, ਬੰਦਨਵਾਰ ਬੰਨ੍ਹ ਕੇ ਸਾਰੇ ਸ਼ਗਨ ਸੰਪੂਰਨ ਕੀਤੇ। ਵਿਹੜੇ ਅਤੇ ਦਰਵਾਜੇ ਤੇ ਮੰਗਤੇ ਮੰਗਣ

ਵਾਸਤੇ ਆਏ। ਅਮੰਗਲ ਸਾਰੇ ਨਾਸ਼ ਹੋਏ ਤੇ ਖੁਸ਼ੀਆਂ ਹੀ ਖੁਸ਼ੀਆਂ ਭਰ ਗਈਆਂ। ਬੇਬੇ ਨਾਨਕੀ ਜੀ ਨੇ ਆਪਣੇ ਹੱਥੀਂ ਦਾਨ ਦਿੱਤਾ ਤੇ ਆਪਣੇ ਬਹੁਤ ਵੱਡੇ ਭਾਗ ਸਮਝੇ। ਇਸਤਰੀਆਂ ਵਿਹੜੇ ਵਿਚ ਆ ਕੇ ਵਧਾਈਆਂ ਦੇ ਰਹੀਆਂ ਹਨ, ਇਸ ਤਰ੍ਹਾਂ ਸਾਰੇ ਅਨੰਦਿਤ ਹੋ ਰਹੇ ਸਨ॥ ੫੭॥

ਪਾਲਤਿ ਤਾਤ ਦੁਲਾਰਤਿ ਮਾਤ ਨ੍ਹਾਵਤਿ ਹਾਥਨ ਸੋਂ ਮਲ ਬਾਰੀ।
ਆਨਨ ਆਰੁਨਜਾਤ ਨਿਹਾਰਤਿ ਆਰਤਿ ਹਾਰ ਖਿਰੀ ਮੁਖਬਾਰੀ।
ਨਾਰਿ ਮਯੰਕ ਮੁਖੀ ਚਖ ਖੰਜਨ ਅੰਕ ਲਡਾਵਤਿ ਜਾਵਤਿ ਵਾਰੀ।
ਆਸ਼ਿਖ ਦੇ ਮੁਖ ਸੋਂ ਸੁਖ ਪਾਇ ਸੁਖਾਇ ਖਰੀ ਸੁਖ ਸੋਂ ਮਹਿਤਾਰੀ॥੫੮॥

ਮਾਤਾ ਜੀ ਆਪਣੇ ਪੁੱਤਰ ਨੂੰ ਲਾਡ ਲਡਾਉਂਦੀ ਹੈ ਤੇ ਉਸ ਨੂੰ ਆਪਣੇ ਹੱਥਾਂ ਨਾਲ ਜਲ ਨਾਲ ਇਸ਼ਨਾਨ ਕਰਵਾਉਂਦੀ ਹੈ। ਕਮਲ ਰੂਪੀ ਮੁਖੜੇ ਨੂੰ ਵੇਖਦੀ ਹੈ, ਜਿਵੇਂ ਦੁਖੜੇ ਹਰਨ ਵਾਲੀ ਮੁਖੜੇ ਰੂਪ ਦੀ ਵਾੜੀ ਖਿੜੀ ਹੈ। ਇਸਤਰੀਆਂ ਚੰਦਰਮਾਂ ਰੂਪੀ ਮੁਖੜੇ ਮਮੋਲੇ ਵਰਗੀਆਂ ਅੱਖਾਂ ਨੂੰ ਵੇਖਦੀਆਂ ਹਨ ਅਤੇ ਬੱਚੇ ਨੂੰ ਗੋਦੀ ਵਿਚ ਲੈ ਕੇ ਵਾਰਨੇ ਜਾਂਦੀਆਂ ਹਨ। ਆਪਣੇ ਮੁਖ ਤੋਂ ਅਸੀਸਾਂ ਦਿੰਦੀਆਂ ਹਨ। ਮਾਤਾ ਜੀ ਖੁਸ਼ੀ ਨਾਲ ਬੱਚੇ ਨੂੰ ਲੈ ਕੇ ਖੜੀ ਬਹੁਤ ਚੰਗੀ ਲਗਦੀ ਹੈ॥ ੫੮॥

ਦੋਹਰਾ- ਸਦਨ ਨਾਨਕੀ ਪਿਤਾ ਕੇ ਸੁਧ ਪਠਈ ਸੁਖ ਸਾਰ।
ਸੁਨਿ ਕਰਿ ਪੌਤ੍ਰੇ ਜਨਮ ਕੀ ਹਰਖੇ ਰਿਦੇ ਅਪਾਰ॥ ੫੯॥

ਬੇਬੇ ਨਾਨਕੀ ਨੇ ਆਪਣੇ ਪਿਤਾ ਜੀ ਦੇ ਘਰ ਵੀ ਇਸ ਖੁਸ਼ਖਬਰੀ ਦਾ ਸੁਨੇਹਾ ਭੇਜ ਦਿੱਤਾ। ਪੋਤਰੇ ਦੇ ਜਨਮ ਦੀ ਖਬਰ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੫੯॥

ਸੈਯਾ- ਘਨਘੋਰ ਸ਼ਿਖੀ, ਅਰਬਿੰਦ ਪਿਖੇ ਰਵਿ, ਦਾਰਿਦ ਜਯੋਂ ਕਰਿ ਪਾਰਸ ਪਾਏ।
ਬਹੁ ਭੂਖੇ ਕੋ ਭੋਜਨ, ਤੋਇ ਤ੍ਰਿਖੰਤ ਕੋ, ਸਾਧਕ ਸਾਧਨ ਜਯੋਂ ਫਲ ਪਾਏ।

ਜਿਵੇਂ ਮੋਰ ਬੱਦਲ ਦੀ ਗਰਜ ਸੁਣ ਕੇ, ਕੰਵਲ ਸੂਰਜ ਵੇਖ ਕੇ, ਆਲਸੀ ਪਾਰਸ ਪਾ ਕੇ, ਭੁੱਖਾ ਭੋਜਨ ਵੇਖ ਕੇ, ਪਿਆਸਾ ਪਾਣੀ ਪਾ ਕੇ ਅਤੇ ਜਗਿਆਸੂ ਸਾਧਨਾਂ ਦਾ ਫਲ ਪ੍ਰਾਪਤ ਕਰਕੇ ਖੁਸ਼ ਹੁੰਦਾ ਹੈ।

ਰਿਪੁਦੇਸ਼ ਲਹੇ ਨ੍ਰਿਪ, ਚਾਤ੍ਰਿਕ ਸ੍ਵਾਂਤਿ, ਚਕੋਰ ਮਯੰਕ ਤੇ ਜਯੋਂ ਹੁਲਸਾਏ।
ਤਿਵ ਪੌਤ੍ਰਹ ਕੋ ਜਨਮਜੋ ਸੁਨਿਕੈ ਮਨ ਸ੍ਰੀ ਗੁਰ ਮਾਤ ਪਿਤਾ ਹਰਖਾਏ॥੬੦॥

ਜਿਵੇਂ ਰਾਜਾ ਵੈਰੀ ਦਾ ਦੇਸ਼ ਲੈ ਕੇ, ਪਪੀਹਾ ਸ੍ਵਾਂਤੀ ਬੂੰਦ ਲੈ ਕੇ, ਚਕੋਰ ਚੰਦ੍ਰਮਾਂ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਉਸ ਤਰ੍ਹਾਂ ਪੋਤਰੇ ਦੇ ਜਨਮ ਦੀ ਖਬਰ ਸੁਣ ਕੇ ਗੁਰੂ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦੇ ਮਨ ਪ੍ਰਸੰਨ ਹੋ ਗਏ॥ ੬੦॥

ਤੋਟਕ ਛੰਦ- ਚਲਿ ਆਵਤਿ ਭੇ ਸੁਲਤਾਨਪੁਰੇ। ਸੁਨਿ ਸ੍ਰੀ ਗੁਰੁ ਪਾਇਨ ਧਾਇ ਪਰੇ।
ਜਨਨੀ ਮਨ ਕੀਨ ਅਨੰਦ ਘਨਾ। ਸੁਤ ਪੈ ਕਰ ਫੇਰ ਦੁਲਾਰ ਸਨਾ॥੬੧॥

ਉਹ ਚਲ ਕੇ ਸੁਲਤਾਨਪੁਰ ਆ ਗਏ। ਜਦ ਗੁਰੂ ਜੀ ਨੂੰ ਉਨ੍ਹਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਦੌੜ ਕੇ ਪੈਰੀਂ ਪੈ ਗਏ। ਮਾਤਾ ਜੀ ਦੇ ਹਿਰਦੇ ਵਿਚ ਬੜੀਆਂ ਖੁਸ਼ੀਆਂ ਭਰੀਆਂ ਹਨ। ਪੁਤਰ ਦੇ ਸਿਰ ਤੇ ਹੱਥ ਫੇਰ ਕੇ ਬੜਾ ਲਾਡ ਕੀਤਾ॥ ੬੧॥

ਪਿਖਿ ਪੌਤ੍ਰਹਿ ਤੁੰਡ ਕੁਸ਼ੇਸ਼ਯ ਸਾ। ਧਨ ਦੀਨਨ ਦੀਨ ਨਰੇਸ਼ਯਸਾ।
ਤਨਿਯਾ ਮਿਲਿ ਤੋਖ ਤ੍ਰਿਖਾ ਤਰਖੀ। ਜਲ ਮੇਲ ਮਿਲਾ, ਸੁਖ ਸੋਂ ਹਰਖੀ॥੬੨॥

ਪੋਤਰੇ ਦਾ ਕੰਵਲ ਵਰਗਾ ਮੁਖੜਾ ਵੇਖ ਕੇ, ਰਾਜਿਆਂ ਵਾਂਗ ਗਰੀਬਾਂ ਵਿਚ ਧਨ ਵੰਡਿਆ, ਪੁੱਤਰੀ ਬੇਬੇ ਨਾਨਕੀ ਨੂੰ ਮਿਲ ਕੇ ਬੜੀ ਖੁਸ਼ ਹੋਈ ਅਤੇ ਸਾਰੀ ਪਿਆਸ ਮਿਟ ਗਈ॥ ੬੨॥

ਦੋਹਰਾ- ਕਾਲੂ ਬਦਨ ਬਿਲੋਕਿ ਸੁਤ ਸਰਸਹਿ ਸਰਬ ਸਮਾਜ।
ਹਰਖ ਅਧਿਕ ਉਰ ਮਹਿ ਧਰਜੋ, ਭਲੇ ਚਲਾਯੋ ਕਾਜ॥ ੬੩॥

ਮਹਿਤਾ ਕਾਲੂ ਜੀ ਪੁੱਤਰ ਦਾ ਮੁਖੜਾ ਵੇਖ ਕੇ ਬਹੁਤ ਖੁਸ਼ ਹੋਏ, ਦਿਲ ਵਿਚ ਬੜਾ ਆਨੰਦ ਧਾਰਨ ਕੀਤਾ ਕਿ ਉਨ੍ਹਾਂ ਦੇ ਪੁੱਤਰ ਨੇ ਚੰਗਾ ਕਾਰੋਬਾਰ ਚਲਾਇਆ ਹੈ॥ ੬੩॥

ਮੁਝਤੇ ਅਧਿਕ ਕਮਾਇ ਕਰਿ ਸਰਬ ਪਦਾਰਥ ਕੀਨ।
ਕੀਰਤਿ ਜਗ ਵਿਸਤ੍ਰਿੱਤ ਭੀ ਦੀਨਨ ਦਾਨਹਿ ਦੀਨ॥ ੬੪॥

ਮੇਰੇ ਨਾਲੋਂ ਵੀ ਜ਼ਿਆਦਾ ਕਮਾਈ ਕਰਕੇ ਸਰਬ ਪਦਾਰਥ ਪ੍ਰਾਪਤ ਕਰ ਲਏ ਹਨ। ਸਾਰੇ ਜੱਗ ਵਿਚ ਕੀਰਤੀ ਫੈਲੀ ਹੈ ਕਿ ਗਰੀਬਾਂ ਨੂੰ ਬਹੁਤ ਦਾਨ ਦਿੰਦਾ ਹੈ॥ ੬੪॥

ਤੋਟਕ ਛੰਦ- ਰਹਿ ਕੇਤਿਕ ਬਾਸੁਰ ਮਾਤ ਪਿਤਾ। ਮਿਲਿਕੈ ਸੁਤ ਪੋਤ੍ਰਹਿ, ਕੀਨ ਗਤਾ।
ਇਕ ਸਾਲ ਭਯੋ ਸੁਤਕੇ ਜਨਮੇ। ਮੁਖ ਹੇਰਤਿ ਮਾਤ ਖੁਸ਼ੀ ਮਨ ਮੇਂ॥ ੬੫॥

ਮਾਤਾ ਪਿਤਾ ਕੁਝ ਦਿਨ ਓਥੇ ਰਹਿ ਕੇ ਆਪਣੇ ਪੁੱਤਰ ਤੇ ਪੋਤਰੇ ਨੂੰ ਮਿਲ ਕੇ ਚਲੇ ਗਏ। ਜਦ ਪੋਤਰੇ ਦੇ ਜਨਮ ਬਾਅਦ ਇਕ ਸਾਲ ਬੀਤ ਗਿਆ। ਮਾਤਾ ਜੀ ਬੱਚੇ ਦੇ ਸੁੰਦਰ ਮੁਖੜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਹਨ॥ ੬੫॥

ਭਗਨੀ ਮਨ ਕੀ ਸਭਿ ਜਾਨ ਰਿਦੇ। ਮੁਖ ਨਾਨਕ ਬੈਨ ਭਨੇ ਸੁਖ ਦੇ।
'ਇਕ ਬਾਰਿਕ ਲੇ ਪ੍ਰਤਿਪਾਰ ਕਰੋ। ਤੁਮ ਆਨ ਵਿਚਾਰ ਕਛੂ ਨ ਧਰੋ'॥੬੬॥

ਗੁਰੂ ਨਾਨਕ ਦੇਵ ਜੀ ਨੇ ਆਪਣੀ ਭੈਣ ਜੀ ਦੇ ਮਨ ਦੀ ਸਾਰੀ ਗੱਲ ਹਿਰਦੇ ਵਿਚ ਸਮਝ ਕੇ, ਉਨ੍ਹਾਂ ਨੂੰ ਕੁਝ ਸੁਖਦਾਇਕ ਬਚਨ ਕਹੇ, "ਇਹ ਬਾਲਕ ਲੈ ਲਵੋ ਤੇ ਇਸ ਦੀ ਪਾਲਣਾ ਕਰੋ, ਤੁਸੀਂ ਕੋਈ ਹੋਰ ਵਿਚਾਰ ਦਿਲ ਵਿਚ ਨਾ ਲਿਆਵੋ"॥ ੬੬॥

ਸੁਨਿਕੈ ਹਰਖੀ ਸਰਸੀ ਉਰਮੈ। ਭਵ ਰੰਕ ਮਦਾਰ ਪਯੋ ਘਰ ਮੈਂ।
ਮੁਖਕੰਜ ਬਿਲੋਕਤਿ ਲਾਲਤਿ ਹੈ। ਅਤਿ ਨੇਹ ਧਰੇ ਪ੍ਰਤਿਪਾਲਤਿ ਹੈ॥੬੭॥

ਬੇਬੇ ਨਾਨਕੀ ਇਹ ਗੱਲ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਜਿਵੇਂ ਕਿ ਜਨਮ ਦੇ ਕੰਗਾਲ ਨੂੰ ਕਲਪ ਬ੍ਰਿਛ ਮਿਲ ਗਿਆ ਹੋਵੇ। ਸਾਹਿਬਜ਼ਾਦੇ ਦੇ ਕੰਵਲ ਵਰਗੇ ਮੁਖੜੇ ਨੂੰ ਵੇਖਦੀ ਹੈ ਅਤੇ ਲਾਡ ਲਡਾਉਂਦੀ ਹੈ ਅਤੇ ਬੜੇ ਪਿਆਰ ਨਾਲ ਪਾਲਣਾ ਕਰਦੀ ਹੈ॥ ੬੭॥

ਦੋਹਰਾ- ਸਿਰੀਚੰਦ ਧਰਿ ਨਾਮ ਤਿਹ, ਪਾਯੋ ਉਛੰਗ ਭਤੀਜ।
ਉਰ ਅਨੰਦ ਬਹੁ ਨਾਨਕੀ ਸੋਦਰ ਲਖਜੋ ਪ੍ਰਸੀਜ॥ ੬੮॥

ਸਾਹਿਬਜ਼ਾਦੇ ਦਾ ਨਾਂ ਸ੍ਰੀ ਚੰਦ ਰਖਿਆ, ਬੇਬੇ ਨਾਨਕੀ ਨੇ ਆਪਣੇ ਭਤੀਜੇ ਨੂੰ ਗੋਦੀ ਵਿਚ ਚੁਕ ਲਿਆ। ਉਹ ਦਿਲ ਵਿਚ ਬਹੁਤ ਖੁਸ਼ ਹੋਈ, ਜਦ ਉਸ ਨੇ ਵੇਖਿਆ ਕਿ ਉਸ ਦੇ ਭਰਾ ਜੀ ਆਪਣੇ ਪੁੱਤਰ ਨੂੰ ਸੌਂਪ ਕੇ ਬਹੁਤ ਪ੍ਰਸੰਨ ਹਨ॥ ੬੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿਰੀ ਚੰਦ ਜਨਮ' ਪ੍ਰਸੰਗ ਬਰਨਨੰ ਨਾਮ ਛਬਿਸਮੋ ਧਯਾਇ॥ ੨੬॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਬੀਵਾਂ ਅਧਿਆਇ ਜਿਸ ਦਾ ਨਾਮ "ਬਾਬੇ ਸਿਰੀ ਚੰਦ ਦਾ ਜਨਮ" ਹੈ, ਸਮਾਪਤ ਹੋਇਆ॥ ੨੬॥

# ਅਧਿਆਇ ਸੱਤਾਈਵਾਂ

*ਮਨਸੁਖ ਤੇ ਭਗੀਰਥ।*

ਦੋਹਰਾ- ਚਰਨ ਸ਼ਰਨ ਗੁਰੁ ਪਰਨ ਮਨ, ਨਖਨ ਨਿਹਿਕ ਛਬਿ ਮੂਲ।
ਹਰਨ ਮਰਨ ਭਵ ਨਿਜ ਜਨਿਨ, ਨਮੋ, ਹੋਹਿ ਅਨਕੂਲ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਦਾ ਆਸਰਾ ਮਨ ਵਿਚ ਲੈ ਕੇ ਜਿਨ੍ਹਾਂ ਦੇ ਨੌਹਾਂ ਦੀ ਚਮਕ ਹੀਰਿਆਂ ਦੀ ਚਮਕ ਦਾ ਵੀ ਮੂਲ ਹੈ ਅਤੇ ਜੋ ਆਪਣੇ ਦਾਸਾਂ ਦੇ ਜਨਮ ਮਰਨ ਦੂਰ ਕਰਨ ਵਾਲੇ ਹਨ, ਅਜਿਹੇ ਚਰਨਾਂ ਤੇ ਮੇਰੀ ਨਮਸਕਾਰ ਹੋਵੇ, ਉਹ ਸਦਾ ਮੇਰੇ 'ਤੇ ਕਿਰਪਾ ਕਰਦੇ ਰਹਿਣ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਪੁਰਿ ਸੁਲਤਾਨ ਸਮੀਪ ਹੈ ਮੈਲਸੀਹਾਂ ਇਕ ਗ੍ਰਾਮ।
ਹੁਤੋ ਉਪਾਸਕ ਕਾਲਿਕਾ ਤਹਾਂ ਭਗੀਰਥ ਨਾਮ॥ ੨॥

ਭਾਈ ਬਾਲੇ ਨੇ ਕਿਹਾ- ਸੁਲਤਾਨਪੁਰ ਨਗਰ ਦੇ ਨੇੜੇ ਮੈਲਸੀਹਾਂ ਨਾਮੀਂ ਇਕ ਪਿੰਡ ਹੈ। ਉਥੇ ਭਗੀਰਥ ਨਾਮੀ ਵਿਅਕਤੀ, ਜਿਹੜਾ ਕਾਲਿਕਾ ਦਾ ਪੁਜਾਰੀ ਸੀ, ਰਹਿੰਦਾ ਹੈ॥ ੨॥

ਚੌਪਈ- ਜਿਉਂ ਮਿਲਿ ਤਿਹ ਲਿਯ ਗੁਰਮਤਿ ਰੀਤੀ। ਤਿਉਂ ਮੈਂ ਕਹੌਂ ਸੁਨਹੁ ਕਰਿ ਪ੍ਰੀਤੀ।
ਭਾਉ ਧਰੇ ਸੇਵਤਿ ਨਿਤ ਕਾਲੀ। ਸੁਚ ਸੰਜਮ ਕਰਿ ਭੂਰ ਸੁਚਾਲੀ॥ ੩॥

ਗੁਰੂ ਜੀ ਨੂੰ ਮਿਲ ਕੇ ਉਸ ਨੇ ਗੁਰਮਤਿ ਰੀਤੀ ਕਿਵੇਂ ਅਪਨਾ ਲਈ, ਤਿਸ ਬਾਰੇ ਮੈਂ ਅੱਗੇ ਦੱਸਦਾ ਹਾਂ, ਉਸ ਨੂੰ ਪਿਆਰ ਨਾਲ ਸੁਣੋ। ਉਹ ਬੜੇ ਪਿਆਰ ਨਾਲ ਸਦਾ ਕਾਲੀ ਦੀ ਪੂਜਾ ਕਰਦਾ ਸੀ। ਸੁੱਚ, ਸੰਜਮ ਅਤੇ ਅਤਿ ਪਿਆਰ ਨਾਲ ਅਰਾਧਣਾ ਕਰਦਾ ਸੀ॥ ੩॥

ਰਟਹਿ ਨਾਮ 'ਭੋ ਭਵਾ ਭਵਾਨੀ। ਜਗਦੰਬਾ, ਤ੍ਰੈ ਗੁਨ ਕੀ ਖਾਨੀ।
ਅਸ਼ਟਭੁਜੀ,ਅਸ਼ਟਾਯੁਧ ਚਮਕਹਿਂ। ਦਾਂਤਨਿ ਪਾਂਤ ਬਿਸਾਲਾ ਦਮਕਹਿਂ॥੪॥

ਸ਼ਿਵਾ ਤੇ ਭਵਾਨੀ ਦੇਵੀ ਦੇ ਨਾਮ ਦਾ ਸਿਮਰਨ ਕਰਦਾ ਸੀ। ''ਜਗਤ ਮਾਤਾ ਤਿੰਨਾਂ ਗੁਣਾਂ ਦਾ ਖਜ਼ਾਨਾ ਹੈ। ਅੱਠ ਬਾਹਾਂ ਵਾਲੀ ਅਤੇ ਅੱਠਾਂ ਸ਼ਸ਼ਤਰਾਂ ਵਾਲੀ ਬੜੀ ਚਮਕਦੀ ਹੈ। ਉਸ ਦੇ ਦੰਦਾ ਦੀ ਪੰਕਤੀ ਬੜੀ ਦਮਕਦੀ ਹੈ॥ ੪॥

ਲਾਲ ਬਿਲੋਚਨ ਮੁੰਡਨਮਾਲੀ। ਛੋਡਤਿ ਤੁੰਡਹਿ ਜ੍ਵਾਲ ਕਰਾਲੀ।
ਸਿੰਘ ਬਾਹਨੀ, ਸੰਤਨਪਾਲੀ। ਦੈਂਤ ਸੰਘਾਤ ਸੰਘਾਰਨ ਕਾਲੀ॥ ੫॥

ਉਸ ਦੇ ਨੇਤਰ ਬੜੇ ਲਾਲ ਹਨ, ਗਲ ਵਿਚ ਸਿਰਾਂ ਦੀ ਮਾਲਾ ਪਾਈ ਹੈ। ਮੁਖ ਵਿਚੋਂ ਭਿਆਨਕ ਅੱਗ ਨਿਕਲਦੀ ਹੈ। ਸ਼ੇਰ ਦੀ ਸਵਾਰੀ ਹੈ, ਸੰਤਾਂ ਨੂੰ ਪਾਲਣ ਵਾਲੀ ਹੈ, ਸਮੂਹ ਦੈਂਤਾਂ ਦਾ ਨਾਸ਼ ਕਰਨ ਵਾਲੀ ਹੈ॥ ੫॥

ਮਧੁਕੈਟਭ, ਮਹਿਖਾਸੁਰ ਮਰਦਨ। ਧੂਮ੍ਰਾਛ, ਚੰਡ ਮੁੰਡ ਚਕਰਦਨ।
ਰਕਤਬੀਜ ਕੋ ਪਾਨੀ ਰਕਤਾ। ਸੁੰਭ ਨਿਸੁੰਭ ਹਨਨਿ ਵਡ ਸ਼ਕਤਾ॥ ੬॥

ਮਧੁਕੈਟਭ, ਮਹਿਖਾਸੁਰ ਨੂੰ ਮਲਣ ਵਾਲੀ ਹੈ। ਧੂਮ੍ਰਾਛ, ਚੰਡ, ਮੁੰਡ ਦਾ ਨਾਸ਼ ਕਰਨ ਵਾਲੀ ਹੈ। ਰਕਤਬੀਜ ਦਾ ਲਹੂ ਪੀਣ ਵਾਲੀ ਹੈ। ਸੁੰਭ ਨਿਸੁੰਭ ਦਾ ਵੱਡੀ ਸ਼ਕਤੀ ਨਾਲ ਨਾਸ਼ ਕਰਨ ਵਾਲੀ ਹੈ॥ ੬॥

ਅਭੈ ਦਾਨ ਦੈਨੀ ਤ੍ਰੈਲੋਕਾ। ਸਰਬ ਪੂਜਜ ਨਿਤ ਸਰਬ ਅਸ਼ੋਕਾ।

ਜਗਤ ਕਾਰਨੀ, ਆਦਿ ਕੁਮਾਰੀ। ਉਮਾ ਰਮਾ ਬਾਨੀ ਤਨਧਾਰੀ॥ ੭॥

ਤਿੰਨ ਲੋਕਾਂ ਨੂੰ ਅਭੈਦਾਨ ਦੇਣ ਵਾਲੀ ਹੈ। ਸਭ ਨੂੰ ਸ਼ੋਕ ਰਹਿਤ ਕਰਨ ਵਾਲੀ ਹੈ। ਜਗਤ ਦੀ ਰਚਨਾ ਕਰਨ ਵਾਲੀ ਆਦਿ ਕੁਮਾਰੀ ਹੈ। ਪਾਰਬਤੀ, ਲੱਛਮੀ, ਸਰਸੁਤੀ ਦੇ ਸਰੀਰ ਧਾਰਨ ਕੀਤੇ ਹੋਏ ਹਨ॥ ੭॥

ਜੈ ਦੇਵੀ, ਜੈ ਚੰਡਿ, ਕਪਾਲੀ। ਜੈ ਜੈ ਅੰਬੇ ਬਾਹੁ ਬਿਸਾਲੀ।
ਜੈ ਦੁਰਗੇ, ਦੁਰ ਧਰਖਣ ਗੋਰੀ। ਤੁਝ ਸੇਵਹਿ ਬਿਧਿ ਸ਼ੰਕਰ ਸ਼ੋਰੀ॥ ੮॥

ਜੈ ਦੇਵੀ, ਜੈ ਚੰਡੀ ਖੋਪਰੀਆਂ ਧਾਰਨ ਕਰਨ ਵਾਲੀ। ਜੈ ਜੈ ਬਹੁਤੀਆਂ ਬਾਹਾਂ ਵਾਲੀ ਮਾਤਾ ਅੰਬੇ ਜੀ। ਜੈ ਦੁਰਗਾ ਮਾਤਾ, ਤੂੰ ਦੈਂਤਾਂ ਨੂੰ ਦਬਾਉਣ ਵਾਲੀ ਚਿੱਟੇ ਰੰਗ ਵਾਲੀ ਹੈਂ। ਤੈਨੂੰ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਵੀ ਪੂਜਦੇ ਹਨ॥ ੮॥

ਜਗ ਉਪਜਾਵਨਿ, ਪਾਲਨਿ, ਕਾਲਨਿ। ਅਕਲੰਕੀ ਦੁਰਜਨ ਦਲ ਸਾਲਨਿ।
ਅਸਿ ਧਰਨੀ ਹਰਨੀ ਅਗਜਾਨੰ। ਸੁਖ ਕਰਣੀ ਦਲਣੀ ਦਯਤਾਨੰ॥ ੯॥

ਤੂੰ ਜਗਤ ਨੂੰ ਪੈਦਾ ਕਰਨ ਵਾਲੀ, ਪਾਲਣਾ ਕਰਨ ਵਾਲੀ ਅਤੇ ਮਾਰਨ ਵਾਲੀ ਤੂੰ ਹੀ ਹੈਂ। ਹੇ ਕਲੰਕ ਰਹਿਤ, ਤੂੰ ਦੁਰਜਨਾਂ ਦੇ ਦਲਾਂ ਨੂੰ ਦੁੱਖ ਦੇਣ ਵਾਲੀ ਹੈਂ। ਕਿਰਪਾਨ ਧਾਰਨ ਕਰਨ ਵਾਲੀ ਅਤੇ ਮੂਰਖਾਂ ਨੂੰ ਮਾਰਨ ਵਾਲੀ ਹੈਂ। ਹੇ ਸੁਖ ਦਾਤੀ ! ਤੂੰ ਦੈਂਤਾਂ ਨੂੰ ਦਲਣ ਵਾਲੀ ਹੈਂ॥੯॥

ਨਮੋ ਨਮੋ ਸਸਿ ਭਾਨੁ ਪ੍ਰਕਾਸ਼ੀ। ਨਮੋ ਅਗੰਜਨਿ ਸਭਿ ਦੁਖ ਨਾਸ਼ੀ।
ਪਰਮ ਰੂਪ ਪ੍ਰੱਗਜਾ ਕੱਲਜਾਣੀ। ਨਮੋ ਮੰਗਲਾ ਭੇ ਸਰਬਾਣੀ॥ ੧੦॥

ਚੰਦਰਮਾ ਅਤੇ ਸੂਰਜ ਨੂੰ ਪ੍ਰਕਾਸ਼ਣ ਵਾਲੀ ਨੂੰ ਨਮਸ਼ਕਾਰ ਹੈ। ਨਾਸ਼ ਤੋਂ ਰਹਿਤ ਹੈਂ ਅਤੇ ਸਭ ਦੇ ਦੁੱਖਾਂ ਦਾ ਨਾਸ਼ ਕਰਨ ਵਾਲੀ ਨੂੰ ਮੇਰਾ ਨਮਸ਼ਕਾਰ ਹੈ। ਪਰਮ ਰੂਪ ਸਰਸਵਤੀ ਤੇ ਕਲਿਆਣ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੧੦॥

ਨਮੋ ਜੋਗ ਮਾਯਾ, ਬਰਦਾਨੀ। ਸਰਬ ਸ਼ਸਤ੍ਰ ਰੂਪਾ ਸਭਿ ਜਾਨੀ।
ਬਰਬੰਡਨਿ ਭੁਜਦੰਡ ਅਖੰਡੀ। ਨਮੋ ਨਮੋ ਪਰ ਚੰਡਿ ਪ੍ਰਚੰਡੀ॥ ੧੧॥

ਵਿਸ਼ਨੂੰ ਦੀ ਮਾਇਆ, ਜਗਤ ਦੀ ਰਚਨਾ ਸਮੇਂ ਪ੍ਰਭੂ ਦੀ ਸ਼ਕਤੀ ਸਰੂਪਾ, ਅਤੇ ਵਰ ਦਾਤੀ ਨੂੰ ਨਮਸਕਾਰ ਹੈ। ਸਰਬ ਸ਼ਸਤਰ ਰੂਪੀ ਸਭ ਨੇ ਜਾਣੀ ਹੈ। ਬਲ ਵਾਲੀ ਅਤੇ ਨਾ ਖੰਡੇ ਜਾਣ ਵਾਲੀ ਅਤੇ ਚੰਡੀ ਪ੍ਰਚੰਡੀ ਨੂੰ ਨਮਸਕਾਰ ਹੈ'॥ ੧੧॥

ਦੋਹਰਾ- ਅਸ ਪ੍ਰਕਾਰ ਬਹੁ ਨਾਮ ਜਪਿ ਪੂਜਿ ਕਾਲਕਾ ਮਾਤ।
ਹਰਣ ਤਿਮਰ ਅੱਗਜਾਨ ਕੋ ਚਹਿਤਿ ਰਿਦੇ ਦਿਨ ਰਾਤਿ॥ ੧੨॥

ਇਸ ਪ੍ਰਕਾਰ ਬਹੁਤ ਨਾਮ ਜਪ ਕੇ ਕਾਲਕਾ ਮਾਤਾ ਨੂੰ ਉਸ ਪੂਜਿਆ। ਦਿਨ ਰਾਤ ਅਗਿਆਨਤਾ ਦਾ ਹਨੇਰਾ ਦੂਰ ਕਰਨਾ ਚਾਹੁੰਦਾ ਸੀ॥ ੧੨॥

ਚੌਪਈ- ਏਕ ਦਿਵਸ ਸੁਚਿ ਸੰਜਮਿ ਸਾਥਾ। ਬੰਦਹਿ ਧਰ ਪਰ ਧਰਿ ਕਰਿ ਮਾਥਾ।
ਸੇਵਾ ਕਰਤਜੋ ਬਾਸੁਰ ਬੀਤਾ। ਤਦਪਿ ਨ ਤਜਹਿ ਬਧੀ ਚਿਤ ਪ੍ਰੀਤਾ॥੧੩॥

ਇਕ ਦਿਨ ਪਵਿੱਤ੍ਰਤਾ ਅਤੇ ਸੰਜਮ ਸਹਿਤ ਧਰਤੀ ਤੇ ਮੱਥਾ ਟੇਕ ਕੇ ਬੰਦਨਾ ਕੀਤੀ। ਸੇਵਾ ਕਰਦਿਆਂ ਸਾਰਾ ਦਿਨ ਬੀਤ ਗਿਆ। ਫਿਰ ਵੀ ਉਸ ਨੇ ਆਪਣੇ ਚਿਤ ਵਿਚੋਂ ਮਾਤਾ ਕਾਲਕਾ ਦੀ ਪ੍ਰੀਤ ਨਾ ਛੱਡੀ॥ ੧੩॥

ਰਹਜੋ ਕਾਲਿਕਾ ਮੰਦਰ ਮਾਂਹੀ। ਸਦਨ ਨ ਗਮਨਜੋ ਅਤਿ ਚਿਤ ਚਾਹੀ।
ਅਰਧ ਨਿਸਾ ਬੀਤੀ ਅਲਸਾਵਾ। ਤਬਹਿ ਚੰਡਿਕਾ ਸੁਪਨ ਦਿਖਾਵਾ॥੧੪॥

ਰਾਤ ਕਾਲਕਾ ਮੰਦਰ ਵਿਚ ਹੀ ਰਿਹਾ। ਚਿਤ ਵਿਚ ਐਸਾ ਵੈਰਾਗ ਉਪਜਿਆ ਕਿ ਘਰ ਨਾ ਗਿਆ। ਜਦ ਅੱਧੀ ਰਾਤ ਹੋਈ ਤਾਂ ਅਲਸਾਇਆ। ਤਦ ਚੰਡੀ ਮਾਤਾ ਨੇ ਸੁਪਨੇ ਵਿਚ ਦਰਸ਼ਨ ਦਿੱਤੇ॥ ੧੪॥

ਚੌਪਈ- 'ਭੋ ਸੁਮਤੇ ! ਜੁ ਮਨੋਰਥ ਤੋਰਾ। ਹੋਇ ਸਪੂਰਨ ਇਹ ਬਰ ਮੋਰਾ।
ਨਿਜ ਸਰੂਪ ਕੋ ਲਖਿਹੌਂ ਗ੍ਯਾਨਾ। ਪ੍ਰਾਪਤਿ ਹ੍ਵੈ ਅਪਵਰਗ ਮਹਾਨਾ ॥੧੫॥

ਮਾਤਾ ਬੋਲੀ, "ਹੇ ਸ੍ਰੇਸ਼ਟ ਪੁਰਸ਼ ! ਜੋ ਤੇਰਾ ਮਨੋਰਥ ਹੈ, ਉਹ ਪੂਰਾ ਹੋਵੇਗਾ, ਇਹ ਮੇਰਾ ਵਰ ਹੈ। ਨਿਜ ਸਰੂਪ ਨੂੰ ਵੇਖ ਕੇ ਗਿਆਨ ਪ੍ਰਾਪਤ ਹੋ ਜਾਵੇਗਾ ਤੇ ਤੈਨੂੰ ਮਹਾਨ ਮੁਕਤੀ ਪ੍ਰਾਪਤ ਹੋਵੇਗੀ॥ ੧੫॥

ਪਰਾਲਬਧ ਹੈ ਤਨ ਕੀ ਜੇ ਲੌ। ਸੇਵਹੁ ਸ੍ਰੀ ਨਾਨਕ ਪਗ ਤੇ ਲੌ।
ਪੁਰਿ ਸੁਲਤਾਨਹਿ ਕੀਨਿ ਦੁਕਾਨਾ। ਦੁਰਜੋ ਰਹਤਿ ਹੈ ਜਾਇ ਨ ਜਾਨਾ। ॥੧੬॥

ਜਦ ਤਕ ਤੇਰੀ ਦੇਹ ਦੇ ਆਰੰਭ ਕਰਨ ਵਾਲੀ, ਜਿਸ ਕਰਮ ਦੁਆਰਾ ਦੇਹ ਦੀ ਪ੍ਰਾਪਤੀ ਹੋਈ ਹੈ, ਕਾਇਮ ਹੈ, ਤਦ ਤਕ ਸ੍ਰੀ ਨਾਨਕ ਦੇ ਚਰਨਾਂ ਦੀ ਸੇਵਾ ਕਰੋ। ਉਹ ਸੁਲਤਾਨਪੁਰ ਨਗਰ ਵਿਚ ਦੁਕਾਨ ਕਰਦੇ ਹਨ। ਉਹ ਛਿਪੇ ਰਹਿੰਦੇ ਹਨ ਤੇ ਹਾਲੇ ਤਕ ਉਨ੍ਹਾਂ ਆਪਣੇ ਆਪ ਨੂੰ ਜ਼ਾਹਰ ਨਹੀਂ ਕੀਤਾ ਹੈ॥ ੧੬॥

ਚੌਪਈ- ਸ੍ਰੀ ਕਰਤਾਰ ਰੂਪ ਅਵਤਾਰਾ। ਕਲਿ ਨਰ ਤਾਰਨ ਕੋ ਤਨ ਧਾਰਾ।
ਧਰਿ ਸ਼ਰਧਾ ਦਰਸ਼ਹੁ ਦੁਖ ਦਾਹੂ। ਜਗ ਜੀਵਨ ਕੋ ਲੇਵਹੁ ਲਾਹੂ ॥੧੭॥

ਉਹ ਸ੍ਰੀ ਕਰਤਾਰ ਰੂਪ ਅਵਤਾਰ ਹਨ। ਕਲਿਜੁਗ ਦੇ ਜੀਵਾਂ ਨੂੰ ਤਾਰਨ ਹਿਤ ਉਸ ਤਨ ਧਾਰਿਆ ਹੈ। ਦੁਖ ਨਾਸ਼ਕ ਦੇ ਬੜੇ ਸ਼ਰਧਾ ਨਾਲ ਦਰਸ਼ਨ ਕਰੋ ਅਤੇ ਜਗਤ ਜੀਵਨ ਦਾ ਲਾਭ ਪ੍ਰਾਪਤ ਕਰੋ॥ ੧੭॥

ਇਤੇ ਮਾਤ੍ਰ ਮਹਿਂ ਖੁਲੇ ਬਿਲੋਚਨ। ਲਖਿ ਸੁਪਨੇ ਕੋ ਕਰਿ ਬਹੁ ਸੋਚਨ।
ਭੋਰ ਹੋਤਿ ਲੈ ਦਿਢ ਬੈਰਾਗਾ। ਭਯੋ ਰਿਦੈ ਨਿਜ ਕੁਟੰਬ ਤਯਾਗਾ॥ ੧੮॥

ਉਸ ਤੋਂ ਬਾਅਦ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੁਪਨਾ ਵੇਖ ਕੇ ਉਹ ਬਹੁਤ ਸੋਚਾਂ ਵਿਚ ਪੈ ਗਿਆ। ਸਵੇਰ ਹੋਣ ਤੇ ਬਹੁਤ ਵੈਰਾਗਮਈ ਹੋ ਗਿਆ। ਦਿਲ ਵਿਚ ਐਸੀ ਗੱਲ ਬੈਠੀ ਕਿ ਆਪਣਾ ਪਰਿਵਾਰ ਛੱਡ ਦਿੱਤਾ॥ ੧੮॥

ਗ੍ਰਾਮ ਚੌਧਰਤਾ ਆਦਿ ਬਿਭੂਤੀ। ਤਜਿ ਗਮਨਜੋ ਅਤਿਸ਼ੈ ਮਤਿ ਪੂਤੀ।
ਰੋਕ ਰਹੇ ਨਰ ਰੁਕਤਿ ਨ ਕੈਸੇ। ਪ੍ਰੇਮ ਪ੍ਰਵਾਹਿ ਬਹਯੋ ਹੜ ਜੈਸੇ ॥੧੯॥

ਪਿੰਡ, ਚੌਧਰਤਾ ਤੇ ਐਸ਼੍ਵਰਜ ਦੇ ਸਾਰੇ ਸਾਮਾਨ ਛੱਡ ਕੇ ਗੁਰੂ ਨਾਨਕ ਜੀ, ਜਿਨ੍ਹਾਂ ਦੀ ਬੁੱਧੀ ਬੜੀ ਪਵਿੱਤਰ ਸੀ, ਉਨ੍ਹਾਂ ਨੂੰ ਮਿਲਣ ਵਾਸਤੇ ਚਲਣ ਲੱਗਾ। ਪਿੰਡ ਦੇ ਲੋਕ ਉਸ ਨੂੰ ਰੋਕਣ ਲੱਗੇ ਪਰ ਉਹ ਕਿਸ ਤਰ੍ਹਾਂ ਵੀ ਨਾ ਰੁਕਿਆ। ਉਸ ਦੇ ਮਨ ਵਿਚ ਪ੍ਰੇਮ ਦਾ ਪ੍ਰਵਾਹ ਹੜ੍ਹ ਵਾਂਗ ਚਲ ਰਿਹਾ ਸੀ॥ ੧੯॥

ਆਵਾ ਪੁਰਿ ਸੁਲਤਾਨਹਿ ਤੂਰਨ। ਪ੍ਰੇਮ ਸੰਗਿ ਹਿਰਦਾ ਪਰਿਪੂਰਨ।
ਜਹਿਂ ਆਪਨ ਪਰ ਜਾਚਕ ਭੀਰਾ। ਦਰਸ਼ਨ ਹੇਤਹਿ ਹੋਤਿ ਅਧੀਰਾ॥ ੨੦॥

ਤੁਰੰਤ ਸੁਲਤਾਨਪੁਰ ਨਗਰ ਵਿਚ ਆ ਗਿਆ। ਪ੍ਰੇਮ ਨਾਲ ਉਸ ਦਾ ਹਿਰਦਾ ਭਰਿਆ ਹੋਇਆ ਸੀ। ਉਥੇ ਪਹੁੰਚ ਗਿਆ ਜਿਸ ਦੁਕਾਨ ਉੱਤੇ ਮੰਗਤਿਆਂ ਦੀ ਬੜੀ ਭੀੜ ਸੀ। ਦਰਸ਼ਨ ਕਰਨ ਵਾਸਤੇ ਬੜਾ ਵਿਆਕੁਲ ਹੋ ਗਿਆ॥ ੨੦॥

ਪਗ ਪਰ ਪਰਿ ਰਹਯੋ ਦੰਡ ਸਮਾਨਾ। ਬ੍ਯਾਕੁਲ ਭਾ ਤਨ ਸੁਧਿ ਬਿਸਰਾਨਾ।
ਸਭਿ ਬ੍ਰਿਤਾਂਤ ਲਖਿ ਕਰਿ ਜਗਨਾਥਾ। ਹਾਥ ਛੁਹਾਯੋ ਮਾਥਹਿ ਸਾਥਾ॥੨੧॥

ਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਚਰਨਾਂ ਉੱਤੇ ਡੰਡੇ ਵਾਂਗ ਲੰਮਾ ਪੈ ਗਿਹਾ, ਤਨ ਮਨ ਵਿਚ ਏਨਾ ਵਿਆਕੁਲ ਹੋ ਗਿਆ ਕਿ ਸਾਰੀ ਸੁੱਧ ਬੁੱਧ ਹੀ ਗਵਾ ਬੈਠਾ। ਜਦ ਜਗਤ ਦੇ ਨਾਥ ਗੁਰੂ ਜੀ ਨੇ ਸਾਰਾ ਬ੍ਰਿਤਾਂਤ ਵੇਖਿਆ ਤੇ ਸੁਣਿਆ ਤਾਂ ਉਨ੍ਹਾਂ ਆਪਣਾ ਹੱਥ ਉਸ ਦੇ ਮੱਥੇ ਨੂੰ ਛੁਹਾਇਆ॥ ੨੧॥

ਚੌਪਈ- ਭੁਜਾ ਪਕਰਿ ਕੈ ਬਹੁਰ ਬਿਠਾਯੋ। ਸ੍ਰੀ ਮੁਖ ਕੋਮਲ ਵਾਕ ਅਲਾਯੋ।
'ਕੌਨ ਮਨੋਰਥ, ਕਿਹ ਤੇ ਆਵਾ ? ਚਹਯੋ ਸੁ ਦੇਉਂ ਕਹੋ ਮਨਭਾਵਾ' ॥੨੨॥

ਬਾਂਹ ਫੜ ਕੇ ਫਿਰ ਉਸ ਨੂੰ ਬਿਠਾਇਆ ਤੇ ਗੁਰੂ ਜੀ ਨੇ ਆਪਣੇ ਮੁਖ ਤੋਂ ਕੋਮਲ ਬਚਨ ਕਹੇ, "ਤੇਰਾ ਕੀ ਮਨੋਰਥ ਹੈ ਅਤੇ ਕਿਥੋਂ ਆਇਆ ਹੈਂ ? ਤੂੰ ਆਪਣੇ ਮਨ-ਭਾਉਂਦੀ ਗੱਲ ਕਹਿ, ਮੈਂ ਸਭ ਕੁਝ ਦੇਵਾਂਗਾ" ॥ ੨੨॥

ਸੁਨਤਿ ਭਗੀਰਥ ਬੋਲਯੋ ਬਾਨੀ। 'ਸਭਿ ਜਾਨਤਿ ਹੋ ਤੁਮ ਗੁਨ ਖਾਨੀ।
ਤਦਪਿ ਕਹੌਂ ਬੂਝਨਿ ਅਨੁਸਾਰੀ। ਰਹਯੋ ਚਹਿਤਿ ਹੌਂ ਸ਼ਰਨ ਤੁਮਾਰੀ ॥੨੩॥

ਇਹ ਸੁਣ ਕੇ ਭਗੀਰਥ ਨੇ ਕਿਹਾ, "ਹੇ ਗੁਣਾਂ ਦੀ ਖਾਨ, ਤੁਸੀਂ ਸਭ ਕੁਝ ਜਾਣਦੇ ਹੋ। ਤੁਹਾਡੇ ਪੁੱਛਣ ਅਨੁਸਾਰ ਤਦ ਮੈਂ ਕਹਿੰਦਾ ਹਾਂ। ਮੈਂ ਤੁਹਾਡੀ ਸ਼ਰਨ ਵਿਚ ਰਹਿਣਾ ਚਾਹੁੰਦਾ ਹਾਂ॥ ੨੩॥

ਗ੍ਰਾਮ ਮੈਲਸੀਹੈਂ ਮਹਿਂ ਧਾਮਾ। ਕਰੌਂ ਉਪਾਸਨ ਕਾਲੀ ਨਾਮਾ।
ਕ੍ਰਿਪਾ ਕੀਨਿ ਮੁਝ ਪਰ ਜਗਮਾਈ। ਸੁਮਤਿ ਦੀਨਿ ਕਹਿ ਗਾਥ ਬੁਝਾਈ ॥੨੪॥

ਮੈਲਸੀਹਾਂ ਪਿੰਡ ਵਿਚ ਮੇਰਾ ਘਰ ਹੈ। ਮੈਂ ਕਾਲੀ ਮਾਤਾ ਦਾ ਉਪਾਸ਼ਕ ਹਾਂ। ਉਸ ਜਗਤ ਮਾਤਾ ਨੇ ਮੇਰੇ ਤੇ ਬੜੀ ਕਿਰਪਾ ਕੀਤੀ ਹੈ। ਸਾਰੀ ਗੱਲ ਸਮਝਾ ਕੇ ਉਸ ਨੇ ਮੈਨੂੰ ਸੋਝੀ ਕਰਵਾਈ ਹੈ॥ ੨੪॥

ਮੈਂ ਆਯੋ ਤੁਮ ਸੇਵਨ ਚਰਨਾ। ਨਮੋ ਨਮੋ ਭੋ ਅਸ਼ਰਨ ਸ਼ਰਨਾ'।
ਸੁਨੀ ਸ੍ਰੋਨ ਮਹਿਂ ਬਿਨੈ ਬਿਸਾਲਾ। ਪਰਮ ਪ੍ਰਸੀਦੇ ਦੀਨ ਦਯਾਲਾ ॥੨੫॥

ਮੈਂ ਆਪ ਜੀ ਦੇ ਚਰਨਾਂ ਦੀ ਸੇਵਾ ਕਰਨ ਆਇਆ ਹਾਂ। ਹੇ ਸ਼ਰਨਹੀਨਾਂ ਨੂੰ ਸ਼ਰਨ ਦੇਣ ਵਾਲੇ ! ਤੁਹਾਨੂੰ ਨਮਸ਼ਕਾਰ ਹੈ।" ਜਦ ਗੁਰੂ ਜੀ ਨੇ ਭਗੀਰਥ ਦੀ ਇਹ ਬੇਨਤੀ ਸੁਣੀ ਤਾਂ ਦੀਨ ਦਿਆਲ ਗੁਰੂ ਜੀ ਬਹੁਤ ਖੁਸ਼ ਹੋਏ॥ ੨੫॥

ਜਗਤ ਸਭਿਹਿ ਪਰਪੰਚ ਦਿਖਾਯੋ। ਬਹੁਰੋ ਅਪਨੀ ਸੇਵ ਲਗਾਯੋ।
ਰਹਤਿ ਭਯੋ ਦਰਸ਼ਨ ਨਿਤ ਕਰਿਹੀ। ਚਰਨ ਪਖਾਰਿ ਹਰਖ ਉਰ ਧਰਿਹੀ ॥੨੬॥

ਪਹਿਲਾਂ ਜਗਤ ਦੇ ਸਾਰੇ ਪਰਪੰਚ ਵਿਖਾਏ, ਫਿਰ ਆਪਣੀ ਸੇਵਾ ਵਿਚ ਲਾ ਲਿਆ। ਭਗੀਰਥ ਹੁਣ ਨਿਤ ਗੁਰੂ ਜੀ ਦੇ ਦਰਸ਼ਨ ਕਰਦਾ ਹੈ। ਹਿਰਦੇ ਵਿਚ ਖੁਸ਼ੀ ਧਾਰ ਕੇ ਗੁਰੂ ਜੀ ਦੇ ਚਰਨ ਧੋਂਦਾ ਹੈ॥ ੨੬॥

ਜਿਉਂ ਕਰੁਨਾਨਿਧਿ ਦੇਹਿਂ ਰਜਾਈ। ਤੈਸੇ ਕਰਹਿ ਸਦਾ ਮਨ ਭਾਈ।
ਬੀਤਯੋ ਅਸ ਪ੍ਰਕਾਰ ਕਛੁ ਕਾਲਾ। ਸ਼ਰਧਾ ਧਾਰਤਿ ਰਿਦੈ ਬਿਸਾਲਾ ॥੨੭॥

ਜਿਵੇਂ ਕਿਰਪਾ ਦੇ ਸਮੁੰਦਰ ਗੁਰੂ ਜੀ ਆਗਿਆ ਕਰਦੇ ਹਨ, ਉਸ ਤਰ੍ਹਾਂ ਹੀ ਭਗੀਰਥ ਆਗਿਆ ਦਾ ਪਾਲਣ ਕਰਦਾ ਹੈ। ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ, ਉਹ ਹਿਰਦੇ ਵਿਚ ਸ਼ਰਧਾ ਧਾਰ ਕੇ ਬਹੁਤ ਖੁਸ਼ ਰਹਿੰਦਾ ਹੈ॥੨੭॥

ਗਮਨਯੋ ਨਿਜ ਪੁਰਿ ਤੇ ਮਰਦਾਨਾ। ਆਯੋ ਗੁਰ ਢਿਗ ਪੁਰਿ ਸੁਲਤਾਨਾ।
ਬੰਦਨ ਕਰਿ ਉਚਰਯੋ ਕਲਜਾਨਾ। ਬੈਸ ਗਯੋ ਪੁਨਿ ਭਾਗ ਮਹਾਨਾ ॥੨੮॥

ਆਪਣੇ ਨਗਰ ਤਲਵੰਡੀ ਤੋਂ ਮਰਦਾਨਾ ਚਲਿਆ ਤੇ ਗੁਰੂ ਜੀ ਪਾਸ ਸੁਲਤਾਨਪੁਰ ਆ ਗਿਆ। ਬੰਦਨਾਂ ਕਰਕੇ ਉਸ ਕਲਿਆਣ ਕੀਤੀ ਤੇ ਫਿਰ ਵੱਡੇ ਭਾਗਾਂ ਵਾਲਾ ਮਰਦਾਨਾ ਗੁਰੂ ਜੀ ਪਾਸ ਬੈਠ ਗਿਆ॥ ੨੮॥

ਤਲਵੰਡੀ ਕੇ ਕੁਸ਼ਲ ਸੰਦੇਸ਼ੇ। ਦੇਤਿ ਭਯੋ ਬੂਝੇ ਗੁਰ ਜੈਸੇ।
ਅਪਨ ਪ੍ਰਯੋਜਨ ਬਹੁਰ ਸੁਨਾਯੋ। ਜਾਂਕੇ ਹਿਤ ਚਲਿ ਕਰਿ ਪੁਰਿ ਆਯੋ ॥੨੯॥

ਨਗਰ ਤਲਵੰਡੀ ਦੀ ਸੁਖ-ਸਾਂਦ ਬਾਰੇ ਹਾਲ ਉਹ ਉਸ ਤਰ੍ਹਾਂ ਦੱਸ ਰਿਹਾ ਸੀ, ਜਿਵੇਂ ਗੁਰੂ ਜੀ ਉਸ ਨੂੰ ਪੁੱਛ ਰਹੇ ਸਨ। ਫਿਰ ਆਪਣੇ ਆਉਣ ਦਾ ਮਤਲਬ ਦੱਸਿਆ, ਜਿਸ ਵਾਸਤੇ ਉਹ ਚਲ ਕੇ ਸੁਲਤਾਨਪੁਰ ਆਇਆ ਸੀ॥ ੨੯॥

'ਸੁਨਿ ਜਜਮਾਨ! ਬਚਨ ਤੁਮ ਭਾਖਾ। ਤਜਹੁ ਅਪਰ ਜਾਚਨ ਅਭਿਲਾਖਾ।
ਯਾਤੇ ਮਾਂਗੋਂ ਮੈਂ ਨਹਿਂ ਕੋਊ। ਤੁਮਰੋ ਬਚਨ ਚਿਤਾਰਤਿ ਸੋਊ॥ ੩੦॥

''ਸੁਣੋ ਜਜਮਾਨ! ਤੁਸੀਂ ਇਹ ਬਚਨ ਕੀਤਾ ਸੀ ਕਿ ਕਿਸੇ ਹੋਰ ਪਾਸੋਂ ਮੰਗਣ ਦੀ ਅਭਿਲਾਸ਼ਾ ਛੱਡ ਦੇਵੋ। ਇਸ ਲਈ ਤੁਹਾਡੇ ਬਚਨ ਯਾਦ ਰੱਖ ਕੇ ਮੈਂ ਹੋਰ ਕਿਸੇ ਪਾਸ ਮੰਗਣ ਨਹੀਂ ਗਿਆ॥ ੩੦॥

ਚੌਪਈ- ਔਰ ਚਲਤਿ ਨੀਕੀ ਗੁਜਰਾਨਾ। ਤਨਿਯਾ ਬਜਾਹਨਿ ਖਰਚ ਮਹਾਨਾ।
ਤਾਂਕੀ ਸ਼ਕਤਿ ਨ ਸਦਨ ਹਮਾਰੇ। ਯਾ ਹਿਤ ਆਯੋ ਨਿਕਟਿ ਤੁਮਾਰੇ' ॥ ੩੧॥

ਹੋਰ ਗੁਜ਼ਾਰਾ ਤਾਂ ਚੰਗਾ ਚਲ ਰਿਹਾ ਹੈ, ਪਰ ਲੜਕੀ ਦੇ ਵਿਆਹ ਦਾ ਵੱਡਾ ਖਰਚਾ ਆ ਪਿਆ ਹੈ। ਸਾਡੇ ਘਰ ਵਿਚ ਤੁਹਾਡੇ ਬਰਾਬਰ ਸ਼ਕਤੀ ਨਹੀਂ ਹੈ, ਇਸ ਕਰਕੇ ਲੜਕੀ ਦੇ ਵਿਆਹ ਵਾਸਤੇ ਮਦਦ ਮੰਗਣ ਵਾਸਤੇ ਆਇਆ ਹਾਂ'' ॥ ੩੧॥

ਅਸਿ ਪ੍ਰਕਾਰ ਸੁਨਿ ਕਰਿ ਸੁਖਰਾਸਾ। ਤਿਹ ਛਿਨ ਹੁਤੋ ਭਗੀਰਥ ਪਾਸਾ।
ਤਾਂਸੋ ਬੋਲੇ ਕ੍ਰਿਪਾ ਨਿਧਾਨਾ। 'ਕਰਹੁ ਕਾਜ ਤੂੰ ਪਰਮ ਸਜਾਨਾ॥ ੩੨॥

ਜਦ ਸੁੱਖਾਂ ਦੀ ਪੂੰਜੀ ਗੁਰੂ ਜੀ ਨੇ ਮਰਦਾਨੇ ਦੀ ਇਹ ਗੱਲ ਸੁਣੀ ਤਾਂ ਉਸ ਵੇਲੇ ਭਗੀਰਥ ਉਨ੍ਹਾਂ ਦੇ ਪਾਸ ਬੈਠਾ ਸੀ। ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਉਸ ਨੂੰ ਕਹਿਣ ਲੱਗੇ, ''ਇਹ ਸਾਰਾ ਕੰਮ ਕਾਜ ਤੁਸੀਂ ਕਰੋ, ਕਿਉਂਕਿ ਤੁਸੀਂ ਬਹੁਤ ਸਿਆਣੇ ਹੋ॥ ੩੨॥

ਬਜਾਹ ਸੌਜ ਲਿਖਿ ਕਾਗਦ ਸਭਿਹੀ। ਗਮਨਹੁ ਲਵਪੁਰਿ ਮਾਰਗ ਅਬ ਹੀ।
ਇਹ ਸਥਾਨ ਹ੍ਵੈ ਵਸਤੁ ਨ ਪੂਰੀ। ਤਹਿਂ ਬਿਲੋਕਿ ਕੈ ਆਨਹੁ ਰੂਰੀ' ॥ ੩੩॥

ਵਿਆਹ ਦਾ ਸਮਾਨ ਇਕ ਕਾਗਜ਼ ਉਤੇ ਲਿਖ ਲਵੋ ਤੇ ਹੁਣੇ ਹੀ ਲਾਹੌਰ ਵਲ ਚਲ ਪਵੋ। ਇਸ ਨਗਰ ਵਿਚ ਪੂਰੀਆਂ ਵਸਤਾਂ ਨਹੀਂ ਮਿਲਣੀਆਂ ਹਨ। ਉਥੋਂ ਜਾ ਕੇ ਸੁੰਦਰ ਵਸਤਾਂ ਖਰੀਦ ਕੇ ਲਿਆਵੋ॥ ੩੩॥

ਰਜਨੀ ਏਕ ਬਸਹੁ ਪੁਰਿ ਮਾਂਹੀ। ਤੂਰਨ ਆਵਨ ਬਿਲਮਹੁ ਨਾਂਹੀ' ॥
ਧਰਿ ਰਜਾਇ ਸਿਰ ਪਰ ਜਗਨਾਥਾ। ਲਿਖਯੋ ਬੂਝਿ ਮਰਦਾਨੇ ਸਾਥਾ॥ ੩੪॥

ਲਾਹੌਰ ਸ਼ਹਿਰ ਵਿਚ ਇਕ ਰਾਤ ਠਹਿਰ ਜਾਣਾ, ਫਿਰ ਛੇਤੀ ਆ ਜਾਣਾ ਅਤੇ ਦੇਰ ਨਾ ਕਰਨੀ'' ਗੁਰੂ ਜੀ ਦਾ ਹੁਕਮ ਸਿਰ ਮੱਥੇ ਮੰਨ ਕੇ, ਮਰਦਾਨੇ ਪਾਸੋਂ ਪੁੱਛ ਕੇ ਸਾਰਾ ਸਮਾਨ ਇਕ ਕਾਗਜ਼ ਤੇ ਲਿਖ ਲਿਆ॥ ੩੪॥

ਬਾਂਛਿਤ ਦਰਬ ਲੇਜ ਨਿਜ ਹਾਥਾ। ਗਮਨਯੋ ਪੰਥ ਨਾਇ ਪਦ ਮਾਥਾ।
ਪਹੁੰਚਯੋ ਲਵਪੁਰਿ ਨਗਰ ਮਝਾਰਾ। ਇਕ ਦੁਕਾਨ ਪੁਰ ਸ਼ਾਹ ਨਿਹਾਰਾ॥ ੩੫॥

ਫਿਰ ਲੋੜ ਅਨੁਸਾਰ ਧਨ ਆਪਣੇ ਹੱਥ ਵਿਚ ਲੈ ਕੇ ਤੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਲਾਹੌਰ ਦੇ ਰਾਹੇ ਪੈ ਗਿਆ। ਲਾਹੌਰ ਸ਼ਹਿਰ ਦੇ ਵਿਚ ਪਹੁੰਚ ਗਿਆ ਤੇ ਇਕ ਦੁਕਾਨ ਤੇ ਇਕ ਸ਼ਾਹ ਨੂੰ ਵੇਖਿਆ॥ ੩੫॥

ਮਨਸੁਖ ਨਾਮ ਹੁਤੋ ਜਿਸ ਕੇਰੋ। ਧਨੀ ਅਧਿਕ ਵ੍ਯਾਪਾਰ ਘਨੇਰੋ।
ਤਿਹਕੇ ਸਾਥ ਕਹੀ ਨਿਜ ਗਾਥਾ। ਸਰਬ ਦਰਬ ਕੌ ਲੇਕਰਿ ਹਾਥਾ॥ ੩੬॥

ਉਸ ਸ਼ਾਹ ਦਾ ਨਾਮ ਮਨਸੁਖ ਸੀ। ਉਹ ਬੜਾ ਅਮੀਰ ਸੀ ਤੇ ਉਸ ਦਾ ਚੰਗਾ ਵਪਾਰ ਚਲਦਾ ਸੀ। ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ ਅਤੇ ਸਾਰਾ ਧਨ ਆਪਣੇ ਹੱਥ ਵਿਚ ਲਿਆ॥ ੩੬॥

'ਬਜਾਹ ਸੌਜ ਕਾਗਦ ਪਰ ਜੇਤੀ। ਆਪ ਸਰਬ ਲੈ ਦੀਜੈ ਤੇਤੀ।
ਏਕ ਨਿਸਾ ਬਸਿਹੋਂ ਇਸ ਨਗਰਾ। ਤੂਰਨ ਕਰਿਯੇ ਕਾਰਜ ਸਗਰਾ ॥ ੩੭॥

''ਇਸ ਕਾਗਜ਼ ਉਤੇ ਵਿਆਹ ਦੀ ਜਿੰਨੀ ਵੀ ਸਮੱਗਰੀ ਲਿਖੀ ਹੈ, ਆਪ ਛੇਤੀ ਹੀ ਸਾਰੀ ਲੈ ਦੇਵੋ। ਮੈਂ ਇਕ ਰਾਤ ਇਸ ਸ਼ਹਿਰ ਵਿਚ ਠਹਿਰਾਂਗਾ, ਇਸ ਲਈ ਛੇਤੀ ਹੀ ਇਹ ਸਾਰਾ ਕਾਰਜ ਕਰ ਦੇਵੋ'' ॥ ੩੭॥

ਸੁਨਿ ਕਰਿ ਮਨਸੁਖ ਤਿਹ ਸਨਮਾਨਾ। ਨਿਕਟਿ ਬਿਠਾਯੋ ਬਚਨ ਬਖਾਨਾ।
'ਅਬ ਪ੍ਰਦੋਖ ਭੀ ਕਰਹੁ ਨਿਵੇਸਾ। ਭੋਰਿ ਹੋਤਿ ਲੇ ਵਸਤੁ ਸੁ ਦੇਸਾ ॥ ੩੮॥

ਭਗੀਰਥ ਦੀ ਇਹ ਗੱਲ ਸੁਣ ਮਨਸੁਖ ਨੇ ਉਸ ਦਾ ਬੜਾ ਆਦਰ ਕੀਤਾ, ਕੋਲ ਬਿਠਾ ਕੇ ਕਿਹਾ, ''ਹੁਣ ਸ਼ਾਮ ਹੋ ਗਈ ਹੈ, ਤੁਸੀਂ ਨਿਵਾਸ ਕਰੋ। ਸਵੇਰ ਹੁੰਦਿਆਂ ਹੀ ਸਾਰੀਆਂ ਵਸਤਾਂ ਲੈ ਕੇ ਦੇ ਦਵਾਂਗਾ'' ॥ ੩੮॥

ਸੋ ਕਾਗਦ ਪੁਨ ਪਠਯੋ ਵਿਚਾਰੀ। 'ਅਵਰ ਵਸਤੁ ਸਭਿ ਹੋਇ ਤਯਾਰੀ।
ਬਿਲਮ ਲਗਹਿ ਕਰਿਵਾਵਤਿ ਚੂੜਾ। ਜੋ ਲੀਯੋ ਚਾਹਤਿ ਹੈਂ ਰੂੜਾ ॥ ੩੯॥

ਕਾਗਜ਼ ਨੂੰ ਦੁਬਾਰਾ ਪੜ੍ਹ ਕੇ ਉਸ ਨੇ ਵਿਚਾਰ ਕੇ ਕਿਹਾ, '' ਬਾਕੀ ਸਭ ਵਸਤਾਂ ਤਿਆਰ ਹਨ, ਪਰ ਚੂੜਾ ਘੜਵਾਉਣ ਲਈ ਕੁਝ ਦੇਰ ਲੱਗੇਗੀ, ਜੇ ਤੁਸੀਂ ਸੁੰਦਰ ਅਤੇ ਵਧੀਆ ਚੂੜਾ ਚਾਹੁੰਦੇ ਹੋ'' ॥ ੩੯॥

ਤਬਹਿ ਭਗੀਰਥ ਬੋਲਯੋ ਬਾਨੀ। ਸੁਨਹੁ ਸ਼ਾਹੁ! ਵਿਪਰੀਤਿ ਕਹਾਨੀ।
ਦੂਜੀ ਨਿਸਾ ਰਹੌਂ ਜੇ ਨਗਰਾ। ਬਾਦ ਜਨਮ ਜਾਵਹਿ ਮੁਝ ਸਗਰਾ ॥ ੪੦॥

ਇਹ ਸੁਣ ਕੇ ਭਗੀਰਥ ਨੇ ਤਦ ਕਿਹਾ, ''ਹੇ ਸ਼ਾਹ ਜੀ ! ਸੁਣੋ, ਤੁਸੀਂ ਉਲਟੀ ਕਹਾਣੀ ਕੀਤੀ ਹੈ। ਜੇ ਦੂਸਰੀ ਰਾਤ ਵੀ ਨਗਰ ਵਿਚ ਰਹਿੰਦਾ ਹਾਂ ਤਾਂ ਮੇਰਾ ਸਾਰਾ ਜਨਮ ਅਕਾਰਥ ਜਾਵੇਗਾ'' ॥ ੪੦॥

ਕਹਯੋ ਸ਼ਾਹੁ 'ਕੋ ਯਾ ਕੋ ਕਾਰਣ ? ਉਰ ਸੰਸੈ ਭਾ ਕਰਹੁ ਨਿਵਾਰਣ।
ਜੋ ਮਾਨਵ ਭੇਜਯੋ ਨ੍ਰਿਪਤਾਦੂ। ਉਚਰੈ ਯੋਨ-ਜਨਮ ਹੁਇ ਬਾਦੂ-' ॥ ੪੧॥

ਸ਼ਾਹ ਨੇ ਕਿਹਾ, ''ਅਜਿਹਾ ਕੀ ਕਾਰਨ ਹੈ, ਆਪਣੇ ਦਿਲ ਦੇ ਸੰਸੇ ਦੀ ਗੱਲ ਖੋਲ੍ਹ ਕੇ ਬਿਆਨ ਕਰੋ। ਜਿਸ ਰਾਜੇ ਆਦਿ ਮਨੁੱਖ ਨੇ ਤੈਨੂੰ ਭੇਜਿਆ ਹੈ, ਉਸ ਨੇ ਕਿਹਾ ਹੈ ਕਿ ਤੇਰਾ ਜਨਮ ਅਕਾਰਥ ਜਾਵੇਗਾ'' ॥ ੪੧॥

'ਸੁਨਹੁ ਸ਼ਾਹੁ ਮਮ ਸਤਿਗੁਰ ਪੂਰਾ। ਜਾਂਕੋ ਬਚਨ ਹੋਤਿ ਨਹਿ ਊਰਾ।
ਤਿਨ ਕੀ ਆਇਸੁ ਜਾਨਹੁ ਐਸੇ। ਦੂਜੀ ਨਿਸ ਪੁਰਿ ਰਹੌਂ ਨ ਜੈਸੇ' ॥ ੪੨॥

''ਸ਼ਾਹ ਜੀ ਸੁਣੋ, ਮੇਰਾ ਸਤਿਗੁਰੂ ਪੂਰਾ ਹੈ, ਜਿਸ ਦਾ ਕਿਹਾ ਕੋਈ ਬਚਨ ਵੀ ਖਾਲੀ ਨਹੀਂ ਜਾਂਦਾ। ਉਨ੍ਹਾਂ ਮੈਨੂੰ ਇਸ ਤਰ੍ਹਾਂ ਆਗਿਆ ਕੀਤੀ ਹੈ ਕਿ ਲਾਹੌਰ ਵਿਚ ਦੂਸਰੀ ਰਾਤ ਨਹੀਂ ਰਹਿਣਾ ਹੈ'' ॥ ੪੨॥

ਸੁਨਿ ਕਰਿ ਮਨਸੁਖ ਬਚਨ ਬਖਾਨਾ। 'ਕਲੀ ਕਾਲ ਅਤਿਸ਼ੈ ਬਲਵਾਨਾ।
ਇਸ ਮਹਿ ਐਸੋ ਕੋਇ ਨ ਪੂਰਾ। ਤੂੰ ਭਾਖਤਿ ਜੈਸੋ ਜਸੁ ਰੂਰਾ ॥ ੪੩॥

ਇਹ ਸੁਣ ਕੇ ਮਨਸੁਖ ਨੇ ਕਿਹਾ, ''ਇਸ ਕਲਜੁਗ ਦੇ ਸਮੇਂ ਵਿਚ ਏਡਾ ਕੌਣ ਬਲਵਾਨ ਹੈ। ਇਸ ਸਮੇਂ ਤਾਂ ਕੋਈ ਵੀ ਪੂਰਾ ਨਹੀਂ ਹੈ, ਜਿਸ ਤਰ੍ਹਾਂ ਤੁਸੀਂ ਸੁੰਦਰ ਜੱਸ ਬਿਆਨ ਕੀਤਾ ਹੈ॥ ੪੩॥

'ਭੇਸੁਮਤੇ ਨਹਿ ਕੀਜੈ ਸੰਸਾ। ਜਿਸਕੀ ਮੈਂ ਭਾਖਤਿ ਸੁ ਪ੍ਰਸੰਸਾ।
ਤਿਸ ਮਹਿ ਧਰਹੁ ਜਿ ਸ਼ਰਧਾ ਪੂਰੀ। ਜਗਤ ਕੁਬੰਧਨ ਹਰਹਹਿ ਦੂਰੀ ॥ ੪੪॥

ਭਗੀਰਥ ਨੇ ਕਿਹਾ, "ਹੇ ਬੁਧੀਮਾਨ ਸ਼ਾਹ ਜੀ! ਉਸ ਬਾਰੇ ਸੰਸਾ ਨਾ ਕਰੋ, ਜਿਸ ਬਾਰੇ ਮੈਂ ਏਨੀ ਪ੍ਰਸੰਸਾ ਕੀਤੀ ਹੈ। ਜੇ ਉਸ ਪ੍ਰਤੀ ਪੂਰੀ ਸ਼ਰਧਾ ਧਾਰਨ ਕਰੋ ਤਾਂ ਜਗਤ ਦੇ ਸਾਰੇ ਬੰਧਨ ਦੂਰ ਹੋ ਜਾਣਗੇ॥ ੪੪॥

ਕਲੀਕਾਲ ਤਾਰਨ ਕਰਤਾਰਾ। ਨਿਜ ਸਰੂਪ ਕੀਨੋ ਅਵਤਾਰਾ।
ਜਿਹਕੇ ਜਾਗਹਿਂ ਭਾਗ ਮਹਾਨਾ। ਸੋ ਮਹਿਮਾ ਜਾਨਹਿ ਮਤਿਵਾਨਾ॥ ੪੫॥

ਕਲਜੁਗ ਦੇ ਸਮੇਂ ਵਿਚ ਦੁਨੀਆਂ ਨੂੰ ਤਾਰਨ ਹਿਤ ਕਰਤਾਰ ਨੇ ਨਿਜ ਸਰੂਪ ਧਾਰ ਕੇ ਅਵਤਾਰ ਧਾਰਿਆ ਹੈ। ਜਿਸ ਦੇ ਮਹਾਨ ਭਾਗ ਜਾਗਦੇ ਹਨ ਉਹ ਬੁਧੀਮਾਨ ਉਨ੍ਹਾਂ ਦੀ ਮਹਿਮਾ ਜਾਣਦਾ ਹੈ॥ ੪੫॥

ਲੌਕਿਕ ਰੀਤਿ ਕਰਹਿਂ ਨਿਰਬਾਹੂ। ਰਿਦੇ ਗਯਾਨ ਘਨ ਅਗਮ ਅਥਾਹੂ।
ਸਰਬ ਘਟਨ ਕੋ ਅੰਤਰਜਾਮੀ। ਨਜੰਤਾ ਚੌਦਹਿ ਲੋਕਨਿ ਸ੍ਵਾਮੀ' ॥ ੪੬॥

ਉਹ ਲੌਕਿਕ ਰੀਤੀ ਅਨੁਸਾਰ ਜ਼ਿੰਦਗੀ ਗੁਜ਼ਾਰ ਰਹੇ ਹਨ, ਪਰ ਉਨ੍ਹਾਂ ਦੇ ਹਿਰਦੇ ਵਿਚ ਇਕ ਰਸ ਅਗਮ ਅਤੇ ਅਥਾਹ ਗਿਆਨ ਭਰਿਆ ਹੈ। ਉਹ ਅੰਤਰਜਾਮੀ ਸਭ ਘਟਨਾਵਾਂ ਨੂੰ ਜਾਣਦਾ ਹੈ ਤੇ ਚੌਦਾਂ ਲੋਕਾਂ ਦਾ ਸਵਾਮੀ ਹੈ"॥ ੪੬॥

ਸੰਤ ਮਿਲਨ ਕੀ ਜਿਹ ਅਭਿਲਾਖਾ। ਅਸ ਮਨਸੁਖ ਬਹੁਰੋ ਬਚ ਭਾਖਾ।
'ਜੇ ਮੁਝ ਦੇ ਕਛੁ ਕਲਾ ਦਿਖਾਈ। ਤਬ ਹੋਵੋਂ ਮੈਂ ਸਿਖ ਹਿਤ ਲਾਈ ॥੪੭॥

ਸੰਤ ਨੂੰ ਮਿਲਣ ਦੀ ਅਭਿਲਾਸ਼ਾ ਨੂੰ ਲੈ ਕੇ ਮਨਸੁਖ ਨੇ ਫਿਰ ਇਹ ਬਚਨ ਕਹੇ, "ਜੇ ਮੈਨੂੰ ਕੋਈ ਕਰਾਮਾਤ ਵਿਖਾਵੇ ਤਦ ਮੈਂ ਪਿਆਰ ਨਾਲ ਉਸ ਦਾ ਸਿੱਖ ਹੋ ਜਾਵਾਂਗਾ॥ ੪੭॥

ਦੰਭੀ ਸਾਧੁ ਮਿਲੇ ਬਹੁਤੇਰੇ। ਸ਼ਾਂਤਿ ਨ ਪ੍ਰਾਪਤਿ ਭੀ ਕਿਹ ਹੇਰੇ।
ਯਾਂਤੇ ਮੁਝੈ ਨ ਉਪਜਤਿ ਪ੍ਰੀਤਾ। ਬਿਨ ਅਜ਼ਮਤਿ ਨਹਿਂ ਹੋਤਿ ਪ੍ਰਤੀਤਾ ॥੪੮॥

ਮੈਨੂੰ ਪਾਖੰਡੀ ਸਾਧੂ ਬਹੁਤ ਮਿਲੇ ਹਨ, ਜਿਨ੍ਹਾਂ ਨੂੰ ਵੇਖਣ ਨਾਲ ਸ਼ਾਂਤੀ ਪ੍ਰਾਪਤ ਨਹੀ ਹੋਈ। ਉਨ੍ਹਾਂ ਬਾਰੇ ਮੇਰੇ ਦਿਲ ਵਿਚ ਕੋਈ ਪ੍ਰੀਤ ਨਹੀ ਉਪਜਦੀ। ਕਰਾਮਾਤ ਦੇਖਿਆਂ ਬਗੈਰ ਮੇਰੀ ਨਿਸ਼ਚਾ ਨਹੀ ਬੱਝਦੀ"॥ ੪੮॥

ਕਹਤਿ ਭਗੀਰਥ 'ਸ਼ਾਹੁ! ਸੁਨੀਜੈ। ਰਿਦੈ ਕੁਤਰਕਨ ਦੂਰ ਕਰੀਜੈ।
ਸ਼ਰਧਾ ਧਾਰਿ ਦੇਖਿਯੇ ਦਰਸ਼ਨ। ਬਿਨੈ ਸਹਿਤ ਕੀਜੈ ਪਗ ਪਰਸਨ॥ ੪੯॥

ਭਗੀਰਥ ਕਹਿਣ ਲੱਗਾ, "ਇਹ ਸ਼ਾਹ ਜੀ! ਸੁਣੋ, ਦਿਲ ਦੀਆਂ ਹੁਜਤਾਂ ਨੂੰ ਦੂਰ ਕਰੋ। ਸ਼ਰਧਾ ਧਾਰ ਕੇ ਉਨ੍ਹਾਂ ਦੇ ਦਰਸ਼ਨ ਕਰੋ। ਬੇਨਤੀ ਸਮੇਤ ਚਰਨ ਪਰਸਨ ਕਰੋ॥ ੪੯॥

ਬਚਨ ਸੁਨਤਿ ਪ੍ਰਾਪਤਿ ਹੈ ਸ਼ਾਂਤਾ। ਨਿਜ ਸਰੂਪ ਕੀ ਪਾਵਹਿਂ ਗਯਾਤਾ।
ਜੇਕਰਿ ਕਲਾ ਚਹਿਤਿ ਤੁਮ ਦੇਖਾ। ਯਹਿ ਕੁਛ ਬਾਤ ਨ ਤਹਾਂ ਵਿਸ਼ੇਖਾ॥੫੦॥

ਉਨ੍ਹਾਂ ਦੇ ਬਚਨ ਸੁਣ ਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਨਿਜ ਸਰੂਪ ਵੇਖ ਕੇ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜੇ ਤੁਸੀਂ ਕਲਾ ਜਾਂ ਕਰਾਮਾਤ ਵੇਖਣੀ ਚਾਹੁੰਦੇ ਹੋ, ਇਹ ਵੀ ਓਥੇ ਕੋਈ ਵੱਡੀ ਗੱਲ ਨਹੀ ਹੈ॥ ੫੦॥

ਉਦਿਧ ਨਿਕਟਿ ਤੇ ਜਲਕਨ ਜੋਈ। ਜਾਚੇ ਤਹਾਂ ਨ ਘਾਟੇ ਕੋਈ।
ਦ੍ਰਿਢ ਨਿਸ਼ਚਾ ਕਰਿ ਚਲਿ ਮੁਝ ਸੰਗਾ। ਪੂਰਹਿਂ ਸਤਿਗੁਰ ਤੋਰ ਉਮੰਗਾ ॥੫੧॥

ਸਮੁੰਦਰ ਨੇੜੇ ਜੇ ਕੋਈ ਜਲ ਦੀਆਂ ਬੂੰਦਾਂ ਲੈਣੀਆਂ ਚਾਹੁੰਦਾ ਹੋਵੇ ਤਾਂ ਇਨ੍ਹਾਂ ਬੂੰਦਾਂ ਦੀ ਘਾਟ ਨਹੀ ਹੁੰਦੀ। ਦ੍ਰਿੜ੍ਹ ਨਿਸ਼ਚਾ ਕਰਕੇ ਮੇਰੇ ਨਾਲ ਚਲੋ ਸਤਿਗੁਰੂ ਤੇਰੀਆਂ ਸਾਰੀਆਂ ਉਮੰਗਾਂ ਪੂਰੀਆਂ ਕਰ ਦੇਣਗੇ"॥ ੫੧॥

ਮਨਸੁਖ ਸੁਨਿ ਕਰਿ ਸ੍ਰੋਨਨ ਬੈਨਾ। ਚਲਨ ਚਾਹਿ ਭੀ ਦ੍ਰਿਗ ਗੁਨ ਐਨਾ।

ਕਰਿ ਸੰਭਾਖਣ ਆਪਸ ਮਾਂਹੀ। ਅਸਨ ਅਚਜੋ ਕਿਯ ਸੈਨ ਤਹਾਂਹੀ ॥ ੫੨ ॥

ਮਨਸੁਖ ਭਗੀਰਥ ਦੇ ਇਹ ਬਚਨ ਸੁਣ ਕੇ ਗੁਰੂ ਜੀ ਪਾਸ ਚਲਣ ਨੂੰ ਰਾਜ਼ੀ ਹੋ ਗਿਆ। ਆਪਸ ਵਿਚ ਗੱਲਾਂ-ਬਾਤਾਂ ਕਰਕੇ ਭੋਜਨ ਛਕਿਆ ਅਤੇ ਉਥੇ ਹੀ ਸੌਂ ਗਏ॥ ੫੨ ॥

ਚੌਪਈ- ਭੋਰ ਹੋਤਿ ਉਠਿ ਕੀਨ ਸ਼ਨਾਨਾ। ਸੌਜ ਬਨਜ ਲੀਨੀ ਬਿਧਿ ਨਾਨਾ।
ਮਨਸੁਖ ਕਹੈ ਭਗੀਰਥ ਸੰਗਾ। 'ਇਕ ਚੂੜਾ ਮਮ ਸਦਨ ਸੁ ਰੰਗਾ ॥ ੫੩ ॥

ਸਵੇਰ ਹੋਈ ਤਾਂ ਇਸ਼ਨਾਨ ਕੀਤਾ ਅਤੇ ਸਾਰਾ ਸਮਾਨ ਕਈ ਪ੍ਰਕਾਰ ਨਾਲ ਲੈ ਲਿਆ। ਮਨਸੁਖ ਭਗੀਰਥ ਨੂੰ ਕਹਿਣ ਲੱਗਾ, "ਇਕ ਚੂੜਾ ਮੇਰੇ ਘਰ ਵਿਚ ਪਿਆ ਹੈ, ਉਹ ਬੜਾ ਸੁੰਦਰ ਅਤੇ ਰੰਗੀਨ ਹੈ॥ ੫੩ ॥

ਤਾਂਕੋ ਬੇਚਨ ਕਰੌਂ ਕਦਾਇ ਨ। ਸੋ ਮੈਂ ਦੇਵੋਂ ਤਿਨਹਿ ਉਪਾਇਨ।
ਅਪਰ ਖਰੀਦਨ ਜੇ ਮਤ ਤੇਰੀ। ਦੂਜੀ ਨਿਸਾ ਬਸਨ ਹ੍ਵੈ ਦੇਰੀ ॥ ੫੪ ॥

ਉਹ ਮੈਂ ਕਦੇ ਵੀ ਵੇਚਣਾ ਨਹੀਂ ਸੀ, ਉਹ ਚੂੜਾ ਮੈਂ ਉਨ੍ਹਾਂ ਨੂੰ ਭੇਟਾ ਦੇ ਰੂਪ ਵਿਚ ਦਿਆਂਗਾ। ਹੋਰ ਖਰੀਦਣ ਦਾ ਜੇ ਤੇਰਾ ਕੋਈ ਖਿਆਲ ਹੈ ਤਾਂ ਦੂਸਰੀ ਰਾਤ ਰਹਿਣੀ ਪਵੇਗੀ ਅਤੇ ਦੇਰੀ ਹੋ ਜਾਵੇਗੀ'॥ ੫੪ ॥

ਸੁਨਤਿ ਭਗੀਰਥ ਭਾਖੀ ਬਾਨੀ। 'ਤਸ ਕਰਿਯੇ ਜਸ ਬਿਧਿ ਮਨ ਠਾਨੀ'।
ਬਜਾਹ ਸੌਜ ਲੇਕਰਿ ਸਭਿ ਰੂਰੀ। ਮਗ ਗਮਨੇ ਯੁਗ ਜਿਨ ਮਤਿ ਭੂਰੀ ॥ ੫੫ ॥

ਇਹ ਸੁਣ ਕੇ ਭਗੀਰਥ ਨੇ ਕਿਹਾ, "ਉਸ ਤਰ੍ਹਾਂ ਹੀ ਕਰੋ ਜਿਸ ਤਰ੍ਹਾਂ ਤੁਸੀਂ ਮਨ ਵਿਚ ਧਾਰਿਆ ਹੈ।" ਵਿਆਹ ਵਾਸਤੇ ਖਰੀਦਿਆ ਹੋਇਆ ਸਾਰਾ ਸੁੰਦਰ ਸਮਾਨ ਲੈ ਕੇ ਦੋਵੇਂ ਸੁੰਦਰ ਬੁੱਧੀ ਵਾਲੇ ਆਪਣੇ ਰਸਤੇ ਚਲ ਪਏ॥ ੫੫ ॥

ਮਨਸੁਖ ਕਹੈ 'ਲੇਯ ਮੁਝ ਨਾਮਾ। ਕਰਹਿਂ ਅਵਾਹਨ ਜੇ ਸੁਖਧਾਮਾ।
ਦਿਢ ਪ੍ਰਤੀਤ ਤਬ ਉਰ ਮਹਿਂ ਜਾਗੈ। ਸਤਿ ਜਾਨੋਂ ਮੈਂ-ਇਹ ਦੁਖ ਦਾਗੈ ॥ ੫੬ ॥

ਮਨਸੁਖ ਨੇ ਕਿਹਾ, "ਜੇ ਗੁਰੂ ਜੀ ਮੇਰਾ ਨਾਂ ਲੈ ਕੇ ਬੁਲਾਉਣ ਤਾਂ ਫਿਰ ਮੇਰੇ ਮਨ ਵਿਚ ਦ੍ਰਿੜ੍ਹ ਵਿਸ਼ਵਾਸ ਜਾਗ ਪਏਗਾ, ਤਾਂ ਮੈਂ ਸੱਚ ਜਾਣ ਲਵਾਂਗਾ ਕਿ ਮੇਰਾ ਦੁੱਖ ਇਹ ਦੂਰ ਕਰਨਗੇ'॥ ੫੬ ॥

ਅਸ ਬਿਧਿ ਉਚਰਤਿ ਆਪਸ ਮਾਂਹੀ। ਤਜਿ ਮਾਰਗ ਪਹੁੰਚੇ ਪੁਰਿ ਪਾਹੀ।
ਜਹਿਂ ਆਪਨ ਪਰ ਦੀਨ ਦਯਾਲਾ। ਤਹਿਂ ਆਏ ਚਲਿ ਕਰਿ ਤਤਕਾਲਾ ॥ ੫੭ ॥

ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦੇ ਰਾਹ ਛੱਡ ਕੇ ਨਗਰ ਵਿਚ ਪਹੁੰਚ ਗਏ। ਜਿਸ ਦੁਕਾਨ ਤੇ ਦੀਨ ਦਿਆਲ ਗੁਰੂ ਜੀ ਬੈਠੇ ਸਨ, ਉਥੇ ਤੁਰੰਤ ਚੱਲ ਕੇ ਆ ਗਏ॥ ੫੭ ॥

ਅਵਿਲੋਕਤਿ ਭੇ ਉਤਪਲ ਲੋਚਨ। ਬਚਨ ਉਚਾਰੇ ਭ੍ਰਮਹਿ ਬਿਮੋਚਨ।
'ਆਉ ਭਗੀਰਥ ਪਰਉਪਕਾਰੀ!। ਮਨ ਮਲਯਾਗਰ ਰੀਤਿ ਵਿਚਾਰੀ ॥ ੫੮ ॥

ਉਨ੍ਹਾਂ ਨੂੰ ਵੇਖ ਕੇ ਕੰਵਲ ਨੈਣ ਗੁਰੂ ਜੀ ਨੇ ਭਰਮ ਦੂਰ ਕਰਨ ਵਾਲੇ ਬਚਨ ਉਚਾਰੇ, "ਪਰਉਪਕਾਰੀ ਭਗੀਰਥ ਜੀ! ਆਉ। ਤੇਰੀ ਰੀਤੀ ਨੂੰ ਅਸੀਂ ਚੰਦਨ ਵਾਂਗ ਸਮਝਿਆ ਹੈ॥ ੫੮ ॥

ਪੂਰਬ ਥੋ ਮਨਸੁਖ ਇਹ ਕਾਚਾ॥ ਕਿਯੋ ਨਾਮ ਚਾਹਿਤਿ ਅਬ ਸਾਚਾ।
ਯਾਂਤੇ ਆਨਯੋ ਅਪਨੇ ਸੰਗਾ। ਧੰਨ ਸੰਤ ਮਤਿ ਕੀਟੀ ਭ੍ਰਿੰਗਾ ॥ ੫੯ ॥

ਪਹਿਲਾਂ ਤਾਂ ਇਹ ਮਨਸੁਖ ਕੱਚਾ ਸੀ, ਹੁਣ ਇਸ ਨੇ ਆਪਣਾ ਨਾਂ ਸੱਚਾ ਕਰ ਦਿੱਤਾ ਹੈ (ਭਾਵ ਪਹਿਲਾਂ ਇਸ ਦਾ ਨਾਂ ਮਨਸੁਖ ਸੀ, ਪਰ ਇਸ ਦੇ ਮਨ ਨੂੰ ਸੁਖ ਪ੍ਰਾਪਤ ਨਹੀਂ ਸੀ ਹੋਇਆ, ਹੁਣ ਇਸ ਦੇ ਮਨ ਨੂੰ ਸੁਖ ਮਿਲ ਗਿਆ, ਇਸ ਲਈ

ਇਸ ਦਾ ਨਾਂ ਸੱਚਾ ਹੋ ਗਿਆ ਹੈ) ਇਸ ਨੂੰ ਆਪਣੇ ਨਾਲ ਲੈ ਕੇ ਆਇਆ ਹੈ। ਧੰਨ ਸੰਤ ਮਤ ਹੈ, ਜਿਵੇਂ ਭ੍ਰਿੰਗੀ ਹੋਰ ਕੀੜੇ ਨੂੰ ਵੀ ਭ੍ਰਿੰਗੀ ਬਣਾ ਲੈਂਦਾ ਹੈ, ਇਸ ਤਰ੍ਹਾਂ ਸੰਤ ਵੀ ਆਪਣੇ ਸਾਥੀ ਸੰਤ ਬਣਾ ਲੈਂਦਾ ਹੈ" ॥ ੫੯॥

ਚੌਪਈ- ਸੁਨਿ ਬਚ ਧਾਇ ਚਰਨ ਲਪਟਾਏ। ਮਨਹੁ ਮਿਲਜੋ ਜਲ ਅਧਿਕ ਤਿਸਾਏ।
ਬਜਾਹ ਸੌਜ ਧਰਿ ਦੀਨਿ ਅਗਾਰੀ। ਬਹੁਰ ਭਗੀਰਥ ਗਿਰਾ ਉਚਾਰੀ ॥੬੦॥

ਗੁਰੂ ਦੇ ਮੁਖ ਤੋਂ ਆਪਣਾ ਨਾਂ ਸੁਣ ਕੇ ਮਨਸੁਖ ਦੌੜ ਕੇ ਗੁਰੂ ਦੇ ਚਰਨਾਂ ਨਾਲ ਲਿਪਟ ਗਿਆ, ਮਾਨੋ ਬਹੁਤ ਪਿਆਸੇ ਨੂੰ ਪਾਣੀ ਮਿਲਿਆ ਹੋਵੇ। ਵਿਆਹ ਦੀ ਸਾਰੀ ਸਮੱਗਰੀ ਅੱਗੇ ਧਰ ਦਿੱਤੀ ਤੇ ਫਿਰ ਭਗੀਰਥ ਨੇ ਕਿਹਾ॥ ੬੦॥

'ਅਵਰ ਸਰਬ ਰਾਵਰ ਕੋ ਗਜਾਤਾ। ਕਹਿਨ ਬਨੈ ਨਹਿਂ ਮਮ ਸੁਖ ਦਾਤਾ!।
ਨਾਮ ਪਤਿਤ ਪਾਵਨ ਸੁਨਿ ਸ੍ਰੋਨੇ। ਯਹਿ ਆਵਾ ਤੁਮਾਰੇ ਸਿਖ ਹੋਨੇ' ॥੬੧॥

"ਆਪ ਨੂੰ ਹੋਰ ਸਭ ਕੁਝ ਦਾ ਗਿਆਨ ਹੈ, ਹੇ ਸੁਖਦਾਤੇ! ਮੈਥੋਂ ਕਿਹਾ ਨਹੀਂ ਜਾਂਦਾ। ਕੰਨਾਂ ਨਾਲ ਪਤਿਤ ਪਾਵਨ ਨਾਂ ਸੁਣ ਕੇ ਮੈਂ ਤੁਹਾਡਾ ਸਿੱਖ ਬਣਨ ਵਾਸਤੇ ਆਇਆ ਹਾਂ" ॥ ੬੧॥

ਸ੍ਰੀ ਗੁਰੁ ਕਰਿ ਤਿਨ ਕੋ ਸਨਮਾਨਾ। ਬਹੁਰ ਹਕਾਰਿ ਲਯੋ ਮਰਦਾਨਾ।
ਬਜਾਹ ਸੌਜ ਦੀਨੀ ਕਰਿ ਪੂਰੀ। ਹਰਖਤਿ ਭਯੋ ਬਿਲੋਕਤਿ ਰੂਰੀ॥ ੬੨॥

ਗੁਰੂ ਜੀ ਨੇ ਉਨ੍ਹਾਂ ਦਾ ਬੜਾ ਸਨਮਾਨ ਕੀਤਾ ਤੇ ਫਿਰ ਮਰਦਾਨੇ ਨੂੰ ਬੁਲਾ ਲਿਆ ਤੇ ਕਿਹਾ, ਵਿਆਹ ਦੀ ਪੂਰੀ ਸਮੱਗਰੀ ਤਿਆਰ ਕਰ ਦਿੱਤੀ ਹੈ। ਮਰਦਾਨਾ ਸੁੰਦਰ ਸਮਾਨ ਵੇਖ ਕੇ ਬੜਾ ਖੁਸ਼ ਹੋਇਆ॥ ੬੨॥

ਦਰਬ ਸੰਗ ਪੁਨ ਦੀਨ ਮੁਕੰਦਾ। ਲੇ ਗਮਨਜੋ ਉਰ ਧਾਰਿ ਅਨੰਦਾ।
ਤਲਵੰਡੀ ਬਹੁ ਜਸ ਬਿਸਤਾਰਾ। ਕਹੈ 'ਨ ਤਿਨ ਸਮ ਅਪਰ ਉਦਾਰਾ ॥੬੩॥

ਮੁਕਤੀਦਾਤੇ ਨੇ ਫਿਰ ਸਾਮਾਨ ਦੇ ਨਾਲ ਹੋਰ ਵੀ ਧਨ ਦਿੱਤਾ। ਹਿਰਦੇ ਵਿਚ ਅਨੰਦ ਧਾਰ ਕੇ ਚਲੇ ਗਿਆ। ਤਲਵੰਡੀ ਪਹੁੰਚ ਕੇ ਬੜਾ ਜੱਸ ਕੀਤਾ ਅਤੇ ਕਿਹਾ, "ਉਸ ਵਰਗਾ ਹੋਰ ਕੋਈ ਉਦਾਰ-ਚਿੱਤ ਅਤੇ ਦਾਨੀ ਨਹੀਂ ਹੈ" ॥ ੬੩॥

ਪੁਰਿ ਸੁਲਤਾਨਹਿ ਮਨਸੁਖ ਸੋਊ। ਸ਼ਰਧਾ ਵਧੀ ਬਿਤੇ ਦਿਨ ਦੋਊ॥
ਏਕ ਸਮੈਂ ਬੈਸੇ ਅਘ ਕੰਦਨ। ਬੋਲਜੋ ਬਚ ਕਰਿਕੈ ਪਦ ਬੰਦਨ॥ ੬੪॥

ਸੁਲਤਾਨਪੁਰ ਵਿਖੇ ਮਨਸੁਖ ਠਹਿਰ ਗਿਆ। ਉਸ ਦੇ ਮਨ ਵਿਚ ਸ਼ਰਧਾ ਬਹੁਤ ਵੱਧ ਗਈ। ਇਸ ਤਰ੍ਹਾਂ ਦੋ ਦਿਨ ਬੀਤ ਗਏ। ਇਕ ਦਿਨ ਪਾਪਾਂ ਦਾ ਨਾਸ਼ ਕਰਨ ਵਾਲੇ ਜਦ ਬੈਠੇ ਸਨ, ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰਕੇ ਉਸ ਨੇ ਕਿਹਾ॥ ੬੪॥

'ਜਗ ਬੰਧਨ ਇਹ ਗਰਤ ਗੁਬਾਰਾ। ਮੁਝ ਬੂਡਨ ਤੇ ਕਰਹੁ ਉਧਾਰਾ।
ਨਿਸ ਬਾਸੁਰ ਜਿਸ ਮਹਿਂ ਦੁਖ ਭਾਰੀ। ਅਤਿ ਤ੍ਰਿਸ਼ਨਾ ਨਹਿਂ ਸ਼ਾਂਤਿ ਨਿਹਾਰੀ॥੬੫॥

"ਜਗਤ ਬੰਧਨ ਇਹ ਅੰਨ੍ਹਾ ਖਾਤਾ ਹੈ, ਮੇਰੇ ਗ਼ਰੀਬ ਦਾ ਉਧਾਰ ਕਰੋ। ਦਿਨ ਰਾਤ ਮੈਂ ਬਹੁਤ ਦੁਖੀ ਰਹਿੰਦਾ ਹਾਂ, ਅਤਿ ਤ੍ਰਿਸ਼ਨਾ ਵਿਚ ਡੁੱਬਾ ਹਾਂ, ਕਦੇ ਸ਼ਾਂਤੀ ਨਸੀਬ ਨਹੀਂ ਹੋਈ॥ ੬੫॥

ਸ਼ਰਨ ਸ਼ਰਨ ਮੈਂ ਸ਼ਰਨ ਤਿਹਾਰੀ। ਉਪਦੇਸ਼ਹੁ ਲਖਿ ਕਰਿ ਅਧਿਕਾਰੀ'।
ਸੁਨਤਿ ਕ੍ਰਿਪਾ ਨਿਧਿ ਬੋਲੇ ਬਾਨੀ। ਗਤਿ ਦੈਨੀ ਰਚਨਾ ਮਹਿਂ ਸਾਨੀ॥ ੬੬॥

ਹੇ ਬੇਆਸਰਿਆਂ ਨੂੰ ਸ਼ਰਨ ਦੇਣ ਵਾਲੇ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਮੇਰੀ ਹਾਲਤ ਵੇਖ ਕੇ ਮੈਨੂੰ ਉਪਦੇਸ਼ ਦੇਵੋ।" ਇਹ ਸੁਣ ਕੇ ਕਿਰਪਾ ਦੇ ਖਜ਼ਾਨੇ, ਮੁਕਤੀ ਦਾਤੇ ਨੇ ਇਹ ਬਚਨ ਕਹੇ॥ ੬੬॥

'ਜਿਹ ਸਥਾਨ ਹਉਮੈ ਮਨ ਧਾਰੀ। ਮਮ ਘਰ, ਮਮ ਧਨ, ਮਮ ਸੁਤ ਨਾਰੀ।

ਮਮ ਪਰਵਾਰ, ਦੇਸ਼, ਅਸੁ, ਹਾਥੀ। ਇਹ ਮਮ ਗ੍ਰਾਮ, ਸ਼ੈਨ, ਮਮ ਸਾਥੀ ॥ ੬੭ ॥

"ਜਿਸ ਮਨ ਰੂਪ ਸਥਾਨ ਵਿਚ ਹਉਮੈ ਧਾਰੀ ਹੋਈ ਹੈ ਕਿ ਮੇਰੇ ਘਰ ਹਨ, ਮੇਰਾ ਧਨ ਹੈ, ਮੇਰੇ ਪੁੱਤਰ ਹਨ, ਮੇਰੀ ਇਸਤਰੀ ਹੈ, ਮੇਰਾ ਪਰਿਵਾਰ ਹੈ, ਮੇਰਾ ਦੇਸ਼ ਹੈ, ਮੇਰੇ ਹਾਥੀ ਘੋੜੇ ਹਨ, ਇਹ ਮੇਰਾ ਪਿੰਡ ਹੈ, ਇਹ ਮੇਰੇ ਸੰਗੀ ਸਾਥੀ ਹਨ॥ ੬੭॥

ਦੇਹਾਦਿਕ ਤੇ ਅਪਰ ਪਦਾਰਥ। ਜਹਾਂ ਜੀਵ ਮਮ ਧਰੀ ਅਕਾਰਥ।
ਤਹਾਂ ਹੋਤਿ ਨਿਤ ਦੁਖ ਕੋ ਸੰਗੀ। ਵਹੇ ਵਾਸ਼ਨਾ ਅਧਿਕ ਅਭੰਗੀ ॥ ੬੮ ॥

ਸਰੀਰ ਆਦਿ ਤੇ ਹੋਰ ਪਦਾਰਥ, ਜਿਥੇ ਭਾਵ ਮਨ ਵਿਚ ਜੀਵ ਨੇ ਬਿਰਥਾ ਮਮਤਾ ਧਾਰੀ ਹੈ, ਤਿਥੇ ਭਾਵ ਮਨ ਵਿਚ ਦੁੱਖਾਂ ਦਾ ਭਾਗੀ ਹੁੰਦਾ ਹੈ, ਕਿਉਂਕਿ ਮਮਤਾ ਨਾਲ ਨਾ ਟੁੱਟਣ ਵਾਲੀਆਂ ਵਾਸ਼ਨਾਵਾਂ ਵਹਿ ਤੁਰਦੀਆਂ ਹਨ॥ ੬੮॥

ਬੰਧਮਾਨ ਆਪਨਿ ਕਰਿ ਆਪੂ। ਸਹਹਿ ਜੀਵ ਜਗ ਮਹਿਂ ਬਹੁ ਤਾਪੂ।
ਗੁਰ ਬਿਹੀਨ ਮਨ ਬਿਨਾ ਵਿਚਾਰੇ। ਜਨਮ ਮਰਨ ਪਾਵਹਿ ਦੁਖ ਭਾਰੇ ॥ ੬੯ ॥

ਜੀਵ ਜਗ ਵਿਚ ਆਪਣੇ ਆਪ ਨੂੰ ਖੁਦ ਮਾਇਆ ਦਾ ਬੰਦੀ ਬਣਾ ਕੇ ਕਸ਼ਟ ਝੱਲਦਾ ਹੈ। ਗੁਰੂ ਦੀ ਸਿੱਖਿਆ ਬਗੈਰ ਮਨ ਵਿਚ ਵਿਚਾਰੇ ਬਿਨਾਂ ਜਨਮ ਮਰਨ ਦੇ ਗੇੜ ਵਿਚ ਪੈ ਕੇ ਬੜੇ ਦੁੱਖ ਝੱਲਦਾ ਹੈ॥ ੬੯॥

ਜਨਮ ਮਰਨ ਹਉਮੇ ਮਹਿਂ ਪਾਏ। ਇਨ ਹਉਮੇ ਸਭਿ ਜੀਵ ਭੁਲਾਏ।
ਯਾਂਤੇ ਇਸ ਕੋ ਦੀਜੈ ਤਯਾਗੀ। ਸੱਤਿਨਾਮ ਜਪਿ ਹ੍ਵੈ ਅਨੁਰਾਗੀ ॥ ੭੦ ॥

ਹਉਮੈਂ ਵਿਚ ਜਨਮ ਮਰਨ ਹੀ ਪਾਉਂਦਾ ਹੈ। ਇਸ ਹਉਮੈਂ ਨੇ ਸਾਰੇ ਜੀਵਾਂ ਨੂੰ ਭੁਲੇਖੇ ਵਿਚ ਪਾਇਆ ਹੈ। ਇਸ ਲਈ ਇਸ ਹਉਮੈਂ (ਮਮਤਾ) ਨੂੰ ਤਿਆਗ ਦੇਵੋ ਅਤੇ ਪ੍ਰੇਮੀ ਹੋ ਕੇ ਸਤਿਨਾਮ ਦਾ ਜਾਪ ਕਰੋ॥ ੭੦॥

ਮਾਨਹੁ ਪ੍ਰਭੁ ਕਾ ਭਾਣਾ ਮੀਠਾ। ਜਾਨਹੁ ਸਦਾ ਆਪਨੋ ਈਠਾ।
ਜੋ ਕਿਛੁ ਕਰਹਿ ਭਲੋ ਹਿਤ ਸੋਈ। ਦੋਸ਼ ਅਰੋਪਹੁ ਤਿਹ ਨਹਿਂ ਕੋਈ ॥ ੭੧ ॥

ਪ੍ਰਭੂ ਦਾ ਭਾਣਾ ਮਿੱਠਾ ਮੰਨੋ। ਪ੍ਰਭੂ ਨੂੰ ਸਦਾ ਹੀ ਆਪਣਾ ਮਿੱਤਰ ਸਮਝੋ। ਜੋ ਕੁਝ ਪ੍ਰਭੂ ਕਰਦਾ ਹੈ, ਤੁਹਾਡੇ ਹਿਤ ਕਾਰਨ ਹੀ ਕਰਦਾ ਹੈ। ਪ੍ਰਭੂ ਉੱਤੇ ਕਦੀ ਵੀ ਕੋਈ ਦੋਸ਼ ਨਾ ਲਾਓ॥ ੭੧॥

ਹਉਮੈਂ ਤਜਿਨਿ ਨਾਮ ਲਿਵ ਲਾਵਨ। ਭਾਣਾ ਮਨਨ ਪੰਥ ਇਹ ਪਾਵਨ।
ਕਰਹੁ ਤੀਨ ਕੋ ਦ੍ਰਿੜ ਅਭਯਾਸਾ। ਸ਼ਾਂਤਿ ਪਾਇ ਮਨ ਹ੍ਵੈ ਸੁਖਰਾਸਾ ॥ ੭੨ ॥

ਹਉਮੈਂ ਛੱਡੋ ਤੇ ਨਾਮ ਨਾਲ ਲਿਵ ਲਾਓ। ਭਾਣਾ ਮੰਨਣਾ ਸਭ ਤੋਂ ਪਵਿੱਤਰ ਰਾਹ ਹੈ। ਇਨ੍ਹਾਂ ਤਿੰਨਾਂ ਦਾ ਦ੍ਰਿੜ੍ਹਤਾ ਨਾਲ ਅਭਿਆਸ ਕਰੋ। ਸ਼ਾਂਤੀ ਪ੍ਰਾਪਤ ਕਰਕੇ ਮਨ ਸੁਖਾਂ ਦੀ ਰਾਸ ਬਣ ਜਾਵੇਗਾ॥ ੭੨॥

ਨਹੀਂ ਮੁਕਤਿ ਮੈਂ ਸੰਸਾ ਕੋਊ। ਜਗਤ ਕੁਬੰਧਨ ਕੋ ਸਭਿ ਖੋਊ।
ਅਸ ਸੁਨਿ ਮਨਸੁਖ ਮਨ ਸੁਖ ਪਾਯਾ। ਸ੍ਰੀ ਗੁਰੂ ਭਾਖਣ ਰਿਦੈ ਬਸਾਯਾ ॥ ੭੩ ॥

ਮੁਕਤੀ ਪ੍ਰਾਪਤ ਕਰਨ ਵਿਚ ਫਿਰ ਕੋਈ ਸ਼ੱਕ ਨਹੀਂ ਰਹਿ ਜਾਵੇਗਾ ਤੇ ਜਗਤ ਦੇ ਖੋਟੇ ਬੰਧਨਾਂ ਦਾ ਨਾਸ਼ ਹੋ ਜਾਵੇਗਾ।" ਇਹ ਸੁਣ ਕੇ ਮਨਸੁਖ ਨੇ ਮਨ ਵਿਚ ਬੜਾ ਸੁਖ ਪਾਇਆ ਤੇ ਗੁਰੂ ਜੀ ਦੇ ਬਚਨਾਂ ਨੂੰ ਹਿਰਦੇ ਵਿਚ ਵਸਾ ਲਿਆ॥ ੭੩॥

ਕੇਤਿਕ ਦਿਨ ਰਹਿ ਪੁਰਿ ਸੁਲਤਾਨਾ। ਕ੍ਰਿਪਾ ਪਾਇ ਅੱਗਯਾਨ ਨਸਾਨਾ।
ਸ਼ਬਦ ਲਿਖੇ ਸ੍ਰੀ ਮੁਖ ਜੋ ਭਾਖੇ। ਪਢਹਿ ਵਿਚਾਰਹਿ ਉਰ ਹਿਤ ਰਾਖੇ ॥ ੭੪ ॥

ਕਈ ਦਿਨ ਸੁਲਤਾਨਪੁਰ ਵਿਚ ਰਿਹਾ ਅਤੇ ਗੁਰੂ ਜੀ ਦੀ ਕਿਰਪਾ ਨਾਲ ਅਗਿਆਨਤਾ ਦੂਰ ਹੋ ਗਈ। ਗੁਰੂ ਜੀ ਨੇ ਜੋ

ਸ਼ਬਦ ਮੁਖ ਤੋਂ ਉਚਾਰੇ, ਉਹ ਉਸ ਨੇ ਲਿਖ ਲਏ ਤੇ ਫਿਰ ਉਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰਦਾ ਹੈ॥ ੭੪॥

ਚੌਪਈ- ਰਹਿਤ ਸੀਖ ਲੀਨੀ ਸੁਖਦਾਨੀ। ਸ੍ਰੀ ਗੁਰੂ ਚਰਨ ਉਪਾਸਨ ਠਾਨੀ।
ਦ੍ਰਿਢ ਸ਼ਰਧਾ ਭੀ-ਇਹ ਕਰਤਾਰਾ। ਪਰਮੇਸ੍ਵਰ ਅਪਵਰਗ ਉਦਾਰਾ॥ ੭੫॥

ਸੁਖਦਾਨੀ ਨੇ ਰਹਿਤ ਸਿੱਖ ਲਈ ਤੇ ਫਿਰ ਗੁਰੂ ਜੀ ਦੇ ਚਰਨਾਂ ਦੀ ਉਪਾਸ਼ਨਾ ਕੀਤੀ। ਮਨ ਵਿਚ ਬਹੁਤ ਸ਼ਰਧਾ ਵਧੀ ਤੇ ਗੁਰੂ ਜੀ ਨੂੰ ਪੂਰਨ ਕਰਤਾਰ, ਪਰਮੇਸ਼ਵਰ ਅਤੇ ਮੁਕਤੀ ਦਾਤੇ ਮੰਨਿਆ॥ ੭੫॥

ਨਿਤਾਪ੍ਰਤੀ ਪੂਜਹਿ ਘਸਿ ਚੰਦਨ। ਪੁਸ਼ਪ ਚਢਾਇ ਕਰਹਿ ਪਦ ਬੰਦਨ।
ਬਹੁਰ ਗਯੋ ਲਵਪੁਰਿ ਕੇ ਮਾਂਹੀ। ਧਯਾਨ ਧਰਹਿ ਪੂਜਹਿ ਬਿਧਿ ਵਾਹੀ॥ ੭੬॥

ਗੁਰੂ ਜੀ ਦੀ ਨਿਤਾਪ੍ਰਤੀ ਪੂਜਾ ਕਰਦਾ ਸੀ, ਫੂਲ ਚੜ੍ਹਾ ਕੇ ਹੱਥ ਜੋੜ ਕੇ ਬੰਦਨਾਂ ਕਰਦਾ ਸੀ। ਫਿਰ ਉਹ ਲਾਹੌਰ ਚਲਾ ਗਿਆ ਤੇ ਉਥੇ ਜਾ ਕੇ ਵੀ ਗੁਰੂ ਜੀ ਦਾ ਧਿਆਨ ਧਰਦਾ ਸੀ ਤੇ ਉਸੇ ਵਿਧੀ ਅਨੁਸਾਰ ਪੂਜਾ ਕਰਦਾ ਸੀ॥ ੭੬॥

ਕਬਿ ਕਬਿ ਆਵਹਿ ਦਰਸ਼ਨ ਹੇਤੂ। ਅਵਿਲੋਕਹਿ ਬੇਦੀ ਕੁਲ ਕੇਤੂ।
ਰਹਹਿ ਮਾਸ ਲੌ, ਬਹੁਰ ਸਿਧਾਰੈ। ਲਵਪੁਰਿ ਮਹਿਂ ਨਿਜ ਬਨਜ ਸੰਭਾਰੈ॥ ੭੭॥

ਕਦੀ ਕਦੀ ਦਰਸ਼ਨ ਕਰਨ ਆਉਂਦਾ ਸੀ ਅਤੇ ਗੁਰੂ ਜੀ ਨੂੰ ਮਿਲਦਾ ਸੀ। ਇਕ ਮਹੀਨਾ ਠਹਿਰਦਾ ਸੀ, ਫਿਰ ਚਲਾ ਜਾਂਦਾ ਸੀ ਅਤੇ ਲਾਹੌਰ ਵਿਚ ਆਪਣੇ ਵਣਜ ਵਪਾਰ ਨੂੰ ਸੰਭਾਲਦਾ ਸੀ॥ ੭੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਗੀਰਥ ਮਨਸੁਖ' ਪ੍ਰਸੰਗ ਬਰਨਨੰ ਨਾਮ ਸਤਾਈਸਮੋਅਧਯਾਯ॥ ੨੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਈਵਾਂ ਅਧਿਆਇ ਜਿਸ ਦਾ ਨਾਂ 'ਭਗੀਰਥ, ਮਨਮੁਖ ਪ੍ਰਸੰਗ' ਹੈ ਸਮਾਪਤ ਹੋਇਆ॥ ੨੭॥

## ਅਧਿਆਇ ਅੱਠਾਈਵਾਂ

*ਗੁਰੂ ਚਰਨ ਮੰਗਲ, ਵੇਈਂ ਪ੍ਰਵੇਸ਼।*

ਦੋਹਰਾ- ਮਰਦਨ ਮਨ ਕੀ ਮਲਿਨ ਕੋ ਨਿਤ ਦਾਸਨ ਅਨਕੂਲ।
ਹਰਨ ਅਮੰਗਲ ਸੁਖ ਕਰਨ ਜੈ ਜੈ ਮੰਗਲ ਮੂਲ॥ ੧॥

ਮਨ ਦੀ ਮੈਲ ਨੂੰ ਦੂਰ ਕਰਨ ਵਾਲੇ, ਦਾਸਾਂ ਤੇ ਸਦਾ ਕਿਰਪਾ ਕਰਨ ਵਾਲੇ, ਅਮੰਗਲਾਂ ਦਾ ਨਾਸ਼ ਕਰਨ ਵਾਲੇ ਤੇ ਸਾਰੇ ਸੁਖਾਂ ਨੂੰ ਦੇਣ ਵਾਲੇ, ਖੁਸ਼ੀਆਂ ਦੇ ਆਦਿ ਦੀ ਸਦਾ ਜੈ ਹੋਵੇ॥ ੧॥

*ਸ੍ਰੀ ਬਾਲਾ ਸੰਧੁਰ ਬ੍ਰਾਚ॥*

ਸ੍ਵੈਯਾ- ਮੋਦੀ ਕੀ ਕ੍ਰਿਤ ਬਿਸਾਲ ਚਲੈ ਬਹੁ ਕਾਲ ਯਹੀ ਬਿਧਿ ਔਰ ਚਲਾਈ।
ਬਾਲਾ ਰਹੈ ਨਿਜ ਸੰਗ ਸਦਾ ਉਚਰਯੋ ਇਤਿਹਾਸ ਕੋ ਜਾਂਹਿ ਬਨਾਈ।
ਆਪਨ ਪੈ ਤਕਰੀ ਕਰ ਮੈਂ ਵਥੁ ਤੋਲਤਿ ਦੇਤਿ ਜਥੋਂ ਹੋਤਿ ਸਵਾਈ।
ਕੋਮਲ ਬੋਲਤਿ ਬੋਲ ਅਮੋਲਕ, ਲੌਕਿਕ ਰੀਤਿ ਸਭੈ ਹਰਿਖਾਈ॥ ੨॥

ਭਾਈ ਬਾਲੇ ਨੇ ਕਿਹਾ- ਮੋਦੀ ਦੀ ਕਿਰਤ ਬੜੀ ਵੱਡੀ ਪੱਧਰ ਤੇ ਚਲ ਰਹੀ ਸੀ ਅਤੇ ਉਸੇ ਤਰ੍ਹਾਂ ਕਈ ਸਾਲ ਹੋਰ ਚਲਾਈ। ਬਾਲਾ ਸਦਾ ਉਨ੍ਹਾਂ ਦੇ ਨਾਲ ਰਹਿੰਦਾ ਸੀ, ਜਿਸ ਨੇ ਗੁਰੂ ਜੀ ਦੇ ਇਤਿਹਾਸ ਨੂੰ ਬਣਾ ਕੇ ਉਚਾਰਨ ਕੀਤਾ ਹੈ। ਗੁਰੂ ਜੀ ਹੱਟੀ ਤੇ ਬੈਠ ਕੇ ਹੱਥ ਵਿਚ ਤੱਕੜੀ ਫੜ ਕੇ ਵਸਤੂਆਂ ਤੋਲਦੇ ਹਨ, ਜਿਹੜੀਆਂ ਸਵਾਈਆਂ ਹੋ ਜਾਂਦੀਆਂ ਹਨ (ਭਾਵ ਸੇਰ ਤੋਲਦੇ ਹਨ ਤਾਂ ਉਹ ਸਵਾ ਸੇਰ ਨਿਕਲਦਾ ਹੈ) ਕੋਮਲ ਅਤੇ ਅਮੋਲਕ ਬੋਲ ਬੋਲਦੇ ਹਨ, ਐਸੀ ਲੌਕਿਕ ਰੀਤੀ ਨਾਲ ਸਭ ਨੂੰ ਖੁਸ਼ ਕਰਦੇ ਹਨ॥ ੨॥

ਸੋਰਠਾ- ਰਾਜਹਿਂ ਬੈਸ ਦੁਕਾਨ, ਗਜਾਨ ਬਾਸ ਜਿਵ ਭਗਤਿ ਮੈਂ।
ਕੀਰਤਿ ਜੈਨ੍ਹ ਸਮਾਨ ਪਰਮ ਪਾਵਨੀ ਜਗਤ ਮੈਂ॥ ੩॥

ਦੁਕਾਨ ਤੇ ਬੈਠੇ ਇੰਞ ਸ਼ੋਭਦੇ ਹਨ, ਜਿਵੇਂ ਭਗਤੀ ਵਿਚ ਗਿਆਨ ਵੱਸਦਾ ਹੈ। ਉਨ੍ਹਾਂ ਵਰਗੀ ਕੀਰਤੀ ਅਤੇ ਜਸ ਇਸ ਜਗਤ ਵਿਚ ਹੋਰ ਕੌਣ ਪਾ ਸਕਦਾ ਹੈ?॥ ੩॥

ਸ੍ਵੈਯਾ- ਭੇਦ ਕੋ ਜਾਨਹਿ ਮਾਨਵ ਜੇ ਕਰਿ ਸੰਗਤਿ ਕੋਮਲ ਬੋਲ ਸੁਨੈ ਹੈਂ।
ਲੋਚਨ ਗੋਚਰ ਸੋਚ ਬਿਮੋਚਨ ਰੂਪ ਬਿਲੋਕਤਿ ਧੰਨ ਮਨੈ ਹੈਂ।
ਸ੍ਰੀ ਮੁਖ ਸੌਂ ਲਖਿਕੈ ਅਧਿਕਾਰ ਭਲੇ ਭਗਤੀ ਪੁਨਿ ਗਜਾਨ ਭਨੈ ਹੈਂ।
ਕਯੋਂ ਨ ਕਹੋ ਤਿਨ ਗਜਾਨ ਹਵੈ ਜਗਤੇਸੁਰ ਕੋ ਗੁਰ ਜੌਨ ਬਨੈ ਹੈ॥੪॥

ਜਿਹੜੇ ਮਨੁੱਖ ਅਸਲ ਭੇਦ ਨੂੰ ਜਾਣਦੇ ਹਨ, ਉਹ ਉਨ੍ਹਾਂ ਦੀ ਸੰਗਤ ਵਿਚ ਬੈਠ ਕੇ ਕੋਮਲ ਬਚਨ ਸੁਣਦੇ ਹਨ। ਸੋਚਾਂ ਦੂਰ ਕਰਨ ਵਾਲਾ ਗੁਰੂ ਜੀ ਦਾ ਅੱਖੀਆਂ ਗੋਚਰਾ ਪ੍ਰਤੱਖ ਰੂਪ ਦੇਖ ਕੇ ਸ਼ੁਕਰ ਕਰਦੇ ਹਨ। ਗੁਰੂ ਜੀ ਦੇ ਮੁਖ ਨੂੰ ਚੰਗੀ ਤਰ੍ਹਾਂ ਵੇਖਣ ਨਾਲ ਭਗਤੀ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕਿਉਂ ਨਾ ਕਹਾਂ ਉਨ੍ਹਾਂ ਨੂੰ ਗਿਆਨ ਹੀ ਮਿਲਦਾ ਹੈ ਜਿਹੜੇ ਜਗਤੇਸੁਰ (ਭਾਵ ਗੁਰੂ ਨਾਨਕ ਦੇਵ ਜੀ) ਨੂੰ ਆਪਣਾ ਗੁਰੂ ਬਣਾਉਂਦੇ ਹਨ॥ ੪॥

ਸੁਲਤਾਨਪੁਰੇ ਮਹਿਂ ਕੇਤਿਕ ਮਾਨਵ ਗਜਾਨ ਸਪੰਨ ਭਏ ਸੁਖ ਪਾਈ।
ਨੁਤਿ ਨਿੰਦ ਤਜੀ, ਸਮਤਾ ਸਰਜੀ, ਲਰਜੀ ਅਵਿਵੇਕ ਕੀ ਫੌਜ ਭਜਾਈ।
ਕਲਿਕਾਲ ਕਰਾਲ ਬਿਸਾਲ ਵਿਖੇ ਕਿਰਪਾਲ ਗੁਰੂ ਜਨ ਲੀਨ ਬਚਾਈ।
ਭਵਡਿੰਭ ਵਡੇ ਪਰਚੰਡ ਭਏ ਤਿਨ ਖੰਡਨ ਕੋ ਮਨ ਲਾਲਸ ਆਈ॥੫॥

ਸੁਲਤਾਨਪੁਰ ਵਿਚ ਕਈ ਮਨੁੱਖਾਂ ਨੇ ਗਿਆਨ ਪ੍ਰਾਪਤ ਕਰਕੇ ਸੁਖ ਪਾਇਆ ਹੈ। ਉਨ੍ਹਾਂ ਉਸਤਤਿ ਨਿੰਦਿਆ ਛੱਡ ਦਿੱਤੀ ਹੈ। ਸਮਦ੍ਰਿਸ਼ਟੀ ਧਾਰਨ ਕੀਤੀ ਹੈ ਅਤੇ ਅਗਿਆਨ ਦੀ ਸੈਨਾ ਨੂੰ ਭਜਾ ਦਿੱਤਾ ਹੈ (ਭਾਵ ਉਨ੍ਹਾਂ ਦੀ ਬੁੱਧੀ ਹੁਣ ਵਿਵੇਕਮਈ ਹੋ ਗਈ ਹੈ)। ਕਲਜੁਗ ਦਾ ਸਮਾਂ ਬੜਾ ਭਿਆਨਕ ਹੈ, ਕਿਰਪਾਲੂ ਗੁਰੂ ਜੀ ਨੇ ਆਪਣੇ ਦਾਸਾਂ ਨੂੰ ਬਚਾ ਲਿਆ ਹੈ। ਸੰਸਾਰ ਦੇ ਪਾਖੰਡ ਬੜੇ ਪ੍ਰਚੰਡ ਤੇ ਤੀਖਣ ਹੋ ਗਏ ਹਨ। ਤਿਨ੍ਹਾਂ ਨੂੰ ਖੰਡਨ ਦੀ ਗੁਰੂ ਜੀ ਨੇ ਮਨ ਇੱਛਾ ਧਾਰੀ ਹੈ॥ ੫॥

ਭਵ ਲਾਵਨ ਗਜਾਨ ਤਰੋਵਰ ਕੋ ਬਰ ਬਾਤ ਭਲੀ ਉਰ ਬੀਚ ਬਿਚਾਰੀ।
ਮਨਨੀਵ ਕੁ, ਬੀਜਨ ਪ੍ਰੇਮ, ਸੁ ਨੇਮ ਵਧੰ, ਭਗਤੀ ਤੁਕ, ਮਲ ਦਯਾਰੀ।
ਸਮਤਾ ਅਲਬਾਲ, ਕਲਾਲ ਸਤੰ, ਸੁਚਿ ਸੀਚਨਕੈ, ਧ੍ਰਿਤਿ ਜਾਂ ਰਖਵਾਰੀ।
ਧ੍ਰਮ ਅੰਕੁਰ, ਸੰਕੁਲ ਕਰਮ ਦਲੰ ਜਿਹ ਸਾਖ ਬਧੀ ਸੁਮਤੀ ਸੁਖਕਾਰੀ॥੬॥

ਸੰਸਾਰ ਵਿਚ ਗਿਆਨ ਦੇ ਬੂਟੇ ਸ੍ਰੇਸ਼ਟ ਬਣਾਉਣ ਲਈ ਹਿਰਦੇ ਵਿਚ ਚੰਗੀ ਗੱਲ ਵਿਚਾਰੀ ਹੈ। ਮਨ ਨੀਵਾਂ ਕਰਨਾ ਧਰਤੀ ਹੈ, ਬੀਜਣਾ ਪ੍ਰੇਮ ਹੈ, ਨੇਮ ਵਧਣਾ ਹੈ, ਭਗਤੀ ਬ੍ਰਿਛ ਦਾ ਛਿਲਕਾ ਰੂਪੀ ਹੈ ਅਤੇ ਮੁੱਢ ਦਇਆ ਹੈ। ਸਮਦ੍ਰਿਸ਼ਟੀ ਚੁਫੇਰੇ ਆੜਾਂ ਹਨ, ਸੱਚ ਨੂੰ ਪਿਆਰ ਕਰਨਾ ਪਾਣੀ ਹੈ, ਪਵਿੱਤਰਤਾ ਖੇਤ ਨੂੰ ਸਿੰਜਣਾ ਹੈ ਅਤੇ ਧੀਰਜ ਉਸ ਦੀ ਰਖਵਾਲੀ ਹੈ।

ਧਰਮ ਅੰਗੂਰ ਹੈ, ਸ਼ੁਭ ਕਰਮਾਂ ਦਾ ਇਕੱਠੇ ਕਰਨਾ ਪੱਤੇ ਹਨ, ਜਿਸ ਦੀ ਵਿਧੀ ਡਾਲੀ ਸ੍ਰੇਸ਼ਟ-ਬੁੱਧੀ ਹੈ ਜੋ ਬੜੀ ਸੁਖਦਾਇਕ ਹੈ॥ ੬॥

ਹਰਿ ਨਾਮ ਅਪਾਰ ਹੀ ਫੂਲ ਲਗੇ ਨਿਜ ਰੂਪ ਪਛਾਨ ਫਲਜੋ ਫਲ ਭਾਰੀ।
ਰਸ ਪੂਰਨ ਹੈ ਸੁਖ, ਆਤਪ ਮ੍ਰਿਤੁ ਅੰਮ੍ਰਿਤ ਕੀ ਛਾਉਂ ਟਰੈ ਨਹਿਂ ਟਾਰੀ।
ਪਸੁ ਮੋਹ ਚਰੈ ਨਹਿਂ ਜਾ ਬਿਧਿ ਸੋਂ, ਸਤਿ ਸੰਗਤਿ ਕੀ ਚਹੁੰ ਪਾਸਹਿ ਬਾਰੀ।
ਖਗ ਸੰਤ ਸਦਾ ਤਿਹ ਸੇਵਤਿ ਹੈਂ, ਪੁਨਿ ਦੇਵਤਿ ਔਰਨ ਕੋ ਉਪਕਾਰੀ॥ ੭॥

ਹਰੀ ਦੇ ਅਪਾਰ ਨਾਂ ਦੇ ਫੁੱਲ ਲੱਗੇ ਹਨ, ਆਪਣੇ ਰੂਪ ਦੀ ਪਹਿਚਾਣ ਭਾਰੀ ਲੱਗੇ ਹੋਏ ਫਲ ਹਨ। ਸੁਖ ਰੂਪੀ ਪੂਰਨ ਰਸ ਹੈ, ਮੌਤ ਰੂਪੀ ਧੁੱਪ ਤੋਂ ਬਚਾਉਣ ਲਈ ਅੰਮ੍ਰਿਤ ਰੂਪੀ ਛਾਂ ਮਿਲਦੀ ਹੈ ਜੋ ਫਿਰ ਢਲਦੀ ਨਹੀਂ, ਭਾਵ ਸਦਾ ਰਹਿੰਦੀ ਹੈ।

ਮੋਹ ਰੂਪੀ ਪਸ਼ੂ ਇਸ ਵਿਧੀ ਅਨੁਸਾਰ ਨਹੀਂ ਚਰਦਾ, ਸਤਿਸੰਗਤ ਦੀ ਚਾਰੇ ਪਾਸੇ ਵਾੜ ਹੁੰਦੀ ਹੈ। ਸੰਤ ਰੂਪ-ਪੰਛੀ ਸਦਾ ਇਸ ਦਾ ਸੇਵਨ ਕਰਦੇ ਹਨ, ਫਿਰ ਹੋਰਨਾਂ ਦਾ ਉਪਕਾਰ ਕਰਦੇ ਹਨ॥ ੭॥

ਦੋਹਰਾ- ਸਿਰੀ ਚੰਦ ਤ੍ਰੈ ਬਰਖ ਕੇ ਅਵਰ ਅਧਿਕ ਖਟ ਮਾਸ।
ਜਠਰ ਬਿਖੈ ਤਿਹ ਕਾਲ ਮੈਂ ਜਾਨਹੁ ਲਖਮੀ ਦਾਸ॥ ੮॥

ਫਿਰ ਬਾਬਾ ਸ੍ਰੀ ਚੰਦ ਜਦ ਸਾਢੇ ਤਿੰਨਾਂ ਸਾਲਾਂ ਦੇ ਹੋ ਗਏ, ਉਸ ਸਮੇਂ ਬਾਬਾ ਲਖਮੀ ਦਾਸ ਮਾਤਾ ਜੀ ਦੇ ਉਦਰ ਵਿਚ ਆ ਗਏ॥ ੮॥

ਸਿੱਖੀ ਉਦੈ ਕਰੰਨ ਕੋ ਮੋਦੀ ਕ੍ਰਿਤ ਤਯਾਗ।
ਆਗੈ ਸੁਨਿ ਪਰਸੰਗ ਸੋ ਜਿਨਿ ਮਨ ਗੁਰੁ ਅਨੁਰਾਗ॥ ੯॥

ਸਿੱਖੀ ਨੂੰ ਪ੍ਰਗਟ ਕਰਨ ਲਈ ਗੁਰੂ ਜੀ ਨੇ ਮੋਦੀ ਦੀ ਕਾਰ ਨੂੰ ਛੱਡ ਦਿੱਤਾ। ਜਿਨ੍ਹਾਂ ਦਾ ਗੁਰੂ ਜੀ ਨਾਲ ਪਿਆਰ ਹੈ, ਉਹ ਅਗਲਾ ਪ੍ਰਸੰਗ ਸੁਣੋ॥ ੯॥

ਸੋਰਠਾ- ਜਿਹ ਕਾਰਨ ਅਵਤਾਰ ਚਿਤ ਚਿਤਵਜੋ ਚੇਤਨਸਤੰ।
ਕਿਯੋ ਚਹਿਤਿ ਵਿਸਤਾਰ ਮੁਕਤਿ ਪੰਥ ਸਿੱਖੀ ਸੁਮਤਿ॥ ੧੦॥

ਸਤਚਿੱਤ ਗੁਰੂ ਜੀ ਨੇ ਜਿਸ ਕਾਰਨ ਇਸ ਸੰਸਾਰ ਵਿਚ ਅਵਤਾਰ ਧਾਰਿਆ ਸੀ, ਹੁਣ ਉਨ੍ਹਾਂ ਚਾਹਿਆ ਕਿ ਮੁਕਤੀ ਰੂਪੀ ਸਿੱਖੀ ਪੰਥ ਦਾ ਵਿਸਥਾਰ ਕੀਤਾ ਜਾਵੇ॥ ੧੦॥

ਦੋਹਰਾ- ਬਾਲੇ ਸੋਂ ਬੋਲੇ ਪ੍ਰਭੂ 'ਜਗਤ ਲਾਜ ਕੋ ਛੋਰਿ।
ਅਪਰ ਰੀਤਿ ਬਰਤਹਿਂ ਅਬਹਿ ਰਹੁ ਬੇਬੇ ਘਰ ਓਰ'॥ ੧੧॥

ਜਗਤ ਦੀ ਲਾਜ ਨੂੰ ਛੱਡ ਕੇ ਬਾਲੇ ਨੂੰ ਕਿਹਾ, "ਪਹਿਲੀ ਰੀਤੀ ਵਰਤੋ ਤੇ ਹੁਣ ਬੇਬੇ ਨਾਨਕੀ ਦੇ ਘਰ ਰਹੋ"॥ ੧੧॥

ਤਥਾ ਭਗੀਰਥ ਸੋਂ ਭਨਜੋ 'ਕਬਿ ਕਬਿ ਦਰਸਹੁ ਆਇ।
ਪੂਰਬ ਕੇ ਬਿਉਹਾਰ ਜੋ ਤਿਨਹੁ ਨ ਅਬ ਮਨ ਲ੍ਯਾਇ'॥ ੧੨॥

ਫਿਰ ਭਗੀਰਥ ਨੂੰ ਕਿਹਾ ਕਿ ਤੁਸੀਂ ਵੀ ਆਪਣੇ ਘਰ ਚਲੇ ਜਾਓ ਅਤੇ ਕਦੀ ਕਦੀ ਆ ਕੇ ਮਿਲਦੇ ਰਹਿਣਾ। ਪਹਿਲਾਂ ਦਾ ਜੋ ਵਿਵਹਾਰ ਸੀ, ਉਸ ਨੂੰ ਹੁਣ ਮਨ ਵਿਚ ਨਹੀਂ ਲਿਆਉਣਾ॥ ੧੨॥

ਸ੍ਵੈਯਾ- ਏਕ ਸਮੇ ਜਲਈਸ਼ੁਰ ਕੋ ਸੁਖਰਾਸ ਅਕਾਸ਼ ਭਈ ਸ਼ੁਭ ਬਾਨੀ।
'ਨਾਨਕ ਪਾਸ ਹੁਲਾਸਜ ਸੋਂ ਪਠਵੋ ਤੁਮ ਜਾ ਸੁ ਰਿਦੇ ਸੁਖ ਦਾਨੀ'।

ਕਾਨ ਸੁਨੀ ਮਨ ਮਾਨ ਗੁਨੀ ਭਈ ਦੇਹਿ ਦੁਨੀ ਤਰੁ ਜਯੋਂ ਮਿਲ ਪਾਨੀ।
ਦੇਹਿ ਧਰੀ ਕਰਤਾਰ ਹਰੀ ਬਿਧਿ ਹੋਇ ਖਰੀ, ਪਰਸੌਂ ਗਤਿ ਦਾਨੀ॥੧੩॥

ਇਕ ਸਮੇਂ ਜਲ ਦੇਵਤਾ ਵਰੁਣ ਨੂੰ ਵਾਹਿਗੁਰੂ ਵਲੋਂ ਸ਼ੁਭ ਅਕਾਸ਼ਬਾਣੀ ਹੋਈ, "ਤੁਸੀਂ ਜਾ ਕੇ ਬੜੀ ਖੁਸ਼ੀ ਨਾਲ ਸ੍ਰੀ ਨਾਨਕ ਨੂੰ ਮੇਰੇ ਪਾਸ ਭੇਜੋ।" ਕੰਨ ਨਾਲ ਸੁਣੀ ਅਤੇ ਮਨ ਵਿਚ ਸਮਝੀ ਤੇ ਵਿਚਾਰੀ, ਜਿਵੇਂ ਪਾਣੀ ਮਿਲਣ ਨਾਲ ਰੁੱਖ ਦਾ ਅਕਾਰ ਦੂਣਾ ਹੋ ਜਾਂਦਾ ਹੈ। ਵਰੁਣ ਨੇ ਸੋਚਿਆ ਕਰਤਾਰ ਨੇ ਆਪ ਨਾਨਕ ਦੇਹ ਧਾਰਨ ਕੀਤੀ ਹੈ। ਮੇਰੀ ਤਾਂ ਕਿਸਮਤ ਜਾਗ ਪਈ ਹੈ। ਮੈਂ ਮੁਕਤੀਦਾਤੇ ਦੇ ਪੈਰ ਪਰਸੂੰਗਾ॥ ੧੩॥

ਵੇਈ ਮੈਂ ਆਇ ਨਿਵਾਸ ਕਰਾ ਜਿਹ ਪਾਸ ਅਵਾਸ ਗੁਰੂ ਤਨ ਧਾਰੀ।
ਆਨਿ ਸ਼ਨਾਨ ਕਰੈਂ ਜਿਹ ਥਾਨ ਰਹਯੋ ਮਤਿਵਾਨ ਤਹਾਂ ਮਿਲਿ ਵਾਰੀ।
ਜਾਤਿ ਵਡੀ ਪਰਭਾਤਿ ਕੋ ਨ੍ਹਾਤ, ਕਿਧੋਂ ਰਸ ਸ਼ਾਂਤਿ ਕਲੇਵਰ ਧਾਰੀ।
ਬਾਸੁਰ ਤਾ ਇਕ ਦਾਸ ਹੈ ਪਾਸ, ਸੁਬਾਸ ਲਿਏ ਕਰੀ ਸੰਗਿ ਤਯਾਰੀ॥੧੪॥

ਵਰੁਣ ਨੇ ਵੇਈਂ ਨਦੀ ਵਿਚ ਆ ਕੇ ਉਸ ਥਾਂ ਨਿਵਾਸ ਕਰ ਲਿਆ, ਜਿਸ ਨੇੜੇ ਗੁਰੂ ਜੀ ਦਾ ਘਰ ਸੀ ਅਤੇ ਜਿਸ ਥਾਂ ਉਹ ਰੋਜ਼ ਆ ਕੇ ਇਸ਼ਨਾਨ ਕਰਦੇ ਸਨ। ਬੁੱਧੀਵਾਨ ਵਰੁਣ ਜਲ ਨਾਲ ਹੀ ਮਿਲ ਗਿਆ, ਭਾਵ ਜਲ ਰੂਪੀ ਹੋ ਗਿਆ। ਤੜਕੇ ਪ੍ਰਭਾਤ ਨੂੰ ਸ਼ਾਂਤ ਰਸ ਅਤੇ ਸੁੰਦਰ ਸਰੀਰ ਵਾਲੇ ਗੁਰੂ ਨਾਨਕ ਉਥੇ ਇਸ਼ਨਾਨ ਕਰਨ ਚਲੇ ਗਏ। ਉਸ ਦਿਨ ਉਨ੍ਹਾਂ ਪਾਸ ਇਕ ਨੌਕਰ ਸੀ। ਕਪੜੇ ਲੈ ਕੇ ਉਨ੍ਹਾਂ ਨਾਲ ਜਾਣ ਦੀ ਤਿਆਰੀ ਕਰ ਲਈ॥ ੧੪॥

ਆਪਨ ਤੇ ਚਲ ਨੀਰ ਕੇ ਤੀਰ ਪੈ ਦੰਤਨ ਧਾਵਨ ਆਨਿ ਕਰੀ।
ਗਾਡ ਦਈ ਧਰ, ਹੋਤਿ ਭਯੋ ਤਰੁ ਹੈ ਅਬ ਲੌ ਬਰ ਸੋ ਬਦਰੀ।
ਆਨਨ ਆਰੁਨਜਾਤ ਪਖਾਰਤਿ, ਦਾਂਤ ਜਯੋਂ ਹੀਰਨ ਪਾਂਤ ਖਰੀ।
ਠਾਂਢ ਹ੍ਵੈ ਤੀਰ ਦਯੋ ਪਦ ਨੀਰ, ਗਏ ਮਧ ਧੀਰ, ਅਧੀਰ ਹਰੀ॥ ੧੫॥

ਹੱਟੀ ਤੋਂ ਚਲ ਕੇ ਨਦੀ ਦੇ ਕੰਢੇ ਬੈਠ ਕੇ ਬੇਰੀ ਦੀ ਦਾਤਨ ਕਰਨ ਲੱਗ ਗਏ। ਦਾਤਨ ਕਰਕੇ ਫਿਰ ਉਥੇ ਹੀ ਗੱਡ ਦਿੱਤੀ, ਜਿਹੜਾ ਬਾਅਦ ਵਿਚ ਇਕ ਵੱਡਾ ਰੁੱਖ ਬਣ ਗਿਆ। ਹੁਣ ਤਕ ਉਹ ਸ੍ਰੇਸ਼ਟ ਬੇਰੀ ਉਸ ਥਾਂ ਮੌਜੂਦ ਹੈ। ਆਪਣੇ ਕੰਵਲ ਵਰਗੇ ਸੁੰਦਰ ਮੁਖੜੇ ਨੂੰ ਧੋਂਦੇ ਹਨ। ਉਨ੍ਹਾਂ ਦੇ ਦੰਦ ਮਾਨੋ ਸੁੱਚੇ ਹੀਰਿਆਂ ਦੀਆਂ ਲੜੀਆਂ ਹਨ। ਖੜੇ ਹੋ ਕੇ ਧੀਰਜਵਾਨ, ਅਧੀਰਜ ਹਰਨ ਵਾਲੇ ਗੁਰੂ ਜੀ ਨੇ ਆਪਣੇ ਚਰਨ ਨਦੀ ਦੇ ਕੰਢੇ ਤੇ ਰੱਖੇ ਹਨ ਅਤੇ ਫਿਰ ਪਾਣੀ ਵਿਚ ਵੜ ਗਏ ਹਨ॥ ੧੫॥

ਬਾਰਿ ਵਿਖੇ ਇਕ ਬਾਰ ਕਿਯੋ ਬਪੁ ਆਨਿ ਖਰਾ ਪਤਿਬਾਰਿ ਅਗਾਰੀ।
ਆਨੰਦ ਕੰਦ ਪਦੰਅਰਬਿੰਦ ਦੁਊ ਕਰ ਬੰਦਿ ਹੈ ਬੰਦਨ ਧਾਰੀ।
ਲੋਚਨ ਗੋਚਰ ਸੋਚ ਬਿਮੋਚਨ ਰੂਪ ਬਿਲੋਕਤਿ ਭਾ ਸੁਖ ਭਾਰੀ।
ਬੋਲਿ ਕਪੋਲਨ ਬੋਲਤਿ ਭਾ ਹਰਖਾਇ ਅਤੋਲਤ ਹ੍ਵੈ ਬਲਿਹਾਰੀ॥ ੧੬॥

ਜਲ ਵਿਚ ਇਕ ਵਾਰ ਡੁਬਕੀ ਮਾਰੀ ਤਾਂ ਵਰੁਣ ਦੇਵਤਾ ਅੱਗੇ ਆ ਖਲੋਤਾ। ਅਨੰਦ ਦਾਤਾ ਕੰਵਲ ਵਰਗੇ ਚਰਨਾਂ ਵਾਲੇ ਦੇ ਸਾਹਮਣੇ ਆ ਕੇ ਵਰੁਣ ਦੇਵਤਾ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਗੁਰੂ ਜੀ ਦਾ ਸੁੰਦਰ ਰੂਪ ਵੇਖ ਕੇ ਵਰੁਣ ਨੂੰ ਬਹੁਤ ਸੁੱਖ ਹੋਇਆ। ਬਹੁਤ ਖੁਸ਼ ਹੋ ਕੇ ਵਰੁਣ ਬੋਲਦਾ ਹੈ ਅਤੇ ਗੁਰੂ ਜੀ ਦੇ ਬਲਿਹਾਰੀ ਜਾਂਦਾ ਹੈ॥ ੧੬॥

'ਬਾਨੀ ਅਕਾਸ਼ ਭਈ ਸੁਖਰਾਸ ਕੀ, ਜਾਵਹੁ ਪਾਸ ਅਬੈ ਕਰਤਾਰਾ।
ਸ੍ਰੀ ਸਚੁ ਖੰਡ ਅਖੰਡ ਸਦਾ ਭਵ ਮੁੰਡਨ ਬਾਸ ਜਹਾਂ, ਸੁਖ ਭਾਰਾ।'

ਯੌਂ ਸੁਨਿ ਸ੍ਰੀਗੁਰੁ ਬੈਨ ਭਨੇ 'ਸੁਧਿ ਯਾ ਬਿਧਿ ਕੀ ਉਰ ਮੇਂ ਵਰਤਾਰਾ।
ਭੂਪਨ ਭੂਪਤਿ ਜੋਤਿ ਸਰੂਪ ਅਨੂਪ ਪੈ ਜਾਇ ਹੌਂ ਹੀਨ ਅਵਾਰਾ ॥ ੧੭॥

'ਤੁਸੀਂ ਵਾਹਿਗੁਰੂ ਦੀ ਅਕਾਸ਼ ਬਾਣੀ ਸੁਣ ਲਈ ਹੋਈ ਹੈ ਕਿ ਤੁਸੀਂ ਕਰਤਾਰ ਦੇ ਪਾਸ ਜਾਵੋ। ਸ੍ਰੀ ਸੱਚਖੰਡ ਸਦਾ ਅਖੰਡ ਹੈ, ਸੰਸਾਰ ਦੇ ਸਵਾਰਨ ਵਾਲੇ ਦਾ ਜਿਥੇ ਵਾਸਾ ਹੈ।

ਇਹ ਬਚਨ ਗੁਰੂ ਜੀ ਸੁਣ ਕੇ ਬੋਲੇ, "ਇਸ ਤਰ੍ਹਾਂ ਦੀ ਖ਼ਬਰ ਮੇਰੇ ਹਿਰਦੇ ਵਿਚ ਵਰਤ ਰਹੀ ਹੈ ਭਾਵ ਕਿ ਮੈਂ ਪ੍ਰਭੂ ਪਾਸ ਜਾਣਾ ਹੈ" ॥ ੧੭॥

ਯੌਂ ਕਹਿ ਬੈਨ ਗਏ ਗਤਿ ਦੈਨ ਗੁਰੂ ਗੁਨ ਐਨ ਜਹਾਂ ਦਰਬਾਰਾ।
ਦਾਸੁ ਸੁ ਬਾਸ ਲਿਏ ਕਰ ਆਸ ਨਿਰਾਸ ਭਯਾ, ਪਛੁਤਾਸੁ ਵਿਚਾਰਾ।
ਕਾਲ ਭਯੋ ਬਹੁ ਬੀਚ ਕਿਲਾਲ ਕੇ, ਆਨ ਦਯਾਲ ਨ ਕੂਲ ਸੰਭਾਰਾ।
ਹੋ ਬਿਸਮਾਦ ਧਰੈ ਦ੍ਰੁਤਿ ਪਾਦ, ਬਿਨਾ ਅਹਿਲਾਦ, ਗਯੋ ਮਨ ਮਾਰਾ ॥ ੧੮ ॥

ਇਹ ਬਚਨ ਕਹਿ ਕੇ ਗੁਰੂ ਜੀ ਉਥੇ ਚਲੇ ਗਏ ਜਿਥੇ ਵਾਹਿਗੁਰੂ ਦਾ ਦਰਬਾਰ ਲੱਗਾ ਹੈ। ਉਹ ਦਾਸ ਜਿਹੜਾ ਗੁਰੂ ਜੀ ਦੇ ਕਪੜੇ ਹੱਥ ਵਿਚ ਫੜ ਕੇ ਵੇਈਂ ਨਦੀ ਦੇ ਕੰਢੇ ਬੈਠਾ ਸੀ, ਏਨਾ ਨਿਰਾਸ਼ ਹੋਇਆ ਤੇ ਵਿਚਾਰਾ ਪਛਤਾਉਣ ਲੱਗਾ। ਗੁਰੂ ਜੀ ਪਾਣੀ ਵਿਚ ਡੁੱਬ ਗਏ ਹਨ, ਉਹ ਦਿਆਲੂ ਦੁਬਾਰਾ ਕੰਢੇ ਉਤੇ ਨਹੀਂ ਆਏ ਹਨ। ਉਹ ਬੜਾ ਹੈਰਾਨ ਹੋਇਆ। ਮੋਏ ਮਨ ਨਾਲ ਉਦਾਸ ਹੋ ਕੇ ਛੇਤੀ-ਛੇਤੀ ਚਲ ਪਿਆ॥ ੧੮॥

ਹੈਂ ਪਟ ਪਾਨ ਰਿਦੈ ਅਕੁਲਾਨ ਸੁ ਦੌਲਤ ਖਾਨ ਕੇ ਭੌਨ ਧਯੋ।
ਨੀਰ ਬਿਹੀਨ ਪਠੀਨ ਅਧੀਨ ਤਜੋਂ ਚੀਨ ਸਭੈ ਨਰ ਬੂਝ ਕਿਯੋ।
ਭੂਰ ਬਿਸੂਰਤਿ, ਦੌਰਤਿ, ਬੌਰਤਿ ਕਾਹੂ ਕੋ ਉੱਤਰ ਕੋ ਨ ਦਯੋ।
ਭੂਪ ਸਭਾ ਮਹਿਂ ਜਾਇ ਕਹਜੋ "ਬਰਿ ਬਾਰਿ ਵਿਖੈ ਨਹਿਂ ਊਬਰਯੋ ॥ ੧੯ ॥

ਨੌਕਰ ਦੇ ਹੱਥ ਵਿਚ ਕਪੜੇ ਹਨ, ਹਿਰਦੇ ਵਿਚ ਘਬਰਾਹਟ ਹੈ ਤੇ ਦੌਲਤ ਖਾਂ ਦੇ ਘਰ ਚਲਾ ਗਿਆ। ਉਸ ਨੂੰ ਬਿਨਾਂ ਪਾਣੀ ਮੱਛੀ ਵਾਂਗ ਵੇਖ ਕੇ ਸਾਰੇ ਆਦਮੀ ਪੁਛਦੇ ਹਨ। ਉਹ ਝੱਲਾ ਹੋਇਆ ਅਤੇ ਝੁਰਦਾ ਹੋਇਆ ਭੱਜਿਆ ਜਾ ਰਿਹਾ ਸੀ ਤੇ ਉਸ ਨੇ ਕਿਸੇ ਨੂੰ ਵੀ ਕੋਈ ਉੱਤਰ ਨਾ ਦਿੱਤਾ। ਨਵਾਬ ਦੀ ਸਭਾ ਵਿਚ ਜਾ ਕੇ ਕਿਹਾ, "ਗੁਰੂ ਜੀ ਇਕ ਵਾਰ ਪਾਣੀ ਵਿਚ ਵੜ ਕੇ ਫਿਰ ਬਾਹਰ ਨਹੀਂ ਆਏ॥੧੯॥

ਹੌਂ ਬਹੁ ਬਾਰ ਹੀ, ਬਾਰਿ ਨਿਹਾਰ, ਲਗੀ ਨਹਿਂ ਬਾਰ ਯੌਂ ਦੌਰ ਅਯੋ।
ਸੋ ਸੁਨਿਕੈ ਮਨ ਮੈਂ ਗੁਨਿ ਤਾਂ ਛਿਨ ਜੀਨ ਕਿਕਾਨ ਪਵਾਇ ਲਯੋ।
ਕੇਵਟ ਕੋ ਬੁਲਿਵਾਇ ਧਵਾਇਕੇ ਆਇ ਵੇਈਂ ਤਟ ਠਾਂਢ ਭਯੋ।
ਰੌਰ ਪਰਾ ਪੁਰਿ, ਦੌਰ ਚਲੇ ਨਰ, ਹੌਰ ਉਠਯੋ ਉਰ ਠੌਰ ਛਯੋ॥ ੨੦॥

ਮੈਂ ਬਹੁਤ ਵਾਰ ਪਾਣੀ ਵਿਚ ਵੇਖਿਆ ਹੈ, ਮੈਂ ਕੁਝ ਦੇਰੀ ਨਹੀਂ ਕੀਤੀ ਹੈ ਤੇ ਫਿਰ ਦੌੜ ਕੇ ਆਪ ਦੇ ਪਾਸ ਆ ਗਿਆ ਹਾਂ।" ਇਹ ਸੁਣ ਕੇ ਨਵਾਬ ਨੇ ਉਸੇ ਵੇਲੇ ਘੋੜੇ ਤੇ ਕਾਠੀ ਪਵਾ ਲਈ। ਮਲਾਹਾਂ ਨੂੰ ਬੁਲਾ ਕੇ ਦੌੜਾਇਆ ਅਤੇ ਵੇਈਂ ਦੇ ਕੰਢੇ ਪਹੁੰਚ ਗਏ। ਸਾਰੇ ਨਗਰ ਵਿਚ ਰੌਲਾ ਪੈ ਗਿਆ, ਸਾਰੇ ਆਦਮੀ ਨਦੀ ਵਲ ਭੱਜ ਉਠੇ, ਹੌਲ ਪੈਂਦੇ ਸਨ ਤੇ ਦਿਲ ਦੇ ਟਿਕਾਣੇ ਗਮੀਂ ਛਾ ਗਈ॥ ੨੦॥

ਬਾਤ ਜਰਾਮ ਸੁਨੀ ਜਬ ਕਾਨ, ਫਨੀ ਮਨਹੀਨ, ਜਥੋਂ ਮੀਨ ਅਨੀਰਾ।
ਧਾਇ ਧਰੈ ਧਰਨੀ ਪਦ ਤੂਰਨ ਧੀਰ ਹਰੀ, ਉਰ ਧਾਰਿ ਅਧੀਰਾ।

ਪੀਰ ਅਪਾਰ ਨ ਪਾਵਹਿ ਪਾਰ, ਪਿਖੈ ਨਹਿਂ ਰੂਪ ਨ ਸ਼ਾਂਤਿ ਸਰੀਰਾ।
ਆਇ ਵੇਈਂ ਤਟ ਹੇਰਤਿ ਬਾਰਿ ਕੋ ਖੋਜਤਿ ਹੈਂ ਨ ਲਹੈਂ ਸੁਖ ਹੀਰਾ॥ ੨੧॥

ਜਦ ਜੈ ਰਾਮ ਨੇ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਮਨ ਹੀਨ ਸੱਪ ਵਾਂਗ ਤੇ ਬਿਨਾਂ ਪਾਣੀ ਮੱਛੀ ਵਾਂਗ ਹਿਰਦੇ ਵਿਚ ਅਧੀਰਜ ਧਾਰਿਆ। ਅਪਾਰ ਦਰਦ ਹੋ ਰਿਹਾ ਸੀ, ਜਿਸ ਦਾ ਅੰਤ ਨਹੀਂ ਸੀ ਪਾਇਆ ਜਾ ਸਕਦਾ। ਉਹ ਰੂਪਵੰਤ ਤਾਂ ਸ਼ਾਂਤ ਸਰੀਰ ਕਿਤੇ ਵੀ ਦਿਖਾਈ ਨਹੀਂ ਸੀ ਦਿੰਦਾ, ਵੇਈਂ ਦੇ ਕੰਢੇ ਤੇ ਪਹੁੰਚ ਗਏ, ਪਾਣੀ ਵਿਚ ਗੁਰੂ ਜੀ ਨੂੰ ਖੋਜਦੇ ਹਨ, ਪਰ ਸੁਖਾਂ ਦਾ ਹੀਰਾ ਕਿਤੇ ਵੀ ਲੱਭਦਾ ਨਹੀਂ ਹੈ॥ ੨੧॥

ਯਾਂ ਬਿਧਿ ਖੋਜਤਿ ਵਾਰਤੇ ਪਾਰਤੇ ਹਾਰ ਪਰੇ ਨਹਿਂ ਵਾਰਿ ਤੇ ਪਾਯੋ।
ਗੁੰਮ ਭਯੋ ਧਰਨੀ ਕਿ ਧਸਜੋ ਦੁਰ ਕੈਸੇ ਗਯੋ? ਨਹਿਂ ਨੈਨ ਲਖਾਯੋ।
ਸ੍ਰੀ ਗੁਰੁ ਕੀਰਤਿ ਸਾਗਰ ਸੀ, ਮਤਿ ਮਾਨਵ ਕੀ ਤਟ ਪੈ ਅਬਲਾਯੋ।
ਕਿਯੋ ਤਿਹ ਥਾਹ ਲਖੈ ਬਿਨ ਥਾਹਿ ਖਰੀ ਸੁਕਚਾਹਿ ਨ ਕੋ ਬਿਧਿ ਆਯੋ॥ ੨੨॥

ਆਰ ਤੋਂ ਪਾਰ ਤੋਂ ਖੋਜ ਕਰਦੇ ਹਾਰ ਗਏ, ਪਰ ਪਾਣੀ ਵਿਚ ਕਿਤੇ ਵੀ ਨਾ ਮਿਲੇ। ਉਹ ਧਰਤੀ ਵਿਚ ਗੁੰਮ ਹੋ ਗਏ ਹਨ ਜਾਂ ਕਿਤੇ ਲੁੱਕ ਕੇ ਬੈਠ ਗਏ ਹਨ, ਅੱਖਾਂ ਨਾਲ ਦਿੱਸਦੇ ਹੀ ਨਹੀਂ। ਸ੍ਰੀ ਗੁਰੂ ਕੀਰਤੀ ਦੇ ਸਾਗਰ ਸਨ। ਕਿਨਾਰੇ ਖੜੇ ਮਨੁੱਖਾਂ ਦੀ ਬੁੱਧੀ ਉਸ ਇਸਤਰੀ ਵਰਗੀ ਹੈ, ਜਿਹੜੀ ਉਥੇ ਖੜੀ ਥਾਹ ਨਹੀਂ ਪਾ ਰਹੀ, ਇਸ ਕਰਕੇ ਖੜੀ ਹੈ ਅਤੇ ਉਸ ਨੂੰ ਕੁਝ ਔੜਦਾ ਹੀ ਨਹੀਂ॥ ੨੨॥

ਸਰਿਤਾ ਸਭਿ ਖੋਜਿ ਫਿਰੇ ਤਿਹ ਰੋਜ, ਨ ਜਾਨਤਿ ਕੋ ਜੁ ਕਹਾਂ ਗਤਿ ਕੀਨੀ।
ਬਿਸਮਾਦਿ ਰਿਦੈ ਪਛੁਤਾਇ ਭਏ ਪੁਨ ਆਦਿ ਕੀ ਦਾਸ ਕੋ ਬਾਤ ਬੁਝੀਨੀ।
'ਮਮ ਆਗਰ ਨੈਨਨ ਨ੍ਹਾਨ ਬਰੇ ਨਿਕਸੇ ਨ ਤਟੇ ਟੁਬਕੀ ਇਕ ਲੀਨੀ।
ਬਹੁ ਬਾਰ ਨਿਹਾਰਿਕੈ ਬਾਰਿ ਤਬੈ ਬਿਨ ਬਾਰ ਨਿਬਾਬ ਕੋ ਮੈਂ ਸੁਧ ਦੀਨੀ॥ ੨੩॥

ਉਸ ਦਿਨ ਸਾਰੀ ਨਦੀ ਖੋਜ ਮਾਰੀ, ਪਰ ਜਾਣਦੇ ਨਹੀਂ ਕਿ ਕਿਥੇ ਚਲੇ ਗਏ ਹਨ। ਹੈਰਾਨ ਹੋਏ, ਹਿਰਦੇ ਵਿਚ ਪਛਤਾ ਰਹੇ ਹਨ, ਫਿਰ ਉਸੇ ਨੌਕਰ ਨੂੰ ਸਾਰੀ ਗੱਲ ਪੁੱਛੀ। ਨੌਕਰ ਨੇ ਕਿਹਾ, "ਮੇਰੀਆਂ ਅੱਖਾਂ ਦੇ ਸਾਹਮਣੇ ਨਹਾਉਣ ਵਾਸਤੇ ਪਾਣੀ ਵਿਚ ਵੜੇ ਸਨ, ਇਕ ਡੁਬਕੀ ਲੈਣ ਤੋਂ ਬਾਅਦ ਪਾਣੀ ਵਿਚੋਂ ਫਿਰ ਬਾਹਰ ਨਹੀਂ ਨਿਕਲੇ। ਬਹੁਤ ਵਾਰ ਮੈਂ ਪਾਣੀ ਵਲ ਵੇਖਿਆ, ਪਰ ਕਾਫੀ ਚਿਰ ਉਹ ਬਾਹਰ ਨਾ ਨਿਕਲੇ ਤਾਂ ਮੈਂ ਨਵਾਬ ਨੂੰ ਖਬਰ ਦਿੱਤੀ"॥ ੨੩॥

ਉਰ ਝੂਰ ਬਿਸੂਰਤਿ ਦੌਲਤ ਖਾਂ ਸਹਿ ਸ਼ੋਕ ਹ੍ਵੈ ਲੋਕਨ ਸੋਂ ਬਚ ਪ੍ਰਾਹੀ।
'ਬਹੁ ਨੇਕ ਵਿਵੇਕੀ, ਅਨੇਕ ਗੁਨਾ ਨਰ, ਔਗੁਨ ਏਕ ਬਿਲੋਕਨ ਨਾਂਹੀ।
ਤਨ ਸੁੰਦਰ ਕੋਮਲਤਾ ਜਨੁ ਮੰਦਰ ਸੰਦਲ ਸੀ ਸਿਫਤੀ ਜਿਸ ਆਹੀ।
ਨਹਿ ਹਾਥ ਲਗੈ ਮੁਝ ਯਾ ਸਮ ਮੋਦੀ ਕੋ ਕਾਰ ਭਲੀ ਬਿਧਿ ਕੀਨਿ ਨਿਬਾਹੀ'॥ ੨੪॥

ਹਿਰਦੇ ਵਿਚ ਬਹੁਤ ਦੁਖੀ ਹੋ ਕੇ ਫਿਰ ਦੌਲਤ ਖਾਂ ਨੇ ਬੜੇ ਅਫਸੋਸ ਨਾਲ ਲੋਕਾਂ ਨਾਲ ਇਹ ਬਚਨ ਕੀਤੇ, "ਉਹ ਬੜਾ ਸੱਚਾ ਸੁੱਚਾ ਤੇ ਗੁਣਾਂ ਦੀ ਖਾਣ ਸੀ। ਉਸ ਵਿਚ ਇਕ ਵੀ ਔਗੁਣ ਵੇਖਣ ਨੂੰ ਨਹੀਂ ਸੀ। ਸਰੀਰ ਬੜਾ ਸੁੰਦਰ ਅਤੇ ਕੋਮਲ ਸੀ, ਚੰਦਨ ਵਰਗੀ ਉਸ ਦੀ ਸਿਫਤੀ ਸੀ। ਮੈਨੂੰ ਉਸ ਵਰਗਾ ਮੋਦੀ ਹੁਣ ਨਹੀਂ ਮਿਲੇਗਾ ਜਿਹੜਾ ਠੀਕ ਢੰਗ ਨਾਲ ਕੰਮ ਨੂੰ ਚਲਾ ਸਕੇ"॥ ੨੪॥

ਦੁਖ ਦਾਰੁਨ ਮੈਂ ਅਤਿਆਰਤਿ ਚਿਤ ਜੈਰਾਮ ਮਨੋ ਬਿਤ ਸੂਮ ਗਵਾਏ।
ਧਰਿ ਮੂਰਤਿ ਜਜੋਂ ਕਰੁਨਾਰਸ ਝੂਰਤਿ ਅੰਬਕੁ ਅੰਬੁਜ ਮੈਂ ਅੰਬੁ ਛਾਏ।

ਧੁਨਿ ਸੀਸ ਕਹੀ 'ਜਗਦੀਸ਼੍ਵਰ ! ਕਜਾ ਬਿਧਿ ? ਮੋਹਿ ਨ ਦੀਸਤਿ ਕੋਇ ਉਪਾਏ।
ਜਲਈਖਦ ਜੇਸ਼ਟ ਬਾਸੁਰ ਮਾਹਿਂ, ਬਿਸਾਰਣ ਕੀ ਬਿਧਿ ਜਯੋਂ ਦੁਖ ਪਾਏ ॥੨੫॥

ਭਿਆਨਕ ਦੁੱਖ ਨਾਲ ਅਤਿ ਦੁਖੀ ਜੈ ਰਾਮ ਇਸ ਤਰ੍ਹਾਂ ਫਿਰ ਰਿਹਾ ਸੀ ਮਾਨੋ ਸਭ ਕੁਝ ਗਵਾ ਬੈਠਾ ਹੋਵੇ। ਕਿਰਪਾਲੂ ਦੀ ਮੂਰਤੀ ਅੱਖਾਂ ਅੱਗੇ ਧਰ ਕੇ ਝੂਰਦਾ ਹੈ ਅਤੇ ਅੱਖਾਂ ਰੂਪੀ ਕੰਵਲ ਵਿਚੋਂ ਪਾਣੀ ਰੂਪੀ ਹੰਝੂ ਵਗਦੇ ਹਨ। ਸਿਰ ਫੇਰ ਕੇ ਕਹਿੰਦਾ ਹੈ, "ਹੇ ਜਗਤ ਦੇ ਮਾਲਕ ! ਕੀ ਬਣਿਆ ਹੈ ? ਮੈਨੂੰ ਤਾਂ ਕੋਈ ਉਪਾਅ ਨਹੀਂ ਸੁਝ ਰਿਹਾ ਹੈ। ਜੇਠ ਦੇ ਮਹੀਨੇ ਜਿਵੇਂ ਥੋੜੇ ਪਾਣੀ ਵਿਚ ਮੱਛੀ ਤੜਫਦੀ ਹੈ॥ ੨੫॥

ਕੋਕਨਿ ਕੋਕ ਕਿਲਾਲਜ ਪੁੰਜ ਦਿਵਾਕਰ ਕੇ ਬਿਨ ਜਯੋਂ ਅਕੁਲਾਏ।
ਕਾਨਨ ਕੈਰਵ, ਕੋਕ ਕਦੰਬ ਕਲਾਨਿਧਿ ਹੀਨ ਕਹਾਂ ਬਿਹਸਾਏ।
ਤੋਕਕ ਕੇਕ ਜਿਭੇਕ ਅਨੇਕ, ਬਲਾਹਕ ਕੇ ਬਿਨ ਨਾਂ ਹਰਿਖਾਏ।
ਸ੍ਰੀ ਗੁਰ ਕੀ ਗਤਿ ਐਸ ਬਿਲੋਕਿ ਕੈ ਹੋਤਿ ਜਿ ਪ੍ਰੀਤਮ ਤਯੋਂ ਦੁਖ ਪਾਏ ॥੨੬॥

ਚਕਵੀ ਚਕਵੇ, ਕੰਵਲ ਆਦਿ ਸਾਰੇ ਜਿਵੇਂ ਸੂਰਜ ਤੋਂ ਬਗੈਰ ਵਿਆਕੁਲ ਹੋ ਗਏ ਹੋਣ। ਕਵੀਆਂ ਦਾ ਬਨ, ਚਕੋਰ ਆਦਿ ਸਾਰੇ ਚੰਦਰਮਾਂ ਤੋਂ ਬਗੈਰ ਕਿਵੇਂ ਖਿੜ ਸਕਦੇ ਹਨ। ਪਪੀਹਾ, ਮੋਰ ਅਤੇ ਡੱਡੂ ਜਿਵੇਂ ਬੱਦਲਾਂ ਦੇ ਬਗੈਰ ਖੁਸ਼ ਨਹੀਂ ਹੁੰਦੇ ਹਨ, ਗੁਰੂ ਜੀ ਦੀ ਐਸੀ ਹਾਲਤ ਵੇਖ ਕੇ ਜੋ ਇਕ ਪ੍ਰੇਮੀ ਦੀ ਹਾਲਤ ਹੁੰਦੀ ਹੈ, ਉਸ ਤਰ੍ਹਾਂ ਹੀ ਸਾਰੇ ਦੁੱਖ ਪਾ ਰਹੇ ਸਨ॥ ੨੬॥

ਨਾਨਕੀ ਏਕ ਰਹੀ ਉਰ ਮੈਂ ਥਿਰ, ਔਰਨ ਕੀ ਸਰ ਨਾ ਭਰਮਾਈ।
'ਸੋਦਰ ਈਸੁਰ ਕੋ ਅਵਤਾਰ, ਕਰੈ ਨਰ ਖੇਲ, ਅਪੋਲ ਸਦਾਈ।
ਕੰਤ ਕੇ ਸੰਗ ਗਿਰਾ ਉਚਰੀ 'ਉਰ ਧੀਰ ਧਰੋ ਤਜਿ ਆਤੁਰਤਾਈ।
ਬਾਸੁਰ-ਨਾਹਿ ਜਥਾ ਗ੍ਰਸਿ ਰਾਹੁ ਤਥਾ ਬਿਧਿ ਆਹਿ ਹੁਵੈ ਬਿਦਤਾਈ' ॥੨੭॥

ਪਰ ਬੇਬੇ ਨਾਨਕੀ ਆਪਣੇ ਦਿਲ ਵਿਚ ਪੱਕੀ ਰਹੀ, ਹੋਰਨਾਂ ਵਾਂਗੂ ਉਹ ਡੋਲੀ ਨਹੀਂ। ਉਹ ਕਹਿੰਦੀ ਸੀ, "ਮੇਰਾ ਭਰਾ ਈਸ਼ਵਰ ਦਾ ਅਵਤਾਰ ਹੈ, ਮਨੁੱਖੀ ਲੀਲ੍ਹਾ ਕਰਦੇ ਹਨ, ਉਹ ਸਦਾ ਅਟੱਲ ਹਨ"। ਉਹ ਆਪਣੇ ਪਤੀ ਜੈ ਰਾਮ ਨੂੰ ਕਹਿਣ ਲੱਗੀ, "ਦਿਲ ਵਿਚ ਧੀਰਜ ਧਰੋ ਅਤੇ ਦੁਖੀ ਨਾ ਹੋਵੋ। ਦਿਨ ਦੇ ਪਤੀ ਸੂਰਜ ਨੂੰ ਜਿਵੇਂ ਰਾਹੂ ਗ੍ਰਸ ਲੈਂਦਾ ਹੈ, ਇਸ ਤਰ੍ਹਾਂ ਸ੍ਰੀ ਨਾਨਕ ਵੀ ਦੁਬਾਰਾ ਪ੍ਰਗਟ ਹੋਣਗੇ' ॥੨੭॥

ਸ੍ਵੈਯਾ- ਸੁਨਿ ਕਾਨ ਜੈਰਾਮ ਭਨੇ ਬਚਨਾ ਜਲ ਜਾਤ ਬਿਲੋਚਨ ਤੇ ਜਲ ਜਾਤਾ।
ਬਹੁ ਜਾਰ ਪਸਾਰਿਕੈ ਬਾਰਿ ਨਿਹਾਰਨ ਕੇਵਟ ਬੀਚ ਬਰੇ ਮਿਲਿ ਬਾਤਾ।
ਝਖ, ਕੱਛਪ ਬ੍ਰਿੰਦ ਫਸੇ ਨਿਕਸੇ ਸਭਿ ਖੋਜ ਥਕੇ ਨਹਿਂ ਪਾਵਤਿ ਗਜਾਤਾ।
ਨ੍ਰਿਪਤਾਦਿ ਨਿਰਾਸ ਫਿਰੇ ਪਛੁਤਾਇ, ਉਪਾਇ ਕਿਯੇ ਬਹੁ ਸੋ ਨ ਅਗਾਤਾ ॥੨੮॥

ਇਹ ਗੱਲ ਸੁਣ ਕੇ ਜੈ ਰਾਮ ਦੇ ਨੇਤਰਾਂ ਵਿਚੋਂ ਜਲ ਵਗਦਾ ਹੈ। ਬੜੇ ਜਾਲ ਵਿਛਾ ਕੇ ਪਾਣੀ ਵਿਚ ਵੜੇ ਮਲਾਹ ਪਾਣੀ ਨੂੰ ਵੇਖ ਕੇ ਇਹ ਗੱਲਾ ਕਰਦੇ ਹਨ। ਮੱਛ, ਕਛੂ ਆਦਿ ਜਾਲ ਵਿਚ ਬਹੁਤ ਫਸੇ ਹਨ ਅਤੇ ਖੋਜ-ਖੋਜ ਥੱਕ ਗਏ ਹਨ, ਪਰ ਗੁਰੂ ਜੀ ਬਾਰੇ ਕੋਈ ਸੂਹ ਨਹੀਂ ਮਿਲਦੀ। ਨਵਾਬ ਵੀ ਨਿਰਾਸ਼ ਹੋ ਕੇ ਪਛਤਾ ਰਿਹਾ ਹੈ ਅਤੇ ਕਹਿੰਦੇ ਹਨ, ਬਹੁਤ ਉਪਾਅ ਕੀਤੇ ਹਨ ਪਰ ਉਹ ਲੱਭੇ ਨਹੀਂ॥ ੨੮॥

ਰੋਦਨ ਕੀਨ ਸੁਲਖਨਿ ਤਾ ਛਿਨ 'ਦੀਨ ਗਯੋ ਕਰਿ ਮੇ ਭਰਤਾਰਾ !'।
ਪੰਕਤ ਤੇ ਬਿਛਰੀ ਨਿਜ ਜਯੋਂ ਕੁਰਲਾਵਤਿ ਕੂੰਜ ਭਯੋ ਦੁਖ ਭਾਰਾ।

ਕੇਸ ਉਖਾਰਤਿ ਤਾੜਤਿ ਹੈ ਉਰ, ਭੂਖਨ ਡਾਰਤਿ ਹਾਰ ਉਤਾਰਾ।
ਲੋਚਨ ਤੇ ਜਲ ਧਾਰ ਛੁਟੇ, ਸਭਿ ਚੀਰ ਭਿਗੇ ਤਨ ਕੀ ਨ ਸੰਭਾਰਾ॥ ੨੯॥

ਸੁਲੱਖਣੀ ਰੋਂਦੀ ਹੈ ਅਤੇ ਕਹਿੰਦੀ ਹੈ ਕਿ "ਤੁਹਾਡਾ ਰਹਾ ਮੈਨੂੰ ਦੁਖੀ ਕਰ ਗਿਆ ਹੈ।" ਡਾਰ ਨਾਲੋਂ ਵਿਛੜੀ ਜਿਵੇਂ ਕੂੰਜ ਕੁਰਲਾਉਂਦੀ ਹੈ, ਇਸ ਤਰ੍ਹਾਂ ਉਸ ਉਤੇ ਭਾਰੀ ਦੁੱਖ ਆ ਪਿਆ ਹੈ। ਆਪਣੇ ਵਾਲ ਖੋਹਦੀ ਹੈ, ਦਿਲ ਵਿਚ ਬਹੁਤ ਦੁਖੀ ਹੋ ਕੇ ਆਪਣੇ ਸਾਰੇ ਗਹਿਣੇ, ਹਾਰ ਉਤਾਰ ਦਿੱਤੇ ਹਨ। ਅੱਖਾਂ ਵਿਚੋਂ ਜਲ ਵੱਗ ਰਿਹਾ ਹੈ, ਸਭ ਕਪੜੇ ਹੰਝੂਆਂ ਨਾਲ ਭਿੱਜ ਗਏ ਤੇ ਤਨ ਦੀ ਉਸ ਨੂੰ ਕੋਈ ਸੋਝੀ ਨਹੀਂ॥ ੨੯॥

'ਹੇ ਪਤਿ ਤੋ ਬਿਨ ਭੌਨ ਭਾ ਸੁਨ, ਸੁ ਦਾਨ ਕੋ ਥਾਨ ਉਦਾਸ ਲਗੋ ਹੈ।
ਕੌਨ ਸੁਦੇ ਇਨਕੋ ਤ੍ਰਿਪਤਾਵਹਿ ਆਨਿ ਭਿਖਾਰੀ ਕੇ ਬ੍ਰਿੰਦ ਮੰਗੈ ਹੈ।
ਆਪ ਕਹਾਂ ਗਏ ਦੀਏ ਬਿਨਾ ਸੁਧ, ਮ੍ਰਿਤੁ ਕੇ ਹੇਤੁ ਨ ਕੋ ਉਪਜੇ ਹੈ।
ਬਾਰਿਕ ਤਾਤ! ਅਧਾਰ ਨ ਮੋ ਕੋਊ, ਸ਼ੋਕ ਜਗੇ ਉਰ, ਧੀਰ ਭਗੈ ਹੈ॥ ੩੦॥

"ਪਤੀ ਤੋਂ ਬਗੈਰ ਘਰ ਸੁੰਞਾ ਹੋ ਗਿਆ ਹੈ, ਦਾਨ ਦੇਣ ਦੀ ਥਾਂ ਹੱਟੀ ਉਦਾਸ ਲੱਗ ਰਹੀ ਹੈ। ਇਨ੍ਹਾਂ ਮੰਗਤਿਆਂ ਨੂੰ ਕੌਣ ਤ੍ਰਿਪਤ ਕਰੇ, ਜਿਨ੍ਹਾਂ ਦੇ ਸਮੂਹ ਆ ਕੇ ਦਾਨ ਮੰਗ ਰਹੇ ਹਨ। ਖਬਰ ਦਿੱਤੇ ਬਿਨਾਂ ਆਪ ਕਿਥੇ ਚਲੇ ਗਏ ਹਨ, ਮ੍ਰਿਤੂ ਦੇ ਕਾਰਨ ਦਾ ਤਾਂ ਕੋਈ ਪਤਾ ਨਹੀਂ ਲੱਗਦਾ। ਹੇ ਬਾਲਕ ਦੇ ਪਿਤਾ! ਮੇਰਾ ਕੋਈ ਅਧਾਰ ਨਹੀ, ਹਿਰਦਾ ਦੁੱਖ ਨਾਲ ਭਰ ਗਿਆ ਹੈ ਤੇ ਧੀਰਜ ਭੱਜ ਗਿਆ ਹੈ"॥ ੩੦॥

ਯਾਬਿਧਿ ਸ਼ੋਕ ਗਿਰਾ ਬਹੁ ਭਾਂਤਿਨਿ ਬੋਲਤਿ ਹੈ ਬਿਰਲਾਪ ਪੁਕਾਰਾ।
ਬਾਮ ਫੁਰੈ ਅੰਗ ਸੂਚਕ ਹੈ ਸੁਭ, ਕਾਰਨ ਕੋਨ ਨ ਆਇ ਵਿਚਾਰਾ।
ਲੋਕ ਬਿਲਕਿ ਅਏ ਸਭਿ ਹੀ ਜਲੁ ਡੂਬ ਗਯੋ ਨਹਿਂ ਦੇਹਿ ਨਿਹਾਰਾ।
ਹੋਵਤਿ ਮੌਨ ਭਲੇ, ਸੁਖ ਭੌਨ ਕਰੋ ਅਬ ਕੌਨ ਸੰਦੇਹ ਨਿਵਾਰਾ॥ ੩੧॥

ਇਸ ਤਰ੍ਹਾਂ ਦੁੱਖ ਦੀ ਬਾਣੀ ਕਈ ਤਰ੍ਹਾਂ ਬੋਲਦੀ ਹੈ ਅਤੇ ਵਿਰਲਾਪ ਕਰਦੀ ਹੈ। ਖੱਬੇ ਅੰਗ ਦਾ ਫਰਕਣਾ ਸ਼ੁਭ ਕਾਰਜ ਦਾ ਸੂਚਕ ਹੁੰਦਾ ਹੈ। ਕੀ ਕਾਰਨ ਹੋਇਆ ਹੈ, ਮੇਰੇ ਤਾਂ ਵਿਚਾਰ ਵਿਚ ਕੁਝ ਨਹੀ ਆਉਂਦਾ। ਸਾਰੇ ਲੋਕ ਇਹ ਕਹਿ ਰਹੇ ਹਨ ਕਿ ਉਹ ਜਲ ਵਿਚ ਡੁੱਬ ਗਏ ਹਨ, ਪਰ ਉਨ੍ਹਾਂ ਦੀ ਦੇਹੀ ਤਾਂ ਕਿਸੇ ਨਹੀਂ ਵੇਖੀ। ਸ਼ੁਭ ਸ਼ਗਨ ਹੋਣ, ਘਰ ਵਿਚ ਸੁਖ ਨਾਲ ਰਹਾਂ, ਹੁਣ ਕੌਣ ਮੇਰੇ ਸੰਸੇ ਨੂੰ ਦੂਰ ਕਰੇ॥ ੩੧॥

ਸ਼ੋਕ ਕੋ ਸ਼ੋਰ ਸੁਨਯੋ ਚਹੁੰ ਓਰ ਤੇ ਧੀਰਜ ਛੋਰਿ ਦਯੋ ਭਰਿ ਛਾਤੀ।
ਨਾਨਕੀ ਹੇਰਿ ਦਸ਼ਾ ਸਭਿ ਕੀ ਹੁਤ ਦਾਸੀ ਔ ਦਾਸ ਜੇ ਆਨ ਸੰਗਾਤੀ।
ਕੰਤ ਪਿਤਾ ਪੁਨਿ ਕੰਤ ਬਿਮੁਗਤ, ਸਦਰ ਕੀ ਤਰੁਨੀ ਬਿਲਲਾਤੀ।
ਬਾਂਹਿ ਗਹੇ ਸੁ ਪ੍ਰਬੋਧਤਿ ਭੀ 'ਸੁਮਤ! ਤਜਿ ਸ਼ੋਕ, ਸੁਨੋ ਮਮ ਬਾਤੀ॥ ੩੨॥

ਚਾਰੇ ਪਾਸੇ ਦੁੱਖ ਦਾ ਰੋਲਾ ਸੁਣਿਆ ਤਾਂ ਧੀਰਜ ਛੱਡ ਕੇ ਛਾਤੀ ਦੁੱਖ ਨਾਲ ਭਰ ਗਈ। ਬੇਬੇ ਨਾਨਕੀ ਨੇ ਦਾਸ ਦਾਸੀਆਂ ਅਤੇ ਸੰਗੀ ਸਾਥੀਆਂ ਦੀ ਦਸ਼ਾ ਵੇਖੀ। ਪਤੀ ਦੇ ਪਿਤਾ ਪਰਮਾਨੰਦ, ਜੈ ਰਾਮ ਅਤੇ ਭਰਜਾਈ ਨੂੰ ਵਿਲਕਦੇ ਵੇਖਿਆ ਤਾਂ ਉਨ੍ਹਾਂ ਨੂੰ ਬਾਂਹ ਤੋਂ ਫੜ ਕੇ ਸਮਝਾਉਂਦੀ ਹੈ। 'ਸਾਰੇ ਦੁੱਖ ਛੱਡ ਕੇ ਮੇਰੀ ਗੱਲ ਸੁਣੋ॥ ੩੨॥

ਗਰਭਵਤੀ ਤੁਝ ਦੇਹਿ ਅਹੈ, ਬਹੁ ਸੰਕਟ ਦੇਨਿ ਨ ਯੋਗ ਲਖੀਜੈ।
ਭੇਦ ਕਛੂ ਨਹਿਂ ਜਾਨਤਿ ਤਾਂਹਿ ਕੋ ਬਾਦ ਹੀ ਸ਼ੋਕ ਔ ਚਿੰਤ ਕਰੀਜੈ।

ਤੇ ਪਤਿ ਆਇ ਮਿਲੈ ਨਿਸ਼ਚੈ ਕਰਿ, ਸੀਖ ਜੋ ਮੇਰੀ ਰਿਦੈ ਦ੍ਰਿੜ ਲੀਜੈ।
ਤੀਨ ਦਿਨਾਂ ਲਗ, ਹੇ ਸੁ ਕੁਮਾਰਿ ! ਉਤਾਰਿ ਨ ਹਾਰ ਸ਼ਿੰਗਾਰ, ਮਨੀਜੈ ॥੩੩॥

ਗਰਭਵਤੀ ਹੋਣ ਕਰਕੇ ਤੈਨੂੰ ਆਪਣੇ ਸਰੀਰ ਨੂੰ ਬਹੁਤਾ ਸੰਕਟ ਨਹੀ ਦੇਣਾ ਚਾਹੀਦਾ, ਤੁਸੀ ਕੁਝ ਵੀ ਭੇਦ ਨਹੀ ਜਾਣਦੇ ਹੋ, ਉਸ ਭੇਦ ਨੂੰ ਸਮਝਣ ਤੋਂ ਬਾਅਦ ਹੀ ਚਿੰਤਾ ਕਰੋ। ਇਹ ਨਿਸ਼ਚਾ ਕਰੋ ਕਿ ਤੁਹਾਡੇ ਪਤੀ ਦੇਵ ਜ਼ਰੂਰ ਆਉਣਗੇ, ਇਹ ਮੇਰੀ ਸਿਖਿਆ ਦ੍ਰਿੜਤਾ ਨਾਲ ਆਪਣੇ ਹਿਰਦੇ ਵਿਚ ਵਸਾ ਲਵੋ। ਹੇ ਕੁਮਾਰੀ ! ਤਿੰਨ ਦਿਨ ਲੱਗਣਗੇ, ਇਸ ਲਈ ਮੇਰੀ ਗੱਲ ਮੰਨੋ ਤੇ ਗਲ ਵਿਚੋਂ ਹਾਰ ਸ਼ਿੰਗਾਰ ਨਾ ਉਤਾਰੋ' ॥ ੩੩॥

ਹੇਤ ਸਮੇਤ ਕੇ ਸੀਖ ਸੁ ਦੇਤਿ ਹੈ ਨਾਨਕੀ ਹੇਰਿ ਸਭੈ ਪਰਵਾਰੂ।
ਕੇਚਿਤ ਕਾਲ ਸੁਨੈ ਚੁਪ ਹ੍ਵੈ ਕਰਿ ਜੇ ਬਚਨਾ ਹਿਤ ਕੇ ਸੁਖਕਾਰੂ।
ਮੂਰਤਿ ਫੇਰ ਸਲੋਨੀ ਚਿਤਾਰਿਕੇ ਸ਼ੋਰ ਉਠੈ ਇਕਬਾਰ ਖਭਾਰੂ।
ਜੋ ਪੁਰਿ ਮੈਂ ਸੁਨੈ ਸ਼੍ਰੋਨ ਬਿਖੈ ਸੋਊ ਰੋਇ ਉਠੈ ਗੁਨ ਭਾਖਿ ਅਚਾਰੂ॥ ੩੪॥

ਬੇਬੇ ਨਾਨਕੀ ਸਾਰੇ ਪਰਿਵਾਰ ਨੂੰ ਪਿਆਰ ਨਾਲ ਸਿੱਖਿਆ ਦਿੰਦੀ ਹੈ। ਕੁਝ ਸਮਾਂ ਸਾਰਿਆਂ ਨੇ ਚੁਪ ਰਹਿ ਕੇ ਉਸ ਨੂੰ ਸੁਣਿਆ, ਜਿਹੜੇ ਉਸ ਨੇ ਸੁਖਦਾਇਕ ਬਚਨ ਕਹੇ। ਫਿਰ ਸੁੰਦਰ ਸੂਰਤ ਨੂੰ ਯਾਦ ਕਰਕੇ ਕਲੇਜਾ ਹਿਲਾ ਦੇਣ ਵਾਲਾ ਸ਼ੋਰ ਉਠਿਆ। ਨਗਰ ਵਿਚ ਜਿਹੜਾ ਵੀ ਇਹ ਘਟਨਾ ਕੰਨਾਂ ਨਾਲ ਸੁਣਦਾ ਸੀ, ਉਹੀ ਗੁਰੂ ਜੀ ਦੇ ਗੁਣਾਂ ਦੀ ਵਡਿਆਈ ਕਰਕੇ ਰੋ ਪੈਂਦਾ ਸੀ॥ ੩੪॥

ਕੋਊਕ ਮੀਤ ਹੁਤੇ ਸੋਊ ਰੋਤਿ ਹੈਂ ਆਪਨ ਪੈ ਮਿਲ ਬੈਸਤਿ ਬ੍ਰਿੰਦਾ।
ਕੋਊਕ ਆਨਿ ਅਵਾਸ ਬਿਖੈ ਕਹੈਂ ਬੈਨ ਜੈਰਾਮ ਸੋਂ 'ਭਾ ਅਤਿ ਮੰਦਾ।
ਕੈਸੇ ਅਚਾਨਕ ਰੀਤਿ ਬਨੀ, ਇਸ਼ਨਾਨ ਕਰੈਂ ਨਿਤ ਬੇਦਿਨ ਇੰਦਾ।
ਦੇਹਿ ਬਹੋਰ ਨ ਹਾਥ ਲਗੀ ਬਹੁ ਕੀਨ ਉਪਾਇ ਹ੍ਵੈ ਠਾਂਢ ਨਰਿੰਦਾ॥ ੩੫॥

ਕਈ ਇਕ ਜਿਹੜੇ ਮਿੱਤਰ ਸਨ ਅਤੇ ਹੱਟੀ ਤੇ ਆ ਕੇ ਬਹੁਤ ਸਮਾਂ ਬੈਠਦੇ ਸਨ, ਉਹ ਵੀ ਰੋਂਦੇ ਸਨ। ਕਈ ਘਰ ਆ ਕੇ ਜੈ ਰਾਮ ਨੂੰ ਕਹਿੰਦੇ ਸਨ ਕਿ "ਬਹੁਤ ਮਾੜੀ ਗੱਲ ਹੋਈ ਹੈ। ਕਿਸ ਤਰ੍ਹਾਂ ਅਚਾਨਕ ਹੀ ਇਹ ਰੀਤੀ ਬਣੀ, ਬੇਦੀਆਂ ਦੇ ਚੰਦ ਤਾਂ ਰੋਜ਼ ਹੀ ਵੇਈਂ ਨਦੀ ਵਿਚ ਇਸ਼ਨਾਨ ਕਰਦੇ ਸਨ। ਫਿਰ ਦੇਹ ਵੀ ਉਨ੍ਹਾਂ ਦੀ ਹੱਥ ਨਹੀਂ ਆਈ ਹੈ, ਨਵਾਬ ਨੇ ਆਪ ਖੜੇ ਹੋ ਕੇ ਬੜੇ ਉਪਾਅ ਕੀਤੇ ਹਨ॥ ੩੫॥

ਦੋਹਰਾ- ਅਸ ਪ੍ਰਕਾਰ ਸਭ ਮਾਨਿਕੈ ਅਚਰਜ ਉਰ ਨਰ ਨਾਰਿ।
ਕੋਇਕ ਸੁਜਸ ਉਚਾਰਹੀਂ ਕੋਇਕ ਨਿੰਦਹਿਂ ਗ੍ਵਾਰ॥ ੩੬॥

ਇਸ ਪ੍ਰਕਾਰ ਮੰਨ ਕੇ ਸਭ ਨਰ ਨਾਰੀ ਹੈਰਾਨ ਹੋ ਰਹੇ ਸਨ। ਕਈ ਗੁਰੂ ਜੀ ਦਾ ਜੱਸ ਕਰ ਰਹੇ ਸਨ ਅਤੇ ਕਈ ਗਵਾਰ ਉਨ੍ਹਾਂ ਦੀ ਨਿੰਦਿਆ ਕਰ ਰਹੇ ਸਨ॥ ੩੬॥

ਸ੍ਵੈਯਾ- ਪੁਰਿ ਰੌਰੁ ਪਰਾ ਬਿਸਮਾਦਿ ਰਿਦੈ ਤਨ ਖੋਜਿ ਰਹੇ ਕਿਤ ਹਾਥ ਨ ਆਯੋ।
ਨਰ ਨਿੰਦਕ ਜੇ ਨਹਿਂ ਬਿੰਦਕ ਭੇਦ ਕੋ, ਤਿੰਦਕ ਮੋਹ ਜਿਨੈ ਗਰਸਾਯੋ।
ਮੁਖ ਬੈਨ ਅਲਾਇ ਸੁਨਾਇ ਕਹੈਂ 'ਸੁ ਗਵਾਇ ਬਿਤੰ ਬਹੁਰੋ ਪਛੁਤਾਯੋ।
ਜਲ ਡੂਬ ਗਯੋ, ਨਿਜ ਪ੍ਰਾਨ ਹਯੋ, ਨ ਕਲੇਸ਼ ਪਯੋ, ਮਨ ਯੋ ਸਮਝਾਯੋ॥ ੩੭॥

ਸਾਰੇ ਨਗਰ ਵਿਚ ਰੌਲਾ ਪਿਆ ਸੀ ਅਤੇ ਦਿਲ ਵਿਚ ਬੜੇ ਹੈਰਾਨ ਹੋ ਕੇ ਕਹਿ ਰਹੇ ਸਨ, ਬਹੁਤ ਖੋਜ ਕੀਤੀ, ਪਰ

ਸਰੀਰ ਹੱਥ ਨਹੀਂ ਆਇਆ ਹੈ। ਨਰ ਨਿੰਦਕ ਜੋ ਇਹ ਨਹੀਂ ਜਾਣਦੇ ਕਿ ਅਸਲ ਭੇਦ ਕੀ ਹੈ ਅਤੇ ਜਿਨ੍ਹਾਂ ਨੂੰ ਮੋਹ ਰੂਪੀ ਤੰਦੂਏ ਨੇ ਗ੍ਰਸਿਆ ਹੋਇਆ ਹੈ। ਉਹ ਇਹ ਸੁਣਾ ਕੇ ਕਹਿੰਦੇ ਹਨ, "ਗੁਰੂ ਜੀ ਨੇ ਧਨ ਬਹੁਤ ਗਵਾਇਆ ਸੀ, ਇਸ ਲਈ ਬਾਅਦ ਵਿਚ ਪਛਤਾਉਣ ਕਰਕੇ ਪਾਣੀ ਵਿਚ ਡੁੱਬ ਗਏ ਅਤੇ ਆਪਣੇ ਪ੍ਰਾਣ ਨਾਸ਼ ਕੀਤੇ। ਬਾਅਦ ਵਿਚ ਕੋਈ ਕਲੇਸ਼ ਨਾ ਪਵੇ, ਇਸ ਤਰ੍ਹਾਂ ਮਨ ਨੂੰ ਸਮਝਾਇਆ॥ ੩੭॥

ਟੋਟਾ ਵਡੋ ਪਿਖਿ, ਰਾਟਹਿ ਕੇ ਡਰ, ਨਾਂਹਿ ਟਿਕਜੋ, ਟਕ ਟਕ ਕਰੀ ਗਤਿ।
ਟੋਰ ਫਿਰੇ ਤਟ ਔ ਘਟ ਘਾਟ, ਗਿਯੋ ਕਿਤ ਬਾਟ, ਨ ਜਾਨਤਿ ਕੋ ਗਤਿ'।
ਕੋਟਿ ਗਟੀ ਚਢਿ ਹੈ ਹਟਿ ਹੈ, ਘਟ ਕਾਨ ਜੈਰਾਮ ਸੁਨੇ ਬਤਿਯਾਂ ਇਤਿ।
ਮਾਨਹੁ ਘਾਵ ਮੈਂ ਲੋਨ ਲਗਾਵਤਿ ਸੀਸ ਧਨੈ ਚਿਤ ਖੇਦ ਭਯੋ ਅਤਿ॥ ੩੮॥

ਵੱਡਾ ਘਾਟਾ ਵੇਖ ਕੇ ਅਤੇ ਨਵਾਬ ਦਾ ਡਰ ਕਰਕੇ ਟਿਕਿਆ ਨਹੀ ਅਤੇ ਪਰਿਵਾਰ ਦੀ ਪ੍ਰੀਤ ਟੁੱਕ ਕੇ ਟੋਟੇ ਕੀਤੀ ਹੈ। ਸਾਰੇ ਕੰਢੇ ਅਤੇ ਸਾਰੇ ਘਾਟ ਢੂੰਡ ਫਿਰੇ ਹਨ, ਪਰ ਕਿਹੜੇ ਰਸਤੇ ਗਿਆ ਹੈ ਕੋਈ ਵੀ ਤਬ ਜਾਣਦਾ ਨਹੀਂ।" ਕਈ ਗਿਣਤੀਆਂ ਗਿਣਦੇ ਹਨ, ਜਦ ਜੈ ਰਾਮ ਦਿਲ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਸੁਣਦੇ ਹਨ, ਮਾਨੋ ਲੋਕ ਜ਼ਖ਼ਮਾਂ ਤੇ ਲੂਣ ਲਾਉਂਦੇ ਹਨ। ਸਿਰ ਹਿਲਾਉਂਦਾ ਹੈ ਅਤੇ ਦਿਲ ਵਿਚ ਅਤਿ ਦੁਖੀ ਹੈ॥ ੩੮॥

'ਰੋਜ ਫਕੀਰਨ ਕੋ ਜੁ ਖਵਾਵਤਿ, ਆਵਤਿ ਨਾਂਹਿ ਰਸਾਯਨ ਕਾਈ।
ਭੈ ਨ ਕਰਜੋ ਭਵ ਦਾਨੀ ਭਯੋ, ਧਨ ਭੂਪਤਿ ਭਾਰੀ ਜਜੋਂ ਭੂਰ ਲੁਟਾਈ।
ਗ੍ਰਾਮ ਕੋ ਰਾਜ ਨ ਕਾਜ ਬਿਆਜ ਕੋ, ਆਜ ਪਿਖੀ ਇਸਕੀ ਪ੍ਰਭੁਤਾਈ'।
ਆਨਨ ਨਿੰਦ ਬਕੈਂ ਬਿਨ ਬਿੰਦ, ਮੁਕੰਦ ਕੋ ਭੇਦ ਲਖਜੋ ਨਹਿੰ ਜਾਈ॥ ੩੯॥

"ਰੋਜ਼ ਫਕੀਰਾਂ ਨੂੰ ਖਾਣਾ ਖਵਾਉਂਦਾ ਸੀ, ਉਸ ਪਾਸ ਕੋਈ ਰਸਾਇਣ ਤੇ ਨਹੀ ਸੀ, ਜਿਸ ਨਾਲ ਧਨ ਪੈਦਾ ਕਰ ਲੈਂਦਾ ਸੀ। ਸੰਸਾਰ ਦਾ ਦਾਨੀ ਬਣ ਗਿਆ ਤੇ ਕੋਈ ਭੈ ਨਾ ਕੀਤਾ। ਧਨ ਇਸ ਤਰ੍ਹਾਂ ਲੁਟਾਇਆ ਜਿਵੇਂ ਕੋਈ ਵੱਡਾ ਰਾਜਾ ਵਿਆਹ ਤੇ ਮੰਗਤਿਆਂ ਨੂੰ ਦਾਨ ਵੰਡਦਾ ਹੈ। ਨਾ ਹੀ ਨਗਰ ਦਾ ਰਾਜਾ ਸੀ ਤੇ ਨਾ ਹੀ ਉਸ ਦਾ ਵਿਆਜ ਦਾ ਕਾਰੋਬਾਰ ਚਲਦਾ ਸੀ, ਇਸ ਦੀ ਪ੍ਰਭੁਤਾਈ ਅੱਜ ਵੇਖੀ ਹੈ।" ਨਿੰਦਕ ਸਮਝੇ ਬਗੈਰ ਬਕਵਾਸ ਕਰਦੇ ਸਨ। ਮੁਕਤੀਦਾਤੇ ਦਾ ਭੇਦ ਜਾਣਿਆ ਨਹੀਂ ਸੀ ਜਾ ਸਕਦਾ॥ ੩੯॥

ਦੋਹਰਾ- ਨਗਰ ਨਰਨ ਪਰਵਾਰ ਪੁਨ ਸਭਿ ਕੀ ਦਸ਼ਾ ਵਿਚਾਰ।
ਦੁਤਿਯ ਰੈਨ ਮਹਿਂ ਨਾਨਕੀ ਧਰਜੋ ਧਯਾਨ ਸੁਖਸਾਰ॥ ੪੦॥

ਨਗਰ ਦੇ ਲੋਕਾਂ ਅਤੇ ਪਰਿਵਾਰ ਦੀ ਦਸ਼ਾ ਵਿਚਾਰ ਕੇ ਬੇਬੇ ਨਾਨਕੀ ਨੇ ਸੁਖ ਸਾਗਰ ਗੁਰੂ ਜੀ ਦਾ ਧਿਆਨ ਧਰਿਆ॥ ੪੦॥

ਸ੍ਵੈਯਾ- 'ਹੇ ਜਗਬੰਦ! ਪ੍ਰਭੁ ਸੁਖ ਕੰਦ! ਮੁਕੰਦ! ਅਨੰਦ ਕੋ ਦਾਸਨ ਦਾਨੀ!
ਸ੍ਰੀ ਕਰਤਾਰ! ਮੁਰਾਰਿ! ਅਘਾਰਿ ਲਯੋ ਅਵਤਾਰ! ਸੁ ਮੈਂ ਮਨ ਮਾਨੀ।
ਜੇ ਸ਼ਰਧਾ ਮਮ ਸਾਚ ਰਿਦੇ ਮਹਿਂ ਤੌ ਪ੍ਰਗਟੋ ਪਰਭਾਤ ਮਹਾਨੀ।
ਸ਼ੋਕ ਹਰੋ ਨਿਜ ਲੋਕਨ ਕੋ, ਸਹਿ ਸ਼ੋਕ ਕਰੋ ਜੇਉ ਮਚ ਗਮਾਨੀ॥ ੪੧॥

"ਹੇ ਜਗਤ ਨੂੰ ਬਣਾਉਣ ਵਾਲੇ! ਸੁਖ ਦੇਣ ਵਾਲੇ ਪ੍ਰਭੂ! ਮੁਕਤੀ ਦਾਤੇ! ਆਪਣੇ ਦਾਸਾਂ ਨੂੰ ਅਨੰਦ ਅਤੇ ਦਾਨ ਦੇਣ ਵਾਲੇ ਸ੍ਰੀ ਕਰਤਾਰ! ਮੁਰਾਰੀ, ਪਾਪ ਨਾਸ਼ ਕਰਤਾ, ਇਹ ਗੱਲ ਮੈਂ ਮਨ ਵਿਚ ਮੰਨੀ ਹੈ। ਜੇ ਮੇਰੀ ਸ਼ਰਧਾ ਹਿਰਦੇ ਵਿਚ ਸੱਚੀ ਹੈ ਤਾਂ ਸਵੇਰੇ ਪ੍ਰਗਟ ਹੋ ਜਾਵੇ, ਲੋਕਾਂ ਦਾ ਨਿੱਜੀ ਦੁਖ ਦੂਰ ਹੋਵੇ ਅਤੇ ਜੋ ਵੱਡੇ ਹੰਕਾਰੀ ਅਤੇ ਘੁਮੰਡੀ ਹਨ ਉਨ੍ਹਾਂ ਨੂੰ ਸ਼ੋਕਮਾਨ ਜਾਂ ਸ਼ਰਮਿੰਦੇ ਕਰੋ॥ ੪੧॥

ਦੀਨ ਦਯਾਲ! ਸਦਾ ਅਰਿ ਘਾਲ ਸਭੈ ਤੇ ਬਿਸਾਲ ਬਿਹੀਨ ਕਲੰਕਾ!।
ਹੇ ਜਨ ਲਾਲ! ਪਖੰਡਨਿ ਸਾਲ, ਹਰੈਂ ਜਮਜਾਲ ਕਰਾਲ ਅਤੰਕਾ।
ਜੇ ਕਲਿਕਾਲ, ਕੁਚਾਲ ਮਹਾਂ, ਅਘ ਜਾਲ ਭਏ ਨਰ ਹ੍ਵੈ ਮਤਿ ਰੰਕਾ।
ਸੋਊ ਉਬਾਰਨ ਕਾਰਨ ਰਾਵਰ ਕਾਯਾਂ ਧਰੀ, ਮੁਖ ਚਾਰ ਮਯੰਕਾ॥ ੪੨॥

ਹੇ ਦੀਨ ਦਿਆਲ! ਵੈਰੀਆਂ ਦੇ ਨਾਸ਼ਕ ਅਤੇ ਸਭ ਤੋਂ ਮਹਾਨ ਤੇ ਕਲੰਕ ਰਹਿਤ! ਹੇ ਦਾਸਾਂ ਦੇ ਪਿਆਰੇ! ਪਖੰਡਾਂ ਨੂੰ ਸਲੋਣ ਵਾਲੇ, ਭਿਆਨਕ, ਭੈ, ਰੋਗ ਅਤੇ ਪੀੜ ਨੂੰ ਦੂਰ ਕਰਨ ਵਾਲੇ। ਕਲਿਜੁਗ ਵਿਚ ਸਮੂਹ ਪਾਪਾਂ ਨੇ ਮਨੁੱਖ ਨੂੰ ਕੰਗਾਲ ਬੁੱਧੀ ਵਾਲਾ ਬਣਾ ਦਿੱਤਾ ਹੈ। ਲੋਕਾਂ ਦਾ ਕਲਿਆਣ ਕਰਨ ਵਾਸਤੇ ਆਪ ਨੇ ਦੇਹ ਧਾਰਨ ਕੀਤੀ ਹੈ ਅਤੇ ਤੁਹਾਡਾ ਮੁਖ ਚੰਦ ਵਰਗਾ ਸੁੰਦਰ ਹੈ॥ ੪੨॥

ਦੋਹਰਾ- ਅਸ ਪ੍ਰਕਾਰ ਤਨ ਤਜਿਨਿ ਕੋ ਕਿਉਂ ਤਮਰੋ ਬਨਿ ਆਇ।
ਕੈਸੇ ਅੰਤਰ ਧਜਾਨ ਭੇ ਆਵਹ ਦਰਸ ਦਿਖਾਇ॥ ੪੩॥

ਇਸ ਤਰ੍ਹਾਂ ਤਨ ਛੱਡਣ ਦੀ ਤੈਨੂੰ ਕੀ ਲੋੜ ਪਈ? ਕਿਸ ਤਰ੍ਹਾਂ ਛਿਪ ਗਏ, ਮੇਰੇ ਧਿਆਨ ਅੰਦਰ ਆਵੋ ਅਤੇ ਮੈਨੂੰ ਆਪਣਾ ਦਰਸ ਦਿਖਾਵੋ॥ ੪੩॥

ਦੋਹਰਾ- ਬਾਰਜ ਬਨ ਪਰਵਾਰ ਨਿਜ ਸਰਬ ਗਯੋ ਕੁਮਲਾਇ।
ਭੋਰ ਪ੍ਰਭਾਕਰ ਸੇ ਮਿਲੋ ਬਦਨ ਸੁ ਛਬਿ ਬਿਕਸਾਇ॥ ੪੪॥

ਆਪ ਦਾ ਕੰਵਲਾਂ ਦਾ ਵਣ ਸਾਰੇ ਦਾ ਸਾਰਾ ਕੁਮਲਾ ਗਿਆ ਹੈ। ਜਦ ਸਵੇਰ ਹੋਵੇਗੀ ਅਤੇ ਸੂਰਜ ਨੂੰ ਵੇਖਣਗੇ ਤਾਂ ਮੁਖੜੇ ਦੀ ਚਮਕ ਫਿਰ ਖਿੜ ਉਠੇਗੀ॥ ੪੪॥

ਬੰਦਿ ਹਾਥ ਦ੍ਵੈ ਬੰਦਿ ਹੀ ਧਰ ਪਰ ਧਰਿ ਕਰਿ ਸੀਸ।
'ਕਰੀ ਪ੍ਰਤੱਗਯਾ ਮੈਂ ਜੋ ਮੁਖ, ਪੂਰਹ ਸ੍ਰੀ ਜਗਦੀਸ਼!'॥ ੪੫॥

ਦੋਵੇਂ ਹੱਥ ਜੋੜ ਕੇ ਅਤੇ ਧਰਤੀ ਤੇ ਸਿਰ ਰੱਖ ਕੇ ਮੈਂ ਮੱਥਾ ਟੇਕਦੀ ਹਾਂ। ਹੇ ਜਗਦੀਸ਼ਵਰ ਮੈਂ ਜੋ ਮੁਖ ਤੋਂ ਕਹੀ ਹੈ ਇਹ ਮੇਰੀ ਪ੍ਰਤੱਗਿਆ ਪੂਰੀ ਕਰੋ'॥ ੪੫॥

ਸਰਬ ਰੈਨ ਬਿਨ ਸੈਨਕੇ ਕਹਿਤਿ ਸੁਜਸ ਕੇ ਬੈਨ।
ਭ੍ਰਾਤ ਅਰਾਧਤਿ ਪ੍ਰੀਤਿ ਕਰਿ ਰਿਦੈ ਚਿਤਵਿ ਗੁਨ ਐਨ॥ ੪੬॥

ਸਾਰੀ ਰਾਤ ਸੌਣ ਤੋਂ ਬਗੈਰ ਉਹ ਸੁੰਦਰ ਜੱਸ ਦੇ ਬਚਨ ਕਹਿੰਦੀ ਹੈ। ਪ੍ਰੀਤ ਕਰਕੇ ਭਰਾ ਜੀ ਦੀ ਅਰਾਧਣਾ ਕਰਦੀ ਹੈ ਅਤੇ ਹਿਰਦੇ ਵਿਚ ਉਸ ਦੇ ਗੁਣ ਚਿਤਵਦੀ ਹੈ॥ ੪੬॥

ਅਸ ਪ੍ਰਕਾਰ ਭੀ ਪੁਰਿ ਵਿਖੇ ਸੁਨਹੁ ਬਹੁਰ ਗੁਰ ਗਾਥ।
ਕਵਿ ਸੰਤੋਖ ਸਿੰਘ ਸਿਮਰ ਨਿਤ ਬੰਦੌਂ ਧਰਿ ਪਦ ਮਾਥ॥ ੪੭॥

ਇਸ ਪ੍ਰਕਾਰ ਨਗਰ ਵਿਖੇ ਗੁਰੂ ਜੀ ਦੀ ਗਾਥਾ ਫਿਰ ਸੁਣੋ। ਕਵੀ ਸੰਤੋਖ ਸਿੰਘ ਉਨ੍ਹਾਂ ਦਾ ਧਰਤੀ ਤੇ ਮੱਥਾ ਟੇਕ ਕੇ ਨਿਤ ਸਿਮਰਨ ਕਰਦਾ ਹੈ॥ ੪੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵੇਈਂ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਅਠਾਈਸਮੋ ਅਧਯਾਯ॥ ੨੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਅਠਾਈਵਾਂ ਅਧਿਆਇ ਜਿਸਦਾ ਨਾਮ ਹੈ 'ਵੇਈਂ ਪ੍ਰਵੇਸ਼' ਸਮਾਪਤ ਹੋਇਆ॥ ੨੮॥

# ਅਧਿਆਇ ਉੱਨਤੀਵਾਂ

*ਵੇਈਂ ਤੋਂ ਬਾਹਰ ਆਉਣਾ, ਮੋਦੀ ਦੀ ਕਾਰ ਤਿਆਗਣੀ।*

ਦੋਹਰਾ- ਸ੍ਰੀ ਗੁਰ ਚਰਨ ਜਹਾਜ ਸੇ ਤਿਨ ਅਲੰਬ ਹੌਂ ਪਾਇ।
ਪਰੌਂ ਪਾਰ ਸੰਦੇਹ ਬਿਨ ਉਦਿਧ ਬਿਘਨ ਸਮੁਦਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਜਹਾਜ਼ ਵਾਂਗ ਹਨ, ਉਨ੍ਹਾਂ ਦਾ ਆਸਰਾ ਲੈ ਕੇ ਮੈਂ ਸਾਰੇ ਵਿਘਨਾਂ ਰੂਪ ਸਮੁੰਦਰ ਨੂੰ ਬਿਨਾਂ ਸ਼ੱਕ ਪਾਰ ਕਰ ਜਾਵਾਂਗਾ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਸੈਯਾ- ਯਾ ਬਿਧਿ ਸੌਂ ਸੁਲਤਾਨ ਪੁਰੇ ਪੁਨਿ ਸ੍ਰੀ ਗੁਰ ਜਾਤਿ ਭਏ ਪ੍ਰਭੁ ਪਾਸੀ।
ਆਨੰਦ ਕੰਦ ਪਿਖ੍ਯੋ ਕਰ ਬੰਦਿ ਕਹੀ ਅਭਿਬੰਦਨ ਦੰਡ ਸੰਕਾਸੀ।
ਮੰਦਹਿ ਮੰਦ ਮ੍ਰਿਦੰ ਮੁਸ਼ਕਾਯ ਧ੍ਯਾਨ ਜੁਗਿੰਦਨ ਕੇ ਨਿਤ ਬਾਸੀ।
ਬੈਨ ਭਨੇ ਗੁਨਐਨ ਪ੍ਰਮੇਸੁਰ 'ਆਵਹੁ ਨਾਨਕ ! ਨਾਮ ਬਿਲਾਸੀ॥ ੨॥

*ਭਾਈ ਬਾਲੇ ਨੇ ਕਿਹਾ-* ਇਸ ਤਰ੍ਹਾਂ ਸੁਲਤਾਨਪੁਰ ਵਿਚ ਗੁਰੂ ਜੀ ਫਿਰ ਪ੍ਰਭੂ ਪਾਸ ਚਲੇ ਗਏ। ਗੁਰੂ ਜੀ ਨੇ ਪ੍ਰਭੂ ਨੂੰ ਹੱਥ ਜੋੜ ਕੇ ਨਮਸ਼ਕਾਰ ਭਾਵ ਡੰਡੌਤ ਕੀਤੀ। ਹੌਲੀ-ਹੌਲੀ ਜੋਗੀਆਂ ਦੇ ਧਿਆਨ ਵਿਚ ਵੱਸਣ ਵਾਲੇ ਪ੍ਰਭੂ ਜੀ ਮੁਸਕਰਾਏ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਬਚਨ ਕੀਤੇ, "ਨਾਮ ਦਾ ਆਨੰਦ ਲੈਣ ਵਾਲੇ, ਨਾਨਕ ! ਆਵੋ॥ ੨॥

ਕਾਰਨ ਯਾ ਅਵਤਾਰ ਧਰ੍ਯੋ ਭਵ, ਕਾਰਜ ਜਾਇ ਕਰੋ ਅਬ ਸੋਊ।
ਹੈ ਕਲਿਕਾਲ ਕਰਾਲ ਬਿਸਾਲਹਿ ਮੰਦਮਤੀ ਮਨ ਮਾਨਵ ਹੋਊ।
ਦੇਵਨਿ ਪੂਜਤਿ, ਨਾਮ ਤੇ ਬੇਮੁਖ, ਕੇਵਲ ਪਾਪ ਪਰਾਇਨ ਜੋਊ।
ਭਾਉ ਭਲੇ ਭਗਤੀ ਪ੍ਰਗਟਾਵਹੁ, ਭਾਰ ਧਰਾ ਪਰਭੂਰ, ਬਿਗੋਊ॥ ੩॥

ਤੁਸੀਂ ਦੁਨੀਆਂ ਵਿਚ ਜਿਸ ਕਾਰਨ ਅਵਤਾਰ ਧਾਰਿਆ ਹੈ ਉਹੀ ਕਾਰਜ ਹੁਣ ਜਾ ਕੇ ਕਰੋ। ਇਸ ਸੰਸਾਰ ਵਿਚ ਭਿਆਨਕਤਾ ਬਹੁਤ ਵੱਧ ਗਈ ਹੈ ਅਤੇ ਮਨੁੱਖ ਮੰਦਮਤੀ (ਮੰਦੀ ਮੱਤ ਵਾਲੇ) ਹੋ ਗਏ ਹਨ। ਦੇਵਤਿਆਂ ਦੀ ਪੂਜਾ ਕਰਦੇ ਹਨ ਤੇ ਨਾਮ ਤੋਂ ਬੇਮੁਖ ਹੋ ਗਏ ਹਨ, ਕੇਵਲ ਪਾਪਾਂ ਵਿਚ ਹੀ ਉਹ ਵਾਧਾ ਕਰਦੇ ਹਨ। ਪ੍ਰੇਮ ਪਿਆਰ ਵਾਲੀ ਭਗਤੀ ਪ੍ਰਗਟ ਕਰੋ ਅਤੇ ਧਰਤੀ ਤੇ ਪਾਪਾਂ ਦਾ ਜੋ ਭਾਰ ਬਹੁਤ ਵਧ ਗਿਆ ਹੈ ਉਸ ਨੂੰ ਨਾਸ਼ ਕਰੋ॥ ੩॥

ਜਾਤਿ ਅਪਾਰ ਨਿਰੈ ਨਰ ਕੂਰ, ਨਹੀਂ ਸੁਖਮੂਰ ਕਸੂਰ ਕੁਭਾਗੇ।
ਪੰਥ ਤਯਾਗ ਕੁਪੰਥ ਪਰੇ, ਸਭਿ ਲੰਪਟ ਦੰਭ ਅਰੰਭਤਿ ਪਾਗੇ।
ਨਾਮਹਿ ਕੀ ਸਿਫਤੀ ਪਰਕਾਸ਼ਹੁ, ਨਾਸ਼ ਪਖੰਡ ਕਰੋ, ਜਿਹ ਲਾਗੇ'।
ਸ੍ਰੀ ਗੁਰੁ ਜੀ ਸੁਨਿ ਬੈਨ ਭਨੇ ਸਿਰੀ ਰਾਗ ਵਿਖੇ, ਹਿਯਰਾ ਅਨੁਰਾਗੇ॥ ੪॥

ਝੂਠੇ ਲੋਕ ਬਹੁਤੇ ਨਰਕ ਨੂੰ ਜਾਂਦੇ ਹਨ। ਮੂਲੋਂ ਸੁਖ ਨਹੀਂ, ਬਹੁਤੇ ਮੂਰਖ ਅਤੇ ਭੈੜੇ ਭਾਗਾਂ ਵਾਲੇ ਹਨ। ਅਸਲੀ ਪੰਥ ਨੂੰ ਛੱਡ ਕੇ ਕੁਰਾਹੇ ਪਏ ਹੋਏ ਹਨ। ਸਾਰੇ ਫਰੇਬਾਂ ਵਿਚ ਫਸੇ ਹੋਏ ਹਨ ਅਤੇ ਮੁੱਢ ਤੋਂ ਹੀ ਭੈੜੇ ਕੰਮਾਂ ਵਿਚ ਖੱਚਤ ਹੋਏ ਹਨ। ਨਾਮ ਦੀ ਸਿਫਤ ਪ੍ਰਕਾਸ਼ਮਾਨ ਕਰੋ ਤੇ ਪਖੰਡਾਂ ਦਾ ਨਾਸ਼ ਕਰੋ, ਜਿਨ੍ਹਾਂ ਨਾਲ ਇਹ ਜੁੜੇ ਹੋਏ ਹਨ। ਸ੍ਰੀ ਗੁਰੂ ਜੀ ਨੇ ਪ੍ਰਭੂ ਦੇ ਇਹ ਬਚਨ ਸੁਣ ਕੇ ਸ੍ਰੀ ਰਾਗੁ ਵਿਚ ਇਹ ਸ਼ਬਦ ਉਚਾਰਿਆ॥ ੪॥

ਸ੍ਰੀ ਮੁਖਵਾਕ॥ ਸਿਰੀਰਾਗੁ ਮਹਲਾ ੧॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥ ੧॥ ਰਹਾਉ॥
ਰਹਾਉ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੪॥ ੨॥ (ਪੰਨਾ ੧੪)

ਜੇਕਰ ਮੇਰੀ ਉਮਰ ਕਰੋੜਾਂ ਉੱਤੇ ਕਰੋੜਾਂ ਸਾਲਾਂ ਦੀ ਹੋਵੇ, ਜੇਕਰ ਹਵਾ ਹੀ ਮੇਰਾ ਪੀਣਾ ਅਤੇ ਖਾਣਾ ਹੋਵੇ। ਜੇਕਰ ਮੈਂ ਗੁਫਾਵਾਂ ਦੇ ਐਨੇ ਤੰਗ ਥਾਂ ਅੰਦਰ ਰਹਾਂ, ਜਿਥੇ ਮੈਨੂੰ ਦੋਵੇਂ ਚੰਦ ਅਤੇ ਸੂਰਜ ਨਜ਼ਰ ਨਾ ਆਉਣ ਅਤੇ ਜਿਥੇ ਸੁਪਨੇ ਵਿਚ ਵੀ ਮੈਨੂੰ ਕਦੀ ਨੀਂਦ ਨਾ ਆਵੇ। ਫਿਰ ਵੀ ਮੈਂ ਤੇਰੀ ਕੀਮਤ ਪਾ ਨਹੀਂ ਸਕਦਾ, ਕਿੰਨਾ ਵੱਡਾ ਤੇਰਾ ਮੈਂ ਨਾਮ ਕਹਾਂ?॥ ੧॥

ਸੱਚਾ ਨਿਰੰਕਾਰ ਸਦਾ ਆਪਣੇ ਨਿੱਜੀ ਥਾਂ ਤੇ ਹੈ। ਜਿਵੇਂ ਮੈਂ ਕਈ ਵਾਰ ਸੁਣਿਆ ਹੈ, ਉਸ ਤਰ੍ਹਾਂ ਮੈਂ ਤੇਰੀਆਂ ਖੂਬੀਆਂ ਵਰਣਨ ਕਰਦਾ ਹਾਂ। ਹੇ ਪ੍ਰਭੂ! ਜਿਵੇਂ ਤੁਹਾਨੂੰ ਭਾਉਂਦਾ ਹੈ, ਮੇਰੇ ਅੰਦਰ ਆਪਣਾ ਚਾਨਣ ਪੈਦਾ ਕਰੋ॥ ੧॥ ਠਹਿਰਾਉ॥

ਜੇ ਮੈਂ ਮੁੜ ਮੁੜ ਕੇ ਪੀਸਿਆ, ਵੱਢਿਆ ਅਤੇ ਕੱਟਿਆ ਜਾਵਾਂ, ਜੇ ਮੈਂ ਅੱਗ ਨਾਲ ਸਾੜ ਦਿੱਤਾ ਜਾਵਾਂ ਅਤੇ ਸਵਾਹ ਨਾਲ ਮਿਲਾ ਦਿੱਤਾ ਜਾਵਾਂ। ਫਿਰ ਵੀ ਮੈਂ ਤੇਰਾ ਮੁੱਖ ਪਾਉਣ ਦੇ ਯੋਗ ਨਹੀ ਹੋਵਾਂਗਾ। ਮੈਂ ਤੇਰੇ ਨਾਮ ਨੂੰ ਕਿੰਨਾ ਵੱਡਾ ਕਹਾਂ॥ ੨॥

ਜੇ ਮੈਂ ਪੰਛੀ ਹੋ ਕੇ ਸੈਂਕੜੇ ਅਕਾਸ਼ਾਂ ਵਿਚ ਚੱਕਰ ਕੱਢਾਂ ਤੇ ਉਡਾਰੀਆਂ ਮਾਰਾਂ ਅਤੇ ਜੇ ਮੈਂ ਕਿਸੇ ਨੂੰ ਨਜ਼ਰ ਨਾ ਆਵਾਂ ਅਤੇ ਕੁਝ ਵੀ ਨਾ ਪੀਵਾਂ ਅਤੇ ਖਾਵਾਂ। ਫਿਰ ਵੀ ਮੈਂ ਤੇਰੀ ਕੀਮਤ ਨਹੀਂ ਪਾ ਸਕਦਾ, ਮੈਂ ਤੇਰੇ ਨਾਮ ਨੂੰ ਕਿੱਡਾ ਵੱਡਾ ਬਿਆਨ ਕਰਾਂ॥ ੩॥

ਹੇ ਨਾਨਕ! ਜੇ ਮੇਰੇ ਪਾਸ ਲੱਖਾਂ ਮਣ ਕਾਗਜ਼ ਹੋਵੇ, ਜੇਕਰ ਸਿਆਹੀ ਦੀ ਮੈਨੂੰ ਕਦੇ ਘਾਟ ਨਾ ਆਵੇ, ਜੇ ਲਿਖਣ ਵੇਲੇ ਮੇਰੀ ਕਲਮ ਹਵਾ ਰਫਤਾਰ ਵਾਂਗ ਚਲੇ, ਅਤੇ ਜੇ ਉਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਮੇਰੀ ਪ੍ਰਭੂ ਨਾਲ ਪ੍ਰੀਤ ਪੈ ਜਾਵੇ। ਫਿਰ ਵੀ ਮੈਂ ਤੇ ਰੀ ਕੀਮਤ ਨਹੀਂ ਪਾ ਸਕਦਾ। ਮੈਂ ਤੇਰੇ ਨਾਮ ਨੂੰ ਕਿੰਨਾ ਵੱਡਾ ਆਖਾਂ?॥ ੪॥੨॥

ਦੋਹਰਾ- ਪਾਰਬ੍ਰਹਮ ਬਿਗਸੇ ਸੁਨਤਿ ਮੰਤ੍ਰ ਦੀਨ ਗੁਰੁ ਹੋਇ।
ਸ੍ਰੀ ਨਾਨਕ ਧਾਰਨ ਕਰਜੋ ਬਰਨ ਸੁਨਾਵੋਂ ਸੋਇ॥ ੫॥

ਪਾਰਬ੍ਰਹਮ ਇਹ ਸ਼ਬਦ ਸੁਣ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਫਿਰ ਗੁਰੂ ਜੀ ਨੂੰ ਮੰਤਰ ਦਿੱਤਾ। ਜੋ ਸ੍ਰੀ ਨਾਨਕ ਨੇ ਧਾਰਨ ਕੀਤਾ ਉਹੋ ਆਖ ਕੇ ਸੁਣਾਉਂਦਾ ਹਾਂ॥ ੫॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਸ੍ਵੈਯਾ- ਬਹੁਰੋ ਧੁਨਿ ਭੂਰ ਗੰਭੀਰ ਭਨੈ 'ਤਜਿਯੇ ਕ੍ਰਿਤਿ ਕੋ, ਬਿਦਤਾਵਹੁ ਜਾਈ'।
ਪਦਬੰਦਨ ਕੋ ਕਰਿ ਫੇਰ ਮੁਰੇ ਦੁਖ ਦੁੰਦ ਮਿਟੈਂ ਜਿਹ ਕੇ ਦਰਸਾਈ।
ਜਹਿਂ ਤੇ ਸੁ ਗਏ ਤਿਹ ਠੌਰ ਅਏ, ਸੁਖ ਦਾਸ ਦਏ ਜਿਹ ਨਾਮ ਜਪਾਈ।
ਗੁਰੁ ਕਿੰਕਰ ਲੇ ਕਰਿ ਚੀਰ ਬਰੰ ਥਿਰ ਤੀਰ ਵਿਈਂ ਨਿਤ ਹੋਵਹਿ ਆਈ॥੬॥

ਫਿਰ ਬਹੁਤ ਗੰਭੀਰ ਧੁਨੀ ਵਿਚ ਪ੍ਰਭੂ ਨੇ ਕਿਹਾ, "ਕਿਰਤ ਨੂੰ ਛੱਡ ਦੇਵੋ ਤੇ ਇਸ ਮੰਤਰ ਨੂੰ ਪ੍ਰਗਟ ਕਰੋ, ਨਮਸ਼ਕਾਰ ਕਰਕੇ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਕੇ ਸਭ ਦੁੱਖ ਦਵੰਦ ਮਿੱਟ ਜਾਂਦੇ ਹਨ, ਵਾਪਿਸ ਮੁੜੇ।

ਜਿਥੋਂ ਉਹ ਗਏ ਸਨ, ਉਥੇ ਹੀ ਵਾਪਿਸ ਆ ਗਏ, ਦਾਸਾਂ ਨੂੰ ਜਿਸ ਸੁਖ ਦੇ ਕੇ ਨਾਮ ਜਪਾਇਆ। ਗੁਰੂ ਜੀ ਦਾ ਸੇਵਕ ਸ੍ਰੇਸ਼ਟ ਕਪੜੇ ਲੈ ਕੇ ਨਿਤ ਵੇਈਂ ਨਦੀ ਦੇ ਕਿਨਾਰੇ ਆਉਂਦਾ ਹੈ॥ ੬॥

ਦੋਹਰਾ- ਜਹਿਂ ਪ੍ਰਵਿਸ਼ੇ ਇਕ ਕੋਸ ਤਹਿਂ ਨਿਕਸੇ ਗੁਰੂ ਪ੍ਰਬੀਨ।
ਸੰਤ ਘਾਟ ਅਬ ਲਗ ਬਿਦਤ ਦਰਸਹਿਂ ਸਿੱਖ ਸੁ ਚੀਨ॥ ੭॥

ਜਿਥੋਂ ਨਦੀ ਵਿਚ ਪ੍ਰਵੇਸ਼ ਕੀਤਾ ਸੀ ਉਸ ਤੋਂ ਇਕ ਕੋਹ ਦੂਰ ਗੁਰੂ ਜੀ ਬਾਹਰ ਨਿਕਲੇ। ਉਸ ਸਥਾਨ ਨੂੰ ਸੰਤ ਘਾਟ ਕਹਿੰਦੇ ਹਨ, ਜਿਸ ਨੂੰ ਸਿੱਖਾਂ ਨੇ ਲੱਭ ਕੇ ਪ੍ਰਗਟ ਕੀਤਾ ਹੈ॥ ੭॥

ਸ਼ਰਧਾ ਉਰ ਭੂਰ ਨਿਹਾਰਤਿ ਬਾਰਿ ਗੁਰੂ ਪਦ ਪ੍ਰੇਮ ਮੈਂ ਹੋਤਿ ਅਧੀਰਾ।
ਮੁਖ ਸੋਚਤਿ ਲੋਚਨ ਨੀਰ ਬਿਮੋਚਤਿ, ਚੋਂਪਤ ਚੀਤ, ਹਲੈ ਝਖ ਨੀਰਾ।
ਇਸ਼ਨਾਨ ਸਮੈਂ ਨਿਕਸੇ ਕਰੁਨਾਕਰ ਬਾਸੁਰ ਤੀਨ ਬਿਤਾਇ ਗਹੀਰਾ।
ਦ੍ਰਿਗ ਦੇਖਤਿ ਹੀ ਉਮਗਾ ਅਨੁਰਾਗ ਸੁਭਾਗ ਜੁ ਦਾਸ ਖਰਾ ਜਲ ਤੀਰਾ॥੮॥

ਹਿਰਦੇ ਵਿਚ ਸ਼ਰਧਾ ਲਿਆ ਕੇ ਵੇਈਂ ਨਦੀ ਦਾ ਜਲ ਗੁਰੂ ਜੀ ਦੇ ਚਰਨਾਂ ਵੱਲ ਵੇਖਦਾ ਹੈ ਅਤੇ ਪ੍ਰੇਮ ਨਾਲ ਅਧੀਰ ਹੋ ਗਿਆ ਹੈ। ਅੱਖਾਂ ਵਿਚ ਪਾਣੀ ਵਹਾਉਂਦਾ ਹੈ। ਖੁਸ਼ ਹੋ ਕੇ ਉਛਲਦਾ ਹੈ, ਜਿਵੇਂ ਮੱਛੀ ਕਰਕੇ ਪਾਣੀ ਹਿਲਦਾ ਹੈ। ਕਰੁਨਾ ਦੀ ਖਾਣ ਇਸ਼ਨਾਨ ਸਮੇਂ ਤਿੰਨ ਦਿਨ ਬਿਤਾ ਕੇ ਬਾਹਰ ਨਿਕਲੇ। ਦਾਸ ਜਿਹੜਾ ਕਪੜੇ ਲੈ ਕੇ ਵੇਈਂ ਨਦੀ ਦੇ ਕਿਨਾਰੇ ਖੜਾ ਸੀ, ਗੁਰੂ ਜੀ ਨੂੰ ਬਾਹਰ ਨਿਕਲਿਆ ਵੇਖ ਕੇ ਬਹੁਤ ਖੁਸ਼ ਹੋਇਆ॥ ੮॥

ਦੌਰ ਕਰੀ ਪਦ ਮੈਂ ਅਭਿਬੰਦਨ ਅੰਬਰ ਦੀਨ, ਸੁਖੰਬਰ ਪਾਯੋ।
ਦੇਖਿ ਦਯਾਲ ਤਿਸੈ ਤਿਹ ਕਾਲ 'ਨਿਹਾਲ ਭਯੋ' ਇਵ ਬੈਨ ਅਲਾਯੋ।
ਛੂਟ ਕਪਾਟ ਗਏ ਝਟਿਤੀ, ਭ੍ਰਮ ਠਾਟ ਹਟਾ, ਘਟ ਗ੍ਯਾਨ ਸੁਹਾਯੋ।
ਮੰਦਹਿ ਮੰਦ ਚਲੇ ਪੁਰਿ ਕੋ ਜੋਊ ਦੰਭ ਨਿਕੰਦਨ ਕੋ ਭਵ ਆਯੋ॥ ੯॥

ਸੇਵਕ ਭੱਜ ਕੇ ਗੁਰੂ ਜੀ ਪਾਸ ਆ ਗਿਆ ਤੇ ਚਰਨਾਂ ਤੇ ਡਿੱਗ ਕੇ ਨਮਸ਼ਕਾਰ ਕੀਤੀ ਤੇ ਕਪੜੇ ਦੇ ਕੇ ਸ੍ਰੇਸ਼ਟ ਸੁਖ ਪਾਇਆ। ਉਸ ਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਇਹ ਬਚਨ ਕਹੇ, "ਨਿਹਾਲ ਰਹੋ"।

ਇਤਨਾ ਕਹਿਣ ਨਾਲ ਹੀ ਉਸ ਸੇਵਕ ਦੇ ਝੱਟ ਕਪਾਟ ਖੁਲ੍ਹ ਗਏ, ਭਰਮ ਹਟ ਗਿਆ ਤੇ ਅੰਤਰ ਆਤਮਾ ਵਿਚ ਗਿਆਨ ਆ ਗਿਆ। ਹੋਲੀ ਹੋਲੀ ਨਗਰ ਵਲ ਚਲ ਪਏ, ਜਿਵੇਂ ਕਪਟ ਨੂੰ ਦੂਰ ਕਰਨ ਵਾਸਤੇ ਸੰਸਾਰ ਵਿਚ ਆਏ ਹੋਣ॥ ੯॥

ਦੋਹਰਾ- ਪ੍ਰਿਥਮ ਭ੍ਰਿੱਤ ਕੋ ਭੇਜਿਓ 'ਜਾਹੁ ਜਰਾਮ ਅਗਾਰ।
ਜਹਿਂ ਬੈਸੀ ਸ੍ਰੀ ਨਾਨਕੀ ਧਰਜੋ ਧਜਾਨ ਸੁਖਸਾਰ॥ ੧੦॥

ਪਹਿਲਾਂ ਸੇਵਕ ਨੂੰ ਭੇਜਿਆ ਕਿ ਜੈ ਰਾਮ ਦੇ ਘਰ ਜਾਵੇ, ਜਿਥੇ ਬੇਬੇ ਨਾਨਕੀ ਬੈਠੀ ਹੈ। ਗੁਰੂ ਜੀ ਨੇ ਉਥੇ ਦਾ ਧਿਆਨ ਧਰਿਆ॥ ੧੦॥

ਸਰਬ ਨਿਸਾ ਬੀਤੀ ਜਿਸਹਿ ਗਿਨਤੀ ਭਨਤਿ ਅਪਾਰ।
ਮਮ ਦਿਸ ਤੇ ਬੰਦਨ ਕਰਹੁ ਸਿਰ ਚਰਨਨ ਪਰ ਧਾਰਿ ॥ ੧੧॥

ਜਿਸ ਨੇ ਸਾਰੀ ਰਾਤ ਅਪਾਰ ਬੇਨਤੀਆਂ ਕਰਦਿਆਂ ਗੁਜ਼ਾਰ ਦਿੱਤੀ ਹੈ ਅਤੇ ਚਰਨਾਂ ਤੇ ਸਿਰ ਰੱਖ ਕੇ ਬੰਦਨਾਂ ਕਰਦੀ ਰਹੀ ਹੈ॥ ੧੧॥

ਸੈਯਾ- ਸੁਨਿ ਸ਼੍ਰੋਨ ਵਿਖੇ ਗਜੋ ਦਾਸ ਤਬੈ ਜਹਿਂ ਨਾਨਕੀ ਧਜਾਨਹਿਂ ਕੇ ਰਸ ਭੀਨੀ।
ਪ੍ਰਵਿਸ਼ਜੋ ਘਰ ਜਾਇ, ਬਿਲੋਕੀ ਤਹਾਂ, ਕਰਿ ਆਸਨ ਬੈਠੀ ਅਡੋਲ ਪਬੀਨੀ।
ਇਕ ਭ੍ਰਾਤ ਅਰਾਧਨ ਕੀ ਲਿਵ ਲਾਗੀ ਹੈ, ਤਾਂਹੀ ਸਮੇਂ ਤਿਨ ਬੰਦਨ ਕੀਨੀ।
'ਸੁਨਿ ਭੋ ਸੁਮਤੇ ! ਤਵ ਆਯੋ ਸਹੋਦਰ, ਬੇਗ ਮਿਲੋ ਕਰਿ ਸੋਚਨ ਹੀਨੀ' ॥੧੨॥

ਇਹ ਸੁਣ ਕੇ ਸੇਵਕ ਉਸ ਥਾਂ ਪੁਜਿਆ, ਜਿਥੇ ਧਿਆਨ ਲਾ ਕੇ ਬੇਬੇ ਨਾਨਕੀ ਜੀ ਬੈਠੇ ਹਨ। ਘਰ ਦੇ ਅੰਦਰ ਦਾਖਲ ਹੋ ਗਿਆ, ਉਸ ਵੇਖਿਆ ਕਿ ਬੇਬੇ ਨਾਨਕੀ ਅਡੋਲ ਆਸਣ ਕਰਕੇ ਬੈਠੀ ਸੀ। ਉਸ ਨੂੰ ਭਰਾ ਦੀ ਅਰਾਧਨਾ ਦੀ ਲਿਵ ਲੱਗੀ ਹੈ, ਉਸ ਸੇਵਕ ਨੇ ਜਾ ਨਮਸ਼ਕਾਰ ਕੀਤੀ। "ਹੇ ਸੁਭ ਮੱਤ ਵਾਲੀ ! ਤੁਹਾਡਾ ਭਰਾ ਆ ਗਿਆ ਹੈ, ਸੋਚਾਂ ਨੂੰ ਛੱਡ ਕੇ ਉਸ ਨੂੰ ਤੁਰੰਤ ਮਿਲੋ"॥ ੧੨॥

ਬੈਨ ਸੁਨੇ, ਨਿਜ ਨੈਨ ਖੁਲੇ, ਜਨੁ ਮ੍ਰਿਤੁ ਮੁਖੰ ਅਮੀ ਧਾਰ ਚੁਆਈ।
ਆਨੰਦ ਸੋਂ ਉਮਗਾ ਉਰ ਮੈਂ ਬਹੁ, ਜਾਇ ਜਰਾਮ ਕੇ ਪਾਸ ਸੁਨਾਈ।
'ਆਵਤਿ ਹੈ ਮਨ ਭਾਵਤਿ ਸੋਦਰ, ਦੋਖ ਨਸਾਵਤਿ ਜਾਂ ਦਰਸਾਈ।
ਦਾਸ ਅਯੋ ਅਬ ਬਾਸ ਕੋ ਦੈਕਰਿ ਸੁੱਧਿ ਅਵਾਸ ਸੁਨਾਵਨ ਤਾਈਂ' ॥੧੩॥

ਜਦ ਸੇਵਕ ਦੇ ਇਹ ਬਚਨ ਸੁਣੇ ਤਾਂ ਆਪਣੀਆਂ ਅੱਖਾਂ ਖੋਲ੍ਹੀਆਂ, ਜਿਵੇਂ ਕਿਸੇ ਮੁਰਦੇ ਦੇ ਮੂੰਹ ਵਿਚ ਕਿਸੇ ਨੇ ਅੰਮ੍ਰਿਤ ਪਾਇਆ ਹੋਵੇ। ਦਿਲ ਵਿਚ ਏਨੀ ਖੁਸ਼ ਹੋਈ ਕਿ ਝੱਟ ਜੈ ਰਾਮ ਨੂੰ ਜਾ ਕੇ ਖੁਸ਼ਖਬਰੀ ਸੁਣਾ ਦਿੱਤੀ। "ਮੇਰਾ ਮਨ-ਭਾਉਂਦਾ ਭਰਾ ਆ ਗਿਆ ਹੈ, ਜਿਸ ਦੇ ਦਰਸ਼ਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ। ਸੇਵਕ ਉਸ ਨੂੰ ਕਪੜੇ ਦੇ ਕੇ ਘਰ ਵਿਚ ਇਹ ਖ਼ਬਰ ਦੇਣ ਵਾਸਤੇ ਆਇਆ ਹੈ"॥ ੧੩॥

ਕਾਨ ਸੁਨੀ ਜਨੁ ਮੀਨ ਅਨੀਰ ਪੈ ਨੀਰ ਕੀ ਆਨ ਘਟਾ ਬਰਖਾਈ।
ਪੀਰ ਸੋਂ ਪੀਰਾ ਸਰੀਰ ਅਧੀਰ ਭਾ, ਆਨਨ ਆਰੁਨਤਾ ਅਤਿ ਆਈ।
ਹੀਨਮਨੀ ਜਿਵ ਹੋਇ ਫਨੀ ਪੁਨਿ ਪਾਇ ਪ੍ਰਸੰਨ ਜਜੋਂ ਪੀਰ ਪਰਾਈ।
ਦੋਰ ਦਯਾਲ ਸੋਂ ਆਇ ਮਿਲਾ, ਤਿਹਕਾਲ ਅਨੰਦ ਕਹਜੋ ਨਹਿਂ ਜਾਈ॥੧੪॥

ਜਦ ਜੈ ਰਾਮ ਨੇ ਇਹ ਖਬਰ ਸੁਣੀ ਤਾਂ ਏਨਾ ਖੁਸ਼ ਹੋਇਆ ਜਿਵੇਂ ਪਾਣੀ ਬਿਨਾਂ ਮੱਛੀ ਉਤੇ ਪਾਣੀ ਦੀ ਘਟਾ ਵਰ੍ਹ ਗਈ ਹੋਵੇ। ਪੀੜ ਨਾਲ ਜਿਸ ਦਾ ਸਰੀਰ ਪੀਲਾ ਹੋ ਗਿਆ ਸੀ ਉਸ ਜੈ ਰਾਮ ਦੇ ਮੁਖ ਤੇ ਲਾਲੀ ਆ ਗਈ। ਮਨੀ ਰਹਿਤ ਸੱਪ ਨੂੰ

ਜਿਵੇਂ ਮ੍ਰਤ ਮਨੀ ਮਿਲ ਗਈ ਹੋਵੇ ਤੇ ਉਸ ਦੀ ਸਾਰੀ ਪੀੜਾ ਦੂਰ ਹੋ ਗਈ ਹੋਵੇ। ਦੌੜ ਕੇ ਦਿਆਲੂ ਨੂੰ ਆ ਕੇ ਮਿਲ ਪਿਆ, ਉਸ ਸਮੇਂ ਉਸ ਨੂੰ ਜੋ ਖ਼ੁਸ਼ੀ ਅਤੇ ਆਨੰਦ ਪ੍ਰਾਪਤ ਹੋਇਆ, ਉਸ ਨੂੰ ਵਰਣਨ ਨਹੀਂ ਕੀਤਾ ਜਾ ਸਕਦਾ॥ ੧੪ ॥

ਸੈਯਾ- ਯੌਂ ਸੁਨਿਕੈ ਪਰਵਾਰ ਸਪੂਰਨ ਭੂਰ ਖੁਭਾਰ ਕੋ ਦੂਰ ਮਿਟਾਈ।
ਜੈਸੇ ਕੁਹੀਰ ਨਿਵਾਰ ਕਰੇ ਹੁਇ ਸੂਰ ਉਦੈ, ਸੁਖ ਤਯੋਂ ਪ੍ਰਗਟਾਈ।
ਰੌਰ ਪਰਾ ਪੁਰਿ ਸਾਰੇ ਵਿਖੈ ਵਿਸਮਾਦ ਰਿਦੈ ਅਵਿਲੋਕ ਲੁਕਾਈ।
ਕਾਨ ਸੁਨੈ ਸੋਊ ਦੌਰ ਮਿਲੈ, ਨਰ ਬ੍ਰਿੰਦ ਭਏ ਸੰਗ ਸ੍ਰੀ ਸੁਖਦਾਈ ॥੧੫॥

ਜਦ ਸਾਰੇ ਪਰਿਵਾਰ ਨੇ ਇਹ ਖੁਸ਼ਖਬਰੀ ਸੁਣੀ ਤਾਂ ਉਨ੍ਹਾਂ ਦੇ ਸਾਰੇ ਦੁੱਖ ਮਿੱਟ ਗਏ, ਜਿਵੇਂ ਸੂਰਜ ਚੜ੍ਹਨ ਨਾਲ ਧੁੰਦ ਦੂਰ ਹੋ ਜਾਂਦੀ ਹੈ। ਸਾਰੇ ਨਗਰ ਵਿਚ ਰੌਲਾ ਪੈ ਗਿਆ, ਬੜੀ ਹੈਰਾਨੀ ਨਾਲ ਸਾਰੇ ਲੋਕ ਵੇਖਣ ਲੱਗੇ। ਜਦ ਕੰਨਾਂ ਨਾਲ ਸੁਣਿਆ ਤਾਂ ਭੱਜ ਕੇ ਮਿਲੇ ਤੇ ਸੁਖਦਾਤੇ ਦੇ ਸੰਗ ਮਰਦਾਂ ਦੇ ਸਮੂਹ ਜੁੜ ਗਏ॥ ੧੫ ॥

ਮੰਦ ਹੀ ਮੰਦ ਮੁਕੰਦ ਅਏ ਪੁਰਿ, ਲੋਚਨ ਜਜੋਂ ਅਰਬਿੰਦ ਸੁਹਾਏ।
ਆਪਨ ਕੇ ਦਰ ਜਾਇ ਖਰੇ ਪ੍ਰਭੁ, ਹੋਤਿ ਹਿਤੂ ਸੁ ਅਸੀਸ ਅਲਾਏ।
ਬਾਰ ਕਪਾਟ ਭਿਰੇ ਅਵਿਲੋਕਿ ਕੈ ਬੂਝੈ ਹੈਂ ਦਾਸ, ਸੁ ਐਸੇ ਬਤਾਏ।
'ਖਾਨ ਕਰੀ ਨਿਜ ਪਾਨ ਸੌਂ ਬੰਦਹਿ ਦੂਰ ਖਰੇ ਅਫਰਾਂਗ ਲਵਾਏ' ॥ ੧੬ ॥

ਹੌਲੀ-ਹੌਲੀ ਮੁਕਤੀਦਾਤੇ ਆਪਣੇ ਨਗਰ ਆ ਗਏ, ਉਨ੍ਹਾਂ ਦੇ ਨੈਣ ਕੰਵਲ ਫੁੱਲ ਵਾਂਗ ਸ਼ੋਭਾ ਪਾ ਰਹੇ ਹਨ। ਪ੍ਰਭੂ ਜੀ ਹੱਟੀ ਦੇ ਦਰਵਾਜ਼ੇ ਤੇ ਜਾ ਕੇ ਖੜੇ ਹੋ ਗਏ ਅਤੇ ਹਿਤੂ ਹੋ ਕੇ ਅਸੀਸ ਦਿੱਤੀ। ਬੂਹੇ ਦੇ ਤਖਤੇ ਬੰਦ ਵੇਖ ਕੇ ਸੇਵਕ ਤੋਂ ਪੁਛਿਆ ਤਾਂ ਉਸ ਦਾਸ ਨੇ ਇਸ ਤਰ੍ਹਾਂ ਦੱਸਿਆ, ਨਵਾਬ ਦੌਲਤ ਖਾਂ ਨੇ ਆਪਣੇ ਹੱਥੀ ਬੰਦ ਕੀਤੇ ਹਨ ਅਤੇ ਆਪਣੀ ਮੋਹਰ ਛਾਪ ਲਵਾ ਦਿੱਤੀ ਹੈ॥ ੧੬ ॥

ਨਾਨਕ ਆਨਿ ਤਬੈ ਨਿਜ ਪਾਨ ਸੌਂ ਛੋਰਿ ਦੁਕਾਨ ਕੋ ਬਾਰ ਦਯੋ।
ਮਾਨਵ ਜੌਨ ਸੁਨੈ ਨਿਜ ਕਾਨਨ ਆਵਤਿ ਧਾਇ ਅਚੰਭ ਭਯੋ।
ਬਾਸੁਰ ਤੀਨ ਰਹਜੋ ਮਧ ਨੀਰ ਕੇ ਜੀਵਤਿ ਹੀ ਪੁਨਿ ਆਇ ਗਯੋ।
ਕਾਰਨ ਕੌਨ ਨ ਤੌਨ ਛੁਯੋ ਜਲ ?-ਯਾ ਬਿਧਿ ਸੌਂ ਬਿਸਮਾਦ ਭਯੋ॥ ੧੭ ॥

ਸ੍ਰੀ ਨਾਨਕ ਨੇ ਫਿਰ ਆ ਕੇ ਆਪਣੇ ਨਿਜੀ ਹੱਥਾਂ ਨਾਲ ਦੁਕਾਨ ਦਾ ਬੂਹਾ ਖੋਲ੍ਹ ਦਿੱਤਾ। ਜਿਹੜਾ ਵੀ ਮਨੁੱਖ ਆਪਣੇ ਨਿੱਜੀ ਕੰਨਾਂ ਨਾਲ ਸੁਣਦਾ ਸੀ, ਬੜਾ ਹੈਰਾਨ ਹੋ ਕੇ ਭੱਜਾ ਆਉਂਦਾ ਸੀ। ਤਿੰਨ ਦਿਨ ਪਾਣੀ ਵਿਚ ਰਹਿ ਕੇ ਜੀਉਂਦਾ ਹੀ ਫਿਰ ਆ ਗਿਆ ਹੈ। ਕੀ ਕਾਰਨ ਹੈ ਕਿ ਗੁਰੂ ਜੀ ਨੂੰ ਪਾਣੀ ਛੂਹਿਆ ਹੀ ਨਹੀਂ ? ਇਸ ਤਰ੍ਹਾਂ ਹੈਰਾਨੀ ਹੋ ਰਹੀ ਹੈ॥ ੧੭ ॥

ਹੀਨ ਕਲੰਕ ਮਯੰਕ ਮਨੋ ਮੁਖ ਬੰਕ ਬਿਲੋਕਤਿ ਹੈਂ ਕਰੁਨਾ ਸੋਂ।
ਵਾਕ ਕਹੈਂ ਇਵ ਰੰਕਨ ਸੋਂ 'ਮਨ ਹੋਇ ਨਿਸੰਕ ਨ ਭੈ ਕਰੁ ਕਾਸੋ।
ਲੇਵਹੁ ਜਾਂਹਿ ਕੀ ਚਾਹਿ ਅਹੈ ਉਰ, ਆਪਨ ਅੰਤਰਿ ਜਾਇ ਨਿਕਾਸੋ।
ਦੌਰ ਪਰੇ ਤਿਹ ਠੌਰ ਕਿਤੇ ਨਰ ਲੂਟਤਿ ਸੋਜਹਿ ਰੌਰ ਪਰਾ ਸੋ॥ ੧੮ ॥

ਮਾਨੋਂ ਅਕਲੰਕ ਚੰਦਰਮਾਂ ਵਰਗਾ ਮੁਖ ਹੈ, ਬੜੇ ਪਿਆਰ ਨਾਲ ਟੇਢਾ ਵੇਖਦੇ ਹਨ। ਲੋਕਾਂ ਨਾਲ ਇਸ ਤਰ੍ਹਾਂ ਗੱਲਾਂ ਕਰਦੇ ਹਨ ਕਿ ਮਨ ਦੇ ਸਭ ਸ਼ੰਕੇ ਦੂਰ ਹੋ ਜਾਂਦੇ ਹਨ ਅਤੇ ਕਿਸੇ ਚੀਜ਼ ਦਾ ਭੈ ਨਹੀਂ ਰਹਿੰਦਾ। ਦਿਲ ਵਿਚ ਹੁਣ ਇਹੋ ਚਾਹਤ

ਹੈ ਕਿ ਲੋਕਾਂ ਨੂੰ ਕਹਾਂ ਹੱਟੀ ਨੂੰ ਲੁੱਟ ਲਵੋ। ਜਦ ਗੁਰੂ ਜੀ ਨੇ ਦੁਕਾਨ ਲੁੱਟਣ ਦੀ ਆਗਿਆ ਦੇ ਦਿੱਤੀ ਤਾਂ ਸਾਰੇ ਦੌੜ ਕੇ ਦੁਕਾਨ ਵਿਚ ਜੋ ਸਮਾਨ ਪਿਆ ਸੀ, ਬੜਾ ਰੌਲਾ ਪਾ ਕੇ ਲੁੱਟਣ ਲੱਗੇ॥ ੧੮॥

ਅੰਨ ਘਨੋ, ਮਿਸ਼ਟਾਨ ਤੇ ਲੋਨ, ਮਰੀਚ ਦੁਊ ਹਰਦੀ ਮਨ ਭਾਈ।
ਲੇਹਿ ਵਿਰਾਟਿਕਾ ਪੈਸੇ ਕੋਊ, ਪੁਨਿ ਕਾਰਿਖਵੰ ਕੇਊ ਲੇਤਿ ਹੈਂ ਧਾਈ।
ਅੰਬਰ ਭਾਂਤਿ ਅਨੇਕਨ ਕੇ ਧਰੇ ਆਪਨ ਮੈਂ ਸਭਿ ਦੀਨ ਲੁਟਾਈ।
ਤੋਟ ਨ ਆਇ ਅਤੋਟ ਭਈ ਸੁਰਧੇਨੁ ਕਿਧੋਂ ਮਨਿ ਚਿੰਤ ਸੁਹਾਈ ॥੧੯॥

ਬਹੁਤ ਅੰਨ, ਮਿੱਠਾ, ਲੂਣ, ਦੋਵੇਂ ਮਿਰਚਾਂ ਅਤੇ ਮਨ-ਭਾਉਂਦੀ ਹਲਦੀ ਲੁੱਟ ਲਈ। ਕਈਆਂ ਨੇ ਕੌਡੀਆਂ, ਪੈਸੇ ਲੁੱਟ ਲਏ ਅਤੇ ਕਈ ਸਾਰੇ ਜ਼ੋਰ ਨਾਲ ਧਾਵਾ ਕਰਕੇ ਰੁਪਏ ਲੁੱਟ ਕੇ ਲੈ ਗਏ। ਕਈ ਪ੍ਰਕਾਰ ਦੇ ਕਪੜੇ ਧਰੇ ਹੋਏ ਸਨ, ਜੋ ਕੁਝ ਵੀ ਦੁਕਾਨ ਵਿਚ ਪਿਆ ਸੀ ਸਭ ਕੁਝ ਲੁਟਾਈ ਗਏ। ਪਰ ਕਿਸੇ ਚੀਜ਼ ਦੀ ਤੋਟ ਨਹੀਂ ਆ ਰਹੀ ਸੀ, ਜਿਵੇਂ ਉਥੇ ਕਾਮਧੇਨੁ ਗਊ ਜਾਂ ਚਿੰਤਾਮਣੀ ਸ਼ੋਭ ਰਹੀ ਸੀ॥ ੧੯॥

ਦੋਹਰਾ- ਭੀਰ ਭੂਰ ਭੀ ਨਰਨ ਕੀ ਪਰਜੋ ਰੋਰ ਤਿਂਹ ਠੋਰ।
ਸਹਿਤ ਜਰਾਮ ਬਿਲੋਕਹੀ ਬੇਦੀ ਕੁਲ ਸਿਰਮੋਰ॥ ੨੦॥

ਉਥੇ ਮਰਦਾਂ ਦੀ ਬੜੀ ਭੀੜ ਲੱਗੀ ਸੀ ਅਤੇ ਬੜਾ ਸ਼ੋਰ ਮੱਚਿਆ ਹੋਇਆ ਸੀ। ਜੈ ਰਾਮ ਨਾਲ ਬੇਦੀ ਕੁਲ ਸ਼੍ਰੋਮਣੀ ਵੀ ਖੜੇ ਵੇਖ ਰਹੇ ਸਨ॥ ੨੦॥

ਸ੍ਵੈਯਾ- ਨੌ ਨਿਧਿ ਸਿੱਧਿ ਤੇ ਰਿੱਧਿ ਬਸੈ ਮਧ, ਕੋ ਬਿਧਿ ਹੋਵਹਿ ਤੋਟਿ ਤਹਾਂ।
ਹਾਰਿ ਪਰੇ ਨਰ ਲੂਟਤਿ ਜੇ, ਨਹਿਂ ਸੌਜ ਨਿਖੁਟਤਿ, ਦੀਖ ਮਹਾਂ।
ਦੌਲਤ ਖਾਨ ਸੋਂ ਮਾਨਵ ਦੌਰਿ ਸਭੈ ਬਿਰਤਾਂਤ ਬਖਾਨ ਕਹਾ।
ਭੇਜਿ ਦਏ ਭ੍ਰਿਤ ਆਪਨੇ ਤਾਂ ਛਿਨ ਸੋ ਸੁਨਿ ਹੋ ਬਿਸਮਾਦ ਰਹਾ॥ ੨੧॥

ਜਿਸ ਵਿਚ ਨੌ ਨਿਧੀਆਂ ਅਤੇ ਸਿਧੀਆਂ ਅਤੇ ਰਿਧੀਆਂ ਵੱਸ ਰਹੀਆਂ ਸਨ ਉਥੇ ਕਿਸ ਤਰ੍ਹਾਂ ਕੋਈ ਤੋਟ ਆ ਸਕਦੀ ਸੀ। ਆਦਮੀ ਲੁਟਦੇ-ਲੁਟਦੇ ਥੱਕ ਗਏ ਸਨ, ਪਰ ਕੋਈ ਵਸਤੂ ਵੀ ਮੁਕਦੀ ਨਹੀਂ ਸੀ, ਹੋਰ ਬਹੁਤ ਸਮੱਗਰੀ ਹਾਲੇ ਦਿੱਸਦੀ ਸੀ। ਕੁਝ ਵਿਅਕਤੀ ਦੌੜ ਕੇ ਦੌਲਤ ਖਾਂ ਪਾਸ ਗਏ ਤੇ ਉਸ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਉਸ ਨੇ ਉਸੇ ਵੇਲੇ ਆਪਣੇ ਨੌਕਰ ਭੇਜ ਦਿੱਤੇ ਤੇ ਇਹ ਕੁਝ ਸੁਣ ਕੇ ਬੜਾ ਹੈਰਾਨ ਹੋਇਆ॥੨੧॥

ਲੂਟਤਿ ਹੈਂ ਨਰ ਜੇ ਬਰਜੇ ਤਰਜੇ, ਦਰਜੇ ਸਭਿ ਭੀਰ ਹਟਾਈ।
ਭੂਪਤ ਦੌਲਤ ਖਾਨ ਅਯੋ ਗਤਿ ਦਾਨ ਬਿਲੋਕਤਿ ਲੋਚਨ ਲਾਈ।
ਜਯੋਂ ਬਿਰਤੀ ਤਨ ਗਯਾਨ ਧਰਾ ਖਫਨੀ ਗਰ ਸ੍ਰੀ ਗੁਰ ਨੈ ਤਬ ਪਾਈ।
ਹੇਰਿ ਨਿਰਾਸ ਉਦਾਸ ਭਯੋ ਪਛੁਤਾਸ ਰਿਦੈ- ਕਿਛੁ- ਜਾਨਿ ਨ ਜਾਈ॥੨੨॥

ਨੌਕਰਾਂ ਨੇ ਦੁਕਾਨ ਤੇ ਆ ਕੇ ਲੁਟੇਰਿਆਂ ਨੂੰ ਰੋਕਿਆ ਤੇ ਉਨ੍ਹਾਂ ਨੂੰ ਡਾਂਟਿਆ ਅਤੇ ਦਰਵਾਜ਼ੇ ਤੋਂ ਸਾਰੀ ਭੀੜ ਹਟਾ ਦਿੱਤੀ। ਨਵਾਬ ਦੌਲਤ ਖਾਂ ਆਪ ਵੀ ਆਇਆ ਤੇ ਮੁਕਤੀਦਾਤਾ ਨੂੰ ਧਿਆਨ ਨਾਲ ਵੇਖਦਾ ਹੈ। ਉਸ ਨੂੰ ਇੰਝ ਲੱਗਾ ਮਾਨੋ ਗਿਆਨ ਅਤੇ ਵੈਰਾਗ ਨੇ ਸਰੀਰ ਧਾਰਨ ਕੀਤਾ ਹੈ। ਗੁਰੂ ਜੀ ਨੇ ਗਲ ਵਿਚ ਕਫਨੀ ਪਾਈ ਹੋਈ ਸੀ। ਦੌਲਤ ਖਾਂ ਵੇਖ ਕੇ ਬੜਾ ਨਿਰਾਸ਼ ਤੇ ਉਦਾਸ ਹੋਇਆ ਅਤੇ ਆਪਣੇ ਜੀਅ ਵਿਚ ਪਛਤਾਉਂਦਾ ਹੈ, ਪਰ ਕੋਈ ਵਾਹ ਨਹੀਂ ਸੀ ਜਾਂਦੀ॥ ੨੨॥

ਦੌਲਤ ਖਾਂ ਨਿਜ ਲੋਕਨ ਸੋਂ ਮੁਖ ਬੋਲਤਿ ਬੋਲ ਬਿਲੋਕਤਿ ਬੇਖਾ।
'ਕੌਨ ਸ਼ਰਾਰ ਭਯੋ ਇਸ ਕੋ ਸ਼ੁਭ ਰੀਤਿ ਹੁਤੀ ਮਤਿਵਾਨ ਵਿਸ਼ੇਖਾ।
ਬਾਸੁਰ ਤੀਨ ਬਿਤਾਇ ਕੈ ਨੀਰ ਮੈਂ ਆਪਨਿ ਆਇ ਲੁਟਾਇ ਬਿਲੇਖਾ।
ਤੂਸ਼ਨ ਭਾ ਕਰਿ ਬੇਖ ਫਕੀਰ ਕੋ ਜਾਇ ਵਿਈਂ ਮਹਿਂ ਕਿਆ ਇਨ ਦੇਖਾ ॥੨੩॥

ਅਜਿਹੇ ਭੇਸ ਵਿਚ ਵੇਖ ਕੇ ਦੌਲਤ ਖਾਂ ਆਪਣੇ ਲੋਕਾਂ ਨੂੰ ਕਹਿੰਦਾ ਹੈ, "ਇਸ ਨੂੰ ਕਿਸੇ ਭੂਤ ਦੀ ਛਾਇਆ ਚੰਬੜ ਗਈ ਹੈ, ਇਹ ਤਾਂ ਬਹੁਤ ਬੁਧੀਮਾਨ ਸੀ। ਤਿੰਨ ਦਿਨ ਵੇਈਂ ਨਦੀ ਦੇ ਪਾਣੀ ਵਿਚ ਬਿਤਾ ਕੇ ਆ ਕੇ ਦੁਕਾਨ ਲੇਖਾ ਕਰਨ ਤੋਂ ਬਗੈਰ ਲੁਟਾ ਦਿੱਤੀ ਹੈ। ਫਕੀਰ ਦਾ ਭੇਸ ਧਾਰ ਕੇ ਚੁੱਪ ਹੋ ਗਿਆ ਹੈ। ਵੇਈਂ ਨਦੀ ਵਿਚ ਇਸ ਨੇ ਕੀ ਵੇਖਿਆ ਹੈ" ॥ ੨੩ ॥

ਯੌਂ ਕਹਿ ਸ਼ੋਕ ਕੀਯੋ ਮਨ ਮੈਂ ਪੁਨਿ ਦੌਲਤ ਖਾਂ ਨਿਜ ਧਾਮ ਗਯੋ।
ਦੀਨ ਦਯਾਲ ਚਲੇ ਤਿਂਹ ਕਾਲ ਬਿਸਾਲ ਮਸਾਨ ਜਾਂ ਥਾਨ ਛਯੋ।
ਛੋਰਿ ਪੁਰਾ ਸੁਲਤਾਨ ਤਬੈ ਤਜਿ ਧੰਧਨ ਕੀ ਸੁਧਿ, ਪੰਥ ਲਯੋ।
ਠੌਰ ਭਯਾਨਕ ਗੋਰ ਮਰੀਨ ਗਯੋ ਜਗਕੰਤ, ਇਕੰਤ ਭਯੋ॥ ੨੪ ॥

ਇਹ ਕਹਿ ਕੇ ਬੜਾ ਦੁਖੀ ਹੋਇਆ ਤੇ ਫਿਰ ਦੌਲਤ ਖਾਂ ਆਪਣੇ ਘਰ ਚਲਾ ਗਿਆ। ਦੀਨ ਦਿਆਲ ਓਸੇ ਵੇਲੇ ਓਥੇ ਚਲੇ ਗਏ ਜਿਥੇ ਨਗਰ ਦੀਆਂ ਵੱਡੀਆਂ ਮੜ੍ਹੀਆਂ ਅਤੇ ਕਬਰਾਂ ਸਨ। ਸੁਲਤਾਨਪੁਰ ਨਗਰ ਛੱਡਿਆ ਅਤੇ ਕਾਰੋਬਾਰ ਦਾ ਖਿਆਲ ਤੱਜ ਆਪਣਾ ਰਾਹ ਫੜਿਆ। ਭਿਆਨਕ ਮੜ੍ਹੀਆਂ ਵਿਚ ਜਗਤ ਦਾ ਮਾਲਕ ਇਕੱਲਾ ਜਾ ਬੈਠਾ॥ ੨੪ ॥

ਜਾਂਹਿ ਮਸਾਨ ਪੈ ਪਾਇ ਪਰੈ ਨਰ ਨਾਰਿਕ ਮੈਂ ਗਤਿ ਤਾਂਹਿ ਅਗਾਤਾ।
ਯਾਬਿਧਿ ਸੋਂ ਉਧਰੇ ਤਹਿਂ ਕੇਤਿਕ, ਬੈਸ ਗਏ ਬਹੁਰੋ ਸੁਖਦਾਤਾ।
ਆਵਹਿ ਕੋ ਨਹਿਂ ਯੌ ਮਨ ਚੀਨ ਰਹੇ ਤਹਿਂ ਚੌਦਹਿ ਲੋਕ ਜੁਜਾਤਾ।
ਧੂਰ ਜਟੀ ਸਨਕਾਦਿਕ ਖੋਜਤਿ ਪਾਰ ਨ ਪਾਵਹਿਂ ਜਾਂਹਿ ਬਿਧਾਤਾ ॥੨੫॥

ਜਿਸ ਵੀ ਮਸਾਣ ਜਾਂ ਕਬਰ ਤੇ ਉਨ੍ਹਾਂ ਦਾ ਪੈਰ ਪੈਂਦਾ ਹੈ ਉਹ ਨਰ ਨਾਰੀ ਜੇ ਨਰਕਾਂ ਵਿਚ ਵੀ ਗਿਆ ਹੈ ਤਦ ਵੀ ਉਸ ਦੀ ਮੁਕਤੀ ਹੋ ਜਾਂਦੀ ਹੈ। ਇਸ ਵਿਧੀ ਅਨੁਸਾਰ ਕਈ ਵਿਅਕਤੀਆਂ ਦਾ ਉਧਾਰ ਹੋ ਗਿਆ, ਫਿਰ ਮੁਕਤੀਦਾਤਾ ਇਕ ਥਾਂ ਬੈਠ ਗਏ। ਮਨ ਵਿਚ ਇਹ ਗੱਲ ਸਮਝ ਕੇ ਕਿ ਇਥੇ ਕੋਈ ਨਹੀ ਆਵੇਗਾ, ਜੋ ਚੌਦਾਂ ਲੋਕਾਂ ਦੇ ਰਚਣਹਾਰ ਹਨ, ਓਥੇ ਬਿਰਾਜ ਗਏ ਹਨ। ਉਸ ਗੁਰੂ ਨਾਨਕ ਜੀ ਦਾ ਸ਼ਿਵਜੀ ਸਨਾਦਿਕ ਤੇ ਬ੍ਰਹਮਾਂ ਵੀ ਅੰਤ ਨਹੀਂ ਪਾ ਸਕਦੇ॥ ੨੫॥

ਹੇਰਿ ਬਿਹਾਰ ਜੈਰਾਮ ਵਿਚਾਰਤਿ ਸੋਚਤਿ ਸੋਚਨ ਸੋਂ ਸੁਕਚਾਵੈ।
ਲੋਚਨ ਚਾਰੁ ਬਿਮੋਚਤਿ ਬਾਰਿ ਬਰਜੋ ਨਿਜ ਬਾਰ, ਨ ਬਾਹਰ ਆਵੈ।
ਸ੍ਵਾਦ ਨ ਭੋਜਨ ਨੀਰਹਿ ਕੋ ਤਨ ਚੀਰ ਮਲੀਨ ਪਰਜੋ ਦੁਖ ਪਾਵੈ।
ਕੋਟਿ ਗਣੀ ਗੁਨਿ ਹੈ ਮਨ ਮੈਂ, ਇਕ ਓਰ ਚਢੈ ਇਕ ਓਰ ਮਿਟਾਵੈ ॥੨੬॥

ਜੈ ਰਾਮ ਵੇਖ ਕੇ ਸੋਚਦਾ ਹੈ, ਵਿਚਾਰਦਾ ਹੈ, ਫਿਰ ਸੋਚਦਾ ਹੈ, ਅੰਤ ਸੋਚਣੋਂ ਰਹਿ ਜਾਂਦਾ ਹੈ। ਸੁੰਦਰ ਨੈਣਾਂ ਚੋਂ ਅੱਥਰੂ ਕੇਰਦਾ ਹੈ। ਫਿਰ ਘਰ ਜਾ ਕੇ ਬਹਿ ਜਾਂਦਾ ਹੈ ਤੇ ਬਾਹਰ ਨਹੀਂ ਨਿਕਲਦਾ ਹੈ। ਭੋਜਨ ਸਵਾਦੀ ਨਹੀਂ ਲਗਦਾ। ਹੰਝੂ ਵਗ ਵਗ ਕਪੜੇ ਭਿੱਜ ਗਏ ਹਨ ਅਤੇ ਬੜਾ ਦੁੱਖ ਪਾ ਰਿਹਾ ਹੈ। ਮਨ ਵਿਚ ਕਰੋੜਾਂ ਗਿਣਤੀਆਂ ਗਿਣ ਰਿਹਾ ਹੈ। ਇਕ ਪਾਸੇ ਚੜ੍ਹਦੀਆਂ ਹਨ, ਇਕ ਪਾਸੇ ਲਹਿੰਦੀਆਂ ਹਨ॥ ੨੬॥

ਗੁੰਮ ਭਏ ਨਿਕਸੇ ਦਿਨ ਤੀਨ ਮੈਂ ਆਵਤਿ ਆਪਨ ਦੀਨ ਲੁਟਾਈ।
ਦੌਲਤ ਖਾਨ ਕੋ ਲੇਖਾ ਹ੍ਵੈ ਪੂਰ, ਕਿਧੌਂ ਤਿਹ ਕੀ ਕਛੁ ਬਾਕੀ ਰਹਾਈ।
ਕਾਲੂ ਸੁਨੈ ਤ੍ਰਿਪਤਾ ਦੁਖ ਪਾਵਹਿ ਮੋ ਪਰ ਦੇਵਹਿ ਦੋਸ਼ ਲਗਾਈ।
ਕੀਨ ਅਚੰਭ ਸਭੈ ਬਿਧਿ ਸੋਂ ਮਤਿਹਾਰ ਪਰੀ, ਕਛੁ ਜਾਨੀ ਨ ਜਾਈ॥੨੭॥

ਗੁੰਮ ਹੋਏ ਨੂੰ ਤਿੰਨ ਦਿਨ ਬੀਤ ਗਏ, ਜਦ ਵਾਪਿਸ ਆਇਆ ਤਾਂ ਆ ਕੇ ਦੁਕਾਨ ਲੁਟਾ ਦਿੱਤੀ। ਕੀ ਦੌਲਤ ਖਾਂ ਦਾ ਲੇਖਾ ਪੂਰਾ ਹੋਵੇਗਾ ਜਾਂ ਕੁਝ ਬਾਕੀ ਰਹਿ ਜਾਏਗਾ? । ਕੀ ਮਹਿਤਾ ਕਾਲੂ ਜੀ ਸੁਣ ਕੇ ਬਰਦਾਸ਼ਤ ਕਰਨਗੇ, ਮਾਤਾ ਤ੍ਰਿਪਤਾ ਸੁਣ ਕੇ ਬਹੁਤ ਦੁਖੀ ਹੋਵੇਗੀ ਅਤੇ ਸਾਰਾ ਦੋਸ਼ ਮੇਰੇ ਸਿਰ ਲਾਵੇਗੀ, ਹਰ ਤਰ੍ਹਾਂ ਨਾਲ ਮੈਨੂੰ ਹੈਰਾਨ ਕੀਤਾ ਹੈ ਅਤੇ ਮੇਰੀ ਬੁੱਧੀ ਹਾਰ ਗਈ ਹੈ। ਕੁਝ ਵੀ ਜਾਣਿਆਂ ਨਹੀਂ ਜਾਂਦਾ॥ ੨੭॥

ਪੁਰਿ ਮੈਂ ਮਿਲਕੈ ਸਭਿ ਲੋਕ ਬਖਾਨਤਿ 'ਬਾਵਰਾ ਹੋਇ ਗਯੋ, ਸੁਧਿ ਨਾਂਹੀ॥
ਥਲ ਗੋਰ ਮਰੀਨ ਮੈਂ ਬੈਸ ਰਹ੍ਯੋ, ਕਿਧੌਂ ਭੂਤ ਬਰ੍ਯੋ ਤਿਹ ਕੇ ਘਟ ਮਾਂਹੀ।
ਧਨ ਭੂਰ ਗਵਾਇ ਭਯੋ ਇਹ ਭੇਖ, ਪਖੰਡ ਬਿਸ਼ੇਖ ਕਿਧੌਂ ਕਿਯ ਤਾਂਹੀ।
ਮਨ ਮਾਨਵ ਜਾਨਵ ਭੇਵ ਜੁ ਕੋ ਨਟ ਸੇਵਕ ਜ੍ਯੋਂ ਪਿਖਿ ਨ ਭ੍ਰਮਾਹੀਂ॥੨੮॥

ਸਾਰੇ ਨਗਰ ਵਿਚ ਇਹ ਚਰਚਾ ਹੋ ਰਹੀ ਹੈ ਕਿ ਉਹ ਪਾਗਲ ਹੋ ਗਿਆ ਹੈ ਤੇ ਉਸ ਨੂੰ ਕੋਈ ਸੁੱਧ-ਬੁੱਧ ਨਹੀਂ ਹੈ। ਕਬਰਾਂ ਅਤੇ ਮੜ੍ਹੀਆਂ ਵਿਚ ਬੈਠਾ ਹੈ, ਕਿਤੇ ਉਸ ਦੇ ਅੰਦਰ ਭੂਤਾਂ ਦਾ ਵਾਸਾ ਤੇ ਨਹੀਂ ਹੋ ਗਿਆ। ਇਸ ਨੇ ਭੇਸ ਧਾਰ ਕੇ ਬਹੁਤ ਧਨ ਗਵਾ ਦਿੱਤਾ ਹੈ। ਏਡਾ ਪਖੰਡ ਕਿਥੋਂ ਤਕ ਚਲੇਗਾ। ਜਿਹੜੇ ਮਨੁੱਖ ਇਹ ਭੇਦ ਮਨ ਵਿਚ ਜਾਣਦੇ ਹਨ ਉਹ ਨਟ ਦੇ ਜਮੂਰੇ ਵਾਂਗੂ ਭਰਮਦੇ ਨਹੀਂ॥ ੨੮॥

ਨਰ ਨਿੰਦਕ ਦੌਲਤ ਖਾਨ ਕੇ ਪਾਸ ਬਖਾਨਤਿ ਦੂਤੀ ਲਗੇ ਤਿਹ ਕਾਨਾ।
'ਧਨ ਖੋਇ ਦਯੋ, ਸਹਿ ਚਿੰਤ ਭਯੋ, ਇਹ ਭੇਖ ਲਯੋ, ਤਿਨ ਕੀਨ ਬਹਾਨਾ।
ਤੁਮਰੋ ਉਰ ਮੈਂ ਡਰ ਕੋ ਧਰਿਕੈ ਘਰ ਬਾਰ ਕੋ ਛੋਰਿ ਗਯੋ ਉਦਿਆਨਾ।
ਅਬ ਲੇਖਾ ਜਰਾਮ ਕੇ ਪਾਸ ਤੈ ਲੇਹੁ ਅਹੇ ਵਧਿ ਘਾਟ ਕੋ ਸੋਊ ਜਮਾਨਾ॥੨੯॥

ਕੁਝ ਵਿਅਕਤੀ ਜਿਹੜੇ ਗੁਰੂ ਜੀ ਦੇ ਨਿੰਦਕ ਸਨ ਦੌਲਤ ਖਾਂ ਪਾਸ ਜਾ ਕੇ ਇਹ ਚੁਗਲੀ ਕਰਦੇ ਹਨ ਕਿ "ਉਸ ਨੇ ਸਾਰਾ ਧਨ ਗਵਾ ਦਿੱਤਾ ਹੈ। ਹੁਣ ਫਿਕਰਮੰਦ ਹੋ ਕੇ ਇਹ ਭੇਸ ਧਾਰ ਕੇ ਬਹਾਨਾ ਬਣਾਉਂਦਾ ਹੈ। ਤੁਹਾਡਾ ਡਰ ਦਿਲ ਵਿਚ ਧਾਰ ਕੇ, ਘਰ-ਬਾਰ ਛੱਡ ਕੇ ਜੰਗਲ ਵਿਚ ਚਲਾ ਗਿਆ ਹੈ। ਹੁਣ ਲੇਖਾ ਜੈ ਰਾਮ ਤੋਂ ਲਵੋ, ਕਿਉਂਕਿ ਵਧ ਘਟ ਦਾ ਉਹੀ ਜ਼ਾਮਨ ਹੈ"॥ ੨੯॥

ਦੋਹਰਾ- ਸੁਨਿ ਕਰਿ ਦੂਤੀ ਨ੍ਰਿਪਤ ਤਬ ਭਰਮ੍ਯੋ, ਭੇਜ੍ਯੋ ਦਾਸ।
ਤੂਰਨ ਆਨਿ ਬੁਲਾਇ ਕੈ 'ਦੈ ਲੇਖਾ ਮਮ ਰਾਸ॥ ੩੦॥

ਇਹ ਚੁਗਲੀ ਸੁਣ ਕੇ ਨਵਾਬ ਨੂੰ ਵੀ ਸ਼ੱਕ ਹੋ ਗਿਆ, ਉਸ ਨੇ ਇਕ ਦਾਸ ਨੂੰ ਜੈ ਰਾਮ ਦੇ ਘਰ ਭੇਜਿਆ ਕਿ "ਛੇਤੀ ਆ ਕੇ ਮੇਰੀ ਰਾਸ ਪੂੰਜੀ ਦਾ ਸਾਰਾ ਲੇਖਾ ਦੇਵੋ॥ ੩੦॥

ਸ੍ਵੈਯਾ- ਆਲਯ ਤੇ ਤਤਕਾਲ ਜਰਾਮ ਬੁਲਾਇ ਕੈ ਬੋਲਤਿ ਦੌਲਤਖਾਨਾਂ।
'ਸਾਲ ਕੋ ਲੇਖਾ ਬਿਸਾਲ ਲਖੋ ਅਬ ਦੇਵਹੁ ਜਾਂ ਬਿਧਿ ਸੋਂ ਮਨ ਮਾਨਾ।
ਬਾਕੀ ਜਿਤੀ ਨਿਕਸੇ ਹਮਰੀ ਸਭਿ ਤੋਂ ਢਿਗ ਲੇਵਹਿੰ, ਜਾਨ ਨ ਛਾਨਾ।
ਘਾਟ ਕਿਧੌਂ ਵਧਿ, ਹਾਟ ਬਟੋਰਹੁ,' ਡਾਂਟ ਕਹੇ ਬਚ ਰਾਟ ਅਜਾਨਾ॥੩੧॥

ਘਰ ਤੋਂ ਤੁਰੰਤ ਜੈ ਰਾਮ ਨੂੰ ਬੁਲਾ ਕੇ ਦੌਲਤ ਖਾਂ ਬੋਲਿਆ, "ਸਾਲ ਦਾ ਲੇਖਾ ਵਿਸਥਾਰ ਨਾਲ ਵੇਖੋ ਅਤੇ ਹੁਣੇ ਦੇਵੋ ਜਿਸ ਤਰ੍ਹਾਂ ਠੀਕ ਮੰਨਿਆ ਜਾਵੇ। ਜਿੰਨਾ ਵੀ ਮੇਰਾ ਬਕਾਇਆ ਨਿਕਲੇਗਾ ਉਹ ਸਭ ਤੇਰੇ ਪਾਸੋਂ ਲਵਾਂਗਾ ਜਾਣ ਲੈ, ਇਹ ਗੱਲ ਤੈਥੋਂ ਛੁਪੀ ਹੋਈ ਨਹੀਂ ਹੈ। ਘੱਟ ਹੋਵੇ ਜਾਂ ਵੱਧ ਸਾਰੀ ਸਮੱਗਰੀ ਇਕੱਠੀ ਕਰੋ", ਮੂਰਖ ਨਵਾਬ ਜਿਹੜਾ ਅਸਲ ਗੱਲ ਜਾਣਦਾ ਨਹੀਂ ਸੀ, ਜੈ ਰਾਮ ਨੂੰ ਤਾੜਨਾ ਕਰਦਾ ਹੈ॥ ੩੧॥

ਦੋਹਰਾ- ਤਪਜੋ ਲੋਹਿ ਬ੍ਰਿਣ ਪਾਕ ਪਰ ਲਗ ਸੰਕਟ ਅਧਿਕਾਇ।
ਤਿਉਂ ਸੁਨਿ ਬਚਨ ਨਰੇਸ਼ ਕੇ ਉਠਜੋ ਰਿਦੈ ਅਕੁਲਾਇ॥ ੩੨॥

ਜਿਵੇਂ ਗਰਮ ਲੋਹਾ ਭਰੇ ਹੋਏ ਫੋੜੇ ਤੇ ਲਾਉਣ ਨਾਲ ਬਹੁਤ ਦੁਖ ਹੁੰਦਾ ਹੈ, ਇਸ ਤਰ੍ਹਾਂ ਹੀ ਜੈ ਰਾਮ ਨਵਾਬ ਦੇ ਬੋਲ ਸੁਣ ਕੇ ਹਿਰਦੇ ਵਿਚ ਤੜਪ ਉਠਿਆ॥ ੩੨॥

ਚਿੰਤਾ ਨਦੀ ਪ੍ਰਵਾਹਿ ਮੈ ਬਹਜੋ ਅਲੰਬ ਨ ਪਾਇ।
ਹੋਇ ਅਧੀਰ ਵਿਚਾਰਈ- ਕਜਾ ਇਸ ਕਹੌਂ ਅਲਾਇ॥ ੩੩॥

ਜੈ ਰਾਮ ਘਬਰਾ ਕੇ ਚਿੰਤਾ ਦੀ ਨਦੀ ਦੇ ਪ੍ਰਵਾਹ ਵਿਚ ਬਹਿ ਗਿਆ। ਬੜਾ ਅਧੀਰ ਹੋ ਕੇ ਵਿਚਾਰਦਾ ਹੈ ਕਿ ਹੁਣ ਨਵਾਬ ਨੂੰ ਕੀ ਜਵਾਬ ਦੇਵਾਂ?॥ ੩੩॥

ਸ੍ਰੀ ਨਾਨਕ ਤਕ ਆਸਰਾ ਪਤਿ ਰਾਖਹਿ ਮਮ ਸੋਇ।
ਬੋਲਜੋ ਤਬਹਿ ਨਰੇਸ਼ ਸੋਂ ਸ਼ਰਣ ਸੁਖਦ ਕੀ ਹੋਇ॥ ੩੪॥

ਸ੍ਰੀ ਨਾਨਕ ਦਾ ਆਸਰਾ ਤੱਕ ਕੇ ਸੋਚਿਆ ਕਿ ਉਹ ਹੀ ਮੇਰੀ ਇੱਜ਼ਤ ਰੱਖ ਸਕਦਾ ਹੈ। ਫਿਰ ਨਵਾਬ ਨੂੰ ਕਹਿਣ ਲੱਗਾ ਕਿ ਮੈਨੂੰ ਸੁਖਦਾਤੇ ਗੁਰੂ ਜੀ ਨੂੰ ਇਕ ਵਾਰ ਮਿਲ ਲੈਣ ਦੇਵੋ॥ ੩੪॥

ਸ੍ਵੈਯਾ- 'ਇਕ ਬਾਰ ਮੈ ਨਾਨਕ ਕੇ ਢਿਗ ਜਾਇਕੈ ਆਇਕੈ ਦੇਉ ਹਿਸਾਬ ਤੁਮਾਰਾ।
ਉਰ ਬੀਚ ਵਿਚਾਰਤਿ, ਆਰਤ ਧਾਰਤਿ ਬਾਹਰ ਤਾਂ ਦਿਸ਼ਿ ਪੰਥ ਪਧਾਰਾ।
ਬਹੁ ਗੋਰਨ ਮੈਂ ਇਵ ਰਾਜਤਿ ਹੈਂ ਸ਼ਿਵ ਮੱਧ ਮਸਾਨ ਮਨੋ ਹਿਤ ਧਾਰਾ।
ਚਿਤ ਕੰਪਤਿ, ਬੰਦਤਿ ਹਾਥ ਦੋਊ ਕਰ ਬੰਦਨ ਬੈਨ ਜਰਾਮ ਉਚਾਰਾ॥ ੩੫॥

ਇਕ ਵਾਰ ਮੈਂ ਨਾਨਕ ਦੇ ਪਾਸ ਜਾ ਕੇ ਅਤੇ ਫਿਰ ਆ ਕੇ ਤੁਹਾਨੂੰ ਸਾਰਾ ਹਿਸਾਬ ਦੇਵਾਂਗਾ। ਹਿਰਦੇ ਵਿਚ ਵਿਚਾਰਦਾ ਹੈ, ਦੁਖੀ ਹੁੰਦਾ ਹੈ। ਬਾਹਰ ਨਿਕਲ ਕੇ ਮਸਾਣਾਂ ਵਲ ਚੱਲ ਪੈਂਦਾ ਹੈ। ਸੱਚੇ ਪਾਤਸ਼ਾਹ ਮਸਾਣਾਂ ਵਿਚ ਬਿਰਾਜ ਰਹੇ ਹਨ, ਜਿਵੇਂ ਬੜੇ ਪ੍ਰੇਮ ਨਾਲ ਮਸਾਣਾਂ ਵਿਚ ਬੈਠੇ ਹੋਣ। ਚਿਤ ਕੰਬਦਾ ਹੈ, ਦੋਵੇਂ ਹੱਥ ਜੋੜ ਕੇ ਬੰਦਨਾਂ ਕਰਕੇ ਜੈ ਰਾਮ ਨੇ ਇਸ ਤਰ੍ਹਾਂ ਕਿਹਾ॥੩੫॥

'ਰੂਪ ਰਸਾਲ ਦਯਾਲ! ਸੁਨੋ, ਇਕ ਸਾਲ ਕੋ ਲੇਖਾ ਬਿਸਾਲ ਬਖਾਨਾ।
ਮੋਹੂ ਬੁਲਾਇ ਅਲਾਇ ਸੁਨਾਇ ਯੋਂ, ਆਇ ਸਬ ਪਾਇ ਅਜੋ ਇਸ ਥਾਨਾ।
ਯੋਂ ਸੁਨਿ ਕਾਨ, ਉਠੇ ਗਤਿ ਦਾਨ, ਕਿਸੂ ਨਹਿੰ ਕਾਨ, ਸੁਜਾਨ ਨਿਧਾਨਾ।
ਸੰਦੇਹਿ ਮੰਦ ਭਲੀ ਗਤਿ ਸੁੰਦਰ ਆਨੰਦ ਕੰਦ ਮੁਕੰਦ ਪਯਾਨਾ॥ ੩੬॥

"ਹੇ ਸੁੰਦਰ ਰੂਪ ਵਾਲੇ ਦਿਆਲੂ! ਸੁਣੋ, ਇਕ ਸਾਲ ਦਾ ਸਾਰਾ ਲੇਖਾ ਨਵਾਬ ਨੇ ਕਰਨ ਵਾਸਤੇ ਕਿਹਾ ਹੈ, ਮੈਨੂੰ ਆਪਣੇ ਪਾਸ ਬੁਲਾ ਕੇ ਇਸ ਤਰ੍ਹਾਂ ਕਿਹਾ ਹੈ, ਮੈਂ ਉਸ ਦੀ ਆਗਿਆ ਲੈ ਕੇ ਇਸ ਥਾਂ ਆਇਆ ਹਾਂ।" ਇਹ ਸੁਣ ਕੇ ਮੁਕਤੀਦਾਤੇ ਉਠੇ, ਜਿਨ੍ਹਾਂ ਨੂੰ ਕਿਸੇ ਦਾ ਡਰ ਨਹੀਂ ਅਤੇ ਸਮਝ ਦੇ ਖਜ਼ਾਨੇ ਹਨ। ਸ਼ੱਕ ਰਹਿਤ ਭਲੀ ਤੋਰ ਤੁਰਦੇ, ਅਨੰਦ ਦੇਣ ਵਾਲੇ ਮੁਕਤੀਦਾਤੇ ਜੈ ਰਾਮ ਜੀ ਦੇ ਨਾਲ ਚਲ ਪਏ॥ ੩੬॥

ਸੰਗ ਜਰਾਮ ਹੈ ਜਾਵਤਿ ਰਾਜਤਿ ਰੂਪ ਪਰਾਤਮ ਆਤਮ ਜੈਸੇ।
ਬੇਦਿ ਨਿਕੇਤ ਸੁ ਲੇਖੇ ਕੇ ਹੇਤ ਗਏ ਜਬ ਖਾਨਿ ਨਿਕੇਤ ਮੈਂ ਪੈਸੇ।
ਲੀਨੋ ਨਵੀਸਿੰਦ ਸੰਗਿ ਮੁਕੰਦ ਅਨੰਦ ਰਿਦੈ ਬਰ ਮੰਦਰ ਬੈਸੇ।
ਕੀਨੋ ਹੈ ਲੇਖਾ ਅਲੇਖ ਜੋਊ, ਪਤਿਲੇਖਾ ਕੋ ਲੇਖਾ ਘਟੈ ਕਹੁ ਕੈਸੇ॥ ੩੭॥

ਜੈ ਰਾਮ ਨਾਲ ਜਾਂਦੇ ਬੜੇ ਸ਼ੋਭਦੇ ਹਨ, ਜਿਨ੍ਹਾਂ ਦਾ ਰੂਪ ਪਰਮਾਤਮਾ ਰੂਪੀ ਜੀਵ ਵਰਗਾ ਹੈ। ਬੇਦੀ ਦੁਲਾਰੇ ਚਲਦੇ-ਚਲਦੇ ਲੇਖੇ ਵਾਸਤੇ ਦੌਲਤ ਖਾਂ ਦੇ ਘਰ ਦਾਖਲ ਹੋਏ। ਉਨ੍ਹਾਂ ਨੇ ਮੁਨਸ਼ੀ ਨੂੰ ਨਾਲ ਲਿਆ ਤੇ ਮੁਕਤੀਦਾਤੇ ਹਿਰਦੇ ਵਿਚ ਆਨੰਦ ਧਾਰ ਕੇ ਸ੍ਰੇਸ਼ਟ ਮੰਦਰ ਵਿਚ ਬੈਠ ਗਏ। ਲੇਖਾ ਜੋ ਅਲੇਖ ਹੈ ਉਸ ਲੇਖਾ ਕੀਤਾ। ਲੇਖੇ ਪਤੀ ਦਾ ਲੇਖਾ ਕਿਵੇਂ ਘਟ ਸਕਦਾ ਹੈ ?॥ ੩੭॥

ਇਕ ਸਾਲ ਕੋ ਲੇਖਾ ਬਿਸਾਲ ਹੁਤੋ ਕਰ ਲੇਯ ਵਹੀ ਕਿਯ ਜੋਰ ਮਹਾਨਾ।
ਆਮਦ ਔ ਖਰਚੀ ਕੋ ਸ਼ੁਮਾਰਿਕੈ ਕੀਨਿ ਭਲੇ ਗਿਨਤੀ ਬਿਧਿ ਨਾਨਾ।
ਕਾਗਦਿ ਲੈ ਕਰਿ ਬ੍ਰਿੰਦ ਲਿਖੇ ਨਵੀਸਿੰਦ ਕੀ ਬੁੱਧਿ ਥਕੀ ਬਿਸਮਾਨਾ।
ਦੀਨ ਦਯਾਲੁ ਰਹੇ ਪੁਨਿ ਵਾਧੇ ਮੈਂ, ਸ੍ਰੀ ਗੁਰ ਅੰਗਦ ਜੀ ! ਸੁਨਿ ਕਾਨਾ॥੩੮॥

ਇਕ ਸਾਲ ਦਾ ਵਿਸ਼ਾਲ ਲੇਖਾ ਹੁੰਦਾ ਹੈ, ਹੱਥ ਵਿਚ ਵਹੀ ਲੈ ਕੇ ਮਹਾਨ ਜੋੜ ਕੀਤੇ। ਆਮਦਨ ਅਤੇ ਖਰਚੇ ਨੂੰ ਗਿਣ ਕੇ ਕਈ ਪ੍ਰਕਾਰ ਨਾਲ ਗਿਣਤੀ ਕੀਤੀ। ਕਈ ਕਾਗਜ਼ ਲੈ ਕੇ ਲਿਖੇ, ਮੁਨਸ਼ੀ ਲਿਖਦਾ-ਲਿਖਦਾ ਥੱਕ ਗਿਆ। ਦੀਨ ਦਿਆਲ ਜੀ ਫਿਰ ਵਾਧੇ ਵਿਚ ਰਹੇ। ਹੇ ਗੁਰੂ ਅੰਗਦ ਦੇਵ ਜੀ ! ਧਿਆਨ ਨਾਲ ਸੁਣੋ॥ ੩੮॥

ਸਾਤ ਸੈ ਸਾਠ ਨਿਕਾਸੇ ਹੈਂ ਸੇਖ਼, ਸੁਨੀ ਨਿਜ ਸ੍ਰੋਨ ਮੈਂ ਦੌਲਤਖਾਨਾਂ।
ਹੋਤਿ ਭਯੋ ਬਿਸਮਾਦ ਰਿਦੇ, ਅਹਿਲਾਦ ਜਰਾਮ ਨ ਜਾਇ ਬਖਾਨਾ।
ਮੰਦਮਤੀ ਮਨ ਨਿੰਦਕ ਲੱਜਤਿ, ਬਿੰਦਤਿ ਭੇਦ ਨ ਮੂਢ ਅਜਾਨਾ।
ਕੀਰਤਿ ਪਾਵਸ ਸੋਊ ਜਵਾਸ ਸੇ, ਜੋਨ ਸੀ ਹੈ ਚਕਵਾਕ ਸਮਾਨਾ॥ ੩੯॥

ਗੁਰੂ ਜੀ ਦੇ ਸੱਤ ਸੌ ਸੱਠ ਰੁਪਏ, ਨਵਾਬ ਵੱਲ ਬਾਕੀ ਨਿਕਲੇ ਹਨ, ਦੌਲਤ ਖਾਂ ਨੇ ਆਪਣੇ ਨਿੱਜੀ ਕੰਨਾਂ ਨਾਲ ਸੁਣਿਆ। ਜੈ ਰਾਮ ਹਿਰਦੇ ਵਿਚ ਬੜੇ ਖੁਸ਼ ਹੋਏ ਹਨ ਅਤੇ ਉਨ੍ਹਾਂ ਦੀ ਖੁਸ਼ੀ ਬਿਆਨ ਨਹੀ ਕੀਤੀ ਜਾ ਸਕਦੀ। ਖੋਟੀ ਮੱਤ ਵਾਲੇ ਨਿੰਦਕ ਫਿਰ ਬਹੁਤ ਸ਼ਰਮਿੰਦੇ ਹੋਏ, ਉਹ ਮੂਰਖ ਅਸਲ ਭੇਦ ਨੂੰ ਨਹੀਂ ਸਨ ਜਾਣਦੇ। ਜੱਸ ਬਰਸਾਤ ਰੁੱਤ ਵਰਗਾ ਹੈ, ਨਿੰਦਕ ਜਵਾਸ ਘਾਹ ਵਰਗੇ ਹਨ ਜਿਹੜਾ ਗਰਮੀਆਂ ਵਿਚ ਬਾਰਸ਼ ਪੈਣ ਨਾਲ ਸੜ ਜਾਂਦਾ ਹੈ ਅਤੇ ਚਾਂਦਨੀ ਰੂਪ ਕੀਰਤੀ ਚਕਵੇ ਵਰਗੀ ਹੈ॥੩੯॥

ਦੋਹਰਾ- ਨਿੰਦਕ ਕੂਰੇ ਸਮਝਕੈ ਦੌਲਤਖਾਨ ਨਰੇਸ਼।
ਲੀਨੇ ਨਿਕਟਿ ਹਕਾਰਿਕੈ ਕਮਲ ਨੈਨ ਜਗਤੇਸ਼ ॥੪੦॥

ਨਿੰਦਕਾਂ ਨੂੰ ਝੂਠੇ ਸਮਝ ਕੇ, ਨਵਾਬ ਨੇ ਕੰਵਲ ਨੈਣ ਜਗਤ ਦੇ ਈਸ਼ਵਰ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ॥ ੪੦॥

ਕਬਿੱਤ- ਭਯੋ ਹੈ ਹਿਸਾਬ ਜਬ ਭਨਤਿ ਨਿਬਾਬ ਤਬ 'ਲੀਜੈ ਨਿਜ ਬਾਕੀ, ਅਬ ਕਾਰ ਪੁਨ ਕੀਜੀਏ।
ਦੇਵੋਂ ਧਨ ਔਰ, ਤੁਮ ਰਹੋ ਇਹ ਠੌਰ, ਬਾਧਾ ਹੋਇ ਜੋ ਬਹੋਰ, ਬਿਨ ਦੇਰ ਔਰ ਲੀਜੀਏ'।
ਬਾਬੇ ਤਬ ਕਹੀ 'ਧਨ ਲੇਵੋਂ ਅਬ ਨਹੀ, ਜੋਊ ਬਾਕੀ ਸਭਿ ਰਹੀ ਤਾਂਕੀ ਬਾਤ ਯੋਂ ਸੁਨੀਜੀਏ।
ਰਾਖੀਏ ਈਮਾਨ ਬਾਇ ਆਪਨੋ ਨਿਬਾਬ ਰਾਇ ਪੈਸੇ ਹੌਂ ਖੁਦਾਇ ਕੇ ਫਕੀਰਨ ਕੋ ਦੀਜੀਏ ॥੪੧॥

ਜਦ ਹਿਸਾਬ ਹੋ ਗਿਆ ਤਾਂ ਨਵਾਬ ਗੁਰੂ ਜੀ ਨੂੰ ਕਹਿਣ ਲੱਗਾ, "ਆਪਣਾ ਬਕਾਇਆ ਪ੍ਰਾਪਤ ਕਰੋ ਤੇ ਮੋਦੀ ਦਾ ਕੰਮ ਫਿਰ ਸੰਭਾਲ ਲਵੋ। ਤੁਹਾਨੂੰ ਮੈਂ ਧਨ ਦਿੰਦਾ ਹਾਂ ਤੁਸੀਂ ਇਥੇ ਰਹੋ। ਜੇ ਹੋਰ ਵਾਧਾ ਹੋਵੇ ਤਾਂ ਕਿਸੇ ਦੇਰ ਤੋਂ ਬਗੈਰ ਹੋਰ ਲੈ ਲਵੋ।" ਫਿਰ ਬਾਬੇ ਨੇ ਕਿਹਾ, "ਮੈਂ ਹੁਣ ਧਨ ਨਹੀਂ ਲਵਾਂਗਾ, ਜਿਹੜਾ ਬਕਾਇਆ ਨਿਕਲਿਆ ਹੈ ਉਸ ਦੀ ਵੀ ਗੱਲ ਸੁਣੋ। ਅਮਾਨਤ ਦੇ ਤੌਰ ਤੇ ਆਪਣੇ ਪਾਸ ਰੱਖੀਏ, ਇਹ ਖੁਦਾਵੰਦ ਕਰੀਮ ਦੇ ਪੈਸੇ ਹਨ, ਇਸ ਲਈ ਇਨ੍ਹਾਂ ਪੈਸਿਆਂ ਨੂੰ ਗਰੀਬਾਂ ਵਿਚ ਵੰਡ ਦੇਵੋ॥ ੪੧॥

ਸ੍ਵੈਯਾ- ਨਾਨਕ ਜੀ ਇਵ ਆਨਨ ਤੇ ਭੀਨ ਥਾਨ ਮਸਾਨਨ ਕੇ ਚਲਿ ਆਏ।
ਗੋਰ ਮਰੀਨ ਮਹਿਂ ਬੈਸਿ ਗਏ ਦਰਵੇਸ਼ ਕੋ ਬੇਸ ਸਰੀਰ ਬਨਾਏ।
ਲਾਇ ਸਮਾਧਿ ਅਗਾਧ ਅਬਾਧ ਕੀ ਪੂਰਬ ਰੂਪ ਅਨੂਪ ਬਸਾਏ।
ਜਾਂਹਿ ਅਰਾਧਨ ਕੇ ਫਲ ਲਾਧਹਿਂ ਆਧਿ ਉਪਾਧਿ ਬਿਆਧਿ ਮਿਟਾਏ॥੪੨॥

ਸ੍ਰੀ ਨਾਨਕ ਜੀ ਮੁਖ ਤੋਂ ਇਹ ਗੱਲ ਕਹਿ ਕੇ ਚਲ ਕੇ ਫਿਰ ਮੜ੍ਹੀਆਂ ਵਿਚ ਆ ਗਏ। ਕਬਰਾਂ ਵਿਚ ਬੈਠ ਗਏ ਅਤੇ ਸਰੀਰ ਤੇ ਦਰਵੇਸ਼ਾਂ ਵਾਲਾ ਭੇਸ ਧਾਰਨ ਕੀਤਾ ਹੋਇਆ ਸੀ। ਅਗਾਧ, ਅਬਾਧ ਸਮਾਧੀ ਲਾ ਕੇ ਨਿਰੰਕਾਰ ਦਾ ਰੂਪ ਦਿਲ ਵਿਚ ਵਸਾ ਕੇ ਬੈਠ ਗਏ। ਮਨ ਦੀ ਚਿੰਤਾ, ਉਪਰੋਂ ਆ ਪਈ ਬਿਪਤਾ ਦਾ ਦੁੱਖ ਮਿਟਾ ਕੇ ਪ੍ਰਭੂ ਦੀ ਅਰਾਧਨਾ ਕਰਨ ਲੱਗ ਗਏ॥ ੪੨॥

ਦੋਹਰਾ- ਸਭਿ ਪ੍ਰਵਾਰ ਕ੍ਰਿਤ ਦੇਖਿ ਕੈ ਠਟਕ ਰਹੇ ਮਨ ਮਾਂਹਿ।
ਨਿਕਟਿ ਜਾਇ ਤੂਸ਼ਨ ਰਹੇ, ਬੋਲ ਸਕਤਿ ਕਛੁ ਨਾਂਹਿ॥ ੪੩॥

ਸਭ ਪਰਿਵਾਰ ਇਹ ਕਿਰਤ ਦੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਕੋਲ ਜਾ ਕੇ ਚੁਪ ਰਹਿੰਦੇ ਸਨ ਅਤੇ ਕੁਝ ਵੀ ਬੋਲ ਨਹੀਂ ਸਕਦੇ ਸਨ॥ ੪੩॥

ਤਬ ਜੈਰਾਮ ਦੁਕਾਨ ਕੀ ਸੌਜ ਸਮ੍ਹਾਰੀ ਆਨਿ।
ਸਭਿਹਿ ਸੁਲਖਣੀ ਢਿਗ ਦਈ ਅਸਬਿਧਿ ਬਚਨ ਬਖਾਨਿ॥੪੪॥

ਤਦ ਜੈ ਰਾਮ ਨੇ ਦੁਕਾਨ ਦੀ ਸਾਰੀ ਸਮੱਗਰੀ ਸੰਭਾਲ ਲਈ ਅਤੇ ਮਾਤਾ ਸੁਲੱਖਣੀ ਨੂੰ ਇਹ ਕਹਿ ਕੇ ਦੇ ਦਿੱਤੀ॥ ੪੪॥

'ਤਿਨ ਸੋਂ ਬਸੁ ਹਮਰੋ ਨ ਕਛੁ, ਸੁਨਿ ਸਾਧ੍ਵੀ! ਧਰਿ ਧੀਰ।
ਸਿਮਰਹੁ ਨਿਸਿ ਬਾਸੁਰ ਰਿਦੈ ਭਲੀ ਕਰਹਿ ਰਘੁਬੀਰ'॥ ੪੫॥

"ਉਸ ਉਪਰ ਸਾਡਾ ਕੋਈ ਵੱਸ ਨਹੀਂ ਚਲਦਾ। ਹੇ ਬੀਬੀ ਜੀ! ਸੁਣੋ, ਆਪਣੇ ਦਿਲ ਵਿਚ ਧੀਰਜ ਧਾਰਨ ਕਰੋ। ਦਿਨ ਰਾਤ ਸਿਮਰਨ ਕਰੋ। ਪਰਮੇਸ਼ਰ ਭਲੀ ਕਰੇਗਾ"॥ ੪੫॥

ਸ੍ਵੈਯਾ- ਲੋਕ ਬਿਲੋਕਤਿ ਆਨ ਕੋਊ ਸਹਿ ਸ਼ੋਕ ਜਰਾਮ ਸੋਂ ਜਾਇ ਜਨਾਵੈਂ।
'ਜਾਨੀ ਨ ਜਾਇ ਭਈ ਗਤਿ ਕਜਾ, ਉਦਿਆਨ ਰਹੈਂ, ਪੁਰਿ ਪਾਇ ਨ ਪਾਵੈਂ।
ਹੋਸ਼ ਭਈ ਫਰਮੋਸ਼ ਰਿਦੈ, ਨਹਿਂ ਗੋਸ਼ ਸੁਨੈਂ, ਮਨ ਜੋਸ਼ ਨ ਆਵੈ।
ਬੋਲਤਿ ਬੋਲ ਨ ਕਾਹੂ ਬਿਲੋਕਹਿਂ, ਨਾ ਕਿਸ ਲੋਕ ਸੋਂ ਭੇਦ ਬਤਾਵੈਂ॥੪੬॥

ਕਈ ਲੋਕ ਦੁਖੀ ਜੈ ਰਾਮ ਨੂੰ ਆ ਕੇ ਮਿਲਦੇ ਅਤੇ ਉਸ ਦੀ ਹਾਲਤ ਵੇਖਦੇ ਸਨ ਅਤੇ ਜੈ ਰਾਮ ਨਾਲ ਅਫਸੋਸ ਕਰਦੇ

ਹਨ, "ਜਾਣਿਆ ਨਹੀਂ ਜਾ ਸਕਦਾ ਕਿ ਕੀ ਹਾਲਤ ਬਣਾਈ ਹੈ, ਬਨ ਵਿਚ ਰਹਿੰਦੇ ਹਨ, ਪਰ ਸ਼ਹਿਰ ਵਿਚ ਪੈਰ ਤਕ ਨਹੀਂ ਪਾਉਂਦੇ। ਹਿਰਦੇ ਵਿਚ ਹੋਸ਼ ਭੁੱਲ ਗਈ ਹੈ, ਕਿਸੇ ਦੀ ਗੱਲ ਨਹੀਂ ਸੁਣਦੇ, ਮਨ ਵਿਚ ਜੋਸ਼ ਨਹੀਂ ਆਉਂਦਾ, ਨਾ ਕੁਝ ਬੋਲਦੇ ਹਨ ਅਤੇ ਨਾ ਹੀ ਕਿਸੇ ਵੱਲ ਵੇਖਦੇ ਹਨ ਅਤੇ ਨਾ ਹੀ ਕਿਸੇ ਨੂੰ ਆਪਣਾ ਭੇਦ ਦੱਸਦੇ ਹਨ"॥ ੪੬॥

ਮਾਨਵ ਭੇਵ ਨ ਜਾਨਵ, ਜੋ ਮਨ ਆਨਵ, ਸੋ ਨਿਜ ਕੀ ਸਠਤਾਈ।
ਕੋ ਉਕਤੰ ਕਹੁ, ਕੋ ਬਕਤੰ ਕਹੁ 'ਬਾਵਰ ਭਾ ? ਕਿਧੌਂ ਭੂਤ ਲਗਾਈ'।
ਨਾਨਕੀ ਏਕ ਰਹੀ ਉਰ ਮੈਂ ਥਿਰ, ਮੇਰੁ ਸਮਾਨ ਨ ਸੋਇ ਡੁਲਾਈ।
ਨਾਨਕ ਕੀ ਕ੍ਰਿਤਿ ਬੇਗਹਿ ਬਾਤ ਸੀ ਪਾਤ ਉਡੇ ਨਰ, ਸੋ ਨ ਉਡਾਈ ॥੪੭॥

ਮਾਨਵ ਭੇਦ ਨਹੀਂ ਜਾਣਦੇ, ਜੋ ਮਨ ਵਿਚ ਆਉਂਦਾ ਹੈ ਉਹੋ ਕੁਝ ਆਪਣੀ ਮੂਰਖਤਾ ਕਰਕੇ ਕਹਿ ਦਿੰਦੇ ਹਨ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਬਕਦਾ ਹੈ, ਕੋਈ ਕਹਿੰਦਾ ਹੈ, "ਬਾਵਰਾ ਹੋ ਗਿਆ ਹੈ, ਇਸ ਨੂੰ ਭੂਤ ਚੰਬੜ ਗਏ ਹਨ।" ਬੇਬੇ ਨਾਨਕੀ ਇਕੱਲੀ ਹੀ ਆਪਣੇ ਮਨ ਵਿਚ ਦ੍ਰਿੜ੍ਹ ਰਹੀ, ਮੇਰੁ ਪਰਬਤ ਸਮਾਨ ਉਹ ਨਾ ਡੋਲੀ। ਗੁਰੂ ਜੀ ਦੀ ਕਰਨੀ ਹਵਾ ਦੇ ਵੇਗ ਵਰਗੀ ਹੈ, ਜਿਸ ਹਵਾ ਦੇ ਬੁਲ੍ਹੇ ਨੇ ਮਨੁੱਖਾਂ ਦੇ ਨਿਸ਼ਚੇ ਉਡਾ ਦਿੱਤੇ ਹਨ, ਪਰ ਬੇਬੇ ਨਾਨਕੀ ਨਹੀਂ ਡੋਲੀ॥ ੪੭॥

ਦੋਹਰਾ- 'ਭ੍ਰਾਤ ਕਰਹਿ ਸੋਈ ਭਲੀ, ਬਨੈ ਨ ਕਹਿਨ ਹਮਾਰ।
ਹ੍ਵੈ ਅਲਪਗ ਸਰਬੱਗ ਕੀ ਮੇਟਹਿ ਕ੍ਰਿੱਤ ਗਵਾਰ'॥ ੪੮॥

"ਭਰਾ ਜੀ ਜਿਵੇਂ ਰਹਿੰਦੇ ਸੋਈ ਭਲਾ ਹੈ, ਸਾਡਾ ਉਨ੍ਹਾਂ ਨੂੰ ਕੁਝ ਵੀ ਕਹਿਣਾ ਨਹੀਂ ਬਣਦਾ। ਜੋ ਅਲਪੱਗ ਹੋ ਕੇ ਸਰਬੱਗ ਦੀ ਕ੍ਰਿਤ ਨੂੰ ਮੇਟੇ ਸੋ ਮੂਰਖ ਹੈ"॥ ੪੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੋਦੀਖਾਨਾ ਤਜਨਿ' ਪ੍ਰਸੰਗ ਬਰਨਨੰ ਨਾਮ ਉਨੱਤੀਸਮੋ ਅਧਯਾਯ॥ ੨੯॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਨੱਤੀਵਾਂ ਅਧਿਆਇ, ਜਿਸ ਦਾ ਨਾਮ "ਵੇਈਂ ਤੋਂ ਬਾਹਰ ਆਉਣ, ਮੋਦੀ ਦੀ ਕਾਰ ਤਿਆਗਣੀ" ਹੈ, ਸਮਾਪਤ ਹੋਇਆ॥ ੨੯॥

# ਅਧਿਆਇ ਤੀਹਵਾਂ

*ਮੂਲੇ ਦਾ ਆਉਣਾ, ਲਖਮੀ ਦਾਸ ਜਨਮ।*

ਦੋਹਰਾ- ਸ੍ਰੀ ਗੁਰ ਪਗ ਕੋ ਪ੍ਰੇਮਿ ਜੋ ਉੱਜਲ ਸਰਸ ਮਰਾਲ।
ਅਵਗੁਨ ਪਰਿਹਰਿ ਗੁਨਗ੍ਰਹੀ ਬਸੋ ਮੋਹਿ ਮਨ ਤਾਲ॥ ੧॥

ਸ੍ਰੀ ਗੁਰੂ ਜੀ ਦੇ ਚਰਨ ਪ੍ਰੇਮ ਰੂਪੀ ਉੱਜਲ ਅਤੇ ਸੁੰਦਰ ਹੰਸ ਹਨ। ਹੇ ਹੰਸੋ ! ਮੇਰੇ ਅਵਗੁਣਾਂ ਦਾ ਤਿਆਗ ਕਰਕੇ ਤੇ ਗੁਣਾਂ ਦੇ ਗ੍ਰਹਿਣ ਕਰਨ ਵਾਲੇ ਹੋ ਕੇ ਮੇਰੇ ਮਨ ਰੂਪੀ ਤਲਾਅ ਉਤੇ ਆ ਵੱਸੋ॥੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਨਿਜ ਪ੍ਰਤਿਕੂਲ ਬਿਲੋਕਿਕੈ ਬੋਲਿ ਸੁਲਖਣੀ ਦਾਸ।
ਸਮਝਾਈ ਸਭਿ ਬਾਰਤਾ, ਨੈਹਰ ਪਠਾਇ ਅਵਾਸ॥ ੨॥

*ਭਾਈ ਬਾਲਾ ਜੀ ਕਹਿੰਦੇ ਹਨ-* ਸਭ ਕੁਝ ਉਲਟ ਹੁੰਦਾ ਵੇਖ ਕੇ ਮਾਤਾ ਸੁਲੱਖਣੀ ਨੇ ਆਪਣੇ ਇਕ ਸੇਵਕ ਨੂੰ ਬੁਲਾਇਆ। ਉਸ ਨੂੰ ਸਭ ਕੁਝ ਸਮਝਾਇਆ ਅਤੇ ਪੇਕੇ ਘਰ ਭੇਜ ਦਿੱਤਾ॥ ੨॥

ਮੂਲਾ ਸੁਨਤਿ ਕੁਢਾਲ ਕੋ ਆਵਤਿ ਭਯੋ ਉਤਾਲ।
ਗਿਨਤਿ ਗਟੀ ਉਰ ਅਟਪਟੀ, ਪਾਵਤਿ ਕਸ਼ਟ ਬਿਸ਼ਾਲ॥ ੩॥

ਮੂਲ ਚੰਦ ਸੇਵਕ ਦੀ ਗੱਲ ਸੁਣ ਕੇ ਤੁਰੰਤ ਸੁਲਤਾਨਪੁਰ ਪਹੁੰਚ ਗਿਆ। ਹਿਰਦੇ ਵਿਚ ਗਿਣਤੀਆਂ ਗਿਣਦਿਆਂ ਦਿਲ ਅਟਪਟਾ ਰਿਹਾ ਹੈ ਅਤੇ ਵਿਸ਼ਾਲ ਕਸ਼ਟ ਪਾ ਰਿਹਾ ਹੈ॥ ੩॥

ਨਿਜ ਪ੍ਰੋਧਾ ਇਕ ਸੰਗ ਲੇ ਆਵਾ ਪੁਰਿ ਸੁਲਤਾਨ।
ਸਹਿਤ ਨੇਹ ਕੇ ਸੁਤਾ ਸੋਂ ਮਿਲਜੋ ਰਿਦੇ ਅਕੁਲਾਨ॥ ੪॥

ਆਪਣੇ ਇਕ ਨਿੱਜੀ ਪ੍ਰੋਹਤ ਨੂੰ ਨਾਲ ਲੈ ਕੇ ਸੁਲਤਾਨਪੁਰ ਪਹੁੰਚ ਗਿਆ। ਬੜੇ ਪ੍ਰੇਮ ਨਾਲ ਆਪਣੀ ਪੁੱਤਰੀ ਨੂੰ ਮਿਲਿਆ ਅਤੇ ਹਿਰਦੇ ਵਿਚ ਬੜਾ ਵਿਆਕੁਲ ਹੋਇਆ॥ ੪॥

ਸ੍ਵੈਯਾ- ਮਿਲਿ ਬੈਸ ਗਯੋ ਜਬ, ਬੂਝਤਿ ਭਾ ਤਬ, ਬਾਤ ਬਖਾਨ ਕਰੀ ਪਿਤ ਪਾਸੂ।
'ਪਤਿ ਬੇਖ ਫਕੀਰ ਸਰੀਰ ਧਰਾ, ਧਨ ਦੀਨ ਲੁਟਾਇਕੈ ਛੋਰਿ ਅਵਾਸੂ।
ਦਿਨ ਤੀਨ ਰਹੇ ਮਧ ਨੀਰ ਨਦੀ, ਪੁਨਿ ਤੀਰ ਅਏ, ਨ ਛੁਯੋ ਜਲ ਜਾਸੂ।
ਥਲ ਗੋਰ ਮੜੀ ਮਹਿਂ ਆਸਨ ਕੀਨ, ਕਹੈਂ ਨ ਸੁਨੈਂ ਜੁ ਭਨੈ ਕਛੁ ਤਾਸੂ॥੫॥

ਜਦ ਹਾਲ-ਚਾਲ ਪੁੱਛ ਕੇ ਪਾਸ ਬੈਠ ਗਿਆ ਤਾਂ ਮਾਤਾ ਸੁਲੱਖਣੀ ਨੇ ਆਪਣੇ ਪਿਤਾ ਨੂੰ ਸਾਰੀ ਗੱਲ ਖੋਲ੍ਹ ਕੇ ਦੱਸੀ। ''ਪਤੀ ਨੇ ਫਕੀਰੀ ਭੇਸ ਧਾਰਨ ਕਰ ਲਿਆ ਹੈ ਤੇ ਘਰ ਛੱਡ ਕੇ ਧਨ ਸਾਰਾ ਲੁਟਾ ਦਿੱਤਾ ਹੈ। ਤਿੰਨ ਦਿਨ ਨਦੀ ਦੇ ਪਾਣੀ ਵਿਚ ਰਹੇ, ਪਰ ਜਦ ਕੰਢੇ ਨਿਕਲੇ ਤਾਂ ਉਨ੍ਹਾਂ ਨੂੰ ਜਲ ਛੂਹਿਆ ਹੀ ਨਹੀਂ ਸੀ। ਕਬਰਾਂ ਅਤੇ ਮੜ੍ਹੀਆਂ ਵਿਚ ਆਸਣ ਕੀਤਾ, ਕੁਝ ਕਹਿੰਦੇ ਸੁਣਦੇ ਨਹੀਂ, ਜਿਹੜਾ ਵੀ ਕੋਈ ਉਨ੍ਹਾਂ ਨਾਲ ਗੱਲ ਕਰਦਾ ਹੈ॥ ੫॥

ਚੌਪਈ- 'ਸੁਨਿ ਤਨੁਜਾ ਬਾਨੀ ਨਿਜ ਕਾਨਾ। ਭਯੋ ਕ੍ਰੋਧ ਮੈਂ ਬਹੁ ਗਲਤਾਨਾ।
ਫਰਕਤਿ ਅਧਰ ਲਾਲ ਕਿਜ ਨੈਨਾ। ਮੁਖ ਤੇ ਬਹੁ ਬੋਲਤਿ ਦੁਰਬੈਨਾ॥੬॥

ਹੇ ਬੇਟੀ! ਮੇਰੀ ਗੱਲ ਧਿਆਨ ਨਾਲ ਸੁਣੋ, ਮੈਨੂੰ ਬਹੁਤ ਗੁੱਸਾ ਆਇਆ ਹੈ। ਮੇਰੇ ਬੁਲ੍ਹ ਫਰਕਦੇ ਹਨ ਅਤੇ ਮੇਰੇ ਨੇਤਰ ਲਾਲ ਹੋ ਗਏ ਹਨ। ਮੁੱਖ ਤੋਂ ਬਹੁਤ ਦੁਰਬਚਨ ਨਿਕਲ ਰਹੇ ਹਨ॥ ੬॥

ਦਰਬ ਲੁਟਾਵਨਿ ਕੀ ਸੁਧਿ ਸੁਨਿਕੈ। ਸਹਿ ਨ ਸਕ੍ਯੋ ਗਮਨ੍ਯੋ ਸਿਰ ਧੁਨ ਕੈ।
ਬੇਦੀ ਕੁਲ ਕੇ ਕਲਸ ਸੁਹਾਵਨ। ਜਹਿਂ ਬੈਸੇ,ਜਿਨ ਕੀਰਤਿ ਪਾਵਨ ॥੭॥

ਧਨ ਲੁਟਾਉਣ ਦੀ ਖ਼ਬਰ ਸੁਣ ਕੇ, ਮੈਂ ਬਰਦਾਸ਼ਤ ਨਹੀਂ ਕਰ ਸਕਿਆ ਤੇ ਸਿਰ ਹਿਲਾ ਕੇ ਚਲਿਆ ਹਾਂ। ਬੇਦੀ ਕੁਲ ਦੇ ਕਲਸ਼ ਸ਼ੋਭਦੇ ਹਨ, ਜਿਥੇ ਬੈਠਦੇ ਹਨ ਸ਼ੋਭਾ ਪਾਉਂਦੇ ਹਨ'' ॥ ੭॥

ਤਹਾਂ ਆਇ ਬੋਲ੍ਯੋ ਦੁਰਬਾਨੀ। 'ਤੂੰ ਜਨਮ੍ਯੋ ਹਾਨੀ ਕੁਲ ਕਾਨੀ।
ਮਾਤ ਪਿਤਾ ਕੀ ਦਾਹਤਿ ਛਾਤੀ। ਅਲਪ ਬੈਸ ਤੇ ਤੂੰ ਧਨ ਘਾਤੀ॥੮॥

ਗੁਰੂ ਜੀ ਦੇ ਪਾਸ ਪਹੁੰਚ ਕੇ ਭੈੜੇ ਬਚਨ ਬੋਲਣ ਲੱਗਾ, ''ਤੂੰ ਕੁਲ ਦੀ ਲਾਜ ਦੀ ਹਾਨੀ ਕਰਨ ਵਾਲਾ ਜੰਮਿਆ ਹੈਂ, ਮਾਤਾ ਪਿਤਾ ਦੀ ਛਾਤੀ ਸਾੜਦਾ ਹੈਂ, ਇਕੱਲਾ ਬੈਠ ਕੇ ਤੂੰ ਧਨ ਦਾ ਘਾਣ ਕੀਤਾ ਹੈ॥ ੮॥

ਦੋਹਰਾ- ਬਿਨ ਗੁਨ ਪਰਖੇ ਬਿਨ ਪਿਖੇ ਸੁਤਾ ਕੀਨ ਸਨਬੰਧ।
ਤਬ ਕੋ ਮੈਂ ਦੁਖ ਪਾਇ ਹੌਂ, ਸੁਖ ਨ ਪਿਖ੍ਯੋ ਭੇ ਸੰਧ'॥ ੯॥

ਤੇਰੇ ਗੁਣ ਪਰਖੇ ਬਿਨਾਂ ਮੈਂ ਆਪਣੀ ਲੜਕੀ ਦਾ ਰਿਸ਼ਤਾ ਕਰ ਦਿੱਤਾ। ਉਸ ਸਮੇਂ ਤੋਂ ਮੈਂ ਦੁਖ ਹੀ ਪਾਇਆ ਹੈ ਤੇ ਸੰਬੰਧ ਜੋੜ ਕੇ ਕਦੀ ਵੀ ਸੁਖ ਨਹੀਂ ਪਾਇਆ ਹੈ''॥ ੯॥

ਚੌਪਈ- ਪਿਤਾ ਸਮਾਨ ਜਾਨਿ ਗੁਨ ਐਨਾ। ਤੂਸ਼ਨ ਰਹੇ, ਨ ਬੋਲੇ ਬੈਨਾ।
ਬਹੁ ਦੁਰਬਚਨ ਭਾਖਿ ਕਰਿ ਮੂਲਾ। ਪੁਰਿ ਆਵਾ,ਜਿਹ ਮਤਿ ਪ੍ਰਤਿਕੂਲਾ॥੧੦॥

ਪਿਤਾ ਦੇ ਬਰਾਬਰ ਸਮਝ ਕੇ ਗੁਰੂ ਜੀ ਚੁਪ ਰਹੇ ਅਤੇ ਕੋਈ ਵੀ ਬਚਨ ਨਾ ਕੀਤਾ। ਬੜੇ ਭੈੜੇ ਸ਼ਬਦ ਬੋਲ ਕੇ ਮੂਲ ਚੰਦ ਜਿਸ ਦੀ ਬੁੱਧੀ ਉਲਟੀ ਸੀ, ਨਗਰ ਵਿਚ ਆ ਗਿਆ॥ ੧੦॥

ਭੇਵ ਨ ਲਖਹਿ ਈਸ਼ ਜਗਦੇਵੰ। ਰਿਸਿ ਸੋਂ ਛਾਤੀ ਜਰਤਿ ਸਦੇਵੰ।
ਭੂਰ ਬਿਸੂਰਹਿ ਗਟੀ ਗੁਨੰਤਾ। ਬਿਨਾ ਲਖੇ ਅਤਿ ਹ੍ਵੈ ਦੁਖਵੰਤਾ॥੧੧॥

ਜਗਤ ਦੇ ਮਾਲਕ ਈਸ਼ਵਰ ਦਾ ਭੇਦ ਨਾ ਪਾਇਆ, ਗੁੱਸੇ ਵਿਚ ਆ ਕੇ ਸਦਾ ਛਾਤੀ ਸਾੜਦਾ ਹੈ। ਬਹੁਤ ਭੈੜੀਆਂ ਗਿਣਤੀਆਂ ਗਿਣਦਾ ਹੈ। ਸਮਝੇ ਬਿਨਾਂ ਬਹੁਤ ਦੁਖੀ ਹੁੰਦਾ ਹੈ॥ ੧੧॥

ਦੋਹਰਾ- ਜਿਹ ਦਿਜ ਕੀ ਸੰਗਤਿ ਕਰਤਿ ਤਿਹ ਢਿਗ ਬੈਸ੍ਯੋ ਜਾਇ।
ਮਨ ਕੇ ਦੁਖ ਬਰਨਨ ਕਰੇ, ਰੋਤਿ ਭਯੋ ਦੁਖ ਪਾਇ॥ ੧੨॥

ਜਿਸ ਬ੍ਰਾਹਮਣ ਨੂੰ ਨਾਲ ਲੈ ਕੇ ਆਇਆ ਸੀ, ਉਸ ਦੇ ਪਾਸ ਜਾ ਕੇ ਬੈਠ ਗਿਆ। ਮਨ ਦੇ ਸਾਰੇ ਦੁਖ ਉਸ ਨੂੰ ਦੱਸੇ ਅਤੇ ਦੁਖੀ ਹੋ ਕੇ ਰੋਣ ਲੱਗ ਗਿਆ॥ ੧੨॥

ਸੋਰਠਾ- 'ਏਕ ਦਿਵਸ ਸੁਖ ਨਾਂਹਿ, ਜਬ ਕੀ ਸੁਤਾ ਬਿਵਾਹਿ ਦੀ।
ਬੈਸ੍ਯੋ ਗੋਰਨਿ ਮਾਂਹਿ, ਤਜਿ ਤਰੁਨੀ ਘਰ ਕਾਰ ਸਭਿ'॥ ੧੩॥

''ਜਦ ਦੀ ਮੈਂ ਆਪਣੀ ਧੀ ਵਿਆਹੀ ਹੈ, ਇਕ ਦਿਨ ਵੀ ਸੁਖ ਨਸੀਬ ਨਹੀਂ ਹੋਇਆ। ਹੁਣ ਮੜ੍ਹੀਆਂ ਵਿਚ ਜਾ ਬੈਠਾ ਹੈ, ਵਹੁਟੀ, ਘਰ ਤੇ ਕੰਮ-ਕਾਜ ਸਭ ਛੱਡ ਦਿੱਤਾ ਹੈ''॥ ੧੩॥

ਦੋਹਰਾ- ਸੁਨਿ ਕਰਿ ਆਤੁਰ ਬਚਨ ਤਿਹ ਦਿਜਬਰ ਕਿਯੋ ਪਯਾਨ।
'ਚਲਹੁ ਤਿਸੈ ਸਮਝਾਇ ਹੈਂ ਅਸ ਬਿਧਿ ਕਰਤਿ ਬਖਾਨ॥ ੧੪॥

ਮੂਲ ਚੰਦ ਦੇ ਦੁਖੀ ਬਚਨ ਸੁਣ ਕੇ ਬ੍ਰਾਹਮਣ ਉਠ ਕੇ ਚਲ ਪਿਆ ਅਤੇ ਕਹਿਣ ਲੱਗਾ, "ਚਲੋ ਉਸ ਨੂੰ ਜਾ ਕੇ ਸਮਝਾਉਂਦੇ ਹਾਂ"॥ ੧੪॥

ਕਬਿੱਤ- ਬੇਦੀ ਕੁਲ ਮੰਡਲ, ਸਕਲ ਦੁਖ ਖੰਡਨ, ਪਖੰਡਨ ਕੋ ਦੰਡਨ ਸਰੂਪ ਜਿਹ ਧਾਰਿਯਾ।
ਮੂਲਾ ਲੀਏ ਪੰਡਿਤ ਜਹਾਂ ਹੈਂ ਮਹਿਮੰਡਤ ਨਿਕਟਿ ਬੈਠ ਤੁੰਡਤੇ ਯੌਂ ਬਚਨ ਉਚਾਰਿਯਾ।
'ਬਾਲ ਬੁਧਿ ਲੀਨਿ ਕਾਚੀ ਬਾਤੈਂ ਸਭਿ ਕੀਨਿ ਤੁਮ,ਮੋਦੀ ਕ੍ਰਿਤ ਛੋਰਿ ਦੀਨਿ ਨੀਕੇ ਨ ਵਿਚਾਰਿਯਾ।
ਮਾਤ ਪਿਤਾ ਲਾਜ ਤਜਿ,ਦੇਹਿ ਅਸ ਬੇਖ ਸਜਿ, ਦੁਸਟ ਮਸਾਨ ਥਾਨ ਭਏ ਹਿਤਕਾਰਿਯਾ ॥੧੫॥

ਬੇਦੀ ਕੁਲ ਭੂਸ਼ਨ, ਜਿਨ੍ਹਾਂ ਸਭ ਦੇ ਦੁੱਖਾਂ ਦਾ ਨਾਸ਼ ਕਰਨ ਵਾਲਾ, ਪਖੰਡੀਆਂ ਨੂੰ ਦੰਡ ਦੇਣ ਵਾਲਾ ਸਰੂਪ ਧਾਰਨ ਕੀਤਾ ਹੈ। ਮੂਲ ਚੰਦ ਪੰਡਿਤ ਨੂੰ ਲੈ ਕੇ ਓਥੇ ਪਹੁੰਚ ਗਿਆ ਜਿਥੇ ਪ੍ਰਿਥਵੀ ਨੂੰ ਸ਼ੋਭਾ ਦੇਣ ਵਾਲੇ ਬੈਠੇ ਸਨ, ਉਨ੍ਹਾਂ ਦੇ ਲਾਗੇ ਬੈਠ ਕੇ ਪੰਡਿਤ ਨੇ ਇੰਝ ਬਚਨ ਕਹੇ, "ਬੱਚਿਆਂ ਵਾਲੀ ਬੁਧੀ ਬਣਾਈ ਹੈ ਇਹ ਸਭ ਕੱਚੀਆਂ ਗੱਲਾਂ ਕੀਤੀਆਂ ਹਨ ਮੋਦੀ ਦੀ ਕਾਰ ਛੱਡ ਕੇ ਚੰਗਾ ਨਹੀਂ ਕੀਤਾ। ਸਰੀਰ ਤੇ ਫਕੀਰੀ ਭੇਸ ਧਾਰਨ ਕਰਕੇ ਮਾਤਾ ਪਿਤਾ ਦੀ ਲਾਜ ਛੱਡ ਦਿੱਤੀ, ਭ੍ਰਿਸ਼ਟ ਮੜ੍ਹੀਆਂ ਵਿਚ ਆ ਕੇ ਬੈਠ ਗਏ ਹੋ"॥ ੧੫॥

ਦੋਹਰਾ- ਸੁਨਿ ਪੰਡਿਤ ਕੇ ਬੈਨ ਇਵ ਸ੍ਰੀ ਨਾਨਕ ਜਗਕੰਤ।
ਉਚਰਯੋ ਸਬਦ ਬਸੰਤ ਮੈਂ ਹੁਤੀ ਸੁ ਰਿੱਤੁ ਬਸੰਤ॥ ੧੬॥

ਪੰਡਿਤ ਦੇ ਇਹ ਬਚਨ ਸੁਣ ਕੇ ਜਗਤ ਦੇ ਮਾਲਕ ਗੁਰੂ ਨਾਨਕ ਨੇ ਇਸ ਤਰ੍ਹਾਂ ਬਸੰਤ ਰਾਗ ਵਿਚ ਇਕ ਸ਼ਬਦ ਦਾ ਉਚਾਰਣ ਕੀਤਾ, ਜਿਵੇਂ ਬਸੰਤ ਦੀ ਸੁੰਦਰ ਰੁੱਤ ਹੁੰਦੀ ਹੈ॥ ੧੬॥

*ਬਸੰਤੁ ਹਿੰਡੋਲ ਮਹਲਾ ੧॥*

*ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥*
*ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥ ੧॥*
*ਸੁਆਮੀ ਪੰਡਿਤਾ ਤੁਮ੍ਹ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥ ੧ ॥ ਰਹਾਉ॥* (ਪੰਨਾ ੧੧੭੧)

ਨਗਰੀ ਕੱਚੀ ਹੈ ਤੇ ਰਾਜਾ ਬੱਚਾ ਹੈ ਅਤੇ ਜਿਸ ਦਾ ਦੁਸ਼ਟਾਂ ਨਾਲ ਪਿਆਰ ਹੈ। ਉਹ ਆਪਣੀਆਂ ਦੋ ਮਾਤਾਵਾਂ ਅਤੇ ਦੋ ਪਿਤਾਵਾਂ ਬਾਰੇ ਪੜ੍ਹਦਾ ਹੈ। ਹੇ ਪੰਡਿਤ ! ਤੂੰ ਇਸ ਬਾਰੇ ਵਿਚਾਰ ਕਰ॥ ੧॥

ਹੇ ਪੰਡਿਤ ਜੀ ! ਤੁਸੀ ਮੈਨੂੰ ਕੋਈ ਸਿੱਖ ਮਤ ਦੇਵੋ। ਉਹ ਕਿਹੜਾ ਢੰਗ ਹੈ ਜਿਸ ਰਾਹੀ ਮੈਂ ਇਸ ਜਿੰਦੜੀ ਦੇ ਸਵਾਮੀ ਨੂੰ ਪ੍ਰਾਪਤ ਹੋ ਸਕਦਾ ਹਾਂ॥ ੧॥ ਠਹਿਰਾਉ॥

ਚੌਪਈ- 'ਮਨ ਰਾਜਾ ਬਾਲਿਕ ਸਮ ਜੋਊ। ਨਿਤਪ੍ਰਤਿ ਜਾਨਹੁ ਚੰਚਲ ਸੋਊ।
ਨੀਤਿ ਨ ਸੀਖਉ ਰੂਪ ਗਿਆਨਾ। ਖੇਲ ਰਚਯੋ ਸੁਖ ਵਿਸ਼ੈ ਮਹਾਨਾ॥੧੭॥

'ਮਨ ਰਾਜਾ ਬਾਲਕ ਬਰਾਬਰ ਹੁੰਦਾ ਹੈ ਅਤੇ ਸਦਾ ਹੀ ਚੰਚਲ ਜਾਣਿਆ ਜਾਂਦਾ ਹੈ। ਮਨੁੱਖ ਨੇ ਗਿਆਨ ਰੂਪੀ ਨੀਤੀ ਨਾ ਸਿੱਖੀ ਹੈ ਤੇ ਸਦਾ ਮਹਾਨ ਵਿਸ਼ਿਆਂ ਦੀ ਖੇਡ ਵਿਚ ਰਚਿਆ ਰਿਹਾ ਹੈ॥ ੧੭॥

ਕਾਚੀ ਨਗਰੀ ਮਹਿਂ ਇਹ ਬਾਸਾ। ਆਜ ਕਾਲ ਜਿਹ ਹੋਇ ਬਿਨਾਸ਼ਾ।
ਨਿਤਿ ਥਿਰ ਜਾਨਤਿ ਕੀਨ ਸਨੇਹਾ। ਢਹਿ ਹੈ ਕਾਲ ਪਰੈ ਜਬ ਮੇਂਹਾ॥੧੮॥

ਇਹ ਸਭ ਕੱਚੀ ਨਗਰੀ ਦਾ ਵਸੇਬਾ ਹੈ, ਅੱਜ ਜਾਂ ਕਲ੍ਹ ਇਸ ਦਾ ਨਾਸ਼ ਹੋ ਜਾਵੇਗਾ। ਮਨੁੱਖ ਇਸ ਨੂੰ ਸਥਾਈ ਸਮਝ ਕੇ ਮੋਹ ਵਿਚ ਫਸ ਜਾਂਦਾ ਹੈ, ਪਰ ਮੌਤ ਰੂਪੀ ਮੀਂਹ ਪੈਣ ਨਾਲ ਇਹ ਕੱਚੀ ਨਗਰੀ ਭਾਵ-ਦੇਹ ਢਹਿ ਜਾਂਦੀ ਹੈ॥ ੧੮॥

ਜਾਇ ਅਚਾਨਕ ਗਰ ਇਹ ਸਾਰੀ। ਤਬ ਸੋਝੀ ਹ੍ਵੈ ਦੂਖ ਮਝਾਰੀ।

ਪਾਂਚ ਦੁਸ਼ਟ ਸੋਂ ਕਰਤਿ ਪਯਾਰੂ। ਸੋ ਤਿਹਕੇ ਨਿਤ ਕਾਜ ਬਿਗਾਰੂ ॥੧੯॥

ਇਹ ਦੇਹੀ ਅਚਾਨਕ ਸਾਰੀ ਗਲ ਜਾਵੇਗੀ। ਫਿਰ ਸੋਝੀ ਆਉਣ ਤੇ ਹਿਰਦੇ ਵਿਚ ਬੜਾ ਦੁਖੀ ਹੁੰਦਾ ਹੈ। ਪੰਜਾਂ ਦੁਸ਼ਟਾਂ ਨਾਲ ਪਿਆਰ ਕਰਦਾ ਹੈ। ਇਹ ਪੰਜੇ ਦੁਸ਼ਟ ਸਦਾ ਇਸ ਦਾ ਕੰਮ ਵਿਗਾੜਦੇ ਰਹਿੰਦੇ ਹਨ॥ ੧੯॥

ਦੋਹਰਾ- ਕਾਮ ਕ੍ਰੋਧ ਅਰੁ ਲੋਭ ਪੁਨਿ ਮੋਹਿ ਬਲੀ ਹੰਕਾਰ।
ਇਨ ਸਜੋਂ ਕਰਤਜੋਂ ਮੀਤਤਾ ਭਾ ਸਗਤਿ ਤੇ ਖੁਆਰ॥ ੨੦॥

ਇਹ ਪੰਜ ਦੁਸ਼ਟ ਹਨ- ਕਾਮ, ਕ੍ਰੋਧ, ਲੋਭ, ਮੋਹ, ਅਤੀ ਬਲੀ ਹੰਕਾਰ ਹਨ। ਇਨ੍ਹਾਂ ਨਾਲ ਮਿੱਤ੍ਰਤਾ ਕਰਦਾ ਹੈ ਤੇ ਇਨ੍ਹਾਂ ਦੀ ਸੰਗਤ ਨਾਲ ਖੁਆਰ ਹੁੰਦਾ ਹੈ॥ ੨੦॥

ਚੌਪਈ- ਲੂਟਹਿਂ ਮਿਲ ਕਰਿ ਇਸ ਕੀ ਨਗਰੀ। ਨੀਤ ਉਜਾਰਹਿਂ ਈਸ਼ ਉਜਗਰੀ।
ਬਿਗਰਜੋ ਅਪਨੋ ਜਾਨਜੋ ਨਾਂਹੀ। ਮਿਲਜੋ ਰਹੈ ਪੁਨ ਪੁਨ ਤਿਨ ਮਾਂਹੀ ॥੨੧॥

ਇਹ ਪੰਜੇ ਮਿਲ ਕੇ ਇਸ ਦੀ ਨਗਰੀ ਲੁੱਟਦੇ ਹਨ, ਅਤੇ ਨਗਰੀ ਦੇ ਈਸ਼ਵਰ, ਭਾਵ ਮਨ ਨੂੰ ਸਦਾ ਪ੍ਰਗਟ ਕਰਦੇ ਹਨ। ਆਪਣਾ ਕੀ ਵਿਗੜਿਆ ਹੈ? ਇਹ ਜਾਣਦਾ ਨਹੀਂ ਹੈ, ਬਾਰ-ਬਾਰ ਇਨ੍ਹਾਂ ਨਾਲ ਮਿਲਿਆ ਰਹਿੰਦਾ ਹੈ॥ ੨੧॥

ਮਾਤ ਅਵਿੱਦਜਾ ਦੂਜੀ ਮਾਯਾ। ਈਸ਼, ਜੀਵ, ਦੁਇ ਪਿਤ ਜਿਨ ਜਾਯਾ।
ਦ੍ਵੈ ਕੋ ਜਨਜੋ ਕੁਟਿਲਤਾ ਕਾਰਨ। ਕਿਹ ਬਿਧਿ ਯਾਕੋ ਹੋਇ ਸਵਾਰਨ ॥੨੨॥

ਅਵਿਦਿਆ, ਮਾਇਆ ਦੋਵੇਂ ਮਾਵਾਂ ਹਨ। ਈਸ਼, ਜੀਵ ਦੋਵੇਂ ਪਿਤਾ ਹਨ, ਜਿਨ੍ਹਾਂ ਨੇ ਪੈਦਾ ਕੀਤਾ ਹੈ। ਕੁਟਲਤਾ ਕਾਰਨ ਦੋਵਾਂ ਨੂੰ ਪੈਦਾ ਕੀਤਾ ਹੈ, ਫਿਰ ਇਹ ਕਿਸ ਤਰ੍ਹਾਂ ਤੁਹਾਡਾ ਕੁਝ ਸਵਾਰਨਗੇ॥੨੨॥

ਕਰ ਵਿਚਾਰ ਸਿਖਵਨ ਮੁਝ ਦੀਜੈ। ਭੋ ਪੰਡਿਤ ! ਪ੍ਰਾਪਤਿ ਪ੍ਰਭੁ ਕੀਜੈ।
ਇਹ ਬਿਧਿ ਬਦ ਕਰਿ ਕਰੁਨਾ ਸਦਨਾ। ਮਸ਼ਟ ਕਰੀ ਪੁਨਿ ਪੰਕਜ ਬਦਨਾ ॥੨੩॥

ਵਿਚਾਰ ਕਰਕੇ ਮੈਨੂੰ ਸਿਖਿਆ ਦੇਵੋ। ਹੇ ਪੰਡਿਤ ! ਫਿਰ ਪ੍ਰਭੂ ਪ੍ਰਾਪਤ ਕਰੋ।" ਇਸ ਤਰ੍ਹਾਂ ਕਹਿ ਕੇ ਕਿਰਪਾ ਦੇ ਘਰ ਕਮਲ ਵਰਗੇ ਮੁਖ ਵਾਲੇ ਫਿਰ ਚੁੱਪ ਹੋ ਗਏ॥ ੨੩॥

ਦੋਹਰਾ- ਮੂਲਾ ਬੋਲਜੋ ਸੁਨਤਿ ਬਚ 'ਅਸ ਵਿਚਾਰ ਜੇ ਤੋਹਿ।
ਤੌ ਬਿਆਹ ਕਰਿਵਾਇ ਕਿਉਂ ਤੈ ਦੁਖ ਦੀਨੋਂ ਮੋਹਿ ॥ ੨੪॥

ਇਹ ਬਚਨ ਸੁਣ ਕੇ ਮੂਲ ਚੰਦ ਬੋਲਿਆ, "ਜੇ ਤੇਰੇ ਇਸ ਤਰ੍ਹਾਂ ਦੇ ਵਿਚਾਰ ਸਨ ਤਾਂ ਤੂੰ ਵਿਆਹ ਕਿਉਂ ਕਰਵਾਇਆ ਅਤੇ ਮੈਨੂੰ ਦੁੱਖ ਕਿਉਂ ਦਿੱਤਾ ?॥ ੨੪॥

ਦੋਹਰਾ- ਦਰਬ ਲੁਟਾਯੋ ਬਾਦ ਬਹੁ ਸੁਤ ਤਿਯ ਦਿਯੋ ਨ ਟਾਂਕ।
ਬਿਨ ਬ੍ਰੀੜਾ ਤਜਿ ਭਾਜਿਆ ਪੁਨ ਕਹਿ ਸ੍ਰੀ ਮੁਖ ਵਾਕ॥ ੨੫॥

ਬਹੁਤ ਧਨ ਲੁਟਾ ਦਿੱਤਾ ਅਤੇ ਆਪਣੇ ਪੁੱਤਰ ਅਤੇ ਵਹੁਟੀ ਨੂੰ ਇਕ ਟਕਾ ਵੀ ਨਾ ਦਿੱਤਾ। ਲਾਜ ਨਾ ਆਈ ਤੇ ਉਨ੍ਹਾਂ ਨੂੰ ਛੱਡ ਕੇ ਭੱਜ ਆਇਆ।" ਗੁਰੂ ਜੀ ਨੇ ਫਿਰ ਇਕ ਵਾਕ ਕਿਹਾ॥ ੨੫॥

*ਸ੍ਰੀ ਮੁਖਵਾਕ॥*

*ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥*
*ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥ ੨॥ (ਪੰਨਾ ੧੧੭੧)*

ਅੰਦਰ ਬਨਾਸਪਤੀ ਪ੍ਰਫੁਲਤ ਹੋ ਰਹੀ ਹੈ, ਭਾਵੇਂ ਇਸ ਦੇ ਅੰਦਰ ਅੱਗ ਹੈ ਅਤੇ ਸਾਗਰ ਪੰਡ ਵਿਚ ਬੱਧੇ ਹੋਏ ਦੀ ਤਰ੍ਹਾਂ

ਹੈ। ਚੰਦ ਅਤੇ ਸੂਰਜ ਦੋਵੇਂ ਅਸਮਾਨ ਦੇ ਉਸ ਹੀ ਘਰ ਅੰਦਰ ਵੱਸਦੇ ਹਨ। ਤੈਨੂੰ ਇਹੋ ਜਿਹਾ ਗਿਆਨ ਪ੍ਰਾਪਤ ਨਹੀਂ ਹੋਇਆ॥ ੨ ॥

ਚੌਪਈ- 'ਭੀਤਰ ਭੂਰੀ ਤ੍ਰਿਸ਼ਨਾ ਆਸਾ। ਪਾਵਕ ਜਿਉਂ ਕਬਹਿ ਨ ਤ੍ਰਿਪਤਾਸਾ।
ਸਹਸ ਮਾਂਗ ਪੁਨਿ ਮਾਂਗਿ ਹਜ਼ਾਰਾ। ਲਾਖ ਹੋਇ ਤੇ ਕੋਟਿ ਅਪਾਰਾ ॥੨੬ ॥

"ਅੰਦਰ ਬਹੁਤ ਤ੍ਰਿਸ਼ਨਾ ਅਤੇ ਆਸ਼ਾ ਹੈ। ਅੱਗ ਜਿਸ ਤਰ੍ਹਾਂ ਕਦੇ ਵੀ ਨਹੀਂ ਰੱਜਦੀ। ਸੌ ਮੰਗ ਕੇ ਫਿਰ ਹਜ਼ਾਰਾਂ ਮੰਗਦਾ ਹੈ ਅਤੇ ਲੱਖ ਹੋਵੇ ਤਾਂ ਕਰੋੜਾਂ ਮੰਗਦਾ ਹੈ॥ ੨੬ ॥

ਅਰਬ ਖਰਬ ਸੌਂ ਤ੍ਰਿਪਤੈ ਨਾਂਹੀ। ਕਰਿ ਵਿਚਾਰ ਦੇਖਹੁ ਮਨ ਮਾਂਹੀ।
ਜਿਹ ਆਗੇ ਹ੍ਵੈ ਰੰਚਕ ਮੇਰੁ। ਉਦਰ ਅਕਾਸ਼ ਸਰਸ ਸਰਸੇਰੂ ॥ ੨੭ ॥

ਅਰਬ ਖਰਬ ਨਾਲ ਵੀ ਤ੍ਰਿਪਤ ਨਹੀਂ ਹੁੰਦਾ। ਆਪਣੇ ਮਨ ਵਿਚ ਵਿਚਾਰ ਕਰਕੇ ਵੇਖੋ, ਸੁਮੇਰ ਪਰਬਤ ਰਾਈ ਜਿੰਨਾ ਹੈ, ਪਰ ਤ੍ਰਿਸ਼ਨਾ ਦਾ ਪੇਟ ਅਕਾਸ਼ ਤੁਲ ਨਹੀਂ, ਉਸ ਤੋਂ ਵੀ ਵੱਡਾ ਹੈ॥ ੨੭॥

ਸੁਨਹੁ ਬਨਾਸਪਤੀ ਸੰਸਾਕਾ। ਤੀਯ, ਸੁਤਾ, ਸੁਤ, ਸਿਮਧੀ, ਸਾਕਾ।
ਜਿਉਂ ਤਨ ਬ੍ਰਿੱਧਿ ਹੋਇ ਤਿਨ ਬਾਧਾ। ਨਿਸਬਾਸੁਰ ਜਿਨ ਮਹਿਂ ਮਨ ਫਾਧਾ ॥੨੮ ॥

ਹੁਣ ਸੁਣੋ, ਬਨਾਸਪਤੀ ਸ਼ਾਖਾਂ ਸਮੇਤ ਕਿਵੇਂ ਹੁੰਦੀ ਹੈ ? ਇਸਤਰੀ, ਪੁਤਰੀ, ਪੁੱਤਰ, ਕੁੜਮ, ਸੰਬੰਧੀ, ਜਿਵੇਂ ਸਰੀਰ ਬ੍ਰਿੱਧ ਹੋਵੇ ਤਿਵੇਂ ਕਬੀਲਾ ਵਧਦਾ ਹੈ। ਰਾਤ ਦਿਨ ਜਿਨ੍ਹਾਂ ਵਿਚ ਮਨ ਫਸਿਆ ਹੈ॥੨੮॥

ਦੋਹਰਾ- ਮੁਕਤੈ ਤਿਨ ਤੇ ਕਬਿ ਨਹੀਂ, ਫਸਜੋ ਸੁ ਬੈਸ ਬਿਹਾਇ।
ਸਾਗਰ ਪ੍ਰਾਤਮ ਪਿੰਡ ਮਹਿਂ ਪਾਵਹਿ ਸੋ ਮੁਕਤਾਇ॥ ੨੯ ॥

ਇਨ੍ਹਾਂ ਤੋਂ ਕਦੀ ਵੀ ਛੁਟਕਾਰਾ ਨਹੀਂ ਹੁੰਦਾ, ਇਨ੍ਹਾਂ ਵਿਚ ਫਸਿਆ ਹੀ ਉਮਰ ਬਤੀਤ ਕਰ ਦਿੰਦਾ ਹੈ। ਸਾਗਰ ਰੂਪੀ ਪਰਮਾਤਮਾ ਨੂੰ ਪਾਵੇ ਤਾਂ ਮੁਕਤੀ ਪ੍ਰਾਪਤ ਹੁੰਦੀ ਹੈ॥ ੨੯ ॥

ਚੌਪਈ- ਘਟ ਮਹਿਂ ਚੰਦ ਸੂਰਜ ਪਰਕਾਸ਼ਾ। ਹੋਇ ਗਯਾਨ ਤੋ ਸਭਿ ਕਿਛੁ ਭਾਸਾ।
ਨਾਭਿ ਕਮਲ ਮੁੰਦ੍ਰਿਤ ਬਿਪਰੀਤਾ। ਕਿਉਂ ਪਰਕਾਸ਼ ਹੋਇ ਨਰ ਚੀਤਾ ॥੩੦ ॥

ਸਰੀਰ ਵਿਚ ਹੀ ਚੰਦ ਸੂਰਜ ਦਾ ਪ੍ਰਕਾਸ਼ ਹੈ, ਜੇ ਗਿਆਨ ਦੀ ਪ੍ਰਾਪਤੀ ਹੋਵੇ ਤਾਂ ਸਭ ਕੁਝ ਪ੍ਰਤੀਤ ਹੁੰਦਾ ਹੈ। ਜਦ ਨਾਭ ਕੰਵਲ ਮੁੰਦਿਆ ਹੋਇਆ ਤੇ ਪੁੱਠਾ ਹੋ ਰਿਹਾ ਹੈ, ਫਿਰ ਮਨੁੱਖ ਦੇ ਚਿੱਤ ਵਿਚ ਪ੍ਰਕਾਸ਼ ਕਿਵੇਂ ਹੋਵੇ॥ ੩੦॥

ਸੂਧੇ ਤੇ ਬਿਗਸੈ ਪਰਗਾਸੂ। ਹ੍ਵੈ ਤਬ ਗਯਾਨ ਅਗਯਾਨ ਬਿਨਾਸੂ।
ਸੋ ਗਿਆਨ ਗੁਰੁ ਬਿਨ ਨਹਿਂ ਪਾਇਆ। ਤਮ ਅਗਯਾਨਹਿ ਅਨਿਕ ਦੁਰਾਇਆ ॥੩੧ ॥

ਸਿੱਧਾ ਹੋਵੇ ਤਾਂ ਖਿੜੇ ਅਤੇ ਪ੍ਰਕਾਸ਼ਮਈ ਹੋਵੇ। ਤਦ ਗਿਆਨ ਹੋਵੇ ਅਤੇ ਅਗਿਆਨਤਾ ਦਾ ਵਿਨਾਸ਼ ਹੋਵੇ। ਉਹ ਗਿਆਨ ਗੁਰੂ ਤੋਂ ਬਗੈਰ ਨਹੀਂ ਪਾਇਆ ਜਾ ਸਕਦਾ। ਹਨੇਰੇ ਰੂਪੀ ਅਗਿਆਨ ਨੇ ਇਸ ਨੂੰ ਪੂਰੀ ਤਰ੍ਹਾਂ ਛੁਪਾਇਆ ਹੋਇਆ ਹੈ॥ ੩੧॥

ਸ੍ਰੀ ਨਾਨਕ ਮੁਖ ਤੂਸ਼ਨ ਕੀਨਾ। ਪੁਨਿ ਸ਼ਯਾਮਾ ਬੋਲਜੋ ਮਨ ਚੀਨਾ।
'ਰਾਮ ਸਿਮਰ ਕੀਜੈ ਨਿਜ ਕਾਰੀ। ਬਨ ਪੁਨ ਸਦਨ ਰਾਮ ਲੇ ਸਾਰੀ ॥ ੩੨ ॥

ਸ੍ਰੀ ਨਾਨਕ ਜੀ ਫਿਰ ਚੁੱਪ ਹੋ ਗਏ। ਫਿਰ ਪੰਡਿਤ ਸਿਆਮ ਮਨ ਵਿਚ ਵਿਚਾਰ ਕਰਕੇ ਬੋਲਿਆ, "ਰਾਮ ਸਿਮਰ ਕੇ ਆਪਣਾ ਕੰਮ ਵੀ ਕਰੋ। ਘਰ ਦੀ ਖਬਰ ਫਿਰ ਰਾਮ ਆਪ ਲੈਂਦਾ ਹੈ॥ ੩੨ ॥

ਦੋਹਰਾ- ਰਾਮ ਰਵਜੋ ਜਲ ਥਲ ਵਿਖੈ ਸੁਧਿ ਸਭਿ ਕੀ ਸੋ ਲੇਵ।

ਸੁਨਿ, ਤੀਸਰ ਪਦ ਸ਼ਬਦ ਕੋ ਬਦਤਿ ਭਏ ਜਗਦੇਵ॥ ੩੩॥

ਰਾਮ ਜਲ ਥਲ ਵਿਖੇ ਰਵਿਆ ਹੋਇਆ ਹੈ ਅਤੇ ਉਹ ਸਭ ਦੀ ਸੁਧ ਲੈਂਦਾ ਹੈ'। ਇਹ ਸੁਣ ਕੇ ਜਗਤ ਦੇ ਮਾਲਕ ਭਾਵ ਗੁਰੂ ਜੀ ਨੇ ਤੀਸਰਾ ਪਦ ਕਿਹਾ॥ ੩੩॥

ਸ੍ਰੀ ਮੁਖਵਾਕ॥

ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥
ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥ ੩॥ (ਪੰਨਾ ੧੧੨੮)

ਜਿਹੜਾ ਇਕ ਮਾਇਆ ਨੂੰ ਮਾਰ ਲੈਂਦਾ ਹੈ, ਉਹ ਪ੍ਰਭੂ ਨੂੰ ਸਰਬ ਵਿਆਪਕ ਜਾਣਦਾ ਹੈ। ਇਹ ਜਾਣ ਲਵੋ ਕਿ ਇਹੋ ਜਿਹੇ ਇਨਸਾਨ ਦੇ ਲੱਛਣ ਇਹ ਹਨ ਕਿ ਉਹ ਖਿਮਾ ਰੂਪੀ ਧਨ ਨੂੰ ਇਕੱਤਰ ਕਰਦਾ ਹੈ॥ ੩॥

ਚੌਪਈ- 'ਰਾਮ ਰਵਜਾ ਸੋਊ ਪਹਿਚਾਨੇ। ਅਸ ਪ੍ਰਕਾਰ ਲੱਛਨ ਮਨ ਠਾਨੇ।
ਮਾਯਾ ਵਰਤਹਿ ਹੋਇ ਉਦਾਰਾ। ਰੰਚਕ ਭਰ ਨ ਕਰਹਿ ਤਿਹਂ ਪਜਾਰਾ॥੩੪॥

ਜਿਸ ਨੇ ਰਾਮ ਰਾਵਿਆ ਹੈ ਉਹੀ ਉਸਨੂੰ ਪਹਿਚਾਣ ਸਕਦਾ ਹੈ। ਇਸ ਪ੍ਰਕਾਰ ਲੱਛਣ ਉਹ ਮਨ ਵਿਚ ਠਾਣਦਾ ਹੈ। ਖੁੱਲ੍ਹ-ਦਿਲੀ ਨਾਲ ਮਾਇਆ ਦੀ ਵਰਤੋਂ ਕਰੇ ਅਤੇ ਇਸ ਨਾਲ ਰਤੀ ਭਰ ਵੀ ਪਿਆਰ ਨਾ ਕਰੇ॥ ੩੪॥

ਦੈਵ ਸੰਪਦਾ ਕੇ ਗੁਨ ਜੇਤੇ। ਖਿਮਾ ਆਦਿ ਸੰਗ੍ਰਹਿ ਸਭਿ ਤੇਤੇ।
ਸੋ ਬਨ ਸਦਨ ਵਿਖੈ ਇਕ ਸਾਰਾ। ਜਾਨਹਿ ਰਵਿਓ ਰਾਮ ਉਦਾਰਾ॥੩੫॥

ਸ਼ੁਭ ਗੁਣਾਂ ਦੀ ਵਿਭੂਤੀ ਦੇ ਜਿੰਨੇ ਗੁਣ ਹਨ, ਖਿਮਾ ਆਦਿ ਸਭ ਇਕੱਠੇ ਕਰੇ। ਸੋ ਜੰਗਲ ਅਤੇ ਘਰ ਵਿਖੇ ਇਕਸਾਰ ਹੈ। ਫਿਰ ਰਾਮ ਵਿਚ ਰਵਿਆ ਜਾਣਦਾ ਹੈ॥ ੩੫॥

ਸੁਨਿ ਇਵ ਮੂਲੇ ਬਚਨ ਬਖਾਨਾ। 'ਇਹ ਭਾ ਸਿਰੜੀ ਮਤਿ ਬਵਰਾਨਾ।
ਕਹਾ ਬੋਲਤਿ ਸਮਝਤਿ ਹੌਂ ਨਾਂਹੀ। ਮਨ ਉਪਜਤਿ ਮੁਖ ਆਵਤਿ ਪ੍ਰਾਹੀ॥੩੬॥

ਇਹ ਸੁਣ ਕੇ ਮੂਲ ਚੰਦ ਨੇ ਇਹ ਬਚਨ ਕਿਹਾ, "ਇਹ ਬੜਾ ਸਿਰੜੀ ਅਤੇ ਮੱਤ ਦਾ ਬੋਰਾ ਹੈ। ਇਹ ਕੀ ਬੋਲਦਾ ਹੈ ? ਮੇਰੀ ਸਮਝ ਵਿਚ ਤਾਂ ਕੁਝ ਨਹੀਂ ਆਉਂਦਾ। ਜੋ ਦਿਲ ਵਿਚ ਉਪਜਦੀ ਹੈ ਅਤੇ ਮੂੰਹ ਵਿਚ ਆਉਂਦੀ ਹੈ ਉਹੋ ਇਹ ਬੋਲੀ ਜਾਂਦਾ ਹੈ॥ ੩੬॥

ਕਹਜੋ ਕਿਸੂ ਕੋ ਸੁਨਹਿ ਨ ਮਾਨੈ। ਕਿਉਂ ਪੰਡਤ ਇਹ ਸੰਗਿ ਬਖਾਨੈ।
ਨਹਿਂ ਬੋਲਹੁ ਗਵਨਹੁ ਨਿਜ ਧਾਮੂ। ਤੁਮ ਆਏ ਚਲਿ ਹਮਰੇ ਕਾਮੂ॥੩੭॥

ਕਿਸੇ ਦਾ ਕਿਹਾ ਨਾ ਇਹ ਸੁਣਦਾ ਹੈ ਅਤੇ ਨਾ ਹੀ ਮੰਨਦਾ ਹੈ। ਹੇ ਪੰਡਿਤ ! ਇਸ ਨਾਲ ਵਿਖਿਆਨ ਕਿਉਂ ਕਰਦਾ ਹੈਂ? ਬੋਲੋ ਨਾ ਤੇ ਘਰ ਨੂੰ ਚਲੋ, ਤੂੰ ਮੇਰੇ ਨਾਲ ਮੇਰੇ ਕੰਮ ਵਾਸਤੇ ਚਲ ਕੇ ਆਇਆ ਹੈਂ॥ ੩੭॥

ਇਹ ਬਿਧਿ ਸੁਨਿ ਕਰਿ ਕੁਮਤਿ ਨਿਕਦਨਾ। ਸੁਮਤਿ ਸਦਨ ਬੋਲੇ ਬਚ ਬਦਨਾ।
ਸਬਦ ਸੁ ਪਦ ਚਤੁਰਥ ਤਬ ਕਹਾ। ਨਿਜ ਸਿੱਖਨ ਜਿਨ ਸਭਿ ਦੁਖ ਦਹਾ॥੩੮॥

ਇਹ ਗੱਲ ਸੁਣ ਕੇ ਭੈੜੀ ਬੁੱਧੀ ਦਾ ਨਾਸ਼ ਕਰਨ ਵਾਲੇ ਅਤੇ ਚੰਗੀ ਬੁੱਧੀ ਦਾ ਘਰ, ਭਾਵ ਗੁਰੂ ਜੀ ਨੇ ਆਪਣੇ ਮੁਖੜੇ ਤੋਂ ਇਹ ਬਚਨ ਬੋਲੇ। ਤਦ ਉਨ੍ਹਾਂ ਸ਼ਬਦ ਦਾ ਚੌਥਾ ਪਦ ਕਿਹਾ। ਆਪਣੇ ਸਿੱਖਾਂ ਦੇ ਸਾਰੇ ਦੁੱਖ ਦੂਰ ਕੀਤੇ॥ ੩੮॥

ਸ੍ਰੀ ਮੁਖਵਾਕ॥

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥ ੪॥ (ਪੰਨਾ ੧੧੨੮)

ਮਨ ਉਨ੍ਹਾਂ ਨਾਲ ਵੱਸਦਾ ਹੈ ਜੋ ਨਸੀਹਤ ਨੂੰ ਨਹੀਂ ਸੁਣਦੇ ਅਤੇ ਖਾਧੇ ਪੀਤੇ ਨੂੰ ਨਹੀਂ ਮੰਨਦੇ। ਨਾਨਕ ਬੇਨਤੀ ਕਰਦਾ ਹੈ ਕਿ ਇਹੋ ਜੇਹਾ ਮਨ ਹੈ ਜਿਹੜਾ ਇਕ ਖਿਣ ਵਿਚ ਵੱਡਾ ਹੋ ਜਾਂਦਾ ਹੈ ਅਤੇ ਇਕ ਖਿਣ ਵਿਚ ਛੋਟਾ ਹੋ ਜਾਂਦਾ ਹੈ॥ ੫॥

ਦੋਹਰਾ- ਭਾ ਰਿਖੀਕ ਬਸਿ ਆਪ ਹੀ, ਕਹਜਾ ਸੁਨਤਿ ਨਹਿਂ ਜੋਇ।
ਸੁਭ ਉਪਦੇਸ਼ ਨ ਮਾਨਹੀ ਚਹਿਤਿ ਬਿਖੈ ਨਿਤ ਸੋਇ॥ ੩੯॥

ਜਿਹੜਾ ਆਪ ਹੀ ਇੰਦਰੀਆਂ ਦੇ ਵੱਸ ਹੋ ਗਿਆ ਹੈ, ਜਿਹੜਾ ਕਿਹਾ ਸੁਣਦਾ ਨਹੀ। ਸੁਭ ਉਪਦੇਸ਼ ਨੂੰ ਮੰਨਦਾ ਨਹੀ ਤੇ ਵਿਸ਼ੇ ਵਿਕਾਰ ਨਿੱਤ ਚਾਹੁੰਦਾ ਹੈ॥ ੩੯॥

ਚੌਪਈ- ਪੇਖਤਿ ਰੂਪ ਨ ਨੈਨ ਅਘਾਏ। ਕਰਨ ਰਾਗ ਸੁਨਿ ਨਹਿਂ ਤ੍ਰਿਪਤਾਏ।
ਘ੍ਰਾਣ ਸੁਗੰਧਿ ਸਦਾ ਹੀ ਚਾਹੈਂ। ਰਸਨਾ ਸ੍ਵਾਦਹਿ ਤੇ ਨ ਹਟਾਹੈ॥੪੦॥

ਰੂਪ ਵੇਖ ਕੇ ਅੱਖਾਂ ਨਹੀਂ ਰੱਜੀਆਂ ਹਨ। ਕੰਨ ਰਾਗ ਰੰਗ ਸੁਣ ਕੇ ਤ੍ਰਿਪਤ ਨਾ ਹੋਏ ਹਨ। ਨਾਸਕ ਸੁਗੰਧੀ ਸਦਾ ਹੀ ਚਾਹੁੰਦਾ ਹੈ। ਜੀਭ ਸਵਾਦਾਂ ਤੋਂ ਨਹੀਂ ਹਟਾਉਂਦਾ ਹੈ॥ ੪੦॥

ਤੁਚਾ ਸਪਰਸ਼ੇ ਕੋਮਲਤਾਸਾ। ਭਯੋ ਸਦਾ ਇਨਹੂੰ ਸੋਂ ਵਾਸਾ।
ਆਗੇ ਕੋ ਖਾਯੋ ਨਹਿਂ ਮਾਨੈ। ਵਾਸਾ ਤਿਨਹੀ ਸੋਂ ਨਿਤ ਠਾਨੈ॥ ੪੧॥

ਕੂਲੇਪਨ ਨਾਲ ਆਪਣੀ ਖੱਲੜੀ ਦਾ ਸਪਰਸ਼ ਕਰਦਾ ਹੈ। ਸਦਾ ਹੀ ਇਨ੍ਹਾਂ ਵਿਚ ਵਾਸ ਕਰਦਾ ਹੈ। ਪਹਿਲੀ ਜ਼ਿੰਦਗੀ ਵਿਚ ਜੋ ਖਾਧਾ ਪੀਤਾ ਹੈ ਉਸ ਨੂੰ ਮੰਨਦਾ ਨਹੀ, ਇਨ੍ਹਾਂ ਇੰਦਰੀਆਂ ਵਿਚ ਹੀ ਸਦਾ ਵੱਸਣਾ ਚਾਹੁੰਦਾ ਹੈ॥ ੪੧॥

ਸੁਨਿ ਦਿਜ ! ਹ੍ਵੈ ਹਰਿ ਦਾਸਨ ਦਾਸਾ। ਬੰਦਹਿ ਸਦਾ ਪਾਇ ਸੁਖਰਾਸਾ।
ਮਨ ਕੀ ਦਸ਼ਾ ਨ ਇਕਰਸ ਕਬਹੀ। ਪਾਇ ਪਦਾਰਥ ਤੋਲਾ ਤਬਹੀ॥੪੨॥

ਹੇ ਦਿਜ ! ਸੁਣ, ਹਰੀ ਦੇ ਦਾਸਾਂ ਦਾ ਦਾਸ ਬਣ ਜਾ। ਰੱਬ ਦੇ ਚਰਨਾਂ ਤੇ ਮੱਥਾ ਟੇਕ ਕੇ ਸੁਖਾਂ ਦੇ ਭੰਡਾਰ ਪਾਵੇਂ। ਮਨ ਦੀ ਹਾਲਤ ਜਦ ਕਦੇ ਇਕਰਸ ਨਹੀਂ ਰਹਿੰਦੀ ਤਦੋਂ ਪਦਾਰਥਾਂ ਦੀ ਗਿਣਤੀ ਵਧਦੀ ਹੈ॥ ੪੨॥

ਜਬ ਜਾਵਹਿ ਹ੍ਵੈ ਹਰਖ ਬਿਹੀਨਾ। ਮਾਸਾ ਸ਼ੋਕ ਵਿਖੈ ਤਹਿਂ ਚੀਨਾ।
ਕਰਹੁ ਉਪਾਇ ਸਵਾਰਨ ਕਾਰਨ। ਜਗ ਤੇ ਹੋਵਹਿ ਜੀਵ ਉਧਾਰਨ॥੪੩॥

ਜਦ ਪ੍ਰਸੰਨਤਾ ਰਹਿਤ ਹੋ ਜਾਂਦਾ ਹੈ ਤਾਂ ਦੁੱਖ ਘਟਦਾ ਹੈ। ਹੇ ਪੰਡਿਤ! ਆਪਣੀ ਜ਼ਿੰਦਗੀ ਸਵਾਰਨ ਵਾਸਤੇ ਕੋਈ ਉਪਾਅ ਕਰੋ, ਤਾਂਕਿ ਜੱਗ ਉਤੇ ਤੁਹਾਡੀ ਆਤਮਾ ਦਾ ਉਧਾਰ ਹੋਵੇ॥ ੪੩॥

ਦੋਹਰਾ- ਸੁਨਿ ਪੰਡਤਿ ਕਰ ਬੰਦਿਕੈ ਨਮਸਕਾਰ ਪਗ ਕੀਨਿ।
ਮਹਾਂਪੁਰਖ ਜਾਨੇ ਰਿਦੇ- ਇਨ ਸਮ ਕੋ ਨ ਪ੍ਰਬੀਨ॥ ੪੪॥

ਇਹ ਸੁਣ ਕੇ ਪੰਡਿਤ ਨੇ ਹੱਥ ਜੋੜ ਕੇ ਚਰਨਾਂ ਤੇ ਨਮਸਕਾਰ ਕੀਤੀ। ਆਪਣੇ ਹਿਰਦੇ ਵਿਚ ਮਹਾਂਪੁਰਖ ਜਾਣਿਆ ਕਿ ਇਸ ਦੇ ਬਰਾਬਰ ਹੋਰ ਕੋਈ ਨਿਪੁੰਨ ਨਹੀਂ ਹੈ'॥ ੪੪॥

ਸੋਰਠਾ- ਦੇਖਿ ਦੀਨਤਾ ਦਜਾਲ ਦਯਾਦ੍ਰਿਸ਼ਟਿ ਦਿਜ ਪਰ ਕਰੀ।
ਜਗ ਕੇ ਬੰਧ ਬਿਸ਼ਾਲ ਛੁਟਕ ਗਏ ਤਤਕਾਲ ਤਿਹ॥ ੪੫॥

ਦੀਨਤਾ ਵੇਖ ਕੇ ਦਿਆਲੂ ਗੁਰੂ ਜੀ ਨੇ ਪੰਡਿਤ ਉਤੇ ਦਇਆ-ਦ੍ਰਿਸ਼ਟੀ ਕੀਤੀ। ਉਸ ਬ੍ਰਾਹਮਣ ਦੇ ਜੱਗ ਦੇ ਸਾਰੇ ਵਿਸ਼ਾਲ ਬੰਧਨ ਤੁਰੰਤ ਖਤਮ ਹੋ ਗਏ॥ ੪੫॥

ਚੌਪਈ- ਖਿਝਿ ਕੈ ਮੂਲਾ ਪੁਰਿ ਮਹਿਂ ਗਯੋ। ਅਤਿ ਦੁਖ ਮਾਨ ਬਿਸਮ ਮਨ ਭਯੋ।
ਕੇਤਿਕ ਦਿਨ ਤਨਿਯਾ ਕੇ ਪਾਸੂ। ਰਹਯੋ ਆਪ, ਨਹਿਂ ਗਯੋ ਅਵਾਸੂ॥੪੬॥

ਮੂਲ ਚੰਦ ਖਿੱਝ ਕੇ ਨਗਰ ਨੂੰ ਚਲਾ ਗਿਆ। ਬਹੁਤ ਦੁਖੀ ਹੋਇਆ ਅਤੇ ਮਨ ਵਿਚ ਬਹੁਤ ਹੈਰਾਨ ਹੋਇਆ। ਕੁਝ ਦਿਨ ਆਪਣੀ ਪੁੱਤਰੀ ਦੇ ਪਾਸ ਰਿਹਾ ਅਤੇ ਆਪਣੇ ਘਰ ਨਾ ਗਿਆ॥ ੪੬॥

ਸ੍ਰੀ ਨਾਨਕ ਅਸਥਾਨ ਮਸਾਨਾ। ਬੈਸੇ ਮਰੀਅਨ ਗੋਰ ਮਹਾਨਾ।
ਜੇ ਨਰ ਜਾਨਹਿਂ ਮਨ ਕਛੁ ਭੇਵਾ। ਬੰਦਨ ਕਰਿ ਗਵਨੈਂ ਜਗਦੇਵਾ॥੪੭॥

ਸ੍ਰੀ ਨਾਨਕ ਮਸਾਣਾਂ ਵਾਲੇ ਸਥਾਨ ਤੇ ਬੈਠੇ ਰਹੇ, ਜਿਥੇ ਬਹੁਤ ਵੱਡੀਆਂ ਮੜ੍ਹੀਆਂ ਅਤੇ ਕਬਰਾਂ ਹਨ। ਜਿਹੜਾ ਆਦਮੀ ਅਸਲ ਭੇਦ ਨੂੰ ਜਾਣਦਾ ਹੈ ਉਹ ਜਗਦੇਵ, ਭਾਵ ਗੁਰੂ ਜੀ ਨੂੰ ਬੰਦਨਾਂ ਕਰਨ ਜਾਂਦਾ ਹੈ॥ ੪੭॥

ਅਸ ਪ੍ਰਕਾਰ ਰਹਿਂ ਵਹਿਰ ਅਸੀਨੇ। ਬੀਤ ਗਏ ਜਬ ਤੀਨ ਮਹੀਨੇ।
ਲਖਮੀਦਾਸ ਜਨਮ ਤਬ ਲੀਨੋ। ਸਭਿ ਪਰਵਾਰ ਹਰਖ ਮਨ ਕੀਨੋ॥੪੮॥

ਇਸ ਤਰ੍ਹਾਂ ਉਹ ਸ਼ਹਿਰ ਤੋਂ ਬਾਹਰ ਟਿਕੇ ਰਹੇ। ਜਦ ਤਿੰਨ ਮਹੀਨੇ ਬੀਤ ਗਏ ਤਾਂ ਲਖਮੀ ਦਾਸ ਨੇ ਜਨਮ ਲਿਆ। ਸਾਰਾ ਪਰਿਵਾਰ ਬੜਾ ਖ਼ੁਸ਼ ਹੋਇਆ॥ ੪੮॥

ਭਈ ਸੁਲਖਣੀ ਪ੍ਰਾਚਿ ਦਿਸ਼ਾ ਸੀ। ਉਗੇ ਸੂਰ ਸਸਿ ਜਨੁ ਜਸਰਾਸੀ।
ਸ੍ਰੀ ਗੁਰ ਕੇ ਢਿਗ ਜਾਇ ਸੁਨਾਵਾ। ਮਨ ਜਿਨ ਕੋ ਰਸ ਏਕ ਸੁਹਾਵਾ॥੪੯॥

ਮਾਤਾ ਸੁਲੱਖਣੀ ਪਹਿਲੀ ਹਾਲਤ ਵਰਗੀ ਭਾਗਾਂ ਵਾਲੀ ਬਣ ਗਈ। ਜਿਵੇਂ ਸੂਰਜ ਭਾਵ ਸ੍ਰੀ ਚੰਦ ਅਤੇ ਚੰਦ੍ਰਮਾ ਭਾਵ ਲਖਮੀ ਦਾਸ ਪ੍ਰਕਾਸ਼ਮਾਨ ਹੋਏ ਹੋਣ। ਪੂਰਬ ਵਿਚ ਜਦ ਸੂਰਜ ਚੜ੍ਹਦਾ ਹੈ ਤਾਂ ਬੜੀ ਚਮਕ ਵਾਲਾ ਹੁੰਦਾ ਹੈ ਅਤੇ ਪੂਰਬ ਦਿਸ਼ਾ ਵਿਚ ਜਦ ਚੰਦ ਚੜ੍ਹਦਾ, ਤਾਂ ਉਹ ਵੀ ਬੜੀ ਚਮਕ ਵਾਲਾ ਹੁੰਦਾ ਹੈ। ਗੁਰੂ ਜੀ ਨੂੰ ਜਾ ਕੇ ਦੱਸਿਆ, ਜਿਨ੍ਹਾਂ ਦਾ ਮਨ ਇਕ ਰਸ ਸੋਭ ਰਿਹਾ ਸੀ॥ ੪੯॥

ਦੋਹਰਾ- ਪਾਵ ਨ ਪਾਵਹਿਂ ਪੁਰਿ ਵਿਖੈ, ਅਤਿ ਪਾਵਨ ਉਦਿਆਨ।
ਬੈਸੇ ਨਿਸ ਬਾਸੁਰ ਤਹਾਂ, ਉਧਰੇ ਸਰਬ ਮਸਾਨ॥ ੫੦॥

ਨਗਰ ਵਿਚ ਪੈਰ ਨਹੀਂ ਹੈ ਪਾਉਂਦੇ ਅਤੇ ਜੰਗਲ ਵਿਚ ਹੀ ਰਹਿੰਦੇ ਹਨ। ਦਿਨ ਰਾਤ ਉਥੇ ਬੈਠਦੇ ਹਨ ਤੇ ਮਸਾਣਾਂ ਦਾ ਉਧਾਰ ਹੋ ਰਿਹਾ ਹੈ॥ ੫੦॥

ਚੌਪਈ- ਮੁਖ ਤੇ ਭਾਖਹਿਂ ਸਤਿਗੁਰ ਬੈਨਾ। 'ਨਹਿਂ ਹਿੰਦੂ ਕੋ ਤੁਰਕ ਨ ਹੈਨਾ।
ਜਗ ਮਹਿਂ ਹਿੰਦੂ ਤੁਰਕ ਨ ਕੋਊ। ਝੂਠੇ ਨਾਮ ਧਰਾਵਹਿਂ ਦੋਊਂ॥ ੫੧॥

ਫਿਰ ਸਤਿਗੁਰੂ ਜੀ ਮੁਖ ਤੋਂ ਇਹ ਬੋਲ ਬੋਲਦੇ ਹਨ ਕਿ ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ ਹੈ। ਜਗ ਵਿਚ ਹਿੰਦੂ ਤੁਰਕ ਕੋਈ ਨਹੀਂ ਹੈ, ਦੋਵਾਂ ਨੇ ਝੂਠੇ ਨਾਮ ਧਰਾਏ ਹੋਏ ਹਨ॥ ੫੧॥

ਕੋ ਕੋ ਨਰ ਹ੍ਵੈ ਨਿਕਟ ਸੁਨਤਿ ਹੈ। ਪੁਰਿ ਮਹਿਂ ਅਪਰਨ ਮਿਲਤਿ ਭਨਤਿ ਹੈ।
ਇਹ ਬਿਧਿ ਸੁਨੀ ਸ੍ਰਵਨ ਨਿਜ ਕਾਜ਼ੀ। ਗਵਨਜੋ ਨਿਕਟਿ ਬੇਖ ਤਨ ਪਾਜ਼ੀ॥੫੨॥

ਕਈ ਆਦਮੀ ਨੇੜੇ ਹੋ ਕੇ ਇਹ ਗੱਲ ਸੁਣਦੇ ਹਨ। ਨਗਰ ਵਿਚ ਜਾ ਕੇ ਉਹ ਹੋਰਨਾਂ ਨੂੰ ਮਿਲਦੇ ਹਨ ਅਤੇ ਇਸ ਬਾਰੇ ਦੱਸਦੇ ਹਨ। ਇਹ ਗੱਲ ਕਾਜ਼ੀ ਨੇ ਵੀ ਆਪਣੇ ਕੰਨੀ ਸੁਣੀ, ਭੇਸ ਬਦਲ ਕੇ, ਉਹ ਗੁਰੂ ਜੀ ਦੇ ਨੇੜੇ ਗਿਆ॥ ੫੨॥

ਕਛੁਕ ਮਨੁਜ ਤਿਹ ਸੰਗਿ ਸਿਧਾਰੇ। ਬੈਸੇ ਸ੍ਰੀ ਗੁਰ ਆਨਿ ਨਿਹਾਰੇ।
ਆਨਨ ਬੈਨ ਬਖਾਨਤਿ ਸੋਊ। 'ਨਹਿਂ ਹਿੰਦੂ ਕੋ, ਤੁਰਕ ਨ ਕੋਊ' ॥੫੩॥

ਕਈ ਆਦਮੀ ਉਸ ਦੇ ਨਾਲ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਬੈਠੇ ਹੋਏ ਵੇਖਿਆ। ਗੁਰੂ ਜੀ ਨੇ ਮੁਖ ਤੋਂ ਓਹੋ ਸ਼ਬਦ ਕਹੇ। ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ॥ ੫੩॥

ਦੋਹਰਾ- ਨਿਕਟ ਬੈਸਿ ਕਾਜੀ ਕਹੈ 'ਅਸ ਕਸ ਕਰਤਿ ਬਖਾਨ।
ਹਿੰਦੂ ਤੁਰਕ ਨ ਜਗਤ ਮੈਂ, ਹਮ ਕਿਉਂ ਸਕਹਿੰ ਪਛਾਨ? ॥੫੪॥

ਕੋਲ ਬੈਠ ਕੇ ਕਾਜ਼ੀ ਕਹਿਣ ਲੱਗਾ, "ਤੂੰ ਇਸ ਤਰ੍ਹਾਂ ਦਾ ਵਿਖਿਆਨ ਕਿਵੇਂ ਕਰਦਾ ਹੈਂ, ਕਿ ਜੱਗ ਵਿਚ ਕੋਈ ਹਿੰਦੂ ਮੁਸਲਮਾਨ ਨਹੀਂ ਹੈ, ਅਸੀਂ ਕਿਵੇਂ ਪਹਿਚਾਣ ਸਕਦੇ ਹਾਂ? ॥੫੪॥

ਚੌਪਈ- ਜਹਿੰ ਤਹਿੰ ਜਗ ਮੈਂ ਦੀਸਹਿੰ ਸੋਊ। ਹਿੰਦੂ ਮੁਸਲਮਾਨ ਨਰ ਦੋਊ।
ਤੁਮਰੇ ਕਹਿਨ ਸੰਦੇਹ ਹਮਾਰੇ। ਉੱਤਰ ਦੀਜੈ ਰਿਦੇ ਵਿਚਾਰੇ' ॥੫੫॥

ਜਿਥੇ ਕਿਥੇ ਵੀ ਅਸੀਂ ਜੱਗ ਵਿਚ ਵੇਖਦੇ ਹਾਂ, ਹਿੰਦੂ ਅਤੇ ਮੁਸਲਮਾਨ ਦੋਵੇਂ ਹਨ। ਤੁਹਾਡੀ ਇਹ ਗੱਲ ਸੁਣ ਕੇ ਸ਼ੱਕ ਹੋਇਆ ਹੈ, ਇਸ ਲਈ ਹਿਰਦੇ ਵਿਚ ਵਿਚਾਰ ਕੇ ਇਸ ਦਾ ਉੱਤਰ ਦੇਵੋ'' ॥੫੫॥

ਲੋਕ ਬਿਲੋਕਤਿ ਸ੍ਰੀ ਗੁਰ ਓਰਾ। ਚਹੁੰ ਦਿਸ਼ਿ ਭੀਰ ਭਈ ਤਿਹ ਠੌਰਾ।
ਦਰਸ਼ਨ ਦਰਸਹਿੰ ਦੀਨ ਦਿਆਲਾ। ਜਿਨ ਕਿਯ ਸ਼ਰਧਾ ਤਿਹ ਦੁਖ ਟਾਲਾ ॥੫੬॥

ਲੋਕ ਗੁਰੂ ਵੱਲ ਵੇਖ ਰਹੇ ਹਨ ਅਤੇ ਚਾਰੇ ਪਾਸੇ ਬਹੁਤ ਭੀੜ ਲੱਗੀ ਹੋਈ ਹੈ। ਦੀਨ ਦਿਆਲ ਭਾਵ ਗੁਰੂ ਜੀ ਦੇ ਦਰਸ਼ਨ ਕਰ ਰਹੇ ਹਨ। ਜਿਹੜਾ ਵੀ ਸ਼ਰਧਾ ਨਾਲ ਵੇਖਦਾ ਸੀ, ਉਸ ਦੇ ਦੁੱਖ ਕੱਟੇ ਜਾਂਦੇ ਹਨ॥ ੫੬॥

ਕਾਜ਼ੀ ਬਚ ਸੁਨਿ ਪੰਕਜ ਬਦਨਾ। ਕੁਮਤਿ ਕਦਨ, ਸੁਖ ਕਰੁਨਾ ਸਦਨਾ।
ਕਹਜੋ ਸ਼ਲੋਕ ਹੇਤ ਸਮਝਾਵਨ। ਮਤਿਮੰਦਨ ਸ਼ੁਭ ਮਾਰਗ ਪਾਵਨ ॥੫੭॥

ਕਾਜ਼ੀ ਕੰਵਲ ਦੇ ਮੁਖੜੇ ਵਾਲੇ ਭਾਵ ਗੁਰੂ ਜੀ ਦੇ ਬਚਨ ਸੁਣਨ ਗਿਆ ਹੈ, ਜਿਹੜੇ ਗੁਰੂ ਜੀ ਭੈੜੀ ਮੱਤ ਦਾ ਨਾਸ਼ ਕਰਦੇ ਹਨ ਅਤੇ ਸੁਖ ਤੇ ਕਿਰਪਾ ਦੇ ਘਰ ਹਨ। ਕਾਜ਼ੀ ਨੂੰ ਸਮਝਾਉਣ ਵਾਸਤੇ ਉਨ੍ਹਾਂ ਮੰਦੀ ਮੱਤ ਦੂਰ ਕਰਨ ਵਾਸਤੇ ਅਤੇ ਸ਼ੁਭ ਮਾਰਗ ਪਾਉਣ ਵਾਸਤੇ ਇਕ ਸਲੋਕ ਦਾ ਉਚਾਰਨ ਕੀਤਾ॥ ੫੭॥

*ਸਲੋਕੁ ਮ: ੧॥*

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥*
*ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥*
*ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥*
*ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥*
*ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥* (ਪੰਨਾ ੧੪੧)

*ਸਲੋਕੁ ਮ: ੧*

*ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥*
*ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥*
*ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥*

(ਪੰਨਾ ੧੪੦)

ਮ: ੧॥

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥

(ਪੰਨਾ ੫੫੬)

ਮੁਸਲਮਾਨ ਕਹਾਉਣਾ ਔਖਾ ਹੈ, ਜੇ ਅਸਲ ਵਿਚ ਬੰਦਾ ਇਸ ਤਰ੍ਹਾਂ ਦਾ ਹੋਵੇ ਤਦ ਉਹ ਆਪਣੇ ਆਪ ਨੂੰ ਮੁਸਲਮਾਨ ਕਹਾ ਸਕਦਾ ਹੈ। ਪਹਿਲਾਂ ਉਹ ਪ੍ਰਭੂ ਦੇ ਭਗਤਾਂ ਦੇ ਧਰਮਾਂ ਨੂੰ ਮਿੱਠਾ ਕਰਕੇ ਜਾਣੇ ਅਤੇ ਆਪਣੇ ਧਨ ਦੌਲਤ ਦੇ ਘੁਮੰਡ ਨੂੰ ਮਿਟਾ ਦੇਵੇ। ਪੈਗੰਬਰ ਦੇ ਮੱਤ ਦਾ ਸੱਚਾ ਮੁਰੀਦ ਹੋ ਕੇ ਉਹ ਮੌਤ ਅਤੇ ਜ਼ਿੰਦਗੀ ਦੇ ਵਹਿਮਾਂ ਨੂੰ ਦੂਰ ਕਰ ਦੇਵੇ॥ ਉਹ ਰੱਬ ਦੇ ਭਾਣੇ ਨੂੰ ਸੱਚੇ ਦਿਲ ਨਾਲ ਪ੍ਰਵਾਨ ਕਰੇ, ਸਿਰਜਣਹਾਰ ਕਰਤਾਰ ਦੀ ਭਗਤੀ ਕਰੇ ਅਤੇ ਆਪਣੇ-ਪਣ ਨੂੰ ਮੇਟ ਦੇਵੇ॥ ਹੇ ਨਾਨਕ! ਜੇ ਉਹ ਸਾਰੇ ਪ੍ਰਾਣੀਆਂ ਤੇ ਮਿਹਰਬਾਨ ਹੋਵੇ ਤਦ ਹੀ ਉਹ ਮੁਸਲਮਾਨ ਆਖਿਆ ਜਾਵੇਗਾ॥ ੧ ॥

ਮਿਹਰ ਨੂੰ ਆਪਣੀ ਮਸਜਿਦ, ਭਰੋਸੇ ਨੂੰ ਮੁਸੱਲਾ ਅਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਣ ਜਾਣੋ। ਸ਼ਰਮ ਨੂੰ ਆਪਣੀ ਸੁੰਨਤ ਅਤੇ ਸਾਊਪੁਣੇ ਨੂੰ ਆਪਣਾ ਰੋਜ਼ਾ ਬਣਾਓ। ਇਸ ਤਰ੍ਹਾਂ ਤੂੰ ਮੁਸਲਮਾਨ ਹੋ ਜਾਵੇਂਗਾ। ਚੰਗੇ ਆਚਰਣ ਨੂੰ ਆਪਣਾ ਮੱਕਾ, ਸੱਚ ਨੂੰ ਆਪਣਾ ਰੂਹਾਨੀ ਰਹਿਬਰ ਅਤੇ ਨੇਕ ਅਮਲਾਂ ਨੂੰ ਆਪਣਾ ਕਲਮਾਂ ਅਤੇ ਨਿਮਾਜ਼ ਬਣਾਓ॥ ਤਸਬੀ ਉਹੀ ਚੰਗੀ ਹੈ ਜਿਹੜੀ ਪ੍ਰਭੂ ਨੂੰ ਭਾਉਂਦੀ ਹੈ। ਹੇ ਨਾਨਕ! ਇਸ ਤਰ੍ਹਾਂ ਪ੍ਰਭੂ ਤੇਰੀ ਲਾਜ ਰੱਖ ਲਵੇਗਾ॥ ੧॥

ਹਿੰਦੂਆਂ ਨੇ ਮੂਲੋਂ ਹੀ ਪ੍ਰਭੂ ਨੂੰ ਭੁਲਾ ਦਿੱਤਾ ਹੈ ਅਤੇ ਕੁਰਾਹੇ ਪਏ ਜਾ ਰਹੇ ਹਨ। ਉਹ ਅੰਨ੍ਹੇ ਗੁੰਗੇ ਅਤੇ ਅੰਨ੍ਹਿਆਂ ਦੇ ਅੰਨ੍ਹੇ ਹਨ। ਬੇ-ਸਮਝ ਮੂਰਖ ਪੱਥਰ ਲੈ ਕੇ ਉਨ੍ਹਾਂ ਦੀ ਪੂਜਾ ਕਰਦੇ ਹਨ॥ ਜਦ ਉਹ ਪੱਥਰ ਖੁਦ ਡੁੱਬ ਜਾਂਦੇ ਹਨ, ਫਿਰ ਐ ਹਿੰਦੂ! ਉਹ ਤੈਨੂੰ ਕਿਸ ਤਰ੍ਹਾਂ ਪਾਰ ਲੈ ਜਾਣਗੇ॥ ੨॥

ਦੋਹਰਾ- 'ਮੁਸਲਮਾਨ ਮਗ ਹਿੰਦੁ ਕੋ ਅਸ ਬਿਧਿ ਲੇਹੁ ਪਛਾਨ।
ਕਰਮ ਨ ਸੁਭ ਕਰਿਹੀਂ ਉਭੈ, ਝੂਠੇ ਨਾਮ ਬਖਾਨ॥ ੫੮॥

"ਮੁਸਲਮਾਨ ਅਤੇ ਹਿੰਦੂਆਂ ਨੂੰ ਇਸ ਤਰ੍ਹਾਂ ਪਛਾਣ ਲਵੋ। ਇਹ ਚੰਗੇ ਕਰਮ ਤਾਂ ਕਰਦੇ ਨਹੀਂ, ਝੂਠੇ ਨਾਂ ਰੱਖੇ ਹੋਏ ਹਨ॥ ੫੮॥

ਚੌਪਈ- ਮਗ ਭੂਲੇ ਫਿਰਿਹੀਂ ਉਦਿਆਨਾ। ਕੈਸੇ ਪਹੁੰਚਹਿਂ ਸੁਖ ਅਸਥਾਨਾ।
ਸੁਨਿ ਕਰਿ ਕਾਜੀ ਲੱਜਤਿ ਹੋਤਿ। ਜਿਉਂ ਰਵਿ ਆਗੇ ਰਿੰਙਣ ਜੋਤਿ॥੫੯॥

ਦੋਵੇਂ ਜੰਗਲ ਵਿਚ ਰਸਤਾ ਭੁੱਲੇ ਫਿਰ ਰਹੇ ਹਨ। ਕਿਸੇ ਸੁਖ ਦੇ ਅਸਥਾਨ ਤੇ ਇਹ ਕਿਵੇਂ ਪਹੁੰਚ ਸਕਦੇ ਹਨ?" ਇਹ ਸੁਣ ਕੇ ਕਾਜ਼ੀ ਬੜਾ ਸ਼ਰਮਿੰਦਾ ਹੋਇਆ। ਜਿਵੇਂ ਸੂਰਜ ਅੱਗੇ ਜੁਗਨੂੰ ਆਪਣੀ ਲੋਅ ਵੇਖ ਕੇ ਲੱਜਿਤ ਹੁੰਦਾ ਹੈ॥ ੫੯॥

ਨਹਿं ਬੋਲਯੋ ਕਛੁ ਤੂਸ਼ਨ ਭਯੋ। ਉੱਤਰ ਆਵ ਨ, ਉਠਿ ਘਰ ਗਯੋ।
ਕੋ ਨਰ ਨੁਤਿ, ਕੋ ਨਿੰਦਾ ਕਰਿਹੀ। ਮੂਰਖ ਸਮਝ, ਨ ਪਾਇਨ ਪਰਿਹੀ॥੬੦॥

ਕੁਝ ਬੋਲਿਆ ਨਹੀਂ ਤੇ ਚੁੱਪ ਰਿਹਾ। ਕੋਈ ਉੱਤਰ ਨਾ ਆਇਆ ਤੇ ਉਠ ਕੇ ਘਰ ਚਲਾ ਗਿਆ। ਕਈ ਲੋਕ ਉਸਤਤਿ ਅਤੇ ਕਈ ਲੋਕ ਨਿੰਦਿਆ ਕਰ ਰਹੇ ਹਨ। ਮੂਰਖਾਂ ਨੂੰ ਸਮਝ ਨਹੀਂ ਹੈ, ਇਸ ਲਈ ਗੁਰੂ ਦੇ ਚਰਨੀਂ ਨਹੀਂ ਪੈ ਰਹੇ ਹਨ॥ ੬੦॥

ਭਾਉ ਭਗਤਿ ਜਿਹ ਜਗ ਪ੍ਰਗਟਾਨਾ। ਬੈਸੇ ਰਹੇ ਮਸਾਨ ਸਥਾਨਾ।
ਤਿਹ ਛਿਨ ਹੁਤੋ ਭਗੀਰਥ ਪਾਸੂ। ਦਰਸ਼ਨ ਕਰਤਿ ਪਾਇ ਸੁਖ ਰਾਸੂ॥੬੧॥

ਜਿਨ੍ਹਾਂ ਨੇ ਜੱਗ ਵਿਚ ਭਗਤੀ ਭਾਵਨਾ ਪ੍ਰਗਟ ਕੀਤੀ ਹੈ, ਉਹ ਮਸਾਣਾਂ ਵਾਲੇ ਸਥਾਨ ਤੇ ਬੈਠੇ ਰਹੇ। ਉਸ ਵੇਲੇ ਭਗੀਰਥ ਉਨ੍ਹਾਂ ਦੇ ਪਾਸ ਬੈਠਾ ਸੀ। ਦਰਸ਼ਨ ਕਰਕੇ ਉਹ ਬੜਾ ਸੁਖ ਪਾ ਰਿਹਾ ਹੈ॥ ੬੧॥

ਆਵਾ ਮਨਸੁਖ ਪ੍ਰੇਮ ਉਮੰਗਾ। ਜਿਹ ਮਨ ਚਢ੍ਯੋ ਨਾਮ ਕੋ ਰੰਗਾ।
ਹਾਥ ਬੰਦਿਕੈ ਬੰਦਨ ਕੀਨੀ। ਪਰ੍ਯੋ ਡੰਡਵਤ ਮਤਿ ਰਸ ਭੀਨੀ॥੬੨॥

ਮਨਸੁਖ ਵੀ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਆਇਆ। ਜਿਸ ਦੇ ਮਨ ਤੇ ਨਾਮ ਦਾ ਰੰਗ ਚੜ੍ਹਿਆ ਹੋਇਆ ਸੀ। ਉਸ ਨੇ ਹੱਥ ਜੋੜ ਕੇ ਬੰਦਨਾਂ ਕੀਤੀ। ਫਿਰ ਡੰਡੌਤ ਬੰਦਨਾਂ ਕਰਨ ਵਾਸਤੇ ਲੰਮਾ ਪੈ ਗਿਆ ਅਤੇ ਉਸ ਦੀ ਬੁੱਧੀ ਰਸ-ਭਿੰਨੀ ਹੋ ਗਈ॥ ੬੨॥

'ਸਤਿ ਕਰਤਾਰ' ਕਹੀ ਸੁਖਰਾਸੂ। ਬੂਝੀ ਕੁਸ਼ਲ ਸਰਬ ਪੁਨ ਤਾਸੂ।
ਗਦ ਗਦ ਹ੍ਵੈ ਕਰਿ ਬੈਠਿ ਸਮੀਪਾ। ਬੋਲ੍ਯੋ ਬਚਨ ਤਬਹਿ 'ਕੁਲਦੀਪਾ'!॥੬੩॥

"ਗੁਰੂ ਜੀ ਨੇ ਉਸ ਨੂੰ ਸਤਿ ਕਰਤਾਰ ਕਹੀ ਤੇ ਫਿਰ ਉਸ ਦੀ ਸੁਖ-ਸਾਂਦ ਪੁਛੀ। ਬੜਾ ਖੁਸ਼ ਹੋ ਕੇ ਉਹ ਗੁਰੂ ਜੀ ਦੇ ਪਾਸ ਬੈਠ ਗਿਆ। ਫਿਰ ਮਨਸੁਖ ਨੇ ਕਿਹਾ, "ਹੇ ਕੁਲ ਦੇ ਦੀਪ॥ ੬੩॥

ਸਰਬ ਕੁਸ਼ਲ ਭੀ ਦਰਸ ਤੁਮਾਰੇ। ਮੁਝ ਤਨ ਮਨ ਕੇ ਕਸ਼ਟ ਨਿਵਾਰੇ।
ਚਲ੍ਯੋ ਚਹਤਿ ਹੋ ਮੈਂ ਪਰਦੇਸ਼ਾ। ਸ੍ਰੀ ਮੁਖ ਕੀ ਅਬ ਪਾਇ ਨਿਦੇਸ਼ਾ॥੬੪॥

ਤੁਹਾਡੇ ਦਰਸ਼ਨ ਕਰਕੇ ਹੀ ਮੈਂ ਸਰਬ ਕੁਸ਼ਲ ਹੋ ਗਿਆ ਹਾਂ। ਮੇਰੇ ਤਨ ਮਨ ਦੇ ਸਾਰੇ ਕਸ਼ਟ ਦੂਰ ਹੋ ਗਏ ਹਨ। ਮੈਂ ਹੁਣ ਪ੍ਰਦੇਸ ਜਾਣਾ ਚਾਹੁੰਦਾ ਹਾਂ, ਤੁਹਾਡੇ ਮੁਖ ਤੋਂ ਆਗਿਆ ਪਾਉਣ ਆਇਆ ਹਾਂ॥ ੬੪॥

ਬਨਜ ਖੇਪ ਕੋ ਭਰਿ ਕਰਿ ਭਾਰੀ। ਜਾਉਂ ਸੰਗਲਾਦੀਪ ਮਝਾਰੀ।
ਹ੍ਵੈ ਹੈ ਦਿਨ ਬਹੁ ਬਿਰਹੁ ਤੁਮਾਰਾ। ਉਚਰਹੁ ਆਪ ਸਬਦ ਸੁਖ ਸਾਰਾ॥੬੫॥

ਵਪਾਰ ਦੀ ਇਕ ਵੱਡੀ ਖੇਪ ਭਰ ਕੇ ਮੈਂ ਸੰਗਲਾਦੀਪ ਜਾਵਾਂਗਾ, ਕਈ ਦਿਨ ਮੈਨੂੰ ਤੁਹਾਡਾ ਵਿਛੋੜਾ ਸਹਿਣਾ ਪਵੇਗਾ। ਤੁਸੀਂ ਹੁਣ ਸੁਖ ਬਖਸ਼ਣ ਵਾਲੇ ਸ਼ਬਦਾਂ ਦਾ ਉਚਾਰਨ ਕਰੋ॥ ੬੫॥

ਮੈਂ ਲਿਖਿ ਲੇਉਂ ਪਠੌਂ ਕਰਿ ਨੇਮਾ। ਜਿਨ ਤੇ ਵਧੈ ਗੁਰੂ ਪਗ ਪ੍ਰੇਮਾ।
ਸੁਨਿ ਕਰਿ ਬਚਨ ਦੀਨ ਦੁਖ ਭੰਜਨ। ਉਚਰੇ ਰੁਚਿਰ ਸਬਦ ਜਨਰੰਜਨ॥੬੬॥

ਤੁਹਾਡੀ ਬਾਣੀ ਮੈਂ ਲਿਖ ਲਵਾਂਗਾ ਅਤੇ ਪ੍ਰੇਮ ਨਾਲ ਪਾਠ ਕਰਿਆ ਕਰਾਂਗਾ, ਜਿਸ ਨਾਲ ਗੁਰੂ ਦਾ ਪ੍ਰੇਮ ਵਧੇਗਾ।" ਇਹ ਦੀਨ ਬਚਨ ਸੁਣ ਕੇ ਦੁਖ ਭੰਜਨ ਗੁਰੂ ਜੀ ਨੇ ਦਾਸਾਂ ਨੂੰ ਪ੍ਰਸੰਨ ਕਰਨ ਵਾਲੇ ਸ਼ਬਦਾਂ ਦਾ ਉਚਾਰਣ ਕੀਤਾ॥ ੬੬॥

ਸ੍ਰੀ ਕਰਤਾਰ ਗੁਰੂ ਵਡਿਆਈ। ਭਗਤ ਬਿਰਕਤਹਿ ਗ੍ਯਾਨ ਮਿਲਾਈ।
ਅਸ ਬਾਨੀ ਮਨਸੁਖ ਲਿਖਿ ਲੀਨੀ। ਪਢਿ ਕਰਿ ਪਰਮ ਪ੍ਰੇਮ ਮਤਿ ਭੀਨੀ॥੬੭॥

ਸ੍ਰੀ ਕਰਤਾਰ ਗੁਰੂ ਦੀ ਵਡਿਆਈ ਭਗਤ ਗਿਆਨ ਮਿਲਾ ਕੇ ਕਹਿੰਦੇ ਹਨ। ਇਸ ਤਰ੍ਹਾਂ ਮਨਸੁਖ ਨੇ ਸਾਰੀ ਗੁਰਬਾਣੀ ਲਿਖ ਲਈ ਅਤੇ ਪੜ੍ਹ ਕੇ ਬੁੱਧੀ ਪਰਮ ਪ੍ਰੇਮ ਵਿਚ ਭਿੱਜ ਗਈ॥ ੬੭॥

ਬਹੁਰੋ ਬੋਲੇ ਗੁਰੂ ਉਦਾਰਾ। 'ਮੱਜਹੁ ਨਿਸਾ ਜਾਮ ਸ਼ੁਭ ਬਾਰਾ।
ਤਜਿ ਆਲਸ ਜਾਗਹੁ ਤਿਹ ਕਾਲਾ। ਪਢਹੁ ਤਬੈ ਫਲ ਹੋਤਿ ਬਿਸਾਲਾ॥੬੮॥

ਫਿਰ ਗੁਰੂ ਜੀ ਉਦਾਰਚਿੱਤ ਹੋ ਕੇ ਬੋਲੇ, "ਸਵੇਰੇ ਸੁਵੱਖਤੇ ਪਹਿਰ ਰਾਤ ਰਹਿੰਦਿਆਂ ਉੱਠ ਕੇ ਸਾਫ ਪਾਣੀ ਨਾਲ ਇਸ਼ਨਾਨ ਕਰੋ। ਆਲਸ ਛੱਡ ਕੇ ਉਸ ਸਮੇਂ ਜਾਗੋ ਅਤੇ ਪਾਠ ਕਰੋ ਜਿਸ ਨਾਲ ਤੁਹਾਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ॥ ੬੮॥

ਇਕ ਮਨ ਹ੍ਵੈ ਕੈ ਪ੍ਰੀਤਿ ਸਮੇਤਾ। ਗੁਨਹੁ ਤ ਪਾਵਹੁ ਬ੍ਰਹਮ ਨਿਕੇਤਾ।

ਕਰਹੁ ਤਿਹਾਵਲ ਹੋਵਤਿ ਭੋਰਾ। ਪਠਿ ਅਰਦਾਸ ਯੁਗਮ ਕਰ ਜੋਰਾ॥ ੬੯॥

ਇਕ ਮਨ ਹੋ ਕੇ ਪ੍ਰੀਤ ਸਮੇਤ ਸੁਣੋ ਤੇ ਵਾਹਿਗੁਰੂ ਸਰੂਪ ਨੂੰ ਪਾਵੋ। ਸਵੇਰੇ ਕੜਾਹ ਪ੍ਰਸ਼ਾਦ ਤਿਆਰ ਕਰੋ ਅਤੇ ਦੋਵੇਂ ਹੱਥ ਜੋੜ ਕੇ ਅਰਦਾਸ ਕਰੋ॥ ੬੯॥

ਬਹੁਰ ਬਾਂਟਿ ਅਚਵਨ ਨਿਜ ਕੀਜੈ। ਦਿਵਸ ਉਗੇ ਬਨਜਹਿ ਮਨ ਦੀਜੈ।
ਸੰਧਯਾ ਕਾਲਹਿ ਪਢੋ ਬਹੋਰੀ। ਮਤ ਨਿਤ ਰਾਖਹੁ ਭਗਤਿਹਿ ਬੋਰੀ॥ ੭੦॥

ਫਿਰ ਲੋਕਾਂ ਵਿਚ ਵੰਡ ਕੇ, ਆਪ ਸੇਵਨ ਕਰੋ ਅਤੇ ਦਿਨ ਚੜ੍ਹਨ ਤੇ ਆਪਣੇ ਵਪਾਰ ਵਿਚ ਮਨ ਲਾਓ। ਸ਼ਾਮ ਹੋਣ ਤੇ ਦੁਬਾਰਾ ਪੜ੍ਹੋ ਅਤੇ ਬੁੱਧੀ ਨੂੰ ਸਦਾ ਭਗਤੀ ਵਿਚ ਡੁੱਬੀ ਹੋਈ ਰੱਖੋ॥ ੭੦॥

ਜਬ ਕੋ ਅਟਕ ਜਾਇ ਵਡ ਕਾਜੂ। ਸਿਮਰਹੁ ਸਤਿਗੁਰ ਹ੍ਵੈ ਸੁਖ ਕਾਜੂ।
ਅਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਗਵਨਜੋ ਸਤਿਗੁਰ ਪਾਇ ਨਿਦੇਸਾ॥ ੭੧॥

ਜਦ ਕੋਈ ਵੱਡਾ ਕਾਰਜ ਰੁਕ ਜਾਵੇ ਤਾਂ ਸਤਿਗੁਰੂ ਦਾ ਸਿਮਰਨ ਕਰਨ ਨਾਲ ਤੁਹਾਡਾ ਕਾਰਜ ਸੁਖ ਨਾਲ ਨੇਪਰੇ ਚੜ੍ਹ ਜਾਵੇਗਾ। ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ, ਸਤਿਗੁਰ ਦੀ ਆਗਿਆ ਲੈ ਕੇ ਮਨਮੁਖ ਆਪਣੇ ਘਰ ਨੂੰ ਚਲਾ ਗਿਆ॥ ੭੧॥

ਗਯੋ ਸੰਗਲਾਦੀਪ ਸਥਾਨਾ। ਬਹੁਰ ਭਗੀਰਥ ਕੋ ਗੁਨ ਖਾਨਾ।
ਆਇਸ ਦੀਨ 'ਸਦਨ ਅਬ ਜਾਵਹੁ। ਹਿਰਦੈ ਸਦਾ ਨਾਮ ਲਿਵ ਲਾਵਹੁ॥ ੭੨॥

ਫਿਰ ਘਰ ਤੋਂ ਵਿਉਪਾਰ ਦਾ ਸਾਮਾਨ ਲੈ ਕੇ ਉਹ ਸੰਗਲਾਦੀਪ ਚਲਾ ਗਿਆ। ਬਾਅਦ ਵਿਚ ਗੁਣਾਂ ਦੀ ਖਾਣ ਨੇ ਭਗੀਰਥ ਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਆਪਣੇ ਘਰ ਜਾਵੋ। ਆਪਣੇ ਹਿਰਦੇ ਵਿਚ ਸਦਾ ਨਾਮ ਨਾਲ ਲਿਵ ਲਾਵੋ। ਫਿਰ ਭਗੀਰਥ ਵੀ ਆਪਣੇ ਪਿੰਡ ਨੂੰ ਚਲੇ ਗਿਆ॥ ੭੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ ਪ੍ਰਸੰਗ, ਲਖਮੀ ਦਾਸ ਜਨਮ, ਮਨਸੁਖ ਭਗੀਰਥ ਗਵਨ' ਪ੍ਰਸੰਗ ਬਰਨਨੰ ਨਾਮ ਤ੍ਰਿਸਿਮੋ ਅਧਯਾਯ॥ ੩੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੀਹਵਾਂ ਅਧਿਆਇ, ਜਿਸ ਦਾ ਨਾਮ, 'ਮੂਲੇ ਦਾ ਆਉਣਾ, ਲਖਮੀ ਦਾਸ ਦਾ ਜਨਮ' ਸਮਾਪਤ ਹੋਇਆ॥ ੩੦॥

## ਅਧਿਆਇ ਇਕੱਤੀਵਾਂ

*ਮੁੱਲਾਂ ਨਿਸਤਾਰਾ, ਮਸੀਤ ਤੇ ਨਵਾਬ ਦਾ ਪ੍ਰਸੰਗ।*

ਨਰਾਜ ਛੰਦ- ਮਰਾਲਬਾਹਿਨੀ ਕ੍ਰਿਪਾਲੁ ਹਾਥ ਜੋਰਿ ਬੰਦਨਾ।
ਕਹੌਂ ਕਥਾ ਵਿਚਾਰਿ ਚਾਰੁ ਤੀਨ ਤਾਪ ਕੰਦਨਾ।
ਧਿਆਨ ਧਾਰਿ ਬਾਰ ਬਾਰ ਸਾਰਦਾ ਸਰੂਪ ਕੋ।
ਸੁ ਜਾਸ ਕੋ ਪ੍ਰਸਾਦਿ ਪਾਇ ਸੇਮੁਖੀ ਅਨੂਪ ਕੋ॥ ੧॥

ਹੰਸ ਦੀ ਸਵਾਰੀ ਕਰਨ ਵਾਲੀ ਕਿਰਪਾਲੂ ਸ਼ਾਰਦਾ ਤੈਨੂੰ ਹੱਥ ਜੋੜ ਕੇ ਨਮਸ਼ਕਾਰ ਹੈ। ਹੇ ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਲੀ! ਮੈਂ ਹੁਣ ਸੁੰਦਰ ਕਥਾ ਵਿਚਾਰ ਕੇ ਕਹਿਣ ਲੱਗਾ ਹਾਂ। ਇਸ ਲਈ ਬਾਰ ਬਾਰ ਸ਼ਾਰਦਾ! ਤੇਰੇ ਸਰੂਪ ਦਾ ਧਿਆਨ ਧਾਰਦਾ ਹਾਂ, ਜਿਸ ਦੀ ਕਿਰਪਾ ਨਾਲ ਅਨੂਪਮ ਤੇ ਸਵੈ ਉਚਾਰੀ ਜਾਣ ਵਾਲੀ ਕਵਿਤਾ ਪ੍ਰਾਪਤ ਹੁੰਦੀ ਹੈ॥ ੧॥

ਸ੍ਰੀ ਖ਼ਾਲਸਾ ਸੰਪ੍ਰਦਾ ਵਾਚ॥

ਦੋਹਰਾ- ਬਾਕੀ ਸ੍ਰੀ ਗੁਰ ਕੀ ਜਿਤੀ ਮੂਲੇ ਸੁਤ ਸੁਨਿ ਸੋਇ।
ਲੈਨਿ ਹੇਤ ਤਿਨ ਕੇ ਤਬੈ ਗਯੋ ਲੋਭ ਮੈਂ ਹੋਇ॥ ੨॥

ਭਾਈ ਖ਼ਾਲਸੇ ਨੇ ਕਿਹਾ- ਸ੍ਰੀ ਗੁਰੂ ਜੀ ਦਾ ਬਕਾਇਆ ਨਵਾਬ ਪਾਸ ਪਿਆ ਸੀ, ਜਦ ਮੂਲ ਚੰਦ ਨੂੰ ਉਸ ਬਾਰੇ ਪਤਾ ਲੱਗਾ ਤਦ ਉਹ ਬਕਾਇਆ ਲੈਣ ਵਾਸਤੇ ਲੋਭ ਵਿਚ ਆ ਗਿਆ॥ ੨॥

ਨਰਾਜ ਛੰਦ- ਗਯੋ ਸੁ ਮੂਲ ਚੰਦ ਭੂਲ, ਭੇਦ ਨਾਂਹਿ ਜਾਨਿਯਾ।
ਪੁਕਾਰਿ ਕੈ ਨਿਬਾਬ ਪਾਸ ਬੈਨ ਯੋਂ ਬਖਾਨਿਯਾ।
'ਨਯਾਇ ਮੋਰ ਕੀਜੀਏ, ਸਵਾਬ ਜਾਨਿ ਆਪਨੋ।
ਕੁਨੀਤਿ ਭੂਪ ਕ੍ਰਿਤ ਨਾ, ਤਜੰਤ ਭੂਰ ਪਾਪ ਨੋ'॥ ੩॥

ਅਸਲ ਗੱਲ ਮੂਲ ਚੰਦ ਭੁੱਲ ਗਿਆ ਤੇ ਭੇਦ ਨਾ ਸਮਝ ਸਕਿਆ ਤੇ ਨਵਾਬ ਦੇ ਪਾਸ ਚਲਾ ਗਿਆ। ਉਸ ਨਵਾਬ ਪਾਸ ਪੁਕਾਰ ਕੀਤੀ ਤੇ ਇਸ ਤਰ੍ਹਾਂ ਆਪਣੀ ਬੇਨਤੀ ਬਿਆਨ ਕੀਤੀ। ਆਪਣਾ ਸਵਾਬ ਜਾਣ ਕੇ ਮੇਰੇ ਨਾਲ ਨਿਆਂ ਕਰੋ। ਵੱਡੇ ਪਾਪ ਨੂੰ ਛੱਡ ਕੇ ਰਾਜੇ ਕਦੇ ਅਨਿਆਂ ਨਹੀਂ ਕਰਦੇ॥ ੩॥

ਅੜਿੱਲ-ਸੁਨਿ ਕਰਿ ਸ੍ਰਵਨ ਨਵਾਬ ਭਨੈ 'ਤੂੰ ਕੌਨ ਹੈ?
ਕਿਸ ਪਰ ਕਰਤਿ ਪੁਕਾਰ ਨਾਮ ਕਹੁ ਜੌਨ ਹੈ?
ਕਿਹਿ ਦੁਖ ਦੀਨੋ ਤੋਹਿ ਸੁ ਭੇਵ ਭਨੀਜੀਏ?
ਹੌਂ ਕਰਿਹੌਂ ਨਯਾਇ ਤੁਮਾਰ ਬ੍ਰਿਥਾ ਕਹਿ ਦੀਜੀਏ'॥ ੪॥

ਉਸ ਦੀ ਗੱਲ ਸੁਣ ਕੇ ਨਵਾਬ ਨੇ ਕਿਹਾ, "ਤੂੰ ਕੌਣ ਹੈਂ? ਕਿਸ ਦੇ ਉਤੇ ਦੋਸ਼ ਲਾ ਰਿਹਾ ਹੈਂ, ਦੱਸੋ ਉਸ ਦਾ ਕੀ ਨਾਂ ਹੈ ? ਕੀ ਉਸ ਨੇ ਤੈਨੂੰ ਦੁਖ ਦਿੱਤਾ ਹੈ, ਇਹ ਭੇਤ ਦੱਸੋ ? ਮੈਂ ਤੇਰਾ ਨਿਆਂ ਕਰਾਂ ਸਾਰੀ ਵਿਥਿਆ ਕਹਿ ਦੇਵੋ॥ ੪॥

ਅੜਿੱਲ- 'ਨਾਨਕ ਮੋਦੀ ਤੋਰ, ਸਸੁਰ ਤਿਹ ਜਾਨੀਏ।
ਤਾਂ ਪਰ ਕਰੀ ਪੁਕਾਰ ਆਪ ਪਹਿਚਾਨੀਏ।
ਸੁਨਿ ਸ੍ਰਵਨਨ ਮਮ ਬੈਨ, ਵਿਚਾਰ ਕਰੀਜਿਯੇ।
ਹੋ ਬਹੁਰੋ ਨਯਾਇ ਨਿਬੇਰ ਸੁ ਜਸ ਜਗ ਲੀਜਿਯੇ'॥ ੫॥

ਤੁਹਾਡੇ ਪਾਸ ਜਿਹੜਾ ਨਾਨਕ ਨਾਮੀ ਮੋਦੀ ਹੈ, ਮੈਨੂੰ ਉਸ ਦਾ ਸਹੁਰਾ ਸਮਝੋ। ਮੈਂ ਉਸ ਬਾਰੇ ਸ਼ਿਕਾਇਤ ਕੀਤੀ ਹੈ, ਇਸ ਬਾਰੇ ਪਹਿਚਾਣ ਲਵੋ। ਮੇਰੀ ਬੇਨਤੀ ਆਪਣੇ ਕੰਨੀਂ ਸੁਣ ਕੇ ਫਿਰ ਵਿਚਾਰ ਕਰੋ। ਫਿਰ ਨਿਆਂ ਕਰਕੇ ਇਸ ਜੱਗ ਵਿਚ ਜੱਸ ਪ੍ਰਾਪਤ ਕਰੋ॥ ੫॥

ਦੋਹਰਾ- ਸੁਨਿ ਸ੍ਰੀ ਨਾਨਕ ਨਾਮ ਕੋ ਲੀਨੋ ਨਿਕਟ ਹਕਾਰ।
'ਕੈਸੇ ਕਰਤਿ ਪੁਕਾਰ ਤੂੰ ਮੁਹਿ ਸਮਝਾਇ ਉਚਾਰਿ'॥ ੬॥

ਨਾਨਕ ਦਾ ਨਾਂ ਸੁਣ ਕੇ ਨਵਾਬ ਨੇ ਉਸ ਨੂੰ ਆਪਣੇ ਪਾਸ ਬੁਲਾ ਲਿਆ। ਕਿਸ ਤਰ੍ਹਾਂ ਤੂੰ ਉਸ ਬਾਰੇ ਪੁਕਾਰ ਕੀਤੀ ਹੈ ਮੈਨੂੰ ਚੰਗੀ ਤਰ੍ਹਾਂ ਬੋਲ ਕੇ ਸਮਝਾਵੋ॥ ੬॥

ਨਰਾਜ ਛੰਦ- 'ਜੁ ਸਾਤ ਸੈ ਕਿ ਸਾਠ ਦਾਮ ਤਾਂਹਿ ਜਾਨਿ ਸ਼ੇਖ ਸੇ।
ਨਿਬਾਬ ਰਾਇ! ਦੇਹੁ ਤਾਂਹਿ ਤਾਤ ਨਾਰਿ, ਦੇਖ ਸੇ।
ਵਿਚਾਰਿ ਕੈ ਰਿਦੈ ਨਿਆਇ, ਆਨਿ ਬੂਝ ਲੀਜਿਯੇ'।
ਭਨੰਤਿ ਮੂਲਚੰਦ ਯੋਂ 'ਪੁਕਾਰ ਯਾ ਲਖੀਜਿਯੇ॥ ੭॥

ਜਿਹੜੇ ਸੱਤ ਸੌ ਸੱਠ ਰੁਪਏ ਉਸਦੇ ਤੁਹਾਡੇ ਵਲ ਬਾਕੀ ਨਿਕਲੇ ਹਨ। ਹੇ ਨਵਾਬ ਬਾਦਸ਼ਾਹ ! ਉਹ ਉਸਦੇ ਪੁੱਤਰ ਅਤੇ ਪਤਨੀ ਨੂੰ ਦੇਵੋ, ਦੇਖ ਲਵੋ ਇਹ ਗੱਲ ਠੀਕ ਹੈ। ਹਿਰਦੇ ਵਿਚ ਨਿਆਂ ਵਿਚਾਰ ਕੇ ਹੋਰ ਤੋਂ ਵੀ ਪੁੱਛ ਲਵੋ। ਮੂਲ ਚੰਦ ਇੰਝ ਕਹਿੰਦਾ ਹੈ ਕਿ ਮੇਰੀ ਪੁਕਾਰ ਇਹ ਜਾਣ ਲਵੋ॥ ੭॥

ਨਿਬਾਬ ਸ਼੍ਰੋਨ ਮੈਂ ਸੁਨੰਤਿ ਬੈਨਕੋ ਅਲਾਇਓ।
'ਕਹੀ ਸਰੋਜਨੈਨ ਨੇ ਫਕੀਰ ਕੋ ਖਵਾਇਓ।
ਨ ਮਾਨ, ਆਨ ਥਾਨ ਦਾਮ ਦੇਹੁਂ ਏਹ ਜਾਨਿਯੇ।
ਫਕੀਰ ਬ੍ਰਿੰਦ ਹੋਇਂ ਤੋ ਖਵਾਇ ਆਪ ਮਾਨਿਯੇ॥ ੮॥

ਨਵਾਬ ਉਸ ਦੀ ਗੱਲ ਕੰਨਾਂ ਨਾਲ ਸੁਣ ਕੇ ਇਸ ਤਰ੍ਹਾਂ ਬੋਲਿਆ। "ਸ੍ਰੀ ਨਾਨਕ ਨੇ ਸਾਨੂੰ ਇਹ ਕਿਹਾ ਹੈ ਕਿ ਇਨ੍ਹਾਂ ਪੈਸਿਆਂ ਨਾਲ ਫਕੀਰਾਂ ਨੂੰ ਲੰਗਰ ਛਕਾ ਦੇਵੋ। ਇਹ ਜਾਣ ਲਵੋ ਕਿ ਤੇਰੀ ਗੱਲ ਮੰਨ ਕੇ ਮੈਂ ਹੋਰ ਕਿਸੇ ਨੂੰ ਰੁਪਏ ਨਹੀਂ ਦੇਵਾਂਗਾ। ਜੇ ਕੋਈ ਫਕੀਰਾਂ ਦਾ ਸਮੂਹ ਆਵੇਗਾ ਤਾਂ ਉਨ੍ਹਾਂ ਨੂੰ ਖਾਣਾ ਖੁਆ ਦੇਵਾਂਗਾ, ਇਸ ਗੱਲ ਨੂੰ ਆਪ ਮੰਨ ਲਵੋ"॥ ੮॥

'ਭਯੋਹਿ ਭੂਰ ਬਾਵਰਾ, ਕਿ ਭੂਤਨਾਂ ਸੁ ਤਾਂਹਿ ਮੈਂ।
ਸੁਧੀ ਨ ਕੋਇ ਕਾਂਹਿ ਕੀ, ਨ ਕੂਰ ਵਾਕ ਪ੍ਰਾਹਿ ਮੈਂ।
ਨਿਕੇਤ ਹੇਤ ਕੋ ਨਹੀਂ, ਮਸਾਨ ਥਾਨ ਬੈਸਿਯਾ।
ਭਨੰਤਿ ਤੁੰਡ ਆਇ ਜੋ ਫਕੀਰ ਕੀਨ ਬੈਸਿਯਾ॥ ੯॥

ਉਹ ਬਹੁਤ ਬਾਵਰਾ ਹੋ ਗਿਆ ਹੈ ਜਾਂ ਉਸ ਵਿਚ ਕੋਈ ਭੂਤ ਦਾਖਲ ਹੋ ਗਿਆ ਹੈ। ਉਸ ਨੂੰ ਕਿਸੇ ਗੱਲ ਦੀ ਸੁੱਧ ਨਹੀਂ ਹੈ, ਮੈਂ ਝੂਠ ਨਹੀਂ ਬੋਲ ਰਿਹਾ ਹਾਂ। ਉਸ ਨੂੰ ਘਰ ਦਾ ਕੋਈ ਮੋਹ ਨਹੀਂ ਤੇ ਮਸਾਨਾਂ ਵਿਚ ਜਾ ਕੇ ਬੈਠ ਗਿਆ ਹੈ। ਜੋ ਮੂੰਹ ਵਿਚ ਆਉਂਦਾ ਹੈ ਕਹਿ ਦਿੰਦਾ ਹੈ, ਫਕੀਰੀ ਧਾਰਨ ਕਰਕੇ ਬੈਠ ਗਿਆ ਹੈ॥ ੯॥

ਨਰਾਜ ਛੰਦ- ਨਿਬਾਬ ਬੈਨ ਤਾ ਸੁਨੇ ਸੁਚਿੰਤ ਚੀਤ ਹ੍ਵੈ ਰਹਯੋ।
ਗਹੀ ਫਨੀ ਛਚੂੰਧਰੰ ਤਜੀ ਨ ਖਾਇ ਯੋਂ ਭਯੋ।
ਫਕੀਰ ਕੋ ਨ ਦੇਉਂ ਹੋਤਿ ਭੈ ਹਮੈਂ ਸੁ ਤਾਂਹਿ ਕੋ।
ਨ ਦੇਉਂ ਤੋਹਿ, ਹੋਤਿ ਹੈ ਕੁਨੀਤ ਨੀਤ ਨਾਹਿ ਕੋ॥ ੧੦॥

ਨਵਾਬ ਨੇ ਜਦ ਇਹ ਗੱਲਾ ਸੁਣੀਆਂ ਤਾਂ ਚਿਤ ਵਿਚ ਬੜਾ ਫਿਕਰਮੰਦ ਹੋ ਗਿਆ। ਜਿਵੇਂ ਸੱਪ ਦੇ ਮੂੰਹ ਛਛੂੰਦਰ ਆ ਜਾਂਦੀ ਹੈ, ਨਾ ਖਾ ਸਕਦਾ ਹੈ, ਜੇ ਖਾਵੇ ਤਾਂ ਆਪ ਕੋਹੜਾ ਹੋ ਜਾਂਦਾ ਹੈ। ਨਾ ਛੱਡ ਸਕਦਾ ਹੈ, ਕਿਉਂਕਿ ਜੇ ਛੱਡਦਾ ਹੈ ਤਾਂ ਅੱਖਾਂ ਕੱਢ ਲੈਂਦੀ ਹੈ। ਨਵਾਬ ਦੀ ਵੀ ਅਜਿਹੀ ਹਾਲਤ ਹੋ ਗਈ। ਜੇ ਫਕੀਰਾਂ ਨੂੰ ਨਹੀਂ ਦਿੰਦੇ ਹਨ ਤਾਂ ਉਨ੍ਹਾਂ ਤੋਂ ਵੀ ਡਰ ਲਗਦਾ ਹੈ। ਜੇ ਤੈਨੂੰ ਰੁਪਏ ਨਹੀਂ ਦਿੰਦਾ ਹਾਂ, ਤਾਂ ਇਸ ਵਿਚ ਵੀ ਕੋਈ ਨੀਤੀ ਨਹੀਂ ਸਗੋਂ ਕੁ ਨੀਤੀ ਹੁੰਦੀ ਹੈ॥ ੧੦॥

ਦੋਹਰਾ- ਹੁਤੋ ਯਾਰਖਾਂ ਨਿਕਟਿ ਤਬ ਬੂਝੀ ਤਿਹ ਸੋਂ ਗਾਥ।
ਬੋਲਯੋ ਰਿਦੈ ਵਿਚਾਰਿ ਸੋ ਨਿਜ ਭੂਪਤਿ ਕੇ ਸਾਥ॥ ੧੧॥

ਨਵਾਬ ਦੇ ਪਾਸ ਯਾਰ ਖਾਂ ਬੈਠਾ ਸੀ, ਉਸ ਪਾਸੋਂ ਸਾਰੀ ਗੱਲ ਪੁੱਛੀ। ਉਹ ਆਪਣੇ ਹਿਰਦੇ ਵਿਚ ਵਿਚਾਰ ਕੇ ਨਵਾਬ ਨਾਲ ਇਸ ਤਰ੍ਹਾਂ ਬੋਲਿਆ॥ ੧੧॥

ਅੜਿਲ-'ਜੇ ਨਾਨਕ ਅਬ ਭਯੋ ਬਾਵਰਾ ਸੁਧਿ ਨਹੀਂ।
ਕਿਧੌਂ ਭੂਤਨਾ ਬਰਜੋ ਲੇਹੁ ਕਰਿ ਸਭਿ ਸਹੀ।
ਦੇਹੁ ਦਰਬ ਪਸ਼ਚਾਤ ਜਾਨ ਜਿਯ ਲੀਜਿਯੇ।
ਹੋ ਕੈਧੌਂ ਮੇਧਾ ਸਹਿਤ ਤ ਬੂਝਨ ਕੀਜਿਯੇ॥ ੧੨॥

'ਜੇ ਨਾਨਕ ਹੁਣ ਬਾਵਰਾ ਹੋ ਗਿਆ ਹੈ ਅਤੇ ਉਸ ਨੂੰ ਕੋਈ ਸੁੱਧ ਨਹੀਂ, ਕਿਤੇ ਉਸ ਵਿਚ ਕੋਈ ਭੂਤ ਹੀ ਨਾ ਵੜਿਆ ਹੋਵੇ, ਧਨ ਦੇਣ ਤੋਂ ਪਹਿਲਾਂ ਇਹ ਜਾਣ ਲਵੋ, ਜੇ ਉਸ ਨੂੰ ਕੁਝ ਹੋਸ਼ ਹੈ ਤਾਂ ਉਸ ਨੂੰ ਪੁੱਛ ਲਵੋ'॥ ੧੨॥

ਦੋਹਰਾ- ਸੁਨੇ ਯਾਰਖਾਂ ਬਚਨ ਜਬ ਨ੍ਰਿਪਤਿ ਸਰਾਹਤਿ ਤਾਂਹਿ।
'ਕਰਨ ਉਚਿਤ ਐਸੇ ਹਮੈਂ ਜੈਸੇ ਤੂੰ ਮੁਖਿ ਪ੍ਰਾਹਿ॥ ੧੩॥

ਜਦ ਯਾਰ ਖਾਂ ਦੇ ਇਹ ਬਚਨ ਸੁਣੇ ਤਾਂ ਨਵਾਬ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ। "ਸਾਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ ਜਿਵੇਂ ਤੂੰ ਕਿਹਾ ਹੈ"॥ ੧੩॥

ਅੜਿਲ-ਮੁੱਲਾਂ ਢਿਗ ਨਰ ਪਠਾ, ਸੁ ਲੀਨ ਪੁਕਾਰਿਯੋ।
ਸਭਿ ਨਾਨਕ ਬਿਰਤਾਂਤ ਨਿਬਾਬ ਉਚਾਰਿਯੋ।
'ਹੇਰਹੁ ਝਾਰਹੁ, ਜਾਹੁ, ਰਿਦੈ ਸੁਧਿ ਲੀਜਿਯੇ।
ਹੋ ਬਹੁਰੋ ਮੁਝ ਢਿਗ ਆਨਿ ਸੁ ਭੇਵ ਭਨੀਜਿਯੇ॥ ੧੪॥

ਫਿਰ ਮੁੱਲਾਂ ਵਲ ਇਕ ਆਦਮੀ ਨੂੰ ਭੇਜਿਆ ਅਤੇ ਉਸ ਨੂੰ ਬੁਲਾ ਲਿਆ। "ਨਾਨਕ ਬਾਰੇ ਸਾਰਾ ਬਿਰਤਾਂਤ ਨਵਾਬ ਨੇ ਮੁੱਲਾਂ ਨੂੰ ਸੁਣਾਇਆ, ਜੰਗਲ ਵਿਚ ਜਾਵੋ ਸ੍ਰੀ ਨਾਨਕ ਨੂੰ ਵੇਖੋ ਅਤੇ ਝਾੜਾ ਕਰੋ ਅਤੇ ਹਿਰਦੇ ਦੀ ਸੁਧ ਲਵੋ। ਫਿਰ ਬਾਅਦ ਵਿਚ ਮੇਰੇ ਪਾਸ ਆ ਕੇ ਸਾਰਾ ਭੇਦ ਦਸੋ"॥ ੧੪॥

ਸੁਨਿ ਕਰਿ ਮੁੱਲਾਂ ਚਲਯੋ ਬੇਗ ਲਿਖਿ ਕਾਗਰਾ।
ਜੰਤ੍ਰ ਮੰਤ੍ਰ ਲੇ ਸੰਗਿ ਜਹਾਂ ਸੁਖ ਸਾਗਰਾ।
ਪਰੀ ਰੌਰ ਪੁਰਿ ਮਾਂਹਿ ਮੁਲਾਨੇ ਜਾਨ ਕੀ।
ਹੋ ਧਾਏ ਨਰਦਿਸ਼ ਤਾਂਹਿ ਜੁ ਕ੍ਰਿਪਾ ਨਿਧਾਨ ਕੀ॥ ੧੫॥

ਇਹ ਸੁਣ ਕੇ ਮੁੱਲਾਂ ਕਾਗਜ ਤੇ ਤਵੀਜ਼ ਲਿਖ ਕੇ ਛੇਤੀ ਚਲ ਪਿਆ। ਜੰਤਰ ਮੰਤਰ ਲੈ ਕੇ ਉਥੇ ਪਹੁੰਚ ਗਿਆ ਜਿਥੇ ਸੁੱਖਾਂ ਦੇ ਸਾਗਰ ਬਿਰਾਜਮਾਨ ਸਨ। ਸਾਰੇ ਨਗਰ ਵਿਚ ਰੌਲਾ ਪੈ ਗਿਆ ਕਿ ਮੁਲਾਨਾ ਗੁਰੂ ਜੀ ਪਾਸ ਗਿਆ ਹੈ, ਤਾਂ ਨਰ ਉਸ ਪਾਸੇ ਵਲ ਭੱਜ ਪਏ ਜਿਥੇ ਕਿਰਪਾ ਨਿਧਾਨ ਭਾਵ ਗੁਰੂ ਜੀ ਟਿਕੇ ਸਨ॥ ੧੫॥

ਨਰਾਜ ਛੰਦ- ਭਨੈਂ ਪ੍ਰਮਾਨ ਆਨਨੰ ਅਜਾਨ ਬੈਨ ਜਾ ਬਿਧੇ।
'ਭਲੋ ਤਮਾਸ਼ ਦੇਖਿ ਹੈਂ ਬਿਸ਼ੇਖ ਭੂਤ ਕਾਢਿਧੇ'।
ਚਲੇ ਸਚਾਇ ਧਾਇ ਧਾਇ ਆਇ ਬ੍ਰਿੰਦ ਸੋ ਭਏ।
ਨ ਭੇਵ ਮੂਲ ਜਾਨਹੀ ਸੁ ਭੂਲ ਭਰਮ ਮੈਂ ਗਏ॥ ੧੬॥

ਉਨ੍ਹਾਂ ਨੇ ਕੁਝ ਸ਼ਬਦ ਕਹੇ ਜਿਵੇਂ ਅਨਜਾਣ ਮਨੁੱਖ ਅਪਾਣੇ ਮੁਖ ਤੋਂ ਕੁਝ ਵਾਕ ਕਹਿੰਦੇ ਹਨ। "ਵਧੀਆ ਤਮਾਸ਼ਾ ਵੇਖਦੇ ਹਾਂ ਕਿ ਕਿਵੇਂ ਭੂਤ ਕੱਢਦਾ ਹੈ"। ਸਾਰੇ ਬੜੇ ਚਾਅ ਨਾਲ ਭੱਜਦੇ ਭੱਜਦੇ ਓਥੇ ਪਹੁੰਚ ਗਏ ਤੇ ਵੱਡੀ ਭੀੜ ਲੱਗ ਗਈ। ਉਹ ਅਸਲ ਭੇਦ ਨੂੰ ਜਾਣਦੇ ਨਹੀ ਸਨ, ਭਰਮ ਵਿਚ ਭੁੱਲ ਗਏ ਸਨ॥ ੧੬॥

ਲਗੇ ਸਮਾਧਿ ਸ੍ਰੀ ਗੁਰੂ ਮਸਾਨ ਥਾਨ ਰਾਜਹੀ।
ਮਨੋ ਪਿਨਾਕਪਾਨ ਆਨਿ ਬੈਸਿਓ ਬਿਰਾਜਹੀ।
ਸਰੀਰ ਹੈ ਅਚੱਲ ਨੈਨ ਮੂੰਦਿਯੇ ਅਸੀਨਿਯਾ।
ਸਦੀਵ ਦਾਸ ਦੋਖ ਜੇ ਦਲੰਤਿ ਦੂਰ ਕੀਨਿਯਾ॥ ੧੭॥

ਮਸਾਨਾਂ ਵਾਲੀ ਥਾਂ ਗੁਰੂ ਜੀ ਦੀ ਸਮਾਧੀ ਲੱਗੀ ਹੋਈ ਸੀ ਅਤੇ ਉਹ ਇਸ ਤਰ੍ਹਾਂ ਲੱਗ ਰਹੇ ਸਨ ਮਾਨੋ ਸ਼ਿਵਜੀ ਹੋਣ। ਸਰੀਰ ਅਚਲ ਹੈ ਅਤੇ ਨੈਣ ਬੰਦ ਕਰਕੇ ਬੈਠੇ ਹਨ। ਸਦੀਵੀ ਦੁੱਖ, ਦਲਿਦਰ ਦੂਰ ਕੀਤਾ ਹੋਇਆ ਹੈ॥ ੧੭॥

ਦੋਹਰਾ- ਚਹੁੰ ਦਿਸ਼ਿ ਮਾਨਵ ਬ੍ਰਿੰਦ ਭੇ ਰਿਦੇ ਬਿਲੋਕਨ ਚਾਉ।
ਲਗੀ ਗੰਭੀਰ ਸਮਾਧਿ ਗੁਰੁ ਪੇਖਨ ਸੁਨਨਿ ਅਭਾਉ॥ ੧੮॥

ਚਾਰੇ ਪਾਸੇ ਮਨੁੱਖਾਂ ਦਾ ਸਮੂਹ ਖੜਾ ਹੋ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਵੇਖਣ ਦਾ ਬੜਾ ਚਾਅ ਹੈ। ਗੁਰੂ ਜੀ ਦੀ ਬੜੀ ਗਹਿਰੀ ਸਮਾਧੀ ਲੱਗੀ ਹੋਈ ਹੈ ਜਿਸ ਵਿਚ ਵੇਖਣ ਸੁਣਨ ਦਾ ਅਭਾਵ ਹੈ॥ ੧੮॥

ਅੜਿਲ- ਮੁੱਲਾਂ ਬੈਠਜੋ ਨਿਕਟਿ ਬਿਕਟ ਮੰਤ੍ਰਨ ਪਠੇ।
ਭੀਰ ਭੂਰ ਤਿਹ ਥਾਨ ਅਪਰ ਆਵਹਿੰ ਨਠੇ।
ਭਾਰਤਿ ਮੰਤ੍ਰਨ ਸੰਗਿ ਬਿਲੋਕਹਿੰ ਨਰ ਖਰੇ।
ਹੋ ਬਹੁਰੋ ਲੇਯ ਪਲੀਤਾ ਬਾਤੀ ਬਟ ਕਰੇ॥ ੧੯॥

ਮੁੱਲਾਂ ਨੇੜੇ ਬੈਠ ਗਿਆ ਹੈ ਅਤੇ ਪੁੱਠੇ ਮੰਤਰ ਪੜ੍ਹਦਾ ਹੈ। ਬਹੁਤ ਭੀੜ ਉਸ ਸਥਾਨ ਵਲ ਭੱਜੀ ਆਉਂਦੀ ਹੈ। ਚਾਰ-ਚੁਫੇਰੇ ਖੜੇ ਮਨੁੱਖ ਮੰਤਰ ਪੜ੍ਹ ਕੇ ਝਾੜਾ ਹੁੰਦਾ ਵੇਖ ਰਹੇ ਹਨ। ਫਿਰ ਇਕ ਵੱਟੀ ਵੱਟ ਕੇ ਪਲੀਤਾ ਲਿਆ॥ ੧੯॥

ਪਾਵਕ ਲਾਈ ਤਾਂਹਿ, ਬਰੀ ਧੂੰਆਂ ਭਯੋ।
ਲੈਕਰਿ ਮੁੱਲਾਂ ਹਾਥ ਨਾਸਕਾ ਮਹਿੰ ਦਯੋ॥
ਦਸਵੇਂ ਦ੍ਵਾਰੇ ਧੂੰਮ ਪਹੂੰਚਜੋ ਜਾਇ ਸੋ।
ਹੋ ਡੋਲੀ ਤਬੈ ਸਮਾਧਿ ਰਿਦੇ ਅਕੁਲਾਇ ਸੋ॥ ੨੦॥

ਉਸ ਵੱਟੀ ਨੂੰ ਅੱਗ ਲਾ ਦਿੱਤੀ, ਜਦ ਉਹ ਜਲੀ ਤੇ ਬਹੁਤ ਧੂੰਆਂ ਨਿਕਲਿਆ। ਮੁੱਲਾਂ ਨੇ ਉਸ ਵੱਟੀ ਨੂੰ ਹੱਥ ਵਿਚ ਲੈ ਕੇ ਗੁਰੂ ਜੀ ਦੀਆਂ ਨਾਸਾਂ ਅੱਗੇ ਧਰਿਆ। ਉਹ ਧੂੰਆਂ ਦਸਵੇਂ ਦੁਆਰ ਪਹੁੰਚ ਗਿਆ। ਗੁਰੂ ਜੀ ਦੀ ਫਿਰ ਸਮਾਧੀ ਡੋਲ ਗਈ, ਜਦ ਉਨ੍ਹਾਂ ਦਾ ਹਿਰਦਾ ਵਿਆਕੁਲ ਹੋ ਗਿਆ॥ ੨੦॥

ਮੁੰਦ੍ਰਿਤ ਲੋਚਨ ਚਾਰੁ, ਨ ਪਲਕ ਖੁਲਾਨਿਆ।
ਅੰਤਰਿਜਾਮੀ ਸਕਲ ਭੇਵ ਪਹਿਚਾਨਿਆ।
ਕਰੁਨਾਨਿਧਿ ਬਿਧਿ ਲਖੀ- ਬੁੱਧਿ ਇਨ ਹਤਿ ਭਈ-।
ਹੋ ਬੋਲੇ ਬਚਨ ਸੁਨਾਇ, ਸੁ ਸਿੱਛਜਾ ਤਿਨ ਦਈ॥ ੨੧॥

ਉਨ੍ਹਾਂ ਦੇ ਸੁੰਦਰ ਨੈਣ ਮੁੰਦੇ ਰਹੇ ਅਤੇ ਉਨ੍ਹਾਂ ਪਲਕਾਂ ਨਾ ਖੋਲ੍ਹੀਆਂ। ਅੰਤਰਜਾਮੀ ਨੇ ਸਾਰਾ ਭੇਦ ਪਹਿਚਾਣ ਲਿਆ। ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਨੇ ਵਿਧੀ ਸਮਝ ਲਈ ਕਿ ਇਨ੍ਹਾਂ ਦੀ ਬੁੱਧੀ ਭ੍ਰਿਸਟ ਗਈ ਹੈ ਤੇ ਫਿਰ ਉਨ੍ਹਾਂ ਨੂੰ ਕੁਝ ਬਚਨ ਇਸ ਤਰ੍ਹਾਂ ਬੋਲ ਕੇ ਸਿੱਖਿਆ ਦਿੱਤੀ॥ ੨੧॥

*ਸਲੋਕ ਮ: ੧ ॥*

*ਧ੍ਰਿਗੁ ਤਿਨ੍ਹਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥*
*ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥*

ਉਨ੍ਹਾਂ ਦੀ ਜ਼ਿੰਦਗੀ ਧ੍ਰਿਕਾਰਯੋਗ ਹੈ ਜਿਹੜੇ ਭੂਤ ਪ੍ਰੇਤਾਂ ਦੇ ਮੰਤਰ ਲਿਖ ਲਿਖ ਵੇਚਦੇ ਹਨ। ਜਿਨ੍ਹਾਂ ਦੀ ਖੇਤੀ ਉੱਜੜ ਗਈ ਹੈ, ਉਨ੍ਹਾ ਖਲਵਾੜੇ ਕਾਹਦੇ ਲਾਉਣੇ ਹਨ, ਭਾਵ ਅਜਿਹੇ ਮੂਰਖ ਮਾਂਦਰੀ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ ਅਤੇ ਉਨ੍ਹਾ ਦਾ ਦੋਜ਼ਕਾਂ ਵਿਚ ਵਾਸਾ ਹੁੰਦਾ ਹੈ।

ਦੋਹਰਾ- ਸੁਨਿ ਕਰਿ ਮਾਨਵ ਤਿਤ ਸਮੇਂ ਪਰੀ ਰੌਰ ਤਿਹ ਥਾਂਇ।
ਹਤਿ ਪਰਸਪਰ 'ਭੂਤਨਾ ਬੋਲਜੇ ਹੈ ਦੁਖ ਪਾਇ॥ ੨੨॥

ਗੁਰੂ ਜੀ ਦੀ ਬਾਣੀ ਸੁਣ ਕੇ ਉਸ ਸਮੇਂ ਮਨੁੱਖਾਂ ਦਾ ਬਹੁਤ ਰੌਲਾ ਪੈ ਗਿਆ। ਆਪੋ ਵਿਚ ਕਹਿੰਦੇ ਹਨ ਕਿ ਬੜਾ ਦੁੱਖ ਪਾ ਕੇ ਭੂਤ ਬੋਲ ਪਿਆ ਹੈ॥ ੨੨॥

ਅੜਿੱਲ- ਜਬ ਕੋ ਭੂਤ ਪ੍ਰਵੇਸ਼ਜੋ ਇਹ ਘਟ ਅੰਤਰੇ।
ਤਬ ਕੀ ਕਾਰ ਨ ਕਰੀ ਸੁ ਤਜੀ ਨਿਰੰਤਰੇ।
ਦਰਬ ਲੁਟਾਯੋ ਬਾਦ, ਕਛੂ ਸੁਧ ਨਹਿੰ ਰਹੀ।
ਹੋ ਦਯੋ ਪਲੀਤਾ ਅਬੈ ਬੁਲਾਯੋ ਇਨ ਸਹੀ'॥ ੨੩॥

ਜਦ ਦਾ ਭੂਤ ਇਨ੍ਹਾਂ ਦੇ ਸਰੀਰ ਅੰਦਰ ਪ੍ਰਵੇਸ਼ ਕਰ ਗਿਆ ਹੈ, ਉਸ ਸਮੇਂ ਤੋਂ ਇਨ੍ਹਾਂ ਨੇ ਕਾਰ ਨਹੀ ਕੀਤੀ ਹੈ, ਅਤੇ ਲਗਾਤਾਰ ਛੱਡ ਰੱਖੀ ਹੈ। ਬਾਅਦ ਵਿਚ ਧਨ ਲੁਟਾ ਦਿੱਤਾ ਹੈ, ਕੋਈ ਸੁੱਧ ਨਹੀਂ ਰਹੀ। ਹੁਣ ਮੌਲਵੀ ਨੇ ਪਲੀਤਾ ਦੇ ਕੇ ਭੂਤ ਨੂੰ ਬੁਲਾਇਆ ਹੈ॥ ੨੩॥

ਸੁਨਿ ਕਰਿ ਮੁੱਲਾਂ ਮੂਢ, ਨ ਲਖਹਿ ਅਜਾਨਿਯਾ।
ਬੋਲਯੋ 'ਇਸ ਮਹਿਂ ਭੂਤ ਰਿਦੈ ਪਹਿਚਾਨਿਯਾ'।
ਬੂਝਤਿ 'ਨਾਊਂ ਬਤਾਉ, ਰਹੈਂ ਕਿਹ ਥਾਊ ਮੈਂ।
ਹੋ ਨਾਤੁਰ ਫੂਕੋਂ ਤੋਹਿ ਅਗਨਿ ਕੋ ਲਾਉ ਮੈਂ॥ ੨੪॥

ਇਹ ਸੁਣ ਕੇ ਮੂਰਖ ਮੁੱਲਾਂ ਅਣਜਾਣ ਹੋਣ ਕਰਕੇ ਕੁਝ ਨਾ ਸਮਝ ਸਕਿਆ। ਉਸ ਨੇ ਆਪਣੇ ਦਿਲ ਵਿਚ ਇਹ ਸਮਝਿਆ ਕਿ ਭੂਤ ਬੋਲ ਪਿਆ ਹੈ। ਪੁਛਦਾ ਹੈ, ਆਪਣਾ ਨਾਂ ਦੱਸੋ ਅਤੇ ਕਿਥੇ ਰਹਿੰਦੇ ਹੋ, ਨਹੀ ਤਾਂ ਮੈਂ ਤੈਨੂੰ ਅੱਗ ਲਾ ਕੇ ਫੂਕ ਦੇਵਾਂਗਾ॥ ੨੪॥

ਦੀਜੈ ਸਾਚੁ ਬਤਾਇ ਬਚਜੋ ਜੇ ਚਾਹਿਤਾ।
ਨਤੁ ਦੇਵੋਂ ਦੁਖ ਤੋਹਿ ਬੀਨ੍ਹਿ ਮਹਿਂ ਦਾਹਿਤਾ'।
ਸੁਨਿ ਸ੍ਰੀ ਨਾਨਕ ਬੈਨ ਨੈਨ ਪਲਕਾਂ ਖੁਲੀ।
ਹੋ ਬੋਲੇ ਸ਼ਬਦ ਉਠਾਇ ਦੇਨਿ ਤਿਨ ਮਤਿ ਭਲੀ॥ ੨੫॥

ਸੱਚੋ ਸੱਚ ਦੱਸ ਦੇ, ਜੇ ਬਚਣਾ ਚਾਹੁੰਦਾ ਹੈਂ, ਨਹੀ ਤਾਂ ਤੈਨੂੰ ਬੰਨ੍ਹ ਕੇ ਅੱਗ ਵਿਚ ਸਾੜਾਂਗਾ। ਮੁੱਲਾਂ ਦੀ ਇਹ ਗੱਲ ਸੁਣ ਕੇ ਸ੍ਰੀ ਨਾਨਕ ਜੀ ਨੇ ਆਪਣੀਆਂ ਪਲਕਾਂ ਖੋਲ੍ਹੀਆਂ ਤੇ ਭਲੀ ਮਤ ਦੇਣ ਵਾਸਤੇ ਸ਼ਬਦ ਦਾ ਇਸ ਪ੍ਰਕਾਰ ਉਚਾਰਣ ਕੀਤਾ॥ ੨੫॥

ਮਾਰੂ ਮਹਲਾ੧॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ॥੧॥ ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥ ੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥

ਕਈ ਕਹਿੰਦੇ ਹਨ ਗਰੀਬ ਨਾਨਕ ਇਕ ਭੂਤ ਹੈ, ਕਈ ਆਖਦੇ ਹਨ ਕਿ ਉਹ ਇਕ ਪ੍ਰੇਤ ਹੈ ਅਤੇ ਕਈ ਉਸ ਨੂੰ ਆਦਮੀ ਕਹਿੰਦੇ ਹਨ। ਬਉਰਾ ਨਾਨਕ ਆਪਣੇ ਸਵਾਮੀ ਵਾਹਿਗੁਰੂ ਦੇ ਪਿੱਛੇ ਦੀਵਾਨਾ ਹੋ ਗਿਆ ਹੈ। ਵਾਹਿਗੁਰੂ ਤੋਂ ਬਗੈਰ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ॥ ੧॥ ਠਹਿਰਾਉ॥

ਕੇਵਲ ਤਦ ਹੀ ਇਨਸਾਨ ਪਾਗਲ ਸਮਝਿਆ ਜਾਂਦਾ ਹੈ ਜੇਕਰ ਉਹ ਪ੍ਰਭੂ ਦਾ ਡਰ ਕਰਕੇ ਪਾਗਲ ਹੋ ਜਾਵੇ ਅਤੇ ਇਕ ਪ੍ਰਭੂ ਤੋਂ ਬਗੈਰ ਹੋਰ ਕਿਸੇ ਨੂੰ ਪਛਾਣੇ ਹੀ ਨਹੀਂ॥ ੨॥

ਕੇਵਲ ਤਦ ਹੀ ਉਹ ਪਾਗਲ ਜਾਣਿਆ ਜਾਂਦਾ ਹੈ ਜੇਕਰ ਉਹ ਇਕ ਪ੍ਰਭੂ ਦੀ ਹੀ ਟਹਿਲ ਸੇਵਾ ਕਰਦਾ ਹੈ ਅਤੇ ਆਪਣੇ ਸੁਆਮੀ ਦੇ ਹੁਕਮ ਨੂੰ ਅਨੁਭਵ ਕਰਦਾ ਹੈ। ਦੱਸੋ ਹੋਰ ਦੂਸਰੀ ਕਿਹੜੀ ਸਿਆਣਪ ਹੈ?॥ ੩॥

ਕੇਵਲ ਤਾਂ ਹੀ ਉਹ ਪਾਗਲ ਜਾਣਿਆ ਜਾਂਦਾ ਹੈ ਜਦ ਉਹ ਇਕ ਸਾਹਿਬ ਨਾਲ ਪ੍ਰੇਮ ਪਾਉਂਦਾ ਹੈ ਅਤੇ ਆਪਣੇ ਆਪ ਨੂੰ ਮਾੜਾ ਜਾਣਦਾ ਅਤੇ ਹੋਰ ਲੋਕਾਂ ਨੂੰ ਆਪਣੇ ਨਾਲੋਂ ਚੰਗਾ ਸਮਝਦਾ ਹੈ॥ ੪॥

ਦੋਹਰਾ- 'ਸੁਨਹੁ ਮੁਲਾਨਾਂ ਕਾਨ ਦੇ ਤਬੈ ਦਿਵਾਨਾ ਹੋਇ।
ਲਖਿ ਸਾਹਿਬ ਕੇ ਭੈ ਬਸੈ ਅਵਰ ਨ ਜਾਨਹਿ ਕੋਇ॥ ੨੬॥

"ਹੇ ਮੁਲਾਨੇ ਕੰਨ ਦੇ ਕੇ ਮੇਰੀ ਗੱਲ ਸੁਣ! ਮਨੁੱਖ ਤਦ ਹੀ ਦੀਵਾਨਾ ਹੁੰਦਾ ਹੈ ਜੇ ਵੇਖ ਕੇ ਸਾਹਿਬ ਦੇ ਵੱਸ ਵਿਚ ਵੱਸੇ ਤੇ ਹੋਰ ਕਿਸੇ ਨੂੰ ਨਾ ਜਾਣੇ।

ਸੁਧ ਭੂਲੇ ਸੰਸਾਰ ਕੀ ਰਚੇ ਨਾਮ ਕੇ ਰੰਗ।
ਅਮੀ ਛੋਰਿ ਕੈਸੇ ਗਹੈ ਫੀਕੇ ਰਸ ਕੋ ਸੰਗ॥ ੨੭॥

ਸੰਸਾਰ ਦੀ ਸਾਰੀ ਖ਼ਬਰ ਭੁੱਲ ਜਾਵੇ ਤੇ ਨਾਮ ਦੇ ਰੰਗ ਵਿਚ ਰਚਿਆ ਰਹੇ। ਅੰਮ੍ਰਿਤ ਛੱਡ ਕੇ ਫਿੱਕੇ ਰਸ ਦੇ ਨਾਲ ਕਿਵੇਂ ਸੰਤੁਸ਼ਟ ਹੋਵੇਗਾ॥੨੭॥

ਨਰ ਪਾਂਮਰ ਅਨਜਾਨ ਜੇ ਅਸਬਿਧਿ ਤਿਨਹਿ ਬਤਾਇ।
ਭੂਤ, ਬਿਤਾਲ, ਕਿ ਬਾਵਰਾ ਹਾਨ ਲਾਭ ਨਹਿੰ ਕਾਇ॥ ੨੮॥

ਜੋ ਮੂਰਖ ਅਤੇ ਅਣਜਾਣ ਮਨੁੱਖ ਇਸ ਵਿਧੀ ਨਾਲ ਉਨ੍ਹਾਂ ਨੂੰ ਦੱਸੇਗਾ, ਭੂਤ, ਬਿਤਾਲ ਜਾਂ ਬਾਵਰਾ ਤਾਂ ਕੁਝ ਵੀ ਹਾਣ ਲਾਭ ਨਹੀਂ ਹੁੰਦਾ॥ ੨੮॥

ਪ੍ਰਭੁ ਕੋ ਪ੍ਰੇਮ ਨ ਪਰਖਹੀ ਬਿਸ਼ਯ ਬਿਖੈ ਗ਼ਲਤਾਨ।
ਮਹਾਂਮੰਦ ਦੁਖ ਪਾਵਈ ਜਮ ਪੁਰਿ ਜਾਇ ਨਿਦਾਨ॥ ੨੯॥

ਪ੍ਰਭੂ ਦੇ ਪਿਆਰ ਨੂੰ ਪਰਖਦਾ ਨਹੀਂ ਤੇ ਵਿਸ਼ਿਆਂ ਵਿਕਾਰਾਂ ਵਿਚ ਗਲਤਾਨ ਰਹਿੰਦਾ ਹੈ। ਉਹ ਮੰਦੀ ਬੁੱਧੀ ਵਾਲਾ ਬੜੇ ਦੁੱਖ ਪਾਉਂਦਾ ਹੈ ਤੇ ਅੰਤ ਜਮਪੁਰੀ ਚਲੇ ਜਾਂਦਾ ਹੈ" ॥ ੨੯ ॥

ਅਸ ਪ੍ਰਕਾਰ ਕੇ ਬਚਨ ਸੁਨਿ ਸਭਿਨਿ ਭਈ ਪਰਤੀਤ।
'ਤਜਿ ਧੰਧਨ ਬੰਧਨ ਜਗਤ ਨਿਰੰਕਾਰ ਇਹ ਪ੍ਰੀਤਿ' ॥ ੩੦ ॥

ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਰਿਆਂ ਨੂੰ ਪਰਤੀਤ ਹੋ ਗਈ। ਉਹ ਕਹਿਣ ਲੱਗੇ, "ਜਗਤ ਦੇ ਸਾਰੇ ਧੰਦੇ ਅਤੇ ਬੰਧਨਾਂ ਨੂੰ ਛੱਡ ਕੇ ਇਸ ਦੀ ਨਿਰੰਕਾਰ ਨਾਲ ਪ੍ਰੀਤ ਹੈ" ॥ ੩੦ ॥

ਅੜਿੱਲ- ਮੁੱਲਾਂ ਤਬ ਕਰ ਬੰਦਿ ਬੰਦਨਾ ਪਦ ਕਰੀ।
'ਬੇਖਸ਼ਹੁ ਖਤਾ ਹਮਾਰ ਭੂਲ ਬਿਨੁ ਅਨੁਸਰੀ।
ਭੇਵ ਨ ਮਾਨਵ ਜਾਨ, ਦੋਖ ਤੁਮ ਨਹਿਂ ਰਖੈਂ।
ਹੋ ਭ੍ਰਮ ਦਿਸ਼ ਹੋਯੋ ਆਪ ਦੋਸ਼ ਰਵਿ ਮਹਿਂ ਲਖੈਂ' ॥ ੩੧ ॥

ਮੁੱਲਾਂ ਨੇ ਫਿਰ ਹੱਥ ਜੋੜ ਕੇ ਚਰਨਾਂ ਤੇ ਬੰਧਨਾਂ ਕੀਤੀ, "ਮੇਰੀ ਗਲਤੀ ਬਖਸ਼ ਦੇਵੋ, ਮੈਥੋਂ ਬੇਖਬਰੀ ਵਿਚ ਭੁੱਲ ਹੋ ਗਈ ਹੈ, ਇਹ ਮੇਰੀ ਬੇਨਤੀ ਹੈ। ਮਨੁੱਖ ਜਾਣ ਕੇ ਭੇਦ ਨਹੀਂ ਜਾਣਿਆ ਹੈ। ਤੁਹਾਡਾ ਕੋਈ ਦੋਸ਼ ਨਹੀਂ ਹੈ। ਜਿਵੇਂ ਦਿਸ਼ਾ ਦਾ ਭਰਮ ਤਾਂ ਆਪਣੇ ਆਪ ਨੂੰ ਹੋਵੇ ਤੇ ਦੋਸ਼ ਸੂਰਜ ਨੂੰ ਦੇਵੇ" ॥ ੩੧ ॥

ਅੜਿੱਲ- ਬੈਨ ਬਿਨੈ ਕੇ ਸੁਨੇ ਨੈਨ ਕਰੁਨਾ ਭਈ।
ਦਯਾਦ੍ਰਿਸ਼ਟਿ ਕੋ ਦੇਖਿ ਦੁਰਮਤੀ ਦਲਿ ਦਈ।
ਚਿਤ ਪ੍ਰਾਪਤਿ ਭੀ ਸ਼ਾਂਤਿ ਤਰਕ ਤਮ ਫਟ ਗਯੋ।
ਹੋ ਮਨ ਮਹਿਂ ਬਹੁ ਸੁਖ ਪਾਇ ਜਾਤ ਪੁਰਿ ਮਹਿਂ ਭਯੋ ॥ ੩੨ ॥

ਬੇਨਤੀ ਦੇ ਸ਼ਬਦ ਸੁਣ ਕੇ ਨੈਣ ਕਿਰਪਾ ਨਾਲ ਭਰ ਗਏ। ਦਇਆ ਦ੍ਰਿਸ਼ਟੀ ਨਾਲ ਵੇਖ ਕੇ ਭੈੜੀ ਮੱਤ ਨੂੰ ਖਤਮ ਕਰ ਦਿੱਤਾ। ਚਿੱਤ ਨੂੰ ਸ਼ਾਂਤੀ ਪ੍ਰਾਪਤ ਹੋਈ ਅਤੇ ਮਨ ਦਾ ਹਨੇਰਾ ਦੂਰ ਹੋ ਗਿਆ। ਮਨ ਵਿਚ ਬਹੁਤ ਸੁਖ ਪਾ ਕੇ ਆਪਣੇ ਨਗਰ ਨੂੰ ਚਲੇ ਗਏ ॥ ੩੨ ॥

ਨਿਕਟਿ ਰਾਇਕੇ ਬੈਠਿ ਰਟੀ ਬਿਨ ਕਪਟ ਸੋਂ।
'ਨਾਨਕ ਪੀਰਨ ਪੀਰ ਧੀਰ ਮਤਿ ਬਿਕਟ ਸੋਂ।
ਭੇਵ ਨ ਜਾਨਹਿਂ ਮੂਢ ਦੋਖ ਸੋ ਲਖਤਿ ਹੈਂ।
ਹੋ ਨਹਿਂ ਚਖ ਦੋਖ ਪਛਾਨ ਇੰਦ ਮਹਿਂ ਰਖਤਿ ਹੈਂ ॥ ੩੩ ॥

ਨਵਾਬ ਦੇ ਕੋਲ ਬੈਠ ਕੇ ਫਿਰ ਮੁਲਾਂ ਨੇ ਸਾਰੀ ਗੱਲ ਸੁਣਾਈ, "ਨਾਨਕ ਪੀਰਾਂ ਦੇ ਪੀਰ ਹਨ, ਵੱਡੇ ਧੀਰਜਵਾਨ ਹਨ ਅਤੇ ਉਨ੍ਹਾਂ ਦੀ ਬੁੱਧੀ ਬੜੀ ਵਿਸ਼ਾਲ ਹੈ। ਮੂਰਖ ਲੋਕ ਭੇਦ ਨਹੀਂ ਜਾਣਦੇ ਤੇ ਉਸ ਵਿਚ ਦੋਸ਼ ਵੇਖਦੇ ਹਨ। ਆਪਣੀਆਂ ਅੱਖੀਆਂ ਦਾ ਦੋਸ਼ ਪਹਿਚਾਣਦੇ ਨਹੀਂ ਤੇ ਚੰਦ੍ਰਮਾਂ ਵਿਚ ਦੋਸ਼ ਦੱਸਦੇ ਹਨ ॥ ੩੩ ॥

ਹੋਸ਼ਵੰਦ ਸੁਖਕੰਦ ਬੰਦਨਾ ਯੋਗ ਹੈਂ।
ਜਾਨੈਂ ਸਭੈ ਸੁਜਾਨ, ਅਜਾਨੰ ਲੋਗ ਹੈਂ।
ਸਿਫਤ ਭੂਰ ਮੁਖ ਕਹੀ ਹਦੂਰੰ ਖਾਨਕੇ।
ਹੋ ਮਨਹੁ ਹੋਇ ਸਿਖ ਰਹ੍ਯੋ ਪੀਰ ਨਿਜ ਜਾਨਿਕੇ ॥ ੩੪ ॥

ਹੋਜ਼ਵੰਦ, ਸੁਖਦਾਤੇ ਬੰਦਨਾਂ ਕਰਨ ਦੇ ਯੋਗ ਹਨ। ਉਹ ਸੁਜਾਨ ਹਨ ਤੇ ਸਭ ਕੁਝ ਜਾਣਦੇ ਹਨ, ਪਰ ਲੋਕ ਮੂਰਖ ਕੁਝ ਨਹੀਂ ਸਮਝਦੇ।" ਮੁੱਲਾ ਨੇ ਦੌਲਤ ਖਾਂ ਪਾਸ ਬਹੁਤ ਸਿਫਤ ਕੀਤੀ। ਉਹ ਮਨ ਤੋਂ ਗੁਰੂ ਜੀ ਦਾ ਸਿੱਖ ਹੋ ਗਿਆ ਅਤੇ ਉਸਨੂੰ ਨਿਜ ਦਾ ਪੀਰ ਸਮਝਿਆ॥ ੩੪ ॥

ਦੌਲਤ ਖਾ ਸੁਨਿ ਬਚਨ ਵਿਚਾਰਤਿ ਚਿੱਤ ਮੈਂ।
ਕਰੌਂ ਕੌਨ ਅਬ ਕਾਜ ਨ ਰਾਖੌਂ ਬਿੱਤ ਮੈਂ।
ਤਿਹ ਮੁਖ ਭਾਖਜੋ 'ਖਰਚ ਖਰਾਇਤ ਦੀਜੀਏ।
ਹੋ ਮੂਲੇ ਕਰੀ ਪੁਕਾਰ ਕਵਨ ਬਿਧਿ ਕੀਜੀਏ ?॥ ੩੫॥

ਦੌਲਤ ਖਾਂ ਇਹ ਬਚਨ ਸੁਣ ਕੇ ਚਿੱਤ ਵਿਚ ਵਿਚਾਰਦਾ ਹੈ। ਹੁਣ ਮੈਂ ਕੀ ਕੰਮ ਕਰਾਂ ਕਿ ਗੁਰੂ ਜੀ ਦੇ ਧਨ ਨੂੰ ਆਪਣੇ ਪਾਸ ਨਾ ਰੱਖਾਂ। ਉਸ ਨੇ ਆਪਣੇ ਮੁੱਖ ਨਾਲ ਕਿਹਾ ਖਰਚ ਖਰਾਇਤ ਕਰ ਦੇਵਾਂ, ਹੁਣ ਮੂਲੇ ਨੇ ਵੀ ਪੁਕਾਰ ਕੀਤੀ ਹੈ, ਇਸ ਲਈ ਕਿਹੜੀ ਵਿਧੀ ਅਪਨਾਉਣੀ ਚਾਹੀਦੀ ਹੈ॥ ੩੫॥

ਅੜਿੱਲ-ਇਕ ਮਾਨਵ ਕਹਿ ਬੈਨ 'ਨਿਬਾਬ ਸੁਨੀਜੀਏ!
ਬੁਲਵਾਵਹੁ ਜੈਰਾਮ ਬੂਝ ਤਿਹ ਲੀਜੀਏ।
ਜਿਹ ਬਿਧਿ ਬਦਿ ਹੈ ਬਦਨ ਆਪ ਤਿਹ ਬਿਧਿ ਕਰੋ।
ਹੋ ਪ੍ਰਬਲ ਲੋਭ ਤੁਮ ਨਾਂਹਿ, ਪਰਬਿਤੰ ਪਰਹਰੋ॥ ੩੬॥

ਇਕ ਮਨੁੱਖ ਨੇ ਨਵਾਬ ਨੂੰ ਕਿਹਾ ਕਿ ਮੇਰੀ ਗੱਲ ਸੁਣੋ, "ਜੈਰਾਮ ਨੂੰ ਬੁਲਾਵੋ ਤੇ ਉਸ ਪਾਸੋਂ ਪੁੱਛ ਲਵੋ। ਜਿਸ ਤਰ੍ਹਾਂ ਉਹ ਮੁਖ ਤੋਂ ਕਹਿੰਦਾ ਹੈ, ਉਸ ਤਰ੍ਹਾਂ ਹੀ ਤੁਸੀਂ ਕਰੋ। ਤੁਸਾਂ ਉਤੇ ਲੋਭ ਬਲਵਾਨ ਨਹੀਂ ਹੈ, ਪਰਾਇਆ ਧਨ ਦੂਰ ਕਰੋ"॥ ੩੬॥

ਸੁਨ ਮਨ ਮਾਨੇ ਬੈਨ ਭੌਨ ਮਾਨਵ ਪਠਾ।
ਲੀਨੋ ਨਿਕਟ ਹਕਾਰਿ ਬੈਠ ਗਯੋ ਮਨ ਢਠਾ।
ਆਨਨ ਭਨਿਹੀ ਖਾਨ 'ਜੁ ਨਾਨਕ ਧਨ ਅਹਾ।
ਹੋ ਤਿਹ ਕੀ ਬਿਧਿ ਕਜਾ ਕਰਹਿਂ? ਕਹਹੁ ਜਿਹ ਬਿਧਿ ਲਹਾ॥ ੩੭॥

ਸੁਣ ਕੇ ਉਸ ਵਿਅਕਤੀ ਦੀ ਗੱਲ ਮੰਨ ਗਏ ਤੇ ਜੈ ਰਾਮ ਨੂੰ ਬੁਲਾਉਣ ਵਾਸਤੇ ਇਕ ਆਦਮੀ ਨੂੰ ਉਸ ਦੇ ਘਰ ਭੇਜਿਆ। ਫਿਰ ਜੈ ਰਾਮ ਨੂੰ ਆਪਣੇ ਨੇੜੇ ਬਿਠਾ ਲਿਆ। ਫਿਰ ਖਾਨ ਨੇ ਆਪਣੇ ਮੁਖ ਤੋਂ ਕਿਹਾ, "ਜੋ ਨਾਨਕ ਦਾ ਧਨ ਬਾਕੀ ਬਚਿਆ ਹੈ, ਉਸ ਦਾ ਅਸੀਂ ਹੁਣ ਕੀ ਕਰੀਏ? ਦੱਸੋ ਜਿਸ ਤਰ੍ਹਾਂ ਸਮਝ ਪੈਂਦੀ ਹੈ"॥ ੩੭॥

ਰਹਿਤ ਡਰਤਿ ਅਤਿ ਚਿੱਤ ਨਿੱਤ ਸਤਿਗੁਰੂ ਤੇ।
ਇਤਿ ਮੂਲੇ ਤੇ ਡਰਤਿ ਕਠਨ ਦਿਸ਼ ਦੂਹੂੰ ਤੇ।
ਉਰ ਮਹਿਂ ਕਰਤਿ ਵਿਚਾਰ ਨ ਮੁਖ ਤੇ ਕਹਤਿ ਹੈ।
ਹੋ ਬੈਠਜੋ ਤੂਸ਼ਨ ਠਾਨਿ, ਨ ਕਛੁ ਬਿਧਿ ਲਹਤਿ ਹੈ॥ ੩੮॥

ਜੈ ਰਾਮ ਸਦਾ ਹੀ ਸਤਿਗੁਰੂ ਤੋਂ ਡਰਦਾ ਰਹਿੰਦਾ ਹੈ। ਉਹ ਮੂਲੇ ਤੋਂ ਵੀ ਡਰਦਾ ਹੈ, ਇਸ ਲਈ ਦੋਹਾਂ ਬਾਰੇ ਕੁਝ ਕਹਿਣਾ ਉਸ ਲਈ ਕਠਿਨ ਹੈ। ਦਿਲ ਵਿਚ ਵਿਚਾਰ ਕਰਦਾ ਹੈ ਪਰ ਮੁੱਖ ਤੋਂ ਕੁਝ ਨਹੀਂ ਕਹਿੰਦਾ ਹੈ। ਉਹ ਚੁੱਪ ਬੈਠਾ ਰਿਹਾ ਤੇ ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ॥ ੩੮॥

ਖਾਨ ਬਖਾਨਤਿ ਬੈਨ 'ਜਰਾਮ ਕਹੈਂ ਨ ਕਿਉਂ?
ਜਿਹ ਬਿਧਿ ਬਦਿ ਹੈਂ ਬਦਨ ਸੁ ਬਿਧਿ ਧਨ ਤਿਨਹਿਂ ਦਿਉਂ।
ਧਨ ਨਿਜ ਸਦਨ ਨ ਧਰੋਂ ਧਰਮ ਨਿਧ ਨੈ ਨਹੀਂ।
ਹੋ ਬੂਝਨ ਤੁਝਕੋ ਕੀਨ, ਸਮਝ ਭਨਿਯੇ ਸਹੀ'॥ ੩੯॥

ਖਾਨ ਕਹਿਣ ਲੱਗਾ, "ਜੈ ਰਾਮ ਤੂੰ ਕਿਉਂ ਕੁਝ ਨਹੀਂ ਕਹਿੰਦਾ। ਜਿਸ ਤਰ੍ਹਾਂ ਤੂੰ ਮੂੰਖ ਤੋਂ ਕਹੇਂਗਾ ਉਸ ਤਰ੍ਹਾਂ ਧਨ ਉਨ੍ਹਾਂ ਨੂੰ ਦਿੱਤਾ ਜਾਵੇਗਾ। ਮੈਂ ਇਸ ਧਨ ਨੂੰ ਆਪਣੇ ਘਰ ਨਹੀਂ ਰੱਖਾਂਗਾ, ਕਿਉਂਕਿ ਮੈਂ ਆਪਣਾ ਧਰਮ ਨਹੀਂ ਹਾਰਨਾ। ਤੈਨੂੰ ਪੁੱਛਣ ਵਾਸਤੇ ਬੁਲਾਇਆ ਸੀ ਇਹ ਸਮਝ ਕੇ ਕਿ ਤੂੰ ਠੀਕ ਦੱਸੇਂਗਾ"॥ ੩੯॥

'ਸੁਨਹੁ ਖਾਨ ਜੀ ਕਾਨ ਜੁ ਨਿਜ ਮਨ ਠਾਨਿਯਾ।
ਤਸ ਬਿਧਿ ਕਰਿਯੇ ਦਰਬ, ਆਪ ਬੁਧਿਵਾਨਿਯਾ।
ਕਿਧੋਂ ਰਿਦੇ ਸੰਦੇਹ ਦੇਨਿ ਕੇ ਧਾਰਿਆ।
ਹੋ ਨਾਨਕ ਨਿਕਟਿ ਤੁਮਾਰ, ਬੂਝਿ ਕਰਿ ਕਾਰਿਯਾ॥ ੪੦॥

ਜੈ ਰਾਮ ਨੇ ਕਿਹਾ, "ਹੇ ਖਾਨ ਜੀ! ਮੇਰੀ ਗੱਲ ਸੁਣੋ, ਜੋ ਮੈਂ ਮਨ ਵਿਚ ਠਾਨੀ ਹੈ। ਉਸ ਵਿਧੀ ਅਨੁਸਾਰ ਤੁਸੀ ਧਨ ਦਾ ਨਿਪਟਾਰਾ ਕਰੋ, ਆਪ ਬੜੇ ਬੁਧੀਵਾਨ ਹੋ। ਜੇ ਤੁਹਾਡੇ ਮਨ ਵਿਚ ਧਨ ਬਾਰੇ ਕੋਈ ਸੰਸਾ ਹੈ ਤਾਂ ਨਾਨਕ ਨੂੰ ਪੁਛ ਕੇ ਆਪਣਾ ਕੰਮ ਕਰੋ"॥ ੪੦॥

ਅੜਿੱਲ-ਸੁਨੀ ਖਾਨ ਨੈ ਕਾਨ ਪ੍ਰਮਾਨਹਿ ਪਠਿ ਦਿਯਾ।
'ਨਾਨਕ ਆਨਿ ਹਕਾਰਿ' ਗਯੋ ਢਿਗ ਨਿਧਿਮਯਾ।
ਬੈਸੈ ਥਾਨ ਮਸਾਨ ਨ ਮਾਨਵ ਕੋ ਜਹਾਂ।
ਹੋ ਜਿਸ ਕਰੁਨਾ ਤੇ ਨਾਸ਼ ਤਾਪ ਤ੍ਰੈ ਸੁਖ ਮਹਾਂ॥ ੪੧॥

ਜਦ ਖਾਨ ਨੇ ਇਹ ਗੱਲ ਸੁਣੀ ਤਾਂ ਇਕ ਮਨੁਖ ਨੂੰ ਗੁਰੂ ਜੀ ਵੱਲ ਭੇਜ ਦਿੱਤਾ, ਉਸ ਨੂੰ ਕਿਹਾ, "ਨਾਨਕ ਨੂੰ ਬੁਲਾ ਕੇ ਲਿਆਵੋ", ਉਹ ਆਦਮੀ ਕਿਰਪਾ ਦੇ ਸਾਗਰ ਦੇ ਪਾਸ ਗਿਆ। ਉਹ ਮਸਾਨਾਂ ਵਿਚ ਬੈਠੇ ਹਨ ਜਿਥੇ ਕੋਈ ਮਾਨਵ ਨਹੀਂ ਸੀ ਰਹਿੰਦਾ। ਅਜਿਹੇ ਗੁਰੂ ਜੀ, ਜਿਸ ਦੀ ਕਿਰਪਾ ਨਾਲ ਤਿੰਨ ਤਾਪ ਦੂਰ ਹੁੰਦੇ ਹਨ ਅਤੇ ਮਹਾਂ ਸੁਖ ਪ੍ਰਾਪਤ ਹੁੰਦਾ ਹੈ॥ ੪੧॥

'ਨਾਨਕ ਜੀ ਉਠਿ ਚਲਹੁ ਨਿਬਾਬ ਹਕਾਰਈ।
ਇੱਛਾ ਪੂਛਨ ਕਛੁਕੁ ਤੁਮਹਿ ਅਨੁਸਾਰਈ'।
'ਹੌਂ ਨ ਚਲੌਂ ਢਿਗ ਖਾਨ, ਕੌਨ ਮਮ ਕਾਜ ਹੈ?।
ਹੋ ਬੈਸ ਰਹੇ ਉਦਿਆਨ, ਨ ਮੋਦੀ ਸਾਜ ਹੈ'॥ ੪੨॥

ਉਸ ਨੇ ਜਾ ਕੇ ਸ੍ਰੀ ਨਾਨਕ ਨੂੰ ਕਿਹਾ, "ਹੇ ਨਾਨਕ ਜੀ ਚਲੋ ਤੁਹਾਨੂੰ ਨਵਾਬ ਨੇ ਬੁਲਾਇਆ ਹੈ। ਉਨ੍ਹਾਂ ਨੂੰ ਤੁਹਾਨੂੰ ਮਿਲਣ ਦੀ ਇੱਛਾ ਹੈ।" ਗੁਰੂ ਜੀ ਨੇ ਕਿਹਾ, "ਮੈਂ ਖਾਨ ਪਾਸ ਨਹੀਂ ਜਾਵਾਂਗਾ, ਮੇਰਾ ਕੀ ਕੰਮ ਹੈ ? ਅਸੀ ਬਨ ਵਿਚ ਬੈਠੇ ਹਾਂ, ਹੁਣ ਮੋਦੀ ਦਾ ਠਾਟ ਨਹੀਂ ਹੈ"॥ ੪੨॥

ਮੁਰਿ ਪ੍ਰਮਾਨ ਨੈ ਬੈਨ ਬਖਾਨੇ ਖਾਨ ਸੋਂ।
'ਨਹਿਂ ਪਾਵਹਿ ਪੁਰਿ ਪਾਇ, ਰਹਹਿ ਉਦਿਯਾਨ ਸੋਂ।

ਆਇਸੁ ਮਾਨਹਿਂ ਨਾਂਹਿ ਤੁਮਾਰੀ, ਜਾਨੀਏ।
ਹੋ ਜਿਉਂ ਭਾਵਹਿ ਤਿਉਂ ਕਰਹੁ, ਆਪ ਤੁਮ ਸਜਾਨਿਯੇ ॥ ੪੩ ॥

ਉਹ ਆਦਮੀ ਮੁੜ ਗਿਆ ਤੇ ਖਾਨ ਨੂੰ ਗੁਰੂ ਜੀ ਦੇ ਕਹੇ ਬਚਨ ਦੱਸੇ। ਉਹ ਕਹਿੰਦੇ ਹਨ, "ਮੈਂ ਨਗਰ ਵਿਚ ਪੈਰ ਨਹੀਂ ਪਾਵਾਂਗਾ ਤੇ ਜੰਗਲ ਵਿਚ ਰਹਾਂਗਾ। ਇਹ ਸਮਝੋ, ਤੁਹਾਡੀ ਉਹ ਆਗਿਆ ਮੰਨਦਾ ਨਹੀਂ ਹੈ, ਹੁਣ ਜਿਸ ਤਰ੍ਹਾਂ ਤੁਸੀਂ ਠੀਕ ਸਮਝ ਕਰੋ, ਕਿਉਂਕਿ ਤੁਸੀ ਆਪ ਸਿਆਣੇ ਹੋ" ॥ ੪੩ ॥

ਸੁਨੀ ਖਾਨ ਨਿਜ ਕਾਨ ਰਿਸਾਨੋ ਮਨ ਘਨੋ।
ਮਸ਼ਕ ਰਿਸਾਇ ਸੁਮੇਰੁ ਭਗਨ ਚਹਿ ਮਨ ਮਨੋ।
ਕਹੈ ਕਿ 'ਆਨਹੁ ਗਹੀ, ਕਹੇ ਜਿ ਨ ਆਵਈ।
ਹੋ ਜਾਹੁ ਅਬਹਿ ਸਮਝਾਹੁ ਬਹੁਰ ਪਛੁਤਾਵਈ' ॥ ੪੪ ॥

ਖਾਨ ਨੇ ਜਦ ਗੱਲ ਸੁਣੀ ਤਾਂ ਮਨ ਵਿਚ ਬਹੁਤ ਗੁੱਸਾ ਕੀਤਾ। ਜਿਵੇਂ ਮਾਨੋ ਮੱਛਰ ਮਨ ਵਿਚ ਗੁੱਸੇ ਹੋ ਕੇ ਸੁਮੇਰ ਪਹਾੜ ਨੂੰ ਤੋੜਨ ਚਲਿਆ ਹੋਵੇ। ਕਿਹਾ ਕਿ "ਉਸ ਨੂੰ ਜਾ ਕੇ ਫੜ ਕੇ ਲੈ ਆਵੋ, ਜੇ ਉਹ ਉਸ ਤਰ੍ਹਾਂ ਨਹੀਂ ਆਉਂਦਾ, ਹੁਣੇ ਜਾ ਕੇ ਉਸ ਨੂੰ ਸਮਝਾਵੋ, ਬਾਅਦ ਵਿਚ ਪਛਤਾਵੇਗਾ" ॥ ੪੪ ॥

ਅੜਿੱਲ- ਦੇਰਿਹੀਨ ਨਰ ਫੇਰ ਹੇਰਿ ਕਹਿ ਜਾਇਕੈ।
'ਬੇਗ ਚਲਹੁ ਇਕ ਬੇਰ ਰਿਦੇ ਹਰਖਾਇਕੈ।
ਨਤੁਰ ਰਿਸੈ ਮਨ ਖਾਨ ਮੰਗਾਇ ਗਹਾਇਕੈ।
ਹੋ ਭਲੀ ਬਾਤ ਹੈ ਆਪ ਚਲੇ ਸੁਖ ਪਾਇਕੈ' ॥ ੪੫ ॥

ਛੇਤੀ ਹੀ ਕੁਝ ਮਨੁਖ ਗੁਰੂ ਜੀ ਪਾਸ ਗਏ ਤੇ ਵੇਖ ਕੇ ਕਹਿੰਦੇ ਹਨ, "ਇਕ ਵਾਰ ਖੁਸ਼ ਹੋ ਕੇ ਚਲੋ, ਨਹੀਂ ਤਾਂ ਖਾਨ ਗੁੱਸੇ ਵਿਚ ਆ ਕੇ ਆਪ ਨੂੰ ਫੜ ਕੇ ਮੰਗਵਾ ਲਵੇਗਾ। ਇਹ ਚੰਗੀ ਗੱਲ ਹੈ ਕਿ ਆਪ ਸੁਖ ਪਾ ਕੇ ਚਲੋ" ॥ ੪੫ ॥

ਸੁਨਜੋ ਸ਼੍ਰੋਨ ਸੁਖਰਾਜ ਸਹਿਜ ਮੁਸਕਤਿ ਚਲੇ। ਮੰਦਮਤੀ ਮਨ ਮੂਢ ਦੇਨਿ ਤਿਹ ਮਤਿ ਭਲੇ।
ਬੇਦੀ ਕੇਤੁ ਨਿਕੇਤ ਗਏ ਹੇਤਹਿਂ ਯਹੀ। ਹੋ ਕਲਿ ਕਲਿਮਲ ਬਲ ਬਲਤਿ ਉਬਾਰਨ ਤਿਸ ਸਹੀ ॥੪੬ ॥

ਗੁਰੂ ਜੀ ਨੇ ਜਦ ਕੰਨਾਂ ਨਾਲ ਸੁਣਿਆ ਤਾਂ ਮੁਸਕਰਾਉਂਦੇ ਹੋਏ ਚਲ ਪਏ, ਮਾੜੀ ਮੱਤ ਵਾਲਿਆਂ ਮੂਰਖਾਂ ਨੂੰ ਭਲੀ ਮੱਤ ਸਿਖਾਉਣੀ ਚਾਹੁੰਦੇ ਸਨ। ਗੁਰੂ ਜੀ ਇਸੇ ਕਾਰਨ ਦੌਲਤ ਖਾਂ ਦੇ ਘਰ ਗਏ। ਬਲੀ ਕਲਿਜੁਗ ਦੇ ਪਾਪਾਂ ਨਾਲ ਘਿਰੇ ਹੋਏ ਉਸ ਮੰਦਮਤੀ ਨੂੰ ਬਚਾਉਣ ਲਈ ਉਸ ਪਾਸ ਪਹੁੰਚ ਗਏ ॥ ੪੬ ॥

ਗਏ, ਠਾਂਢ ਤਹਿਂ ਭਏ, ਕਿਯੋ ਨ ਸਲਾਮ ਕੋ। ਹੇਰਤਿ ਉਰ ਰਿਸਿ ਸਰਸ ਖਾਨ ਮਨਬਾਮ ਕੋ।
'ਹੌਂ ਜੁ ਹਕਾਰਯੋ ਤੋਹਿ ਨ ਆਯੋ, ਕਜਾ ਠਟੀ। ਹੋ ਮੋਰ ਆਇਸੰ ਮੋਰਿ ਬੈਠਿਓ ਲਖਿਲਟੀ!' ॥੪੭ ॥

ਦੌਲਤ ਖਾਂ ਦੇ ਸਾਹਮਣੇ ਜਾ ਕੇ ਖਲੋ ਗਏ, ਪਰ ਉਸ ਨੂੰ ਸਲਾਮ ਨਾ ਕੀਤਾ। ਵਿੰਗੇ ਮਨ ਵਾਲੇ ਨੂੰ ਵੇਖ ਕੇ ਖਾਨ ਦਾ ਗੁੱਸਾ ਵਧਿਆ ਅਤੇ ਬੋਲਿਆ, "ਮੈਂ ਜਦ ਤੈਨੂੰ ਪਹਿਲਾਂ ਬੁਲਾਇਆ ਸੀ, ਤੂੰ ਆਇਆ ਨਹੀਂ, ਮੈਨੂੰ ਕੀ ਸਮਝਿਆ ਸੀ? ਤੂੰ ਮੇਰੇ ਹੁਕਮ ਨੂੰ ਮੋੜ ਕੇ ਲੱਖ ਲੁਟ ਭਾਵ ਬੇਪਰਵਾਹ ਹੋ ਕੇ ਬੈਠਾ ਰਿਹਾ" ॥ ੪੭ ॥

'ਚਾਕਰ ਜਬੈ ਤੁਮਾਰ ਆਵਤੇ ਤੁਮ ਕਹੇ। ਤਜੀ ਕ੍ਰਿਤ ਅਬ ਸਭੈ ਨਿਰਾਰੇ ਹੋ ਰਹੇ।
ਚਾਕਰ ਭਏ ਖੁਦਾਇ ਹੁਕਮ ਤਿਹ ਮਾਨਈ। ਹੋ ਨਿਰੰਕਾਰ ਕਰਤਾਰ ਜਗਤ ਜਿਹ ਜਾਨਈ' ॥੪੮ ॥

ਦੌਲਤ ਖਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਜਦ ਮੈਂ ਤੁਹਾਡਾ ਨੌਕਰ ਸੀ ਉਸ ਸਮੇਂ ਤੁਹਾਡੇ ਕਹੇ ਉਤੇ

ਤੁਰੰਤ ਆਉਂਦਾ ਸੀ। ਮੈਂ ਤੁਹਾਡੀ ਨੌਕਰੀ ਛੱਡ ਦਿੱਤੀ ਹੈ ਅਤੇ ਸੰਸਾਰ ਤੋਂ ਕਿਨਾਰਾ ਕਰ ਲਿਆ ਹੈ। ਹੁਣ ਮੈਂ ਇਕ ਖੁਦਾ ਦੀ ਨੌਕਰੀ ਕਰ ਲਈ ਹੈ ਤੇ ਕੇਵਲ ਉਸ ਦਾ ਹੀ ਹੁਕਮ ਮੰਨਦਾ ਹਾਂ, ਜਿਸ ਨੂੰ ਸਾਰਾ ਜਗਤ ਕਰਤਾਰ ਨਿਰੰਕਾਰ ਦੇ ਰੂਪ ਵਿਚ ਜਾਣਦਾ ਹੈ'' ॥ ੪੮॥

**ਸ੍ਰੌਨ ਸੁਨਤਿ ਰਿਸ ਸਰਸ ਨ ਬਸ,ਅਸ ਕਹਿਤਿ ਭਾ। ਆਨੌਂ ਦੀਨ ਮਝਾਰ-ਦੀਨ ਮਤਿ ਚਹਿਤਿ ਭਾ।**
**'ਆਜ ਜੁਮੇਂ ਕੋ ਰੋਜੁ ਖੋਜ ਸਭਿ ਪਾਇਹੋਂ। ਹੋ ਚਲਿਯੋ ਸੰਗਿ ਮਸੀਤ ਨਿਮਾਜ਼ ਪਢਾਇ ਹੋਂ ॥੪੯॥**

ਖਾਨ ਨੇ ਜਦ ਗੁਰੂ ਜੀ ਦਾ ਉੱਤਰ ਸੁਣਿਆ ਤਾਂ ਉਸ ਦਾ ਗੁੱਸਾ ਹੋਰ ਵਧਿਆ। ਪਰ ਕੋਈ ਵੱਸ ਨਹੀਂ ਸੀ ਚਲਦਾ। ਆਪਣੇ ਮਨ ਵਿਚ ਨੀਵੀਂ ਮੱਤ ਵਾਲਾ ਦੌਲਤ ਖਾਂ ਸੋਚਣ ਲੱਗਾ, ''ਇਸ ਨੂੰ ਮੈਂ ਮੁਸਲਮਾਨੀ ਮੱਤ ਵਿਚ ਕਿਉਂ ਨਾ ਲੈ ਆਵਾਂ?'' ਫਿਰ ਨਵਾਬ ਉਚੀ ਦਿੱਤੀ ਕਹਿਣ ਲੱਗਾ, ''ਅੱਜ ਜੁਮੇਂ ਦੇ ਦਿਨ ਮੈਂ ਪਰਖ ਕਰਕੇ ਸਭ ਪਤਾ ਲਾ ਲਵਾਂਗਾ। ਮੇਰੇ ਨਾਲ ਮਸੀਤ ਚਲਣਾ, ਨਮਾਜ਼ ਪੜ੍ਹਵਾਵਾਂਗਾ॥ ੪੯॥

**ਦ੍ਰਿਸ਼ਟਿ ਏਕ ਪਰ ਧਰੀ ਜਗਤ ਤਜਿ ਕਾਨ ਕੋ। ਹਿੰਦੂ ਤੁਰਕ ਜਿ ਦੋਇਨ ਭੇਦਹਿ ਜਾਨ ਕੋ।**
**ਤੌ ਹਮ ਕਰਹਿਂ ਖੁਦਾਇ ਬੰਦਗੀ ਬੰਦਿ ਕਰ। ਹੋ ਤੁਮ ਭੀ ਗਵਨੌਂ ਸੰਗ ਤਜਹੁ ਨਰ ਲਾਜ ਡਰ ॥੫੦॥**

ਜੇ ਤੁਸੀਂ ਸਾਰਾ ਜੱਗ ਛੱਡ ਇਕ ਰੱਬ 'ਤੇ ਨਜ਼ਰ ਰੱਖੀ ਹੈ, ਜੇ ਤੁਸੀਂ ਇਹ ਜਾਣਦੇ ਹੋ ਕਿ ਹਿੰਦੂ ਤੁਰਕ ਵਿਚ ਕੋਈ ਭੇਦ ਨਹੀਂ ਹੈ ਤਾਂ ਅਸੀਂ ਖੁਦਾ ਦੀ ਹੱਥ ਜੋੜ ਕੇ ਬੰਦਗੀ ਕਰਦੇ ਹਾਂ ਤਾਂ ਤੁਸੀਂ ਵੀ ਸਾਡੇ ਨਾਲ ਚਲੋ ਅਤੇ ਲੋਕਾਂ ਦੀ ਲਾਜ ਅਤੇ ਡਰ ਛੱਡ ਕੇ ਸਾਡੇ ਨਾਲ ਨਮਾਜ਼ ਪੜ੍ਹੋ'' ॥ ੫੦॥

**ਸੁਨਿ ਨਾਨਕ ਜੀ ਕਾਨ ਬੈਨ ਆਨਨ ਭਨੈ। 'ਚਲੋ ਖਾਨ ਤਿਹ ਥਾਨ ਜਹਾਂ ਤੁਮ ਮਨ ਮਨੈ।**
**ਖੋਜਹੁ ਖੋਜਨ ਜੋਗ ਤ ਜਾਨਜੋ ਜਾਇ ਹੈ'। ਹੋ ਆਨੰਦ ਕੰਦ ਮੁਕੰਦ ਚਲੇ ਸੰਗ ਰਾਇ ਹੈ ॥੫੧॥**

ਗੁਰੂ ਨਾਨਕ ਜੀ ਨੇ ਇਹ ਗੱਲ ਜਦ ਕੰਨਾਂ ਨਾਲ ਸੁਣੀ ਤਾਂ ਮੁਖ ਤੋਂ ਬੋਲੇ, ''ਹੇ ਖਾਂ ਜੀ ! ਸੁਣੋ, ਜਿਥੇ ਤੁਹਾਡੀ ਮਰਜ਼ੀ ਹੈ ਉਸ ਥਾਂ ਚਲੋ ਚਲੋ, ਖੋਜਨ ਯੋਗ ਨੂੰ ਖੋਜ ਕਰਨ ਨਾਲ ਹੀ ਜਾਣਿਆ ਜਾ ਸਕਦਾ ਹੈ।'' ਮੁਕਤੀਦਾਤੇ ਬੜੇ ਖੁਸ਼ ਹੋ ਕੇ ਨਵਾਬ ਦੇ ਨਾਲ ਚਲ ਪਏ॥ ੫੧॥

**ਰੌਰ ਪਰੀ ਪੁਰਿ ਮਾਂਹਿ ਨਾਰਿ ਨਰ ਸਗਰ ਮੈਂ। ਘਰ ਘਰ ਕਰਤਿ ਵਿਚਾਰ ਕੁਲਾਹਲ ਨਗਰ ਮੈਂ।**
**ਰੰਕ,ਧਨੀ,ਬ੍ਰਿਧ ਬਾਲ ਤਰੁਨ ਦੌਰਤਿ ਚਲੇ। 'ਹੋ ਨਾਨਕ ਹੁਇ ਹੈ ਤੁਰਕ ਬਾਤ ਇਹ ਨਹਿਂ ਭਲੇ ॥੫੨॥**

ਸਾਰੇ ਨਗਰ ਵਿਚ ਸਾਰੇ ਇਸਤਰੀ ਮਰਦਾਂ ਵਿਚ ਇਹ ਰੌਲਾ ਪੈ ਗਿਆ। ਸਾਰੇ ਨਗਰ ਵਿਚ ਘਰ ਘਰ ਵਿਚਾਰ ਕਰਨ ਕਰਕੇ ਹਿਲਚੁਲ ਮੱਚ ਗਈ। ਗਰੀਬ, ਧਨੀ, ਬ੍ਰਿਧ, ਬਾਲਕ ਅਤੇ ਜਵਾਨ ਦੌੜਦੇ ਜਾ ਰਹੇ ਹਨ ਅਤੇ ਕਹਿ ਰਹੇ ਹਨ, ''ਸ੍ਰੀ ਨਾਨਕ ਮੁਸਲਮਾਨ ਬਣ ਚਲਿਆ ਹੈ ਇਹ ਗੱਲ ਚੰਗੀ ਨਹੀਂ॥ ੫੨॥

**ਹੋਤਿ ਰੀਤ ਵਿੱਪ੍ਰੀਤਿ ਭੀਤ ਚਿਤ ਹਿੰਦੁ ਕੋ। ਕਵਨ ਨਿਵਾਰਹਿ ਜਾਇ ਬਖਾਨ ਨਰਿੰਦ ਕੋ।**
**ਅਤਿ ਅਚਰਜ ਕੀ ਬਾਤ ਸੁਨਤਿ ਚਿਤ ਥਰਹਰੈ। ਹੋ ਇਹ ਬਿਧਿ ਆਗੇ ਭਈ ਨ,ਜਿਹ ਬਿਧਿ ਅਬ ਕਰੈ॥ ੫੩॥**

ਬੜੀ ਮਾੜੀ ਗੱਲ ਹੋਣ ਲੱਗੀ ਹੈ, ਸਾਰੇ ਹਿੰਦੂਆਂ ਦੇ ਦਿਲ ਭੈ-ਭੀਤ ਹੋ ਗਏ। ਨਵਾਬ ਨੂੰ ਦੱਸ ਕੇ ਇਹ ਭੈ ਕੌਣ ਦੂਰ ਕਰੇ। ਅਤਿ ਹੈਰਾਨਜਨਕ ਗੱਲ ਸੁਣ ਕੇ ਚਿਤ ਕੰਬਦਾ ਹੈ। ਪਹਿਲਾਂ ਤਾਂ ਅਜਿਹੀ ਗੱਲ ਕਦੇ ਹੋਈ ਨਹੀ, ਜਿਹੜੀ ਹੁਣ ਇਹ ਨਵਾਬ ਕਰਨ ਲੱਗਾ ਹੈ॥ ੫੩॥

**ਚਤੁਰ ਬਰਨ ਨਰ ਚਲੇ ਤਮਾਸ਼ੇ ਹਿਤ ਸਭੇ। ਹੇਰਿ ਜਰਾਮ ਕੁਚਾਲਿ ਬਿਸਾਲਹਿ ਦੁਖ ਤਬੈ।**
**ਸੋਚਤਿ ਸੋਚਨ ਸਕੁਚ ਚਲਜੋ ਚੱਕ੍ਰਿਤ ਘਰੇ। ਹੋ ਚਿਤ ਚਾਹਿਤ ਕਛੁ ਔਰ ਔਰ ਬਿਧਿ ਨਾ ਕਰੇ ॥੫੪॥**

ਚਹੁੰ ਵਰਨਾਂ ਦੇ ਲੋਕ ਇਹ ਤਮਾਸ਼ਾ ਵੇਖਣ ਹਿਤ ਸਭ ਚਲ ਪਏ। ਜੈ ਰਾਮ ਵੀ ਇਹ ਪੁੱਠੀ ਚਾਲ ਵੇਖ ਕੇ ਬਹੁਤ ਦੁਖੀ ਹੋਇਆ। ਸੋਚਾਂ ਸੋਚਣੋਂ ਡਰਦਾ ਹੈਰਾਨ ਹੋਇਆ ਘਰ ਨੂੰ ਚਲ ਪਿਆ। ਮਨ ਕੁਝ ਹੋਰ ਚਾਹੁੰਦਾ ਹੈ ਤੇ ਵਿਧਾਤਾ ਕੁਝ ਹੋਰ ਦਾ ਹੋਰ ਕਰ ਦਿੰਦਾ ਹੈ॥ ੫੪ ॥

**ਬਧਤਿ ਸੁਧਾ ਕੀ ਲਤਾ ਹਲਾਹਲ ਫਰਫਰੀ। ਲਿਖਤ ਕਲਾਨਿਧਿ ਕਲਮ ਬਿਧੁੰਤਕ ਲਿਖਿ ਹਰੀ।**
**ਦਰਬ ਦੇਨ ਕੋ ਖਾਨ ਹਕਾਰਜੋ ਨਰ ਪਠੇ। ਹੋ ਬਹੁਰਿ ਨਿਵਾਜ ਕਰਾਇ ਭਈ ਬਿਧਿ ਆਪੁਠੇ ॥੫੫ ॥**

ਅੰਮ੍ਰਿਤ ਦੀ ਵੇਲ ਵਧੀ ਪਰ ਜਦ ਉਸ ਨੂੰ ਫਲ ਲੱਗਣ ਦਾ ਸਮਾਂ ਆਇਆ ਤਾਂ ਜ਼ਹਿਰੀਲੇ ਫਲਾਂ ਨਾਲ ਫਲ ਗਈ। ਚੰਦਰਮਾਂ ਨੂੰ ਰਾਹੂ ਨੇ ਘੇਰ ਲਿਆ ਹੈ, ਭਾਵ ਮੈਂ ਤਾਂ ਗੁਰੂ ਜੀ ਨੂੰ ਜੱਸ ਵਾਸਤੇ ਸੁਲਤਾਨਪੁਰ ਲਿਆਂਦਾ ਸੀ, ਪਰ ਹੁਣ ਮੁਸਲਮਾਨ ਹੋ ਜਾਣ 'ਤੇ ਮੇਰਾ ਬੜਾ ਅਪਜੱਸ ਹੋਵੇਗਾ। ਖਾਨ ਨੇ ਉਨ੍ਹਾ ਨੂੰ ਧਨ ਦੇਣ ਵਾਸਤੇ ਇਕ ਆਦਮੀ ਨੂੰ ਭੇਜ ਕੇ ਬੁਲਾਇਆ ਸੀ। ਹੁਣ ਉਸ ਨੂੰ ਨਮਾਜ਼ ਪੜ੍ਹਾਏਗਾ ਇਹ ਬੜੀ ਉਲਟੀ ਰੀਤੀ ਹੋਵੇਗੀ॥ ੫੫ ॥

**ਚਤੁਰ ਦਿਸ਼ਾ ਤੇ ਜਕੈ ਥਕਿਤਿ ਚਿਤ ਹ੍ਵੈ ਰਹਾ। -ਕਾਲੂ ਕਹਿਹੋਂ ਕਾਹਿ ਕਿ ਮੂਲਾ ਕਹਿ ਕਹਾ।**
**ਨਾਨਕ ਜਨਨੀ ਬੂਝਤਿ ਉਤਰ ਦੇਉਂ ਕੋ। ਹੋ ਮੁਰ ਪਰ ਧੁਰਿ ਹੈਂ ਖੋਰ, ਨ ਜਾਨਹਿਂ ਭੇਉ ਕੋ- ॥੫੬ ॥**

ਚਾਰੇ ਪਾਸਿਆਂ ਤੋਂ ਹੈਰਾਨ ਹੋ ਕੇ ਚਿਤ ਥੱਕ ਰਿਹਾ ਹੈ। ਜੇ ਮਹਿਤਾ ਕਾਲੂ ਨੂੰ ਇਸ ਦਾ ਪਤਾ ਲਗੇਗਾ ਤਾਂ ਮੈਂ ਉਸ ਨੂੰ ਕੀ ਦੱਸਾਂਗਾ? ਜੇ ਮੂਲ ਚੰਦ ਮੈਥੋਂ ਪੁੱਛੂਗਾ ਤਾਂ ਮੈਂ ਕੀ ਉਤਰ ਦੇਵਾਂਗਾ। ਜੇ ਨਾਨਕ ਜੀ ਦੇ ਮਾਤਾ ਜੀ ਪੁੱਛਣਗੇ ਤਾਂ ਕੀ ਜਵਾਬ ਦੇਵਾਂਗਾ। ਮੇਰੇ ਤੇ ਉਨ੍ਹਾਂ ਨੂੰ ਬਹੁਤ ਭਰੋਸਾ ਹੈ, ਪਰ ਅਸਲ ਭੇਤ ਨੂੰ ਨਹੀਂ ਜਾਨਣਗੇ॥ ੫੬ ॥

**ਲੱਜਤਿ ਚੀਤ ਨਿਕੇਤ ਬਰਜੋ ਦੂਰਿ ਬੈਸਯੋ। ਗ੍ਰੀਵ ਨੀਵ ਕਰਿ ਮਸ਼ਟਿ ਸੋਚ ਤਨ ਜੈਸਯੋ।**
**ਧਰਨਿ ਖਨਿਤ, ਚਖ ਨੀਰ ਭਰੇ ਭਰਿ ਆਵਈ। ਹੋ ਕਰੁਨਾ ਮੂਰਤਿ ਧਰੀ ਮਨੋਂ ਪਛੁਤਾਵਈ ॥੫੭ ॥**

ਚਿਤ ਵਿਚ ਬੜਾ ਲੱਜਿਤ ਹੋ ਕੇ ਘਰ ਵਿਚ ਹੀ ਛੁਪ ਕੇ ਬੈਠ ਗਿਆ। ਨੀਵੀਂ ਧੌਣ ਕਰਕੇ ਬੈਠ ਗਿਆ, ਜਿਵੇਂ ਫਿਕਰ ਦਾ ਵਜੂਦ ਬਣ ਗਿਆ ਹੋਵੇ। ਧਰਤੀ ਨੂੰ ਖਰੋਚਦਾ ਹੈ, ਅੱਖਾਂ ਵਿਚ ਹੰਝੂ ਭਰ ਭਰ ਆ ਰਹੇ ਹਨ। ਰੋਣੀ ਮੂਰਤ ਧਾਰਨ ਕਰਕੇ ਮਨ ਵਿਚ ਪਛਤਾਅ ਰਿਹਾ ਹੈ॥ ੫੭॥

**ਲਖਜੋ ਨਾਨਕੀ ਤਿਸੈ ਤੁੰਡ ਮੁਰਝਾਇਆ। ਜਲ ਬਿਨ ਤੋਰੀ ਨਾਲ ਕਮਲ ਕੁਮਲਾਇਆ।**
**'ਚਿਤ ਚੱਕ੍ਰਿਤਿ ਅਤਿ ਚਿੰਤ, ਕਹਹੁ ਕਸਭੀ ਤੁਮੈਂ? ਹੋ ਸ਼ੋਕ ਸਿੰਧੁ ਮਹਿ ਮਗਨ ਬਤਾਵਹੁ ਨਿਜ ਗਮੈ' ॥੫੮ ॥**

ਬੇਬੇ ਨਾਨਕੀ ਨੇ ਜਦ ਉਸ ਦਾ ਮੁਰਝਾਇਆ ਹੋਇਆ ਚਿਹਰਾ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਜਲ ਬਿਨਾਂ ਟਹਿਣੀ ਨਾਲ ਲੱਗਾ ਕਮਲ ਕੁਮਲਾ ਗਿਆ ਹੋਵੇ।'' ਤੁਹਾਡਾ ਚਿੱਤ ਹੈਰਾਨ ਹੈ ਅਤੇ ਅਤਿ ਚਿੰਤਾ ਵਿਚ ਡੁੱਬ ਗਏ ਹੋ, ਦੱਸੋ, ਤੁਹਾਨੂੰ ਕੀ ਹੋਇਆ ਹੈ ? ਦੁੱਖ ਦੇ ਸਾਗਰ ਵਿਚ ਡੁਬੇ ਹੋ, ਤੁਹਾਨੂੰ ਕਾਹਦੀ ਚਿੰਤਾ ਲੱਗੀ ਹੈ?'' ॥ ੫੮ ॥

**ਉਚਰੇ ਬਚਨ ਜਰਾਮ 'ਅਕੀਰਤਿ ਜਹਿਂ ਤਹਾਂ। ਧਰਮ ਰੀਤਿ ਬਿਪਰੀਤਿ, ਚਿੰਤ ਚਿਤ ਮੁਹਿ ਮਹਾਂ।**
**ਭ੍ਰਾਤ ਤੁਮਾਰੋ ਗਯੋ ਸੰਗਿ ਨ੍ਰਿਪ ਖਾਨ ਕੇ। ਹੋ ਕਰਿ ਹੈ ਆਜ ਨਿਵਾਜ ਮਸੀਤ ਪਯਾਨ ਕੇ ॥੫੯ ॥**

ਜੈ ਰਾਮ ਨੇ ਬਚਨ ਕਹੇ, ''ਜਿਥੇ ਕਿਥੇ ਸਾਡੀ ਨਿੰਦਿਆ ਹੋ ਰਹੀ ਹੈ। ਸਾਡੀ ਧਰਮ ਰੀਤੀ ਉਲਟੀ ਹੋਣ ਲੱਗੀ ਹੈ। ਇਹੋ ਵੱਡੀ ਚਿੰਤਾ ਮੇਰੇ ਚਿਤ ਨੂੰ ਲੱਗੀ ਹੋਈ ਹੈ। ਤੁਹਾਡਾ ਭਰਾ ਨਵਾਬ ਨਾਲ ਗਿਆ ਹੈ ਅਤੇ ਉਹ ਨਵਾਬ ਨਾਲ ਮਸੀਤ ਵਿਚ ਨਿਮਾਜ਼ ਪੜ੍ਹੇਗਾ॥ ੫੯ ॥

**ਚਤੁਰ ਬਰਨ ਮਹਿਂ ਰੋਰ ਤੁਰਕ ਤਹਿਂ ਹੋਇ ਹੈ। ਗਯੋ ਖਾਨ ਚਲਿ ਆਪ ਸੰਗ ਬਹੁ ਲੋਇ ਹੈਂ।**
**ਸ਼ੋਕ ਸਿੰਧੁ ਮਹਿਂ ਮਗਨ ਸੁਨਤਿ ਮਮ ਮਨ ਭਯੋ। ਹੋ ਪੋਤ ਨ ਪ੍ਰਾਪਤਿ ਮੋਹਿ, ਜਤਨ ਬਹੁ ਬਿਧਿ ਠਯੋ ॥੬੦ ॥**

ਚਾਰਾਂ ਵਰਨਾਂ ਵਿਚ ਇਹ ਰੌਲਾ ਪੈ ਗਿਆ ਹੈ ਕਿ ਉਹ ਮੁਸਲਮਾਨ ਹੋਣ ਲੱਗਾ ਹੈ। ਬਹੁਤ ਲੋਕ ਨਵਾਬ ਦੇ ਘਰ ਚਲ ਕੇ ਗਏ ਹਨ। ਮੇਰਾ ਮਨ ਵੀ ਇਹ ਸੁਣ ਕੇ ਸ਼ੋਕ ਸਮੁੰਦਰ ਵਿਚ ਗਰਕ ਹੋ ਗਿਆ ਹੈ। ਮੈਨੂੰ ਕੋਈ ਆਸਰਾ ਰੂਪ ਜਹਾਜ਼ ਨਹੀਂ ਪ੍ਰਾਪਤ ਹੋ ਰਿਹਾ, ਮੈਂ ਬਹੁਤ ਜਤਨ ਕੀਤੇ ਹਨ'' ॥ ੬੦॥

**ਭਨਤਿ ਨਾਨਕੀ ਬਚਨ 'ਨ ਚਿੰਤਾ ਕੀਜੀਯੇ। ਭਰਮ ਨ ਭੂਲਹੁ, ਭੇਵ ਭਲੇ ਲਖਿ ਲੀਜੀਯੇ।**
**ਭ੍ਰਾਤ ਹਮਾਰੋ ਭਯੋ ਭੇਸ ਨਰ ਭਗਤਿ ਕੋ। ਹੋ ਤ੍ਰੈਲੋਕਨ ਕੋ ਕੰਤ ਰਚਯੋ ਜਿਨ ਜਗਤ ਕੋ ॥ ੬੧ ॥**

ਬੇਬੇ ਨਾਨਕੀ ਕਹਿਣ ਲੱਗੀ, ''ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਐਵੇਂ ਭਰਮਾਂ ਵਿਚ ਨਾ ਭੁਲੋ, ਚੰਗਾ ਹੀ ਹੋਵੇਗਾ, ਇਸ ਤੱਥ ਨੂੰ ਸਮਝ ਲਵੋ। ਮੇਰੇ ਭਰਾ ਨੇ ਇਸ ਮਨੁੱਖੀ ਜਾਮੇ ਵਿਚ ਭਗਤੀ ਦਾ ਭੇਸ ਧਾਰਿਆ ਹੈ। ਉਹ ਤਿੰਨਾਂ ਲੋਕਾਂ ਦਾ ਸਵਾਮੀ ਹੈ, ਜਿਸ ਨੇ ਇਸ ਜਗਤ ਦੀ ਰਚਨਾ ਕੀਤੀ ਹੈ॥ ੬੧॥

**ਪੰਨਗ, ਦਾਨਵ, ਅਮਰ, ਬਰਨ, ਕਿੰਨਰ ਧਰਾ। ਮਾਰਤੰਡ, ਜਮ, ਇੰਦ, ਇੰਦ੍ਰ, ਹਰ, ਜਗ ਕਰਾ।**
**ਪੌਨ ਬੰਨ੍ਹਿ, ਦਿਗਪਾਲ ਰਜਾਇ ਨ ਫੇਰਿਈ। ਹੋ ਨਰ ਬਪੁਰਾ ਹੈ ਕੌਨ ਬੰਕ ਦ੍ਰਿਗ ਹੇਰਿਈ ॥ ੬੨ ॥**

ਨਾਗ, ਦੈਂਤ, ਦੇਵਤੇ, ਵਰੁਣ, ਕਿੰਨਰ, ਧਰਤੀ, ਸੂਰਜ, ਜਮਰਾਜ, ਚੰਦ, ਇੰਦਰ, ਸ਼ਿਵਜੀ ਅਤੇ ਬ੍ਰਹਮਾ, ਪੌਣ, ਅਗਨੀ ਅਤੇ ਦਿਸ਼ਾ ਦੇ ਪਾਲਕ ਹਾਥੀ ਉਸ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦੇ। ਹੋਰ ਕਿਹੜਾ ਨਰ ਜੰਮਿਆ ਹੈ ਜਿਹੜਾ ਉਸ ਵਲ ਬੁਰੀ ਨਜ਼ਰ ਨਾਲ ਵੇਖ ਸਕੇ॥ ੬੨॥

**ਤਿਸਕੀ ਚਿੰਤਾ ਚੀਤ ਰਤੀਕ ਨ ਕੀਜੀਯੇ। ਲੱਜਤਿ ਤਿਨ ਕੋ ਕਰਹਿ, ਸੁ ਆਇ ਲਖੀਜਿਯੇ।**
**ਤੁਮ ਹ੍ਵੈ ਸੰਗਿ ਅਨੰਦ ਰਸੋਈ ਖਾਇਯੇ। ਹੋ ਨਹੀਂ ਰਿਦੈ ਪਰਤੀਤਿ ਤ ਬਿੱਪ੍ਰ ਪਠਾਇਯੇ ॥ ੬੩ ॥**

ਆਪਣੇ ਮਨ ਵਿਚ ਉਸ ਬਾਰੇ ਰਤੀ ਭਰ ਵੀ ਚਿੰਤਾ ਨਾ ਕਰੋ। ਇਹ ਵੇਖ ਲੈਣਾ, ਉਹ ਉਨ੍ਹਾਂ ਨੂੰ ਹੀ ਉਲਟਾ ਸ਼ਰਮਿੰਦਾ ਕਰੇਗਾ, ਹੁਣੇ ਆ ਜਾਵੇਗਾ। ਤੁਸੀਂ ਅਨੰਦ ਦੇ ਨਾਲ ਖਾਣਾ ਖਾਵੋ। ਜੇ ਤੁਹਾਡੀ ਹਿਰਦੇ ਵਿਚ ਪਰਤੀਤ ਨਹੀਂ ਆਉਂਦੀ ਤਾਂ ਬ੍ਰਾਹਮਣ ਨੂੰ ਓਥੇ ਭੇਜ ਦੇਵੋ'' ॥ ੬੩॥

**ਭੇਜਯੋ ਨਿੱਧਾ ਦੂਤ, ਮਸੀਤਹਿ ਦਿਸ਼ ਗਯੋ। ਭੀਰ ਭੂਰ ਭਰਿ ਰਹੀ ਸਥਾਨ ਨ ਤਹਿੰ ਰਹਯੋ।**
**ਏਕ ਏਕ ਕੋ ਲੰਘਿ ਧਾਇ ਧਸਿ ਅੰਤਰੇ। ਹੋ ਕਰੁਨਾਨਿਧਿ ਕੋ ਦੇਖਿ ਬਿਸੂਰਹਿ ਉਰ ਖਰੇ ॥ ੬੪ ॥**

ਜੈ ਰਾਮ ਨੇ ਓਸੇ ਵੇਲੇ ਨਿਧਾ ਬ੍ਰਾਹਮਣ ਨੂੰ ਮਸੀਤ ਵਲ ਭੇਜ ਦਿੱਤਾ। ਓਥੇ ਏਨੀ ਭੀੜ ਹੋ ਗਈ ਸੀ ਕਿ ਖੜੇ ਹੋਣ ਨੂੰ ਕੋਈ ਥਾਂ ਨਹੀਂ ਬਚੀ ਸੀ। ਨਿਧਾ ਬ੍ਰਾਹਮਣ ਇਕ ਇਕ ਨੂੰ ਲੰਘਦਾ ਅੰਦਰ ਧੱਸ ਗਿਆ। ਉਸ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਨੂੰ ਖੜੇ ਹੋ ਕੇ ਵੇਖਿਆ॥ ੬੪॥

ਦੋਹਰਾ- **ਪਹੁੰਚਯੋ ਨਿਕਟਿ ਨ ਸ੍ਰੀ ਗੁਰੂ ਭੀਰ ਭਈ ਭਰਪੂਰ।**
**ਕਵਿ ਸੰਤੋਖ ਸਿੰਘ ਧਯਾਯ ਅਬ ਪੂਰਨ ਭਾ ਸੁਖਮੂਰ॥ ੬੫ ॥**

ਬਹੁਤ ਜ਼ਿਆਦਾ ਭੀੜ ਹੋਣ ਕਰਕੇ ਉਹ ਗੁਰੂ ਜੀ ਦੇ ਨੇੜੇ ਨਾ ਪਹੁੰਚ ਸਕਿਆ। ਕਵੀ ਸੰਤੋਖ ਸਿੰਘ ਹੁਣ ਪੂਰਨ ਪਿਆਰ ਨਾਲ ਸੁਖਾਂ ਦੇ ਦਾਤੇ ਨੂੰ ਧਿਆਉਂਦੇ ਹਨ॥ ੬੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਨਿਬਾਬ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਮੋ ਅਧ੍ਯਾਯ॥ ੩੧॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਇਕੱਤੀਵਾਂ ਅਧਿਆਇ ਜਿਸ ਦਾ ਨਾਮ ''ਨਵਾਬ ਪ੍ਰਸੰਗ'' ਹੈ, ਸਮਾਪਤ ਹੋਇਆ॥ ੩੧॥

# ਅਧਿਆਇ ਬੱਤੀਵਾਂ

ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ।

ਦੋਹਰਾ- ਨਿਤ ਪ੍ਰਕਾਸ਼ ਸ੍ਰੀ ਗੁਰੂ ਚਰਨ ਪ੍ਰਗਟ ਸੁ ਭਾਨ ਸਮਾਨ।
ਨਿਖਲ ਦ੍ਵੈਤ ਤਮ ਹਰਨ ਕੋ ਸ਼ਰਨ ਸਦਾ ਸੁਖ ਦਾਨ॥ ੧॥

ਸਾਰੀ ਦ੍ਵੈਤ ਦੇ ਹਨੇਰੇ ਨੂੰ ਦੂਰ ਕਰਨ ਵਿਚ ਵੀ ਸ੍ਰੀ ਗੁਰੂ ਜੀ ਦੇ ਚਰਨ ਸਦਾ ਸੂਰਜ ਵਾਂਗੂ ਪ੍ਰਤੱਖ ਪ੍ਰਕਾਸ਼ਕ ਹਨ ਅਤੇ ਉਨ੍ਹਾਂ ਦੀ ਸ਼ਰਨ ਸਦਾ ਸੁਖ ਦਾ ਦਾਨ ਦੇਣ ਵਾਲੀ ਹੈ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਅੜਿੱਲ- ਸੁੰਦਰ ਅਧਿਕ ਮਸੀਤ ਚਿੱਤ੍ਰ ਭਿਤ ਜਾਨਿਯੇ।
ਚਾਮੀਕਰ ਜਹਿਂ ਲਿਖ੍ਯੋ, ਦਿਪਤਿ ਪਹਿਚਾਨਿਯੇ।
ਤਹਾਂ ਜਾਇ ਭਾ ਠਾਂਢ ਜੁ ਖਾਨ ਨ੍ਰਿਪਾਲ ਸੋ।
ਹੋ ਸਭਾ ਆਪਨੀ ਸਹਿਤਿ ਜਿ ਬੈਸ ਬਿਸਾਲ ਸੋ॥ ੨॥

ਭਾਈ ਬਾਲੇ ਨੇ ਕਿਹਾ- ਮਸੀਤ ਬਹੁਤ ਸੁੰਦਰ ਹੈ ਅਤੇ ਉਸ ਦੀਆਂ ਦੀਵਾਰਾਂ ਚਿੱਤ੍ਰਾਂ ਨਾਲ ਚਿਤ੍ਰੀਆਂ ਹੋਈਆਂ ਹਨ। ਜਿਥੇ ਅੱਲਾ ਦਾ ਨਾਂ ਲਿਖਿਆ ਹੈ, ਉਹ ਸੁਨਹਿਰੀ ਭਾਵ ਸੋਨੇ ਵਾਂਗ ਚਮਕ ਰਿਹਾ ਹੈ। ਓਥੇ ਜਾ ਕੇ ਦੌਲਤ ਖਾਂ ਜਿਹੜਾ ਕਿ ਉਸ ਧਰਤੀ ਦਾ ਮਾਲਕ ਹੈ ਅਤੇ ਜਿਸਦੀ ਉਮਰ ਸਭ ਤੋਂ ਵੱਡੀ ਹੈ, ਆਪਣੀ ਸਭਾ ਸਹਿਤ ਜਾ ਖੜਾ ਹੋਇਆ॥ ੨॥

ਸ੍ਰੀ ਨਾਨਕ ਜੀ ਸੰਗ ਗ੍ਯਾਨਘਨ ਰੂਪ ਹੈਂ।
ਬਿਕਸ੍ਯੋ ਕਮਲ ਬਿਸਾਲ ਸੁ ਬਦਨ ਅਨੂਪ ਹੈ।
ਹਰਖ ਸ਼ੋਕ ਜਿਨ ਨਹੀਂ ਅਨੰਦਹਿ ਏਕ ਰਸ।
ਹੋ ਠਾਂਢੇ ਨ੍ਰਿਪ ਕੇ ਨਿਕਟਿ ਬਤਾਵਨ ਸੁਮਗ ਤਿਸ॥ ੩॥

ਸ੍ਰੀ ਨਾਨਕ ਜੀ ਜਿਹੜੇ ਇਕ ਰਸ ਗਿਆਨ ਸਰੂਪ ਉਨ੍ਹਾਂ ਦੇ ਨਾਲ ਹਨ, ਇੰਞ ਲੱਗ ਰਹੇ ਹਨ ਜਿਵੇਂ ਕਮਲ ਬਹੁਤ ਖਿੜਿਆ ਹੋਵੇ, ਉਨ੍ਹਾਂ ਦਾ ਸੁੰਦਰ ਮੁਖੜਾ ਅਨਹਦ ਅਨੂਪ ਹੈ। ਉਨ੍ਹਾਂ ਲਈ ਖੁਸ਼ੀ ਗਮੀ ਬਰਾਬਰ ਹੈ ਅਤੇ ਸਦਾ ਇਕ ਰਸ ਅਨੰਦ ਸਰੂਪ ਰਹਿੰਦੇ ਹਨ। ਉਹ ਨਵਾਬ ਦੇ ਲਾਗੇ ਖੜੇ ਹਨ, ਤਾਂਕਿ ਉਸ ਨੂੰ ਚੰਗੇ ਰਾਹ ਪਾ ਸਕਣ॥ ੩॥

ਦੋਹਰਾ- ਹਿੰਦੂ ਕੋਇ ਨ ਕਹਿ ਸਕੇ ਤੁਰਕਨ ਤੇਜ ਬਿਸਾਲ।
ਪਰਮੇਸ਼ੁਰ ਪਤਿ ਰਾਖਈ ਸਿਮਰਹਿ ਦੀਨਦਯਾਲ॥ ੪॥

ਕੋਈ ਵੀ ਹਿੰਦੂ ਇਹ ਨਹੀਂ ਸੀ ਕਹਿ ਸਕਦਾ ਕਿ ਨਵਾਬ ਦਾ ਤੇਜ ਵਿਸ਼ਾਲ ਸੀ। ਉਹ ਪ੍ਰਭੂ ਦਾ ਸਿਮਰਨ ਕਰ ਰਹੇ ਸਨ ਕਿ ਹੇ ਪ੍ਰਭੂ! ਸਾਡੀ ਇੱਜ਼ਤ ਰੱਖ ਲਵੇ॥ ੪॥

ਅੜਿੱਲ- ਕਾਜ਼ੀ ਬਹੁਰ ਨਿਬਾਬ ਨੀਰ ਲੇ ਕਰਿ ਤਬੈ।
ਕਰ ਅਰ ਚਰਨ ਪਖਾਰਿ ਕਰ੍ਯੋ ਸੁਧਿ ਤਨ ਸਭੈ।
ਠਾਂਢੇ ਦੋਨੋ ਹੋਇ ਬਦਨ ਪਸ਼ਚਮ ਦਿਸ਼ਾ।
ਹੋ ਕਰ ਧਰਿ ਜਾਨੂ ਕਾਨ ਨਿਵੈਂ ਪੁਨਿ ਪੁਨ ਰਸਾ॥ ੫॥

ਕਾਜ਼ੀ ਅਤੇ ਨਵਾਬ ਨੇ ਫਿਰ ਪਾਣੀ ਲੈ ਕੇ ਹੱਥ ਪੈਰ ਧੋ ਕੇ ਤਨ ਨੂੰ ਪਵਿੱਤਰ ਕੀਤਾ। ਦੋਵੇਂ ਪੱਛਮ ਵਲ ਮੂੰਹ ਕਰਕੇ ਖੜੇ ਹੋ ਗਏ। ਫਿਰ ਗੋਡਿਆਂ ਅਤੇ ਕੰਨਾਂ, ਤੇ ਹੱਥ ਧਰ ਕੇ ਜ਼ਮੀਨ ਤੇ ਨਿਉਂਦੇ ਹਨ॥ ੫॥

**ਆਪ ਮਸੀਤਹਿਂ ਮੱਧ, ਰਿਦੇ ਕਿਤ ਕਿਤ ਗਏ। ਧਰ ਪਰ ਧਰਿ ਸਿਰ ਉਠਤਿ ਬਾਰ ਬਹੁ ਬਿਜਨਿਯੇ।**
**ਕਰਿਕੈ ਪੂਰ ਨਿਵਾਜ ਸੁ ਨਾਨਕ ਸੋਂ ਕਹੇ। 'ਹੋ ਠਾਂਢੇ ਕਿਉਂ ਤੁਮ ਰਹੇ? ਨ ਡਰ ਉਰ ਮੇਂ ਅਹੇ' ॥੬॥**

ਮਸੀਤ ਵਿਚ ਆਪਣੇ ਦਿਲ ਵਿਚ ਉਹ ਕਿਥੇ ਕਿਥੇ ਗਏ, ਪਰ ਜ਼ਮੀਨ ਤੇ ਉਹ ਬਾਰ ਬਾਰ ਸਿਰ ਧਰਦੇ ਸਨ, ਉਠਦੇ ਸਨ ਤੇ ਝੁਕਦੇ ਸਨ। ਪੂਰੀ ਨਿਮਾਜ਼ ਪੜ੍ਹ ਕੇ ਗੁਰੂ ਨਾਨਕ ਜੀ ਨੂੰ ਕਹਿਣ ਲੱਗੇ, "ਤੂੰ ਖੜ ਕਿਉਂ ਰਿਹਾ, ਤੇਰੇ ਦਿਲ ਵਿਚ ਕੋਈ ਡਰ ਨਹੀ ਹੈ ?" ॥ ੬॥

**ਨਾਨਕ ਆਨਨ ਭਨੈ 'ਖਾਨ! ਕਾਨਹਿਂ ਸੁਨੋ! ਕਿਹ ਸੰਗ ਕਰੋਂ ਨਿਵਾਜ, ਲਾਜ ਨਹਿਂ ਤੁਮ ਮਨੋ।**
**ਠਾਂਢੇ ਆਪ ਮਸੀਤ, ਨ ਮਨ ਠਹਿਰਾਇਆ। ਹੋ ਸਿਜਦੇ ਸਮੇਂ ਸੰਕਲਪ ਕੰਧਾਰ ਪਠਾਇਆ ॥੭॥**

ਗੁਰੂ ਨਾਨਕ ਜੀ ਨੇ ਮੁੱਖ ਤੋਂ ਕਿਹਾ, "ਧਿਆਨ ਨਾਲ ਸੁਣੋ, ਮੈਂ ਕਿਸ ਦੇ ਨਾਲ ਨਿਮਾਜ਼ ਪੜ੍ਹਦਾ, ਤੁਹਾਡੇ ਮਨ ਵਿਚ ਕੋਈ ਲਾਜ ਨਹੀਂ। ਆਪ ਤਾਂ ਮਸੀਤ ਵਿਚ ਖੜੇ ਸੀ, ਪਰ ਆਪਣੇ ਮਨ ਨੂੰ ਮਸੀਤ ਵਿਚ ਨਾ ਠਹਿਰਾ ਸਕੇ। ਜਦ ਸਿਜਦਾ ਕਰ ਰਹੇ ਸੀ ਤਾਂ ਉਸ ਵੇਲੇ ਤੁਹਾਡੇ ਮਨ ਦਾ ਸੰਕਲਪ ਕੰਧਾਰ ਪਹੁੰਚਿਆ ਸੀ॥ ੭॥

**ਕਰਤਿ ਖਰੀਦ ਤੁਰੰਗ ਤਰਲ, ਮਨ ਤਰਲਿਆ। ਕੂਰੇ ਬੀਚ ਮਸੀਤ ਨਿਵੈ ਕਬ ਸਰਲਿਆ।**
**ਜਿਹ ਕਰਨੀ ਸੋ ਮੂਲ ਨ ਥਿਰ ਉਰ ਮਹਿਂ ਕਰਾ। ਹੋ ਬੇਸ ਬੰਦਗੀ ਧਰਜੋ ਦਸੋ ਦਿਸ਼ਿ ਮਨ ਫਿਰਾ ॥੮॥**

ਚੰਚਲ ਘੋੜੇ ਖਰੀਦਣ ਹਿਤ ਤੁਹਾਡਾ ਮਨ ਚੰਚਲ ਹੋ ਰਿਹਾ ਸੀ। ਝੂਠਾ ਮੂਠਾ ਮਸੀਤ ਵਿਚ ਕਦੇ ਨਿਉਂ ਗਿਆ ਅਤੇ ਕਦੀ ਉਠ ਕੇ ਸਿੱਧਾ ਖੜਾ ਹੋ ਗਿਆ। ਜਿਸ ਨੇ ਨਮਾਜ਼ ਪੜ੍ਹਨੀ ਸੀ ਸੋ ਮੂਲ ਨਾ ਦਿਲ ਵਿਚ ਸਥਿਰ ਰਿਹਾ। ਭੇਸ ਬੰਦਗੀ ਦਾ ਧਾਰਨ ਕੀਤਾ, ਪਰ ਤੇਰਾ ਮਨ ਦੇਸ਼ ਵਿਦੇਸ਼ ਘੁੰਮਦਾ ਰਿਹਾ"॥ ੮॥

**ਕਹਿ ਕਾਜੀ ਤੁਮ ਪਾਜ ਬਖਾਨਤਿ, ਡਰ ਨਹੀਂ। ਖਰਜੋ ਹਦੂਰ ਨਿਬਾਬ ਨ ਬੋਲਹੁ ਸਮਝ ਹੀ।**
**ਆਨਨ ਭਨਿਹੀ ਖਾਨ ਸਾਚ ਨਾਨਕ ਕਹੀ। ਹੋ ਮਨ ਮਮ ਗਯੋ ਕੰਧਾਰ ਸਮੈਂ ਸਿਜਦੇ ਸਹੀ' ॥੯॥**

ਕਾਜ਼ੀ ਨੇ ਕਿਹਾ, "ਤੁਸੀਂ ਝੂਠ ਬੋਲਦੇ ਹੋ, ਤੁਹਾਨੂੰ ਕੋਈ ਡਰ ਨਹੀਂ। ਤੁਹਾਨੂੰ ਇਹ ਪਤਾ ਨਹੀਂ ਕਿ ਇਸ ਵੇਲੇ ਨਵਾਬ ਦੀ ਹਜ਼ੂਰੀ ਵਿਚ ਖੜੇ ਹੋ।" ਇਹ ਸੁਣਕੇ ਨਵਾਬ ਨੇ ਕਿਹਾ, "ਨਾਨਕ ਸੱਚ ਕਹਿੰਦਾ ਹੈ, ਸਿਜਦੇ ਸਮੇਂ ਮਨ ਕੰਧਾਰ ਹੀ ਗਿਆ ਸੀ" ॥ ੯॥

**ਪੁਨ ਕਾਜੀ ਬਚ ਭਨੈ ਤੁਮਾਰੋ ਮਨ ਗਯੋ। ਹੌਂ ਤੋ ਸਭਿ ਬਿਧਿ ਕਰੀ ਨ ਮਮ ਸੰਗ ਇਨ ਕਿਯੋ'।**
**ਮਨ ਅਜਾਨ ਨਿਜ ਪਰਦ ਪਰਾਵਨ ਚਾਹਿਹੀ। ਹੋ ਲਖਤਿ ਨ ਮੂਰਖ ਭੇਵ, ਅਥਾਹਹਿ ਥਾਹਿਹੀ ॥੧੦॥**

ਫਿਰ ਕਾਜ਼ੀ ਨੇ ਇਹ ਬਚਨ ਕਹੇ, "ਜੇ ਤੁਹਾਡਾ ਮਨ ਕੰਧਾਰ ਗਿਆ ਸੀ ਤਾਂ ਇਸ ਨੇ ਮੇਰੇ ਨਾਲ ਨਿਮਾਜ਼ ਕਿਉਂ ਨਾ ਪੜ੍ਹੀ?" ਮਨ ਮੂਰਖ ਆਪਣਾ ਪੜਦਾ ਪਾਉਣਾ ਚਾਹੁੰਦਾ ਹੈ। ਮੂਰਖ ਕਾਜ਼ੀ ਇਹ ਭੇਦ ਨਹੀ ਜਾਣਦਾ ਕਿ ਅਥਾਹ ਦੀ ਥਾਹ ਲੈਣ ਲੱਗਾ ਹੈ॥ ੧੦॥

**ਬੋਲੇ ਨਾਨਕ ਬੈਨ ਐਨ ਸੁਖ ਗੁਨ ਦਯਾ ॥ 'ਕਾਜ਼ੀ ਕਰੀ ਨਿਵਾਜ ਸਦਨ ਮੈਂ ਮਨ ਗਯਾ।**
**ਬਡਵਾ ਜਯੋ ਵਛੇਰ ਗਰਤ ਤਹਿਂ ਪਾਸ ਹੈ। ਹੋ ਤਿਹ ਮੈਂ ਨਹਿਂ ਗਿਰ ਪਰੈ ਬਹੁਤ ਬਿਸਵਾਸ ਹੈ ॥੧੧॥**

ਸੁਖ, ਗੁਣ ਅਤੇ ਦਇਆ ਦੇ ਘਰ, ਗੁਰੂ ਜੀ ਬੋਲੇ, "ਕਾਜ਼ੀ ਜਦ ਨਿਮਾਜ਼ ਪੜ੍ਹ ਰਿਹਾ ਸੀ ਤਾਂ ਇਸ ਦਾ ਮਨ ਇਸ ਦੇ ਘਰ ਗਿਆ ਸੀ। ਇਸ੍ਹ ਦੇ ਘਰ ਘੋੜੀ ਨੇ ਵਛੇਰਾ ਜੰਮਿਆ ਹੈ ਅਤੇ ਲਾਗੇ ਹੀ ਇਕ ਡੂੰਘਾ ਟੋਇਆ ਹੈ, ਇਸ ਦੇ ਮਨ ਵਿਚ ਇਹ ਸੰਸਾ ਹੈ ਕਿ ਵਛੇਰਾ ਕਿਤੇ ਟੋਏ ਵਿਚ ਨਾ ਡਿੱਗ ਪਵੇ॥ ੧੧॥

ਤਿਹ ਕੇ ਸੰਗ ਮਨ ਫਿਰਤਿ, ਨ ਥਿਰ ਇਕ ਛਿਨ ਭਯਾ। ਸੁਨਿ ਸ੍ਰੋਨਨ ਮੈ ਖਾਂਨ ਬਿਗਸ ਮੁਖ ਬਚ ਕਹ੍ਯਾ।
'ਤਜਹੁ ਕਾਚ ਕਹੁ ਸਾਚ, ਲਾਜ ਨਿਰਵਾਰਿਯੇ। ਹੋ ਜਿਉਂ ਬੀਤੀ ਚਿਤ ਬੀਚ ਸੁ ਬਚਨ ਉਚਾਰਿਯੇ ॥੧੨॥

ਉਸ ਦੇ ਸੰਗ ਹੀ ਇਸ ਦਾ ਮਨ ਘੁੰਮਦਾ ਰਿਹਾ, ਇਕ ਛਿਨ ਭਰ ਵੀ ਉਹ ਸਥਿਰ ਨਾ ਰਿਹਾ।'' ਇਹ ਗੱਲ ਸੁਣ ਕੇ ਖਾਨ ਬੜਾ ਖੁਸ਼ ਹੋਇਆ ਤੇ ਉਸ ਨੇ ਕਿਹਾ, ''ਹੇ ਕਾਜ਼ੀ ! ਝੂਠ ਛੱਡੋ ਅਤੇ ਸ਼ਰਮਿੰਦਗੀ ਦੂਰ ਕਰਕੇ ਸੱਚੋ ਸੱਚ ਕਹੋ। ਜਿਸ ਤਰ੍ਹਾਂ ਤੇਰੇ ਦਿਲ ਵਿਚ ਬੀਤੀ ਉਸ ਤਰ੍ਹਾਂ ਹੀ ਬਚਨ ਕਰੋ॥ ੧੨॥

ਕਾਜੀ ਆਨਨ ਭਨਤਿ 'ਸੱਤ, ਜਿਹ ਬਿਧਿ ਕਹੀ। ਅਰਭਕ ਬਾਜਨ ਅਹੈ, ਗਰਤ ਤਿਹ ਢਿਗ ਸਹੀ'।
ਅਦਭੁਤ ਰਸ ਨਰ ਭਏ ਕਛੁਕ ਰਸ ਹਾਸ ਸੋਂ। ਹੋ ਤਬ ਨਿਬਾਬ ਗਹਿ ਚਰਨ ਰਹਯੋ ਹ੍ਵੈ ਦਾਸ ਸੋ ॥੧੩॥

ਇਹ ਸੁਣ ਕੇ ਕਾਜ਼ੀ ਨੇ ਆਪਣੇ ਮੁਖ ਤੋਂ ਕਿਹਾ, ''ਜੋ ਕੁਝ ਵੀ ਕਿਹਾ ਹੈ, ਉਹ ਬਿਲਕੁਲ ਸੱਚ ਹੈ। ਘੋੜੀ ਨੇ ਬੱਚਾ ਦਿੱਤਾ ਹੈ, ਮੇਰੇ ਮਨ ਵਿਚ ਇਹੋ ਫਿਕਰ ਸੀ ਕਿ ਬੱਚਾ ਕਿਤੇ ਟੋਏ ਵਿਚ ਨਾ ਡਿੱਗ ਪਵੇ।'' ਸਾਰੇ ਲੋਕ ਏਨੇ ਹੈਰਾਨ ਹੋਏ ਕਿ ਉਨ੍ਹਾਂ ਦੇ ਮਨਾਂ ਵਿਚ ਨਾਮ ਦਾ ਇਕ ਰਸ ਵਾਸਾ ਹੋ ਗਿਆ ਅਤੇ ਕਈ ਹੱਸ ਹੱਸ ਦੂਹਰੇ ਹੋ ਗਏ॥ ੧੩॥

ਅੜਿੱਲ- ''ਸਿਰ ਪੀਰਨ ਕੇ ਪੀਰ ! ਪੀਰ ਹਰਿ ਮੇਰੀਆ।
ਗੁਨੀ ਗਹੀਰ ਸਰੀਰ ! ਸ਼ਰਨ ਮੈਂ ਤੇਰੀਆ।
ਭ੍ਰਮ ਕਰਿ ਭੂਲੇ ਭਨਜੋ, ਭੇਵ ਨਹਿੰ ਜਾਨਿਆ।
ਹੋ ਬਖਸ਼ਹੁ ਔਗੁਨ ਮੋਰ ਅਜਾਨ ਬਖਾਨਿਆ॥ ੧੪॥

ਦੋਹਰਾ- ਪੂਰਬ ਔਗਨ ਬਖਸ਼ਿਕੈ ਅਬ ਦਿਹੁ ਨਿਜ ਉਪਦੇਸ਼''।
ਬੰਦਿ ਹਾਥ ਬਿਨਤੀ ਕਰਤਿ ਦੌਲਤ ਖਾਨ ਨਰੇਸ਼॥ ੧੫॥

ਇਹ ਕੌਤਕ ਵੇਖ ਕੇ ਅਤੇ ਸੁਣ ਕੇ ਨਵਾਬ ਦੌਲਤ ਖਾਂ ਨੇ ਗੁਰੂ ਜੀ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਹੇ ਪੀਰਾਂ ਦੇ ਸਿਰ ਪੀਰ ! ਮੇਰੀ ਪੀੜਾ ਦੂਰ ਕਰੋ। ਹੇ ਗੁਣੀ ਗਹੀਰ ਸਰੀਰ ! ਮੈਂ ਤੇਰੀ ਸ਼ਰਨ ਆਇਆ ਹਾਂ। ਅਸੀ ਭਰਮਾਂ ਵਿਚ ਭੁੱਲੇ ਰਹੇ ਤੇ ਅਸਲ ਭੇਦ ਨਾ ਸਮਝਿਆ। ਮੇਰੇ ਔਗੁਣ ਬਖਸ਼ੋ, ਜੋ ਕੁਝ ਮੈਂ ਕਿਹਾ ਸੀ ਅਨਜਾਣਪੁਣੇ ਵਿਚ ਕਿਹਾ ਸੀ। ਹੁਣ ਪਹਿਲੇ ਔਗੁਣ ਬਖਸ਼ ਕੇ ਮੈਨੂੰ ਆਪਣਾ ਉਪਦੇਸ਼ ਦੇਵੋ॥ ੧੪॥ ੧੫॥

ਤੁਮ ਖੁਦਾਇ ਕੇ ਰੂਪ ਹੋ, ਅੰਤਰ ਜਾਮੀ ਸਰਬ।
ਮੈਂ ਅਤਿ ਮੂਢ ਨ ਲਖਿ ਸਕਯੋ ਨਿਜ ਐਸ੍ਵਰਜਹਿੰ ਗਰਬ॥ ੧੬॥

ਤੁਸੀਂ ਖੁਦਾ ਦਾ ਰੂਪ ਹੋ ਅਤੇ ਪੂਰਨ ਅੰਤਰਜਾਮੀ ਹੋ। ਮੈਂ ਅਤਿ ਮੂਰਖ ਆਪਣੇ ਪਰਤਾਪ ਦੇ ਨਿੱਜੀ ਹੰਕਾਰ ਕਰਕੇ ਸਮਝ ਨਹੀ ਸਕਿਆ॥ ੧੬॥

ਹੌਂ ਸਮੀਪਿ ਚਿਰਕਾਲ ਕੇ, ਛੂਛ ਨ ਛੋਰਹੁ ਆਪ।
ਬਿਬਸਿ ਮਨਹਿ ਕੋ ਬਸ ਕਰੋ, ਹਰੀਏ ਤੀਨਹੁ ਤਾਪ॥ ੧੭॥

ਆਪਣੇ ਨੇੜੇ ਕਰਕੇ, ਹੁਣ ਮੈਨੂੰ ਖਾਲੀ ਨਾ ਛੱਡੋ। ਮੇਰੇ ਅਮੋੜ ਮਨ ਨੂੰ ਕਾਬੂ ਕਰ ਦੇਵੋ ਅਤੇ ਤਿੰਨਾ ਤਾਪਾਂ (ਆਧਿ, ਵਿਆਧਿ, ਉਪਾਧਿ) ਨੂੰ ਦੂਰ ਕਰੋ॥ ੧੭॥

ਬਿਸ਼ਯ ਅਧੀਨਹਿੰ ਦੀਨ ਮੈਂ, ਹਰਖ ਸ਼ੋਕ ਅਨੁਸਾਰਿ''।
ਅਸ ਸੁਨਿਕੈ ਤਿਹ ਕੇ ਬਚਨ ਬੋਲੇ ਗੁਰੂ ਉਦਾਰ॥ ੧੮॥

ਖੁਸ਼ੀ ਗ਼ਮੀ ਅਨੁਸਾਰ ਮੈਂ ਵਿਸ਼ਿਆਂ ਦੇ ਅਧੀਨ ਹਾਂ।'' ਦੌਲਤ ਖਾਂ ਦੀਆਂ ਇਹ ਗੱਲਾਂ ਸੁਣ ਕੇ ਉਦਾਰਚਿਤ ਗੁਰੂ ਜੀ ਨੇ ਇਹ ਬਚਨ ਕਹੇ॥ ੧੮॥

ਅੜਿੱਲ-'ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ ਹੈ।
ਯਾਂਕੋ ਰੋਕਨ ਕਠਨ, ਰੁਕੈ ਤ ਅਮੋਲ ਹੈ।
ਬਿਨ ਰੋਕੇ ਸਭਿ ਫੋਕ ਪਠਨ ਪੁਨ ਸੁਨਨ ਜੋ।
ਹੋ ਪ੍ਰੇਮ ਨ ਉਪਜਤਿ ਰੰਚ, ਰਹੈ ਬਿਨ ਗੁਨਨ ਸੋ॥ ੧੯॥

''ਹੇ ਖਾਨ! ਧਿਆਨ ਨਾਲ ਸੁਣੋ, ਮਨ ਬਹੁਤ ਚੰਚਲ ਹੈ, ਇਸ ਨੂੰ ਰੋਕਣਾ ਬਹੁਤ ਕਠਿਨ ਹੈ, ਜੇ ਰੁਕ ਜਾਏ ਤਾਂ ਅਮੋਲ ਹੈ। ਇਸ ਮਨ ਨੂੰ ਰੋਕਣ ਤੋਂ ਬਗੈਰ ਸਭ ਪੜ੍ਹਨਾ ਸੁਣਨਾ ਵਿਅਰਥ ਹੈ। ਰਤਾ ਭਰ ਵੀ ਪ੍ਰੇਮ ਨਹੀਂ ਉਪਜਦਾ ਅਤੇ ਮਨ ਗੁਣਹੀਨ ਰਹਿੰਦਾ ਹੈ (ਗੁਣਹੀਣ ਵਿਅਕਤੀ ਕਿਸੇ ਕੰਮ ਨਹੀਂ, ਕਿਉਂਕਿ 'ਵਿਣੁ ਗੁਣ ਕੀਤੇ ਭਗਤਿ ਨ ਹੋਇ)॥ ੧੯॥

ਪਾਰਦ ਅੰਗੁਰੀ ਤਰੈ ਸਥਿਰ ਕਿਉਂ ਹੋਤਿ ਹੈ। ਕਰਹਿਂ ਪ੍ਰਜਤਨ ਅਨੇਕ ਸੁ ਵਹਿਰ ਉਦੋਤ ਹੈ।
ਜਬਹਿ ਸਿੱਧ ਮਿਲ ਜਾਤ ਮਾਰ ਥਿਰ ਕਰਤਿ ਹੈ। ਹੋ ਤਿਉਂ ਮਨ ਸਤਿਗੁਰ ਮਿਲੇ ਸਥਿਰਤਾ ਧਰਤਿ ਹੈ॥੨੦॥

ਪਾਰਾ ਕਦੇ ਵੀ ਉਂਗਲੀ ਤਲੈ ਸਥਿਰ ਹੋ ਕੇ ਟਿਕਦਾ ਨਹੀ ਹੈ। ਭਾਵੇਂ ਕਿੰਨੇ ਵੀ ਯਤਨ ਕਰੀਏ, ਇਹ ਬਾਹਰ ਨੂੰ ਹੀ ਉਛਲਦਾ ਹੈ। ਜਦ ਪਾਰੇ ਨੂੰ ਸਥਿਰ ਕਰਨ ਵਾਲਾ ਕੋਈ ਮਸਾਲਾ ਜੈਸੇ ਗੰਧਕ ਆਦਿ ਮਿਲ ਜਾਂਦਾ ਹੈ ਤਾਂ ਇਸ ਨੂੰ ਸਥਿਰ ਕਰ ਲੈਂਦਾ ਹੈ। ਇਸ ਤਰ੍ਹਾਂ ਹੀ ਜੇ ਮਨ ਨੂੰ ਸਤਿਗੁਰੂ ਮਿਲ ਜਾਵੇ ਤਾਂ ਚੰਚਲ ਸਥਿਰਤਾ ਧਾਰਨ ਕਰ ਲੈਂਦਾ ਹੈ॥ ੨੦॥

ਜਿਉਂ, ਤੁਰੰਗ ਮੁਖਤਾਨ ਅਜਾਨ ਸਊਰ ਕੋ। ਸ੍ਵੇਛਾ ਤਰਲੰ ਦੌਰਿ ਦੇਤਿ ਦੁਖ ਭੂਰ ਕੋ।
ਚਢੈ ਸੁਜਾਨ ਸਊਰ ਕਸਾ ਕਰ ਲੇਯ ਕੈ। ਹੋ ਕਰਹਿ ਸੁ ਬਸਿ ਮੁਖ ਮਾਂਹਿ ਕੰਟਕਾ ਦੇਯ ਕੈ॥੨੧॥

ਜਿਵੇਂ ਚੰਚਲ ਅਤੇ ਮੂੰਹੋਂ ਜ਼ੋਰ ਘੋੜਾ ਅਣਜਾਨ ਸਵਾਰ ਨੂੰ ਆਪਣੀ ਇੱਛਾ ਅਨੁਸਾਰ ਚੰਚਲ ਹੋ ਕੇ ਭੱਜਦਾ ਹੈ ਅਤੇ ਸਵਾਰ ਨੂੰ ਬਹੁਤ ਦੁੱਖ ਦਿੰਦਾ ਹੈ। ਪਰ ਜੇ ਉਸ ਘੋੜੇ ਉਤੇ ਸਿਆਣਾ ਸਵਾਰ ਹੱਥ ਵਿਚ ਚਾਬਕ ਲੈ ਕੇ ਚੜ੍ਹੇ ਤਾਂ ਉਹ ਉਸ ਦੇ ਮੂੰਹ ਵਿਚ ਲਗਾਮ ਜਾਂ ਕੜਯਾਲਾ ਦੇ ਕੇ ਉਸ ਨੂੰ ਵੱਸ ਕਰ ਲਵੇਗਾ॥ ੨੧॥

ਸਤਿਗੁਰ ਸਬਦ ਸਉਰ ਤਰੈ ਤਿਹ ਦੀਜਿਯੇ। ਕਸ਼ਟ ਨਰਕ ਕੋ ਕਸਾ ਦਿਖਾਵਨ ਕੀਜਿਯੇ।
ਬਿਸ਼ੈ ਨਿਬ੍ਰਿਤੀ ਕਰਨ ਸੁ ਕਵਿਕਾ ਜਾਨੀਯੇ। ਹੋ ਮਨ ਤੁਰੰਗ ਇਉਂ ਲਖਹੁ ਕਰਨ ਵਸਿ ਠਾਨਿਯੇ॥੨੨॥

ਸਤਿਗੁਰ ਦੇ ਦਿਤੇ ਨਾਮ ਨੂੰ ਤੁਸੀ ਸਿਆਣਾ ਸਵਾਰ ਸਮਝੋ, ਕਸ਼ਟ ਨਰਕ ਨੂੰ ਚਾਬਕ ਮਾਰਨਾ ਜਾਣੋ, ਵਿਸ਼ਿਆਂ ਦੀ ਨਵਿਰਤੀ ਕਰਨਾ ਲਗਾਮ ਮੰਨੋ, ਇਹ ਮਨ ਰੂਪੀ ਘੋੜਾ ਇਸ ਤਰ੍ਹਾਂ ਵੱਸ ਕੀਤਾ ਦ੍ਰਿੜ੍ਹ ਕਰ ਲਵੋ॥ ੨੨॥

ਦੋਹਰਾ- ਰਾਗ ਦ੍ਵੈਖ ਮਲ ਪਰਹਰਹੁ ਭਾਣਾ ਪ੍ਰਭੁ ਕੋ ਮੰਨਿ।
ਸਿਮਰ ਨਾਮ ਕਰਤਾਰ ਕੋ ਕਰਹੁ ਜਨਮ ਨਿਜ ਧੰਨ॥ ੨੩॥

ਪ੍ਰਭੂ ਦਾ ਭਾਣਾ ਮੰਨ ਕੇ ਪ੍ਰੇਮ ਈਰਖਾ ਦੀ ਮੈਲ ਨੂੰ ਦੂਰ ਕਰੋ, ਕਰਤਾਰ ਦੇ ਨਾਮ ਦਾ ਸਿਮਰਨ ਕਰੋ ਅਤੇ ਆਪਣਾ ਜਨਮ ਧੰਨ ਭਾਵ ਸਫਲਾ ਕਰ ਲਵੋਂ''॥ ੨੩॥

ਸੁਨਿ ਸਤਿਗੁਰ ਉਪਦੇਸ਼ ਕੋ ਧਾਰਿ ਰਿਦੈ ਮਹਿਂ ਲੀਨ।
ਕਰ ਬੰਦੇ ਬੰਦਨ ਕਰੀ ਬੋਲਜੋ ਬਚਨ ਪ੍ਰਬੀਨ॥ ੨੪॥

ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਉਸ ਨੇ ਆਪਣੇ ਹਿਰਦੇ ਵਿਚ ਧਾਰਨ ਕਰ ਲਿਆ। ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਉੱਤਮ ਬਚਨ ਬੋਲੇ॥ ੨੪॥

ਅੜਿੱਲ- ਦਾਮ ਸਾਤ ਸੈ ਸਾਠ ਕਹੋ ਕਯਾ ਕੀਜਿਯੇ ?
ਮੂਲੈ ਕਰੀ ਪੁਕਾਰ ਕਹੈ-ਮੁਝ ਦੀਜਿਯੇ।
ਅਬ ਜਿਹ ਬਿਧਿ ਨਿਜ ਬਦਨ ਬਦਹੁ ਤਸ ਬਿਧਿ ਕਰੈਂ।
ਹੋ ਮੈਂ ਮੁਰੀਦ ਤਵ ਭਯੋ ਮਿਹਰ ਮੁਰ ਪਰ ਧਰੈਂ'॥ ੨੫॥

'ਜਿਹੜਾ ਤੁਹਾਡੇ ਸੱਤ ਸੋ ਸੱਠ ਰੁਪਏ ਮੇਰੇ ਪਾਸ ਬਕਾਏ ਦੇ ਪਏ ਹਨ, ਉਨ੍ਹਾਂ ਦਾ ਦੱਸੋ ਕੀ ਕਰੀਏ ? ਮੂਲ ਚੰਦ ਤੁਹਾਡੇ ਸਹੁਰੇ ਨੇ ਆ ਕੇ ਪੁਕਾਰ ਕੀਤੀ ਸੀ ਕਿ ਉਹ ਰੁਪਏ ਉਸ ਨੂੰ ਦੇ ਦਿੱਤੇ ਜਾਣ। ਹੁਣ ਜਿਵੇਂ ਆਪਣੇ ਨਿਜ ਮੁੱਖ ਨਾਲ ਕਹੋ, ਉਸ ਤਰ੍ਹਾਂ ਕਰੀਏ। ਹਾਂ ਮੈਂ ਤੁਹਾਡਾ ਸਿੱਖ ਹੋ ਗਿਆ ਹਾਂ, ਇਸ ਲਈ ਮੇਰੇ ਉਪਰ ਮਿਹਰ ਕਰੋ'॥ ੨੫॥

ਸੁਨੇ ਬਿਨੈ ਕੇ ਬੈਨ ਨੈਨ ਕਰੁਨਾ ਭਰੇ। ਭਵ ਸੰਭਵ ਦੁਖ ਗ੍ਰਸਤਿ ਬੰਧ ਤਿਹ ਕੇ ਹਰੇ।
ਕਹੈਂ 'ਕਹਜੋਇਕ ਬਾਰ ਦੇਨ ਧਨ ਤੋਹਿ ਤਬ। ਹੋ ਅੱਗ੍ਰਜ ਜਿਉਂ ਉਰ ਆਇ ਕਰਹੁ ਤਿਉਂ ਕਾਜ ਅਬ'॥੨੬॥

ਜਦ ਕਿਰਪਾਲੂ ਗੁਰੂ ਜੀ ਨੇ ਨਵਾਬ ਦੇ ਬੇਨਤੀ ਦੇ ਸ਼ਬਦ ਸੁਣੇ ਤਾਂ ਉਹ ਕਿਰਪਾ ਨਾਲ ਭਰ ਗਏ। ਉਨ੍ਹਾਂ ਨਵਾਬ ਦੇ ਸੰਸਾਰ ਦੇ ਪੈਦਾ ਕੀਤੇ ਹੋਏ ਬੰਧਨ ਜਿਨ੍ਹਾਂ ਵਿਚ ਉਹ ਗ੍ਰਸਿਆ ਹੋਇਆ ਸੀ, ਸਾਰੇ ਦੂਰ ਕਰ ਦਿੱਤੇ। ਕਹਿਣ ਲੱਗੇ, " ਤੈਨੂੰ ਪਹਿਲਾਂ ਵੀ ਇਕ ਵਾਰ ਧਨ ਦੇਣ ਨੂੰ ਕਿਹਾ ਹੈ। ਅੱਗੇ ਜਿਸ ਤਰ੍ਹਾਂ ਤੇਰੇ ਦਿਲ ਵਿਚ ਆਵੇ, ਉਸ ਤਰ੍ਹਾਂ ਕਾਜ ਕਰੋ'॥ ੨੬॥

ਆਨਨ ਖਾਨ ਬਖਾਨ "ਕਾਨ ਸੁਨਿ ਨਿਧਿਮਯਾ! ਅਰਧ ਦਰਬ ਸ੍ਰੀ ਚੰਦ, ਅਰਧ ਤਿਨ ਮਨ ਠਯਾ।
ਪੁਨ ਤੁਮ ਜਿਉਂ ਮਨ ਹੋਇ ਰਜਾਇ ਭਨੀਜਿਯੇ। ਹੋ ਕਰੌਂ ਕਾਜ ਮੈਂ ਸੋਇ ਦਾਸ ਲਖਿ ਲੀਜਿਯੇ॥੨੭॥

ਦੌਲਤ ਖਾਂ ਨੇ ਫਿਰ ਕਿਹਾ, "ਹੇ ਦਇਆ ਦੇ ਸਮੁੰਦਰ ਮੇਰੀ ਗੱਲ ਸੁਣੋ, ਅੱਧਾ ਧਨ ਸ੍ਰੀ ਚੰਦ ਨੂੰ ਦੇ ਦਿੰਦੇ ਹਾਂ ਤੇ ਅੱਧਾ ਧਨ ਫਕੀਰਾਂ ਵਿਚ ਵੰਡ ਦਿੰਦੇ ਹਾਂ, ਮੈਂ ਮਨ ਵਿਚ ਇਸ ਤਰ੍ਹਾਂ ਵਿਚਾਰ ਕੀਤੀ ਹੈ। ਫਿਰ ਤੁਹਾਡੀ ਜਿਵੇਂ ਮਰਜ਼ੀ ਹੋਵੇ, ਦੱਸ ਦੇਵੋ, ਮੈਂ ਉਸ ਤਰ੍ਹਾਂ ਹੀ ਕਾਰਜ ਕਰਾਂਗਾ, ਮੈਨੂੰ ਆਪਣਾ ਦਾਸ ਜਾਣ ਲਵੋ"॥ ੨੭॥

ਸ੍ਰੀ ਮੁਖ ਕਹੈਂ ਤੁਮਾਰ ਜੁ ਮਨ ਮਹਿ ਆਵਈ। ਤਿਸ ਬਿਧਿ ਕਰਿਯੇ ਆਪ, ਨ ਕੋਇ ਹਟਾਵਈ।
'ਕਹਿ ਕਰ ਮਯਾਨਿਕੇਤ ਮਸੀਤਹਿਂ ਤੇ ਚਲੇ। ਹੋ ਜਗ ਜਿਨ ਭਗਤਿ ਦਿਢਾਇ ਚਲਾਯੋ ਮਗ ਭਲੇ॥੨੮॥

ਗੁਰੂ ਜੀ ਨੇ ਕਿਹਾ, "ਜਿਸ ਤਰ੍ਹਾਂ ਵੀ ਤੇਰੇ ਮਨ ਵਿਚ ਆਉਂਦੀ ਹੈ ਉਸ ਤਰ੍ਹਾਂ ਹੀ ਕਰੋ, ਤੁਹਾਨੂੰ ਕੋਈ ਹਟਾਉਣ ਵਾਲਾ ਨਹੀਂ।" ਇਹ ਕਹਿ ਕੇ ਦਇਆ ਦੇ ਘਰ, ਮਸੀਤ ਤੋਂ ਚਲ ਪਏ। ਜਗਤ ਵਿਚ ਜਿਨ੍ਹਾਂ ਭਗਤੀ ਦਾ ਉੱਤਮ ਮਾਰਗ ਦ੍ਰਿੜ੍ਹ ਕਰਵਾ ਕੇ ਚਲਾਇਆ॥ ੨੮॥

ਨਿਸ਼ਚਾ ਭਯੋ ਨਿਬਾਬ ਨ ਪੁਨਿ ਮਨ ਡੋਲਿਯਾ। ਉਰ ਸੁਖ ਪਾਇ ਅਮੋਲ, ਬਿਸਾਲ ਨ ਬੋਲਿਯਾ।
ਮਨੁਜ ਪਰਸਪਰ ਭਨਤਿ ਭਯੋ ਬਿਰਤਾਂਤ ਜੋ। "ਹੋ ਅੰਤਰਜਾਮੀ ਅਹੈ, ਬਤਾਈ ਬਾਤ ਜੋ"॥੨੯॥

ਨਵਾਬ ਦੀ ਗੁਰੂ ਜੀ ਉਤੇ ਪੂਰੀ ਨਿਸ਼ਚਾ ਹੋ ਗਈ ਅਤੇ ਉਹ ਫਿਰ ਕਦੀ ਨਾ ਡੋਲਿਆ। ਹਿਰਦੇ ਵਿਚ ਅਮੋਲਕ ਤੇ ਵਿਸ਼ਾਲ ਸੁਖ ਪਾ ਕੇ ਫਿਰ ਨਾ ਬੋਲਿਆ। ਉਹ ਮਨੁੱਖ ਜਿਹੜੇ ਲਗਾਤਾਰ ਬ੍ਰਿਤਾਂਤ ਸੁਣ ਰਹੇ ਸਨ, ਕਹਿਣ ਲੱਗੇ, ਇਹ ਤਾਂ ਅੰਤਰਜਾਮੀ ਹਨ, ਜਿਨ੍ਹਾਂ ਅੰਦਰ ਦੀ ਸਾਰੀ ਗੱਲ ਦੱਸ ਦਿੱਤੀ॥ ੨੯॥

ਦੋਹਰਾ- ਸੁਨਿ ਨਿੱਧਾ ਦਿਜਬਰ ਸਕਲ ਧਾਵਾ ਸੁਧਿ ਕੇ ਹੇਤ।
ਦੁਖਿਤਿ ਸਰਬ ਪਰਵਾਰਜ ਜੋ ਬੈਸੇ ਹੁਤੇ ਨਿਕੇਤ॥ ੩੦॥

ਨਿਧਾ ਬ੍ਰਾਹਮਣ ਸੁਣ ਕੇ ਸਾਰੀ ਗੱਲ ਜੈ ਰਾਮ ਨੂੰ ਦੱਸਣ ਵਾਸਤੇ ਉਹ ਘਰ ਵਲ ਭੱਜ ਉਠਿਆ, ਜਿਥੇ ਸਾਰਾ ਪਰਿਵਾਰ ਦੁਖੀ ਬੈਠਾ ਸੀ॥ ੩੦॥

ਅੜਿਲ-ਕਹਜੋ ਆਨ 'ਜਜਮਾਨ ਵਧਾਇਯੋਂ ਸੁਖ ਭਯੋ।
ਉਰ ਹਰਖਹੁ, ਹਰਿ ਭਰਮ, ਸੁਜਸੁ ਜਗ ਮਹਿਂ ਛਯੋ'।
ਸੁਨਤਿ ਸ੍ਰੋਨ ਪੁਟ ਸੰਗਿ ਸੋਮ ਪੀ ਕਰਿ ਜਬੈ।
ਹੋ ਪਜਾਸ ਨ ਬੁਝੀ ਜਰਾਮ ਬਹੁਰ ਬੂਝਜੋ ਤਬੈ॥ ੩੧॥

ਨਿਧਾ ਬ੍ਰਾਹਮਣ ਨੇ ਆ ਕੇ ਕਿਹਾ, ''ਹੇ ਜਜਮਾਨ ! ਉਨ੍ਹਾਂ ਨੇ ਬਹੁਤ ਸੁਖ ਵਧਾਇਆ ਹੈ, ਦਿਲ ਵਿਚ ਖ਼ੁਸ਼ ਹੋਵੋ, ਸਾਰੇ ਭਰਮ ਛੱਡੋ, ਉਸ ਦਾ ਜੱਸ ਸਾਰੇ ਜੱਗ ਵਿਚ ਛਾ ਗਿਆ ਹੈ।'' ਇਹ ਗੱਲ ਸੁਣ ਕੇ ਜੈ ਰਾਮ ਦੀ ਆਪਣੇ ਕੰਨਾਂ ਦੇ ਡੂਨਿਆਂ ਨਾਲ ਅੰਮ੍ਰਿਤ ਪੀ ਕੇ ਪਿਆਸ ਨਾ ਬੁਝੀ ਤੇ ਉਨ੍ਹਾਂ ਪੁਛਿਆ॥ ੩੧॥

ਭਨਹੁ ਬਿੱਪ੍ਰ ਬਰ ! ਸਕਲ ਭਯੋ ਬਿਰਤਾਂਤ ਜਿਉਂ। ਨਾਨਕ ਬਹੁਰ ਨਿਬਾਬ ਨਿਬੇਰ ਸੁਨਾਉ ਤਿਉਂ।
ਕਹਿ ਨਿੱਧਾ 'ਮੈਂ ਸੁਨੀ, ਠਾਂਢ ਨਾਨਕ ਰਹੇ। ਹੋ ਕਰੀ ਨਿਬਾਬ ਨਿਵਾਜ ਬਹੁਤ ਨੁਤਿ ਪੁਨਿ ਕਹੇ॥੩੨॥

ਹੇ ਸ੍ਰੇਸ਼ਟ ਬ੍ਰਾਹਮਣ ! ਕਹੋ, ਸਾਰਾ ਵੇਰਵਾ ਸਾਨੂੰ ਸੁਣਾਓ ! ਸ੍ਰੀ ਨਾਨਕ ਤੇ ਨਵਾਬ ਦਾ ਫਿਰ ਨਿਬੇੜਾ ਕਿਸ ਤਰ੍ਹਾਂ ਹੋਇਆ? ਨਿਧਾ ਨੇ ਕਿਹਾ, ''ਮੈਂ ਸੁਣਿਆ ਹੈ ਸ੍ਰੀ ਨਾਨਕ ਖੜੇ ਰਹੇ। ਨਵਾਬ ਨੇ ਨਿਮਾਜ਼ ਪੜ੍ਹਨ ਤੋਂ ਬਾਅਦ ਉਨ੍ਹਾਂ ਦੀ ਬਹੁਤ ਉਸਤਤਿ ਕੀਤੀ॥ ੩੨॥

ਅੰਤਰਿ ਨਹੀਂ ਮਸੀਤਿ ਸੁ ਬਾਹਰ ਮੈਂ ਸੁਨੀ'। ਹਰਖ ਬ੍ਰਿੱਖ ਉਰ ਬਧਤਿ ਨਾਨਕੀ ਪੁਨ ਭਨੀ।
ਦਿਜਬਰ ! ਭ੍ਰਾਤਾ ਕਹਾਂ ਆਪ ਤਜਿ ਕਰਿ ਅਏ? ਹੋ ਹੇਰਜੋਂ ਕੈਧੋਂ ਨਾਂਹਿ, ਬਹੁਰ ਕਿਹ ਦਿਸ਼ਿ ਗਏ॥੩੩॥

ਮੈਂ ਮਸੀਤ ਦੇ ਅੰਦਰ ਨਹੀਂ ਸੀ ਜਾ ਸਕਿਆ, ਬਾਹਰ ਹੀ ਸੁਣਿਆ, ਜਦ ਬੇਬੇ ਨਾਨਕੀ ਦੇ ਹਿਰਦੇ ਵਿਚ ਖੁਸ਼ੀ ਦਾ ਬੂਟਾ ਵਧਿਆ ਤਾਂ ਉਸ ਨੇ ਕਿਹਾ, ''ਹੇ ਬ੍ਰਾਹਮਣ ! ਮੇਰੇ ਭਰਾ ਨੂੰ ਹੁਣ ਕਿਥੇ ਛੱਡ ਕੇ ਆਏ ਹੋ, ਤੂੰ ਬਾਅਦ ਵਿਚ ਵੇਖਿਆ ਨਹੀਂ ਕਿ ਫਿਰ ਉਹ ਕਿਸ ਪਾਸੇ ਗਏ ਹਨ॥ ੩੩॥

'ਹੌਂ ਨਹਿਂ ਹੇਰੇ ਤਹਾਂ, ਦੇਨਿ ਦ੍ਰੂਤ ਸੁਧ ਅਯੋ'। ਸੁਨਤਿ ਸ੍ਰਵਨ ਜੈਰਾਮ ਰੋਸ ਤਿਹ ਪਰ ਕਯੋ।
'ਮਿਲਯੋ ਖੋਜਿ ਕਰਿ ਕਿਉਂ ਨ ਕੁਸ਼ਲ ਤਿਨਤੇ ਲਈ। ਹੋ ਆਯੋ ਸੁਧ ਬਿਨ ਲਏ, ਬਾਤ ਭਲ ਨਹਿਂ ਕਈ' ॥੩੪॥

ਮੈਂ ਓਥੇ ਨਹੀਂ ਵੇਖੇ, ਕਿਉਂਕਿ ਆਪ ਨੂੰ ਖ਼ਬਰ ਦੇਣ ਵਾਸਤੇ ਮੈਂ ਓਥੋਂ ਦੋੜ ਪਿਆ ਸੀ। ਜੈ ਰਾਮ ਨੇ ਜਦ ਬ੍ਰਾਹਮਣ ਦੀ ਇਹ ਗੱਲ ਸੁਣੀ ਤਾਂ ਬੜੇ ਗੁੱਸੇ ਵਿਚ ਆਏ। ਉਨ੍ਹਾਂ ਨੂੰ ਲੱਭ ਕੇ ਮਿਲਿਆ ਕਿਉਂ ਨਹੀਂ ਤੇ ਉਨ੍ਹਾਂ ਦੀ ਸੁਖਸਾਂਦ ਕਿਉਂ ਨਹੀਂ ਪੁੱਛੀ। ਤੂੰ ਉਨ੍ਹਾਂ ਦੀ ਖ਼ਬਰ ਸਾਰ ਲਏ ਬਿਨਾਂ ਆ ਗਿਆ ਹੈਂ, ਇਹ ਤੂੰ ਚੰਗਾ ਨਹੀਂ ਕੀਤਾ॥ ੩੪॥

ਭਨਤਿ ਨਾਨਕੀ ਬਚਨ 'ਚਿੰਤ ਚਿਤ ਤੇ ਤਜੋ। ਧਰਹੁ ਪ੍ਰੀਤ ਪਰਤੀਤ ਨ ਸੰਸੈ ਹਤਿ ਅਜੋ?
ਉਠਹੁ ਅਸਨ ਮੁਖ ਅਚਹੁ ਬਹੁਤ ਚਿਰ ਕੋ ਧਰਜੋ। ਹੋ ਆਵਹਿਗੇ ਸੁਖ ਸੰਗ, ਭ੍ਰਾਤ ਹਰਿ ਅਵਤਰਜੋ' ॥੩੫॥

ਬੇਬੇ ਨਾਨਕੀ ਕਹਿਣ ਲੱਗੀ, ''ਚਿਤ ਦੀ ਚਿੰਤਾ ਛੱਡੋ, ਪ੍ਰੇਮ ਨਾਲ ਪ੍ਰਤੀਤ ਕਰੋ, ਅਜੇ ਵੀ ਤੁਹਾਡਾ ਸਾਰਾ ਸੰਸਾ ਦੂਰ ਨਹੀਂ ਹੋਇਆ। ਉਠੋ ਤੇ ਖਾਣਾ ਛਕੋ, ਕਾਫੀ ਸਮੇਂ ਤੋਂ ਖਾਧਾ ਨਹੀਂ ਹੈ। ਉਹ ਸੁਖ ਸੰਗ ਆਉਣਗੇ, ਮੇਰੇ ਭਰਾ ਪ੍ਰਭੂ ਦਾ ਅਵਤਾਰ ਹਨ'' ॥ ੩੫॥

ਇਹ ਬਿਧਿ ਬਦਨਹ ਬਦਤਿ ਸਦਨ ਪਰ ਦੰਪਤੰ। ਨੀਚੇ ਤੁਲਸਾਂ ਹੁਤੀ ਨਿਰਖਿ ਜਗ ਬੰਦਤੰ।
''ਬਧੂ ਭ੍ਰਾਤ ਜੀ ਅਏ ਬਦਨ ਅਰਬਿੰਦਿਆ। ਹੋ ਆਨੰਦ ਕੰਦ ਮੁਕੰਦ ਕਦਨ ਦੁਖ ਦੁੰਦਿਆ'' ॥੩੬॥

ਜਦ ਇਸਤਰੀ ਪਤੀ ਇਸ ਤਰ੍ਹਾਂ ਘਰ ਵਿਚ ਗੱਲਾਂ ਕਰ ਰਹੇ ਸਨ ਤਾਂ ਤੁਲਸਾਂ ਦਾਸੀ ਹੇਠਾਂ ਜਗਤ ਦੇ ਬੰਦਨ ਜੋਗ ਨੂੰ ਵੇਖ ਰਹੀ ਸੀ। ਉਸ ਝਟ ਆ ਕੇ ਦੱਸਿਆ, ''ਮਾਲਕਣ ! ਕਮਲ ਮੁਖ ਵਾਲੇ ਆਨੰਦ ਸਰੂਪ, ਮੁਕਤੀ ਦਾਤੇ ਅਤੇ ਸਾਰੇ ਦੁੱਖਾਂ ਦੇ ਨਾਸ਼ਕ, ਭਰਾ ਜੀ ਆਏ ਹਨ'' ॥ ੩੬॥

**ਸੁਨਤਿ ਨਾਮ ਜੈ ਰਾਮ ਅਮੀ ਆਮੀ ਪਿਯੋ। ਅੰਗ ਨ ਮੇਵਹਿ ਛੋਭ ਉਠਯੋ ਨਿਰਖਤਿ ਭਯੋ।**
**ਕੁੰਦ ਰਦਨ ਤਿਨ ਸਦਨ ਕਦਨ ਦੁਖ ਆਇਆ। ਹੋ ਨਿਰਖ ਹਰਖ ਉਰ ਸਰਸ ਬਿਸੂਰ ਨਸਾਇਆ ॥੩੭॥**

ਗੁਰੂ ਨਾਨਕ ਜੀ ਦਾ ਨਾਂ ਸੁਣ ਕੇ ਜੈ ਰਾਮ ਰੂਪੀ ਰੋਗੀ ਨੇ ਮਾਨੋ ਅੰਮ੍ਰਿਤ ਪੀਤਾ ਹੋਵੇ। ਅੰਗ ਸਮਾਉਂਦੇ ਨਹੀਂ ਸਨ, ਵੇਖ ਕੇ ਪਿਆਰ ਦਾ ਵਲਵਲਾ ਉਠਿਆ। ਮਰਤਬਾਨ ਦੇ ਫੁੱਲਾਂ ਵਰਗੇ ਦੰਦਾਂ ਵਾਲੇ, ਸਾਰੇ ਦੁਖਾਂ ਦੇ ਨਾਸ਼ਕ ਘਰ ਆਏ। ਉਸ ਨੂੰ ਵੇਖਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਸਭ ਝੋਰੇ ਝੰਝਟ ਨੱਸ ਗਏ॥ ੩੭॥

ਦੋਹਰਾ- ਅਰਬਿੰਦ ਬਦਨ ਬਿਲੋਕਕੈ ਦੰਪਤਿ ਬੰਦਨ ਕੀਨਿ।
ਚਿੰਤਾ ਚਿਤ ਤੇ ਖੀਨ ਹ੍ਵੈ, ਆਨੰਦ ਮਹਿਂ ਭੇ ਪੀਨ॥ ੩੮॥

ਕਮਲ ਮੁੱਖ ਨੂੰ ਵੇਖ ਕੇ ਦੰਪਤੀ ਨੇ ਬੰਦਨਾ ਕੀਤੀ। ਚਿੰਤਾ ਚਿਤ ਤੋਂ ਦੂਰ ਹੋਈ ਤੇ ਅਨੰਦਮਈ ਹੋ ਕੇ ਤਕੜੇ ਹੋ ਗਏ॥ ੩੮॥

ਨਰਾਜ ਛੰਦ- ਜਰਾਮ ਔਰ ਨਾਨਕੀ ਬਸਾਇ ਭੂਰ ਸਾਦਰਾ।
'ਮਸੀਤ ਆਪ ਜਾਇ ਜਥੋਂ ਕਰੀ, ਕਹੋ ਮਯਾਕਰਾ!
ਸਚਿੰਤ ਚੀਤ ਹ੍ਵੈ ਰਹੇ, ਨ ਭੇਵ ਕੋਇ ਜਾਨਿਯਾ।
ਪ੍ਰਮਾਨ ਨਿੰਦ ਆਨਨੰ ਭਨੈਂ, ਸੁਨੇ ਭੁਲਾਨਿਯਾ॥ ੩੯॥

ਜੈ ਰਾਮ ਅਤੇ ਬੇਬੇ ਨਾਨਕੀ ਨੇ ਫਿਰ ਬੜੇ ਆਦਰ ਨਾਲ ਬਿਠਾਏ ਅਤੇ ਕਿਹਾ, "ਮਸੀਤ ਵਿਚ ਜਾ ਕੇ ਆਪ ਜੀ ਨੇ ਜਿਵੇਂ ਕੀਤਾ, ਹੇ ਭਰਾਤਾ ਜੀ ਉਸ ਬਾਰੇ ਦੱਸੋ। ਸਚਿੰਤ ਚਿਤ ਹੋਏ ਰਹੇ ਹਾਂ ਅਤੇ ਕੋਈ ਭੇਦ ਨਾ ਜਾਣਿਆ ਹੈ। ਲੋਕ ਆਪਣੇ ਮੂੰਹਾਂ ਨਾਲ ਨਿੰਦਿਆ ਕਰਦੇ ਸਨ, ਪਰ ਅਸੀ ਸੁਣ ਕੇ ਭੁਲਾ ਦਿੱਤਾ"॥ ੩੯॥

**ਗੁਰੂ ਭਨੰਤਿ "ਬੀਤਗੀ ਜੁ ਤਾਂਹਿ ਕਹਾ ਵਿਚਾਰ ਹੈ। ਸਮੀਪ ਜੇ ਪ੍ਰਮਾਨ ਥੇ ਸੁਨੇਹੁ ਸੋ ਉਚਾਰਿ ਹੈਂ"।**
**ਜਰਾਮ ਹਾਥ ਬੰਦ ਦੋ ਬੁਝੰਤਿ ਬਾਰ ਬਾਰ ਹੀ।' 'ਮਸੀਤ ਮੈਂ ਬਿਤੀਤਿ ਜਥੋਂ ਸੁਨਾਇਯੇ ਉਚਾਰਿਹੀ ॥੪੦॥**

ਗੁਰੂ ਜੀ ਨੇ ਕਿਹਾ, "ਜੋ ਬੀਤ ਗਈ ਹੈ, ਉਸ ਉਤੇ ਹੁਣ ਕੀ ਵਿਚਾਰ ਕਰਨੀ ਹੈ। ਜਿਹੜੇ ਨੇੜੇ ਮਨੁੱਖ ਸਨ ਉਹ ਬੜੇ ਪਿਆਰ ਨਾਲ ਉਚਾਰਨ ਕਰਦੇ ਹਨ।" ਜੈ ਰਾਮ ਦੋਵੇਂ ਹੱਥ ਜੋੜ ਕੇ ਬਾਰ ਬਾਰ ਪੁਛਦੇ ਹਨ ਮਸੀਤ ਵਿਚ ਜੋ ਬੀਤੀ ਸਾਨੂੰ ਉਚਾਰਨ ਕਰਕੇ ਸੁਣਾਓ॥ ੪੦॥

**ਬੁਝੇਯ ਆਨ ਕੋ ਹਮੈਂ, ਬਿਨਾ ਸੁਨੇ ਕਿ ਭਾਖਹੀਂ। ਤੁਮਾਰ ਤੁੰਡ ਜੋ ਸੁਨੈਂ ਸੁ ਸਾਚ ਬੱਛ ਲਾਖਹੀਂ।**
**ਭਈ ਜੁ ਆਦਿ ਅੰਤ ਲੌ ਬਖਾਨਿ ਆਪ ਕੀਜਿਯੇ। ਸਭੈ ਸੁਨਾਇ ਬਾਤ ਕੋ ਅਨੰਦ ਮੋਹਿ ਦੀਜਿਯੇ ॥੪੧॥**

ਜੇ ਸਾਨੂੰ ਕੋਈ ਹੋਰ ਆ ਕੇ ਪੁੱਛੇ, ਤਾਂ ਸੁਣੇ ਬਗੈਰ ਅਸੀ ਉਸ ਨੂੰ ਕੀ ਦੱਸ ਸਕਦੇ ਹਾਂ, ਜੋ ਕੁਝ ਤੁਹਾਡੇ ਮੁੱਖ ਤੋਂ ਸੁਣਾਂਗੇ ਉਸ ਨੂੰ ਸੱਚਾ ਅਤੇ ਪਿਆਰਾ ਜਾਣਾਂਗੇ। ਜਿਹੜੀ ਸ਼ੁਰੂ ਤੋਂ ਅੰਤ ਤਕ ਵਾਪਰੀ ਉਸ ਦਾ ਸਾਰਾ ਹਾਲ ਬਿਆਨ ਕਰੋ। ਸਾਰੀ ਗੱਲ ਸੁਣਾ ਕੇ ਸਾਨੂੰ ਅਨੰਦਿਤ ਕਰੋ"॥ ੪੧॥

ਅੜਿੱਲ- ਦੇਖਿ ਦੀਨਤਾ ਦਯਾਲ ਬਦਨ ਸਭਿ ਬਿਧਿ ਕਹੀ।
ਜਿਉਂ ਹੋਯੋ ਬਿਰਤਾਂਤ ਖਾਨ ਕਾਜ਼ੀ ਸਹੀ।
'ਮਨਮੁਖ ਮੂਢ ਅਜਾਨ ਨ ਮਨ ਥਿਰ ਕਰਤਿ ਹੈਂ।
ਹੋ ਬਾਹਿਰ ਬੇਖ ਸਰੀਰ ਬੰਦਗੀ ਧਰਤਿ ਹੈਂ॥ ੪੨॥

ਆਪਣੇ ਭੈਣ ਜੀ ਅਤੇ ਜੀਜਾ ਜੀ ਵਿਚ ਏਨੀ ਅਧੀਰਤਾ ਵੇਖ ਕੇ ਦਿਆਲੂ ਮੁੱਖ ਨੇ ਸਾਰੀ ਗੱਲ ਸੁਣਾ ਦਿੱਤੀ। ਜਿਵੇਂ

ਜਿਵੇਂ ਦੌਲਤ ਖਾਂ ਅਤੇ ਕਾਜ਼ੀ ਨਾਲ ਬ੍ਰਿਤਾਂਤ ਹੋਇਆ ਸੀ। "ਮਨਮੁਖ ਮੂਰਖ ਅਤੇ ਅਣਜਾਣ ਮਨ ਸਥਿਰ ਨਹੀਂ ਕਰਦੇ ਹਨ। ਬਾਹਰੀ ਭੇਸ ਧਾਰ ਕੇ ਬੰਦਗੀ ਧਾਰਨ ਕਰਦੇ ਹਨ॥ ੪੨ ॥

ਗਰਬ ਕਰਹਿਂ ਨਿਜ ਰਿਦੇ-ਖੁਦਾਇ ਕਿ ਯਾਦ ਹੈ। ਛੂਛੇ ਪ੍ਰੇਮ ਬਿਹੀਨ ਬੇਖ ਸਭਿ ਬਾਦ ਹੈ।
ਬਿਸ਼ੈ ਮੋਹ ਮਹਿਂ ਫਸੇ, ਸਦਾ ਮਨ ਤਹਿਂ ਬਸੈ। ਹੋ ਉਰਝੇ ਸ੍ਵਾਦਨ ਬਾਦ ਪ੍ਰਭੂ ਰਸ ਕਿਉਂ ਰਸੈ॥੪੩॥

ਖੁਦ ਘੁਮੰਡ ਕਰਦੇ ਹਨ ਕਿ ਉਨ੍ਹਾਂ ਦੇ ਹਿਰਦੇ ਵਿਚ ਖੁਦਾ ਦੀ ਯਾਦ ਵੱਸਦੀ ਹੈ। ਪ੍ਰਭੂ ਪ੍ਰੇਮ ਬਗੈਰ ਸਾਰੇ ਭੇਸ ਫਜ਼ੂਲ ਹਨ। ਵਿਸ਼ਿਆਂ ਅਤੇ ਮੋਹ ਵਿਚ ਫਸੇ ਹਨ, ਸਦਾ ਮਨ ਇਨ੍ਹਾਂ ਵਿਚ ਹੀ ਵੱਸਦਾ ਹੈ। ਜਿਹੜੇ ਵਿਅਰਥ ਸੁਆਦਾਂ ਵਿਚ ਫਸੇ ਹੋਏ ਹਨ, ਉਹ ਪ੍ਰਭੂ ਰਸ ਦੇ ਕਿਵੇਂ ਰਸੀਏ ਹੋ ਸਕਦੇ ਹਨ॥ ੪੩ ॥

ਜਹਿਂ ਤਹਿਂ ਮਨ ਤਿਨ ਹੁਤੇ ਬਤਾਯੋ ਸਭਿ ਸਹੀ। ਕਰਤਿ ਜਗਤ ਕੇ ਧੰਧ ਸਥਿਰ ਇਕ ਛਿਨ ਨਹੀਂ।
ਸੁਨਿ ਕਰਿ ਨਿਮ੍ਰਯੋ ਨਰੇਸ਼ ਸੁ ਨਿਸ਼ਚਾ ਪਾਇਕੈ। ਹੋ ਬਖਸ਼ਹੁ ਭੂਲ ਜੁ ਭਨਯੋ ਦਯਾ ਮਨ ਲਾਇਕੈ॥੪੪॥

ਜੋ ਕੁਝ ਉਨ੍ਹਾਂ ਦੇ ਮਨਾਂ ਵਿਚ ਸੀ ਸਭ ਕੁਝ ਠੀਕ ਠੀਕ ਦੱਸਿਆ। ਜਗਤ ਦੇ ਧੰਦੇ ਕਰਦੇ ਹਨ, ਪਰ ਮਨ ਇਕ ਪਲ ਵੀ ਸਥਿਰ ਨਹੀਂ ਰਹਿੰਦਾ। ਇਹ ਸੁਣ ਕੇ ਨਵਾਬ ਨਿਸ਼ਚਾ ਪਾ ਕੇ ਨਿਉਂ ਗਿਆ। ਮੈਂ ਮਨ ਵਿਚ ਦਇਆ ਲਿਆ ਕੇ ਉਸ ਨੂੰ ਬਖਸ਼ ਦਿੱਤਾ॥ ੪੪ ॥

ਬਹੁਰ ਦਰਬ ਕੀ ਬਾਤ ਨਿਬਾਬ ਬਖਾਨਿਆ।- ਅਰਧ ਦੇਨ ਸ੍ਰੀ ਚੰਦ, ਅਰਧ ਹਿਤ ਦਾਨਿਯਾ-।
ਕਹਿ ਕਰਿ ਗਮਨ੍ਯੋ ਸਦਨ ਬੰਦਨਾ ਠਾਨਿ ਸੋ। ਹੋ ਹਮ ਆਏ ਤੁਮ ਨਿਕਟਿ ਭਈ ਇਵ ਜਾਨਿ ਸੋ॥੪੫॥

ਬਾਅਦ ਵਿਚ ਨਵਾਬ ਨੇ ਧਨ ਦੀ ਗੱਲ ਕੀਤੀ, ਅੱਧਾ ਸ੍ਰੀ ਚੰਦ ਨੂੰ ਦੇਣ ਬਾਰੇ ਕਿਹਾ ਤੇ ਅੱਧਾ ਮੰਗਤਿਆਂ ਵਿਚ ਵੰਡਣ ਦਾ ਵਚਨ ਕੀਤਾ। ਇਹ ਕਹਿ ਕੇ ਨਮਸਕਾਰ ਕਰਕੇ ਉਹ ਆਪਣੇ ਘਰ ਨੂੰ ਚਲਾ ਗਿਆ ਤੇ ਮੈਂ ਤੁਹਾਡੇ ਪਾਸ ਆ ਗਿਆ ਹਾਂ, ਇਹ ਤੁਸੀਂ ਜਾਣਦੇ ਹੀ ਹੋ॥ ੪੫ ॥

ਜੀਜਾ ਜੀ ਇਉਂ ਕਰੀਂ, ਭਲੀ ਕੈਧੋਂ ਬੁਰੀ। ਚਤੁਰ ਬਰਨ ਕੀ ਭੀਰ ਹੁਤੀ ਤਹਿਂ ਬਹੁ ਜੁਰੀ।
ਸਭਿਨਿ ਸੁਨੇ ਇਹੀ ਵਾਕ ਹਸੀ ਅਤਿਸ਼ੈ ਭਈ"। ਹੋ ਸੁਨਿ ਇਵ ਸ੍ਰਵਨ ਜਰਾਮ ਚਿੰਤ ਚਿਤ ਦੂਰ ਗਈ॥੪੬॥

ਜੀਜਾ ਜੀ ਮੈਂ ਇਸ ਤਰ੍ਹਾਂ ਕੀਤੀ ਭਲੀ ਹੈ ਕਿ ਬੁਰੀ। ਉਥੇ ਚਾਰ ਵਰਨਾਂ ਦੇ ਲੋਕਾਂ ਦੀ ਬਹੁਤ ਵੱਡੀ ਭੀੜ ਜੁੜੀ ਹੋਈ ਸੀ। ਉਨ੍ਹਾਂ ਸਾਰਿਆਂ ਨੇ ਇਹ ਵਾਕ ਸੁਣੇ ਤੇ ਬਹੁਤ ਹਾਸਾ ਮੱਚਿਆ।" ਇਸ ਤਰ੍ਹਾਂ ਸੁਣ ਕੇ ਜੈ ਰਾਮ ਦੇ ਚਿਤ ਦੀ ਚਿੰਤਾ ਦੂਰ ਹੋਈ॥ ੪੬ ॥

ਨਰਾਜ ਛੰਦ- ਜਰਾਮ ਜੋਰਿ ਹਾਥ ਬੈਨ ਆਨੰਨ ਬਖਾਨ ਹੈ।
'ਭਲੀ ਸਦੀਵ ਆਪ ਕ੍ਰਿਤ, ਕੋ ਬੁਰੀ ਸੁ ਮਾਨ ਹੈ।
ਮਯੰਕ ਮਾਰਤੰਡ ਜਯੋਂ ਪ੍ਰਮਾਨਨੰ ਅਨੰਦਦਾ।
ਧਰਾਵਤਰ ਆਪ ਤੈਸ ਮੋਖ ਦਾਨ ਦਾਸ ਦਾ॥ ੪੭॥

ਜੈ ਰਾਮ ਹੱਥ ਜੋੜ ਕੇ ਮੁੱਖ ਤੋਂ ਬਚਨ ਅਲਾਪਦਾ ਹੈ, "ਸਦਾ ਹੀ ਆਪ ਭਲੀ ਕ੍ਰਿਤ ਕਰਦੇ ਹੋ, ਬੁਰਾ ਇਸ ਨੂੰ ਕੌਣ ਮੰਨ ਸਕਦਾ ਹੈ। ਚੰਦਰਮਾਂ ਸੂਰਜ ਜੈਸੇ ਮਨੁੱਖਾਂ ਦੇ ਅਨੰਦ ਦਾਤੇ ਹਨ। ਦਾਸਾਂ ਨੂੰ ਮੋਖ ਦਾਨ ਦੇਣ ਦਾ ਆਪ ਨੇ ਅਵਤਾਰ ਧਾਰਿਆ ਹੈ" ॥ ੪੭॥

ਦੋਹਰਾ- 'ਭਨਤਿ ਨਾਨਕੀ ਬੈਨ ਪੁਨਿ 'ਆਇ ਕਿ ਨ ਪਰਤੀਤਿ?
ਅਬ ਲੌ ਕਿਧੌਂ ਸੰਦੇਹ ਉਰ, ਕਰਹੁ ਨ ਅਸਥਿਰ ਚੀਤ!॥ ੪੮ ॥

ਫਿਰ ਬੇਬੇ ਨਾਨਕੀ ਜੀ ਬਚਨ ਕਰਦੇ ਹਨ, "ਹੁਣ ਪਰਤੀਤ ਆਈ ਹੈ ਕਿ ਨਹੀਂ? ਹੁਣ ਕਦੇ ਵੀ ਹਿਰਦੇ ਵਿਚ ਸੰਸਾ ਨਹੀਂ ਕਰਨਾ ਅਤੇ ਕਦੀ ਵੀ ਚਿਤ ਨੂੰ ਅਸਥਿਰ ਨਹੀਂ ਕਰਨਾ॥ ੪੮॥

ਉਠਹੁ ਰਸੋਈ ਜੇਵੀਂਏ ਭਰਮ ਨ ਭੂਲ ਕਰੇਹੁ।
ਕ੍ਰਿਪਾਸਿੰਧੁ ਨਾਨਕ ਨਿਕਟਿ ਚਿਤ ਚਿੰਤਾ ਤਜਿ ਦੇਹੁ॥ ੪੯॥

ਉਠੋ ਤੇ ਖਾਣਾ ਖਾਓ, ਹੁਣ ਕਦੇ ਭਰਮ ਭੁੱਲ ਕੇ ਵੀ ਨਹੀਂ ਕਰਨਾ ਹੈ। ਕਿਰਪਾ ਦੇ ਸਾਗਰ ਨਾਨਕ ਦੇ ਨੇੜੇ ਚਿਤ ਦੀਆਂ ਸਾਰੀਆਂ ਚਿੰਤਾਵਾਂ ਛੱਡ ਦੇਵੋ"॥ ੪੯॥

ਅੜਿੱਲ-"ਸ੍ਰੀ ਨਾਨਕ ਜੀ ਧੰਨ! ਅਮਰ ਗਨ ਮੰਨਿ ਹੈਂ।
ਤੂੰ ਭਗਨੀ ਤਿਨ ਕੇਰਿ, ਅਧਿਕ ਮਤ, ਧੰਨ ਹੈਂ।
ਹੌਂ ਭੀ ਕਛੂਅਕ ਧੰਨ ਅਪਨ ਉਰਮਹਿਂ ਲਖੌਂ।
ਹੋ ਜਗ ਪ੍ਰਸੰਗ ਮਮ ਤੋਰ ਭਯੋ ਅਸ ਬਿਧਿ ਪਿਖੌਂ॥ ੫੦॥

ਭਾਈ ਜੈ ਰਾਮ ਕਹਿੰਦੇ ਹਨ, "ਸ੍ਰੀ ਨਾਨਕ ਜੀ ਧੰਨ ਹਨ, ਸਾਰੇ ਦੇਵਤੇ ਇਨ੍ਹਾਂ ਦੀ ਈਨ ਮੰਨਦੇ ਹਨ। ਤੂੰ ਉਨ੍ਹਾਂ ਦੀ ਭੈਣ ਹੈਂ, ਤੇਰੀ ਮੱਤ ਵੱਧ ਹੈ ਅਤੇ ਤੂੰ ਵੀ ਧੰਨ ਹੈਂ। ਮੈਂ ਵੀ ਆਪਣੇ ਹਿਰਦੇ ਵਿਚ ਕੁਛ ਹੱਦ ਤਕ ਆਪਣੇ ਆਪ ਨੂੰ ਧੰਨ ਸਮਝਦਾ ਹਾਂ। ਇਸ ਜਗਤ ਵਿਚ ਜਿਹੜਾ ਤੇਰਾ ਮੇਰਾ ਸੰਬੰਧ ਹੈ, ਉਸ ਨੂੰ ਇਸ ਤਰ੍ਹਾਂ ਵੇਖਦਾ ਹਾਂ"॥ ੫੦॥

ਦੋਹਰਾ- ਸ੍ਰੀ ਬਾਲਾ ਸੰਧੂ ਭਨਤਿ ਸ੍ਰੀ ਅੰਗਦ ਸੁਖਰਾਸ!
ਆਗੈ ਅਮੀ ਪਟੰਤਰੰ ਔਰ ਸੁਨਹੁ ਇਤਿਹਾਸ॥ ੫੧॥

ਸ੍ਰੀ ਬਾਲਾ ਸੰਧੂ ਕਹਿੰਦੇ ਹਨ, "ਹੇ ਸ੍ਰੀ ਗੁਰੂ ਅੰਗਦ ਦੇਵ ਜੀ ਸੁਖਾਂ ਦੀ ਰਾਸ! ਅੱਗੇ ਅੰਮ੍ਰਿਤ ਤੁਲ ਗੁਰੂ ਜੀ ਦਾ ਇਤਿਹਾਸ ਸੁਣੋ॥ ੫੧॥

ਅੜਿੱਲ-ਬਾਰ ਬਾਰ ਕਹਿ ਬਹੁਰ ਸੰਗ ਨਾਨਕ ਲਿਯੇ।
ਉਠੇ ਅਚਨ ਬਰ ਅਸਨ ਜਰਾਮਹਿ ਸੁਖ ਭਏ।
ਮੁਝ ਕੋ ਲੀਨੋ ਸੰਗ ਸੁ ਭੋਜਨ ਖਾਨਿ ਕੇ।
ਹੋ ਗਏ ਰਸੋਈ ਥਾਨ ਮੁਦਿਤ ਮਨ ਮਾਨਿ ਕੇ॥ ੫੨॥

ਭਾਈ ਜੈ ਰਾਮ ਨੇ ਬਾਰ ਬਾਰ ਕਹਿ ਕੇ ਗੁਰੂ ਨਾਨਕ ਜੀ ਨੂੰ ਆਪਣੇ ਨਾਲ ਲਿਆ। ਗੁਰੂ ਜੀ ਬੜੇ ਖੁਸ਼ ਹੋ ਕੇ ਉਠੇ ਤੇ ਉਨ੍ਹਾਂ ਨੂੰ ਸੁੱਖ ਦਿੱਤਾ। ਮੈਨੂੰ (ਭਾਵ ਭਾਈ ਬਾਲੇ ਨੂੰ) ਵੀ ਭੋਜਨ ਖਾਣ ਲਈ ਨਾਲ ਲੈ ਲਿਆ। ਉਹ ਰਸੋਈ ਵਾਲੀ ਥਾਂ ਬੜੇ ਖੁਸ਼ ਹੋ ਕੇ ਗਏ॥ ੫੨॥

ਓਦਨ ਸਰਪੀ ਸਿਤਾ ਪਹਿਤ ਅਤਿ ਸਾਦਿਆ। ਰੁਚਿ ਅਨਰੂਪੰ ਖਾਇ ਉਠੇ ਸਹਿਲਾਦਿਆ।
ਪੁਨ ਪਰਜੰਕ ਡਸਾਇ ਪੌਢਿਯੇ ਪਰਮ ਸੁਖ। ਹੋ ਜਿਸ ਦਰਸ਼ਨ ਤੇ ਬ੍ਰਿੰਦ ਸਭੈ ਟਰਿ ਜਾਹਿਂ ਦੁਖ॥੫੩॥

ਚਾਵਲ, ਘਿਓ, ਖੰਡ ਅਤੇ ਦਾਲ ਬਹੁਤ ਸਵਾਦੀ ਸਨ। ਰੁਚੀ ਅਨੁਸਾਰ ਖੁਸ਼ੀ ਦੇ ਨਾਲ ਖਾ ਕੇ ਸਭ ਉੱਠ ਪਏ। ਫਿਰ ਪਲੰਘ ਡਾਹ ਕੇ ਬਿਰਾਜ ਕੇ ਪਰਮ ਸੁੱਖ ਪ੍ਰਾਪਤ ਕੀਤਾ। ਜਿਨ੍ਹਾਂ ਦੇ ਦਰਸ਼ਨ ਕਰਕੇ ਸਾਰੇ ਦੁੱਖਾਂ ਦੇ ਸਮੂਹ ਦੂਰ ਹੁੰਦੇ ਹਨ॥ ੫੩॥

ਦੋਹਰਾ- ਪਤਿਤ ਸੁਨਤਿ ਇਤਿਹਾਸ ਇਹ ਸ੍ਰੀ ਗੁਰੁ ਸ਼ਰਧਾ ਦੈਨ।
ਅਘ ਓਘਨ ਮਲ ਹਰਨ ਕੋ ਜਲ ਸਮ ਹੈ ਸੁਖਐਨ॥ ੫੪॥

ਇਹ ਇਤਿਹਾਸ ਸੁਣ ਕੇ ਮਨੁੱਖ ਪਵਿੱਤਰ ਹੋ ਜਾਂਦਾ ਹੈ ਅਤੇ ਸ੍ਰੀ ਗੁਰੂ ਸਰਧਾ ਪ੍ਰਦਾਨ ਕਰਦੇ ਹਨ। ਇਹ ਇਤਿਹਾਸ ਜਲ ਸਮਾਨ ਹੈ, ਜਿਸ ਵਿਚ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ॥ ੫੪॥

*ਇਤਿ ਸ੍ਰੀ ਗੁਰ ਨਾਨਕ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਸੀਤ' ਪ੍ਰਸੰਗ ਬਰਨਨੰ ਨਾਮ ਬਤਿਸਮੋ ਅਧਯਾਯ॥ ੩੨॥*

ਸ੍ਰੀ ਗੁਰ ਪ੍ਰਕਾਸ਼ ਗ੍ਰੰਥ ਪਹਿਲੇ ਅੱਧ ਦਾ ਬਤੀਵਾਂ ਅਧਿਆਇ, ਜਿਸ ਦਾ ਨਾਮ "ਮਸੀਤ ਕੌਤਕ, ਕਾਜ਼ੀ ਤੇ ਦੌਲਤ ਖਾਂ ਸਿੱਖ ਹੋਏ।" ਹੈ, ਸਮਾਪਤ ਹੋਇਆ॥ ੩੨॥

## ਅਧਿਆਇ ਤੇਤੀਵਾਂ

*ਮਾਤਾ ਸੁਲਖਣੀ ਜੀ ਦਾ ਪੇਕੇ ਜਾਣਾ।*

ਦੋਹਰਾ- ਸ੍ਰੀ ਗੁਰੂ ਕਰੁਨਾ ਐਨ ਕੀ ਚਰਨ ਕਵਲ ਲੇ ਧੂਰਿ।
ਨਿਜ ਮਨ ਮੁਕਰਹਿ ਮਾਂਝ ਕੈ ਕਹੌਂ ਕਥਾ ਰਸ ਰੂਰਿ॥ ੧॥

ਸ੍ਰੀ ਗੁਰੂ ਜੀ, ਜਿਹੜੇ ਕਿਰਪਾਲਤਾ ਦੇ ਘਰ ਹਨ, ਦੇ ਚਰਨ ਕੰਵਲਾਂ ਦੀ ਧੂੜ ਲੈ ਕੇ ਆਪਣੇ ਮਨ ਰੂਪੀ ਸ਼ੀਸ਼ੇ ਨੂੰ ਮਾਂਜ ਕੇ ਰਸ ਭਰੀ ਕਥਾ ਕਹਿੰਦਾ ਹਾਂ॥ ੧॥

ਚੌਪਈ- ਬਾਲੇ ਕੋ ਮੁਖ ਸ਼ਸ਼ਿਹਿ ਸੁਧਾਸੀ। ਕਥਾ ਕਹਤਿ ਸ੍ਰੀ ਅੰਗਦ ਪਾਸੀ।
ਪ੍ਰੇਮ ਮਗਨ ਕਥਿ ਕਥਿ ਹੁਇ ਜਾਵਹਿ। ਲਗਹਿ ਸਮਾਧਿ ਅਡੋਲ ਸੁਹਾਵਹਿਂ॥੨॥

ਭਾਈ ਬਾਲਾ ਆਪਣੇ ਮੁੱਖ ਚੰਦ੍ਰਮਾਂ ਤੋਂ ਅੰਮ੍ਰਿਤ ਵਰਗੀ ਗੁਰ ਕਥਾ ਸ੍ਰੀ ਗੁਰੂ ਅੰਗਦ ਦੇਵ ਪਾਸ ਕਹਿ ਰਿਹਾ ਹੈ। ਉਹ ਨਾਲ ਨਾਲ ਪ੍ਰੇਮ ਮਗਨ ਹੋਈ ਜਾਂਦੇ ਹਨ ਤੇ ਜਦ ਅਡੋਲ ਸਮਾਧੀ ਲੱਗ ਜਾਂਦੀ ਹੈ ਤਾਂ ਬਹੁਤ ਸੋਭਦੇ ਹਨ॥ ੨॥

ਬਹੁਰ ਬਿਲੋਚਨ ਖੋਲਹਿਂ ਜਬਹੀ। ਬਾਲਾ ਕਹਿਨ ਲਗਹਿ ਪੁਨਿ ਤਬਹੀ।
ਕਰਨ ਪੁਟਨ ਸੰਗ ਪੀਵਹਿਂ ਸ਼੍ਰੋਤੇ। ਅਮੀ ਸਮਾਨ, ਤ੍ਰਿਪਤਿ ਨਹਿਂ ਹੋਤੇ॥ ੩॥

ਬਾਅਦ ਵਿਚ ਜਦ ਅੱਖਾਂ ਖੋਲ੍ਹ ਕੇ ਵੇਖਦੇ ਹਨ ਤਾਂ ਭਾਈ ਬਾਲਾ ਫਿਰ ਗੁਰ ਕਥਾ ਕਹਿਣ ਲੱਗ ਜਾਂਦਾ ਹੈ। ਸਰੋਤੇ ਵੀ ਕੰਨਾਂ ਰੂਪੀ ਡੂਨਿਆਂ ਨਾਲ ਅੰਮ੍ਰਿਤ ਰੂਪੀ ਕਥਾ ਨੂੰ ਪੀ ਕੇ ਵੀ ਤ੍ਰਿਪਤ ਨਹੀਂ ਹੁੰਦੇ, ਕਿਉਂਕਿ ਗੁਰੂ ਕਥਾ ਸ੍ਰਵਨ ਦੀ ਖਾਹਿਸ਼ ਹੋਰ ਵਧਦੀ ਜਾਂਦੀ ਹੈ॥ ੩॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਨਾਨਕ ਕਿੰਕਰ ਸੁਖਰਾਸਾ। ਰਹੈਂ ਬੈਸ ਪੁਨਿ ਸੁਸਾ ਅਵਾਸਾ।
ਜਨੁ ਬੈਰਾਗ ਧਾਰਿ ਨਿਜ ਦੇਹਾ। ਪ੍ਰਗਟ ਦਿਖਾਵਤਿ ਜਗਤ ਅਨੇਹਾ॥੪॥

ਭਾਈ ਬਾਲੇ ਨੇ ਕਿਹਾ- ਸ੍ਰੀ ਨਾਨਕ ਜਿਹੜੇ ਦਾਸਾਂ ਦੇ ਸੁੱਖ ਦਾਤੇ ਹਨ, ਉਹ ਬੇਬੇ ਨਾਨਕੀ ਜੀ ਦੇ ਘਰ ਬੈਠੇ ਰਹਿੰਦੇ ਹਨ। ਉਹ ਹਰ ਸਮੇਂ ਵੈਰਾਗਮਈ ਰਹਿੰਦੇ ਹਨ, ਮਾਨੋ ਵੈਰਾਗ ਦੇਹ ਧਾਰ ਕੇ ਜਗਤ ਨੂੰ ਨਿਰਮੋਹਤਾ ਪ੍ਰਗਟ ਕਰਕੇ ਦਿਖਾ ਰਹੇ ਹਨ॥ ੪॥

ਕਿਧੋਂ ਸ਼ਾਂਤਿਰਸ ਧਾਰਿ ਸਰੂਪਾ। ਭਾਵ ਦਿਖਾਵਹਿ ਨਿਜ ਅਨਰੂਪਾ।
ਕਿਧੋਂ ਧਰਜੋ ਉਪਕਾਰਿ ਸਰੀਰਾ। ਨਰ ਤਾਰਨ ਕੋ ਗੁਨੀ ਗਹੀਰਾ॥ ੫॥

ਜਾਂ ਸ਼ਾਂਤ ਰਸ ਨੇ ਸਰੂਪ ਧਾਰਨ ਕੀਤਾ ਹੋਵੇ ਅਤੇ ਆਪਣੇ ਅਨੁਕੂਲ ਦਾ ਭਾਵ ਦੱਸ ਰਿਹਾ ਹੈ। ਜਾਂ ਉਪਕਾਰ ਨੇ ਸਰੀਰ ਧਾਰਨ ਕੀਤਾ ਹੋਵੇ ਅਤੇ ਗੁਣਾਂ ਦੇ ਖ਼ਜ਼ਾਨੇ ਲੋਕਾਈ ਨੂੰ ਤਾਰ ਰਹੇ ਹਨ॥ ੫॥

ਦੋਹਰਾ- ਸਿਰ ਪਰ ਨੁਕਤਹਿ ਜੁਗਲ ਗਜ, ਖਫਨੀ ਗਰਿ ਬਰ ਚੀਰ।
ਸੰਬਜਾਨਾ ਸੁੰਦਰ ਸਜੈ ਧਰਜੋ ਸੁ ਬੇਖ ਸਰੀਰ॥ ੬॥

ਸਿਰ ਉਤੇ ਦੋ ਗਜ਼ ਦਾ ਸਾਫ਼ਾ ਬੰਨ੍ਹਿਆ ਹੋਇਆ ਹੈ ਅਤੇ ਗਲੇ ਵਿਚ ਸ੍ਰੇਸ਼ਟ ਵਸਤਰ ਪਹਿਨੇ ਹੋਏ ਹਨ। ਧਾਰਨ ਕੀਤਾ ਚਾਦਰਾ ਬਹੁਤ ਸੱਜ ਰਿਹਾ ਹੈ। ਸਰੀਰ ਦਾ ਇਹ ਭੇਸ ਹੈ॥ ੬॥

ਚੌਪਈ- ਬੈਸੇ ਥੇ ਨਿੰਦਕ ਕੇ ਸੂਲਾ। ਇਤਨੇ ਮਹਿ ਪ੍ਰਾਪਤ ਭਾ ਮੂਲਾ।
ਚੰਦੋਰਾਨੀ ਜਿਹ ਕੇ ਸੰਗਾ॥ ਅਧਿਕ ਕ੍ਰੋਧ ਤੇ ਉਠਤਿ ਤਰੰਗਾ॥ ੭॥

ਇਕ ਦਿਨ ਗੁਰੂ ਜੀ ਜਿਹੜੇ ਨਿੰਦਕ ਦੇ ਵੀ ਕਲਿਆਣ ਦਾਤਾ ਹਨ, ਉਨ੍ਹਾਂ ਦਾ ਬੁਰਾ ਨਹੀਂ ਚਿਤਾਰਦੇ ਤੇ ਸਮਾਂ ਆਉਣ ਤੇ ਉਨ੍ਹਾਂ ਨੂੰ ਵੀ ਤਾਰ ਦਿੰਦੇ ਹਨ, ਬੇਬੇ ਨਾਨਕੀ ਜੀ ਦੇ ਘਰ ਬੈਠ ਹੋਏ ਸਨ ਕਿ ਉਸ ਸਮੇਂ ਮੂਲ ਚੰਦ ਆ ਗਏ। ਚੰਦੋਰਾਣੀ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਦੇ ਚਿਹਰਿਆਂ ਤੇ ਕ੍ਰੋਧ ਦੀਆਂ ਬਹੁਤ ਤਰੰਗਾਂ ਉੱਠ ਰਹੀਆਂ ਸਨ॥ ੭॥

ਮਨਹੁਂ ਗਯਾਨ ਨਿਜ ਦਲ ਸੋਂ ਬੈਸਾ। ਸਤਿ ਸੰਤੋਖ, ਸ਼ਾਂਤਿ ਸਮ, ਭੇਸਾ।
ਜਨੁ ਅਗਯਾਨ ਅਪਨ ਤਨ ਧਾਰੀ। ਦਲ ਲੈ ਕਰਜੋ ਕ੍ਰੋਧ ਅਗਵਾਰੀ॥੮॥

ਗੁਰੂ ਜੀ ਇਸ ਤਰ੍ਹਾਂ ਹਨ, ਮਾਨੋਂ ਗਿਆਨ ਆਪਣੀ ਫੌਜ ਨਾਲ ਬੈਠੇ ਹਨ, ਉਨ੍ਹਾਂ ਨੇ ਸਤਿ, ਸੰਤੋਖ ਵਰਗਾ ਭੇਸ ਧਾਰਨ ਕੀਤਾ ਹੋਇਆ ਹੈ। ਮੂਲ ਚੰਦ ਅਤੇ ਚੰਦੋਰਾਣੀ ਇਸ ਤਰ੍ਹਾਂ ਹਨ ਮਾਨੋਂ ਅਗਿਆਨ ਆਪਣਾ ਰੂਪ ਧਾਰ ਕੇ ਆਇਆ ਹੈ। ਆਪਣਾ ਦਲ ਲੈ ਕੇ ਕ੍ਰੋਧ ਨੂੰ ਅੱਗੇ ਲਾਇਆ ਹੈ॥ ੮॥

ਉਰ ਮਹਿਂ ਚਹਿਤ ਪਲਾਇਨ ਕੀਨਾ। ਆਇ ਠਾਂਢ ਜਹਿਂ ਪ੍ਰਭੁ ਆਸੀਨਾ।
ਧਰਿ ਨਿਸ਼ਠੁਰਤਾ ਬਚਨ ਉਚਾਰੇ। 'ਅਬ ਫਕੀਰ ਕੋ ਬੇਖ ਸੁਧਾਰੇ॥ ੯॥

ਦਿਲ ਵਿਚ ਭੱਜਣਾ ਚਾਹੁੰਦੇ ਸਨ, ਪਰ ਓਥੇ ਆ ਕੇ ਖਲੋ ਗਏ ਜਿਥੇ ਪ੍ਰਭੂ ਗੁਰੂ ਨਾਨਕ ਦੇਵ ਜੀ ਬੈਠੇ ਸਨ, ਬੜੀ ਕਠੋਰਤਾ ਭਰੇ ਬਚਨ ਉਚਾਰ ਕੇ ਕਿਹਾ, ''ਹੁਣ ਫਕੀਰ ਦਾ ਭੇਸ ਧਾਰਨ ਕਰ ਲਿਆ ਹੈ॥ ੯॥

ਦੋਹਰਾ- ਧਰਿਕਰਿ ਬੇਖ ਦਿਖਾਵਈ ਸਾਧ ਬਨਜੋ ਜਗ ਮਾਂਹਿ।
ਉਭੈ ਆਤਮਜ, ਭਾਰਜਾ ਕਹੁ ਕਿਹ ਭਾਂਤ ਬਿਤਾਹਿ?॥ ੧੦॥

ਇਹ ਭੇਸ ਧਾਰ ਕੇ ਜਗ ਨੂੰ ਇਹ ਵਿਖਾ ਰਿਹਾ ਹੈ, ਕਿ ਮੈਂ ਸਾਧ ਬਣ ਗਿਆ ਹਾਂ। ਦੋ ਪੁੱਤਰਾਂ ਅਤੇ ਸੁਪੱਤਨੀ ਦਾ ਕਿਵੇਂ ਗੁਜ਼ਾਰਾ ਹੋਵੇਗਾ॥ ੧੦॥

ਚੌਪਈ- ਹਮਹਿ ਦੁਸਹਿ ਦੁਖ ਦੇਨੇ ਹੇਤੂ। ਜਨਮਜੋ ਤੂੰ ਜਿਉਂ ਭਵ ਉਦਿਕੇਤੂ।
ਇਵ ਜੇ ਹੋਨਾ ਹੁਤੋ ਫਕੀਰਾ॥ਕਰ ਬਿਆਹ ਕਿਉਂ ਡੋਬ ਅਧੀਰਾ॥੧੧॥

ਸਾਨੂੰ ਦੁੱਖ ਦੇਣ ਹੇਤ ਤੂੰ ਇੰਝ ਪੈਦਾ ਹੋਇਆ ਹੈ ਜਿਵੇਂ ਸੰਸਾਰ ਵਿਚ ਬੋਦੀ ਵਾਲਾ ਤਾਰਾ ਚੜ੍ਹਿਆ ਹੈ। ਇੰਝ ਜੇ ਤੂੰ ਫਕੀਰ ਹੀ ਹੋ ਜਾਣਾ ਸੀ ਤਾਂ ਵਿਆਹ ਕਰਵਾ ਕੇ ਆਸਰੇ ਰਹਿਤ ਪਰਿਵਾਰ ਨੂੰ ਡੋਬਣਾ ਸੀ॥ ੧੧॥

ਸਰਬ ਦਰਬ ਕਰਿ ਦੀਨ ਖੁਆਰੂ॥ ਅਬ ਭਾ ਸਾਧ ਅਵਾਸ ਉਜਾਰੂ।
ਹੁਤੋ ਬਿੱਤ ਸਭਿ ਖੋਯੋ ਜੇਤਾ। ਸੋ ਅਬ ਸਿਰੀਚੰਦ ਕੋ ਦੇਤਾ॥ ੧੨॥

ਸਾਰਾ ਧਨ ਖੁਆਰ ਕਰ ਦਿੱਤਾ ਹੈ। ਹੁਣ ਘਰ ਉਜਾੜ ਕੇ ਸਾਧ ਬਣ ਗਿਆ ਹੈਂ। ਜਿੰਨਾ ਧਨ ਤੂੰ ਗਵਾਇਆ ਹੈ ਜੇ ਹੁਣ ਉਹ ਤੇਰੇ ਪਾਸ ਹੁੰਦਾ ਤਾਂ ਸ੍ਰੀ ਚੰਦ ਨੂੰ ਵਿੰਦਾ॥ ੧੨॥

ਤਿਹ ਪਰ ਕਰਤ ਗੁਜਾਰ ਸੁ ਬੈਸੇ। ਤੇ ਕੁਟੰਬ ਅਬ ਕਰਿਹੈ ਕੈਸੇ ?
ਕਿਹ ਅਧਾਰ ਜਗ ਮਹਿਂ ਸੋ ਰਹਿਹੀ। ਉਤਰ ਕਿਉਂ ਨ ਬਦਨ ਤੇ ਕਹਿਹੀ ?॥੧੩॥

ਜੋ ਤੇਰੀ ਕਮਾਈ ਦੇ ਆਸਰੇ ਬੈਠੇ ਹਨ, ਤੇਰੇ ਉਸ ਕੁਟੰਬ ਦਾ ਹੁਣ ਕੀ ਕਰੀਏ? ਜਗ ਵਿਚ ਉਨ੍ਹਾਂ ਦਾ ਹੁਣ ਕਿਹੜਾ ਆਸਰਾ ਰਹਿ ਗਿਆ ਹੈ। ਆਪਣੇ ਮੁੱਖ ਤੋਂ ਹੁਣ ਉੱਤਰ ਕਿਉਂ ਨਹੀਂ ਦੇ ਰਿਹਾ?॥ ੧੩॥

ਦੋਹਰਾ- ਭੈ ਪਰਮੇਸੁਰ ਕੋ ਨਹੀਂ ਲਘੁ ਸੁਤ ਜਾਨਹੁ ਨਾਂਹਿ।
ਚੰਦੋਰਾਨੀ ਭਨਤਿ ਪੁਨ ਕ੍ਰੋਧ ਕਿਯੇ ਮਨ ਮਾਂਹਿ॥ ੧੪॥

"ਤੈਨੂੰ ਪਰਮੇਸ਼ਰ ਦਾ ਭੈਅ ਨਹੀਂ, ਛੋਟੇ ਪੁੱਤਰ ਨੂੰ ਹਾਲੇ ਤੱਕ ਵੇਖਿਆ ਵੀ ਨਹੀਂ।" ਫਿਰ ਚੰਦੋਰਾਣੀ ਨੇ ਮਨ ਵਿਚ ਬੜਾ ਕ੍ਰੋਧ ਕਰਕੇ ਕਿਹਾ॥ ੧੪॥

ਚੌਪਈ- "ਸੁਣ ਤੋ ਵੇ ਨਾਨਕ! ਕਿਆ ਕੀਤਾ। ਵਧਜੋ ਕੁਟੰਬਹਿ ਭਯੋ ਅਤੀਤਾ॥
ਨੇਹ ਨ ਨਿਜ ਤਨੁ ਜਨ ਸੋ ਕਰਿਈ॥ਨੈਕ ਨ ਕਰੁਨਾ ਮਨ ਮਹਿਂ ਧਰਿਈ॥੧੫॥

ਵੇ ਨਾਨਕ! ਤੂੰ ਮੇਰੀ ਗੱਲ ਸੁਣ। ਇਹ ਤੂੰ ਕੀ ਕੀਤਾ ਹੈ, ਜਦ ਟੱਬਰ ਵੱਧ ਗਿਆ ਹੈ ਤਾਂ ਤੂੰ ਫਕੀਰ ਬਣ ਗਿਆ ਹੈਂ। ਆਪਣੇ ਪੁੱਤਰਾਂ ਨਾਲ ਤੇਰਾ ਕੋਈ ਪਿਆਰ ਨਹੀਂ ਹੈ। ਤੂੰ ਆਪਣੇ ਮਨ ਵਿਚ ਥੋੜੀ ਜੇਹੀ ਕਿਰਪਾ ਵੀ ਧਾਰਨ ਨਹੀਂ ਕੀਤੀ ਹੈ॥ ੧੫॥

ਦੀਰਘ ਤੁਝ ਢਿਗ ਮੋਦੀ ਕਾਰਾ। ਪਾਵਤਿ ਥੇ ਧਨ ਜਹਾਂ ਅਪਾਰਾ।
ਬਹੁ ਮਾਨਹਿਂ ਫੁਰਮਾਇਸ਼ ਖਾਨਾ। ਅਸਨ ਬਸਨ ਪ੍ਰਾਪਤਿ ਬਿਧਿ ਨਾਨਾ॥੧੬॥

ਤੇਰੇ ਪਾਸ ਮੋਦੀ ਦਾ ਕੰਮ ਕਾਜ ਸੀ, ਓਥੇ ਤੂੰ ਬਹੁਤ ਜ਼ਿਆਦਾ ਧਨ ਪਾਉਂਦਾ ਸੀ। ਦੌਲਤ ਖਾਂ ਤੇਰੀ ਫਰਮਾਇਸ਼ ਬਹੁਤ ਮੰਨਦਾ ਸੀ। ਕਈ ਪ੍ਰਕਾਰ ਦੇ ਭੋਜਨ ਕਪੜੇ ਪ੍ਰਾਪਤ ਸਨ॥ ੧੬॥

ਕ੍ਰਿਤ ਕੁਟੰਬਹਿ ਤਜਿ ਅਬ ਸੋਊ। ਭਏ ਰੰਕ ਜਿਉਂ ਆਲਯ ਖੋਊ!
ਤਦ ਸੋਵਤਿ ਥੇ ਸੇਜ ਸੁਖਾਲੀ॥ਅਬ ਫਿਰਿਯੇ ਉਦਿਆਨ ਬਿਹਾਲੀ॥੧੭॥

ਕਿਰਤ ਅਤੇ ਕੁਟੰਬ ਨੂੰ ਛੱਡ ਕੇ ਫਕੀਰ ਬਣ ਗਿਆ ਹੈਂ, ਜਿਵੇਂ ਘਰ ਉਜਾੜੂ ਹੁੰਦਾ ਹੈ। ਉਸ ਸਮੇਂ ਸੁਖਾਲੀ ਸੇਜ ਤੇ ਸਾਉਂਦਾ ਸੀ, ਹੁਣ ਜੰਗਲਾਂ ਵਿਚ ਬੁਰੇਹਾਲੀ ਫਿਰ ਰਿਹਾ ਹੈਂ॥ ੧੭॥

ਦੋਹਰਾ- ਸਦਨ ਬਿਖੈ ਜੇ ਸਰਬ ਸੁਖ ਤਜਿ ਕਰਿ ਕੀਨਿ ਅਨੀਤਿ।
ਸੁਨੇ ਬਚਨ ਸੁਸਰਊ ਕੇ ਬੋਲੇ ਬ੍ਰਿਕਤਹਿਂ ਰੀਤਿ॥ ੧੮॥

ਘਰ ਦੇ ਸਾਰੇ ਸੁੱਖ ਛੱਡ ਕੇ ਇਹ ਭੈੜੀ ਨੀਤੀ ਅਪਨਾਈ ਹੈ।" ਸੱਸ ਸਹੁਰੇ ਦੇ ਇਹ ਬਚਨ ਸੁਣ ਕੇ ਗੁਰੂ ਜੀ ਇਸ ਪ੍ਰਕਾਰ ਬੋਲੇ॥ ੧੮॥

*ਮਾਰੂ ਮਹਲਾ ੧॥*

*ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ ਤਿਨਿ ਕਰਤੈ ਲੇਖੁ ਲਿਖਾਇਆ॥*
*ਲਿਖੁ ਦਾਤਿ ਜੋਤਿ ਵਡਿਆਈ॥ ਮਿਲਿ ਮਾਇਆ ਸੁਰਤਿ ਗਵਾਈ॥ ੧॥*

ਮੂਰਖ ਮਨ ਕਾਹੇ ਕਰਸਹਿ ਮਾਣਾ ॥ਉਠਿ ਚਲਣਾ ਖਸਮੈ ਭਾਣਾ ॥੧ ॥ਰਹਾਉ ॥
ਤਜਿ ਸਾਦ ਸਹਜ ਸੁਖੁ ਹੋਈ॥ ਘਰ ਛਡਣੇ ਰਹੈ ਨ ਕੋਈ॥
ਕਿਛੁ ਖਾਜੈ ਕਿਛੁ ਧਰਿ ਜਾਈਐ॥ ਜੇ ਬਾਹੁੜਿ ਦੁਨੀਆ ਆਈਐ॥ ੨ ॥
ਸਜੁ ਕਾਇਆ ਪਟੁ ਹਢਾਏ॥ ਫੁਰਮਾਇਸਿ ਬਹੁਤੁ ਚਲਾਏ॥
ਕਰਿ ਸੇਜ ਸੁਖਾਲੀ ਸੋਵੈ॥ ਹਥੀ ਪਉਦੀ ਕਾਹੇ ਰੋਵੈ॥ ੩ ॥
ਘਰ ਘੁੰਮਣਵਾਣੀ ਭਾਈ॥ ਪਾਪ ਪਥਰ ਤਰਣੁ ਨ ਜਾਈ॥
ਭਉ ਬੇੜਾ ਜੀਉ ਚੜਾਉ॥ ਕਹੁ ਨਾਨਕ ਦੇਵੈ ਕਾਹੁ॥ ੪ ॥ (ਪੰਨਾ ੬੮੯)

ਮਾਤਾ ਪਿਤਾ ਦੇ ਮਿਲਾਪ ਤੋਂ ਦੇਹੀ ਉਤਪੰਨ ਹੁੰਦੀ ਹੈ। ਉਸ ਉਤੇ ਸਿਰਜਣਹਾਰ ਨੇ ਆਪਣੀ ਰਜ਼ਾ ਦੀ ਲਿਖਤ ਉੱਕਰ ਦਿੱਤੀ ਹੈ। ਇਹ ਲਿਖਤ, ਦਾਤਾਂ, ਪ੍ਰਕਾਸ਼ ਅਤੇ ਵਡਿਆਈ ਬਾਰੇ ਹੈ। ਧਨ ਦੌਲਤ ਦੇ ਮੇਲ ਰਾਹੀਂ ਪ੍ਰਾਣੀ ਪ੍ਰਭੂ ਗਿਆਨ ਨੂੰ ਗੁਆ ਲੈਂਦਾ ਹੈ॥ ੧॥

ਹੇ ਬੇਵਕੂਫ ਬੰਦੇ! ਤੂੰ ਹੰਕਾਰ ਕਿਉਂ ਕਰਦਾ ਹੈਂ? ਜਦ ਸੁਆਮੀ ਨੂੰ ਇਸ ਤਰ੍ਹਾਂ ਚੰਗਾ ਲੱਗਾ ਤੂੰ ਖੜਾ ਹੋ ਕੇ ਚਲਾ ਜਾਵੇਂਗਾ॥ ੧॥ ਠਹਿਰਾਉ॥

ਤੂੰ ਸੰਸਾਰੀ ਭੋਗ ਬਿਲਾਸਾਂ ਨੂੰ ਛੱਡ ਦੇ, ਤਾਂ ਜੋ ਤੂੰ ਆਰਾਮ ਅਤੇ ਅਡੋਲਤਾ ਪ੍ਰਾਪਤ ਕਰ ਸਕੇਂ। ਹਰ ਇਕ ਨੂੰ ਆਪਣਾ ਘਰ ਛੱਡਣਾ ਪੈਣਾ ਹੈ। ਕੋਈ ਵੀ ਏਥੇ ਪੱਕੇ ਤੌਰ ਉਤੇ ਠਹਿਰ ਨਹੀਂ ਸਕਦਾ। ਅਸੀਂ ਕੁਝ ਹਿੱਸਾ ਖਾ ਲਈਏ ਅਤੇ ਬਾਕੀ ਦਾ ਤਦ ਜਮ੍ਹਾਂ ਕਰ ਰੱਖੀਏ, ਜੇ ਅਸੀਂ ਮੁੜ ਕੇ ਇਸ ਜਹਾਨ ਵਿਚ ਆਉਣਾ ਹੋਵੇ॥ ੨॥

ਬੰਦਾ ਆਪਣੀ ਦੇਹ ਨੂੰ ਸਜਾਉਂਦਾ ਹੈ ਤੇ ਰੇਸ਼ਮ ਪਹਿਨਦਾ ਹੈ। ਉਹ ਬੜੇ ਸਖਤ ਹੁਕਮ ਜਾਰੀ ਕਰਦਾ ਹੈ। ਆਪਣੇ ਪਲੰਘ ਨੂੰ ਅਰਾਮਦਾਇਕ ਬਣਾ ਕੇ ਉਹ ਉਸ ਉਤੇ ਸੌਂਦਾ ਹੈ। ਪਰ ਜਦ ਉਹ ਮੌਤ ਦੇ ਫਰਿਸ਼ਤਿਆਂ ਦੇ ਹੱਥੀਂ ਚੜ੍ਹਦਾ ਹੈ ਤਾਂ ਫਿਰ ਕਿਉਂ ਰੋਂਦਾ ਹੈ?॥ ੩॥

ਹੇ ਭਾਈ! ਘਰੇਲੂ ਝਮੇਲੇ ਇਕ ਘੁੰਮਣ-ਘੇਰੀ ਹੈ। ਗੁਨਾਹ ਇਕ ਪੱਥਰ ਹੈ ਜੋ ਤਰਦਾ ਨਹੀਂ। ਤੂੰ ਆਪਣੀ ਆਤਮਾ ਨੂੰ ਪ੍ਰਭੂ ਦੇ ਡਰ ਦੇ ਜਹਾਜ ਉਤੇ ਚੜ੍ਹਨ ਵਾਲੀ ਬਣਾ ਲੈ ਅਤੇ ਤੂੰ ਪਾਰ ਉਤਰ ਜਾਵੇਂਗਾ। ਹੇ ਨਾਨਕ! ਕਿਸੇ ਵਿਰਲੇ ਆਦਮੀ ਨੂੰ ਹੀ ਅਜਿਹੇ ਜਹਾਜ਼ ਦੀ ਦਾਤ ਮਿਲਦੀ ਹੈ॥ ੪॥ ੨॥

ਚੌਪਈ- ਭਨਜੋ ਸਬਦ ਪਰਮਾਰਥ ਜਾਂਹੀ॥ ਤਨਕ ਨ ਪਰਸਜੋ ਤਿਨ ਮਨ ਮਾਂਹੀ॥
ਬਿਸ਼ੈ ਵਿਖੈ ਲੰਪਟ ਨਰ ਜੋਊ॥ ਭਾਵਹਿ ਕਿਉਂ ਬਿਰਕਤਤਾ ਸੋਊ॥ ੧੯॥

ਗੁਰੂ ਜੀ ਨੇ ਉਨ੍ਹਾਂ ਦੇ ਪਰਮਾਰਥ ਇਹ ਸ਼ਬਦ ਬੋਲਿਆ, ਪਰ ਉਨ੍ਹਾਂ ਦੇ ਮਨਾ ਨੂੰ ਇਹ ਰਤਾ ਭਰ ਵੀ ਨਾ ਛੋਹਿਆ। ਜਿਹੜਾ ਮਨੁੱਖ ਵਿਸ਼ਿਆਂ ਵਿਚ ਲੰਪਟ ਰਹਿੰਦਾ ਹੈ, ਉਸ ਨੂੰ ਨਿਰਵਿਰਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ॥ ੧੯॥

ਜਿਉਂ ਕਾਮੀ ਨਰ, ਨਾਰਿ ਤਵਾਜਨ॥ ਕੋਟ ਜਤਨ ਨਹਿਂ ਮਾਨਿ ਸਿਖਾਵਨ।
ਜਿਉਂ ਕਿਰਪਨ ਧਨ ਸੰਗ੍ਰਹ ਹੇਤਾ॥ਤਜਨਿ ਤਾਂਹਿ ਸਿਖਵਨ ਨਹਿਂ ਲੇਤਾ॥੨੦॥

ਜਿਵੇਂ ਕਾਮੀ ਪੁਰਸ਼ ਨੂੰ ਨਾਰ ਛੱਡਣ ਲਈ ਕਹੀਏ ਤਾਂ ਕਰੋੜਾਂ ਜਤਨ ਕਰਨ ਦੇ ਬਗੈਰ ਵੀ ਉਹ ਮੰਨਦਾ ਨਹੀਂ। ਜਿਵੇਂ ਸੂਮ ਨੇ ਧਨ ਇਕੱਠਾ ਕੀਤਾ ਹੁੰਦਾ ਹੈ, ਉਹ ਧਨ ਛੱਡਣ ਦੀ ਸਿੱਖਿਆ ਕਦੀ ਵੀ ਨਹੀਂ ਲੈਂਦਾ॥ ੨੦॥

ਤਿਉਂ ਮੂਲੇ ਪੁਨ ਚੰਦੋਰਾਨੀ। ਸ੍ਰੀ ਗੁਰ ਸਬਦ ਧਰਜੋ ਨਹਿਂ ਕਾਨੀ।
ਬੋਲੀ ਬਹੁਰ ਕ੍ਰੋਧ ਸੌਂ ਬੈਨਾ। ਭੇਦ ਨ ਜਾਨਹਿ ਇਹ ਗੁਨ ਐਨਾ॥੨੧॥

ਇਸ ਤਰ੍ਹਾਂ ਮੂਲ ਚੰਦ ਅਤੇ ਚੰਦੋਰਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਆਪਣੇ ਕੰਨੀਂ ਨਾ ਧਰਿਆ। ਉਹ ਫਿਰ ਬੜੇ ਕ੍ਰੋਧ ਨਾਲ ਬੋਲੀ। ਉਸ ਨੇ ਇਹ ਭੇਦ ਨਾ ਜਾਣਿਆ ਕਿ ਗੁਰੂ ਜੀ ਗੁਣਾਂ ਦਾ ਘਰ ਹਨ॥ ੨੧॥

ਦੋਹਰਾ- "ਅਸ ਵਿਚਾਰਕੇ ਬਚਨ ਅਬ ਭਨਨ ਲਗਾ ਹਮ ਪਾਸ॥
ਪੂਰਬ ਕਿਉਂ ਨ ਵਿਚਾਰਿਓ ਜਬ ਕੀਨੋ ਘਰ ਵਾਸ॥ ੨੨॥

"ਇਸ ਤਰ੍ਹਾਂ ਵਿਚਾਰ ਕੇ ਹੁਣ ਸਾਡੇ ਨਾਲ ਬਚਨ ਕਰਨ ਲੱਗਾ ਹੈ, ਪਹਿਲਾਂ ਕਿਉਂ ਵਿਚਾਰ ਨਾ ਕੀਤੀ, ਜਦ ਘਰ ਵਸਾਇਆ ਸੀ॥ ੨੨॥

ਚੌਪਈ- ਖਰਚ ਸਦਨ ਕੋ ਦੀਰਘ ਜਾਨਾ। ਬੇਖ ਫਕੀਰੀ ਨਿਜ ਤਨ ਠਾਨਾ॥
ਜੇ ਜਾਨਤਿ ਤੈਂ ਐਸੀ ਕਰਨੀ। ਮੋ ਤਨਜਾ ਬਿਪਤਾ ਇਉਂ ਜਰਨੀ॥੨੩॥

ਜਦ ਇਹ ਵੇਖਿਆ ਕਿ ਘਰ ਦਾ ਬਹੁਤ ਖਰਚਾ ਹੈ ਤਾਂ ਫਕੀਰੀ ਭੇਸ ਧਾਰਨ ਕਰ ਲਿਆ। ਜੇ ਮੈਂ ਜਾਣਦੀ ਤੂੰ ਇਸ ਤਰ੍ਹਾਂ ਕਰਨੀ ਹੈ ਤਾਂ ਮੇਰੀ ਪੁੱਤਰੀ ਅਜਿਹੀ ਬਿਪਤਾ ਕਿਉਂ ਸਹਿੰਦੀ॥ ੨੩॥

ਕਿਉਂ ਕਰਤੀ ਤਿਹ ਕੋ ਸਨਬੰਧਾ। ਭਯੋ ਭਾਗ ਜਿਹ ਕੋ ਅਤਿ ਮੰਦਾ।
ਹਮ ਹੇਰਹਿਂ ਤਨੁਜਾ ਦੁਖ ਨੈਨਾ। ਤੇਰੇ ਉਰ ਪਰਮੇਸ਼ੁਰ ਭੈ ਨਾ॥੨੪॥

ਤੇਰੇ ਨਾਲ ਸੰਬੰਧ ਕਿਉਂ ਜੋੜਦੀ, ਜਿਸ ਦੇ ਏਡੇ ਮਾੜੇ ਭਾਗ ਹਨ। ਅਸੀਂ ਜਦ ਆਪਣੀ ਧੀ ਨੂੰ ਵੇਖਦੇ ਹਾਂ ਤਾਂ ਸਾਡੀਆਂ ਅੱਖਾਂ ਦੁਖਦੀਆ ਹਨ। ਤੈਨੂੰ ਤਾਂ ਪਰਮੇਸ਼ਰ ਦਾ ਵੀ ਕੋਈ ਡਰ ਭੈ ਨਹੀਂ॥ ੨੪॥

ਬਾਲਕ ਪਾਲਕ ਹੋਵਹਿ ਕੌਨ। ਕਿਹ ਆਧਾਰ ਹੋਹਿ ਕਹੁ ਤੌਨ।
ਜਿਨ ਕੋ ਸੁਧ ਬੁਧਿ ਆਇ ਨ ਕੋਊ। ਦਰਬ ਕਮਾਵਨ ਕੀ ਬਿਧਿ ਜੋਊ॥੨੫॥

ਬਾਲਕਾਂ ਦਾ ਪਾਲਕ ਕੌਣ ਹੋਵੇਗਾ। ਉਨ੍ਹਾਂ ਨੂੰ ਆਸਰਾ ਕਿਸ ਦਾ ਹੋਵੇਗਾ। ਜਿਨ੍ਹਾਂ ਨੂੰ ਹਾਲੇ ਕੋਈ ਸੁੱਧ ਬੁੱਧ ਨਹੀ ਹੈ ਅਤੇ ਹਾਲੇ ਉਹ ਧਨ ਕਮਾਉਣ ਦੀ ਵਿਧੀ ਵੀ ਨਹੀ ਜਾਣਦੇ॥ ੨੫॥

ਤਜਿ ਭਾਜੇ ਤਿਨ ਕੋ ਅਬ ਐਸੇ। ਜਾਮਨਿ ਬਸਿ ਪਰਦੇਸੀ ਜੈਸੇ।
ਸੁਤ ਕੋ ਮੋਹ ਨ ਮਨ ਮਹਿ ਆਵਹਿ। ਜੋ ਜਗ ਮਹਿਂ ਨਿਜ ਬੰਸ ਬਧਾਵਹਿ॥੨੬॥

ਉਨ੍ਹਾਂ ਨੂੰ ਹੁਣ ਇਸ ਤਰ੍ਹਾਂ ਛੱਡ ਕੇ ਭੱਜ ਰਿਹਾ ਹੈ ਜਿਵੇਂ ਪਰਦੇਸੀ ਇਕ ਰਾਤ ਕੱਟ ਕੇ ਚਲਾ ਜਾਂਦਾ ਹੈ। ਪੁੱਤਰਾਂ ਦਾ ਪਿਆਰ ਤੁਹਾਡੇ ਮਨ ਵਿਚ ਨਹੀਂ ਆਉਂਦਾ ਹੈ, ਜਿਹੜੇ ਜੱਗ ਵਿਚ ਨਿੱਜੀ ਕੁਲ ਵਧਾਉਂਦੇ ਹਨ॥ ੨੬॥

ਦੋਹਰਾ- ਪੁੱਤ੍ਰਨ ਕੇ ਹਿਤ ਨਰ ਸਭੈ ਕਰਿਹੈਂ ਅਨਿਕ ਪ੍ਰਯਾਸ।
ਤਿਨ ਕੋ ਅਬਹਿ ਅਨਾਥ ਕਰਿ ਸਾਧ ਬਨਾ ਦੁਖਰਾਸ॥ ੨੭॥

ਪੁੱਤਰਾਂ ਦੇ ਹਿਤ ਵਾਸਤੇ ਸਾਰੇ ਮਰਦ ਅਨੇਕ ਪ੍ਰਕਾਰ ਦੇ ਜਤਨ ਕਰਦੇ ਹਨ, ਉਨ੍ਹਾਂ ਨੂੰ ਹੁਣੇ ਅਨਾਥ ਬਣਾ ਕੇ ਸਾਧ ਬਣ ਗਿਆ ਹੈ॥ ੨੭॥

ਚੌਪਈ- ਦਰਬ ਫਕੀਰਨ ਸਰਬ ਲੁਟਾਯਾ। ਅਬ ਜੋ ਬਾਕੀ ਤਿਨਹਿ ਦਿਵਾਯਾ।
ਅਹੈਂ ਸਾਤ ਸੈ ਸਾਠ ਜੁ ਬਾਕੀ॥ ਦੇਹੁ ਭਾਰਜਾ ਸੁਧਿ ਲਿਹੁ ਤਾਂਕੀ॥੨੮॥

ਫਕੀਰਾਂ ਨੂੰ ਸਾਰਾ ਧਨ ਲੁਟਾ ਦਿੱਤਾ ਹੈ, ਹੁਣ ਜਿਹੜਾ ਬਾਕੀ ਬਚਿਆ ਸੀ ਉਹ ਵੀ ਉਨ੍ਹਾਂ ਨੂੰ ਦਵਾ ਦਿੱਤਾ। ਜਿਹੜੇ ਸਤ ਸੌ ਸੱਠ ਰੁਪਏ ਦੌਲਤ ਖਾਂ ਵਲ ਬਾਕੀ ਨਿਕਲੇ ਸਨ, ਉਹ ਆਪਣੀ ਸੁਪੱਤਨੀ ਨੂੰ ਦੇ ਕੇ ਉਸ ਦੀ ਖ਼ਬਰ ਲਵੇ॥ ੨੮॥

ਮੂਲਾ ਕਹੈ 'ਰਿਦੇ ਮੈਂ ਜਾਨਤਿ। ਪੂਰਬ ਕਰਮਨ ਤੇ ਅਨੁਮਾਨਤਿ।
ਇਹ ਹੋਵਹਿ ਇਕ ਦਜੋਸ ਫਕੀਰਾ। ਭੀ ਤਸ ਬਿਧਿ,ਕਿਯ ਬੇਖ ਸਰੀਰਾ ॥੨੯॥

ਮੂਲ ਚੰਦ ਨੇ ਕਿਹਾ, "ਮੈਂ ਹਿਰਦੇ ਵਿਚ ਜਾਣਦਾ ਸੀ, ਤੇਰੇ ਪਹਿਲੇ ਕਾਰਜਾਂ ਤੋਂ ਅਨੁਮਾਨ ਲਾਇਆ ਸੀ ਕਿ ਇਹ ਇਕ ਦਿਨ ਫਕੀਰ ਹੋ ਜਾਵੇਗਾ, ਓਸੇ ਤਰ੍ਹਾਂ ਹੋਈ, ਉਸ ਤਰ੍ਹਾਂ ਹੀ ਹੁਣ ਫਕੀਰੀ ਦਾ ਭੇਸ ਧਾਰਨ ਕੀਤਾ ਹੈ" ॥ ੨੯ ॥

ਸੁਨਹਿ ਜਰਾਮ ਨਾਨਕੀ ਬੈਨਾ। ਪੁਨ ਸ੍ਰੀ ਨਾਨਕ ਸਭਿ ਗੁਨ ਐਨਾ।
ਉੱਤਰ ਤਿਨਕੋ ਦੇਇ ਨ ਕੋਊ। ਕਰੀ ਮਸ਼ਟਿ ਵਡ ਜਾਨੇ ਸੋਊ ॥ ੩੦ ॥

ਭਾਈ ਜੈ ਰਾਮ ਅਤੇ ਬੇਬੇ ਨਾਨਕੀ ਨੇ ਸਾਰੀ ਗੱਲ ਸੁਣੀ। ਫਿਰ ਸ੍ਰੀ ਨਾਨਕ ਜਿਹੜੇ ਗੁਣਾਂ ਦੇ ਘਰ ਹਨ, ਉਨ੍ਹਾਂ ਨੇ ਕੋਈ ਉੱਤਰ ਨਾ ਦਿੱਤਾ, ਵੱਡੇ ਸਮਝ ਕੇ ਚੁੱਪ ਬੈਠੇ ਰਹੇ॥ ੩੦ ॥

ਦੋਹਰਾ- ਦੌਲਤ ਖਾਨ ਨਰੇਸ਼ ਧਨ ਭੇਜ ਦਯੋ ਤਿਹ ਕਾਲ।
ਅਸੀ ਅਧਿਕ ਪੁਨਿ ਤੀਨ ਸੈ ਆਨੇ ਨਿਕਟਿ ਗੁਪਾਲ॥ ੩੧ ॥

ਨਵਾਬ ਦੌਲਤ ਖਾਂ ਨੇ ਉਸ ਸਮੇਂ ਧਨ ਭੇਜ ਦਿੱਤਾ। ਤਿੰਨ ਸੌ ਅੱਸੀ ਰੁਪਏ ਲੈ ਕੇ ਗੁਪਾਲ ਨੇੜੇ ਆ ਗਿਆ॥ ੩੧ ॥

ਚੌਪਈ- ਲੀਨ ਜਰਾਮ ਹਾਥ ਸੋਂ ਦਰਬਾ। ਜਾਇ ਸੁਲਖਣੀ ਢਿਗ ਦਿਯ ਸਰਬਾ।
ਅਰਧ ਰਹੇ ਸੋ ਖਾਨ ਨ੍ਰਿਪਾਲਾ। ਦਏ ਫਕੀਰਨ ਜਹਾਂ ਬਿਸਾਲਾ ॥ ੩੨ ॥

ਜੈ ਰਾਮ ਨੇ ਧਨ ਨੂੰ ਆਪਣੇ ਹੱਥਾਂ ਵਿਚ ਫੜ ਲਿਆ। ਸਾਰਾ ਧਨ ਜਾ ਕੇ ਮਾਤਾ ਸੁਲੱਖਣੀ ਨੂੰ ਦੇ ਦਿੱਤਾ। ਅੱਧਾ ਜਿਹੜਾ ਦੌਲਤ ਖਾਂ ਪਾਸ ਬਚਿਆ ਸੀ, ਉਹ ਸਾਰਾ ਫਕੀਰਾਂ ਵਿਚ ਵੰਡ ਦਿੱਤਾ॥ ੩੨ ॥

ਸੋ ਬਾਸੁਰ ਤਹਿੰ ਬੀਤਯੋ ਸਗਰਾ। ਸਾਸੁ ਸਸੁਰ ਕੇ ਕਰਤਯੋ ਝਗਰਾ।
ਰਜਨੀ ਭਈ ਆਨਿ ਕਰਿ ਜਬਹੀ। ਭੋਜਨ ਕਰਿ ਪੌਢੇ ਘਰ ਸਭਿ ਹੀ ॥ ੩੩ ॥

ਉਹ ਸਾਰਾ ਦਿਨ ਸੱਸ ਸਹੁਰੇ ਦੇ ਝਗੜਾ ਕਰਨ ਵਿਚ ਹੀ ਬੀਤ ਗਿਆ। ਜਦ ਰਾਤ ਪੈ ਗਈ ਤਾਂ ਭੋਜਨ ਛੱਕ ਕੇ ਸਾਰੇ ਸੌਂ ਗਏ।

ਅਰਣੋਦਤ ਉਠਿ ਆਰਤਿਹਾਰੀ। ਗਵਨੇ ਜਹਿਂ ਸਰਿਤਾ ਬਰ ਬਾਰੀ।
ਕਰਿ ਦਾਤਨ ਮੁਖ ਜਲਜ ਪਖਾਰਾ। ਪੁਨਿ ਮੱਜਨ ਕਿਯ ਵੇਂਇ ਮਝਾਰਾ ॥ ੩੪ ॥

ਪ੍ਰਾਤਾਕਾਲ ਉੱਠ ਕੇ, ਦੁੱਖ ਹਰਤਾ ਭਾਵ ਗੁਰੂ ਜੀ ਓਥੇ ਚਲੇ ਗਏ ਜਿਥੇ ਸ੍ਰੇਸ਼ਟ ਜਲ ਵਾਲੀ ਨਦੀ ਵਹਿ ਰਹੀ ਸੀ। ਦਾਤਨ ਕਰਕੇ ਕੰਵਲ ਮੁੱਖ ਨੂੰ ਧੋਤਾ, ਫਿਰ ਇਸ਼ਨਾਨ ਕਰਨ ਵਾਸਤੇ ਵੇਈਂ ਨਦੀ ਵਿਚ ਚਲੇ ਗਏ॥ ੩੪ ॥

ਵਹਿ ਨਿਕਸ ਕਰਿ ਪੌਛ ਸਰੀਰਾ। ਕੀਨ ਕੁਪੀਨਹਿ ਗੁਨੀ ਗਹੀਰਾ।
ਭੇ ਇਸਥਿਤ ਤਹਿਂ ਹੇਰਯੋ ਰੋਰਾ। ਹੁਤੇ ਜਗਾਤੀ ਖੱਤ੍ਰੀ ਠੋਰਾ ॥ ੩੫ ॥

ਪਾਣੀ ਵਿਚੋਂ ਨਿਕਲ ਕੇ ਫਿਰ ਆਪਣੇ ਸਰੀਰ ਨੂੰ ਕਪੜੇ ਨਾਲ ਪੂੰਝਿਆ ਅਤੇ ਗੁਣਾ ਦੇ ਖਜ਼ਾਨੇ ਭਾਵ ਗੁਰੂ ਜੀ ਨੇ ਤੇੜ ਦਾ ਕਪੜਾ ਪਹਿਨਿਆ। ਜਿਥੇ ਖੜੇ ਸਨ ਓਥੇ ਨੇੜੇ ਹੀ ਉਨ੍ਹਾਂ ਨੇ ਕੁਝ ਰੌਲਾ ਸੁਣਿਆ। ਇਕ ਚੁੰਗੀ ਕਲਰਕ ਖੱਤਰੀ ਓਥੇ ਖੜਾ ਸੀ।

ਇਕ ਦ੍ਵਿਜ ਧੇਨੁ ਆਨਿਤੋ ਰੋਕਾ। 'ਦੇਉ ਜਗਾਤ ਆਨਿਤੋ ਸੋਕਾ।
ਜਾਚੇ ਕਿਤਕ,ਨਹੀਂ ਤਿਂਹ ਪਾਸੀ। ਦ੍ਵਿਜ ਕੀ ਦਸ਼ਾ ਦੇਖਿ ਅਬਿਨਾਸ਼ੀ ॥ ੩੬ ॥

ਉਸ ਖਤਰੀ ਨੇ ਇਕ ਬ੍ਰਾਹਮਣ ਤੇ ਗਊ ਨੂੰ ਆਉਣ ਤੋਂ ਰੋਕਿਆ ਅਤੇ ਕਿਹਾ ਕਿ ਮਹਿਸੂਲ ਦੇਵੇ, ਤੂੰ ਗਊ ਨੂੰ ਸੁਕਾ ਭਾਵ ਮਹਿਸੂਲ ਦੇਣ ਤੋਂ ਬਗੈਰ ਲੈ ਆਇਆ ਹੈਂ। ਉਨ੍ਹਾਂ ਵੇਖਿਆ ਕਿ ਚਾਰ-ਚੁਫੇਰੇ ਕੋਈ ਨਹੀਂ ਹੈ, ਬ੍ਰਾਹਮਣ ਦੀ ਦਸ਼ਾ ਨੂੰ ਗੁਰੂ ਜੀ ਨੇ ਵੇਖਿਆ॥ ੩੬॥

**ਚੌਂਕਾ ਧੋਤੀ ਟਿੱਕਾ ਮਾਲਾ। ਭਲੇ ਬਨਾਉ ਲਖਯੋ ਕਿਰਪਾਲਾ।**
**ਬਿੱਪ੍ਰ ਗਊ ਕੀ ਮੋਚਨ ਰੋਕਾ। ਤਿਸ ਪਰ ਸ੍ਰੀ ਗੁਰ ਕਹਯੋ ਸ਼ਲੋਕਾ॥੩੭॥**

ਕਿਰਪਾਲੂ ਗੁਰੂ ਜੀ ਨੇ ਵੇਖਿਆ ਕਿ ਉਸ ਬ੍ਰਾਹਮਣ ਨੇ ਧੋਤੀ, ਟਿੱਕਾ ਅਤੇ ਜਪਮਾਲਾ ਪਹਿਨ ਕੇ ਭਲੀ ਸੂਰਤ ਬਣਾਈ ਹੋਈ ਸੀ। ਬ੍ਰਾਹਮਣ ਦੀ ਗਊ ਦੀ ਰੋਕ ਹਟਾਉਣ ਵਾਸਤੇ ਗੁਰੂ ਜੀ ਨੇ ਨਿਮਨ ਅਨੁਸਾਰ ਇਕ ਸਲੋਕ ਉਚਾਰਨ ਕੀਤਾ॥ ੩੭॥

*ਸਲੋਕ ਮ: ੧॥*

*ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥*
*ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥*
*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥*
*ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥ ੧॥* (ਪੰਨਾ ੪੭੧)

*ਮ: ੧॥*

*ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥*
*ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥*
*ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥*
*ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥*
*ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥*
*ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥*
*ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥*
*ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥*
*ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥*
*ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥*
*ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥ ੨॥* (ਪੰਨਾ ੪੭੧)

ਤੂੰ ਗਊ ਅਤੇ ਬ੍ਰਾਹਮਣ ਨੂੰ ਮਸੂਲ ਲਾਉਂਦਾ ਹੈਂ, ਇਸ ਗਾਂ ਦੇ ਗੋਹੇ ਨੇ ਤੇਰਾ ਬੇੜਾ ਪਾਰ ਨਹੀਂ ਕਰਨਾ। ਬੇਸ਼ਕ ਇਸ ਗੋਹੇ ਨਾਲ ਤੂੰ ਚੌਂਕੇ ਵਿਚ ਪੋਚਾ ਫੇਰਦਾ ਹੈਂ। ਤੂੰ ਧੋਤੀ ਬੰਨ੍ਹਦਾ ਹੈਂ, ਤਿਲਕ ਲਾਉਂਦਾ ਹੈਂ, ਮਾਲਾ ਚੁੱਕੀ ਫਿਰਦਾ ਹੈਂ ਅਤੇ ਰਾਸ਼ਨ ਮੁਸਲਮਾਨ ਦਾ ਖਾਂਦਾ ਹੈਂ। ਘਰ ਵਿਚ ਤੂੰ ਮੂਰਤੀ ਪੂਜਾ ਕਰਦਾ ਹੈਂ, ਪਰ ਤੂੰ ਮੁਸਲਮਾਨੀ ਕਿਤਾਬਾਂ ਪੜ੍ਹਦਾ ਹੈਂ ਅਤੇ ਉਨ੍ਹਾਂ ਦੀ ਰੀਤੀ ਅਨੁਸਾਰ ਚਲਦਾ ਹੈਂ, ਇਹ ਪਖੰਡ ਛੱਡ ਦੇਵੇਂ, ਨਾਮ ਲੈਣ ਨਾਲ ਹੀ ਬੇੜਾ ਪਾਰ ਹੁੰਦਾ ਹੈ॥ ੧॥

ਮ: ੧॥ ਮਨੁੱਖ ਦਾ ਮਾਸ ਖਾਣ ਵਾਲੇ ਨਿਮਾਜ਼ਾਂ ਪੜ੍ਹਦੇ ਹਨ। ਛੁਰੀ ਫੇਰਨ ਵਾਲੇ ਆਪਣੇ ਗਲ ਵਿਚ ਪਵਿੱਤਰ ਜਨੇਊ ਪਾਉਂਦੇ ਹਨ। ਉਨ੍ਹਾਂ ਦੇ ਘਰ ਬ੍ਰਾਹਮਣ ਸੰਖ ਵਜਾਉਂਦਾ ਹੈ। ਉਹ ਬ੍ਰਾਹਮਣ ਵੀ ਉਹੀ ਖਾਣਾ ਖਾਂਦੇ ਹਨ। ਉਨ੍ਹਾਂ ਦੀ ਰਾਸ ਪੂੰਜੀ

ਝੂਠੀ ਹੈ, ਉਨ੍ਹਾਂ ਦਾ ਵਪਾਰ ਝੂਠਾ ਹੈ, ਝੂਠ ਬੋਲ ਕੇ ਆਪਣਾ ਜੀਵਨ ਨਿਰਬਾਹ ਤੋਰਦੇ ਹਨ, ਸ਼ਰਮ ਅਤੇ ਪਵਿੱਤ੍ਰਤਾ ਦਾ ਡੇਰਾ ਉਨ੍ਹਾਂ ਤੋਂ ਬਹੁਤ ਦੂਰ ਹੈ। ਹੇ ਨਾਨਕ ! ਉਨ੍ਹਾਂ ਸਾਰਿਆਂ ਵਿਚ ਝੂਠ ਪੂਰੀ ਤਰ੍ਹਾਂ ਭਰਿਆ ਹੋਇਆ ਹੈ। ਉਨ੍ਹਾਂ ਦੇ ਮੱਥੇ ਉਤੇ ਤਿਲਕ ਹੈ ਅਤੇ ਲੱਕ ਦੁਆਲੇ ਭਗਵੀ ਧੋਤੀ ਬੰਨ੍ਹੀ ਹੋਈ ਹੈ। ਉਸ ਦੇ ਹੱਥ ਵਿਚ ਛੁਰੀ ਹੈ, ਉਹ ਜਗਤ ਦਾ ਕਸਾਈ ਹੈ। ਨੀਲੇ ਕਪੜੇ ਪਹਿਨ ਕੇ ਉਹ ਤੁਰਕਾਂ ਦੀਆਂ ਅੱਖਾਂ ਵਿਚ ਮਕਬੂਲ ਹੋ ਜਾਂਦਾ ਹੈ। ਮੁਸਲਮਾਨ ਤੋਂ ਦਾਣੇ ਲੈ ਕੇ ਉਹ ਪੁਰਾਣ ਦੀ ਪੂਜਾ ਕਰਦੇ ਹਨ। ਅਰਬੀ ਬੋਲੀ ਵਿਚ ਕਲਮਾਂ ਉਚਾਰਨ ਕਰਕੇ ਮਾਰੇ ਹੋਏ ਬੱਕਰੇ ਨੂੰ ਉਹ ਖਾਂਦੇ ਹਨ। ਆਪਣੇ ਰਸੋਈ ਕਰਨ ਵਾਲੇ ਚੌਕੇ ਵਿਚ ਉਹ ਕਿਸੇ ਨੂੰ ਦਾਖਿਲ ਨਹੀਂ ਹੋਣ ਦਿੰਦੇ। ਜ਼ਮੀਨ ਤੇ ਪੋਚਾ ਫੇਰ ਕੇ ਉਹ ਉਸ ਦੇ ਦੁਆਲੇ ਲੀਕ ਖਿੱਚ ਦਿੰਦੇ ਹਨ। ਫਿਰ ਝੂਠੇ ਆ ਕੇ ਉਸ ਉਤੇ ਬੈਠ ਜਾਂਦੇ ਹਨ। ਉਹ ਕਹਿੰਦੇ ਹਨ, ''ਨਾਲ ਨਾ ਲਗਣਾ, ਸਾਡੇ ਨਾਲ ਨਾ ਲਗਣਾ, ਨਹੀਂ ਤਾਂ ਸਾਡਾ ਅੰਨ ਭਿੱਟਿਆ ਜਾਵੇਗਾ ਭਾਵ ਅਪਵਿੱਤਰ ਹੋ ਜਾਵੇਗਾ, ਪਰ ਅਪਵਿੱਤਰ ਸਰੀਰ ਨਾਲ ਉਹ ਮੰਦੇ ਕਰਮ ਕਮਾਉਂਦੇ ਹਨ। ਅਪਵਿੱਤਰ ਮਨ ਨਾਲ ਉਹ ਕੁਰਲੀ ਕਰਦੇ ਹਨ। ਹੇ ਨਾਨਕ ! ਤੂੰ ਸੱਚੇ ਸੁਆਮੀ ਦਾ ਸਿਮਰਨ ਕਰ। ਜੇ ਤੇਰਾ ਹਿਰਦਾ ਸੁੱਚਾ ਹੋਵੇਗਾ ਤਦ ਹੀ ਸੱਚਾ ਪ੍ਰਭੂ ਪ੍ਰਾਪਤ ਕਰ ਸਕੇਂਗਾ॥ ੨॥

ਚੌਪਈ- ਸੁਨਿ ਸਤਿਗੁਰ ਤੇ ਤਰਕ ਸਮੇਤਾ। ਪਰਯੋ ਚਰਨ ਖੱਤ੍ਰੀ ਚਿਤ ਚੇਤਾ।
''ਮੈਂ ਭੂਲੋ ਤੁਮ ਮਾਰਗ ਪਾਯੋ। ਧਨ ਲਾਲਚ ਤੇ ਚਿਤ ਬਿਰਮਾਯੋ'' ॥੩੮॥

ਸਤਿਗੁਰੂ ਨਾਨਕ ਦੇਵ ਜੀ ਦੇ ਤਰਕ ਸਮੇਤ ਸ਼ਬਦ ਸੁਣ ਕੇ ਮਹਿਸੂਲ ਕਲਰਕ ਖੱਤਰੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਮੈਂ ਭੁੱਲ ਗਿਆ ਸੀ, ਤੁਸੀਂ ਮੈਨੂੰ ਅਸਲ ਰਾਹ ਵਿਖਾਇਆ ਹੈ, ਧਨ ਦੇ ਲਾਲਚ ਤੋਂ ਮੇਰ ਚਿਤ ਨੂੰ ਹਟਾਇਆ ਹੈ॥ ੩੮॥

ਹੇਰਿ ਕ੍ਰਿਪਾ ਕਰਿ ਨਾਮ ਦ੍ਰਿੜ੍ਹਾਵਾ। ਤਰਯੋ ਕਸ਼ਟ ਤੇ, ਮੋਹ ਨਸਾਵਾ''।
ਬਹੁਰ ਗਏ ਉਦਿਆਨ ਮਝਾਰਾ। ਬੈਸੇ ਤਹਿੰ ਜਗ ਗੁਰੁ ਕਰਤਾਰਾ॥੩੯॥

ਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਉਸ ਨੂੰ ਨਾਮ ਦ੍ਰਿੜ੍ਹ ਕਰਾਇਆ। ਜਨਮ ਮਰਨ ਦੇ ਕਸ਼ਟ ਤੋਂ ਮੁਕਤ ਕੀਤਾ ਅਤੇ ਮੋਹ ਮਾਇਆ ਤੋਂ ਰਹਿਤ ਕਰ ਦਿੱਤਾ। ਫਿਰ ਉਹ ਜੰਗਲ ਵਿਚ ਚਲੇ ਗਏ ਅਤੇ ਕਰਤਾਰ ਰੂਪੀ ਜਗਤ ਗੁਰੂ ਇਕ ਥਾਂ ਬੈਠ ਗਏ॥ ੩੯॥

ਦੋਹਰਾ- ਪੁਨਿ ਪੁਰਿ ਬਰੇ ਨ ਆਇ ਕੈ ਬਾਹਰ ਬਾਸੁਰ ਰੈਨ।
ਸਮਾ ਬਿਤਾਵਹਿਂ ਸਤਿਗੁਰੂ, ਸ੍ਰੀ ਅੰਗਦ! ਸੁਨਿ ਬੈਨ॥ ੪੦॥

ਫਿਰ ਉਹ ਨਗਰ ਵਿਚ ਨਾ ਆਏ ਅਤੇ ਦਿਨ ਰਾਤ ਬਾਹਰ ਹੀ ਰਹਿਣ ਲੱਗੇ। ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮੇਰੇ ਬਚਨ ਸੁਣੋ, ਫਿਰ ਉਹ ਜੰਗਲ ਵਿਚ ਰਹਿ ਕੇ ਪ੍ਰਭੂ ਸਿਮਰਨ ਵਿਚ ਹੀ ਸਮਾਂ ਬਤੀਤੀ ਕਰਨ ਲੱਗੇ॥ ੪੦॥

ਚੌਪਈ- ਬਾਲਾ ਬਰਨਤਿ :- ਬਹੁਰੋ ਮੂਲਾ। ਲਖਤਿ ਨ ਭੇਦ ਭਰਮ ਮਹਿਂ ਭੂਲਾ।
ਭਯੋ ਤਯਾਰ ਚਲਨ ਨਿਜ ਨਗਰਾ। ਸਦਨ ਸੰਭਾਰਨ ਕਾਰਜ ਸਗਰਾ॥੪੧॥

ਬਾਲਾ ਆਖਦਾ ਹੈ:- ਫਿਰ ਮੂਲ ਚੰਦ, ਅਸਲ ਭੇਦ ਨਾ ਜਾਣਦਾ ਹੋਇਆ ਭਰਮਾਂ ਵਿਚ ਭੁੱਲ ਗਿਆ। ਆਪਣੇ ਨਗਰ ਨੂੰ ਜਾਣ ਲਈ ਤਿਆਰ ਹੋਣ ਲੱਗਾ, ਤਾਂਕਿ ਆਪਣੇ ਨਗਰ ਜਾ ਕੇ ਸਾਰਾ ਕੰਮ ਕਾਜ ਸੰਭਾਲ ਸਕੇ॥ ੪੧॥

ਆਨਨ ਸੋਂ ਇਵ ਗਿਰਾ ਉਚਾਰੀ। 'ਸੁਨਹੁ ਸੁਲਖਨੀ ਸੁਤਾ ਹਮਾਰੀ !
ਇਹ ਠਾਂ ਅਬ ਨ ਤੋਰ ਕਛੁ ਕਾਜਾ। ਤਵ ਪਤਿ ਭਾ ਫਕੀਰ ਤਜਿ ਲਾਜਾ॥੪੨॥

ਫਿਰ ਉਸ ਮੁੱਖ ਤੋਂ ਇਹ ਬੋਲ ਉਚਾਰੇ, ''ਸੁਣੋ, ਸੁਲੱਖਣੀ ! ਸਾਡੀ ਪੁੱਤਰੀ ਹੁਣ ਤੇਰਾ ਏਥੇ ਰਹਿਣ ਦਾ ਕੋਈ ਕੰਮ ਨਹੀਂ ਹੈ। ਤੁਹਾਡੇ ਪਤੀ ਲਾਜ ਛੱਡ ਕੇ ਫਕੀਰ ਹੋ ਗਏ ਹਨ॥ ੪੨॥

ਅਪਰਹਿ ਕਵਨ ਕਰਹਿ ਨਿਰਬਹਿਵਾ। ਸਦਨ ਚਲਹੁ ਮੁਝ ਹ੍ਵੈ ਸੁਖ ਤਹਿਂਵਾ।
ਕਰਮ ਮੰਦ ਹਹਿਂ ਸੁਤਾ ! ਤੁਮਾਰੇ। ਘਰ ਉਜਰਯੋ ਇਸ ਹਾਲ ਭਤਾਰੇ' ॥੪੩॥

ਤੇਰਾ ਨਿਰਬਾਹ ਹੁਣ ਕੌਣ ਕਰੇਗਾ। ਹੁਣ ਸਾਡੇ ਘਰ ਚਲੋ ਓਥੇ ਸੁਖ ਪਾਵੇਂਗੀ। ਹੇ ਪੁੱਤਰੀ ! ਤੇਰੇ ਮਾੜੇ ਕਰਮ ਹਨ। ਇਸ ਹਾਲ ਪਤੀ ਦਾ ਘਰ ਉਜੜ ਗਿਆ ਹੈ'' ॥ ੪੩ ॥

ਦੋਹਰਾ- ਭਨਤਿ ਨਾਨਕੀ ਬਦਨ ਤੇ 'ਇਉਂ ਨ ਬਨੈ ਇਹ ਬਾਤ।
ਕਿਉਂ ਭਰਜਾਈ ਕੋ ਅਬੈ ਜਾਨਿ ਦੇਉਂ ਸੰਗਿ ਤਾਤ॥ ੪੪ ॥

ਇਹ ਸੁਣ ਕੇ ਬੇਬੇ ਨਾਨਕੀ ਨੇ ਕਿਹਾ, ''ਇਸ ਤਰ੍ਹਾਂ ਹੁਣ ਗੱਲ ਨਹੀਂ ਬਣਨੀ। ਹੁਣ ਮੈਂ ਆਪਣੀ ਭਰਜਾਈ ਨੂੰ ਉਸ ਦੇ ਪਿਤਾ ਦੇ ਨਾਲ ਕਿਉਂ ਜਾਣ ਦੇਵਾਂ॥ ੪੪ ॥

ਚੌਪਈ- ਇਕ ਤੋ ਕਰੀ ਭ੍ਰਾਤ ਗਤਿ ਐਸੇ। ਦੁਤਿਯ ਜਾਤਿ ਭਰਜਾਈ ਤੈਸੇ।
ਕਿਹ ਬਿਧਿ ਉਰ ਮੈਂ ਧੀਰਜ ਧਰਿਹੋਂ। ਨਿਜ ਮਨ ਪਰਚਾ ਕਿਹ ਸੰਗ ਕਰਿਹੋਂ' ॥ ੪੫ ॥

ਇਕ ਤਾਂ ਭਰਾ ਨੇ ਅਜਿਹੀ ਹਾਲਤ ਕੀਤੀ ਹੈ, ਦੂਸਰੀ ਮੇਰੀ ਭਰਜਾਈ ਵੀ ਚਲੀ ਜਾਵੇ। ਮੈਂ ਆਪਣੇ ਦਿਲ ਵਿਚ ਕਿਵੇਂ ਧੀਰਜ ਧਾਰਨ ਕਰਾਂ। ਆਪਣਾ ਮਨ ਪਰਚਾਵਾ ਕਿਸ ਦੇ ਨਾਲ ਕਰਾਂ'' ॥ ੪੫ ॥

ਚੰਦੋ ਰਾਣੀ ਬੈਨ ਅਲਾਏ। 'ਕਿਹ ਅਵਿਲੰਬ ਰਹਹਿ ਇਹ ਜਾਏ'।
ਜਿਹ ਕੋ ਭਰਤਾ ਭਯੋ ਫਕੀਰਾ। ਧਰੈ ਧੀਰ ਕਿਉਂ, ਭਈ ਅਧੀਰਾ ॥ ੪੬ ॥

ਚੰਦੋ ਰਾਣੀ ਫਿਰ ਬੋਲੀ, ''ਕਿਸ ਆਸਰੇ ਇਹ ਹੁਣ ਏਥੇ ਰਹੇ, ਜਿਸ ਦਾ ਪਤੀ ਹੀ ਫਕੀਰ ਹੋ ਗਿਆ ਹੈ, ਇਹ ਬੇਆਸਰਾ ਹੁਣ ਕਿਸ ਦੇ ਆਸਰੇ ਧੀਰਜ ਧਾਰਨ ਕਰੇ॥ ੪੬ ॥

ਇਹ ਠਾਂ ਰਹਿਨ ਬਨੈ ਨਹਿ ਇਹ ਕੋ। ਨਿਕਟਿ ਨ ਸਾਸੁ ਸਸੁਰ ਘਰ ਜਿਹ ਕੋ।
ਘਰ ਕੇ ਖਰਚ ਅਨਿਕ ਬਿਧਿ ਜੇਈ॥ਹਿਤੂ ਬਿਨਾ ਕੋ ਸਾਰ ਨ ਲੇਈ ॥ ੪੭ ॥

ਇਸ ਦਾ ਹੁਣ ਏਥੇ ਰਹਿਣਾ ਨਹੀਂ ਬਣਦਾ, ਜਿਸ ਦੇ ਨੇੜੇ ਸੱਸ ਸਹੁਰੇ ਦਾ ਵੀ ਘਰ ਨਹੀਂ ਹੈ। ਘਰਾਂ ਦੇ ਅਨੇਕਾਂ ਖਰਚੇ ਹੁੰਦੇ ਹਨ, ਆਪਣਿਆਂ ਤੋਂ ਬਗੈਰ ਕੋਈ ਸਾਰ ਨਹੀਂ ਲੈਂਦਾ॥ ੪੭॥

ਦੋਹਰਾ- ਅਹੈਂ ਆਤਮਜ ਬੈਸ ਲਘੁ ਰਿਦੈ ਨ ਸੁਧਿ ਤਿਨ ਕੋਇ।
ਪਿਤਾ ਨ ਆਨਿ ਦੁਲਾਰਹੀ ਭੇ ਅਨਾਥ ਸਮ ਸੋਇ॥ ੪੮ ॥

ਇਸ ਦੇ ਪੁੱਤਰ ਹਾਲੇ ਬਹੁਤ ਛੋਟੇ ਹਨ, ਉਨ੍ਹਾਂ ਨੂੰ ਹਾਲੇ ਕਿਸੇ ਗੱਲ ਦੀ ਸੋਝੀ ਨਹੀਂ ਹੈ। ਪਿਤਾ ਆ ਕੇ ਪਿਆਰ ਨਹੀਂ ਕਰਦਾ, ਅਨਾਥਾਂ ਵਰਗੇ ਹੋ ਗਏ ਹਨ॥ ੪੮ ॥

ਚੌਪਈ- ਕਿਹ ਅਧਾਰ ਏ ਦੋਊ ਬਾਲਕ। ਹਮ ਘਰ ਚਲਿ ਹ੍ਵੈ ਹੈ ਪ੍ਰਤਿਪਾਲਕ।
ਸੁਰਤਿ ਸੰਭਾਰਹਿਂ ਕਰਹਿਂ ਕਮਾਈ। ਦੇਹਿਂ ਅਨਿਕ ਬਿਧਿ ਸੁਖ ਨਿਜ ਮਾਈ' ॥੪੯॥

ਇਨ੍ਹਾਂ ਦੋਵੇਂ ਬਾਲਕਾਂ ਦਾ ਕੀ ਆਧਾਰ ਹੈ, ਅਸੀਂ ਇਨ੍ਹਾਂ ਨੂੰ ਆਪਣੇ ਘਰ ਲੈ ਜਾ ਕੇ ਪਾਲਣਾ ਕਰਾਂਗੇ। ਜਦ ਇਹ ਸੁਰਤ ਸੰਭਾਲ ਲੈਣਗੇ ਤਾਂ ਕਮਾਈ ਕਰਨਗੇ, ਫਿਰ ਆਪਣੀ ਮਾਤਾ ਜੀ ਨੂੰ ਕਈ ਪ੍ਰਕਾਰ ਦੇ ਸੁੱਖ ਦੇਣਗੇ॥ ੪੯॥

ਭਨੈ ਨਾਨਕੀ 'ਮਾਸੀ ਸੁਨਿਯੇ। ਤੂੰ ਸਜਾਨੀ ਨਿਜ ਮਨ ਮਹਿਂ ਗੁਨਿਯੇ।
ਭ੍ਰਾਤਾ ਪਰਮੇਸ਼ੁਰ ਸਮ ਰੂਪਾ। ਜਿਹ ਕੇ ਕਰਤਬ ਜਗਤ ਅਨੂਪਾ ॥ ੫੦ ॥

ਫਿਰ ਬੇਬੇ ਨਾਨਕੀ ਜੀ ਨੇ ਕਿਹਾ, "ਹੇ ਮਾਸੀ ਜੀ! ਸੁਣੋ, ਤੁਸੀਂ ਬਹੁਤ ਸਿਆਣੇ ਹੋ, ਆਪਣੇ ਮਨ ਵਿਚ ਵਿਚਾਰ ਕਰੋ, ਮੇਰਾ ਭਰਾ ਪਰਮੇਸ਼ਰ ਦਾ ਰੂਪ ਹੈ, ਜਿਸ ਦੇ ਕਾਰਨ ਇਹ ਜਗਤ ਅਨੂਪਮ ਹੋ ਗਿਆ ਹੈ॥ ੫੦॥

ਮਾਨਵ ਕੇ ਨ ਕਰਮ ਹੈਂ ਐਸੇ। ਕਰਤਿ ਅਲੌਕਿਕ ਬਹੁ ਬਿਧਿ ਜੈਸੇ।
ਹੇਰਤਿ ਸੁਨਤਜੋ ਹੋਤਿ ਅਚੰਭਾ। ਸਪਥ ਮੋਹਿ, ਨਹਿ ਉਚਰੋਂ ਦੰਭਾ॥੫੧॥

ਇਹ ਆਮ ਮਨੁੱਖ ਦੇ ਕੰਮ ਨਹੀਂ ਹਨ, ਜਿਸ ਤਰ੍ਹਾਂ ਦੇ ਉਹ ਅਲੌਕਿਕ ਕਾਰਜ ਕਰ ਰਹੇ ਹਨ। ਉਨ੍ਹਾਂ ਕਾਰਜਾਂ ਨੂੰ ਵੇਖ ਸੁਣ ਕੇ ਬਹੁਤ ਹੈਰਾਨੀ ਹੁੰਦੀ ਹੈ। ਮੈਨੂੰ ਸਹੁੰ ਹੈ ਜੇ ਮੈਂ ਝੂਠ ਬੋਲਦੀ ਹੋਵਾਂ॥ ੫੧॥

ਦੋਹਰਾ- ਸਗਲ ਨਗਰ ਨਰ ਪਰਸਪੁਰ ਉਚਰਤਿ ਭੇ ਬਹੁ ਬਾਰ।
ਸਰਬ ਦਰਬ ਖਰਚਨ ਕਰੈਂ, ਤੋਟਾ ਹੋਇ ਅਪਾਰ॥ ੫੨॥

ਸਾਰੇ ਨਗਰ ਦੇ ਮਨੁੱਖ ਲਗਾਤਾਰ ਬਾਰ ਬਾਰ ਇਹ ਕਹਿੰਦੇ ਹਨ ਕਿ ਸਾਰਾ ਧਨ ਖਰਚ ਦਿੰਦੇ ਹਨ, ਪਰ ਫਿਰ ਵੀ ਕਿਸੇ ਗੱਲ ਦੀ ਤੋਟ ਨਹੀਂ ਆਉਂਦੀ॥ ੫੨॥

ਚੌਪਈ- ਖੋਇ ਦਰਬ ਕੋ ਜਾਵਹਿ ਭਾਜੂ॥ ਕਿਧੋਂ ਗਹੈ ਖਾਨਨ ਸਿਰਤਾਜੂ।
ਕੇਤਿਕ ਆਨ ਕਹੈਂ ਹਮ ਪਾਸਾ। ਸੁਨਹਿਂ ਬਿਲੋਕਹਿਂ ਮਾਨਹਿਂ ਤ੍ਰਾਸਾ॥੫੩॥

ਕਈ ਲੋਕ ਕਹਿੰਦੇ ਹਨ ਸਾਰਾ ਧਨ ਗਵਾ ਕੇ ਭੱਜ ਜਾਵੇਗਾ ਅਤੇ ਨਵਾਬ ਇਸ ਨੂੰ ਫੜ ਲਵੇਗਾ। ਕਈ ਸਾਡੇ ਪਾਸ ਆ ਕੇ ਕਹਿੰਦੇ ਸਨ। ਸੁਣਦੇ, ਵੇਖਦੇ ਸਾਂ ਤਾਂ ਡਰ ਮੰਨਦੇ ਸੀ॥ ੫੩॥

ਖਰਚੇ ਦਰਬ ਨਰੇਸ਼ ਸਮਾਨਾ॥ ਜਾਚ ਨ ਕੋਊ ਛੂਛ ਪਯਾਨਾ॥
ਕਰੈ ਖਾਨ ਨਿਜ ਲੇਖਾ ਜਬ ਹੀ। ਬਾਕੀ ਨਿਕਸਹਿ ਅਧਿਕਹਿ ਤਬ ਹੀ॥੫੪॥

ਰਾਜਿਆਂ ਵਾਂਗ ਧਨ ਖਰਚਦੇ ਹਨ ਅਤੇ ਕਿਸੇ ਮੰਗਤੇ ਨੂੰ ਵੀ ਖਾਲੀ ਨਹੀਂ ਮੋੜਦੇ। ਪਰ ਜਦ ਵੀ ਨਵਾਬ ਹਿਸਾਬ ਕਿਤਾਬ ਕਰਦਾ ਸੀ ਤਾਂ ਨਵਾਬ ਵਲ ਵਾਧੂ ਬਕਾਇਆ ਹੀ ਨਿਕਲਦਾ ਸੀ॥ ੫੪॥

ਪੁਨ ਵੇਈਂ ਮਹਿਂ ਬਾਸੁਰ ਤੀਨਾਂ। ਰਹੇ ਖੋਜ ਨਹਿਂ ਕਾਹੂੰ ਚੀਨਾ।
ਆਨਿ ਦੁਕਾਨਹਿ ਸਰਬ ਲੁਟਾਈ। ਲੂਟਤਿ ਤ੍ਰਿਪਤੇ, ਤੋਟ ਨ ਆਈ॥੫੫॥

ਫਿਰ ਤਿੰਨ ਦਿਨ ਵੇਈਂ ਨਦੀ ਵਿਚ ਪ੍ਰਵੇਸ਼ ਕਰ ਗਏ, ਬਹੁਤ ਖੋਜ ਕੀਤੀ ਪਰ ਕਿਤੇ ਨਾ ਮਿਲੇ। ਨਦੀ ਵਿਚੋਂ ਜਦ ਨਿਕਲ ਕੇ ਆਏ ਤਾਂ ਆ ਕੇ ਸਾਰੀ ਦੁਕਾਨ ਹੀ ਲੁਟਾ ਦਿੱਤੀ, ਲੁੱਟਣ ਵਾਲੇ ਤ੍ਰਿਪਤ ਹੋ ਗਏ, ਪਰ ਕਿਸੇ ਗੱਲ ਦੀ ਤੋਟ ਨਾ ਰਹੀ॥ ੫੫॥

ਮਾਸੀ! ਔਰ ਭਈ ਇਹ ਬਾਤਾ। ਜੋ ਮਸੀਤ ਸਭਿ ਤੁਮ ਬਖਜਾਤਾ।
ਸ਼ਕਤਿ ਨ ਐਸੀ ਕਿਹ ਨਰ ਮਾਂਹੀ। ਵਰਤੀ ਰਿਦੇ ਬਤਾਵਹਿ ਤਾਂਹੀ॥੫੬॥

ਹੇ ਮਾਸੀ! ਇਕ ਹੋਰ ਵੀ ਬਹੁਤ ਵੱਡੀ ਗੱਲ ਹੋਈ ਹੈ। ਜੋ ਮਸੀਤ ਵਿਚ ਘਟਨਾ ਹੋਈ, ਉਸ ਬਾਰੇ ਵੀ ਮੈਂ ਵਰਣਨ ਕਰਦੀ ਹਾਂ। ਕਿਸੇ ਮਨੁੱਖ ਵਿਚ ਅਜਿਹੀ ਸ਼ਕਤੀ ਨਹੀਂ, ਜਿਸ ਤਰ੍ਹਾਂ ਜਿਹੜਾ ਕਿਸੇ ਦੇ ਦਿਲ ਵਿਚ ਵਰਤੀ ਗੱਲ ਦੱਸ ਦੇਵੇ॥ ੫੬॥

ਦੋਹਰਾ- ਭਰਜਾਈ ਪਰ ਕ੍ਰੋਧ ਕੁਛ ਜੇ ਕਰਤੋ ਮਮ ਭ੍ਰਾਤ।
ਹਾਥ ਬੰਦ ਕਰਿ ਬੇਨਤੀ ਬਖਸ਼ਾਵਤਿ ਸਭਿ ਭਾਂਤਿ॥ ੫੭॥

ਜੇ ਮੇਰਾ ਭਰਾ, ਮੇਰੀ ਭਰਜਾਈ ਉਤੇ ਕਿਸੇ ਪ੍ਰਕਾਰ ਦਾ ਕ੍ਰੋਧ ਕਰਦਾ ਹੋਵੇ ਤਾਂ ਮੈਂ ਹੱਥ ਜੋੜ ਕੇ ਬੇਨਤੀ ਕਰਦੀ ਹਾਂ ਕਿ ਉਸ ਗਲਤੀ ਨੂੰ ਹਰ ਪ੍ਰਕਾਰ ਬਖਸ਼ ਦੇਵੇ॥ ੫੭॥

ਚੌਪਈ- ਰੋਸ ਤਰੀਕ ਨ ਹੈ ਮਨ ਮਾਂਹੀ॥ ਕੋ ਕੁਚਾਲ ਤਿਨਕੇ ਤਨ ਨਾਂਹੀ॥
ਆਵਤਿ ਜੋ ਉਰ ਮਹਿਂ ਸੋ ਕਰਿਈਂ। ਕਿਸੁ ਲੋਕ ਕੀ ਲਾਜ ਨ ਧਰਿਈ॥੫੮॥

ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਕੋਈ ਰੋਸ ਨਹੀਂ ਹੈ। ਉਹ ਕੋਈ ਭੈੜਾ ਕੰਮ ਵੀ ਨਹੀਂ ਕਰਦੇ। ਜੋ ਦਿਲ ਵਿਚ ਆਉਂਦਾ ਹੈ, ਉਸ ਤਰ੍ਹਾਂ ਕਰਦੇ ਹਨ। ਲੋਕਾਂ ਦੀ ਕੋਈ ਪ੍ਰਵਾਹ ਨਹੀ ਕਰਦੇ॥ ੫੮॥

ਚੌਪਈ- ਤਿਹ ਪਰ ਨਹਿਂ ਬਸ ਮਾਸੀ ! ਹਮਰਾ। ਸਭਿ ਗੁਨਐਨ ਜਮਾਤਾ ਤੁਮਰਾ।
ਮਰਮ ਜੁ ਤਿਸਕੋ ਜਾਇ ਨ ਜਾਨਾ। ਕਾਰਨ ਕੌਨ ਬੇਖ ਇਉਂ ਠਾਨਾ॥੫੯॥

ਹੇ ਮਾਸੀ ਜੀ ! ਉਸ ਉਤੇ ਸਾਡਾ ਕੋਈ ਵੱਸ ਨਹੀਂ ਚਲਦਾ। ਤੁਹਾਡਾ ਜਵਾਈ ਬਹੁਤ ਗੁਣੀ ਹੈ। ਉਸ ਦਾ ਭੇਦ ਜਾਣਿਆ ਨਹੀਂ ਜਾ ਸਕਦਾ, ਪਤਾ ਨਹੀਂ ਕਿਸ ਕਾਰਨ ਇਹ ਭੇਸ ਧਾਰਨ ਕੀਤਾ ਹੈ॥ ੫੯॥

ਰਹਿਨ ਦੇਉ ਇਹ ਠਾ ਭਰਜਾਈ। ਕਰਿ ਮੁਝ ਪਰਉਪਕਾਰ ਭਲਾਈ।
ਜੇ ਹਠ ਕਰਿ ਲੇ ਜਾਵਹੁ ਅਬਹੀ। ਓਦਰ ਜਾਇ ਰਿਦਾ ਮਮ ਤਬਹੀ॥੬੦॥

ਭਰਜਾਈ ਨੂੰ ਇਥੇ ਹੀ ਰਹਿਣ ਦੇਵੋ, ਮੇਰੇ ਤੇ ਇਹ ਵੱਡਾ ਪਰਉਪਕਾਰ ਤੇ ਭਲਾਈ ਦਾ ਕੰਮ ਕਰੋ। ਜੇ ਜ਼ਿਦ ਕਰਕੇ ਹੁਣੇ ਲੈ ਜਾਵੋਗੇ ਤਾਂ ਮੇਰਾ ਹਿਰਦਾ ਉਸੇ ਵੇਲੇ ਹੀ ਬਹੁਤ ਉਦਾਸ ਹੋ ਜਾਵੇਗਾ॥ ੬੦॥

ਦੋਹਰਾ- ਮੂਲਾ ਭਾਖੇ 'ਅਬ ਇਹਾ ਤਜਿ ਕਰਿ ਹਮ ਨਹਿਂ ਜਾਇਂ।
ਲੇ ਜਾਵਹਿਂਗੇ ਸੰਗ ਨਿਜ, ਰਹਨਿ ਨ ਹਜਾਂ ਬਨਿ ਆਇ' ॥ ੬੧॥

ਮੂਲ ਚੰਦ ਨੇ ਕਿਹਾ, "ਹੁਣ ਇਸ ਨੂੰ ਏਥੇ ਛੱਡ ਕੇ ਨਹੀਂ ਜਾਵਾਂਗੇ, ਇਸ ਨੂੰ ਆਪਣੇ ਨਾਲ ਲੈ ਕੇ ਜਾਵਾਂਗੇ, ਇਥੇ ਹੁਣ ਇਸ ਦਾ ਰਹਿਣਾ ਬਣਦਾ ਨਹੀਂ"॥ ੬੧॥

ਚੌਪਈ- ਬਹੁਰ ਨਾਨਕੀ ਬਚਨ ਉਚਾਰੇ। 'ਸੁਨਿ ਮਾਸੀ ! ਨਹਿਂ ਜੋਰ ਹਮਾਰੇ।
ਹਮਰੀ ਬਿਨਤੀ ਸੁਨਹੁ ਜਿ ਕਾਨਾ। ਛੋਰਿ ਜਾਹੁ ਤੁਮ ਇਹ ਇਸਥਾਨਾ॥੬੨॥

ਫਿਰ ਬੇਬੇ ਨਾਨਕੀ ਨੇ ਬਚਨ ਕੀਤੇ, "ਮਾਸੀ ਜੀ ! ਸੁਣੋ ਸਾਡਾ ਕੋਈ ਜ਼ੋਰ ਨਹੀ। ਸਾਡੀ ਬੇਨਤੀ ਧਿਆਨ ਨਾਲ ਸੁਣੋ, ਤੇ ਇਸ ਨੂੰ ਇਥੇ ਹੀ ਛੱਡ ਜਾਵੋ॥ ੬੨॥

ਸਭਿ ਕੀ ਸੁਧਿ ਲੇਵਹਿ ਕਰਤਾਰਾ। ਕਰਹਿਂ ਸੇਵ ਬਲ ਜਿਤੋ ਹਮਾਰਾ।
ਅਸਨ ਬਸਨ ਬਹੁ ਪ੍ਰਭੁ ਨੈ ਦੀਨਾ। ਰਲਿ ਮਿਲਿ ਖਾਵਹਿਂ ਭੇਦ ਬਿਹੀਨਾ॥੬੩॥

ਸਭ ਜੀਆਂ ਦੀ ਕਰਤਾਰ ਸੁੱਧ ਸਾਰ ਲੈਂਦਾ ਹੈ, ਜਿੰਨੀ ਸਾਡੀ ਸਮਰੱਥਾ ਹੈ, ਅਸੀਂ ਇਨ੍ਹਾਂ ਦੀ ਸੇਵਾ ਕਰਾਂਗੇ। ਪਦਾਰਥ ਅਤੇ ਕਪੜੇ ਪ੍ਰਭੂ ਨੇ ਬਹੁਤ ਦਿੱਤੇ ਹਨ, ਰਲ ਮਿਲ ਕੇ ਖਾਵਾਂਗੇ, ਇਸ ਵਿਚ ਕੋਈ ਭੇਦ ਨਹੀ ਹੈ॥ ੬੩॥

ਇਹ ਠਾਂ ਰਹਿਨ ਨ ਤੁਮ ਮਨ ਭਾਈ। ਤੌ ਤਲਵੰਡੀ ਦੇਹੁਂ ਪੁਜਾਈ।
ਰਹਹਿ ਸਾਸੁ ਕੇ ਨਿਕਟਿ ਸੁਖਾਰੀ। ਕਰਹਿ ਸੁ ਪੌਤ੍ਰਨ ਕੀ ਪ੍ਰਿਤਪਾਰੀ॥੬੪॥

ਜੇ ਤੁਹਾਨੂੰ ਇਸ ਦਾ ਇਥੇ ਰਹਿਣਾ ਪਸੰਦ ਨਹੀ, ਤਾਂ ਤਲਵੰਡੀ ਭੇਜ ਦਿੰਦੇ ਹਾਂ। ਸੱਸ ਦੇ ਕੋਲ ਸੁਖੀ ਰਹੇਗੀ, ਉਹ ਆਪਣੇ ਪੋਤਿਆਂ ਦੀ ਪਾਲਣਾ ਕਰਨਗੇ॥ ੬੪॥

ਤਿਨ ਕੇ ਮਨ ਕੀ ਜਾਨਿ ਜਰਾਮੂ। ਤਜਹਿਂ ਨ, ਲੇ ਜਾਵਹਿਂ ਨਿਜ ਧਾਮੂ।
ਅਨਿਕ ਜਤਨ ਕਰਿ ਰਹੇ ਨ ਮਾਨਹਿਂ। ਤਿਨ ਸੋਂ ਇਹ ਬਿਧਿ ਬਚਨ ਬਖਾਨਹਿ॥੬੫॥

ਜਦ ਜੈ ਰਾਮ ਨੇ ਉਨ੍ਹਾਂ ਦੇ ਮਨ ਦੀ ਗੱਲ ਨੂੰ ਸਮਝ ਲਿਆ ਕਿ ਇਹ ਹੁਣ ਇਸ ਨੂੰ ਇਥੇ ਨਹੀਂ ਛੱਡਣਗੇ, ਆਪਣੇ ਘਰ ਲੈ ਜਾਣਗੇ। ਅਨੇਕ ਜਤਨ ਕੀਤੇ ਹਨ, ਪਰ ਇਹ ਨਹੀਂ ਮੰਨਦੇ ਹਨ, ਉਸ ਨੇ ਫਿਰ ਇਸ ਤਰ੍ਹਾਂ ਬਚਨ ਕਹੇ॥ ੬੫॥

ਦੋਹਰਾ- "ਸਿਰੀਚੰਦ ਕੋ ਛੋਰਿਯੇ ਲੇ ਜਾਵਹੁ ਤਿਹ ਮਾਤ"।
ਬਹੁ ਝਗਰੇ ਸੋਂ ਮਨੇ ਇਵ, ਭੀ ਸਲਾਹਿ ਇਹ ਭਾਂਤਿ॥ ੬੬॥

ਸ੍ਰੀ ਚੰਦ ਨੂੰ ਇਥੇ ਛੱਡ ਜਾਵੋ ਤੇ ਉਸ ਦੀ ਮਾਤਾ ਤੇ ਲਖਮੀ ਚੰਦ ਨੂੰ ਲੈ ਜਾਵੋ। ਬਹੁਤ ਝਗੜੇ ਬਾਅਦ ਅਖੀਰ ਮੰਨ ਗਏ, ਫਿਰ ਬੇਬੇ ਨਾਨਕੀ ਨੇ ਉਨ੍ਹਾਂ ਦੀ ਇਸ ਪ੍ਰਕਾਰ ਸ਼ਲਾਘਾ ਕੀਤੀ॥ ੬੬॥

ਚੌਪਈ- "ਸਿਰੀ ਚੰਦ ਜੋ ਰਹੇ ਅਵਾਸੁ। ਤੱਦਪਿ ਉਰ ਮੁਝ ਬਹੁ ਧਿਰਵਾਸੁ॥
ਲੇਤਿ ਦੇਤਿ ਮਾਸੀ ਸੁਧ ਰਹਿਯੇ। ਆਵਤਿ ਜਾਤਿ ਸੰਦੇਸੇ ਕਹਿਯੇ॥੬੭॥

ਜੇ ਸ੍ਰੀ ਚੰਦ ਸਾਡੇ ਘਰ ਰਹੇਗਾ ਤਾਂ ਮੇਰੇ ਦਿਲ ਵਿਚ ਧਰਵਾਸ ਰਹੇਗਾ। ਹੇ ਮਾਸੀ ਜੀ! ਖ਼ਬਰ ਸਾਰ ਲੈਂਦੇ ਰਹਿਣਾ, ਆਉਂਦੇ ਜਾਂਦੇ ਹੱਥ ਸੁਨੇਹਾ ਭੇਜਦੇ ਰਹਿਣਾ॥ ੬੭॥

ਬਿਸਰ ਨ ਜੱਯੈ ਉਰ ਹਿਤ ਧਰਿਯੇ। ਕਦੇ ਆਪ ਆਵਨ ਮਨ ਕਰਿਯੇ।
ਹਮਰੇ ਅਵਗੁਨ ਮਨ ਨ ਵਿਚਰਿਯੇ। ਪਾਛਲ ਰੋਸ ਸਰਬ ਸੋ ਹਰਿਯੇ॥੬੮॥

ਸਾਨੂੰ ਵਿਸਾਰ ਨਾ ਦੇਣਾ, ਦਿਲ ਵਿਚ ਸਾਡੇ ਵਾਸਤੇ ਪਿਆਰ ਰੱਖਣਾ। ਕਦੇ ਆਪ ਵੀ ਸਾਨੂੰ ਮਿਲਣ ਵਾਸਤੇ ਆਉਣਾ। ਸਾਡੇ ਔਗੁਣ ਮਨ ਵਿਚ ਨਾ ਵਿਚਾਰਨਾ, ਪਿਛਲੇ ਰੋਸੇ ਗੁੱਸੇ ਸਾਰੇ ਦਿਲ ਵਿਚੋਂ ਕੱਢ ਦੇਵੋ॥ ੬੮॥

ਭਯੋ ਤਯਾਰ ਚਲਨ ਕੋ ਜਬਹੀ। ਮਿਲੀ ਸੁਲਖਣੀ ਹਿਤ ਕਰਿ ਤਬਹੀ।
ਲੋਚਨ ਨੀਰ ਬਿਮੋਚਤਿ ਦੋਊ। ਭਈ ਬਿਰਹਿ ਤੇ ਦੁਖੀਆ ਸੋਊ॥੬੯॥

ਜਦ ਚੱਲਣ ਵਾਸਤੇ ਤਿਆਰ ਹੋਣ ਲੱਗੇ ਤਾਂ ਉਸ ਵੇਲੇ ਬੇਬੇ ਨਾਨਕੀ ਜੀ ਮਾਤਾ ਸੁਲੱਖਣੀ ਨੂੰ ਮਿਲੇ। ਦੋਵਾਂ ਦੀਆਂ ਅੱਖਾਂ ਵਿਚ ਹੰਝੂ ਵਹਿ ਰਹੇ ਸਨ। ਵਿਛੜਨ ਕਰਕੇ ਦੋਵੇਂ ਬਹੁਤ ਦੁਖੀ ਹੋਈਆਂ॥ ੬੯॥

ਦੋਹਰਾ- ਪ੍ਰੇਮ ਰਿਦੈ ਗਦਗਦ ਗਿਰਾ ਧਰਯੋ ਚਰਨ ਪਰ ਸੀਸ।
ਲਾਇ ਗਰੇ ਸੋਂ ਨਾਨਕੀ ਹਿਤ ਸੋਂ ਦੀਨਿ ਅਸੀਸ॥ ੭੦॥

ਹਿਰਦੇ ਵਿਚ ਪ੍ਰੇਮ ਨਾਲ ਗਦਗਦ ਹੋ ਰਹੀ ਹੈ। ਅਤੇ ਹਟਕੋਰੇ ਲੈਂਦੀ ਨੇ ਚਰਨਾਂ ਤੇ ਸਿਰ ਧਰ ਦਿੱਤਾ। ਬੇਬੇ ਨਾਨਕੀ ਨੇ ਚੁੱਕ ਕੇ ਗਲ ਨਾਲ ਲਾ ਲਈ ਅਤੇ ਬੜੇ ਪਿਆਰ ਨਾਲ ਅਸੀਸਾਂ ਦਿੱਤੀਆਂ॥ ੭੦॥

ਚੌਪਈ- ਲਖਮੀਦਾਸ ਸੀਸ ਕਰ ਫੇਰਾ। ਕਰਤਿ ਦੁਲਾਰ ਪ੍ਰੇਮ ਬਹੁ ਬੇਰਾ।
ਆਨਨ ਭਨਤਿ ਨ ਜਾਨਤਿ ਤਿਨ ਕੋ। ਹੇਰਿ ਬਿਰਹ ਹੋਵਤਿ ਦੁਖ ਮਨ ਕੋ॥੭੧॥

ਲਖਮੀ ਦਾਸ ਦੇ ਸਿਰ 'ਤੇ ਹੱਥ ਫੇਰਿਆ ਅਤੇ ਬੜੇ ਪ੍ਰੇਮ ਨਾਲ ਲਾਡ ਪਿਆਰ ਕਰਦੀ ਹੈ। ਉਨ੍ਹਾਂ ਨੂੰ ਵੇਖ ਕੇ ਉਹ ਮੁਖ ਤੋਂ ਕੁਝ ਨਾ ਬੋਲਿਆ। ਵੇਖ ਕੇ ਮਨ ਨੂੰ ਵਿਛੋੜੇ ਦਾ ਬਹੁਤ ਦੁਖ ਹੁੰਦਾ ਹੈ॥ ੭੧॥

ਸਿਰੀਚੰਦ ਕੋ ਲੈ ਨਿਜ ਅੰਕਾ। ਸੁੰਘਤਿ ਮਾਤਾ ਬਦਨ ਮਯੰਕਾ।
ਜਿਉਂ ਗੋ ਬਤਸਹਿ ਤਜਿ ਨ ਸਕਾਹੀ। ਤਿਉਂ ਲਗਾਇ ਗਰ ਛੋਰਤਿ ਨਾਂਹੀ॥੭੨॥

ਮਾਤਾ ਸੁਲੱਖਣੀ ਜੀ ਫਿਰ ਸ੍ਰੀ ਚੰਦ ਨੂੰ ਗੋਦੀ ਵਿਚ ਲੈ ਕੇ ਚੰਦ ਵਰਗੇ ਮੁੱਖੜੇ ਨੂੰ ਚੁੰਮਦੀ ਹੈ। ਜਿਵੇਂ ਗਾਂ ਆਪਣੇ ਵੱਛੇ ਨੂੰ ਛੱਡ ਨਹੀਂ ਸਕਦੀ। ਇਸ ਤਰ੍ਹਾਂ ਗਲ ਨਾਲ ਲਾ ਕੇ ਫਿਰ ਛੱਡਦੀ ਨਹੀਂ॥ ੭੨॥

ਚੌਪਈ- ਰੁਦਨ ਅੱਸ੍ਰੂ ਸੋਂ ਬਦਨ ਭਿਗੋਏ। ਦੁਹਿ ਦਿਸ਼ਿ ਮੋਹ ਬਿਖੈ ਮਨ ਭੋਏ।
ਸ੍ਰੀ ਜੈਰਾਮੇ ਨਾਨਕੀ ਦੋਊ। ਲੋਚਨ ਤੇ ਜਲ ਮੋਚਤਿ ਸੋਊ॥ ੭੩॥

ਹੰਝੂਆਂ ਨਾਲ ਮੁਖ ਭਿੱਜ ਗਿਆ ਹੈ। ਹਰ ਤਰ੍ਹਾਂ ਨਾਲ ਮਨ ਮੋਹ ਵਿਚ ਖਚਤ ਹੋ ਗਿਆ ਹੈ। ਸ੍ਰੀ ਜੈ ਰਾਮ ਤੇ ਬੇਬੇ ਨਾਨਕੀ ਦੋਵੇਂ ਅੱਖਾਂ ਵਿਚੋਂ ਹੰਝੂ ਡੇਗਦੇ ਹਨ॥ ੭੩॥

ਰੁਦਨ ਕਰਤਿ ਸਭਿ ਦਾਸੀ ਦਾਸਾ। ਬਿਰਹ ਜਨਤਿ ਮਨਿ ਭਾ ਦੁਖ ਰਾਸਾ।
ਮੂਲਚੰਦ ਪੁਨਿ ਚੰਦੋਰਾਨੀ। ਰੋਦਨ ਕਰਤਿ ਬਿਕੁਲ ਭੀ ਬਾਨੀ॥ ੭੪॥

ਸਭ ਦਾਸ ਦਾਸੀਆਂ ਵੀ ਰੋਂਦੀਆਂ ਹਨ। ਮਨ ਵਿਚ ਵਿਛੋੜੇ ਤੋਂ ਪੈਦਾ ਹੋਇਆ ਭਾਰੀ ਦੁੱਖ ਹੈ। ਫਿਰ ਮੂਲ ਚੰਦ ਅਤੇ ਚੰਦੋਰਾਣੀ ਰੋ ਕੇ ਵਿਆਕੁਲ ਬਾਣੀ ਬੋਲਦੇ ਹਨ॥ ੭੪॥

ਨਗਰ ਨਾਰਿ ਮਿਲਨੇ ਜੋ ਆਈ। ਸਭਿ ਲੋਚਨ ਜਲਧਾਰ ਬਹਾਈ।
ਬਾਰ ਬਾਰ ਮਿਲ ਕਰਿ ਬਹੁ ਭਾਂਤੀ। ਬਹੁਰ ਬਹੁਰ ਭਰਿ ਆਵਤਿ ਛਾਤੀ॥੭੫॥

ਜਿਹੜੀਆਂ ਵੀ ਨਗਰ ਦੀਆਂ ਇਸਤਰੀਆਂ ਮਿਲਣ ਵਾਸਤੇ ਆਈਆਂ, ਸਾਰੀਆਂ ਨੇ ਅੱਖਾਂ ਵਿਚ ਬਹੁਤ ਨੀਰ ਬਹਾਇਆ। ਬਾਰ ਬਾਰ ਕਈ ਪ੍ਰਕਾਰ ਮਿਲ ਕੇ ਫਿਰ ਦੁਬਾਰਾ ਇਕ ਦੂਸਰੀ ਦੀ ਛਾਤੀ ਨਾਲ ਲੱਗ ਜਾਂਦੀਆਂ ਸਨ॥ ੭੫॥

'ਦਿਨ ਬਹੁ ਚਢ੍ਯੋ, ਪੰਥ ਵਡ ਜਾਨਾ। ਚਲਹੁ' ਸੁ ਮੂਲੇ ਬਚਨ ਬਖਾਨਾ।
ਲਖਮੀ ਦਾਸ ਲੇਯ ਕਰਿ ਮਾਤਾ। ਗਮਨੀ ਤਬਹਿ ਸੰਗਿ ਨਿਜ ਤਾਤਾ॥੭੬॥

ਦਿਨ ਬਹੁਤ ਚੜ੍ਹ ਗਿਆ ਹੈ ਅਤੇ ਪੈਂਡਾ ਬਹੁਤ ਹੈ, ਛੇਤੀ ਚੱਲੋ, ਫਿਰ ਮੂਲ ਚੰਦ ਨੇ ਸਭ ਨੂੰ ਕਿਹਾ। ਮਾਤਾ ਜੀ ਨੇ ਲਖਮੀ ਦਾਸ ਨੂੰ ਲੈ ਲਿਆ ਅਤੇ ਆਪਣੇ ਪਿਤਾ ਜੀ ਦੇ ਨਾਲ ਚਲੇ ਗਈ॥ ੭੬॥

ਸਿਰੀਚੰਦ ਜੀ ਪੁਰਿ ਸੁਲਤਾਨਾ। ਰਹੇ ਨਾਨਕੀ ਢਿਗ ਸੁਖਦਾਨਾ।
ਲੇਕਰਿ ਮੂਲਾ ਤਨਿਯਾ ਸੰਗਾ। ਗਯੋ ਨਗਰ ਨਿਜ, ਜਿਹ ਮਨ ਭੰਗਾ॥੭੭॥

ਬਾਬਾ ਸ੍ਰੀ ਚੰਦ ਸੁਲਤਾਨਪੁਰ ਵਿਚ ਹੀ ਬੇਬੇ ਨਾਨਕੀ ਪਾਸ ਹੀ ਰਹਿਣ ਲੱਗਾ। ਮੂਲ ਚੰਦ ਆਪਣੀ ਲੜਕੀ ਨੂੰ ਲੈ ਕੇ ਆਪਣੇ ਨਗਰ ਚਲੇ ਗਿਆ॥ ੭੭॥

ਤਬ ਤੇ ਰਹੀ ਸੁਲਖਣੀ ਤਹਿੰਵਾ। ਜਨਨਿ ਜਨਕ ਕੇ ਸਦਨਹਿ ਜਵਿਹਾ।
ਕਰਤਿ ਦੋਹਿਤੇ ਕੀ ਪ੍ਰਤਿਪਾਲਾ। ਲਾਲਤਿ ਮੂਲਾ ਅਨੰਦ ਬਿਸਾਲਾ॥੭੮॥

ਤਦ ਤੋਂ ਮਾਤਾ ਸੁਲੱਖਣੀ ਜੀ ਓਥੇ ਰਹੇ, ਜਿਥੇ ਮਾਤਾ ਪਿਤਾ ਦਾ ਘਰ ਸੀ। ਆਪਣੇ ਦੋਹਤੇ ਦੀ ਉਹ ਪਾਲਣਾ ਕਰਦੇ ਹਨ ਅਤੇ ਮੂਲ ਚੰਦ ਉਸ ਨੂੰ ਬਹੁਤ ਲਾਡ ਪਿਆਰ ਕਰਦਾ ਹੈ।

ਦੋਹਰਾ- ਪਿਖਿ ਕੁਚਾਲਿ ਕਲਿ ਕਾਲ ਕੋ ਧਰ ਪਰ ਵਪੁ ਧਰਿ ਜਾਂਹਿ।
ਪੂਰਨ ਹੋਯੋ ਧਜਾਇ ਅਬ ਨਮਸਕਾਰ ਮਮ ਤਾਂਹਿ॥ ੭੯॥

ਕਲਜੁਗ ਦੇ ਸਮੇਂ ਕੁਰੀਤੀਆਂ ਨੂੰ ਵੇਖ ਕੇ ਜਿਸ ਨੇ ਧਰਤੀ ਤੇ ਸਰੀਰ ਧਰਿਆ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ। ਇਹ ਅਧਿਆਏ ਹੁਣ ਪੂਰਾ ਹੋਇਆ ਹੈ॥ ੭੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੂਲੇ ਕੋ ਪ੍ਰਸੰਗ ਬਰਨਨੰ ਨਾਮ ਤ੍ਰੈਤ੍ਰਿੰਸਮੋ ਅਧ੍ਯਾਯ॥ ੩੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤੇਤੀਵਾਂ ਅਧਿਆਇ, ਜਿਸ ਦਾ ਨਾਮ 'ਮਾਤਾ ਸੁਲਖਣੀ ਜੀ ਦਾ ਪੇਕੇ ਜਾਣਾ' ਹੈ, ਸਮਾਪਤ ਹੋਇਆ॥ ੩੩॥

# ਅਧਿਆਇ ਚੌਂਤੀਵਾਂ

*ਮਰਦਾਨਾ ਗੁਰੂ ਜੀ ਪਾਸ ਆਇਆ।*

ਦੋਹਰਾ- ਸ੍ਰੀ ਗੁਰੁ ਪਗ ਹੈ ਕੀਲਿਕਾ ਮਨ ਦਾਨੋ ਢਿਗ ਕੀਨ।
ਮੋਹਾਦਿਕ ਪਟ ਭਿਟਤਿ ਨਹਿਂ ਰਾਖਹਿਂਗੇ ਲਖਿ ਦੀਨ॥ ੧॥

ਸ੍ਰੀ ਗੁਰੂ ਜੀ ਦੇ ਚਰਨ ਚੱਕੀ ਦੀ ਕਿੱਲੀ ਸਮਾਨ ਹਨ। ਮੇਰਾ ਮਨ ਚੱਕੀ ਦੇ ਦੋਵਾਂ ਪੁੜਾਂ ਵਿਚ ਆਇਆ ਇਕ ਗਰੀਬ ਦਾਣਾ ਹੈ, ਜੋ ਮੈਂ ਚੱਕੀ ਦੀ ਕਿੱਲੀ ਦੇ ਨੇੜੇ ਕਰ ਦਿੱਤਾ ਹੈ, ਮੋਹ ਆਦਿਕ ਪੁੜ ਇਸ ਕਿੱਲੀ ਦੇ ਲਾਗੇ ਭਿੜਦੇ ਨਹੀਂ, ਇਸ ਲਈ ਮੇਰੇ ਮਨ ਨੂੰ ਗਰੀਬ ਜਾਣ ਕੇ ਬਚਾ ਲੈਣਗੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਬਾਲਾ ਕਹੈ ਸੁਨੋ ਸ੍ਰੀ ਅੰਗਦ। ਸ੍ਰੀ ਗੁਰ ਕਥਾ ਦੇਯ ਸੁਖ ਸੰਪਦ।
ਨਿਸ ਬਾਸੁਰ ਰਾਜਹਿਂ ਉਦਿਆਨਾ। ਜਿਸ ਦਰਸ਼ਨ ਦੁਖ ਦਾਰਿਦ ਹਾਨਾ॥੨॥

*ਭਾਈ ਬਾਲੇ ਨੇ ਕਿਹਾ-* ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸਤਿਗੁਰੂ ਦੀ ਕਥਾ ਸਭ ਦੇ ਦੁੱਖ ਦੂਰ ਕਰਦੀ ਹੈ। ਉਹ ਦਿਨ ਰਾਤ ਜੰਗਲ ਵਿਚ ਬਿਰਾਜ ਰਹੇ ਹਨ, ਜਿਨ੍ਹਾਂ ਦੇ ਦਰਸ਼ਨ ਕਰਕੇ ਦੁੱਖ ਦਲਿੱਦਰ ਨਾਸ਼ ਹੋ ਜਾਂਦੇ ਹਨ॥ ੨॥

ਭਗਤ ਜਗਤ ਮਹਿਂ ਮਗ ਪ੍ਰਗਟਾਵਨ। ਕੁਮਤਿ ਕੁਪੰਥ ਕੁਦੰਭ ਮਿਟਾਵਨ।
ਕੀਰਤਿ ਨਾਮ ਪ੍ਰਤਾਪ ਵਧਾਵਨ। ਸੁਭ ਮਾਰਗ ਮਾਨਵ ਕੋ ਪਾਵਨ॥੩॥

ਉਹ ਜਗਤ ਵਿਚ ਭਗਤੀ ਮਾਰਗ ਨੂੰ ਪ੍ਰਗਟਾਉਣ ਆਏ ਹਨ ਅਤੇ ਦੁਰਮਤ, ਕੁਪੰਥ ਅਤੇ ਕਰੂਰ ਦੰਭ ਨੂੰ ਮਿਟਾਉਣ ਆਏ ਹਨ। ਨਾਮ ਦੀ ਕੀਰਤੀ ਦਾ ਪ੍ਰਤਾਪ ਵਧਾਉਣ ਅਤੇ ਮਨੁੱਖ ਨੂੰ ਸ਼ੁਭ ਰਾਹ ਤੇ ਪਾਉਣ ਆਏ ਹਨ॥ ੩॥

ਇਹ ਬਿਧਿ ਕੀ ਇਛਾ ਉਰ ਧਾਰੀ। ਜਪਹਿਂ ਨਾਮ ਜਿਹ ਸੰਤ ਮੁਰਾਰੀ।
ਮਾਨਨ ਮਨ ਕੋ ਹਾਨਨ ਮਾਨਾ। ਦੀਨਨ ਕੋ ਤਾਰਨ ਭਗਵਾਨਾ॥੪॥

ਉਨ੍ਹਾਂ ਨੇ ਦਿਲ ਵਿਚ ਇੰਝ ਇੱਛਾ ਧਾਰੀ ਹੈ ਕਿ ਲੋਕ ਪਰਮੇਸ਼ਵਰ ਦੇ ਨਾਮ ਦਾ ਜਾਪ ਕਰਨ। ਘੁਮੰਡੀਆਂ ਦੇ ਮਾਨ ਨੂੰ ਹਾਨੀਕਾਰਕ ਮੰਨਿਆ ਹੈ ਅਤੇ ਗਰੀਬਾਂ ਨੂੰ ਭਗਵਾਨ ਦਾ ਰੂਪ ਧਾਰ ਕੇ ਤਾਰਨ ਆਏ ਹਨ॥ ੪॥

ਦੋਹਰਾ- ਜਿਸ ਕੀ ਕਰੁਨਾ ਤੇ ਮੁਚਹਿਂ ਕਲਿਕੇ ਕਲੁਖ ਕਲੇਸ਼।
ਕਛੁਕ ਕਾਲ ਬੀਤਤਿ ਭਯੋ ਧਰੇ ਦੇਹ ਅਸ ਬੇਸ॥ ੫॥

ਜਿਨ੍ਹਾਂ ਦੀ ਕਿਰਪਾ ਕਰਕੇ ਕਲਜੁਗ ਦੇ ਪਾਪ ਅਤੇ ਕਲੇਸ਼ ਮੁਕ ਜਾਂਦੇ ਹਨ, ਸਰੀਰ ਧਾਰਨ ਤੋਂ ਬਾਅਦ ਕੁਝ ਸਾਲ ਉਨ੍ਹਾਂ ਐਸੇ ਭੇਸ ਵਿਚ ਬਤੀਤ ਕੀਤੇ॥ ੫॥

ਚੌਪਈ- ਸਭਿਹਿ ਬਿਲੋਕੀ ਬਿਧਿ ਨਰ ਕਾਹੀ। ਭਨੀ ਖਬਰ ਤਲਵੰਡੀ ਤਾਹੀ।
ਸੁਨਿ ਪਰਵਾਰਹਿਂ ਪਰਜੋ ਖਭਾਰੂ। ਜਨੁ ਬਨ ਬਨਜਿਹ ਹਨਜੋ ਨਿਹਾਰੂ॥੬॥

ਕਿਸੇ ਆਦਮੀ ਨੇ ਉਨ੍ਹਾਂ ਨੂੰ ਇਸ ਹਾਲਤ ਵਿਚ ਵੇਖਿਆ, ਉਸ ਇਸ ਬਾਰੇ ਤਲਵੰਡੀ ਵਿਚ ਜਾ ਕੇ ਖਬਰ ਦਿੱਤੀ। ਇਹ ਗੱਲ ਸੁਣ ਕੇ ਸਾਰਾ ਪਰਿਵਾਰ ਘਬਰਾ ਗਿਆ, ਜਿਵੇਂ ਕੋਰੇ (ਕੱਕਰ) ਨੇ ਕੰਵਲਾਂ ਦੀ ਬਗੀਚੀ ਨੂੰ ਤਬਾਹ ਕਰ ਦਿੱਤਾ ਹੋਵੇ॥ ੬॥

ਚੌਪਈ- ਕਾਲੂ ਬੋਲ ਲਯੋ ਮਰਦਾਨਾ। ਅਧਿਕ ਸ਼ੋਕ ਸੋਂ ਬਚਨ ਬਖਾਨਾ।
'ਜਾਹੁ ਅਬਹਿ ਤੂੰ ਪੁਰਿ ਸੁਲਤਾਨਾ। ਬਿਨ ਬਿਲੰਬ ਨਿਜ ਕਰੋ ਪਯਾਨਾ॥੭॥

ਮਹਿਤਾ ਕਾਲੂ ਜੀ ਨੇ ਓਸੇ ਵੇਲੇ ਮਰਦਾਨੇ ਨੂੰ ਬੁਲਾਇਆ ਅਤੇ ਬੜੇ ਦੁੱਖ ਨਾਲ ਉਸ ਨੂੰ ਬਚਨ ਕਹੇ, ਤੂੰ ਹੁਣੇ ਸੁਲਤਾਨਪੁਰ ਨੂੰ ਚਲੇ ਜਾ, ਅਤੇ ਕਿਸੇ ਦੇਰੀ ਤੋਂ ਬਗੈਰ ਤੂੰ ਆਪ ਓਥੇ ਪਹੁੰਚ ਜਾ॥ ੭॥

ਕਾਹੂ ਢਿਗ ਤੇ ਸੁਨੀ ਕੁਚਾਲੀ। ਨਾਨਕ ਕੀਨੋ ਭੇਖ ਕੁਢਾਲੀ।
ਤਜਿ ਦੀਨੋ ਸਭਿ ਮੋਦੀ ਖਾਨਾ। ਭਯੋ ਫਕੀਰ ਛੋਰਿ ਕੁਲਕਾਨਾ॥ ੮॥

ਅਸੀਂ ਕਿਸੇ ਪਾਸੋਂ ਇਕ ਬਹੁਤ ਬੁਰੀ ਖਬਰ ਸੁਣੀ ਹੈ ਕਿ ਨਾਨਕ ਨੇ ਫਕੀਰਾਂ ਵਾਲਾ ਭੇਸ ਧਾਰਨ ਕਰ ਲਿਆ ਹੈ। ਮੋਦੀ ਖਾਨੇ ਨੂੰ ਉਸ ਛੱਡ ਦਿੱਤਾ ਹੈ ਅਤੇ ਕੁਲ ਦੀ ਲਾਜ ਨੂੰ ਭੁੱਲ ਕੇ ਫਕੀਰ ਹੋ ਗਿਆ ਹੈ॥ ੮॥

ਦੋਹਰਾ- ਮਰਦਾਨੇ ਤਤਕਾਲ ਸੁਨਿ ਕੀਨ ਪਯਾਨੋ ਮਾਨ।
ਨਾਨਕ ਜਨਨੀ ਜਨਕ ਮਨ ਗੁਨਿਹਿ ਅਨਿਕ ਅਨੁਮਾਨ॥ ੯॥

ਮਹਿਤਾ ਕਾਲੂ ਜੀ ਦੀ ਗੱਲ ਮੰਨ ਕੇ ਮਰਦਾਨਾ ਓਸੇ ਵੇਲੇ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋ ਗਿਆ। ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਮਨ ਵਿਚ ਕਈ ਪ੍ਰਕਾਰ ਦੇ ਅਨੁਮਾਨ ਲਾਉਂਦੇ ਹਨ॥ ੯॥

ਚੌਪਈ- ਤੋਟਾ ਭਯੋ ਦਰਬ ਕੋ ਤਾਸੂ। ਕਿਧੋਂ ਰਿਦਾ ਤਿਹ ਕੀਨ ਉਦਾਸੂ।
ਅਤਿ ਉਦਾਰ, ਬਹੁ ਦਰਬ ਲੁਟਾਯੋ। ਹਮ ਜਾਨਤਿ ਕਛੁ ਤੋਟਾ ਆਯੋ॥੧੦॥

ਉਹ ਸੋਚਦੇ ਹਨ, "ਕੀ ਧਨ ਦੀ ਤੋਟ ਆ ਗਈ ਸੀ, ਕਿਉਂ ਹਿਰਦੇ ਨੂੰ ਏਨਾ ਉਦਾਸ ਬਣਾ ਲਿਆ। ਉਨ੍ਹਾਂ ਤਾਂ ਉਦਾਰ-ਚਿੱਤ ਹੋ ਕੇ ਬਹੁਤ ਧਨ ਲੁਟਾਇਆ ਹੈ। ਅਸੀਂ ਜਾਣਦੇ ਹਾਂ ਜ਼ਰੂਰ ਤੋਟ ਆਈ ਹੋਵੇਗੀ॥ ੧੦॥

ਬਹੁਤ ਬਾਰ ਮੈਂ ਸਿਖਵਨ ਦੀਨੀ। ਧਨ ਨਹਿ ਖੋਇ ਏਕ ਨਹਿਂ ਚੀਨੀ।
ਡਰਤਿ ਜਿਹ ਤੇ ਦਿਨ ਰਾਤੀ। ਬਨੀ ਬਾਤ ਸੋਊ ਦੁਖ ਦਾਤੀ॥ ੧੧॥

ਮੈਂ ਬਹੁਤ ਵਾਰ ਸਿਖਿਆ ਦਿੱਤੀ ਸੀ ਕਿ ਧਨ ਨਾ ਗਵਾ, ਪਰ ਮੇਰੀ ਇਕ ਨਹੀਂ ਸੁਣੀ। ਜਿਸ ਗੱਲ ਤੋਂ ਦਿਨ ਰਾਤ ਡਰਦੇ ਸੀ, ਉਹੋ ਦੁੱਖ ਦੇਣ ਵਾਲੀ ਗੱਲ ਹੋ ਗਈ॥ ੧੧॥

ਭੂਰ ਬਿਸੂਰਹਿ ਉਰ, ਸਿਰ ਧੁਨਈ। ਅਨਿਕ ਕਲਪਨਾ ਮਨ ਮਹਿਂ ਗੁਨਈ।
ਸੋ ਬਾਸੁਰ ਬਿਨ ਅਸਨ ਬਿਤਾਯੋ। ਨਰ ਕਹਿ ਰਹੇ ਨ ਆਨਨ ਪਾਯੋ॥੧੨॥

ਦਿਲ ਵਿਚ ਬਹੁਤ ਦੁਖੀ ਹੋਏ ਅਤੇ ਆਪਣੇ ਸਿਰ ਨੂੰ ਹਿਲਾ ਕੇ ਮਨ ਵਿਚ ਅਨੇਕ ਪ੍ਰਕਾਰ ਦੀਆਂ ਕਲਪਨਾਵਾਂ ਕੀਤੀਆਂ, ਉਹ ਦਿਨ ਇਸ ਤਰ੍ਹਾਂ ਹੀ ਬਤੀਤ ਕੀਤਾ। ਰਸੋਈਆ ਕਹਿੰਦਾ ਰਿਹਾ ਪਰ ਉਨ੍ਹਾਂ ਮੂੰਹ ਵਿਚ ਅੰਨ ਦਾ ਭੋਰਾ ਨਾ ਪਾਇਆ॥ ੧੨॥

ਦੋਹਰਾ- ਸੁਨਿ ਕਰਿ ਰਾਇ ਬੁਲਾਰ ਯੋਂ ਪਰਬੋਧਯੋ ਬਹੁ ਭਾਂਤਿ।
"ਨਾਨਕ ਦਿਸ਼ ਤੇ ਆਪ ਤੂੰ ਕਛੁ ਨ ਚਿੰਤ ਕਰਿ ਗਾਤ॥ ੧੩॥

ਜਦ ਰਾਏ ਬੁਲਾਰ ਨੇ ਇਹ ਸੁਣਿਆ ਤਾਂ ਉਸ ਬਹੁਤ ਪ੍ਰਕਾਰ ਮਹਿਤਾ ਕਾਲੂ ਨੂੰ ਸਮਝਾਇਆ ਅਤੇ ਕਿਹਾ, "ਨਾਨਕ ਬਾਰੇ ਤੈਨੂੰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਗੁੱਸਾ ਨਹੀਂ ਕਰਨਾ ਚਾਹੀਦਾ॥ ੧੩॥

ਚੌਪਈ- ਨਾਨਕ ਕਾਰਨ ਕਰਨ ਸੁਤੰਤਰ। ਮਨ ਜਾਨਹੁ ਕਿਹ ਕੋ ਨ ਪ੍ਰਤੰਤਰ।
ਜੋ ਕਿਛੁ ਕਾਰਜ ਕਰਹਿ ਭਲਾ ਸੋ। ਸੁਖ ਸਾਗਰ ਧਰਿ ਦੇਹਿ ਕਲਾ ਸੋ॥੧੪॥

ਨਾਨਕ ਆਪ ਕਰਨ ਕਾਰਨ ਅਤੇ ਸੁਤੰਤਰ ਹੈ, ਉਸ ਨੂੰ ਦਿਲ ਵਿਚ ਕਿਸੇ ਦੇ ਪਰਾਧੀਨ ਨਾ ਸਮਝੋ। ਉਹ ਜਿਹੜਾ ਵੀ ਕੰਮ ਕਰਦਾ ਹੈ, ਭਲਾ ਹੀ ਕਰਦਾ ਹੈ। ਉਹ ਤਾਂ ਸੁਖ ਸਾਗਰ ਤੇ ਕਲਾ ਸਮੇਤ ਦੇਹਧਾਰੀ ਹੈ॥ ੧੪॥

ਇਹ ਬਿਧ ਧੀਰਜ ਦੇ ਕਰਿ ਰਾਊ॥ ਚੇਤਹਿ ਸ੍ਰੀ ਗੁਰ ਰਿਦੈ ਸੁਭਾਊ॥
ਉਰ ਦਰਸ਼ਨ ਕੀ ਚਾਹ ਨ ਥੋਰੀ। ਚਾਤ੍ਰਿਕ ਸ੍ਵਾਂਤੀ, ਚੰਦ ਚਕੋਰੀ॥੧੫॥

ਇਸ ਤਰ੍ਹਾਂ ਮਹਿਤਾ ਕਾਲੂ ਨੂੰ ਧੀਰਜ ਦੇ ਕੇ, ਰਾਇ ਬੁਲਾਰ ਨੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਿਰਦੇ ਵਿਚ ਯਾਦ ਕੀਤਾ। ਦਿਲ ਵਿਚ ਦਰਸ਼ਨਾਂ ਦੀ ਬੜੀ ਉਮੰਗ ਸੀ, ਜਿਵੇਂ ਪਪੀਹੇ ਨੂੰ ਸਵਾਂਤੀ ਬੂੰਦ ਦੀ ਅਤੇ ਚਕੋਰ ਨੂੰ ਚੰਦ ਨੂੰ ਪਾਉਣ ਦੀ ਚਾਹਤ ਹੁੰਦੀ ਹੈ॥ ੧੫॥

ਸਭਿਨਿ ਬੇਦੀਅਨ ਅਚਰਜ ਮਾਨਾ। ਕੋ ਕਾਰਨ ਭਾ ਜਾਇ ਨ ਜਾਨਾ।
ਸੰਪਤਿ ਸਰਬ ਪ੍ਰਕਾਰ ਬਿਸਾਲਾ। ਹੁਤੋ ਸੁਤ ਅਧਿਕਾਇ ਨ੍ਰਿਪਾਲਾ!॥੧੬॥

ਸਭ ਬੇਦੀ ਸੁਣ ਕੇ ਬਹੁਤ ਹੈਰਾਨ ਹੋਏ। ਕੀ ਕਾਰਨ ਹੈ ਕੁਝ ਸਮਝ ਵਿਚ ਨਹੀਂ ਸੀ ਆਉਂਦਾ, ਉਸ ਪਾਸ ਸਭ ਪ੍ਰਕਾਰ ਦੀ ਬਹੁਤ ਸੰਪਤੀ ਹੈ ਅਤੇ ਨਵਾਬ ਨਾਲ ਵੀ ਬੜੀ ਬਣੀ ਹੋਈ ਸੀ॥ ੧੬॥

ਤਲਵੰਡੀ ਬਿਰਤਾਂਤਹਿ ਐਸੇ। ਸੁਨਹੁ ਗਯੋ ਮਰਦਾਨਾ ਜੈਸੇ॥
ਪ੍ਰਾਕ ਨਾਨਕੀ ਕੇਰ ਨਿਕੇਤੂ। ਪ੍ਰਵਿਸ਼ਜੋ ਕੁਸ਼ਲ ਲੇਨ ਕੇ ਹੇਤੂ॥੧੭॥

ਤਲਵੰਡੀ ਵਿਚ ਇਸ ਤਰ੍ਹਾਂ ਚਰਚਾ ਚਲ ਰਹੀ ਸੀ, ਹੁਣ ਸੁਣੋ ਮਰਦਾਨਾ ਜਿਵੇਂ ਸੁਲਤਾਨਪੁਰ ਗਿਆ। ਪਹਿਲਾਂ ਬੇਬੇ ਨਾਨਕੀ ਦੇ ਘਰ ਗਿਆ, ਬੇਬੇ ਨਾਨਕੀ ਦੀ ਸੁਖ-ਸਾਂਦ ਪੁਛਣ ਵਾਸਤੇ ਉਸ ਦੇ ਘਰ ਵਿਚ ਦਾਖਿਲ ਹੋਇਆ॥ ੧੭॥

ਜਾਇ ਦੁਆਇ ਕਹੀ ਬਿਧਿ ਨੀਕੀ। ਬੈਸਜੋ ਬਹੁਰ ਪ੍ਰਭਾ ਜਿਹ ਫੀਕੀ।
ਸਰਬ ਪ੍ਰਕਾਰ ਕੀਨ ਸਤਿਕਾਰਾ। ਬਦਨ ਨਾਨਕੀ ਬਚਨ ਉਚਾਰਾ॥੧੮॥

ਘਰ ਜਾ ਕੇ ਕਈ ਢੰਗਾਂ ਨਾਲ ਚੰਗੀ ਵਿਧੀ ਅਨੁਸਾਰ ਅਸੀਸਾਂ ਦਿੱਤੀਆਂ। ਹਰ ਤਰ੍ਹਾਂ ਸਤਿਕਾਰ ਕੀਤਾ। ਬੇਬੇ ਨਾਨਕੀ ਨੇ ਫਿਰ ਮੁੱਖ ਤੋਂ ਇਹ ਬਚਨ ਉਚਾਰੇ॥ ੧੮॥

"ਦੇਹੁ ਕੁਸ਼ਲ ਤਲਵੰਡੀ ਨਗਰੀ। ਬਹੁਰ ਜਨਕ ਜਨਨੀ ਕੀ ਸਗਰੀ।
ਸਰਬ ਕੁਸ਼ਲ ਸੋਂ ਰਾਇ ਸਰੀਰਾ? ਨਿਜ ਆਵਨ ਹਿਤ, ਕਹੁ ਮਤਿ ਧੀਰਾ!"॥੧੯॥

"ਤਲਵੰਡੀ ਨਗਰ ਦੀ ਕੁਸ਼ਲਤਾ ਬਾਰੇ ਦੱਸੋ। ਫਿਰ ਮਾਤਾ ਪਿਤਾ ਜੀ ਬਾਰੇ ਸਾਰਾ ਹਾਲ ਦੱਸੋ। ਕੀ ਰਾਇ ਬੁਲਾਰ ਜੀ ਰਾਜ਼ੀ ਬਾਜ਼ੀ ਹਨ? ਤੁਹਾਡੇ ਆਉਣ ਦਾ ਕੀ ਕਾਰਨ ਹੈ, ਹੇ ਧੀਰ ਬੁਧੀ ਵਾਲੇ, ਮੈਨੂੰ ਸਭ ਕੁਝ ਵੇਰਵੇ ਸਹਿਤ ਦੱਸੋ"॥ ੧੯॥

ਸੁਨਿ ਮਰਦਾਨੇ ਬਚਨ ਬਖਾਨਾ। 'ਸਰਬ ਪ੍ਰਕਾਰ ਕੁਸ਼ਲ ਤਿਹ ਥਾਨਾ।
ਮਮ ਆਵਨ ਕੋ ਲਖਹੁ ਨਿਦਾਨਾ। ਤੋਰ ਜਨਕ ਸੁਨਿਓ ਇਵ ਕਾਨਾ॥੨੦॥

ਇਹ ਸੁਣ ਕੇ ਮਰਦਾਨੇ ਨੇ ਇਹ ਕਿਹਾ, "ਉਸ ਥਾਂ ਹਰ ਪ੍ਰਕਾਰ ਕੁਸ਼ਲਤਾ ਹੈ। ਮੇਰੇ ਆਉਣ ਦਾ ਕਾਰਨ ਵੀ ਸਮਝ ਲਵੋ। ਤੇਰੇ ਪਿਤਾ ਜੀ ਨੇ ਆਪਣੇ ਕੰਨਾਂ ਨਾਲ ਇਹ ਗੱਲ ਸੁਣੀ ਹੈ॥ ੨੦॥

ਚੌਪਈ- ਸ੍ਰੀ ਨਾਨਕ ਤਜਿ ਮੋਦੀਖਾਨਾ। ਭੇਖ ਫਕੀਰ ਸਰੀਰਹਿ ਠਾਨਾ।
ਮੁਝ ਬੁਲਾਇ ਸੁਧਿ ਲੇਵਨ ਹੇਤੂ। ਪਠਜੋ ਦੂੱਤ ਬੇਦੀ ਕੁਲ ਕੇਤੂ॥੨੧॥

ਕਿ ਸ੍ਰੀ ਨਾਨਕ ਨੇ ਮੋਦੀਖਾਨਾ ਛੱਡ ਦਿੱਤਾ ਹੈ ਅਤੇ ਸਰੀਰ ਤੇ ਫਕੀਰੀ ਭੇਸ ਧਾਰਨ ਕਰ ਲਿਆ ਹੈ। ਮੈਨੂੰ ਬੁਲਾ ਕੇ ਇਹ ਖਬਰ ਲੈਣ ਹਿੱਤ ਕੁਲ ਦੇ ਸਿਰਤਾਜ ਮਹਿਤਾ ਕਾਲੂ ਜੀ ਨੇ ਤੁਰੰਤ ਭੇਜਿਆ ਹੈ॥ ੨੧॥

ਕਮਲ ਬਦਨ ਹੈਂ ਅਬ ਕਿਹ ਜਾਈ? ਬੂਝ ਲੇਉਂ ਸੁਧਿ ਤਬ ਤਿਨ ਤਾਂਈ।
ਨਾਤੁਰ ਜਿਹ ਬਿਧਿ ਕੀ ਸੁਧਿ ਹੋਇ। ਮੁਝਹਿ ਬਤਾਵਹੁ ਤੁਮ ਕਹਿ ਸੋਇ॥੨੨॥

ਕੇਵਲ ਮੁਖ ਭਾਵ ਗੁਰੂ ਜੀ ਹੁਣ ਕਿਸ ਥਾਂ ਹਨ। ਤਦ ਉਨ੍ਹਾਂ ਪਾਸੋਂ ਸਾਰੀ ਗੱਲ ਪੁੱਛ ਲਵਾਂ। ਨਹੀਂ ਤਾਂ ਜੇ ਤੁਹਾਨੂੰ ਉਨ੍ਹਾਂ ਬਾਰੇ ਕੁਝ ਪਤਾ ਹੈ ਉਹ ਸਭ ਕੁਝ ਮੈਨੂੰ ਦੱਸ ਦੇਵੋ॥ ੨੨॥

ਸੁਨਿ ਕਰਿ ਸੋ ਤੁਮਰੇ ਪਿਤ ਮਾਤਾ। ਜਾਇ ਬਤਾਵੋਂ ਜਿਉਂ ਕੁਸ਼ਲਾਤਾ।
ਅਪਰ ਨ ਜਾਨਹੁ ਆਵਨ ਹੇਤੂ। ਕਾਰਜ ਸੁਧ ਬੇਦੀ ਕੁਲਕੇਤੂ॥੨੩॥

ਤੁਹਾਡੇ ਪਾਸੋਂ ਸੁਣਕੇ ਤੁਹਾਡੇ ਮਾਤਾ ਪਿਤਾ ਨੂੰ ਜਾ ਕੇ ਸਾਰੀ ਸੁੱਖ ਸਾਂਦ ਦਾ ਹਾਲ ਸੁਣਾਵਾਂ। ਮੈਂ ਕਿਸੇ ਹੋਰ ਕੰਮ ਨਹੀਂ ਆਇਆ. ਕੇਵਲ ਬੇਦੀ ਕੁਲ ਦੇ ਦੁਲਾਰੇ ਦਾ ਹਾਲ ਜਾਣਨ ਦੇ ਕਾਰਨ ਹਿਤ ਹੀ ਇਥੇ ਆਇਆ ਹਾਂ॥ ੨੩॥

ਦੋਹਰਾ- ਸੁਨਿ ਬੋਲੀ ਪੁਨਿ ਨਾਨਕੀ 'ਜਿਉਂ ਅਵਿਲੋਕਤਿ ਨੈਨ।
ਸੋ ਸੁਧਿ ਜਾਨਹੁ ਇਹਾਂ ਕੀ ਕਹਿਨ ਬਨੈ ਕਿਉਂ ਬੈਨ॥ ੨੪॥

ਇਹ ਸੁਣ ਕੇ ਬੇਬੇ ਨਾਨਕੀ ਬੋਲੀ, "ਜਿਵੇਂ ਤੁਹਾਡੀਆਂ ਅੱਖਾਂ ਨੇ ਵੇਖਿਆ ਹੈ, ਉਹੋ ਹਾਲ ਇਥੋਂ ਦਾ ਸਮਝੋ, ਮੈਨੂੰ ਕਹਿ ਕੇ ਦੱਸਣ ਦੀ ਕੀ ਲੋੜ ਹੈ?॥ ੨੪॥

ਚੌਪਈ- ਅਧਿਕ ਜਿ ਸੁਧ ਲੇਵਨ ਕੀ ਚਾਹੂ। ਮਿਲਿਯੇ ਜਾਇ ਸੋਦਰ ਪਾਹੂ।
ਬੂਝਹੁ ਕੁਸ਼ਲ ਤਹਾਂ ਤੁਮ ਜਾਈ। ਭਲੀ ਭਾਂਤਿ ਸੋ ਦੇਇਂ ਸੁਨਾਈ॥੨੫॥

ਜੇ ਤੁਸੀਂ ਜਿਆਦਾ ਖਬਰਸਾਰ ਲੈਣੀ ਹੈ ਤਾਂ ਭਰਾ ਜੀ ਪਾਸ ਜਾ ਕੇ ਉਸ ਨੂੰ ਮਿਲ ਲਵੋ, ਉਨ੍ਹਾਂ ਦੀ ਸੁਖ ਸਾਂਦ ਉਨ੍ਹਾਂ ਨੂੰ ਪੁਛ ਲਵੋ, ਉਹ ਚੰਗੀ ਤਰ੍ਹਾਂ ਤੁਹਾਨੂੰ ਦੱਸ ਦੇਣਗੇ॥ ੨੫॥

ਤਿਨ ਤੇ ਸੁਨਿ ਤਲਵੰਡੀ ਜੱਯੇ। ਪੁਨਿ ਪਿਤ ਮਾਤਹਿ ਕੁਸ਼ਲ ਸੁਨੱਯੇ।
ਨਗਰ ਵਹਿਰ ਜਹਿਂ ਵਡ ਉਦਿਆਨਾ। ਤਹਿਂ ਬੈਠੇ ਹੈਂ ਦਯਾ ਨਿਧਾਨਾ॥੨੬॥

ਉਨ੍ਹਾਂ ਪਾਸੋਂ ਹਾਲ ਚਾਲ ਪੁੱਛ ਕੇ ਤਲਵੰਡੀ ਚਲੇ ਜਾਵੋ ਅਤੇ ਫਿਰ ਮਾਤਾ ਪਿਤਾ ਨੂੰ ਉਨ੍ਹਾਂ ਦੀ ਕੁਸ਼ਲਤਾ ਬਾਰੇ ਦੱਸ ਦੇਵੋ। ਸੁਲਤਾਨਪੁਰ ਨਗਰ ਦੇ ਨਾਲ ਜਿਹੜਾ ਵੱਡਾ ਜੰਗਲ ਹੈ, ਦਇਆ ਦੇ ਖ਼ਜ਼ਾਨੇ ਉਥੇ ਬੈਠੇ ਹਨ"॥ ੨੬॥

ਚਲਨ ਲਗ੍ਯੋ ਜਬ ਹੀ ਮਰਦਾਨਾ। ਬਹੁਰ ਨਾਨਕੀ ਬਚਨ ਬਖਾਨਾ।
"ਅਸਨ ਅਚਹੁ ਅਬ ਅਹੈ ਤਯਾਰੂ।' ਲੇ ਤਬ ਕੀਨੋ ਖਾਨਿ ਅਹਾਰੂ॥੨੭॥

ਜਦ ਮਰਦਾਨਾ ਚਲਣ ਲੱਗਾ ਤਾਂ ਫਿਰ ਨਾਨਕੀ ਨੇ ਇਹ ਬਚਨ ਕਹੇ, "ਭੋਜਨ ਛੱਕ ਲਵੋ, ਹੁਣ ਇਹ ਤਿਆਰ ਹੈ"। ਮਰਦਾਨੇ ਨੇ ਫਿਰ ਭੋਜਨ ਕੀਤਾ॥ ੨੭॥

ਤ੍ਰਿਪਤਿ ਹੋਇ ਪੁਨਿ ਪਾਇ ਰਜਾਈ। ਨਿਕਸ੍ਯੋ ਘਰ ਤੇ ਸ਼ੋਕ ਬਧਾਈ।
ਜਿਹ ਦਿਸ਼ ਸ੍ਰੀ ਗੁਰੁ ਬੈਸੇ ਸੁਨੇ। ਕਿਯੋ ਗਵਨ ਤਿਹ ਦਿਸ਼ ਮਨ ਗੁਨੇ॥੨੮॥

ਖਾਣਾ ਖਾ ਕੇ ਤ੍ਰਿਪਤ ਹੋ ਕੇ ਤੇ ਫਿਰ ਆਗਿਆ ਲੈ ਕੇ, ਘਰ ਤੋਂ ਬਾਹਰ ਨਿਕਲ ਕੇ ਬੜਾ ਖੁਸ਼ ਹੋਇਆ। ਜਿਸ ਪਾਸੇ ਗੁਰੂ ਜੀ ਬੈਠੇ ਸੁਣੇ ਸਨ ਓਸੇ ਪਾਸੇ ਵਲ ਮਰਦਾਨਾ ਚਲ ਪਿਆ॥ ੨੮॥

ਦੋਹਰਾ- ਨਿਸ਼ਚੈ ਭਏ ਫਕੀਰ ਸੋ ਬੈਸੇ ਜੇ ਉਦਿਆਨ।
ਦਰਬ ਬਹੁਤ ਕੀ ਕ੍ਰਿੱਤ ਸੀ, ਤਜੀ, ਨ ਕਰੀ ਸਯਾਨ॥ ੨੯॥

ਨਿਸ਼ਚਾ ਕਰਕੇ ਫਕੀਰ ਹੋ ਗਏ ਹਨ ਅਤੇ ਜੰਗਲ ਵਿਚ ਜਾ ਬੈਠੇ ਹਨ ਵੱਡੀ ਕਮਾਈ ਵਾਲੀ ਕ੍ਰਿਤ ਛੱਡ ਕੇ ਕੋਈ ਸਿਆਣਪ ਨਹੀਂ ਕੀਤੀ॥ ੨੯॥

ਚੌਪਈ- ਲੋਚਨ ਸੋਂਬਿਲੋਕ ਪਤਿਲੋਕੂ। ਭਯੋ ਬਿਸ਼ੇਖ ਰਿਦ ਮਹਿਂ ਸ਼ੋਕੂ।
ਜਿਹ ਤਨ ਮਹਿਂ ਕੰਚਨ ਲੰਕਾਰਾ। ਮੋਤੀ ਰਤਨਨਿ ਸੁਭਤਿ ਅਪਾਰਾ ॥੩੦॥

ਕੰਵਲ ਨੈਣ, ਤਿੰਨਾਂ ਲੋਕਾਂ ਦੇ ਮਾਲਕ ਭਾਵ ਗੁਰੂ ਜੀ ਦੇ ਹਿਰਦੇ ਵਿਚ ਬਹੁਤ ਵੈਰਾਗ ਉਪਜਿਆ ਹੈ। ਜਿਸ ਸਰੀਰ 'ਤੇ ਸੋਨੇ ਦੇ ਗਹਿਣੇ ਚਮਕਦੇ ਸਨ, ਅਪਾਰ ਹੀਰੇ ਮੋਤੀ ਸ਼ੋਭਾ ਪਾਉਂਦੇ ਸਨ॥ ੩੦॥

ਚਾਰੁ ਪਟੰਬਰ ਪੁਨ ਪਸ਼ਮੰਬਰ। ਪਹਿਰੇ ਸੁਭਤਿ ਬਿਸਾਲਹਿ ਸੁੰਦਰ।
ਸੋ ਭਗਵੇ ਧਰਿ ਚੀਰ ਸਰੀਰਾ। ਬੈਸੇ ਇਵ ਗੁਨਿ ਹੋਤਿ ਅਧੀਰਾ ॥੩੧॥

ਸੁੰਦਰ ਰੇਸ਼ਮ ਅਤੇ ਪਸ਼ਮੀਨੇ ਦੇ ਕਪੜੇ ਪਾਉਂਦੇ ਸਨ, ਅਤੇ ਅਜਿਹੇ ਕਪੜੇ ਪਾ ਕੇ ਉਹ ਬਹੁਤ ਸੁੰਦਰ ਲੱਗਦੇ ਸਨ। ਉਸੇ ਸਰੀਰ ਤੇ ਭਗਵੇ ਕਪੜੇ ਪਾ ਕੇ ਬੈਠੇ ਹਨ। ਇਹ ਸੋਚ ਕੇ ਮਨ ਘਬਰਾਉਂਦਾ ਹੈ॥ ੩੧॥

ਜਿਨ ਕੇ ਭੀਰ ਭੂਰ ਚੌਫੇਰੇ। ਉਸਤਤਿ ਕਰਤਿ ਰਹਤਿ ਨਰ ਘੇਰੇ।
ਸੋ ਏਕਲ ਉਦਿਆਨਾ ਮਝਾਰਾ। ਬੈਸੇ ਇਵ ਕਹਿ ਦ੍ਰਿਗ ਜਲ ਡਾਰਾ ॥੩੨॥

ਜਿਨ੍ਹਾਂ ਦੇ ਦੁਆਲੇ ਚਾਰ-ਚੁਫੇਰੇ ਵੱਡੀ ਭੀੜ ਲੱਗੀ ਰਹਿੰਦੀ ਸੀ, ਸਭ ਮਨੁੱਖ ਉਨ੍ਹਾਂ ਨੂੰ ਘੇਰ ਕੇ ਉਸਤਤਿ ਕਰਦੇ ਰਹਿੰਦੇ ਸਨ, ਅੱਜ ਉਹ ਇਕੱਲੇ ਜੰਗਲ ਵਿਚ ਬੈਠੇ ਹਨ। ਇਸ ਤਰ੍ਹਾਂ ਬੈਠੇ ਰਹਿ ਕੇ ਮੇਰਿਆਂ ਨੇਤਰਾਂ ਚੋਂ ਜਲ ਡਿਗ ਪਿਆ ਹੈ॥ ੩੨॥

ਨਿਕਟਿ ਜਾਇ ਹ੍ਵੈ ਠਾਂਢ ਸੁਜਾਨਾ। ਕਰਿ ਦੁਆਇ ਕੱਲਜਾਨ ਬਖਾਨਾ।
ਨਿਕਟਿ ਬੈਠਿ ਪੁਨਿ ਬਚਨ ਉਚਾਰਾ। 'ਕੈਸੋ ਬੇਖ ਸਰੀਰ ਸੁਧਾਰਾ? ॥੩੩॥

ਮਰਦਾਨਾ ਗੁਰੂ ਜੀ ਦੇ ਨੇੜੇ ਜਾ ਕੇ ਖੜੋ ਗਿਆ। ਅਸੀਸਾਂ ਦੇ ਕੇ ਕਲਿਆਣ ਕੀਤੀ। ਫਿਰ ਕੋਲ ਬੈਠ ਕੇ ਕਿਹਾ, "ਇਹ ਕਿਸ ਤਰ੍ਹਾਂ ਦਾ ਭੇਸ ਸਰੀਰ ਤੇ ਧਾਰਨ ਕੀਤਾ ਹੈ?॥ ੩੩॥

ਮੋਦੀ ਕ੍ਰਿਤਿ ਹੁਤੀ ਧਨ ਦਾਨੀ। ਕਿਉਂ ਤਜਿ ਬੈਠੇ? ਭੋ ਗੁਨ ਖਾਨੀ !।
ਖਾਵਤਿ ਖਰਚਤਿ ਅਤੁਟ ਭੰਡਾਰਾ। ਅਸਨ ਬਸਨ ਨਹਿਂ ਕਮੀ ਅਗਾਰਾ ॥੩੪॥

ਮੋਦੀ ਦੀ ਕਾਰ ਧਨ ਦਾਨ ਕਰਨ ਵਾਲੀ ਸੀ, ਹੇ ਗੁਣਾਂ ਦੀ ਖਾਨ ਉਸ ਨੂੰ ਕਿਉਂ ਛੱਡ ਦਿੱਤਾ ਹੈ। ਓਥੇ ਅਤੁਟ ਭੰਡਾਰ ਸਨ, ਜਿਸ ਨੂੰ ਖਾਂਦੇ ਵੀ ਸੀ ਅਤੇ ਖਰਚਦੇ ਵੀ ਸੀ ਅਤੇ ਪਦਾਰਥਾਂ ਅਤੇ ਵਸਤਰਾਂ ਦੀ ਵੀ ਕੋਈ ਘਾਟ ਨਹੀਂ ਸੀ॥ ੩੪॥

ਭਲੀ ਗੁਜ਼ਰ ਥੀ ਤੁਮਰੀ ਤਿਹ ਤੇ। ਸਰਬ ਦਰਬ ਘਰ ਭਰਪੂਰ ਜਿਹ ਤੇ।
ਕੈ ਤੋਟਾ ਆਯੋ ਤਿਹ ਮਾਂਹੀ? ਕਿਧੋਂ ਨਰੇਸ਼ ਦਈ ਪੁਨਿ ਨਾਂਹੀ? ॥੩੫॥

ਤੁਹਾਡਾ ਓਥੇ ਚੰਗਾ ਗੁਜ਼ਾਰਾ ਚਲ ਰਿਹਾ ਸੀ। ਧਨ ਨਾਲ ਘਰ ਭਰਿਆ ਪਿਆ ਸੀ। ਤੁਹਾਨੂੰ ਕਿਸ ਗੱਲ ਦੀ ਤੋਟ ਆ ਗਈ ਸੀ। ਕੀ ਨਵਾਬ ਨੇ ਦੁਬਾਰਾ ਧਨ ਨਾ ਦਿੱਤਾ?॥ ੩੫॥

ਕਿਹ ਕਾਰਨ ਤੇ ਸੋ ਕ੍ਰਿਤਿ ਛੋਰੀ? ਕਿਉਂ ਅਸ ਬੇਸਹਿ ਕੀਨਿ ਬਹੋਰੀ?'
ਸ੍ਰੀ ਨਾਨਕ ਸੁਨਿ ਬੋਲੇ ਬਾਨੀ। ਜੋ ਵਿਰਾਗ ਕੇ ਰਸ ਮਹਿਂ ਸਾਨੀ ॥੩੬॥

ਕਿਸ ਕਾਰਨ ਕਰਕੇ ਕ੍ਰਿਤ ਛੱਡੀ ? ਹੁਣ ਅਜਿਹਾ ਭੇਸ ਧਾਰਨ ਕਰਕੇ ਕਿਉਂ ਬੈਠੇ ਹੋ? ਮਰਦਾਨੇ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਨਾਨਕ ਜੀ ਨੇ ਐਸੇ ਬਚਨ ਕਹੇ, ਜਿਨ੍ਹਾਂ ਵਿਚ ਵਿਰਾਗ ਦਾ ਰਸ ਮਿਲਿਆ ਹੋਇਆ ਸੀ॥ ੩੬॥

'ਮਰਦਾਨੇ ਤੂੰ ਪੂਰਬ ਵਾਰੀ। ਮਮ ਢਿਗ ਜਾਚਾ ਆਨਿ ਉਚਾਰੀ।
ਤੰਤ ਬਾਦਿਤ ਕੋ ਤਬ ਗੁਨ ਦੀਨੋ। ਹਰਖਵਾਨ ਮਨ ਹੁਇ ਤੈਂ ਲੀਨੋ ॥੩੭॥

ਹੇ ਮਰਦਾਨੇ ! ਜਦ ਤੂੰ ਮੇਰੇ ਪਾਸ ਪਿਛਲੀ ਵਾਰ ਆਇਆ ਸੀ ਤਾਂ ਤੂੰ ਮੇਰੇ ਪਾਸੋਂ ਕੁਝ ਮੰਗਣ ਆਇਆ ਸੀ ਤਾਂ ਉਸ ਸਮੇਂ ਮੈਂ ਤੰਦੀ ਦੇ ਵਾਜੇ ਦੇ ਵਜਾਉਣ ਦਾ ਗੁਣ ਦਿੱਤਾ ਸੀ। ਤੂੰ ਬੜਾ ਖੁਸ਼ ਹੋ ਕੇ ਉਹ ਗੁਣ ਲਿਆ ਸੀ॥ ੩੭॥

ਇਸੀ ਸਮੇਂ ਕੋ ਬੂਝਹੁ ਹੇਤੂ। ਅਵਰ ਨ ਕਾਰਜ ਸੁਮਤਿ ਨਿਕੇਤੂ!।
ਨਿਸ ਬਾਸੁਰ ਮਮ ਸੰਗ ਰਹੀਜੈ। ਆਨਿ ਜਾਨਿ ਕੋ ਨਾਮ ਨ ਲੀਜੈ ॥੩੮॥

ਉਹ ਗੁਣ ਸਮਝੋ, ਇਸ ਸਮੇਂ ਦੇ ਕਾਰਨ ਹੀ ਦਿੱਤਾ ਸੀ, ਹੇ ਬੁਧੀਮਾਨ ਮਰਦਾਨੇ ਹੋਰ ਕਿਸੇ ਕਾਰਜ ਵਾਸਤੇ ਮੈਂ ਇਹ ਗੁਣ ਨਹੀਂ ਸੀ ਦਿੱਤਾ। ਹੁਣ ਰਾਤ ਦਿਨ ਮੇਰੇ ਨਾਲ ਰਹੋ ਅਤੇ ਹੋਰ ਥਾਂ ਜਾਣ ਦਾ ਨਾਮ ਵੀ ਨਾ ਲਵੋ॥ ੩੮॥

ਜਨਮ ਸੁਧਾਰ ਲੇਹੁ ਤੁਮ ਅਪਨਾ। ਜਗਤ ਅਸੱਤਿ ਲਖਹੁ ਜਿਵ ਸੁਪਨਾ।
ਸੋਵਹਿ ਮੱਧਿ ਗੁੜਾਕਾ ਜੋ ਲੋ। ਸੁਪਨਾ ਸੱਤਿ ਭਾਸਿ ਹੈ ਛੋ ਲੋ॥੩੯॥

ਤੂੰ ਆਪਣਾ ਇਹ ਜਨਮ ਸਫਲਾ ਕਰ ਲੈ। ਇਸ ਜਗਤ ਨੂੰ ਇਕ ਸੁਪਨੇ ਵਾਂਗ ਸਮਝੋ। ਜਿਵੇਂ ਕੋਈ ਗੂੜ੍ਹੀ ਨੀਂਦ ਸੌਂਦਾ ਹੈ ਅਤੇ ਜਦ ਸੁੱਤੇ ਪਏ ਨੂੰ ਸੁਪਨਾ ਆਉਂਦਾ ਹੈ ਤਾਂ ਉਹ ਸੁਪਨੇ ਨੂੰ ਹੀ ਸੱਚਾ ਮੰਨ ਲੈਂਦਾ ਹੈ॥ ੩੯॥

ਦੋਹਰਾ- ਜਬ ਜਾਗਹਿ ਤਬ ਸੂਝ ਹੀ ਸੁਪਨ ਪਦਾਰਥ ਕੂਰ।
ਜਗਤ ਪਦਾਰਥ ਤਸ ਲਖੋ ਗਜਾਨ ਭਏ ਤੇ ਦੂਰ॥ ੪੦॥

ਪਰ ਜਾਗਦਾ ਹੈ ਤਾਂ ਸਮਝਦਾ ਹੈ ਕਿ ਸੁਪਨੇ ਦੇ ਸਾਰੇ ਪਦਾਰਥ ਝੂਠੇ ਸਨ। ਇਸ ਤਰ੍ਹਾਂ ਹੀ ਤੁਸੀਂ ਇਸ ਜਗਤ ਨੂੰ ਸੁਪਨਾ ਸਮਝੋ, ਜਦ ਤੁਹਾਨੂੰ ਗਿਆਨ ਹੋ ਜਾਵੇਗਾ ਭਾਵ ਜਦ ਤੁਸੀਂ ਜਾਗ ਪਵੋਗੇ ਤਾਂ ਇਹ ਜਗਤ ਦੇ ਸਭ ਪਦਾਰਥ ਤੁਹਾਨੂੰ ਝੂਠੇ ਲੱਗਣ ਲੱਗ ਜਾਣਗੇ॥ ੪੦॥

ਚੌਪਈ- ਸ੍ਰੀ ਨਾਨਕ ਬਚ ਸੁਨੇ ਸੁਭਾਗੂ। ਭਯੋ ਸਹਿਜ ਹੀ ਰਿਦੇ ਵਿਰਾਗੂ।
ਜਾਂਹਿ ਨਾਮ ਅਗਜਾਨ ਮਿਟਾਵਹਿ। ਤਿਹ ਉਪਦੇਸ਼ ਬੋਧ ਕਿਉਂ ਨ ਆਵਹਿ॥੪੧॥

ਜਦ ਭਾਗਾਂ ਵਾਲੇ ਮਰਦਾਨੇ ਨੇ ਗੁਰੂ ਦੇ ਬਚਨ ਸੁਣੇ ਤਾਂ ਸੁੱਤੇ ਸਿੱਧ ਹੀ ਉਸ ਦੇ ਹਿਰਦੇ ਵਿਚ ਵੈਰਾਗ ਉਪਜਿਆ। ਜਿਸ ਦਾ ਨਾਮ ਹੀ ਅਗਿਆਨਤਾ ਮਿਟਾ ਦਿੰਦਾ ਹੈ, ਉਸ ਦੇ ਉਪਦੇਸ਼ ਨਾਲ ਗਿਆਨ ਦੀ ਪ੍ਰਾਪਤੀ ਕਿਉਂ ਨਾ ਹੋਵੇ? ॥ ੪੧॥

ਬਿਗਸ ਬਦਨ ਤੇ ਬਚਨ ਪ੍ਰਕਾਸ਼ਾ। "ਇੱਛਾ ਗਵਨ ਕਰਨ ਕਿਹ ਆਸਾ?।
ਤੁਮ ਕਾਰਜ ਜੋ ਮਮ ਆਧੀਨਾ। ਕਰੋਂ ਕਿਉਂ ਨ ਮੈਂ ਹੁਇ ਛਲ ਹੀਨਾ॥੪੨॥

ਫਿਰ ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤਾ, "ਕਿਸੇ ਪਾਸੇ ਜਾਣ ਦੀ ਇੱਛਾ ਹੈ। ਤੂੰ ਛਲਹੀਣ ਹੋ ਕੇ ਮੇਰੇ ਨਾਲ ਮੇਰੀ ਇੱਛਾ ਅਨੁਸਾਰ ਕਾਰਜ ਕਰਨਾ ਹੈ॥ ੪੨॥

ਤੁਮਰੇ ਦਰਸ ਕਰਖ ਮਨ ਲੀਆ। ਏਕ ਆਸ ਨਾਸੀ ਅਬ ਬੀਆ।
ਜਗਤਿ ਬਿਕਾਰਨ ਤੇ ਭੀ ਸ਼ਾਂਤੀ। ਉਰ ਅਨੰਦ ਉਪਜਾ ਬਹੁ ਭਾਂਤੀ॥੪੩॥

ਤੁਹਾਡੇ ਦਰਸ਼ਨਾਂ ਨੇ ਮੇਰਾ ਮਨ ਖਿੱਚ ਲਿਆ ਹੈ, ਪਰ ਇਕ ਆਸ ਰਹਿ ਗਈ ਹੈ, ਹੋਰ ਸਭ ਨਾਸ਼ ਹੋ ਗਈਆਂ ਹਨ। ਜਗਤ ਦੇ ਵਿਕਾਰਾਂ ਤੋਂ ਵੀ ਸ਼ਾਂਤੀ ਮਿਲੀ ਹੈ ਅਤੇ ਹਿਰਦੇ ਵਿਚ ਬਹੁਤ ਪ੍ਰਕਾਰ ਦਾ ਆਨੰਦ ਉਪਜਿਆ ਹੈ॥ ੪੩॥

ਦੋਹਰਾ- ਕਿਤ ਦਿਸ਼ ਕਰੋ ਪਯਾਨ ਅਬ ਸੰਗ ਲੇਯ ਕਰਿ ਮੋਹ?'।
ਸੁਨਿ ਮਰਦਾਨੇ ਕੇ ਬਚਨ ਬੋਲੇ ਅਨਦ ਸੰਦੋਹ॥ ੪੪॥

ਮੈਨੂੰ ਆਪਣੇ ਨਾਲ ਲੈ ਕੇ ਹੁਣ ਕਿਸ ਪਾਸੇ ਜਾਣ ਦਾ ਇਰਾਦਾ ਹੈ? ਮਰਦਾਨੇ ਦੀ ਇਹ ਗੱਲ ਸੁਣ ਕੇ ਪੂਰਨ ਆਨੰਦ ਸਰੂਪ ਬੋਲੇ॥ ੪੪॥

ਚੌਪਈ- "ਨਹੀਂ ਪ੍ਰਥਮ ਇਹ ਕੋਇ ਵਿਚਾਰਾ। ਜਹਿਂ ਲੇ ਜਾਵਹਿ ਸ੍ਰੀ ਕਰਤਾਰਾ।
ਤਿਤ ਦਿਸ਼ ਚਲਹੁ ਸੰਗ ਹਰਿਖਾਏ। ਮੋਹੁ ਲੋਭ ਕਹੁ ਰਿਦੇ ਬਿਹਾਏ" ॥੪੫॥

ਮੇਰਾ ਪਹਿਲਾ ਇਹ ਕੋਈ ਵਿਚਾਰ ਨਹੀਂ, ਜਿਸ ਤਰਫ ਵੀ ਕਰਤਾਰ ਲੈ ਜਾਵੇਗਾ ਚਲੇ ਜਾਵਾਂਗੇ। ਤੂੰ ਉਸ ਪਾਸੇ ਵੱਲ ਹੀ ਖੁਸ਼ ਹੋ ਕੇ ਮੇਰੇ ਨਾਲ ਚੱਲ ਅਤੇ ਮੋਹ ਅਤੇ ਲੋਭ ਨੂੰ ਹਿਰਦੇ ਵਿਚੋਂ ਕੱਢ ਦੇਵੇ॥ ੪੫॥

"ਸੁਨਿ ਪ੍ਰਭੁ ਏਕ ਕਠਨ ਬਿਧਿ ਮੋਹੂ। ਦੁਹ ਦਿਸ਼ ਤੇ ਮੁਸ਼ਕਲ ਸੀ ਜੋਹੂ।
ਤੁਮਰੀ ਸੁਧਿ ਸੁਨਿ ਪਿਤ ਮਹਿਤਾਰੀ। ਸਦਨਹਿ ਤੇ ਮੁਝ ਲੀਨ ਹਕਾਰੀ ॥੪੬॥

ਹੇ ਪ੍ਰਭੂ ਜੀ! ਸੁਣੋ, ਮੇਰੇ ਸਾਹਮਣੇ ਇਕ ਕਠਿਨ ਸਮੱਸਿਆ ਆ ਗਈ ਹੈ ਜਿਸ ਕਰਕੇ ਮੇਰਾ ਤੁਹਾਡੇ ਨਾਲ ਜਾਣਾ ਮੁਸ਼ਕਿਲ ਹੈ। ਤੁਹਾਡੇ ਮਾਤਾ ਪਿਤਾ ਨੇ ਮੈਨੂੰ ਤੁਹਾਡੀ ਖਬਰ ਲੈਣ ਭੇਜਿਆ ਸੀ, ਉਨ੍ਹਾਂ ਮੈਨੂੰ ਮੇਰੇ ਘਰ ਤੋਂ ਬੁਲਾਇਆ ਸੀ॥ ੪੬॥

ਕੁਸ਼ਲ ਲੇਨਿ ਮੁਝ ਦੂੱਤ ਪਠਾਯਾ। ਬਿਨ ਬਿਲੰਬ ਹੌਂ ਆਯੋ ਧਾਯਾ।
ਇਤਿ ਦਿਸ਼ ਕੀ ਉਡੀਕੋ ਸੋ ਕਰਿ ਹੀਂ। ਰਾਵਰ ਕੀ ਚਿਤ ਚਿੰਤਾ ਧਰਿਹੀਂ ॥੪੭॥

ਤੁਹਾਡੀ ਕੁਸ਼ਲਤਾ ਦਾ ਪਤਾ ਲੈਣ ਲਈ ਉਨ੍ਹਾਂ ਮੈਨੂੰ ਤੁਰੰਤ ਭੇਜਿਆ ਹੈ ਅਤੇ ਕਿਹਾ ਹੈ ਕਿ ਖਬਰ ਸਾਰ ਲੈ ਕੇ ਕਿਸੇ ਦੇਰੀ ਤੋਂ ਬਗੈਰ ਵਾਪਿਸ ਆ ਜਾਵੇ। ਇਸ ਕਰਕੇ ਉਹ ਮੇਰੀ ਉਡੀਕ ਕਰ ਰਹੇ ਹੋਣਗੇ ਅਤੇ ਉਨ੍ਹਾਂ ਚਿੱਤ ਵਿਚ ਬਹੁਤ ਚਿੰਤਾ ਧਾਰਨ ਕੀਤੀ ਹੋਵੇਗੀ॥ ੪੭॥

ਦੋਹਰਾ- ਨਿਜ ਰਜਾਇ ਢਿਗ ਰਹਨਿ ਕੀ ਯਾ ਬਿਧਿ ਮੁਸ਼ਕਲ ਮੋਹਿ।
ਜਾਨੋ ਬਨੈ ਨ ਅਬ ਤਹਾਂ ਸੋ ਚਿੰਤਾਤੁਰ ਹੋਹਿਂ"॥ ੪੮॥

ਇਸ ਕਰਕੇ ਤੁਹਾਡੀ ਆਗਿਆ ਵਿਚ ਰਹਿਣ ਦੀ ਮੈਨੂੰ ਇਸ ਗੱਲ ਕਰਕੇ ਮੁਸ਼ਕਿਲ ਹੈ। ਜੇ ਮੈਂ ਹੁਣ ਉਥੇ ਨਹੀਂ ਜਾਵਾਂਗਾ ਤਾਂ ਉਹ ਬਹੁਤ ਫਿਕਰ ਕਰਨਗੇ॥ ੪੮॥

ਚੌਪਈ- ਸ੍ਰੀ ਗੁਰੁ ਭਨੈਂ "ਸੁਨਹੁ ਮਰਦਾਨਾ। ਕਰਹੁ ਆਪ ਜਿਉਂ ਭਲ ਮਨ ਮਾਨਾ।
ਹਮਰੇ ਸੰਗ ਕਠਨਤਾ ਰਹਿਨਾ। ਤ੍ਰਿਸ਼ਨਾ ਦਹਿਨ ਬਿਖੈ ਜੋ ਦਹਿਨਾ ॥੪੯॥

ਗੁਰੂ ਜੀ ਨੇ ਕਿਹਾ, "ਮਰਦਾਨੇ! ਸੁਣ, ਤੂੰ ਉਸ ਤਰ੍ਹਾਂ ਹੀ ਕਰ ਜਿਸ ਤਰ੍ਹਾਂ ਤੇਰੇ ਮਨ ਨੂੰ ਚੰਗਾ ਲੱਗਦਾ ਹੈ। ਤੈਨੂੰ ਮੇਰੇ ਨਾਲ ਰਹਿਣ ਵਿਚ ਕਠਿਨਾਈ ਹੈ ਕਿਉਂਕਿ ਤੂੰ ਤ੍ਰਿਸ਼ਨਾ ਦੀ ਅੱਗ ਵਿਚ ਜੋ ਸੜਦਾ ਹੈਂ॥ ੪੯॥

ਤੋਇ ਸੰਤੋਖ ਬੁਝਾਵਨ ਕਰਿਹੀ। ਸੋ ਹਮ ਸੰਗਤਿ ਕੋ ਅਨੁਸਰਹੀ।
ਅਸਨ ਬਸਨ ਪ੍ਰਾਪਤਿ ਕਿਹ ਕਾਲੂ। ਨਹਿਂ ਪਾਵਹਿ ਜਿਨ ਹੋਇ ਬਿਹਾਲੂ ॥੫੦॥

ਉਸ ਅਗਨੀ ਨੂੰ ਸੰਤੋਖ ਰੂਪੀ ਜਲ ਬੁਝਾ ਦਿੰਦਾ ਹੈ। ਇਸ ਲਈ ਸਾਡੀ ਮਰਜ਼ੀ ਅਨੁਕੂਲ ਸਾਡੀ ਸੰਗਤ ਕਰੋ। ਪਦਾਰਥ ਅਤੇ ਵਸਤਰ ਕਿਸ ਵੇਲੇ ਪ੍ਰਾਪਤ ਹੋਵੇਗਾ, ਜਿਹੜੇ ਇਹ ਪ੍ਰਾਪਤ ਨਹੀਂ ਕਰਦੇ ਉਹ ਬਹੁਤ ਦੁਖੀ ਹੁੰਦੇ ਹਨ॥ ੫੦॥

ਸੁਖ ਭੋਗਨ ਜੇ ਪਜਾਸ ਬਿਲਾਸਾ। ਤੌ ਜਾਵਹੁ ਕਾਲੂ ਪਿਤ ਪਾਸਾ।
ਬੈਸਨ ਰਹਨਿ, ਮਿਲਨ ਪਰਵਾਰਾ। ਏ ਬਾਛੈਂ ਸਭਿ ਮੱਧ ਅਗਾਰਾ ॥੫੧॥

ਜੇ ਤੈਨੂੰ ਸੁਖ ਭੋਗਣ ਅਤੇ ਰਸ ਮਾਨਣ ਦੀ ਪਿਆਸ ਹੈ ਤਾਂ ਮੇਰੇ ਪਿਤਾ ਜੀ ਕਾਲੂ ਪਾਸ ਚਲੇ ਜਾਵੋ। ਬੈਠਣ, ਰਹਿਣ ਅਤੇ ਪਰਿਵਾਰ ਨੂੰ ਮਿਲਣ ਦਾ ਸੁਖ, ਘਰ ਵਿਚ ਰਹਿ ਕੇ ਹੀ ਪ੍ਰਾਪਤ ਹੋ ਸਕਦਾ ਹੈ॥ ੫੧॥

ਦੋਹਰਾ- ਛੁਧਾ, ਨਗਨਤਾ ਜਾਨੀਏ ਪੁਨ ਰਹਿਨੋ ਉਦਿਆਨ।
ਸੰਗ ਰਹਨਿ ਮਮ ਤੇ ਬਨੈ ਕਰਿਯੇ ਉਰ ਪਰਵਾਨ'॥ ੫੨॥

ਜੰਗਲ ਵਿਚ ਰਹਿਣਾ ਤਾਂ ਭੁੱਖ ਨੰਗ ਹੀ ਸਮਝੋ। ਜੇ ਤੇਰਾ ਮੇਰੇ ਨਾਲ ਰਹਿਣ ਬਣਦਾ ਹੈ ਤਾਂ ਆਪਣੇ ਹਿਰਦੇ ਵਿਚ ਪਰਵਾਨ ਕਰੋ॥ ੫੨॥

ਚੌਪਈ- 'ਪ੍ਰਭੁ ਜੀ ਤ੍ਰਿਸਨਾ ਮਨ ਤੇ ਮੂਕੀ। ਆਨ ਜਾਨਿ ਕੀ ਆਸਾ ਚੂਕੀ।
ਤੁਮ ਸਮਾਨ ਕੋ ਨਦਰਿ ਨ ਆਵੈ। ਦਿਨਕਰ ਪਿਖ ਖੱਦਜੋਤ ਨ ਭਾਵੈ॥੫੩॥

ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਮਨ ਦੀ ਤ੍ਰਿਸਨਾ ਖਤਮ ਹੋ ਗਈ ਹੈ, ਕਿਤੇ ਹੋਰ ਥਾਂ ਆਉਣ ਜਾਣ ਦੀ ਆਸ ਹੁਣ ਮੁੱਕ ਗਈ ਹੈ। ਤੁਹਾਡੇ ਵਰਗਾ ਮੈਨੂੰ ਕੋਈ ਨਜ਼ਰ ਨਹੀਂ ਆਉਂਦਾ, ਸੂਰਜ ਵੇਖ ਕੇ ਫਿਰ ਜੁਗਨੂੰ ਚੰਗਾ ਨਹੀ ਲੱਗਦਾ॥ ੫੩॥

ਰਹੌਂ ਸੰਗਿ ਮੈਂ ਮਨ ਮਹਿਂ ਠਾਨੀ"। ਸੁਨਿ ਸ੍ਰੀ ਗੁਰ ਬੋਲੇ ਮ੍ਰਿਦੁ ਬਾਨੀ।
'ਜਾਹੁ ਰਬਾਬ ਨਗਰ ਤੇ ਲਜਾਵਹੁ। ਹੇਰਹੁ ਸੁੰਦਰ ਆਨਿ ਬਜਾਵਹੁ'॥੫੪॥

ਮੈਂ ਮਨ ਵਿਚ ਇਹ ਪੱਕੀ ਕਰ ਲਈ ਹੈ ਕਿ ਮੈਂ ਤੁਹਾਡੇ ਨਾਲ ਰਹਾਂਗਾ।" ਇਹ ਸੁਣ ਕੇ ਗੁਰੂ ਜੀ ਨੇ ਸੁੰਦਰ ਸ਼ਬਦ ਕਹੇ, "ਨਗਰ ਨੂੰ ਜਾਵੋ ਤੇ ਉਥੋਂ ਇਕ ਰਬਾਬ ਲਿਆਵੋ, ਸੁੰਦਰ ਜਿਹੀ ਵੇਖੋ ਤੇ ਉਸ ਨੂੰ ਲਿਆ ਕੇ ਇਥੇ ਵਜਾਵੋ"॥ ੫੪॥

"ਸੁਨਿ ਪ੍ਰਭੁ ਜੀ ਮੈਂ ਕਬਹਿ ਨ ਗਾਯਾ। ਨਹਿਂ ਕੋ ਬਾਦਿਤ ਹਾਥ ਬਜਾਯਾ।
ਕੇਤਿਕ ਬਾਸੁਰ ਮਹਿਂ ਸਿਖ ਲੇਊਂ। ਗਾਵਨ ਬਹੁਰ ਬਜਾਵਨਿ ਭੇਊ"॥੫੫॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਮੈਂ ਕਦੀ ਵੀ ਗੀਤ ਨਹੀਂ ਗਾਇਆ ਹੈ ਅਤੇ ਨਾ ਹੀ ਕੋਈ ਵਾਜਾ ਹੱਥ ਨਾਲ ਵਜਾਇਆ ਹੈ। ਕੁਝ ਦਿਨਾਂ ਵਿਚ ਮੈਂ ਸਿੱਖ ਲਵਾਂਗਾ, ਫਿਰ ਗਾਵਾਂਗਾ ਅਤੇ ਸਾਜ਼ ਵਜਾਵਾਂਗਾ॥ ੫੫॥

ਸ੍ਰੀ ਨਾਨਕ ਬੋਲੇ ਮਨ ਭਾਵਨ। "ਗੁਨ ਗਾਵਨ ਦਿਯ ਬਹੁਰ ਬਜਾਵਨ।
ਸੋ ਲੈ ਕਰਿ ਤੈਂ ਕੈਸੇ ਕੀਨੋ? । ਪੂਰਬ ਆਇ ਜੁ ਹਮ ਤੇ ਲੀਨੋ"॥੫੬॥

ਫਿਰ ਗੁਰੂ ਨਾਨਕ ਜੀ ਨੇ ਮਨ ਭਾਉਂਦੀ ਗੱਲ ਕਹੀ, "ਪਿਛਲੀ ਵਾਰ ਜਦ ਤੂੰ ਸਾਡੇ ਪਾਸ ਆਇਆ ਸੀ ਤਾਂ ਅਸੀਂ ਤੈਨੂੰ ਗਾਵਣ ਅਤੇ ਵਜਾਵਣ ਦਾ ਗੁਣ ਦਿੱਤਾ ਸੀ, ਉਸ ਨੂੰ ਲੈ ਕੇ ਤੂੰ ਕੀ ਕੀਤਾ ਹੈ?"॥ ੫੬॥

ਚੌਪਈ- "ਸੁਨਿ ਕਰੁਨਾਨਿਧਿ! ਜੋ ਤੁਮ ਦੀਨੋ। ਸੋ ਤੇ ਮੈਂ ਕਿਤ ਖਰਚ ਨ ਕੀਨੋ"।
ਸ੍ਰੀ ਗੁਰੁ ਭਨੈਂ "ਨ ਬਚਨ ਹਟਾਵਹੁ। ਪੁਰਿ ਤੇ ਆਨਿ ਰਬਾਬ ਬਜਾਵਹੁ॥੫੭॥

ਮਰਦਾਨੇ ਕਿਹਾ, "ਹੇ ਕਿਰਪਾ ਦੇ ਖ਼ਜ਼ਾਨੇ! ਜਿਹੜਾ ਗੁਣ ਤੁਸੀਂ ਮੈਨੂੰ ਦਿੱਤਾ ਸੀ ਉਹ ਤਾਂ ਮੈਂ ਕਿਤੇ ਖਰਚ ਨਹੀਂ ਕੀਤਾ।" ਗੁਰੂ ਜੀ ਬੋਲੇ, "ਇਹ ਗੱਲ ਛੱਡੋ ਤੇ ਨਗਰ ਤੋਂ ਲਿਆ ਕੇ ਰਬਾਬ ਵਜਾਵੋ"॥ ੫੭॥

ਸੁਨਤਿ ਉਠ੍ਯੋ ਤੂਰਨ ਮਰਦਾਨਾ। ਖੋਜਨ ਹਿਤ ਗਾ ਪੁਰਿ ਸੁਲਤਾਨਾ।
ਢਾਢੀ ਗਾਵਹਿ ਅੱਗ੍ਰ ਪਠਾਨਾਂ। ਹੇਰਤਿ ਬੈਸ ਗਯੋ ਤਿਹ ਥਾਨਾ॥੫੮॥

ਇਹ ਸੁਣ ਕੇ ਮਰਦਾਨਾ ਤੁਰੰਤ ਉਠਿਆ ਤੇ ਰਬਾਬ ਲੱਭਣ ਵਾਸਤੇ ਸੁਲਤਾਨਪੁਰ ਚਲਾ ਗਿਆ। ਇਕ ਥਾਂ ਉਸ ਨੇ ਵੇਖਿਆ ਕਿ ਇਕ ਢਾਡੀ ਪਠਾਣਾਂ ਦੇ ਸਾਹਮਣੇ ਗਾ ਰਿਹਾ ਸੀ। ਉਸ ਨੂੰ ਵੇਖ ਕੇ ਮਰਦਾਨਾਂ ਉਸ ਥਾਂ ਹੀ ਬੈਠ ਗਿਆ॥ ੫੮॥

ਦੋਹਰਾ- ਜਬ ਪਠਾਨ ਨਿਜ ਘਰ ਗਯੋ ਮਰਦਾਨਾ ਬਚ ਪ੍ਰਾਹਿ।
"ਸੁਭ ਨਰ ਏਕ ਹਕਾਰਈ ਚਲਿ ਢਾਢੀ! ਤਿਸ ਪਾਹਿ"॥ ੫੯॥

ਜਦ ਪਠਾਣ ਆਪਣੇ ਘਰਾਂ ਨੂੰ ਚਲੇ ਗਏ ਤਾਂ ਮਰਦਾਨੇ ਨੇ ਢਾਡੀ ਨੂੰ ਇਹ ਬਚਨ ਕਹੇ, "ਇਕ ਪਵਿੱਤਰ ਵਿਅਕਤੀ ਨੇ ਤੁਹਾਨੂੰ ਬੁਲਾਇਆ ਹੈ, ਹੇ ਢਾਡੀ! ਉਸ ਦੇ ਪਾਸ ਚਲੋ"॥ ੫੯॥

ਚੌਪਈ- ਲੇਕਰਿ ਸੰਗ ਤਿਸੈ ਤਤਕਾਲਾ। ਆਯੋ ਬੈਸੇ ਜਹਾਂ ਕ੍ਰਿਪਾਲਾ।
ਲਗੀ ਸਮਾਧਿ ਨੈਨ ਅਨਖੁਲੇ। ਦਿਪਤਿ ਰੂਪ ਦੁਤਿ ਦੁਖ ਦਲ ਮਲੇ॥੬੦॥

ਉਸ ਢਾਡੀ ਨੂੰ ਨਾਲ ਲੈ ਕੇ ਤੁਰੰਤ ਉਥੇ ਆ ਗਿਆ, ਜਿਥੇ ਕ੍ਰਿਪਾਲੂ ਗੁਰੂ ਜੀ ਬੈਠੇ ਸਨ। ਉਨ੍ਹਾਂ ਦੀ ਸਮਾਧੀ ਲੱਗੀ ਹੋਈ ਸੀ, ਨੈਣ ਬੰਦ ਸਨ। ਪ੍ਰਕਾਸ਼ਤ ਰੂਪ, ਦੁੱਖਾਂ ਦੇ ਸਮੂਹ ਨੂੰ ਖਤਮ ਕਰਨ ਵਾਲੇ ਹਨ॥ ੬੦॥

ਲੇ ਰਬਾਬ ਢਾਢੀ ਕਰ ਮਾਂਹੀ। ਤਾਰ ਬਜਾਇ ਰਾਗ ਸੁਰ ਪ੍ਰਾਹੀ।
ਸੁਨਤਿ ਬਿਲੋਚਨ ਪੰਕਜ ਬਿਗਸੇ। ਭਜਹਿਂ ਨ ਅਸ ਗੁਰਬਰ ਨਰ ਧਿਕ ਸੇ॥੬੧॥

ਢਾਡੀ ਨੇ ਰਬਾਬ ਆਪਣੇ ਹੱਥਾਂ ਵਿਚ ਲੈ ਕੇ ਤਾਰ ਵਜਾ ਕੇ ਰਾਗ ਸੁਰ ਲਾਈ। ਇਹ ਸੁਣ ਕੇ ਕੰਵਲ ਨੈਣ ਭਾਵ ਗੁਰੂ ਜੀ ਬਹੁਤ ਖੁਸ਼ ਹੋਏ। ਜਿਹੜੇ ਅਜਿਹੇ ਗੁਰੂ ਜੀ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਨੂੰ ਧ੍ਰਿਕਾਰ ਹੈ॥ ੬੧॥

ਭਨਹਿ ਬਚਨ "ਤੂੰ ਲੇ ਮਰਦਾਨਾ! ਤਾਰ ਬਜਾਵਹੁ, ਰਾਗ ਨਿਧਾਨਾ!"
ਆਇਸ ਮਾਨਿ ਪਾਨ ਮਹਿਂ ਲੀਨਾ। ਕਰਿ ਸੁਰ ਤਾਰ ਬਜਾਵਨ ਕੀਨਾ॥੬੨॥

ਫਿਰ ਗੁਰੂ ਜੀ ਨੇ ਕਿਹਾ, "ਹੇ ਮਰਦਾਨਾ! ਹੁਣ ਤੂੰ ਰਬਾਬ ਨੂੰ ਆਪਣੇ ਹੱਥ ਵਿਚ ਲੈ ਕੇ ਤਾਰ ਵਜਾਵੇ ਅਤੇ ਰਾਗ ਦੇ ਖਜ਼ਾਨੇ ਨੂੰ ਪ੍ਰਗਟ ਕਰੇ। ਆਗਿਆ ਮੰਨ ਕੇ ਮਰਦਾਨੇ ਨੇ ਰਬਾਬ ਆਪਣੇ ਹੱਥ ਵਿਚ ਲਿਆ ਅਤੇ ਤਾਰ ਸੁਰ ਕਰਕੇ ਵਜਾਉਣ ਲੱਗਾ॥ ੬੨॥

ਦੋਹਰਾ- ਸੁਨਿ ਬਨ ਕੇ ਬ੍ਰਿਖ ਤਿਤ ਸਮੈਂ ਚੁਵਨ ਰਸ ਵਡ ਲਾਗ।
ਬਰਣ ਬਰਣ ਬਰ ਬਿਹੰਗ ਜੇ ਉਮਗਜੋ ਤਿਨ ਅਨੁਰਾਗ॥ ੬੩॥

ਮਰਦਾਨੇ ਦੇ ਰਬਾਬ ਦੀ ਆਵਾਜ਼ ਸੁਣ ਕੇ ਜੰਗਲ ਦੇ ਰੁੱਖਾਂ ਵਿਚੋਂ ਬਹੁਤ ਰਸ ਚੋਣ ਲੱਗਾ, ਰੰਗ ਬਰੰਗੇ ਜਿਹੜੇ ਪੰਛੀ ਸਨ ਉਨ੍ਹਾਂ ਵਿਚ ਪ੍ਰੇਮ ਸਮੁੰਦਰ ਦੀਆਂ ਲਹਿਰਾਂ ਵਾਂਗ ਉਛਾਲੇ ਮਾਰਨ ਲੱਗਾ॥ ੬੩॥

ਚੌਪਈ- ਤੀਰ ਸਮੀਰ ਰਹੀ ਥਿਰ ਹੋਈ। ਸੁਨੀ ਤਾਨ ਮੋਹੇ ਸਭਿ ਕੋਈ।
ਜਿਹਤੇ ਜਡ ਚੇਤਨ ਹ੍ਵੈ ਗਏ। ਜੇ ਚੇਤਨ ਸੇ ਜਡ ਵਤ ਭਏ॥ ੬੪॥

ਹਵਾ ਵੀ ਖੜੀ ਹੋ ਗਈ, ਜਿਸ ਨੇ ਵੀ ਮਰਦਾਨੇ ਦੀ ਰਬਾਬ ਦੀ ਤਾਨ ਸੁਣੀ ਮੋਹਿਤ ਹੋ ਗਿਆ। ਜਿਹੜੇ ਬ੍ਰਿਛ ਆਦਿਕ ਜੜ੍ਹ ਰੂਪ ਸਨ ਉਹ ਚੇਤਨ ਹੋ ਗਏ ਅਤੇ ਜਿਹੜੇ ਚੇਤਨ ਸਨ ਉਹ ਜੜ੍ਹ ਰੂਪ ਹੋ ਗਏ ਭਾਵ ਉਨ੍ਹਾਂ ਦੀ ਸਮਾਧੀ ਲੱਗ ਗਈ॥ ੬੪॥

ਬਨ ਤੇ ਮ੍ਰਿਗ ਆਏ ਭੇ ਠਾਂਢੇ। ਅਤਿ ਮਨ ਮਹਿਂ ਅਨੁਰਾਗਹਿ ਬਾਢੇ।
ਸੋ ਢਾਢੀ ਸੁਨਿ ਬਿਸਮੈ ਭਯੋ। ਬਿਸਰ ਅਪਾਨਹਿ ਤਿਹ ਛਿਨ ਗਯੋ॥੬੫॥

ਜੰਗਲ ਦੇ ਹਿਰਨ ਵੀ ਆ ਕੇ ਖਲੋ ਗਏ। ਉਨ੍ਹਾਂ ਦੇ ਮਨਾਂ ਵਿਚ ਬਹੁਤ ਪ੍ਰੇਮ ਵਧਿਆ। ਜਿਹੜਾ ਢਾਡੀ ਰਬਾਬ ਲੈ ਕੇ ਆਇਆ ਸੀ ਉਹ ਵੀ ਬਹੁਤ ਪ੍ਰਸੰਨ ਹੋਇਆ। ਉਸ ਸਮੇਂ ਉਹ ਆਪਣਾ ਆਪਾ ਹੀ ਭੁੱਲ ਗਿਆ ਸੀ॥ ੬੫॥

ਕਿਤਨਕ ਚਿਰ ਭੇ ਬਚਨ ਬਖਾਨਾਂ। 'ਵਡ ਗੁਨਵਾਨ ਨ ਤੋ ਸਮ ਆਨਾ।
ਬਹੁਤ ਦੇਸ਼ ਢਾਢੀ ਮੈਂ ਦੇਖੇ। ਅਸਗੁਨ ਕਿਹ ਮਹਿਂ ਨਹੀਂ ਵਿਸ਼ੇਖੇ॥੬੬॥

ਕੁਝ ਚਿਰ ਪਿਛੋਂ ਉਸ ਨੇ ਬਚਨ ਕਹੇ, "ਤੁਹਾਡੇ ਵਰਗਾ ਗੁਨਵਾਨ ਢਾਡੀ, ਮੈਂ ਅੱਜ ਤਕ ਨਹੀ ਵੇਖਿਆ। ਦੇਸ਼ ਦੇ ਮੈਂ ਬਹੁਤ ਢਾਡੀ ਵੇਖੇ ਹਨ, ਪਰ ਅਜਿਹਾ ਵੱਡਾ ਗੁਣ ਮੈਂ ਕਿਸੇ ਵਿਚ ਨਹੀਂ ਵੇਖਿਆ॥ ੬੬॥

ਦੋਹਰਾ- ਸ੍ਰੀ ਨਾਨਕ ਬੋਲੇ ਬਹੁਰ 'ਕਹੁ ਮਰਦਾਨਾ! ਬੈਨ।
ਕੈਸੇ ਗੁਨ ਮਨ ਮਾਨਿਆ ਗਾਵਨ ਤਾਰ ਬਜੈਨ॥ ੬੭॥

ਫਿਰ ਗੁਰੂ ਨਾਨਕ ਦੇਵ ਜੀ ਬੋਲੇ, "ਹੇ ਮਰਦਾਨੇ! ਹੁਣ ਦੱਸ ਤੂੰ ਰਬਾਬ ਵਜਾਉਣ ਦਾ ਏਡਾ ਵੱਡਾ ਗੁਣ ਕਿਥੋਂ ਪਾਇਆ ਹੈ?"॥ ੬੭॥

ਚੌਪਈ- "ਸੁਨਹੁ ਪ੍ਰਭੁ ਆਨਨ ਇਕ ਮੇਰੋ। ਕਿਹ ਬਿਧਿ ਸੁਜਸ ਬਖਾਨੋ ਤੇਰੋ।
ਪੂਰਨ ਪੁਰਖ ਕਿ ਆਪਿ ਖ਼ੁਦਾਇ। ਜਿਹ ਬਚ ਤੇ ਮੁਝ ਅਸ ਗੁਨ ਆਇ॥੬੮॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ਮੇਰੀ ਇਕ ਗੱਲ ਸੁਣੋ। ਮੈਂ ਤੁਹਾਡਾ ਜੱਸ ਕਿਸ ਤਰ੍ਹਾਂ ਬਿਆਨ ਕਰਾਂ? ਆਪ ਪੂਰਨ ਪੁਰਖ ਕਿ ਆਪ ਹੀ ਖੁਦਾ ਹੋ, ਜਿਨ੍ਹਾਂ ਦੇ ਬਚਨਾਂ ਕਰਕੇ ਹੀ ਮੈਨੂੰ ਇਹ ਗੁਣ ਪ੍ਰਾਪਤ ਹੋ ਗਿਆ ਹੈ॥ ੬੮॥

ਗਾਇ ਨ ਕਬਹੂੰ ਤਾਰ ਬਜਾਯਾ। ਅਬਹਿ ਅਚਾਨਕ ਗੁਨ ਮੈਂ ਪਾਯਾ।"
ਉਠਜੋ ਬੰਦਿ ਕਰ ਕੀਨੀ ਬੰਦਨ। 'ਤਵ ਦਰਸ਼ਨ ਤ੍ਰੈ ਤਾਪ ਨਿਕੰਦਨ॥੬੯॥

"ਪਹਿਲਾਂ ਨਾ ਕਦੀ ਗਾਇਆ ਸੀ ਅਤੇ ਨਾਂ ਹੀ ਰਬਾਬ ਵਜਾਈ ਸੀ, ਹੁਣ ਅਚਾਨਕ ਇਹ ਗੁਣ ਮੈਂ ਪਾ ਲਿਆ ਹੈ।" ਮਰਦਾਨੇ ਨੇ ਫਿਰ ਉਠ ਕੇ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਕਿਹਾ, "ਤੁਹਾਡੇ ਦਰਸ਼ਨ ਕਰਕੇ ਤਿੰਨ ਤਾਪ ਦੂਰ ਹੋ ਜਾਂਦੇ ਹਨ॥ ੬੯॥

ਜਿਹ ਬਿਧਿ ਬਦਨ ਬਦਹੁ ਸੁਖ ਧਾਮਾ!। ਤਿਹ ਬਿਧਿ ਕਰਹੁਂਅਬਹਿ, ਸੁਖ ਕਾਮਾ!"।
ਸੁਨਿ ਬੋਲੇ ਪ੍ਰਭੁ ਦੀਨ ਦਯਾਲਾ। "ਲੇਹੁ ਰਬਾਬ ਜੁ ਰੁਚਿਰ ਬਿਸਾਲਾ॥੭੦॥

ਜਿਸ ਤਰ੍ਹਾਂ ਵੀ ਹੁਣ ਸੁੱਖਾਂ ਦੇ ਘਰ ਆਪਣੇ ਮੁੱਖ ਤੋਂ ਬਚਨ ਕਰਨਗੇ ਉਸ ਤਰ੍ਹਾਂ ਹੀ ਹੁਣ ਮੈਂ ਸੁਖ ਦਾ ਕੰਮ ਕਰਾਂਗਾ। ਇਹ ਸੁਣ ਕੇ ਪ੍ਰਭੂ ਦੀਨ ਦਿਆਲ ਬੋਲੇ, "ਹੁਣ ਜਿਸ ਤਰ੍ਹਾਂ ਦੀ ਤੇਰੀ ਰੁਚੀ ਹੋਵੇ ਉਹੋ ਜਿਹੀ ਵਧੀਆ ਰਬਾਬ ਲੈ ਲਵੋ"॥ ੭੦॥

ਦੋਹਰਾ- "ਪ੍ਰਭੁ ਜੀ ਲੇਹੁ ਤੰਬੂਰ ਕੋ ਸੁਭ ਅਵਾਜ ਹੁਇ ਜਾਹਿਂ।
ਸੁੰਦਰ ਹਰਵੋ ਭਾਰ ਮਹਿਂ ਗਾਇ ਬਜਾਵੋਂ ਤਾਂਹਿ"॥ ੭੧॥

ਮਰਦਾਨੇ ਕਿਹਾ, "ਪ੍ਰਭੂ ਜੀ, ਐਸੀ ਰਬਾਬ ਲੈ ਦੇਵੋ ਜਿਸ ਦੀ ਆਵਾਜ਼ ਬੜੀ ਸੁਭ ਅਤੇ ਰਸੀਲੀ ਹੋਵੇ। ਸੁੰਦਰ ਅਤੇ ਹੌਲੀ ਹੋਵੇ, ਜਿਸ ਨੂੰ ਲੈ ਕੇ ਮੈਂ ਗਾਵਾਂ ਤੇ ਵਜਾਵਾਂ"॥ ੭੧॥

ਚੌਪਈ- ਸ੍ਰੀ ਮੁਖ ਬੋਲੇ "ਸੁਨਿ ਮਰਦਾਨਾ! ਸੂਧੋ ਬਾਦਿਤ ਇਹ ਸੁਖ ਸਾਨਾ।
ਅਪਰ ਜਿ ਅਹੈਂ ਮਿਲੇ ਚਤੁਰਾਈ। ਬਿਸ਼ੈ ਬਾਸ਼ਨਾ ਸੋ ਉਪਜਾਈਂ॥੭੨॥

ਗੁਰੂ ਜੀ ਬੋਲੇ, "ਹੇ ਮਰਦਾਨੇ! ਸੁਣ, ਸਿੱਧਾ, ਸੁੰਦਰ ਅਤੇ ਵਧੀਆ ਵਾਜਾ ਸੁਖ ਸਹਿਤ ਹੀ ਮਿਲ ਸਕਦਾ ਹੈ, ਹੋਰ ਜੇ ਕਹੋਂ ਕਿ ਇਹ ਚਤੁਰਾਈ ਨਾਲ ਮਿਲ ਸਕਦਾ ਹੈ ਤਾਂ ਅਜਿਹਾ ਵਾਜਾ ਵਿਸ਼ੇ ਵਾਸ਼ਨਾ ਹੀ ਉਪਜਾਉਂਦਾ ਹੈ"॥ ੭੨॥

"ਪ੍ਰਭੁ ਜੀ! ਰਾਵਰਿ ਸੁਭਗ ਰਜਾਈ। ਰੁਚੈ ਜੁ ਤੁਮ ਕੋ ਭਲਿ ਬਿਧਿ ਸਾਈ।
ਦੀਜੈ ਮੋਲ ਅਬਹਿ ਮੈਂ ਜਾਂਊ। ਖੋਜਿ ਰਬਾਬ ਨਗਰ ਤੇ ਲਜਾਊਂ॥੭੩॥

ਮਰਦਾਨੇ ਕਿਹਾ, "ਪ੍ਰਭੂ ਜੀ! ਆਪ ਦੀ ਸ਼ੁਭ ਆਗਿਆ ਹੈ। ਜੋ ਤੁਹਾਨੂੰ ਚੰਗਾ ਲੱਗੇ ਓਹੋ ਹੀ ਸਭ ਤੋਂ ਵਧੀਆ ਵਿਧੀ ਹੈ। ਮੈਨੂੰ ਹੁਣ ਹੀ ਰਬਾਬ ਖਰੀਦਣ ਲਈ ਰਕਮ ਦੇ ਦੇਵੋ, ਮੈਂ ਨਗਰ ਵਿਚੋਂ ਖੋਜ-ਭਾਲ ਕੇ ਲੈ ਆਵਾਂਗਾ"॥ ੭੩॥

ਸ੍ਰੀ ਗੁਰੁ ਕਹੈਂ "ਜਾਚਨਾ ਜੋਊ। ਨਹਿਂ ਨੀਕੀ, ਜਾਨਹਿ ਸਭਿ ਕੋਊ।
ਤਦਪਿ ਚਾਹਿ ਜਬ ਲਗੁ ਹੈ ਪ੍ਰਾਨੀ। ਜਾਚਨ ਕਰਿਵਾਵਹਿ ਗੁਨ ਹਾਨੀ॥੭੪॥

ਗੁਰੂ ਜੀ ਨੇ ਕਿਹਾ, "ਮੰਗਣਾ ਜੋ ਹੈ ਸੋ ਚੰਗੀ ਗੱਲ ਨਹੀਂ, ਇਸ ਤੱਥ ਨੂੰ ਸਾਰੇ ਜਾਣਦੇ ਹਨ, ਤਦ ਵੀ ਜਿੰਨਾ ਚਿਰ ਪ੍ਰਾਣੀ ਨੂੰ ਮੰਗਣ ਦੀ ਚਾਹ ਹੈ, ਮੰਗਣਾ ਗੁਣਾਂ ਨੂੰ ਹਾਨੀ ਹੀ ਪਹੁੰਚਾਉਂਦਾ ਹੈ॥ ੭੪॥

ਦੋਹਰਾ- ਜਾਵਹੁ ਸੁਸਾ ਅਵਾਸ ਕੋ ਮੁਲ ਰਬਾਬ ਕੇ ਹੇਤ"।
ਸੁਨਿ ਗਵਨਜੋ ਗ੍ਰਿਹ ਨਾਨਕੀ ਤਜਿ ਬੇਦੀ ਕੁਲਕੇਤੁ॥ ੭੫॥

ਰਬਾਬ ਦਾ ਮੁੱਲ ਲੈਣ ਹਿਤ ਤੂੰ ਭੈਣ ਜੀ ਦੇ ਘਰ ਜਾ, ਇਹ ਸੁਣ ਕੇ ਮਰਦਾਨਾ ਗੁਰੂ ਨਾਨਕ ਬੇਦੀ ਕੁਲਕੇਤ ਨੂੰ ਛੱਡ ਕੇ ਬੇਬੇ ਨਾਨਕੀ ਦੇ ਘਰ ਚਲੇ ਗਏ॥ ੭੫॥

ਸੋਰਠਾ- ਸੋ ਢਾਢੀ ਕਹਿ ਬੈਨ 'ਲੀਜੈ ਏਹੁ ਰਬਾਬ ਤੁਮ'।
ਬੋਲੇ ਕਰੁਨਾ ਐਨ 'ਪਹੁੰਚਜੋ ਹਮ, ਨਿਜ ਨਿਕਟਿ ਰਖਿ'॥ ੭੬॥

ਫਿਰ ਢਾਡੀ ਨੇ ਇਹ ਬਚਨ ਕਹੇ, "ਤੁਸੀਂ ਮੇਰੇ ਵਾਲੀ ਇਹ ਰਬਾਬ ਰੱਖ ਲਵੋ, ਇਹ ਸੁਣ ਕੇ ਕਿਰਪਾ ਦੇ ਘਰ ਗੁਰੂ ਜੀ ਬੋਲੇ, "ਤੁਸੀਂ ਇਸ ਨੂੰ ਆਪਣੇ ਪਾਸ ਹੀ ਰਖੋ, ਤੁਹਾਡੇ ਵਲੋਂ ਇਹ ਸਾਨੂੰ ਮਿਲ ਗਈ ਹੈ"॥ ੭੬॥

ਸੋਰਠਾ- ਦਯਾ ਦ੍ਰਿਸ਼ਟਿ ਕੋ ਦੇਖਿ ਦੁਰਮਤਿ ਦੁਖ ਦੂਤ ਦੂਰ ਕਿਯ।
ਹਰਖ ਵਿਸ਼ੇਖ ਪਰੇਖ, ਲਖਿ ਅਲੇਖ ਨੇ ਬੇਖ ਲਿਯ॥ ੭੭॥

ਦਇਆ ਦ੍ਰਿਸ਼ਟੀ ਨੂੰ ਵੇਖ ਕੇ ਉਸ ਦੀ ਦੁਰਮਤਿ ਅਤੇ ਦੁੱਖ ਝੱਟ ਦੂਰ ਹੋ ਗਏ। ਆਪਣੀ ਦੁਰਮਤ ਦੂਰ ਹੋਈ ਵੇਖ ਕੇ ਬਹੁਤ ਖ਼ੁਸ਼ ਹੋਇਆ ਅਤੇ ਸਮਝ ਗਿਆ ਕਿ ਅਲੇਖ ਪ੍ਰਭੂ ਨੇ ਆਪ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕੀਤਾ ਹੈ॥ ੭੭॥

ਚੌਪਈ- ਸਦਨ ਜਾਇ ਭਾਖਤਿ ਮਰਦਾਨਾ। "ਤਵ ਭ੍ਰਾਤਾ ਇਕ ਸ੍ਵਾਲ ਬਖਾਨਾ।
ਸੁਨਿ ਹਰਖੀ ਆਨਨ ਬਚ ਭਨਿਆ। "ਆਜ ਜਨਮ ਮੈਂ ਸਫਲਾ ਗਨਿਆ॥੭੮॥

ਬੇਬੇ ਨਾਨਕੀ ਦੇ ਘਰ ਜਾ ਕੇ ਮਰਦਾਨਾ ਕਹਿੰਦਾ ਹੈ, "ਤੁਹਾਡੇ ਭਰਾ ਜੀ ਨੇ ਇਕ ਸਵਾਲ ਪਾਇਆ ਹੈ।" ਇਹ ਸੁਣ ਕੇ ਬੇਬੇ ਨਾਨਕੀ ਬਹੁਤ ਖੁਸ਼ ਹੋਈ ਅਤੇ ਮੁਖ ਤੋਂ ਇਹ ਬਚਨ ਕਹੇ, "ਅੱਜ ਮੇਰਾ ਜਨਮ ਸਫਲਾ ਹੋਇਆ ਹੈ॥ ੭੮॥

ਧੰਨ ਭਾਗ ਮੈਂ ਅਪਨਾ ਜਾਨਾ। ਕਰਹੁ ਨਿਸੰਗ ਸ੍ਵਾਲ ਮਰਦਾਨਾ!"।
'ਮੁਝੈ ਨ ਜਾਨੈ ਦੀਨ ਅਵਾਸੂ। ਕਰਿ ਅਭਿਲਾਖ ਰਖਜੋ ਨਿਜ ਪਾਸੂ॥੭੯॥

ਮੇਰੇ ਧੰਨ ਭਾਗ ਹਨ ਕਿ ਉਸ ਨੇ ਮੈਨੂੰ ਆਪਣਾ ਜਾਣਿਆ ਹੈ। ਹੇ ਮਰਦਾਨੇ! ਜੋ ਵੀ ਉਨ੍ਹਾਂ ਸਵਾਲ ਪਾਇਆ ਹੈ ਉਹ ਨਿਝੱਕ ਹੋ ਕੇ ਕਹੋ।" ਮਰਦਾਨੇ ਨੇ ਕਿਹਾ, "ਮੈਨੂੰ ਉਨ੍ਹਾਂ ਨੇ ਆਪਣੇ ਘਰ ਨਹੀਂ ਜਾਣ ਦਿੱਤਾ ਤੇ ਚਾਹ ਕਰਕੇ ਆਪਣੇ ਪਾਸ ਰਖਿਆ ਹੈ॥ ੭੯॥

ਅਬਹਿ ਰਬਾਬ ਖਰੀਦਨ ਭੇਜਾ। ਕਹਜੋ-ਮੋਲ ਭਗਨੀ ਤੇ ਲੇਜਾ।"
ਭਨਤਿ ਨਾਨਕੀ "ਭਲਾ ਭਯੋ ਹੈ। ਜੇ ਤੂੰ ਭ੍ਰਾਤਾ ਨਿਕਟਿ ਰਹਜੋ ਹੈਂ॥੮੦॥

ਹੁਣ ਮੈਨੂੰ ਉਨ੍ਹਾਂ ਰਬਾਬ ਖਰੀਦਣ ਭੇਜਿਆ ਹੈ ਅਤੇ ਕਿਹਾ ਹੈ ਕਿ ਰਬਾਬ ਦਾ ਮੁੱਲ ਭੈਣ ਜੀ ਪਾਸੋਂ ਲੈ ਲਵੋ।" ਬੇਬੇ ਨਾਨਕੀ ਨੇ ਕਿਹਾ, "ਬਹੁਤ ਚੰਗਾ ਹੋਇਆ ਹੈ ਜੋ ਤੂੰ ਭਰਾ ਜੀ ਦੇ ਕੋਲ ਰਹੇਂਗਾ॥ ੮੦॥

ਦੋਹਰਾ- ਇਕ ਰਬਾਬ ਕਜਾ ਵਸਤੁ ਹੈ, ਸਤਿ ਰਬਾਬ ਲੇ ਦੇਉਂ।
ਬਦਹੁ ਜਾਇ ਸੋਦਰ ਜਸੋ, ਸਦਨਹਿ ਬਦਨ ਦਿਖੇਉ'॥ ੮੧॥

ਇਕ ਰਬਾਬ ਕਿਹੜੀ ਚੀਜ਼ ਹੈ, ਮੈਂ ਸੌ ਰਬਾਬ ਲੈ ਦੇਵਾਂਗੀ, ਤੂੰ ਜਾ ਕੇ ਵੀਰ ਜੀ ਨੂੰ ਕਹਿ ਕਿ ਛੇਤੀ ਘਰ ਆ ਕੇ ਆਪਣਾ ਮੁਖੜਾ ਦਿਖਾ ਜਾਵੇ" ॥ ੯੧ ॥

ਚੌਪਈ- ਸੁਨਿ ਕਰਿ ਗਵਨਜੋ ਪੁਨ ਮਰਦਾਨਾ। "ਤੁਮਹਿ ਹਕਾਰਹਿਂ ਕ੍ਰਿਪਾ ਨਿਧਾਨਾ!।
ਦਰਸ਼ਨ ਕੀ ਉਰ ਬਹੁ ਅਭਿਲਾਖਾ। ਸਤ ਰਬਾਬ ਲੈ ਦੇਉਂ-ਭਾਖਾ' ॥ ੯੨ ॥

ਇਹ ਸੁਣ ਕੇ ਮਰਦਾਨਾ ਚਲੇ ਗਿਆ ਅਤੇ ਗੁਰੂ ਨਾਨਕ ਨੂੰ ਜਾ ਕੇ ਕਿਹਾ, "ਹੇ ਕਿਰਪਾ ਦੇ ਖ਼ਜ਼ਾਨੇ, ਤੁਹਾਨੂੰ ਬੀਬੀ ਜੀ ਨੇ ਘਰ ਬੁਲਾਇਆ ਹੈ। ਤੁਹਾਡੇ ਦਰਸ਼ਨਾਂ ਦੀ ਉਸ ਨੂੰ ਬਹੁਤ ਅਭਿਲਾਸ਼ਾ ਹੈ। ਉਸ ਨੇ ਕਿਹਾ ਹੈ ਕਿ ਮੈਂ ਸੌ ਰਬਾਬ ਲੈ ਦੇਵਾਂਗੀ" ॥ ੯੨ ॥

ਸੁਨਿ ਕਰਿ ਬੋਲੇ ਦੀਨ ਦਯਾਲਾ। "ਮੋ ਤੇ ਭਗਨੀ ਬੈਸ ਬਿਸਾਲਾ।
ਤਿਹ ਰਜਾਇ ਹੋਂ ਮੇਟਵ ਨਾਂਹੀ'। ਇਉਂ ਭਨਿ ਚਲੇ ਭਗਨਿ ਘਰ ਜਾਂਹੀ ॥੯੩ ॥

ਇਹ ਸੁਣ ਕੇ ਦੀਨ ਦਿਆਲ ਬੋਲੇ, "ਮੇਰੇ ਨਾਲੋਂ ਮੇਰੀ ਭੈਣ ਬਹੁਤ ਵੱਡੀ ਹੈ। ਜੋ ਉਸ ਦਾ ਹੁਕਮ ਹੋਵੇ, ਮੈਂ ਟਾਲ ਨਹੀਂ ਸਕਦਾ।" ਇਹ ਕਹਿ ਕੇ ਭੈਣ ਜੀ ਦੇ ਘਰ ਵੱਲ ਚਲ ਪਏ॥ ੯੩ ॥

ਮੰਦ ਮੰਦ ਜਿਨਕੀ ਗਤਿ ਰੂਰੀ। ਧਰਹਿ ਜਿ ਧਯਾਨ ਕਾਮਨਾ ਪੂਰੀ।
ਗਵਨਤਿ ਮਰਦਾਨਾ ਪਸ਼ਚਾਤੀ। ਸੁਨਹੁ ਕਥਾ ਸਰਬਿਹ ਸੁਖ ਦਾਤੀ ॥ ੯੪ ॥

ਹੌਲੀ ਹੌਲੀ ਜਿਨ੍ਹਾਂ ਦੀ ਸੁੰਦਰ ਚਾਲ ਹੈ। ਜਿਹੜਾ ਵੀ ਉਨ੍ਹਾਂ ਵੱਲ ਧਿਆਨ ਧਰਦਾ ਹੈ, ਉਸ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਮਰਦਾਨਾ ਪਿਛੇ ਪਿਛੇ ਚਲ ਰਿਹਾ ਹੈ। ਸੁੱਖਾਂ ਦੇ ਦਾਤੇ ਦੀ ਸਾਰੀ ਕਥਾ ਸੁਣੋ॥ ੯੪ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧਯਾਯ ॥ ੩੪ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਤੀਵਾਂ ਅਧਿਆਇ, ਜਿਸ ਦਾ ਨਾਮ 'ਮਰਦਾਨਾ ਗੁਰੂ ਜੀ ਪਾਸ ਆਇਆ' ਹੈ, ਸਮਾਪਤ ਹੋਇਆ ॥ ੩੪ ॥

## ਅਧਿਆਇ ਪੈਂਤੀਵਾਂ

*ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ।*

ਦੁਵੱਯਾ ਛੰਦ- ਚਰਨ ਕਮਲ ਕਲਿਮਲਹਿ ਨਿਵਾਰਨ ਉਰ ਧਰਿ ਧਯਾਨਹਿ ਤਿਨਕੇ।
ਸ੍ਰੀ ਨਾਨਕ ਇਤਿਹਾਸ ਬਖਾਨੌਂ ਦੁਖ ਨਾਸ਼ਨ ਪ੍ਰਨ ਜਿਨਕੇ।

ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਪ੍ਰਣ ਹੀ ਦੁੱਖਾਂ ਦਾ ਨਾਸ਼ ਕਰਨਾ ਹੈ ਅਤੇ ਜਿਨ੍ਹਾਂ ਦੇ ਚਰਨ ਕਮਲ ਪਾਪਾਂ ਨੂੰ ਦੂਰ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨਾਂ ਦਾ ਧਿਆਨ ਹਿਰਦੇ ਵਿਚ ਧਾਰ ਕੇ ਮੈਂ ਉਨ੍ਹਾਂ ਦਾ ਇਤਿਹਾਸ ਵਰਣਨ ਕਰਦਾ ਹਾਂ।

*ਸ੍ਰੀ ਬਾਲਾ ਸੰਧੁਰ ਵਾਚ॥*

*ਸੁਸਾ ਅਵਾਸ ਗਏ ਸੁਖਰਾਸੀ ਮਿਲੀ ਸੋਦਰੀ ਹਿਤ ਸੋਂ।*
*ਸਾਦਰ ਮੰਚ ਡਸਾਇ ਬੈਸਾਏ ਹਰਖੀ ਸਰਸ ਅਮਿਤ ਸੋਂ॥ ੧॥*

ਭਾਈ ਬਾਲੇ ਨੇ ਕਿਹਾ- ਸੁਖਾਂ ਦੀ ਰਾਸ ਗੁਰੂ ਨਾਨਕ ਦੇਵ ਜੀ ਆਪਣੀ ਭੈਣ ਜੀ ਦੇ ਘਰ ਗਏ ਅਤੇ ਬੜੇ ਪ੍ਰੇਮ ਨਾਲ ਆਪਣੀ ਭੈਣ ਜੀ ਨੂੰ ਮਿਲੇ। ਬੇਬੇ ਨਾਨਕੀ ਜੀ ਨੇ ਬੜੇ ਆਦਰ ਨਾਲ ਪਲੰਘ ਡਾਹ ਕੇ ਬੈਠਾਏ ਅਤੇ ਬੇਅੰਤ ਪ੍ਰਸੰਨ ਹੋਈ॥ ੧॥

ਸ੍ਰੀ ਨਾਨਕ ਮ੍ਰਿਦੁ ਬਚਨ ਅਲਾਏ "ਸੁਸਾ! ਮਨੋਰਥ ਭਨਿਯੇ।
ਤੁਮ ਆਇਸੁ ਅਨੁਸਾਰਿ ਸਦਾ ਮੈਂ ਬੱਛ ਸੁੱਛ ਮਹਿਂ ਗੁਨਿਯੇ।

ਸ੍ਰੀ ਨਾਨਕ ਜੀ ਨੇ ਫਿਰ ਕੋਮਲ ਬਚਨ ਕਹੇ, "ਭੈਣ ਜੀ! ਸਾਨੂੰ ਬੁਲਾਉਣ ਦਾ ਮਨੋਰਥ ਦੱਸੋ। ਮੈਂ ਹਮੇਸ਼ਾਂ ਤੁਹਾਡੀ ਆਗਿਆ ਵਿਚ ਹਾਂ, ਆਪਣੇ ਪਵਿੱਤਰ ਦਿਲ ਵਿਚ ਵਿਚਾਰ ਕੇ ਵੇਖ ਲਵੋ"॥

"ਸੁਨਹੁ ਭ੍ਰਾਤ ਪਰਮੇਸੁਰ ਰੂਪਾ! ਜਗਤ ਰਚਯੋ ਜਿਹ ਮਾਯਾ।
ਸੱਤਜਾ ਲੇ ਕਰਿ ਤੁਮਰੀ ਸਿਰਜੇ ਜੇ ਬ੍ਰਹਮੰਡ ਨਿਕਾਯਾ॥ ੨॥

ਬੇਬੇ ਨਾਨਕੀ ਨੇ ਕਿਹਾ, "ਮੇਰੇ ਪਰਮੇਸ਼ਵਰ ਰੂਪ ਭਰਾ ਜੀ! ਸੁਣੋ, ਜਿਸ ਜਗਤ ਰਚਿਆ ਤੇ ਮਾਇਆ ਦੀ ਰਚਨਾ ਕੀਤੀ, ਜਿਸ ਤੁਹਾਡਾ ਬਲ ਲੈ ਕੇ ਸਾਰੇ ਬ੍ਰਹਿਮੰਡ ਰਚੇ॥ ੨॥

ਨਰਨ ਉਧਾਰਨ ਤਨ ਧਰਿ ਆਪੇ ਬਿਚਰਤਿ ਹੋ ਜਗ ਮਾਂਹੀ।
ਨਿਜ ਦਰਸ਼ਨ ਦੇਵਤਿ ਮੁਹਿ ਰਹੀਏ, ਅਵਰ ਲਾਲਸਾ ਨਾਂਹੀ।

ਸੰਸਾਰ ਦਾ ਉਧਾਰ ਕਰਨ ਹਿਤ ਆਪ ਪ੍ਰਭੂ ਦਾ ਰੂਪ ਧਾਰ ਕੇ ਜੱਗ ਵਿਚ ਵਿਚਰ ਰਹੇ ਹੋ। ਮੈਨੂੰ ਆਪਣੇ ਦਰਸ਼ਨ ਦਿੰਦੇ ਰਹੋ, ਮੇਰੀ ਕੋਈ ਹੋਰ ਲਾਲਸਾ ਨਹੀਂ।

ਕਾਹਿ ਵਸਤੁ ਕੀ ਚਾਹਿ ਜਿ ਹੋਵਹਿ ਲੇਹੁ ਮੰਗਾਇ ਨਿਸੰਗਾ।
ਸ਼ਿਵ ਸਿਰ ਸਰ ਮੁਰ ਉਰ, ਕਰੁਨਾਕਰ! ਤਵ ਕੀਰਤਿ ਹ੍ਵੈ ਗੰਗਾ"॥ ੩॥

ਕਿਸੇ ਵਸਤੂ ਦੀ ਜੇ ਚਾਹ ਹੋਵੇ ਤਾਂ ਨਿਸੰਗ ਮੰਗਵਾ ਲਵੋ। ਸ਼ਿਵ ਦੇ ਸੀਸ ਵਾਂਗੂ ਮੇਰਾ ਹਿਰਦਾ ਹੋਵੇ, ਹੇ ਕਿਰਪਾ ਦੀ ਖਾਨ, ਤੇਰੀ ਮਹਿਮਾ ਗੰਗਾ ਹੋਵੇ ਭਾਵ ਮੇਰੇ ਸਿਰ ਵਿਚ ਆਪ ਦੇ ਜੱਸ ਦਾ ਨਿਵਾਸ ਹੋਵੇ"॥ ੩॥

ਬਦਨ ਬਦਯੋ ਬਚ, 'ਸੁਨਹੁ ਸੋਦਰੀ! ਯਾਦ ਰਿਦੇ ਕਰਿ ਜਬ ਹੀ।
ਦੂਰ, ਨਿਕਟਿ, ਕਾਜਹਿ ਅਨਕਾਜੂ, ਦ੍ਰੁਤ ਆਊਂ ਮੈਂ ਤਬ ਹੀ"।

ਗੁਰੂ ਜੀ ਨੇ ਬੇਬੇ ਨਾਨਕੀ ਦੀ ਇਹ ਗੱਲ ਸੁਣ ਕੇ ਮੁੱਖ ਤੋਂ ਇਹ ਬਚਨ ਕਹੇ, "ਭੈਣ ਜੀ! ਸੁਣੋ, ਜਦ ਵੀ ਹਿਰਦੇ ਵਿਚ ਯਾਦ ਕਰੋਗੇ ਦੂਰ, ਨੇੜੇ, ਕੰਮ ਵਿਚ, ਜਾਂ ਵਿਹਲਾ ਹੋਵਾਂ ਤੁਰੰਤ ਉਸੇ ਵੇਲੇ ਪਹੁੰਚ ਜਾਵਾਂਗਾ"।

ਸੁਨਿ ਹਰਖੀ ਪੁਨ ਹੂਤ ਅਰਾਲਿਕ ਬਹੁਬਿਧਿ ਅਸਨ ਕਰਾਯੋ।
ਮਰਦਾਨੇ ਕੋ ਭੇਜਯੋ ਤਬ ਹੀ, ਮੁਝ ਕੋ ਨਿਕਟਿ ਬੁਲਾਯੋ॥ ੪॥

ਇਹ ਸੁਣ ਕੇ ਬੇਬੇ ਨਾਨਕੀ ਜੀ ਬਹੁਤ ਖੁਸ਼ ਹੋਏ ਤੇ ਫਿਰ ਰਸੋਈਏ ਨੂੰ ਮੰਗਵਾ ਕੇ ਬਹੁਤ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ ਅਤੇ ਫਿਰ ਮਰਦਾਨੇ ਨੂੰ ਭੇਜ ਕੇ ਮੈਨੂੰ (ਭਾਵ ਬਾਲਾ) ਆਪਣੇ ਪਾਸ ਬੁਲਾ ਲਿਆ॥ ੪॥

ਬਾਲਾ ਕਹੈ: ਸੁਨਹੁ ਸ੍ਰੀ ਅੰਗਦ! ਹੌਂ ਜਰਾਮ ਢਿਗ ਬੈਸਾ।
ਗਯੋ ਨਿਕੇਤ ਨਾਨਕੀ ਕੇ ਚਲਿ ਹੇਰੇ ਬੇਦੀਏਸ਼ਾ।

ਬਾਲੇ ਨੇ ਕਿਹਾ, "ਹੇ ਗੁਰੂ ਅੰਗਦ ਦੇਵ ਜੀ, "ਫਿਰ ਮੈਂ ਉਸ ਵੇਲੇ ਜੈ ਰਾਮ ਦੇ ਪਾਸ ਬੈਠਾ ਸੀ। ਮੈਂ ਬੇਬੇ ਨਾਨਕੀ ਦੇ ਘਰ ਗਿਆ ਅਤੇ ਜਾ ਕੇ ਬੇਦੀਆਂ ਦੇ ਸਿਰਤਾਜ ਭਾਵ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ।

ਅਸਨ ਅਚਨ ਹਿਤ ਤੀਨੋਂ ਤਿਹ ਛਿਨ ਗਏ ਰਸੋਈ ਥਾਨਾ।
ਪਾਨ ਨਾਨਕੀ ਆਪ ਪਰੋਸਤਿ ਪਰਮੰ ਸ੍ਵਾਦਿਨ ਸਾਨਾ॥ ੫॥

ਫਿਰ ਅਸੀਂ ਪਦਾਰਥ ਛਕਣ ਹਿਤ ਤਿੰਨੇ ਉਠ ਕੇ ਉਸ ਥਾਂ ਗਏ ਜਿਥੇ ਰਸੋਈ ਛਕਣ ਵਾਲੀ ਥਾਂ ਸੀ। ਫਿਰ ਬੇਬੇ ਨਾਨਕੀ ਜੀ ਨੇ ਪਰਮ ਸਵਾਦੀ ਖਾਣਾ ਆਪਣੇ ਹੱਥੀਂ ਸਾਨੂੰ ਪਰੋਸਿਆ॥ ੫॥

ਮਨ ਭਾਵਨ ਭੋਜਨ ਕਰਿ ਖਾਵਨ ਉਠਿ ਬੈਠੇ ਬਰ ਸਦਨਾ।
ਆਨੰਦ ਕੰਦ ਮੁਕੰਦ ਬਿਲੋਕਤਿ ਬਦਤਿ ਨਾਨਕੀ ਬਦਨਾ।

ਮਨ ਭਾਉਂਦਾ ਸਵਾਦੀ ਭੋਜਨ ਛੱਕ ਕੇ ਅਸੀਂ ਉਸ ਸ੍ਰੇਸ਼ਟ ਘਰ ਵਿਚੋਂ ਉੱਠ ਬੈਠੇ। ਆਨੰਦਦਾਇਕ, ਚੰਦ ਵਰਗੇ, ਮੁਕਤੀ ਦਾਤੇ ਦੇ ਮੁਖੜੇ ਨੂੰ ਵੇਖ ਕੇ ਬੇਬੇ ਨਾਨਕੀ ਜੀ ਕਹਿੰਦੇ ਹਨ।

"ਮਰਦਾਨਾ! ਅਬ ਖੋਜਹੁ ਜਾਈ ਮੋਲ ਲੇਹੁ ਜੋ ਹੋਊ।
ਸੁੰਦਰ ਹੇਰਿ ਰਬਾਬ ਲਿਆਵਹੁ ਸਰਫਾ ਮੋਲ ਨ ਕੋਊ"॥ ੬॥

"ਹੇ ਮਰਦਾਨੇ ! ਹੁਣ ਜਾ ਕੇ ਰਬਾਬ ਦੀ ਭਾਲ ਕਰੋ ਅਤੇ ਜਿਸ ਮੁੱਲ ਵੀ ਮਿਲਦੀ ਹੋਵੇ, ਖਰੀਦ ਲਵੋ, ਚੰਗੀ ਤਰ੍ਹਾਂ ਵੇਖ ਕੇ ਸੁੰਦਰ ਰਬਾਬ ਲਿਆਵੋ ਅਤੇ ਮੁੱਲ ਵਿਚ ਕਿਸੇ ਪ੍ਰਕਾਰ ਸਰਫਾ ਨਹੀਂ ਕਰਨਾ"॥ ੬॥

ਸੁਨਿ ਮਰਦਾਨੇ ਕਿਯੋ ਪਯਾਨਾ ਲੇਨਿ ਰਬਾਬਹਿ ਹੇਤੂ।
ਮੈਂ ਪੁਨਿ ਹਾਥ ਬੰਦ ਕਰਿ ਬੋਲਯੋ 'ਸ੍ਰੀ ਬੇਦੀ ਕੁਲਕੇਤੂ!

ਇਹ ਸੁਣ ਕੇ ਮਰਦਾਨਾ ਰਬਾਬ ਲੈਣ ਵਾਸਤੇ ਚਲੇ ਗਿਆ, ਬਾਅਦ ਵਿਚ ਮੈਂ (ਭਾਈ ਬਾਲਾ) ਹੱਥ ਜੋੜ ਕੇ ਸ੍ਰੀ ਬੇਦੀ ਕੁਲ ਦੇ ਧੁਜਾ ਰੂਪ ਭਾਵ ਗੁਰੂ ਨਾਨਕ ਦੇਵ ਜੀ ਨੂੰ ਕਿਹਾ।

ਤੁਮ ਨਿਦੇਸ ਕੋ ਪਾਇ ਅਬਹਿ ਹੌਂ ਜਾਵੌਂ ਅਪਨ ਨਿਕੇਤੂ।
ਬਾਸੁਰ ਬਹੁਤ ਬਤੀਤੇ ਆਯੋ ਸੁਧਿ ਲੇਉਂ ਕ੍ਰਿਤ ਖੇਤੂ॥ ੭॥

ਤੁਹਾਡੀ ਆਗਿਆ ਲੈ ਕੇ ਹੁਣ ਮੈਂ ਆਪਣੇ ਘਰ ਜਾਣਾ ਚਾਹੁੰਦਾ ਹਾਂ। ਬਹੁਤ ਦਿਨ ਬੀਤ ਗਏ ਹਨ, ਹੁਣ ਮੈਂ ਆਪਣੀ ਕਿਰਤ ਵਿਰਤ ਦੀ ਸੋਝੀ ਲਵਾਂ॥ ੭॥

"ਕਿਉਂ ਬਾਲੇ! ਮਨ ਰੰਜ ਭਏ ਹੋ, ਸੰਗ ਛੋਰ ਕਰਿ ਗੱਛੇ।"
"ਨਹੀਂ ਰੰਜ ਮੈਂ ਦੰਭ ਨਿਕਦੂ! ਚਹੌ ਸੁ ਬਰ ਬਛ ਸ੍ਵੱਛੇ।

ਗੁਰੂ ਜੀ ਨੇ ਕਿਹਾ, "ਕਿਉਂ ਬਾਲੇ ! ਮਨ ਬਹੁਤ ਉਦਾਸ ਹੋ ਗਿਆ ਹੈ ਜਿਹੜਾ ਮੇਰਾ ਸਾਥ ਛੱਡ ਕੇ ਜਾਣਾ ਚਾਹੁੰਦਾ ਹੈਂ।" ਬਾਲੇ ਕਿਹਾ, "ਮੈਂ ਉਦਾਸ ਨਹੀਂ, ਅਤੇ ਨਾ ਹੀ ਮੈਨੂੰ ਕੋਈ ਦੁੱਖ ਹੈ, ਮੈਂ ਤਾਂ ਆਪ ਦੇ ਪਵਿੱਤਰ ਦਿਲ ਦਾ ਵਰ ਚਾਹੁੰਦਾ ਹਾਂ।"

"ਜਾਚਿ ਲੇਹੁ ਬਾਲੇ ਜੋ ਚਹਿਯੇ ਨਹਿਂ ਅਦੇਯ ਕਛੁ ਤੋ ਤੇ"।
"ਸ੍ਰੀ ਨਾਨਕ ! ਇਕ ਬਰ ਇਹ ਦੀਜੈ-ਬਿਸਰਿ ਨ ਹਰਿ ! ਉਰ ਮੋ ਤੇ॥੮॥

ਗੁਰੂ ਜੀ ਨੇ ਕਿਹਾ, "ਹੇ ਬਾਲੇ ! ਚੰਗੀ ਤਰ੍ਹਾਂ ਸਮਝ ਲੈ, ਤੂੰ ਜੋ ਕੁਝ ਵੀ ਮੰਗਣਾ ਚਾਹੁੰਦਾ ਹੈਂ, ਮੰਗ ਲੈ, ਤੇਰੇ ਲਈ ਪੂਰੀ ਖੁਲ੍ਹ ਹੈ।" ਫਿਰ ਬਾਲੇ ਨੇ ਕਿਹਾ, "ਹੇ ਗੁਰੂ ਨਾਨਕ ਮੈਨੂੰ ਇਹ ਵਰ ਦੇਵੋ ਕਿ ਮੇਰੇ ਦਿਲ ਵਿਚ ਕਦੇ ਵੀ ਪ੍ਰਭੂ ਨਾ ਵਿਸਰੇ॥ ੮॥

ਦੂਸਰ ਬਰ ਦੀਜੈ ਕਰੁਨਾਕਰ! ਸੰਗ ਤੁਮਾਰਿ ਜਿ ਚਰਿਤਾ।
ਸੁਧਾਸਿੰਧੁ ਤਜਿ ਮ੍ਰਿਗ ਤ੍ਰਿਸ਼ਨਾ ਹਿਤ ਧਾਵਤਿ ਨਿੰਦ ਜਿ ਰਰਿਤਾ।

ਹੇ ਕਿਰਪਾਲੂ! ਦੂਸਰਾ ਵਰ ਇਹ ਦੇਵੋ ਕਿ ਮੈਂ ਕਦੀ ਤੁਹਾਡਾ ਸੰਗ ਛੱਡ ਕੇ ਕਿਸੇ ਹੋਰ ਪਾਸ ਨਾ ਜਾਵਾਂ। ਜਿਵੇਂ ਨਿੰਦਕ ਅੰਮ੍ਰਿਤ ਦਾ ਸਾਗਰ ਛੱਡ ਕੇ ਮ੍ਰਿਗ ਤ੍ਰਿਸ਼ਨਾ ਵਿਚ ਦੌੜਨ ਵਾਂਗ ਨਿੰਦਿਆ ਕਰਦਾ ਹੈ।

ਦੇਖੋਂ ਸੁਨੋਂ ਨ ਭਰਮੋਂ ਗੁਰੂ ਜੀ! ਉਰ ਥਿਰ ਮਤਿ ਮੁਰ ਕੀਜੈ।
ਅੰਘ੍ਰਿ ਸਰ ਅਰਬਿੰਦ ਸਰਸ ਤਵ ਮਨ ਮਮ ਮਧੁਪ ਕਰੀਜੈ" ॥ ੯ ॥

ਹੇ ਗੁਰੂ ਜੀ! ਤੁਹਾਡੇ ਕੌਤਕਾਂ ਨੂੰ ਵੇਖ ਸੁਣ ਕੇ ਕਦੀ ਭਰਮਾਂ ਵਿਚ ਨਾ ਪੈ ਜਾਵਾਂ। ਮੇਰੇ ਹਿਰਦੇ ਨੂੰ ਸਥਿਰ ਕਰ ਦੇਵੋ, ਤਾਂਕਿ ਤੁਹਾਡੇ ਨਾਲ ਰਹਿ ਕੇ, ਨਿੰਦਕਾਂ ਦੇ ਕਠਿਨ ਵਾਕ ਜੋ ਅੰਮ੍ਰਿਤ ਰੂਪੀ ਸਮੁੰਦਰ ਨੂੰ ਛੱਡ ਕੇ ਮ੍ਰਿਗ ਤ੍ਰਿਸ਼ਨਾ ਪਿਛੇ ਦੌੜਨ ਸਮਾਨ ਹਨ, ਤੁਹਾਡੇ ਚਰਨ ਸਰੋਵਰ ਦੇ ਕੰਵਲਾਂ ਵਰਗੇ ਹਨ, ਮੇਰੇ ਮਨ ਨੂੰ ਇਨ੍ਹਾਂ ਚਰਨ ਕੰਵਲਾਂ ਦਾ ਭੌਰਾ ਬਣਾਓ" ॥ ੯ ॥

ਸੁਨਤਿ ਪ੍ਰਸੀਦੇ ਬਚਨ ਕਿ ਰਚਨਾ ਚਿਤ ਨਿਸ਼ਚਾ ਅਤਿ ਹੇਰਾ।
"ਮੇਰੁ ਅਡੋਲ ਬਾਤ ਤੇ ਜਸ ਬਿਧਿ, ਤਸ ਬਿਧਿ ਹੁਬਿ ਮਨ ਤੇਰਾ।

ਮੇਰੀ (ਬਾਲੇ) ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਚਿਤ ਵਿਚ ਬਚਨਾਂ ਦੀ ਰਚਨਾ ਨਿਸ਼ਚੇ ਕਰਨ ਲਈ ਵੇਖਿਆ ਅਤੇ ਕਿਹਾ, "ਸੁਮੇਰ ਪਰਬਤ ਜਿਵੇਂ ਹਵਾ ਤੋਂ ਅਡੋਲ ਹੈ, ਉਸ ਤਰ੍ਹਾਂ ਦਾ ਹੀ ਤੇਰਾ ਮਨ ਵੀ ਅਡੋਲ ਹੋ ਜਾਵੇਗਾ।

ਬੇਮੁਖਤਾ ਨਿਸਿ ਭਰਮ ਮਯੰਕਾ ਦੂਖ ਦਾਰਿਦ ਉਡਗਨ ਸੇ।
ਉਰ ਨਭ ਭਾਨੁ ਪ੍ਰੇਮ ਪਰਕਾਸ਼ਹਿ, ਨਾਸਹਿਂ ਪਾਛਲ ਗਿਨਸੇ ॥ ੧੦ ॥

ਬੇਮੁਖਤਾ ਰੂਪੀ ਰਾਤ, ਭਰਮ ਰੂਪੀ ਚੰਦਰਮਾਂ ਅਤੇ ਦੁੱਖ ਦਲਿੱਦਰ ਰੂਪ ਤਾਰੇ, ਜਦ ਹਿਰਦੇ ਵਿਚ ਪ੍ਰੇਮ ਰੂਪੀ, ਸੂਰਜ ਦਾ ਪ੍ਰਕਾਸ਼ ਹੁੰਦਾ ਹੈ ਤਾਂ ਇਹ ਸਾਰੇ ਦੌੜ ਜਾਂਦੇ ਹਨ ਭਾਵ ਦੂਰ ਹੋ ਜਾਂਦੇ ਹਨ ॥ ੧੦ ॥

ਹੋਵਹਿ ਤਵ ਉਰ ਸਰੁਵਰ ਕੇ ਸਰ, ਹਰਿ ਕੀਰਤਿ ਅਰਬਿੰਦਾ।
ਸਦ ਬਿਕਸੈ, ਸੋਖੈ ਨਹਿਂ ਕਬਹੂੰ ਪ੍ਰੀਤਿ ਵਧਹਿ ਮਕਰੰਦਾ।

ਤੇਰਾ ਹਿਰਦਾ ਫਿਰ ਸਰੋਵਰ ਦੇ ਬਰਾਬਰ ਹੋ ਜਾਵੇਗਾ ਤੇ ਹਰੀ ਕੀਰਤੀ ਰੂਪ ਕੰਵਲ ਸਦਾ ਖਿੜਿਆ ਰਹੇਗਾ ਅਤੇ ਕਦੇ ਨਹੀਂ ਸੁੱਕੇਗਾ। ਮਕਰੰਦ ਰਸ ਰੂਪੀ ਪ੍ਰੀਤ ਵਧਦੀ ਰਹੇਗੀ।

ਜਗ ਸਾਗਰ ਨਿੰਦਕ ਗਰ ਲਵਨੰ, ਪਦਮ ਸਮਾਨ ਅਲੇਪਾ।
ਜੇ ਸੁਆਨ ਕੂਕਤਿ ਰਹਿਂ ਅਹਿਨਿਸਿ ਨਹਿਂ ਗਜ ਮੱਤ ਵਿਖੇਪਾ' ॥ ੧੧ ॥

ਜਗਤ ਸਾਗਰ ਵਾਂਗ ਹੈ, ਨਿੰਦਕ ਲੂਣ ਵਾਂਗ ਇਸ ਵਿਚ ਗਲ ਜਾਵੇਗਾ ਅਤੇ ਤੂੰ ਕੰਵਲ ਫੁੱਲ ਵਾਂਗ ਨਿਰਲੇਪ ਰਹੇਂਗਾ। ਜੇ ਕੁੱਤਾ ਦਿਨ ਰਾਤ ਭੌਂਕਦਾ ਰਹੇ ਤਾਂ ਉਹ ਹਾਥੀ ਵਾਂਗ ਗੰਭੀਰ ਮੱਤ ਵਾਲੇ ਨੂੰ ਛੋਭ ਨਹੀਂ ਹੋਵੇਗਾ' ॥ ੧੧ ॥

ਖੁਸ਼ੀ ਕਰੀ ਜਾਵਨ ਕੋ ਘਰ ਕੀ ਪਾਦ ਪਦਮ ਯੁਗ ਬੰਦੇ।
"ਸੁਨਿ ਸ੍ਰੀ ਨਾਨਕ ਬਚਨ ਸੁਹਾਏ, ਮੁਝ ਭਾ ਰਿਦੈ ਅਨੰਦੇ'।

ਮੈਂ (ਭਾਈ ਬਾਲੇ ਨੇ) ਘਰ ਜਾਣ ਦੀ ਖੁਸ਼ੀ ਕੀਤੀ ਅਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਮੈਨੂੰ (ਭਾਈ ਬਾਲੇ ਨੂੰ) ਗੁਰੂ ਨਾਨਕ ਦੇਵ ਜੀ ਦੇ ਬਚਨ ਬਹੁਤ ਚੰਗੇ ਲੱਗੇ ਅਤੇ ਮੇਰੇ ਹਿਰਦੇ ਵਿਚ ਆਨੰਦ ਛਾ ਗਿਆ।

ਤਲਵੰਡੀ ਕੇ ਮਾਰਗ ਚਲਿ ਕਰਿ ਆਯੋ ਅਪਨਿ ਨਿਕੇਤਾ।
ਮੁਝ ਪਸ਼ਚਾਤੁ ਸੁਨਹੁ ਗੁਰ ਅੰਗਦ! ਸ੍ਰੀ ਬੇਦੀ ਕੁਲ ਕੇਤਾ ॥ ੧੨ ॥

ਤਲਵੰਡੀ ਨੂੰ ਜਾਣ ਵਾਲੇ ਰਸਤੇ ਪੈ ਕੇ ਮੈਂ ਆਪਣੇ ਘਰ ਆ ਗਿਆ। ਹੇ ਗੁਰੂ ਅੰਗਦ ਦੇਵ ਜੀ, ਹੁਣ ਮੈਥੋਂ ਬੇਦੀ ਕੁਲ ਦੇ ਧੁਜਾ ਦਾ ਬਾਅਦ ਦਾ ਇਤਿਹਾਸ ਸੁਣੋ ॥ ੧੨ ॥

ਭਏ ਪ੍ਰਸੀਦ ਸੁਸਾ ਪਰ ਅਤਿਸ਼ੈ ਗਵਨੇ ਪੁਨਿ ਉਦਿਆਨਾ।
ਭੇ ਇਕੰਤ ਜਹਿਂ ਮਨੁਜ ਨ ਆਵਹਿਂ ਕਰੁਨਾਨਿਧ ਗਤਿਦਾਨਾ।

ਗੁਰੂ ਜੀ ਆਪਣੀ ਭੈਣ ਜੀ ਤੇ ਬਹੁਤ ਪ੍ਰਸੰਨ ਹੋਏ ਤੇ ਫਿਰ ਆਪਣੀ ਪਹਿਲੀ ਥਾਂ ਜੰਗਲ ਵਿਚ ਚਲੇ ਗਏ। ਕਿਰਪਾਨਿਧ, ਮੁਕਤੀਦਾਤਾ ਇਕਾਂਤ ਵਿਚ ਜਾ ਬੈਠੇ ਜਿੱਥੇ ਕੋਈ ਮਨੁੱਖ ਨਹੀਂ ਸੀ ਆਉਂਦਾ।

ਕਮਲ ਬਦਨ ਪ੍ਰਾਚੀ ਦਿਸ਼ ਜਿਹ ਕੋ ਵਾਕ ਅਰਕ ਪਰਮਾਨਾ।
ਕਿੰਕਰ ਉਰ ਥੋ ਭਰਮ ਤਿਮਰ ਹਰਿ, ਦਲ ਕਲਮਲ ਉਡ ਨਾਨਾ॥੧੩॥

ਕੰਵਲ ਵਰਗੇ ਮੁਖੜੇ ਵਾਲੇ ਭਾਵ ਗੁਰੂ ਜੀ, ਪੂਰਬ ਦਿਸ਼ਾ ਵਾਂਗ, ਜਿਨ੍ਹਾਂ ਦੇ ਬਚਨ ਸੂਰਜ ਬਰਾਬਰ ਹਨ, ਆਪਣੇ ਦਾਸਾਂ ਦਾ ਭ੍ਰਮ ਰੂਪੀ ਹਨੇਰਾ ਨਸ਼ਟ ਕਰਕੇ, ਪਾਪਾਂ ਰੂਪੀ ਤਾਰਿਆਂ ਨੂੰ ਦਲ ਸੁਟਦੇ ਹਨ॥ ੧੩॥

ਗਯੋ ਰਬਾਬ ਲੇਨਿ ਹਿਤ ਪੁਰਿ ਮਹਿਂ ਖੋਜਤਿ ਭਾ ਮਰਦਾਨਾ।
ਸੁਨਹਿ ਡੂੰਮ ਕੋ ਸਦਨਹਿ ਜਹਿੰਵਾ, ਬੂਝਹਿ ਜਾਇ ਸੁਜਾਨਾ।

ਮਰਦਾਨਾ ਨਗਰ ਵਿਚ ਰਬਾਬ ਲੈਣ ਹਿਤ ਗਿਆ ਹੈ ਅਤੇ ਲੱਭਦਾ ਫਰਦਾ ਹੈ। ਜਿਥੇ ਵੀ ਚਤੁਰ ਮਰਦਾਨਾ ਜਾ ਕੇ ਪੁਛਦਾ ਹੈ, ਉਹ ਡੂਮ ਦੀ ਗੱਲ ਸੁਣਦੇ ਹਨ।

ਆਦਰ ਪੁਰਿ ਮਹਿਂ ਦੇਇ ਨ ਕੋਊ ਅਸ ਬਿਧਿ ਵਾਕ ਅਲਾਵੈਂ।
"ਤਿਹ ਕੋ ਡੂਮ ਜੁ ਭਯੋ ਕੁਰਾਹੀ, ਸੁਨੰਤਿ ਰੋਸ ਉਰ ਆਵੈ॥ ੧੪॥

ਪਰ ਉਸ ਨੂੰ ਆਦਰ ਕੋਈ ਨਹੀ ਦਿੰਦਾ ਅਤੇ ਇਸ ਤਰ੍ਹਾਂ ਕਹਿੰਦੇ ਹਨ, ਤੂੰ ਉਸ ਦਾ ਮਿਰਾਸੀ ਹੈ ਜਿਹੜਾ ਕੁਰਾਹੇ ਪਿਆ ਹੈ, ਇਹ ਸੁਣ ਕੇ ਮਰਦਾਨੇ ਦੇ ਦਿਲ ਨੂੰ ਬੜਾ ਦੁੱਖ ਹੁੰਦਾ ਹੈ॥ ੧੪॥

ਦੋਹਰਾ- ਫਿਰਤਿ ਫਿਰਤਿ ਇਕ ਸ੍ਰਮ ਭਯੋ, ਦੂਸਰ ਨਿੰਦਕ ਬੈਨ।
ਸੁਨਿ ਮਨਿ ਮਹਿਂ ਦੁਖਜਤ ਭਯੋ, ਕਛੁ ਬਸ ਅਪਨ ਚਲੈ ਨ॥ ੧੫॥

ਫਿਰਦਾ ਫਿਰਦਾ ਥੱਕ ਗਿਆ, ਦੂਸਰਾ ਨਿੰਦਕਾਂ ਦੇ ਬਚਨ ਸੁਣ ਸੁਣ ਅੱਕ ਗਿਆ ਅਤੇ ਮਨ ਵਿਚ ਬੜਾ ਦੁਖੀ ਹੋਇਆ, ਪਰ ਕੁਝ ਵੱਸ ਨਹੀ ਸੀ ਚਲਦਾ॥ ੧੫॥

*ਹਰਿਗੀਤ ਛੰਦ॥*

ਫਿਰਿ ਕਰਿ ਸਗਰੇ ਨਗਰ ਮੈਂ ਮਰਦਾਨਾ ਉਰ ਅਕੁਲਾਇਕੈ।
ਬੈਸੇ ਸ੍ਰੀ ਨਾਨਕ ਜਹਾਂ ਤਹਿਂ ਥਕਤ ਸੁ ਬੈਠਜੋ ਆਇਕੈ।
ਸ੍ਰੀ ਮੁਖ ਸੋਂ ਬੂਝਤਿ ਭਏ ਤਿਹ ਬਦਨਹਿ ਬਿਕਲ ਨਿਹਾਰਿ ਕੈ।
'ਬਿਨ ਰਬਾਬ ਆਵਨ ਭਯੋ, ਨਿਜ ਬਿਰਥਾ ਭਨਹੁ ਸੁਧਾਰਿ ਕੈ' ॥੧੬॥

ਸਾਰੇ ਨਗਰ ਵਿਚ ਫਿਰ ਕੇ ਅਤੇ ਹਿਰਦੇ ਵਿਚ ਵਿਆਕੁਲ ਹੋ ਕੇ ਮਰਦਾਨਾ ਓਥੇ ਪਹੁੰਚ ਗਿਆ ਜਿਥੇ ਗੁਰੂ ਜੀ ਬੈਠੇ ਸਨ। ਮਰਦਾਨਾ ਵੀ ਥੱਕ ਕੇ ਓਥੇ ਬੈਠ ਗਿਆ। ਗੁਰੂ ਜੀ ਉਸ ਦੇ ਵਿਆਕੁਲ ਮੁਖੜੇ ਨੂੰ ਵੇਖ ਕੇ ਸਭ ਕੁਝ ਬੁੱਝ ਗਏ। "ਰਬਾਬ ਤੋਂ ਬਗੈਰ ਹੀ ਆ ਗਿਆ ਹੈਂ, ਮੈਨੂੰ ਸਾਰੀ ਵਿਥਿਆ ਵਿਸਥਾਰ ਨਾਲ ਸੁਣਾਵੋ" ॥ ੧੬॥

'ਕਿਉਂ ਬੂਝਤਿ ਹੋ ਮੋਹਿ ਕੋ ਸਭਿ ਅੰਤਰਜਾਮੀ ਜਾਨਿਕੈ'।
ਬਹੁਰ ਕਹਜੋ ਸ੍ਰੀ ਬਦਨ ਤੇ 'ਬਿਨਸ਼ੰਕ ਸੁਨਾਉ ਬਖਾਨਿਕੈ'।

'ਕੈਸੇ ਮੈਂ ਮੁਖ ਸੋਂ ਕਹੋਂ ਕਹਿਬੇ ਜੋਗ ਨ ਬਾਤ ਹੈ'।
ਪੁਨਹਿ ਪੁਨਹਿ ਸ੍ਰੀ ਗੁਰੁ ਕਹੈਂ 'ਕਹੁ ਜਿਸ ਬਿਧਿ ਭਯੋ ਬ੍ਰਿਤਾਂਤ ਹੈ' ॥੧੭॥

ਮਰਦਾਨਾ ਕਹਿਣ ਲੱਗਾ, "ਮੈਨੂੰ ਕਿਉਂ ਪੁੱਛਦੇ ਹੋ ? ਤੁਸੀ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ।" ਗੁਰੂ ਜੀ ਫਿਰ ਕਿਹਾ, "ਬਿਨਾਂ ਸ਼ੰਕ ਦੇ ਆਪਣੇ ਮੁੱਖ ਨਾਲ ਸਭ ਕੁਝ ਸੁਣਾਓ।"

ਮਰਦਾਨਾ ਕਹਿਣ ਲੱਗਾ, "ਮੈਂ ਆਪਣੇ ਮੁੱਖ ਨਾਲ ਕਿਵੇਂ ਕਹਾਂ, ਇਹ ਕਹਿਣ ਯੋਗ ਗੱਲ ਨਹੀਂ॥ ਬਾਰ ਬਾਰ ਗੁਰੂ ਜੀ ਕਹਿੰਦੇ ਹਨ, "ਜਿਵੇਂ ਤੇਰੇ ਨਾਲ ਵਾਪਰੀ ਹੈ, ਉਸ ਨੂੰ ਉਸੇ ਤਰ੍ਹਾਂ ਬਿਆਨ ਕਰੋ" ॥ ੧੭॥

ਮਰਹੁਮਲਾ ਛੰਦ॥

ਉਰ ਡਰਿ ਮਰਦਾਨੇ ਬਚਨ ਬਖਾਨੇ ਕੇਚਿਤ ਨਰ, ਇਉਂ ਬੈਨ ਕਹੈਂ।
ਇਹ ਡੂੰਮ ਤਾਂਹੀ ਭਾ ਜੁ ਕੁਰਾਹੀ ਨਹਿ ਰਬਾਬ ਕੋ ਦੇਨਿ ਚਹੈ।
ਦੁਰਮਤਿ ਭ੍ਰਮ ਭੂਲੇ, ਜਸੁ ਪ੍ਰਤਿਕੂਲੇ, ਸਠ ਮੁਖ ਤੇ ਨਿੰਦ ਬਖਾਨੇ।
ਹੌਂ ਮਨ ਇਹ ਚਾਹੌਂ ਰਸਿਓ ਲਜਾਵੌਂ, ਸੇ ਪਾਇ ਨ ਨਗਰ ਖੁਜਾਨੇ ॥੧੮॥

ਹਿਰਦੇ ਵਿਚ ਡਰ ਕੇ ਮਰਦਾਨੇ ਨੇ ਬਚਨ ਕਹੇ, ਜਿਵੇਂ ਨਗਰ ਦੇ ਲੋਕਾਂ ਨੇ ਨਿੰਦਿਆ ਦੇ ਸ਼ਬਦ ਬੋਲੇ ਹਨ। ਕਹਿੰਦੇ ਸਨ, ਹੇ ਡੂਮ ! ਤੂੰ ਹੀ ਉਸ ਕਰਾਹੀਏ ਦਾ ਸਾਥੀ ਹੈਂ, ਤੇ ਰਬਾਬ ਨਹੀਂ ਸੀ ਦੇਣਾ ਚਾਹੁੰਦੇ। ਬੁਰੀ ਮੱਤ ਵਾਲੇ, ਭਰਮਾਂ ਵਿਚ ਇਸ ਤਰ੍ਹਾਂ ਅਪਜੱਸ ਕਰਕੇ ਮੂੰਹ ਵਿਚੋਂ ਨਿੰਦਿਆ ਦੇ ਸ਼ਬਦ ਬੋਲਦੇ ਹਨ। ਮੈਂ ਮਨ ਵਿਚ ਇਹ ਚਾਹੁੰਦਾ ਸੀ ਕਿ ਕੋਈ ਰਸੀਲੀ ਰਬਾਬ ਲਿਆਵਾਂ, ਪਰ ਉਸ ਸਾਰੇ ਨਗਰ ਵਿਚ ਢੂੰਡਿਆਂ ਵੀ ਨਾ ਲੱਭੀ॥ ੧੮॥

ਸ੍ਰੀ ਗੁਰ ਗਤਿ ਦੈਨਾ ਸੁਨਿ ਕਹਿ ਬੈਨਾ, 'ਝਖ ਮਾਰਹਿਂ ਦੁਸ਼ਟ ਗਵਾਰਾ।
ਲੱਜਤਿ ਮੁਖ ਹੋਵਹਿਂ ਜਨਮ ਬਿਗੋਵਹਿਂ ਦੁਖ ਪਾਵਹਿਂ ਜਮ ਦ੍ਵਾਰਾ।
ਤੂੰ ਕਰਿ ਨਿਜ ਕਾਜਾ, ਤਜਿ ਨਰ ਲਾਜਾ ਜਾਵਹੁ ਨਗਰ ਬਹੋਰੀ।
ਪਿਖਿ ਸੁੰਦਰ ਆਨਹੁ, ਸ਼ੰਕ ਨ ਠਾਨਹੁ, ਸਭਿ ਕਰਹੁ ਡੂਮ ਘਰ ਟੋਰੀ ॥੧੯॥

ਗੁਰੂ ਜੀ ਮਰਦਾਨੇ ਦੀ ਇਹ ਹਾਲਤ ਸੁਣ ਕੇ ਇਹ ਬਚਨ ਕਹੇ, "ਦੁਸ਼ਟ ਗਵਾਰ ਝੱਖ ਮਾਰਦੇ ਹਨ, ਉਨ੍ਹਾਂ ਨੂੰ ਕੋਈ ਸ਼ਰਮ ਨਹੀਂ, ਬਿਰਥਾ ਜਨਮ ਗਵਾ ਰਹੇ ਹਨ ਅਤੇ ਜਮ ਦੁਆਰਾ ਦੁੱਖ ਪਾਉਣਗੇ।" ਤੂੰ ਆਪਣਾ ਕੰਮ ਕਰ, ਇਨ੍ਹਾਂ ਲੋਕਾਂ ਦੀ ਲਾਜ ਨੂੰ ਛੱਡ ਦੇ, ਤੇ ਇਕ ਹੋਰ ਨਗਰ ਵਿਚ ਜਾਵੋ। ਸੁੰਦਰ ਵੇਖ ਕੇ ਲਿਆਵੋ, ਮਨ ਵਿਚ ਕੋਈ ਸ਼ੰਕਾ ਨਾ ਲਿਆਵੋ, ਇਕ ਡੂੰਮ ਦਾ ਘਰ ਢੂੰਡ ਕੇ ਸਭ ਕਾਰਜ ਕਰੋ॥ ੧੯॥

ਦੁਵੱਯਾ ਛੰਦ- 'ਪ੍ਰਭੁ ਜੀ ! ਡੂਮ ਮੰਦਮਤਿ ਇਹ ਪੁਰਿ, ਮਮ ਕਹਿ ਕਿਨਹਿ ਨ ਜਾਨਜੇ।
ਬੈਸਨ ਦੇਇ, ਨ ਕਿਯ ਸਨਮਾਨਾ, ਕਿਨ ਰਬਾਬ ਨਹਿਂ ਆਨਜੇ।
ਕਿਹ ਦਿਸ਼ ਮੈਂ ਅਬ ਖੋਜਨ ਜਾਵੋਂ? ਕਹਉ ਬੁਝਾਇ ਸੁਆਮੀ !।
ਤੁਮ ਕੋ ਤੀਨ ਲੋਕ ਕੀ ਸੁਧਿ ਹੈ, ਘਟਿ ਘਟਿ ਅੰਤਰਜਾਮੀ !' ॥੨੦॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਂ ਮਾੜੀ ਬੁੱਧੀ ਵਾਲਾ ਡੂਮ ਹਾਂ, ਇਸ ਨਗਰ ਵਿਚ ਮੈਨੂੰ ਕਿਸੇ ਨਾ ਜਾਣਿਆ, ਨਾ ਮੈਨੂੰ ਕਿਸੇ ਨੇ ਬੈਠਣ ਲਈ ਅਤੇ ਨਾ ਹੀ ਮੇਰਾ ਕਿਸੇ ਸਨਮਾਨ ਕੀਤਾ ਅਤੇ ਕਿਸੇ ਨੇ ਰਬਾਬ ਨਾ ਦਿੱਤੀ। ਕਿਸ ਦਿਸ਼ਾ ਵਿਚ ਹੁਣ ਲੱਭਣ ਜਾਵਾਂ? ਹੇ ਸੁਆਮੀ ਜੀ ਮੈਨੂੰ ਚੰਗੀ ਤਰ੍ਹਾਂ ਸਮਝਾਓ। ਤੁਹਾਨੂੰ ਤਾਂ ਤਿੰਨਾਂ ਲੋਕਾਂ ਦੀ ਸੋਝੀ ਹੈ ਅਤੇ ਤੁਸੀਂ ਘਟਿ ਘਟਿ ਅੰਤਰਜਾਮੀ ਹੋ॥ ੨੦॥

'ਪੁਰਿ ਮਹਿ ਨਹਿ ਜਾਹੁ, ਮਰਦਾਨਾ! ਅਵਰ ਸਥਾਨ ਸਿਧਾਵਉ।
ਜਿਹ ਦਿਸ਼ ਜੰਗਲ ਗ੍ਰਾਮ ਏਕ ਤਹਿ ਜਾਇ ਖੋਜ ਤੁਮ ਪਾਵਉ।
ਜੁਗ ਸਰਿਤਾ ਮਧ ਤਾਂਕੋ ਜਾਨਹੁ ਰਾਹਕ ਕੋ ਗਾਂਉ।
ਨਾਮ ਫਿਰੰਦਾ ਤਹਾਂ ਰਬਾਬੀ ਜਾਇ ਸੁ ਬੂਝਹੁ ਨਾਂਉਂ॥ ੨੧॥

ਹੇ ਮਰਦਾਨੇ! ਹੁਣ ਨਗਰ ਵਿਚ ਜਾਣ ਦੀ ਲੋੜ ਨਹੀਂ, ਦੂਸਰੇ ਸਥਾਨ ਤੇ ਜਾਵੋ। ਜਿਸ ਦਿਸ਼ਾ ਵਿਚ ਜੰਗਲ ਹੈ, ਓਥੇ ਇਕ ਪਿੰਡ ਹੈ, ਓਥੇ ਜਾ ਕੇ ਰਬਾਬ ਲੱਭ ਕੇ ਪਾਵੋ। ਦੋ ਨਦੀਆਂ ਦੇ ਦਰਮਿਆਨ ਰਾਹਕ ਨਾਮੀ ਇਕ ਪਿੰਡ ਹੈ। ਉਸ ਪਿੰਡ ਵਿਚ ਫਿਰੰਦਾ ਨਾਮੀ ਇਕ ਰਬਾਬੀ ਹੈ। ਓਥੇ ਜਾ ਕੇ ਉਸ ਦਾ ਨਾਂ ਪੁਛੋ॥ ੨੧॥

ਖੋਜਤਿ ਪਾਵਹੁ, ਜਾਚਹੁ ਤਾਂਹੀ, ਨਹਿ ਦੇਵਹਿ ਜੇ ਤੁਮ ਕੋ।
ਨਾਨਕ ਭੇਜਯੋ ਨਿਕਟਿ ਤੁਹਾਰੇ-ਲੀਜੈ ਆਖਯ ਹਮ ਕੋ'।
ਕਹਿ ਮਰਦਾਨਾ 'ਸੁਨਯੋ ਪ੍ਰਭੂ ਜੀ! ਮੋਲ ਹੋਇ ਜੇ ਪਾਸੂ।
ਤਿਂਹ ਦੇ ਕਰਿ ਹੌਂ ਲੇਯ ਸੁ ਆਵੋਂ, ਪੁਨਿ ਨ ਜਾਉਂ, ਸੁਖਰਾਸੂ!'॥੨੨॥

ਢੂੰਡ ਕੇ ਉਸ ਨੂੰ ਲੱਭ ਲਵੋ, ਉਸ ਪਾਸੋਂ ਫਿਰ ਰਬਾਬ ਮੰਗੋ, ਜੇ ਉਹ ਰਬਾਬ ਨਾ ਦੇਵੇ ਤਾਂ ਉਸ ਨੂੰ ਕਹਿਣਾ, "ਸ੍ਰੀ ਨਾਨਕ ਨੇ ਤੁਹਾਡੇ ਪਾਸ ਭੇਜਿਆ ਹੈ, ਉਸ ਪਾਸ ਸਾਡਾ ਨਾਮ ਲਵੋ"। ਮਰਦਾਨੇ ਨੇ ਕਿਹਾ, "ਪ੍ਰਭੂ ਜੀ! ਸੁਣੋ, ਜੇ ਮੇਰੇ ਪਾਸ ਰੁਪਏ ਹੋਣਗੇ ਤਾਂ ਮੈਂ ਉਸ ਨੂੰ ਅਦਾ ਕਰਕੇ ਰਬਾਬ ਲੈ ਆਵਾਂਗਾ, ਹੇ ਸੁਖਾਂ ਦੀ ਖਾਨ! ਮੈਨੂੰ ਦੁਬਾਰਾ ਨਾ ਜਾਣਾ ਪਵੇ"॥ ੨੨॥

ਦੋਹਰਾ- 'ਜਾਹੁ ਸੁਸਾ ਕੇ ਪਾਸ ਤੇ ਕੀਮਤ ਜਿਤਨੀ ਹੋਇ।
ਸੋ ਲੇਕਰਿ ਗਵਨਹੁ ਅਬਹਿ ਨਿਜ ਬਿਲੰਬ ਸਭਿ ਖੋਇ'॥ ੨੩॥

ਗੁਰੂ ਜੀ ਨੇ ਕਿਹਾ, "ਹੁਣੇ ਭੈਣ ਜੀ ਪਾਸ ਜਾ ਤੇ ਜਿਤਨੀ ਕੀਮਤ ਹੋਵੇ ਉਹ ਲੈ ਕੇ ਹੁਣੇ ਚਲੇ ਜਾਵੋ ਅਤੇ ਹੋਰ ਕਿਸੇ ਪ੍ਰਕਾਰ ਦੀ ਦੇਰੀ ਨਾ ਕਰੋ"॥ ੨੩॥

ਦੁਵੱਯਾ ਛੰਦ-ਮਰਦਾਨਾ ਤਤਕਾਲ ਸਿਧਾਯੋ ਗਯੋ ਨਾਨਕੀ ਧਾਮਾ।
'ਕਹਯੋ ਨਗਰ ਸਭਿ ਖੋਜਯੋ ਹੋਂਹੀ, ਨਹਿਂ ਰਬਾਬ ਅਭਿਰਾਮਾ।
ਭੇਜਤਿ ਆਲ ਗ੍ਰਾਮ ਅਬ ਪ੍ਰਭੁ ਜੀ, ਮੋਲਿ ਲੇਨਿ ਹੌਂ ਆਯੋ'।
ਸਪਤ ਰਜਤਪਣ ਜਾਚਿ ਲਏ ਜਬ, ਤੂਰਨ ਤਹਿਂ ਤੇ ਧਾਯੋ॥ ੨੪॥

ਮਰਦਾਨਾ ਉਸ ਵੇਲੇ ਬੇਬੇ ਨਾਨਕੀ ਦੇ ਘਰ ਚਲਾ ਗਿਆ। ਉਸ ਕਿਹਾ ਨਗਰ ਸਾਰਾ ਮੈਂ ਖੋਜ ਮਾਰਿਆ ਹੈ, ਪਰ ਰਬਾਬ ਨਹੀਂ ਲੱਭੀ ਹੈ। ਹੁਣ ਪ੍ਰਭੂ ਜੀ ਨੇ ਕਿਸੇ ਹੋਰ ਪਿੰਡ ਭੇਜਿਆ ਹੈ, ਮੈਂ ਰਬਾਬ ਖਰੀਦਣ ਲਈ ਪੈਸੇ ਲੈਣ ਆਇਆ ਹਾਂ। ਜਦ ਸੱਤ ਰੁਪਏ ਜਾਂਚ ਲਏ ਤਾਂ ਤੁਰੰਤ ਉਸ ਪਿੰਡ ਵੱਲ ਚਲੇ ਗਿਆ ਜਿਸ ਬਾਰੇ ਉਸ ਨੂੰ ਗੁਰੂ ਜੀ ਨੇ ਦੱਸਿਆ ਸੀ॥ ੨੪॥

ਤ੍ਰੈ ਬਾਸੁਰ ਤਹਿਂ ਪਹੁੰਚਯੋ ਜਾਈ ਖੋਜਤਿ ਬੂਝਤਿ ਨਰ ਕੋ।
ਜੁਗ ਬਾਸੁਰ ਤਹਿਂ ਖੋਜਤਿ ਫਿਰਿਓ ਕੋ ਨ ਬਤਾਵੈ ਘਰ ਕੋ।
ਸ਼੍ਰਮ ਸੋਂ ਵ੍ਯਾਕੁਲ ਭਯੋ ਉਦਾਸੂ ਹਟਿ ਆਵਨ ਕੋ ਤ੍ਯਾਰੀ।
ਬੈਸਤਿ ਭਯੋ ਮਹੀਰੁਹ ਛਾਂਹੀ ਫਿਕਰਵੰਦ ਹੁਇ ਭਾਰੀ॥ ੨੫॥

ਤਿੰਨਾਂ ਦਿਨਾਂ ਵਿਚ ਉਸ ਪਿੰਡ ਪਹੁੰਚ ਗਿਆ, ਤੇ ਉਸ ਆਦਮੀ ਦਾ ਨਾਂ ਪੁੱਛਿਆ। ਦੋ ਦਿਨ ਉਸ ਨੂੰ ਢੂੰਡਦਾ ਰਿਹਾ, ਪਰ ਕਿਸੇ ਨੇ ਵੀ ਉਸ ਦੇ ਘਰ ਦਾ ਪਤਾ ਨਾ ਦੱਸਿਆ। ਥਕਾਵਟ ਨਾਲ ਵਿਆਕੁਲ ਹੋ ਗਿਆ ਅਤੇ ਉਦਾਸ ਹੋ ਕੇ ਵਾਪਿਸ ਆਉਣ ਦੀ ਤਿਆਰੀ ਕਰਨ ਲੱਗਾ। ਬਹੁਤ ਫਿਕਰਮੰਦ ਹੋ ਕੇ ਦਰੱਖਤਾਂ ਦੀ ਛਾਂ ਹੇਠ ਬੈਠ ਗਿਆ॥ ੨੫॥

ਕੌਨ ਨਾਮ ਕਿਤਤੇ ਤੁਮ ਆਯੋ?' ਬੂਝਯੋ ਇਕ ਨਰ ਆਈ।
'ਖੋਜਤਿ ਹੋ ਕਿਹ ਕੋ ਕਜਾ ਕਾਜਾ? ਹਮ ਕੋ ਦੇਹੁ ਸੁਨਾਈ।
ਚਿੰਤਾਤੁਰ ਅਤਿਸ਼ੈ ਚਿਤ ਮਾਂਹੀ ਦੀਸਤਿ ਤੋਹਿ ਲਿਲਾਰਾ।
ਕਰੋ ਮਨੋਰਥ ਅਪਨਾ ਪ੍ਰਗਟੇ, ਪੁਨਿ ਜਿਹ ਥਾਨ ਅਗਾਰਾ॥ ੨੬॥

ਜਦ ਭਾਈ ਮਰਦਾਨਾ ਦਰੱਖਤਾਂ ਦੀ ਛਾਂ ਹੇਠ ਬੈਠਾ ਸੀ ਤਾਂ ਉਸ ਸਮੇਂ ਇਕ ਆਦਮੀ ਉਸ ਪਾਸ ਆਇਆ ਅਤੇ ਉਸ ਪੁਛਿਆ, ਤੁਹਾਡਾ ਕੀ ਨਾਂ ਹੈ ਅਤੇ ਤੁਸੀਂ ਕਿਥੋਂ ਆਏ ਹੋ? ਕਿਸ ਨੂੰ ਲੱਭ ਰਹੇ ਹੋ ਅਤੇ ਕੀ ਕੰਮ ਹੈ? ਮੈਨੂੰ ਇਹ ਸਭ ਕੁਝ ਦੱਸੋ। ਤੁਸੀਂ ਚਿੱਤ ਵਿਚ ਬਹੁਤ ਫਿਕਰਮੰਦ ਹੋ, ਮੈਨੂੰ ਤੁਹਾਡਾ ਮੱਥਾ ਵੇਖ ਕੇ ਹੀ ਪਤਾ ਲੱਗਦਾ ਹੈ। ਆਪਣਾ ਮਨੋਰਥ ਪ੍ਰਗਟ ਕਰੋ ਅਤੇ ਇਹ ਵੀ ਦੱਸੋ ਕਿ ਤੁਹਾਡਾ ਘਰ ਕਿੱਥੇ ਹੈ?॥ ੨੬॥

ਦੋਹਰਾ- ਮਰਦਾਨੇ ਉਰ ਧ੍ਰਿਤ ਭਈ ਬਚਨ ਸੁਨੇ ਮ੍ਰਿਦੁ ਸਾਰ।
ਹਰਖਮਾਨ ਹੁਇ ਕਰਿ ਤਬੈ ਉਚਰੇ ਬਚਨ ਵਿਚਾਰ॥ ੨੭॥

ਮਰਦਾਨੇ ਨੂੰ ਬੜੀ ਧਰਵਾਸ ਹੋਈ ਜਦ ਉਸ ਆਦਮੀ ਦੇ ਕੋਮਲ ਅਤੇ ਪ੍ਰੇਮ ਭਰੇ ਬਚਨ ਸੁਣੇ। ਬੜਾ ਖੁਸ਼ ਹੋ ਕੇ ਫਿਰ ਉਸ ਵਿਚਾਰ ਕੇ ਬਚਨ ਉਚਾਰੇ॥ ੨੭॥

ਦੁਵੱਯਾ ਛੰਦ- 'ਵਤਨ ਰਾਇ ਭੋਏ ਤਲਵੰਡੀ, ਨਾਮ ਜਾਨਿ ਮਰਦਾਨਾ।
ਤਏਕ ਫਿਰੰਦਾ ਅਹੈ ਰਬਾਬੀ ਖੋਜੋਂ ਤਿਸਹਿ, ਸੁਜਾਨਾ!
ਨਾਨਕ ਵੇਦੀ ਭੇਜਜੋ ਤਿਹ ਢਿਗ ਲੇਨਿ ਰਬਾਬ ਰਜਾਈ।
ਖੋਜਜੋ ਸੋ ਬਹੁ ਹਾਥ ਨ ਆਵੈ ਯਾਂਤੇ ਮਨ ਬਿਕੁਲਾਈ'॥ ੨੮॥

ਮੇਰਾ ਪਿੰਡ ਰਾਏ ਭੋਏ ਦੀ ਤਲਵੰਡੀ ਹੈ ਅਤੇ ਮੇਰਾ ਨਾਂ ਮਰਦਾਨਾ ਹੈ। ਹੇ ਚਤੁਰ ਮਨੁੱਖ! ਏਥੇ ਇਕ ਫਿਰੰਦਾ ਨਾਮੀ ਰਬਾਬੀ ਰਹਿੰਦਾ ਹੈ, ਉਸ ਨੂੰ ਮੈਂ ਖੋਜ ਰਿਹਾ ਹਾਂ। ਸ੍ਰੀ ਨਾਨਕ ਬੇਦੀ ਨੇ ਉਸ ਪਾਸੋਂ ਇਕ ਰਬਾਬ ਲੈਣ ਲਈ ਭੇਜਿਆ ਹੈ। ਬਹੁਤ ਭਾਲ ਕੀਤੀ ਹੈ, ਪਰ ਉਹ ਰਬਾਬੀ ਲੱਭਾ ਨਹੀਂ, ਇਸ ਕਰਕੇ ਮੇਰਾ ਮਨ ਬਹੁਤ ਵਿਆਕੁਲ ਹੋਇਆ ਹੈ॥ ੨੮॥

'ਨਾਮ ਫਿਰੰਦਾ ਹਮਰਾ ਜਾਨਹੁ ਪਠਵਜੋ ਤੂੰ ਮੁਝ ਪਾਸਾ।
ਲੇ ਰਬਾਬ ਜਾਵਹੁ ਅਬ ਤਹਿੰ ਕੋ ਜਹਿਂ ਹੈਂ ਮਯਾ ਅਵਾਸਾ।
ਭਵਸਾਗਰ ਤੇ ਨਰ ਬਹੁ ਤਾਰਨ ਧਾਰਜੋ ਸੁਤੈ ਸਰੂਪਾ।
ਅਸ ਬਿਧਿ ਬਦਨਹਿ ਬਦਿ ਕਰਿ ਆਨਜੋ ਸੁਭਗ ਰਬਾਬ ਅਨੂਪਾ॥੨੯॥

ਉਸ ਆਦਮੀ ਨੇ ਕਿਹਾ, "ਮੇਰਾ ਨਾਂ ਹੀ ਫਿਰੰਦਾ ਸਮਝੋ, ਤੁਹਾਨੂੰ ਮੇਰੇ ਪਾਸ ਹੀ ਭੇਜਿਆ ਗਿਆ ਹੈ। ਮੇਰੇ ਪਾਸੋਂ ਰਬਾਬ ਲੈ ਕੇ ਹੁਣ ਓਥੇ ਜਾਵੋ ਜਿਥੇ ਦਇਆ ਦੇ ਘਰ ਭਾਵ ਗੁਰੂ ਜੀ ਦਾ ਵਾਸ ਹੈ। ਇਸ ਸੰਸਾਰ ਸਾਗਰ ਤੇ ਮਨੁੱਖਾਂ ਨੂੰ ਤਾਰਨ ਹਿਤ ਪ੍ਰਭੂ ਨੇ ਅਵਤਾਰ ਧਾਰਿਆ ਹੈ।" ਇਸ ਤਰ੍ਹਾਂ ਮੁੱਖ ਤੋਂ ਬਚਨ ਕਰਕੇ ਇਕ ਅਨੁਪਮ ਸੁੰਦਰ ਰਬਾਬ ਉਹ ਲੈ ਕੇ ਆਇਆ॥ ੨੯॥

ਦੋਹਰਾ- ਉਰ ਅਚਰਜ ਹ੍ਵੈ ਹਰਖ ਕਰਿ ਮਰਦਾਨੇ ਤਿਹ ਕਾਲ।
ਕਿਤ ਤੇ ਲੀਨ ਨਿਕਾਸ ਯਹਿ-ਨਹਿਂ ਜਾਨੀ ਤਿਹ ਚਾਲ॥ ੩੦॥

ਉਸ ਵੇਲੇ ਹਿਰਦੇ ਵਿਚ ਬੜਾ ਹੈਰਾਨ ਹੋ ਕੇ ਅਤੇ ਬਹੁਤ ਪ੍ਰਸੰਨ ਹੋ ਕੇ, ਮਰਦਾਨੇ ਨੇ ਸੋਚਿਆ ਇਸ ਨੇ ਇਹ ਰਬਾਬ ਕਿਥੋਂ ਕੱਢ ਲਈ ਹੈ, ਮੈਂ ਇਸ ਦੀ ਇਹ ਚਾਲ (ਗਤੀ) ਸਮਝ ਨਹੀਂ ਸਕਿਆ॥ ੩੦॥

ਦੁਵੱਯਾ ਛੰਦ- ਅਦਭੁਤ ਦੇਖਤਿ ਹੀ ਬਿਸਮਾਦਜੋ 'ਕਹਉ ਮੋਲ ਇਹ ਜੋਊ।
ਇਸਕੀ ਸਮ ਕੋ ਔਰ ਨਾ ਪੇਖਜੋ ਲੇਹੁ ਮੋਲ ਕਹਿ ਸੋਊ'।
'ਨਹੀਂ ਮੋਲ ਇਸ ਕੋ ਤੁਮ ਪਾਹੀ' ਐਸੇ ਕਹਤਿ ਫਿਰੰਦਾ।
'ਪੁਨ ਹਮਨੈ ਲੈਨੋ ਭੀ ਨਾਂਹੀ ਸ੍ਰੀ ਅਵਤਾਰ ਮੁਕੰਦਾ॥ ੩੧॥

ਬੜੀ ਅਦਭੁਤ ਅਤੇ ਸੁੰਦਰ ਰਬਾਬ ਵੇਖ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ ਤੇ ਕਿਹਾ, "ਇਸ ਦਾ ਜੋ ਵੀ ਮੁੱਲ ਹੈ ਦੱਸੋ, ਮੈਂ ਇਸ ਵਰਗੀ ਸੁੰਦਰ ਰਬਾਬ ਹੁਣ ਤਕ ਨਹੀਂ ਵੇਖੀ ਹੈ, ਜੋ ਵੀ ਮੁੱਲ ਲੈਣਾ ਹੈ ਓਹੋ ਕਹਿ ਦੇਵੋ"। "ਤੁਸੀਂ ਇਸ ਦਾ ਮੁੱਲ ਨਹੀਂ ਪਾ ਸਕਦੇ ਹੋ' ਫਿਰੰਦੇ ਨੇ ਇਸ ਤਰ੍ਹਾਂ ਕਿਹਾ। "ਸ੍ਰੀ ਅਵਤਾਰ ਮੁਕਤੀ ਦਾਤੇ ਤੋਂ ਅਸੀਂ ਇਸ ਦਾ ਮੁੱਲ ਲੈਣਾ ਵੀ ਨਹੀਂ ਹੈ"॥ ੩੧॥

ਮਰਦਾਨਾ ਮਨ ਹੋਇ ਹਿਰਾਨਾ ਬੂਝਤਿ ਤਿਹ ਪ੍ਰਤਿ ਐਸੇ।
'ਦੇ ਰਬਾਬ ਤੁਮ ਕਿਤ ਬਿਧਿ ਦੀਨੋ ਮੋਲ ਨ ਲੇਹੋ ਕੈਸੇ?
ਸਭਿ ਬਿਰਤਾਂਤ ਭਨੀਜੈ ਅਪਨਾ ਖੋਵਹੁ ਸੰਸੈ ਹਮਰਾ।
ਸੁਭ ਸੁਭਾਇ, ਸੁਭ ਬੇਖ, ਮਧੁਰ ਬਚ, ਭੇਦ ਨ ਜਾਨਜੋ ਤੁਮਰਾ॥ ੩੨॥

ਮਰਦਾਨਾ ਮਨ ਵਿਚ ਬੜਾ ਹੈਰਾਨ ਹੋ ਕੇ ਪੁਛਣ ਲੱਗਾ ਕਿ ਤੁਹਾਡੀ ਉਨ੍ਹਾਂ ਨਾਲ ਏਨੀ ਪ੍ਰੀਤ ਕਿਵੇਂ ਹੋ ਗਈ ਹੈ? ਇਹ ਰਬਾਬ ਤੁਸਾਂ ਕਿਸ ਤਰ੍ਹਾਂ ਦਿੱਤੀ ਹੈ ਅਤੇ ਇਸ ਦਾ ਮੁੱਲ ਕਿਉਂ ਨਹੀਂ ਲਿਆ? ਸਾਰਾ ਬਿਰਤਾਂਤ ਤੁਸੀਂ ਕਹਿ ਕੇ ਸੁਣਾਓ ਅਤੇ ਮੇਰੇ ਸੰਸੇ ਨੂੰ ਦੂਰ ਕਰੋ। ਤੁਹਾਡਾ ਬਹੁਤ ਚੰਗਾ ਸੁਭਾਅ ਹੈ, ਬੜਾ ਸੁੰਦਰ ਤੁਹਾਡਾ ਭੇਸ ਹੈ, ਬੜੇ ਮਿੱਠੇ ਤੁਹਾਡੇ ਬਚਨ ਹਨ, ਮੈਂ ਤੁਹਾਡਾ ਭੇਦ ਨਹੀਂ ਜਾਣ ਸਕਿਆ॥ ੩੨॥

ਭਨਤਿ ਫਿਰੰਦਾ 'ਮ੍ਰਿਤਮੰਡਲ ਕੋ ਇਹ ਰਬਾਬ ਨਹਿ ਲਖਿਯੇ।
ਅਨਤ ਅੱਗ੍ਰ ਸੋ ਨਹੀਂ ਵਜਾਵਹੁ, ਸ੍ਰੀ ਨਾਨਕ ਜਹਿਂ ਪਿਖਿਯੇ।
ਤਹਾਂ ਬਜਾਵਹੁ, ਚਲਿ ਮਰਦਾਨਾ! ਸੰਗ ਚਲਹੁਂ ਮੈਂ ਤੇਰੇ।
ਪਾਦ ਪਦਮ ਕੋ ਦਰਸ਼ਨ ਕਹਿਂ ਰਿਦੇ ਲਾਲਸਾ ਮੇਰੇ'॥ ੩੩॥

ਫਿਰੰਦਾ ਨੇ ਕਿਹਾ, "ਇਸ ਰਬਾਬ ਨੂੰ ਇਸ ਮ੍ਰਿਤੂ ਲੋਕ ਦਾ ਬਣਿਆ ਨਾ ਸਮਝੋ। ਇਸ ਨੂੰ ਕਿਸੇ ਹੋਰ ਦੇ ਅੱਗੇ ਨਹੀ ਵਜਾਉਣਾ ਹੈ। ਜਿਥੇ ਗੁਰੂ ਨਾਨਕ ਦੇਵ ਜੀ ਨੂੰ ਵੇਖੋ। ਓਥੇ ਹੀ ਵਜਾਵੋ। ਹੇ ਮਰਦਾਨੇ! ਮੈਂ ਤੇਰੇ ਨਾਲ ਚਲਦਾ ਹਾਂ, ਮੈਂ ਗੁਰੂ ਜੀ ਦੇ ਚਰਨਾਂ ਅਤੇ ਮੁੱਖੜੇ ਦਾ ਦਰਸ਼ਨ ਕਰਾਂ, ਮੇਰੇ ਹਿਰਦੇ ਵਿਚ ਵੱਡੀ ਲਾਲਸਾ ਹੈ॥ ੩੩॥

ਜੁਗਲ ਚਲੇ ਉਰ ਹਰਖ ਬਿਸਾਲਾ, ਪਹੁੰਚੇ ਜਹਾਂ ਕ੍ਰਿਪਾਲਾ।
ਪਦ ਅਰਬਿੰਦ ਅਨੰਦ ਕੰਦ ਕੇ ਪਰਸੇ ਧਰਿ ਕਰਿ ਭਾਲਾ।
ਨੌਮੇ ਦਿਨ ਆਯੋ ਮਰਦਾਨਾ ਧਰਜੋ ਰਬਾਬ ਅਗਾਰੀ।
ਕਮਲ ਬਦਨ ਤੇ ਬਚ ਮਕਰੰਦਾ ਬੋਲੇ ਸ੍ਰੀ ਦੰਭਾਰੀ॥ ੩੪॥

ਦੋਵੇਂ ਹਿਰਦੇ ਵਿਚ ਵਿਸਾਲ ਖੁਸ਼ੀਆਂ ਪਾ ਕੇ ਚਲ ਪਏ ਅਤੇ ਓਥੇ ਪਹੁੰਚ ਗਏ ਜਿਥੇ ਕਿਰਪਾਲੂ ਗੁਰੂ ਜੀ ਬਿਰਾਜਮਾਨ

ਸਨ। ਆਨੰਦ ਦਾਤੇ ਦੇ ਚਰਨ ਕੰਵਲ ਪਰਸ ਕੇ ਮੱਥਾ ਧਰਤੀ ਤੇ ਧਰਿਆ। ਮਰਦਾਨਾ ਨੌਵੇਂ ਦਿਨ ਆਇਆਂ ਤੇ ਉਸ ਸੁੰਦਰ ਰਬਾਬ ਨੂੰ ਗੁਰੂ ਜੀ ਅੱਗੇ ਰੱਖ ਦਿੱਤਾ। ਕੰਵਲ ਮੁਖੜੇ ਵਾਲੇ ਮੁਕਤੀਦਾਤੇ ਤੇ ਦੰਭ ਦੇ ਵੈਰੀ ਨੇ ਇਸ ਤਰ੍ਹਾਂ ਬਚਨ ਕਹੇ॥ ੩੪॥

'ਬਹੁਤੀ ਬਿਲਮ ਲਗਾਈ ਤਹਿੰਵਾ ਭਈ ਬਾਤ ਕਹੁ ਤੈਸੇ'।
'ਪ੍ਰਭੁ ਜੀ! ਭੇਦ ਨ ਜਾਨਜੋ ਜਾਈ ਕਹੌਂ ਬਚਨ ਮੈਂ ਕੈਸੇ।
ਆਪ ਖੁਦਾਇ ਧਰਤ ਅਵਤਰਜੋ ਅਚਰਜ ਹੇਰਤਿ ਚਰਿਤਾ।
ਗਯੋ ਗ੍ਰਾਮ ਮੈਂ ਤੁਮ ਜੁ ਬਤਾਯੋ ਭਯੋ ਬਿਆਕੁਲ ਫਿਰਤਾ॥ ੩੫॥

ਉਥੇ ਤੂੰ ਬਹੁਤ ਦੇਰ ਲਾ ਦਿੱਤੀ, ਦੱਸੋ, ਕੀ ਗੱਲ ਹੋ ਗਈ ਸੀ? ਮਰਦਾਨੇ ਨੇ ਕਿਹਾ, "ਪ੍ਰਭੂ ਜੀ! ਕੁਝ ਭੇਦ ਨਹੀ ਜਾਣਿਆਂ ਜਾਂਦਾ, ਮੈਂ ਕਿਸ ਤਰ੍ਹਾਂ ਕੁਝ ਆਖਾਂ। ਤੁਸੀ ਤਾਂ ਪ੍ਰਭੂ ਹੋ, ਜਿਨ੍ਹਾਂ ਧਰਤੀ ਤੇ ਅਵਤਾਰ ਧਾਰਿਆ ਹੈ, ਤੁਹਾਡੇ ਅਚਰਜ ਚਰਿਤਰ ਵੇਖਦਾ ਹਾਂ। ਜਿਹੜਾ ਪਿੰਡ ਦੱਸ ਕੇ ਤੁਸੀਂ ਮੈਨੂੰ ਭੇਜਿਆ ਸੀ, ਮੈਂ ਉਸ ਪਿੰਡ ਵਿਚ ਘੁੰਮਦਾ ਫਿਰਦਾ ਵਿਆਕੁਲ ਹੋ ਗਿਆ॥ ੩੫॥

ਜੁਗ ਬਾਸੁਰ ਮੈਂ ਗ੍ਰਾਮ ਖੋਜਿਕੈ ਹਟਿ ਆਵਨ ਕੋ ਤਜਾਰੂ।
ਆਇ ਸੰਤ ਇਹ ਸੰਗ ਜੁ ਮੇਰੇ ਦੀਨਿ ਰਬਾਬਹਿ ਚਾਰੂ।
ਤੀਨ ਦਿਵਸ ਮੈਂ ਪਹੁੰਚਜੋ ਜਾਈ ਤੀਨ ਦਿਵਸ ਤਹਿਂ ਬੀਤੇ।
ਤੀਨ ਦਿਵਸ ਮੈਂ ਮੁਰਿ ਕਰਿ ਆਯੋ ਬਿਲਮ ਲਗੀ ਇਸ ਰੀਤੇ'॥ ੩੬॥

ਦੋ ਦਿਨ ਮੈਂ ਉਸ ਪਿੰਡ ਵਿਚ ਰਬਾਬੀ ਦੀ ਖੋਜ ਕਰਦਾ ਰਿਹਾ, ਪਰ ਜਦ ਉਹ ਮੈਨੂੰ ਕਿਤੇ ਵੀ ਨਾ ਮਿਲਿਆ ਤਾਂ ਮੈਂ ਵਾਪਿਸ ਆਉਣ ਦੀ ਤਿਆਰੀ ਕਰਨ ਲੱਗਾ ਸੀ ਕਿ ਇਹ ਸੰਤ ਜੀ ਜਿਹੜੇ ਮੇਰੇ ਨਾਲ ਆਏ ਹਨ, ਇਨ੍ਹਾਂ ਇਹ ਸੁੰਦਰ ਰਬਾਬ ਮੈਨੂੰ ਲਿਆ ਕੇ ਦਿੱਤੀ। ਤਿੰਨਾਂ ਦਿਨਾਂ ਵਿਚ ਮੈਂ ਉਥੇ ਪਹੁੰਚਿਆ ਤੇ ਤਿੰਨ ਦਿਨ ਮੈਂ ਉਥੇ ਠਹਿਰਿਆ, ਫਿਰ ਤਿੰਨਾਂ ਦਿਨਾਂ ਵਿਚ ਮੈਂ ਮੁੜ ਕੇ ਆਇਆ, ਮੈਨੂੰ ਦੇਰੀ ਇਸ ਕਰਕੇ ਹੋ ਗਈ॥ ੩੬॥

ਹਾਥ ਬੰਦ ਕਹਿ ਬਚਨ ਫਿਰੰਦਾ 'ਆਨੰਦਕੰਦ! ਸੁਨੀਜੈ।
ਹੁਤੋ ਪੁਚਾਵਨ ਇਹ ਰਬਾਬ ਬਰ ਕ੍ਰਿਪਾ ਸਿੰਧੁ ਸੋ ਲੀਜੈ!।
ਦਰਸ਼ਨ ਕੀ ਲਾਲਸ ਥੀ ਮੁਝ ਕੋ, ਹਰਖ ਸਰਸ ਦਰਸਾਯੋ।
ਸਭਿ ਬਿਧਿ ਜਾਨਹੁ ਅੰਤਰਜਾਮੀ' ਇਹ ਬਿਧਿ ਕਹਤਿ ਸਿਧਾਯੋ॥ ੩੭॥

ਹੱਥ ਜੋੜ ਕੇ ਫਿਰੰਦੇ ਨੇ ਫਿਰ ਬਚਨ ਕੀਤਾ, ਅਨੰਦ ਦਾਤੇ ਮੇਰੀ ਗੱਲ ਸੁਣੋ, ਇਹ ਸ੍ਰੇਸ਼ਟ ਰਬਾਬ ਸੋ ਮੈਂ ਆਪ ਆਪਜੀ ਪਾਸ ਪਹੁੰਚਾਉਣੀ ਚਾਹੁੰਦਾ ਸੀ, ਇਹ ਸੁੰਦਰ ਰਬਾਬ ਲੈ ਲਵੋ। ਮੈਨੂੰ ਆਪ ਜੀ ਦੇ ਦਰਸ਼ਨਾਂ ਦੀ ਬਹੁਤ ਲਾਲਸਾ ਸੀ, ਮੈਂ ਆਪ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ ਹਾਂ। ਹੇ ਅੰਤਰਜਾਮੀ! ਤੁਸੀ ਸਭ ਵਿਧੀਆਂ ਜਾਣਦੇ ਹੋ, ਇੰਜ ਵਿਧੀ ਨਾਲ ਕਹਿ ਕੇ ਬੁਲਾ ਲਿਆ॥ ੩੭॥

ਬਿਦਾ ਕਰਨ ਗਵਨਜੋ ਮਰਦਾਨਾ ਭਯੋ ਅਦ੍ਰਿੱਸ਼ੰ ਸੋਊ॥
ਕਿਤ ਕੋ ਗਯੋ ਨ ਜਾਨਜੋ ਤਿਹ ਛਿਨ ਹੇਰਤਿ ਬਿਸਮੈ ਹੋਊ।
ਰਿਦੇ ਵਿਚਾਰ ਕਰਤਿ ਭਾ ਬਹੁ ਬਿਧਿ-ਭਯੋ ਨ ਨੈਨ ਬਿਹੀਨਾ।
ਮੁਰ ਫਿਰ ਤੇ ਦੁਰ ਛਰ ਸਾ ਕਰਿਗਾ ਭੇਦ ਨ ਤਿਹਕੋ ਚੀਨਾ॥ ੩੮॥

ਜਦ ਮਰਦਾਨਾ ਫਿਰੰਦੇ ਨੂੰ ਵਿਦਾ ਕਰਨ ਗਿਆ ਤਾਂ ਉਹ ਬੜਾ ਹੈਰਾਨ ਹੋ ਗਿਆ ਕਿ ਫਿਰੰਦਾ ਵੇਖਦਿਆਂ ਵੇਖਦਿਆਂ

ਨਜ਼ਰਾਂ ਤੋਂ ਗਾਇਬ ਹੋ ਗਿਆ। ਕਿਧਰ ਨੂੰ ਗਿਆ ਇਹ ਨਾ ਜਾਣ ਸਕਿਆ, ਉਸ ਪਲ ਵੇਖ ਕੇ ਬਹੁਤ ਹੈਰਾਨ ਹੋਇਆ। ਹਿਰਦੇ ਵਿਚ ਬਹੁਤ ਪ੍ਰਕਾਰ ਵਿਚਾਰ ਕਰਦਾ ਹੈ ਕਿ ਕੀ ਮੈਂ ਅੱਖਾਂ ਤੋਂ ਹੀਣ ਹੋ ਗਿਆ ਸੀ, ਜੋ ਮੈਂ ਕਿਸੇ ਪਾਸੇ ਜਾਂਦਾ ਵੇਖ ਨਹੀਂ ਸਕਿਆ। ਮੇਰੇ ਪਾਸੋਂ ਛਿਪ ਕੇ ਛਲ ਜੇਹਾ ਕਰ ਗਿਆ, ਇਸ ਦਾ ਭੇਦ ਮੈਂ ਜਾਣ ਨਹੀਂ ਸਕਿਆ॥ ੩੮॥

ਆਯੋ ਜਬ, ਬੂਝਯੋ ਸ੍ਰੀ ਨਾਨਕ ''ਕਹਿਂ ਲੇ ਜਾਇ ਪੁਚਾਯੋ?'।
'ਮੁਰ ਢਿਗ ਤੇ ਦੂਰ ਦੀਸਜੋ ਨਾਂਹੀ ਹੇਰਤਿ ਅਚਰਜ ਆਯੋ।'
ਕਹਿ ਕਰਿ ਬੈਸ ਗਯੋ ਮਰਦਾਨਾ ਬੂਝਨ ਲਗਾ ਦਯਾਲਾ।
'ਹੁਤੋ ਕੌਨ ਇਹ ਮਾਨਵ? ਸੁਾਮੀ! ਜਾਂਹਿ ਸੁਭਾਇ ਰਸਾਲਾ॥ ੩੯॥

ਜਦ ਵਾਪਿਸ ਗੁਰੂ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਪੁਛਿਆ, ''ਉਸ ਨੂੰ ਕਿਥੋਂ ਤਕ ਪਹੁੰਚਾਇਆ ਹੈ? ਮਰਦਾਨੇ ਨੇ ਕਿਹਾ ਮੇਰੇ ਪਾਸ ਖੜਾ ਸੀ, ਪਰ ਪਤਾ ਨਹੀਂ ਕਿਥੇ ਛਿਪ ਗਿਆ, ਫਿਰ ਦਿੱਸਿਆ ਨਹੀਂ, ਮੈਂ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ। ਇਹ ਕਹਿ ਕੇ ਮਰਦਾਨਾ ਬੈਠ ਗਿਆ ਤੇ ਦਿਆਲੂ ਗੁਰੂ ਤੋਂ ਪੁੱਛਣ ਲੱਗਾ, ਹੇ ਮਾਲਕ! ਇਹ ਮਨੁੱਖ ਕੌਣ ਸੀ ਜਿਸ ਦਾ ਸੁਭਾਅ ਬਹੁਤ ਵਧੀਆ ਸੀ॥ ੩੯॥

ਅਪਰ ਨਰਨ ਸੀ ਯਾਂਕੀ ਗਤਿ ਨਹਿਂ ਰੁਚਿਰ ਰੂਪ ਦੁਤਿਵਾਨਾ।
ਬਹੁਰ ਰਬਾਬ ਉਪਾਇਨ ਦੀਨਾ ਸੁਭਗ ਅਲੌਕਿਕ ਆਨਾ।
ਦੀਨਾ ਨਾਥ! ਕਥਹੁ ਯਹਿ ਗਾਥਾ, ਭਯੋ ਜਿ ਅੰਤਰਧਜਾਨਾ।
ਸ਼ਕਤਿਵਾਨ ਪਿਖ ਬਿਸਮੈ ਮੁਝ ਮਨਾ ਸੁਨਿ ਸ੍ਰੀ ਗੁਰੂ ਬਖਾਨਾ॥ ੪੦॥

ਉਸਦੀ ਹੋਰ ਮਨੁੱਖਾਂ ਵਰਗੀ ਗਤੀ ਨਹੀਂ, ਉਸ ਦਾ ਕ੍ਰਾਂਤੀ ਵਾਲਾ ਸੁੰਦਰ ਰੂਪ ਹੈ। ਫਿਰ ਜਦ ਉਹ ਰਬਾਬ ਭੇਟ ਕਰਨ ਲੱਗਾ ਤਾਂ ਪਤਾ ਲੱਗਾ ਕਿ ਸੁੰਦਰ ਰਬਾਬ ਕਿਥੋਂ ਲੈ ਆਇਆ ਹੈ ਅਤੇ ਮੈਂ ਬਹੁਤ ਹੈਰਾਨ ਹੋਇਆ। ਹੇ ਦੀਨਾਂ ਦੇ ਨਾਥ! ਇਸ ਗਾਥਾ ਬਾਰੇ ਮੈਨੂੰ ਦੱਸੋ, ਉਹ ਕਿਵੇਂ ਅਲੋਪ ਹੋ ਗਿਆ ਹੈ। ਮੇਰੇ ਮਨ ਵਿਚ ਬੜੀ ਸ਼ਕਤੀਸ਼ਾਲੀ ਹੈਰਾਨੀ ਹੋਈ ਹੈ। ਇਹ ਸੁਣ ਕੇ ਸ੍ਰੀ ਗੁਰੂ ਜੀ ਨੇ ਕਿਹਾ॥ ੪੦॥

'ਹੁਤੋ ਸੰਤ ਗੰਧਰਬਨ ਮਾਂਹੀ ਜਿਹ ਹਰਿ ਕੀਰਤਿ ਪਜਾਰੀ।
ਨਿਸ ਦਿਨ ਰਹਿਤਿ ਪ੍ਰੇਮ ਰੰਗਰਾਤਾ ਇਹ ਰਬਾਬ ਕਰਧਾਰੀ।
ਚਿਰੰਕਾਲ ਕੀ ਚਾਹਿਹੁਤੀ ਮਨ ਬਾਦਿਤ ਦੇਨਿ ਰਸਾਲਾ।
ਸੋ ਅਬ ਦਯੋ, ਬਜਾਵਹੁ ਲੇਕਰਿ, ਬਿਲਮ ਨ ਕਰਿ ਦਰਹਾਲਾ॥ ੪੧॥

ਦੇਵਤਿਆਂ ਦੇ ਰਾਗੀਆਂ ਵਿਚੋਂ ਇਕ ਸੰਤ ਹੈ, ਜਿਸ ਨੂੰ ਹਰੀ ਦੀ ਕੀਰਤੀ ਬਹੁਤ ਪਿਆਰੀ ਲਗਦੀ ਹੈ। ਦਿਨ ਰਾਤ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ ਰਬਾਬ ਹੱਥ ਵਿਚ ਲੈ ਕੇ ਕੀਰਤਨ ਕਰਦਾ ਰਹਿੰਦਾ ਹੈ। ਕਾਫੀ ਲੰਮੇ ਸਮੇਂ ਤੋਂ ਉਸ ਦੀ ਇਹ ਰਬਾਬ ਸਾਨੂੰ ਭੇਟ ਕਰਨ ਦੀ ਚਾਹਿਤ ਸੀ, ਜਿਹੜੀ ਹੁਣ ਉਸ ਸਾਨੂੰ ਦੇ ਦਿੱਤੀ ਹੈ। ਇਸ ਨੂੰ ਲੈ ਕੇ ਹੁਣ ਵਜਾਵੋ, ਇਸ ਵਿਚ ਹੁਣ ਕੋਈ ਦੇਰੀ ਨਾ ਕਰੋ'' ॥ ੪੧॥

ਆਇਸੁ ਮਾਨ ਲਯੋ ਮਰਦਾਨੇ ਕਰਨ ਲਗਜੋ ਤਬ ਸੁਰ ਕੋ।
ਸ੍ਰੀ ਗੁਰੂ ਭਨਜੋ 'ਬਨਹਿ ਸੁਰ ਆਪੇ, ਵਾਵਹੁ ਬਿਲਮ ਨ ਕਰਿ ਕੋ'।
ਸੁਨਤਿ ਵਜਾਯੋ ਤਿਂਹ ਤਤਕਾਲਾ ਸੁਰ ਬਨਿਗਾ ਤਬ ਆਪੇ।
ਐਸੀ ਬਾਤ ਨ ਅਚਰਜ ਤਾਂਕੋ ਜਾਂਹਿ ਸੁਰਾਸੁਰ ਥਾਪੇ॥ ੪੨॥

ਗੁਰੂ ਜੀ ਦੀ ਆਗਿਆ ਮੰਨ ਕੇ ਮਰਦਾਨ ਰਬਾਬ ਨੂੰ ਸੁਰ ਕਰਨ ਲੱਗਾ। ਸ੍ਰੀ ਗੁਰੂ ਜੀ ਨੇ ਕਿਹਾ, ''ਸੁਰ ਆਪੇ ਬਣ ਜਾਵੇਗੀ, ਤੁਸੀਂ ਰਬਾਬ ਵਜਾਵੋ ਅਤੇ ਇਸ ਵਿਚ ਦੇਰੀ ਨਾ ਕਰੋ। ਇਹ ਸੁਣ ਕੇ ਮਰਦਾਨੇ ਨੇ ਉਸ ਵੇਲੇ ਰਬਾਬ ਵਜਾਉਣੀ ਸ਼ੁਰੂ ਕਰ ਦਿੱਤੀ ਅਤੇ ਸੁਰ ਵੀ ਆਪੇ ਬਣ ਗਈ। ਗੁਰੂ ਜੀ ਵਾਸਤੇ ਅਜੇਹੀ ਗੱਲ ਕੋਈ ਹੈਰਾਨੀ ਵਾਲੀ ਨਹੀ ਸੀ, ਜਿਸ ਨੇ ਦੇਵਤੇ ਅਤੇ ਦੈਂਤਾਂ ਦੀ ਸਥਾਪਨਾ ਕੀਤੀ ਹੈ ॥ ੪੨॥

ਭਈ ਅਵਾਜ 'ਤੁਹੀ ਨਿਰੰਕਾਰਾ ਨਿਰੰਕਾਰ ਕਰਤਾਰਾ!'
ਤਿਹ ਪੀਛੇ ਸ੍ਰੀ ਨਾਨਕ ਬਿਨਤੀ ਹੋਵਹਿ ਤਾਰ ਮਝਾਰਾ।
ਭਏ ਪ੍ਰੇਮ ਮੈਂ ਪਸੁ ਪੰਛੀ ਸਭਿ ਮੋਹੇ ਮਨ ਉਦਿਆਨਾ।
ਤਰੁਵਰ ਤੇ ਰਸ ਨਿਚੁਰਨ ਲਾਗਯੋ ਵਿਸਰਾ ਸਭਿਨਿ ਅਪਾਨਾ ॥ ੪੩ ॥

ਉਸ ਵਿਚੋਂ ਆਵਾਜ਼ ਨਿਕਲੀ, ''ਤੂੰ ਹੀ ਨਿਰੰਕਾਰਾ, ਨਿਰੰਕਾਰ ਕਰਤਾਰਾ ਹੈਂ।'' ਇਸ ਦੇ ਪਿਛੋਂ ਸ੍ਰੀ ਗੁਰੂ ਨਾਨਕ ਜੀ ਪ੍ਰਤਿ ਤਾਰ ਵਿਚ ਬੇਨਤੀ ਹੋਵੇ। ਰਬਾਬ ਦੀ ਆਵਾਜ਼ ਸੁਣ ਕੇ ਜੰਗਲ ਦੇ ਸਾਰੇ ਪਸ਼ੂ ਪੰਛੀ ਮੋਹਿਤ ਹੋ ਗਏ ਅਤੇ ਦਰੱਖਤਾਂ ਵਿਚ ਰਸ ਨੁਚੜਨ ਲੱਗਾ ਅਤੇ ਸਾਰਿਆਂ ਨੂੰ ਆਪਣਾ ਆਪਾ ਭੁੱਲ ਗਿਆ॥ ੪੩॥

ਸੁਨਿ ਸੁਨਿ ਸ੍ਰੀ ਨਾਨਕ ਮਨ ਭਾਈ ਲਗੀ ਸਮਾਧਿ ਅਖੰਡਾ।
ਪਲਕ ਜੁਟੀ ਜੁਗ ਭਏ ਬਿਦੇਹਾ ਸ੍ਵਾਸ ਦਸਮ ਦਰ ਮੰਡਾ।
ਹੋ ਅਛੋਭ ਛੋਰਹਿਂ ਨਹਿਂ ਤਿਹ ਕੋ, ਬੀਤਿ ਗਏ ਦਿਨ ਦੋਊ।
ਪਦਮਾਸਨ ਬੈਸੇ ਅਸ ਸੋਹਤਿ ਜਿਵ ਸ਼ਿਵ ਕਲਮਲ ਖੋਊ॥ ੪੪ ॥

ਮਿੱਠਾ ਨਾਦ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਅਖੰਡ ਸਮਾਧੀ ਲੱਗ ਗਈ, ਦੋਵੇਂ ਪਲਕਾਂ ਜੁੜ ਗਈਆਂ, ਬਦੇਹੀ ਹੋ ਗਏ ਅਤੇ ਸੁਆਸ ਦਸਮ ਦੁਆਰ ਟਿਕ ਗਏ। ਛੋਭ ਰਹਿਤ ਹੋ ਕੇ ਉਸ ਨੂੰ ਛੱਡਦੇ ਨਹੀਂ, ਇਸ ਤਰ੍ਹਾਂ ਦੋ ਦਿਨ ਬੀਤ ਗਏ। ਪਦਮਾਸਨ ਬਣਾ ਕੇ ਬੜੇ ਸੋਭ ਰਹੇ ਹਨ ਜਿਵੇਂ ਪਾਪਾਂ ਦਾ ਨਾਸ ਕਰਨ ਵਾਲੀ ਮੁਕਤੀ ਆਪ ਸਮਾਧੀ ਲਾਈ ਬੈਠੀ ਹੈ॥ ੪੪ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਬਾਬ ਲਯਾਵਨ' ਪ੍ਰਸੰਗ ਬਰਨਨੰ ਨਾਮ ਪੈਂਤਿਸਮੋ ਅਧ੍ਯਾਯ॥ ੩੫॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦਾ ਪਹਿਲੇ ਅੱਧ ਦਾ ਪੈਂਤੀਵਾਂ ਅਧਿਆਇ, ਜਿਸ ਦਾ ਨਾਮ ''ਰਬਾਬ ਲਿਆਉਣਾ ਤੇ ਬੇਬੇ ਜੀ ਪਾਸ ਜਾਣਾ'' ਹੈ, ਸਮਾਪਤ ਹੋਇਆ ॥ ੩੫॥

## ਅਧਿਆਇ ਛੱਤੀਵਾਂ

*ਮਰਦਾਨੇ ਦੀ ਭੁਖ, ਬੇਬੇ ਜੀ ਤੋਂ ਵਿਦਾ।*

ਦੋਹਰਾ- ਸ੍ਰੀ ਸਤਿਗੁਰ ਪਾਰਸ ਚਰਨ ਮਨ ਮਨੂਰ ਮਮ ਭੇਟ।
ਕੰਚਨ ਸੋ ਹੋਵਹਿ ਜਬਹਿ ਲਗਹਿ ਨ ਜਮ ਕੀ ਫੇਟ॥ ੧॥

ਮੇਰੇ ਲੋਹੇ ਰੂਪੀ ਮਨ ਨੂੰ ਜਦੋ ਸ੍ਰੀ ਸਤਿਗੁਰੂ ਜੀ ਦੇ ਪਾਰਸ ਰੂਪੀ ਚਰਨਾਂ ਦੀ ਛੁਹ ਪ੍ਰਾਪਤ ਹੋਵੇਗੀ ਤਦ ਉਹ ਸੋਨੇ ਵਾਂਗ ਸ਼ੁੱਧ ਹੋ ਜਾਵੇਗਾ ਤੇ ਫੇਰ ਉਸ ਨੂੰ ਜਮ ਦੀ ਚੋਟ ਨਹੀ ਲਗੇਗੀ॥ ੧॥

ਦੁਵੱਯਾ ਛੰਦ-ਲਗੀ ਸਮਾਧਿ ਬਿਤੇ ਦਿਨ ਦੋਊ ਲੋਚਨ ਕਮਲ ਨ ਬਿਕਸੇ।
ਮਰਦਾਨੇ ਤਨ ਛੁਧਾ ਅਧਿਕ ਭੀ ਪ੍ਰਾਨ ਜਾਹਿਂ ਜਿਉਂ ਨਿਕਸੇ।
ਕੋ ਮਾਨਵ ਤਹਿਂ ਦ੍ਰਿਸ਼ਟਿ ਨ ਆਵੈ ਜਿਹ ਤੇ ਜਾਚਹਿ ਖਾਨਾ।
ਹੁਤੋ ਨਿਕਟਿ ਨਿਰਮਲ ਜਲ ਸੀਤਲ, ਤ੍ਰਿਖ ਹ੍ਵੈ ਕਰਹਿ ਸੁ ਪਾਨਾ॥ ੨ ॥

ਗੁਰੂ ਜੀ ਦੀ ਸਮਾਧੀ ਲੱਗੀ ਨੂੰ ਦੋ ਦਿਨ ਬੀਤ ਗਏ, ਪਰ ਕੰਵਲ ਨੈਣ ਨਾ ਖਿੜੇ ਭਾਵ ਨਾ ਖੁਲ੍ਹੇ। ਮਰਦਾਨੇ ਨੂੰ ਬਹੁਤ ਭੁੱਖ ਲਗੀ ਤੇ ਇੰਝ ਲਗੱਦਾ ਸੀ ਜਿਵੇਂ ਪ੍ਰਾਣ ਨਿਕਲ ਚਲੇ ਸਨ। ਕੋਈ ਮਨੁੱਖ ਵੀ ਕਿਤੇ ਨਜ਼ਰ ਨਹੀਂ ਸੀ ਆਉਂਦਾ ਜਿਸ ਪਾਸੋਂ ਭੋਜਨ ਮੰਗ ਲੈਂਦੇ। ਨੇੜੇ ਠੰਢਾ ਨਿਰਮਲ ਜਲ ਵਹਿ ਰਿਹਾ ਸੀ, ਜਦ ਪਿਆਸ ਲੱਗਦੀ ਸੀ ਤਾਂ ਜਲ ਛੱਕ ਲੈਂਦੇ ਸਨ॥ ੨ ॥

ਦੋਹਰਾ- ਤਜਿ ਕਰਿ ਪ੍ਰਭੁ ਕੋ ਜਾਇ ਨਹਿਂ, ਮਨ ਮਹਿਂ ਕਰਤਿ ਵਿਚਾਰ।
ਕਿਹ ਬਿਧਿ ਬੀਤਹਿ ਸੰਗ ਇਨ ਹੋਵਹਿ ਕਸ਼ਟ ਅਪਾਰ॥ ੩ ॥

ਗੁਰੂ ਜੀ ਨੂੰ ਸਮਾਧੀ ਵਿਚ ਛੱਡ ਕੇ ਉਹ ਜਾਂਦਾ ਨਹੀਂ ਸੀ ਤੇ ਮਨ ਵਿਚ ਵਿਚਾਰ ਕਰਦਾ ਸੀ, ਇਨ੍ਹਾਂ ਨਾਲ ਕਿਵੇਂ ਨਿਭੇਗੀ, ਇਨ੍ਹਾਂ ਦੇ ਨਾਲ ਰਹਿਣ ਨਾਲ ਅਪਾਰ ਕਸ਼ਟ ਬਰਦਾਸ਼ਤ ਕਰਨਾ ਪਵੇਗਾ॥ ੩ ॥

ਸੋਰਠਾ- ਅਬ ਕੇ ਦੇਹਿ ਮਝਾਰ ਆਵਹਿਂ, ਮਾਂਗੋ ਬਿਦਾ ਮੈਂ।
ਜਾਵੋਂ ਅਪਨ ਅਗਾਰ, ਕਠਨ ਰਹਿਨ ਹੈ ਸੰਗ ਇਨ॥ ੪ ॥

ਹੁਣ ਜਦ ਸਮਾਧੀ ਖੁਲ੍ਹੇਗੀ ਤੇ ਹੋਸ਼ ਵਿਚ ਆਉਣਗੇ ਤਾਂ ਮੈਂ ਇਨ੍ਹਾਂ ਪਾਸੋਂ ਜਾਣ ਦੀ ਆਗਿਆ ਮੰਗਾਂਗਾ। ਮੈਂ ਆਪਣੇ ਘਰ ਜਾਵਾਂਗਾ, ਇਨ੍ਹਾਂ ਨਾਲ ਰਹਿਣਾ ਬੜਾ ਕਠਨ ਹੈ॥ ੪ ॥

ਦੁਵੱਯਾ ਛੰਦ-ਬਹੁਤ ਛੁਧਾ ਮਹਿਂ ਭਯੋ ਬਿਹਾਲਾ ਭੋਜਨ ਹਾਥ ਨ ਆਯੋ।
ਤਜਿ ਨਹਿਂ ਸਕਈ ਦੀਨ ਦਯਾਲਾ, ਬਨੀ ਕਠਨ, ਦੁਖ ਪਾਯੋ।
ਅਸਮੰਜਸ ਭੀ ਦੋਨੋਂ ਬਾਤੈਂ ਨਿਕਟਿ ਰਹਿਨ ਪੁਰਿ ਜਾਨਾ।
ਕਰਤਿ ਵਿਚਾਰ ਰਾਤਿ ਸਭਿ ਬੀਤੀ ਭਯੋ ਉਦੇ ਪੁਨਿ ਭਾਨਾ॥ ੫ ॥

ਭੁੱਖ ਬਹੁਤ ਲੱਗੀ ਸੀ, ਜਿਸ ਕਾਰਨ ਬਹੁਤ ਵਿਆਕੁਲ ਹੋ ਗਿਆ ਅਤੇ ਭੋਜਨ ਕਿਸੇ ਤਰ੍ਹਾਂ ਵੀ ਹੱਥ ਨਾ ਲੱਗਾ। ਦੀਨ ਦਿਆਲ ਗੁਰੂ ਜੀ ਨੂੰ ਛੱਡ ਵੀ ਨਹੀਂ ਸੀ ਸਕਦਾ, ਬੜੀ ਔਖੀ ਆ ਬਣੀ ਹੈ ਅਤੇ ਬੜਾ ਦੁੱਖ ਪਾਇਆ ਹੈ। ਬੜੀ ਕਠਨਾਈ ਹੋਈ ਹੈ, ਹੁਣ ਤਾਂ ਦੋ ਹੀ ਗੱਲਾਂ ਹਨ, ਪਾਸ ਰਹੇ ਜਾਂ ਸ਼ਹਿਰ ਨੂੰ ਚਲਾ ਜਾਵੇ। ਇਹੋ ਵਿਚਾਰ ਕਰਦਿਆਂ ਸਾਰੀ ਰਾਤ ਬੀਤ ਗਈ ਹੈ, ਅਤੇ ਅਗਲੇ ਦਿਨ ਦਾ ਸੂਰਜ ਚੜ੍ਹ ਪਿਆ ਹੈ॥ ੫ ॥

ਅੰਬਕ ਅੰਬਜ ਬਿਕਸੇ ਤਿਹ ਛਿਨ ਭਏ ਸੁਚੇਤ ਸਰੀਰਾ।
ਮਰਦਾਨੇ ਕੇ ਉਰ ਕੀ ਲਖਿ ਕਰਿ ਬੋਲੇ ਵਾਕ ਗੰਭੀਰਾ।
'ਕਿਹ ਬਿਧਿ ਕੀ ਸੁਧ ਬਦਹੁ ਆਪਨੀ? ਬਦਨ ਰਹਜੋ ਮੁਰਝਾਯੋ'।
ਸੁਨਿ ਕਰਿ ਸ੍ਰੀ ਨਾਨਕ ਕੇ ਬਚਨਾ ਕਹਿਨ ਲਗੋ ਬਿਕੁਲਾਯੋ॥ ੬ ॥

ਕਮਲਾਂ ਵਰਗੇ ਨੇਤਰ ਖੁਲ੍ਹੇ ਤੇ ਉਸ ਵੇਲੇ ਸਰੀਰ ਸੁਚੇਤ ਹੋ ਗਿਆ। ਮਰਦਾਨੇ ਦੇ ਦਿਲ ਦੀ ਗੱਲ ਸਮਝ ਕੇ ਇਹ ਗੰਭੀਰ ਬਚਨ ਕਹੇ। 'ਆਪਣਾ ਹਾਲ ਚਾਲ ਦੱਸੋ, ਚਿਹਰਾ ਬੜਾ ਕੁਮਲਾਇਆ ਹੋਇਆ ਹੈ।' ਗੁਰੂ ਨਾਨਕ ਜੀ ਦੇ ਇਹ ਬਚਨ ਸੁਣ ਕੇ ਬੜੀ ਵਿਆਕੁਲਤਾ ਨਾਲ ਕਹਿਣ ਲੱਗਾ॥ ੬ ॥

'ਛੁਧਾ ਪਿਪਾਸਾ ਤੁਮਰੇ ਨਿਵਰੇ ਤਿਨ ਤੇ ਕਸ਼ਟ ਨ ਕੋਊ।
ਕੈਸੇ ਤੁਮ ਕੋ ਆਨ ਬਿਆਪਹਿਂ, ਰਾਵਰ ਸਿਰਜੇ ਸੋਊ।
ਹਮਰਾ ਨਰ ਤਨ, ਤਿਨ ਬਿਨ ਗੁਜ਼ਰ ਨ, ਅਸਨ ਬਸਨ ਨਿਤ ਚਾਹੋਂ।
ਭਯੋ ਛੁਧਾ ਸੋਂ ਅਧਿਕ ਬਿਹਾਲਾ, ਕਿਹ ਤੇ ਪ੍ਰਭੁ ਜੀ ਖਾਹੋਂ?॥ ੭॥

ਆਪ ਜੀ ਦੇ ਨੇੜੇ ਭੁੱਖੇ ਪਿਆਸੇ ਰਹਿਣ ਨਾਲੋਂ ਹੋਰ ਕੋਈ ਵੱਡਾ ਕਸ਼ਟ ਨਹੀਂ ਹੈ। ਤੁਹਾਨੂੰ ਕਿਵੇਂ ਕੋਈ ਦੁੱਖ ਸੁੱਖ ਵਾਪਰ ਸਕਦਾ ਹੈ, ਕਿਉਂਕਿ ਇਹ ਸਾਰੀ ਰਚਨਾਂ ਤਾਂ ਤੁਹਾਡੀ ਹੀ ਸਿਰਜੀ ਹੋਈ ਹੈ। ਮੇਰਾ ਤਾਂ ਮਨੁੱਖਾ ਸਰੀਰ, ਇਨ੍ਹਾਂ ਬਗੈਰ ਰਹਿ ਨਹੀਂ ਸਕਦਾ, ਮੈਨੂੰ ਤਾਂ ਭੋਜਨ ਕਪੜਾ ਨਿੱਤ ਚਾਹੀਦਾ ਹੈ। ਭੁੱਖ ਨਾਲ ਮੈਂ ਬਹੁਤ ਵਿਆਕੁਲ ਹੋ ਗਿਆ ਸੀ, ਹੇ ਪ੍ਰਭੂ ਜੀ ! ਮੈਂ ਕਿਥੋਂ ਖਾਵਾਂ? ॥ ੭॥

ਤੁਮ ਜੇ ਸੰਗ ਰਖਯੋ ਨਿਤ ਚਾਹਤਿ ਦੂਰ ਛੁਧਾ ਕਰਿ ਮੋਰੀ।
ਬਾਸੁਰ ਤੀਨ ਅਸਨ ਬਿਨ ਬੀਤੇ, ਬਿਕਲ ਬਪੁਖ, ਬਿਨ ਜੋਰੀ।
ਕਿਹ ਬਿਧਿ ਹੋਹਿ ਮੋਹਿ ਨਿਰਬਾਹੂ, ਅਸਨ ਅਚਨ ਚਿਤ ਚਾਹਾ।
ਇਕ ਨਿਰਬਲ ਤਨ, ਦੂਸਰ ਪਦ ਸੋਂ ਸਦਾ ਪੰਥ ਅਵਗਾਹਾ॥ ੮॥

ਜੇ ਤੁਸੀਂ ਮੈਨੂੰ ਸਦਾ ਆਪਣੇ ਨਾਲ ਰਖਣਾ ਚਾਹੁੰਦੇ ਹੋ ਤਾਂ ਮੇਰੀ ਭੁੱਖ ਦੂਰ ਕਰ ਦੇਵੋ, ਤਿੰਨ ਦਿਨ ਖਾਣ ਪੀਣ ਤੋਂ ਬਗੈਰ ਬੀਤੇ ਹਨ, ਵਿਆਕੁਲ ਹੋ ਕੇ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ। ਮੇਰਾ ਕਿਸ ਤਰ੍ਹਾਂ ਨਿਰਬਾਹ ਹੋਵੇਗਾ। ਭੋਜਨ ਖਾਣ ਨੂੰ ਮੇਰਾ ਚਿੱਤ ਚਾਹੁੰਦਾ ਹੈ। ਇਕ ਕਮਜ਼ੋਰ ਸਰੀਰ, ਦੂਸਰਾ ਸਦਾ ਪੈਦਲ ਤੁਰਨਾ ਪਵੇਗਾ॥ ੮॥

ਦੋਹਰਾ- ਸ੍ਰੀ ਨਾਨਕ ਆਨਨ ਭਨੈ 'ਸੁਨਿ ਮਰਦਾਨਾ!
ਕਾਨ ਹਮ ਸੰਗ ਐਸੇ ਹੀ ਸਦਾ, ਰਹਹੁ ਆਪ ਪਰਮਾਨਾ॥ ੯॥

ਗੁਰੂ ਨਾਨਕ ਦੇਵ ਜੀ ਨੇ ਮੁੱਖ ਤੋਂ ਬਚਨ ਕੀਤਾ, "ਹੇ ਮਰਦਾਨੇ ! ਸੁਣੋ, ਸਾਡੇ ਨਾਲ ਸਦਾ ਇਸ ਤਰ੍ਹਾਂ ਹੀ ਰਹੋ ਤਾਂ ਪਰਵਾਨ ਹੈ॥ ੯॥

ਸੋਰਠਾ- 'ਕੈ ਮੁਝ ਛੁਧਾ ਨਸਾਹਿ, ਕੈ ਦੀਜੈ ਮੁਝ ਖਾਨ ਕੋ।
ਤੋ ਹੋਵਹਿ ਨਿਰਬਾਹਿ, ਨਾਤੁਰ ਸੰਗ ਨ ਪੁੱਜਈ॥ ੧੦॥

ਮਰਦਾਨੇ ਫਿਰ ਬਿਨੈ ਕੀਤੀ, "ਜਾਂ ਮੇਰੀ ਭੁੱਖ ਦੂਰ ਕਰੋ ਜਾਂ ਜਦ ਮੈਨੂੰ ਭੁੱਖ ਲੱਗੇ ਤਾਂ ਕੁਝ ਖਾਣ ਨੂੰ ਦੇਵੋ। ਤਾਂ ਹੀ ਨਿਰਬਾਹ ਹੋਵੇਗਾ, ਨਹੀਂ ਤਾਂ ਤੁਹਾਡਾ ਸਾਥ ਮੈਨੂੰ ਪੁਗਦਾ ਨਹੀਂ॥ ੧੦॥

ਦਵੱਯਾ ਛੰਦ- 'ਇਹ ਬਾਤੈਂ ਸਭਿ ਢਿਗ ਕਰਤਾਰਾ, ਕਰਨ ਕਰਾਵੇਨ ਜੋਊ।
ਹਮਰੇ ਸੰਗਿ ਜਾਨਿਯੇ ਅਸ ਬਿਧਿ, ਜਸ ਬਨਿ ਕਾਟਹਿ ਸੋਊ।
ਖੁਸ਼ੀ ਹੋਇ ਤੋ ਨਿਕਟਿ ਰਹੀਜੈ, ਨਤੁ ਜਾਵਹੁ ਨਿਜ ਧਾਮਾ।
ਸੁਨਿ ਕਰਿ ਮਰਦਾਨਾ ਉਰ ਭਰਮਜੋ, ਕਰੇ ਯਾਦ ਸੁਤ ਬਾਮਾ॥ ੧੧॥

ਇਹ ਗੱਲਾਂ ਪ੍ਰਭੂ ਸੰਗ ਕੀਤੀਆਂ ਜਿਹੜਾ ਆਪ ਹੀ ਕਰਨ ਕਰਾਵਣ ਵਾਲਾ ਹੈ। ਸਾਡੇ ਸੰਗ ਤਾਂ ਇਸ ਤਰ੍ਹਾਂ ਸਮਝੋ, ਜੈਸੀ ਆ ਬਣੇ ਤੈਸੀ ਕੱਟੋ। ਤੁਹਾਡੀ ਖੁਸ਼ੀ ਹੋਵੇ ਤਾਂ ਸਾਡੇ ਪਾਸ ਰਹੋ, ਨਹੀਂ ਤਾਂ ਆਪਣੇ ਘਰ ਜਾਵੋ।" ਇਹ ਸੁਣ ਕੇ ਮਰਦਾਨਾ ਦਿਲ ਵਿਚ ਭਰਮਾਇਆ ਅਤੇ ਆਪਣੇ ਪੁਤਰਾਂ ਤੇ ਵਹੁਟੀ ਨੂੰ ਯਾਦ ਕਰਦਾ ਹੈ॥ ੧੧॥

'ਜਾਉਂ ਨਿਕੇਤ ਨਿਦੇਸ ਦੇਹੁ ਪ੍ਰਭੁ! ਸੁਧ ਤੁਮਰੀ ਸਭਿ ਦੇਊਂ'।
ਭਯੋ ਤਯਾਰ ਚਲਨ ਕੋ ਘਰ ਜਬ ਬੋਲੇ ਅਲਖ ਅਭੇਊ।
'ਸੁਸਾ ਅਵਾਸ ਰਬਾਬ ਧਰੀਜੈ, ਬਹੁਰ ਜਾਹੁ ਮਰਦਾਨਾ!'
ਕਰੁਨਾਨਿਧਿ ਕੇ ਸੁਨਿ ਕੈ ਬਚਨਾ ਪੁਰਿ ਮਹਿ ਕਿਯੋ ਪਿਯਾਨਾ॥ ੧੨॥

ਗੁਰੂ ਜੀ ਨੇ ਆਦੇਸ਼ ਕੀਤਾ, 'ਆਪਣੇ ਘਰ ਜਾਵੋ, ਮੈਂ ਤੁਹਾਡੀ ਖਬਰ ਰੱਖਾਂਗਾ। ਮਰਦਾਨਾ ਜਦ ਘਰ ਜਾਣ ਲਈ ਤਿਆਰ ਹੋਣ ਲੱਗਾ ਤਾਂ ਅਲਖ ਤੇ ਅਭੇਵ ਰੂਪੀ ਗੁਰੂ ਜੀ ਬੋਲੇ। ਹੇ ਮਰਦਾਨੇ! ਇਹ ਰਬਾਬ ਭੈਣ ਜੀ ਦੇ ਘਰ ਰੱਖ ਕੇ ਫਿਰ ਚਲੇ ਜਾਵੋ। ਕਿਰਪਾਨਿਧ ਦੀ ਗੱਲ ਸੁਣ ਕੇ ਮਰਦਾਨਾ ਰਬਾਬ ਲੈ ਕੇ ਨਗਰ ਵੱਲ ਚਲਾ ਗਿਆ॥ ੧੨॥

ਗਯੋ ਨਿਕੇਤ ਨਾਨਕੀ ਤਬ ਹੀ ਭੀ ਸਸ਼ੰਕ ਜਬ ਦੇਖਾ।
ਸੁੰਦਰ ਪੀੜ੍ਹਾ ਦੀਨ ਵਿਛਾਈ ਆਦਰ ਕੀਨ ਵਿਸ਼ੇਖਾ।
'ਬਹੁਤ ਦਿਵਸ ਮਹਿ ਹਮ ਘਰ ਆਯੋ, ਕਹਾਂ ਰਹੇ ਮਰਦਾਨਾ?
ਇਹ ਰਬਾਬ ਕੀ ਕੀਮਤਿ ਕਿਤਨੀ ਜੋ ਅਤਿ ਸੁੰਦਰ ਆਨਾ? ॥ ੧੩॥

ਜਦ ਬੇਬੇ ਨਾਨਕ ਦੇ ਘਰ ਗਿਆ ਤੇ ਜਦ ਉਸ ਸੰਸੇ ਵਿਚ ਵੇਖਿਆ ਤਾਂ ਉਸ ਇਕ ਸੁੰਦਰ ਪੀੜ੍ਹੇ ਤੇ ਸੁੰਦਰ ਵਸਤਰ ਵਿਛਾ ਕੇ ਬਿਠਾਇਆ ਅਤੇ ਬਹੁਤ ਆਦਰ ਕੀਤਾ। ਬੇਬੇ ਜੀ ਨੇ ਕਿਹਾ, "ਬਹੁਤ ਦਿਨਾਂ ਬਾਅਦ ਸਾਡੇ ਘਰ ਆਇਆ ਹੈਂ, ਹੇ ਮਰਦਾਨੇ ਏਨੀ ਦੇਰ ਕਿਥੇ ਰਹੇ ਹੋ? ਇਸ ਰਬਾਬ ਦੀ ਕਿੰਨੀ ਕੀਮਤ ਹੈ, ਜਿਹੜੀ ਅਤਿ ਸੁੰਦਰ ਤੂੰ ਲੈ ਕੇ ਆਇਆ ਹੈਂ॥ ੧੩॥

ਭ੍ਰਾਤਾ ਕੌਨ ਥਾਨ ਅਬਿ ਬੈਸੇ ਕਮਲ ਬਦਨ ਗਤਿ ਦੈਨਾ?'।
ਕਹਿ ਮਰਦਾਨਾ 'ਆਇਸ ਲੇ ਕਰਿ ਹੋਂ ਜਾਵੋਂ ਨਿਜ ਐਨਾ।
ਨਿਬਹੈ ਸੰਗਿ ਨ ਤਿਨ ਕੇ ਮੁਝ ਤੇ ਕਲਾਵਾਨ ਅਵਤਾਰਾ।
ਤਿਨ ਸਮ ਹੋਵੈ ਨਿਕਟਿ ਰਹੈ ਸੋ, ਖਾਇ ਨ ਕਬਹੁ ਅਹਾਰਾ॥ ੧੪॥

ਕਮਲ ਮੁਖ, ਮੁਕਤੀਦਾਤੇ ਭਰਾ ਜੀ ਭਾਵ ਗੁਰੂ ਜੀ ਹੁਣ ਕਿੱਥੇ ਬੈਠੇ ਹਨ? ਮਰਦਾਨੇ ਨੇ ਕਿਹਾ, "ਮੈਂ ਉਨ੍ਹਾਂ ਪਾਸੋਂ ਆਗਿਆ ਲੈ ਕੇ ਹੁਣ ਆਪਣੇ ਘਰ ਜਾ ਰਿਹਾ ਹਾਂ"। ਉਹ ਕਲਾਵਾਨ ਅਵਤਾਰ ਹਨ ਮੇਰੀ ਉਨ੍ਹਾਂ ਦੇ ਨਾਲ ਨਿਭ ਨਹੀ ਸਕਦੀ। ਉਨ੍ਹਾਂ ਪਾਸ, ਉਨ੍ਹਾਂ ਵਰਗਾ ਹੀ ਰਹਿ ਸਕਦਾ ਹੈ। ਉਹ ਕਦੀ ਵੀ ਭੋਜਨ ਨਹੀ ਕਰਦੇ ਹਨ॥ ੧੪॥

ਧਰਨ ਰਬਾਬ ਸਦਨ ਮੈਂ ਆਯੋ, ਤੁਮ ਕਹਿ ਦੇਹੁ ਸੰਦੇਸਾ।
ਤਲਵੰਡੀ ਮੈਂ ਭਯੋ ਤਯਾਰੀ' ਕਹਜੋ ਬਚਨ ਜਬ ਐਸਾ।
ਸੁਨਤਿ ਨਾਨਕੀ ਨੈਨਨ ਨੀਰੰ ਬੂੰਦ ਗਿਰਤਿ ਧਰ ਮਾਂਹੀ।
ਧੀਰ ਹਰੀ, ਉਰ ਪੀਰ ਗਹੀਰਾ, ਤਜਜੋ ਹਰਖ, ਸੁਖ ਨਾਂਹੀ॥ ੧੫॥

ਮੈਂ ਰਬਾਬ ਰੱਖਣ ਵਾਸਤੇ ਤੁਹਾਡੇ ਘਰ ਆਇਆ ਹਾਂ, ਤਲਵੰਡੀ ਕੋਈ ਸੁਨੇਹਾ ਭੇਜਣਾ ਹੋਵੇ ਤਾਂ ਮੈਨੂੰ ਦੱਸ ਦੇਵੋ। ਜਦ ਮਰਦਾਨੇ ਨੇ ਅਜੇਹਾ ਬਚਨ ਕੀਤਾ ਕਿ ਮੈਂ ਤਲਵੰਡੀ ਜਾ ਰਿਹਾ ਹਾਂ। ਇਹ ਸੁਣ ਕੇ ਬੇਬੇ ਨਾਨਕੀ ਦੇ ਨੈਣਾਂ ਵਿਚੋਂ ਹੰਝੂ ਆ ਗਏ, ਜਿਹੜੇ ਬੂੰਦਾਂ ਬਣ ਬਣ ਧਰਤੀ ਤੇ ਡਿੱਗਣ ਲੱਗੇ। ਬੇਬੇ ਜੀ ਦਾ ਹੌਸਲਾ ਟੁੱਟ ਗਿਆ, ਹਿਰਦਾ ਪੀੜਾਂ ਨਾਲ ਭਰ ਗਿਆ, ਖੁਸ਼ੀ ਛੱਡ ਕੇ ਸੁਖ ਰਹਿਤ ਹੋ ਗਈ॥ ੧੫॥

ਤਨ ਸਨੇਹ ਸਾਗਰ ਮਹਿਂ ਮਗਨੰ, ਗਜਾਨ ਕਿਨਾਰ ਨ ਪਾਵੈ।
ਨਹਿਂ ਢਿਗ ਨਾਨਕ ਰੂਪ ਜਹਾਜੂ ਜਿਸ ਅਲੰਬ ਤਰਿ ਜਾਵੈ।
ਦਾਸੀ ਤੁਲਸਾਂ ਬੀਬੀ ਕੇ ਸਮ ਉਬਰਨ ਧੀਰਜ ਸੁਦੇਈ।
ਪੌਂਛ ਤਿ ਬਦਨੰ, ਭਨਤਿ ਦਿਲਾਸਾ, ਜਤਨ ਅਨੇਕ ਕਰੇਈ॥ ੧੬॥

ਗੁਰੂ ਜੀ ਦੇ ਵਜੂਦ ਦੇ ਪ੍ਰੇਮ ਰੂਪੀ ਸਮੁੰਦਰ ਵਿਚ ਡੁੱਬ ਗਈ, ਗਿਆਨ ਰੂਪ ਕਿਨਾਰਾ ਕਿਤੇ ਲੱਭ ਨਹੀਂ ਸੀ ਰਿਹਾ। ਨਾਨਕ ਰੂਪ ਜਹਾਜ਼ ਪਾਸ ਨਹੀ ਸੀ, ਜਿਸ ਕਾਰਨ ਤਰ ਕੇ ਸਮੁੰਦਰ ਪਾਰ ਕਰ ਜਾਂਦੀ। ਦਾਸੀ ਤੁਲਸਾਂ ਲਹਿਰਾਂ ਰੂਪ ਬਣ ਕੇ ਤਰ ਪੈਣ ਵਾਸਤੇ ਧੀਰਜ ਦੇਂਦੀ ਹੈ। ਉਸ ਦੇ ਮੁਖੜੇ ਨੂੰ ਪੂੰਝ ਕੇ ਦਿਲਾਸਾ ਦਿੰਦੀ ਹੈ ਅਤੇ ਸ਼ਾਂਤ ਕਰਨ ਵਾਸਤੇ ਅਨੇਕ ਜਤਨ ਕਰਦੀ ਹੈ॥ ੧੬॥

ਰੋਦਨ ਕਰਤਿ ਨ ਨਿਵਰੈ ਕਿਤ ਬਿਧਿ, ਜੱਦਪਿ ਰਿਦਾ ਗਜਾਨੀ।
ਸ੍ਰੀ ਨਾਨਕ ਸਨੇਹ ਕੀ ਮਹਿਮਾ, ਵਿਛੁਰਨ ਤੇ ਬਿਲਖਾਨੀ।
ਹੁਤੋ ਜਰਾਮ ਗਯੋ ਕਿਤ ਕਾਜਾ ਆਵਾ ਤਿਹ ਛਿਨ ਮਾਂਹੀ।
ਬਿਸਮਾਦਜੋ ਰੋਦਤਿ ਪਸ਼ਯੰਤੂ ਤੁਲਸਾਂ ਸੋ ਬਚ ਪ੍ਰਾਹੀ॥ ੧੭॥

ਰੋਂਦੀ ਹੈ ਅਤੇ ਕਿਸੇ ਤਰ੍ਹਾਂ ਵੀ ਚੁੱਪ ਨਹੀਂ ਕਰਦੀ ਹੈ, ਜਦ ਤਕ ਹਿਰਦਾ ਅਗਿਆਨੀ ਹੈ। ਸ੍ਰੀ ਨਾਨਕ ਦੇ ਪ੍ਰੇਮ ਦੀ ਮਹਿਮਾ ਵਿਛੜਨ ਕਰਕੇ ਘਬਰਾ ਗਈ ਹੈ। ਜੈ ਰਾਮ ਬਾਹਰ ਕਿੱਤੇ ਕੰਮ ਗਿਆ ਹੋਇਆ ਸੀ, ਉਹ ਵੀ ਉਸ ਵੇਲੇ ਘਰ ਆ ਗਿਆ। ਬੇਬੇ ਨਾਨਕੀ ਨੂੰ ਰੋਂਦੀ ਵੇਖ ਕੇ ਉਹ ਬਹੁਤ ਹੈਰਾਨ ਹੋਇਆ, ਫਿਰ ਉਸ ਤੁਲਸਾਂ ਨੂੰ ਇਹ ਬਚਨ ਕਹੇ।

'ਕਹੁ ਕੈਸੇ ਕਜਾ ਭਯੋ ਕੁਕਾਜਾ ਰੋਦਤਿ ਕਾਲੂ ਤਨਿਯਾ?'
ਤੁਲਸਾਂ ਭਨਤਿ 'ਚਲਯੋ ਮਰਦਾਨਾ, ਏਕਲ ਭ੍ਰਾਤਾ ਗੁਨਿਯਾ।
ਹੋਹਿਂ ਉਦਾਸੂ, ਜਾਹਿਂ ਬਿਦੇਸ਼ਾ, ਬਿਛੁਰਨ ਕੋ ਦੁਖ ਮਾਨਾ।
ਧਰਨ ਰਬਾਬ ਅਬਹਿ ਇਹ ਆਵਾ, ਸੁਨਿ ਕਰਿ ਰੋਦਨ ਠਾਨਾ॥ ੧੮॥

ਮੈਨੂੰ ਦੱਸੋ ਕੀ ਕੁਕਰਮ ਹੋ ਗਿਆ ਹੈ ਕਿ ਮਹਿਤਾ ਕਾਲੂ ਦੀ ਪੁੱਤਰੀ ਇਸ ਤਰ੍ਹਾਂ ਰੋ ਰਹੀ ਹੈ? ਤੁਲਸਾਂ ਨੇ ਉੱਤਰ ਦਿੱਤਾ, ਮਰਦਾਨਾ ਚਲੇ ਚਲਿਆ ਹੈ ਅਤੇ ਭਰਾ ਜੀ ਇਕੱਲੇ ਰਹਿ ਗਏ ਹਨ, ਇਹ ਸਮਝ ਕੇ। ਉਦਾਸ ਹੋ ਗਏ ਹਨ। ਭਰਾ ਜੀ ਬਿਦੇਸ਼ਾਂ ਵਿਚ ਜਾ ਰਹੇ ਹਨ, ਇਸ ਵਿਛੋੜੇ ਦਾ ਦੁੱਖ ਮੰਨਿਆ ਹੈ। ਰਬਾਬ ਰੱਖਣ ਵਾਸਤੇ ਮਰਦਾਨਾ ਆਇਆ ਹੈ, ਉਸ ਪਾਸੋਂ ਸੁਣ ਕੇ ਰੋਣ ਲੱਗ ਗਏ ਹਨ॥ ੧੮॥

ਭਨਤਿ ਜਰਾਮ 'ਰਹਹਿ ਮਰਦਾਨਾ ਜਿਸ ਬਿਧਿ, ਕਰਿਯੇ ਸੋਊ।
ਰਾਖਹਿਂ ਇਹਾਂ, ਨ ਜਾਵਹਿ ਘਰ ਕੋ, ਕਿਉਂ ਉਦਾਸ ਉਰ ਹੋਊ।
'ਸੁਨਿ ਆਰਜ ਸੁਤ! ਜੇ ਮਰਦਾਨਾ ਰਹੈ ਭ੍ਰਾਤ ਕੇ ਪਾਸੂ।
ਪਰਚੇ ਰਹੈਂ ਦੂਰ ਨਹਿਂ ਜਾਵਹਿਂ, ਨਤੁ ਪੁਨਿ ਹੋਇਂ ਉਦਾਸੂ॥ ੧੯॥

ਜੈ ਰਾਮ ਨੇ ਕਿਹਾ, "ਹੇ ਮਰਦਾਨਾ ਤੁਸੀਂ ਗੁਰੂ ਜੀ ਪਾਸ ਰਹੋ, ਜਿਸ ਤਰ੍ਹਾਂ ਕਹੋਗੇ ਉਸ ਤਰ੍ਹਾਂ ਕਰਾਂਗੇ, ਏਥੇ ਰੱਖਾਂਗੇ, ਘਰ ਜਾਣ ਨਹੀਂ ਦੇਵਾਂਗੇ, ਫਿਰ ਹਿਰਦਾ ਕਿਉਂ ਉਦਾਸ ਹੋਵੇਗਾ।" ਬੇਬੇ ਜੀ ਕਹਿਣ ਲੱਗੇ, 'ਹੇ ਸ੍ਰੇਸ਼ਟ ਦੇ ਸਪੁੱਤਰ! ਸੁਣੋ, ਜੇ ਮਰਦਾਨਾ ਭਰਾ ਦੇ ਪਾਸ ਰਹੇ। ਨੇੜੇ ਰਹਿਣ, ਦੂਰ ਨਾ ਜਾਣ ਫਿਰ ਮਨ ਕਿਵੇਂ ਉਦਾਸ ਹੋਵੇਗਾ॥ ੧੯॥

ਨਿਕਟਿ ਰਹਤਿ ਆਨਨ ਅਰਬਿੰਦਾ ਕਬਿ ਕਬਿ ਹੌਂ ਪਸ਼ਯੰਤੂ।
ਜਾਹਿਂ ਬਿਦੇਸ਼ ਨ ਦੀਸਹਿਂ ਮੋਹੂ ਮਨ ਲਖਿ ਇਉਂ ਬਿਲਖੰਤੂ।
ਕਹਿ ਜਰਾਮ 'ਨਾਨਕ ਪਰ ਨਿਸ਼ਚਾ ਉਰ ਥਿਰ ਗਿਰ ਸਰ ਤੇਰੇ।
ਭ੍ਰਮ ਬੱਜਰ ਤੇ ਬਰਹਰ ਡੋਲਜੋ, ਧੀਰ ਨਸੀ ਇਹ ਬੇਰੇ॥ ੨੦॥

ਜੇ ਕੰਵਲ ਮੁਖ ਵਾਲੇ ਨੇੜੇ ਰਹਿਣ ਤਾਂ ਕਦੀ ਕਦੀ ਮੈਂ ਵੀ ਵੇਖ ਲਿਆ ਕਰਾਂਗੀ। ਜੇ ਬਿਦੇਸ਼ ਜਾਣਗੇ ਤੇ ਉਨ੍ਹਾਂ ਦਾ ਮੁਖੜਾ ਦਿਸੇਗਾ ਨਹੀਂ, ਤਾਂ ਮਨ ਇਹ ਸਮਝ ਕੇ ਘਬਰਾ ਰਿਹਾ ਹੈ। ਜੈ ਰਾਮ ਨੇ ਕਿਹਾ, "ਨਾਨਕ ਉੱਤੇ ਤੇਰਾ ਭਰੋਸਾ ਪਹਾੜ ਬਰਾਬਰ ਸਥਿਰ ਹੈ। ਇੰਦਰ ਦੇ ਬੱਜਰ ਵਾਂਗ ਜਿਸ ਨੂੰ ਵੇਖ ਕੇ ਪਹਾੜ ਵੀ ਡੋਲ ਜਾਂਦੇ ਹਨ, ਇਸ ਤਰ੍ਹਾਂ ਭਰਮ ਬਜਰ ਨੇ ਤੁਹਾਡੀ ਸਥਿਰਤਾ ਨੂੰ ਹਿਲਾ ਦਿੱਤਾ ਹੈ ਅਤੇ ਇਸ ਸਮੇਂ ਤੁਹਾਡੇ ਵਿਚ ਧੀਰਜ ਨਹੀਂ ਹੈ॥ ੨੦॥

ਨਿਤਾਪ੍ਰਤੀ ਮੁਝ ਕੋ ਸਮਝਾਵਤਿ, ਅਬ ਕਿਉਂ ਉਰ ਮਹਿਂ ਭਰਮੀ?
ਸ੍ਰੀ ਨਾਨਕ ਅਵਿਲੰਬ ਸਦਾ ਨਿਜ, ਲਖਹਿਂ ਸੁ ਤਿਨ ਕੇ ਮਰਮੀ।
ਪੁਨ ਮਰਦਾਨਾ ਜੈਸੇ ਰਹਿ ਪੁਰਿ, ਤੈਸੇ ਕਰਹੁ ਉਪਾਈ।
ਕੈਸੇ ਰਿਦੇ ਉਦਾਸ ਭਯੋ ਹੈ ਕਿਉਂ ਤਲਵੰਡੀ ਜਾਈ?'॥ ੨੧॥

ਹਰ ਸਮੇਂ ਮੈਨੂੰ ਸਮਝਾਉਂਦੀ ਰਹਿੰਦੀ ਸੀ, ਹੁਣ ਆਪ ਕਿਉਂ ਭਰਮਾਂ ਵਿਚ ਪੈ ਗਈ ਹੈਂ। ਸ੍ਰੀ ਨਾਨਕ ਆਪ ਆਸਰਾ ਰੂਪ ਹਨ, ਉਨ੍ਹਾਂ ਨੂੰ ਕਿਸੇ ਦੇ ਆਸਰੇ ਦੀ ਕੀ ਲੋੜ ਹੈ, ਜਿਹੜੇ ਉਨ੍ਹਾਂ ਦੇ ਭੇਦ ਜਾਣਦੇ ਹਨ ਉਹ ਸਮਝਦੇ ਹਨ। ਹੋਰ ਮਰਦਾਨਾ ਜਿਵੇਂ ਕਿਵੇਂ ਨਗਰ ਵਿਚ ਰਹੇ ਉਸਦਾ ਉਪਾਅ ਕਰੋ। ਇਸ ਦਾ ਹਿਰਦਾ ਕਿਉਂ ਉਦਾਸ ਹੋਇਆ ਹੈ, ਇਹ ਤਲਵੰਡੀ ਨੂੰ ਕਿਉਂ ਚਲਿਆ ਹੈ?"॥ ੨੧॥

ਭਨਤਿ ਨਾਨਕੀ 'ਬੂਝਹੁ ਤਿਹ ਸੋਂ ਕਿਉਂ ਦਿਲਗੀਰ ਭਯੋ ਹੈ?'
ਕਹਿ ਜਰਾਮ 'ਸੁਨੀਯੇ ਮਰਦਾਨਾ! ਕਿਉਂ ਤੁਮ ਚਲਨ ਚਹਯੋ ਹੈ?
ਸ੍ਰੀ ਨਾਨਕ ਕੋ ਬਹੁ ਹਿਤ ਤੋ ਪਰ ਕੈਸੇ ਭਈ ਵਿਚਾਰਾ?'
ਰਹੋ ਸੰਗਿ, ਨਾ ਕਰਹੁ ਪਯਾਨਾ, ਚਹੋ ਜੁ ਲਿਹੁ ਨ ਅਵਾਰਾ॥ ੨੨॥

ਬੇਬੇ ਨਾਨਕੀ ਨੇ ਕਿਹਾ, "ਇਸ ਨੂੰ ਪੁਛੋ ਇਹ ਕਿਉਂ ਦਿਲਗੀਰ ਹੋਇਆ ਹੈ।" ਜੈ ਰਾਮ ਨੇ ਕਿਹਾ, "ਸੁਣ ਮਰਦਾਨਾ! ਤੂੰ ਤਲਵੰਡੀ ਨੂੰ ਕਿਉਂ ਚਲਿਆ ਹੈਂ? ਸ੍ਰੀ ਨਾਨਕ ਤੈਨੂੰ ਬਹੁਤ ਪਿਆਰ ਕਰਦੇ ਹਨ, ਫਿਰ ਇਸ ਤਰ੍ਹਾਂ ਦਾ ਵਿਚਾਰ ਕਿਵੇਂ ਬਣਾ ਲਿਆ। ਉਸ ਦੇ ਨਾਲ ਰਹੋ, ਤਲਵੰਡੀ ਨਾ ਜਾਓ। ਜੋ ਚਾਹੁੰਦੇ ਹੋ ਸਾਥੋਂ ਲਵੋ, ਅਸੀਂ ਇਸ ਵਿਚ ਕੋਈ ਦੇਰੀ ਨਹੀਂ ਕਰਾਂਗੇ॥ ੨੨॥

'ਸੁਨਿ ਜਰਾਮ ਤਿਨ ਸੰਗ ਨ ਨਿਬਹੈ ਕਲਾਵਾਨ ਅਵਤਾਰਾ।
ਲਗੀ ਸਮਾਧਿ ਤੀਨ ਦਿਨ ਬੀਤੇ,' ਹਾਥ ਨਾ ਆਇ ਅਹਾਰਾ।
ਤਿਨ ਕੋ ਭੂਖ ਪਜਾਸ ਨਹਿਂ ਕਬਹੂੰ, ਹੌਂ ਭੋਜਨ ਨਿਤ ਚਾਹੌਂ।
ਨਗਰ ਮੱਧ ਮੁਝ ਨਹੀਂ ਸੰਦੇਹਾ, ਕਾਨਨ ਕਹਿਂ ਤੇ ਖਾਹੌਂ?'॥ ੨੩॥

ਮਰਦਾਨੇ ਨੇ ਕਿਹਾ, "ਹੇ ਜੈ ਰਾਮ ਸੁਣੋ, ਮੇਰੀ ਉਨ੍ਹਾਂ ਨਾਲ ਨਹੀਂ ਨਿਭ ਸਕਦੀ, ਕਿਉਂਕਿ ਉਹ ਕਲਾਵਾਨ ਪ੍ਰਭੂ ਦਾ ਅਵਤਾਰ ਹਨ। ਉਨ੍ਹਾਂ ਦੀ ਸਮਾਧੀ ਤਿੰਨ ਦਿਨ ਲੱਗੀ ਰਹੀ ਅਤੇ ਮੈਂ ਤਿੰਨ ਦਿਨ ਆਹਾਰ ਰਹਿਤ ਭਾਵ ਭੁੱਖਾ ਰਿਹਾ। ਉਨ੍ਹਾਂ ਨੂੰ

ਕਦੇ ਭੁੱਖ ਪਿਆਸ ਨਹੀਂ ਲੱਗਦੀ, ਪਰ ਮੈਂ ਨਿੱਤ ਭੋਜਨ ਚਾਹੁੰਦਾ ਹਾਂ, ਸ਼ਹਿਰ ਵਿਚ ਅੰਨ ਮਿਲ ਜਾਣ ਦਾ ਮੈਨੂੰ ਸੰਸਾ ਨਹੀਂ, ਪਰ ਜੰਗਲ ਵਿਚ ਕਿਸ ਪਾਸੋਂ ਲੈ ਕੇ ਖਾਵਾਂ॥ ੨੩॥

ਮਰਹਰੀ ਛੰਦ-'ਸੁਨਿਯੇ ਮਰਦਾਨਾ ਕਰਿ ਗੁਜਰਾਨਾ ਜਿਹ ਬਿਧਿ ਹੋਇ ਤੁਮਾਰ।
ਰਹੁ ਪੁਰਿ ਸੁਲਤਾਨਾ ਕਰਿ ਘਰ ਖਾਨਾ ਦੋਨੋ ਕਾਲ ਅਹਾਰ।
ਜੇ ਗਵਨਹੁ ਆਨਾ ਲਿਹੁ ਧਨ ਪਾਨਾ, ਕਰਿ ਖਰੀਦ ਤਹਿਂ ਖਾਉ।
ਨਾ ਕਰਹੁ ਪਯਾਨਾ, ਰਹੁ ਇਹ ਥਾਂਨਾ, ਨਾਨਕ ਢਿਗ ਹਰਿਖਾਉ' ॥੨੪॥

"ਹੇ ਮਰਦਾਨੇ ! ਸੁਣੋ, ਕਿਸੇ ਤਰ੍ਹਾਂ ਵੀ ਜਿਵੇਂ ਵੀ ਹੋਵੇ ਗੁਜ਼ਾਰਾ ਕਰੋ। ਸੁਲਤਾਨਪੁਰ ਵਿਚ ਰਹੋ ਅਤੇ ਦੋਵੇਂ ਵੇਲੇ ਆ ਕੇ ਭੋਜਨ ਕਰ ਜਾਇਆ ਕਰੋ। ਜੇ ਕਿਤੇ ਹੋਰਥੇ ਜਾਣਾ ਹੋਵੇ, ਸਾਥੋਂ ਧਨ ਲੈ ਜਾਵੇ ਅਤੇ ਬਾਹਰ ਜਾ ਕੇ ਖਰੀਦ ਕੇ ਭੋਜਨ ਛੱਕ ਲਵੇ। ਤਲਵੰਡੀ ਨਾ ਜਾਓ, ਇਸ ਥਾਂ ਹੀ ਰਹੋ, ਸ੍ਰੀ ਨਾਨਕ ਦੇ ਨਾਲ ਰਹਿ ਕੇ ਪ੍ਰਸੰਨ ਰਹੋ'॥ ੨੪॥

ਸੁਨਿ ਕਰਿ ਮਰਦਾਨਾ ਉਰ ਹਰਖਾਨਾ ਕੀਨੋ ਰਹਿਨ ਵਿਚਾਰ।
ਮੁਖ ਬਚਨ ਬਖਾਨਾ 'ਤੁਮ ਕਹਿ ਮਾਨਾ, ਜਾਉ ਨ ਮੈਂ ਆਗਾਰ'।
ਹੋਈ ਪੁਨਿ ਰੈਨਾ, ਰਹਜੋ ਸੁ ਐਨਾ, ਖੁਸ਼ੀ ਨਾਨਕੀ ਭੂਰ।
ਜਿਉਂ ਹੁਇ ਰੁਕ ਗ੍ਰਹ ਨਰ ਜਾਵਹਿ ਤਿਹ ਟਰਿ, ਤਿਉਂ ਉਰ ਪੀਰਾ ਦੂਰ ॥੨੫॥

ਇਹ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਓਥੇ ਰਹਿਣ ਦਾ ਉਸ ਵਿਚਾਰ ਬਣਾ ਲਿਆ। ਆਪਣੇ ਮੁੱਖ ਤੋਂ ਉਸ ਇਹ ਬਚਨ ਕਹੇ, "ਤੁਹਾਡਾ ਕਿਹਾ ਮੈਂ ਮੰਨਦਾ ਹਾਂ ਤੇ ਘਰ ਨਹੀਂ ਜਾਂਦਾ ਹਾਂ।" ਫਿਰ ਰਾਤ ਪਈ, ਓਥੇ ਹੀ ਰਹਿ ਪਿਆ ਅਤੇ ਬੇਬੇ ਨਾਨਕੀ ਜੀ ਬਹੁਤ ਖੁਸ਼ ਹੋਏ। ਜਿਵੇਂ ਕਿਸੇ ਮਨੁੱਖ ਨੂੰ ਗ੍ਰਹਿ ਦੀ ਰੋਕ ਹੋਵੇ ਤੇ ਉਹ ਟਲ ਜਾਵੇ ਤਾਂ ਹਿਰਦੇ ਦੀ ਪੀੜ ਦੂਰ ਹੋ ਜਾਂਦੀ ਹੈ॥ ੨੫॥

ਦੁਵੱਯਾ ਛੰਦ-ਭੋਰ ਭਈ ਮਰਦਾਨਾ ਬੋਲਜੋ 'ਜਾਵੋਂ ਨਾਨਕ ਪਾਸੀ'।
'ਭੋਜਨਿ ਕਰਿ ਤਯਾਰ ਤੁਝ ਦੇਵਹਿਂ, ਖਾਇ ਜਾਹੁ ਛੁਧ ਨਾਸੀ'।
ਮਾਨ ਬਚਨ ਮੁਖ ਅਚਜੋ ਅਹਾਰਾ, ਗਵਨਨ ਭਯੋ ਤਯਾਰੀ।
ਗਰ ਕੋ ਚੀਰ ਜਰਾਮ ਦਯੋ ਤਬ ਪਹਿਰਜੋ ਹਰਖਤਿ ਭਾਰੀ॥ ੨੬॥

ਜਾਂ ਸਵੇਰ ਹੋਈ ਤਾਂ ਮਰਦਾਨਾ ਕਹਿਣ ਲੱਗਾ, "ਮੈਂ ਹੁਣ ਗੁਰੂ ਨਾਨਕ ਜੀ ਪਾਸ ਜਾਂਦੇ ਹਾਂ" ਬੇਬੇ ਨਾਨਕੀ ਨੇ ਕਿਹਾ, ਤੈਨੂੰ ਭੋਜਨ ਤਿਆਰ ਕਰ ਦਿੰਦੇ ਹਾਂ ਭੋਜਨ ਛੱਕ ਕੇ ਜਾਵੇ ਤਾਂਕਿ ਭੁੱਖ ਦੂਰ ਹੋਵੇ। ਬੇਬੇ ਜੀ ਦੇ ਬਚਨ ਮੰਨ ਕੇ ਮਰਦਾਨੇ ਨੇ ਭੋਜਨ ਛੱਕ ਲਿਆ ਅਤੇ ਫਿਰ ਜਾਣ ਦੀ ਤਿਆਰੀ ਕਰ ਲਈ। ਗਲ ਪਹਿਨਣ ਵਾਸਤੇ ਜੈ ਰਾਮ ਨੇ ਵਸਤਰ ਦਿੱਤੇ, ਜਿਨ੍ਹਾਂ ਨੂੰ ਪਹਿਨ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ॥ ੨੬॥

ਬੀਸ ਰਜਤਪਣ ਦੀਨੇ ਬਹੁਰੋ ਭਨਤਿ ਨਾਨਕੀ ਬੈਨਾ।
'ਸਦਨ ਆਨਿ ਮੁਝ ਦਰਸ਼ਨ ਦੀਜੈ, ਭਨਹੁ ਬਿਨੈ ਗੁਨਐਨਾ।
ਅਧਿਕ ਲਾਲਸਾ ਹਿਰਦੇ ਲਖਿ ਕਰਿ ਦਯਾ ਧਾਰਿ ਘਰ ਆਵੈਂ।
ਜਾਹੁ ਅਬਹਿ ਮਰਦਾਨਾ! ਤਿਨ ਢਿਗ ਅਨਤ ਥਾਨ ਨਹਿਂ ਜਾਵੈਂ ॥੨੭॥

ਵੀਹ ਰੁਪਏ ਦੇ ਕੇ ਬੇਬੇ ਨਾਨਕੀ ਨੇ ਕਿਹਾ, "ਘਰ ਆ ਕੇ ਮੈਨੂੰ ਦਰਸ਼ਨ ਦੇਣ, ਇਹ ਮੇਰੀ ਬੇਨਤੀ ਗੁਣਾਂ ਦੀ ਖਾਨ, ਭਾਵ ਵੀਰ ਜੀ ਨੂੰ ਕਹਿ ਦੇਣੀ। ਹਿਰਦੇ ਵਿਚ ਅਧਿਕ ਲਾਲਸਾ ਰੱਖ ਕੇ ਅਤੇ ਦਇਆ ਧਾਰ ਕੇ ਘਰ ਆਉਣ, ਹੇ ਮਰਦਾਨਾ! ਹੁਣੇ ਉਨ੍ਹਾਂ ਪਾਸ ਜਾਵੇ ਉਹ ਹੋਰ ਕਿਸੇ ਥਾਂ ਨਾ ਚਲੇ ਜਾਣ"॥ ੨੭॥

ਕੰਧੇ ਧਰਿ ਰਬਾਬਾ ਕੋ ਗਮਨਜੋ ਸ੍ਰੀ ਗੁਰੂ ਢਿਗ ਤਬ ਆਯੋ।
ਬੰਦਨ ਕਰਿ ਬੈਸਜੋ ਗੁਰੁ ਬੋਲੇ 'ਕਿਉਂ ਰਬਾਬ ਪੁਨ ਲਜਾਯੋ'?
ਕਹੈ 'ਗਯੋ ਮੈਂ ਧਰਨ ਜਬੈ ਤਹਿਂ ਭਗਨੀ ਮਨੁ ਅਨੁਰਾਗਾ।
ਮਮ ਜਾਵਨ ਕੀ ਬਾਤ ਸੁਨੀ, ਤਿਨ ਕੀਨੋ ਵਡ ਬੈਰਾਗਾ॥ ੨੮॥

ਰਬਾਬ ਨੂੰ ਮੋਢੇ ਤੇ ਰੱਖ ਕੇ ਮਰਦਾਨਾ ਗੁਰੂ ਜੀ ਪਾਸ ਪਹੁੰਚ ਗਿਆ, ਜਦ ਬੰਦਨਾ ਕਰਕੇ ਬੈਠ ਗਿਆ ਤਾਂ ਗੁਰੂ ਜੀ ਬੋਲੇ, ਇਹ ਰਬਾਬ ਦੁਬਾਰਾ ਕਿਉਂ ਲੈ ਕੇ ਆਇਆ ਹੈਂ? ਮਰਦਾਨੇ ਕਿਹਾ, ਜਦ ਮੈਂ ਰਬਾਬ ਘਰ ਵਿਖੇ ਧਰਨ ਗਿਆ ਤਾਂ ਤੁਹਾਡੀ ਭੈਣ ਜੀ ਦਾ ਮਨ ਬਹੁਤ ਪਿਆਰ ਵਿਚ ਆ ਗਿਆ। ਜਦ ਮੇਰੇ ਜਾਣ ਦੀ ਗੱਲ ਸੁਣੀ ਤਾਂ ਉਨ੍ਹਾਂ ਨੇ ਬਹੁਤ ਵੈਰਾਗ ਕੀਤਾ॥ ੨੮॥

ਆਨਿ ਜਰਾਮ ਭਨੇ ਮੁਖ ਬਚਨਾ-ਜਬ ਲੌ ਪੁਰਿ ਸੁਲਤਾਨਾ।
ਤਬ ਲੌ ਭੋਜਨ ਖਾਵਹੁ ਹਮ ਘਰ ਪੁਨਿ ਕੀ ਖਰਚੀ ਪਾਨਾ।
ਬੀਸ ਕਾਰਖਿਕ, ਗਰ ਕੇ ਅੰਬਰ ਦੈ ਕਰਿ ਮੁਝੈ ਪਠਾਯਾ।
ਪੁਨਿ ਭਗਨੀ ਭਨਿ ਆਨਿ ਸਦਨ ਮੁਝ-ਦਿਹੁ ਦਰਸ਼ਨ ਕਰਿ ਦਾਯਾ ॥੨੯॥

ਫਿਰ ਆ ਕੇ ਜੈ ਰਾਮ ਨੇ ਮੁੱਖ ਤੋਂ ਇਹ ਬਚਨ ਕਹੇ, ''ਜਦ ਤਕ ਤੁਸੀ ਸੁਲਤਾਨਪੁਰ ਵਿਚ ਹੋ ਤਦ ਤਕ ਦੋਵੇਂ ਵੇਲੇ ਘਰ ਆ ਕੇ ਭੋਜਨ ਖਾ ਜਾਇਆ ਕਰੋ, ਫਿਰ ਹੱਥ ਵਿਚ ਕੁਝ ਖਰਚਾ ਵੀ ਦਿੱਤਾ ਹੈ। ਵੀਹ ਰੁਪਏ ਅਤੇ ਗਲ ਪਾਉਣ ਵਾਸਤੇ ਪੋਸ਼ਾਕਾਂ ਦੇ ਕੇ ਮੈਨੂੰ ਭੇਜਿਆ ਹੈ। ਫਿਰ ਤੁਹਾਡੀ ਭੈਣ ਜੀ ਨੇ ਮੈਨੂੰ ਕਿਹਾ ਕਿ ਆਪ ਜੀ ਘਰ ਵਿਚ ਆ ਕੇ ਦਇਆ ਧਾਰ ਕੇ ਦਰਸ਼ਨ ਦੇਵੋ''।

'ਕਜਾ ਕੀਨੋ ਤੈਂ ਏਹ ਕੁਕਾਮਾ ਅੰਤਹਿ ਡੂੰਮ ਸੁਭਾਏ।
ਆਗੇ ਤਿਨ ਪਾਲਨਿ ਸਿਰੀ ਚੰਦਾ ਪੁਨਿ ਜਾਚੇ ਤੁਮ ਜਾਏ।
ਭਲੋ ਕਾਜ ਕੀਨੋ ਇਹ ਨਾਂਹੀ ਲਾਲਚ ਕਰਿ ਧਨ ਆਨਾ।
ਜਾਹੁ ਸਪਦ ਮੁਰ ਮੋਰ ਸੁ ਦੀਜੈ, ਨਹਿ ਰਾਖਹੁ ਨਿਜ ਪਾਨਾ॥ ੩੦॥

''ਇਹ ਤੂੰ ਕੀ ਕੁਕਰਮ ਕੀਤਾ ਹੈ? ਅਖੀਰ ਡੂੰਮਾਂ ਵਾਲੀ ਆਦਿਤ ਨਹੀ ਛੱਡੀ? ਪਹਿਲਾਂ ਉਹ ਸ੍ਰੀ ਚੰਦ ਦੀ ਪਾਲਣਾ ਕਰ ਰਹੇ ਹਨ, ਫਿਰ ਤੂੰ ਵੀ ਜਾ ਕੇ ਪੈਸੇ ਮੰਗ ਲਏ। ਇਹ ਤੂੰ ਚੰਗਾ ਕੰਮ ਨਹੀਂ ਕੀਤਾ, ਲਾਲਚ ਕਰਕੇ ਧਨ ਲੈ ਆਇਆ ਹੈਂ। ਛੇਤੀ ਮੁੜ ਕੇ ਜਾਓ ਅਤੇ ਪੈਸੇ ਮੋੜ ਕੇ ਆਓ, ਆਪਣੇ ਹੱਥ ਵਿਚ ਨਾ ਰੱਖੋ''॥ ੩੦॥

'ਸੁਨਿ ਨਾਨਕ ਜੀ! ਕੂਰ ਨ ਕਹਿਹੌਂ ਨਹਿਂ ਜਾਚੇ ਮੈਂ ਜਾਏ।
ਦਏ ਆਪ ਤਿਨ ਹਿਤ ਕਰਿ ਹਿਰਦੈ ਤਬ ਲੇਕਰਿ ਹੌਂ ਆਏ।
ਅਬ ਜਿਹ ਬਿਧਿ ਤੁਮ ਬਦਨ ਬਦਾਹੁਗੇ ਤਸ ਬਿਧਿ ਮੈਂ ਅਨੁਸਾਰਾ।
ਜਿਉਂ ਤੁਮ ਸੰਗ ਹੋਇ ਨਿਰਬਹਿਵਾ ਤੈਸੇ ਕਰਹੁ ਵਿਚਾਰਾ''॥ ੩੧॥

ਭਾਈ ਮਰਦਾਨਾ ਕਹਿਣ ਲੱਗਾ, ''ਹੇ ਨਾਨਕ ਜੀ! ਸੁਣੋ, ਮੈਂ ਝੂਠ ਨਹੀ ਬੋਲਦਾ ਹਾਂ, ਮੈਂ ਜਾ ਕੇ ਪੈਸੇ ਨਹੀ ਮੰਗੇ ਹਨ, ਉਨਾਂ ਹਿਰਦੇ ਵਿਚ ਬੜਾ ਸਨੇਹ ਕਰਕੇ ਆਪ ਪੈਸੇ ਦਿੱਤੇ ਹਨ, ਤਦ ਮੈਂ ਲੈ ਕੇ ਆਇਆ ਹਾਂ। ਹੁਣ ਜਿਸ ਤਰ੍ਹਾਂ ਵੀ ਤੁਸੀ ਮੁੱਖ ਤੋਂ ਕਹੋਗੇ, ਉਸ ਤਰ੍ਹਾਂ ਹੀ ਮੈਂ ਤੁਹਾਡੀ ਆਗਿਆ ਅਨੁਸਾਰ ਕਰਾਂਗਾ, ਜਿਵੇਂ ਤੁਹਾਡੇ ਨਾਲ ਨਿਰਬਾਹ ਹੋ ਸਕੇ ਉਸ ਤਰ੍ਹਾਂ ਹੀ ਵਿਚਾਰ ਕਰੋ''॥ ੩੧॥

ਕਹਿ ਸ੍ਰੀ ਗੁਰ "ਨਰ ਆਸ ਨ ਰਖੀਏ ਬਹੁ ਬਿਕਾਰ ਇਸ ਮਾਂਹੀ।
ਤ੍ਰਿਸ਼ਨਾ ਅਧਿਕ ਹੋਇ ਨਹਿੰ ਤ੍ਰਿਪਤੈ ਬਹੁਰ ਬਹੁਰ ਭ੍ਰਮਾਹੀ॥
ਏਕ ਜਾਚ ਦੂਜੇ ਢਿਗ ਜਾਵਹਿ ਪੁਨਿ ਤੀਸਰਿ ਪਹਿ ਦੀਨਾ।
ਚਤੁਰਥ ਤੇ ਜਾਚਹਿ ਹੁਇ ਆਤੁਰ, ਤ੍ਰਿਸ਼ਨਾ ਕੀਨਿ ਅਧੀਨਾ॥ ੩੨॥

ਸ੍ਰੀ ਗੁਰੂ ਜੀ ਨੇ ਕਿਹਾ, "ਕਿਸੇ ਮਨੁੱਖ 'ਤੇ ਆਸ ਨਾ ਰੱਖੀਏ, ਇਸ ਵਿਚ ਬਹੁਤ ਵਿਕਾਰ ਹੈ, ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ, ਮਨ ਕਦੀ ਵੀ ਸੰਤੁਸ਼ਟ ਨਹੀ ਹੁੰਦਾ ਅਤੇ ਬਾਰ ਬਾਰ ਭਟਕਦਾ ਹੈ। ਇਕ ਪਾਸੋਂ ਮੰਗ ਕੇ ਫਿਰ ਦੂਸਰੇ ਪਾਸ ਜਾਂਦਾ ਹੈ, ਫਿਰ ਤੀਸਰੇ ਪਾਸ ਜਾ ਕੇ ਮਿੰਤਾ ਤਰਲੇ ਕਰਦਾ ਹੈ। ਜਦ ਚੌਥੇ ਪਾਸ ਜਾ ਕੇ ਮੰਗਦਾ ਹੈ ਤਾਂ ਬੜਾ ਦੁਖੀ ਹੁੰਦਾ ਹੈ। ਤ੍ਰਿਸ਼ਨਾ ਮੰਗਣ ਵਾਲੇ ਨੂੰ ਪਰ ਅਧੀਨ ਕਰਦੀ ਹੈ॥ ੩੨॥

ਏਕ ਆਸ ਰਾਖਹੁ ਅਬਿਨਾਸ਼ੀ, ਤ੍ਰਿਸ਼ਨਾ ਨਾਸਹਿ ਆਨਾ।
ਜਹਿਂ ਜਹਿਂ ਹੋਇ ਪੁਚਾਵਹਿ ਤਹਿਂ ਤਹਿਂ ਕੀਟ ਮੱਧ ਪਾਖਾਨਾ।
ਉਦਰ ਬਿਖੇ ਪ੍ਰਤਿਪਾਲਹਿ ਜੋਊ, ਜਨਮਤਿ ਦੇਹਿ ਅਹਾਰਾ।
ਪੂਰਬ ਅਸਥਨ ਮਹਿਂ ਕੁਛ ਨਾਂਹੀ ਪੁਨਿ ਪੈ ਪਸਮਤਿ ਧਾਰਾ॥ ੩੩॥

ਕੇਵਲ ਇਕ ਪ੍ਰਭੂ ਤੇ ਆਸ ਰੱਖੋ, ਫਿਰ ਤ੍ਰਿਸ਼ਨਾ ਦੂਰ ਹੋ ਜਾਵੇਗੀ। ਪ੍ਰਭੂ ਜਿਥੇ ਕਿਥੇ ਵੀ ਕੋਈ ਹੋਵੇ ਰਿਜ਼ਕ ਪਹੁੰਚਾਉਂਦਾ ਹੈ, ਇਥੋਂ ਤਕ ਕਿ ਪੱਥਰ ਵਿਚ ਕੀੜੇ ਨੂੰ ਵੀ ਆਹਾਰ ਦਿੰਦਾ ਹੈ। ਜੋ ਪੇਟ ਦੀ ਪ੍ਰਤਿਪਾਲਨਾ ਕਰਦਾ ਹੈ ਅਤੇ ਜੰਮਦਿਆਂ ਨੂੰ ਵੀ ਦੁੱਧ ਦਾ ਭੋਜਨ ਦਿੰਦਾ ਹੈ, ਪਹਿਲਾਂ ਓਥੇ ਕੁਝ ਨਹੀ ਹੁੰਦਾ, ਬੱਚੇ ਦੇ ਪੈਦਾ ਹੋਣ ਤੇ ਦੁੱਧ ਦੀਆਂ ਧਾਰਾਂ ਪਸਮ ਪੈਂਦੀਆਂ ਹਨ॥ ੩੩॥

ਇਹ ਬਿਧਿ ਲਖਿ ਕਰਿ ਅਸਥਿਰ ਉਰ ਕਰਿ ਧਰਿ ਸੰਤੋਖ ਸਦਾਈ।
ਜਲ, ਥਲ, ਗਿਰ, ਨਭ ਤਾਂਬਰ ਧਰ ਅਹਿ, ਜਹਿਂ ਲਗ ਚਰ ਅਚਰਾਈ।
ਪ੍ਰੌਢ ਪਾਲਨਾ ਕਰਤਿ ਬਿਸਾਲਾ ਕੋਇ ਨ ਬਿਨਾ ਅਹਾਰਾ।
ਅਸ ਉਦਾਰ ਕੋ ਤਜਿ ਕਰਿ ਭਰਮਤਿ ਤਿਸਨਾ ਦੁਖ ਪਰਵਾਰਾ"॥ ੩੪॥

ਇਸ ਤਰ੍ਹਾਂ ਸਮਝ ਕੇ ਹਿਰਦੇ ਨੂੰ ਸਥਿਰ ਕਰ ਅਤੇ ਸਦਾ ਹੀ ਸੰਤੋਖ ਧਾਰਨ ਕਰ। ਜਲ, ਥਲ, ਪਹਾੜ, ਆਕਾਸ਼, ਤਾਂਬੇ ਦੀ ਧਰਤੀ ਤੇ ਸੱਪ, ਤੁਰਨ ਵਾਲੇ ਅਤੇ ਖਲੋਤੇ ਹੋਏ ਜੀਵ ਜੰਤੂਆਂ ਦੀ ਬਹੁਤ ਪਾਲਣਾ ਕਰਦਾ ਹੈ, ਅਤੇ ਕੋਈ ਵੀ ਅਹਾਰ ਬਗੈਰ ਨਹੀਂ ਰਹਿੰਦਾ ਹੈ। ਜਿਹੜਾ ਅਜੇਹੀ ਉਦਾਰਤਾ ਨੂੰ ਛੱਡ ਕੇ ਵੀ ਭਟਕਦਾ ਫਿਰਦਾ ਹੈ, ਉਸ ਨੂੰ ਤ੍ਰਿਸ਼ਨਾਂ ਦੇ ਦੁੱਖ ਨੇ ਜਕੜਿਆ ਹੋਇਆ ਹੈ"॥ ੩੪॥

ਸੁਧਾ ਸਨੇ ਜਨੁ ਬੈਨ ਸ੍ਰੋਨ ਸੁਨਿ ਮਨ ਮਹਿਂ ਆਵ ਸੰਤੋਖਾ।
ਜਨਮ ਜਨਮ ਕੀ ਤ੍ਰਿਸ਼ਨਾ ਦੁਖ ਤੇ ਦੇਇ ਗਯਾਨ ਬਰ ਪੋਖਾ।
ਬਦਨ ਬਦਤਿ ਮਰਦਾਨਾ "ਚਲਿਯੇ ਤੁਮ ਕੋ ਸੁਸਾ ਹਕਾਰਾ।
ਸੰਗ ਚਲੌਂ ਮੈਂ ਦੇਊਂ ਰਜਤਪਣ ਅਬ ਭਾ ਰਿਦੈ ਵਿਚਾਰਾ"॥ ੩੫॥

ਅੰਮ੍ਰਿਤ ਵਰਗੇ ਬਚਨ ਆਪਣੇ ਕੰਨਾਂ ਨਾਲ ਸੁਣ ਕੇ ਮਨ ਵਿਚ ਸੰਤੋਖ ਆ ਗਿਆ। ਜਨਮ ਜਨਮ ਦੀ ਤ੍ਰਿਸ਼ਨਾ ਅਤੇ ਦੁੱਖ ਨੂੰ ਸ੍ਰੇਸ਼ਟ ਗਿਆਨ ਦੇ ਕੇ ਮਰਦਾਨੇ ਨੂੰ ਤ੍ਰਿਪਤ ਕਰ ਦਿੱਤਾ। ਮਰਦਾਨੇ ਨੇ ਫਿਰ ਆਪਣੇ ਮੁੱਖ ਤੋਂ ਕਿਹਾ, "ਘਰ ਚਲੋ,

ਤੁਹਾਨੂੰ ਤੁਹਾਡੀ ਭੈਣ ਜੀ ਨੇ ਬੁਲਾਇਆ ਹੈ। ਮੈਂ ਵੀ ਤੁਹਾਡੇ ਨਾਲ ਚਲਦਾ ਹਾਂ, ਰੁਪਏ ਮੈਂ ਮੋੜ ਦੇਵਾਂਗਾ, ਹੁਣ ਮੈਂ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਹੈ''॥ ੩੫॥

'ਕਹਜੋ ਨ ਮੇਟੋਂ, ਚਲਿ ਮਰਦਾਨਾ! ਸੰਗਿ ਕਾਜ ਹੈ ਤੇਰੇ'।
ਗਏ ਨਗਰ ਮਹਿਂ ਸਦਨਹਿ ਪਹੁੰਚੇ ਦਾਸੀ ਤੁਲਸਾਂ ਹੇਰੇ।
ਠਾਂਢੀ ਅਧੋ ਗੁਹਾਰੀ ਤਬ ਹੀ 'ਬਧੂ! ਭ੍ਰਾਤ ਜੀ ਆਏ'।
ਹਰਖ ਨਾਨਕੀ ਅੰਗ ਨ ਮੇਵਹਿ ਕੇਕੀ ਘਨ ਗਰਜਾਏ॥ ੩੬॥

ਗੁਰੂ ਜੀ ਨੇ ਕਿਹਾ, ''ਭੈਣ ਜੀ ਦਾ ਆਖਿਆ ਨਹੀਂ ਮੋੜਦਾ, ਹੇ ਮਰਦਾਨਾ ! ਆਪਣੇ ਕੰਮ ਲਈ ਮੇਰੇ ਨਾਲ ਚਲੋ।'' ਨਗਰ ਵਿਚ ਗਏ ਅਤੇ ਘਰ ਪੁੱਜੇ, ਦਾਸੀ ਨੇ ਉਨ੍ਹਾਂ ਨੂੰ ਵੇਖ ਲਿਆ। ਉਸ ਥੱਲੇ ਖੜੀ ਨੇ ਹੇਠੋਂ ਹੀ ਬੇਬੇ ਨਾਨਕੀ ਨੂੰ ਆਵਾਜ਼ ਦਿੱਤੀ ਅਤੇ ਕਿਹਾ ਮਾਲਕਣ ! ਭਰਾ ਜੀ ਆਏ ਹਨ। ਗੁਰੂ ਜੀ ਨੂੰ ਵੇਖ ਕੇ ਬੇਬੇ ਨਾਨਕੀ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦੀ, ਜਿਵੇਂ ਮੋਰ ਬੱਦਲਾਂ ਦੀ ਗਰਜ ਸੁਣ ਕੇ ਪ੍ਰਸੰਨ ਹੁੰਦਾ ਹੈ॥ ੩੬॥

ਪਦ ਪੰਕਜ ਪਰ ਧਾਇ ਧਰਜੋ ਸਿਰ, ਧਰਮ ਪੇਲ ਕਰਿ ਤਾਂਹੀ।
ਜੁਗ ਕਰ ਪਰ ਤਿਹ ਸਿਰ ਤਬ ਲੇਕਰਿ ਪਰਮ ਪੁਰਖ ਪੁਨਿ ਪ੍ਰਾਹੀ।
'ਯਾਂਤੇ ਹੌਂ ਤੁਮ ਘਰ ਨਹਿਂ ਆਵੌਂ ਧਰਤਿ ਚਰਨ ਸਿਰ ਧਾਈ।
ਬਹੁਰ ਨਾ ਮਿਲੌਂ ਆਨ ਕਰਿ ਤੁਮ ਕੋ ਹੁਇ ਔਗੁਨ ਅਧਿਕਾਈ' ॥ ੩੭॥

ਦੌੜ ਕੇ ਚਰਨ ਕੰਵਲਾਂ ਤੇ ਸਿਰ ਧਰ ਦਿੱਤਾ, ਜਿਹੜਾ ਕਿ ਮਰਯਾਦਾ ਦੇ ਉਲਟ ਸੀ, ਕਿਉਂਕਿ ਉਮਰੋਂ ਛੋਟੇ ਔਰੇ, ਉਮਰ ਵਿਚ ਵੱਡੇ ਦਾ ਮੱਥਾ ਟੇਕਣ ਧਰਮ ਵਿਰੁੱਧ ਹੈ। ਦੋਹਾਂ ਹੱਥਾਂ ਵਿਚ ਬੇਬੇ ਨਾਨਕ ਦਾ ਸਿਰ ਫੜ ਕੇ ਧਰਮ ਪੁਰਖ ਭਾਵ ਗੁਰੂ ਜੀ ਨੇ ਕਿਹਾ। ''ਹੁਣ ਤੋਂ ਬਾਅਦ ਮੈਂ ਕਦੀ ਵੀ ਤੁਹਾਡੇ ਘਰ ਨਹੀਂ ਆਵਾਂਗਾ, ਦੌੜ ਕੇ ਮੇਰੇ ਚਰਨਾਂ ਤੇ ਸਿਰ ਰੱਖਣ ਆਈ ਸੀ। ਹੁਣ ਮੈਂ ਕਦੀ ਵੀ ਆ ਕੇ ਤੁਹਾਨੂੰ ਨਹੀਂ ਮਿਲਾਂਗਾ, ਤੁਸੀਂ ਇਹ ਬਹੁਤ ਵੱਡਾ ਔਗੁਣ ਕੀਤਾ ਹੈ''॥ ੩੭॥

'ਸੁਨਹੁ ਭ੍ਰਾਤਿ ਜੀ! ਜਿਉਂ ਤੁਮ ਭਾਖਹੁ ਤਿਉਂ ਆਇਸੁ ਅਨੁਸਾਰਾ।
ਨਿਜ ਦਰਸ਼ਨ ਦੇਵਤਿ ਮੁਝ ਰਹਿਯੇ, ਕਰਹੁ ਨ ਰਿਦੇ ਵਿਸਾਰਾ।
ਨਿਤ ਸਿਮਰਨ ਹੌਂ ਮਨ ਮਹਿਂ ਕਰਿਹੋਂ ਕਬਿ ਕਬਿ ਆਵਹੁ ਐਨਾ।
ਕਰੁਨਾ ਕਰਤਿ ਰਹੋ ਕਰੁਨਾਕਰ! ਕਮਲਾਲਨ! ਗਤਿ ਦੈਨਾ!''॥ ੩੮॥

ਬੇਬੇ ਜੀ ਕਹਿਣ ਲੱਗੇ, ''ਭਰਾ ਜੀ ! ਸੁਣੋ, ਜਿਵੇਂ ਤੁਸੀ ਕਹਿੰਦੇ ਹੋ ਮੈਂ ਤੁਹਾਡੀ ਆਗਿਆ ਅਨੁਸਾਰ ਰਹਾਂਗੀ। ਮੈਨੂੰ ਆਪਣੇ ਦਰਸ਼ਨ ਦਿੰਦੇ ਰਹੋ। ਮੈਨੂੰ ਆਪਣੇ ਦਿਲ ਵਿਚੋਂ ਨਾ ਵਿਸਾਰੋ। ਮੈਂ ਸਦਾ ਹੀ ਇਹ ਸਿਮਰਨ ਕਰਦੀ ਰਹਿੰਦੀ ਹਾਂ ਕਿ ਕਦ ਤੁਸੀਂ ਘਰ ਆਵੋਗੇ 'ਹੇ ਕਿਰਪਾਲੂ! ਮੇਰੇ ਉੱਤੇ ਕਿਰਪਾ ਕਰਦੇ ਰਹੋ। ਹੇ ਕਮਲ ਨੈਣ ਅਤੇ ਮੁਕਤੀਦਾਤੇ''॥ ੩੮॥

'ਜਬ ਨਿਜ ਮਨ ਮਹਿਂ ਮਿਲਨ ਲਾਲਸਾ, ਸਿਮਰਹੁ, ਜਸਪਦ ਆਵੌਂ।
ਹੋਵੌਂ ਨਿਕਟਿ ਕਿਧੋਂ ਕਿਤ ਦੂਰਾ ਤਬ ਮੈਂ ਬਿਲਮ ਨ ਲਾਵੌਂ।

ਗੁਰੂ ਜੀ ਕਿਹਾ, ''ਜਦ ਮਨ ਵਿਚ ਮਿਲਣ ਦੀ ਲਾਲਸਾ ਹੋਵੇ, ਮੈਨੂੰ ਯਾਦ ਕਰੋ, ਮੈਂ ਛੇਤੀ ਆ ਜਾਵਾਂਗਾ। ਭਾਵੇਂ ਮੈਂ ਨੇੜੇ ਹੋਵਾਂ ਜਾਂ ਦੂਰ, ਕੋਈ ਦੇਰੀ ਨਹੀਂ ਲਾਵਾਂਗਾ।

ਮਰਦਾਨਾ! ਅਬ ਬੇਬੇ ਜੀ ਕੇ ਦੇਹੁ ਕਾਰਖਿਕ ਜੋਊ'।
ਭਨਤਿ ਨਾਨਕੀ 'ਜਾਚੇ ਨਾਹੀ ਦੀਨ ਆਪ ਹੀ ਸੋਊ'॥ ੩੯॥

ਹੇ ਮਰਦਾਨੇ ! ਹੁਣ ਬੇਬੇ ਜੀ ਦੇ ਰੁਪਏ ਮੋੜ ਦੇਵੋ।'' ਇਹ ਸੁਣ ਕੇ ਬੇਬੇ ਕਹਿਣ ਲੱਗੀ, ''ਇਹ ਰੁਪਏ ਮੈਂ ਮੰਗਿਆਂ ਨਹੀਂ ਦਿੱਤੇ, ਆਪਣੀ ਖ਼ੁਸ਼ੀ ਨਾਲ ਦਿੱਤੇ ਹਨ''॥ ੩੯॥

'ਤੂੰ ਭਗਤਨਿ ਹਰਿ ਕੀ ਬਹੁ ਪਜਾਰੀ, ਕਹਜੋ ਵਡੇ ਕੋ ਸੁਨਿ ਹੈ।
ਕਹਿ ਸੌਂਪੋ ਹਮ ਢਿਗ ਕਰਤਾਰਾ ਭਲੀ ਬਾਤ ਸਭਿ ਬਨਿ ਹੈ'।
ਭਨਤਿ ਨਾਨਕੀ 'ਜਾਨਤਿ ਹੋਗੇ ਇਹ ਮੁਝ ਭ੍ਰਾਤਾ ਜਾਨੇ।
ਪਰਮ ਰੂਪ ਪਰਮੇਸੁਰ ਥਪੁ ਤੁਮ ਪੂਰਨ ਪੁਰਖ ਪੁਰਾਨੇ॥ ੪੦॥

ਗੁਰੂ ਜੀ ਨੇ ਕਿਹਾ, ''ਤੂੰ ਹਰੀ ਦੀ ਬੜੀ ਪਿਆਰੀ ਭਗਤਨੀ ਹੈਂ, ਅਤੇ ਵੱਡਿਆਂ ਦਾ ਕਿਹਾ ਪ੍ਰਭੂ ਸੁਣਦਾ ਹੈ। ਤੁਸੀਂ ਪ੍ਰਭੂ ਨੂੰ ਕਹਿ ਕੇ ਸਾਨੂੰ ਪ੍ਰਭੂ ਪਾਸ ਸੌਂਪ ਦੇਵੋ, ਫਿਰ ਚੰਗੀ ਗੱਲ ਬਣ ਜਾਂਦੀ ਹੈ।'' ਬੇਬੇ ਨਾਨਕੀ ਨੇ ਕਿਹਾ, ''ਇਹ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੇਂ ਆਪ ਨੂੰ ਮੇਰਾ ਭਰਾ ਸਮਝਦੇ ਹੋ, ਪਰ ਮੈਂ ਤਾਂ ਤੁਹਾਨੂੰ ਪਾਰਬ੍ਰਹਮ ਦਾ ਰੂਪ, ਪਰਮੇਸ਼ਵਰ ਦੇਹਧਾਰੀ, ਅਨਾਦ ਤੇ ਪੂਰਨ ਪੁਰਖ ਜਾਂਣਦੀ ਹਾਂ''॥ ੪੦॥

'ਬਾਰੰਬਾਰ ਕਹਾਉ ਨ ਮੋ ਤੇ, ਸੁਸਾ! ਕਾਰਖਿਕ ਲੀਜੈ।
ਮਰਦਾਨਾ ਨਿਜ ਬੰਸ ਮਿਰਾਸੀ ਪੁਨ ਆਵਹਿ ਤਬ ਦੀਜੈ।
ਛੂਛਾ ਕਬਹਿ ਨ ਭੇਜਹੁ ਯਾਂ ਕੋ, ਤੂ ਬੇਦੀਕੁਲ ਤਨਿਯਾ।
ਸਿਰੀਚੰਦ ਨਿਜ ਕੌਛਰ ਪਾਯੋ ਤੱਦਪਿ ਦੇਵਨ ਬਨਿਯਾ॥ ੪੧॥

ਗੁਰੂ ਜੀ ਕਹਿਣ ਲੱਗੇ, ''ਬਾਰ ਬਾਰ ਮੈਥੋਂ ਨਾ ਕਹਾਓ, ਆਪਣੇ ਰੁਪਏ ਵਾਪਿਸ ਲੈ ਲਵੋ। ਮਰਦਾਨਾ ਸਾਡੀ ਵੰਸ ਦਾ ਨਿਜੀ ਮਰਾਸੀ ਹੈ, ਫਿਰ ਆਵੇਗਾ ਤਾਂ ਦੇ ਦੇਣੇ। ਇਸ ਨੂੰ ਕਦੇ ਵੀ ਖਾਲੀ ਨਾ ਭੇਜਣਾ, ਤੁਸੀ ਬੇਦੀ ਕੁਲ ਦੀ ਸਪੁਤਰੀ ਹੋ। ਸ੍ਰੀ ਚੰਦ ਨੂੰ ਤੁਸੀ ਆਪਣੀ ਗੋਦ ਲਿਆ ਹੈ ਇਸ ਕਰਕੇ ਸਾਨੂੰ ਹੀ ਤੁਹਾਨੂੰ ਦੇਣਾ ਬਣਦਾ ਹੈ॥ ੪੧॥

ਉਰ ਕਰਿ ਹਰਖ ਰਜਾਇ ਭਨੀਜੈ, ਹੇਰੋਂ ਦੇਸ ਬਿਦੇਸਾ।
ਨਹਿੰ ਚਿੰਤਾ ਚਿਤ ਬੀਚ ਵਿਚਰਿਯੇ, ਧਰਹੁ ਧੀਰ ਧਰ ਜੈਸਾ॥
ਸਿਮਰਹੁ ਜਬ, ਆਵੌਂ ਤਤਕਾਲਾ ਕੂਰ ਨ ਜਾਨਹੁ ਬੈਨਾ।
ਸੁਨਤਿ ਸੋਦਰੀ ਸਹਿਤਿ ਸਨੇਹਾ ਸਕਲ ਬਚਨ ਗੁਨ ਐਨਾ॥ ੪੨॥

ਦਿਲ ਵਿਚ ਖੁਸ਼ ਹੋ ਕੇ ਸਾਨੂੰ ਆਗਿਆ ਦੇਵੋ ਕਿ ਮੈਂ ਦੇਸ਼ ਬਦੇਸ਼ ਫਿਰ ਕੇ ਵੇਖਾਂ, ਕਦੀ ਵੀ ਚਿੰਤਾ ਨੂੰ ਚਿਤ ਵਿਚ ਨਾ ਲਿਆਵੋ ਅਤੇ ਧਰਤੀ ਜੇਹਾ ਧੀਰਜ ਧਾਰਨ ਕਰੋ। ਜਦ ਵੀ ਯਾਦ ਕਰੋਗੇ, ਮੈਂ ਫੌਰਨ ਆ ਜਾਵਾਂਗਾ, ਮੇਰੇ ਬਚਨਾਂ ਨੂੰ ਝੂਠੇ ਨਾ ਸਮਝੋ।'' ਗੁਰੂ ਜੀ ਦੇ ਬਚਨ ਸੁਣ ਕੇ ਬੇਬੇ ਬੜੇ ਪ੍ਰੇਮ ਨਾਲ ਬੋਲੀ॥ ੪੨॥

'ਰਹਤਿ ਇਹਾਂ ਜੇ ਸਦਨ ਨ ਆਵਹੁ ਤੱਦਪਿ ਭੀ ਧਿਰਵਾਸੂ।
ਹੋਊਂ ਅਧੀਰ ਬਿਦੇਸ਼ ਗਏ ਤੇ ਸੁਨੌਂ ਨ ਪਿਖਿਹੌਂ ਪਾਸੂ।

''ਇਥੇ ਰਹਿ ਕੇ ਜੇ ਘਰ ਨਹੀਂ ਸੀ ਆਉਂਦੇ ਤਾਂ ਮੈਨੂੰ ਹੌਸਲਾ ਰਹਿੰਦਾ ਸੀ। ਜਦ ਬਦੇਸ਼ ਚਲੇ ਜਾਵੋਗੇ ਤਾਂ ਜਦ ਆਪਣੇ ਪਾਸ ਵੇਖਾਂ ਸੁਣਾਂਗੀ ਨਹੀਂ ਤਾਂ ਧੀਰਜ ਰਹਿਤ ਹੋ ਜਾਵਾਂਗੀ।

ਤਜਿ ਕਰਿਮੋਹ ਜਾਤ ਹੋ ਹਮਰਾ ਕਿਉਂ ਭਾਵਹਿ ਉਰ ਤੇਰੇ।
ਸਭਿ ਮਨ ਕੀ ਤੁਮ ਜਾਨ ਬੂਝਕੇ ਕਿਉਂ ਨਰਹਹੁ ਢਿਗ ਮੇਰੇ' ॥ ੪੩॥

ਸਾਡੇ ਮੋਹ ਨੂੰ ਛੱਡ ਕੇ ਬਦੇਸ਼ ਜਾਣਾ ਤੁਹਾਨੂੰ ਕਿਉਂ ਭਾਉਂਦਾ ਹੈ, ਮੇਰੇ ਮਨ ਦੀ ਸਭ ਜਾਣ ਬੁਝ ਕੇ ਫਿਰ ਵੀ ਮੇਰੇ ਪਾਸ ਕਿਉਂ ਨਹੀਂ ਰਹਿੰਦੇ ਹੋ?" ॥ ੪੩ ॥

'ਚਹਿਯੇ ਮੋਹ ਤਜਨ ਸੁਨਿ ਭਗਨੀ! ਰਜੁ ਸਨੇਹ ਜੇ ਬੰਧੇ।
ਨਹਿੰ ਨਿਕੇਤ ਤੇ ਨਿਕਸਨਿ ਪਾਵਹਿ ਅਸ਼ਟਜਾਮ ਫਸ ਧੰਧੇ।

"ਹੇ ਬੇਬੇ ਜੀ! ਸੁਣੋ, ਜਿਹੜੇ ਮੋਹ ਰੂਪੀ ਰੱਸੇ ਨਾਲ ਬੱਝੇ ਹੋਏ ਹਨ, ਉਨ੍ਹਾਂ ਨੂੰ ਮੋਹ ਛੱਡਣਾ ਹੀ ਚਾਹੀਦਾ ਹੈ। ਮੋਹ ਦੇ ਜਾਲ ਵਿਚ ਫਸੇ ਹੋਏ, ਅੱਠੇ ਪਹਿਰ ਘਰ ਦੇ ਧੰਧਿਆਂ ਵਿਚ ਉਲਝੇ ਰਹਿੰਦੇ ਹਨ ਅਤੇ ਘਰ ਤੋਂ ਬਾਹਰ ਨਿਕਲ ਨਹੀਂ ਸਕਦੇ।

ਧਰਿ ਉਰਧੀਰ ਵਿਚਾਰ ਬਿਬੇਕੂ, ਸਿਮਰਨ ਤੇ ਮੈਂ ਆਵੋਂ।
ਦੇਸ਼ ਬਿਦੇਸ਼ ਦੇਖਨੇ ਇਛਾ ਲੇ ਨਿਦੇਸ਼ ਤੁਮ ਜਾਵੋਂ' ॥ ੪੪ ॥

ਹਿਰਦੇ ਵਿਚ ਧੀਰਜ ਧਾਰਨ ਕਰੋ ਅਤੇ ਹੌਸਲਾ ਰਖੋ ਅਤੇ ਸੱਚੀ ਵਿਚਾਰ ਕਰੋ ਕਿ ਜਦ ਯਾਦ ਕਰੋਗੇ, ਮੈਂ ਆਵਾਂਗਾ। ਦੇਸ਼ ਵਿਦੇਸ਼ ਵੇਖਣ ਦੀ ਮੇਰੀ ਇੱਛਾ ਹੈ, ਤੁਹਾਥੋਂ ਆਗਿਆ ਲੈ ਕੇ ਜਾਵਾਂਗਾ" ॥ ੪੪ ॥

ਬਹੁ ਬਿਧਿ ਬਦਤਿ ਬਚਨ, ਦੇ ਧੀਰਾ, ਦਏ ਕਾਰਖਿਕ ਸੋਊ।
ਲੈਕਰਿ ਬਿਦਾ ਚਲੇ ਦੁਖ ਭੰਜਨ ਮਰਦਾਨਾ ਸੰਗ ਦੋਊ।
ਬਿਰਹਿ ਪੀਰ ਤੇਰੋਦਤਿ ਭਗਨੀ ਰਾਖਨ ਬਸ ਨਹਿੰ ਚਲਿਈ।
ਕਹਤਿ ਸੰਤੋਖ ਸਿੰਘ ਭਾ ਪੂਰਨ ਧਜਾਇ ਦੂਖ ਦਲ ਮਲਈ॥ ੪੫ ॥

ਗੁਰੂ ਜੀ ਨੇ ਕਈ ਪ੍ਰਕਾਰ ਬਚਨ ਆਖੇ ਅਤੇ ਧੀਰਜ ਦਿੱਤਾ ਅਤੇ ਮਰਦਾਨੇ ਵਾਲੇ ਰੁਪਏ ਵਾਪਿਸ ਕਰ ਦਿੱਤੇ। ਬੇਬੇ ਜੀ ਪਾਸੋਂ ਵਿਦਾ ਲੈ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਭਾਵ ਗੁਰੂ ਜੀ ਮਰਦਾਨੇ ਨੂੰ ਲੈ ਕੇ ਚਲੇ ਗਏ। ਵਿਛੋੜੇ ਦੀ ਪੀੜ ਕਰਕੇ ਬੇਬੇ ਜੀ ਰੋਂਦੀ ਹੈ, ਗੁਰੂ ਜੀ ਪਾਸ ਰੱਖਣ ਵਿਚ ਉਸ ਦਾ ਕੋਈ ਵੱਸ ਨਾ ਚਲਿਆ। ਕਵੀ ਸੰਤੋਖ ਸਿੰਘ ਕਹਿੰਦੇ ਹਨ ਜਿਹੜਾ ਪੂਰਨ ਗੁਰੂ ਜੀ ਨੂੰ ਧਿਆਉਂਦਾ ਹੈ ਉਸ ਦੇ ਸਭ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ॥ ੪੫ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਵਿਦਾ ਹੋਵਨਾ' ਪ੍ਰਸੰਗ ਬਰਨਨੰ ਨਾਮ ਛਤੀਸਮੋ ਅਧਯਾਯ॥ ੩੬ ॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛੱਤੀਵਾਂ ਅਧਿਆਇ, ਜਿਸ ਦਾ ਨਾਮ "ਮਰਦਾਨੇ ਦੀ ਭੁਖ, ਬੇਬੇ ਜੀ ਤੋਂ ਵਿਦਾ" ਹੈ, ਸਮਾਪਤ ਹੋਇਆ॥ ੩੬ ॥

## ਅਧਿਆਇ ਸੈਂਤੀਵਾਂ

*ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆਂ।*

ਦੋਹਰਾ- ਸਾਗਰ ਸ੍ਰੀ ਨਾਨਕ ਚਰਿਤ, ਬਾਲਾ ਮੰਦਰ ਰੂਪ।
ਪ੍ਰੇਮ ਸ਼ੇਸ਼ ਨੇਤੀ ਭਏ ਕੀਨੋ ਮਥਨ ਅਨੂਪ॥ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਿਤਰ ਸਮੁੰਦਰ ਵਾਂਗ ਅਸਗਾਹ ਹਨ, ਉਸ ਵਿਚ ਬਾਲਾ ਮੰਦਰਾਚਲ ਪਰਬਤ ਵਾਂਗ ਹੈ, ਮੇਰਾ ਪ੍ਰੇਮ ਉਸ ਵਿਚ ਸ਼ੇਸਨਾਗ ਵਾਂਗ ਨੇਤ੍ਰਾ ਹੋ ਗਿਆ ਹੈ। ਇਸ ਤਰ੍ਹਾਂ ਦਾ ਸੁੰਦਰ ਰਿੜਕਨਾ ਮੈਂ ਕੀਤਾ ਹੈ॥ ੧ ॥

ਚੌਪਈ- ਕੀਰਤਿ ਨਿਰਮਲ ਸੁਖਦ ਸੁਧਾ ਸੀ। ਸੁਰ ਸਿੱਖਨ ਹਿਤ ਸੁੱਧ ਨਿਕਾਸੀ।
ਨਿਸਚਰ ਸਾਕਤ ਸਮ ਮਤਵਾਰੇ। ਦੇਯ ਨ, ਪੀਯ ਨ, ਬਿਘਨ ਪਸਾਰੇ ॥੨ ॥

ਉਨ੍ਹਾਂ ਦੀ ਕੀਰਤੀ ਬੜੀ ਉਜਲ, ਨਿਰਮਲ, ਸੁਖਦਾਇਕ ਅਤੇ ਅੰਮ੍ਰਿਤ ਵਰਗੀ ਹੈ। ਦੇਵਤੇ ਰੂਪ ਸਿੱਖਾਂ ਵਾਸਤੇ ਪਵਿੱਤਰ ਅੰਮ੍ਰਿਤ ਕੱਢਿਆ ਹੈ। ਦੈਂਤਾਂ ਵਰਗੇ ਜੋ ਸਾਕਤ ਹਨ ਉਹ ਬੜੇ ਮਦਮਸਤ ਹਨ। ਉਨ੍ਹਾਂ ਚਾਰ-ਚੁਫੇਰੇ ਵਿਘਨ ਪਸਾਰਿਆ ਹੈ ਅਤੇ ਲੋਕਾਂ ਨੂੰ ਦੁਖੀ ਕਰ ਰਹੇ ਹਨ॥ ੨॥

ਰੂਪ ਮੋਹਨੀ ਅੰਗਦ ਹੋਏ। ਸੁਰਾ ਬਿਮੁਖਤਾ ਅਸੁਰ ਬਿਗੋਏ।
ਸੁਰ ਸਿੱਖਨ ਕੋ ਪਾਨ ਕਰਾਈ। ਸੁਖ ਅਪਵਰਗ ਦੀਨ ਸਮੁਦਾਈ॥ ੩ ॥

ਗੁਰੂ ਅੰਗਦ ਦੇਵ ਜੀ ਮੋਹਨੀ ਅਵਤਾਰ ਹੋ ਗਏ ਭਾਵ ਗੁਰੂ ਇਤਿਹਾਸ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਮੋਹਤ ਕਰ ਲੈਣ ਵਾਲੀ ਸੁੰਦਰ ਆਤਮਾ ਹੋ ਗਈ। (ਮੋਹਨੀ ਅਵਤਾਰ ਨੇ ਦੇਵਤਿਆਂ ਨੂੰ ਅੰਮ੍ਰਿਤ ਪਿਆਇਆ ਸੀ ਤੇ ਦੈਂਤਾਂ ਨੂੰ ਸ਼ਰਾਬ) ਇਸ ਲਈ ਦੈਂਤ ਬੇਮੁਖਤਾਈ ਰੂਪੀ ਸ਼ਰਾਬ ਪੀ ਕੇ ਮਚਲ ਗਏ। ਦੇਵਤੇ ਰੂਪੀ ਸਿੱਖਾਂ ਨੂੰ ਅੰਮ੍ਰਿਤ ਪਿਆਇਆ ਅਤੇ ਸਾਰਿਆਂ ਨੂੰ ਮੁਕਤੀ ਦਾ ਸੁਖ ਦਿੱਤਾ॥ ੩॥

ਭਯੋ ਰਾਹੁ ਹਿੰਦਾਲੇ ਜਾਯਾ। ਜਿਨ ਪੁਸਤਕ ਬਿਪਰੀਤ ਬਨਾਯਾ।
ਜਸ ਰਾਕਾਸ਼ਸ਼ਿ ਗ੍ਰਸਨਹਿ ਕੀਨਾ। ਮੂਰਖਮਤਿ ਕਲਿਮਲਨ ਮਲੀਨਾ ॥੪ ॥

ਇਕ ਹੰਦਾਲ ਨਾਮੀ ਸਿੱਖ ਦਾ ਰਾਹੂ ਰੂਪੀ ਪੁੱਤਰ ਸੀ, ਜਿਸ ਨੇ ਗੁਰੂ ਸਾਹਿਬ ਦੇ ਉਲਟ ਗ੍ਰੰਥ ਬਣਾਇਆ, ਭਾਵ ਗੁਰੂ ਜੀ ਨੇ ਜੱਸ ਰੂਪ ਪੂਰਨਮਾਸ਼ੀ ਦੇ ਚੰਦ ਨੂੰ ਗ੍ਰਹਿਣ ਲਾ ਦਿੱਤਾ। ਮੂਰਖ ਬੁੱਧੀ ਵਾਲੇ ਦੇ ਪਾਪਾਂ ਕਰਕੇ ਗੁਰੂ ਜੱਸ ਮਲੀਨ ਹੋਇਆ ਹੈ॥ ੪॥

ਦੋਹਰਾ- ਕਹਿਤ ਕਥਾ ਕਵਿ ਕਾਮਦਾ ਗੁਰ ਸਿੱਖਨ ਕੇ ਪਾਸ।
ਸ੍ਰੋਤਨ ਉਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ॥ ੫ ॥

ਕਵੀ ਮਨੋਰਥ ਪੂਰਨ ਕਰਨ ਵਾਲੀ ਕਥਾ ਗੁਰੂਸਿੱਖਾਂ ਪਾਸ ਕਹਿ ਰਿਹਾ ਸੀ। ਗੁਰੂ ਨਾਨਕ ਪ੍ਰਕਾਸ਼ ਦੇ ਸਰੋਤਿਆਂ ਦੇ ਮਨਾਂ ਵਿਚ, ਸ਼ੰਕਾ ਉਤਪਨ ਹੋਈ ਜਿਨ੍ਹਾਂ ਅੱਗੇ ਕਵੀ ਆਪ ਕਥਾ ਕਰ ਰਿਹਾ ਸੀ, ਉਨ੍ਹਾਂ ਸਰੋਤਿਆ ਦੇ ਮਨਾਂ ਵਿਚ ਕਥਾ ਸੁਣਨ ਲਈ ਹੁਲਾਸ ਅਤੇ ਪ੍ਰੇਮ ਚਾਹ ਭਰੀ ਹੋਈ ਸੀ॥ ੫॥

ਚੌਪਈ- 'ਸ੍ਰੀ ਨਾਨਕ ਬਰ ਪਰਮ ਬਿਲਾਸਾ। ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੇ ਲਿਖਯੋ ਅਵਰ ਬਿਧਿ ਤਹਿੰਵਾ। ਤੁਮ ਮੁਖ ਸੋ ਅਵਰਹਿ ਬਿਧਿ ਕਹਿਵਾ ॥੬ ॥

ਉਨ੍ਹਾਂ ਪੁਛਿਆ, "ਸ੍ਰੀ ਨਾਨਕ ਜੀ ਦਾ ਸ੍ਰੇਸ਼ਟ ਜੀਵਨ ਚਰਿਤਰ ਦਾ ਇਤਿਹਾਸ ਬਹੁਤ ਪੋਥੀਆਂ ਵਿਚ ਲਿਖਿਆ ਹੈ। ਇਸ ਨੂੰ ਓਥੇ ਹੋਰ ਤਰ੍ਹਾਂ ਲਿਖਿਆ ਹੈ, ਪਰ ਤੁਸੀਂ ਇਸ ਨੂੰ ਵਿਧੀ ਅਨੁਸਾਰ ਲਿਖਿਆ ਹੈ॥ ੬॥

ਚੌਪਈ- ਇਹ ਸੰਸਾ ਹਮਰੇ ਉਰ ਆਯੋ। ਕਿਉਂ ਤੁਮ ਅਨਤਹਿ ਗਤਹਿ ਅਲਾਯੋ?
ਸੋ ਕਹਿ ਕਰ ਸਭਿ ਦੇਹੁ ਮਿਟਾਇ। ਗੁਰ ਪਦ ਨਿਸ਼ਚਾ ਜਿਸ ਤੇ ਆਇ' ॥੭ ॥

ਸਾਡੇ ਮਨ ਵਿਚ ਇਹ ਸੰਸਾ ਉਠਿਆ ਕਿ ਤੁਸੀਂ ਹੋਰ ਤਰ੍ਹਾਂ ਕਿਉਂ ਕਿਹਾ ਹੈ? ਸਾਨੂੰ ਇਸ ਬਾਰੇ ਦੱਸ ਕੇ ਸਾਡਾ ਸ਼ੰਕਾ ਨਵਿਰਤ ਕਰੋ ਜਿਸ ਕਰਕੇ ਸਾਡੇ ਗੁਰੂ ਚਰਨਾਂ ਤੇ ਨਿਸ਼ਚਾ ਆ ਜਾਵੇ"॥ ੭॥

ਤਿਨ ਤੇ ਸੁਨਿ ਕਵਿ ਬਚਨ ਬਖਾਨਾ। 'ਤੁਮਰੀ ਧੰਨ ਸੁਮਤਿ ਮਤਿਵਾਨਾ!।
ਭਲੋ ਸੰਦੇਹ ਆਪ ਮਨ ਠਾਨਾ। ਉਤਰ ਸੁਨਹੁ ਦੇਯ ਨਿਜ ਕਾਨਾ॥ ੮ ॥

ਤਿਨ੍ਹਾਂ ਤੋਂ ਸੁਣ ਕੇ ਕਵੀ ਭਾਈ ਸੰਤੋਖ ਸਿੰਘ ਨੇ ਇਹ ਬਚਨ ਕਿਹਾ, ਹੇ ਬੰਧੀਵਾਨੋ ਤੁਹਾਡੀ ਧੰਨ ਬੁੱਧੀ ਹੈ। ਆਪਣੇ ਮਨ ਵਿਚ ਤੁਸੀਂ ਭਲਾ ਸੰਸਾ ਕੀਤਾ ਹੈ, ਧਿਆਨ ਨਾਲ ਉਸ ਦਾ ਉਤਰ ਸੁਣੋ॥ ੮॥

ਦੋਹਰਾ- ਪ੍ਰਥਮੇ ਤੁਮ ਸੰਦੇਹ ਕੋ ਸਭਿ ਬਿਧਿ ਕਰੋਂ ਬਿਨਾਸ।
ਬਦਨਹਿ ਤੇ ਉਚਰੋਂ ਬਹੁਰ ਸ੍ਰੀ ਨਾਨਕ ਪਰਕਾਸ਼॥ ੯॥

ਪਹਿਲਾਂ ਤਹਾਡੇ ਸ਼ੰਕੇ ਨੂੰ ਹਰ ਤਰ੍ਹਾਂ ਨਾਲ ਖਤਮ ਕਰਦਾ ਹਾਂ, ਫਿਰ ਮੈਂ ਆਪਣੇ ਮੁਖ ਤੋਂ ਸ੍ਰੀ ਨਾਨਕ ਪ੍ਰਕਾਸ਼ ਦਾ ਉਚਾਰਨ ਕਰਾਂਗਾ॥ ੯॥

ਚੌਪਈ- ਜਿਹ ਨਰ ਗੁਰੁ ਚਰਨਨ ਮਹਿਂ ਪ੍ਰੀਤਾ। ਕਹਤਿ ਸੁਨਤਿ ਕੀਰਤਿ ਇਹ ਰੀਤਾ।
ਕਰਿ ਸੰਸੈ ਬਿਨ ਸੰਸੇ ਹੋਇ। ਆਨ ਥਾਨ ਨਹਿਂ ਭਰਮੈ ਸੋਇ॥ ੧੦॥

ਜਿਸ ਮਨੁੱਖ ਦੀ ਗੁਰੂ ਚਰਨਾਂ ਨਾਲ ਪ੍ਰੀਤ ਹੈ, ਜੱਸ ਕਹਿਣ ਸੁਣਨ ਅਤੇ ਕੀਰਤੀ ਕਰਨਾ ਹੀ ਜਿਨ੍ਹਾਂ ਦੀ ਰੀਤੀ ਹੈ। ਸੰਸਾ ਇਸ ਲਈ ਕਰੇ ਕਿ ਸੰਸਾ ਦੂਰ ਹੋ ਜਾਵੇ, ਫਿਰ ਉਹ ਭਟਕ ਕੇ ਕਿਸੇ ਹੋਰ ਪਾਸੇ ਨਹੀਂ ਜਾਵੇਗਾ॥ ੧੦॥

ਗੁਰੁ ਪਦ ਪੰਕਜ ਨਿਸ਼ਚਾ ਧਰਿਹੀ। ਆਨਿ ਦੇਵ ਕੀ ਆਸ ਨ ਕਰਿਹੀ।
ਭੂਪਤਿ ਸੇਵਹਿ ਭੂਪਤਿ ਜਾਚਹਿ। ਭ੍ਰਿਤ ਜਾਚਕ ਪਰ ਕੈਸੇ ਰਾਚਹਿ॥੧੧॥

ਗੁਰੂ ਜੀ ਦੇ ਚਰਨ ਕੰਵਲਾਂ ਦਾ ਨਿਸ਼ਚਾ ਧਾਰ ਲਵੇ ਤੇ ਹੋਰ ਕਿਸੇ ਦੇਵੀ ਦੇਵਤੇ ਤੇ ਆਸ ਨਾ ਰੱਖੇ। ਜਿਹੜਾ ਰਾਜੇ ਨੂੰ ਸਿਮਰਦਾ ਹੈ, ਰਾਜੇ ਪਾਸੋਂ ਹੀ ਮੰਗੇਗਾ। ਉਹ ਨੌਕਰਾਂ ਤੇ ਮੰਗਤਿਆਂ ਤੇ ਕਿਵੇਂ ਆਸ ਰਖੇਗਾ ?॥ ੧੧॥

ਸੂਰਜ ਹੇਰਿ ਕਮਲ ਬਿਗਸਾਵੈ। ਖਦਜੋ ਤਹਿ ਤੇ ਕਿਉਂ ਹਰਖਾਵੈ।
ਚੰਦ ਚਕੋਰ ਚਿਤਵ ਸੁਖ ਪਾਵੈ। ਕਹੁ ਤਾਰਨ ਤੇ ਕਿਉਂ ਤ੍ਰਿਪਤਾਵੈ॥੧੨॥

ਸੂਰਜ ਨੂੰ ਵੇਖ ਕੇ ਕੰਵਲ ਖਿੜਦਾ ਹੈ, ਜੁਗਨੂ ਨੂੰ ਵੇਖ ਕੇ ਕਿਉਂ ਨਹੀਂ ਪ੍ਰਸੰਨ ਹੋ ਜਾਂਦਾ ? ਚਕੋਰ ਚੰਦ ਵੇਖ ਕੇ ਖੁਸ਼ ਹੁੰਦੀ ਹੈ ਅਤੇ ਸੁਖ ਪਾਉਂਦੀ ਹੈ। ਉਹ ਤਾਰਿਆਂ ਨੂੰ ਵੇਖ ਕੇ ਤ੍ਰਿਪਤ ਕਿਉਂ ਨਹੀਂ ਹੁੰਦੀ ?॥ ੧੨॥

ਦੋਹਰਾ- ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ॥
ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥ ੧੩॥

ਗੁਰੂ ਨਾਨਕ ਦੇਵ ਜੀ ਦੀ ਜਿਹੜੀ ਪਹਿਲੀ ਜਨਮ ਸਾਖੀ ਲਿਖੀ ਗਈ ਸੀ, ਉਹ ਭਾਈ ਬਾਲੇ ਦੇ ਮੁਖੋਂ ਪ੍ਰਗਟ ਹੋਈ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਸੀ॥ ੧੩॥

ਚੌਪਈ- ਜਬ ਬੈਕੁੰਠ ਅੰਗਦ ਗੁਰ ਗਏ। ਅਮਰਦਾਸ ਗੁਰ ਹੋਵਤਿ ਭਏ।
ਬਹੁ ਸਿੱਖਨ ਕੋ ਕੀਨ ਉਧਾਰਾ। ਦੰਭ ਕੁਮਾਰਗ ਭਵ ਨਿਰਵਾਰਾ॥੧੪॥

ਜਦ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਗੁਰੂ ਅਮਰਦਾਸ ਜੀ ਗੁਰੂ ਬਣੇ। ਬਹੁਤ ਸਿੱਖਾਂ ਦਾ ਉਨ੍ਹਾਂ ਨੇ ਉਧਾਰ ਕੀਤਾ ਅਤੇ ਦੰਭ ਅਤੇ ਕੂੜ ਮਾਰਗ ਨੂੰ ਦੂਰ ਕੀਤਾ॥ ੧੪॥

ਚੌਪਈ- ਅਮਰਦਾਸ ਗੁਰ ਤੇ ਪਸ਼ਚਾਤਾ। ਰਾਮਦਾਸ ਭੇ ਭਵ ਬਖਜਾਤਾ।
ਤਿਨ ਹਦੂਰ ਸਿਖ ਭਯੋ ਹਿੰਦਾਲਾ। ਤਾਂ ਪਰ ਸ੍ਰੀ ਗੁਰੁ ਬਹੁਤ ਕ੍ਰਿਪਾਲਾ॥੧੫॥

ਗੁਰੂ ਅਮਰਦਾਸ ਜੀ ਦੇ ਬਾਅਦ ਗੁਰੂ ਰਾਮਦਾਸ ਜੀ ਸੰਸਾਰ ਵਿਚ ਪ੍ਰਗਟ ਹੋਏ। ਉਨ੍ਹਾਂ ਦੀ ਹਜ਼ੂਰੀ ਵਿਚ ਇਕ ਹਿੰਦਾਲ ਨਾਮ ਦਾ ਸਿੱਖ ਰਹਿੰਦਾ ਸੀ, ਉਨ੍ਹਾਂ ਉਤੇ ਗੁਰੂ ਜੀ ਦੀ ਬਹੁਤ ਕਿਰਪਾ ਸੀ॥ ੧੫॥

ਟਹਿਲ ਦੇਗ ਕੀ ਅਧਿਕ ਕਰੇਈ। ਮਨ ਇਸਥਿਰ, ਨਹਿਂ ਡੋਲਨ ਦੇਈ।

ਪੂਰਨ ਸਿੱਖ ਹੋਇ ਸੁਖ ਪਾਯਾ। ਮਾਨਤਿ ਗੁਰ ਕੀ ਸਦਾ ਰਜਾਯਾ॥੧੬॥

ਉਹ ਲੰਗਰ ਦੀ ਬਹੁਤ ਸੇਵਾ ਕਰਦਾ ਸੀ ਅਤੇ ਆਪਣੇ ਮਨ ਨੂੰ ਸਥਿਰ ਰਖਦਾ ਸੀ ਤੇ ਡੋਲਣ ਨਹੀਂ ਸੀ ਦਿੰਦਾ। ਪੂਰਨ ਸਿੱਖ ਹੋ ਕੇ ਉਸ ਬਹੁਤ ਸੁੱਖ ਪਾਇਆ ਅਤੇ ਸਦਾ ਗੁਰੂ ਜੀ ਦੀ ਆਗਿਆ ਵਿਚ ਰਹਿੰਦਾ ਸੀ॥ ੧੬॥

ਦੋਹਰਾ- ਟਹਿਲ ਦੇਗ ਕੀ ਕਰਤਿ ਜਹਿਂ ਤਹਿਂ ਆਏ ਗੁਰ ਸੋਇ।
ਸੋਢਿਬੰਸ ਸਵਿਤਾ ਭਏ ਰਾਮਦਾਸ ਪ੍ਰਭੁ ਜੋਇ॥ ੧੭॥

ਜਿਥੇ ਉਹ ਲੰਗਰ ਦੀ ਸੇਵਾ ਕਰਦਾ ਸੀ, ਇਕ ਦਿਨ ਗੁਰੂ ਜੀ ਲੰਗਰ ਵਿਚ ਗਏ। ਗੁਰੂ ਰਾਮਦਾਸ ਜੀ ਸੋਢੀ ਵੰਸ਼ ਦੇ ਸੂਰਜ ਸਨ।

ਚੌਪਈ- ਹੇਰਿ ਉਠ੍ਯੋ ਗੁਰ ਕੋ ਤਤਕਾਲਾ। ਪ੍ਰੇਮ ਮਗਨ ਮਹਿਂ ਰਿਦਾ ਬਿਸਾਲਾ।
ਮੰਡਤਿ ਆਟਾ,ਕਰ ਸੋਂ ਲਾਗਯੋ। ਦੇਖਤਿ ਪ੍ਰਭੁ ਕੋ ਟਹਿਲ ਤਜਾਗਯੋ॥੧੮॥

ਗੁਰੂ ਜੀ ਨੂੰ ਵੇਖ ਕੇ ਇਕ ਦਮ ਉੱਠ ਕੇ ਖਲੋ ਗਿਆ ਅਤੇ ਉਸ ਦਾ ਹਿਰਦਾ ਪ੍ਰੇਮ ਵਿਚ ਮਗਨ ਹੋ ਗਿਆ। ਉਸ ਵੇਲੇ ਹੱਥਾਂ ਨਾਲ ਆਟਾ ਗੁੰਨ੍ਹ ਰਿਹਾ ਸੀ। ਗੁਰੂ ਜੀ ਨੂੰ ਵੇਖ ਕੇ ਆਟਾ ਗੁੰਨ੍ਹਣਾ ਛੱਡ ਦਿੱਤਾ।

ਪ੍ਰਿਸ਼ਟਿ ਹਾਥ ਧਰਿ ਬੰਦਨ ਕੀਨੀ। ਲਗੈ ਨ ਮਾਟੀ ਕਰ ਉਰ ਚੀਨੀ।
ਤਬ ਤੇ ਬਖਸ਼ ਗੁਰੂ ਕੀ ਭਈ। ਪ੍ਰਿਸ਼ਟਿ ਹਾਥ ਧਰਿ ਬੰਦਨ ਕਈ॥੧੯॥

ਪਿੱਠ ਤੇ ਹੱਥ ਧਰ ਕੇ ਨਮਸ਼ਕਾਰ ਕੀਤੀ, ਹਿਰਦੇ ਵਿਚ ਇਹ ਧਾਰ ਕੇ ਕਿ ਕਿਤੇ ਹੱਥਾਂ ਨੂੰ ਮਿੱਟੀ ਨਾ ਲੱਗ ਜਾਵੇ। ਉਸ ਤੋਂ ਬਾਅਦ ਗੁਰੂ ਜੀ ਦੀ ਬਖਸ਼ਿਸ਼ ਹੋ ਗਈ ਜਦ ਤੋਂ ਪਿੱਠ ਤੇ ਹੱਥ ਧਰ ਕੇ ਬੰਦਨਾ ਕੀਤੀ॥ ੧੯॥

ਤਿਹ ਕੀ ਸੰਤਤਿ ਮਹਿਂ ਜੋ ਹੋਇ। ਹਾਥ ਪ੍ਰਿਸ਼ਟਿ ਧਰਿ ਬੰਦਹਿ ਸੋਇ॥
ਅਬ ਤਕ ਹੈ ਤਿਨਕੇ ਇਹ ਚਾਲੀ। ਬਖਸ਼ ਕਰੀ ਸ੍ਰੀ ਗੁਰੁ ਜਿਹ ਢਾਲੀ॥੨੦॥

ਜਿਹੜੀ ਉਸ ਦੀ ਸੰਤਾਨ ਹੋਈ, ਉਹ ਹੱਥ ਪਿੱਠ ਤੇ ਰੱਖ ਕੇ ਹੀ ਨਮਸ਼ਕਾਰ ਕਰਦੇ ਸਨ। ਹੁਣ ਤਕ ਉਨ੍ਹਾਂ ਦੀ ਇਹ ਚਾਲ ਹੈ। ਗੁਰੂ ਜੀ ਦੀ ਜਿਸ ਪ੍ਰਕਾਰ ਉਨ੍ਹਾਂ ਨੂੰ ਬਖਸ਼ਿਸ਼ ਹੋਈ ਹੈ॥ ੨੦॥

ਦੋਹਰਾ- ਤਿਂਹ ਕੀ ਸੰਤਤਿ ਕੇ ਵਿਖੈ ਇਕ ਸਾਕਤ ਭਾ ਨੀਰ।
ਸ੍ਰੀ ਨਾਨਕ ਇਤਿਹਾਸ ਜੋ ਆਵਾ ਤਿਹ ਕਰ ਬੀਚ॥ ੨੧॥

ਉਨ੍ਹਾਂ ਦੀ ਸੰਤਾਨ ਵਿਚ ਸ਼ੈਤਾਨ ਵਰਗਾ ਇਕ ਪਤਿਤ ਇਨਸਾਨ ਪੈਦਾ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਹੜਾ ਇਤਿਹਾਸ ਲਿਖਿਆ ਮਿਲਦਾ ਸੀ ਉਸ ਵਿਚ ਉਸ ਆਪਣੇ ਹੱਥਾਂ ਨਾਲ ਤਬਦੀਲੀ ਕੀਤੀ ॥ ੨੧॥

ਚੌਪਈ- ਗੁਰ ਅੰਗਦ ਜੀ ਜੋ ਲਿਖਵਾਈ। ਬਹੁ ਨਹਿਂ ਲਿਖੀ, ਰਹੀ ਇਕ ਥਾਈ।
ਇਕ ਕਬੀਰ ਬੰਸੀ ਮਿਲਿ ਤਾਂਹੀ। ਸੋ ਪੋਥੀ ਪਢਿ ਗੁਨ ਮਨ ਮਾਂਹੀ॥੨੨॥

ਸ੍ਰੀ ਅੰਗਦ ਦੇਵ ਜੀ ਨੇ ਜੋ ਇਤਿਹਾਸ ਲਿਖਵਾਇਆ ਸੀ, ਉਸ ਦੇ ਹੋਰ ਬਹੁਤ ਉਤਾਰੇ ਨਾ ਹੋਏ, ਇਕ ਪੋਥੀ ਹੀ ਰਹੀ। ਉਸ ਨੇ ਇਕ ਕਬੀਰ ਬੰਸੀ ਨਾਲ ਮਿਲ ਕੇ ਉਸ ਪੋਥੀ ਨੂੰ ਪੜ੍ਹ ਕੇ ਮਨ ਵਿਚ ਇੰਞ ਵਿਚਾਰਿਆ॥ ੨੨॥

ਕਰਿ ਕੁਕਰਮ ਅਨਸੋਧ ਬਨਾਈ। ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ। ਜਿਨਕੇ ਪਢਨ ਸੁਨਨਿ ਅਘ ਪਾਏ॥੨੩॥

ਖੋਟਾ ਕਰਮ ਕਰਕੇ ਉਨ੍ਹਾਂ ਬਨਾਵਟੀ ਪੋਥੀ ਬਣਾ ਦਿੱਤੀ ਅਤੇ ਉਸ ਵਿਚ ਆਪਣੇ ਵੱਡਿਆਂ ਦੀ ਸਿਫਤ ਪਾ ਦਿੱਤੀ। ਬੜੇ ਅਯੋਗ ਸ਼ਬਦ ਲਿਖੇ ਜਿਨ੍ਹਾਂ ਨੂੰ ਪੜ੍ਹਨ ਸੁਣਨ ਨਾਲ ਪਾਪ ਲਗਦਾ ਹੈ॥ ੨੩॥

ਅਪਨਾ ਵਡਾ ਜਾਨ ਹਿੰਦਾਲੂ। ਤਿਹ ਕੀ ਕੀਰਤਿ ਲਿਖੀ ਬਿਸਾਲੂ।
ਸ੍ਰੀ ਨਾਨਕ ਤੇ ਵਡੀ ਬਨਾਇ। ਮਹਿਮਾ ਲਿਖਤ ਭਯੋ ਬਹੁ ਭਾਇ॥੨੪॥

ਹਿੰਦਾਲ ਨੂੰ ਆਪਣਾ ਵੱਡਾ ਜਾਣ ਕੇ ਉਸ ਦੀ ਬਹੁਤ ਸਿਫਤ ਲਿਖੀ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੀ ਵੱਡਾ ਬਣਾ ਦਿੱਤਾ ਅਤੇ ਹਿੰਦਾਲ ਦੀ ਬਹੁਤ ਤਰ੍ਹਾਂ ਦੀ ਮਹਿਮਾ ਲਿਖੀ।

ਦੋਹਰਾ- ਉਕਤਿ ਜੁਗਤਿ ਕਰਿ ਅਨਿਕ ਬਿਧਿ ਸਾਖੀ ਕਰੀ ਅਸੋਧ।
ਸੁਨਿ ਕਰਿ ਭਰਮੇ ਨਰ ਬਹੁਤ ਜਿਨਕੇ ਮਨ ਨਹਿਂ ਬੋਧ॥ ੨੫॥

ਉਪਰੋਕਤ ਜੁਗਤੀ ਕਰਕੇ ਉਸ ਅਨੇਕ ਤਰ੍ਹਾਂ ਨਾਲ ਗੁਰੂ ਜੀ ਦੀ ਅਸਲ ਜਨਮ ਸਾਖੀ ਨੂੰ ਅਸ਼ੁੱਧ ਕਰ ਦਿੱਤਾ। ਇਹ ਸੁਣ ਕੇ ਲੋਕ ਭਰਮਾਂ ਵਿਚ ਪੈ ਗਏ, ਜਿਨ੍ਹਾਂ ਨੂੰ ਅਸਲੀਅਤ ਦਾ ਗਿਆਨ ਨਹੀਂ ਸੀ॥ ੨੫॥

ਚੌਪਈ- ਤਿੰਹ ਸਾਕਤ ਐਸੀ ਉਰ ਧਾਰੀ। ਜਾਨ ਪਿਤਰ ਨਿਜ ਲਿਖਾ ਸੁਧਾਰੀ।
ਗੁਰੁ ਕੇ ਸਿੱਖ ਹੋਹਿਂ ਅਧਿਕਾਈ। ਹਮਰੀ ਸੇਵ ਕਰਹਿਂ ਮਨ ਲਾਈ॥੨੬॥

ਉਸ ਨਿੰਦਕ ਨੇ ਹਿਰਦੇ ਵਿਚ ਅਜਿਹੀ ਧਾਰੀ, ਕਿ ਹਿੰਦਾਲ ਨੂੰ ਆਪਣਾ ਪਿਤਾ ਪਿਤਾਮਾ ਜਾਣ ਕੇ ਉਸ ਦੀ ਪੂਰਨ ਮਹਿਮਾ ਬਣਾ ਕੇ ਲਿਖੀ। ਉਸ ਨੇ ਸੋਚਿਆ ਕਿ ਗੁਰੂ ਦੇ ਬਹੁਤ ਸਿੱਖ ਹੋਣਗੇ, ਜਿਹੜੇ ਮਨ ਲਾ ਕੇ ਸਾਡੀ ਸੇਵਾ ਕਰਨਗੇ॥ ੨੬॥

ਹਮਕੋ ਮਾਨਹਿਂਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਇਹ ਆਨਵ।
ਪੂਰਬ ਪੋਥੀ ਹੁਤੀ ਜੁ ਸੋਈ। ਦਈ ਬਿਪਾਸਾ ਬੀਚ ਡਬੋਈ॥ ੨੭॥

ਸਾਨੂੰ ਬਹੁਤ ਮਨੁੱਖ ਮੰਨਣਗੇ, ਹਿਰਦੇ ਵਿਚ ਇਹ ਧਾਰ ਕੇ ਬਹੁਤ ਵਡਿਆਈ ਲਿਖੀ। ਜਿਹੜੀ ਪਹਿਲੀ ਪੋਥੀ ਸੀ ਉਸ ਨੂੰ ਦਰਿਆ ਬਿਆਸ ਵਿਚ ਡੋਬ ਦਿੱਤਾ॥ ੨੭॥

ਪੰਨੇ ਛੇਦੇ ਦਏ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ।
ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਵਰਕੇ ਪਾੜ ਕੇ ਦਰਿਆ ਵਿਚ ਰੋੜ੍ਹ ਦਿੱਤੇ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਸੀ। ਆਪਣੇ ਮਨੋਰਥ ਨੂੰ ਸਮਝ ਕੇ ਉਸ ਪੋਥੀ ਵਿਚ ਸਾਰੀ ਆਪਣੀ ਵਡਿਆਈ ਲਿਖ ਦਿੱਤੀ॥ ੨੮॥

ਦੋਹਰਾ- ਪੋਥੀ ਲਿਖੀ ਜੁ ਅਨਤਗਤਿ ਸੁਨਿ ਸ਼੍ਰੋਤਾ ਮਨ ਲਾਇ।
ਤਿੰਹ ਤੇ ਪੋਥੀ ਸਭਿ ਲਿਖੀ ਸਾਕਤ ਜੌਨ ਬਨਾਇ॥ ੨੯॥

ਜੋ ਬਨਾਵਟੀ ਭਾਵ ਜਾਅਲੀ ਪੋਥੀ ਲਿਖੀ ਸੀ, ਉਸ ਨੂੰ ਸਰੋਤੇ ਮਨ ਲਾ ਕੇ ਸੁਣਦੇ ਸਨ। ਉਸ ਤੋਂ ਹੀ ਹੋਰ ਪੋਥੀਆਂ ਤਿਆਰ ਕੀਤੀਆਂ, ਜਿਹੜੀ ਪਖੰਡੀ ਨੇ ਬਣਾਈ ਸੀ॥ ੨੯॥

ਚੌਪਈ- ਜੇ ਹੈਂ ਨਰ ਸਤਿਗੁਰੁ ਸਿਖ ਪੂਰਨ। ਦੁਰਮਤਿ ਭਰਮ ਭਯੋ ਜਿਨ ਚੂਰਨ।
ਸੇ ਮਹਿਮਾ ਸ੍ਰੀ ਨਾਨਕ ਜਾਨਹਿ। ਜੇ ਨਿਜ ਗੁਰੁ ਕੋ ਭੇਵ ਪਛਾਨਹਿ॥੩੦॥

ਜਿਹੜੇ ਸਤਿਗੁਰੂ ਦੇ ਪੂਰਨ ਸਿੱਖ ਹਨ ਅਤੇ ਜਿਨ੍ਹਾਂ ਦੀ ਦੁਰਮਤ ਅਤੇ ਭਰਮ ਨਾਸ਼ ਹੋ ਗਏ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਜਾਣਦੇ ਹਨ ਅਤੇ ਗੁਰੂ ਜੀ ਦਾ ਨਿਜੀ ਭੇਦ ਪਛਾਣਦੇ ਹਨ॥ ੩੦॥

ਨਹਿਂ ਮਾਨਹਿਂ ਦੁਰਮਤਿ ਕਹਿ ਸਾਖੀ। ਜੋਨ ਦਰਸ ਨਾਨਕ ਅਭਿਲਾਖੀ।
ਜੇ ਮਾਨਹਿਂ ਸਾਕਤ ਕੋ ਕਹਯੋ। ਤਿਨਤੇ ਸਿੱਖੀ ਮਾਰਗ ਰਹਯੋ॥ ੩੧॥

ਉਹ ਖੋਟੀ ਬੁੱਧੀ ਵਾਲਿਆਂ ਦੀ ਲਿਖੀ ਹੋਈ ਸਾਖੀ ਨੂੰ ਨਹੀ ਮੰਨਦੇ, ਜਿਹੜੇ ਸਿੱਖ ਸਤਿਗੁਰੂ ਦੇ ਦਰਸ਼ਨਾ ਦੇ ਅਭਿਲਾਸ਼ੀ ਹਨ। ਜਿਹੜੇ ਸਾਕਤ (ਭੈੜੀ ਬੁੱਧੀ ਵਾਲੇ) ਦੀ ਲਿਖੀ ਹੋਈ ਸਾਖੀ ਨੂੰ ਮੰਨਦੇ ਹਨ, ਉਹ ਸਿੱਖੀ ਮਾਰਗ ਤੋਂ ਡਿੱਗ ਪੈਂਦੇ ਹਨ॥ ੩੧॥

ਗੁਰੁ ਸ਼ਰਧਾ ਜਿਨ ਕੇ ਉਰ ਹੋਈ। ਕਹਤਿ ਸੁਨਤਿ ਗੁਰੁ ਸਾਖੀ ਸੋਈ।
ਪੈਸਮ ਪੀਵਹਿਂ ਬਿਨ ਤ੍ਰਿਪਤਾਈ। ਸੁਖ ਪਾਵਹਿਂ ਆਗੈ, ਇਹ ਥਾਂਈ॥ ੩੨॥

ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਜੀ ਲਈ ਸ਼ਰਧਾ ਹੈ, ਉਹ ਗੁਰੂ ਅੰਗਦ ਦੇਵ ਵਾਲੀ ਸਾਖੀ ਹੀ ਪੜ੍ਹਦੇ ਸੁਣਦੇ ਹਨ। ਦੁੱਧ ਪੀਣ ਬਗੈਰ ਤ੍ਰਿਪਤੀ ਨਹੀ ਹੁੰਦੀ। ਇਹ ਅੱਗੇ ਜਾ ਕੇ ਵੀ ਇਹ ਸੁੱਖ ਪਾਉਂਦੇ ਹਨ॥ ੩੨॥

ਦੋਹਰਾ- ਸ੍ਰੀ ਨਾਨਕ ਜਸੁ ਖੀਰ ਸਮ ਬਿਦਤ ਦੇਤਿ ਅਹਿਲਾਦ।
ਛੰਦ ਚੋਪਈ ਬੰਦ ਜੋ ਮਿਸ਼ਟ ਸਹਿਤ ਭਾ ਸ੍ਵਾਦ॥ ੩੩॥

ਗੁਰੂ ਨਾਨਕ ਦੇਵ ਜੀ ਦਾ ਜੱਸ ਦੁੱਧ ਵਰਗਾ ਹੈ, ਪ੍ਰਗਟ ਕਰਨ ਤੇ ਆਨੰਦ ਦਿੰਦਾ ਹੈ। ਛੰਦ, ਚੋਪਈ, ਬੰਦ ਮਿੱਠੇ ਅਤੇ ਬੜੇ ਸਵਾਦੀ ਹਨ॥ ੩੩॥

ਚੌਪਈ- ਜੇ ਸਾਕਤ ਕੀ ਕਹੀ ਕੁਸਾਖੀ। ਖੀਰ ਬੀਚ ਸੋ ਜਾਨਹੁ ਮਾਖੀ।
ਕਾਢਹਿ ਮਾਖੀ ਦੇਖਹਿ ਜੋਊ। ਪੀਵਹਿ ਪਾਇ ਮਿਸ਼ਟ ਸਿਖ ਸੋਊ॥ ੩੪॥

ਜਿਹੜੀ ਨਿੰਦਕ ਦੀ ਲਿਖੀ ਹੋਈ ਮਾੜੀ ਸਾਖੀ ਹੈ, ਉਸ ਨੂੰ ਸਮਝੋ ਜਿਵੇਂ ਦੁੱਧ ਵਿਚ ਮੱਖੀ ਹੈ। ਜੋ ਵੇਖ ਕੇ ਮੱਖੀ ਕੱਢ ਦੇਵੇ ਅਤੇ ਮਿੱਠਾ ਪਾ ਕੇ ਪੀਵੇ ਉਹੀ ਗੁਰੂ ਜੀ ਦਾ ਸੱਚਾ ਸਿੱਖ ਹੈ॥ ੩੪॥

ਦੇਖਿ ਬੂਝ ਮਾਖੀ ਜੋ ਖਾਵੈ। ਸੂਮ ਹੋਵੈ ਤਨ, ਪੈਨ ਪਚਾਵੈ।
ਕੀਰਤਿ ਨਿਰਮਲ ਜੋ ਉਰ ਧਾਰਹਿ। ਕਰੀ ਕੁਸਾਖੀ ਸੋ ਨਿਰਵਾਰਹਿ॥ ੩੫॥

ਵੇਖ ਭਾਲ ਕੇ ਜਿਹੜਾ ਮੱਖੀ ਖਾਵੇ, ਤਨ ਵਿਚ ਦੁੱਖ ਹੋਵੇਗਾ ਅਤੇ ਦੁੱਧ ਵੀ ਨਹੀਂ ਪਚੇਗਾ। ਨਿਰਮਲ ਕੀਰਤੀ ਜੋ ਹਿਰਦੇ ਵਿਚ ਧਾਰਦਾ ਹੈ, ਉਹ ਮਾੜੀ ਸਾਖੀ ਨੂੰ ਆਪਣੇ ਆਪ ਤੋਂ ਦੂਰ ਰਖੇਗਾ॥ ੩੫॥

ਗੁਰਮੁਖ ਸਿਖ ਅੰਬੁਜ ਸੇ ਜੋਈ। ਗੁਰ ਕੀਰਤਿ ਰਵਿ ਪ੍ਰੀਤਮ ਤੋਈ।
ਤਿਨ ਸੋ ਮੈਂ ਇਹ ਬਚਨ ਬਖਾਨੇ। ਸੁਨਿ ਕਰਿ ਗੁਰੁ ਮਹਿਮਾ ਜੋ ਮਾਨੇ॥ ੩੬॥

ਜੋ ਗੁਰਮੁਖ ਸਿੱਖ ਕੰਵਲ ਦੇ ਫੁੱਲ ਸਮਾਨ ਹੈ ਤਾਂ ਗੁਰੂ ਕੀਰਤੀ ਸੂਰਜ ਪ੍ਰੀਤਮ ਵਾਂਗ ਹੈ। ਉਨ੍ਹਾਂ ਲਈ ਮੈਂ ਇਹ ਬਚਨ ਕਹੇ ਹਨ ਜਿਹੜੇ ਸੁਣ ਕੇ ਗੁਰੂ ਦੀ ਮਹਿਮਾ ਮੰਨਦੇ ਹਨ॥ ੩੬॥

ਦੋਹਰਾ- ਬੇਮੁਖ ਮਨੁਜ ਉਲੂਕ ਜੋ ਸਾਕਤ ਮਨ ਬਚ ਕਾਇ।
ਤਿਨਕੇ ਸੰਗ ਨ ਬਹਿਸ ਹੋ, ਨਹਿਂ ਕਛੁ ਕਹੋਂ ਅਲਾਇ॥ ੩੭॥

ਬੇਮੁਖ ਮਨੁੱਖ ਉਲੂ ਵਾਂਗ ਹਨ ਜੋ ਮਨ, ਬਚਨ ਅਤੇ ਸਰੀਰ ਕਰਕੇ ਸਾਕਤ ਹਨ। ਉਨ੍ਹਾਂ ਨਾਲ ਝਗੜਾ ਨਹੀਂ ਕਰਦਾ ਹਾਂ ਅਤੇ ਨਾ ਹੀ ਬੋਲ ਕੇ ਕੁਝ ਕਹਿੰਦਾ ਹਾਂ॥ ੩੭॥

ਚੌਪਈ- ਜੋ ਸਾਕਤਿ ਮਤਿ ਜਗਤ ਕਿ ਮਾਂਹੀ। ਚਿਤ ਸਮਝਤਿ ਸੁ ਕਦਾਚਿਤ ਨਾਂਹੀ।
ਜੇ ਬਿਧਿ ਆਪ ਆਨਿ ਸਮਝਾਵੈ। ਨਹੀਂ ਦੁਸ਼ਟਤਾ ਉਰ ਤੇ ਜਾਵੈ॥ ੩੮॥

ਜਿਹੜੇ ਸਾਕਤ ਮਤ ਵਾਲੇ ਜਗਤ ਵਿਚ ਰਹਿੰਦੇ ਹਨ, ਉਹ ਆਪਣੇ ਚਿਤ ਵਿਚ ਕਦੀ ਵੀ ਨਹੀਂ ਸਮਝਦੇ ਹਨ। ਜਿਸ ਤਰ੍ਹਾਂ ਉਹ ਆਪ ਆ ਕੇ ਸਮਝਾਉਂਦੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਦੁਸ਼ਟਤਾ ਅਤੇ ਨੀਚਤਾ ਨਹੀਂ ਜਾਂਦੀ॥ ੩੮॥

ਰਸ ਊਖਹਿ ਕੇ ਲਤਾ ਸੁ ਪਾਲਹਿ। ਫਾਣਤ ਸੋਂ ਤਿਹ ਕਰ ਅਲਬਾਲਹਿ।
ਸਿਤਾ ਕੰਧ ਪਰ ਬਧਿ ਹੈ ਸੋਇ। ਕਟ ਤੁੰਬੀ ਕਬਿ ਮਧੁਰ ਨ ਹੋਇ॥ ੩੯॥

ਕੌੜੀ ਤੁੰਬੇ ਦੀ ਵੇਲ ਨੂੰ ਜੇ ਗੰਨੇ ਦੇ ਰਸ ਨਾਲ ਪਾਲੇ, ਮਿਸਰੀ ਦੀਆਂ ਉਸ ਦੀਆਂ ਖਿੱਲਾਂ ਬਣਾਵੇ ਅਤੇ ਖੰਡ ਦੀ ਦੀਵਾਰ ਬਣਾ ਕੇ ਉਸ ਵੇਲ ਨੂੰ ਉਸ ਉਤੇ ਚੜ੍ਹਾਵੇ, ਪਰ ਤੁੰਬਾ ਕਦੀ ਵੀ ਮਿੱਠਾ ਨਹੀਂ ਹੋਵੇਗਾ॥ ੩੯॥

ਦੋਹਰਾ- ਸ੍ਰੀ ਨਾਨਕ ਸਭਿ ਬਿਧਿ ਵਡੇ ਕੈਸੇ ਕਰੌਂ ਉਚਾਰ।
ਏਕ ਰੋਮ ਬ੍ਰਹਮੰਡ ਬਹੁ ਤਿਂਹ ਲੀਨੋ ਅਵਤਾਰ॥ ੪੦॥

ਸ੍ਰੀ ਗੁਰੂ ਨਾਨਕ ਦੇਵ ਜੀ ਹਰ ਪ੍ਰਕਾਰ ਵੱਡੇ ਹਨ, ਮੈਂ ਕਿਵੇਂ ਬਿਆਨ ਕਰਾਂ। ਜਿਸ ਪ੍ਰਭੂ ਦੇ ਇਕ ਰੋਮ ਵਿਚ ਅਨੇਕਾਂ ਬ੍ਰਹਮੰਡ ਹਨ ਉਸ ਪ੍ਰਭੂ ਨੇ ਗੁਰੂ ਨਾਨਕ ਰੂਪ ਧਾਰ ਕੇ ਅਵਤਾਰ ਲਿਆ ਹੈ॥ ੪੦॥

ਚੌਪਈ- ਸਿੱਧ ਨਾਥ ਜੇ ਜਤੀ ਕਹਾਵਹਿਂ। ਅਮਰ ਭਏ ਮ੍ਰਿਤ ਤੇ ਨ ਡਰਾਵਹਿਂ।
ਔਰ ਅਚਾਰਜ ਬਹੁ ਮਤ ਕੇਈ। ਅਨਿਕ ਕਲਪਨਾ ਥਾਪਹਿਂ ਜੇਈ॥ ੪੧॥

ਸਿੱਧ ਨਾਥ ਜੋ ਆਪਣੇਂ ਆਪ ਨੂੰ ਜਤੀ ਕਹਾਉਂਦੇ ਹਨ, ਅਮਰ ਹੋ ਗਏ ਹਨ ਅਤੇ ਮੌਤ ਦਾ ਉਨ੍ਹਾਂ ਨੂੰ ਕੋਈ ਭੈਅ ਨਹੀਂ ਅਤੇ ਬਹੁਤ ਮੱਤਾਂ ਦੇ ਕਈ ਅਚਾਰੀਏ ਹੋਏ ਹਨ, ਜਿਹੜੇ ਅਨੇਕ ਪ੍ਰਕਾਰ ਦੀਆਂ ਕਲਪਨਾਵਾਂ ਥਾਪਦੇ ਹਨ॥ ੪੧॥

ਪੀਰਨ ਪੀਰ ਔਲੀਆ ਸਾਰੇ। ਗਿਨ ਕਰਿ ਕੌਨ ਪਾਇ ਹੈ ਪਾਰੇ।
ਇਨ ਕੋ ਮਾਨ ਤਿਮਰ ਘਨ ਸਾਂਝੂ। ਅਧਿਕ ਦੰਭਿ ਸੋਂ ਉਡ ਗਨ ਰਾਜੂ॥ ੪੨॥

ਪੀਰਾਂ ਦੇ ਪੀਰ ਅਤੇ ਔਲੀਏ, ਉਨ੍ਹਾਂ ਨੂੰ ਗਿਣ ਕੇ ਕੌਣ ਪਾਰਾਵਾਰ ਪਾ ਸਕਦਾ ਹੈ, ਇਨ੍ਹਾਂ ਦਾ ਮਾਨ ਗੂਹੜੇ ਹਨੇਰੇ ਵਰਗਾ ਹੈ ਅਤੇ ਤਾਰਿਆਂ ਦੇ ਰਾਜੇ ਚੰਦਰਮਾਂ ਸਮਾਨ ਇਹ ਸਾਰੇ ਦੰਭੀ ਹਨ॥ ੪੨॥

ਕਲਾ ਬਿਸਾਲਨ ਕੇ ਬਲਿ ਜੇਤੇ। ਤਾਰੇ ਬ੍ਰਿੰਦਨ ਚਮਕਤਿ ਤੇਤੇ।
ਨਿਸਾ ਘੋਰ ਕਲਿ ਕੀਨਿ ਕੁਚਾਲੇ। ਤਸਕਰ ਦੰਭੀ ਫਿਰਤਿ ਸੁਖਾਲੇ॥ ੪੩॥

ਬਹੁਤੀਆਂ ਸ਼ਕਤੀਆਂ ਵਾਲੇ ਤਾਰੇ ਜਿਵੇਂ ਘੋਰ ਹਨੇਰੀ ਰਾਤ ਵਿਚ ਬਹੁਤ ਚਮਕਦੇ ਹਨ, ਇੰਝ ਸਮਝ ਲਵੋ ਚੋਰ ਅਤੇ ਪਖੰਡੀ ਕਲਿਜੁਗ ਰੂਪੀ ਰਾਤ ਵਿਚ ਬੜੇ ਚਮਕ ਰਹੇ ਸਨ, ਭਾਵ ਬੜੇ ਅਨੰਦ ਨਾਲ ਫਿਰ ਰਹੇ ਸਨ॥ ੪੩॥

ਦੋਹਰਾ- ਮਤ ਜਿ ਅਨੇਕ ਚਕੋਰ ਗਨ ਹਰਖਤਿ ਮਿਲਾ ਸਮਾਜ।
ਕਲਮਲ ਕੁਮਦ ਪ੍ਰਫੁੱਲਹੀਂ ਤਾਲ ਪਾਇ ਕਲਿਰਾਜ॥ ੪੪॥

ਜਿਹੜੇ ਅਨੇਕਾਂ ਹੀ ਮੱਤ ਅਤੇ ਮਜ਼ਹਬ ਹਨ ਉਹ ਮਾਨੋ ਚਕੋਰ ਵਾਂਗ ਹਨ ਅਤੇ ਕਲਿਜੁਗ ਰੂਪੀ ਸਰੋਵਰ ਵਿਚ ਮਾਨੋ ਪਾਪ ਕਾਂਵਾਂ ਵਰਗੇ ਹਨ॥ ੪੪॥

ਚੌਪਈ- ਸ੍ਰੀ ਨਾਨਕ ਸੂਰਜ ਪਰਕਾਸ਼ੇ। ਪਾਛਲ ਗਿਨਤੀ ਸਕਲ ਬਿਨਾਸੇ।
ਭਏ ਸੰਤ ਅਰਬਿੰਦ ਸੁਖਾਰੇ। ਚਕਵੇ ਸਿੱਖਨ ਕੇ ਦੁਖ ਟਾਰੇ॥ ੪੫॥

ਜਦ ਨਾਨਕ ਰੂਪ ਸੂਰਜ ਚੜ੍ਹਿਆ ਤਾਂ ਸਾਰੇ ਤਾਰੇ, ਚੰਦ ਅਤੇ ਪਾਪ ਅਲੋਪ ਹੋ ਗਏ, ਸਾਰੇ ਸੰਤ ਕੰਵਲ ਫੁੱਲ ਵਾਂਗ ਖਿੜ ਗਏ, ਭਾਵ ਸੁਖੀ ਹੋ ਗਏ ਅਤੇ ਚਕਵੇ ਰੂਪ ਸਿੱਖਾਂ ਦੇ ਸਾਰੇ ਦੁੱਖ ਖਤਮ ਹੋ ਗਏ॥ ੪੫॥

ਆਤਪ ਭਗਤਿ ਬਿਰਾਜੀ ਜਹਿਂ ਤਹਿਂ। ਗਜਾਨ ਤੇਜ ਹੈ ਨਿਰਮਲ ਜਿਹ ਮਹਿਂ।
ਐਸੇ ਗੁਰ ਕੇ ਨਿੰਦਕ ਜੇਈ। ਸਮ ਉਲੂਕ ਦੁਖ ਪਾਵਹਿਂ ਤੇਈ॥ ੪੬॥

ਜਿਥੇ ਜਿਥੇ ਸੂਰਜ ਰੂਪੀ ਭਗਤੀ ਬਿਰਾਜ ਰਹੀ ਸੀ, ਓਥੇ ਓਥੇ ਗਿਆਨ ਦਾ ਤੇਜ ਨਿਰਮਲ ਹੋ ਗਿਆ। ਅਜੇਹੇ ਗੁਰੂ ਜੀ ਦੇ ਜਿਥੇ ਜਿਥੇ ਨਿੰਦਕ ਸਨ, ਉਹ ਉਲੂ ਵਾਂਗ ਓਥੇ ਓਥੇ ਹੀ ਦੁੱਖ ਪਾ ਰਹੇ ਸਨ॥ ੪੬॥

ਦਿੱਬ ਸਹੰਸਰ ਬਰਖ ਪ੍ਰਸਾਨਾ। ਪਾਵਹਿਂ ਨਰਕ ਮਹਾਂ ਦੁਖ ਖਾਨਾ।
ਤ੍ਰਿਗਦ ਜੋਨਿ ਪੁਨ ਬਾਰੰਬਾਰਾ। ਧਰਿ ਕਰਿ ਪਾਵਹਿਂ ਕਸ਼ਟ ਅਪਾਰਾ॥੪੭॥

ਦੇਵਤਿਆਂ ਦੇ ਹਜ਼ਾਰ ਵਰ੍ਹੇ ਸਮਾਨ ਇਕ ਸਾਲ ਹੋ ਗਿਆ। ਦੁਸ਼ਟ ਲੋਕ ਨਰਕਾਂ ਵਿਚ ਜਾ ਕੇ ਮਹਾਂ ਦੁੱਖ ਪਾਉਣ ਲੱਗੇ। ਬਾਰ-ਬਾਰ ਮਾੜੀਆਂ ਜੂਨਾਂ ਵਿਚ ਬਾਰ-ਬਾਰ ਜਨਮ ਲੈ ਰਹੇ ਸਨ ਅਤੇ ਅਜੇਹੀਆਂ ਜੂਨਾਂ ਪਾ ਕੇ ਬਹੁਤ ਕਸ਼ਟ ਪਾ ਰਹੇ ਸਨ॥ ੪੭॥

ਦੋਹਰਾ- ਸ੍ਰੀ ਨਾਨਕ ਉਪਮਾ ਵਡੀ ਮੋ ਤੇ ਕਹੀ ਨ ਜਾਇ।
ਜਿਉਂ ਕੀਟੀ ਗਿਰ ਨਹਿ ਉਠੇ ਕਰਤਿ ਅਨੇਕ ਉਪਾਇ॥ ੪੮॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਬਹੁਤ ਮਹਾਨ ਹੈ, ਮੈਥੋਂ ਉਹ ਕਹੀ ਨਹੀਂ ਜਾ ਸਕਦੀ, ਜਿਵੇਂ ਇਕ ਕੀੜੀ ਤੋਂ ਪਹਾੜ ਨਹੀਂ ਚੁਕਿਆ ਜਾ ਸਕਦਾ, ਬੇਸ਼ਕ ਉਹ ਕਿੰਨੇ ਵੀ ਯਤਨ ਕਰੇ॥ ੪੮॥

ਚੌਪਈ- ਤਿਨ ਕੀ ਸਮ ਨਹਿਂ ਦੀਸਹਿ ਕੋਊ। ਜਿਹਕੀ ਉਪਮਾ ਦੇਵੋਂ ਸੋਊ।
ਜੋ ਉਪਮੇਯ ਤਾਰਤਮ ਉਪਮਾ। ਹੁਇ ਹਾਸੀ ਤਿਹ ਕਵਿ ਕੀ ਭਵ ਮਾਂ॥੪੯॥

ਉਨ੍ਹਾਂ ਵਰਗਾ ਮੈਨੂੰ ਕੋਈ ਨਹੀ ਦਿੱਸਦਾ, ਜਿਸ ਨਾਲ ਮੈਂ ਉਨ੍ਹਾਂ ਦੀ ਉਪਮਾ ਦੇ ਸਕਾਂ (ਭਾਵ ਦੁਨੀਆਂ ਉਤੇ ਕੋਈ ਵੀ ਅਜੇਹਾ ਵਿਅਕਤੀ ਨਹੀਂ ਹੋਇਆ ਜਿਸ ਨੂੰ ਮੈਂ ਕਹਿ ਸਕਾਂ ਗੁਰੂ ਨਾਨਕ ਵਰਗਾ ਸੀ) ਜੇ ਕੋਈ ਕਵੀ ਭੁੱਲ ਕੇ ਵੀ ਗੁਰੂ ਜੀ ਦੀ ਕਿਸੇ ਨਾਲ ਉਪਮਾ ਕਰ ਦੇਵੇ ਤਾਂ ਉਸ ਕਵੀ ਦੀ ਇਸ ਸੰਸਾਰ ਵਿਚ ਬੜੀ ਖਿੱਲੀ ਉਡੇਗੀ॥ ੪੯॥

ਸ੍ਰੀ ਨਾਨਕ ਜੋ ਹਮਰੇ ਸੁਆਮੀ। ਜੈਸਿ ਸੈਸਿ ਹੈਂ ਅੰਤਰਜਾਮੀ।
ਕਹੇ ਵਧੈਂ ਨਹਿਂ ਘਟੈਂ ਘਟਾਏ। ਜਨਮ ਧਾਰਿ ਜੋ ਗੁਰੂ ਕਹਾਏ॥੫੦॥

ਸ੍ਰੀ ਗੁਰੂ ਨਾਨਕ ਦੇਵ ਜੀ ਜੋ ਸਾਡੇ ਸੁਆਮੀ ਹਨ, ਉਹ ਅੰਤਰਜਾਮੀ ਜਿਸ ਤਰ੍ਹਾਂ ਦੇ ਹਨ, ਉਸ ਤਰ੍ਹਾਂ ਦੇ ਉਹ ਹੀ ਹਨ, ਉਨ੍ਹਾਂ ਵਰਗਾ ਹੋਰ ਕੋਈ ਨਹੀ ਹੋ ਸਕਦਾ। ਕਿਸੇ ਦੇ ਕਹਿਣ ਨਾਲ ਉਹ ਘਟ ਨਹੀ ਸਕਦੇ ਅਤੇ ਕਿਸੇ ਕਹਿਣ ਨਾਲ ਵੱਧ ਨਹੀਂ ਸਕਦੇ, ਜਿਹੜੇ ਜਨਮ ਤੋਂ ਹੀ ਗੁਰੂ ਕਹਾਏ॥ ੫੦॥

ਬੇਦ ਰਿਚਾ ਜੋ ਸਬਦ ਸੁ ਕੀਨੇ। ਲੋਗਨ ਹਿਤ ਦੇਖੇ ਦੁਖਿ ਦੀਨੇ।
ਕਲੀ ਕਾਲ ਮਤਿਮੰਦ ਬਿਸਾਲਾ। ਯਾਤੇ ਕਰੇ ਸੁਖੇਨ ਕ੍ਰਿਪਾਲਾ॥੫੧॥

ਗਰੀਬ ਅਤੇ ਦੁਖੀ ਲੋਕਾਂ ਦਾ ਦੁੱਖ ਵੇਖ ਕੇ ਉਨ੍ਹਾਂ ਨੇ ਵੇਦ ਸ੍ਰੁਤੀਆਂ ਰੂਪੀ ਸ਼ਬਦਾਂ ਦੀ ਰਚਨਾ ਕੀਤੀ (ਭਾਵ ਉਨ੍ਹਾਂ ਨੇ ਜੋ ਕੁਝ ਲਿਖਿਆ ਲੋਕ ਭਲਾਈ ਹਿਤ ਲਿਖਿਆ) ਕਲਿਜੁਗ ਵਿਚ ਲੋਕਾਂ ਦੀਆਂ ਬੁੱਧੀਆਂ ਕਮਜ਼ੋਰ ਹੋ ਗਈਆਂ ਸਨ, ਕਿਰਪਾਲੂ ਗੁਰੂ ਜੀ ਨੇ ਉਨ੍ਹਾਂ ਨੂੰ ਸੁਖੀ ਕੀਤਾ॥ ੫੧॥

ਦੋਹਰਾ- ਨਿੰਦਕ ਜੋ ਨਿੰਦਾ ਕਰਹਿਂ ਕੀਰਤਿ ਛੋਟ ਨ ਹੋਇ।
ਜਿਉਂ ਦੁਰਾਇ ਸਸਿ ਪੱਤ੍ਰ ਸੋ ਛਾਦਜੋ ਜਾਇ ਨ ਸੋਇ॥ ੫੨॥

ਜੇ ਕੋਈ ਨਿੰਦਕ ਉਨ੍ਹਾਂ ਦੀ ਨਿੰਦਿਆ ਵੀ ਕਰੇ ਤਾਂ ਉਨ੍ਹਾਂ ਦੀ ਕੀਰਤੀ ਘੱਟ ਨਹੀਂ ਹੁੰਦੀ। ਜਿਵੇਂ ਕੋਈ ਚਾਹੇ ਕਿ ਚੰਦਰਮਾਂ ਨੂੰ ਲੁਕਾ ਲਵੇ, ਪਰ ਚੰਦਰਮਾਂ ਲੁਕਾਇਆ ਨਹੀਂ ਜਾ ਸਕਦਾ ॥ ੫੨॥

ਚੌਪਈ-ਜਿਉਂ ਰਵਿ ਕੋ ਉਲੂਕ ਮੁਖ ਨਿੰਦਹਿ। ਅੰਧ ਹੋਇ ਨਿਜ ਲੋਚਨ ਮੁੰਦਹਿ।
ਮਾਰਤੰਡ ਘਟ ਹੋਇ ਨ ਜਾਈ। ਦੀਪਤਿ ਸਭਿ ਲੋਕਨ ਸੁਖਦਾਈ॥੫੩॥

ਜਿਵੇਂ ਸੂਰਜ ਦੀ ਜੇ ਉਲੂ ਨਿੰਦਿਆ ਕਰੇ ਤਾਂ ਅੰਨ੍ਹਾ ਹੋ ਜਾਂਦਾ ਹੈ ਅਤੇ ਦੋਵੇਂ ਅੱਖਾਂ ਮੀਟ ਲੈਂਦਾ ਹੈ। ਸੂਰਜ ਨੂੰ ਘਟਾਇਆ ਨਹੀਂ ਜਾ ਸਕਦਾ, ਉਸ ਦਾ ਪ੍ਰਕਾਸ਼ ਸਾਰੀ ਲੋਕਾਈ ਨੂੰ ਸੁਖ ਦਿੰਦਾ ਹੈ॥ ੫੩॥

ਤਿਉਂ ਨਾਨਕ ਕੀਰਤਿ ਪਰਕਾਸ਼ੀ। ਦਿਪਤਿ ਜਹਾਂ ਤਹਿਂ, ਨਿੰਦਕ ਨਾਸ਼ੀ।
ਆਸ਼੍ਰਮ ਬਰਨ ਚਤੁਰ ਬਿਸਤਾਰਾ। ਸ੍ਰੀ ਗੁਰ ਕੀ ਕੀਰਤਿ ਕਰਹਿਂ ਉਚਾਰਾ॥੫੪॥

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਪ੍ਰਕਾਸ਼ਮਾਨ ਹੋਈ ਕਿ ਜਿਥੇ ਕਿਥੇ ਵੀ ਨਿੰਦਿਆ ਸੀ, ਉਸ ਦਾ ਨਾਸ਼ ਹੋ ਗਿਆ। ਚਾਰੇ ਵਰਨ ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ॥ ੫੪॥

ਤੁਰਕ ਸਭੈ ਤੁਰਕਨ ਕੇ ਪੀਰੂ। ਜਾਨਹਿਂ, ਨਾਨਕ ਗੁਨੀ ਗਹੀਰੂ।
ਕਲਾਵਾਨ ਸਿਧ ਨਾਥ ਜਿ ਜਹਿਂ ਤਹਿਂ। ਸ੍ਰੀ ਗੁਰ ਕੀਰਤਿ ਪੂਰਨ ਸਭਿ ਮਹਿਂ॥੫੫॥

ਸਾਰੇ ਮੁਸਲਮਾਨ ਉਨ੍ਹਾਂ ਨੂੰ ਆਪਣਾ ਵੱਡਾ ਪੀਰ ਸਮਝਦੇ ਸਨ ਅਤੇ ਸ੍ਰੀ ਗੁਰੂ ਨਾਨਕ ਜੀ ਨੂੰ ਗੁਣਾਂ ਦਾ ਸਮੁੰਦਰ ਜਾਣਦੇ ਸਨ। ਜਿਥੇ ਜਿੱਥੇ ਵੀ ਸਿੱਧ ਨਾਥ ਰਹਿੰਦੇ ਸਨ, ਸਾਰਿਆਂ ਵਿਚ ਗੁਰੂ ਜੀ ਦੀ ਕੀਰਤੀ ਪੂਰਨ ਸਥਿਤ ਸੀ॥੫੫॥

ਜਹਿਂ ਲੌ ਹੈ ਵਿਸਤ੍ਰਿਤ ਸੁ ਅਵਨੀ। ਸਰਬ ਥਾਨ ਮਹਿਂ ਕੀਰਤਿ ਰਵਨੀ।
ਤੋਰੇ ਹੁਤੇ ਮੁਵਾਸ ਮੁਕਾਮਾ। ਸਭਿ ਊਪਰਿ ਰਾਜਤਿ ਅਭਿਰਾਮਾ॥ ੫੬॥

ਜਿਥੋਂ ਤਕ ਇਹ ਦੁਨੀਆਂ ਫੈਲੀ ਹੋਈ ਹੈ, ਸਾਰੇ ਥਾਵਾਂ ਤੇ ਗੁਰੂ ਜੀ ਦੀ ਸੁੰਦਰ ਕੀਰਤੀ ਫੈਲੀ ਹੋਈ ਹੈ। ਗੁਰੂ ਜੀ ਨੇ ਸਾਰੇ ਆਕੀਆਂ ਦੇ ਘੁਮੰਡ ਤੋੜ ਦਿੱਤੇ ਤੇ ਉਨ੍ਹਾਂ ਦੀ ਸੁੰਦਰ ਕੀਰਤੀ ਸਭ ਉਪਰ ਵਿਰਾਜ ਰਹੀ ਹੈ॥ ੫੬॥

ਕਬਿੱਤ- ਖੁਰਾਸਾਨ ਕਾਬਲ ਕੰਧਾਰ ਹੂੰ ਮੈ ਕੇਵੜਾ ਸੀ, ਮੱਧ ਮੁਲਤਾਨ ਹੂੰਕੇ ਮਾਲਤੀ ਸੀ ਫੂਲੀਆ।
ਮੱਕੇ ਮੈਂ ਮੰਦਾਰ ਸੀ, ਮਦੀਨੇ ਹੈ ਮਯੰਕ ਸਮ, ਕੰਬੁ ਜੈਸੀ ਕਾਸ਼ਮੀਰ ਭਲੀ ਭਾਂਤਿ ਝੂਲੀਆ।
ਪਾਰਦ ਸੀ ਬਗਦਾਦਿ, ਨਾਰਦ ਸੀ ਭੱਖਰਾਦਿ, ਗੰਗਾ ਕੈਸੀ ਧਾਰ ਭਈ ਗੰਗ ਜੂ ਕੇ ਕੂਲੀਆ।
ਚੋਰ ਜੈਸੀ ਚਾਰੋਂ ਦਿਸਿ ਸੋਹੈ ਸਭਿ ਸੀਸ ਪਰ, ਸਾਤਦੀਪ ਮੱਧ ਮੈਂ ਮਰਾਲ ਪਾਂਤਿ ਭੂਲੀਆ॥੫੭॥

ਖੁਰਾਸਾਨ, ਕਾਬਲ, ਅਤੇ ਕੰਧਾਰ ਵਰਗੇ ਸ਼ਹਿਰਾਂ ਅਤੇ ਦੇਸ਼ਾਂ ਵਿਚ ਗੁਰੂ ਜੀ ਦੀ ਕੇਵੜੇ ਵਰਗੀ ਸੁੰਦਰ ਕੀਰਤੀ ਫੈਲੀ ਹੋਈ ਹੈ ਅਤੇ ਮੁਲਤਾਨ ਵਿਚ ਮਾਲਤੀ ਦੇ ਫੁਲ ਵਾਂਗ ਸਫੇਦ ਭਾਵ ਉਜਲ ਸਿਫਤ ਸਾਲਾਹ ਹੋ ਰਹੀ ਹੈ, ਮੱਕੇ ਵਿਚ ਕਲਪ ਬ੍ਰਿਛ ਵਰਗੀ, ਮਦੀਨੇ ਵਿਚ ਚੰਦ ਵਰਗੀ ਅਤੇ ਸੰਖ ਦੇ ਨਾਦ ਵਰਗੀ ਉਪਮਾ ਕਸ਼ਮੀਰ ਵਿਚ ਗੂੰਜ ਰਹੀ ਹੈ। ਉਨ੍ਹਾਂ ਦੀ ਉਪਮਾ ਬਗਦਾਦ ਵਿਚ ਪਾਰੇ ਵਾਂਗ, ਭੱਖਰਾਦ ਵਿਚ ਨਾਰਦ ਵਾਂਗ ਸਫੇਦ ਅਤੇ ਗੰਗਾ ਦਰਿਆ ਦੇ ਕਿਨਾਰੇ ਗੰਗਾ ਦੀ ਧਾਰ ਵਾਂਗ ਪ੍ਰਕਾਸ਼ਮਾਨ ਹੈ। ਚੌਰ ਵਾਂਗ ਉਨ੍ਹਾਂ ਦੇ ਸਿਰ ਤੇ ਸੋਭਾ ਪਾ ਰਹੀ ਹੈ ਅਤੇ ਸੱਤਾਂ ਦੀਪਾਂ ਵਿਚ ਹੰਸਾਂ ਦੀਆਂ ਡਾਰਾਂ ਵਾਂਗ ਸੋਭ ਰਹੀ ਹੈ॥ ੫੭॥

ਅਮਲ ਕਮਲ ਜੈਸੀ ਕਾਂਸ਼ੀ ਮੈਂ ਬਿਰਾਜਮਾਨ, ਸੁਧਾ ਸਮ ਸੁਧਾਸਰ, ਦਿੱਲੀ ਦੂਧ ਸੋਹੀਏ।
ਜੋਨ੍ਹ ਜੈਸੀ ਜੋਧ ਪੁਰ, ਸ਼ੇਸ਼ ਸੀ ਸੁਮੇਰੁ ਪਰ, ਚੰਦਨ ਸੀ ਚੀਨ ਔਮਚੀਨ ਮਾਂਹਿ ਜੋਹੀਏ।
ਨਿਪਾਲ ਮੈਂ ਨਿਹੱਕਸੀ, ਕਮਾਊ ਮੈਂ ਕਪਾਸ ਸੀ, ਹਿਸਾਰ ਕੋਟ ਹਿਮ ਸੀ ਸੁਖਦ ਅਵਰੋਹੀਏ।
ਆਠੋਂ ਦਿਗਪਾਲਨ ਕੇ ਦਸਨ ਪੈ ਜਾਇ ਟਿਕੀ, ਜਹਾਂ ਤਹਿਂ ਦੇਖੀਏ ਸਭਿਨਿ ਮਨ ਮੋਹੀਏ॥੫੮॥

ਉਨ੍ਹਾਂ ਦੀ ਉਪਮਾਂ ਕਾਂਸ਼ੀ ਵਿਚ ਕਮਲ ਦੇ ਫੁਲ ਸਮਾਨ ਵਿਰਾਜਮਾਨ ਹੈ ਅਤੇ ਅੰਮ੍ਰਿਤ ਵਾਂਗ ਸ੍ਰੀ ਅੰਮ੍ਰਿਤਸਰ ਵਿਚ ਹੈ ਅਤੇ ਦਿੱਲੀ ਵਿਚ ਦੁੱਧ ਵਰਗੀ ਸ਼ੋਭਾ ਪਾ ਰਹੀ ਹੈ। ਜੋਧਪੁਰ ਵਿਖੇ ਚਾਂਦਨੀ ਵਰਗੀ ਹੈ ਅਤੇ ਸੁਮੇਰ ਪਰਬਤ ਉਤੇ ਸ਼ੇਸ਼ਨਾਗ ਵਰਗੀ ਹੈ ਅਤੇ ਚੰਦਨ ਵਰਗੀ ਚੀਨ ਅਤੇ ਮਚੀਨ ਵਿਚ ਵੇਖੀਂਦੀ ਹੈ। ਨਿਪਾਲ ਵਿਚ ਹੀਰੇ ਵਰਗੀ, ਕਾਮਰੂਪ ਵਿਚ ਕਪਾਹ

ਅਤੇ ਹਿਸਾਰ ਵਿਚ ਬਰਫ ਵਾਂਗ ਸੁਖ ਦੇਣ ਵਾਲੀ ਹੈ। ਅੱਠਾਂ ਦਿਸ਼ਪਾਲ ਹਾਥੀਆਂ ਦੇ ਦੰਦਾਂ ਤੇ ਜਾ ਟਿਕੀ, ਜਿਥੇ ਕਿਥੇ ਵੇਖੀਏ ਮਨਾਂ ਨੂੰ ਮੋਹ ਰਹੀ ਹੈ॥ ੫੮॥

ਲਖਨਊ ਸਾਰਦ ਸੀ, ਲਵਪੁਰਿ ਵਾਰਿਦ ਸੀ, ਹਾਜੀ ਪੁਰਿ ਹੰਸਨੀ ਸੀ, ਰੂਪਾ ਰੂਮ ਜਾਨਿਯੇ।
ਕਰਿਕਾ ਐਰਾਕ, ਉਡਗਨ ਸੀ ਐਰਾਨ ਰੂਰੀ, ਫਟਕ ਸੀ ਫਰਕਾਬਾਦ, ਬਿਸਦ ਬਖਾਨਿਯੇ।
ਉਦਧਿ ਬੰਦਰ ਮੱਧ ਉਦਧਿਸੀ ਫੈਲ ਰਹੀ, ਕੂਨ ਸੁ ਕਲਿੰਦਰੀ ਕੇ ਕੁੰਦ ਸੀ ਪ੍ਰਮਾਨਿਯੇ।
ਕੋਡੇਸੀ ਕਲਿੰਜਰ, ਸਭਿਨਿ ਮੁਖ ਰਦਨ ਸੀ ਨਾਨਕ ਕੀ ਕੀਰਤਿ ਸੰਤੋਖ ਸਿੰਘ ਗਾਨਿਯੇ॥੫੯॥

ਲਖਨਊ ਵਿਚ ਸਰਸਵਤੀ ਜੇਹੀ, ਲਾਹੌਰ ਵਿਚ ਬੱਦਲ ਵਰਗੀ, ਹਾਜੀਪੁਰ ਹੰਸਨੀ ਵਰਗੀ ਅਤੇ ਰੂਮ ਵਿਚ ਚਾਂਦੀ ਵਾਂਗ ਜਾਣੀ ਜਾਂਦੀ ਹੈ। ਕਰਕਾ ਇਰਾਕ ਵਿਚ ਤਾਰਿਆਂ ਵਰਗੀ, ਅਤੇ ਇਰਾਨ ਵਿਚ ਬਲੌਰ ਵਾਂਗ ਸੁੰਦਰ ਹੈ ਅਤੇ ਫਰਕਾਬਾਦ ਵਿਚ ਬੜੀ ਉਜਲ ਕਹੀ ਜਾਂਦੀ ਹੈ। ਗੁਰੂ ਜੀ ਦੀ ਉਪਮਾ ਸਮੁੰਦਰ ਦੀਆਂ ਬੰਦਰਗਾਹਾਂ ਵਿਖੇ ਖੀਰ ਸਮੁੰਦਰ ਵਰਗੀ ਫੈਲ ਰਹੀ ਹੈ ਅਤੇ ਜਮਨਾ ਨਦੀ ਦੇ ਕੰਢੇ ਮਰਤਬਾਨ ਵਰਗੀ ਜਾਣ ਲਵੋ। ਕਲਿੰਜਰ ਦੇਸ਼ ਵਿਚ ਕੋਕੋ ਵਰਗੀ ਸਫੇਦ, ਸਾਰਿਆਂ ਦੇ ਮੁੱਖਾਂ ਦੇ ਦੰਦਾ ਵਰਗੀ ਚਿੱਟੀ ਹੈ, ਗੁਰੂ ਨਾਨਕ ਦੇਵ ਜੀ ਦੀ ਕੀਰਤੀ ਸਾਰੇ ਫੈਲ ਰਹੀ ਹੈ, ਜਿਸ ਦਾ ਕਵੀ ਸੰਤੋਖ ਸਿਘਾਂ ਨੇ ਗਾਇਨ ਕੀਤਾ ਹੈ॥ ੫੯॥

ਦੋਹਰਾ- ਦਸ ਦਿਸ਼ ਹਿੰਦੂ ਤੁਰਕ ਮਹਿ ਘਰ ਘਰ ਦੇਸ਼ ਬਿਦੇਸ਼।
ਫੁਲਵਾਰੀ ਫੂਲੀ ਜੁਹੀ ਮਲਿਕਾ-ਸੁਮਨ ਬਿਸ਼ੇਸ਼॥ ੬੦॥

ਉਨ੍ਹਾਂ ਦੀ ਕੀਰਤੀ ਸਾਰੇ ਦੇਸ਼ਾਂ ਵਦੇਸ਼ਾਂ ਵਿਚ ਹਿੰਦੂ ਮੁਸਲਮਾਨਾਂ ਦੇ ਘਰ ਘਰ ਵਿਖੇ ਚੰਬੇ ਅਤੇ ਮਾਲਤੀ ਫੁੱਲ ਤੋਂ ਵੱਧ ਸੁੰਦਰ ਖਿੜੀ ਹੋਈ ਹੈ॥ ੬੦॥

ਚੌਪਈ- 'ਅਵਰ ਨਰਨ ਸਰ ਜਨਮ ਸੁ ਧਾਰੇ। ਜੋ ਐਸੇ ਕਹਿ ਸੋ ਕੂੜਿਆਰੇ।
ਸੋ ਨਾਨਕ ਕੋ ਜਾਨਤਿ ਨਾਹੀ। ਕੈ ਗੁਰ ਨਿੰਦਕ ਨਿੰਦਾ ਪ੍ਰਾਹੀ॥੬੧॥

ਜਿਹੜੇ ਇਹ ਕਹਿੰਦੇ ਹਨ ਕਿ ਗੁਰੂ ਜੀ ਨੇ ਹੋਰ ਮਨੁੱਖਾਂ ਵਾਂਗ ਜਨਮ ਧਾਰਿਆ ਸੀ, ਉਹ ਕੂੜ ਭਾਵ ਝੂਠ ਬੋਲਦੇ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਾਣਦੇ ਨਹੀਂ ਜਾਂ ਗੁਰੂ ਨਾਨਕ ਦੇਵ ਜੀ ਦੇ ਨਿੰਦਕ ਨਿੰਦਿਆ ਕਰਦੇ ਹਨ॥ ੬੧॥

ਜੀਵਤਿ ਦੁਖ ਪਾਵਹਿ ਨਰ ਸੋਇ। ਮੂਏ ਨਰਕ ਪਰਾਪਤਿ ਹੋਇ।
ਨਹਿੰ ਜਾਨਹਿੰ ਕਹਿਤੇ ਜੋ ਭੂਲੇ। ਅਬ ਸੁਨਿ ਸੋ ਹੋਵਹਿੰ ਅਨਕੂਲੇ॥੬੨॥

ਜੀਵਤ ਰੂਪ ਵਿਚ ਉਹ ਮਨੁੱਖ ਦੁੱਖ ਪਾਉਂਦੇ ਹਨ ਅਤੇ ਮਰਨ ਪਿਛੋਂ ਨਰਕਾਂ ਵਿਚ ਜਾਂਦੇ ਹਨ। ਜੋ ਮਹਿਮਾ ਜਾਣਦੇ ਨਹੀਂ ਤੇ ਭੁਲ ਕੇ ਕਹਿ ਬੈਠਦੇ ਹਨ ਉਹ ਹੁਣ ਸੁਣ ਕੇ ਅਨਕੂਲ ਹੋ ਜਾਣਗੇ॥ ੬੨॥

ਦੋਹਰਾ- ਸੁਨਿ ਸ੍ਰੋਤਨ ਸੁਖ ਪਾਇ ਮਨ, ਕੀਨੋ ਬਹੁਰ ਸੰਦੇਹ।
ਵਧੀ ਰਿਦੇ ਮਹਿ ਲਾਲਸਾ ਕਥਾ ਸੁਨਨਿ ਪਰ ਜੇਹ॥ ੬੩॥

ਸਰੋਤਿਆਂ ਨੇ ਕਥਾ ਸੁਣ ਕੇ ਮਨ ਵਿਚ ਸੁਖ ਪਾਇਆ ਹੈ ਤੇ ਫਿਰ ਸੰਦੇਹ ਕੀਤਾ, ਜਿਨ੍ਹਾਂ ਦੇ ਹਿਰਦਿਆਂ ਵਿਚ ਕਥਾ ਸੁਣਨ ਦੀ ਲਾਲਸਾ ਵਧੀ ਸੀ॥ ੬੩॥

ਚੌਪਈ- ਅਸ ਬਿਧਿ ਸ੍ਰੋਤਨ ਬਚਨ ਉਚਾਰੇ। 'ਸੁਨਹੁ ਕਵੀ ਇਵ ਗ੍ਰੰਥ ਮੁਝਾਰੇ।
ਤੂੰ ਤਾਂ ਜਨਕ ਰਾਜ ਅਵਤਾਰਾ। ਇਹ ਬਿਧਿ ਲਿਖਜੇ ਵਾਕ ਸੁਖਕਾਰਾ॥੬੪॥

ਸਰੋਤਿਆਂ ਨੇ ਇਸ ਤਰ੍ਹਾਂ ਬਚਨ ਉਚਾਰਨ ਕੀਤੇ, "ਹੇ ਕਵੀ ਜੀ! ਸੁਣੋ, ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਗੁਰੂ ਜੀ ਰਾਜਾ ਜਨਕ ਦਾ ਅਵਤਾਰ ਸਨ। ਇਸ ਤਰ੍ਹਾਂ ਸੁਖਦਾਇਕ ਸ਼ਬਦ ਲਿਖਿਆ ਹੈ॥ ੬੪॥

ਗੁਰੂ ਗ੍ਰੰਥ ਕੀ ਸਾਖੀ ਪਾਵੈਂ। ਤੇ ਹਮਰੇ ਸੰਦੇਹ ਮਿਟਾਵੈ।
ਜਾਂ ਕੇ ਬਚਨ ਅਮੋਲ ਅਡੋਲਾ। ਸੁਖਦਾ ਮੰਗਲ ਮੂਲ ਅਤੋਲਾ ॥੬੫॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਵਾਹੀ ਪਾਓ ਅਤੇ ਸਾਡੀ ਸ਼ੰਕਾ ਨੂੰ ਦੂਰ ਕਰੋ। ਉਹ ਬਚਨ ਅਮੋਲਕ ਅਤੇ ਅਡੋਲ ਹਨ, ਉਹ ਬੜੇ ਸੁਖਦਾਇਕ ਅਤੇ ਮੰਗਲ ਮੂਲ ਅਤੇ ਅਤੁਲ ਹਨ॥ ੬੫॥

ਸੁਨਿ ਕਰਿ ਕਵੀ ਗ੍ਰੰਥ ਕੀ ਗਾਥਾ। ਕਰਿ ਉਰ ਹਰਖ ਕਹਤਿ ਤਿਨ ਸਾਥਾ।
'ਧੰਨ ਗਿਰਾ,ਮਤਿ ਧੰਨ ਤੁਮਾਰੀ। ਜਾਂਤੇ ਮਨ ਮਹਿਂ ਸਮਝ ਉਚਾਰੀ ॥੬੬॥

ਗੁਰੂ ਗ੍ਰੰਥ ਸਾਹਿਬ ਦੀ ਗਾਥਾ ਸੁਣ ਕੇ ਕਵੀ ਨੇ ਹਿਰਦੇ ਵਿਚ ਖੁਸ਼ ਹੋ ਕੇ ਸਰੋਤਿਆਂ ਨੂੰ ਇਸ ਤਰ੍ਹਾਂ ਕਿਹਾ, "ਧੰਨ ਤੁਹਾਡੀ ਬੋਲੀ ਹੈ ਅਤੇ ਧੰਨ ਤੁਹਾਡੀ ਬੁੱਧੀ ਹੈ, ਜਿਹੜੀ ਤੁਸੀ ਮਨ ਵਿਚ ਸਮਝ ਕੇ ਉਚਾਰਨ ਕੀਤੀ ਹੈ॥ ੬੬॥

ਕਹਤਿ ਮਹਿਤ ਕੀ ਮਹਿਤਹਿ ਸਾਖੀ। ਨਹੀਂ ਅਲਪ ਤੇ ਜਾਵਹਿ ਭਾਖੀ।
ਸ੍ਰੀ ਨਾਨਕ ਇਤਿਹਾਸ ਪੁਨੀਤਾ। ਗ੍ਰੰਥ ਅਨੁਸਾਰ ਕਥੀ ਮੈਂ ਰੀਤਾ ॥੬੭॥

ਵੱਡੇ ਪੁਰਖ ਦੀ ਸਾਖੀ ਵੱਡੇ ਪੁਰਖ ਹੀ ਕਹਿੰਦੇ ਹਨ, ਆਮ ਬੰਦਾ ਇਸ ਨੂੰ ਬਿਆਨ ਨਹੀਂ ਕਰ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਬੜਾ ਪਵਿੱਤਰ ਹੈ। ਗੁਰੂ ਗ੍ਰੰਥ ਸਾਹਿਬ ਦੀ ਰੀਤੀ ਅਨੁਸਾਰ ਹੀ ਮੈਂ ਕਥਾ ਕਹੀ ਹੈ॥ ੬੭॥

ਚੌਪਈ- ਪੁਨ ਗੁਰਦਾਸ ਭਯੋ ਜੋ ਭਾਈ। ਕਛੁਅਕ ਕੀਨਿ ਜਿ ਗੁਰੂ ਵਡਾਈ।
ਸ੍ਰੀ ਅਰਜਨ ਕੀ ਰਹਿਤਿ ਹਜੂਰਾ। ਸਿੱਖੀ ਅਧਿਕ ਪ੍ਰੇਮ ਬ੍ਰਤ ਪੂਰਾ ॥੬੮॥

ਬਾਅਦ ਵਿਚ ਭਾਈ ਗੁਰਦਾਸ ਜੀ ਹੋਏ ਹਨ। ਉਨ੍ਹਾਂ ਨੇ ਵੀ ਗੁਰੂ ਜੀ ਦੀ ਵਡਿਆਈ ਕੀਤੀ ਹੈ। ਉਹ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਵਿਚ ਰਹਿੰਦਾ ਸੀ। ਉਹ ਪੂਰਨ ਗੁਰਸਿੱਖ ਸੀ ਅਤੇ ਪ੍ਰੇਮ ਬ੍ਰਤ ਦਾ ਪੂਰਾ ਸੀ॥ ੬੮॥

ਸੁਨਿ ਗੁਰੁ ਅਰਜਨ ਜਿਹ ਕੀ ਬਾਨੀ। ਬਰ ਦੀਨੋ ਅਸਬਿਧਿ ਗਤਿਦਾਨੀ।
'ਪਢਹਿ ਪ੍ਰੇਮ ਕਰਿ ਕੈ ਸਿਖ ਜੋਊ। ਸਿੱਖੀ ਕੋ ਪ੍ਰਾਪਤਿ ਹ੍ਵੈ ਸੋਊ' ॥੬੯॥

ਉਸ ਦੀ ਬਾਣੀ ਨੂੰ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਇਹ ਵਰ ਦਿੱਤਾ ਸੀ, 'ਜਿਹੜਾ ਸਿੱਖ ਇਸ ਨੂੰ ਪ੍ਰੇਮ ਨਾਲ ਪੜ੍ਹੇਗਾ, ਉਹ ਹੀ ਪੂਰਨ ਸਿੱਖੀ ਨੂੰ ਪ੍ਰਾਪਤ ਕਰੇਗਾ'॥ ੬੯॥

ਤਿਹ ਅਨੁਸਾਰ ਕਥੀ ਮੈਂ ਗਾਥਾ। ਤਿਹ ਕੀ ਸਾਖ ਸੁਨਹੁ ਹਿਤ ਸਾਥਾ।
ਸ੍ਰੀ ਗੁਰੁ ਗੋਬਿੰਦ ਸਿੰਘ ਹਦੂਰੀ। ਮੰਨੀ ਸਿੰਘ ਭਯੋ ਗਤਿ ਰੂਰੀ॥ ੭੦॥

ਜਿਸ ਅਨੁਸਾਰ ਮੈਂ ਇਹ ਗਾਥਾ ਬਿਆਨ ਕੀਤੀ ਹੈ, ਉਨ੍ਹਾਂ ਦੀ ਸਾਖੀ ਬੜੇ ਪਿਆਰ ਨਾਲ ਸੁਣੋ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਹਜ਼ੂਰੀ ਵਿਚ ਇਕ ਸਿੱਖ ਰਹਿੰਦਾ ਸੀ, ਉਨ੍ਹਾਂ ਦਾ ਨਾਂ ਮਨੀ ਸਿੰਘ ਸੀ ਤੇ ਉਹ ਸੁੰਦਰ ਗਤੀ ਵਾਲਾ ਸੀ॥ ੭੦॥

ਜਿਹ ਸਿਰ ਲੌ ਸਿੱਖੀ ਨਿਰਬਾਹੀ। ਤਿਹ ਅਨੁਸਾਰ ਕਥਾ ਮੈਂ ਪ੍ਰਾਹੀ।
ਪ੍ਰਿਥਮੇ ਸੁਨਹੁ ਗ੍ਰੰਥ ਕੀ ਸਾਖੀ। ਹਿਰਦੇ ਮਹਿਂ ਸ਼ਰਧਾ ਦਿਢ ਰਾਖੀ ॥੭੧॥

ਜਿਸ ਸਿਰ ਤਕ ਉਨ੍ਹਾਂ ਸਿੱਖੀ ਨਿਬਾਹੀ ਸੀ, ਉਹ ਮੈਂ ਕਥਾ ਕਹੀ ਹੈ। ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਸਾਖੀ ਸੁਣੋ ਅਤੇ ਹਿਰਦੇ ਵਿਚ ਦ੍ਰਿੜ੍ਹ ਸ਼ਰਧਾ ਰਖੋ॥ ੭੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ)

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੨ ॥੧੬ ॥ (ਸਵਈਏ ਮ: ੩ ਕੇ)

ਆਪ ਪੂਰੀ ਸਮਰੱਥਾ ਲੈ ਕੇ ਪ੍ਰਿਥਮ ਪੁਰਖ ਨੇ ਸੱਚੇ ਗੁਰੂ ਦੇ ਸਰੂਪ ਵਿਚ ਵਿਚ ਇਸ ਦੁਨੀਆਂ ਵਿਚ ਪ੍ਰਵੇਸ਼ ਕੀਤਾ ਹੈ। ਗੁਰੂ ਅਮਰਦਾਸ ਦਾ ਸਰੂਪ ਧਰ ਕੇ ਸਰੂਪ ਰਹਿਤ ਸਵਾਮੀ ਨੇ ਜਗਤ ਪੁਰੀ ਵਿਚ ਚਾਨਣ ਕੀਤਾ ਹੈ। ਪ੍ਰਭੂ ਹਰ ਥਾਂ ਭਰਪੂਰ ਹੋ ਰਿਹਾ ਹੈ। ਗੁਰਦੇਵ ਜੀ ਨੇ ਉਸ ਦੇ ਨਾਮ ਦਾ ਦੀਵਾ ਜਗਾਇਆ ਹੈ। ਜਿਹੜਾ ਗੁਰੂ ਦੀ ਸਿਖਿਆ ਦੇ ਜੌਹਰ ਨੂੰ ਗ੍ਰਹਿਣ ਕਰਦਾ ਹੈ ਉਸ ਨੂੰ ਗੁਰੂ ਜੀ ਪ੍ਰਭ ਚਰਨਾਂ ਨਾਲ ਮਿਲਾ ਦਿੰਦੇ ਹਨ। ਲਹਿਣੇ ਅੰਗਦ ਨੇ ਅਮਰਦਾਸ ਸਮੇਤ, ਗੁਰੂ ਨਾਨਕ ਦੇ ਨਿਰਮਲ ਪੰਥ ਵਿਚ ਜਨਮ ਲਿਆ ਹੈ। ਪ੍ਰਾਣੀਆਂ ਨੂੰ ਪਾਰ ਕਰਨ ਲਈ ਗੁਰੂ ਅਮਰਦਾਸ ਜੀ ਇਕ ਜਹਾਜ਼ ਹਨ। ਜਨਮ ਜਨਮਾਂਤਰਾਂ ਵਿਚ ਮੈਂ ਤੇਰੇ ਚਰਨਾਂ ਦੀ ਪਨਾਹ ਚਾਹੁੰਦਾ ਹਾਂ॥ ੨ ॥ ੧੬ ॥

...... ...... ...... ...... ...... ......

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥ (ਸਵਈਏ ਮ: ੧ ਕੇ)

ਸਤਿਜੁਗ ਵਿਚ ਤੂੰ ਬੌਣਾ ਅਵਤਾਰ ਹੋ ਕੇ ਅਨੰਦ ਲਿਆ ਅਤੇ ਬਲ ਰਾਜੇ ਨੂੰ ਠੱਗਣਾ ਤੈਨੂੰ ਚੰਗਾ ਲੱਗਾ। ਤ੍ਰੇਤੇ ਯੁਗ ਵਿਚ ਤੂੰ ਰਾਘਵ ਖਾਨਦਾਨ ਦੇ ਰਾਮ ਚੰਦਰ ਅਖਵਾਉਣ ਵਿਚ ਅਨੰਦ ਲਿਆ। ਦੁਆਪੁਰ ਵਿਚ ਕ੍ਰਿਸ਼ਨ ਦਾ ਅਵਤਾਰ ਧਾਰ ਕੇ ਤੂੰ ਮੁਰ ਦੈਂਤ ਨੂੰ ਮਾਰ ਸੁਟਿਆ ਅਤੇ ਕੰਸ ਨੂੰ ਮੁਕਤ ਕਰ ਦਿਤਾ। ਤੂੰ ਉਗਰਸੈਣ ਨੂੰ ਪਾਤਿਸ਼ਾਹੀ ਅਤੇ ਪਵਿੱਤਰ ਪੁਰਸ਼ ਅਤੇ ਭੈ-ਰਹਿਤ ਦਰਜਾ ਦਿੱਤਾ। ਕਲਿਜੁਗ ਵਿਚ ਤੈਨੂੰ ਪਰਮ ਪਿਆਰਾ ਗੁਰਦੇਵ ਨਾਨਕ, ਅੰਗਦ ਅਤੇ ਅਮਰਦਾਸ ਕਿਹਾ ਜਾਂਦਾ ਹੈ। ਗੁਰਾਂ ਦਾ ਰਾਜ ਪੂਜਨੀਕ, ਅਬਿਨਾਸ਼ੀ ਅਤੇ ਅਹਿਲ ਹੈ, ਕਿਉਂਕਿ ਆਦਿ ਪੁਰਖ ਪ੍ਰਭੂ ਦਾ ਅਜੇਹਾ ਹੀ ਹੁਕਮ ਹੈ॥ ੭॥

ਦੋਹਰਾ- ਇਤ੍ਯਾਦਿਕ ਸ੍ਰੀ ਗ੍ਰੰਥ ਮੈ ਲਿਖੇ ਸਵੱਯੇ ਬ੍ਰਿੰਦ।
ਨਿਰੰਕਾਰ ਆਕਾਰ ਭੇ ਸ੍ਰੀ ਗੁਰੁ ਆਨੰਦ ਕੰਦ॥ ੭੨ ॥

ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦੇ ਸੁੰਦਰ ਗਤੀ ਵਾਲੇ ਬਹੁਤ ਸਵੱਈਏ ਲਿਖੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜਿਹੜੇ ਆਨੰਦ ਦੇ ਦਾਤੇ ਹਨ, ਨਿਰੰਕਾਰ ਦਾ ਸਰੂਪ ਹੋਏ॥ ੭੨ ॥

ਚੌਪਈ- ਮੁਹੁਰਮੁਹੂ ਸ੍ਰੀ ਗ੍ਰੰਥਹਿ ਕਹਾ। ਸੋ ਤੁਮ ਸਾਚ ਕਿ ਝੂਠੋ ਲਹਾ?।
ਵਾਕ ਗ੍ਰੰਥ ਕੋ ਸਾਚ ਜੁ ਮਾਨਹਿ। ਨਾਨਕ ਹਰਿ ਅਵਤਾਰ ਪਛਾਨਹਿ ॥੭੩ ॥

ਜੋ ਕੁਝ ਸ੍ਰੀ ਗੁਰੂ ਗ੍ਰੰਥ ਵਿਚ ਕਿਹਾ ਗਿਆ ਹੈ, ਕੀ ਇਸ ਸੱਚ ਨੂੰ ਤੁਸੀਂ ਝੂਠ ਸਮਝਿਆ ਹੈ ? ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਸੱਚ ਮੰਨਦਾ ਹੈ, ਉਹ ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਅਵਤਾਰ ਸਮਝਦਾ ਹੈ॥ ੭੩॥

**ਸ੍ਰੀ ਅਰਜਨ ਕੇ ਰਹਤਿ ਅਗਾਰੀ। ਭਯੋ ਗ੍ਰੰਥ ਕੋ ਜੌਨ ਲਿਖਾਰੀ॥**
**ਤਾਂਕੀ ਕਹੀ ਸੁਨਹੁ ਅਬ ਸਾਖੀ। ਸ੍ਰੀ ਗੁਰਦਾਸ ਨਾਮ ਜਿਉਂ ਭਾਖੀ॥੭੪॥**

ਜਿਹੜੇ ਲਿਖਾਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਰਹਿੰਦੇ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਹੱਥੀਂ ਲਿਖਿਆ, ਉਨ੍ਹਾਂ ਦੀ ਲਿਖੀ ਹੋਈ ਸਾਖੀ ਹੁਣ ਸੁਣੋ। ਉਨ੍ਹਾਂ ਦਾ ਨਾਂ ਭਾਈ ਗੁਰਦਾਸ ਸੀ, ਜਿਨ੍ਹਾਂ ਨੇ ਇਹ ਸਾਖੀ ਲਿਖੀ॥ ੭੪॥

*ਭਾਈ ਗੁਰਦਾਸ ਵਾਚ॥*

*ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।*
*ਗੁਰ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।*
*ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।*
*ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।*
*ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।*
*ਹਰਿਗੋਬਿੰਦ ਗੁਰੁ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।*
*ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।*
*ਪੈਰੀਂ ਪਾਇ ਸਭ ਜਗਤੁ ਤਰਾਇਆ॥੨੫॥* (ਵਾਰ ੨੪ ਅੰਕ ੨੫)

ਨਿਰੰਕਾਰ ਪ੍ਰਭੂ ਨੇ ਗੁਰੂ ਨਾਨਕ ਦਾ ਸਰੂਪ ਧਾਰਨ ਕੀਤਾ, ਜਿਹੜਾ ਕਿ ਆਪ ਸਰੂਪ-ਰਹਿਤ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਗਾਂ ਤੋਂ ਗੁਰੂ ਅੰਗਦ ਦੇਵ ਬਣਾਇਆ, ਜਿਵੇਂ ਗੰਗਾ ਆਪਣੀਆਂ ਲਹਿਰਾਂ ਉਤਪੰਨ ਕਰਦੀ ਹੈ। ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਹੋਏ ਅਤੇ ਗੁਰੂ ਅੰਗਦ ਦੇਵ ਦੀ ਜੋਤ ਗੁਰੂ ਅਮਰਦਾਸ ਵਿਚ ਪ੍ਰਵੇਸ਼ ਕਰਨ ਦੀ ਕਰਾਮਾਤ ਨੂੰ ਸਭ ਨੇ ਵੇਖਿਆ। ਗੁਰੂ ਅਮਰਦਾਸ ਦੀ ਜੋਤ ਗੁਰੂ ਰਾਮਦਾਸ ਵਿਚ ਪ੍ਰਵੇਸ਼ ਕਰ ਗਈ ਜਦ ਉਨ੍ਹਾਂ ਅਨਹਦ ਸ਼ਬਦ ਸੁਣਾਇਆ। ਫਿਰ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਜੀ ਨੂੰ ਇਸ ਤਰ੍ਹਾਂ ਬਣਾਇਆ, ਜਿਵੇਂ ਗੁਰੂ ਅਰਜਨ ਦੇਵ ਜੀ ਸ਼ੀਸ਼ੇ ਵਿਚ ਗੁਰੂ ਰਾਮਦਾਸ ਦੀ ਤਸਵੀਰ ਹੋਣ। ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਉਤਪੰਨ ਕੀਤਾ ਜਿਹੜਾ ਕਿ ਪ੍ਰਭੂ ਦੇ ਰੂਪ ਵਿਚ ਮਸ਼ਹੂਰ ਹੋਇਆ। ਗੁਰੂ ਮੂਰਤ, ਗੁਰੂ ਸ਼ਬਦ ਹੈ ਜਿਹੜੀ ਸਾਧਸੰਗਤ ਵਿਚ ਪ੍ਰਗਟ ਹੁੰਦੀ ਹੈ। ਪ੍ਰਭੂ ਦੇ ਚਰਨਾਂ ਨਾਲ ਜੋੜ ਕੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਤਾਰ ਦਿੱਤਾ ਹੈ॥ ੨੫॥

**ਚੌਪਈ- ਔਰ ਲਿਖਯੋ ਬਹੁਤੇ ਇਸਥਾਨਾ। ਪਢਿ ਕਰਿ ਗੁਨ ਲੇਵਹੁ ਮਤਿਵਾਨਾ।**
**ਬਹੁਰ ਜਨਕ ਰਾਜਾ ਅਵਤਾਰਾ। ਐਸੇ ਲਿਖਿਓ ਗ੍ਰੰਥ ਮਝਾਰਾ॥੭੫॥**

ਹੋਰ ਵੀ ਕਈ ਥਾਵਾਂ ਤੇ ਲਿਖਿਆ ਹੈ, ਜਿਸ ਨੂੰ ਪੜ੍ਹ ਕੇ ਬੁੱਧੀਮਾਨ ਵਿਚਾਰ ਕਰਦੇ ਹਨ। ਫਿਰ ਜਨਕ ਰਾਜੇ ਦਾ ਅਵਤਾਰ ਹੋਇਆ। ਅਜੇਹਾ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ॥ ੭੫॥

**ਸੋ ਉਪਮਾ ਹੈ ਤਿਹ ਕੀ ਦਈ। ਜੋਗ ਭੋਗ ਦੋਨੋ ਸਮ ਕਿਈ।**
**ਜਿਉਂ ਗ੍ਰਿਹਸਤਿ ਮਹਿਂ ਜਨਕ ਉਦਾਸੀ। ਤਿਉਂ ਸ੍ਰੀ ਨਾਨਕ ਭੇ ਸੁਖਰਾਸੀ॥੭੬॥**

ਉਨ੍ਹਾਂ ਦੀ ਅਜੇਹੀ ਉਪਮਾ ਦਿੱਤੀ ਹੈ, ਜਿਨ੍ਹਾਂ ਵਾਸਤੇ ਜੋਗ ਭੋਗ ਦੋਵੇਂ ਬਰਾਬਰ ਸਨ। ਜਿਵੇਂ ਗ੍ਰਹਿਸਤੀ ਵਿਚ ਉਦਾਸੀ ਰਹਿ ਸਕਦੀ ਹੈ, ਇਸ ਤਰ੍ਹਾਂ ਸੁਖਾਂ ਦੀ ਖਾਨ ਗੁਰੂ ਨਾਨਕ ਦੇਵ ਜੀ ਹਨ॥ ੭੬॥

ਇਸੀ ਹੇਤ ਤੇ ਦੂਸਰ ਚਰਨਾ। ਖੋਲ ਅਰਥ ਨੀਕੀ ਬਿਧਿ ਬਰਨਾ।
ਰਹੇ ਜਗਤ ਜਲ ਪਦਮ ਵਿਚਾਰ। ਯਾਤੇ ਕਰਿ ਲੀਜੇ ਨਿਰਧਾਰ॥੧੭॥

ਇਸ ਤਰ੍ਹਾਂ ਹੀ ਦੂਸਰੇ ਪ੍ਰਸੰਗਾਂ ਵਿਚ, ਅਰਥ ਖੋਲ੍ਹ ਕੇ ਬਿਆਨ ਕੀਤਾ ਗਿਆ ਹੈ। ਉਹ ਜਗਤ ਵਿਚ ਇਸ ਤਰ੍ਹਾਂ ਰਹਿ ਰਹੇ ਹਨ ਜਿਵੇਂ ਕੰਵਲ ਜਲ ਵਿਚ ਰਹਿੰਦਾ ਹੈ। ਇਸ ਗੱਲ ਤੋਂ ਨਿਰਣਾ ਕਰ ਲਵੋ, ਭਾਵ ਵਿਚਾਰ ਕਰਕੇ ਸਮਝ ਲਵੋ॥ ੧੭॥

ਦੋਹਰਾ- ਅਤਿ ਉਦਾਰ ਇਹ ਨ੍ਰਿਪਤ ਹੈ ਭਯੋ ਇੰਦ੍ਰ ਅਵਤਾਰ।
ਐਸੇ ਉਪਮਾ ਉਰ ਲਖੋ ਜਨਕਹਿ ਕੀ ਸੁਖਕਾਰ॥ ੧੮॥

ਗੁਰੂ ਨਾਨਕ ਦੇਵ ਜੀ ਬਹੁਤ ਉਦਾਰ ਚਿਤ ਰਾਜੇ ਹਨ, ਮਾਨੋ ਇੰਦਰ ਦਾ ਅਵਤਾਰ ਹੋਏ ਹਨ। ਅਜੇਹੀ ਸੁਖਦਾਈ ਉਪਮਾ ਜਨਕ ਅਵਤਾਰ ਦੀ ਸਮਝੋ॥ ੧੮॥

ਸੁਨਿ ਸ੍ਰੋਤਾ ਹਰਖਤਿ ਭਏ ਮਨ ਸੰਦੇਹ ਮਿਟਾਇ।
ਭਯੋ ਧਜਾਇ ਪੂਰਨ ਅਬੈ ਪਢਤਿ ਸੁਨਤਿ ਸੁਖਦਾਇ॥ ੧੯॥

ਇਹ ਸੁਣ ਕੇ ਸਰੋਤੇ ਆਪਣੇ ਮਨ ਦੇ ਸ਼ੰਕੇ ਦੂਰ ਕਰਕੇ ਪ੍ਰਸੰਨ ਹੋ ਗਏ। ਇਹ ਅਧਿਆਏ ਹੁਣ ਸੰਪੂਰਣ ਹੋ ਗਿਆ, ਪੜ੍ਹਨ ਸੁਣਨ ਵਿਚ ਬੜਾ ਸੁਖਦਾਇਕ ਹੈ॥ ੧੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੋਤਨੰ ਸੰਦੇਹ ਮਿਟਾਵਨਾ' ਪ੍ਰਸੰਗ ਬਰਨਨੰ ਨਾਮ ਸੈਂਤਿਸਮੋ ਅਧ੍ਯਾਯ॥ ੩੭॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੈਂਤੀਵਾਂ ਅਧਿਆਇ, ਜਿਸ ਦਾ ਨਾਮ "ਸ੍ਰੀ ਗੁਰ ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਹੈ, ਸਮਾਪਤ ਹੋਇਆ॥ ੩੭॥

## ਅਧਿਆਇ ਅਠੱਤੀਵਾਂ

*ਭਾਈ ਲਾਲੋ ਮਿਲਾਪ।*

*ਸ੍ਰੀ ਬਾਲਾ ਸੰਧੁਰ ਵਾਚ॥*

ਤੋਟਕ ਛੰਦ- ਗੁਰੁ ਨਾਨਕ ਧ੍ਯਾਨ ਸਦਾ ਕਰਿਯੈ॥ ਭਵ ਬੰਧਨ ਮੈਂ ਪੁਨਿ ਨਾ ਪਰਿਯੈ॥
ਸੁਖ ਸਾਗਰ ਰੂਪ ਉਜਾਗਰ ਜੋ। ਸਭਿ ਜੀਤਨ ਦੰਭਹਿ ਆਗਰ ਜੋ॥੧॥

*ਭਾਈ ਬਾਲਾ ਨੇ ਕਿਹਾ-* ਸਦਾ ਗੁਰੂ ਨਾਨਕ ਦੇਵ ਜੀ ਨੂੰ ਧਿਆਉਣ ਨਾਲ ਫਿਰ ਸੰਸਾਰਕ ਬੰਧਨਾਂ ਵਿਚ ਨਹੀਂ ਪਈਦਾ। ਗੁਰੂ ਨਾਨਕ ਦੇਵ ਜੀ ਸੁਖਾਂ ਦੇ ਸਾਗਰ ਹਨ, ਅਤੇ ਉਨ੍ਹਾਂ ਦਾ ਰੂਪ ਬਹੁਤ ਉਜਾਗਰ ਹੈ। ਉਹ ਸਾਰੇ ਪਖੰਡਾਂ ਨੂੰ ਜਿੱਤ ਲੈਣ ਵਾਲੇ ਹਨ॥ ੧॥

ਦੁਖ ਦਾਰਿਦ ਦੋਖ ਨਿਕੰਦਨ ਹੈ। ਅਰਬਿੰਦ ਦੁਤੰ ਪਦ ਬੰਦਨ ਹੈ।
ਸੁਖ ਕੰਦ ਮੁਕੰਦ ਗ੍ਯਾਨਘਨੰ। ਸ਼ਰਨਾਗਤਿ ਕੇ ਅਘ ਓਘ ਹਨੰ॥੨॥

ਗੁਰੂ ਜੀ ਦੁੱਖ, ਦਲਿੱਦਰ ਅਤੇ ਦ੍ਵੈਖ ਦਾ ਨਾਸ਼ ਕਰਨ ਵਾਲੇ ਹਨ। ਕੰਵਲ ਵਾਂਗ ਸੁੰਦਰ ਉਨ੍ਹਾਂ ਦੇ ਚਰਨ ਹਨ, ਜਿਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾਂ। ਸੁਖਾਂ ਦਾ ਮੂਲ, ਮੁਕਤੀਦਾਤੇ ਅਤੇ ਗਿਆਨ ਦੇ ਬੱਦਲ ਹਨ। ਜਿਹੜਾ ਵੀ ਉਨ੍ਹਾਂ ਦੀ ਸ਼ਰਨ ਆਉਂਦਾ ਹੈ ਉਸ ਦੇ ਸਭ ਪਾਪ ਦੂਰ ਕਰਨ ਵਾਲੇ ਹਨ॥ ੨॥

ਭਵ ਮੈਂ ਭਵ ਕਾਰਨ ਜਾਂਹਿ ਧਰਾ। ਅਬ ਚਾਹਿਤਿ ਤਾਂਹਿ ਸਪੂਰ ਕਰਾ।
ਮਤਿਮੰਦ ਨਿਰੇ ਨਰ ਭੂਰ ਭਰਜੋ। ਪਿਖ ਕੈ ਹਰਿ ਕੀਰਤਿ ਸੇਤ ਕਰਜੋ॥੩॥

ਸੰਸਾਰ ਵਿਚ ਸੰਸਾਰ ਨੂੰ ਤਾਰਨ ਵਾਸਤੇ ਜਿਨ੍ਹਾਂ ਅਵਤਾਰ ਧਾਰਿਆ ਹੈ, ਹੁਣ ਚਾਹੁੰਦੇ ਹਨ ਕਿ ਇਸ ਕਾਰਜ ਨੂੰ ਪੂਰਾ ਕੀਤਾ ਜਾਵੇ। ਇਹ ਵੇਖ ਕੇ ਕਿ ਮੂਰਖ ਬੁੱਧੀ ਵਾਲੇ ਵਿਅਕਤੀਆਂ ਦਾ ਨਰਕ ਭਰਿਆ ਪਿਆ ਸੀ। ਆਪ ਨੇ ਹਰੀ ਕੀਰਤੀ ਰੂਪ ਪੁਲ ਬਣਾ ਦਿੱਤਾ॥ ੩॥

ਤਿਹ ਊਪਰ ਪਾਰ ਪਰੇ ਨਰ ਸੋ। ਪਦ ਪੰਕਜ ਸੇਵਤਿ ਜੋ ਉਰਸੋਂ।
ਗੁਰੁ ਰੂਪ ਬਿਖੈ ਨਿਤ ਧਯਾਨ ਧਰੈਂ। ਨਿਰਸੰਸ ਭਏ ਜਮ ਤੇ ਨ ਡਰੈਂ॥੪॥

ਹਰੀ ਦੀ ਕੀਰਤੀ ਰੂਪੀ ਪੁਲ ਰਾਹੀਂ ਮਨੁੱਖ ਦਾ ਬੇੜਾ ਪਾਰ ਹੋ ਸਕਦਾ ਹੈ। ਜਿਹੜੇ ਸੱਚੇ ਦਿਲੋਂ ਚਰਨ ਕੰਵਲ ਨੂੰ ਸੇਂਵਦੇ ਹਨ ਅਤੇ ਗੁਰੂ ਜੀ ਦੇ ਰੂਪ ਦਾ ਨਿਤ ਧਿਆਨ ਧਰਦੇ ਹਨ, ਉਨ੍ਹਾਂ ਦੇ ਸਾਰੇ ਸੰਸੇ ਦੂਰ ਹੋ ਗਏ ਹਨ ਅਤੇ ਜਮਾਂ ਦੇ ਡਰ ਤੋਂ ਨਿਰਭੈ ਹੋ ਗਏ ਹਨ॥ ੪॥

ਦੋਹਰਾ- ਨਿਕਸੇ ਪੁਰਿ ਸੁਲਤਾਨ ਤੇ ਮਰਦਾਨਾ ਸੰਗਿ ਲੀਨ।
ਕਮਲਾਨਨ ਤੇ ਬਚ ਭਨੇ ਸ੍ਰੀ ਗੁਰੁ ਪਰਮ ਪ੍ਰਬੀਨ॥ ੫॥

ਮਰਦਾਨੇ ਨੂੰ ਆਪਣੇ ਨਾਲ ਲੈ ਕੇ ਉਹ ਸੁਲਤਾਨਪੁਰ ਨਗਰ ਤੋਂ ਨਿਕਲ ਪਏ। ਸ੍ਰੀ ਕਮਲ ਨੈਣ ਅਤੇ ਪਰਮ ਪਰਬੀਨ ਬੁੱਧੀ ਵਾਲੇ ਗੁਰੂ ਜੀ ਨੇ ਇਹ ਬਚਨ ਕਹੇ॥ ੫॥

ਤੋਟਕ ਛੰਦ- 'ਚਲਿ ਬੇ ਚਿਤਚਾਹਤਿ ਹੋ ਕਿਤ ਕੋ? ਅਬ ਦੇਹੁ ਬਤਾਇ, ਚਲੈਂ ਤਿਤਕੋ।'
ਨਿਜ ਦਾਸ ਉਧਾਰਨ ਕਾਜ ਚਲੇ। ਬਹੁ ਮਾਨਵ ਕੇ ਜਿਨ ਦੂਖ ਦਲੇ॥੬॥

"ਚਲੋ ! ਤੁਹਾਡਾ ਕਿਹੜੇ ਪਾਸੇ ਜਾਣ ਨੂੰ ਚਿਤ ਕਰਦਾ ਹੈ? ਹੁਣੇ ਦੱਸ ਦੇ, ਤਾਂਕਿ ਉਸ ਪਾਸੇ ਵਲ ਚਲੀਏ।" ਗਰੀਬ ਅਤੇ ਦੁਖੀ ਲੋਕਾਂ ਦੇ ਉਧਾਰ ਕਰਨ ਦੇ ਕਾਰਜ ਵਾਸਤੇ ਉਹ ਚੱਲੇ ਸਨ। ਸਾਰੀ ਮਾਨਵਤਾ ਦੇ ਕਲਿਆਣ ਵਾਸਤੇ, ਜਿਹੜੀ ਦੁੱਖਾਂ ਕਾਰਨ ਦਲੀ-ਮਲੀ ਪਈ ਸੀ॥ ੬॥

ਦੁਵੱਯਾ ਛੰਦ- ਕਹਿ ਮਰਦਾਨਾ "ਜਿਤ ਨਿਜ ਇੱਛਾ ਗੱਛਹੁ ਸੁੱਛ ਸਰੀਰਾ।
ਆਗੇ ਤਵ ਪਾਛੈ ਹੌਂ ਚਲਿ ਹੌਂ ਸ੍ਰੀ ਪ੍ਰਭੁ ਗੁਨੀ ਗਹੀਰਾ"॥
ਜਗ ਗੁਰੁ ਕਹੈਂ "ਏਮਨਾਵਾਦੁ ਏਕ ਨਗਰ ਉਰ ਲਖਿਯੇ।
ਤਹਿੰ ਤਖਾਣ ਇਕ ਲਾਲੋ ਬਸਈ ਚਲਹ ਪ੍ਰਾਕ ਤਿਹ ਪਿਖਿਯੇ"॥੭॥

ਭਾਈ ਮਰਦਾਨੇ ਨੇ ਕਿਹਾ, "ਹੇ ਸੁਹਣੇ ਸਰੀਰ ਵਾਲੇ ਗੁਰੂ ਜੀ ! ਜਿਸ ਪਾਸੇ ਵਲ ਜਾਣ ਦੀ ਤੁਹਾਡੀ ਇੱਛਾ ਹੈ, ਉਸ ਪਾਸੇ ਵਲ ਚਲੋ। ਅੱਗਾ ਤੁਹਾਡਾ ਹੈ, ਮੈਂ ਪਿਛੇ ਪਿਛੇ ਚੱਲਾਂਗਾ, ਹੇ ਪ੍ਰਭੂ ਗੁਣਾਂ ਦੇ ਸਮੁੰਦਰ।" ਜਗਤ ਗੁਰੂ ਕਹਿੰਦੇ ਹਨ, "ਏਮਨਾਬਾਦ ਨਾਂ ਦਾ ਇਕ ਨਗਰ ਹਿਰਦੇ ਵਿਚ ਜਾਣੋ। ਓਥੇ ਇਕ ਲਾਲੋ ਨਾਂ ਦਾ ਤਰਖਾਣ ਰਹਿੰਦਾ ਹੈ, ਚਲੋ, ਪਹਿਲਾਂ ਉਸ ਨੂੰ ਮਿਲ ਲਈਏ"॥ ੭॥

ਇਹ ਬਿਧਿ ਕਹਿ ਕਰਿ ਕਮਲ ਬਦਨ ਤੇ ਮੰਦਮੰਦ ਗਤਿ ਜਾਏ।
ਪਦਵੀ ਮੈਂ ਪਦ ਪੰਕਜ ਸੁੰਦਰ, ਦਾਸ ਰਿਦੇ ਜੁ ਬਸਾਏ।
ਬਾਸੁਰ ਦਸ ਸਪਤਮ ਮਹਿਂ ਪਹੁਚੇ ਨਗਰ ਏਮਨਾਵਾਦੂ।
ਗਏ ਸਦਨ ਤਿਹ ਦੋਖ ਨਿਕੰਦਨ ਸੇਵਕ ਦਾ ਅਹਿਲਾਦੂ॥ ੮॥

ਇਸ ਤਰ੍ਹਾਂ ਕਹਿ ਕੇ ਸੁੰਦਰ ਮੁਖੜੇ ਵਾਲੇ ਗੁਰੂ ਜੀ ਹੌਲੀ ਚਾਲੇ ਚਲਦੇ ਹਨ। ਉਨ੍ਹਾਂ ਦੇ ਸੁੰਦਰ ਚਰਨ ਕੰਵਲ ਦਾਸਾਂ ਦੇ ਦਿਲ ਵਿਚ ਵੱਸਦੇ ਹਨ। ਸਤਾਰਾਂ ਦਿਨ ਚਲ ਕੇ ਏਮਨਾਬਾਦ ਨਗਰ ਜਾ ਪਹੁੰਚੇ। ਪਾਪਾਂ ਦਾ ਨਾਸ ਕਰਨ ਵਾਲੇ ਅਤੇ ਆਪਣੇ ਸੇਵਕਾਂ ਦੇ ਅਨੰਦ- ਹਾਰੇ ਭਾਈ ਲਾਲੋ ਦੇ ਘਰ ਪਹੁੰਚ ਗਏ॥ ੮॥

ਹੇਰਿ ਮੁਖਾਰਬਿੰਦ ਭਾ ਠਾਂਢੋ, ਪਦ ਬੰਦਨ ਕਰਬੰਦੇ।
ਦਰਸ ਬਿਲੋਕਤਿ ਸ਼ਾਂਤਿ ਭਈ ਮਨ ਲਾਲੋ ਰਿਦੇ ਅਨੰਦੇ।
'ਚਿਤ ਕਰਤਾਰ ਨਿੱਤ ਹੈ ਤੋਕੋ ਬੈਸ ਕਿਰਤਿ ਕੋ ਕਰਿਯੇ।
ਬੂਝਤਿ ਲਾਲੋ 'ਆਏ ਕਿਤ ਤੇ? ਕਰੁਨਾਸਦਨ! ਉਚਰਿਯੇ॥ ੯॥

ਭਾਈ ਲਾਲੋ ਵੇਖ ਕੇ ਖੜਾ ਹੋ ਗਿਆ ਅਤੇ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ। ਦਰਸ਼ਨ ਕਰਕੇ ਭਾਈ ਲਾਲੋ ਦਾ ਮਨ ਸ਼ਾਂਤ ਹੋ ਗਿਆ ਅਤੇ ਹਿਰਦਾ ਅਨੰਦ ਨਾਲ ਖਿੜ ਉਠਿਆ। "ਤੈਨੂੰ ਸਦਾ ਕਰਤਾਰ ਚਿਤ ਆਵੇ", ਗੁਰੂ ਜੀ ਨੇ ਉਸ ਨੂੰ ਅਸੀਸ ਦਿੱਤੀ ਅਤੇ ਕਿਹਾ, "ਬੈਠ ਕੇ ਕਿਰਤ ਕਰੋ।" ਫਿਰ ਲਾਲੋ ਪੁੱਛਣ ਲੱਗਾ, "ਹੇ ਕਿਰਪਾ ਦੇ ਘਰ ! ਕਿਥੋਂ ਆਏ ਹੋ, ਮੈਨੂੰ ਦੱਸੋ" ॥ ੯॥

ਬੇਸ ਅਪੂਰਬ ਰੂਪ ਅਨੂਪਮ ਮਧੁਰ ਮੁਖਰ ਗਤਿ ਦੈਨਾ।
ਚੀਤ ਨਿਰੰਤਰ ਪ੍ਰੀਤਿ ਵਧੀ ਮੁਝ, ਹੇਰਤਿ ਹੋਵਤਿ ਚੈਨਾ।
ਕਹਿ ਨਾਨਕ "ਪਰਦੇਸ਼ੀ ਹਮ ਹੈਂ, ਨਹੀਂ ਨਿਕੇਤੰ ਨੇਰੈ।
ਲਖਹੁ ਬੇਸ ਦਰਵੇਸ਼ ਹਮਾਰੋ ਦੇਸ਼ ਬਿਦੇਸ਼ਨ ਹੇਰੈਂ"॥ ੧੦॥

ਸੁੰਦਰ ਵੇਸ, ਅਨੂਪਮ ਰੂਪ ਅਤੇ ਮੁਕਤੀ ਦਾਤੇ ਦੇ ਮਿੱਠੇ ਬਚਨ ਸੁਣ ਕੇ ਮੇਰੇ ਮਨ ਵਿਚ ਨਿਰੰਤਰ ਪ੍ਰੀਤ ਵਧ ਰਹੀ ਹੈ, ਤੁਹਾਨੂੰ ਵੇਖ ਕੇ ਮਨ ਨੂੰ ਸ਼ਾਂਤੀ ਮਿਲ ਰਹੀ ਹੈ।" ਗੁਰੂ ਨਾਨਕ ਜੀ ਨੇ ਕਿਹਾ, "ਅਸੀਂ ਪਰਦੇਸੀ ਹਾਂ, ਸਾਡਾ ਘਰ ਨੇੜੇ ਨਹੀਂ ਹੈ। ਤੁਸੀ ਵੇਖਦੇ ਹੋ ਸਾਡਾ ਫਕੀਰੀ ਵੇਸ ਹੈ, ਅਸੀਂ ਦੇਸ਼ਾਂ ਵਿਦੇਸ਼ਾਂ ਨੂੰ ਵੇਖਣ ਵਾਸਤੇ ਨਿਕਲੇ ਹਾਂ॥ ੧੦॥

ਛਪਯ- "ਦਰਸ਼ਨ ਪਰਸਤਿ ਮਿਟਤਿ ਕਲੁਖ, ਸੁਭ ਬਦਨ ਬਿਰਾਜਹਿ।
ਜਨਮ ਮਰਨ ਭਵਮੱਧ ਨਸ਼ਟ ਕਰਿ ਤਮ ਤਨ ਛਾਜਹਿ।
ਹਮ ਸਮ ਨਰ ਅਘ ਕਰਤਿ ਤਿਨਹਿ ਅਪਵਰਗ ਉਦਾਰਹਿ।
ਉਪਜਤਿ ਸੁਖ ਉਰ ਮੱਧ ਸੁਨਤਿ ਹਉਂ ਬਚਨ ਤਿਹਾਰਹਿ।
ਸੁਖਕੰਦ ਮੁਕੰਦ ਸੁ ਸੰਤ ਹੋ ਨਾਮ ਉਚਾਰਨ ਨਿਜ ਕਰੋ।
ਤੁਮ ਚਰਨ ਸ਼ਰਨ ਮਨ ਪਰਨ ਮਮ ਕਰੁਨਾ ਕਰ ! ਕਰੁਨਾ ਢਰੋ" ॥੧੧॥

"ਦਰਸ਼ਨ ਕਰਕੇ ਪਾਪ ਮਿੱਟ ਜਾਂਦੇ ਹਨ, ਸੁਭ ਮੁਖੜਾ ਬਿਰਾਜ ਰਿਹਾ ਹੈ। ਸੰਸਾਰ ਵਿਚ ਜਨਮ ਮਰਨ ਨਸ਼ਟ ਕਰਨਹਾਰਾ ਹੈ, ਤੁਹਾਡਾ ਸਰੀਰ ਸ਼ੋਭ ਰਿਹਾ ਹੈ। ਸਾਡੇ ਵਰਗੇ ਬੰਦੇ ਪਾਪ ਕਮਾਉਂਦੇ ਹਨ, ਤੁਸੀਂ ਉਨ੍ਹਾਂ ਨੂੰ ਮੁਕਤੀ ਦੇਣ ਲਈ ਉਦਾਰਚਿਤ ਹੋ। ਤੁਹਾਡੇ ਬਚਨ ਸੁਣ ਕੇ ਹਿਰਦੇ ਵਿਚ ਬੜਾ ਸੁਖ ਪ੍ਰਾਪਤ ਹੁੰਦਾ ਹੈ। ਤੁਸੀ ਸੁਖਦਾਤੇ, ਮੁਕਤੀਦਾਤੇ ਅਤੇ ਸ੍ਰੇਸ਼ਟ ਸੰਤ ਹੋ, ਮੈਨੂੰ ਨਾਮ ਸਿਮਰਨ ਦੀ ਦਾਤ ਬਖਸ਼ੋ, ਮੈਂ ਤੁਹਾਡੇ ਚਰਨਾਂ ਦੀ ਸ਼ਰਨ ਆਇਆ ਹਾਂ, ਭਾਵ ਮੇਰੇ ਮਨ ਨੇ ਤੁਹਾਡੇ ਚਰਨਾਂ ਦਾ ਆਸਰਾ ਲਿਆ ਹੈ। ਹੇ ਕਿਰਪਾ ਦੀ ਖਾਨ ! ਮੇਰੇ ਤੇ ਕਿਰਪਾ ਕਰੋ" ॥ ੧੧॥

ਦੋਹਰਾ- ਬੋਲੇ ਸ੍ਰੀ ਮੁਖ ਸੋਂ ਬਚਨ 'ਜਾਨ ਜਾਹੁਗੇ ਆਪ।
ਅਬ ਬੈਸਹੁ ਕ੍ਰਿਤ ਕੋ ਕਰੋ ਹਰਿ ਹਰਿ ਜਪਿਯੇ ਜਾਪ'॥ ੧੨॥

ਇਹ ਬਚਨ ਸੁਣ ਕੇ ਗੁਰੂ ਜੀ ਬੋਲੇ, "ਆਪ ਸਭ ਕੁਝ ਜਾਣ ਜਾਵੇਂਗੇ। ਹੁਣ ਬੈਠੋ ਅਤੇ ਹਰੀ ਦਾ ਨਾਮ ਜਪਦੇ ਹੋਏ ਆਪਣੀ ਕਿਰਤ ਕਰੋ" ॥ ੧੨ ॥

ਦੁਵੱਯਾ ਛੰਦ- 'ਪ੍ਰਗਟਜੋ ਤਪਾ ਏਕ ਸ੍ਰੀ ਨਾਨਕ ਭਾਸਤਿ ਹੋ ਤੁਮ ਸੋਊ।
ਨਹਿੰ ਸਮਾਨ ਰਾਵਰਿ ਕੋ ਦੀਸਹਿ ਖੋਜੋ ਦਸ ਦਿਸ਼ ਜੋਊ।
ਤੱਦਪਿ ਭੀ ਤੁਮਰੇ ਬਿਨ ਭਾਖੇ ਨਹਿੰ ਅਵਤਿ ਪਰਤੀਤੂ'।
ਕਹਿ ਮਰਦਾਨਾ 'ਜਾਨਹੁ ਸੋਊ, ਰਾਖਹੁ ਸ਼ਰਧਾ ਚੀਤੂ' ॥ ੧੩ ॥

ਭਾਈ ਲਾਲੋ ਨੇ ਫਿਰ ਕਿਹਾ, "ਸੁਣਿਆ ਹੈ ਕਿ ਨਾਨਕ ਨਾਮੀ ਇਕ ਤਪਾ ਪ੍ਰਗਟ ਹੋਇਆ ਹੈ, ਮੈਨੂੰ ਲੱਗਦਾ ਹੈ ਤੁਸੀ ਉਹੋ ਹੋ। ਤੁਹਾਡੇ ਵਰਗਾ ਕੋਈ ਮਨੁੱਖ ਨਹੀ ਦਿੱਸਦਾ ਭਾਵੇਂ ਦਸਾਂ ਦਿਸ਼ਾਵਾਂ ਵਿਚ ਵੀ ਖੋਜ ਕਰੀਏ। ਤਦ ਵੀ ਜਦ ਤਕ ਤੁਸੀ ਆਪ ਨਹੀ ਕਹਿੰਦੇ ਮੈਨੂੰ ਪਰਤੀਤ ਨਹੀ ਆਉਂਦੀ।" ਮਰਦਾਨੇ ਕਿਹਾ, "ਉਹੋ ਸਮਝੋ ਤੇ ਚਿਤ ਵਿਚ ਸ਼ਰਧਾ ਰਖੋ" ॥ ੧੩ ॥

ਸੰਕਰ ਛੰਦ- ਸੁਨਿ ਕਰਿ ਕਹਤਿ ਭਯੋ ਬਚ ਲਾਲੋ 'ਕੌਨ ਵਰਨ ਤਵ ਨਾਮ।
ਸਰਬ ਬ੍ਰਿਤਾਂਤ ਜਨਾਵਹੁ ਅਪਨਾ ਕਿਹ ਅਸਥਾਨੰ ਧਾਮ।
'ਮਰਦਾਨਾ ਲਖਿ ਨਾਮ ਹਮਾਰਾ ਬਿਚਰਤਿ ਇਨ ਕੇ ਸਾਥ।
ਬੇਦੀ ਕੁਲ ਕੋ ਚੀਨ ਮਿਰਾਸੀ ਨਾਨਕ ਜੀ ਮਮ ਨਾਥ' ॥ ੧੪ ॥

ਇਹ ਸੁਣ ਕੇ ਭਾਈ ਲਾਲੋ ਨੇ ਕਿਹਾ, "ਤੇਰਾ ਕਿਹੜਾ ਵਰਨ ਹੈ ਅਤੇ ਤੇਰਾ ਕੀ ਨਾਮ ਹੈ? ਆਪਣਾ ਸਾਰਾ ਬ੍ਰਿਤਾਂਤ ਸੁਣਾਓ ਅਤੇ ਇਹ ਵੀ ਦੱਸੋ ਤੁਹਾਡਾ ਕਿਸ ਥਾਂ ਘਰ ਹੈ ? ਮਰਦਾਨੇ ਨੇ ਕਿਹਾ, "ਮਰਦਾਨਾ ਮੇਰਾ ਨਾਂ ਸਮਝੋ, ਮੈਂ ਇਨ੍ਹਾਂ ਦੇ ਨਾਲ ਫਿਰ ਰਿਹਾ ਹਾਂ। ਮੈਂ ਬੇਦੀ ਕੁਲ ਦਾ ਮਿਰਾਸੀ ਹਾਂ ਅਤੇ ਨਾਨਕ ਜੀ ਮੇਰੇ ਸਵਾਮੀ ਹਨ" ॥ ੧੪ ॥

ਦੁਵੱਯਾ ਛੰਦ- ਬੰਦ ਉਭੈ ਕਰ ਬੰਦਨ ਕੀਨੀ ਸੁਨਿ ਕਰਿ ਲਾਲੋ ਤਬ ਹੀ।
ਸੀਸ ਧਰਜੋ ਪਦ ਪੰਕਜ ਊਪਰ ਪ੍ਰਾਪਤਿ ਨਿਸ਼ਚਾ ਜਬ ਹੀ।
ਸਾਦਰ ਸੋ ਤਬ ਮੰਚ ਡਸਾਵਾ ਬੈਸ ਗਏ ਤਿਹ ਕਾਲਾ।
ਸੁਖ ਸਾਗਰ ਪੂਰਨ ਜਗਦੀਸ਼ਾ ਦਾਸਹਿੰ ਕਰਨ ਨਿਹਾਲਾ ॥ ੧੫ ॥

ਭਾਈ ਲਾਲੋ ਨੇ ਉਸ ਵੇਲੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਜਦ ਉਸ ਭਾਈ ਮਰਦਾਨੇ ਤੋਂ ਇਹ ਬ੍ਰਿਤਾਂਤ ਸੁਣਿਆ। ਜਦ ਨਿਸ਼ਚਾ ਪ੍ਰਾਪਤ ਹੋ ਗਿਆ ਤਾਂ ਆਪਣਾ ਸਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਰੱਖ ਦਿੱਤਾ। ਭਾਈ ਲਾਲੋ ਨੇ ਫਿਰ ਬੜੇ ਆਦਰ ਨਾਲ ਪਲੰਘ ਡਾਹਿਆ, ਗੁਰੂ ਜੀ ਉਸ ਸਮੇਂ ਪਲੰਘ ਤੇ ਬੈਠ ਗਏ। ਸੁੱਖਾਂ ਦੇ ਸਾਗਰ ਪੂਰਨ ਈਸ਼ਵਰ ਦਾਸਾਂ ਨੂੰ ਨਿਹਾਲ ਕਰਨ ਵਾਲੇ ਹਨ ॥ ੧੫ ॥

ਆਇਸੁ ਪਾਇ ਅਸਨ ਕਰਿਬੇ ਹਿਤ ਗਵਨਜੋ ਲਾਲੋ ਤਬਹੀ।
ਬੂਝਤਿ ਭਾ ਮਰਦਾਨਾ ਬਹੁਰੋ 'ਹਮ ਸੋ ਕਹਿਯੇ ਸਭਿਹੀ।
ਕੌਨ ਅਹੈ ਇਹ ਮਾਨਵ ਸ੍ਵਾਮੀ ਜਿਹ ਪਰ ਕਰੁਨਾ ਕੀਨੀ?
ਭਾਗ ਵਡੇ ਇਹ ਦੀਸਤਿ ਮੋਕਹੁ, ਬੁੱਧਿ ਭਗਤ ਮਹਿੰ ਭੀਨੀ' ॥ ੧੬ ॥

ਆਗਿਆ ਪਾ ਕੇ ਭੋਜਨ ਕਰਵਾਉਣ ਹਿਤ ਲਾਲੋ ਓਸੇ ਵੇਲੇ ਆਪਣੇ ਘਰ ਵਲ ਚਲਾ ਗਿਆ। ਮਰਦਾਨਾ ਫਿਰ ਬਾਅਦ ਵਿਚ ਪੁਛਦਾ ਹੈ, "ਮੈਨੂੰ ਇਹ ਸਭ ਕੁਝ ਦੱਸੋ ਕਿ ਇਹ ਕੌਣ ਹੈ। ਹੇ ਸਵਾਮੀ ਜੀ ! ਇਹ ਮਨੁੱਖ ਕੌਣ ਹੈ, ਜਿਸ ਉਤੇ ਤੁਸਾਂ ਏਨੀ ਕਿਰਪਾ ਕੀਤੀ ਹੈ ? ਮੈਨੂੰ ਇਹ ਬਹੁਤ ਭਾਗਾਂ ਵਾਲਾ ਦਿੱਸਦਾ ਹੈ। ਇਸ ਦੀ ਬੁੱਧੀ ਭਗਤੀ ਵਿਚ ਭਿੱਜੀ ਹੋਈ ਹੈ" ॥ ੧੬ ॥

ਸੁਨਿ ਕਰਿ ਬਚਨ ਉਚਾਰੇ ਸ੍ਰੀ ਮੁਖ 'ਚੀਨਹੁ ਸੰਤ ਸਰੂਪਾ।
ਭਗਤਿ ਕਰਤਿ ਬੀਤੇ ਕੁਛ ਜਨਮਾ ਅਬ ਭੀ ਸਫਲ ਅਨੂਪਾ।
ਨੌ ਬਿਧਿ ਭਗਤਿ ਅਹੈਂ ਮਰਦਾਨਾ ਜਾ ਮਹਿਂ ਏਕੋ ਹੋਈ।
ਭਵ ਸਾਗਰ ਤਰ ਗਤਿ ਕੋ ਪਾਵੈ, ਨਹਿਂ ਲਖਿ ਸੰਸਾ ਕੋਈ' ॥ ੧੭॥

ਮਰਦਾਨੇ ਦੇ ਇਹ ਬਚਨ ਸੁਣ ਕੇ, ਗੁਰੂ ਜੀ ਨੇ ਕਿਹਾ, "ਇਸ ਨੂੰ ਸੰਤ ਸਰੂਪ ਹੀ ਸਮਝੋ, ਇਸ ਨੂੰ ਭਗਤੀ ਕਰਦਿਆਂ ਨੂੰ ਕਈ ਜਨਮ ਬੀਤ ਗਏ ਹਨ, ਹੁਣ ਵੀ ਇਸ ਦੀ ਭਗਤੀ ਬੜੀ ਅਨੁਪਮ ਹੈ। ਨੌ ਤਰ੍ਹਾਂ ਨਾਲ ਭਗਤੀ ਜਿਸ ਵਿਚ ਇਕ ਹੋ ਜਾਂਦੀ ਹੈ ਉਹ ਭਵਸਾਗਰ ਤਰ ਕੇ ਪਰਮਗਤੀ ਪਾਉਂਦਾ ਹੈ ਅਤੇ ਉਸ ਦੇ ਸਾਰੇ ਸੰਸੇ ਦੂਰ ਹੋ ਜਾਂਦੇ ਹਨ" ॥ ੧੭॥

ਮਰਦਾਨਾ ਬੂਝਤਿ ਭਾ ਤਬਹੀ 'ਸਭਿ ਬਿਧਿ ਭਗਤਿ ਕਹੀਜੈ।
ਜਿਂਹ ਕੇ ਕਰਤਿ ਪਰਮਗਤਿ ਪਾਵੈ ਭਵਜਲ ਭਲੇ ਤਰੀਜੈ'।
ਸ੍ਰੀ ਮੁਖ ਭਨਤਿ ਭਏ ਤਿਹ ਕਾਲਾ 'ਸੁਨੀਏ ਭਗਤ ਪ੍ਰਕਾਰਾ।
ਪ੍ਰਿਥਕ-ਪ੍ਰਿਥਕ ਹੌਂ ਭਾਖੋਂ ਸਭਿ ਹੀ ਜੇ ਹੈਂ ਭਗਤਿ ਅਚਾਰਾ॥ ੧੮॥

ਮਰਦਾਨਾ ਫਿਰ ਪੁਛਦਾ ਹੈ, "ਨੌ ਤਰ੍ਹਾਂ ਦੀ ਭਗਤੀ ਬਾਰੇ ਮੈਨੂੰ ਦੱਸੋ ਜਿਸ ਨੂੰ ਕਰਨ ਨਾਲ ਮਨੁੱਖ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੈ, ਅਤੇ ਭਵਸਾਗਰ ਨੂੰ ਸਹਿਜੇ ਹੀ ਤਰ ਜਾਂਦਾ ਹੈ।" ਗੁਰੂ ਜੀ ਨੇ ਉਸ ਸਮੇਂ ਭਾਈ ਮਰਦਾਨੇ ਨੂੰ ਇੰਝ ਸਮਝਾਇਆ, "ਭਗਤੀ ਦਾ ਜੋ ਅਸਲ ਕਰਮ ਹੈ, ਉਸ ਨੂੰ ਸਭ ਵੱਖ-ਵੱਖ ਢੰਗ ਨਾਲ ਬਿਆਨ ਕਰਦੇ ਹਨ॥ ੧੮॥

ਸਤ ਸੰਗਤ ਸਸ੍ਰੂਖਾ ਕਰਨੀ ਮਿਲ ਤਿਹ ਕਾਲ ਬਿਤਾਵੈ।
ਹਰਿ ਗੁਰੁ ਕੋ ਇਤਿਹਾਸ ਸੁਨੀਜੈ ਮਨ ਏਕਾਗਰ ਲਾਵੈ।
ਪਦ ਅਰਬਿੰਦ ਮਲਿੰਦ ਕਰੈ ਮਨ ਗੁਰੁ ਮੂਰਤਿ ਉਰ ਧਯਾਨਾ।
ਪ੍ਰੇਮ ਸਹਿਤ ਗੁਨ ਗਾਵਹਿ ਮੁਖ ਸੌਂ ਪੁਲਕਾਵਲ ਤਨ ਆਨਾ॥ ੧੯॥

ਸਤਿਸੰਗਤ ਅਤੇ ਸੇਵਾ ਕਰਕੇ ਆਪਣਾ ਜੀਵਨ ਕਾਲ ਬਤੀਤ ਕਰੇ। ਹਰੀ ਗੁਰੂ ਦਾ ਇਤਿਹਾਸ ਮਨ ਇਕਾਗਰ ਕਰਕੇ ਸੁਣੇ। ਮਨ ਨੂੰ ਗੁਰੂ ਦੇ ਚਰਨ ਕੰਵਲਾਂ ਦਾ ਭੋਰਾ ਬਣਾਵੇ ਅਤੇ ਗੁਰੂ ਦੀ ਮੂਰਤੀ ਨੂੰ ਆਪਣੇ ਧਿਆਨ ਵਿਚ ਰਖੇ ਅਤੇ ਮੁੱਖ ਨਾਲ ਪ੍ਰੇਮ ਸਹਿਤ ਗੁਣ ਗਾਵੇ ਅਤੇ ਸਰੀਰ ਨੂੰ ਲੂ ਖੜੇ ਹੋ ਜਾਣ ਵਾਲੀ ਹਾਲਤ ਵਿਚ ਲੈ ਆਵੇ॥ ੧੯॥

ਦਮ ਸਮ ਭਾ ਬਿਰਕਤ ਕਰਮਨ ਤੇ ਸੁਰਗਾਦਿਕ ਤਜਿ ਚਾਹਾ।
ਪਰ ਕੇ ਦੋਖ ਨ ਚੀਨਤਿ ਮਨ ਮੈਂ ਹਾਨ ਲਾਭ ਸਮ ਤਾਹਾ।
ਛਲ ਬਿਹੀਨ ਸਭਿ ਹੀ ਤੇ ਹੋਵਨ ਹਰਖ ਸ਼ੋਕ ਨਹਿਂ ਆਵੈ।
ਦ੍ਰਿੜ ਨਿਸ਼ਚਾ ਕਰਤਾਰ ਵਿਖੈ ਅਤਿ ਡੋਲ ਨ ਕਬਹੂੰ ਜਾਵੈ॥ ੨੦॥

ਇੰਦਰੀਆਂ ਅਤੇ ਮਨ ਨੂੰ ਰੋਕੇ ਅਤੇ ਹੋਰ ਕਰਮਾਂ ਭਾਵ ਸੁਰਗ ਆਦਿ ਦੀ ਚਾਹਤ ਛੱਡ ਦੇਵੇ। ਪਰਾਏ ਨੂੰ ਆਪਣੇ ਮਨ ਵਿਚ ਬੁਰਾ ਨਾ ਸਮਝੇ ਅਤੇ ਉਸ ਸਾਹਮਣੇ ਹਾਣ ਲਾਭ ਬਰਾਬਰ ਹੋਣ॥ ਉਸ ਨੂੰ ਸਾਰੀ ਦੁਨੀਆਂ ਹੀ ਛਲ-ਰਹਿਤ ਨਜ਼ਰੀ ਆਵੇ ਅਤੇ ਖੁਸ਼ੀ ਗਮੀ ਕਦੀ ਵੀ ਉਸ ਦੇ ਨੇੜੇ ਨਾ ਆਵੇ। ਉਸ ਦੇ ਹਿਰਦੇ ਵਿਚ ਪ੍ਰਭੂ ਬਾਰੇ ਦ੍ਰਿੜ ਨਿਸ਼ਚਾ ਹੋਵੇ ਅਤੇ ਉਹ ਸਦਾ ਆਪਣੇ ਨਿਸ਼ਚੇ ਤੇ ਕਾਇਮ ਰਹੇ ਅਤੇ ਕਦੀ ਵੀ ਡੋਲ ਨਾ ਜਾਵੇ॥ ੨੦॥

ਹਰਿ ਸਰੂਪ ਸਭਿ ਹੂੰ ਕੋ ਜਾਨੈ ਰਵਿਓ ਸਭਿ ਕੇ ਮਾਂਹੀ।
ਇਹ ਬਿਧਿ ਹੈ ਸੂਛਮ ਕਰਿ ਵਰਨੀ, ਏਕ ਪਰਾਪਤਿ ਜਾਂਹੀ।

ਕੁਲ ਸਮੇਤ ਤਰਿ ਹੈ ਭਵਸਾਗਰ, ਅਵਰ ਤਰੈਂ ਤਿਹ ਸੰਗਾ।
ਭਗਤਿ ਕਰਤਿ ਮਾਯਾ ਨਹਿਂ ਮੋਹਹਿ ਰਾਚਹਿ ਹਰਿ ਕੇ ਰੰਗਾ ॥ ੨੧ ॥

ਸਾਰਿਆਂ ਨੂੰ ਹਰੀ ਸਰੂਪ ਪੂਰਨ ਹੋ ਰਹਿਆ ਜਾਣੇ ਅਤੇ ਇਹ ਸਮਝੇ ਕਿ ਪ੍ਰਭੂ ਹਰ ਜੀਵ ਵਿਚ ਰਵ ਰਿਹਾ ਹੈ। ਇਸ ਤਰ੍ਹਾਂ ਸੂਖਮ ਵਰਨੀ ਕਰਕੇ ਇਕ ਨੂੰ ਪ੍ਰਾਪਤ ਕਰ ਲਵੇਗਾ। ਐਸਾ ਵਿਅਕਤੀ ਇਸ ਭਵਸਾਗਰ ਨੂੰ ਕੁਲ ਸਮੇਤ ਤਰ ਜਾਵੇਗਾ ਅਤੇ ਕਈ ਹੋਰ ਵੀ ਉਸ ਦੇ ਨਾਲ ਤਰ ਜਾਣਗੇ। ਭਗਤੀ ਕਰਦਿਆਂ ਕਦੀ ਮਾਇਆ ਨਾ ਮੋਹੇ ਤੇ ਹਰ ਵੇਲੇ ਹਰੀ ਦੇ ਰੰਗ ਵਿਚ ਰੰਗਿਆ ਰਹੇ" ॥ ੨੧ ॥

ਰੂਲਕਾ ਛੰਦ- ਮਰਦਾਨਾ ਸੁਨਿ ਕਰ ਤਬੈ ਪਦ ਪਰ ਧਾਰਿ ਲਿਲਾਰ ਅਲਾਵੈ ॥
'ਸਤਿਬਚਨ ਤੁਮ ਕਹਿਤਿ ਹੋ ਜੋ ਭਵ ਕੇ ਦੁਖ ਦਰਦ ਮਿਟਾਵੈ' ॥ ੨੨ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨੇ ਨੇ ਗੁਰੂ ਜੀ ਦੇ ਚਰਨਾਂ ਉੱਤੇ ਸਿਰ ਰੱਖ ਕੇ ਮੱਥਾ ਟੇਕਿਆ ਅਤੇ ਕਿਹਾ, "ਹੇ ਗੁਰੂ ਜੀ ਤੁਸੀ ਸੱਚੇ ਬਚਨ ਕਹੇ ਹਨ, ਜਿਨ੍ਹਾਂ ਨਾਲ ਇਸ ਦੁਨੀਆਂ ਦੇ ਸਾਰੇ ਦੁੱਖ ਦਰਦ ਮਿਟ ਜਾਂਦੇ ਹਨ" ॥ ੨੨ ॥

ਦੁਵੱਯਾ ਛੰਦ- ਇਤਨੇ ਮਹਿਂ ਲਾਲੋ ਤਹਿਂ ਆਵਾ ਇਹ ਬਿਧਿ ਕਹਜੋ ਸੁਨਾਈ।
'ਅਚਵਹ ਅਸਨ ਚਲਹੁ ਸ੍ਰੀ ਨਾਨਕ ਦੁਖ ਕੁੰਜਰ ਮ੍ਰਿਗਰਾਈ!।
ਭਵ ਬੰਧਨ ਪੰਨਗ ਜੇ ਗਰਸੇ ਬੈਨਤੇਜ ਹੋ ਤਿਨ ਕੇ।
ਕਰਿ ਕਿਰਤਾਰਥ ਮੁਝ ਕਰੁਨਾ ਕਰਿ ਆਨੰਨ ਪਾਇ ਅਸਨ ਕੋ' ॥ ੨੩ ॥

ਉਸ ਸਮੇਂ ਦੌਰਾਨ ਓਥੇ ਭਾਈ ਲਾਲੋ ਆ ਗਿਆ ਅਤੇ ਆ ਕੇ ਇਸ ਤਰ੍ਹਾਂ ਕਹਿਣ ਲੱਗਾ, "ਹੇ ਸ਼ੇਰ ਰੂਪੀ ਸ੍ਰੀ ਨਾਨਕ, ਦੁੱਖ ਰੂਪੀ ਹਾਥੀ ਦਾ ਨਾਸ਼ ਕਰਨ ਵਾਲੇ ਭੋਜਨ ਖਾਣ ਵਾਸਤੇ ਚਲੋ। ਸੰਸਾਰ ਬੰਧਨ ਜੋ ਸੱਪਾਂ ਕਰਕੇ ਗ੍ਰਸੇ ਹੋਏ ਹਨ, ਤੁਸੀਂ ਉਨ੍ਹਾਂ ਸੱਪਾਂ ਲਈ ਗਰੁੜ ਹੋ। ਭਾਵ ਤੁਸੀਂ ਸੰਸਾਰਿਕ ਬੰਧਨਾਂ ਨੂੰ ਤੋੜਨ ਵਾਲੇ ਹੋ। ਕਿਰਪਾ ਕਰਕੇ ਮੇਰੇ ਤੇ ਕਿਰਤਾਰਥ ਕਰੋ ਤੇ ਆ ਕੇ ਭੋਜਨ ਛਕੋ" ॥ ੨੩ ॥

ਦੁਵੱਯਾ ਛੰਦ- ਸੁਨਿ ਕਰਿ ਸ੍ਰੀ ਮੁਖ ਬਚਨਾਂ ਭਾਖੇ 'ਆਨਹੁ ਇਹ ਠਾਂ ਜਾਈ'।
ਕਹਿ ਲਾਲੋ 'ਤੁਮਰੇ ਗਲ ਜੰਞੂ ਵਹਿਰ ਅਸਨ ਕਿਉਂ ਪਾਈ?
ਚੌਂਕੇ ਅੰਦਰ ਚਲ ਕਰਿ ਜੇਵੋਂ ਉੱਤਮ ਜਨਮ ਤੁਮਾਰਾ।
ਜੇ ਇਹ ਠਾਂ ਮੰਗਵਾਵਹੁ ਸ੍ਵਾਮੀ! ਸੰਸੇ ਖੋਇ ਹਮਾਰਾ ॥ ੨੪ ॥

ਇਹ ਸੁਣ ਕੇ ਗੁਰੂ ਜੀ ਨੇ ਇਹ ਬਚਨ ਕਹੇ, "ਭੋਜਨ ਇਸ ਥਾਂ ਲੈ ਆਵੋ", ਇਹ ਸੁਣ ਕੇ ਭਾਈ ਲਾਲੋ ਨੇ ਕਿਹਾ, "ਤੁਹਾਡੇ ਗੱਲ ਵਿਚ ਜਨੇਊ ਹੈ, ਬਾਹਰ ਭੋਜਨ ਕਿਵੇਂ ਛਕੋਗੇ? ਤੁਹਾਡਾ ਉੱਤਮ ਜਨਮ ਹੈ ਇਸ ਲਈ ਚੌਕੇ ਵਿਚ ਬੈਠ ਕੇ ਭੋਜਨ ਛਕੋ। ਜੇ ਤੁਸੀਂ ਇਸ ਥਾਂ ਬੈਠ ਕੇ ਖਾਂਦੇ ਹੋ ਤਾਂ ਸਾਡੇ ਮਨ ਵਿਚ ਸ਼ੰਕਾ ਉਤਪਨ ਹੁੰਦੀ ਹੈ। ਇਹ ਸਾਡਾ ਸ਼ੰਕਾ ਦੂਰ ਕਰੋ" ॥ ੨੪ ॥

ਸ੍ਰੀ ਮੁਖ ਕਹਤਿ 'ਧਰਤਿ' ਹੈ ਜਿਤਨੀ ਤਿਤਨੋ ਚੌਂਕਾ ਜਾਨੋ।
ਸੱਚ ਰਤੇ ਸੇ ਸੂਚੇ ਹੂਏ ਮਨ ਕੋ ਭਰਮ ਮਿਟਾਨੋ'।
ਸੁਨਿ ਕਰਿ ਲਾਲੋ ਬਿਕਸਜੋ ਤਬ ਹੀ ਆਨਜੋ ਭੋਜਨ ਧਾਈ।
ਬਨੀ ਬਾਜਰੇ ਕੀ ਸੁਭ ਰੋਟੀ ਸਰਖਪ ਸਾਕ ਬਨਾਈ ॥ ੨੫ ॥

ਗੁਰੂ ਜੀ ਨੇ ਕਿਹਾ, "ਇਹ ਜਿਤਨੀ ਧਰਤੀ ਹੈ, ਇਸ ਸਾਰੀ ਧਰਤੀ ਨੂੰ ਚੌਕਾ ਹੀ ਸਮਝੋ, ਭਾਵ ਚੌਕਾ ਹੀ ਪਵਿੱਤਰ ਨਹੀਂ ਜਾਂ ਸੁੱਚਾ ਨਹੀਂ, ਕੋਈ ਵੀ ਥਾਂ ਅਪਵਿੱਤਰ ਨਹੀ ਹੈ। ਜਿਹੜੇ ਸੱਚ ਵਿਚ ਰੰਗੇ ਹੋਏ ਹਨ, ਉਹ ਸੁੱਚੇ ਹੋ ਗਏ ਹਨ ਅਤੇ

ਉਨ੍ਹਾਂ ਦੇ ਮਨ ਦੇ ਭਰਮ ਮਿਟ ਗਏ ਹਨ। ਇਹ ਸੁਣ ਕੇ ਭਾਈ ਲਾਲੋ ਬੜਾ ਖੁਸ਼ ਹੋਇਆ ਤੇ ਦੌੜ ਕੇ ਜਾ ਕੇ ਓਥੋਂ ਹੀ ਭੋਜਨ ਲੈ ਆਇਆ। ਬਾਜਰੇ ਦੀਆਂ ਰੋਟੀਆਂ ਪੱਕੀਆਂ ਹੋਈਆਂ ਸਨ ਅਤੇ ਨਾਲ ਸਰ੍ਹੋਂ ਦਾ ਸਾਗ ਬਣਾਇਆ ਹੋਇਆ ਸੀ॥ ੨੫॥

ਮਰਦਾਨੇ ਅਵਿਲੋਕ ਅਹਾਰਾ ਮਨ ਮਹਿਂ ਗਣੀ ਵਿਚਾਰੀ।
ਜਿਹ ਬਿਧਿ ਗੁਨੀ ਸੁ ਜਾਨੀ ਸ੍ਰੀ ਗੁਰੁ ਅੰਤਰਜਾਮੀ ਸਾਰੀ।
'ਮਰਦਾਨੇ ਕਿਉਂ ਗਿਨਤੀ ਕੀਨੀ ਅਚਵਹੁ ਜਾਨਹੁ ਤਬਹੀ'।
ਕਹਿ ਕਰਿ ਦੀਨੋ ਨਿਜ ਕਰਿ ਅਸਨਾ ਜੋ ਦਾਨੀ ਸੁਖ ਸਭਿ ਹੀ॥੨੬॥

ਅਜੇਹੇ ਭੋਜਨ ਨੂੰ ਵੇਖ ਕੇ ਮਰਦਾਨੇ ਦੇ ਮਨ ਵਿਚ ਕੋਈ ਗਿਣਤੀ ਮਿਣਤੀ ਵਿਚਾਰੀ। ਮਰਦਾਨੇ ਨੇ ਮਨ ਵਿਚ ਜਿਹੜੀ ਗੱਲ ਸੋਚੀ ਸੀ ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ ਅਤੇ ਕਿਹਾ, "ਮਰਦਾਨੇ ਮਨ ਵਿਚ ਗਿਣਤੀਆਂ ਕਰਦਾ ਹੈਂ, ਭੋਜਨ ਛਕੋ ਤੇ ਫਿਰ ਹੀ ਜਾਣੋ ਕਿ ਇਹ ਕਿੰਨਾ ਸਵਾਦੀ ਹੈ। ਫਿਰ ਸਭ ਲੋਕਾਈ ਨੂੰ ਸੁੱਖ ਦੀ ਦਾਤ ਦੇਣ ਵਾਲੇ ਭਾਵ ਗੁਰੂ ਜੀ ਨੇ ਆਪ ਭੋਜਨ ਛਕਣਾ ਸ਼ੁਰੂ ਕੀਤਾ॥ ੨੬॥

ਮਰਦਾਨੇ ਤਬ ਪਾਯੋ ਕੌਰਾ ਸੁਧਾ ਸ੍ਵਾਦ ਜਨੁ ਆਯਾ।
ਪਰਮ ਪੁਰਖ ਪੂਰਨ ਪਰਮਾਤਮ ਸ੍ਰੀ ਮੁਖ ਵਾਕ ਅਲਾਯਾ।
'ਅਸਨ ਬਨ੍ਯੋ ਹੈ ਕੈਸੇ ਸ੍ਵਾਦਾ? ਦੇਵਹੁ ਸੁਧ ਮਰਦਾਨਾ!'
ਮੁਸਕ ਮਨਾਕ ਭਨੇ ਬਚ ਐਸੇ "ਕੈਸੇ ਕਰੌਂ ਬਖਾਨਾ॥ ੨੭॥

ਮਰਦਾਨੇ ਨੇ ਫਿਰ ਜਦ ਮੂੰਹ ਵਿਚ ਗ੍ਰਾਹੀ ਪਾਈ ਤਾਂ ਉਸ ਨੂੰ ਭੋਜਨ ਅੰਮ੍ਰਿਤ ਵਰਗਾ ਸਵਾਦੀ ਲੱਗਾ, ਕਿਉਂਕਿ ਪਰਮ ਪੁਰਖ ਪੂਰਨ ਪਰਮਾਤਮਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮੁੱਖ ਤੋਂ ਵਾਕ ਕੀਤਾ ਸੀ। ਗੁਰੂ ਜੀ ਨੇ ਕਿਹਾ, "ਭੋਜਨ ਕਿੰਨਾ ਸਵਾਦੀ ਬਣਿਆ ਹੈ ? ਹੇ ਮਰਦਾਨੇ ਇਸ ਬਾਰੇ ਖ਼ਬਰ ਦੇਵੋ।" ਥੋੜਾ ਮੁਸਕਰਾ ਕੇ ਮਰਦਾਨੇ ਨੇ ਇਸ ਤਰ੍ਹਾਂ ਕਿਹਾ, "ਮੈਂ ਕਿਸ ਤਰ੍ਹਾਂ ਬਿਆਨ ਕਰਾਂ॥ ੨੭॥

ਸੁਨ੍ਯੋ ਸੁਧਾ ਪਸ਼ਯੰਤ ਨ ਕਬਹੂੰ ਸਾਦ ਬਨ੍ਯੋ ਹੈ ਸੋਊ।
ਅੰਤਰਜਾਮੀ ਜਾਨਹੁ ਤੁਮ ਸਭਿ ਵਰਤਹਿ ਉਰ ਮਹਿਂ ਜੋਊ'।
ਲਾਲੋ ਬਿਨੈ ਸੁਨਾਈ ਸੁਨਿ ਕੈ 'ਵਡਿਯਨ ਕੀ ਵਡਿਆਈ।
ਭਾਉ ਪੁਰਖ ਮੈਂ ਦੇਖਤਿ ਹਿਤ ਕਰਿ, ਅਸਨ ਵਿਚਾਰ ਨ ਕਾਈ॥੨੮॥

ਅੰਮ੍ਰਿਤ ਬਾਰੇ ਸੁਣਿਆ ਹੈ, ਪਰ ਅਜ ਤਕ ਕਦੇ ਡਿੱਠਾ ਨਹੀਂ, ਇਹ ਭੋਜਨ ਤਾਂ ਅੰਮ੍ਰਿਤ ਵਰਗਾ ਸਵਾਦੀ ਬਣਿਆ ਹੈ। ਹੇ ਅੰਤਰਜਾਮੀ ਗੁਰੂ ਜੀ ! ਤੁਸੀਂ ਸਭ ਕੁਝ ਜਾਣਦੇ ਹੋ ਜਿਸ ਤਰ੍ਹਾਂ ਕਿਸੇ ਦੇ ਹਿਰਦੇ ਵਿਚ ਵਰਤਦੀ ਹੈ।" ਇਹ ਸੁਣ ਕੇ ਭਾਈ ਲਾਲੋ ਨੇ ਬੇਨਤੀ ਕੀਤੀ, "ਮਹਾਰਾਜ ਇਹ ਵੱਡਿਆਂ ਦੀ ਵਡਿਆਈ ਹੈ। ਪ੍ਰਭੂ ਮਨੁੱਖ ਦੇ ਪਿਆਰ ਨੂੰ ਹਿਤ ਨਾਲ ਵੇਖਦੇ ਹਨ, ਭੋਜਨ ਬਾਰੇ ਉਨ੍ਹਾਂ ਦਾ ਕੋਈ ਵਿਚਾਰ ਨਹੀਂ ਹੁੰਦਾ॥ ੨੮॥

ਦੋਹਰਾ- ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ।
ਦਿਜਬਰ ਕੇ ਤੰਦੁਲ ਲਏ, ਬਿਰਦ ਗਰੀਬ ਨਿਵਾਜ॥ ੨੯॥

ਕ੍ਰਿਸ਼ਨ ਮਹਾਰਾਜ ਨੇ ਦੁਰਜੋਧਨ ਰਾਜੇ ਦੇ ਸਵਾਦੀ ਪਦਾਰਥਾਂ ਨੂੰ ਛੱਡ ਕੇ ਆਪਣੇ ਭਗਤ ਬਿਦਰ ਦੇ ਘਰ ਜਾ ਕੇ ਭੋਜਨ ਛਕਿਆ। ਗਰੀਬ ਨਿਵਾਜ ਨੇ ਬਾਅਦ ਉਪਾਸ਼ਿਕ ਸੁਦਾਮੇ ਪਾਸੋਂ ਚਾਵਲ ਲਏ ਅਤੇ ਬੜੇ ਪ੍ਰੇਮ ਨਾਲ ਛਕੇ॥ ੨੯॥

ਜਾਤ ਭੀਲਨੀ ਨੀਚ ਕੇ ਜੂਠੇ ਲੀਨੇ ਬੇਰ।
ਕੇਵਲ ਭਾਵ ਸੁਭਾਵਈ ਗੁਨ ਅਵਗੁਨ ਨਹਿਂ ਹੇਰ'॥ ੩੦॥

ਇਕ ਨੀਵੀ ਜਾਤੀ ਦੀ ਭੀਲਨੀ ਦੇ ਜੂਠੇ ਬੇਰ ਰਾਮ ਨੇ ਖਾਧੇ, ਭਗਵਾਨ ਕੇਵਲ ਪ੍ਰੇਮ ਵੇਖਦੇ ਹਨ, ਗੁਣ ਔਗੁਣ ਨਹੀ ਵੇਖਦੇ''॥ ੩੦॥

ਦੁਵੱਯਾ ਛੰਦ- ਬਿਗਸੇ ਸ੍ਰੀ ਨਾਨਕ ਮੁਖ ਭਾਖੀ 'ਸੁਧਾ ਅਸਨ ਮਹਿਂ ਪਾਵਾ।
ਇਸ ਮਹਿਂ ਤੇ ਆਵਤਿ ਅਸ ਸਾਦਾ ਭੋਜਨ ਭਲੋ ਬਨਾਵਾ।
ਹਾਥ ਬੰਦਿ ਅਭਿਬੰਦਤਿ ਲਾਲੋ ਪਦ ਅਰਬਿੰਦ ਮੁਕੰਦਾ।
'ਜਨਮ ਜਨਮ ਕੇ ਕਲਿਮਲ ਖੋਏ ਭਵ ਬੰਧਨ ਕਰਿ ਮੰਦਾ॥ ੩੧॥

ਸ੍ਰੀ ਗੁਰੂ ਨਾਨਕ ਜੀ ਨੇ ਪ੍ਰਸੰਨ ਹੋ ਕੇ ਮੁੱਖ ਤੋਂ ਇਹ ਬਚਨ ਕਹੇ, ''ਭੋਜਨ ਵਿਚ ਅੰਮ੍ਰਿਤ ਪਾਇਆ ਸੀ, ਇਸ ਵਿਚੋਂ ਅੰਮ੍ਰਿਤ ਵਰਗਾ ਸਵਾਦ ਆਉਂਦਾ ਸੀ, ਐਸਾ ਵਧੀਆ ਭੋਜਨ ਤਿਆਰ ਕੀਤਾ ਸੀ।'' ਭਾਈ ਲਾਲੋ ਹੱਥ ਜੋੜ ਕੇ ਮੁਕਤੀਦਾਤੇ ਭਾਵ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕਰਦਾ ਹੈ ਅਤੇ ਕਹਿੰਦਾ ਹੈ ''ਜਨਮ ਜਨਮਾਤਰਾਂ ਦੇ ਪਾਪ ਧੋਤੇ ਗਏ ਹਨ ਅਤੇ ਸੰਸਾਰਿਕ ਬੰਧਨ ਨਾਸ਼ ਹੋਏ ਹਨ॥ ੩੧॥

ਸੈਯਾ- ਆਜ ਕਿਯੋ ਕਿਰਤਾਰਥ ਮੋਕਹੁ ਸ੍ਰੀ ਗੁਰੂ ਨਾਨਕ ਭੋ ਗਤਿਦਾਈ!
ਕੂਪ ਵਿਖੈ ਹਮ ਬੂਡਤਿ ਥੇ ਕਰੁਨਾ ਕਰਿਕੇ ਤੁਮ ਲੀਨ ਬਚਾਈ।
ਪੂਰਨ ਰੂਪ ਪਰਾਤਮ ਹੋ, ਨਿਜ ਦਾਸਨ ਕੇ ਨਿਤ ਹੋਤਿ ਸਹਾਈ।
ਯੋਂ ਕਹਿਕੈ ਪਦ ਕੋ ਗਹਿਕੈ ਅਤਿ ਦੀਨਤਿ ਸੋਂ ਤਿਨ ਗ੍ਰੀਵ ਨਿਵਾਈ॥੩੨॥

ਹੇ ਮੁਕਤੀਦਾਤੇ ਸ੍ਰੀ ਗੁਰੂ ਨਾਨਕ ਜੀ! ਅਜ ਤੁਸੀਂ ਮੇਰੇ 'ਤੇ ਬਹੁਤ ਵੱਡਾ ਕਿਰਤਾਰਥ ਕੀਤਾ ਹੈ। ਅਸੀਂ ਪਾਪਾਂ ਦੇ ਖੂਹ ਵਿਚ ਡੁੱਬ ਰਹੇ ਸੀ, ਤੁਸੀ ਆਪਣੀ ਕਿਰਪਾ ਕਰਕੇ ਸਾਨੂੰ ਬਚਾ ਲਿਆ ਹੈ। ਤੁਸੀ ਪੂਰਨ ਰੂਪ ਪਰਮਾਤਮਾ ਹੋ ਅਤੇ ਆਪਣੇ ਸੇਵਕਾਂ ਦੀ ਸਦਾ ਸਹਾਇਤਾ ਕਰਦੇ ਹੋ।'' ਇਹ ਕਹਿ ਕੇ, ਪੈਰਾਂ ਨੂੰ ਫੜ ਕੇ ਬੜੀ ਦੀਨਤਾ ਨਾਲ ਸਿਰ ਨਿਵਾਇਆ॥ ੩੨॥

ਊਪਰ ਸੀਸ ਉਠਾਵਹਿ ਨਾ, ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।
ਛੂਵਤਿ ਹਾਥ ਕਪਾਟ ਖੁਲੇ ਤਿਹੁਂ ਲੋਕਨ ਕੀ ਸੁਧਿ ਭੀ ਮਨ ਮਾਂਹੀ।
ਪੰਕਜ ਪਾਨ ਮੁਕੰਦ ਕੇ ਲਾਗਤਿ ਭਾ ਜੁ ਅਨੰਦ ਨ ਜਾਇ ਸੁ ਪ੍ਰਾਹੀ।
ਪੂਰਨ ਸੋਂ ਮਿਲ ਪੂਰਨ ਭਾ, ਭਵ ਪੂਰਨ ਆਤਮ ਹੀ ਦਰਸਾਈ॥ ੩੩॥

ਸਿਰ ਉਪਰ ਚੁੱਕ ਹੀ ਨਹੀਂ ਸੀ ਰਿਹਾ, ਪਰ ਜਦ ਗੁਰੂ ਜੀ ਨੇ ਭਾਈ ਲਾਲੋ ਦੇ ਸਿਰ 'ਤੇ ਹੱਥ ਰਖਿਆ, ਤਾਂ ਛੂੰਹਦੇ ਸਾਰ ਹੀ ਉਸ ਦੇ ਮਨ ਦੇ ਕਪਾਟ ਖੁਲ੍ਹ ਗਏ ਤੇ ਉਸ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ। ਮੁਕਤੀਦਾਤੇ ਗੁਰੂ ਜੀ ਦੇ ਕੰਵਲ ਹੱਥ ਲੱਗਦਿਆਂ ਹੀ ਜੋ ਆਨੰਦ ਆਇਆ ਉਹ ਕਿਹਾ ਨਹੀਂ ਜਾਂਦਾ। ਪੂਰਨ ਨੂੰ ਮਿਲ ਕੇ ਪੂਰਨ ਹੋ ਗਿਆ ਤੇ ਸੰਸਾਰ ਵਿਚ ਪੂਰਨ ਆਤਮ ਹੀ ਦਿੱਸਦਾ ਹੈ॥ ੩੩॥

ਦਿਨ ਤੀਨ ਰਹੇ ਤਿਹ ਭੋਨ ਵਿਖੇ, ਭਲਿ ਭਾਂਤਿ ਦਲੇ ਦੁਖ, ਕੀਨ ਨਿਹਾਲਾ।
ਮਨ ਚੀਨ ਲਈ ਮਹਿਮਾ ਗੁਰ ਕੀ, ਪਦ ਪੰਕਜ ਸੇਵ ਕਰੰਤਿ ਬਿਸਾਲਾ।
ਲਿਵਲਾਗਿ ਅਨਾਹਦ ਕੀ ਧੁਨਿ ਸੋਂ, ਬਿਨਸੇ ਭਵਬੰਧਨ ਔ ਜਮਜਾਲਾ।
ਪੁਨਿ ਆਨ ਸਥਾਨਹਿ ਜਾਵਨ ਕੀ ਮਨ ਮਾਹਿ ਠਟੀ ਬਿਧਿ ਰੂਪ ਕ੍ਰਿਪਾਲਾ॥੩੪॥

ਉਸ ਦੇ ਘਰ ਤਿੰਨ ਦਿਨ ਤਕ ਰਹੇ, ਚੰਗੀ ਤਰ੍ਹਾਂ ਉਸ ਦੇ ਦੁੱਖ ਦੂਰ ਕਰਕੇ ਉਸ ਨੂੰ ਨਿਹਾਲ ਕਰ ਦਿੱਤਾ। ਉਸ ਦੇ ਮਨ ਨੇ ਗੁਰੂ ਦੀ ਮਹਿਮਾ ਪਹਿਚਾਣ ਲਈ ਅਤੇ ਚਰਨ ਕੰਵਲਾਂ ਦੀ ਬਹੁਤ ਸੇਵਾ ਕੀਤੀ। ਅਨਾਹਦ ਦੀ ਧੁਨੀ ਨਾਲ ਉਸ ਦੀ ਲਿਵ

ਲੱਗ ਗਈ, ਸੰਸਾਰ ਦੇ ਸਾਰੇ ਬੰਧਨ ਅਤੇ ਜਮਜਾਲ ਦੂਰ ਹੋਏ। ਫਿਰ ਕਿਸੇ ਹੋਰ ਸਥਾਨ ਜਾਣ ਲਈ ਕਿਰਪਾਲੂ ਗੁਰੂ ਜੀ ਨੇ ਠਾਣ ਲਈ॥ ੩੪॥

ਦੋਹਰਾ- ਮਰਦਾਨੇ ਸੋਂ ਬੂਝਹੀ 'ਕਿਤ ਚਲਿਬੇ ਕੀ ਚਾਹਿ?।
ਹੇਤ ਭਗਤਿ ਵਿਸਤਾਰ ਕੋ, ਆਨ ਕਾਜ ਕਛੁ ਨਾਂਹਿ'॥ ੩੫॥

ਮਰਦਾਨੇ ਨੂੰ ਪੁਛਦੇ ਹਨ, "ਤੇਰੀ ਕਿਸੇ ਪਾਸ ਜਾਣ ਦੀ ਹੁਣ ਚਾਹਿਤ ਹੈ। ਭਗਤੀ ਨੂੰ ਫੈਲਾਉਣ ਜਾਣਾ ਹੈ, ਹੋਰ ਕੋਈ ਕੰਮ ਨਹੀਂ ਹੈ"॥ ੩੫॥

ਸ੍ਵੈਯਾ- 'ਹੇ ਪ੍ਰਭੁ ਜੀ! ਤੁਮ ਅੰਤਰ ਕੀ ਗਤਿ ਜਾਨਨਹਾਰ ਅਹੋ ਮਮਰਾਈ।
ਬੂਝ ਲਯੋ ਮਨ ਮੋਰ ਮਨੋਰਥ, ਹੈ ਜਿਤ ਚਾਹਿ ਚਲੋ, ਤਿਹ ਜਾਈ।
ਨਿੰਦ ਕਰੈਂ ਬਿਨ ਬਿੰਦ ਇਹਾਂ ਨਰ ਮੰਦਮਤੀ ਗਤਿ ਪੰਥ ਭੁਲਾਈ।
ਜੋ ਤੁਮਰੇ ਉਰ ਸੋ ਤੁਮ ਜਾਨਹੁ,ਮੋ ਉਰ ਲਾਗਤਿ ਹੈ ਦੁਖਦਾਈ' ॥੩੬॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ! ਮੇਰੇ ਸਵਾਮੀ! ਤੁਸੀਂ ਅੰਤਰ ਦੀ ਗਤੀ ਜਾਣਨਹਾਰ ਹੋ। ਮੇਰੇ ਮਨ ਦੇ ਸਾਰੇ ਮਨੋਰਥ ਜਾਣ ਜਾਂਦੇ ਹੋ। ਜਿਥੇ ਜਾਣਾ ਚਾਹੁੰਦੇ ਹੋ ਚਲੋ, ਮੈਂ ਤੁਹਾਡੇ ਨਾਲ ਜਾਵਾਂਗਾ। ਇਥੋਂ ਦੇ ਲੋਕ ਬਿਨਾਂ ਜਾਣੇ ਨਿੰਦਿਆ ਕਰਦੇ ਹਨ, ਇਹ ਮੁਕਤੀ ਦੀ ਰਾਹ ਤੋਂ ਭੁੱਲੇ ਹੋਏ ਹਨ। ਜੋ ਤੁਹਾਡੇ ਦਿਲ ਵਿਚ ਹੈ ਉਹ ਤੁਸੀਂ ਹੀ ਜਾਣਦੇ ਹੋ, ਪਰ ਮੈਨੂੰ ਤਾਂ ਇਹ ਨਿੰਦਿਆ ਸੁਣ ਕੇ ਬੜਾ ਦੁੱਖ ਹੁੰਦਾ ਹੈ"॥ ੩੬॥

ਸ੍ਰੀ ਮੁਖ ਤੇ ਪੁਨਿ ਬੈਨ ਭਨੇ 'ਅਬਿ ਲੇਯ ਬਿਦਾ ਗਵਨੈਂ ਮਰਦਾਨਾ।
ਹੋਤਿ ਭਲੋ ਰਹਬਿ ਤਹਿੰਹੀ ਸਤਿਸੰਗਤਿ ਕੋ ਮਿਲਬੋ ਜਿਹ ਥਾਨਾ।
ਮਾਨਵ ਦੇਖਿ ਦੁਖੈਂ ਦੁਸ਼ਟਾਤਮ ਧਾਮ ਰਹੇ ਸਿਖ ਜਾਨ ਸੁਜਾਨਾ।
ਦੇਸ਼ ਬਿਦੇਸ਼ਹਿਂ ਸੈਲ ਕਰੈਂ ਦਰਵੇਸ਼ਿ ਕੇ ਬੇਸ' ਭਨੈ ਸੁਖਦਾਨਾ॥ ੩੭॥

ਗੁਰੂ ਜੀ ਨੇ ਫਿਰ ਮੁਖ ਤੋਂ ਇਹ ਬਚਨ ਕਹੇ, "ਹੁਣ ਮਰਦਾਨੇ ਵਿਦਾਇਗੀ ਲੈ ਕੇ ਚਲੀਏ। ਜਿਥੇ ਭਲੇ ਲੋਕ ਹੋਣਗੇ ਓਥੇ ਹੀ ਰਹਾਂਗੇ, ਜਿਸ ਅਸਥਾਨ ਤੇ ਸਤਿਸੰਗਤ ਵਿਚ ਬੈਠਣ ਦਾ ਮੌਕਾ ਮਿਲੇ। ਦੁਸ਼ਟ ਆਤਮਾਵਾਂ ਤੋਂ ਮਨੁੱਖ ਬਹੁਤ ਦੁਖੀ ਹਨ, ਨਹੀਂ ਤਾਂ ਸੁਜਾਨ ਸਿਖ ਭਾਈ ਲਾਲੋ ਦੇ ਘਰ ਹੀ ਰਹਿੰਦੇ। ਫਕੀਰ ਦੇ ਭੇਸ ਵਿਚ ਦੇਸ ਵਿਦੇਸ਼ ਦੀ ਸੈਰ ਕਰੀਏ।" ਸੁਖਦਾਤੇ ਨੇ ਇਸ ਤਰ੍ਹਾਂ ਕਿਹਾ॥ ੩੭॥

ਦੁਵੱਯਾ ਛੰਦ- ਕਹਿ ਮਰਦਾਨਾ 'ਜਾਵੋਂ ਦਿਸ ਜਿਂਹ ਮੁਝ ਪਿਖ ਇਉਂ ਨਰ ਪ੍ਰਾਹੀ।
ਇਹ ਆਵਤਿ ਹੈ ਡੂਮ ਤਿਸੀ ਕੋ ਜੋ ਜਗ ਭਯੋ ਕੁਰਾਹੀ।
ਸੁਨਿ ਕਰਿ ਰਿਸ ਆਵਤਿ ਹੈ ਮਨ ਮੈਂ, ਰਹੋ ਨ, ਕਰਹੁ ਪਯਾਨਾ।
ਬਿਕਸ ਕਪੋਲਨ ਤੇ ਇਉਂ ਭਾਖੀ, 'ਪ੍ਰਾਤ ਚਲੈਂ ਮਰਦਾਨਾ'!॥ ੩੮॥

ਮਰਦਾਨੇ ਕਿਹਾ, "ਜਿਸ ਪਾਸੇ ਵੀ ਮੈਂ ਜਾਂਦਾ ਹਾਂ ਲੋਕ ਮੈਨੂੰ ਵੇਖ ਕੇ ਇੰਝ ਕਹਿੰਦੇ ਹਨ, ਇਹ ਉਸ ਦਾ ਡੂਮ ਆ ਗਿਆ ਹੈ ਜਿਹੜਾ ਜੱਗ ਵਿਚ ਕੁਰਾਹੀਆਂ ਹੋਇਆ ਹੈ। ਇਹ ਸੁਣ ਕੇ ਮੈਨੂੰ ਬਹੁਤ ਗੁੱਸਾ ਆਉਂਦਾ ਹੈ, ਇਸ ਲਈ ਹੁਣ ਏਥੇ ਨਾ ਰਹੋ, ਕਿਤੇ ਹੋਰ ਥਾਂ ਜਾਂਦੇ ਹਾਂ" ਬੜੇ ਖੁਸ਼ ਹੋ ਕੇ ਗੁਰੂ ਜੀ ਨੇ ਕਿਹਾ, "ਹੇ ਮਰਦਾਨੇ! ਸਵੇਰੇ ਹੀ ਚੱਲ ਪੈਂਦੇ ਹਾਂ"॥ ੩੮॥

ਦੋਹਰਾ- ਭਈ ਭੋਰ ਗੁਰੁ ਬਚ ਕਹੈਂ 'ਲਾਲੋ ਚਿਤ ਕਰਤਾਰ!
ਅਨਤ ਦੇਸ਼ ਕੋ ਰਮਤਿ ਹੈਂ ਹੇਰਨ ਹੇਤ ਹਮਾਰ॥ ੩੯॥

ਸਵੇਰ ਹੋਈ ਤਾਂ ਗੁਰੂ ਜੀ ਨੇ ਭਾਈ ਲਾਲੋ ਨੂੰ ਇਹ ਬਚਨ ਕਹੇ, "ਲਾਲੋ ਤੈਨੂੰ ਕਰਤਾਰ ਚਿਤ ਆਵੇ। ਅਸੀਂ ਕਿਸੇ ਹੋਰ ਦੇਸ਼ ਨੂੰ ਜਾਂਦੇ ਹਾਂ, ਦੇਸ ਵਿਦੇਸ਼ ਵੇਖਣ ਦਾ ਸਾਡਾ ਸ਼ੌਕ ਹੈ" ॥ ੩੯॥

ਸੈਯਾ- 'ਔਗੁਨ ਕੌਨ ਭਯੋ? ਤਜਿ ਭੌਨ ਕੋ ਗੌਨ ਕਰੋ ਦ੍ਰੁਤਿ, ਕਯੋਂ ਨ ਰਹੋ ?।
ਜਾਨਹੁ ਦਾਸ ਮੁਝੈ ਸੁਖ ਰਾਸ! ਉਦਾਸ ਭਏ ਕਿਵ? ਵਾਕ ਕਹੋ'।
ਸ੍ਰੀ ਪ੍ਰਭੁ ਭਾਖਤਿ 'ਔਗੁਨ ਤੋਰ ਨ, ਮਾਨਵ ਮੂਢ ਖਿਝੰਤਿ ਲਹੋ।
ਹ੍ਵੈ ਸਤਿਸੰਗ ਰਹੰਨ ਭਲੋ ਤਹਿਂ ਬਾਸੁਰ ਰੈਨ ਅਨੰਦ ਅਹੋ' ॥ ੪੦॥

ਭਾਈ ਲਾਲੋ ਨੇ ਕਿਹਾ- ਮੈਥੋਂ ਕੀ ਔਗੁਣ ਹੋ ਗਿਆ ਹੈ ?" ਮੇਰੇ ਘਰ ਨੂੰ ਏਨੀ ਛੇਤੀ ਛੱਡ ਕੇ ਤੁਰਨ ਲੱਗੇ ਹੋ, ਮੇਰੇ ਪਾਸ ਕਿਉਂ ਨਹੀ ਰਹਿੰਦੇ? ਹੇ ਸੁਖਾਂ ਦੀ ਰਾਸ ਮੈਨੂੰ ਆਪਣਾ ਦਾਸ ਸਮਝੋ, ਉਦਾਸ ਕਿਉਂ ਹੋ ਗਏ ਹੋ ?" ਗੁਰੂ ਜੀ ਨੇ ਕਿਹਾ, "ਤੇਰਾ ਕੋਈ ਔਗੁਣ ਨਹੀਂ ਹੈ, ਪਰ ਮੂਰਖ ਮਨੁੱਖ ਸਾਨੂੰ ਵੇਖ ਕੇ ਖਿਝਦੇ ਹਨ। ਸਤਿਸੰਗ ਹੋਵੇ, ਭਲੇ ਰਹਿਣ ਤਾਂ ਦਿਨ ਰਾਤ ਅਨੰਦ ਹੋਵੇ।"

'ਸੰਤ ਮਤੇ ਪਰਮੇਸੁਰ ਅੰਗ, ਬਿਲੋਕ ਤੁਮੈਂ ਖਿਝ ਕਯੋਂ ਦੁਖ ਪਾਵੈਂ।
ਕਾਜ ਨਹੀਂ ਕਿਹ ਸੰਗਿ ਤੁਮਾਰ, ਪਚੀ ਭਵ ਮਾਂਹਿ ਜਿਊ ਬਿਲਲਾਵੈਂ।
ਸੰਤਨ ਸੋਂ ਮਿਲ ਬੋਲਨ ਬੈਸਨ ਹੇਰਤਿ ਹੀ ਹਿਰਦਾ ਹੁਲਸਾਵੈਂ।
ਕੋਇਕ ਬਾਸੁਰ ਮੋਹਿ ਅਵਾਸ ਰਹੋ, ਸੁਖਰਾਸ! ਭਲੇ ਤੁਮ ਭਾਵੈ' ॥ ੪੧॥

"ਤੁਹਾਡਾ ਤਾਂ ਸੰਤ ਮਤਾ ਹੈ ਅਤੇ ਰੱਬ ਤੁਹਾਡੇ ਪੱਖ ਵਿਚ ਹੈ। ਤੁਹਾਨੂੰ ਵੇਖ ਕੇ ਖਿਝ ਕੇ ਕਿਉਂ ਦੁੱਖ ਪਾਉਂਦੇ ਹਨ? ਤੁਹਾਡੇ ਸੰਗ ਕੋਈ ਕਾਜ ਨਹੀ, ਪਰ ਸੰਸਾਰ ਵਿਚ ਫਸੇ ਹੋਏ ਲੋਕ ਵਿਲਕ ਰਹੇ ਹਨ।" ਭਾਈ ਲਾਲੋ ਨੇ ਕਿਹਾ, "ਸੰਤਾਂ ਨੂੰ ਮਿਲ ਕੇ, ਬੋਲ ਕੇ , ਉਨ੍ਹਾ ਪਾਸ ਬੈਠ ਕੇ, ਵੇਖ ਕੇ ਹਿਰਦਾ ਪ੍ਰਸੰਨ ਹੋ ਜਾਂਦਾ ਹੈ, ਕੁਝ ਦਿਨ ਮੇਰੇ ਘਰ ਠਹਿਰੋ, ਹੇ ਸੁਖਾ ਦੀ ਰਾਸ! ਬਾਕੀ ਜਿਵੇਂ ਤੁਹਾਨੂੰ ਭਾਵੇ ਉਸ ਤਰ੍ਹਾਂ ਕਰੋ" ॥ ੪੧॥

ਸ੍ਰੋਨ ਸੁਨੇ ਬਚ ਫੇਰ ਕਹਯੋ ਤਿਹ 'ਸਾਚ ਕਹੋਂ ਇਹ ਕੂਰ ਨ ਰਾਈ।
ਹੈ ਬਿਕਰਾਲ ਸੰਸਾਰ ਬਿਆਕੁਲ, ਆਗਲ ਸੁੱਧ ਨ ਜਾਨਤਿ ਕਾਈ।
ਬੈਠਤਿ, ਉਠਤਿ, ਤੂਸ਼ਨ, ਬੋਲਤਿ ਚਾਲਤਿ ਨਾਂਹਿਨ ਮੇਵਹਿ ਭਾਈ।
ਨਾ ਗੁਜਰੈ ਇਹ ਨਾਲ ਭਲੇ, ਕਿਵਹੀ ਇਸ ਬੀਚ ਨਹੀਂ ਬਨਿ ਆਈ ॥੪੨ ॥

ਭਾਈ ਲਾਲੋ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ, "ਸੱਚ ਕਹਿੰਦਾ ਹਾਂ ਇਸ ਗੱਲ ਵਿਚ ਰਾਈ ਭਰ ਵੀ ਝੂਠ ਨਹੀ ਹੈ, ਇਹ ਸਾਰਾ ਸੰਸਾਰ ਭਿਆਨਕ ਵਿਆਕੁਲ ਹੈ, ਅੱਗੇ ਦੀ ਇਨ੍ਹਾਂ ਨੂੰ ਬਿਲਕੁਲ ਖਬਰ ਨਹੀ। ਬੈਠਦਿਆਂ, ਉਠਦਿਆਂ, ਚੁੱਪ ਰਹਿੰਦਿਆਂ, ਬੋਲਦਿਆਂ, ਚਲਦਿਆਂ ਇਨ੍ਹਾਂ ਲੋਕਾਂ ਨਾਲ ਮੇਵਿਆ ਨਹੀ ਜਾਂਦਾ, ਭਾਵ ਇਹ ਹਰ ਗੱਲੇ ਨੁਕਤਾਚੀਨੀ ਕਰਦੇ ਹਨ। ਇਨ੍ਹਾਂ ਨਾਲ ਭਲਾ ਗੁਜ਼ਾਰਾ ਨਹੀਂ ਹੋ ਸਕਦਾ, ਕਿਸੇ ਤਰ੍ਹਾਂ ਵੀ ਇਨ੍ਹਾਂ ਨਾਲ ਭਗਤਾਂ ਦੀ ਬਣਨੀ ਨਹੀ ਹੈ॥ ੪੨ ॥

*ਸ੍ਰੀ ਮੁਖਵਾਕ॥*

*ਏਸ ਕਲੀਓਿ ਪੰਜ ਭੀਤੀਓਿ ਕਿਉ ਕਰਿ ਰਖਾ ਪਤਿ ॥ ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ ॥*
*ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ ॥ ਜੇ ਬਹਿ ਰਹਾਂ ਤਾ ਆਖੀਐ ਬੈਠਾ ਸੱਥਰ ਘਤ ॥*
*ਉਠ ਚਲਾਂ ਤਾਂ ਆਖੀਐ ਛਾਰੁ ਗਇਆ ਸਿਰ ਘਤਿ ॥ ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੈ ਭਗਤ ॥*
*ਕਾਈ ਗਲੀ ਨ ਮੇਵਨੀ ਜਿਥੈ ਕਢਾ ਝਤਿ ॥ ਏਥੈ ਓਥੈ ਨਾਨਕਾ ਕਰਤਾ ਰਖੈ ਪਤਿ ॥ ੮ ॥*

'ਇਸ ਕਲਜੁਗ ਵਿਚ ਪੰਜ ਪ੍ਰਕਾਰ ਦੇ ਲੋਕਾਂ ਪਾਸੋਂ ਮੈਂ ਆਪਣੀ ਇੱਜ਼ਤ ਕਿਸ ਤਰ੍ਹਾਂ ਬਚਾ ਕੇ ਰੱਖਾਂ ? ਜੇ ਬੋਲਦਾ ਹਾਂ ਤਾਂ ਕਹਿੰਦੇ ਹਨ ਬੜਾ ਬਕਵਾਸ ਕਰਦਾ ਹੈ। ਜੇ ਚੁੱਪ ਰਹਿੰਦਾ ਹਾਂ ਤਾਂ ਕਹਿੰਦੇ ਹਨ ਸੱਥਰ ਪਾ ਕੇ ਬੈਠ ਗਿਆ ਹੈ। ਜੇਕਰ ਨਿੰਮਰਤਾ ਧਾਰਨ ਕਰਦਾ ਹਾਂ ਤਾਂ ਕਹਿੰਦੇ ਹਨ ਡਰਦਾ ਭਗਤੀ ਕਰਦਾ ਹੈ। ਇਸ ਕਰਕੇ ਕਿਸੇ ਗੱਲੇ ਵੀ ਛੁਟਕਾਰਾ ਨਹੀਂ ਹੈ। ਕਿੱਥੇ ਮੈਂ ਸਮਾਂ ਬਤੀਤ ਕਰਾਂ, ਇਸ ਲਈ ਏਥੇ ਓਥੇ ਪਰਮਾਤਮਾ ਹੀ ਪੱਤ ਰੱਖਣ ਵਾਲਾ ਹੈ। ਲੋਕ ਕਿਸੇ ਪਾਸੇ ਵੀ ਨਹੀਂ ਛੱਡਦੇ ਹਨ' ॥ ੮॥

ਦੋਹਰਾ- ਸੁਨਿ ਲਾਲੋ ਸੰਸਾਰ ਤੇ ਜੇ ਰਾਖਹਿ ਕਰਤਾਰ।
ਤੇ ਰਹਿਬੋ ਇਹ ਤੇ ਬਨੈ ਹੈ ਇਹ ਗਰਤ ਅਪਾਰ॥ ੪੩ ॥

ਹੇ ਲਾਲੋ ! ਸੁਣ, ਸੰਸਾਰ ਵਿਚ ਜਿਵੇਂ ਕਰਤਾਰ ਰਖੇ, ਉਸ ਤਰ੍ਹਾਂ ਹੀ ਰਹੋ। ਇਹ ਤਾਂ ਅਪਾਰ ਖਾਤਾ ਬਣਿਆ ਹੈ।

ਦੁਵੱਯਾ ਛੰਦ- ਪੁਨ ਉਦਾਸ ਉਰ ਮਹਿਂ ਮਰਦਾਨਾ ਦੇਖਿ ਦੁਖੈ ਮਤਿ ਮੰਦੇ'।
ਸੁਨਿ ਲਾਲੋ ਮਨ ਦੀਨ ਭਯੋ ਬਹੁ ਪੁਨ ਪੁਨ ਪਦ ਪਰ ਬੰਦੇ।
'ਏਕ ਮਾਸ ਮੁਝ ਰਹਹੁ ਅਵਾਸੂ ਬਿਨੈ ਬਿਲੋਕਹੁ ਸੁਆਮੀ।
ਪੁਨਿ ਗਵਨਹੁ ਜਿਤ ਇੱਛਾ ਹੋਵਹਿ ਸ੍ਰੀ ਗੁਰੁ ਅੰਤਰਜਾਮੀ !' ॥ ੪੪ ॥

ਇਸ ਤੋਂ ਉਪਰੰਤ ਮਰਦਾਨੇ ਨੂੰ ਵੀ ਉਦਾਸ ਵੇਖ ਕੇ ਦਿਲ ਵਿਚ ਦੁੱਖ ਹੁੰਦਾ ਹੈ'। ਇਹ ਸੁਣ ਕੇ ਭਾਈ ਲਾਲੋ ਬਹੁਤ ਦੀਨ ਹੋ ਗਿਆ, ਬਾਰ ਬਾਰ ਪੈਰਾਂ ਤੇ ਮੱਥਾ ਟੇਕਦਾ ਹੈ। 'ਇਕ ਮਹੀਨਾ ਮੇਰੇ ਘਰ ਠਹਿਰੋ, ਹੇ ਸੁਆਮੀ ਮੇਰੀ ਬੇਨਤੀ ਵਲ ਧਿਆਨ ਦੇਵੋ, ਫਿਰ ਜਿਥੇ ਤੁਹਾਡੀ ਇੱਛਾ ਹੋਵੇ, ਹੇ ਗੁਰੂ ਅੰਤਰਜਾਮੀ ਜੀ, ਚੱਲੇ ਜਾਣਾ' ॥ ੪੪ ॥

ਦੇਖ ਦੀਨਤਾ ਦਾਸ ਈਠ ਕੀ ਮਾਨ ਲਏ ਤਿਹ ਬੈਨਾ।
'ਲਾਲੋ ਬਚਨ ਨ ਮੇਟਜਾ ਜਾਈ' ਭਨਤਿ ਭਏ ਗੁਨ ਐਨਾ।
'ਏਕ ਮਾਸ ਰਹਿਜੇ ਮਰਦਾਨਾ! ਬਹੁਰੋ ਕਰਹਿਂ ਪਯਾਨਾ।
ਤ੍ਰਿੱਸਕਾਰ ਇਸ ਕੋ ਕਰਿ ਕੈਸੇ ਜਾਹਿਂ ਆਨ ਅਸਥਾਨਾ॥ ੪੫ ॥

ਪਿਆਰੇ ਸੇਵਕ ਦੀ ਦੀਨਤਾ ਵੇਖ ਕੇ, ਗੁਰੂ ਜੀ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ ਤੇ ਬਚਨ ਕੀਤੇ, "ਲਾਲੋ ਬਚਨ ਨਹੀਂ ਮੋੜਿਆ ਜਾ ਸਕਦਾ"। ਹੇ ਮਰਦਾਨੇ ! ਏਥੇ ਇਕ ਮਹੀਨਾ ਹੋਰ ਰਹੀਏ, ਫਿਰ ਕਿਤੇ ਹੋਰਥੇ ਚਲੇ ਜਾਵਾਂਗੇ ! ਇਸ ਦਾ ਨਿਰਾਦਰ ਕਰਕੇ ਹੋਰ ਕਿਸੇ ਜਗ੍ਹਾ ਕਿਵੇ ਚਲੀਏ" ? ॥ ੪੫ ॥

ਰਹੇ ਦਯਾਲੁ ਏਮਨਾਵਾਦੁ ਬਾਸੁਰ ਦੋਇ ਬਿਤੀਤੇ।
ਜਿਸ ਕਰੁਨਾ ਤੇ ਜਨਮ ਮਰਨ ਗਤਿ, ਨਾਮ ਜਪੇ ਜਮ ਭੀਤੇ।
ਆਸਨ ਪੈ ਆਸੀਨ ਕ੍ਰਿਪਾਲਾ ਪੈਰ ਪਲੋਟਤਿ ਲਾਲੋ।
ਜਿਹਕੋ ਮੁਨਿ ਜਨ ਧਜਾਨ ਧਰਤਿ ਹੈਂ, ਬਸਹਿਂ ਜਿ ਉਰ ਨਹਿਂ ਕਾਲੋ ॥੪੬ ॥

ਗੁਰੂ ਜੀ ਏਮਨਾਬਾਦ ਰਹਿ ਪਏ, ਜਦ ਦੋ ਦਿਨ ਬੀਤ ਗਏ, ਜਿਸ ਦੀ ਕਿਰਪਾ ਨਾਲ ਜਨਮ ਮਰਨ ਤੋਂ ਛੁਟਕਾਰਾ ਮਿਲਦਾ ਹੈ ਅਤੇ ਨਾਮ ਜਪਣ ਨਾਲ ਜਮ ਵੀ ਡਰਦਾ ਹੈ। ਕਿਰਪਾਲੂ ਗੁਰੂ ਜੀ ਆਪਣੇ ਆਸਣ ਤੇ ਬੈਠੇ ਹਨ ਅਤੇ ਲਾਲੋ ਪੈਰ ਘੁੱਟ ਰਿਹਾ ਹੈ। ਜਿਹੜੇ ਮੁਨੀ ਲੋਕ ਵੀ ਗੁਰੂ ਜੀ ਦਾ ਧਿਆਨ ਧਰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਮੌਤ ਨਹੀਂ ਵੱਸਦੀ॥ ੪੬ ॥

ਦੁਵੱਯਾ ਛੰਦ- ਬੈਸਯੋ ਨਿਕਟ ਭਨਤਿ ਮਰਦਾਨਾ 'ਤੁਮ ਹਯਾਂ ਬਹੁ ਦਿਨ ਰਹਿਨਾ।
ਦੇਹੁ ਨਿਦੇਸ ਜਾਉ ਤਲਵੰਡੀ ਕਹਹੁ ਤਹਾਂ ਜੋ ਕਹਿਨਾ।

ਤੂਰਨ ਤਹਿਂ ਤੇ ਆਵੋਂ ਤੁਮ ਢਿਗ, ਬਿਲਮ ਨ ਕਹੂੰ ਲਗਾਵੋਂ।
ਨਿਜ ਪਰਵਾਰਹਿ ਦੇਯ ਖਬਰ ਸਭਿ-ਹੌਂ ਨਾਨਕ ਸੰਗ ਜਾਵੋਂ ॥ ੪੭ ॥

ਲਾਗੇ ਬੈਠਾ ਮਰਦਾਨਾ ਕਹਿੰਦਾ ਹੈ, "ਤੁਸੀਂ ਏਥੇ ਬਹੁਤ ਦਿਨ ਰਹਿਣਾ ਹੈ, ਮੈਨੂੰ ਆਗਿਆ ਦੇਵੋ ਮੈਂ ਤਲਵੰਡੀ ਜਾਵਾਂ, ਮੈਨੂੰ ਦੱਸੋ ਤੁਸੀਂ ਜੋ ਓਥੇ ਸੁਨੇਹਾ ਭੇਜਣਾ ਹੈ। ਫਿਰ ਮੈਂ ਛੇਤੀ ਹੀ ਆਪ ਦੇ ਪਾਸ ਆ ਜਾਵਾਂਗਾ, ਬਹੁਤੀ ਦੇਰ ਨਹੀਂ ਲਗਾਵਾਂਗਾ। ਆਪਣੇ ਪਰਿਵਾਰ ਨੂੰ ਸਾਰੀ ਖਬਰ ਦੇ ਕੇ ਕਿ ਮੈਂ ਨਾਨਕ ਸੰਗ ਜਾਵਾਂਗਾ" ॥ ੪੭ ॥

'ਘਰ ਮਹਿਂ ਜੀਉ ਬਸਤਿ ਹੈ ਤੇਰੋ, ਜਾਹੁ, ਦ੍ਰੂਤਿ ਪੁਨ ਅੱਯੈ।
ਹਮਰੀ ਸੁਧ ਜਿਹ ਬਿਧਿ ਕੀ ਦੇਖਹੁ ਤੈਸੀ ਤਿਹਠਾਂ ਦਯੈ।'
ਲੇ ਰਜਾਇ ਮਰਦਾਨਾ ਗਵਨਜੋ ਮਿਲਜੋ ਜਾਇ ਪਰਵਾਰੂ।
ਤਿਂਹ ਪਸ਼ਚਾਤ ਦਾਸ ਦੁਖਖੰਡਨ ਰਾਜਤਿ ਨਗਰ ਉਦਾਰੂ॥ ੪੮ ॥

"ਤੇਰੇ ਘਰ ਵਿਚ ਤੇ ਬਾਲ ਬੱਚੇ ਵੱਸਦੇ ਹਨ, ਜਾਵੋ, ਤੇ ਫਿਰ ਛੇਤੀ ਵਾਪਿਸ ਆ ਜਾਣਾ। ਮੇਰੇ ਬਾਰੇ ਜਿਸ ਤਰ੍ਹਾਂ ਦੀ ਤੁਸੀਂ ਅੱਖੀ ਵੇਖੀ ਹੈ, ਕਹਿ ਦੇਣਾ। ਆਗਿਆ ਲੈ ਕੇ ਮਰਦਾਨਾ ਚਲਾ ਗਿਆ ਤੇ ਆਪਣੇ ਪਰਿਵਾਰ ਨੂੰ ਜਾ ਮਿਲਿਆ। ਮਰਦਾਨੇ ਦੇ ਜਾਣ ਦੇ ਪਿਛੋਂ ਦਾਸ ਦਾ ਦੁਖ ਹਰਨ ਵਾਲੇ, ਨਗਰ ਦੇ ਜੰਗਲ ਵਿਚ ਜਾ ਬੈਠੇ॥ ੪੮ ॥

ਬਾਸੁਰ ਬਨ ਮਹਿਂ ਜਾਇ ਬਿਰਾਜਹਿਂ ਕਮਲ ਬਦਨ ਦੁਖ ਕਦਨਾ।
ਜਬਹਿ ਬਿਭਾਵਰ ਹੋਵਹਿ ਲਖਿਹੀਂ ਆਵਹਿਂ ਲਾਲੋ ਸਦਨਾ।
ਕਰਤਿ ਪ੍ਰੀਤਿ ਸੋਂ ਅਸਨ ਤਿਆਰਾ ਬਿਨੈ ਭਾਖਿ ਅਚਵਾਵੈ।
ਭਗਤ ਵੱਛਲ ਬਹੁ ਭਗਤਿ ਦੇਖਿ ਕੈ ਭੋਜਨ ਤਿਹ ਘਰ ਪਾਵੈਂ ॥ ੪੯ ॥

ਦਿਨ ਦੇ ਸਮੇਂ ਕੰਵਲ ਮੁਖੜੇ ਵਾਲੇ ਅਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਜੰਗਲ ਵਿਚ ਜਾ ਬੈਠਦੇ ਹਨ, ਜਦ ਸੰਧਿਆ ਹੋ ਜਾਂਦੀ ਸੀ ਤਾਂ ਲਾਲੋ ਦੇ ਘਰ ਆ ਜਾਂਦੇ ਸਨ। ਭਾਈ ਲਾਲੋ ਬੜੀ ਪ੍ਰੀਤ ਨਾਲ ਭੋਜਨ ਤਿਆਰ ਕਰਦਾ ਸੀ ਅਤੇ ਬੇਨਤੀ ਕਰਕੇ ਭੋਜਨ ਛਕਾਉਂਦਾ ਸੀ। ਭਗਤ ਵਛਲ ਉਸ ਦੀ ਬਹੁਤ ਭਗਤੀ ਵੇਖ ਕੇ ਉਸ ਦੇ ਘਰ ਹੀ ਭੋਜਨ ਕਰਦੇ ਸਨ॥ ੪੯ ॥

ਸਦਾ ਅਧੀਨ ਦਾਸ ਕੇ ਜੋਊ ਜਾਤਿ ਕੁਜਾਤਿ ਨ ਜਾਨੈਂ।
ਗੁਣ ਚਤੁਰਾਈ ਰੀਝਹਿਂ ਨਾਂਹੀ ਭਾਉ ਭਗਤਿ ਪਹਿਚਾਨੈ।
ਦਿਜ, ਖੱਤ੍ਰੀ, ਤਜਿ ਬੈਸ ਤਹਾਂ ਕੇ ਸ਼ੂਦਰ ਹੁਤੋ ਤਿਖਾਨਾ।
ਖਾਇਂ ਸਾਦ ਸੋਂ ਭੋਜਨ ਤਾਂਕੋ ਕੇਵਲ ਪ੍ਰੇਮੈਂ ਮਾਨਾ॥ ੫੦ ॥

ਜਿਹੜੇ ਸਦਾ ਹੀ ਦਾਸ ਦੇ ਅਧੀਨ ਹਨ ਅਤੇ ਜਾਤ ਕੁਜਾਤ ਨੂੰ ਜਾਣਦੇ ਨਹੀਂ ਹਨ, ਗੁਣ ਚਤੁਰਾਈ ਤੇ ਉਹ ਰੀਝਦੇ ਨਹੀਂ, ਕੇਵਲ ਭਗਤ ਦਾ ਪ੍ਰੇਮ ਪਹਿਚਾਣਦੇ ਹਨ। ਬ੍ਰਾਹਮਣ, ਖੱਤਰੀ, ਵੈਸ਼ ਨੂੰ ਛੱਡ ਕੇ ਇਕ ਸੂਧਰ ਤਰਖਾਣ ਪਾਸ ਰਹਿੰਦੇ ਹਨ। ਉਸ ਦੇ ਭੋਜਨ ਨੂੰ ਬੜੇ ਸਵਾਦ ਨਾਲ ਖਾਂਦੇ ਹਨ ਅਤੇ ਭਗਤ ਦੇ ਪ੍ਰੇਮ ਨੂੰ ਮਾਣ ਬਖਸ਼ਦੇ ਹਨ॥ ੫੦ ॥

ਚਾਂਪਤਿ ਪਾਉਂ, ਹਾਂਕਤੇ ਪੋਨਾ, ਰਿਦੇ ਅਨੰਦ ਨ ਮਾਵੈ।
ਦਿੰਨ ਮਹਿਂ ਕ੍ਰਿਤ ਕਰਤਿ ਸਭਿ ਅਪਨੀ ਨਿਸਿ ਸੇਵਾ ਚਿਤ ਲਾਵੈ।
ਆਤਮ ਕੋ ਅੱਭਜਾਸ ਭਨਹਿਂ ਗੁਰ 'ਤੂੰ ਸਤਿ ਚਿਤ ਆਨੰਦਾ।
ਰਾਗ ਦ੍ਵੈਖ ਤੇ ਹੀਨ ਸਰੂਪਾ ਭਵ ਮ੍ਰਿਤੁ ਬਿਨ, ਸੁਖਕੰਦਾ॥ ੫੧ ॥

ਭਾਈ ਲਾਲੋ ਪੈਰ ਦਬਾਉਂਦਾ ਹੈ, ਪੱਖਾਂ ਝੱਲਦਾ ਹੈ ਅਤੇ ਉਸ ਦੇ ਹਿਰਦੇ ਵਿਚ ਆਨੰਦ ਸਮਾਉਂਦਾ ਨਹੀਂ। ਦਿਨ ਸਮੇਂ ਆਪਣੀ ਕਿਰਤ ਕਰਦੇ ਹਨ ਅਤੇ ਰਾਤ ਨੂੰ ਚਿਤ ਲਾ ਕੇ ਸੇਵਾ ਕਰਦੇ ਹਨ। ਆਤਮਾ ਦਾ ਅਭਿਆਸ ਵੇਖ ਕੇ ਗੁਰੂ ਜੀ ਕਹਿੰਦੇ ਹਨ, "ਤੂੰ ਸਤਿ ਚਿਤ ਆਨੰਦ ਹੈਂ। ਖ਼ੁਸ਼ੀ ਗ਼ਮੀ ਤੋਂ ਤੇਰਾ ਸਰੂਪ ਹੀਣ ਹੈ ਅਤੇ ਜਨਮ ਮਰਨ ਤੋਂ ਰਹਿਤ ਹੋ ਗਿਆ ਹੈਂ" ॥ ੫੧॥

ਦੁਵੱਯਾ ਛੰਦ- ਅੱਕ੍ਰਿਯ ਏਕ ਪ੍ਰਮਾਤਮ ਪੂਰਨ ਜਿਹ ਬਿਨ ਜੜ ਹੈ ਮਾਯਾ।
ਸ੍ਰੀ ਗੁਰੂ ਕੇ ਬਚ ਸੁਨਿ ਅਸ ਲਾਲੋ ਸਭਿ ਅਗ੍ਯਾਨ ਗਵਾਯਾ।
ਬੀਤੀ ਹੁਤੀ ਬਾਸ਼ਨਾ ਮਨ ਮਹਿਂ ਭਯੋ ਤੱਤ ਕੋ ਬੇਤਾ।
ਅਸ ਬਿਧਿ ਦਿਵਸ ਬਿਤਾਏ ਕਛੁ ਤਹਿਂ ਸ੍ਰੀ ਬੇਦੀ ਕੁਲਕੇਤਾ॥ ੫੨॥

ਕਿਰਿਆ ਤੋਂ ਰਹਿਤ, ਪੂਰਨ ਪਰਮਾਤਮਾ, ਜਿਸ ਬਗੈਰ ਮਾਇਆ ਜੜ੍ਹ ਹੈ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਭਾਈ ਲਾਲ ਨੇ ਆਪਣਾ ਅਗਿਆਨ ਗਵਾ ਦਿੱਤਾ, ਭਾਵ ਉਹ ਪੂਰਨ ਗਿਆਨਵਾਨ ਹੋ ਗਿਆ। ਪਹਿਲਾਂ ਮਨ ਵਿਚ ਜਿਹੜੀ ਕੋਈ ਵਾਸ਼ਨਾ ਸੀ ਉਹ ਖਤਮ ਹੋ ਗਈ ਅਤੇ ਉਹ ਤੱਤ ਤੋਂ ਜਾਣੂੰ ਹੋ ਗਿਆ। ਇਸ ਤਰ੍ਹਾਂ ਬੇਦੀ ਕੁਲ ਦੇ ਧਵਜ ਨੇ ਓਥੇ ਕੁਝ ਦਿਨ ਬਿਤੀਤ ਕੀਤੇ॥ ੫੨॥

ਦੋਹਰਾ- ਸੁਨਿ ਸ਼੍ਰੋਤਾ ਚਿਤ ਲਾਇਕੇ ਸਿੱਖੀ ਪ੍ਰਾਪਤਿ ਹੋਇ।
ਸਿੱਖੀ ਕੀ ਪਦਵੀ ਅਧਿਕ ਮਹਿਮਾ ਜਾਨਹਿ ਕੋਇ॥ ੫੩॥

ਹੇ ਸ੍ਰੋਤਾਗਨ! ਸੁਣੋ, ਚਿਤ ਲਾ ਕੇ ਸਿੱਖੀ ਪ੍ਰਾਪਤ ਹੁੰਦੀ ਹੈ। ਸਿੱਖੀ ਦੀ ਪਦਵੀ ਦੀ ਸਭ ਤੋਂ ਅਧਿਕ ਮਹਿਮਾ ਹੈ, ਇਸ ਨੂੰ ਕੋਈ-ਕੋਈ ਜਾਣਦਾ ਹੈ॥ ੫੩॥

ਚੌਪਈ- ਸਤਿਗੁਰੂ ਸਿਖ ਕੋ ਜਮ ਨਹਿਂ ਫੰਦੂ। ਜਿਉਂ ਬਾਸੁਰ ਮਹਿਂ ਜੋਨ ਨ ਚੰਦੂ।
ਚਰਨ ਕਮਲ ਰਤਿ ਭਾਨੁ ਪ੍ਰਕਾਸੂ। ਕਿਉਂ ਦੀਸਹਿਂ ਸ਼ਸ਼ਿ ਤਮ ਨਹਿਂ ਪਾਸੂ॥੫੪॥

ਸਤਿਗੁਰੂ ਦੇ ਸਿੱਖ ਨੂੰ ਜਮਾਂ ਦਾ ਫੰਦਾ ਨਹੀਂ ਪੈਂਦਾ। ਜਿਵੇਂ ਦਿਨ ਸਮੇਂ ਚੰਦ ਦੀ ਰੋਸ਼ਨੀ ਨਹੀਂ ਹੁੰਦੀ। ਚਰਨਾਂ ਕਮਲਾਂ ਦਾ ਪ੍ਰੇਮ ਸੂਰਜ ਦਾ ਪ੍ਰਕਾਸ਼ ਹੈ, ਜਿਵੇਂ ਚੰਦਰਮਾਂ ਦੇ ਲਾਗੇ ਹਨੇਰਾ ਨਹੀਂ ਆਉਂਦਾ॥ ੫੪॥

ਸ਼ਰਧਾ ਆਤਪ ਦੀਪਤਿ ਜਹਿੰਵਾ। ਭਰਮ ਤਿਮਰ ਕਿਉਂ ਹੋਵਹਿ ਤਹਿੰਵਾ।
ਉਡਗਨ ਕਿਲਵਿਖ ਨਹੀਂ ਪ੍ਰਕਾਸ਼ਤਿ। ਬੇਮੁਖਤਾ ਨਿਸ ਜਹਿਂ ਭੀ ਨਾਸਤਿ॥੫੫॥

ਸ਼ਰਧਾ ਰੂਪੀ ਧੁਪ ਜਿਥੇ ਚਮਕਦੀ ਹੈ, ਓਥੇ ਹਨੇਰਾ ਕਿਵੇਂ ਹੋ ਸਕਦਾ ਹੈ? ਪਾਪਾਂ ਰੂਪੀ ਤਾਰੇ ਓਥੇ ਚਮਕਦੇ ਨਹੀਂ ਅਤੇ ਬੇਮੁਖਤਾ ਰੂਪੀ ਰਾਤ ਦਾ ਵੀ ਨਾਸ ਹੋ ਜਾਂਦਾ ਹੈ॥ ੫੫॥

ਕਵਿ ਕਰ ਬੰਦ ਗੁਰੂ ਪਦ ਬੰਦੇ। ਸਿਖੀ ਜਾਚਹਿ ਆਨੰਦ ਕੰਦੇ।
ਏਕ ਆਸ ਨਾਸੀ ਅਬ ਔਰੀ। ਦਰਸਨ ਦੇਹੁ ਲਾਲਸਾ ਮੋਰੀ॥ ੫੬॥

ਕਵੀ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਦਾ ਹੈ, ਆਨੰਦ ਦੀ ਦਾਤ ਸਿੱਖ ਮੰਗਦਾ ਹੈ। ਇਕ ਆਸ ਹੁਣ ਬਾਕੀ ਹੈ, ਹੇ ਗੁਰੂ ਜੀ! ਦਰਸ਼ਨ ਦੇਵੋ, ਇਹ ਮੇਰੀ ਲਾਲਸਾ ਹੈ॥ ੫੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਲਾਲੋ ਪ੍ਰਸੰਗ' ਪ੍ਰਸੰਗ ਬਰਨਨੰ ਨਾਮ ਅਠੱਤ੍ਰਿੰਸਮੋ ਅਧ੍ਯਾਯ॥ ੩੮॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅਧਿਆਇ ਦਾ ਅੱਠਤੀਵਾਂ ਅਧਿਆਇ, ਜਿਸ ਦਾ ਨਾਮ 'ਭਾਈ ਲਾਲੋ ਮਿਲਾਪ' ਹੈ, ਸਮਾਪਤ ਹੋਇਆ॥ ੩੮॥

# ਅਧਿਆਇ ਉਨਤਾਲੀਵਾਂ

*ਮਲਿਕ ਭਾਗੋ ਅਤੇ ਖਾਨ ਪ੍ਰਸੰਗ।*

ਦੋਹਰਾ- ਸ੍ਰੀ ਗੁਰੁ ਚਰਨ ਸਰੋਜ ਕੀ ਰਜ ਸ੍ਰਿੰਖਲ ਗਲ ਪਾਇ।
ਮਨ ਗਇੰਦ ਕੋ ਰੋਕ ਕਰਿ ਕਹੋਂ ਕਥਾ ਗਤਿਦਾਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ ਰੂਪੀ ਸੰਗਲ ਨੂੰ ਮਨ ਰੂਪੀ ਹਾਥੀ ਦੇ ਗਲ ਪਾ ਕੇ ਤੇ ਇਸ ਨੂੰ ਇਸ ਢੰਗ ਨਾਲ ਰੋਕ ਕੇ ਹੁਣ ਮੈਂ ਮੁਕਤ ਦੇਣ ਵਾਲੀ ਕਥਾ ਕਹਿੰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਇਹ ਬਿਧਿ ਨਗਰ ਏਮਨਾਵਾਦੂ। ਰਹੇ ਹੇਤ ਲਾਲੋ ਅਹਿਲਾਦੂ।
ਪੰਦ੍ਰਹ ਬਾਸੁਰ ਜਬਹਿ ਬਿਤੀਤੇ। ਸੇਵਹਿ ਚਰਨ ਕਮਲ ਉਰ ਪ੍ਰੀਤੇ॥੨॥

*ਭਾਈ ਬਾਲਾ ਜੀ ਕਹਿੰਦੇ ਹਨ-* ਇਸ ਤਰ੍ਹਾਂ ਦਾ ਨਗਰ ਐਮਨਾਬਾਦ ਹੈ। ਓਥੇ ਗੁਰੂ ਜੀ ਭਾਈ ਲਾਲੋ ਦੀ ਖੁਸ਼ੀ ਵਾਸਤੇ ਰਹਿੰਦੇ ਹਨ। ਜਦ ਪੰਦਰਾਂ ਦਿਨ ਬੀਤ ਗਏ। ਭਾਈ ਲਾਲੋ ਚਰਨ-ਕਮਲਾਂ ਨਾਲ ਪ੍ਰੇਮ ਕਰਕੇ ਸੇਵਾ ਕਰਦਾ ਰਿਹਾ।

ਹੁਤੇ ਪਠਾਨ ਤਹਾਂ ਕੋ ਰਾਜਾ। ਨਿਕਟਿ ਸਭਾ ਜਿਹ ਦੁਸ਼ਟ ਸਮਾਜਾ।
ਤਿਹ ਮੰਤ੍ਰੀ ਥੋ ਖੱਤ੍ਰੀ ਏਕੂ। ਨਾਮ ਮਲਕ ਭਾਗੋ ਅਵਿਵੇਕੂ॥ ੩॥

ਐਮਨਾਬਾਦ ਦਾ ਰਾਜਾ ਇਕ ਪਠਾਣ ਸੀ, ਉਸ ਦੇ ਪਾਸ ਬੜੇ ਦੁਸ਼ਟ ਬੁੱਧੀ ਵਾਲੇ ਅਹਿਲਕਾਰ ਰਹਿੰਦੇ ਸਨ। ਉਨ੍ਹਾਂ ਵਿਚ ਇਕ ਖੱਤਰੀ ਉਸ ਦਾ ਮੰਤਰੀ ਸੀ। ਉਸ ਦਾ ਨਾਂ ਮਲਕ ਭਾਗੋ ਸੀ॥ ੩॥

ਹੁਤੋ ਪਾਸ ਤਿਂਹ ਕੇ ਬਹੁ ਦਰਬਾ। ਕਰਿ ਕਲਿਮਲ ਸੋ ਸੰਚਜੋ ਸਰਬਾ।
ਕਰਨ ਸੁਜਸ ਅਪਨੋ ਨਰ ਮਾਂਹੀ। ਬ੍ਰਹਮ ਭੋਜ ਕੀਨੋ ਪੁਰਿ ਤਾਂਹੀ॥੪॥

ਉਸ ਦੇ ਪਾਸ ਬਹੁਤ ਧਨ ਸੀ। ਇਹ ਸਾਰਾ ਧਨ ਪਾਪਾਂ ਦੀ ਕਮਾਈ ਨਾਲ ਇੱਕਠਾ ਕੀਤਾ ਹੋਇਆ ਸੀ। ਲੋਕਾਂ ਵਿਚ ਆਪਣਾ ਜੱਸ ਕਰਵਾਉਣ ਲਈ, ਉਸ ਨੇ ਨਗਰ ਵਿਚ ਬ੍ਰਹਮ ਭੋਜ ਕੀਤਾ॥ ੪॥

ਦਿਜ, ਖੱਤ੍ਰੀ, ਬਿਟ, ਸ਼ੂਦਰ ਚਾਰੀ। ਸਭਿ ਕੋ ਦਯੋ ਅਮੰਤ੍ਰ ਪੁਕਾਰੀ।
ਜਿਤੇ ਫਕੀਰਨ ਕੇ ਅਸਥਾਨਾ। ਪਠਿਨਰ ਸਭਿਨਿ ਅਸਨ ਬਰਜਾਨਾ॥੫॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਉਸ ਚਾਰਾਂ ਵਰਨਾਂ ਨੂੰ ਨਿਉਂਦਾ ਭੇਜਿਆ। ਜਿਥੇ ਜਿਥੇ ਵੀ ਫਕੀਰ ਸਨ ਉਸ ਨੇ ਆਪਣੇ ਆਦਮੀ ਭੇਜ ਕੇ ਸਭ ਨੂੰ ਭੋਜਨ ਵਰਜਿਆ॥ ੫॥

ਦੋਹਰਾ- ਤਿਹ ਖੱਤ੍ਰੀ ਕੋ ਦਿਜ ਨਗਰ ਫਿਰਤਿ ਅਮੰਤ੍ਰ ਦੇਤਿ।
ਜਾਵਤਿ ਥੇ ਉਦਿਆਨ ਕੋ ਤਬ ਬੇਦੀ ਕੁਲਿਕੇਤੁ॥ ੬॥

ਉਸ ਖੱਤਰੀ ਦਾ ਇਕ ਬ੍ਰਾਹਮਣ ਸੇਵਕ, ਨਗਰ ਵਿਚ ਫਿਰ ਕੇ ਸੱਦੇ ਦੇ ਰਿਹਾ ਸੀ। ਉਹ ਓਥੇ ਪਹੁੰਚ ਗਿਆ, ਜਿਥੇ ਬੇਦੀ ਕੁਲ ਦੇ ਧੁਜ ਗੁਰੂ ਜੀ ਜੰਗਲ ਨੂੰ ਜਾ ਰਹੇ ਸਨ॥ ੬॥

ਚੌਪਈ- ਬਿੱਪ੍ਰ ਬਿਲੋਕਤਿ ਬਚਨ ਅਲਾਏ। 'ਕਿਤਕੋ ਨਾਨਕ ਤਪਾ ਸਿਧਾਏ?
ਅਏ ਅਮੰਤ੍ਰ, ਨ ਕਰਹੁ ਅਹਾਰਾ। ਸੁਨਿਕੈ ਸ੍ਰੀ ਮੁਖ ਬਚਨ ਉਚਾਰਾ॥੭॥

ਗੁਰੂ ਜੀ ਨੂੰ ਵੇਖ ਕੇ ਬ੍ਰਾਹਮਣ ਨੇ ਇਹ ਬਚਨ ਕੀਤੇ, "ਇਹ ਨਾਨਕ ਤਪਾ ਤੁਸੀ ਕਿਧਰ ਜਾ ਰਹੇ ਹੋ ? ਤੁਹਾਨੂੰ ਸੱਦਾ ਦਿਤਾ ਜਾਂਦਾ ਹੈ ਕਿ ਤੁਸੀਂ ਭੋਜਨ ਛੱਕਣ ਵਾਸਤੇ ਆਵੋ", ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰਿਆ॥ ੭॥

ਚੌਪਈ- 'ਕੈਸ ਅਮੰਤ੍ਰ ਬਿੱਪ੍ਰ ਤੁਮਾਰੇ? ਨਿਜ ਬਿਰਤਾਂਤ ਬਤਾਉ ਵਿਚਾਰੇ?'।
ਕਹਿ ਦਿਜ, ਭਾਗੋ ਖੱਤ੍ਰੀ ਜੋਊ। 'ਚਤੁਰ ਬਰਨ ਨਿਉਤੇ ਸਭਿ ਕੋਊ ॥੮॥

"ਹੇ ਬ੍ਰਾਹਮਣ ! ਤੁਹਾਡਾ ਕਾਹਦਾ ਨਿਉਂਦਾ ਹੈ, ਮੈਨੂੰ ਵਿਚਾਰ ਕੇ ਆਪਣਾ ਬ੍ਰਿਤਾਂਤ ਚੰਗੀ ਤਰ੍ਹਾਂ ਸਮਝਾਓ।" ਬ੍ਰਾਹਮਣ ਨੇ ਕਿਹਾ, "ਭਾਗੋ ਖੱਤਰੀ ਜਿਹੜਾ ਹੈ, ਉਸ ਚਾਰ ਵਰਨਾਂ ਨੂੰ ਨਿਉਂਦੇ ਭੇਜੇ ਹਨ॥ ੮॥

ਬ੍ਰਹਮ ਭੋਜ ਤਿਨ ਕੀਨ ਬਿਸਾਲਾ। ਆਜ ਜਾਹਿਂ ਨਰ ਸਭਿ ਤਿਹ ਸ਼ਾਲਾ।
ਕਹਜੋ ਗੁਰੂ 'ਹਮ ਕਿਨਕੇ ਮਾਂਹੀ। ਹੈਂ ਦਰਵੇਸ਼, ਬਰਨ ਕੋ ਨਾਂਹੀ' ॥੯॥

ਉਸ ਨੇ ਬੜਾ ਵਿਸ਼ਾਲ ਬ੍ਰਹਮ ਭੋਜ ਕੀਤਾ ਹੈ, ਅੱਜ ਸਾਰੇ ਉਸ ਦੇ ਘਰ ਬ੍ਰਹਮ ਭੋਜ ਕਰਨ ਵਾਸਤੇ ਜਾਣਗੇ।" ਗੁਰੂ ਜੀ ਨੇ ਕਿਹਾ, "ਅਸੀ ਚਾਰ ਵਰਨਾਂ ਵਿਚ ਨਹੀ ਆਉਂਦੇ ਹਾਂ। ਅਸੀ ਤਾਂ ਦਰਵੇਸ਼ ਹਾਂ, ਸਾਡਾ ਕੋਈ ਵਰਨ ਨਹੀਂ ਹੈ"॥ ੯॥

ਦੋਹਰਾ- ਸੁਨਿ ਸ੍ਰੋਨਨ ਮੈਂ ਬਿੱਪ੍ਰ ਸੋ ਬਿਗਸਜੋ ਬਚਨ ਅਲਾਇ।
'ਨਾਮ ਕੁਰਾਹੀ ਤੋਹਿ ਕੋ ਇਨ ਬਾਤਨ ਬਨਿ ਆਇ॥ ੧੦॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਬ੍ਰਾਹਮਣ ਨੇ ਮੁਸਕਰਾ ਕੇ ਇਹ ਗੱਲ ਕਹੀ, "ਤੁਹਾਡੀਆਂ ਇਨ੍ਹਾਂ ਗੱਲਾਂ ਕਰਕੇ ਹੀ ਲੋਕ ਤੁਹਾਨੂੰ ਕੁਰਾਹੀਆ ਕਹਿੰਦੇ ਹਨ॥ ੧੦॥

ਚੌਪਈ- ਛੋਰੀ ਲੋਕ ਰੀਤਿ ਜਗ ਮਾਂਹੀ। ਭਯੋ ਨਾਮ ਇਉਂ ਤੋਹਿ ਕੁਰਾਹੀ।
ਬ੍ਰਹਮਭੋਜ ਮਹਿਂ ਜੇ ਨਹਿਂ ਆਵਹਿਂ। ਮਲਕ ਕ੍ਰੋਧ ਹਿਰਦੇ ਉਪਜਾਵਹਿ॥੧੧॥

ਜੱਗ ਵਾਲੀ ਲੋਕ ਰੀਤੀ ਤੁਸੀ ਛੱਡ ਦਿੱਤੀ ਹੈ, ਇਸ ਲਈ ਤੁਹਾਡਾ ਨਾਂ ਕੁਰਾਹੀਆ ਪੈ ਗਿਆ ਹੈ। ਜੇ ਬ੍ਰਹਮ ਭੋਜ ਵਿਚ ਨਹੀਂ ਆਵੋਗੇ ਤਾਂ ਮਲਕ ਭਾਗੋ ਦੇ ਹਿਰਦੇ ਵਿਚ ਬਹੁਤ ਕ੍ਰੋਧ ਉਪਜੇਗਾ॥ ੧੧॥

ਨਗਰ ਵਿਖੇ ਤੇ ਦੇ ਨਿਕਸਾਈ। ਤੁਮ ਜਾਨਹੁ, ਮੈਂ ਕਹਜੋ ਸੁਨਾਈ।
ਇਹ ਬਿਧਿ ਕਹਿ ਕਰਿ ਦਿਜ ਤਬ ਗਵਨਾ। ਤੂਸ਼ਨ ਕਰੀ ਖਿਮਾ ਕੇ ਭਵਨਾ॥੧੨॥

ਤੁਹਾਨੂੰ ਉਹ ਨਗਰ ਵਿਚੋਂ ਕੱਢ ਦੇਵੇਗਾ, ਅੱਗੇ ਤੁਸੀ ਜਾਣੋ, ਮੈਂ ਤਾਂ ਤੁਹਾਨੂੰ ਸਾਰੀ ਗੱਲ ਦੱਸ ਦਿੱਤੀ ਹੈ।" ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਚਲਾ ਗਿਆ। ਪਰ ਖਿਮਾਂ ਦੇ ਘਰ ਭਾਵ ਗੁਰੂ ਜੀ ਚੁੱਪ ਰਹੇ॥ ੧੨॥

ਬ੍ਰਹਮਭੋਜ ਤਿਨ ਅਧਿਕ ਬਨਾਵਾ। ਊਚ ਨੀਚ ਸਭਿ ਸਦਨ ਅਲਾਵਾ।
ਕਰਜੋ ਜਾਇ ਕਰਿ ਖਾਨ ਅਹਾਰਾ। ਅਨਿਕ ਭਾਂਤਿ ਕਰਿ ਜੁਊ ਸਵਾਰਾ॥੧੩॥

ਮਲਕ ਭਾਗੋ ਨੇ ਬ੍ਰਹਮ ਭੋਜ ਬਹੁਤ ਤਿਆਰ ਕਰਵਾਇਆ ਅਤੇ ਗਰੀਬ ਅਮੀਰ ਸਭ ਨੂੰ ਆਪਣੇ ਘਰ ਬੁਲਾਇਆ। ਲੋਕ ਜਾ ਕੇ ਭੋਜਨ ਖਾ ਰਹੇ ਸਨ ਜਿਹੜਾ ਅਨੇਕ ਪ੍ਰਕਾਰ ਦਾ ਤਿਆਰ ਹੋਇਆ ਸੀ॥ ੧੩॥

ਤ੍ਰਿਪਤਿ ਹੋਇ ਬਹੁ ਸੁਜਸ ਬਖਾਨਹਿਂ। ਪੁੰਨਵਾਨ ਤਾਂਕੋ ਅਤਿ ਮਾਨਹਿਂ।
ਝੂਠੇ ਲਖਹਿਂ ਨ ਇਹ ਪਰਪੰਚੀ। ਜਿਨ ਵਡ ਅਘ ਕਰਿ ਮਾਯਾ ਸੰਚੀ॥੧੪॥

ਰੱਜ ਕੇ ਭੋਜਨ ਖਾ ਕੇ ਜਦ ਪੂਰਨ ਤ੍ਰਿਪਤ ਹੋ ਜਾਂਦੇ ਸਨ ਤਾਂ ਮਲਕ ਭਾਗੋ ਦਾ ਬਹੁਤ ਜੱਸ ਕਰਦੇ ਸਨ। ਉਸ ਨੂੰ ਬੜਾ ਪੁੰਨਵਾਨ ਤੇ ਦਾਨੀ ਮੰਨਦੇ ਸਨ। ਪਰ ਉਹ ਇਹ ਨਹੀਂ ਸੀ ਜਾਣਦੇ ਕਿ ਮਲਕ ਭਾਗੋ ਕਿੰਨਾ ਝੂਠਾ ਅਤੇ ਛਲੀਆ ਸੀ, ਜਿਸ ਨੇ ਵੱਡੇ ਪਾਪ ਕਰਕੇ ਮਾਇਆ ਇਕੱਠੀ ਕੀਤੀ ਸੀ॥ ੧੪॥

ਦੋਹਰਾ- ਤਿਹ ਗ੍ਰਿਹ ਨਹਿ ਸ੍ਰੀ ਗੁਰੂ ਗਏ ਦਿਨ ਬਿਤਾਇ ਉਦਿਆਨ।
ਲਾਲੋ ਆਲਯ ਆਨਿਕੈ ਰਾਜਤਿ ਮਜਾ ਨਿਧਾਨ॥ ੧੫॥

ਪਰ ਗੁਰੂ ਜੀ ਉਸ ਦੇ ਘਰ ਨਾ ਗਏ ਅਤੇ ਸਾਰਾ ਦਿਨ ਜੰਗਲ ਵਿਚ ਬਿਤੀਤ ਕੀਤਾ। ਸ਼ਾਮ ਨੂੰ ਲਾਲੋ ਦੇ ਘਰ ਆ ਕੇ ਬਿਰਾਜ ਗਏ॥ ੧੫॥

ਚੌਪਈ- ਤਪਾ ਨ ਆਯੋ ਦਿਜ ਤਿਹ ਜਾਨੀ। ਦੂਤੀ ਭਾਗੋ ਨਿਕਟਿ ਬਖਾਨੀ।
ਕਰਤਿ ਹੁਤੇ ਸੁ ਅਸੂਯਾ ਆਗੇ। ਯਾਂਤੇ ਦੁਸ਼ਟੀ ਸੋਂ ਅਨੁਰਾਗੇ॥ ੧੬॥

ਉਹ ਬ੍ਰਾਹਮਣ ਜਾਣਦਾ ਸੀ ਕਿ ਤਪਾ ਭਾਵ ਗੁਰੂ ਜੀ ਨਹੀਂ ਸੀ ਆਏ। ਉਸ ਨੇ ਮਲਕ ਭਾਗੋ ਪਾਸ ਜਾ ਕੇ ਚੁਗਲੀ ਕੀਤੀ। ਜਿਹੜੇ ਲੋਕ ਈਰਖਾਲੂ ਹੁੰਦੇ ਹਨ ਉਹ ਦੋਸ਼ ਲਾਉਣ ਅਤੇ ਚੁਗਲੀ ਕਰਨ ਵਿਚ ਬੜੀ ਖੁਸ਼ੀ ਅਨੁਭਵ ਕਰਦੇ ਹਨ॥ ੧੬॥

'ਦੇਖਹੁ ਮਲਕ! ਨ ਤੁਮਰੇ ਆਯੋ। ਖੱਤ੍ਰੀ ਨਾਨਕ ਤਪਾ ਕਹਾਯੋ।
ਤੁਮ ਤੇ ਅਧਿਕ ਆਪ ਕੋ ਜਾਨਾ। ਅਚਜੋ ਅਹਾਰ ਨ ਤੁਮ ਘਰ ਆਨਾ॥੧੭॥

"ਹੇ ਮਲਕ ਜੀ! ਵੇਖੋ, ਜਿਹੜਾ ਖੱਤਰੀ ਨਾਨਕ ਤਪਾ ਕਹਾਉਂਦਾ ਹੈ, ਉਹ ਤੁਹਾਡਾ ਬ੍ਰਹਮ ਭੋਜ ਛੱਕਣ ਨਹੀਂ ਆਇਆ ਹੈ। ਉਹ ਆਪਣੇ ਆਪ ਨੂੰ ਤੁਹਾਡੇ ਨਾਲੋਂ ਵੱਡਾ ਸਮਝਦਾ ਹੈ, ਤੁਹਾਡੇ ਘਰ ਆ ਕੇ ਉਸ ਭੋਜਨ ਨਹੀਂ ਛੱਕਿਆ॥ ੧੭॥

ਆਂਖ ਤਰੈ ਨਹਿ ਆਨਤਿ ਕਾਹੂ। ਤਜੀ ਰੀਤਿ, ਪਗ ਧਰਤਿ ਕੁਰਾਹੂ।
ਸੂਦਰ ਕੇ ਘਰ ਭੋਜਨ ਕਰਿਹੀ। ਆਵਾ ਇਹਾਂ ਨ ਉਰ ਮਹਿਂ ਡਰਿਹੀ॥੧੮॥

ਉਹ ਕਿਸੇ ਨੂੰ ਆਪਣੀ ਅੱਖ ਥੱਲੇ ਨਹੀਂ ਲਿਆਉਂਦਾ। ਅਸਲ ਰੀਤੀ ਛੱਡ ਕੇ ਉਹ ਕੁਰਾਹੇ ਪੈ ਗਿਆ ਹੈ। ਸੂਦਰ ਦੇ ਘਰ ਭੋਜਨ ਕਰਦਾ ਹੈ, ਏਥੇ ਆਇਆ ਨਹੀਂ, ਉਸ ਦੇ ਦਿਲ ਵਿਚ ਭੋਰਾ ਵੀ ਕਿਸੇ ਦਾ ਡਰ ਨਹੀਂ'॥ ੧੮॥

ਦੋਹਰਾ- ਸੁਨਿ ਭਾਗੋ ਪੁਨ ਬੂਝਹੀ 'ਦਯੋ ਅਮੰਤ੍ਰ ਕਿ ਨਾਂਹਿ?'।
ਕਹਿ ਦਿਜ 'ਕੀਨਿ ਤਗੀਦ ਮੈਂ ਬਹੁਤ ਬਾਰਬਚ ਪ੍ਰਾਹਿ'॥ ੧੯॥

ਇਹ ਸੁਣ ਕੇ ਭਾਗੋ ਨੇ ਫਿਰ ਪੁਛਿਆ, "ਤੂੰ ਉਸ ਨੂੰ ਸੱਦਾ ਦਿੱਤਾ ਹੈ ਕਿ ਨਹੀਂ?" ਬ੍ਰਾਹਮਣ ਨੇ ਕਿਹਾ, "ਮੈਂ ਉਸ ਨੂੰ ਕਈ ਵਾਰ ਬਚਨ ਆਖ ਕੇ ਪੱਕੀ ਤਾਕੀਦ ਕੀਤੀ ਸੀ'॥ ੧੯॥

ਚੌਪਈ- ਸੁਨਤਿ ਮਲਕ ਮਨ ਕ੍ਰੋਧਹਿ ਆਯੋ। ਮਨਹੁ ਸਿੰਘ ਪਰ ਮਸ਼ਕ ਰਿਸਾਯੋ।
'ਜਾਵਹੁ ਦਿਜ! ਤਿਹ ਆਨਿ ਬੁਲਾਈ। ਦੇਖਿ ਲੇਹਿਂ ਤਿਨ ਕੀ ਮਨੁਸ਼ਾਈ॥੨੦॥

ਇਹ ਸੁਣ ਕੇ ਮਲਕ ਨੇ ਮਨ ਵਿਚ ਬੜਾ ਕ੍ਰੋਧ ਕੀਤਾ। ਮਾਨੋ ਸ਼ੇਰ ਉਤੇ ਮੱਛਰ ਨੇ ਗੁੱਸਾ ਕੀਤਾ ਹੋਵੇ। ਕਹਿਣ ਲੱਗਾ "ਹੇ ਬ੍ਰਾਹਮਣ! ਜਾਵੋ, ਤੇ ਉਸ ਨੂੰ ਬੁਲਾ ਕੇ ਲਿਆਵੋ, ਮੈਂ ਉਸ ਦੀ ਮਰਦਾਨਗੀ ਵੇਖ ਲੈਂਦਾ ਹਾਂ॥ ੨੦॥

ਕੇਤਿਕ ਜੋਰ ਐਂਠ ਸੋ ਕਰਹੀ। ਆਵਾ ਖਾਨਿ ਨ ਉਰ ਮਹਿਂ ਡਰਿਹੀ'।
ਸੁਨਿ ਦਿਜ ਹਰਖਤਿ ਤੂਰਨ ਗਵਨਾ। ਹੁਤੋ ਜਹਾਂ ਲਾਲੋ ਕੋ ਭਵਨਾ॥੨੧॥

ਉਸ ਵਿਚ ਕਿੰਨੀ ਕੁ ਤਾਕਤ ਹੈ ਜੋ ਏਨੀ ਆਕੜ ਕਰ ਰਿਹਾ ਹੈ, ਬ੍ਰਹਮ ਭੋਜ ਖਾਣ ਨਹੀਂ ਆਇਆ, ਉਸ ਦੇ ਦਿਲ ਵਿਚ ਕੋਈ ਡਰ ਨਹੀਂ ਹੈ" ਇਹ ਸੁਣ ਕੇ ਬ੍ਰਾਹਮਣ ਬਹੁਤ ਖੁਸ਼ ਹੋਇਆ ਅਤੇ ਤੁਰੰਤ ਉਸ ਤਰਫ ਚਲ ਪਿਆ ਜਿਥੇ ਭਾਈ ਲਾਲੋ ਦਾ ਘਰ ਸੀ॥ ੨੧॥

ਦਰ ਠਾਂਢੇ ਊਚੇ ਬਚ ਪ੍ਰਾਹੀ। 'ਲਾਲੋ! ਨਾਨਕ ਤਪਾ ਇਹਾਂਹੀ?'।
ਕਹਿ ਲਾਲੋ 'ਬੈਸੇ ਹੈਂ ਅੰਤਰ। ਕਾਜ ਕੌਨ ਤੋਂ? ਕਹੋ ਨਿਰੰਤਰ' ॥੨੨॥

ਬ੍ਰਾਹਮਣ ਨੇ ਲਾਲੋ ਦੇ ਘਰ ਦੇ ਦਰਵਾਜ਼ੇ ਅੱਗੇ ਖਲੋ ਕੇ ਉੱਚੀ ਆਵਾਜ਼ ਦਿੱਤੀ, "ਹੇ ਲਾਲੋ ! ਕੀ ਨਾਨਕ ਤਪਾ ਏਥੇ ਹੀ ਹੈ?" ਲਾਲੋ ਨੇ ਕਿਹਾ, "ਅੰਦਰ ਬੈਠੇ ਹਨ। ਕੀ ਕੰਮ ਹੈ ? ਚੰਗੀ ਤਰ੍ਹਾਂ ਦੱਸੋ ?" ॥ ੨੨ ॥

ਦੋਹਰਾ- ਕਹਿ ਦਿਜ 'ਪਠਵਹੁ ਵਹਿਰ ਕੋ', ਸ੍ਰੀ ਗੁਰੂ ਆਪੇ ਆਇ।
'ਕਜਾ ਪਾਧਾ ਤੁਮ ਕਹਤਿ ਹੋ ਕਾਰਜ ਦੇਹੁ ਸੁਨਾਇ?' ॥ ੨੩ ॥

ਬ੍ਰਾਹਮਣ ਨੇ ਕਿਹਾ, "ਉਸ ਨੂੰ ਬਾਹਰ ਭੇਜੋ", ਸ੍ਰੀ ਗੁਰੂ ਜੀ ਇਹ ਸੁਣ ਕੇ ਆਪ ਹੀ ਬਾਹਰ ਆ ਗਏ ਅਤੇ ਕਿਹਾ, "ਹੇ ਪਾਧੇ ! ਤੂੰ ਕੀ ਕਹਿੰਦਾ ਹੈਂ, ਕਿਸ ਕੰਮ ਆਇਆ ਹੈ ਸਾਨੂੰ ਦੱਸੋ ?" ॥ ੨੩ ॥

ਚੌਪਈ- 'ਚਲਿਯੇ ਤੂਰਨ ਮਲਕ ਬੁਲਾਵੈ। ਨਤੁ ਮਾਨਵ ਕੋ ਅਵਰ ਪਠਾਵੈ।'
ਬੋਲੇ ਸ੍ਰੀ ਗੁਰੂ ਸਭਿ ਸੁਖਧਾਮਾ। 'ਮਲਕ ਸੰਗ ਕਜਾ ਹਮਰੋ ਕਾਮਾ ॥੨੪॥

ਬ੍ਰਾਹਮਣ ਨੇ ਕਿਹਾ, "ਛੇਤੀ ਚਲੋ, ਤੁਹਾਨੂੰ ਮਲਕ ਭਾਗੋ ਨੇ ਬੁਲਾਇਆ ਹੈ। ਨਹੀ ਤਾਂ ਉਹ ਹੋਰ ਬੰਦੇ ਤੁਹਾਨੂੰ ਲੈਣ ਵਾਸਤੇ ਭੇਜੇਗਾ।" ਸੁਖਾਂ ਦਾ ਘਰ ਭਾਵ ਗੁਰੂ ਜੀ ਬੋਲੇ, "ਮਲਕ ਨਾਲ ਸਾਨੂੰ ਕੀ ਕੰਮ ਹੈ ? ॥ ੨੪ ॥

ਕੌਨ ਮਲਕ? ਹੌਂ ਜਾਨਤਿ ਨਾਂਹੀ। ਕਬਿ ਨ ਬਿਲੋਕਯੋ ਕਹਾਂ ਬਸਾਹੀ।
ਲੇਨਿ ਦੇਨਿ ਕੋ ਕਾਜ ਨ ਕੋਊ। ਕਿਉਂ ਆਇਸ ਕਰਿ ਭੇਜਹਿ ਸੋਊ ॥੨੫॥

ਕੌਣ ਮਲਕ ਹੈ ? ਮੈਂ ਤਾਂ ਉਸ ਨੂੰ ਜਾਣਦਾ ਨਹੀਂ, ਮੈਂ ਤਾਂ ਉਸ ਨੂੰ ਕਦੇ ਵੇਖਿਆ ਨਹੀ ਅਤੇ ਮੈਨੂੰ ਇਹ ਵੀ ਨਹੀ ਪਤਾ ਕਿ ਉਹ ਕਿਥੇ ਰਹਿੰਦਾ ਹੈ ? ਮੇਰਾ ਤਾਂ ਉਸ ਨਾਲ ਕੋਈ ਲੈਣ ਦੇਣ ਦਾ ਕੰਮ ਨਹੀ। ਕਿਉਂ ਹੁਕਮ ਕਰਕੇ ਤੈਨੂੰ ਭੇਜਿਆ ਹੈ ?" ॥ ੨੫ ॥

ਹਟਿ ਦੂਜੀ ਦੂਤੀ ਦਿਜ ਕੀਨੀ। ਭੇਵ ਨ ਸਮਝਹਿ ਜਿਹ ਮਤਿ ਹੀਨੀ।
'ਸੁਨਹੁ ਮਲਕ ! ਜੋ ਆਇਸ ਤੋਰੀ। ਰਿਦੇ ਨ ਆਨਤਿ, ਦੀਨ ਬਹੋਰੀ ॥੨੬॥

ਬ੍ਰਾਹਮਣ ਵਾਪਿਸ ਮਲਕ ਪਾਸ ਆ ਗਿਆ ਤੇ ਉਸ ਦੂਸਰੀ ਚੁਗਲੀ ਕੀਤੀ। ਮੂਰਖ ਅਸਲ ਭੇਦ ਨੂੰ ਸਮਝ ਨਾ ਸਕਿਆ। ਕਹਿਣ ਲੱਗਾ, "ਹੇ ਮਲਕ ਜੀ ! ਸੁਣੋ, ਜੋ ਤੁਸੀ ਆਗਿਆ ਕੀਤੀ ਸੀ, ਉਸ ਮਨ ਵਿਚ ਨਹੀ ਵਿਚਾਰੀ ਤੇ ਆਉਣ ਤੋਂ ਜਵਾਬ ਦੇ ਦਿੱਤਾ ਹੈ ॥ ੨੬ ॥

ਦੋਹਰਾ- ਕਹੈ, ਨ ਜਾਨੋਂ ਮਲਕ ਮੈਂ, ਕੋ ਹੈ ਕਹਾਂ ਬਸਾਇ?।
ਵਡੋ ਢੀਠ ਨਿਸ਼ਠੁਰ ਬਚਨ ਤੁਮ ਕੋ ਕਹੇ ਬਨਾਇ ॥ ੨੭ ॥

ਕਹਿੰਦਾ ਸੀ, ਮੈਂ ਕਿਸੇ ਮਲਕ ਨੂੰ ਨਹੀਂ ਜਾਣਦਾ, ਉਹ ਕੌਣ ਹੈ ਤੇ ਕਿਥੇ ਰਹਿੰਦਾ ਹੈ। ਅਤੇ ਤੁਹਾਡੇ ਬਾਰੇ ਬੜੇ ਢੀਠ ਅਤੇ ਕਠੋਰ ਬਚਨ ਕਹੇ ਹਨ ॥ ੨੭ ॥

ਚੌਪਈ- ਨਹੀਂ ਬੁਲਾਯੋ ਇਹ ਠਾਂ ਆਵੈ। ਕਰਹੁ ਅਬਹਿ ਜਿਉਂ ਹਿਰਦੈ ਭਾਵੈ।
ਤਵ ਭੋਜਨ ਕੀ ਕਰਿ ਹੈ ਨਿੰਦਾ। ਖਾਵਹਿ ਘਰ ਸੂਦਰ ਜੋ ਮੰਦਾ ॥੨੮॥

ਬੁਲਾਉਣ ਨਾਲ ਉਸ ਇਸ ਥਾਂ ਨਹੀ ਆਉਣਾ, ਹੁਣ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਦਿਲ ਨੂੰ ਚੰਗੀ ਲੱਗਦੀ ਹੈ। ਤੁਹਾਡੇ ਭੋਜਨ ਦੀ ਨਿੰਦਿਆ ਕਰਦਾ ਹੈ ਅਤੇ ਸੂਦਰ ਦੇ ਘਰ ਘਟੀਆ ਖਾਣਾ ਖਾਂਦਾ ਹੈ ॥ ੨੮ ॥

ਖੱਤ੍ਰੀ ਜਾਤਿ ਨ ਲੱਜਾ ਕਰਿਈ। ਲੋਕ ਰੀਤਿ ਉਰ ਤੇ ਪਰਿਹਰਿਈ'।

ਆਗੈ ਪਾਵਕ ਰੋਸ ਬਹੂਤੀ। ਬਚਨ ਘ੍ਰਿਤ ਜਨੁ ਦੀਨਿ ਅਹੂਤੀ॥੨੯॥

ਖੱਤਰੀ ਜਾਤੀ ਦਾ ਹੋ ਕੇ ਵੀ ਸ਼ਰਮ ਨਹੀਂ ਕਰਦਾ ਤੇ ਲੋਕ ਰੀਤੀ ਬਿਲਕੁਲ ਛੱਡ ਦਿੱਤੀ ਹੈ।'' ਮਲਕ ਵਿਚ ਪਹਿਲਾਂ ਹੀ ਗੁੱਸਾ ਰੂਪੀ ਅਗਨੀ ਬਹੁਤ ਸੀ. ਚੁਗਲੀ ਦੇ ਵਾਕਾਂ ਨੇ ਘਿਉ ਦੀ ਅਹੂਤੀ ਦਾ ਕੰਮ ਕੀਤਾ। ਭਾਵ ਘਿਉ ਰੂਪੀ ਚੁਗਲੀ ਨੇ ਅੱਗ ਹੋਰ ਭੜਕਾ ਦਿੱਤੀ ॥ ੨੯॥

ਅਰੁਨਬੇਖ ਕਰਿ ਮਲਕ ਅਲਾਵੈ। 'ਅਬਹਿ ਬੁਲਾਏ, ਜੇ ਨਹਿਂ ਆਵੈ।
ਬਹੁ ਨਰ ਜਾਵਹੁ ਗਹਿ ਆਨੀਜੈ। ਦਿਜ ਕੇ ਸੰਗ, ਬਿਲਮ ਨਹਿਂ ਕੀਜੈ' ॥੩੦॥

ਗੁੱਸੇ ਨਾਲ ਲਾਲ-ਸੁਰਖ ਹੋ ਕੇ ਮਲਕ ਨੇ ਕਿਹਾ, ''ਹੁਣੇ ਬੁਲਾਵੋ, ਜੇ ਨਾ ਆਵੇ, ਤਾਂ ਨਾਲ ਕੁਝ ਬੰਦੇ ਲੈ ਜਾਵੋ ਅਤੇ ਫੜ ਕੇ ਲੈ ਆਵੋ। ਬ੍ਰਾਹਮਣ ਦੇ ਨਾਲ ਜਾਵੋ ਅਤੇ ਦੇਰ ਨਾ ਕਰੋ'' ॥ ੩੦॥

ਦੋਹਰਾ- ਲੇਕਰਿ ਪਾਂਚ ਕ ਮਨੁਜ ਪੁਨ ਦਿਜ ਤਬ ਗਯੋ ਰਿਸਾਇ।
ਊਚੇ ਬਚਨ ਉਚਾਰਿ ਕੈ ਨਾਨਕ ਲਏ ਬੁਲਾਇ॥ ੩੧॥

ਪੰਜ ਬੰਦੇ ਨਾਲ ਲੈ ਕੇ ਬ੍ਰਾਹਮਣ ਬੜੇ ਗੁੱਸੇ ਵਿਚ ਗਿਆ। ਬੜੀ ਉੱਚੀ ਆਵਾਜ਼ ਮਾਰ ਕੇ ਗੁਰੂ ਨਾਨਕ ਜੀ ਨੂੰ ਬੁਲਾ ਲਿਆ॥ ੩੧॥

ਚੌਪਈ- 'ਮਲਕ ਰੋਸ ਤੁਝ ਪਰ ਬਹੁ ਕੀਨੋ। ਚਲਹੁ ਸੰਗ ਭਲਿ ਬਿਧਿ ਮਨ ਚੀਨੋ।
ਨਾਤੁਰ ਤੁਮ ਕੋ ਗਹਿ ਲੇ ਜਾਵਹਿਂ। ਹੇਰਹੁ ਨਰ, ਨਹਿਂ ਬਿਲਮ ਲਗਾਵਹਿਂ' ॥੩੨॥

ਬ੍ਰਾਹਮਣ ਨੇ ਕਿਹਾ, ''ਮਲਕ ਤੁਹਾਡੇ ਤੇ ਬਹੁਤ ਗੁੱਸੇ ਹੋਇਆ ਹੈ। ਸਾਡੇ ਨਾਲ ਚਲੋ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ। ਨਹੀਂ ਤਾਂ ਤੈਨੂੰ ਫੜ ਕੇ ਲੈ ਜਾਵਾਂਗੇ। ਇਹ ਬੰਦੇ ਵੇਖਦੇ ਹੋ, ਹੁਣ ਦੇਰ ਨਾ ਕਰੋ'' ॥ ੩੨॥

ਬਿਗਸੇ ਸ੍ਰੀ ਪ੍ਰਭੁ ਸੁਨਿ ਬਚ ਐਸਾ। ਚਲੇ ਸੰਗ ਜਹਿਂ ਭਾਗੋ ਬੈਸਾ।
ਮਤਿ ਮੰਦਨ ਕੋ ਲੱਜਤਿ ਕਰਨੇ। ਸਰਬ ਗਰਬ ਤਿਂਹ ਉਰ ਕੋ ਹਰਨੇ॥੩੩॥

ਬ੍ਰਾਹਮਣ ਦੀਆਂ ਇਹ ਗੱਲਾਂ ਸੁਣ ਕੇ ਗੁਰੂ ਜੀ ਹੱਸ ਪਏ ਤੇ ਉਨ੍ਹਾਂ ਦੇ ਨਾਲ ਚਲ ਪਏ, ਜਿਥੇ ਮਲਕ ਭਾਗੋ ਬੈਠਾ ਸੀ। ਮੂਰਖ ਮਲਕ ਭਾਗੋ ਨੂੰ ਸ਼ਰਮਿੰਦਾ ਕਰਨ ਹਿਤ ਅਤੇ ਉਸ ਦੇ ਹੰਕਾਰ ਨੂੰ ਤੋੜਨ ਵਾਸਤੇ ਉਹ ਮਲਕ ਭਾਗੋ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਨਾਲ ਹੋ ਗਏ॥ ੩੩॥

ਸ੍ਰੀ ਗੁਰੁ ਗਵਨੇ ਜਾਇਂ ਅਗਾਰੀ। ਲਾਲੋ ਚਲਯੋ ਸਸ਼ੰਕ ਪਿਛਾਰੀ।
ਦਿਜ ਅਰ ਮਨੁਜ ਜਾਹਿਂ ਸੰਗ ਲਾਗੇ। ਪਗ ਨਹਿਂ ਲਾਗਹਿਂ ਦੁਸ਼ਟ ਅਭਾਗੇ॥੩੪॥

ਗੁਰੂ ਜੀ ਅੱਗੇ ਅੱਗੇ ਜਾ ਰਹੇ ਸਨ ਤੇ ਸੰਸੇ ਨਾਲ ਡਰਦਾ ਹੋਇਆ ਭਾਈ ਲਾਲੋ ਪਿੱਛੇ ਪਿੱਛੇ ਜਾ ਰਿਹਾ ਸੀ। ਬ੍ਰਾਹਮਣ ਅਤੇ ਉਸ ਦੇ ਬੰਦੇ ਨਾਲ ਨਾਲ ਜਾ ਰਹੇ ਸਨ। ਮਾੜੇ ਭਾਗ ਹੋਣ ਕਰਕੇ ਦੁਸ਼ਟ ਗੁਰੂ ਜੀ ਦੇ ਚਰਨੀਂ ਨਹੀਂ ਲਗਦੇ॥ ੩੪॥

ਦੋਹਰਾ- ਸੁਨੀ ਨਗਰ ਮਹਿਂ ਜਹਿਂ ਤਹਾਂ ਸ੍ਰੀ ਗੁਰੂ ਗਹਿ ਮੰਗਵਾਇ।
ਧਾਇ ਧਾਇ ਹਿਤ ਹੇਰਨੇ ਸੰਗ ਚਲੇ ਸਭਿ ਜਾਇ॥ ੩੫॥

ਜਦ ਨਗਰ ਦੇ ਲੋਕਾਂ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਨੂੰ ਫੜ ਕੇ ਮੰਗਵਾਇਆ ਹੈ ਤਾਂ ਦੌੜਦੇ ਦੌੜਦੇ ਉਹ ਵੀ ਨਾਲ ਚਲ ਪਏ॥ ੩੫॥

ਚੌਪਈ- ਜਾਇ ਮਲਕ ਢਿਗ, ਬਚਨ ਅਲਾਯੋ। 'ਅਬ ਨਾਨਕ ਤੁਮਰੇ ਪਹਿ ਆਯੋ।
ਮਲਕ ਕਹੈ 'ਆਨਹੁ ਮਮ ਪਾਸਾ। ਸ੍ਰੀ ਗੁਰੁ ਅੰਤਰ ਗਏ ਅਵਾਸਾ॥੩੬॥

ਮਲਕ ਦੇ ਪਾਸ ਜਾ ਕੇ ਬ੍ਰਾਹਮਣ ਨੇ ਕਿਹਾ, "ਹੁਣ ਨਾਨਕ ਤੁਹਾਡੇ ਪਾਸ ਆ ਗਿਆ ਹੈ।" ਮਲਕ ਨੇ ਕਿਹਾ, "ਉਸਨੂੰ ਮੇਰੇ ਪਾਸ ਲੈ ਆਵੋ।" ਫਿਰ ਗੁਰੂ ਜੀ ਘਰ ਦੇ ਅੰਦਰ ਚਲੇ ਗਏ ॥ ੩੬॥

ਕਹਯੋ ਜਾਇ 'ਮੁਝ ਕਿਉਂ ਬੁਲਿਵਾਯੋ? ਬਾਰ ਬਾਰ ਨਿਜ ਮਨੁਜ ਪਠਾਯੋ।
ਕੌਨ ਕਾਜ ਤੇਰੋ ਮਮ ਸੰਗਾ?। ਭੇਜਹਿਂ ਆਇਸ ਹੋਇ ਨਿਸੰਗਾ' ॥ ੩੭ ॥

ਗੁਰੂ ਜੀ ਨੇ ਜਾ ਕੇ ਕਿਹਾ, "ਮੈਨੂੰ ਕਿਉ ਬੁਲਾਇਆ ਹੈ? ਬਾਰ ਬਾਰ ਆਪਣੇ ਬੰਦਿਆ ਨੂੰ ਭੇਜਿਆ ਹੈ। ਤੈਨੂੰ ਮੇਰੇ ਨਾਲ ਕੀ ਕੰਮ ਹੈ ? ਕਿਸੇ ਕਾਰਨ ਬਗੈਰ ਮੈਨੂੰ ਕਿਉਂ ਹੁਕਮ ਕੀਤੇ ਹਨ" ॥ ੩੭॥

ਸੁਣਿ ਕਰਿ ਭਾਗੋ ਬਚਨ ਅਲਾਯੋ। 'ਬ੍ਰਹਮ ਭੋਜ ਮਮ ਕਿਉਂ ਨਹਿ ਅਯੋ?।
ਦਿਜ ਨੈ ਤੁਝੈ ਅਮੰਤ੍ਰ ਦੀਨੋ। ਆਨਿ ਅਹਾਰ ਨ ਖਾਵਨ ਕੀਨੋ ॥ ੩੮ ॥

ਇਹ ਸੁਣ ਕੇ ਭਾਗੋ ਨੇ ਇਹ ਬਚਨ ਕਹੇ, "ਮੇਰੇ ਘਰ ਬ੍ਰਹਮਭੋਜ ਕਰਨ ਵਾਸਤੇ ਕਿਉਂ ਨਾ ਆਏ ? ਤੁਹਾਨੂੰ ਬ੍ਰਾਹਮਣ ਨੇ ਨਿਉਂਦਾ ਦਿੱਤਾ ਸੀ, ਤੁਸੀ ਆ ਕੇ ਭੋਜਨ ਨਹੀ ਛੱਕਿਆ॥ ੩੮ ॥

ਬ੍ਰਹਮਭੋਜ ਮੈਂ ਦੋਖੁ ਕਵਨਾ?। ਜਿਹ ਪਿਖਿ ਨਹਿਂ ਆਵਾ ਮੁਝ ਭਵਨਾ'।
'ਹਮ ਫਕੀਰ ਸਭਿ ਤੇ ਸੁ ਖਿਦਾਵੈ। ਜਹਿਂ ਗੁਜਰੈ ਤਹਿਂ ਹੀ ਗੁਜਰਾਵੈਂ ॥ ੩੯ ॥

ਤੁਸੀ ਮੇਰੇ ਬ੍ਰਹਮਭੋਜ ਵਿਚ ਕੀ ਦੋਸ਼ ਵੇਖਿਆ ਹੈ ? ਜਿਸ ਕਰਕੇ ਮੇਰੇ ਘਰ ਨਹੀ ਆਏ।" ਗੁਰੂ ਜੀ ਨੇ ਕਿਹਾ, "ਅਸੀ ਫਕੀਰ ਹਾਂ ਸਾਡਾ ਕਿਸੇ ਨਾਲ ਦਾਅਵਾ ਨਹੀ ਹੈ, ਜਿਥੇ ਗੁਜ਼ਰ ਜਾਵੇ, ਓਥੇ ਹੀ ਗੁਜ਼ਾਰ ਲੈਂਦੇ ਹਾਂ॥ ੩੯॥

ਦੋਹਰਾ- ਜਹਾਂ ਬਨੀ, ਅਚਵੀ ਤਹੀਂ ਲਾਲਚ ਅਚਵਨ ਨਾਂਹਿ।
ਜੈਸੇ ਦੇਵਹਿ ਆਨਿ ਕੋ ਉਰ ਕਰਿ ਹਰਖ ਸੁ ਖਾਂਹਿ' ॥ ੪੦ ॥

ਸਾਨੂੰ ਜੋ ਕੁਝ ਜਿੱਥੇ ਮਿਲੇ ਛੱਕ ਲੈਂਦੇ ਹਾਂ, ਚੰਗੇ ਚੋਖੇ ਦਾ ਸਾਨੂੰ ਲਾਲਚ ਨਹੀ ਹੈ। ਜਿਸ ਤਰ੍ਹਾਂ ਦਾ ਵੀ ਭੋਜਨ ਕੋਈ ਆ ਕੇ ਦਿੰਦਾ ਹੈ, ਪ੍ਰਸੰਨ ਹੋ ਕੇ ਖਾ ਲੈਂਦੇ ਹਾਂ" ॥ ੪੦॥

ਚੌਪਈ- ਸੁਨਿ ਕਰਿ ਮਲਕ ਕਹੈ ਰਿਸ ਬੈਨਾ। 'ਭਾ ਬਿਪਰੀਤਿ, ਰਿਦੇ ਤੁਝ ਭੈ ਨਾ।
ਸੁਨੀ ਹਮਹਿ ਤਵ ਖੱਤ੍ਰੀ ਜਾਤਾ। ਸ਼ੂਦ੍ਰਨ ਸਦਨ ਅਸਨ ਨਿਤ ਖਾਤਾ ॥੪੧ ॥

ਇਹ ਸੁਣ ਕੇ ਮਲਕ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਤੇਰੇ ਮਨ ਵਿਚ ਕਿਸੇ ਦਾ ਡਰ ਨਹੀ, ਤੂੰ ਉਲਟ ਰੀਤੀ ਚੱਲ ਰਿਹਾ ਹੈਂ। ਮੈਂ ਸੁਣਿਆ ਕਿ ਤੇਰੀ ਖੱਤਰੀ ਜਾਤ ਹੈ, ਪਰ ਤੂੰ ਸਦਾ ਸ਼ੂਦਰ ਦੇ ਘਰ ਖਾਣਾ ਖਾਂਦਾ ਹੈਂ॥ ੪੧॥

ਤਪਾ ਰਖਾਯੋ ਤੋਹੀ। ਦੇਖਤਿ ਹੀ ਰਿਸ ਉਪਜਹਿ ਮੋਹੀ।
ਬ੍ਰਹਮਭੋਜ ਕੋ ਨਾਮ ਰਖੇਈ। ਅੰਨ ਪਾਕ ਘਰ ਨੀਚ ਅਚੇਈ ॥ ੪੨ ॥

ਆਪਣੇ ਨਾਂ ਨੂੰ ਤਪਾ ਰਖਾਈ ਬੈਠਾ ਹੈਂ। ਮੈਨੂੰ ਤਾਂ ਵੇਖਦਿਆਂ ਹੀ ਗੁੱਸਾ ਚੜ੍ਹ ਜਾਂਦਾ ਹੈ। ਬ੍ਰਹਮ ਭੋਜ ਨੂੰ ਬੁਰਾ ਨਾਮ ਦਿੰਦਾ ਹੈਂ, ਪਰ ਆਪ ਰਸੋਈ ਨੀਚ ਤਰਖਾਣ ਦੇ ਘਰ ਕਰਦਾ ਹੈਂ॥ ੪੨॥

ਰਹੇ ਬੁਲਾਇ, ਨ ਹਮ ਘਰ ਆਵਾ। ਕਿਹ ਕੋ ਕਹਨਿ ਨ ਮਨ ਮਹਿਂ ਲਜਾਵਾ।
ਦਿਜ, ਖੱਤ੍ਰੀ, ਬੈ ਸਨ ਸਭਿ ਖਾਯੋ। ਸੋ ਨਹਿਂ ਇਹ ਕੇ ਹਿਰਦੇ ਭਾਯੋ ॥੪੩ ॥

ਮੈਂ ਕਈ ਵਾਰ ਬੁਲਾਇਆ, ਪਰ ਮੇਰੇ ਘਰ ਨਾ ਆਇਆ, ਕਿਸ ਕਾਰਨ ਕਰਕੇ ਮੇਰੀ ਗੱਲ ਨੂੰ ਮਨ ਵਿਚ ਨਹੀਂ ਲਿਆਂਦਾ ਹੈ। ਬ੍ਰਾਹਮਣ ਖੱਤਰੀਆਂ ਸਭ ਨੇ ਬੈਠ ਕੇ ਭੋਜਨ ਛੱਕਿਆ ਹੈ, ਪਰ ਉਹ ਭੋਜਨ ਇਸ ਦੇ ਹਿਰਦੇ ਨੂੰ ਚੰਗਾ ਨਹੀਂ ਲੱਗਾ ਹੈ" ॥ ੪੩ ॥

ਦੋਹਰਾ- ਸੁਨਿ ਸ੍ਰੋਨਨ ਸ੍ਰੀ ਗੁਰੂ ਭਨੈ 'ਆਨਹੁ ਅਬਹਿ ਅਹਾਰ।
ਬ੍ਰਹਮ ਭੋਜ ਮਹਿਂ ਜੋ ਕਰਜੋ, ਰਹੇ ਨ ਚਾਹਿ ਤੁਮਾਰ'॥ ੪੪॥

ਗੁਰੂ ਜੀ ਨੇ ਮਲਕ ਦੀਆਂ ਗੱਲਾਂ ਸੁਣ ਕੇ ਆਖਿਆ, "ਜਾਓ ਹੁਣੇ ਹੀ ਜੋ ਕੁਝ ਤੁਸੀਂ ਬ੍ਰਹਮ ਭੋਜ ਵਿਚ ਤਿਆਰ ਕੀਤਾ ਲੈ ਆਓ। ਤੁਹਾਡੇ ਮਨ ਵਿਚ ਕੋਈ ਗੱਲ ਰਹਿ ਨਾ ਜਾਵੇ"॥ ੪੪॥

ਚੌਪਈ- ਤਿਹ ਸੋਂ ਕਹਿ, ਲਾਲੋ ਸੋਂ ਭਾਖਾ। 'ਆਨਹੁ ਅਸਨ ਹੋਇ ਕੁਛ ਰਾਖਾ।
ਲਾਲੋ ਨਿਜ ਘਰ ਆਵਾ ਦੋਰਾ। ਲੀਨ ਕੋਧਰੇ ਕੋ ਟੂਕ ਟੋਰਾ॥ ੪੫॥

ਉਸ ਨੂੰ ਇਸ ਤਰ੍ਹਾਂ ਕਹਿ ਕੇ ਫਿਰ ਭਾਈ ਲਾਲੋ ਨੂੰ ਕਿਹਾ, "ਤੁਸੀਂ ਵੀ ਜਾਓ ਅਤੇ ਜੇ ਕੋਈ ਭੋਜਨ ਦਾ ਟੁਕੜਾ ਰਖਿਆ ਹੋਵੇ ਤਾਂ ਘਰੋਂ ਲੈ ਆਵੋ।" ਲਾਲੋ ਆਪਣੇ ਘਰ ਦੌੜ ਕੇ ਗਿਆ ਅਤੇ ਕੋਧਰੇ ਦੀ ਰੋਟੀ ਦਾ ਇਕ ਟੁਕੜਾ ਲੈ ਆਇਆ॥ ੪੫॥

ਮਲਕ ਅਸਨ ਸੰਨਿਗਧ ਮੰਗਾਵਾ। ਬ੍ਰਹਮਭੋਜ ਮਹਿਂ ਜੋ ਕਰਿਵਾਵਾ।
ਪੂਪ ਪੂਰਿਕਾ ਬਹੁਰ ਤਿਹਾਵਲ। ਬਿਬਿਧ ਅਹਾਰ ਮੰਗਾਇ ਉਤਾਵਲ॥੪੬॥

ਮਲਕ ਨੇ ਵੀ ਆਪਣੇ ਘਿਓ ਵਾਲੇ ਭੋਜਨ ਮੰਗਵਾਏ, ਬ੍ਰਹਮਭੋਜ ਵਿਚ ਜੋ ਕੁਝ ਵੀ ਤਿਆਰ ਕੀਤਾ ਸੀ। ਮਾਹਲ ਪੂੜੇ, ਪੂੜੀਆਂ ਤੇ ਕੜਾਹ ਆਦਿ ਜੋ ਬਹੁਤ ਪ੍ਰਕਾਰ ਦੇ ਬਣਾਏ ਸਨ, ਛੇਤੀ ਹੀ ਮੰਗਵਾ ਲਏ॥ ੪੬॥

ਆਗੇ ਸ੍ਰੀ ਨਾਨਕ ਕੇ ਰਾਖੇ। 'ਖਾਹੁ ਚਾਹੁ ਸੋਂ' ਇਉਂ ਮੁਖ ਭਾਖੇ।
ਲਾਲੋ ਕੀ ਦਿਸ਼ਿ ਦੇਖਿ ਦਯਾਲਾ। ਲੀਨਿ ਕੋਧਰੇ ਟੂਕ ਤਤਕਾਲਾ॥੪੭॥

ਸਾਰੇ ਪਦਾਰਥ ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ ਅਤੇ ਕਿਹਾ, "ਪ੍ਰਸੰਨਤਾ ਨਾਲ ਛਕੋ।" ਫਿਰ ਗੁਰੂ ਜੀ ਨੇ ਭਾਈ ਲਾਲੋ ਵਲ ਵੇਖਿਆ ਤੇ ਕੋਧਰੇ ਦੀ ਰੋਟੀ ਦੇ ਟੁਕੜੇ ਨੂੰ ਝੱਟ ਆਪਣੇ ਹੱਥ ਵਿਚ ਫੜ ਲਿਆ॥ ੪੭॥

ਦੋਹਰਾ- ਬਾਂਵੇਂ ਕਰ ਮਹਿਂ ਪੂਪ ਲੈ ਦਾਹਨ ਟੁਕਰਾ ਧਾਰਿ।
ਹਾਥ ਭ਼ਪੀੜੇ ਜੁਗਲ ਜਬ ਹੇਰਤਿ ਲੋਕ ਅਪਾਰ॥ ੪੮॥

ਉਨ੍ਹਾਂ ਖੱਬੇ ਹੱਥ ਵਿਚ ਮਾਹਲ ਪੂੜੇ ਆਦਿ ਲੈ ਲਏ ਅਤੇ ਸੱਜੇ ਹੱਥ ਵਿਚ ਕੋਧਰੇ ਦਾ ਟੁਕੜਾ ਫੜ ਕੇ ਜਦ ਦੋਵੇਂ ਹੱਥ ਘੁੱਟੇ ਤਾਂ ਅਪਾਰ ਲੋਕ ਉਨ੍ਹਾਂ ਵਲ ਵੇਖ ਰਹੇ ਹਨ॥ ੪੮॥

ਚੌਪਈ- ਦੁਹੂੰ ਹਾਥ ਤੇ ਨਿਕਸੀ ਧਾਰਾ। ਬਹੁ ਲੋਕਨ ਕੀ ਸਭਾ ਮਝਾਰਾ।
ਇਕ ਤੇ ਦੂਧ, ਰਕਤ ਇਕ ਨਿਸਰੀ। ਗੰਗ ਸਰਸੁਤੀ ਸੀ ਤਹਿਂ ਪਸਰੀ॥੪੯॥

ਤਦ ਬਹੁਤ ਲੋਕਾਂ ਦੀ ਸਭਾ ਦੇ ਵਿਚ ਦੋਹਾਂ ਹੱਥਾਂ ਵਿਚੋਂ ਧਾਰਾਂ ਵਹਿ ਤੁਰੀਆਂ। ਇਕ ਹੱਥ ਵਿਚ ਦੁੱਧ ਦੀ ਧਾਰ ਨਿਕਲੀ ਅਤੇ ਦੂਸਰੇ ਹੱਥ ਵਿਚ ਲਹੂ ਦੀ ਧਾਰ ਚੋਈ। ਇੰਝ ਲੱਗ ਰਿਹਾ ਹੈ ਜਿਵੇਂ ਇਕ ਪਾਸੇ ਦੁੱਧ ਵਰਗੀ ਚਿੱਟੀ ਗੰਗਾ ਵਹਿ ਰਹੀ ਹੈ ਅਤੇ ਦੂਸਰੇ ਪਾਸੇ ਲਾਲ ਸਰਸਵਤੀ ਚਲ ਰਹੀ ਹੈ॥ ੪੯॥

ਇਕ ਦਿਸ ਦੂਧ ਪਰਤਿ ਧਰ ਮਾਂਹੀ। ਇਕ ਦਿਸ ਸ੍ਰੋਣਿਤ ਨਿਚੁਰਤਿ ਤਾਂਹੀ।
ਹਾਥ ਭ਼ਪੀੜਹਿਂ ਸ੍ਰੀ ਗੁਰੁ ਜਿਉਂ ਜਿਉਂ। ਨਿਕਸਹਿ ਤਿਨ ਤੇ ਅਧਿਕਹਿ ਤਿਉਂ ਤਿਉਂ॥੫੦॥

ਇਕ ਪਾਸੇ ਦੁੱਧ ਧਰਤੀ ਤੇ ਡਿੱਗ ਰਿਹਾ ਹੈ, ਇਕ ਪਾਸੇ ਲਹੂ ਨੁਚੜ ਰਿਹਾ ਹੈ। ਜਿਵੇਂ ਜਿਵੇਂ ਗੁਰੂ ਜੀ ਹੱਥ ਘੁਟਦੇ ਹਨ, ਤਿਵੇਂ ਤਿਵੇਂ ਹੋਰ ਲਹੂ ਤੇ ਦੁੱਧ ਨਿਕਲ ਰਿਹਾ ਹੈ॥ ੫੦॥

ਚੌਂਕ੍ਰਿਤ ਭਏ ਸਭਾ ਨਰ ਸਾਰੇ। ਇਹ ਅਚਰਜ ਕਬਿ ਨਹੀਂ ਨਿਹਾਰੇ।
ਅਸਨ ਵਿਖੈ ਤੇ ਰਕਤ ਨਿਕਾਸਾ। ਕੀਨੋ ਇਕ ਤੇ ਦੂਧ ਪ੍ਰਕਾਸ਼ਾ॥ ੫੧॥

ਸਾਰੇ ਲੋਕ ਹੈਰਾਨ ਰਹਿ ਗਏ। ਅਜਿਹਾ ਕੌਤਕ ਉਨ੍ਹਾਂ ਕਦੇ ਵੀ ਕਿਤੇ ਨਹੀਂ ਸੀ ਵੇਖਿਆ। ਇਕ ਭੋਜਨ ਵਿਚੋਂ ਲਹੂ ਕੱਢ ਦਿੱਤਾ ਅਤੇ ਦੂਸਰੇ ਵਿਚੋਂ ਦੁੱਧ ਪ੍ਰਕਾਸ਼ਮਾਨ ਹੋਇਆ॥ ੫੧॥

ਦੋਹਰਾ- ਭੀਰ ਭੂਰ ਭੌਨੰ ਭਰਜੋ ਹੇਰਤਿ ਅਚਰਜ ਬਾਤ।
ਕੋ ਬਿਧਿ ਸਮਝ ਨ ਆਵਈ, ਦੀਸਤਿ ਹੈ ਬਖ੍ਯਾਤ॥ ੫੨॥

ਸਾਰੇ ਭਵਨ ਵਿਚ ਵੱਡੀ ਭੀੜ ਜੁੜੀ ਹੋਈ ਹੈ ਅਤੇ ਸਾਰੇ ਹੀ ਇਹ ਅਚਰਜ ਕੌਤਕ ਵੇਖ ਰਹੇ ਹਨ। ਕਿਸੇ ਢੰਗ ਨਾਲ ਵੀ ਸਮਝ ਨਹੀਂ ਆ ਰਹੀ ਹੈ, ਸਭ ਕੁਝ ਪ੍ਰਗਟ ਰੂਪ ਵਿਚ ਦਿੱਸ ਰਿਹਾ ਹੈ॥ ੫੨॥

ਚੌਪਈ- ਸ੍ਰੀ ਗੁਰੁ ਧਰਮ ਮੂਲ ਸੋਂ ਸਾਨੀ। ਬੋਲੇ ਪਰਮ ਮਨੋਹਰ ਬਾਨੀ।
'ਬਹੁਤ ਨਰਨ ਕੋ ਸ਼੍ਰੋਣਤਿ ਲੀਨਾ। ਤਿਹ ਕੋ ਬ੍ਰਹਮ ਭੋਜ ਤੈਂ ਕੀਨਾ॥੫੩॥

ਗੁਰੂ ਜੀ, ਜਿਨ੍ਹਾਂ ਵਿਚ ਧਰਮ ਮੂਲਤਾ ਮਿਲੀ ਹੋਈ ਹੈ, ਨੇ ਪਰਮ ਮਨੋਹਰ ਬਚਨ ਇਸ ਤਰ੍ਹਾਂ ਕਹੇ, "ਤੁਸੀਂ ਬਹੁਤ ਲੋਕਾਂ ਦਾ ਲਹੂ ਨਿਚੋੜ ਕੇ ਇਹ ਬ੍ਰਹਮ ਭੋਜ ਕੀਤਾ ਹੈ, ਜਿਸ ਕਰਕੇ ਇਸ ਵਿਚੋਂ ਲਹੂ ਨਿਕਲ ਰਿਹਾ ਹੈ॥ ੫੩॥

ਇਹ ਕੇ ਅਚਵਤ ਪੁੰਨ ਪਲਾਈ। ਕਲਿਮਲ ਸੋਂ ਧਨ ਕਿਯ ਇਕਠਾਈ।
ਸੁਨਹੁ ਮਲਕ ! ਜਿਹ ਕੋ ਸੁਧ ਨਾਂਹੀ। ਸੋ ਇਹ ਸ਼੍ਰੋਣਿਤ ਹਿਤ ਕਰਿ ਖਾਹੀ॥੫੪॥

ਐਸੇ ਭੋਜਨ ਦੇ ਖਾਣ ਨਾਲ ਜੋ ਪਾਪਾਂ ਨਾਲ ਇਕੱਠੇ ਕੀਤੇ ਧਨ ਨਾਲ ਬਣਾਇਆ ਜਾਵੇ, ਪੁੰਨ ਨਾਸ਼ ਹੋ ਜਾਂਦਾ ਹੈ। ਹੇ ਮਲਕ ! ਸੁਣੋ, ਜਿਸ ਨੂੰ ਸੋਝੀ ਨਹੀਂ ਹੈ ਉਹ ਇਹ ਲਹੂ ਭਰਿਆ ਭੋਜਨ ਪ੍ਰੇਮ ਨਾਲ ਖਾਂਦਾ ਹੈ॥ ੫੪॥

ਤਪਿਯਨ ਤਪ ਛੀਜਹਿ ਇਹ ਖਾਏ। ਧ੍ਯਾਨੀ ਧ੍ਯਾਨ ਨ ਲਗਹਿ ਲਗਾਏ।
ਖਾਵਤਿ ਮਨ ਕੋ ਕਰਤਿ ਮਲੀਨਾ। ਹਰਿ ਜਸੁ ਰੰਗ ਨ ਚਢਹਿ ਨਵੀਨਾ॥੫੫॥

ਐਸਾ ਭੋਜਨ ਖਾਣ ਨਾਲ ਤਪੀਆਂ ਦੇ ਤੱਪ ਨਸ਼ਟ ਹੋ ਜਾਂਦੇ ਹਨ ਅਤੇ ਧਿਆਨੀਆਂ ਦਾ ਧਿਆਨ ਨਹੀਂ ਲੱਗਦਾ। ਖਾਣ ਨਾਲ ਮਨ ਮਲੀਨ ਹੋ ਜਾਂਦਾ ਹੈ ਜਿਸ ਕਰਕੇ ਹਰੀ ਦਾ ਨਵੀਨ ਸੁੰਦਰ ਰੰਗ ਨਹੀਂ ਚੜ੍ਹਦਾ॥ ੫੫॥

ਦੋਹਰਾ- ਸੁਧ ਜਿਨ ਕੇ ਹਿਰਦੇ ਵਿਖੈ ਸੋ ਕਿਉਂ ਸ਼੍ਰੋਣਿਤ ਪੀਅ।
ਪੁੰਨਹੀਨ ਨਿਜ ਕਿਉਂ ਕਰੈਂ, ਸਮਝ ਦੇਖਿਯੇ ਹੀਯ॥ ੫੬॥

ਇਸ ਲਈ ਜਿਨ੍ਹਾਂ ਨੂੰ ਸੋਝੀ ਹੋਵੇ ਉਹ ਲਹੂ ਕਿਉਂ ਪੀਣ ਅਤੇ ਆਪਣੇ ਪੁੰਨ ਨੂੰ ਨਸ਼ਟ ਕਿਉਂ ਕਰ ਲੈਣ? ਇਸ ਗੱਲ ਨੂੰ ਹਿਰਦੇ ਵਿਚ ਸਮਝ ਕੇ ਵੇਖੀਏ॥ ੫੬॥

ਚੌਪਈ- ਅਸਨ ਬਿਲੋਕਹੁ ਸੂਦਰ ਧਾਮੂ। ਨਿਕਸਤਿ ਪੈ ਜਿਹਤੇ ਅਭਿਰਾਮੂ।
ਬ੍ਰਹਮ ਭੋਜ ਹੋਵਤਿ ਨਿਤ ਇਨ ਕੇ। ਕਰੌਂ ਅਹਾਰ ਸਦਨ ਹੌਂ ਜਿਨ ਕੇ॥੫੭॥

ਏਧਰ ਸੂਦਰ ਦੇ ਘਰ ਦਾ ਭੋਜਨ ਵੇਖੋ, ਜਿਸ ਵਿਚ ਨਿਰੋਆ ਦੁੱਧ ਨਿਕਲ ਰਿਹਾ ਹੈ। ਅਸਲ ਬ੍ਰਹਮ ਭੋਜ ਤਾਂ ਸਦਾ ਹੀ ਇਸ ਦੇ ਘਰ ਹੁੰਦਾ ਹੈ, ਜਿਥੇ ਅਸੀ ਰੋਜ਼ ਭੋਜਨ ਛੱਕਦੇ ਹਾਂ॥ ੫੭॥

ਚੌਪਈ- ਨਿਜ ਕਰ ਟਹਿਲ ਦਿਵਸ ਮਹਿਂ ਕਰਿਹੀ। ਬ੍ਰਿੱਤਿ ਨ ਕਲਿਮਲ ਕੀ ਉਰ ਧਰਿਹੀ।
ਕਰਿ ਮਿਹਨਤ ਸੋਂ ਹਾਥ ਕਮਾਈ। ਬਹੁਰ ਅਥਿਤ ਕੋ ਦੇਯ ਤ ਖਾਈ॥੫੮॥

ਉਹ ਆਪਣੇ ਹੱਥਾਂ ਨਾਲ ਸਾਰਾ ਦਿਨ ਕਮਾਈ ਕਰਦਾ ਹੈ ਅਤੇ ਪਾਪ ਦੀ ਬਿਰਤੀ ਕਦੇ ਵੀ ਹਿਰਦੇ ਵਿਚ ਨਹੀਂ ਲਿਆਉਂਦਾ। ਜੋ ਆਪਣੇ ਹੱਥਾਂ ਨਾਲ ਕਮਾਈ ਕਰਦਾ ਹੈ ਆਪ ਖਾਂਦਾ ਹੈ ਅਤੇ ਹੋਰ ਲੋੜਵੰਦਾਂ ਨੂੰ ਛਕਾਉਂਦਾ ਹੈ॥ ੫੮॥

ਇਸ ਅਚਵੇ ਉਰ ਨਿਰਮਲ ਹੋਵਹਿ। ਜਨਮ ਜਨਮ ਮਲ ਜਲ ਸਮ ਧੋਵਹਿ।

ਕਰਿ ਤੈਂ ਇਕਠੀ ਕਲਖੁ ਕਮਾਈ। ਕੀਰਤਿ ਕਾਰਣ ਨਰਨ ਖੁਵਾਈ ॥੫੯॥

ਜਿਹੜਾ ਅਜਿਹਾ ਭੋਜਨ ਛਕਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਜਨਮ ਜਨਮਾਤਰਾਂ ਦੀ ਮੈਲ ਧੁਪ ਜਾਂਦੀ ਹੈ. ਤੂੰ ਪਾਪਾਂ ਦੀ ਕਮਾਈ ਇਕੱਠੀ ਕਰਕੇ ਆਪਣਾ ਜੱਸ ਕਰਵਾਉਣ ਲਈ ਲੋਕਾਂ ਨੂੰ ਭੋਜਨ ਖਵਾਇਆ ਹੈ॥ ੫੯॥

ਚੌਪਈ- ਪਾਪ ਛਪਾਵਤਿ ਨਿਜ ਮਨ ਮਾਂਹੀ। ਨਹਿਨ ਸੁਨਾਇ ਦਿਖਾਵਹਿਂ ਕਾਹੀ।
ਕਿਕਰ ਬੀਜ ਜਿਉਂ ਧਰਤਿ ਮਝਾਰੀ। ਉਗ ਲਗਿ ਕੰਟਕ, ਦੇਂ ਦੁਖ ਭਾਰੀ ॥੬੦॥

ਆਪਣੇ ਮਨ ਵਿਚ ਪਾਪਾਂ ਨੂੰ ਛੁਪਾਉਂਦਾ ਹੈ, ਕਿਸੇ ਨੂੰ ਸੁਣਾਉਂਦਾ ਦਿਖਾਉਂਦਾ ਨਹੀਂ। ਜੋ ਆਦਮੀ ਕਿਕਰ ਬੀਜਦਾ ਹੈ, ਉਹੋ ਕਿਕਰ ਵੱਡੀ ਹੋ ਕੇ ਉਸ ਨੂੰ ਕੰਡੇ ਮਾਰਦੀ ਹੈ ਅਤੇ ਭਾਰੀ ਦੁੱਖ ਦਿੰਦੀ ਹੈ॥ ੬੦॥

ਇਹ ਜੁ ਪੁੰਨ ਕਰਿ ਸਭਿਨਿ ਦਿਖਾਵਾ। ਸੁਜਸ ਪਾਇ ਹਿਰਦੇ ਗਰਬਾਵਾ।
ਧਰਤਿ ਵਹਿਰ ਜਿਉਂ ਬੀਜ ਰਸਾਲਾ। ਉਗਹਿ ਨ, ਕਿਉਂ ਫਲ ਦੇਹਿ ਬਿਸਾਲਾ ॥੬੧॥

ਇਹ ਜੋ ਤੂੰ ਪੁੰਨ ਕਰਕੇ ਸਾਰਿਆਂ ਨੂੰ ਵਿਖਾਇਆ ਹੈ ਅਤੇ ਜੱਸ ਪਾ ਕੇ ਹਿਰਦੇ ਵਿਚ ਬੜਾ ਘੁਮੰਡ ਕੀਤਾ ਹੈ, ਜਿਵੇਂ ਧਰਤੀ ਦੇ ਬਾਹਰ ਪਿਆ ਵਧੀਆ ਤੋਂ ਵਧੀਆ ਬੀਜ ਵੀ ਨਹੀਂ ਉਗਦਾ। ਜਦ ਉਹ ਉਗੇਗਾ ਹੀ ਨਹੀਂ ਤਾਂ ਬਹੁਤਾ ਫਲ ਕਿਵੇਂ ਦੇ ਦੇਵੇਗਾ॥ ੬੧॥

ਹੁਇ ਜੁ ਛਪਾਯੋ ਉਗਵਹਿ ਸੋਊ। ਯਹੀ ਰੀਤਿ ਜਾਨਹਿ ਸਭਿ ਕੋਊ।
ਤੁਝਕੋ ਹ੍ਵੈ ਦੋਨੋ ਬਿਪਰੀਤਾ। ਤਬ ਜਾਨਹੁ ਜਬ ਦੇ ਜਮ ਭੀਤਾ॥ ੬੨॥

ਜਿਸ ਬੀਜ ਨੂੰ ਅਸੀਂ ਧਰਤੀ ਅੰਦਰ ਛੁਪਾਵਾਂਗੇ ਕੇਵਲ ਉਹੀ ਉਗੇਗਾ। ਇਹੀ ਰੀਤ ਸਭ ਕੋਈ ਜਾਣਦੇ ਹਨ। ਤੇਰੇ ਵਾਸਤੇ ਇਹ ਦੋਵੇ ਵਿਪਰੀਤ ਹਨ। ਇਸ ਦੇ ਫਲ ਦਾ ਤੈਨੂੰ ਉਸ ਸਮੇਂ ਪਤਾ ਲਗੇਗਾ ਜਦ ਤੈਨੂੰ ਜਮ ਭੈਭੀਤ ਕਰਨਗੇ''॥ ੬੨॥

ਦੋਹਰਾ- ਮਹਿਮਾ ਪਾਵਕ ਸੀ ਨਿਰਖਿ, ਨਿਜ ਮਨ ਕਰਿ ਲਘੁ ਦਾਰ।
ਜਰਬਰਿ ਕੇ ਜਢ ਭਸਮ ਭਾ ਸਮਝਤਿ ਨਹੀਂ ਗਵਾਰ॥ ੬੩॥

ਸਤਿਗੁਰੂ ਜੀ ਦੀ ਅੱਗ ਵਰਗੀ ਤੇਜ਼ ਮਹਿਮਾ ਵੇਖ ਕੇ, ਆਪਣਾ ਮਨ ਛੋਟੀ ਲੱਕੜੀ ਵਰਗਾ ਕਰਕੇ, ਸੜ ਬਲ ਕੇ ਸੁਆਹ ਹੋ ਗਿਆ ਅਤੇ ਮੂਰਖ ਅਸਲ ਗੱਲ ਨੂੰ ਨਾ ਸਮਝਿਆ॥ ੬੩॥

ਬਹੁਰੋ ਬਚਨ ਘ੍ਰਿਤ ਕੇ ਪਰਸੇ। ਪਾਵਕ ਭਯੋ ਜਾਂਹਿ ਤੇ ਸਰਸੇ।
ਉਰ ਮਹਿਂ ਰਿਸਿ ਅਤਿ ਕਛੁ ਨ ਬਸਾਈ। ਲੱਜਤਿ ਹੋ ਕਰਿ ਗ੍ਰੀਵ ਨਿਵਾਈ ॥੬੪॥

ਫਿਰ ਕੁਝ ਬਚਨ ਅੱਗ ਤੇ ਘਿਉ ਪਾਉਣ ਵਾਲੇ ਕੀਤੇ, ਅੱਗ ਦੀ ਲਾਟ ਹੋਰ ਉਚੀ ਹੋ ਗਈ। ਹਿਰਦਾ ਗੁੱਸੇ ਨਾਲ ਨੱਕੋ-ਨੱਕ ਭਰਿਆ ਸੀ, ਪਰ ਹੁਣ ਉਸ ਦੀ ਕੁਝ ਪੇਸ਼ ਨਹੀ ਸੀ ਜਾਂਦੀ ਅਤੇ ਸ਼ਰਮਿੰਦਾ ਹੋ ਕੇ ਸਿਰ ਨੀਵਾਂ ਕਰ ਲਿਆ॥ ੬੪॥

ਬੋਲ ਨ ਆਵ ਬਿਕੁਲ ਸਾ ਭਯੋ। ਜਿਉਂ ਕਿਰਪਨ ਕਾ ਧਨ ਕਿਤਿ ਗਯੋ।
ਕਿਧੌਂ ਜੂਪ ਮੈਂ ਦਰਬ ਹਿਰਾਯੋ। ਚੋਰਜਾਰਿ ਜਿਉਂ ਬੋਲ ਨ ਆਯੋ॥ ੬੫॥

ਬੋਲਿਆਂ ਨਹੀਂ ਸੀ ਜਾਂਦਾ, ਏਨਾ ਵਿਆਕੁਲ ਹੋ ਗਿਆ, ਜਿਵੇਂ ਕਿਸੇ ਸੂਮ ਦਾ ਧਨ ਗਵਾਚ ਗਿਆ ਹੋਵੇ, ਜਿਵੇਂ ਕੋਈ ਜੁਆਰੀਆ ਜੂਏ ਵਿਚ ਹਾਰ ਗਿਆ ਹੋਵੇ ਜਾਂ ਜਿਵੇਂ ਚੋਰ ਯਾਰ ਬੋਲ ਕੇ ਨਾ ਆਇਆ ਹੋਵੇ॥ ੬੫॥

ਊਚ ਨੀਚ ਹੇਰਹਿਂ ਨਰ ਠਾਂਢੇ। ਚਿਤ ਮਹਿਂ ਅਧਿਕ ਬਿਸਮਤਾ ਬਾਢੇ।
ਸ੍ਰੀ ਨਾਨਕ ਉਠਿ ਬਾਹਰ ਆਏ। ਮਨਹੁ ਗਜਾਨ ਕੋ ਤਰਨਿ ਸੁਹਾਏ ॥੬੬॥

ਉਥੇ ਖੜੇ ਸਾਰੇ ਵਿਅਕਤੀ ਭਾਵ ਦਰਸ਼ਕ ਉਚ ਨੀਚ ਵੇਖ ਰਹੇ ਸਨ। ਉਸ ਦੇ ਚਿੱਤ ਅਸਚਰਜਤਾ ਬਹੁਤ ਵਧੀ ਸੀ। ਸ੍ਰੀ ਨਾਨਕ ਜੀ ਉਠ ਕੇ ਬਾਹਰ ਆ ਗਏ, ਮਾਨੋ ਗਿਆਨ ਦਾ ਸੂਰਜ ਸ਼ੋਭ ਰਹੇ ਹਨ॥ ੬੬॥

ਦੋਹਰਾ- ਲਾਲੋ ਜਿਨਕੇ ਸੰਗ ਹੈ ਅੰਗ ਉਮੰਗਤਿ ਭਾ ਜੁ।
ਰਦਨ ਕੁੰਦ ਕਰੁਨਾ ਸਦਨ ਬਦਨ ਸੁ ਉਡਗਨ ਰਾਜ॥ ੬੭॥

ਉਨ੍ਹਾਂ ਦੇ ਨਾਲ ਭਾਈ ਲਾਲੋ ਹੈ, ਉਸਦੇ ਅੰਗਾਂ ਵਿਚ ਬੜਾ ਉਤਸ਼ਾਹ ਉਪਜਿਆ ਹੈ। ਗੁਰੂ ਜੀ ਦੇ ਦੰਦ ਮਰਤਬਾਨ ਦੇ ਫੁੱਲ ਵਰਗੇ ਹਨ। ਕਿਰਪਾ ਦੇ ਘਰ ਭਾਵ ਗੁਰੂ ਜੀ ਦਾ ਮੁਖੜਾ ਚੰਦਰਮਾਂ ਵਰਗਾ ਹੈ॥ ੬੭॥

ਚੌਪਈ- ਆਨਿ ਸਦਨ ਮਹਿਂ ਪ੍ਰਭੁ ਬਿਰਾਜੇ। ਜਿਹ ਕੀ ਕਰੁਨਾ ਜਮ ਦੁਖ ਭਾਗੇ।
ਪੁਰਿ ਮਹਿਂ ਬਿਸਤਰਯੋ ਬਿਰਤਾਂਤਾ॥ਮਿਲਿ ਮਿਲਿ ਕਰਹਿਂ ਪਰਸਪਰ ਬਾਤਾ॥੬੮॥

ਘਰ ਵਿਚ ਆ ਕੇ ਪ੍ਰਭੂ ਬਿਰਾਜ ਗਏ ਹਨ, ਜਿਨ੍ਹਾਂ ਦੀ ਕਿਰਪਾ ਨਾਲ ਜਮਾਂ ਦੇ ਦੁਖ ਵੀ ਭੱਜ ਜਾਂਦੇ ਹਨ। ਸਾਰੇ ਨਗਰ 'ਚ ਮਲਕ ਭਾਗੋ ਵਾਲੀ ਕਹਾਣੀ ਫੈਲ ਗਈ। ਸਾਰੇ ਆਪਿਸ ਵਿਚ ਮਿਲ ਕੇ ਗੱਲਾਂ ਕਰਦੇ ਸਨ॥ ੬੮॥

ਮਲਕ ਭਯੋ ਲੱਜਤਿ ਮਨ ਮਾਨੀ॥ ਗਿਰਾ ਨ ਸਨਮੁਖ ਕਛੂ ਬਖਾਨੀ।
ਜੋ ਨਰ ਹੁਤੇ ਚਤੁਰ ਮਤਿਵਾਨਾ। ਮਾਨੀ ਮਹਿਮਾ ਮਨਹਿਂ ਮਹਾਨਾ॥ ੬੯॥

ਮਨ ਦਾ ਹੰਕਾਰੀ ਅਤੇ ਘੁਮੰਡੀ ਮਲਕ ਭਾਗੋ ਬਹੁਤ ਸ਼ਰਮਿੰਦਾ ਹੋ ਗਿਆ ਹੈ। ਉਨ੍ਹਾਂ ਸਾਹਮਣੇ ਉਹ ਕੁਝ ਵੀ ਨਾ ਬੋਲ ਸਕਿਆ। ਜਿਹੜੇ ਮਨੁੱਖ ਚਤੁਰ ਅਤੇ ਬੁਧੀਮਾਨ ਹਨ, ਉਨ੍ਹਾਂ ਨੇ ਆਪਣੇ ਦਿਲਾਂ ਵਿਚ ਗੁਰੂ ਜੀ ਦੀ ਮਹਾਨ ਮਹਿਮਾ ਨੂੰ ਸਵੀਕਾਰ ਕੀਤਾ॥ ੬੯॥

ਜਿਹਠਾਂ ਮਿਲਹਿਂ ਕਰਹਿਂ ਪਦ ਬੰਦਨ। ਜਿਸ ਦਰਸ਼ਨ ਤ੍ਰੈ ਤਾਪ ਨਿਕੰਦਨ।
ਲਖਯੋ ਸੁ ਕਲਾਵਾਨ ਇਹ ਕੇਈ। ਨਿੰਦਾ ਯਾਂਕੀ ਬਹੁ ਦੁਖ ਦੇਈ॥੭੦॥

ਉਹ ਜਿਥੇ ਵੀ ਗੁਰੂ ਜੀ ਨੂੰ ਮਿਲਦੇ ਸਨ, ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਦੇ ਹਨ। ਜਿਨ੍ਹਾਂ ਦੇ ਦਰਸ਼ਨਾਂ ਨਾਲ ਤਿੰਨੇ ਤਾਪ ਦੂਰ ਹੋ ਜਾਂਦੇ ਹਨ। ਕਈਆਂ ਨੇ ਉਨ੍ਹਾਂ ਨੂੰ ਸ੍ਰੇਸ਼ਟ ਕਲਾਵਾਨ ਜਾਣਿਆ ਹੈ। ਉਨ੍ਹਾਂ ਦੀ ਨਿੰਦਿਆਂ ਬਹੁਤ ਦੁਖਦਾਇਕ ਹੈ॥ ੭੦॥

ਸੰਤ ਲੋਕ ਸ਼ੁਭ ਮਤੇ ਨਿਰਾਲਾ। ਜਿਹ ਮਹਿਂ ਅਜ਼ਮਤਿ ਅਜਿਤ ਬਿਸਾਲਾ।
ਜੇ ਮਤਿਮੰਦ ਮੂਢ ਅਗਜਾਨੀ। ਤਿਨਹਿਂ ਨ ਮਹਿਮਾ ਕਛੂ ਪਛਾਨੀ॥ ੭੧॥

ਉਹ ਤਾਂ ਸੰਤ ਲੋਕ ਹਨ ਜਿਸ ਦੀ ਬੁੱਧੀ ਨਿਰਾਲੀ ਹੈ। ਉਨ੍ਹਾਂ ਦੀ ਕਰਾਮਾਤ ਬਹੁਤ ਵਿਸ਼ਾਲ ਹੈ ਅਤੇ ਨਾ ਜਿੱਤੀ ਜਾਣ ਵਾਲੀ ਹੈ। ਜਿਹੜੇ ਮਾੜੀ ਮੱਤ ਵਾਲੇ, ਮੂਰਖ ਅਤੇ ਅਗਿਆਨੀ ਹਨ, ਉਨ੍ਹਾਂ ਨੇ ਗੁਰੂ ਜੀ ਦੀ ਮਹਿਮਾ ਨੂੰ ਪਛਾਣਿਆ ਨਹੀਂ ਹੈ॥ ੭੧॥

ਜਿਉਂ ਚਿੰਤਾਮਨਿ ਕਪਿ ਕਰ ਆਈ। ਨਹਿਂ ਜਾਨਹਿ ਤਿਹ ਕੀਮਤਿ ਕਾਈ।
ਕਹਹਿ 'ਕਿ ਨਦਰਬੰਦ ਸਾ ਕੀਨਾ। ਜਾਨਯੋ ਗਯੋ ਨ ਕਜਾ ਕਰਿ ਦੀਨਾ ॥੭੨॥

ਜਿਵੇਂ ਮਨ ਇੱਛਤ ਫਲ ਦੇਣ ਵਾਲਾ ਹੀਰਾ ਬਾਂਦਰ ਦੇ ਹੱਥ ਆ ਜਾਵੇ ਤਾਂ ਉਹ ਇਸ ਦੀ ਕੀ ਕੀਮਤ ਜਾਣੇਗਾ, ਉਸ ਵਾਸਤੇ ਤਾਂ ਇਕ ਪੱਥਰ ਸਮਾਨ ਹੈ। ਮੂਰਖ ਲੋਕ ਕਹਿ ਰਹੇ ਸਨ ਕਿ ਗੁਰੂ ਜੀ ਨੇ ਲੋਕਾਂ ਦੀ ਨਜ਼ਰ ਬੰਨ੍ਹ ਦਿੱਤੀ, ਉਹ ਇਹ ਸਮਝ ਹੀ ਨਾ ਸਕੇ ਕਿ ਗੁਰੂ ਜੀ ਨੇ ਅਸਲ ਕੌਤਕ ਕੀ ਕੀਤਾ ਸੀ॥ ੭੨॥

ਦੋਹਰਾ- ਮਲਕ ਮੰਦਮਤਿ ਮੂਢ ਮਨ ਕਲਿਮਲ ਬਲਿਤ ਮਲੀਨ।
ਮਹਿਮਾ ਮਾਨਿ ਨ ਪਦ ਪਰਯੋ, ਬਹੁਰੋ ਮਤਸਰ ਕੀਨਿ॥ ੭੩॥

ਮਾੜੀ ਬੁੱਧੀ ਵਾਲਾ ਮੂਰਖ ਮਲਕ ਪਾਪਾਂ ਨਾਲ ਸੜ ਬੱਲ ਉਠਿਆ। ਗੁਰੂ ਜੀ ਦੀ ਮਹਿਮਾ ਨੂੰ ਮੰਨ ਕੇ ਉਨ੍ਹਾਂ ਦੇ ਚਰਨੀ ਨਾ ਡਿੱਗਾ, ਬਾਅਦ ਵਿਚ ਹੋਰ ਮਾੜੀਆਂ ਗੱਲਾਂ ਸੋਚਣ ਲੱਗਾ॥ ੭੩॥

ਚੌਪਈ- ਰਿਦੈ ਵਿਚਾਰਹਿ ਅਸ ਅਗਜਾਨਾ। ਬੈਰ ਲੇਉਂ ਤੋ ਸੁਖ ਮਮ ਪ੍ਰਾਨਾ।
ਲੱਜਤਿ ਕੀਨੋ ਮੁਹਿ ਬਹੁ ਮਾਂਹੀ। ਖਾਨ ਨਿਕਟਿ ਗਹਿਵਾਵੋਂ ਤਾਂਹੀ ॥੭੪॥

ਮੂਰਖ ਅਗਿਆਨੀ ਨੇ ਫਿਰ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਮੈਂ ਵੈਰ ਲਵਾਂਗਾ, ਤਦ ਹੀ ਮੇਰੇ ਪ੍ਰਾਣਾਂ ਨੂੰ ਸੁਖ ਪ੍ਰਾਪਤ ਹੋਵੇਗਾ। ਮੈਨੂੰ ਉਸ ਨੇ ਬਹੁਤ ਸ਼ਰਮਿੰਦਾ ਕੀਤਾ, ਮੈਂ ਇਸ ਨੂੰ ਖਾਂ ਪਾਸ ਫੜਵਾਉਂਦਾ ਹਾਂ॥ ੭੪॥

ਜਿਹਤੇ ਦੁਖ ਪਾਵਹਿ ਜਵ ਸੋਊ। ਕਰਤਿ ਉਪਾਵ ਲੋਕ ਜੁਗ ਖੋਊ।
ਭੋਰ ਭਈ ਤਜਿ ਭੋਨ ਪਧਾਰਾ। ਗਯੋ ਖਾਨ ਕੀ ਸਭਾ ਮਝਾਰਾ॥ ੭੫॥

ਮੂਰਖ ਇਹ ਨਹੀ ਸੀ ਜਾਣਦਾ ਕਿ ਇਸ ਤਰ੍ਹਾਂ ਕਰਨ ਨਾਲ ਉਸ ਨੇ ਕਿੰਨਾ ਦੁੱਖ ਪਾਉਣਾ ਸੀ, ਲੋਕ ਪਰਲੋਕ ਗਵਾ ਲੈਣ ਦਾ ਉਹ ਉਪਾਅ ਆਪ ਹੀ ਕਰ ਰਿਹਾ ਸੀ। ਸਵੇਰ ਹੁੰਦਿਆਂ ਹੀ ਉਹ ਖਾਂ ਦੇ ਘਰ ਚਲਾ ਗਿਆ ਜਿਥੇ ਖਾਂ ਆਪਣੀ ਸਭਾ ਵਿਚ ਬੈਠਾ ਸੀ॥ ੭੫॥

ਇਕ ਤਿਹ ਤਾਤ ਤਰੁਨ ਜਿਹ ਬੈਸਾ। ਭਯੋ ਆਮ ਮੈਂ ਮ੍ਰਿਤਕ ਜੈਸਾ।
ਕਰਿ ਉਪਚਾਰ ਥਕੇ ਸਮੁਦਾਈ। ਤਿਹ ਕੋ ਰੋਗ ਨ ਸਕੇ ਗਵਾਈ॥੭੬॥

ਉਥੇ ਖਾਂ ਦਾ ਜਵਾਨ ਪੁਤਰ ਬਿਮਾਰੀ ਕਾਰਨ ਮੁਰਦੇ ਜਿਹੀ ਹਾਲਤ ਵਿਚ ਪਿਆ ਸੀ। ਸਾਰੇ ਵੈਦ ਹਕੀਮ ਇਲਾਜ ਕਰਕੇ ਥੱਕ ਚੁਕੇ ਸਨ, ਪਰ ਉਸ ਦੇ ਰੋਗ ਨੂੰ ਕੋਈ ਵੀ ਦੂਰ ਨਹੀਂ ਸੀ ਕਰ ਸਕਿਆ॥ ੭੬॥

ਦੋਹਰਾ- ਮਲਕ ਨਿਕਟਿ ਬੂਝਯੋ ਨ੍ਰਿਪਤਿ 'ਸੁਤ ਨਹਿਂ ਹੋਇ ਅਰਾਮ।
'ਕੋ ਉਪਚਾਰ ਨ ਲਾਗਈ ਕਰੋਂ ਕੋਨ ਅਬ ਕਾਮ?॥ ੭੭॥

ਮਲਕ ਨੇ ਖਾਂ ਦੇ ਨੇੜੇ ਜਾ ਕੇ ਪੁਛਿਆ, "ਪੁੱਤਰ ਨੂੰ ਕੁਝ ਆਰਾਮ ਆਇਆ ਹੈ ?" "ਕੋਈ ਵੀ ਦਵਾਈ ਇਸ ਨੂੰ ਲੱਗ ਨਹੀਂ ਰਹੀ, ਹੁਣ ਮੈਂ ਕੀ ਕੰਮ ਕਰਾਂ ? ਖਾਂ ਨੇ ਕਿਹਾ॥ ੭੭॥

ਚੌਪਈ- ਭੇਖਜ ਨਾਨਾ ਭਾਂਤਿ ਕਰਾਏ। ਗੌਸ ਪੀਰ ਮੈਂ ਸਭੈ ਮਨਾਏ।
ਜੋ ਬਿਧਿ ਮੁਝ ਕਿਨ ਆਨਿ ਬਖਾਨੀ। ਸੋ ਮੈਂ ਕਰੀ ਰਿਦੈ ਪਰਮਾਨੀ' ॥੭੮॥

ਕਈ ਦੁਆਵਾਂ ਅਤੇ ਅਰਜ਼ਾਂ ਕੀਤੀਆਂ ਹਨ, ਸਾਰੇ ਗੌਸ ਪੀਰ ਮੈਂ ਮਨਾਏ ਹਨ ਜੋ ਕੁਝ ਵੀ ਕਿਸੇ ਨੇ ਮੈਨੂੰ ਆ ਕੇ ਕਿਹਾ, ਸੋਈ ਕੁਝ ਮੈਂ ਹਿਰਦੇ ਵਿਚ ਸੱਚੀ ਮੰਨ ਕੇ ਕਰਦਾ ਰਿਹਾ ਹਾਂ'॥ ੭੮॥

ਸੁਨਿ ਕਰਿ ਭਾਗੋ ਮਨ ਮਹਿਂ ਗੁਨਿਯਾ। ਜੋ ਚਾਹਤਿ ਸੋ ਕਾਰਜ ਬਨਿਯਾ।
ਬੋਲਯੋ ਦੁਸ਼ਟ ਮੰਦਮਤਿ ਮਾਨੀ। ਜਿਹ ਤੇ ਨਰਕ ਪਾਇ ਦੁਖ ਖਾਨੀ॥੭੯॥

ਖਾਂ ਦੀ ਇਹ ਗੱਲ ਸੁਣ ਕੇ ਮਲਕ ਭਾਗੋ ਨੇ ਮਨ ਵਿਚ ਕੋਈ ਗਿਣਤੀ ਮਿਣਤੀ ਕੀਤੀ। ਸੋਚਣ ਲੱਗਾ, ਜੋ ਮੈਂ ਚਾਹੁੰਦਾ ਸੀ, ਉਹ ਤਾਂ ਕੰਮ ਹੀ ਬਣ ਗਿਆ ਹੈ। ਦੁਸ਼ਟ ਅਤੇ ਮਾੜੀ ਮੱਤ ਵਾਲਾ ਐਸੀ ਗੱਲ ਕਹਿਣ ਲੱਗਾ ਜਿਸ ਕਰਕੇ ਉਹ ਨਰਕਾਂ ਵਿਚ ਜਾ ਕੇ ਘੋਰ ਦੁੱਖ ਨੂੰ ਪ੍ਰਾਪਤ ਹੋਵੇ॥ ੭੯॥

'ਗਹੋ ਫਕੀਰ ਕਾਮਲਹਿ ਕੋਊ। ਤੁਮ ਸੁਤ ਬੇਦਨ ਖੋਵਹਿ ਸੋਊ।
ਤਿਨ ਬਿਨ ਰੁਜ ਤਨੁ ਜਾਇ ਨ ਕੈਸੇ। ਨਿਜ ਭੁਜ ਬਲ ਬਿਨ ਸ਼ੱਤ੍ਰੂ ਜੈਸੇ ॥੮੦॥

ਉਸ ਨੇ ਕਿਹਾ "ਕੋਈ ਕਾਮਲ ਫਕੀਰ ਫੜ ਕੇ ਲੈ ਆਓ, ਤੁਹਾਡੇ ਪੁੱਤਰ ਦੇ ਰੋਗ ਉਹੀ ਦੂਰ ਕਰ ਸਕਦਾ ਹੈ। ਉਸ ਤੋਂ ਬਗੈਰ ਰੋਗ ਕਦੀ ਵੀ ਦੂਰ ਨਹੀਂ ਹੋ ਸਕਦਾ ਹੈ, ਜਿਵੇਂ ਨਿਜੀ ਬਲ ਤੋਂ ਬਗੈਰ ਸ਼ਤਰੂ ਭੱਜ ਨਹੀਂ ਸਕਦਾ" ॥ ੯੦ ॥

ਸੁਨਿ ਸ਼੍ਰੋਨਨ ਭਨੇ ਅਤੇ ਖਾਨਾ। 'ਕੋ ਕਾਮਲ ਮੁਝ ਨਹੀਂ ਪਛਾਨਾ'।
ਕਹਤਿ ਮਲਕ 'ਇਕ ਨਾਨਕ ਨਾਮੂ। ਸੋ ਕਾਮਲ ਸਮਝਹੁ ਅਭਿਰਾਮੂ' ॥੯੧॥

ਆਪਣੇਂ ਕੰਨਾਂ ਨਾਲ ਇਹ ਗੱਲ ਸੁਣ ਕੇ ਖਾਂ ਨੇ ਕਿਹਾ, "ਮੈਂ ਤਾਂ ਅਜਿਹਾ ਕਾਮਲ ਫਕੀਰ ਹਾਲੇ ਤਕ ਪਛਾਣਿਆ ਨਹੀਂ ਹੈ।" ਇਹ ਸੁਣ ਕੇ ਮਲਕ ਨੇ ਕਿਹਾ, "ਇਕ ਨਾਨਕ ਨਾਮੀ ਫ਼ਕੀਰ ਹੈ, ਉਸ ਨੂੰ ਤੁਸੀ ਕਾਮਲ ਫਕੀਰ ਸਮਝੋ" ॥੯੧॥

ਦੋਹਰਾ- ਬਹੁ ਨਰ ਸੁਨਹਿਂ ਨ ਗਨਹਿਂ ਮਨ ਔਗੁਨ ਕੈ ਗੁਨ ਰੀਤਿ।
ਸੰਤ ਗਹੇ ਤੇ ਰੀਝਈ ਕਿਧੌਂ ਸੇਵ ਸਹਿ ਪ੍ਰੀਤ॥ ੯੨॥

ਬਹੁਤ ਲੋਕ ਸੁਣਦੇ ਹਨ ਪਰ ਉਹ ਗੁਣ ਔਗੁਣ ਦੀ ਰੀਤੀ ਨੂੰ ਸਮਝਦੇ ਨਹੀਂ ਹਨ। ਸੰਤ ਨੂੰ ਫੜਨ ਨਾਲ ਉਹ ਕਿਵੇਂ ਰੀਝ ਪਵੇਗਾ, ਬੜੇ ਪ੍ਰੇਮ ਪ੍ਰੀਤ ਨਾਲ ਸੇਵਾ ਕਰਨ ਨਾਲ ਹੀ ਉਹ ਕਿਰਪਾਲੂ ਰੀਝਦਾ ਹੈ॥ ੯੨॥

ਚੌਪਈ- ਸੁਨਿ ਪਠਾਨ ਨੇ ਮਨੁਜ ਪਠਾਏ। ਲਾਲੋ ਸਦਨ ਦਿਸ਼ਾ ਸੋ ਆਏ।
ਗਵਨੇ ਹੁਤੇ ਤਬਹਿ ਉਦਿਆਨਾ। ਕਮਲ ਨੈਨ ਸ੍ਰੀ ਗੁਰੁ ਗਤਿਦਾਨਾ॥੯੩॥

ਇਹ ਸੁਣ ਕੇ ਪਠਾਣ ਨੇ ਉਸੇ ਵੇਲੇ ਕੁਝ ਬੰਦੇ ਭੇਜੇ, ਜਿਹੜੇ ਭਾਈ ਲਾਲੋ ਦੇ ਘਰ ਵਲ ਆਏ। ਗੁਰੂ ਜੀ ਉਸ ਸਮੇਂ ਜੰਗਲ ਵਿਚ ਗਏ ਸਨ, ਕਮਲ ਨੈਣ ਸ੍ਰੀ ਗੁਰੂ ਜਿਹੜੇ ਕਿ ਮੁਕਤੀ ਦਾਤੇ ਹਨ॥ ੯੩॥

ਕਹੈਂ ਕਿ 'ਚਲਹੁ ਭੁਵਾਲ ਬੁਲਾਏ। ਕਰਹੁ ਨਾਂਹਿ ਤੌ ਗਹਿ ਲੇ ਜਾਏਂ'।
ਕਮਲ ਬਦਨ ਸੁਨ ਕਰਿ ਤਿਨ ਬਾਨੀ। ਗਵਨੇ ਸੰਗ ਨ੍ਰਿਪਤਿ ਇਸਥਾਨੀ॥੯੪॥

ਖਾਂ ਦੇ ਆਦਮੀ ਜੰਗਲ ਵਿਚ ਚਲੇ ਗਏ ਅਤੇ ਗੁਰੂ ਜੀ ਨੂੰ ਮਿਲ ਕੇ ਕਹਿਣ ਲੱਗੇ, "ਚਲੋ ਤੁਹਾਨੂੰ ਰਾਜੇ ਨੇ ਬੁਲਾਇਆ ਹੈ, ਜੇ ਨਾਂਹ ਕਰੋਗੇ ਤਾਂ ਫੜ ਕੇ ਲੈ ਜਾਵਾਂਗੇ।" ਕਮਲ ਮੁਖ ਭਾਵ ਗੁਰੂ ਜੀ ਉਨ੍ਹਾਂ ਦੀ ਇਹ ਗੱਲ ਸੁਣ ਕੇ, ਉਨ੍ਹਾਂ ਦੇ ਨਾਲ ਖਾਂ ਦੇ ਘਰ ਵਲ ਚਲ ਪਏ ॥ ੯੪॥

ਬੈਸੇ ਨਿਕਟਿ ਜਾਇ ਜਗਤੇਸ਼ਾ। ਬੋਲਜੋ ਦਰਸ ਬਿਲੋਕਿ ਨਰੇਸ਼ਾ।
ਭੋ ਫਕੀਰ ਮਮ ਸੁਤ ਕੋ ਰੋਗੂ। ਦੇਹੁ ਗਵਾਇ ਕਰਹੁ ਨਿਹਸੋਗੂ॥ ੯੫॥

ਜਗਤ ਦੇ ਈਸ਼ਵਰ ਜਾ ਕੇ ਖਾਂ ਦੇ ਪਾਸ ਬੈਠ ਗਏ। ਖਾਂ ਗੁਰੂ ਦੇ ਦਰਸ਼ਨ ਕਰਕੇ ਬੋਲਿਆ, "ਹੇ ਫਕੀਰ ! ਮੇਰਾ ਪੁੱਤਰ ਬਹੁਤ ਬੀਮਾਰ ਹੈ, ਉਸ ਦਾ ਰੋਗ ਦੂਰ ਕਰਕੇ, ਉਸ ਦੇ ਸਭ ਦੁੱਖਾਂ ਦਾ ਨਾਸ਼ ਕਰੋ" ॥ ੯੫॥

ਨਤੁ ਰਾਖੋਂ ਮੈਂ ਕੈਦ ਮਝਾਰਾ। ਨਹਿਂ ਛੋਡੋਂ ਨਹਿਂ ਦੇਊਂ ਅਹਾਰਾ'।
ਸੁਨਿ ਬੋਲੇ ਸ੍ਰੀ ਨਾਨਕ ਬਚਨਾ। 'ਤੂੰ ਭਾ ਮੋਹ ਬੰਧ ਮੈਂ ਪਚਨਾ॥ ੯੬॥

ਜੇ ਮੇਰੀ ਇਹ ਗੱਲ ਨਹੀ ਮੰਨੋਗੇ, ਤਾਂ ਮੈਂ ਆਪਣੀ ਕੈਦ ਵਿਚ ਸੁੱਟ ਦੇਵਾਂਗਾ, ਫਿਰ ਨਾ ਤੈਨੂੰ ਛੱਡਾਂਗਾ ਅਤੇ ਨਾ ਹੀ ਭੋਜਨ ਦੇਵਾਂਗਾ, ਸ੍ਰੀ ਨਾਨਕ ਦੇਵ ਜੀ ਇਹ ਬਚਨ ਸੁਣ ਕੇ ਬੋਲੇ, "ਤੂੰ ਮੋਹ ਦੇ ਬੰਧਨ ਵਿਚ ਬੱਝਾ ਹੋਇਆ ਹੈਂ, ਇਹ ਮੈਂ ਜਾਣਦਾ ਹਾਂ॥ ੯੬॥

ਜਿਸਕੋ ਹਤਨ ਚਹਿਤਿ ਹੋ ਰੋਗੂ। ਸੋ ਤੌ ਪਹੁੰਚਤਿ ਭਾ ਯਮਲੋਗੂ।
ਸੁਧਿ ਨਿਕੇਤ ਕੀ ਲੇਹੁ ਮੰਗਾਈ। ਨਿਕਟਿ ਬੈਠ, ਕਿਉਂ ਗਾਲ ਬਜਾਈ॥੯੭॥

ਪਰ ਜਿਸ ਦਾ ਰੋਗ ਹਟਾਉਣਾ ਚਾਹੁੰਦਾ ਹੈ, ਉਹ ਤਾਂ ਜਮਲੋਕ ਵਿਚ ਪਹੁੰਚ ਗਿਆ। ਘਰ ਤੋਂ ਆਪਣੇਂ ਪੁੱਤਰ ਬਾਰੇ ਪਤਾ ਮੰਗਵਾਵੋ, ਨੇੜੇ ਬੈਠ ਕੇ ਕਿਉਂ ਡੀਂਗਾ ਮਾਰਦਾ ਹੈ॥ ੯੭॥

ਸੁਨਿ ਬਿਸਮਤਿ ਘਰ ਨਰ ਕੋ ਭੇਜਾ। ਰਿਦੈ ਪੀਰ ਜਨੁ ਫਟਤਿ ਕਰੇਜਾ।
ਇਤਨੇ ਮਹਿਂ ਮਾਨਵ ਤਹਿਂ ਆਵਾ। ਮ੍ਰਿਤਕ ਭਏ ਕੋ ਬਚਨ ਸੁਨਾਵਾ ॥੮੮॥

ਇਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਇਕ ਆਦਮੀ ਨੂੰ ਘਰ ਭੇਜਿਆ, ਹਿਰਦੇ ਵਿਚ ਏਨੀ ਪੀੜ ਅਨੁਭਵ ਕੀਤੀ ਜਿਵੇਂ ਕਲੇਜਾ ਫੱਟ ਚਲਿਆ ਹੋਵੇ। ਇਸ ਸਮੇਂ ਦੌਰਾਨ ਓਥੇ ਇਕ ਮਨੁੱਖ ਆਇਆ, ਉਸ ਨੇ ਆ ਕੇ ਇਹ ਦੱਸਿਆ ਕਿ ਉਸ ਦੇ ਪੁੱਤਰ ਦੀ ਮੌਤ ਹੋ ਗਈ ਹੈ॥ ੮੮॥

ਸੁਨਤਿ ਭਯੋ ਸੋ ਬਿਕੁਲ ਨਰੇਸ਼ਾ। ਉਠਿ ਆਏ ਸ੍ਰੀ ਪ੍ਰਭੁ ਜਗਤੇਸ਼ਾ।
ਸਹਿਜ ਸੁਭਾਇ ਗਏ ਉਦਿਆਨਾ। ਕਿਯੋ ਹਾਨ ਜਿਨ ਮਾਨੀ ਮਾਨਾ ॥੮੯॥

ਇਹ ਸੁਣ ਕੇ ਖ਼ਾਂ ਬਹੁਤ ਵਿਆਕੁਲ ਹੋ ਗਿਆ, ਜਗਤ ਦੇ ਮਾਲਕ ਗੁਰੂ ਜੀ ਉਠ ਕੇ ਆ ਗਏ। ਸਹਿਜ ਸੁਭਾਅ ਉਹ ਜੰਗਲ ਵਿਚ ਚਲੇ ਗਏ। ਇਸ ਤਰ੍ਹਾਂ ਹੰਕਾਰੀ ਦੇ ਹੰਕਾਰ ਦਾ ਨਾਸ਼ ਕੀਤਾ॥ ੮੯॥

ਅਸ ਪ੍ਰਕਾਰ ਤਹਿ ਸਮਾਂ ਬਿਤਾਵਾ। ਜਨ ਦੁਖ ਬਨ ਕੋ ਜੋ ਗੁਰੁ ਦਾਵਾ।
ਲਾਲੋ ਆਲਯ ਰੈਨ ਗੁਜ਼ਾਰੈਂ। ਭੋਰ ਹੋਤਿ ਉਦਿਆਨ ਪਧਾਰੈਂ ॥੯੦॥

ਇਸ ਤਰ੍ਹਾਂ ਓਥੇ ਕੁਝ ਹੋਰ ਸਮਾਂ ਬਤੀਤ ਕੀਤਾ, ਭਾਵ ਗੁਰੂ ਜੀ ਲੋਕਾਂ ਦੇ ਬਨ ਰੂਪ ਦੁੱਖ, ਗੁਰੂ ਜੀ ਆਪ ਦਾਵਾਨਲ ਬਣ ਕੇ ਸਾੜ ਰਹੇ ਸਨ। ਸ਼ਾਮ ਪੈਣ ਤੇ ਲਾਲੋ ਦੇ ਘਰ ਆ ਜਾਂਦੇ ਸਨ ਤੇ ਸਵੇਰ ਹੁੰਦਿਆਂ ਹੀ ਜੰਗਲ ਵਿਚ ਚਲੇ ਜਾਂਦੇ ਸਨ॥ ੯੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਏਮਨਾਬਾਦਾ' ਪ੍ਰਸੰਗ ਬਰਨਨੰ ਨਾਮ ਉਣਤਾਲਿਸਮੋ ਅਧਯਾਯ॥ ੩੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਨਤਾਲੀਵਾਂ ਅਧਿਆਇ, ਜਿਸ ਦਾ ਨਾਮ 'ਮਲਿਕ ਭਾਗੋ ਅਤੇ ਖ਼ਾਨ ਪ੍ਰਸੰਗ' ਹੈ ਸਮਾਪਤ ਹੋਇਆ॥ ੩੯॥

## ਅਧਿਆਇ ਚਾਲੀਵਾਂ

*ਗੁਰੂ ਜੀ ਦਾ ਤਲਵੰਡੀ ਜਾਣਾ*

ਦੋਹਰਾ- ਪਦ ਪੰਕਜ ਕੀ ਪਾਸੁ ਬਰ ਪਰਮ ਮਨੋਗ ਪਰਾਗ।
ਨਿਜ ਮਨ ਮਧੁਪ ਲੁਭਾਇ ਕੈ ਕਹੌਂ ਕਥਾ ਅਨੁਰਾਗ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦੀ ਧੂੜੀ ਮਾਨੋਂ ਡਾਢੀ ਸੁੰਦਰ ਪਿਰਾਗ ਹੈ, ਜਿਸ ਉਪਰ ਆਪਣੇ ਭੌਰੇ ਵਰਗੇ ਮਨ ਨੂੰ ਲੁਭਾਇਮਾਨ ਕਰਕੇ ਮੈਂ ਹੁਣ ਪ੍ਰੇਮ-ਮਈ ਕਥਾ ਕਹਿੰਦਾ ਹਾਂ ॥ ੧॥

ਚੌਪਈ- ਬਾਲਾ ਕਹਿਤਿ ਸੁਨਤਿ ਸ੍ਰੀ ਅੰਗਦ। ਸ੍ਰੀ ਗੁਰੁ ਕਥਾ ਦੈਵ ਦੈ ਸੰਪਦ।
ਤ੍ਰਿਪਤ ਨ ਹੋਤਿ ਸ੍ਰਵਨ ਪੁਟ ਪੀਏ। ਜੋ ਨਾਨਕ ਅਸਥਾਨੀ ਥੀਏ ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਸ੍ਰੀ ਗੁਰੂ ਕਥਾ ਦੈਵੀ ਸ਼ੁਭ ਗੁਣਾਂ ਨੂੰ ਦੇਣ ਵਾਲੀ ਹੈ, ਕੰਨਾਂ ਦੇ ਡੂਨੇ, ਇਹ ਅੰਮ੍ਰਿਤ ਰੂਪ ਕਥਾ ਸੁਣਦੇ ਹੋਏ ਤ੍ਰਿਪਤ ਨਹੀਂ ਹੁੰਦੇ। ਤੁਸੀਂ ਨਾਨਕ ਦੇਵ ਜੀ ਦੇ ਅਸਥਾਨ ਤੇ ਬਿਰਾਜਮਾਨ, ਆਪ ਗੁਰੂ ਨਾਨਕ ਹੋ॥ ੨॥

ਬਿਦਤ ਨ ਕਰਤਿ ਕਲਾ ਜਿਨ ਗੋਈ। ਸੁਨਹਿੰ ਅਜਾਨ ਸਮਾਨੰ ਸੋਈ।
ਤ੍ਰਿਕਾਲੱਗ ਦਰਸ਼ੀ ਸਭਿ ਜਾਨੈਂ। ਗੁਪਤ ਬਿਦਤ ਨਿਜ ਰਿਦੈ ਪਛਾਨੈਂ ॥੩॥

ਉਨ੍ਹਾਂ ਆਪਣੀ ਕੋਈ ਕਲਾ ਵੀ ਛੁਪਾਈ ਹੋਈ ਨਹੀਂ ਹੈ, ਅਜਾਨ ਅਤੇ ਗਿਆਨਵਾਨ ਬਰਾਬਰ ਜਾਣਦੇ ਹਨ। ਤਿੰਨਾਂ ਕਾਲਾਂ ਦੇ ਗਿਆਤਾ ਅਤੇ ਸਾਖੀ ਸਭ ਜਾਣਦੇ ਹਨ, ਉਹ ਗੁਪਤ ਪ੍ਰਗਟ ਆਪਣੇ ਹਿਰਦੇ ਵਿਚ ਪਛਾਣਦੇ ਹਨ॥ ੩॥

ਜਿਉਂ ਸਾਂਗੀ ਬਹੁ ਬੇਖ ਕਰੇਈ। ਏਕ ਜੋਤਿ ਦਸ ਰੂਪ ਧਰੇਈ।
ਅਪਨਾ ਆਪ ਨ ਕਬਹਿ ਜਨਾਯੋ। ਭਗਤਿ ਰੂਪ ਧਰਿ ਭਗਤਿ ਕਹਾਯੋ ॥੪॥

ਜਿਵੇਂ ਸਾਂਗੀ ਇਕ ਹੀ ਹੁੰਦਾ ਹੈ, ਪਰ ਉਹ ਬਹੁਤ ਭੇਸ ਧਾਰਨ ਕਰਦਾ ਹੈ, ਇਸ ਤਰ੍ਹਾਂ ਗੁਰੂ ਜੀ ਵੀ ਇਕ ਜੋਤ ਹੀ ਸਨ ਪਰ ਉਨ੍ਹਾਂ ਨੇ ਦਸ ਰੂਪ ਧਾਰਨ ਕੀਤੇ। ਆਪਣੇ ਆਪ ਨੂੰ ਉਨ੍ਹਾਂ ਕਦੇ ਨਾ ਜਣਾਇਆ, ਭਗਤੀ ਰੂਪ ਧਾਰਨ ਕਰਕੇ ਆਪਣੇ ਆਪ ਨੂੰ ਭਗਤ ਹੀ ਕਹਾਇਆ॥ ੪॥

ਦੋਹਰਾ- ਸਾਂਗੀ ਪਾਛਲ ਬੇਖ ਕੋ ਕਬਿ ਨ ਬਤਾਵਹਿ ਸੋਇ।
ਬੇਖ ਧਰੇ ਜਸ ਕ੍ਰਿੱਤ ਤਸ, ਇਹ ਜਾਨਹਿ ਸਭਿ ਕੋਇ॥ ੫॥

ਸਾਂਗੀ ਪਿਛਲੇ ਭੇਸ ਨੂੰ ਕਦੀ ਵੀ ਨਹੀਂ ਦੱਸਦਾ, ਜੈਸਾ ਕਰਤਬ ਕਰਦਾ ਹੈ ਤੈਸਾ ਭੇਸ ਧਾਰਨ ਕਰਦਾ ਹੈ, ਇਹ ਸਭ ਜਾਣਦੇ ਹਨ॥ ੫॥

ਸ੍ਰੀ ਬਾਲਾ ਸੰਧੁਰ ਵਾਚ॥

ਦੋਹਰਾ- ਭਈ ਏਮਨਾਵਾਦ ਮਹਿੰ ਇਹ ਬਿਧਿ ਕਥਾ ਸੁਜਾਨ।
ਅਬ ਤਲਵੰਡੀ ਕੀ ਕਹੌਂ ਸੁਨਿਯੈ ਦਯਾ ਨਿਧਾਨ!॥ ੬॥

ਭਾਈ ਬਾਲੇ ਨੇ ਕਿਹਾ- ਇਸ ਤਰ੍ਹਾਂ ਏਮਨਾਬਾਦ ਵਿਚ ਇਹ ਸੁਜਾਨ ਕਥਾ ਵਾਪਰੀ। ਹੁਣ ਤੁਹਾਨੂੰ ਤਲਵੰਡੀ ਦੀ ਕਥਾ ਸੁਣਾਉਂਦੇ ਹਾਂ। ਹੇ ਕਿਰਪਾਨਿਧਾਨ ਜੀ ! ਇਸ ਨੂੰ ਵੀ ਧਿਆਨ ਲਾ ਕੇ ਸੁਣੋ॥ ੬॥

ਚੌਪਈ- ਬਾਲਾ ਧਰਿ ਧਯਾਨ ਸੁਖਰਾਸੂ। ਉਚਰਨ ਲਗਾ ਬਹੁਰ ਇਤਿਹਾਸੂ।
ਪੂਰਬ ਤਲਵੰਡੀ ਹੌਂ ਆਯੋ। ਕਾਲੂ ਕੋ ਕਿਹ ਜਾਇ ਸੁਨਾਯੋ॥ ੭॥

ਸੁਖਾਂ ਦੀ ਰਾਸ ਗੁਰੂ ਜੀ ਦਾ ਧਿਆਨ ਧਰ ਕੇ ਬਾਲਾ ਫਿਰ ਗੁਰੂ ਜੀ ਦਾ ਇਤਿਹਾਸ ਉਚਾਰਨ ਲੱਗਾ। ਪਹਿਲਾਂ ਮੈਂ ਤਲਵੰਡੀ ਵਿਖੇ ਆਇਆ ਤੇ ਮਹਿਤਾ ਕਾਲੂ ਨੂੰ ਜਾ ਕੇ ਇਸ ਬਾਰੇ ਖਬਰ ਕੀਤੀ॥ ੭॥

ਸੁਨਿ ਕਰਿ ਤੂਰਨ ਆਵਾ ਧਾਈ। ਬੂਝਨ ਲਗਾ ਕੁਸ਼ਲ ਮੁਝ ਤਾਂਈ।
ਦੇ ਕਰਿ ਕੁਸ਼ਲ ਨਾਨਕੀ ਕੀ ਤਬ। ਪੁਨ ਨਾਨਕ ਬਿਰਤਾਂਤ ਭਨਯੋ ਸਭਿ ॥੮॥

ਇਹ ਸੁਣ ਕੇ ਉਹ ਝੱਟ ਉਥੇ ਆ ਗਿਆ, ਮੈਨੂੰ ਸੁਖਸਾਂਦ ਪੁੱਛਣ ਲੱਗੇ। ਪਹਿਲਾਂ ਮੈਂ ਬੇਬੇ ਨਾਨਕੀ ਦੀ ਕੁਸ਼ਲਤਾ ਬਾਰੇ ਦੱਸਿਆ ਅਤੇ ਗੁਰੂ ਨਾਨਕ ਦੇਵ ਜੀ ਦਾ ਸਾਰਾ ਹਾਲ ਵਰਣਨ ਕੀਤਾ ॥ ੮॥

'ਰਹੇ ਤੀਨ ਦਿਨ ਸਰਿਤਾ ਮਾਂਹੀ। ਨਿਕਸੇ ਬਹੁਰ ਕਰੀ ਕ੍ਰਿਤ ਨਾਂਹੀ।
ਆਪਨ ਕੋ ਸਭਿ ਦਰਬ ਲੁਟਾਯਾ। ਤਬਹਿ ਨਿਬਾਬ ਹਿਸਾਬ ਕਰਾਯਾ ॥੯॥

ਗੁਰੂ ਨਾਨਕ ਦੇਵ ਜੀ ਤਿੰਨ ਦਿਨ ਲਈ ਵੇਈਂ ਨਦੀ ਵਿਚ ਪ੍ਰਵੇਸ਼ ਕਰ ਗਏ, ਜਦ ਬਾਹਰ ਨਿਕਲ ਕੇ ਆਏ ਤਾਂ ਫਿਰ ਉਨ੍ਹਾਂ ਕੋਈ ਕਿਰਤ ਨਾ ਕੀਤੀ। ਆਪਣਾ ਸਾਰਾ ਧਨ ਲੁਟਾ ਦਿੱਤਾ, ਫਿਰ ਨਵਾਬ ਨੇ ਹੱਟੀ ਦਾ ਹਿਸਾਬ ਕਰਾਇਆ॥ ੯॥

ਦੋਹਰਾ- ਨਿਕਸੇ ਬਾਕੀ ਸਾਤ ਸੈ ਸਾਠ ਰਜਤਪਣ ਔਰ।
ਅਰਧ ਲਏ ਮੂਲੇ ਤਬੈ, ਕਰਿ ਪੁਕਾਰ ਤਿਹਂ ਠੌਰ॥ ੧੦॥

ਹਿਸਾਬ ਕਰਨ ਦੇ ਬਾਅਦ ਗੁਰੂ ਜੀ ਦੇ ਸੱਤ ਸੋ ਸੱਠ ਰੁਪਏ ਨਵਾਬ ਵਲ ਨਿਕਲੇ। ਅੱਧੇ ਰੁਪਏ ਮੂਲ ਚੰਦ ਨੇ ਨਵਾਬ ਪਾਸੋਂ ਪੁਕਾਰ ਕਰਕੇ ਲੈ ਲਏ॥ ੧੦॥

ਚੌਪਈ- ਰਹਜੋ ਸ੍ਰੀ ਚੰਦ ਪੁਰਿ ਸੁਲਤਾਨਾ। ਮੂਲਾ ਲੇਕਰਿ ਸੁਤਾ ਪਯਾਨਾ।
ਪੁਨਿ ਮਸੀਤ ਮਹਿ ਜੈਸੇ ਹੋਈ। ਕਾਲੂ ਢਿਗ ਮੈਂ ਭਾਖੀ ਸੋਈ॥ ੧੧॥

ਸ੍ਰੀ ਚੰਦ ਸੁਲਤਾਨਪੁਰ ਵਿਚ ਬੇਬੇ ਨਾਨਕੀ ਪਾਸ ਹੀ ਰਿਹਾ। ਮੂਲ ਚੰਦ ਆਪਣੀ ਪੁੱਤਰੀ ਅਤੇ ਲਖਮੀ ਦਾਸ ਨੂੰ ਲੈ ਕੇ ਆਪਣੇ ਨਗਰ ਨੂੰ ਚਲਾ ਗਿਆ। ਫਿਰ ਜਿਵੇਂ ਮਸੀਤ ਵਿਚ ਘਟਨਾ ਵਾਪਰੀ, ਉਹ ਮੈਂ ਸਾਰੀ ਮਹਿਤਾ ਕਾਲੂ ਨੂੰ ਕਹਿ ਸੁਣਾਈ॥ ੧੧॥

'ਸ੍ਰੀ ਨਾਨਕ ਲਖਿ ਹਰਿ ਅਵਤਾਰਾ। ਕੁਲ ਤੁਮਰੀ ਮਹਿਂ ਭਯੋ ਉਜਾਰਾ।
ਬੈਸੇ ਵਹਿਰ ਅਬਹਿ ਉਦਿਆਨਾ। ਕਬਿ ਕਬਿ ਆਵਹਿਂ ਸੁਸਾ ਸਥਾਨਾ ॥੧੨॥

ਗੁਰੂ ਨਾਨਕ ਦੇਵ ਜੀ ਨੂੰ ਹਰੀ ਦਾ ਅਵਤਾਰ ਜਾਣ ਕੇ ਤੁਹਾਡੀ ਕੁਲ ਵਿਚ ਚਾਨਣ ਹੋਇਆ ਹੈ। ਫਿਰ ਉਹ ਜੰਗਲ ਵਿਚ ਜਾ ਬੈਠੇ। ਕਦੀ ਕਦੀ ਆਪਣੀ ਭੈਣ ਨੂੰ ਮਿਲਣ ਵਾਸਤੇ ਸੁਲਤਾਨਪੁਰ ਆਉਂਦੇ ਸਨ॥ ੧੨॥

ਸੁਨਿ ਕਰਿ ਕਾਲੁ ਰਿਸ ਉਪਜਾਈ। ਬਹੁ ਬਿਧਿ ਮੁਝ ਸੋਂ ਕੀਨਿ ਲਰਾਈ।
'ਨਾਨਕ ਕਰਤੋ ਬਹੁਤ ਕਮਾਈ। ਸੋ ਬਾਲੇ ਤੈਂ ਦੀਨਿ ਗਵਾਈ॥੧੩॥

ਇਹ ਸੁਣ ਕੇ ਮਹਿਤਾ ਕਾਲੂ ਬੜੇ ਗੁੱਸੇ ਵਿਚ ਆਏ ਅਤੇ ਮੇਰੇ ਨਾਲ ਕਈ ਪ੍ਰਕਾਰ ਲੜਾਈ ਕੀਤੀ। ਕਹਿਣ ਲੱਗੇ, "ਨਾਨਕ ਬਹੁਤ ਕਮਾਈ ਕਰਦਾ ਸੀ ਪਰ ਹੇ ਬਾਲੇ ! ਤੂੰ ਸਾਰੀ ਗਵਾ ਦਿੱਤੀ॥ ੧੩॥

ਦੋਹਰਾ- ਮੋਦੀ ਕ੍ਰਿਤ ਮਹਿਂ ਦਰਬ ਬਹੁ ਵਧਤਿ ਆਵਤੋ ਹਾਥ।
ਸੋ ਬਾਲੇ ਤੈਂ ਖੋਇ ਕਰ ਦੀਨ ਫਕੀਰਨ ਸਾਥ॥ ੧੪॥

ਮੋਦੀ ਕਿਰਤ ਵਿਚ ਧਨ ਦੀ ਬਹੁਤ ਕਮਾਈ ਹੁੰਦੀ ਸੀ, ਪਰ ਹੇ ਬਾਲੇ ! ਤੂੰ ਸਾਰੀ ਗਵਾ ਕੇ ਫਕੀਰਾਂ ਦਾ ਸਾਥ ਦਿੱਤਾ॥ ੧੪॥

ਚੌਪਈ- ਤਾਂਹਿ ਰਲਾਇ ਫਕੀਰਨ ਮਾਂਹੀ। ਕੁਲ ਉਧਰੀ ਤਬ ਮੁਝ ਸੋਂ ਪ੍ਰਾਹੀ।
ਸੁਖ ਸੋਂ ਆਪ ਆਨਿ ਘਰ ਬੈਸਾ। ਦਰਬ ਲੁਟਾਵਤਿ ਨਹੀਂ ਰਖੇਸਾ॥੧੫॥

ਉਸ ਨੂੰ ਫਕੀਰਾਂ ਨਾਲ ਰਲਾ ਕੇ ਮੈਨੂੰ ਕਹਿੰਦਾ ਹੈਂ ਕਿ ਮੇਰੀ ਕੁਲ ਦਾ ਉਧਾਰ ਹੋ ਗਿਆ ਹੈ। ਆਪ ਤਾਂ ਆਰਾਮ ਨਾਲ ਆਪਣੇ ਘਰ ਆ ਬੈਠਾ ਹੈਂ, ਧਨ ਸਾਰਾ ਲੁਟਾ ਦਿੱਤਾ ਹੈ ਅਤੇ ਆਪਣੇ ਪਾਸ ਕੁਝ ਨਹੀਂ ਰੱਖਿਆ॥ ੧੫॥

ਇਕਠੋ ਦਰਬ ਨ ਕਛੁ ਕਰਿਵਾਯੋ। ਜੋ ਆਵਤਿ ਸਭਿ ਬਾਦ ਲੁਟਾਯੋ।
ਖਾਵਤਿ ਖਰਚਤਿ ਇਕ ਸੀ ਜੋਰੀ। ਧਨ ਕੀ ਗਮੀ ਨ ਮਨ ਮੈਂ ਥੋਰੀ ॥੧੬॥

ਕੁਝ ਧਨ ਵੀ ਇੱਕਠਾ ਨਹੀਂ ਕਰਵਾਇਆ ਹੈ, ਜਦ ਵੀ ਆਉਂਦਾ ਸੀ ਸਭ ਬਾਅਦ ਵਿਚ ਲੁਟਾ ਦਿੱਤਾ ਹੈ। ਖਾਵਣ ਖਰਚਣ ਵਿਚ ਤੁਸੀਂ ਇਕੋ ਜੇਹੀ ਜੋੜੀ ਸੀ। ਧਨ ਗਵਾਚਣ ਦੀ ਚਿੰਤਾ ਤਾਂ ਤੁਹਾਡੇ ਮਨ ਵਿਚ ਰਤੀ ਭਰ ਵੀ ਨਹੀਂ ਹੈ॥ ੧੬॥

ਸੁਨਿ ਕਰਿ ਮੈਂ ਪੁਨ ਬਚਨ ਅਲਾਏ। 'ਸੁਤਾ ਸੁਤਾਪਤਿ ਬੂਝਹੁ ਜਾਏ।
ਬਿਨਾ ਲਖੇ ਕਿਉਂ ਕਰਿਹੋ ਰੋਸੂ। ਤਿਨਹਿਂ ਬੂਝਿ ਮੁਝ, ਦੀਜੈ ਦੋਸੂ॥੧੭॥

ਇਹ ਸੁਣ ਕੇ ਮੈਂ ਫਿਰ ਬਚਨ ਕਹੇ, "ਜੇ ਮੇਰੀ ਕੋਈ ਗੱਲ ਝੂਠੀ ਲੱਗਦੀ ਹੈ ਤਾਂ ਆਪਣੀ ਪੁੱਤਰੀ ਅਤੇ ਜਵਾਈ ਨੂੰ ਜਾ ਕੇ ਪੁਛ ਲਵੋ। ਸਮਝਣ ਤੋਂ ਬਗੈਰ ਮੇਰੇ ਤੇ ਕਿਉਂ ਰੋਸ ਕਰਦੇ ਹੋ, ਉਨ੍ਹਾ ਨੂੰ ਪੁੱਛ ਕੇ ਹੀ ਮੈਨੂੰ ਕੋਈ ਦੋਸ਼ ਦੇਵੋ॥ ੧੭॥

ਦੋਹਰਾ- ਬਹੁਤ ਬਰਖ ਮੈਂ ਆਪਨੀ ਦਈ ਕਮਾਈ ਖੋਇ।
ਸ੍ਰੀ ਨਾਨਕ ਸੰਗ ਰਹਤਿਓ, ਜਾਨਤਿ ਹੈ ਸਭਿ ਕੋਇ॥ ੧੮॥

ਬਹੁਤ ਸਾਲ ਤਕ ਮੈਂ ਆਪਣੀ ਕਮਾਈ ਗਵਾ ਦਿੱਤੀ ਹੈ, ਇਹ ਸਭ ਜਾਣਦੇ ਹਨ ਕਿ ਇਹ ਕਮਾਈ ਮੈਂ ਸ੍ਰੀ ਨਾਨਕ ਜੀ ਦੇ ਨਾਲ ਰਹਿ ਕੇ ਹੀ ਗਵਾਈ ਹੈ ॥ ੧੮॥

ਚੌਪਈ- ਧਨ ਕੀ ਮੁਝ ਕੋ ਰੰਚ ਨ ਚਾਹੀ। ਜਨਮ ਸੁਧਾਰ ਲਖੋਂ ਭਵ ਮਾਂਹੀ।
ਮੋਂ ਸੰਗ ਕਿਉ ਝਗਰਹੁ ਤੁਮ ਐਸੇ। ਬੂਝਹੁ ਸੁਤਾ ਭਈ ਬਿਧਿ ਜੈਸੇ ॥੧੯॥

ਧਨ ਦੀ ਮੈਨੂੰ ਰੰਚਤ ਭਰ ਵੀ ਚਾਹਿਤ ਨਹੀ ਹੈ, ਮੈਂ ਤਾਂ ਇਸ ਸੰਸਾਰ ਵਿਚ ਆਪਣਾ ਜਨਮ ਸੁਧਾਰਨਾ ਚਾਹੁੰਦਾ ਹਾਂ। ਮੇਰੇ ਨਾਲ ਤੁਸੀਂ ਇਸ ਤਰ੍ਹਾਂ ਕਿਉਂ ਝਗੜਦੇ ਹੋ, ਆਪਣੀ ਪੁੱਤਰੀ ਅਤੇ ਜਵਾਈ ਤੋਂ ਜਾ ਕੇ ਪੁੱਛੋ॥ ੧੯॥

ਇਹ ਬਿਧਿ ਸੁਨਿ ਕਾਲੂ ਤਹਿੰ ਗਯੋ। ਕਾਲ ਬਿਤੀਤ ਕੁਛਕ ਤਹਿੰ ਭਯੋ।
ਆਵਾ ਤਲਵੰਡੀ ਮਰਦਾਨਾ। ਨਿਜ ਪਰਵਾਰ ਮਿਲ੍ਯੋ ਸੁਖਮਾਨਾ ॥੨੦॥

ਇਹ ਕੁਝ ਸੁਣ ਕੇ ਮਹਿਤਾ ਕਾਲੂ ਓਥੋਂ ਚਲੇ ਗਿਆ। ਕੁਝ ਸਮਾਂ ਓਥੇ ਮੈਂ ਬਤੀਤ ਕੀਤਾ। ਫਿਰ ਮਰਦਾਨਾ ਤਲਵੰਡੀ ਆ ਗਿਆ, ਉਹ ਆਪਣੇ ਨਿਜੀ ਪਰਿਵਾਰ ਨਾਲ ਬੜੀ ਖੁਸ਼ੀ ਖੁਸ਼ੀ ਮਿਲਿਆ॥ ੨੦॥

ਸੁਨਿ ਕਾਲੂ ਪੁਨ ਲਯੋ ਬੁਲਾਈ। 'ਕਹੁ ਸੁਧਿ ਨਾਨਕ ਹੈ ਕਿਹ ਥਾਂਈ।
ਅਵਿਲੋਕ੍ਯੋ ਕੋ ਬਿਧਿ ਤਿਹ ਜਾਹੀ। ਰਹ੍ਯੋ ਬਾਵਰਾ ਕੈ ਸੁਧਿ ਪਾਈ?' ॥੨੧॥

ਜਦ ਕਾਲੂ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਕਿਹਾ, "ਨਾਨਕ ਬਾਰੇ ਖਬਰ ਦਸੋ, ਉਹ ਇਸ ਵੇਲੇ ਕਿੱਥੇ ਹੈ। ਉਸ ਨੂੰ ਕਿਸੇ ਤਰ੍ਹਾਂ ਵੇਖਿਆ ਜਾ ਸਕਦਾ ਹੈ, ਹਾਲੇ ਵੀ ਬਾਵਰਾ ਹੀ ਹੈ ਕਿ ਕੁਝ ਸੂਝਵਾਨ ਹੋ ਗਿਆ ਹੈ ?"॥ ੨੧॥

ਦੋਹਰਾ- 'ਸੁਧ ਨਾਨਕ ਕੀ ਲੇਹੁ ਤੁਮ ਸੁਨਹੁ ਕਾਨ ਜਜਮਾਨ!।
ਗਟੀ ਨ ਗੁਨਿਯੇ, ਤਿਨ ਕਰ੍ਯੋ ਸਭਿ ਕੁਲਿ ਕਾ ਕਲਜਾਨ॥ ੨੨॥

ਹੇ ਜਜਮਾਨ! ਮੈਂ ਤੁਹਾਨੂੰ ਨਾਨਕ ਦੀ ਖਬਰ ਭਲੀ ਭਾਂਤ ਦਿੰਦਾ ਹਾਂ, ਤੁਸੀ ਕੰਨ ਲਾ ਕੇ ਸੁਣੋ। ਉਸ ਦੇ ਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਉਸ ਨੇ ਤੁਹਾਡੀ ਕੁਲ ਦਾ ਕਲਿਆਨ ਕਰ ਦਿੱਤਾ ਹੈ॥ ੨੨॥

ਚੌਪਈ- ਪਰਮ ਰੂਪ ਪਰਮੇਸ਼੍ਰ ਪਰਾ। ਸੋ ਤੁਮ ਘਰ ਤਨ ਧਰਿ ਅਵਤਰਾ।
ਮੰਦਮਤੀ ਕਲਿਕਾਲ ਬਿਸਾਲਾ। ਛੁਟਵਾਵਹਿ ਬਹੁ ਨਰ ਜਮਜਾਲਾ ॥੨੩॥

ਉਹ ਪਰਮਰੂਪ ਪਰਮੇਸ਼ਵਰ ਹੈ, ਜੋ ਸਭ ਤੋਂ ਪਰ੍ਹੇ ਹੈ, ਪ੍ਰਭੂ ਨੇ ਤੁਹਾਡੇ ਘਰ ਵਿਚ ਦੇਹੀ ਧਾਰ ਕੇ ਅਵਤਾਰ ਧਾਰਿਆ ਹੈ। ਲੋਕਾਂ ਦੀ ਮੱਤ ਮਾਰੀ ਗਈ ਹੈ ਅਤੇ ਘੋਰ ਪਾਪ ਵੱਧ ਗਏ ਹਨ, ਉਹ ਇਨ੍ਹਾਂ ਸਾਰੇ ਲੋਕਾਂ ਨੂੰ ਜਮਫਾਸ ਵਿਚੋਂ ਛੁਡਾਵੇਗਾ॥ ੨੩॥

ਭੇਵ ਨ ਤਿਨ ਕੋ ਜਾਨਯੋ ਜਾਵਹਿ। ਕਰਮ ਹੇਰਿ ਅਚਰਜ ਉਰ ਆਵਹਿ।
ਪੀਰ ਮੀਰ ਨਹਿੰ ਸਮਸਰ ਕੋਈ। ਕਲਾ ਬਿਸਾਲ ਰਖੀ ਜਿਨ ਗੋਈ ॥੨੪॥

ਉਨ੍ਹਾਂ ਦਾ ਭੇਤ ਨਹੀਂ ਜਾਣਿਆ ਜਾ ਸਕਦਾ, ਉਨ੍ਹਾਂ ਦੇ ਕਾਰਨਾਮੇ ਵੇਖ ਕੇ ਹਿਰਦੇ ਵਿਚ ਬੜੀ ਹੈਰਾਨੀ ਹੁੰਦੀ ਹੈ। ਉਸ ਦੇ ਬਰਾਬਰ ਕੋਈ ਪੀਰ ਮੀਰ ਨਹੀਂ ਹੈ। ਉਸ ਨੇ ਵਿਸ਼ਾਲ ਕਲਾ ਲੁਕਾ ਕੇ ਰੱਖੀ ਹੋਈ ਹੈ॥ ੨੪॥

ਕਿਯੋ ਏਮਨਾਵਾਦ ਪਯਾਨਾ। ਹੌਂ ਭੀ ਗਯੋ ਸੰਗ ਤਿਂਹ ਥਾਨਾ।
ਟਿਕੇ ਤਹਾਂ ਮੈਂ ਅਯੋ ਅਵਾਸਾ। ਮਿਲਿ ਕਰਿ ਬਹੁਰ ਜਾਉਂ ਤਿਨ ਪਾਸਾ ॥੨੫॥

ਉਹ ਹੁਣ ਏਮਨਾਬਾਦ ਚਲੇ ਗਿਆ ਹੈ, ਮੈਂ ਵੀ ਉਸ ਥਾਂ ਉਨ੍ਹਾਂ ਦੇ ਨਾਲ ਗਿਆ ਸੀ। ਉਹ ਉਥੇ ਟਿਕ ਗਏ ਹਨ ਤਾਂ ਆਪਣੇ ਘਰ ਨੂੰ ਆਇਆ ਹਾਂ। ਸਾਰਿਆਂ ਨੂੰ ਮਿਲ ਕੇ ਮੈਂ ਫਿਰ ਉਨ੍ਹਾਂ ਪਾਸ ਚਲਾ ਜਾਵਾਂਗਾ॥ ੨੫॥

ਦੋਹਰਾ- ਸੁਨਿ ਸ੍ਰੋਨਨ ਮੈਂ ਬਚਨ ਇਹ ਕਾਲੂ ਰਿਸਿ ਅਧਿਕਾਇ।
ਭੇਦ ਨ ਸੁਤ ਕੋ ਜਾਨਿਹੀ, ਤਿਹ ਪ੍ਰਤਿ ਪਰੁਖ ਅਲਾਇ॥ ੨੬॥

ਭਾਈ ਮਰਦਾਨੇ ਦੀਆਂ ਇਹ ਗੱਲਾਂ ਸੁਣ ਕੇ ਮਹਿਤਾ ਕਾਲੂ ਬਹੁਤ ਗੁੱਸੇ ਵਿਚ ਆਏ। ਆਪਣੇ ਪੁੱਤਰ ਬਾਰੇ ਅਸਲ ਭੇਦ ਤਾਂ ਜਾਣਦਾ ਨਹੀਂ ਹੈ ਤੇ ਉਨ੍ਹਾਂ ਬਾਰੇ ਕਠੋਰ ਬਚਨ ਬੋਲਦਾ ਹੈ॥ ੨੬॥

ਚੌਪਈ- 'ਕਯਾ ਬੋਲਤਿ ਮੂਰਖ! ਮੁਖ ਬਾਤੀ। ਮੰਦ ਮਤੀ ਹੈ ਡੂਮ ਕੁਜਾਤੀ।
ਮੁਝ ਕੋ ਕਹੈ-ਭਯੋ ਅਵਤਾਰਾ। ਜਿਨ ਸਗਰੋ ਮਮ ਸਦਨ ਉਜਾਰਾ॥੨੭॥

ਮਹਿਤਾ ਕਾਲੂ ਨੇ ਕਿਹਾ, "ਓਏ ਮੂਰਖਾ! ਆਪਣੇ ਮੂੰਹ ਤੋਂ ਕੀ ਗੱਲਾਂ ਕਰਦਾ ਹੈ। ਹੇ ਡੂਮ! ਤੇਰੀ ਬੁੱਧੀ ਭ੍ਰਿਸ਼ਟ ਗਈ ਹੈ। ਮੇਰੇ ਉਸ ਪੁੱਤਰ ਨੂੰ ਅਵਤਾਰ ਦੱਸ ਰਿਹਾ ਹੈਂ ਜਿਸ ਨੇ ਮੇਰਾ ਸਾਰਾ ਘਰ ਹੀ ਉਜਾੜ ਦਿੱਤਾ ਹੈ॥ ੨੭॥

ਗਯੋ ਹਮਾਰੇ ਤੇ, ਮੈਂ ਜਾਨੀ। ਜਿਸ ਨੈ ਰੀਤਿ ਫਕੀਰੀ ਠਾਨੀ'।
ਇਉਂ ਕਹਿ ਮੋਚਤਿ ਲੋਚਨ ਨੀਰੂ। ਸੁਤ ਕੇ ਦੁਖ ਮੈਂ ਭਯੋ ਅਧੀਰੂ॥੨੮॥

ਮੈਂ ਤਾਂ ਹੁਣ ਸਮਝ ਲਿਆ ਹੈ ਕਿ ਉਹ ਹੁਣ ਸਾਡੇ ਕੰਮ ਦਾ ਨਹੀਂ ਰਿਹਾ, ਜਿਸ ਨੇ ਰੀਤੀ ਹੀ ਫਕੀਰਾਂ ਵਾਲੀ ਅਪਨਾ ਲਈ ਹੈ। ਇੰਝ ਕਹਿ ਕੇ ਅੱਖਾਂ ਵਿਚ ਹੰਝੂ ਕੇਰਦਾ ਹੈ, ਪੁੱਤਰ ਦੇ ਦੁੱਖ ਵਿਚ ਜ਼ਿਆਦਾ ਹੀ ਹੌਸਲਾ ਰਹਿਤ ਹੋ ਜਾਂਦਾ ਹੈ॥ ੨੮॥

ਰਾਇ ਨਿਕਟਿ ਕਿਹ ਜਾਇ ਸੁਨਾਵਾ। 'ਸੁਧਿ ਲੇ ਕਰਿ ਮਰਦਾਨਾ ਆਵਾ'।
ਹਰਖ ਅਧਿਕ ਕਰਿ ਨਿਕਟਿ ਬੁਲਾਵਾ। ਬੂਝਨ ਹਿਤ ਸੁਖ ਬਚਨ ਅਲਾਵਾ॥੨੯॥

ਰਾਇ ਬੁਲਾਰ ਪਾਸ ਚਲੇ ਗਿਆ ਤੇ ਉਸ ਨੂੰ ਜਾ ਕੇ ਕਿਹਾ, "ਮਰਦਾਨਾ ਗੁਰੂ ਨਾਨਕ ਦੀ ਖ਼ਬਰ ਲੈ ਕੇ ਆਇਆ ਹੈ।" ਰਾਇ ਬੁਲਾਰ ਨੇ ਖੁਸ਼ ਹੋ ਕੇ ਆਪਣੇ ਪਾਸ ਬੁਲਾਇਆ ਅਤੇ ਸੁੱਖ ਪੁਛਣ ਵਾਸਤੇ ਇਹ ਬਚਨ ਕਿਹਾ॥ ੨੯॥

ਦੋਹਰਾ- 'ਸ੍ਰੀ ਨਾਨਕ ਸੁਧਿ ਦੀਜਿਯੇ ਕੈਸੇ ਕੀਨੋ ਰੰਗ।
ਕੌਨ ਬੇਖ ਤਨ ਮੈਂ ਧਰਯੋ? ਕਯੋਂ ਤੈਂ ਤਜਯੋ ਸੁ ਸੰਗ?' ॥ ੩੦॥

"ਸ੍ਰੀ ਨਾਨਕ ਬਾਰੇ ਮੈਨੂੰ ਇਹ ਦੱਸੋ, ਅੱਜ ਕਲ ਕਿਹੜੇ ਰੰਗ ਵਿਚ ਹੈ। ਅੱਜ ਕਲ ਕਿਹੜਾ ਭੇਸ ਧਾਰਨ ਕੀਤਾ ਹੈ ਅਤੇ ਤੂੰ ਉਸਦਾ ਸਾਥ ਕਿਉਂ ਛੱਡਿਆ ਹੈ?"॥ ੩੦॥

ਚੌਪਈ- ਕਹਿ ਮਰਦਾਨਾ 'ਸੁਨਿਯੇ ਰਾਇ!। ਨਾਨਕ ਧਾਰਯੋ ਰੂਪ ਖੁਦਾਇ।
ਕਿਹ ਕੀ ਉਪਮਾ ਦੇਵੋਂ ਤਾਂਹੀ। ਤਿਨ ਕੀ ਸਮ ਕੋ ਦੀਸਤਿ ਨਾਹੀ॥੩੧॥

ਮਰਦਾਨਾ ਕਹਿਣ ਲੱਗਾ, "ਹੇ ਰਾਇ ਜੀ! ਸੁਣੋ, ਸ੍ਰੀ ਨਾਨਕ ਨੇ ਖੁਦਾ ਦਾ ਰੂਪ ਧਾਰਨ ਕੀਤਾ ਹੈ, ਮੈਂ ਉਸ ਦੀ ਕਿਸ ਤਰ੍ਹਾਂ ਉਪਮਾ ਤੁਹਾਨੂੰ ਦੱਸਾਂ, ਉਸ ਵਰਗਾ ਤਾਂ ਇਸ ਸੰਸਾਰ ਵਿਚ ਕੋਈ ਦਿਸਦਾ ਨਹੀਂ॥ ੩੧॥

ਨਰ ਮਹਿਂ ਐਸੇ ਕਰਮ ਨ ਕੋਊ। ਜਿਹ ਬਿਧਿ ਕੇ ਜਗ ਕਰਿਹੀ ਸੋਊ।
ਪੀਰਨ ਕੇ ਸਿਰ ਰਾਜਤਿ ਪੀਰਾ। ਮੀਰਨ ਕੇ ਸਿਰ ਮੀਰ ਗੰਭੀਰਾ॥ ੩੨॥

ਮਨੁੱਖਾਂ ਵਿਚ ਅਜਿਹਾ ਕੋਈ ਕਰਮ ਨਹੀਂ ਹੈ, ਜਿਹੜਾ ਕਿ ਇਸ ਜੱਗ ਵਿਚ ਉਨ੍ਹਾਂ ਵਰਗੀ ਕੀਰਤੀ ਕਰ ਸਕੇ। ਉਹ ਪੀਰਾਂ ਦੇ ਸਿਰ ਪੀਰ ਹਨ ਅਤੇ ਮੀਰਨ ਦੇ ਸਿਰ ਬੜੇ ਗੰਭੀਰ ਮੀਰ ਹਨ॥ ੩੨॥

ਦੂਖ ਨ ਭੂਖ ਨ ਵਜਾਪਹਿ ਕੋਊ। ਕਲਾਵਾਨ ਚਾਹੇ ਕਰਿ ਸੋਊ।'
'ਸਾਧੁ ਸਾਧੁ' ਸੁਨਿ ਭਾਖਤਿ ਰਾਊ। 'ਜਸੁ ਅਸੁਹੀ ਜਸ ਕੀਨੋ ਗਾਊ॥੩੩॥

ਉਨਾਂ ਨੂੰ ਦੁੱਖ ਭੁਖ ਨਹੀਂ ਲੱਗਦੀ ਹੈ, ਬੜਾ ਕਲਾਵਾਨ ਹੈ, ਜੋ ਚਾਹੇ ਕਰਦਾ ਹੈ। ਰਾਇ ਬੁਲਾਰ ਗੁਰੂ ਜੀ ਨੂੰ 'ਸਾਧਿ ਸਾਧਿ' ਕਹਿ ਕੇ ਬੋਲਿਆ। "ਉਸ ਦਾ ਜੱਸ ਐਸਾ ਹੀ ਹੈ ਜਿਸ ਤਰ੍ਹਾਂ ਦਾ ਤੂੰ ਕੀਤਾ ਹੈ"॥ ੩੩॥

ਦੋਹਰਾ- ਬਿਰਧਿ ਭਈ ਮਮ ਦੇਹਿ ਅਬ, ਮਰਦਾਨਾ! ਸੁਨਿ ਬੈਨ।
ਕੈਸੇ ਦਰਸ਼ਨ ਹੌਂ ਕਰੌਂ ਸ੍ਰੀ ਮੁਖ ਕਰੁਨਾਐਨ॥ ੩੪॥

ਮੇਰੀ ਦੇਹੀ ਹੁਣ ਬਹੁਤ ਬਿਰਧ ਹੋ ਗਈ ਹੈ, ਹੇ ਮਰਦਾਨਾ! ਮੇਰੇ ਬਚਨ ਸੁਣ, ਮੈਂ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ਦੇ ਦਰਸ਼ਨ ਹੁਣ ਕਿਵੇਂ ਕਰ ਸਕਾਂਗਾ॥ ੩੪॥

ਚੌਪਈ- ਚਿਤ ਚਕੋਰ ਕੋ ਚਾਹਿ ਬਿਸਾਲਾ। ਰਾਂਕਾ ਸ਼ਸ਼ਿ ਸੋਂ ਦਰਸ ਦਯਾਲਾ।
ਚਿਤ ਚਾਤ੍ਰਿਕ ਕੋ ਸ੍ਵਾਂਤਿ ਸਰੂਪਾ। ਮਨ ਮਲਿੰਦ ਪਦ ਕੰਜ ਅਨੂਪਾ॥੩੫॥

ਚਕੋਰ ਵਾਂਗ ਚੰਦ ਰੂਪ ਗੁਰੂ ਜੀ ਦੇ ਦਰਸ਼ਨ ਕਰਨ ਦੀ ਮੇਰੀ ਵਿਸ਼ਾਲ ਚਾਹਿਤ ਹੈ। ਉਹ ਤਾਂ ਮੇਰੇ ਚਕੋਰ ਰੂਪ ਚਿਤ ਵਾਸਤੇ ਪੂਰਨਮਾਸ਼ੀ ਦਾ ਚੰਦ੍ਰਮਾ ਹਨ। ਮੇਰੇ ਚਾਤ੍ਰਿਕ ਰੂਪ ਚਿਤ ਵਾਸਤੇ ਉਹ ਸਵਾਂਤ ਸਰੂਪ ਹਨ। ਮੇਰਾ ਮਨ ਸੋਹਣੇ ਚਰਨ ਕੰਵਲਾਂ ਦਾ ਭੌਰਾ ਹੈ॥ ੩੫॥

ਕਰਿ ਮਰਦਾਨੇ! ਕਾਰਜ ਮੇਰਾ। ਹੋਵੌਂ ਰਿਣੀ ਸਦਾ ਮੈਂ ਤੇਰਾ।
ਤਵ ਅਸਾਨ ਕਬਿ ਮਨ ਨ ਭੁਲਾਊਂ। ਜੇ ਦਰਸ਼ਨ ਨਾਨਕ ਅਬ ਪਾਊਂ॥੩੬॥

ਹੇ ਮਰਦਾਨੇ! ਮੇਰਾ ਕਾਰਜ ਕਰੋ। ਮੈਂ ਸਦਾ ਹੀ ਤੇਰਾ ਰਿਣੀ ਰਹਾਂਗਾ। ਤੇਰਾ ਅਹਿਸਾਨ ਮੈਂ ਕਦੀ ਵੀ ਨਹੀਂ ਭੁਲਾਵਾਂਗਾ, ਜੇ ਮੈਂ ਹੁਣ ਸ੍ਰੀ ਨਾਨਕ ਦੇ ਦਰਸ਼ਨ ਕਰ ਲਵਾਂ॥ ੩੬॥

ਕਰਿ ਮੁਝ ਪਰ ਇਹ ਪਰਉਪਕਾਰਾ। ਦਰਸਾਵਹੁ ਦਰਸ਼ਨ ਇਕ ਬਾਰਾ।
ਜਿਉਂ ਰੰਕਹਿ ਕੋ ਪਾਰਸ ਦੇਈ। ਜਸ ਆਮੀ ਕੋ ਆਮ ਮਿਟੇਈ॥ ੩੭॥

ਮੇਰੇ ਉਤੇ ਇਹ ਪਰਉਪਕਾਰ ਕਰੋ, ਮੈਨੂੰ ਇਕ ਵਾਰ ਉਨ੍ਹਾਂ ਦੇ ਦਰਸ਼ਨ ਕਰਵਾਵੋ। ਜਿਵੇਂ ਕਿਸੇ ਗਰੀਬ ਨੂੰ ਪਾਰਸ ਮਿਲ ਜਾਵੇ, ਜਿਵੇਂ ਰੋਗੀ ਦਾ ਰੋਗ ਦੂਰ ਹੋ ਜਾਵੇ"॥ ੩੭॥

ਦੋਹਰਾ- ਬੋਲਜੋ ਮਰਦਾਨਾ ਬਚਨ 'ਤੁਮਰਾ ਕਾਰਜ ਰਾਇ!
ਕਿਉਂ ਨ ਕਰੌਂ ਮੈਂ ਬੇਗ ਸੋਂ ਜਿਹਤੇ ਸਭਿ ਸੁਖ ਪਾਇ॥ ੩੮॥

ਮਰਦਾਨੇ ਨੇ ਬਚਨ ਕੀਤੇ, "ਹੇ ਰਾਇ ਜੀ! ਤੁਹਾਡਾ ਕਾਰਜ ਮੈਂ ਛੇਤੀ ਕਿਉਂ ਨਹੀਂ ਕਰਾਂਗਾ? ਜਿਸ ਨਾਲ ਤੁਹਾਨੂੰ ਸਭ ਸੁਖ ਪ੍ਰਾਪਤ ਹੋਣ॥ ੩੮॥

ਚੌਪਈ- ਪੁਨਿ ਨਾਨਕ ਮਮ ਪਾਨਹਿਂ ਨਾਂਹੀ। ਹੇਰਨ ਚਾਹਿ ਜਿ ਤੁਮ ਮਨ ਮਾਂਹੀ।
ਬਾਲੇ ਕੋ ਬੁਲਾਇ ਦਿਹੁ ਸੰਗਾ। ਦੋਨੋ ਗਮਨੇਂ ਸਹਿਤ ਉਮੰਗਾ॥ ੩੯॥

ਪਰ ਨਾਨਕ ਮੇਰੇ ਹੱਥ ਵਿਚ ਨਹੀਂ ਹੈ। ਜੇ ਤੁਸੀਂ ਆਪਣੇ ਮਨ ਵਿਚ ਵੇਖਣਾ ਚਾਹੋ ਤਾਂ ਬਾਲੇ ਨੂੰ ਬੁਲਾ ਕੇ ਮੇਰੇ ਨਾਲ ਭੇਜੋ। ਅਸੀਂ ਦੋਵੇਂ ਬੜੇ ਚਾਅ ਨਾਲ ਜਾਵਾਂਗੇ॥ ੩੯॥

ਜਾਇ ਅਗਾਰੀ ਬਿਨਤੀ ਕਰਿਹੀਂ। ਤੁਮ ਆਇਸ ਕੋ ਸਿਰ ਪਰ ਧਰਿਹੀਂ।
ਜਬ ਹੀ ਸੁਨੈਂ ਸੰਦੇਸ ਤੁਮਾਰੇ। ਆਵਹਿਗੇ ਤਬ ਲੇਹੁ ਨਿਹਾਰੇ॥ ੪੦॥

ਓਥੇ ਜਾ ਕੇ ਬੇਨਤੀ ਕਰਾਂਗੇ ਅਤੇ ਤੁਹਾਡੇ ਹੁਕਮ ਨੂੰ ਸਿਰ ਤੇ ਧਰਾਂਗੇ। ਜਦ ਵੀ ਗੁਰੂ ਜੀ ਤੁਹਾਡਾ ਸੰਦੇਸ਼ ਸੁਣਗੇ ਤਾਂ ਉਹ ਬੜੇ ਪਿਆਰ ਨਾਲ ਮਿਲਣ ਵਾਸਤੇ ਆਉਣਗੇ॥ ੪੦॥

ਅਬਹਿ ਏਮਨਾਵਾਦ ਟਿਕੇਈ। ਆਨਹਿੰ ਜਾਇ, ਨ ਅਨਤ ਸਿਧੇਈ'।
ਹਰਖਜੋ ਰਾਇ ਬਚਨ ਤਿਹ ਮਾਨੇ। 'ਸਤਿ ਕਹਤਿ ਹੈ ਤੂੰ ਮਰਦਾਨੇ' ॥੪੧॥

ਹੁਣ ਏਮਨਾਬਾਦ ਟਿਕੇ ਹੋਏ ਹਨ, ਹੁਣ ਜਾ ਕੇ ਲੈ ਆਈਏ ਕਿਤੇ ਹੋਰ ਥਾਂ ਨਾ ਚਲੇ ਜਾਣ''। ਮਰਦਾਨੇ ਦੀ ਗੱਲ ਮੰਨ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ ਅਤੇ ਕਿਹਾ, ''ਹੇ ਮਰਦਾਨੇ ਤੂੰ ਸੱਚ ਕਹਿ ਰਿਹਾ ਹੈਂ''॥ ੪੧॥

ਦੋਹਰਾ- ਭਨਤਿ ਭਯੋ ਬਾਲਾ ਸੁਨਹੁ ਸ੍ਰੀ ਅੰਗਦ ਗਤਿਦਾਇ!
ਭੇਜਜੋ ਮਾਨਵ ਨਿਕਟ ਮੁਝ ਲੀਨੋ ਬੇਗ ਬੁਲਾਇ॥ ੪੨॥

ਫਿਰ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ, ''ਹੇ ਮੁਕਤੀਦਾਤੇ! ਫਿਰ ਰਾਇ ਬੁਲਾਰ ਨੇ ਇਕ ਬੰਦੇ ਨੂੰ ਮੈਨੂੰ ਬੁਲਾਉਣ ਵਾਸਤੇ ਭੇਜਿਆ॥ ੪੨॥

ਚੌਪਈ- 'ਕਰਿ ਕਾਰਜ ਬਾਲੇ ਮੁਝ ਮੀਤਾ! ਸ੍ਰੀ ਨਾਨਕ ਕੀ ਤੁਝ ਬਹੁ ਪ੍ਰੀਤਾ।
ਮਰਦਾਨੇ ਕੇ ਸੰਗ ਸਿਧਾਵਹੁ। ਕਰਹੁ ਕ੍ਰਿਤਾਰਥ ਨਾਨਕ ਲਜਾਵਹੁ॥੪੩॥

ਮੈਨੂੰ ਕਹਿਣ ਲੱਗੇ, ''ਹੇ ਬਾਲੇ! ਮੇਰੇ ਮਿੱਤਰ, ਮੇਰਾ ਇਹ ਕੰਮ ਕਰੋ। ਸ੍ਰੀ ਨਾਨਕ ਨਾਲ ਤੇਰੀ ਬਹੁਤ ਪ੍ਰੀਤ ਹੈ। ਮਰਦਾਨੇ ਦੇ ਨਾਲ ਜਾਵੋ, ਅਤੇ ਮੇਰੇ ਤੇ ਕਿਰਪਾ ਕਰਕੇ ਸ੍ਰੀ ਨਾਨਕ ਨੂੰ ਇਥੇ ਲਿਆਵੋ॥ ੪੩॥

ਜੇਕਰਿ ਨਹਿਂ ਆਵਹਿ ਤੁਮ ਕਹੇ। ਮਮ ਬਿਨਤੀ ਭਨਿਯੋ ਪਦ ਗਹੇ।
ਏਕ ਵਾਰ ਚਲਿ ਦਰਸ਼ਨ ਦੀਜੈ। ਕਹਿਯੋ ਤਿਨ ਕੋ ਕਰੁਨਾ ਕੀਜੈ' ॥੪੪॥

ਜੇ ਉਹ ਤੁਹਾਡੇ ਕਹੇ ਤੇ ਨਾ ਆਉਣ ਤਾਂ ਚਰਨਾਂ ਨੂੰ ਫੜ ਕੇ ਮੇਰੀ ਬੇਨਤੀ ਕਰ ਦੇਣਾ। ਇਹ ਕਹਿਣਾ ਕਿ ਇਕ ਵਾਰ ਚਲ ਕੇ ਦਰਸ਼ਨ ਦੇਵੋ। ਉਨ੍ਹਾਂ ਨੂੰ ਇਹ ਕਹਿਣਾ ਕਿ ਜ਼ਰੂਰ ਕਿਰਪਾ ਕਰੋ''॥ ੪੪॥

ਮੈਂ ਬੋਲਯੋ 'ਭੋ ਰਾਇ ਬੁਲਾਰੂ!। ਤੁਮਰੇ ਕਹੇ ਜਾਉਂ ਸਤਿ ਵਾਰੂ।
ਸ੍ਰੀ ਨਾਨਕ ਸੋਂ ਹੇਤ ਤੁਮਾਰਾ। ਆਵਹਿੰਗੇ ਨਹਿਂ ਲਾਇ ਅਵਾਰਾ॥੪੫॥

ਮੈਂ ਫਿਰ ਰਾਇ ਬੁਲਾਰ ਨੂੰ ਕਿਹਾ, ''ਮੈਂ ਤੁਹਾਡੇ ਕਹੇ ਸੱਤ ਵਾਰ ਜਾਣ ਨੂੰ ਤਿਆਰ ਹਾਂ, ਸ੍ਰੀ ਨਾਨਕ ਨਾਲ ਤੁਹਾਡਾ ਬੜਾ ਪਿਆਰ ਹੈ, ਕਿਸੇ ਦੇਰੀ ਤੋਂ ਬਗੈਰ ਲੈ ਆਵਾਂਗੇ॥ ੪੫॥

ਭਗਤਿ ਵਛਲਤਾ ਤਿਨ ਕੋ ਬਿਰਦਾ। ਜਿਨਕੇ ਧਯਾਨ ਬਿਨਾਸਹਿ ਪਰਦਾ।
ਚੇਤਹਿਂ ਬਾਰਿ ਬਾਰਿ ਤੁਮ ਤਾਂਈ। ਦੀਨਬੰਧੁ ਸ੍ਰੀ ਪ੍ਰਭੁ ਜਗ ਸਾਂਈ' ॥੪੬॥

ਉਨ੍ਹਾਂ ਦੀ ਸਭ ਤੋਂ ਵੱਡੀ ਵਡਿਆਈ ਹੈ ਕਿ ਉਹ ਭਗਤ ਵਛਲ ਹਨ, ਆਪਣੇਂ ਭਗਤਾਂ ਦੀ ਪੈਜ ਰਖਦੇ ਹਨ, ਜਿਸ ਵਲ ਵੀ ਉਹ ਆਪਣੀ ਦਰਿਸ਼ਟੀ ਕਰਦੇ ਹਨ, ਉਸ ਦਾ ਹਉਮੈ ਦਾ ਪਰਦਾ ਮਿਟ ਜਾਂਦਾ ਹੈ। ਉਨ੍ਹਾਂ ਨੂੰ ਬਾਰ ਬਾਰ ਯਾਦ ਕਰਦੇ ਹਨ, ਉਹ ਦੀਨ ਬੰਧੂ ਜਗ ਦੇ ਮਾਲਕ ਹਨ''॥ ੪੬॥

ਦੋਹਰਾ- ਸੁਨਿ ਕਰਿ ਹਰਖਜੋ ਰਾਇ ਉਰ 'ਸ੍ਰੀ ਨਾਨਕ ਢਿਗ ਆਨਿ।
ਕਰਿ ਹੈ ਭਲਾ ਖੁਦਾਇ ਤੁਝ, ਪਰਉਪਕਾਰ ਪਛਾਨ'॥ ੪੭॥

ਇਹ ਸੁਣ ਕੇ ਰਾਇ ਬੁਲਾਰ ਬਹੁਤ ਪ੍ਰਸੰਨ ਹੋਇਆ ਅਤੇ ਕਿਹਾ, 'ਸ੍ਰੀ ਨਾਨਕ ਜੀ ਨੂੰ ਮੇਰੇ ਪਾਸ ਲੈ ਆਵੋ। ਖੁਦਾਵੰਦ ਕਰੀਮ ਤੁਹਾਡਾ ਭਲਾ ਕਰੇਗਾ, ਇਸ ਨੂੰ ਤੁਸੀਂ ਵੱਡਾ ਪਰਉਪਕਾਰ ਸਮਝੋ'॥ ੪੭॥

ਚੌਪਈ- ਬਾਲਾ ਅਰ ਮਰਦਾਨਾ ਦੋਊ। ਭਏ ਤਯਾਰ ਚਲਨ ਕੋ ਸੋਊ।
ਤੂਰਨ ਗਏ ਨ ਕਰੀ ਅਵਾਰੂ। ਨਗਰ ਏਮਨਾਬਾਦ ਮਝਾਰੂ॥ ੪੮॥

ਬਾਲਾ ਅਤੇ ਮਰਦਾਨਾ ਦੋਵੇਂ ਚਲਣ ਵਾਸਤੇ ਤਿਆਰ ਹੋ ਗਏ। ਉਹ ਤੁਰੰਤ ਚਲੇ ਗਏ ਅਤੇ ਕੋਈ ਦੇਰੀ ਨਾ ਕੀਤੀ ਅਤੇ ਜਾ ਏਮਨਾਬਾਦ ਨਗਰ ਵਿਚ ਪਹੁੰਚ ਗਏ॥ ੪੮॥

ਜਹਿ ਬੈਸੇ ਅਘ ਓਘ ਨਿਕੰਦਨ। ਜਾਇ ਕਰੀ ਜੁਗ ਪਦ ਪਰ ਬੰਦਨ।
'ਚਿਤ ਮਹਿਂ ਚਿੱਤ ਨਿੱਤ ਕਰਤਾਰੇ'। ਬੂਝੀ ਕੁਸ਼ਲ ਛੇਮ ਸਤਿਕਾਰੇ॥੪੯॥

ਜਿੱਥੇ ਪਾਪਾਂ ਦੇ ਸਮੂਹ ਨੂੰ ਨਾਸ ਕਰਨ ਵਾਲੇ ਭਾਵ-ਗੁਰੂ ਜੀ ਬੈਠੇ ਸਨ, ਓਥੇ ਪਹੁੰਚ ਗਏ ਅਤੇ ਜਾ ਕੇ ਦੋਵਾਂ ਨੇ ਦੋਹਾਂ ਚਰਨਾਂ 'ਤੇ ਮੱਥਾ ਟੇਕਿਆ। ਜਿਨ੍ਹਾਂ ਦੇ ਚਿਤ ਵਿਚ ਸਦਾ ਕਰਤਾਰ ਵੱਸਦਾ ਹੈ। ਉਨ੍ਹਾਂ ਰਾਇ ਬੁਲਾਰ ਬਾਰੇ ਸਾਰੀ ਗੱਲ ਬੜੇ ਸਤਿਕਾਰ ਨਾਲ ਪੁੱਛੀ॥ ੪੯॥

'ਖੁਸ਼ੀ ਸਕਲ ਹੈ ਰਾਇ ਸਰੀਰੂ'। ਸੁਨਿ ਬਾਲਾ ਬੋਲਜੋ ਉਰ ਧੀਰੂ॥
'ਤੁਮਨੈ ਸਭਿਹਿ ਕੁਸ਼ਲ ਕਰਿ ਦੀਨੀ। ਰਾਇ ਬਿਨੈ ਰਾਵਰ ਸੋ ਕੀਨੀ॥੫੦॥

"ਰਾਇ ਬੁਲਾਰ ਬਿਲਕੁਲ ਠੀਕ ਅਤੇ ਤੰਦਰੁਸਤ ਹੈ," ਇਹ ਸੁਣ ਕੇ ਬਾਲਾ ਹਿਰਦੇ ਵਿਚ ਧੀਰਜ ਧਾਰਨ ਕਰਕੇ ਬੋਲਿਆ, "ਤੁਸੀਂ ਸਭ ਕੁਝ ਰਾਜ਼ੀ ਬਾਜ਼ੀ ਕਰ ਦਿਤਾ ਹੈ। ਰਾਇ ਬੁਲਾਰ ਨੇ ਤੁਹਾਡੇ ਅੱਗੇ ਇਕ ਬੇਨਤੀ ਕੀਤੀ ਹੈ"॥ ੫੦॥

ਦੋਹਰਾ- ਕਰ ਬੰਦੇ ਬੰਦਨ ਕਰੀ ਰਿਦੈ ਭਯੋ ਅਤਿ ਦੀਨ।
ਤੁਮ ਦਰਸ਼ਨ ਕੀ ਲਾਲਸਾ ਕਮਲ ਅਰਕ ਜਿਉਂ ਹੀਨ॥ ੫੧॥

ਹੱਥ ਜੋੜ ਕੇ ਬੰਦਨਾਂ ਕਰਕੇ ਉਹ ਹਿਰਦੇ ਵਿਚ ਬਹੁਤ ਦੀਨ ਹੋਇਆ ਹੈ, ਉਸ ਦੇ ਦਿਲ ਵਿਚ ਤੁਹਾਡੇ ਦਰਸ਼ਨਾਂ ਦੀ ਲਾਲਸਾ ਹੈ, ਜਿਵੇਂ ਕੰਵਲ ਫੁਲ ਸੂਰਜ ਤੋਂ ਬਗੈਰ ਕੁਮਲਾ ਜਾਂਦਾ ਹੈ॥ ੫੧॥

ਚੌਪਈ- ਕਰਹੁ ਮਨੋਰਥ ਪੂਰਨ ਤਿਸਕੋ। ਪਦ ਪੰਕਜ ਮਹਿਂ ਪ੍ਰੇਮੰ ਜਿਸਕੋ।
ਜਿਉਂ ਸੁਕਤਾ ਸਾਗਰ ਪਰ ਤਰਿਹੀ। ਸ੍ਵਾਂਤਿ ਬੂੰਦ ਤਿਹ ਮੁਖ ਮਹਿਂ ਪਰਿਹੀ॥੫੨॥

ਉਸ ਦਾ ਮਨੋਰਥ ਅਵੱਸ਼ ਪੂਰਾ ਕਰੋ, ਉਸ ਨੂੰ ਤੁਹਾਡੇ ਚਰਨ ਕੰਵਲਾਂ ਨਾਲ ਬਹੁਤ ਪ੍ਰੇਮ ਹੈ, ਜਿਵੇਂ ਸਿੱਪੀ ਸਾਗਰ ਤੇ ਤਰਦੀ ਰਹਿੰਦੀ ਹੈ ਅਤੇ ਹਰ ਵੇਲੇ ਇਹ ਲਾਲਸਾ ਰਖਦੀ ਹੈ ਕਿ ਕਿਹੜੇ ਵੇਲੇ ਸਵਾਂਤ ਬੂੰਦ ਉਸ ਦੇ ਮੁੱਖ ਵਿਚ ਪੈ ਜਾਵੇ॥ ੫੨॥

ਤਿਉਂ ਤੁਮ ਅਪਨਾ ਬਿਰਦ ਸੰਭਾਰੀ। ਚਲਿ ਕਰਿ ਦਰਸ਼ਨ ਦਿਹੁ ਇਕਵਾਰੀ'।
ਸੁਨਿ ਕਰਿ ਸ੍ਰੀ ਮੁਖ ਬਚਨ ਉਚਾਰੇ। 'ਕਾਲੂ ਕਰਿਹੀ ਕਲਹਿ ਨਿਹਾਰੇ॥੫੩॥

ਤੁਸੀਂ ਵੀ ਆਪਣੇ ਭਲੇ ਸੁਭਾਵ ਨੂੰ ਸੰਭਾਲੋ ਅਤੇ ਚਲ ਕੇ ਇਕ ਵਾਰ ਉਨ੍ਹਾਂ ਨੂੰ ਦਰਸ਼ਨ ਦੇਵੋ। ਇਹ ਸੁਣ ਕੇ ਗੁਰੂ ਜੀ ਨੇ ਬਚਨ ਉਚਾਰੇ, "ਇਹ ਵੇਖ ਕੇ ਮੇਰੇ ਪਿਤਾ ਕਾਲੂ ਜੀ ਬਹੁਤ ਕਲੇਸ਼ ਖੜਾ ਕਰ ਦੇਣਗੇ॥ ੫੩॥

ਮਿਲਨਾ ਰਾਇ ਜਰੂਰਹਿ ਜਾਈ'। ਸੋਚ ਬਿਮੋਚਹਿ ਸੋਚਹਿਂ ਆਈ,
'ਕਿਹ ਬਿਧਿ ਕਰਹਿਂ? ਰਾਇ ਉਰ ਪ੍ਰੀਤਾ। ਤਿਹ ਬਚ ਕਰਿ ਨ ਜਾਇ ਬਿਪਰੀਤਾ॥੫੪॥

ਰਾਇ ਬੁਲਾਰ ਨੂੰ ਜ਼ਰੂਰ ਜਾ ਕੇ ਮਿਲਣਾ ਹੈ," ਚਿੰਤਾਵਾਂ ਦੂਰ ਕਰਨ ਵਾਲੇ ਨੂੰ ਸੋਚਾਂ ਆਈਆਂ "ਕਿਸ ਢੰਗ ਨਾਲ ਰਾਇ ਨਾਲ ਪ੍ਰੀਤ ਕਰੀਏ। ਉਸ ਦਾ ਬਚਨ ਤਾਂ ਕਦੀ ਵੀ ਮੋੜਿਆ ਨਹੀਂ ਜਾ ਸਕਦਾ"॥ ੫੪॥

ਦੋਹਰਾ- ਮੈਂ ਪੁਨਿ ਬੋਲਯੋ 'ਇਵ ਕਹਯੋ ਤੁਮ ਸੋਂ ਰਾਇ ਬੁਲਾਰ।
ਜੇ ਹੋਵਹਿ ਬਲ ਤਨ ਵਿਖੈ ਆਵੌਂ ਸਿਰ ਕੇ ਭਾਰ॥ ੫੫॥

ਭਾਈ ਬਾਲੇ ਨੇ ਫਿਰ ਕਿਹਾ, "ਰਾਇ ਬੁਲਾਰ ਨੇ ਮੈਨੂੰ ਕਿਹਾ ਸੀ ਕਿ ਬਿਰਧ ਹੋਣ ਕਰਕੇ ਉਹ ਬਹੁਤ ਕਮਜ਼ੋਰ ਹੋ ਗਿਆ ਹੈ, ਨਹੀਂ ਤਾਂ ਸਿਰ ਦੇ ਭਾਰ ਚਲ ਕੇ ਤੁਹਾਡੇ ਦਰਸ਼ਨਾਂ ਵਾਸਤੇ ਆ ਜਾਂਦਾ॥ ੫੫॥

ਚੌਪਈ- ਬੈਸ ਬਿਰਧ, ਬਿਹਬਲ ਭੀ ਦੇਹੀ। ਲੋਚਨ ਗੋਚਰ ਹੀਣ ਸਨੇਹੀ।
ਦਰਸ਼ਨ ਦਾਨ ਆਨਿ ਗਤਿ ਦਾਨਾ। ਦੇਵਹਿਂ,ਸਫਲ ਜਨਮ ਤਬ ਮਾਨਾ॥੫੬॥

ਉਮਰ ਬੜੀ ਬਿਰਧ ਹੈ, ਦੇਹੀ ਬੜੀ ਵਿਆਕੁਲ ਹੈ, ਨੇਤਰਾਂ ਤੋਂ ਘੱਟ ਦਿੱਸਦਾ ਹੈ, ਹੇ ਮੁਕਤੀ ਦਾਤੇ! ਆ ਕੇ ਦਰਸ਼ਨ ਦੇਵੋ, ਫਿਰ ਮੈਂ ਆਪਣਾ ਜਨਮ ਸਫਲ ਹੋ ਗਿਆ ਮੰਨਾਂਗਾ॥ ੫੬॥

ਜਿਉਂ ਸਰਿਤਾ ਨਿਸ਼ਫਲ ਬਿਨਬਾਰੀ। ਹੀਨਮਯੰਕ ਸਰਬਰੀ ਕਾਰੀ।
ਜਿਉਂ ਅਨਾਥ ਬਿਨ ਭਰਤਾ ਨਾਰੀ। ਤਿਉਂ ਤੁਮ ਮਯ ਬਿਨ ਦੇਹ ਹਮਾਰੀ'॥੫੭॥

ਜਿਵੇਂ ਜਲ ਤੋਂ ਬਗੈਰ ਨਦੀ ਨਿਸ਼ਫਲ ਹੈ, ਬਿਨਾਂ ਚੰਦਰਮਾਂ ਦੇ ਰਾਤ ਕਾਲੀ ਹੁੰਦੀ ਹੈ, ਜਿਵੇਂ ਪਤੀ ਦੇ ਬਗੈਰ ਨਾਰੀ ਅਨਾਥ ਹੁੰਦੀ ਹੈ। ਇਸ ਤਰ੍ਹਾਂ ਤੁਹਾਡੀ ਕਿਰਪਾ ਬਿਨਾਂ ਮੇਰੀ ਦੇਹੀ ਹੈ"॥ ੫੭॥

ਸ੍ਰੀ ਮੁਖ ਕਹਿ 'ਜੋ ਰਾਇ ਉਚਾਰਾ। ਤਿਸਕਾ ਹੈ ਹਮਰੇ ਸਿਰ ਭਾਰਾ।
ਚਲਿ ਉਤਾਰ ਆਵਹਿਂ ਅਬ ਬਾਲਾ!' ਲਾਲੋ ਸੋਂ ਬੋਲੇ ਤਿਹ ਕਾਲਾ॥੫੮॥

ਜੋ ਕੁਝ ਮੁਖ ਤੋਂ ਕਹਿ ਕੇ ਰਾਇ ਬੁਲਾਰ ਨੇ ਸਾਨੂੰ ਕਿਹਾ ਹੈ, ਉਨ੍ਹਾਂ ਬਚਨਾਂ ਦਾ ਸਾਡੇ ਸਿਰ ਵੱਡਾ ਭਾਰ ਹੈ। ਚਲ ਬਾਲਾ! ਤੁਹਾਡਾ ਭਾਰ ਉਤਾਰ ਆਈਏ, ਫਿਰ ਭਾਈ ਲਾਲੋ ਨੂੰ ਉਨ੍ਹਾਂ ਇਸ ਤਰ੍ਹਾਂ ਕਿਹਾ॥ ੫੮॥

ਦੋਹਰਾ- 'ਤਲਵੰਡੀ ਤੁਝ ਸਾਰਖਾ ਮੇ ਪ੍ਰੀਤਮ ਹੈ ਦੀਠ।
ਸੋ ਚਾਹਤਿ ਹੈ ਰਿਦੈ ਮਹਿਂ ਹਮਰੋ ਦਰਸ਼ਨ ਡੀਠ॥ ੫੯॥

"ਤਲਵੰਡੀ ਸ਼ਹਿਰ ਵਿਚ ਤੁਹਾਡੇ ਵਰਗਾ ਪਿਆਰਾ ਇਕ ਮੇਰਾ ਸਿੱਖ ਹੈ, ਉਹ ਆਪਣੇ ਹਿਰਦੇ ਵਿਚ ਮੈਨੂੰ ਬਹੁਤ ਚਾਹੁੰਦਾ ਹੈ ਅਤੇ ਸਾਡੇ ਦਰਸ਼ਨ ਕਰਨਾ ਚਾਹੁੰਦਾ ਹੈ॥ ੫੯॥

ਚੌਪਈ- ਲੈ ਸੰਦੇਸ਼ਾ ਤਿਹ ਕੋ ਆਏ। ਬਹੁਤ ਪ੍ਰੇਮ ਕਰਿ ਬੋਲ ਪਠਾਏ।
ਜਾਵਨ ਹਮਹਿਂ ਜ਼ਰੂਰ ਬਿਸਾਲਾ। ਦੇਹ ਖੁਸ਼ੀ ਪਹੁਚਹਿਂ ਤਤਕਾਲਾ॥੬੦॥

ਉਨ੍ਹਾਂ ਦਾ ਸੰਦੇਸ਼ ਲੈ ਕੇ ਇਹ ਆਏ ਹਨ, ਉਸ ਨੇ ਬਹੁਤ ਪ੍ਰੇਮ ਦੇ ਬੋਲ ਬੋਲ ਕੇ ਇਨ੍ਹਾਂ ਨੂੰ ਭੇਜਿਆ ਹੈ। ਸਾਡਾ ਓਥੇ ਜਾਣਾ ਬਹੁਤ ਜ਼ਰੂਰੀ ਹੈ, ਸਾਨੂੰ ਵਿਦਾ ਕਰੋ ਅਸੀਂ ਓਥੇ ਤੁਰੰਤ ਪਹੁੰਚਣਾ ਚਾਹੁੰਦੇ ਹਾਂ' ॥ ੬੦॥

'ਅਬਲੋ ਭਯੋ ਨ ਪੂਰਨ ਮਾਸੁ। ਕਿਉਂ ਤਜਿ ਕਰਿ ਮਮ ਚਲੇ ਅਵਾਸੁ।
ਕੈ ਕਛੁ ਅਵਗੁਨ ਹਮਤੇ ਭਯੋ। ਕਿਉਂ ਉਦਾਸ ਨਿਜ ਹਿਰਦਾ ਕਯੋ? ॥੬੧॥

ਭਾਈ ਲਾਲੋ ਨੇ ਕਿਹਾ, "ਹਾਲੇ ਤਕ ਤੇ ਪੂਰਾ ਮਹੀਨਾ ਹੋਇਆ ਨਹੀਂ ਹੈ, ਮੈਨੂੰ ਛੱਡ ਕੇ ਆਪਣੇਂ ਘਰ ਕਿਉਂ ਚਲੇ ਹੋ, ਮੈਥੋਂ ਕੀ ਔਗੁਣ ਹੋ ਗਿਆ ਕਿ ਆਪਣਾ ਹਿਰਦਾ ਏਨਾ ਉਦਾਸ ਕੀਤਾ ਹੈ॥ ੬੧॥

ਕਿਧੌਂ ਨ ਮੋਤੇ ਹੋਵੀ ਸੇਵਾ॥ ਰੰਕ, ਹੀਨ ਧਨ ਸ੍ਰੀ ਗੁਰ ਦੇਵਾ!।
ਤੂਰਨ ਕੀਨੀ ਗਵਨ ਤਯਾਰੀ। ਮੈਂ ਜਾਚੌਂ ਨਿਜ ਮਯਾ ਤੁਮਾਰੀ'॥੬੨॥

ਕੀ ਮੇਰੀ ਸੇਵਾ ਵਿਚ ਕੋਈ ਤਰੁੱਟੀ ਰਹਿ ਗਈ ਹੈ, ਹੇ ਗੁਰਦੇਵ! ਮੈਂ ਕੰਗਾਲ ਅਤੇ ਧਨਹੀਨ ਹਾਂ। ਜਾਣ ਦੀ ਤੁਰੰਤ ਤਿਆਰੀ ਕਰ ਦਿੱਤੀ ਹੈ, ਮੈਂ ਸਮਝਦਾ ਹਾਂ ਇਹ ਤੁਹਾਡੀ ਆਪਣੀ ਮਰਜ਼ੀ ਹੈ'॥ ੬੨॥

ਦੋਹਰਾ- 'ਦਜੋਸ ਪਚੀਸ ਅਵਾਸ ਹਮ ਲਾਲੋ! ਰਹੇ ਤੁਮਾਰ।
ਬਾਸੁਰ ਬਹੁਰੋ ਪੰਚ ਜੇ ਆਵਹਿ ਤੋਰ ਅਗਾਰ'॥ ੬੩॥

ਗੁਰੂ ਜੀ ਨੇ ਕਿਹਾ, 'ਹੇ ਲਾਲੋ! ਤੇਰੇ ਘਰ ਅਸੀਂ ਕੇਵਲ ਪੰਝੀ ਦਿਨ ਰਹੇ ਹਾਂ, ਜਦ ਕਿ ਤੁਸੀਂ ਇਕ ਮਹੀਨਾ ਰਹਿਣ ਬਾਰੇ ਕਿਹਾ ਸੀ, ਬਾਕੀ ਪੰਜ ਦਿਨ ਅਸੀਂ ਫਿਰ ਆ ਕੇ ਆਪ ਪਾਸ ਠਹਿਰਾਂਗੇ॥ ੬੩॥

ਚੌਪਈ- ਅਸ ਕਹਿ ਚਲੇ ਸਕਲ ਗੁਨ ਖਾਨੀ। ਤਬ ਲਾਲੋ ਪਦ ਬੰਦਨ ਠਾਨੀ।
ਮੰਦਮੰਦ ਪਦ ਆਨੰਦ ਕੰਦਾ। ਪਦਵੀ ਧਰਤਿ ਜੁ ਦਾਸ ਮੁਕੰਦਾ॥੬੪॥

ਇਹ ਕਹਿ ਕੇ ਗੁਣਾਂ ਦੀ ਖਾਣ, ਗੁਰੂ ਜੀ ਚਲ ਪਏ। ਤਦ ਲਾਲੋ ਨੇ ਪਦ ਬੰਦਨਾਂ ਕੀਤੀ। ਅਨੰਦ ਦਾਤੇ ਅਤੇ ਦਾਸਾਂ ਨੂੰ ਮੁਕਤ ਕਰਨ ਵਾਲੇ ਰਸਤੇ ਵਿਚ ਹੌਲੀ ਹੌਲੀ ਚਲ ਰਹੇ ਸਨ॥ ੬੪॥

ਸਪਤ ਸਰਬਰੀ ਪੰਥ ਬਿਤਾਈ। ਚਲਤਜੇ ਤਲਵੰਡੀ ਨਿਯਰਾਈ।
ਬਾਹਰ ਬੈਸ ਗਏ ਗਤਿ ਦਾਨਾ। ਚੰਦ੍ਰਭਾਨ ਕੇ ਕੂਪ ਸਥਾਨਾ॥੬੫॥

ਸੱਤ ਰਾਤਾਂ ਰਾਹ ਵਿਚ ਗੁਜ਼ਾਰੀਆਂ ਤੇ ਚਲਦੇ ਚਲਦੇ ਇਨਸਾਫ ਦੇ ਰਾਜੇ ਤਲਵੰਡੀ ਵਿਖੇ ਆ ਗਏ। ਤਲਵੰਡੀ ਪਹੁੰਚ ਕੇ ਉਹ ਪਿੰਡ ਤੋਂ ਬਾਹਰ ਜਾ ਕੇ ਉਸ ਥਾਂ ਬੈਠ ਗਏ ਜਿਥੇ ਬਾਲੇ ਦੇ ਪਿਤਾ ਚੰਦਰਭਾਨ ਦਾ ਖੂਹ ਸੀ॥ ੬੫॥

ਬਾਲੇ ਕੇ ਪਿਤ ਕੋ ਇਹ ਨਾਮੂ। ਆਸਨ ਪਰ ਅਸੀਨ ਸੁਖ ਧਾਮੂ।
ਅੱਗ੍ਰਜ ਬੈਸਿ ਗਯੋ ਮਰਦਾਨਾ। ਮੈਂ ਪਾਛੈ, ਮਧ ਮਯਾਨਿਧਾਨਾ॥ ੬੬॥

ਬਾਲੇ ਦੇ ਪਿਤਾ ਦਾ ਇਹ ਨਾਮ ਸੀ। ਸੁੱਖਾਂ ਦੇ ਧਾਮ ਆਸਣ ਉਤੇ ਜਾ ਬਿਰਾਜੇ। ਉਨ੍ਹਾ ਦੇ ਅੱਗੇ ਮਰਦਾਨਾ ਬੈਠ ਗਿਆ ਅਤੇ ਪਿਛੇ ਮੈਂ ਬੈਠ ਗਿਆ ਅਤੇ ਵਿਚਕਾਰ ਸਤਿਗੁਰੂ ਜੀ ਬੈਠ ਗਏ॥ ੬੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਚਾਲਿਸਮੋਂ ਅਧ੍ਯਾਯ॥ ੪੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚਾਲੀਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦਾ ਤਲਵੰਡੀ ਜਾਣਾ" ਪ੍ਰਸੰਗ ਹੈ, ਸਮਾਪਤ ਹੋਇਆ॥ ੪੦॥

## ਅਧਿਆਇ ਇਕਤਾਲੀਵਾਂ

*ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ।*

ਦੋਹਰਾ- ਸ੍ਰੀ ਗੁਰੁ ਪਦ ਨਖ ਕਾਂਤਿ ਜੋ ਕਵਿਕਾ ਕੇ ਸਮ ਜਾਨਿ॥
ਤਰਲ ਤੁਰੰਗ ਮਨ ਦੇਯ ਮੁਖ ਕਹੌਂ ਕਥਾ ਗਤਿ ਦਾਨ॥ ੧॥

ਸ੍ਰੀ ਗੁਰੂ ਜੀ ਦੇ ਨਹੁੰਆਂ ਦੀ ਜੋ ਸੁੰਦਰਤਾ ਹੈ ਉਸ ਨੂੰ ਲਗਾਮ ਦੇ ਸਮਾਨ ਜਾਣ ਕੇ ਮਨ ਰੂਪ ਚੰਚਲ ਘੋੜੇ ਦੇ ਮੂੰਹ ਵਿਚ ਦੇ ਕੇ ਮੈਂ ਮੁਕਤੀ ਦੇਣ ਵਾਲੀ ਕਥਾ ਬਿਆਨ ਕਰਦਾ ਹਾਂ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਬੈਸੇ ਸ੍ਰੀ ਗੁਰੁ ਰੂਪ ਅਨੂਪਾ। ਮੋਰ ਪਿਤਾ ਕੋ ਹੁਤੋ ਜੁ ਕੂਪਾ।
ਤਹਿਂ ਬਿਲੋਕ ਇਕ ਨਰ ਗਾ ਨਗਰੀ। ਘਰ ਕਾਲੂ ਕੇ ਸੁਧਿ ਦਿਯ ਸਗਰੀ ॥੨॥

ਭਾਈ ਬਾਲੇ ਨੇ ਕਿਹਾ- ਅਨੂਪ ਸਰੂਪ ਸ੍ਰੀ ਗੁਰੂ ਜੀ ਮੇਰੇ ਪਿਤਾ ਜੀ ਦੇ ਖੂਹ ਤੇ ਬੈਠੇ ਸਨ। ਉਨ੍ਹਾਂ ਨੂੰ ਓਥੇ ਬੈਠੇ ਵੇਖ ਕੇ ਇਕ ਮਨੁੱਖ ਨਗਰ ਨੂੰ ਗਿਆ। ਉਸ ਨੇ ਮਹਿਤਾ ਕਾਲੂ ਦੇ ਘਰ ਪੂਰੀ ਖਬਰ ਪਹੁੰਚਾ ਦਿੱਤੀ॥ ੨॥

ਸੁਨਜੋ ਸ੍ਰੋਨ ਜਬ ਕਾਲੂ ਲਾਲੂ। ਉਠਿ ਕਰਿ ਗਵਨ ਕਿਯੋ ਤਤਕਾਲੂ।
ਮਨਹੁ ਹੁਤੇ ਬਹੁ ਦਿਨ ਕੇ ਪਯਾਸੇ। ਜਲ ਕੋ ਸੁਨਿ ਦੌਰੇ ਤਿਹਂ ਪਾਸੇ॥੩॥

ਜਦ ਮਹਿਤਾ ਕਾਲੂ ਅਤੇ ਉਸ ਦੇ ਭਰਾ ਲਾਲੂ ਨੇ ਆਪਣੇ ਕੰਨਾਂ ਨਾਲ ਇਹ ਖਬਰ ਸੁਣੀ ਤਾਂ ਉਹ ਝੱਟ ਉੱਠ ਕੇ ਚੰਦ੍ਰਭਾਨ ਦੇ ਖੂਹ ਵਲ ਚਲ ਪਏ। ਮਾਨੋ ਜਿਵੇਂ ਉਹ ਬਹੁਤ ਦਿਨਾਂ ਦੇ ਪਿਆਸੇ ਹੋਣ ਅਤੇ ਪਾਣੀ ਲੱਭਣ ਦੀ ਖਬਰ ਸੁਣ ਕੇ ਓਧਰ ਭੱਜ ਉਠੇ ਹੋਣ॥ ੩॥

ਦੋਹਰਾ- ਸ੍ਰੋਨਨ ਸੁਨਿ ਜਨਨੀ ਮਨੰ ਅਰਨਵ ਮਨਹੁ ਸਮਾਨ।
ਬੀਚੀ ਜਿਉਂ ਉਮਗਤਿ ਚਲੀ ਸੁਤ ਰਾਕੇਸ਼ ਪ੍ਰਮਾਨ॥ ੪॥

ਜਦ ਗੁਰੂ ਜੀ ਦੇ ਮਾਤਾ ਜੀ ਨੇ ਇਹ ਸਮਾਚਾਰ ਆਪਣੇਂ ਕੰਨਾਂ ਨਾਲ ਸੁਣਿਆ ਤਾਂ ਉਸ ਦੇ ਮਨ ਵਿਚ ਸਮੁੰਦਰ ਵਾਂਗ ਲਹਿਰ ਉਛਲਦੀ ਹੈ ਤੇ ਉਹ ਵੀ ਪੁੰਨਿਆਂ ਦੇ ਚੰਦ ਵਰਗੇ ਸੁੰਦਰ ਪੁੱਤਰ ਨੂੰ ਵੇਖਣ ਚਲ ਪਈ॥ ੪॥

ਚੌਪਈ- ਬਤਸ ਬਿਲੋਕ ਨ ਬਹੁਤੇ ਬਾਸੁਰ। ਬਢ ਬਿਛੋਭ ਨਹ ਛਕ ਆਤੁਰ।
ਚਲੀ ਧਾਇ,ਅਟਪਟ ਪਗ ਪਾਵਹਿ। ਮਿਲੋਂ ਉਤਾਇਲ-ਅਸ ਮਨ ਲਜਾਵਹਿ॥੫॥

ਉਸ ਨੇ ਆਪਣੇ ਪੁੱਤਰ ਨੂੰ ਕਾਫੀ ਸਮੇਂ ਨਹੀ ਦੇਖਿਆ ਹੈ, ਇਸ ਲਈ ਹਿਰਦੇ ਵਿਚ ਪ੍ਰੇਮ ਦੀਆਂ ਕਾਂਗਾਂ ਉੱਠ ਰਹੀਆਂ ਹਨ ਤੇ ਵਿਛੋੜੇ ਦੀ ਪੀੜਾ ਕਰਕੇ ਦੁਖੀ ਵੀ ਹੈ। ਉਹ ਵੀ ਉਸੇ ਵੇਲੇ ਦੌੜ ਪਈ ਤੇ ਭੱਜਦੀ ਦੇ ਪੈਰ ਬੇਢਵੇ ਅੱਗੇ-ਪਿਛੇ ਪੈਂਦੇ ਹਨ, ਮਨ ਵਿਚ ਇਹ ਸੋਚ ਰਹੀ ਹੈ ਕਿ ਮੈਂ ਛੇਤੀ ਤੋਂ ਛੇਤੀ ਜਾ ਕੇ ਮਿਲਾਂ॥ ੫॥

ਸੁਨਿ ਸੁਨਿ ਸਭਿ ਕੁਟੰਬ ਕਿਯ ਗਵਨਾ। ਤਹਾਂ ਗਏ ਜਹਿਂਥੇ ਗੁਨ ਭਵਨਾ।
ਜਨਨਿ ਜਨਕ ਆਵਤਿ ਜਬ ਹੇਰੇ। ਕਮਲਾਨਨ ਉਠਿ ਕਰਿ ਬਿਨ ਦੇਰੇ॥੬॥

ਇਕ ਦੂਸਰੇ ਪਾਸੋਂ ਸੁਣ ਕੇ ਸਾਰਾ ਟੱਬਰ ਹੀ ਓਧਰ ਚਲ ਪਿਆ ਜਿਥੇ ਗੁਣਾਂ ਦੇ ਘਰ ਭਾਵ ਗੁਰੂ ਜੀ ਬੈਠੇ ਸਨ। ਜਦ ਮਾਤਾ ਪਿਤਾ ਨੂੰ ਆਉਂਦਿਆਂ ਵੇਖਿਆ ਤੇ ਕਮਲ ਨੈਣ ਗੁਰੂ ਜੀ ਨੇ ਕਿਸੇ ਦੇਰੀ ਤੋਂ ਬਗੈਰ ਉੱਠ ਕੇ॥ ੬॥

ਸਭਿਨਿ ਪਦਨ ਪਰ ਬੰਦਨ ਕੀਨੀ। ਜਨਨੀ ਹਰਖ ਆਸ਼ਿਖਾ ਦੀਨੀ।
ਗਰ ਸੋਂ ਲਾਇ ਨੀਰ ਦ੍ਰਿਗ ਜਾਈ। ਮਹਾਂ ਮੋਹ ਮਾਤਾ ਬਿਰਮਾਈ॥੭॥

ਸਾਰਿਆਂ ਦੇ ਚਰਨਾਂ 'ਤੇ ਮੱਥਾ ਟੇਕਿਆ, ਮਾਤਾ ਜੀ ਨੇ ਖੁਸ਼ ਹੋ ਕੇ ਅਸੀਸਾਂ ਦਿੱਤੀਆਂ। ਆਪਣੇ ਪੁੱਤਰ ਨੂੰ ਜਦ ਗਲ ਨਾਲ ਲਾਇਆ ਤਾਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਮਾਤਾ ਜੀ ਤਾਂ ਬਹੁਤ ਹੀ ਮੋਹ ਵਿਚ ਵਹਿ ਰਹੀ ਹੈ॥ ੭॥

ਤਜਿ ਨ ਸਕਤਿ ਸੁਤ ਕੋ ਨਿਜ ਅੰਕਾ। ਜਿਉਂ ਪਾਹਿ ਪਾਰਸ ਕਿਤਿ ਰੰਕਾ।
ਅਸ਼੍ਰੂਪਾਤ ਸੋ ਭੀਗੋ ਅੰਗਾ। ਮਨਹੁ ਪ੍ਰੇਮ ਪਰਵਾਹਿ ਉਮੰਗਾ॥ ੮॥

ਆਪਣੇ ਪੁੱਤਰ ਨੂੰ ਆਪਣੀ ਜੱਫੀ ਵਿਚੋ ਛੱਡ ਨਹੀ ਰਹੀ ਹੈ, ਜਿਵੇ ਕਿਸੇ ਗਰੀਬ ਨੂੰ ਪਾਰਸ ਲੱਭ ਪਿਆ ਹੋਵੇ। ਹੰਝੂ ਡਿੱਗਣ ਨਾਲ ਸਾਰੇ ਅੰਗ ਭਿੱਜ ਗਏ ਹਨ, ਮਾਨੋ ਪ੍ਰੇਮ ਅਤੇ ਉਤਸ਼ਾਹ ਦਾ ਪਰਵਾਹ ਵਹਿ ਰਿਹਾ ਹੈ॥ ੮॥

ਦੋਹਰਾ- ਭੇਖ ਗੁਰੂ ਕੋ ਦੇਖਿ ਕਰਿ ਪਿਤ ਵਿਸ਼ੇਖ ਰਿਸਮਾਨ।
ਕਟ ਕੁਪੀਨ, ਇਕ ਨੁਕਤ ਕਰ, ਦੋ ਦੁਪਟੇ ਸੰਬਜਾਨ॥ ੯॥

ਗੁਰੂ ਜੀ ਦਾ ਭੇਸ ਵੇਖ ਕੇ ਪਿਤਾ ਕਾਲੂ ਜੀ ਬਹੁਤ ਗੁੱਸੇ ਵਿਚ ਆਏ ਹਨ। ਲੱਕ ਨਾਲ ਇਕ ਲੰਮੇ ਬਸਤਰ ਦਾ ਕਮਰਕਸਾ ਕੀਤਾ ਹੈ, ਹੱਥ ਵਿਚ ਇਕ ਸਾਵਾ ਫੜਿਆ ਹੈ ਅਤੇ ਦੋ ਪਟਾਂ ਵਾਲੇ ਦੋ ਚਾਦਰੇ ਹਨ॥ ੯॥

ਚੌਪਈ- ਕਟਹਿ ਲਪੇਟਜੋ ਇਕ ਸੰਬਜਾਨਾ। ਦੂਜੋ ਤਨ ਪਰ ਮਯਾਨਿਧਾਨਾ।
ਏਕ ਨੁਕਤ ਸਿਰ ਊਪਰ ਸੋਹੈ। ਮਿਨਤੀ ਜੁਗਲ ਗਜਨ ਕਾ ਜੋ ਹੈ॥੧੦॥

ਇਕ ਚਾਦਰ ਨੂੰ ਲੱਕ ਨਾਲ ਲਪੇਟਿਆ ਹੈ ਤੇ ਇਕ ਚਾਦਰ ਨੂੰ ਬਾਕੀ ਸਰੀਰ ਉਤੇ ਲਿਆ ਹੋਇਆ ਹੈ। ਇਕ ਸਾਵਾ ਗੁਰੂ ਜੀ ਦੇ ਸਿਰ ਉਤੇ ਸੋਭ ਰਿਹਾ ਹੈ, ਜਿਸ ਦੀ ਮਿਨਤੀ ਦੋ ਗਜ਼ ਦੀ ਹੈ॥ ੧੦॥

ਐਸੋ ਧਯਾਨ ਧਰਤਿ ਸਿਖ ਜੇਊ। ਮਨ ਬਾਂਛਤ ਫਲ ਪਾਵਹਿ ਤੇਊ।
ਜਬ ਕਾਲੂ ਪਿਖਿ ਰਿਸ ਮਨ ਕੀਨੀ। ਲਾਲੂ ਸਭਿ ਬਿਧਿ ਮਨ ਮਹਿਂ ਚੀਨੀ॥੧੧॥

ਜਿਹੜਾ ਵੀ ਸਿੱਖ ਗੁਰੂ ਜੀ ਨੂੰ ਅਜਿਹੇ ਭੇਸ ਵਿਚ ਆਪਣੇ ਧਿਆਨ ਵਿਚ ਲਿਆਵੇਗਾ, ਉਹ ਸਿੱਖ ਮੂੰਹੋਂ ਮੰਗੀਆਂ ਮੁਰਾਦਾਂ ਪਾਵੇਗਾ। ਜਦ ਮਹਿਤਾ ਕਾਲੂ ਨੇ ਮਨ ਵਿਚ ਗੁੱਸਾ ਕੀਤਾ ਤਾਂ ਲਾਲੂ ਨੇ ਇਸ ਗੱਲ ਨੂੰ ਹਰ ਪ੍ਰਕਾਰ ਆਪਣੇ ਮਨ ਵਿਚ ਸਮਝ ਲਿਆ॥ ੧੧॥

ਸਰਬ ਬਿਧਿਨਿ ਸੁ ਅਧਿਕ ਬੁਧਿਵਾਨਾ। ਕਰਿ ਵਿਚਾਰ ਤਿਨ ਬਚਨ ਬਖਾਨਾ।
'ਹਮਰੀ ਤੁਮਰੀ ਏਕਹਿ ਲਾਜਾ॥ ਜਸ ਅਪਜਸ ਕੋ ਕਾਜ ਕੁਕਾਜਾ॥੧੨॥

ਗੁਰੂ ਜੀ ਦੇ ਚਾਚਾ ਜੀ ਭਾਈ ਲਾਲੂ ਜਿਹੜਾ ਸਾਰੇ ਬੁਧੀਮਾਨਾਂ ਵਿਚੋਂ ਅਧਿਕ ਬੁਧੀਮਾਨ ਹੈ, ਉਸ ਨੇ ਆਪਣੇ ਮਨ ਵਿਚ ਵਿਚਾਰ ਕਰਕੇ ਇਸ ਤਰ੍ਹਾਂ ਕਿਹਾ, "ਸਾਡੀ ਤੁਹਾਡੀ ਇਕੋ ਹੀ ਲਾਜ ਹੈ। ਜਸ ਅਪਜਸ ਕਰਕੇ ਕਿਉਂ ਮਾੜਾ ਕਰਮ ਕਰ ਰਹੇ ਹੋ॥ ੧੨॥

ਦੋਹਰਾ- ਇਕ ਬਨਾਰਸੀ ਮਾਤ ਹਮ ਪਿਤਾ ਏਕ ਸ਼ਿਵਰਾਮ।
ਹਮਰਾ ਤੁਮਰਾ ਭੇਦ ਨਹਿਂ, ਹੈ ਏਕੋ ਸਭਿ ਧਾਮ॥ ੧੩॥

ਸਾਡੇ ਮਾਤਾ ਇਕ ਹਨ ਅਤੇ ਇਕ ਹੀ ਸਾਡਾ ਪਿਤਾ ਸ਼ਿਵਰਾਮ ਹੈ, ਮੇਰਾ ਤੇਰਾ ਕੋਈ ਭੇਦ ਨਹੀ, ਇਕੋ ਹੀ ਸਾਡਾ ਘਰ ਹੈ॥ ੧੩॥

ਚੌਪਈ- ਮਾਨਹੁ ਬਚਨ ਕਹਜੋ ਅਬ ਮੇਰਾ। ਕਠਨਿ ਸੁਭਾਇ ਅਧਿਕ ਹੈ ਤੇਰਾ।
ਨਹਿਂ ਦੁਰਬਾਕ ਬਖਾਨਹੁ ਕੋਊ। ਰੋਸ ਨਿਵਾਰਹੁ, ਹਿਰਦੇ ਜੋਊ॥੧੪॥

ਮੇਰਾ ਕਿਹਾ ਹੁਣ ਬਚਨ ਮੰਨੋ, ਤੇਰਾ ਸੁਭਾਅ ਬੜਾ ਕਠੋਰ ਹੈ। ਕੋਈ ਭੈੜਾ ਬਚਨ ਨਾ ਬੋਲੋ। ਤੁਹਾਡੇ ਹਿਰਦੇ ਵਿਚ ਜਿਹੜਾ ਗੁੱਸਾ ਹੈ, ਇਸ ਨੂੰ ਛੱਡੋ॥ ੧੪॥

ਆਨਨ ਉਚਰ ਮਧੁਰ ਬਰ ਬੈਨਾ। ਏਕ ਬਾਰ ਲੇ ਚਲੀਏ ਐਨਾ।
ਅਸ ਸੁਨਿ ਕਾਲੂ ਤੂਸ਼ਨ ਰਹਜੋ। ਕਰਿ ਵਿਚਾਰ ਨਹਿ ਬਚ ਕਛੁ ਕਹਯੋ॥੧੫॥

ਮੁੱਖ ਤੋਂ ਸ੍ਰੇਸ਼ਟ ਅਤੇ ਮਿੱਠੇ ਬਚਨ ਬੋਲੋ, ਇਕ ਵਾਰ ਆਪਣੇ ਪੁੱਤਰ ਨੂੰ ਘਰ ਲੈ ਚਲੀਏ।" ਇਹ ਸੁਣ ਕੇ ਮਹਿਤਾ ਕਾਲੂ ਚੁੱਪ ਹੋ ਗਿਆ। ਮਨ ਵਿਚ ਵਿਚਾਰ ਕਰਕੇ ਕੋਈ ਬਚਨ ਨਾ ਕਿਹਾ॥ ੧੫॥

ਲਾਲੂ ਢਿਗ ਹ੍ਵੈ ਬਚਨ ਉਬਾਚਾ। 'ਸੁਨਿ ਨਾਨਕ! ਮੈਂ ਤੁਮਰੋ ਚਾਚਾ।

ਅੰਤਰ ਤਨਕ ਤੋਰ ਮਮ ਬੈਸਾ। ਮੈਹੌਂ ਤੁਮਰੇ ਤਾਤਹਿਂ ਜੈਸਾ॥ ੧੬॥

ਫਿਰ ਬਾਬਾ ਲਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਇਹ ਬਚਨ ਕਹੇ, "ਹੇ ਨਾਨਕ ! ਸੁਣੋ, ਮੈਂ ਤੁਹਾਡਾ ਚਾਚਾ ਹਾਂ। ਤੇਰੇ ਪਿਤਾ ਜੀ ਦੀ ਉਮਰ ਅਤੇ ਮੇਰੀ ਉਮਰ ਵਿਚ ਬਹੁਤ ਥੋੜਾ ਫਰਕ ਹੈ। ਮੈਂ ਤੇਰੇ ਪਿਤਾ ਜੀ ਵਰਗਾ ਹਾਂ॥ ੧੬॥

ਦੋਹਰਾ- ਜਬ ਬਿਦੇਸ ਉਠਿ ਕਰਿ ਚਲੇ ਰੁਦਨ ਕਰਤਿ ਤਵ ਮਾਤ।
ਸੁਤ ਕੋ ਬਿਰਹਿ ਬਿਚਾਰਿਕੈ ਬਿਲਪਤ ਬਾਸੁਰ ਰਾਤ॥ ੧੭॥

ਜਦ ਤੂੰ ਉੱਠ ਕੇ ਪ੍ਰਦੇਸ਼ ਚਲਾ ਗਿਆ ਸੀ ਤਾਂ ਤੇਰੇ ਮਾਤਾ ਜੀ ਬਹੁਤ ਰੋਂਦੇ ਰਹੇ ਸਨ। ਪੁੱਤਰ ਦਾ ਵਿਛੋੜਾ ਵਿਚਾਰ ਕੇ ਦਿਨ ਰਾਤ ਵਿਲਕਦੇ ਰਹੇ ਹਨ॥ ੧੭॥

ਚੌਪਈ- ਕਾਲੂ ਤੁਮਹਿਂ ਕੁਵਾਕ ਉਚਾਰੇ। ਚੇਤ ਨ ਕਰਿ, ਚਿਤ ਦੇਹੁ ਵਿਸਾਰੇ।
ਨਿਜ ਜਨਨੀ ਦਿਸ਼ ਦੇਖ ਦਯਾ ਕਰਿ। ਗਵਨਹੁ ਨਹਿਂ ਬਿਦੇਸ਼,ਰਹੁ ਨਿਜ ਘਰ॥੧੮॥

ਕਾਲੂ ਨੇ ਤੈਨੂੰ ਬੁਰੇ ਸ਼ਬਦ ਕਹੇ ਹਨ, ਇਨ੍ਹਾਂ ਨੂੰ ਮਨ ਵਿਚ ਨਾ ਲਿਆ ਅਤੇ ਚਿੱਤ ਵਿਚੋਂ ਵਿਸਾਰ ਦੇ। ਆਪਣੀ ਮਾਤਾ ਜੀ ਦੀ ਹਾਲਤ ਵਲ ਵੇਖ ਕੇ ਦਇਆ ਕਰ ਅਤੇ ਵਿਦੇਸ਼ ਨਾ ਜਾਵੇਂ ਅਤੇ ਆਪਣੇ ਨਿਜੀ ਘਰ ਰਹੋ॥ ੧੮॥

ਮਨ ਸਨੇਹ ਮਹਿਂ ਮਗਨ ਰਹੈ ਨਿਤ। ਗਯੋ ਬਿਦੇਸ਼ ਹੁਤੋ ਮੁਝ ਇਕ ਸੁਤ।
ਜਾਂਤੇ ਕਰਤਿ ਬਿਲਾਪ ਕਲਾਪਾ। ਸੁਤ ਬ੍ਰਿਰਹਾ ਤੇ ਤਨ ਪਰ ਤਾਪਾ॥੧੯॥

ਇਸ ਦਾ ਮਨ ਪ੍ਰੇਮ ਵਿਚ ਸਦਾ ਹੀ ਮਗਨ ਰਹਿੰਦਾ ਹੈ। ਕਹਿੰਦੀ ਹੈ, "ਮੇਰਾ ਇਕੋ ਪੁੱਤਰ ਹੈ ਉਹ ਵੀ ਵਿਦੇਸ਼ ਗਿਆ ਹੋਇਆ ਹੈ, ਇਸ ਕਰਕੇ ਨਿਤ ਬੜਾ ਵਰਲਾਪ ਕਰਦੀ ਹੈ, ਪੁੱਤਰ ਦੇ ਵਿਛੋੜੇ ਕਰਕੇ ਸਰੀਰ ਬਹੁਤ ਪੀੜਤ ਹੁੰਦਾ ਹੈ॥ ੧੯॥

ਸੁਨਤਿ ਸ਼੍ਰੋਤ ਸਦਨਹਿਂ ਤੇ ਧਾਈ। ਬਦਨ ਬਿਲੋਕਨ ਹਿਤ ਦ੍ਰੁਤਿ ਆਈ।
ਵਡੋ ਭ੍ਰਾਤ ਹੌਂ ਪਿਤ ਸਮ ਜਾਨੌਂ। ਸਨਮੁਖ ਨਹਿਂ ਕਬਿ ਬਚਨ ਬਖਾਨੌਂ॥੨੦॥

ਤੁਹਾਡੇ ਆਉਣ ਬਾਰੇ ਸੁਣ ਕੇ ਘਰੋਂ ਭੱਜੀ ਆਈ ਹੈ। ਤੁਹਾਡਾ ਮੁਖੜਾ ਵੇਖਣ ਵਾਸਤੇ ਝੱਟ ਆ ਗਈ ਹੈ। ਮਹਿਤਾ ਕਾਲੂ ਮੇਰੇ ਵੱਡੇ ਭਰਾ ਹਨ, ਇਸ ਲਈ ਮੈਂ ਉਨ੍ਹਾਂ ਨੂੰ ਪਿਤਾ ਸਮਾਨ ਜਾਣਦਾ ਹਾਂ। ਉਨ੍ਹਾਂ ਦੇ ਸਾਹਮਣੇ ਮੈਂ ਕਦੀ ਵੀ ਬੋਲਦਾ ਨਹੀਂ ਹਾਂ॥ ੨੦॥

ਦੋਹਰਾ- ਨਿਜ ਨਿਕੇਤ ਚਲਿਯੇ ਅਬੈ, ਰਹੋ, ਨ ਜਾਉ ਬਿਦੇਸ।
ਮਾਤ ਪਿਤਾ ਸੁਖ ਦੀਜਿਯੇ ਦੂਰ ਕਰਹੁ ਇਹ ਬੇਸ॥ ੨੧॥

ਆਪਣੇ ਨਿਜੀ ਘਰ ਹੁਣ ਚਲੋ, ਤੇ ਘਰ ਰਹੋ, ਹੁਣ ਵਿਦੇਸ਼ ਨਾ ਜਾਵੋ। ਆਪਣੇ ਮਾਤਾ ਪਿਤਾ ਨੂੰ ਸੁੱਖ ਦੇਵੋ ਅਤੇ ਇਹ ਬਾਣਾ ਉਤਾਰ ਦੇਵੋ॥ ੨੧॥

ਚੌਪਈ- ਗਯਾਨ ਸਾਨ ਸ੍ਰੀ ਨਾਨਕ ਬਾਨੀ। ਆਨਨ ਭਨੇ ਅਨਿਕ ਗੁਨ ਖਾਨੀ।
'ਇਕ ਨਿਕੇਤ ਰੋਕਯੋ ਕਰਿ ਦਾਵਾ। ਜਿਹਤੇ ਕਬਹਿ ਨ ਹੋਤਿ ਚਲਾਵਾ॥੨੨॥

ਸ੍ਰੀ ਨਾਨਕ ਦੀ ਬਾਣੀ ਗਿਆਨ ਵਾਲੀ ਹੈ, ਗੁਣਾਂ ਦੀ ਖਾਨ ਫਿਰ ਮੁੱਖ ਤੋਂ ਇੰਝ ਬੋਲੇ, "ਮੈਂ ਇਕ ਘਰ ਮੱਲਿਆ ਹੋਇਆ ਹੈ, ਜਿਸ ਘਰ ਤੋਂ ਫਿਰ ਕਿਤੇ ਹੋਰ ਨਹੀਂ ਜਾਣਾ ਪੈਂਦਾ॥ ੨੨॥

ਕੂਰ ਨਿਕੇਤ ਔਰ ਸਭਿ ਜਾਨੇ। ਤਿਹ ਨਿਕੇਤ ਸੋਂ ਜਬ ਮਨ ਮਾਨੇ।
ਬਿਨਸ ਜਾਇ ਇਹ ਕੂਰ ਪਸਾਰਾ। ਫਸਹਿਂ ਬਾਦ ਨਰ ਜਗ ਜੰਜਾਰਾ॥੨੩॥

ਹੋਰ ਸਾਰੇ ਘਰ ਝੂਠੇ ਹਨ। ਉਨ੍ਹਾਂ ਘਰਾਂ ਨੂੰ ਜਦ ਮਨ ਵਿਚ ਮੰਨ ਲਿਆ ਤਾਂ ਇਹ ਸਾਰਾ ਪਸਾਰਾ ਬਿਨਸ ਜਾਵੇਗਾ, ਫਿਰ ਬਾਅਦ ਵਿਚ ਮਨੁੱਖ ਇਸ ਜੱਗ ਦੇ ਜੰਜਾਲਾਂ ਵਿਚ ਫਸ ਜਾਂਦੇ ਹਨ॥ ੨੩॥

ਬੈਸ ਬਿਹਾਵਹਿ ਵਿਸਰੇ ਸਾਰੀ। ਗਮਨਹਿਂ ਅੰਤ ਸਮੇਂ ਕਰ ਝਾਰੀ।
ਝੂਰ ਬਿਸੂਰਹਿਂ ਆਗੇ ਜਾਈ। -ਫਸੇ ਕੂਰ ਮਹਿਂ ਬੈਸ ਬਿਹਾਈ-'॥੨੪॥

ਸਾਂਈ ਤੋਂ ਵਿਸਰਿਆ ਅੰਤ ਸਮੇਂ ਇਸ ਦੁਨੀਆਂ ਤੋਂ ਹੱਥ ਝਾੜ ਕੇ ਚਲੇ ਜਾਂਦਾ ਹੈ। ਅੱਗੇ ਜਾ ਕੇ ਫਿਰ ਬਹੁਤ ਦੁੱਖ ਪਾਉਂਦਾ ਹੈ, ਜਿਹੜਾ ਫਿਰ ਕੂੜ ਵਿਚ ਫਸ ਕੇ ਜ਼ਿੰਦਗੀ ਬਸਰ ਕਰਦਾ ਹੈ"॥ ੨੪॥

ਦੋਹਰਾ- ਲਾਲੂ ਭਾਖੈ 'ਤਾਤ ਸੁਨਿ! ਆਈ ਹੈ ਤੁਝ ਮਾਤ।
ਬਹੁਤ ਦਿਵਸ ਕੀ ਦਰਸ ਕੋ ਅਭਿਲਾਖਾ ਅਧਿਕਾਤ॥ ੨੫॥

ਇਹ ਸੁਣ ਕੇ ਲਾਲੂ ਨੇ ਕਿਹਾ, "ਪੁੱਤਰ! ਸੁਣੋ, ਤੁਹਾਡੀ ਮਾਤਾ ਆਈ ਹੈ। ਇਸ ਦੇ ਦਿਲ ਵਿਚ ਕਾਫੀ ਸਮੇਂ ਤੋਂ ਤੁਹਾਡੇ ਦਰਸ਼ਨ ਕਰਨ ਦੀ ਬਹੁਤ ਅਭਿਲਾਸ਼ਾ ਹੈ॥ ੨੫॥

ਚੌਪਈ- ਹੌਂ ਚਾਚਾ, ਕਾਲੂ ਪਿਤ ਤੁਮਰਾ। ਪ੍ਰੇਮ ਕਰਤਿ ਪਰਵਾਰਹਿ ਸਗਰਾ।
ਚਲਹੁ ਕੁਟੰਬ ਵਿਖੈ ਨਿਜ ਰਹਿਯੈ। ਆਨ ਜਾਨਿ ਕੋ ਨਾਮ ਨ ਕਹਿਯੈ॥੨੬॥

ਮੈਂ ਤੁਹਾਡਾ ਚਾਚਾ ਹਾਂ, ਮਹਿਤਾ ਕਾਲੂ ਤੁਹਾਡੇ ਪਿਤਾ ਹਨ। ਸਾਰਾ ਪਰਿਵਾਰ ਹੀ ਤੁਹਾਨੂੰ ਬਹੁਤ ਪ੍ਰੇਮ ਕਰਦਾ ਹੈ। ਹੁਣ ਚਲੋ ਤੇ ਕੁਟੰਬ ਦੇ ਵਿਚ ਰਹੋ, ਆਉਣ, ਜਾਣ ਦਾ ਹੁਣ ਨਾਂ ਨਾ ਲਵੋ॥ ੨੬॥

ਬਾਂਧਵ ਮਹਿਂ ਪਤਿ ਹ੍ਵੈ ਅਧਿਕਾਈ। ਲਖਿਹੈਂ ਲਾਇਕ ਕੋ ਸਭਿ ਭਾਈ।
ਬੇਖ ਫਕੀਰੀ ਜੋ ਤੁਮ ਕੀਨੋ। ਸਭਿਹਿ ਸ਼ਰੀਕਨ ਇਉਂ ਮਨ ਚੀਨੋ॥੨੭॥

ਘਰ ਰਹਿਣ ਵਿਚ ਹੀ ਜ਼ਿਆਦਾ ਇੱਜ਼ਤ ਹੈ। ਲਾਇਕ ਬੱਚੇ ਨੂੰ ਵੇਖ ਕੇ ਸਭ ਭੈਣ ਭਰਾ ਪ੍ਰਸੰਨ ਹੁੰਦੇ ਹਨ। ਜੋ ਤੁਸੀਂ ਫਕੀਰੀ ਭੇਸ ਧਾਰਨ ਕੀਤਾ ਹੈ, ਸਾਰੇ ਸ਼ਰੀਕ ਇਸ ਨੂੰ ਇਸ ਤਰ੍ਹਾਂ ਸਮਝਦੇ ਹਨ॥ ੨੭॥

ਭਯੋ ਨਿਲਾਯਕ, ਆਯ ਨ ਕਾਜਾ। ਤਨ ਮੈਂ ਬੇਖ ਫਕੀਰੀ ਸਾਜਾ।
ਚਲਹੁ ਬਸਹੁ ਨਿਜ ਬਾਂਧਵ ਮਾਂਹੀ। ਮਾਨਹੁ ਬਚ ਮਮ, ਫੇਰਹੁ ਨਾਂਹੀ॥੨੮॥

ਇਹ ਬੜਾ ਨਾਲਾਇਕ ਹੈ, ਇਸ ਨੂੰ ਕੋਈ ਕੰਮ ਨਹੀਂ ਆਉਂਦਾ, ਇਸ ਲਈ ਕਮਾਈ ਕਰਨ ਯੋਗ ਨਾ ਹੋ ਕੇ ਫਕੀਰੀ ਭੇਸ ਧਾਰਨ ਕਰ ਲਿਆ ਹੈ। ਹੁਣ ਚਲੋ ਅਤੇ ਆਪਣੇ ਸਾਕ ਸੰਬੰਧੀਆਂ ਵਿਚ ਰਹੋ। ਮੇਰਾ ਬਚਨ ਮੰਨੋ, ਅਤੇ ਨਾਂਹ ਨਾ ਕਰੋ॥ ੨੮॥

ਦੋਹਰਾ- ਸ੍ਰੀ ਨਾਨਕ ਆਨਨ ਭਨੈ 'ਹੈ ਬਹੁ ਮਮ ਪਰਵਾਰ।
ਬਸੋਂ ਰੈਨ ਦਿਨ ਤਿਨਹਿ ਮਹਿਂ ਪਤਿ ਜਹਿਂ ਪਰਮ ਅਪਾਰ॥ ੨੯॥

ਸ੍ਰੀ ਨਾਨਕ ਨੇ ਫਿਰ ਮੁੱਖ ਤੋਂ ਕਿਹਾ, "ਮੇਰਾ ਬਹੁਤ ਵੱਡਾ ਪਰਿਵਾਰ ਹੈ। ਮੈਂ ਰਾਤ ਦਿਨ ਉਨ੍ਹਾਂ ਵਿਚ ਹੀ ਰਹਿੰਦਾ ਹਾਂ, ਓਥੇ ਮੇਰੀ ਪਰਮ ਅਪਾਰ ਇੱਜ਼ਤ ਹੈ॥ ੨੯॥

ਚੌਪਈ- ਪ੍ਰੇਮ ਪਿਤਾ ਬਰ, ਸੁਮਿਤ ਸੁ ਮਾਤਾ। ਧਾਇ ਦੁਲਾਰਹਿ ਕਰਿ ਹਿਤ ਸ਼ਾਂਤਾ।
ਭਯੋ ਸੰਤੋਖ ਪਲੋ ਸੋ ਦਾਯਾ। ਨਿਸ ਬਾਸੁਰ ਲੇ ਅੰਕ ਖਿਲਾਯਾ॥ ੩੦॥

ਪ੍ਰੇਮ ਮੇਰਾ ਸ੍ਰੇਸ਼ਟ ਪਿਤਾ ਹੈ, ਸ੍ਰੇਸ਼ਟ ਬੁੱਧੀ ਮੇਰੀ ਮਾਤਾ ਹੈ। ਸ਼ਾਂਤੀ ਹਿਤ ਕਰਕੇ ਦਾਈ ਵਾਂਗ ਮੈਨੂੰ ਦੁਲਾਰਦੀ ਹੈ। ਸੰਤੋਖ ਸਾਡਾ ਭਲੀ ਪ੍ਰਕਾਰ ਖਿਡਾਵਾ ਹੈ। ਰਾਤ ਦਿਨ ਆਪਣੀ ਗੋਦੀ ਵਿਚ ਚੁਕ ਕੇ ਮੈਨੂੰ ਖਿਡਾਉਂਦਾ ਹੈ॥ ੩੦॥

ਖਿਮਾ ਭਗਨਿ, ਬੈਰਾਗ ਸੁਭਾਈ। ਸਤਿ ਚਾਚਾ ਹਿਰਦੈ ਹਿਤ ਲਾਈ।
ਗਯਾਨ ਸਪੂਤ ਉਪਜ ਸੁਖ ਪਾਯਾ। ਸਭਿ ਬਾਧਵ ਮਹਿਂ ਨਾਮ ਵਧਾਯਾ ॥੩੧॥

ਖਿਮਾਂ ਮੇਰੀ ਭੈਣ ਹੈ ਅਤੇ ਵੈਰਾਗ ਸ੍ਰੇਸ਼ਟ ਭਾਈ ਹੈ। ਸੱਚ ਮੇਰਾ ਚਾਚਾ ਹੈ ਜਿਹੜਾ ਮੈਨੂੰ ਦਿਲੋਂ ਪਿਆਰ ਕਰਦਾ ਹੈ। ਗਿਆਨ ਮੇਰਾ ਪੁੱਤਰ ਹੈ, ਜਿਸ ਦੇ ਪੈਦਾ ਹੋਣ ਤੇ ਮੈਂ ਬਹੁਤ ਸੁਖ ਪਾਇਆ ਹੈ। ਸਭ ਸੰਬੰਧੀਆਂ ਵਿਚ ਇਸ ਮੇਰਾ ਨਾਂ ਉੱਚਾ ਕੀਤਾ ਹੈ॥ ੩੧॥

ਤਿਹਂ ਕੋ ਸੁਤ ਬਿਗਯਾਨ ਪ੍ਰਕਾਸ਼ਾ। ਜਿਨ ਦਾਰਿਦ ਅੱਗਯਾਨ ਬਿਨਾਸ਼ਾ।
ਇਹ ਪਰਵਾਰ ਸਰਸ ਸੁਖਰਾਸੂ। ਜਿਸ ਮਹਿਂ ਹੌਂ ਨਿਤ ਕਰਤਿ ਬਿਲਾਸੂ ॥੩੨॥

ਉਸ ਦਾ ਪੁੱਤਰ ਵਿਗਿਆਨ ਪ੍ਰਕਾਸ਼ਮਾਨ ਹੋਇਆ ਹੈ ਜਿਸ ਨੇ ਅਗਿਆਨਤਾ ਤੇ ਦਲਿਦਰ ਦਾ ਨਾਸ਼ ਕੀਤਾ ਹੈ। ਇਹ ਪਰਿਵਾਰ ਬਹੁਤ ਸੁਖਾਂ ਦੀ ਰਾਸ ਹੈ, ਜਿਸ ਵਿਚ ਸਦਾ ਆਨੰਦ ਮਈ ਕ੍ਰੀੜਾ ਹੁੰਦੀ ਰਹਿੰਦੀ ਹੈ॥ ੩੨॥

ਦੋਹਰਾ- ਇਸ ਕੁਟੰਬ ਕੋ ਛੋਡਿ ਜੇ ਅਨਤ ਬਸਹਿਂ ਅਨਜਾਨ।
ਪਤਿ ਸਦੀਵ ਆਗੈ ਇਹਾਂ ਜਿਸਤੇ ਹੋਇ ਨ ਹਾਨ॥ ੩੩॥

ਇਸ ਪਰਿਵਾਰ ਨੂੰ ਛੱਡ ਕੇ ਜਿਹੜਾ ਅਣਜਾਣ ਕਿਤੇ ਹੋਰ ਥਾਂ ਜਾ ਕੇ ਨਹੀਂ ਵੱਸਦਾ, ਉਸ ਦੀ ਇੱਜ਼ਤ ਨੂੰ ਇਸ ਲੋਕ ਅਤੇ ਅਗਲੇ ਲੋਕ ਵਿਚ ਕੋਈ ਨੁਕਸਾਨ ਨਹੀਂ ਪੁੱਜਦਾ॥ ੩੩॥

ਚੌਪਈ- ਇਹ ਬਿਧਿ ਕਮਲ ਬਦਨ ਤੈ ਬਦਿ ਕਰਿ। ਤੂਸ਼ਨ ਹੋਇ ਰਹੇ ਪੁਨਿ ਜਗ ਗੁਰ।
ਲਾਲੂ ਤਬ ਕਾਲੂ ਸੋਂ ਕਹਜੋ। 'ਹਮ ਅਵਾਸ ਤੇ ਨਾਨਕ ਰਹਜੋ॥ ੩੪॥

ਇਸ ਤਰ੍ਹਾਂ ਆਪਣੇ ਕੰਵਲ ਮੁਖ ਤੋਂ ਇਹ ਸ਼ਬਦ ਕਹਿ ਕੇ ਫਿਰ ਜਗਤ ਗੁਰੂ ਚੁੱਪ ਹੋ ਗਏ। ਬਾਬਾ ਲਾਲੂ ਨੇ ਫਿਰ ਬਾਬਾ ਕਾਲੂ ਨੂੰ ਕਿਹਾ, "ਸਾਡੇ ਘਰ ਨਾਨਕ ਨਹੀਂ ਰਹੇਗਾ॥ ੩੪॥

ਕਿਹ ਬਿਧਿ ਲੇਯ ਚਲਹੁ ਢਿਗ ਰਾਇ। ਜੋ ਦੇਵਹਿ ਇਹ ਕੋ ਸਮਝਾਇ!
ਸ੍ਰੀ ਗੁਰ ਸੋਂ ਬੋਲਜੋ ਪੁਨਿ ਬੈਨਾ। 'ਰਾਇ ਨਿਕਟ ਚਲੀਅਹਿ ਸੁਖਦੈਨਾ! ॥੩੫॥

ਇਸ ਨੂੰ ਕਿਸੇ ਤਰ੍ਹਾਂ ਰਾਇ ਬੁਲਾਰ ਦੇ ਪਾਸ ਲੈ ਜਾਈਏ, ਉਹ ਇਸ ਨੂੰ ਸਮਝਾ ਦੇਵੇਗਾ। ਫਿਰ ਗੁਰੂ ਜੀ ਨੂੰ ਕਿਹਾ, "ਹੇ ਸੁਖਦਾਤੇ ! ਰਾਇ ਬੁਲਾਰ ਪਾਸ ਚਲੀਏ"॥ ੩੫॥

ਸੁਨਿ ਕਰਿ ਰਾਇ ਨਾਮ ਕੋ ਦਯਾਲਾ। ਉਠਿ ਕਰਿ ਚਲੇ ਸੰਗ ਤਤ ਕਾਲਾ।
ਮਾਨਵ ਔਰ ਬਹੁਤ ਭੇ ਸਾਥੂ। ਮਿਲਤਿ ਨਿਵਾਵਤਿ ਹੈਂ ਨਿਜ ਮਾਥੂ ॥੩੬॥

ਰਾਇ ਬੁਲਾਰ ਦਾ ਨਾਂ ਸੁਣ ਕੇ ਦਿਆਲੂ ਗੁਰੂ ਜੀ ਉੱਠ ਕੇ ਉਸੇ ਵਕਤ ਉਨ੍ਹਾਂ ਦੇ ਨਾਲ ਚਲ ਪਏ। ਉਨ੍ਹਾਂ ਦੇ ਨਾਲ ਹੋਰ ਵੀ ਕਈ ਲੋਕ ਸਨ, ਉਹ ਮਿਲ ਕੇ ਸਿਰ ਨਿਵਾ ਕੇ ਮੱਥਾ ਟੇਕਦੇ ਹਨ॥ ੩੬॥

ਦੋਹਰਾ- ਸ੍ਰੀ ਨਾਨਕ ਕੇ ਨਾਮ ਕੀ ਲਿਵ ਮਨ ਦਰਸ ਪਿਆਸ।
ਰਿਦੈ ਉਡੀਕ ਸਦੀਵ ਹੀ ਕਬਿ ਆਵਹਿਂ ਮਮ ਪਾਸ॥ ੩੭॥

ਰਾਇ ਬੁਲਾਰ ਦੇ ਮਨ ਵਿਚ ਸ੍ਰੀ ਨਾਨਕ ਦੇ ਨਾਮ ਦੀ ਲਿਵ ਲੱਗੀ ਹੋਈ ਹੈ, ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਉਨ੍ਹਾਂ ਦੇ ਮਨ ਵਿਚ ਪਿਆਸ ਹੈ। ਹਿਰਦੇ ਵਿਚ ਸਦਾ ਹੀ ਉਡੀਕ ਹੈ ਕਿ ਕਦ ਮੇਰੇ ਪਾਸ ਆਉਣ॥ ੩੭॥

ਚੌਪਈ- ਇਕ ਨਰ ਦੌਰ ਕਹੀ ਸੁਧਿ ਤਾਂਕੋ। 'ਆਵਤਿ ਨਾਨਕ ਚਾਹਤਿ ਜਾਂਕੋ'।
ਸੁਨਿ ਕਰਿ ਗਿਰਾ ਬਿਸਾਲ ਹੁਲਾਸੇ। ਮਨਹੁ ਮਿਲਜੋ ਜਲ ਬਿਕੁਲ ਪਿਆਸੇ ॥੩੮॥

ਇਕ ਆਦਮੀ ਨੇ ਦੌੜ ਕੇ ਰਾਇ ਬੁਲਾਰ ਨੂੰ ਖਬਰ ਦਿਤੀ। ਉਹ ਕਹਿਣ ਲੱਗਾ, "ਜਿਨ੍ਹਾਂ ਨੂੰ ਤੁਸੀ ਚਾਹੁੰਦੇ ਹੋ, ਉਹ ਨਾਨਕ ਆ ਰਿਹਾ ਹੈ।" ਇਹ ਸੁਣ ਕੇ ਰਾਇ ਬਹੁਤ ਪ੍ਰਸੰਨ ਹੋਏ, ਮਾਨੋ ਪਿਆਸ ਨਾਲ ਵਿਆਕੁਲ ਹੋਏ ਨੂੰ ਜਲ ਮਿਲ ਗਿਆ ਹੋਵੇ॥ ੩੮॥

ਆਵਤਿ ਦੇਖਿ ਦੂਰ ਰਵਿ-ਦਯਾਲਾ। ਬਦਨ ਕਮਲ ਸਾ ਖਿਰਾ ਬਿਸਾਲਾ।
ਚੰਦ੍ਰ ਬਦਨ ਪ੍ਰੀਤਮ ਕੋ ਹੇਰਾ। ਚਖ ਚਕੋਰ ਭਾ ਅਨੰਦ ਘਨੇਰਾ॥ ੩੯॥

ਦਿਆਲੂ ਗੁਰੂ ਜੀ ਨੂੰ ਦੂਰੋਂ ਹੀ ਆਉਂਦਿਆਂ ਵੇਖ ਕੇ ਰਾਇ ਬੁਲਾਰ ਦਾ ਕਮਲ ਵਰਗਾ ਮੁਖੜਾ ਖਿੜ ਗਿਆ ਅਤੇ ਚੰਦ ਵਰਗੇ ਮੁਖੜੇ ਨੂੰ ਜਦ ਵੇਖਿਆ, ਤਾਂ ਨੇਤਰਾਂ ਰੂਪੀ ਚਕੋਰਾਂ ਨੇ ਬੜਾ ਆਨੰਦ ਮਾਣਿਆ॥ ੩੯॥

ਬਿਨ ਬਲ ਬਪੁਖ, ਬਿਰਧ, ਵਡ ਬੈਸਾ। ਹੁਤੇ ਮੰਚ ਪਰ ਤਿਹ ਛਿਨ ਬੈਸਾ।
ਉਠਨ ਲਗ੍ਯੋ ਪਗ ਧਰਨੀ ਧਰੇ। ਸ੍ਰੀ ਗੁਰੁ ਜਾਇ ਨਿਵਾਰਨ ਕਰੇ॥੪੦॥

ਬਲਹੀਨ, ਨਿਰਬਲ ਸਰੀਰ, ਬਿਰਧ ਅਤੇ ਨਗਰ ਦਾ ਵਡੇਰਾ ਉਸ ਸਮੇਂ ਇਕ ਪਲੰਘ ਤੇ ਬੈਠਾ ਸੀ। ਉਠਣ ਲੱਗਾ ਕਿ ਚਰਨਾਂ ਤੇ ਮੱਥਾ ਟੇਕੇ, ਪਰ ਗੁਰੂ ਜੀ ਨੇ ਪਹਿਲਾਂ ਹੀ ਜਾ ਕੇ ਰੋਕ ਦਿੱਤਾ॥ ੪੦॥

ਦੋਹਰਾ- ਪ੍ਰੇਮ ਸੰਗਿ ਗਦਗਦ ਗਿਰਾ, ਨੈਨ ਅਨੰਦ ਕੋ ਨੀਰ।
ਮਾਨਹੁ ਗਯਾਨ ਸਨੇਹ ਦੋ ਧਰਿ ਕੇ ਮਿਲੇ ਸਰੀਰ॥ ੪੧॥

ਪ੍ਰੇਮ ਨਾਲ ਗਦ-ਗਦ ਹੋ ਗਿਆ ਅਤੇ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ। ਮਾਨੋ ਗਿਆਨ ਅਤੇ ਪਿਆਰ ਸਰੀਰ ਧਾਰ ਕੇ ਇਕ ਦੂਸਰੇ ਨੂੰ ਮਿਲ ਪਏ॥ ੪੧॥

ਚੌਪਈ- ਭਯੋ ਨਿਮਗਨ ਪ੍ਰੇਮ ਅਸਗਾਹੂ। ਪੈਰਨ ਪਾਰ ਨ ਪਾਵਹਿ ਬਾਹੂ।
ਲੋਚਨ ਤੇ ਮੋਚਤਿ ਜਲਧਾਰਾ। ਪੁਲਕਤਿ ਦੇਹਿ ਨ ਬੋਲ ਉਚਾਰਾ॥੪੨॥

ਅਸਗਾਹ ਪ੍ਰੇਮ ਵਿਚ ਇਸ ਤਰ੍ਹਾਂ ਲਿਵਲੀਨ ਹੋ ਗਿਆ ਕਿ ਉਸ ਦਾ ਬਾਹਾਂ ਨਾਲ ਤੁਰਨ ਨਾਲ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵੱਗ ਰਹੀਆਂ ਸਨ। ਰੋਮ ਰੋਮ ਇੰਝ ਖੜੇ ਹੋ ਗਏ ਹਨ ਕਿ ਬੋਲਿਆ ਵੀ ਨਹੀਂ ਸੀ ਜਾਂਦਾ॥ ੪੨॥

ਕਿਤਕ ਬਾਰ ਭਰਿ ਕਰਿ ਨਿਜ ਅੰਕਾ। ਬਹੁਰੋ ਛੋਰੇ ਬਦਨ ਮਯੰਕਾ।
ਪਗ ਪਰ ਸ੍ਰੀ ਗੁਰੂ ਯੁਗ ਕਰ ਰਾਖੇ। ਔਗੁਨ ਜਾਨ ਬਦਨ ਬਚ ਭਾਖੇ॥੪੩॥

ਕਈ ਵਾਰ ਆਪਣੀ ਜੱਫੀ ਵਿਚ ਭਰ ਕੇ ਫਿਰ ਚੰਦ੍ਰਮੁਖ, ਭਾਵ ਗੁਰੂ ਜੀ ਨੂੰ ਛੱਡ ਦਿੰਦਾ ਹੈ। ਗੁਰੂ ਜੀ ਚਰਨਾਂ ਤੇ ਦੋਵੇਂ ਹੱਥ ਰੱਖਦੇ ਹਨ। ਇਸ ਗੱਲ ਨੂੰ ਔਗੁਣ ਸਮਝ ਕੇ ਰਾਇ ਬੁਲਾਰ ਆਪਣੇ ਮੁਖ ਤੋਂ ਬਚਨ ਕਰਦੇ ਹਨ॥ ੪੩॥

'ਕਹਿਰ ਕਰਯੋ ਸ੍ਰੀ ਨਾਨਕ ਤੋਹੀ। ਜੀਵਤਿ ਮਿਰਤਕ ਕੀਨੋ ਮੋਹੀ।
ਬੰਦਨ ਪੂਜਨ ਤੁਮਹਿ ਬੁਲਾਯੋ। ਮਮ ਮਨ ਦਰਸ਼ਨ ਕੋ ਲਲਚਾਯੋ॥੪੪॥

ਹੇ ਸ੍ਰੀ ਨਾਨਕ ! ਇਹ ਤਾਂ ਤੁਸੀਂ ਕਹਿਰ ਕੀਤਾ ਹੈ, ਮੇਰੀ ਜੀਵਤ ਦੇਹ ਨੂੰ ਮੁਰਦਾ ਕਰ ਦਿੱਤਾ ਹੈ। ਤੁਹਾਡੇ ਚਰਨਾਂ ਤੇ ਮੱਥਾ ਟੇਕਣ ਵਾਸਤੇ ਮੈਂ ਤੁਹਾਨੂੰ ਬੁਲਾਇਆ ਸੀ, ਮੇਰਾ ਮਨ ਤੁਹਾਡੇ ਦਰਸ਼ਨਾਂ ਲਈ ਬਹੁਤ ਲਲਚਾਇਆ ਸੀ॥ ੪੪॥

ਪਗ ਪਰ ਧਰਿ ਕਰਿ ਮੁਝ ਦੁਖ ਦੀਨੋ। ਵਡ ਬਿਪਰੀਤਿ ਬਾਤ ਇਹ ਕੀਨੋ।
ਕਿਹ ਬਿਧਿ ਔਗੁਨ ਏਹ ਉਤਾਰੋਂ। ਕੋ ਉਪਚਾਰ ਨ ਰਿਦੈ ਬਿਚਾਰੋਂ॥੪੫॥

ਮੇਰੇ ਪੈਰਾਂ ਤੇ ਹੱਥ ਧਰ ਕੇ ਤੁਸੀ ਮੈਨੂੰ ਦੁਖੀ ਕੀਤਾ ਹੈ ਵੱਡੀ ਵਿਪਰੀਤ ਰੀਤੀ ਵਾਲੀ ਇਹ ਤੁਸੀ ਗੱਲ ਕੀਤੀ ਹੈ। ਮੈਂ ਗੁਨਾਹ ਕਿਵੇਂ ਮੁਆਫ ਕਰਾਵਾਂਗਾ, ਮੇਰੇ ਹਿਰਦੇ ਵਿਚ ਤਾਂ ਕੋਈ ਉਪਾਅ ਨਹੀ ਸੁਝ ਰਿਹਾ॥ ੪੫॥

ਦੋਹਰਾ- ਸ੍ਰੀ ਨਾਨਕ ਕਹਿਂ 'ਵਡੇ ਤੁਮ ਪ੍ਰੇਮੀ ਬਹੁਰ ਖੁਦਾਇ।
ਭ੍ਰਿਤਨ ਸਮ ਜਾਨਹੁ ਹਮੈ ਬੰਦਨ ਹੀ ਬਨਿ ਆਇ' ॥ ੪੬ ॥

ਸ੍ਰੀ ਨਾਨਕ ਜੀ ਨੇ ਕਿਹਾ, "ਤੁਸੀਂ ਖੁਦਾ ਦੇ ਬਹੁਤ ਵੱਡੇ ਪ੍ਰੇਮੀ ਹੋ, ਮੈਨੂੰ ਆਪਣੇ ਦਾਸਾਂ ਵਾਂਗ ਸਮਝੋ, ਮੇਰਾ ਤੁਹਾਨੂੰ ਮੱਥਾ ਟੇਕਣਾ ਹੀ ਬਣਦਾ ਹੈ॥ ੪੬॥

ਚੌਪਈ- 'ਭਗਤਨ ਕੋ ਨਿਜ ਤੇ ਅਧਿਕਾਈ। ਦੇਤਿ ਦਾਸ ਕੋ ਵਡ ਵਡਿਆਈ।
ਜਾਨਤਿ ਹੈ ਜਗ ਨਈ ਨ ਰੀਤੀ ॥ਅਹੈ ਸਨਾਤਨ ਸਭਿ ਜੁਗ ਕੀਤੀ ॥੪੭ ॥

ਭਗਤਾਂ ਦਾ ਇਹ ਉਚਾਪਨ ਹੈ ਕਿ ਇਹ ਹਮੇਸ਼ਾ ਦਾਸ ਨੂੰ ਵਡੀ ਵਡਿਆਈ ਦਿੰਦੇ ਹਨ। ਇਹ ਸਾਰਾ ਜੱਗ ਜਾਣਦਾ ਹੈ, ਇਹ ਕੋਈ ਨਵੀਂ ਰੀਤੀ ਨਹੀਂ ਹੈ। ਇਹ ਬਹੁਤ ਪੁਰਾਤਨ ਅਤੇ ਸਭ ਜੁੱਗਾਂ ਵਿਚ ਕੀਤੀ ਹੈ॥ ੪੭॥

ਪਾਂਡਵ ਹੁਤੋ ਜੁਧਿਸ਼ਟਰ ਰਾਊ। ਕ੍ਰਿਸ਼ਨ ਕਿਯੇ ਬਸਿ ਭਗਤਿ ਪ੍ਰਭਾਊ।
ਆਇਸ ਮਾਨ ਕਰਹਿਂ ਪਦ ਬੰਦਨ। ਰਹਹਿਂ ਦਾਸ ਜਿਉਂ ਦੋਖ ਨਿਕੰਦਨ ॥੪੮ ॥

ਪਾਂਡਵਾਂ ਦਾ ਰਾਜਾ ਯੁਧਿਸ਼ਟਰ ਸੀ। ਕ੍ਰਿਸ਼ਨ ਨੇ ਪ੍ਰਭਾਵ ਨਾਲ ਉਨ੍ਹਾਂ ਨੂੰ ਆਪਣੇ ਵੱਸ ਕਰ ਲਿਆ ਸੀ। ਆਗਿਆ ਮੰਨ ਕੇ ਚਰਨਾਂ ਤੇ ਨਮਸ਼ਕਾਰ ਕਰਦੇ ਹਨ, ਜਿਵੇਂ ਦੁੱਖਾਂ ਦਾ ਨਾਸ਼ ਕਰਨ ਵਾਲੇ ਦਾਸ ਰਹਿੰਦੇ ਹਨ॥ ੪੮॥

ਸਦਾ ਅਧੀਨ ਭਗਤਿ ਕਰਤਾਰਾ। ਇਹ ਬਿਧਿ ਹਿਰਦੈ ਬਿਰਦ ਮੁਰਾਰਾ।
ਬਸੀ ਬਿਸ੍ਵ ਜਿਸ ਬਿਸ਼ਨ ਬਿਆਪੂ। ਸੋ ਬਸ ਤਿਨਕੇ ਭਗਤਿ ਪ੍ਰਤਾਪੂ' ॥੪੯ ॥

ਕਰਤਾਰ ਸਦਾ ਭਗਤਾਂ ਦੇ ਅਧੀਨ ਰਹਿੰਦਾ ਹੈ, ਇਹੋ ਵਿਧੀ ਕ੍ਰਿਸ਼ਨ ਮੁਰਾਰੀ ਦੇ ਹਿਰਦੇ ਵਿਚ ਸੀ। ਜਿਸ ਤਰ੍ਹਾਂ ਵਿਆਪਕ ਵਿਸ਼ਨੂੰ ਦੇ ਵੱਸ ਵਿਚ ਜਗਤ ਹੈ, ਇਸ ਤਰ੍ਹਾਂ ਭਗਤਾਂ ਦੇ ਵਿਚ ਭਗਤੀ ਦਾ ਪਰਤਾਪ ਹੈ॥ ੪੯॥

ਦੋਹਰਾ- ਬਿਨੈ ਬਖਾਨਤਿ ਦੀਨ ਮਨ ਹਾਥ ਬੰਦਿ ਕਰਿ ਰਾਉ।
'ਜਗਤ ਜੋਨਿ, ਜਲ ਜਾਨਨੰ, ਜਲ ਜੰਘ੍ਰੀ, ਜਜਵਾਉ ॥ ੫੦ ॥

ਰਾਇ ਬੁਲਾਰ ਦੋਵੇਂ ਹੱਥ ਜੋੜ ਕੇ, ਦੀਨ ਮਨ ਕਰਕੇ ਬੇਨਤੀ ਕਰਦਾ ਹੈ, "ਤੁਸੀਂ ਜਗਤ ਦਾ ਕਾਰਨ ਹੋ, ਕੰਵਲ ਮੁਖ ਹੋ, ਇਸ ਲਈ ਮੈਨੂੰ ਚਰਨ ਕੰਵਲਾਂ ਦੀ ਪੂਜਾ ਕਰ ਲੈਣ ਦੇਵੋ॥ ੫੦॥

ਚੌਪਈ- ਪਰਮੇਸ਼ੁਰ ਤੂੰ ਪੁਰਖ ਪੁਰਾਤਨ। ਪਾਰਬ੍ਰਹਮ ਕਿਰਪਾਲ ਸਨਾਤਨ।
ਜੋਤੀ ਰੂਪ ਅਨੂਪ ਸਰੂਪਾ। ਸ਼ਹਿਨਸ਼ਾਹ ਭੂਪ ਕੇ ਭੂਪਾ ॥ ੫੧ ॥

ਤੂੰ ਪਰਮੇਸ਼ੁਰ ਤੇ ਪੁਰਖ ਪੁਰਾਤਨ ਹੈਂ, ਪਾਰਬ੍ਰਹਮ ਹੈਂ। ਕਿਰਪਾਲੂ ਅਤੇ ਅਨਾਦਿ ਹੈਂ। ਤੂੰ ਜੋਤੀ ਰੂਪ ਹੈਂ ਤੇ ਤੇਰਾ ਅਨੂਪਮ ਸਰੂਪ ਹੈ, ਤੂ ਸਾਹਿਨਸ਼ਾਹ ਤੇ ਰਾਜਿਆਂ ਦਾ ਰਾਜਾ ਹੈਂ॥ ੫੧॥

ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!। ਦੀਨ ਬੰਧੁ ਸਭਿ ਅੰਤਰਜਾਮੀ।
ਭਵ ਬੰਧਨ ਤੇ ਕਰਿ ਛੁਟਕਾਰਾ। ਪਤਿਤ ਉਧਾਰਨ ਬਿਰਦ ਤੁਮਾਰਾ ॥੫੨ ॥

ਹੇ ਕਿਰਪਾਲੂ ਸਵਾਮੀ! ਮੈਨੂੰ ਬਖਸ਼ ਲਵੋ, ਤੁਸੀਂ ਦੀਨ ਬੰਧੂ ਅਤੇ ਅੰਤਰਜਾਮੀ ਹੋ। ਮੇਰਾ ਇਸ ਸੰਸਾਰ ਬੰਧਨ ਤੋਂ ਛੁਟਕਾਰਾ ਕਰੋ। ਪਤਿਤਾਂ ਦਾ ਉਧਾਰ ਕਰਨਾ ਤੁਹਾਡਾ ਸੁਭਾਅ ਹੈ॥ ੫੨ ॥

ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ। ਤਿਉਂ ਤਿਉਂ ਰਾਇ ਮੋਹ ਤਮ ਟਰਿਈ।
ਦੇਖ ਦੀਨਤਾ ਅਧਿਕ ਦਯਾਲਾ। ਰਿਦੈ ਪ੍ਰਸੀਦਤਿ ਭਯੇ ਬਿਸਾਲਾ ॥ ੫੩ ॥

ਜਿਵੇਂ ਜਿਵੇਂ ਦੀਨ ਹੋ ਕੇ ਬੇਨਤੀ ਕਰੀ ਜਾ ਰਿਹਾ ਹੈ, ਤਿਵੇਂ ਤਿਵੇਂ ਰਾਇ ਬੁਲਾਰ ਦਾ ਹਨੇਰਾ ਰੂਪੀ ਮੋਹ ਖਤਮ ਹੋ ਰਿਹਾ ਹੈ। ਦਿਆਲੂ ਗੁਰੂ ਜੀ ਨੇ ਜਦ ਅਧਿਕ ਦੀਨਤਾ ਵੇਖੀ ਤਾਂ ਹਿਰਦੇ ਵਿਚ ਵਿਸ਼ਾਲ ਪ੍ਰਸੰਨ ਹੋਏ॥ ੫੩॥

ਦੋਹਰਾ- 'ਬਖਸ਼ੇ ਪ੍ਰਥਮ ਖੁਦਾਇ ਤੁਮ ਨਿਸ਼ਚਾ ਰਿਦੈ ਅਡੋਲ।
ਆਪ ਰਹਹੁਗੇ ਸੰਗ ਮੁਝ, ਪਾਵਹੁ ਅਨਦ ਅਮੋਲ' ॥ ੫੪॥

ਤੁਹਾਨੂੰ ਖੁਦਾਵੰਦ ਕਰੀਮ ਬਖਸ਼ਣਗੇ, ਤੁਹਾਡੇ ਹਿਰਦੇ ਵਿਚ ਨਿਸ਼ਚਾ ਅਡੋਲ ਹੈ। ਤੁਸੀਂ ਹਮੇਸ਼ਾਂ ਮੇਰੇ ਅੰਗ ਸੰਗ ਰਹੋਗੇ, ਅਤੇ ਅਮੋਲ ਆਨੰਦ ਪਾਵੋਗੇ॥ ੫੪॥

ਚੌਪਈ- ਸੁਨਿ ਸ਼੍ਰੋਨਨ ਪੁਨਿ ਬੋਲਯੋ ਰਾਊ। 'ਜਬ ਮਾਨਹੁਗੇ ਮੈਂ ਜੁ ਅਲਾਊਂ।
ਤਬ ਜਾਨੋਂਗੋ ਕਰੁਨਾ ਕਰੀ। ਯੋਂ ਨ ਪ੍ਰਤੀਤਿ ਆਇ, ਨਰ ਹਰੀ ! ॥ ੫੫॥

ਇਹ ਸੁਣ ਕੇ ਰਾਇ ਬੁਲਾਰ ਫਿਰ ਬੋਲਿਆ, "ਜੋ ਮੈਂ ਕਹਾਂ, ਜੇ ਤੁਸੀਂ ਉਸ ਨੂੰ ਮੰਨੋਗੇ ਤਾਂ ਮੈਂ ਸਮਝਾਂਗਾ ਕਿ ਤਦ ਤੁਸੀਂ ਮੇਰੇ ਤੇ ਪੂਰੀ ਕਿਰਪਾ ਕਰ ਦਿੱਤੀ ਹੈ, ਉਸ ਤਰ੍ਹਾਂ ਮੈਨੂੰ ਪ੍ਰਤੀਤ ਨਹੀ ਆਉਂਦੀ ॥ ੫੫॥

ਪਦ ਅਰਬਿੰਦ ਅਨੰਦ ਕੰਦ ਜੇ। ਜਜਿ ਕਰਿ ਬੰਦੋਂ ਹਾਥ ਬੰਦ ਜੇ।
ਤਬ ਤ੍ਰਿਪਤਹਿ ਚਿਤ,ਤਰਨ ਤਰੰਨਾ !। ਅਸ ਬਿਧਿ ਬਿਨ ਮਨ ਨਹੀਂ ਅਮੰਨਾ॥੫੬॥

ਚਰਨ ਕੰਵਲ ਅਨੰਦਦਾਤੇ ਜੇ ਦੋਵੇਂ ਹੱਥ ਜੋੜ ਕੇ ਮੈਂ ਬੰਦਨਾ ਕਰਾਂ ਤਦ ਹੀ ਮੇਰੇ ਮਨ ਨੂੰ ਤ੍ਰਿਪਤੀ ਮਿਲਦੀ ਹੈ, ਨਹੀਂ ਤਾਂ ਮੇਰੇ ਮਨ ਨੂੰ ਚੈਨ ਨਸੀਬ ਨਹੀਂ ਹੁੰਦਾ॥ ੫੬॥

ਹੁਇ ਜਾਊਂ ਮੈਂ ਤਬਹਿ ਨਿਹਾਲੂ। ਛੂਟਹਿ ਜਗਤ ਜੋਨਿ ਜਮ ਜਾਲੂ।
ਬਿਨੈ ਮਾਨਿਯੇ ਦੀਨ ਦਯਾਲਾ। ਪਰਨਾ ਚਰਨਹਿਂ ਸ਼ਰਨ ਬਿਸਾਲਾ॥੫੭॥

ਹੇ ਗੁਰੂ ਜੀ ! ਮੇਰੇ ਪ੍ਰਭੂ ਜੀ ! ਮੇਰੀ ਸੰਤੁਸ਼ਟੀ ਤਾਂ ਤਦ ਹੀ ਹੋਵੇਗੀ ਜੇ ਮੈਂ ਇਸ ਜਗਤ ਦੀਆਂ ਜੂਨਾਂ ਤੋਂ ਮੁਕਤ ਹੋ ਜਾਵਾਂਗਾ। ਹੇ ਦੀਨ ਦਿਆਲ ਮੇਰੀ ਬੇਨਤੀ ਮੰਨੋ, ਮੈਂ ਤੁਹਾਡੀ ਸ਼ਰਨ ਆਇਆ ਹਾਂ॥ ੫੭॥

ਦੋਹਰਾ- ਪ੍ਰੇਮਾਤੁਰ ਅਵਿਲੋਕ ਗੁਰ ਕਹਤਿ 'ਲਾਲਸਾ ਜੋਇ।
ਬਚਨ ਬਹੋਰਯੋ ਜਾਤਿ ਨਹਿਂ, ਕਰੀਯੇ ਤਸ ਬਿਧਿ ਸੋਇ'॥ ੫੮॥

ਪ੍ਰਭੂ ਰੂਪ ਇਹ ਵੇਖ ਕੇ ਬੋਲੇ, "ਦੱਸੋ ਤੁਹਾਡੀ ਕੀ ਮਨੋਕਾਮਨਾ ਹੈ, ਤੁਹਾਡਾ ਬਚਨ ਮੋੜਿਆ ਨਹੀ ਜਾ ਸਕਦਾ, ਓਹੋ ਗੱਲ ਕਹੋ, ਜਿਸ ਤਰ੍ਹਾਂ ਇਸ ਸੰਕਟ ਦਾ ਨਿਵਾਰਨ ਹੋ ਸਕਦਾ ਹੈ॥ ੫੮॥

ਚੌਪਈ- ਘਟਿਕਾ ਚਤੁਰ ਸਰਬ ਪਰਿਵਾਰਾ। ਕਹਜੋ ਰਾਇ, ਪੁਨ ਗਏ ਅਗਾਰਾ।
ਉਰ ਕਰਿ ਹਰਖਬੁਲਾਰ ਬਿਚਾਰਾ। ਪੂਰਬ ਪਾਕ ਕਰਾਉਂ ਅਹਾਰਾ॥੫੯॥

ਚਾਰ ਘੜੀਆਂ ਸਾਰਾ ਪਰਿਵਾਰ ਓਥੇ ਰਿਹਾ, ਜਦ ਰਾਇ ਬੁਲਾਰ ਨੇ ਕਿਹਾ ਤਾਂ ਅੱਗੇ ਗਏ। ਫਿਰ ਦਿਲ ਵਿਚ ਰਾਇ ਬੁਲਾਰ ਨੇ ਵਿਚਾਰ ਕੀਤੀ ਕਿ ਪਹਿਲਾਂ ਮੈਂ ਇਨ੍ਹਾਂ ਵਾਸਤੇ ਭੋਜਨ ਤਿਆਰ ਕਰਵਾਵਾਂ॥ ੫੯॥

ਦਾਸ ਪਠਯੋ, ਦਿਜ ਦੂੱਤ ਬੁਲਾਯੋ। ਹੋਇ ਪ੍ਰੇਮ ਮੈਂ ਬਚਨ ਅਲਾਯੋ।
'ਮਿਲਯੋ ਆਨਿ ਕਰਿ ਮੋਹਿ ਖੁਦਾਇ। ਕਰਹੁ ਰਸੋਈ ਦਿਜ ਅਬ ਨ੍ਹਾਇ॥੬੦॥

ਇਕ ਨੌਕਰ ਨੂੰ ਭੇਜ ਕੇ ਤੁਰੰਤ ਇਕ ਬ੍ਰਾਹਮਣ ਨੂੰ ਬੁਲਾਇਆ ਅਤੇ ਬੜੇ ਪ੍ਰੇਮ ਭਾਵਨਾ ਦੇ ਬਚਨ ਕਹੇ, ਕਿ ਮੈਨੂੰ ਖੁਦਾਵੰਦ ਕਰੀਮ ਆ ਕੇ ਮਿਲੇ ਹਨ, ਅੱਜ ਸਾਡੇ ਘਰ ਆ ਕੇ ਰਸੋਈ ਤਿਆਰ ਕਰੋ॥ ੬੦॥

ਮਮ ਹਦੂਰ ਸ਼ੁਭ ਪਰਮ ਅਹਾਰਾ। ਅਚਵਾਵਹੁ, ਨਹਿਂ ਕਰਹੁ ਅਵਾਰਾ।

ਸੁਚ ਸੋਂ ਲੇ ਜਲ ਕੁੰਭ ਨਵੀਨਾ। ਰੁਚਿ ਸੋਂ ਕਰਹੁ ਪਾਕ, ਪਰਬੀਨਾ ॥੬੧ ॥

ਅੱਜ ਸਾਡੇ ਘਰ ਧਰਮ ਪਵਿੱਤਰ ਭੋਜਨ ਤਿਆਰ ਕਰੋ, ਛੇਤੀ ਆ ਕੇ ਤਿਆਰ ਕਰੋ, ਇਸ ਵਿਚ ਕੋਈ ਦੇਰੀ ਕਰਨ ਦੀ ਲੋੜ ਨਹੀ ਹੈ, ਸੁੱਚਮ ਜਾਣ ਕੇ ਨਵੇਂ ਘੜੇ ਵਿਚ ਪਾਣੀ ਲਵੋ ਅਤੇ ਆਪਣੀ ਰੁਚੀ ਅਨੁਸਾਰ ਪਵਿੱਤਰ ਭੋਜਨ ਤਿਆਰ ਕਰੋ॥ ੬੧॥

ਬਿੰਜਨ, ਮਧੁਰ ਰੁਚਿਰ ਕਰਿਵਾਏ। ਮੇਵੇ ਪਾਇਸੁ ਮਾਂਹਿ ਮਿਲਾਏ।
ਸੂਖਮ ਚਾਵਰ ਘ੍ਰਿੱਤ ਭੁੰਵਾਏ। ਨਾਨਾਭਾਂਤਿ ਸਲਵਨ ਬਨਾਏ ॥ ੬੨ ॥

ਬਹੁਤ ਸਵਾਦੀ ਭੋਜਨ ਤਿਆਰ ਕਰਵਾਏ, ਉਨ੍ਹਾਂ ਵਿਚ ਕਈ ਪ੍ਰਕਾਰ ਦੇ ਮੇਵੇ ਘਿਉ ਵਿਚ ਮਿਲਾਏ। ਬਰੀਕ ਚੌਲ ਘਿਉ ਵਿਚ ਤੜਕ ਕੇ ਤਿਆਰ ਕੀਤੇ ਗਏ ਅਤੇ ਕਈ ਪ੍ਰਕਾਰ ਦੀਆਂ ਤਰਕਾਰੀਆਂ ਤਿਆਰ ਕੀਤੀਆਂ ਗਈਆਂ॥ ੬੨॥

ਦੋਹਰਾ- ਆਪ ਉਠਜੋ ਲੇ ਆਬ ਕੋ ਪਾਦ ਪਖਾਲਨ ਹੇਤ।
ਬੈਸੇ ਬਰ ਪਰਯੰਕ ਪਰ ਸ੍ਰੀ ਬੇਦੀ ਕੁਲਿਕੇਤ॥ ੬੩ ॥

ਫਿਰ ਏਨੀ ਬਿਰਧ ਅਵੱਸਥਾ ਦੇ ਬਾਵਜੂਦ ਵੀ ਰਾਇ ਬੁਲਾਰ ਚਰਨਾਂ ਨੂੰ ਧੋਣ ਵਾਸਤੇ ਪਾਣੀ ਲੈ ਕੇ ਆਪ ਉਠਿਆ, ਉਸ ਵੇਲੇ ਬੇਦੀ ਕੁਲ ਦੇ ਧਵਜ ਪਲੰਘ ਤੇ ਬੈਠੇ ਹੋਏ ਸਨ॥ ੬੩॥

ਚੌਪਈ- ਅਵਨੀ ਆਸਨ ਹੀਨ ਅਸੀਨਾ। ਅਤਿ ਸਤਿਕਾਰਤਿ ਪ੍ਰੀਤਹਿੰ ਲੀਨਾ।
ਗਹੇ ਚਰਨ ਕਰ ਨੀਰ ਪਖਾਰੇ। ਚਰਨੋਦਿਕ ਲੇ ਸਿਰ ਪਰ ਧਾਰੇ ॥ ੬੪ ॥

ਰਾਇ ਬੁਲਾਰ ਨੇ ਜ਼ਮੀਨ ਤੇ ਬੈਠ ਕੇ ਚਰਨ ਧੋਤੇ ਅਤੇ ਅਤਿ ਸਤਿਕਾਰ ਅਤੇ ਪ੍ਰੀਤ ਨਾਲ ਚਰਨਾਂ ਨੂੰ ਹੱਥਾਂ ਵਿਚ ਲਿਆ। ਚਰਨਾਂ ਨੂੰ ਹੱਥ ਵਿਚ ਫੜ ਕੇ, ਆਪਣੇ ਹੱਥਾਂ ਨਾਲ ਧੋਤੇ ਅਤੇ ਚਰਨਾਮਿਤ ਲੈ ਕੇ ਆਪਣੇ ਸਿਰ ਤੇ ਪਾਇਆ॥ ੬੪॥

ਪਾਇ ਬਦਨ ਮਹਿਂ, ਨੈਨ ਸਲੋਸੇ। ਪੁਨ ਪਟ ਸੋਂ ਪਦ ਪੋਛਿ ਪਲੋਸੇ।
ਧਰਿ ਮਾਥੇ ਪਰ ਪ੍ਰੇਮ ਮਗੰਨਾ। ਬਿਹਬਲ ਬੱਕ੍ਰਤ ਬੋਲ ਅਵੈਂ ਨਾ ॥ ੬੫ ॥

ਉਸ ਜਲ ਨੂੰ ਆਪਣੇਂ ਮੁਖੜੇ ਅਤੇ ਅੱਖਾਂ ਤੇ ਛਿੜਕਿਆ ਫਿਰ ਹੱਥਾਂ ਨਾਲ ਕਪੜਾ ਫੜ ਕੇ ਚਰਨ ਪੂੰਝ ਕੇ ਆਪਣੇ ਹੱਥਾਂ ਨਾਲ ਮਲੇ। ਫਿਰ ਹੱਥਾਂ ਨੂੰ ਮੱਥੇ ਉਤੇ ਰੱਖ ਕੇ ਪ੍ਰੇਮ ਕਰਦੇ ਹਨ, ਪਰ ਚਿਤ ਏਨਾ ਵਿਆਕੁਲ ਹੋਇਆ ਹੈ ਕਿ ਕੁਝ ਬੋਲਿਆ ਨਹੀ ਜਾਂਦਾ॥ ੬੫॥

ਭਾ ਅਨੰਦ ਉਰ ਬਰਨ ਨ ਜਾਈ। ਕੋ ਕਵਿ ਪ੍ਰੇਮ ਗਾਥ ਜੋ ਗਾਈ?
ਪ੍ਰੇਮਸਾਦ ਗੂੰਗੇ ਮਿਠਿਆਈ। ਕਹਜੋ ਨ ਜਾਇ, ਰਹਤਿ ਅੰਰਗਾਈ ॥੬੬ ॥

ਦਿਲ ਵਿਚ ਏਨੇ ਅਨੰਦ ਪ੍ਰਸੰਨ ਹਨ ਕਿ ਕੁਝ ਵੀ ਬੋਲਿਆ ਨਹੀਂ ਜਾਂਦਾ, ਇਹ ਕਵੀ ਐਸੀ ਪ੍ਰੇਮ ਗਾਥਾ ਨੂੰ ਕਿਵੇਂ ਗਾ ਸਕਦਾ ਹੈ ? ਇਹ ਅਜੇਹਾ ਪ੍ਰੇਮ ਸਵਾਦ ਹੈ, ਜਿਵੇਂ ਗੂੰਗਾ ਮਠਿਆਈ ਦਾ ਸਵਾਦ ਨਹੀ ਦੱਸ ਸਕਦਾ, ਕਿਉਂਕਿ ਗੂੰਗਾ ਬੋਲ ਨਹੀ ਸਕਦਾ, ਚੁੱਪ ਰਹਿੰਦਾ ਹੈ॥ ੬੬॥

ਦੋਹਰਾ- ਪਾਨ ਪਰਸ ਪਦ ਪੰਕਜੰ, ਪਾਕਹਿਂ ਸੁਧਿ ਮੰਗਵਾਇ।
ਪਾਕਸਾਲ ਮਹਿਂ ਲੇ ਗਯੋ ਪ੍ਰੇਮ ਵਧਿਤਿ ਅਧਿਕਾਇ॥ ੬੭ ॥

ਹੱਥਾਂ ਨਾਲ ਚਰਨ ਕੰਵਲ ਪਰਸ ਕੇ ਭੋਜਨ ਦੀ ਖਬਰ ਮੰਗਵਾਈ। ਫਿਰ ਰਸੋਈ ਘਰ ਵਿਚ ਲੈ ਗਏ ਅਤੇ ਪ੍ਰੇਮ ਅਧਿਕ ਵਧਿਆ॥ ੬੭॥

ਚੌਪਈ- ਨਿਜ ਹਦੂਰ ਬੈਸਾਇ ਕ੍ਰਿਪਾਲਾ। ਦਿਜ ਸੋ ਬਚਨ ਭਨੇ ਤਿਹ ਕਾਲਾ।

'ਰੁਚਿ ਅਨੁਸਾਰਹਿ ਦੇਹੁ ਅਹਾਰਾ। ਪਾਤਰ ਧਰਿ ਕਰਿ ਬਿਬਿਧ ਪ੍ਰਕਾਰਾ ॥੬੮॥

ਉਨ੍ਹਾਂ ਦੇ ਸਾਹਮਣੇ ਕ੍ਰਿਪਾਲੂ ਗੁਰੂ ਜੀ ਬੈਠ ਗਏ ਅਤੇ ਫਿਰ ਬ੍ਰਾਹਮਣ ਨੂੰ ਉਸ ਸਮੇਂ ਇਹ ਬਚਨ ਕਹੇ, "ਇਨ੍ਹਾਂ ਦੀ ਇੱਛਾ ਅਨੁਸਾਰ ਇਨ੍ਹਾਂ ਨੂੰ ਭੋਜਨ ਕਰਵਾਓ ਅਤੇ ਅਨੇਕ ਪ੍ਰਕਾਰ ਦੇ ਭਾਂਡੇ ਇਨ੍ਹਾਂ ਅੱਗੇ ਰਖੋ॥ ੬੮॥

ਪੂਰਬ ਮਧੁਰ ਪਰੋਸਿ ਅਹਾਰੂ। ਪੀਛੇ ਤੇ ਤੁਰਸ਼, ਲਵਨਾਰੂ।
ਰੁਚਿ ਸੋਂ ਅਸਨ ਅਚਹਿੰਗੇ ਜਬਹੀ। ਜਨਮ ਕ੍ਰਿਤਾਰਥ ਹ੍ਵੈ ਮਮ ਤਬਹੀ ॥੬੯॥

ਪਹਿਲਾਂ ਇਨ੍ਹਾਂ ਅੱਗੇ ਮਿੱਠੇ ਪਦਾਰਥ ਪਰੋਸੋ, ਇਸ ਤੋਂ ਬਾਅਦ ਖੱਟੇ ਅਤੇ ਲੂਣ ਵਾਲੇ ਪਦਾਰਥਾਂ ਨੂੰ ਇਨ੍ਹਾਂ ਦੇ ਸੇਵਣ ਲਈ ਰਖੋ। ਜੇ ਇਹ ਭੋਜਨ ਸਵਾਦ ਨਾਲ ਛਕਣਗੇ ਤਦ ਹੀ ਮੇਰਾ ਜਨਮ ਕਿਰਤਾਰਥ ਹੋਵੇਗਾ॥ ੬੯॥

ਸੁਨੇ ਰਾਇ ਕੇ ਬੈਨ ਉਦਾਰਾ। ਸੁਖ ਸਾਗਰ ਮੁਖ ਬਚਨ ਉਚਾਰਾ।
ਭੋਜਨ ਕੀ ਬਿਧਿ ਦੀਨਿ ਬਤਾਈ। ਜਿਹ ਤੇ ਸੁਭ ਪਦਵੀ ਨਰ ਪਾਈ ॥੭੦॥

ਰਾਇ ਬੁਲਾਰ ਦੇ ਸ੍ਰੇਸ਼ਟ ਬਚਨ ਸੁਣ ਕੇ ਸੁਖਾਂ ਦੇ ਸਮੁੰਦਰ ਭਾਵ ਗੁਰੂ ਜੀ ਨੇ ਕੁਝ ਬਚਨ ਕਹੇ ਅਤੇ ਭੋਜਨ ਦੀ ਅਸਲ ਵਿਧੀ ਦੱਸੀ, ਜਿਸ ਕਾਰਨ ਮਨੁੱਖ ਸ਼ੁਭ ਪਦਵੀ ਪਾਉਂਦਾ ਹੈ॥ ੭੦॥

ਦੋਹਰਾ- ਸੁਨਿ ਸ੍ਰੋਨਨ ਮੈਂ ਰਾਇ ਕਹਿ 'ਕਰਨ ਕਰਾਵਨ ਆਪ।
ਜਿਸ ਪਰ ਤੁਮ ਕਰੁਨਾ ਕਰਹੁ ਦੇਹ ਨਾਮ ਕੋ ਜਾਪ'॥ ੭੧॥

ਰਾਇ ਬੁਲਾਰ ਨੇ ਗੁਰੂ ਜੀ ਦੀ ਗੱਲ ਸੁਣ ਕੇ ਕਿਹਾ ਕਿ ਆਪ ਹੀ ਕਰਨ ਕਰਾਵਣ ਯੋਗ ਹੋ, ਜਿਸ ਉੱਤੇ ਵੀ ਤੁਸੀਂ ਕਿਰਪਾ ਕਰਦੇ ਹੋ ਉਹ ਹੀ ਪ੍ਰਭੂ ਦਾ ਨਾਮ ਜਪਣ ਲੱਗਦਾ ਹੈ॥ ੭੧॥

ਚੌਪਈ- ਪੂਰਬ ਮਧੁਰ ਪਰੋਸਯੋ ਦਿਜ ਕਰ। ਲਵਨ ਸਹਿਤ ਪੁਨਿ ਤੁਰਸ਼ ਸਾਦ ਬਰ।
ਜਿਉਂ ਜਿਉਂ ਕੌਰ ਬਦਨ ਮਹਿਂ ਪਾਵਹਿਂ। ਤਿਉਂ ਤਿਉਂ ਰਾਇ ਅਨੰਦ ਨ ਮਾਵਹਿ ॥੭੨॥

ਪਹਿਲਾਂ ਬ੍ਰਾਹਮਣਾਂ ਨੇ ਆਪਣੀ ਹੱਥੀਂ ਮਿੱਠੇ ਪਦਾਰਥ ਪਰੋਸੇ। ਫਿਰ ਨਮਕੀਨ ਪਦਾਰਥ ਪਰੋਸ ਕੇ ਖੱਟੇ ਪਦਾਰਥ ਪਰੋਸੇ ਗਏ। ਜਿਵੇਂ ਜਿਵੇਂ ਬੁਰਕੀ ਮੂੰਹ ਵਿਚ ਪਾਉਂਦੇ ਸਨ, ਤਿਵੇਂ ਤਿਵੇਂ ਰਾਇ ਬੁਲਾਰ ਅਨੰਦ ਵਿਚ ਸਮਾਉਂਦਾ ਨਹੀ ਸੀ॥ ੭੨॥

ਬਦਨ ਚੰਦ ਕੀ ਦਿਸ਼ ਹ੍ਵੈ ਕੋਕਾ। ਲੋਚਨ ਲਾਇ ਬਿਲੋਕ ਅਸ਼ੋਕਾ।
ਉਠੇ ਅਚਵ ਕਰਿ ਬਿਬਿਧ ਅਹਾਰਾ। ਰਾਇ ਜੋਰਿ ਕਰ ਬਚਨ ਉਚਾਰਾ ॥੭੩॥

ਰਾਇ ਬੁਲਾਰ ਗੁਰੂ ਦੇ ਮੁੱਖ ਵੱਲ ਚਕੋਰ ਹੋ ਕੇ ਵੇਖ ਰਿਹਾ ਹੈ। ਇਕ ਟਿਕ ਨਿਗਾਹ ਲਾ ਕੇ ਬੜੇ ਅਨੰਦ ਨਾਲ ਵੇਖ ਰਿਹਾ ਹੈ। ਕਈ ਪ੍ਰਕਾਰ ਦੇ ਪਦਾਰਥ ਛੱਕ ਕੇ ਜਦ ਗੁਰੂ ਜੀ ਉੱਠੇ ਤਾਂ ਰਾਇ ਨੇ ਇਹ ਬਚਨ ਉਚਾਰੇ॥ ੭੩॥

'ਸਫਲ ਮਨੋਰਥ ਕੀਨ ਹਮਾਰਾ। ਮਨ ਜਾਨਯੋ ਅਬ ਭਾ ਨਿਸਤਾਰਾ।
ਬੈਸੇ ਬਹੁਰ ਆਨ ਪਰਯੰਕਾ। ਸੋਹਤਿ ਬਦਨ ਅਨੰਕ ਮਯੰਕਾ॥ ੭੪॥

ਤੁਸੀਂ ਮੇਰਾ ਮਨੋਰਥ ਸਫਲ ਕੀਤਾ ਹੈ, ਮੈਂ ਹੁਣ ਸਮਝ ਗਿਆ ਹਾਂ ਕਿ ਮੇਰਾ ਨਿਸਤਾਰਾ ਹੋ ਜਾਵੇਗਾ, ਭਾਵ ਮੈਂ ਜਨਮ ਮਰਨ ਤੋਂ ਰਹਿਤ ਹੋ ਜਾਵਾਂਗਾ। ਫਿਰ ਗੁਰੂ ਜੀ ਆ ਕੇ ਪਲੰਘ ਤੇ ਬੈਠ ਗਏ, ਉਨ੍ਹਾਂ ਦਾ ਮੁਖੜਾ ਕਲੰਕ ਤੋਂ ਬਿਨਾਂ ਚੰਦ ਵਾਂਗ ਸ਼ੋਭ ਰਿਹਾ ਸੀ॥ ੭੪॥

ਪ੍ਰੇਮਾਤੁਰ ਚਿਤ ਰਾਇ ਬੁਲਾਰੂ। ਮਧੁਰ ਸ਼੍ਰੇਯ ਜੁਤ ਕੀਨ ਉਚਾਰੂ।
'ਕੀਨ ਭਲੋ ਬਾਲੇ ਮਰਦਾਨੇ। ਮੋ ਪਰ ਭਾ ਉਪਕਾਰ ਮਹਾਨੇ॥ ੭੫॥

ਰਾਇ ਬੁਲਾਰ ਦਾ ਚਿਤ ਪ੍ਰੇਮ ਭਰਪੂਰ ਸੀ। ਬੜੀ ਸ਼ਰਧਾ ਅਤੇ ਪ੍ਰੇਮ ਨਾਲ ਉਹ ਬੋਲੇ, "ਤੁਸੀਂ ਬਾਲੇ ਮਰਦਾਨੇ ਦਾ ਭਲਾ ਕੀਤਾ ਹੈ, ਹੁਣ ਮੇਰੇ ਉਤੇ ਵੀ ਵੱਡਾ ਉਪਕਾਰ ਕੀਤਾ ਹੈ॥ ੭੫॥

ਬਿਨ ਦਾਨੋ ਪਰਬੇ ਜਿਮ ਖੇਤੀ। ਜਲ ਬਿਨ ਸੁਸਕਤਿ ਤਪਤ ਸਮੇਤੀ।
ਤਿਸ ਪਰ ਜਲਧਰ ਬਹੁ ਬਰਖੰਤਾ। ਤਿਮ ਮੋਕਉ ਤੁਮ ਭੇ ਸੁਖਵੰਤਾ ॥੭੬॥

ਦਾਣਿਆਂ ਤੋਂ ਬਗੈਰ ਜਿਵੇਂ ਖੇਤੀ ਹੁੰਦੀ ਹੈ ਅਤੇ ਜਲ ਤੋਂ ਬਗੈਰ ਗਰਮੀ ਲੱਗਣ ਨਾਲ ਸੁੱਕ ਜਾਂਦੀ ਹੈ। ਉਸ ਖੇਤੀ ਉਤੇ ਬੱਦਲ ਜਦ ਬਹੁਤ ਵਰਸ਼ਾ ਕਰਦਾ ਹੈ ਤਾਂ ਉਹ ਬਹੁਤ ਖੁਸ਼ ਹੁੰਦੀ ਹੈ, ਇਸ ਤਰ੍ਹਾਂ ਮਿਹਰ ਦੀ ਵਰਸ਼ਾ ਕਰਕੇ ਤੁਸੀਂ ਮੈਨੂੰ ਸੁੱਖੀ ਕੀਤਾ ਹੈ॥ ੭੬॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਆਵਨ' ਪ੍ਰਸੰਗ ਬਰਨਨੰ ਨਾਮ ਇਕਤਾਲਿਸਮੋ ਧਯਾਇ॥ ੪੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕਤਾਲੀਵਾਂ ਅਧਿਆਇ, ਜਿਸ ਦਾ ਨਾਮ "ਬਾਬਾ ਕਾਲੂ ਜੀ, ਲਾਲੂ ਜੀ ਤੇ ਰਾਇ ਬੁਲਾਰ ਮਿਲਾਪ" ਹੈ, ਸਮਾਪਤ ਹੋਇਆ॥ ੪੧॥

## ਅਧਿਆਇ ਬਤਾਲੀਵਾਂ

*ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ।*

ਦੋਹਰਾ- ਚੂਰਨ ਸ੍ਰੀ ਗੁਰੁ ਚਰਨ ਰਜ, ਰਾਗ ਦ੍ਵੈਖ ਮਨ ਰੋਗ।
ਕਰਿਕੈ ਤਾਂਹਿ ਅਨਾਮ ਹੌਂ, ਕਹੌਂ ਕਥਾ ਨਿਰਸੋਗ॥ ੧॥

ਰਾਗ ਦੇ ਦ੍ਵੈਖ ਮਨ ਦੇ ਦੋ ਰੋਗ ਹਨ, ਸ੍ਰੀ ਗੁਰੂ ਜੀ ਦੇ ਚਰਨਾਂ ਦੀ ਧੂੜ, ਇਨ੍ਹਾਂ ਦੋਹਾਂ ਰੋਗਾਂ ਦੀ ਦਵਾਈ ਹੈ, ਇਸ ਦਵਾਈ ਨਾਲ ਇਸ ਮਨ ਨੂੰ ਅਰੋਗ ਕਰਕੇ ਮੈਂ ਆਨੰਦ ਦੇਣ ਵਾਲੀ ਕਥਾ ਅੱਗੇ ਤੋਂ ਕਹਿੰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਅਸਨ ਅਚਵ ਕਰਿ ਮ੍ਰਿਦੁਲ ਸੁਭਾਊ। ਬੈਸੇ ਨਿਕਟ ਬਿਰਾਜਤਿ ਰਾਊ।
ਤਬ ਤ੍ਰਿਪਤਾ ਬਿਰਹਾਤੁਰ ਆਈ। ਸੁਤ ਰਾਖਨ ਕੋ ਮਨ ਲਲਚਾਈ॥ ੨॥

ਭਾਈ ਬਾਲੇ ਨੇ ਕਿਹਾ- ਕੋਮਲ ਸੁਭਾਅ ਵਾਲੇ ਗੁਰੂ ਜੀ ਰਾਇ ਬੁਲਾਰ ਦੇ ਨੇੜੇ ਹੀ ਬੈਠੇ ਹੋਏ ਹਨ। ਉਸ ਸਮੇਂ ਮਾਤਾ ਤ੍ਰਿਪਤਾ ਵਿਛੋੜੇ ਦੇ ਦੁੱਖ ਨਾਲ ਆਤਰ ਹੋਈ ਓਥੇ ਆਈ। ਪੁੱਤਰ ਨੂੰ ਆਪਣੇ ਪਾਸ ਰੱਖਣ ਦੀ ਉਸ ਲਾਲਸਾ ਕੀਤੀ॥ ੨॥

ਘੁੰਡ ਕਰੇ ਮੁਖ ਬੈਠਿ ਸਮੀਪਾ। ਬੋਲੀ ਬਚਨ ਸੰਗ ਅਵਨੀਪਾ।
ਬੰਦਿ ਹਾਥ ਦ੍ਵੈ ਦੀਨ ਭਵੰਤੀ। 'ਸੁਨਹੁ ਰਾਇ ਜੀ ਮੋਰ ਬਿਨੰਤੀ॥ ੩॥

ਉਸ ਆਪਣੇ ਮੁੱਖ ਤੇ ਘੁੰਡ ਦਾ ਪਰਦਾ ਕੀਤਾ ਹੋਇਆ ਸੀ, ਉਹ ਵੀ ਆ ਕੇ ਗੁਰੂ ਜੀ ਅਤੇ ਰਾਇ ਬੁਲਾਰ ਦੇ ਪਾਸ ਬੈਠ ਗਈ। ਉਹ ਰਾਇ ਬੁਲਾਰ ਨੂੰ ਬੜੇ ਦੀਨ ਭਾਵਨਾ ਨਾਲ ਦੋਵੇਂ ਹੱਥ ਜੋੜ ਕੇ ਇੰਞ ਕਹਿਣ ਲੱਗੀ, "ਹੇ ਰਾਇ ਜੀ! ਮੇਰੀ ਬੇਨਤੀ ਸੁਣੋ॥ ੩॥

ਕਰਹੁ ਆਪ ਇਹ ਵਡ ਉਪਕਾਰਾ। ਮਮ ਸੁਤ ਕੋ ਕਿਵ ਰਖਹੁ ਅਗਾਰਾ।
ਅਸ ਪ੍ਰਕਾਰ ਕਹਿ ਕਰਿ ਗੁਰੁ ਮਾਤਾ। ਰੋਦਤਿ ਲੋਚਨ ਤੇ ਜਲ ਜਾਤਾ॥੪॥

ਸਾਡੇ ਉੱਤੇ ਇਹ ਵੱਡਾ ਉਪਕਾਰ ਕਰੋ, ਅਤੇ ਮੇਰੇ ਪੁੱਤਰ ਨੂੰ ਘਰ ਹੀ ਰੱਖ ਲਵੋ। ਇਹ ਕਹਿ ਕੇ ਗੁਰੂ ਜੀ ਦੀ ਮਾਤਾ ਰੋਣ ਲੱਗ ਗਈ ਅਤੇ ਉਸ ਦੀਆਂ ਅੱਖਾਂ ਵਿਚੋਂ ਜਲ ਵਹਿਣ ਲੱਗ ਗਿਆ॥ ੪॥

ਸੁਨਤਿ ਰਾਇ ਕੋ ਗਰ ਭਰਿ ਆਵਾ। ਧਰਿ ਧੀਰਜ ਪੁਨਿ ਬਚਨ ਅਲਾਵਾ।
'ਕਮਲ ਬਦਨ ਗੁਨ ਸਦਨ ਪੁਨੀਤਾ ! ਜਾਨਤਿ ਆਪ ਸਰਬ ਸ਼ੁਭ ਰੀਤਾ॥੫॥

ਇਹ ਸੁਣ ਕੇ ਰਾਇ ਬੁਲਾਰ ਦਾ ਵੀ ਗਲਾ ਭਰ ਆਇਆ। ਫਿਰ ਧੀਰਜ ਕਰਕੇ ਉਸ ਇਹ ਬਚਨ ਕਿਹਾ, "ਹੇ ਕੌਂਵਲ ਨੈਣ, ਪਵਿੱਤਰ ਗੁਣਾਂ ਦੇ ਘਰ, ਗੁਰੂ ਜੀ ! ਤੁਸੀਂ ਤਾਂ ਸਾਰੀਆਂ ਸ਼ੁਭ ਰੀਤੀਆਂ ਜਾਣਦੇ ਹੋ॥ ੫॥

ਤਦਪਿ ਚਹੌਂ ਕਛੁ ਕਹਿ ਤੁਮ ਸੰਗਾ। ਬਿਨ ਰਜਾਇ ਕਿਉਂ ਕਹੌਂ ਨਿਸੰਗਾ।
ਕਾਲੂ ਲਾਲੂ ਪੁਨਿ ਚਲਿ ਆਵਾ। ਨ੍ਰਿਪ ਢਿਗ ਬੈਠਿ ਭਰਜੋ ਦੁਖ ਹਾਵਾ॥੬॥

ਬੇਸ਼ਕ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਨਾਲ ਕੋਈ ਗੱਲ ਕਰਾਂ, ਪਰ ਤੁਹਾਡੀ ਆਗਿਆ ਤੋਂ ਬਗੈਰ ਮੈਂ ਨਿਸ਼ੰਗ ਹੋ ਕੇ ਕਿਵੇਂ ਕਹਿ ਸਕਦਾ ਹਾਂ। ਫਿਰ ਮਹਿਤਾ ਕਾਲੂ ਅਤੇ ਲਾਲੂ ਵੀ ਚਲ ਕੇ ਓਥੇ ਆ ਗਏ ਅਤੇ ਰਾਇ ਬੁਲਾਰ ਪਾਸ ਬੈਠ ਕੇ ਉਨ੍ਹਾਂ ਦੁੱਖ ਦਾ ਹੌਕਾ ਭਰਿਆ॥ ੬॥

ਤਬ ਬੋਲੇ ਸ੍ਰੀ ਬਦਨ ਮਯੰਕਾ। 'ਕਹਹੁ ਰਾਇ ਜੀ ਹੋਇ ਨਿਸ਼ੰਕਾ'।
ਆਇਸ ਦਿਯ ਜਬ ਅਸ ਸੁਖਦਾਨੀ। ਬੋਲਜੋ ਤਬ ਨਰੇਸ਼ ਮੁਖ ਬਾਨੀ॥੭॥

ਫਿਰ ਕਲੰਕ ਰਹਿਤ ਚੰਦਰਮਾਂ ਵਰਗੇ ਮੁਖੜੇ ਵਾਲੇ ਗੁਰੂ ਜੀ ਬੋਲੇ, "ਹੇ ਰਾਇ ਜੀ ! ਜੋ ਕੁਝ ਵੀ ਕਹਿਣਾ ਹੈ ਕਿਸੇ ਸ਼ੱਕ ਤੋਂ ਰਹਿਤ ਹੋ ਕੇ ਕਹੋ।" ਜਦ ਇਸ ਤਰ੍ਹਾਂ ਸੁਖਾਂ ਦੇ ਦਾਤੇ ਨੇ ਆਗਿਆ ਦੇ ਦਿੱਤੀ ਤਾਂ ਰਾਇ ਬੁਲਾਰ ਨੇ ਇਹ ਬਚਨ ਕਹੇ॥ ੭॥

ਕੁੰਡਲੀਆ ਛੰਦ॥ 'ਨਿਜ ਖੇਤੀ ਕਰਵਾਇਯੇ ਕਾਮੇਂ ਦੇਉਂ ਰਖਾਇ।
ਨਹਿਂ ਹਾਲਾ ਲੇਵੈਂ ਕਛ ਸਭਿਹਿ ਇਨਾਮ ਕਰਾਇ।
ਸਭਿਹਿ ਇਨਾਮ ਕਰਾਇ? ਸਦਨ ਨਿਜ ਰਹੁ ਦੁਖ ਕਦਨਾ!
ਮਾਤਾ ਬਿਰਹਿ ਅਧੀਨ ਹੋਤਿ, ਨਹਿਂ ਪੇਖਤਿ ਬਦਨਾ।
ਸੁਨਿ ਬੁਲਾਰ ਕੇ ਬਚਨ ਕੋ ਦੀਨਾ ਨਾਥ ਸੁਭਾਇ।
ਸ੍ਰੀ ਮੁਖ ਖੇਤੀ ਬਿਧਿ ਕਹੀ ਸੋਰਠ ਰਾਗ ਉਠਾਇ॥ ੮॥

ਕਾਮੇਂ ਰਖਵਾ ਕੇ ਇਨ੍ਹਾਂ ਪਾਸੋਂ ਨਿਜੀ ਖੇਤੀ ਕਰਵਾਉ। ਮੈਂ ਸਾਰੀ ਜ਼ਮੀਨ ਦਾ ਮਾਮਲਾ ਮੁਆਫ਼ ਕਰਵਾ ਦੇਵਾਂਗਾ। ਸਾਰੀ ਜ਼ਮੀਨ ਮਾਮਲੇ ਤੋਂ ਮੁਕਤ ਹੋਵੇਗੀ। ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ, ਆਪਣੇ ਨਿਜੀ ਘਰ ਵਿਚ ਰਹੋ। ਤੁਹਾਡਾ ਮੁਖੜਾ ਨਾ ਵੇਖ ਕੇ ਮਾਤਾ ਜੀ ਬਿਰਹਾ ਅਧੀਨ ਹੋ ਜਾਂਦੇ ਹਨ।

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਗਰੀਬਾਂ ਦੇ ਨਾਥ ਨੇ ਸੋਰਠਿ ਰਾਗ ਅਲਾਪ ਕੇ ਖੇਤੀ ਦੀ ਵਿਧੀ ਬਾਰੇ ਇੰਝ ਕਿਹਾ॥ ੮॥

*ਸ੍ਰੀ ਮੁਖ ਵਾਕ॥ ਸੋਰਠਿ ਮਹਲਾ ੧ ਘਰੁ ੧॥*

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥

ਆਪਣੇ ਮਨ ਨੂੰ ਹਲ ਚਲਾਉਣ ਵਾਲਾ, ਚੰਗੇ ਅਮਲਾਂ ਨੂੰ ਖੇਤੀਬਾੜੀ, ਲੱਜਿਆ ਨੂੰ ਜਲ ਅਤੇ ਆਪਣੀ ਦੇਹੀ ਨੂੰ ਖੇਤ ਬਣਾ। ਪ੍ਰਭੂ ਦਾ ਨਾਮ ਬੀਜ, ਸਬਰ ਸੁਹਾਗਾ ਅਤੇ ਨਿੰਮ੍ਰਤਾ ਦੀ ਬਾਣੀ ਤੇਰੀ ਵਾੜ ਹੋਵੇ। ਪ੍ਰੇਮ ਦੇ ਕੰਮ ਕਰਨ ਨਾਲ ਬੀਜ ਉਗ ਪਵੇਗਾ। ਤਦ ਤੂੰ ਅਜਿਹੇ ਹਿਰਦੇ ਨੂੰ ਭਾਗਾਂ ਵਾਲਾ ਵਧਦਾ ਫੁਲਦਾ ਵੇਖੇਂਗਾ॥ ੧॥ ਹੇ ਬਾਬਾ! ਦੌਲਤ ਆਦਮੀ ਦੇ ਨਾਲ ਨਹੀਂ ਜਾਂਦੀ। ਇਸ ਮੋਹਣੀ ਨੇ ਸੰਸਾਰ ਨੂੰ ਮੋਹ ਲਿਆ ਹੈ। ਕੋਈ ਵਿਰਲਾ ਮਨੁੱਖ ਹੀ ਇਸ ਗੱਲ ਨੂੰ ਸਮਝਦਾ ਹੈ॥ ਠਹਿਰਾਓ॥

ਦਵੱਯਾ ਛੰਦ-ਪੁਨ ਲਾਲੂ ਬੋਲਜੋ ਮੁਖ ਬਚਨਾ 'ਤਲਵੰਡੀ ਹਟ ਕਰੀਏ।
ਰਹੋ ਸਦਨ ਨਿਜ, ਬਨਜਹੁ ਬਨਜਾ, ਮਮ ਬਚ ਉਰ ਮਹਿਂ ਧਰੀਏ।
ਤੁਝ ਪਸ਼ਚਾਤ ਕਰਤਿ ਨਿਤ ਰੋਦਨ, ਹੇਰਹੁ ਜਨਨੀ ਘਾ ਤੇ'।
ਸੁਨਿ ਦੂਸਰਿ ਪਦ ਸ੍ਰੀ ਮੁਖ ਭਾਖੈਂ ਸੁਭ ਗਤਿ ਪ੍ਰਾਪਤ ਜਾਂ ਤੇ॥ ੯॥

ਫਿਰ ਲਾਲੂ ਨੇ ਕਿਹਾ ਕਿ ਜੇ ਕਿਰਸਾਣੀ ਨਹੀਂ ਕਰਨੀ ਤਾਂ ਤਲਵੰਡੀ ਵਿਚ ਹੱਟੀ ਪਾ ਲਵੋ। ਘਰ ਰਹੋ ਅਤੇ ਵਾਪਾਰ ਕਰੋ, ਮੇਰੇ ਬਚਨ ਨੂੰ ਹਿਰਦੇ ਵਿਚ ਧਾਰਨ ਕਰੀਏ।

ਆਪਣੀ ਮਾਤਾ ਵਲ ਵੇਖੋ, ਤੇਰੇ ਪਿਛੋਂ ਇਹ ਸਦਾ ਰੋਂਦੀ ਰਹਿੰਦੀ ਹੈ। ਇਹ ਸੁਣ ਕੇ ਗੁਰੂ ਜੀ ਨੇ ਦੂਸਰੇ ਪਦ ਦਾ ਉਚਾਰਨ ਕੀਤਾ ਜਿਸ ਨੂੰ ਸੁਣ ਕੇ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ॥ ੯॥

ਸ੍ਰੀ ਮੁਖਵਾਕ॥

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰ ਲੈ ਲਾਹਾ ਮਨ ਹਸੁ॥ ੨॥

ਸਦਾ ਘਟਣ ਵਾਲੀ ਉਮਰ ਨੂੰ ਆਪਣੀ ਦੁਕਾਨ ਬਣਾ ਤੇ ਸਾਈਂ ਦੇ ਸੱਚੇ ਨਾਮ ਨੂੰ ਆਪਣਾ ਸੌਦਾ—ਸੂਤ ਬਣਾਵੇਂ। ਸਮਝ ਅਤੇ ਸਿਮਰਨ ਨੂੰ ਆਪਣਾ ਭੰਡਾਰ ਬਣਾਵੇ ਅਤੇ ਉਸ ਭੰਡਾਰ ਵਿਚ ਉਸ ਸੱਚੇ ਨਾਮ ਨੂੰ ਟਿਕਾਓ। ਪ੍ਰਭੂ ਦੇ ਵਾਪਾਰੀਆ ਨਾਲ ਵਾਪਾਰ ਕਰ ਅਤੇ ਨਫਾ ਉਠਾ ਕੇ ਆਪਣੇ ਮਨ ਵਿਚ ਪ੍ਰਸੰਨ ਹੋਵੇ॥ ੨॥

ਕੁੰਡਲੀਆ ਛੰਦ- ਤਬ ਲਾਲੂ ਕਹਿਵਾਇਓ ਰਾਇ ਬੁਲਾਰੂ ਪਾਸ।
'ਨਾਨਕ! ਜੇ ਮਨ ਫਿਰਨ ਪਰ ਘਰ ਤੇ ਭਯੋ ਉਦਾਸ।
ਘਰ ਤੇ ਭਯੋ ਉਦਾਸ ਮੋਲ ਲੀਜੈ ਕਿੰਕਾਨਾ।
ਕਰਿਯੋ ਤਿਨ ਕੋ ਵਣਜ ਫਿਰਉ ਦੇਸ਼ਨ ਜਿਹ ਜਾਨਾ।
ਤਵ ਜਨਨੀ ਧੀਰਜ ਧਰੈ ਸੁਤ ਆਵਹਿ ਫਿਰ ਧਾਮ'।
ਸੁਨਿ ਸ਼੍ਰੋਨਨ ਸ੍ਰੀ ਮੁਖ ਭਨੈਂ ਤ੍ਰਿਤੀਯਾ ਪਦ ਅਭਿਰਾਮ॥ ੧੦॥

ਫਿਰ ਬਾਬੇ ਲਾਲੂ ਨੇ ਰਾਇ ਬੁਲਾਰ ਪਾਸ ਕਿਹਾ, ਜੇ ਨਾਨਕ ਬਾਹਰ ਫਿਰਨ ਕਰਕੇ, ਘਰ ਤੋਂ ਉਦਾਸ ਹੋਇਆ ਹੈ, ਜੇ ਇਸ ਦਾ ਘਰ ਜੀਆ ਨਹੀਂ ਲਗਦਾ ਤਾਂ ਇਸ ਨੂੰ ਘੋੜੇ ਲੈ ਦੇਵੋ, ਘੋੜਿਆਂ ਤੇ ਚੜ੍ਹ ਕੇ ਵਣਜ ਵਾਪਾਰ ਕਰੇ ਅਤੇ ਦੇਸ਼ ਬਦੇਸ਼ ਵੀ ਘੁੰਮਦਾ ਰਹੇ। ਫਿਰ ਇਸ ਦੇ ਮਾਤਾ ਜੀ ਧੀਰਜ ਵਿਚ ਰਹਿਣਗੇ, ਜਦ ਇਹ ਵਾਪਾਰ ਕਰਕੇ ਮੁੜ ਘਰ ਆਵੇਗਾ। ਇਹ ਸੁਣ ਕੇ ਗੁਰੂ ਜੀ ਨੇ ਆਪਣੇ ਸ਼ਬਦ ਦੇ ਤੀਸਰੇ ਪਦ ਦਾ ਉਚਾਰਣ ਕੀਤਾ॥ ੧੦॥

*ਸ੍ਰੀਮੁਖਵਾਕ॥*

*ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥*
*ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥*
*ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥*

ਧਾਰਮਿਕ ਪੁਸਤਕਾਂ ਦਾ ਸੁਣਨਾ ਤੇਰਾ ਵਣਜ-ਵਾਪਾਰ ਹੋਵੇ ਅਤੇ ਮਾਲ ਨੂੰ ਵੇਚਣ ਜਾਣ ਲਈ ਸੱਚ ਰੂਪੀ ਤੇਰੇ ਘੋੜੇ ਹੋਣ। ਰਸਤੇ ਦੇ ਖਰਚ ਲਈ ਤੂੰ ਨੇਕੀਆਂ ਪੱਲੇ ਬੰਨ੍ਹ ਲੈ ਤੇ ਆਪਣੇ ਚਿੱਤ ਵਿਚ ਆਉਣ ਵਾਲੀ ਸਵੇਰ ਦਾ ਖਿਆਲ ਨਾ ਕਰ। ਜਦ ਤੂੰ ਰੂਪ ਰਹਿਤ ਪ੍ਰਭੂ ਦੇ ਵਤਨ ਵਿਚ ਪੁਜੇਂਗਾ, ਤਦ ਤੂੰ ਉਸ ਦੇ ਮੰਦਰ ਅੰਦਰ ਆਰਾਮ ਪਾਵੇਂਗਾ॥ ੩॥

ਦੋਹਰਾ- ਕਹੇ ਨਿਬ੍ਰਿਤਿ ਕੇ ਬਚਨ ਜੇ ਨਹਿਂ ਸਮਝਤਿ ਮਨ ਮਾਂਹਿ।
ਬਹੁਰ ਬਹੁਰ ਪਰਬ੍ਰਿੱਤਿ ਕੇ ਕਮਲ ਬਦਨ ਸੌਂ ਪ੍ਰਾਹਿਂ॥ ੧੧॥

ਗੁਰੂ ਜੀ ਵੈਰਾਗ ਦੇ ਬਚਨ ਕਹਿੰਦੇ ਹਨ, ਪਰ ਉਸ ਦੇ ਰਿਸ਼ਤੇਦਾਰ ਅਸਲ ਗੱਲ ਨੂੰ ਸਮਝਦੇ ਹੀ ਨਹੀ। ਬਾਰ-ਬਾਰ ਗੁਰੂ ਜੀ ਨੂੰ ਗ੍ਰਹਿਸਤ ਮਾਰਗ ਹੀ ਧਾਰਨ ਨੂੰ ਕਹਿੰਦੇ ਹਨ॥ ੧੧॥

ਦੁਵੱਯਾ ਛੰਦ- ਸੁਨਿ ਕਾਲੂ ਪੁਨਿ ਬਚਨ ਬਖਾਨੇ 'ਜੋ ਤੁਮ ਇਹ ਨਹਿਂ ਕਰਨਾ।
ਕਰਹੁ ਚਾਕਰੀ ਭੂਪਤਿ ਕਹਿਂ ਕੀ ਹੋਵਹੁ ਚਾਕਰ ਬਰਨਾ।
ਮੁਝ ਬਚ ਮਾਨਿ, ਕਰਹੁ ਜਿਹ ਕਾਜਾ ਤਜਹੁ ਫਕੀਰੀ ਬੇਸਾ।
ਸੁਨਿ ਕਰਿ ਚਤੁਰਥ ਪਦ ਕੌ ਬਦਤੇਂ ਸ੍ਰੀ ਨਾਨਕ ਜਗਤੇਸ਼ਾ॥ ੧੨॥

ਇਹ ਸੁਣ ਕੇ ਕਾਲੂ ਨੇ ਫਿਰ ਬਚਨ ਕੀਤੇ, ''ਜੇ ਤੁਸੀ ਇਹ ਕੁਝ ਨਹੀ ਕਰਨਾ, ਤਾਂ ਫਿਰ ਰਾਜੇ ਦੀ ਨੌਕਰੀ ਕਰ ਲਵੋ ਅਤੇ ਸ੍ਰੇਸ਼ਟ ਨੌਕਰ ਬਣੋ। ਮੇਰੀ ਗੱਲ ਮਨ, ਇਕ ਕੰਮ ਕਰੋ ਅਤੇ ਫਕੀਰੀ ਭੇਸ ਛੱਡ ਦੇਵੋ।'' ਜਦ ਗੁਰੂ ਜੀ ਨੇ ਇਹ ਬਚਨ ਸੁਣੇ ਤਾਂ ਜਗਤ ਦੇ ਮਾਲਕ ਨੇ ਆਪਣੇ ਸ਼ਬਦ ਦੇ ਚੌਥੇ ਪਦ ਦਾ ਉਚਾਰਨ ਕੀਤਾ॥ ੧੨॥

*ਸ੍ਰੀਮੁਖਵਾਕ॥*

*ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥*
*ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥*
*ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥*

ਪ੍ਰਭੂ ਨਾਲ ਲਿਵ ਲਾਉਣ ਨੂੰ ਆਪਣੀ ਨੌਕਰੀ ਬਣਾ ਅਤੇ ਨਾਮ ਦੇ ਭਰੋਸੇ ਨੂੰ ਆਪਣਾ ਕਾਰੋਬਾਰ ਬਣਾ। ਬੱਦੀਆਂ ਦੀ ਰੋਕਥਾਮ ਨੂੰ ਆਪਣਾ ਆਹਾਰ ਬਣਾ, ਫਿਰ ਹੀ ਲੋਕ ਤੈਨੂੰ ਧੰਨ ਕਹਿਣਗੇ। ਹੇ ਨਾਨਕ! ਫਿਰ ਪ੍ਰਭੂ ਵੀ ਤੈਨੂੰ ਸਵੱਲੀ ਨਜ਼ਰ ਨਾਲ ਵੇਖੇਗਾ ਅਤੇ ਤੂੰ ਚਾਰ ਗੁਣਾ ਰੰਗ ਨਾਲ ਰੰਗਿਆ ਜਾਵੇਂਗਾ॥ ੪॥ ੨॥

ਸ੍ਵੈਯਾ- ਸ਼੍ਰੋਨ ਸੁਨੇ ਇਵ, ਤੂਸ਼ਨ ਕੀਨਿ ਅਧੀਨ ਭਏ ਜਨਨੀ ਜਨਕੈ ਸੋ।
ਕੌਨ ਉਪਾਇ ਨਿਕੇਤ ਰਹੈ-ਬਿਰਹਾਤੁਰ ਹੋਇ ਵਿਚਾਰ ਉਰੈ ਸੋ।
ਏਕ ਤਨੂਜਯੋਂ ਹੋਇ ਫਕੀਰ ਬਿਦੇਸ਼ ਗਵੈ, ਕਿਵ ਧੀਰ ਧਰੈ ਸੋ।
ਤਾਤ ਕੌ ਮੋਹ, ਨ ਭੇਦ ਪਛਾਨਹਿ ਜਾਨਹਿਂ ਮਾਨਵ ਆਨ ਸਮੈ ਸੋ॥੧੩॥

ਜਦ ਗੁਰੂ ਜੀ ਦੇ ਸ਼ਬਦ ਨੂੰ ਸੁਣਿਆ ਤਾਂ ਸਾਰੇ ਚੁਪ ਹੋ ਗਏ ਅਤੇ ਗੁਰੂ ਜੀ ਦੇ ਮਾਤਾ ਪਿਤਾ ਮੋਹ ਦੇ ਅਧੀਨ ਹੋ ਗਏ। ਕੀ ਉਪਾਅ ਕੀਤਾ ਜਾਵੇ ਕਿ ਇਹ ਘਰ ਰਹੇ, ਦੋਵੇਂ ਆਪਣੇਂ ਹਿਰਦੇ ਵਿਚ ਵਿਚਾਰਦੇ ਹਨ। ਇਕ ਪੁੱਤਰ ਹੋਵੇ, ਉਹ ਵੀ

ਫਕੀਰ ਹੋ ਕੇ ਵਿਦੇਸ਼ ਚਲਾ ਜਾਵੇ ਤਾਂ ਉਹ ਮਾਤਾ ਪਿਤਾ ਕਿਵੇਂ ਧੀਰਜ ਧਾਰਨ ਕਰ ਸਕਦੇ ਹਨ ? ਪੁੱਤਰ ਦੇ ਮੋਹ ਵਿਚ ਫਸੇ ਹਨ, ਪਰ ਅਸਲ ਭੇਦ ਨੂੰ ਜਾਣਦੇ ਨਹੀਂ, ਕਿਉਂਕਿ ਇਹ ਨਹੀਂ ਸਮਝਦੇ ਕਿ ਗੁਰੂ ਨਾਨਕ ਹੋਰਨਾਂ ਮਨੁੱਖਾਂ ਵਰਗਾ ਨਹੀਂ ਹੈ॥ ੧੩॥

ਰਾਇ ਕਹੈ 'ਫੁਰਮਾਇਸ਼ ਕੀ ਨਿਜ ਆਇਸ ਦੇਵਹੁ ਜੋ ਉਰ ਹੋਈ।
ਮੋ ਕਰ ਤੇ ਤੁਮ ਸੇਵ ਬਨੈ ਸਫਲਾ ਸੁਭ ਬਾਸੁਰ ਜਾਨਹੁ ਸੋਈ।
ਲੇਹੁ ਪਦਾਰਥ ਤੋਂ ਕਿਰਤਾਰਥ ਹੋਇ ਸੁਆਰਥ ਲੋਕਨ ਦੋਈ।
ਸ੍ਰੀ ਗੁਰੁ ਯੋਂ ਸੁਨਿ ਕੈ ਤਿਹ ਤੇ ਕਹਿ ਬਾਨੀ ਬੈਰਾਗ ਕੇ ਸੰਗ ਭਿਗੋਈ॥੧੪॥

ਰਾਇ ਬੁਲਾਰ ਨੇ ਕਿਹਾ, "ਜੋ ਤੁਹਾਡੇ ਹਿਰਦੇ ਵਿਚ ਹੈ ਮੈਨੂੰ ਫਰਮਾਇਸ਼ ਕਰਨ ਦੀ ਆਗਿਆ ਦੇਵੋ। ਮੇਰੇ ਹੱਥੋਂ ਤਾਂ ਤੁਹਾਡੀ ਸੇਵਾ ਬਣਦੀ ਹੈ ਅਤੇ ਜਿਸ ਦਿਨ ਤੁਹਾਡੀ ਸੇਵਾ ਕਰਾਂ, ਉਹੀ ਦਿਨ ਸਫਲ ਜਾਣੋ। ਤੁਹਾਥੋਂ ਨਾਮ ਪਦਾਰਥ ਲੈ ਕੇ ਮੈਂ ਕਿਰਤਾਰਥ ਹੋ ਗਿਆ ਅਤੇ ਦੋਹਾਂ ਲੋਕਾਂ ਵਿਚ ਮੈਨੂੰ ਸੁਖ ਮਿਲ ਗਿਆ ਹੈ। ਇਹ ਸੁਣ ਕੇ ਗੁਰੂ ਜੀ ਨੇ ਵੈਰਾਗ ਦੇ ਰੰਗ ਵਿਚ ਭਿੱਜੀ ਹੋਈ ਬਾਣੀ ਕਹੀ॥ ੧੪॥

ਸ੍ਵੈਯਾ- 'ਸ੍ਰੀ ਕਰਤਾਰ ਉਦਾਰ ਮਹਾਂ ਤਿਹ ਊਪਰ ਹੈ ਫੁਰਮਾਇਸ਼ ਮੇਰੀ।
ਪਾਲਤਿ ਜੋ ਜਲ ਮੈਂ ਥਲ ਮੈਂ ਸੁ ਚਲਾਚਲ ਕੋ ਸਭਿ ਕਾਲ ਅਦੇਰੀ।
ਹੈਂ ਜਿ ਪਦਾਰਥ ਨਾਂਹਿ ਰਹੈ ਥਿਰ, ਹੋਤਿ ਬਿਨਾਸ਼ ਨ ਲਾਵਹਿਂ ਦੇਰੀ।
ਛੋਰਿ ਗਏ ਦਿਸ ਚਾਰ ਕੋ ਜੈਕਰ, ਸੰਗ ਕਿਸੈ ਨਹਿਂ ਜਾਵਤਿ ਹੇਰੀ॥੧੫॥

ਸ੍ਰੀ ਕਰਤਾਰ ਜਿਹੜਾ ਮਹਾਂ ਉਦਾਰ ਅਤੇ ਦਿਆਲੂ ਹੈ, ਮੇਰੀ ਫੁਰਮਾਇਸ਼ ਤਾਂ ਕੇਵਲ ਉਸ ਪਾਸ ਹੀ ਚਲਦੀ ਹੈ। ਉਹ ਚੇਤਨ ਜੜ੍ਹ ਜੀਵਾਂ ਦੀ ਸਭ ਸਮੇਂ ਅਤੇ ਕਿਸੇ ਦੇਰੀ ਤੋਂ ਬਗੈਰ, ਜਲ ਵਿਚ ਥਲ ਵਿਚ ਹਰ ਥਾਂ ਪਾਲਣਾ ਕਰ ਰਿਹਾ ਹੈ। ਜਿਹੜੇ ਇਹ ਪਦਾਰਥ ਹਨ, ਇਹ ਸਦਾ ਕਾਇਮ ਨਹੀਂ ਰਹਿਣੇ ਹਨ, ਕਿਸੇ ਦੇਰੀ ਤੋਂ ਬਗੈਰ ਇਨ੍ਹਾਂ ਨੇ ਵਿਨਾਸ਼ ਹੋ ਜਾਣਾ ਹੈ। ਜਿਨ੍ਹਾਂ ਚਾਰ ਦਿਸ਼ਾਵਾਂ ਵੀ ਜਿੱਤ ਲਈਆਂ ਹਨ ਤਾਂ ਏਥੇ ਹੀ ਛੱਡ ਗਏ ਹਨ, ਅੱਜ ਤਕ ਕੁਝ ਵੀ ਕਿਸੇ ਨੇ ਬੰਦੇ ਦੇ ਨਾਲ ਜਾਂਦਾ ਨਹੀਂ ਵੇਖਿਆ॥ ੧੫॥

ਜੀਤ ਦਸੋ ਦਿਸ਼ ਦ੍ਰੁਤਿ ਲਈ, ਜਿਨ ਭੂਪਨ ਤੇ ਨਿਜ ਸੇਵ ਕਰਾਏ।
ਪੁੰਜ ਕੀਏ ਧਨ ਹੈਵਰ ਗੈਵਰ ਜੋਰਿ ਚਮੂੰ ਚਤੁਰੰਗ ਬਨਾਏ।
ਜੋਨ ਸਮੈਂ ਕਰ ਕਾਹਿ ਨ ਜਾਨਤਿ, ਅੰਤ ਸਮੇਂ ਪਗ ਨੰਗ ਸਿਧਾਏ।
ਜੋ ਕਛੁ ਸਾਜ ਸਮਾਜ ਹੁਤੋ ਸਭਿ ਛੋਰ ਗਏ, ਨਹਿਂ ਪਾਰ ਬਸਾਏ॥੧੬॥

ਜਿਨ੍ਹਾਂ ਰਾਜਿਆਂ ਨੇ ਝਟਪਟ ਦਸ ਦਿਸ਼ਾਵਾਂ ਜਿੱਤ ਲਈਆਂ ਹਨ ਅਤੇ ਉਨ੍ਹਾਂ ਰਾਜਿਆਂ ਤੋਂ ਫਿਰ ਆਪਣੀ ਸੇਵਾ ਕਰਵਾਈ ਹੈ। ਚੰਗੇ ਘੋੜੇ, ਚੰਗੇ ਹਾਥੀ ਅਤੇ ਚਾਰ ਤਰ੍ਹਾਂ ਦੀ ਚਤਰੰਗੀ ਫੌਜ ਇੱਕਠੀ ਕਰ ਲਈ ਹੈ। ਜਿਸ ਚੜ੍ਹਤ ਅਤੇ ਜਿੱਤ ਕਰਕੇ ਕਦੇ ਵੀ ਕਿਸੇ ਨੂੰ ਕੁਝ ਵੀ ਨਹੀਂ ਸਮਝਦੇ ਹਨ, ਅੰਤ ਸਮੇਂ ਨੰਗੀ ਪੈਰੀਂ ਤੁਰ ਗਏ। ਜੋ ਕੁਝ ਵੀ ਉਨ੍ਹਾਂ ਪਾਸ ਸਾਜ਼ ਸਾਮਾਨ ਸੀ, ਉਹ ਸਭ ਕੁਝ ਪਿਛੇ ਛੱਡ ਗਏ, ਉਨ੍ਹਾਂ ਦਾ ਕੋਈ ਵੱਸ ਨਹੀਂ ਚਲਿਆ॥ ੧੬॥

ਕੂਰ ਪਸਾਰ ਰਚਯੋ ਕਰਤਾਰ ਨੈ ਤਾਨ ਕਨਾਤ ਦਈ ਇਹ ਮਾਯਾ।
ਰੰਗ ਅਨੇਕਨ ਕੀ ਜੁ ਬਨੀ ਜਿਨ ਮਾਨਵ ਕੋ ਨਿਜ ਗਯਾਨ ਭੁਲਾਯਾ।
ਪਯਾਰ ਪਦਾਰਥ, ਕੂਰ ਸੁਆਰਥ ਬੀਚ ਫਸੇ ਸਭਿ ਬੈਸ ਬਿਹਾਯਾ।
ਆਦਿ ਸਰੂਪ ਅਨਾਦਿ ਲਖਯੋ ਨਹਿਂ,ਤੌਂ ਲਖਿਹੀਂ ਜਿ ਕਰੈ ਹਰਿ ਦਾਯਾ ॥੧੭॥

ਕਰਤਾਰ ਨੇ ਇਹ ਸਾਰਾ ਕੂੜ ਪਸਾਰਾ ਰਚਿਆ ਹੈ ਅਤੇ ਇਸ ਦੇ ਉਪਰ ਮਾਇਆ ਦੀ ਕਨਾਤ ਤਾਣ ਦਿੱਤੀ ਹੈ। ਜਿਨ੍ਹਾਂ ਮਨੁੱਖਾਂ ਨੂੰ ਅਨੇਕ ਰੰਗ ਦੀ ਬਣੀ ਹੈ ਭਾਵ ਅਨੇਕ ਰੰਗਾਂ ਪਿਛੇ ਤੁਰੇ ਫਿਰਦੇ ਹਨ, ਉਨ੍ਹਾਂ ਨੇ ਆਪਣੇ ਆਪ ਦਾ ਗਿਆਨ ਭੁਲਾ ਦਿੱਤਾ ਹੈ। ਪਦਾਰਥਾਂ ਦੇ ਪਿਆਰ ਅਤੇ ਕੂੜ ਸੁਆਰਥਾਂ ਵਿਚ ਫੱਸ ਕੇ ਉਨ੍ਹਾਂ ਸਾਰੀ ਉਮਰ ਗਵਾ ਦਿੱਤੀ ਹੈ। ਆਦਿ ਸਰੂਪ ਅਤੇ ਅਨਾਦਿ ਪੁਰਖ ਨੂੰ ਕਿਸੇ ਜਾਣਿਆ ਨਹੀਂ, ਉਹ ਕੁਝ ਤਾਂ ਵੇਖਦੇ ਹਨ ਜੋ ਪ੍ਰਭੂ ਰੂਪੀ ਦਾਇਆ ਖਿਡਾ ਰਹੀ ਹੈ॥ ੧੭॥

ਰਾਇ ਬੁਲਾਰ ਉਚਾਰਤਿ ਵਾਕ 'ਕਹੋਂ ਸਤਿ ਬਾਤ ਨ ਕੂਰ, ਦਯਾਲਾ !,
ਮਾਤ ਪਿਤਾ ਤੁਮਰੇ ਬਿਰਹਾਤੁਰ, ਨਾ ਗਵਨੋ ਰਹਿਯੇ ਨਿਜ ਸ਼ਾਲਾ।
ਤੀਨ ਸੁ ਕੂਪ ਕੀ ਲੇਹੁ ਕ੍ਰਿਖੀ ਕਰਿ ਦੇਗਹਿ ਦੀਨ ਖੁਵਾਉ ਬਿਸਾਲਾ।
ਦੀਨਨ ਕੋ ਦੁਖ ਦੇਖ ਸਕੋ ਨਹਿਂ, ਯੋਂ ਕਰਿਯੇ ਘਰ ਬੈਸ, ਕ੍ਰਿਪਾਲਾ !' ॥੧੮॥

ਇਹ ਸੁਣ ਕੇ ਰਾਇ ਬੁਲਾਰ ਨੇ ਕਿਹਾ, "ਦਿਆਲੂ ਗੁਰੂ ਜੀ ਜੋ ਤੁਸੀਂ ਕਹਿ ਰਹੇ ਹੋ ਉਹ ਸੱਚੀ ਗੱਲ ਹੈ, ਇਸ ਵਿਚ ਰਤਾ ਵੀ ਝੂਠ ਨਹੀਂ, ਪਰ ਤੁਹਾਡੇ ਮਾਤਾ ਪਿਤਾ ਬਿਰਹਾ ਕਰਕੇ ਬਹੁਤ ਦੁਖੀ ਹਨ, ਬਾਹਰ ਨਾ ਜਾਓ, ਆਪਣੇ ਨਿਜੀ ਘਰ ਵਿਚ ਰਹੋ। ਮੇਰੇ ਪਾਸੋਂ ਤਿੰਨਾਂ ਖੂਹਾਂ ਦੀ ਖੇਤੀ ਲੈ ਲਵੋ ਅਤੇ ਉਸ ਖੇਤੀ ਦੀ ਸਾਰੀ ਉਪਜ ਨਾਲ ਦੀਨ ਦੁਖੀਆਂ ਵਾਸਤੇ ਲੰਗਰ ਚਲਾਓ, ਤੁਸੀਂ ਗਰੀਬਾਂ ਦੇ ਦੁੱਖ ਨੂੰ ਵੇਖ ਨਹੀਂ ਸਕਦੇ, ਇਸ ਲਈ ਏਥੇ ਘਰ ਬੈਠ ਕੇ ਇਨ੍ਹਾਂ ਗਰੀਬਾਂ ਦੀ ਸੇਵਾ ਕਰੋ" ॥ ੧੮॥

ਏਕ ਕੀ ਦੇਗ ਅਖੰਡ ਚਲੈ ਬ੍ਰਹਮੰਡ ਹੀ ਮਾਂਗਤਿ ਹੈ ਜਿਸ ਪਾਹੀਂ।
ਆਦਿ ਨ ਅੰਤ ਬਿਅੰਤ ਲਖੇ, ਜਗ ਕੰਤ ਦਤਾਰ ਸਮਾਨ ਕੋ ਨਾਂਹੀ।
ਪ੍ਰਾਨ ਸ਼ਰੀਰ ਰਚਯੋ ਧਨ ਧਾਨ, ਸਦਾ ਭਜਿਯੇ ਕਰਤਾ ਮਨ ਮਾਂਹੀ।
ਆਨ ਕੀ ਦੇਗ ਨਹੀਂ ਜਗ ਮੈਂ ਥਿਰ ਭੂਪਿਤ ਹੋਇ ਕਿ ਸ਼ਾਹਨਿਸ਼ਾਹੀ ॥੧੯॥

ਰਾਇ ਬੁਲਾਰ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਉੱਤਰ ਦਿੱਤਾ, "ਇਕ ਵਾਹਿਗੁਰੂ ਦੀ ਅਖੰਡ ਦੇਗ ਚੱਲ ਰਹੀ ਹੈ, ਜਿਸ ਦਾ ਸਾਰਾ ਬ੍ਰਹਿਮੰਡ ਹੀ ਮੰਗਤਾ ਹੈ। ਉਸ ਦਾ ਕੋਈ ਆਦਿ, ਅੰਤ ਨਹੀਂ ਹੈ, ਉਸ ਨੂੰ ਬੇਅੰਤ ਸਮਝੋ, ਉਸ ਜਗਤ ਸਵਾਮੀ, ਦਾਤਾਰ ਵਰਗਾ ਹੋਰ ਕੋਈ ਨਹੀਂ ਹੈ। ਜਿਸ ਨੇ ਪ੍ਰਾਣ, ਸਰੀਰ, ਦੌਲਤ ਅਤੇ ਅੰਨ ਰਚਿਆ ਹੈ, ਉਸ ਕਰਤਾ ਪੁਰਖ ਦਾ ਸਦਾ ਆਪਣੇ ਵਿਚ ਸਿਮਰਨ ਕਰੋ, ਕਿਸੇ ਹੋਰ ਦੀ ਦੇਗ ਜੱਗ ਵਿਚ ਸਥਾਈ ਨਹੀਂ ਹੈ, ਭਾਵੇਂ ਉਹ ਰਾਜਾ ਹੋਵੇ ਜਾਂ ਸ਼ਹਿਨਸ਼ਾਹ ਹੋਵੇ॥ ੧੯॥

ਦੋਹਰਾ- ਸੁਨਿ ਸ਼੍ਰੋਨਨ ਮਹਿਂ ਸਮਝਿਆ ਹਿਰਦੈ ਅਸ ਬਿਧਿ ਰਾਇ।
ਰਹੈਂ ਨ ਕੈਸੇ ਸਦਨ ਮਹਿਂ ਕਰਹਿਂ ਜਿ ਅਨਿਕ ਉਪਾਇ॥ ੨੦॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਇ ਬੁਲਾਰ ਆਪਣੇ ਹਿਰਦੇ ਵਿਚ ਇਹ ਗੱਲ ਸਮਝ ਗਿਆ ਕਿ ਇਹ ਕਦੀ ਵੀ ਘਰ ਨਹੀਂ ਰਹਿਣਗੇ, ਬੇਸ਼ਕ ਕਿੰਨੇ ਵੀ ਉਪਾਅ ਕੀਤੇ ਜਾਣ॥ ੨੦॥

ਕਬਿੱਤ- ਉਰ ਇਉਂ ਬਿਚਾਰ ਰਾਇ ਕਾਲੂ ਸੋਂ ਅਲਾਇ ਗਿਰਾ 'ਰੂਪ ਸੁਖਦਾਇ ਨਹਿਂ ਕਾਂਕੇ ਕਰ ਮਾਂਹਿ ਹੈ।
ਮਨ ਨ ਡੁਲਾਇ, ਅਬ ਬੈਠ ਘਰ ਜਾਇ ਨਿਜ, ਚਿੰਤ ਕੋ ਬਿਲਾਇ ਸੁਤ ਤੇਰੋ ਦੁਖ ਦਾਹਿ ਹੈ।
ਧਰਜੋ ਹੈ ਖੁਦਾਇ ਤਨ, ਇਨ ਕੀ ਰਜਾਇ ਸਕੈ ਕੌਨ ਉਲਟਾਇ, ਜਹਿਂ ਇੱਛਾ ਤਹਿਂ ਜਾਹਿ ਹੈਂ।
ਦਾਨ ਦਾ ਅਨੰਦ ਸੁਖ ਕੰਦ ਜਗ ਬੰਦ ਧੋਗ ਦੰਭਨ ਕੋ ਮੰਦ, ਅਵਤਾਰ ਵਾਹਿ ਵਾਹਿ ਹੈ ॥੨੧॥

ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੇ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਇਹ ਬਚਨ ਕਹੇ, "ਸੁੱਖਦਾਤੇ ਦਾ ਰੂਪ ਹੁਣ

ਕਿਸੇ ਦੇ ਵੀ ਵੱਸ ਵਿਚ ਨਹੀਂ ਹੈ। ਹੌਸਲਾ ਨਾ ਛੱਡੋ, ਹੁਣ ਘਰ ਵਿਚ ਜਾ ਕੇ ਬੈਠੋ, ਚਿੰਤਾ ਨੂੰ ਦੂਰ ਕਰੋ, ਪੁੱਤਰ ਨੂੰ ਹੁਣ ਜਾਣ ਦੇਵੋ, ਜਿਹੜਾ ਸਾਰੇ ਦੁੱਖਾਂ ਦੇ ਨਾਸ਼ ਕਰਨ ਵਾਲਾ ਹੈ। ਪ੍ਰਭੂ ਨੇ ਆਪ ਸਰੀਰ ਧਾਰਨ ਕੀਤਾ ਹੈ, ਇਨ੍ਹਾਂ ਦੀ ਰਜ਼ਾ ਨੂੰ ਕੌਣ ਉਲਟਾਅ ਸਕਦਾ ਹੈ, ਜਿਥੇ ਜਾਣ ਦੀ ਇਨ੍ਹਾਂ ਦੀ ਇੱਛਾ ਹੈ, ਉਥੇ ਹੀ ਇਨ੍ਹਾਂ ਜਾਣਾ ਹੈ। ਇਹ ਆਨੰਦ ਦੇਣ ਵਾਲੇ, ਸੁਖਦਾਤੇ, ਜਗਤ ਦੇ ਬੰਦਨ ਯੋਗ ਅਤੇ ਪਖੰਡਾਂ ਨੂੰ ਦੂਰ ਕਰਨ ਵਾਲੇ ਹਨ॥ ੨੧॥

**ਕਾਲੂ ਸੁਨਿ ਬਾਤ ਮਨ ਮਾਂਹਿ ਪਛੁਤਾਤੁ ਅਤਿ, ਜਾਨ ਨਿਜ ਤਾਤ, ਨਹਿਂ ਭੇਵ ਕੋ ਪਛਾਨ ਹੀ।**
**ਗਵਨਯੋ ਅਵਾਸ, ਬਹੁ ਲੇਤਿ ਸੀਤ ਸ੍ਵਾਸ ਤਬ, ਹੋਤਿ ਸੁਖ ਜੋਊ ਤਾਂਕੋ ਦੁਖ ਪਰਮਾਨ ਹੀ।**
**ਸੁਧਾਸਿੰਧੁ ਤਯਾਗ, ਅਨੁਰਾਗ ਮ੍ਰਿਗ-ਤ੍ਰਿਖਾ ਨੀਰ, ਸ਼੍ਰਧਾ ਧਾਰਿ ਲੇਤਿ ਨ ਗਯਾਨ ਗਤਿਦਾਨ ਹੀ।**
**ਲਾਲੂ ਜਾਤਿ ਸਾਥ, ਸਮਝਾਇਬੇ ਕਥਤਿ ਗਾਥ, 'ਧਾਰਹੁ ਸਰੀਰ ਧੀਰ, ਕਯੋਂ ਤੂੰ ਪੀਰ ਮਾਨਿਹੀਂ ॥੨੨ ॥**

ਇਹ ਗੱਲ ਸੁਣ ਕੇ ਕਾਲੂ ਮਨ ਵਿਚ ਬਹੁਤ ਪਛਤਾਇਆ, ਉਸ ਨੂੰ ਆਪਣਾ ਪੁੱਤਰ ਸਮਝਦਾ ਸੀ, ਪਰ ਅਸਲ ਭੇਦ ਨੂੰ ਨਹੀਂ ਸੀ ਜਾਣਦਾ। ਆਪਣੇ ਘਰ ਚਲਾ ਗਿਆ, ਬੜੇ ਠੰਢੇ ਸਾਹ ਲੈਂਦਾ ਹੈ। ਜਿਹੜਾ ਅਸਲ ਵਿਚ ਸੁੱਖ ਹੈ ਉਸ ਨੂੰ ਦੁੱਖ ਮੰਨ ਰਿਹਾ ਹੈ। ਅੰਮ੍ਰਿਤ ਦੇ ਸਮੁੰਦਰ ਨੂੰ ਛੱਡ ਕੇ, ਮ੍ਰਿਗ ਤ੍ਰਿਸ਼ਨਾ ਦੇ ਜਲ ਨਾਲ ਪ੍ਰੇਮ ਕਰਦਾ ਹੈ। ਸਰਧਾ ਧਾਰ ਕੇ ਮੁਕਤੀ ਦਾਤੇ ਪਾਸੋਂ ਗਿਆਨ ਪ੍ਰਾਪਤ ਨਹੀਂ ਕਰਦਾ। ਬਾਬਾ ਲਾਲੂ ਉਸ ਦੇ ਨਾਲ ਜਾਂਦਾ ਹੈ ਅਤੇ ਸਮਝਾਉਂਦਾ ਹੈ, ਸਰੀਰ ਵਿਚ ਧੀਰਜ ਧਾਰਨ ਕਰੋ, ਇਸ ਤੇ ਪੀੜ ਕਿਉਂ ਮੰਨਦਾ ਹੈਂ ?॥ ੨੨॥

**ਮਾਤ ਘਰ ਜਾਤਿ ਬਿਲਖਾਤਿ ਬਿਰਹਾ ਤੁਰੀਤੇ 'ਹੁਤੋ ਏਕ ਤਾਤ, ਸੋ ਬਿਦੇਸ਼ ਜਾਨਿ ਠਾਨਿਹੀ।**
**ਰਾਇ ਸਮਝਾਯੋ, ਨਹਿਂ ਵਾਕ ਮਨ ਭਾਯੋ ਕੋਊ, ਉਦਾਸੀਨ ਭਯੋ, ਨ ਅਵਾਸ ਹਿਤ ਜਾਨਿ ਹੀ'।**
**ਬੇਦੀ ਕੁਲਕੇਤ ਰਹੇ ਰਾਇ ਕੇ ਨਿਕੇਤ ਨਿਸਿ, ਭੋਰ ਜਬ ਭਈ ਜਾਇ ਬੈਸੇ ਉਦਿਆਨ ਹੀ।**
**ਬਾਸੁਰ ਗੁਜਾਰਿ ਕਰਿ ਅਪਨੇ ਅਗਾਰ ਆਏ, ਮੋਖ ਕੇ ਉਦਾਰ, ਕਰਤਾਰ ਗੁਨਖਾਨ ਹੀ ॥ ੨੩ ॥**

ਮਾਤਾ ਜੀ ਘਰ ਜਾ ਕੇ ਬਿਰਹਾ ਦਾ ਦੁੱਖ ਕਰਕੇ ਵਿਲਕਦੀ ਹੈ ਅਤੇ ਵਰਲਾਪ ਕਰਦੀ ਹੈ, "ਇਕ ਪੁੱਤਰ ਹੈ, ਉਸ ਨੇ ਵੀ ਬਦੇਸ਼ ਜਾਣ ਦਾ ਪੱਕਾ ਮਨ ਬਣਾ ਲਿਆ ਹੈ। ਰਾਇ ਬੁਲਾਰ ਨੇ ਬਹੁਤ ਸਮਝਾਇਆ, ਪਰ ਕੋਈ ਵੀ ਗੱਲ ਉਸ ਦੇ ਮਨ ਨੂੰ ਚੰਗੀ ਨਹੀਂ ਲੱਗ ਰਹੀ ਹੈ, ਬਹੁਤ ਉਦਾਸ ਹੋ ਗਈ ਹੈ ਅਤੇ ਘਰ ਜਾਣ ਨੂੰ ਜੀਅ ਨਹੀਂ ਕਰਦਾ। ਬੇਦੀ ਕੁਲ ਦੇ ਧ੍ਵਜ ਰਾਤ ਨੂੰ ਰਾਇ ਬੁਲਾਰ ਦੇ ਪਾਸ ਰਹੇ, ਜਦ ਸਵੇਰ ਹੋਈ ਤਾਂ ਜੰਗਲ ਵਿਚ ਜਾ ਬੈਠੇ। ਸਾਰਾ ਦਿਨ ਗੁਜ਼ਾਰ ਕੇ ਰਾਤ ਨੂੰ ਆਪਣੇ ਘਰ ਆ ਗਏ, ਮੁਕਤੀ ਦਾਤੇ ਜਿਹੜੇ ਆਪ ਹੀ ਕਰਤਾਰ ਰੂਪ ਗੁਣਾਂ ਦੀ ਖਾਨ ਹਨ॥ ੨੩॥

**ਮਾਤ ਹਰਖਾਇ ਉਰ, ਆਨਦ ਨ ਮਾਇ, ਸੁਤ ਨੇਹ ਅਧਿਕਾਇ, ਬਹੁ ਬਿਧਿ ਸਮਝਾਵਈ।**
**'ਤਾਤ ! ਕੋਊ ਕਾਜ ਨਹਿਂ, ਰਹੋ ਘਰ ਮਾਂਹਿ ਬੈਸੇ, ਕੋਊ ਨ ਕਹੈ ਹ ਕਛੂ, ਕਰੋ ਮਨ ਭਾਵਈ।**
**ਆਂਖ ਤੈ ਨ ਹੋਵੋ ਦੂਰ, ਰਹਿਯੇ ਹਦੂਰ ਸੁਤ ! ਫਿਕਰ ਕੋ ਜ਼ਿਕਰ ਨ ਤੁਮ ਤਕ ਆਵਈ।**
**ਪੋਸ਼ਿਸ਼ ਕੋ ਪਾਵੋ, ਉਰ ਇੱਛਾ ਸੋਊ ਖਾਵੋ, ਬੈਸੇ ਹਰਿ ਗੁਨ ਗਾਵੋ, ਤੁਮੈਂ ਕੋਊ ਨ ਹਟਾਵਈ ॥ ੨੪ ॥**

ਉਨ੍ਹਾਂ ਨੂੰ ਵੇਖ ਕੇ ਮਾਤਾ ਜੀ ਹਿਰਦੇ ਵਿਚ ਬਹੁਤ ਖੁਸ਼ ਹੋਈ, ਆਨੰਦ ਵਿਚ ਸਮਾਉਂਦੀ ਨਹੀਂ, ਪੁੱਤਰ ਨਾਲ ਬਹੁਤ ਪਿਆਰ ਕਰਕੇ ਉਸ ਨੂੰ ਕਈ ਤਰ੍ਹਾਂ ਨਾਲ ਸਮਝਾਉਂਦੀ ਹੈ, 'ਹੇ ਪੁੱਤਰ ! ਕੋਈ ਕੰਮ ਨਾ ਕਰੋ, ਘਰ ਵਿਚ ਬੈਠੇ ਹੀ ਰਹੋ, ਅਤੇ ਉਸ ਤਰ੍ਹਾਂ ਕਰੋ ਜਿਸ ਤਰ੍ਹਾਂ ਤੁਹਾਡੇ ਮਨ ਨੂੰ ਚੰਗਾ ਲੱਗੇ। ਮੇਰੀਆਂ ਅੱਖਾਂ ਤੋਂ ਦੂਰ ਨਾ ਹੋ, ਪੁੱਤਰ ਮੇਰੇ ਪਾਸ ਰਹੋ, ਫਿਕਰ ਦੀ ਕੋਈ ਗੱਲ-ਬਾਤ ਤੁਹਾਡੇ ਤਕ ਨਹੀਂ ਆਵੇਗੀ। ਚੰਗੀਆਂ ਪੋਸ਼ਾਕਾਂ ਪਾਵੋ, ਜਿਸ ਤਰ੍ਹਾਂ ਦਿਲ ਦੀ ਇੱਛਾ ਹੋਵੇ, ਉਸ ਤਰ੍ਹਾਂ ਖਾਵੋ ਅਤੇ ਸੌਂਵੋ, ਬੈਠ ਕੇ ਹਰੀ ਦੇ ਗੁਣ ਗਾਵੋ, ਤੁਹਾਨੂੰ ਕੋਈ ਨਹੀਂ ਹਟਾਏਗਾ॥ ੨੪॥

ਕਾਲੂ ਢਿਗ ਆਯੋ ਬੈਠਿ ਬਚਨ ਅਲਾਯੋ 'ਮੋਦੀ ਕ੍ਰਿੱਤ ਕੋ ਹਟਾਯੋ, ਭਲੀ ਬਾਤ ਨ ਵਿਚਾਰੀਆ।
ਆਵਤਿ ਅਪਾਰ ਬਿਤ, ਖਾਤਿ ਖਰਚੰਤਿ ਨਿਤ, ਇਕਠੋ ਨ ਕੀਨੋ ਸਭਿ ਬਾਦ ਕਰਜੋ ਖੁਆਰੀਆ।
ਆਪਨ ਕੀ ਸੌਜ ਸਭਿ ਦੀਨੀ ਹੈ ਲੁਟਾਇ ਤੁਮ, ਸੁਨਜੋ ਹਮ ਕਾਨ ਧਨ ਸ਼ੇਖ ਬਹੁ ਥਾਰੀਆ।
ਸੋ ਭੀ ਨਹਿਂ ਲਯੋ, ਸਭਿ ਰੰਕਨ ਕੋ ਦਯੋ ਕਹਿ, ਸਾਧ ਬੇਖ ਭਯੋ ਕੀਨੋ ਕੁਜਸ ਹਮਾਰੀਆ ॥੨੫॥

ਫਿਰ ਮਹਿਤਾ ਕਾਲੂ ਕੋਲ ਆ ਕੇ ਬੈਠ ਗਿਆ ਅਤੇ ਬਚਨ ਕਹੇ, "ਮੋਦੀ ਦੇ ਕੰਮ ਨੂੰ ਛੱਡ ਕੇ, ਤੂੰ ਚੰਗੀ ਗੱਲ ਨਹੀ ਵਿਚਾਰੀ ਹੈ। ਬੜਾ ਧਨ ਆਉਂਦਾ ਸੀ। ਨਿਤ ਖਾਂਦਾ ਖਰਚਦਾ ਸੀ, ਕੁਝ ਵੀ ਜੋੜਿਆ ਨਾ, ਸਭ ਵਿਅਰਥ ਜ਼ਾਇਆ ਕੀਤਾ। ਹੱਟੀ ਦਾ ਸਾਰਾ ਸਾਮਾਨ ਲੁਟਾ ਦਿੱਤਾ, ਅਸੀਂ ਕੰਨੀ ਸੁਣਿਆ ਹੈ ਕਿ ਆਪ ਦਾ ਬਹੁਤ ਧਨ ਬਚਿਆ ਸੀ, ਉਹ ਵੀ ਨਾ ਲਿਆ, ਉਹ ਵੀ ਫਕੀਰਾਂ ਵਿਚ ਵੰਡ ਦਿੱਤਾ, ਅਤੇ ਸਾਧ ਭੇਸ ਧਾਰਨ ਕਰਕੇ ਸਾਡਾ ਅਪਜਸ ਕੀਤਾ॥ ੨੫॥

ਜਬ ਕੋ ਜਨਮ ਭਯੋ, ਤਬ ਕੋ ਨ ਸੁਖ ਦਯੋ, ਭੂਰ ਸਮਝਾਯੋ, ਏਕ ਬਾਤ ਨਹਿਂ ਮਾਨੀਆ।
ਭਾਖੈਂਗੇ ਸ਼ਰੀਕ ਸੁਤ ਕਾਲੂ ਕੋ ਫਕੀਰ ਭਯੋ, ਜਾਤਿ ਕੀ ਨ ਗੋਤ ਲਾਜ ਰਿਦੇ ਇਕ ਜਾਨੀਆ।
ਤਜੇ ਤਨ ਬੇਖ, ਪਤਿ ਹਤੇ ਨ ਵਿਸ਼ੇਖ ਮੇਰੀ, ਦੇਨੋ ਸੁਖ ਰਹਜੋ, ਸਦਾ ਭਯੋ ਦੁਖਦਾਨੀਆ।
ਰਹੋ ਨਿਜ ਧਾਮ, ਨਹਿਂ ਕਹੈਂ ਕਰੋ ਕਾਜ ਕੁਛ, ਕੌਨ ਭੀਰ ਪਰੀ ਤੇ ਫਕੀਰੀ ਰੀਤਿ ਠਾਨੀਆ ॥੨੬॥

ਜਦ ਤੋਂ ਹੀ ਤੂੰ ਜਨਮ ਲਿਆ ਹੈ ਤਦ ਤੋਂ ਹੀ ਸਾਨੂੰ ਕੋਈ ਸੁਖ ਨਹੀਂ ਦਿੱਤਾ, ਬਹੁਤ ਵਾਰ ਸਮਝਾਇਆ ਪਰ ਸਾਡੀ ਇਕ ਗੱਲ ਵੀ ਨਾ ਮੰਨੀ। ਸ਼ਰੀਕ ਕਹਿਣਗੇ ਕਿ ਕਾਲੂ ਦਾ ਪੁੱਤਰ ਫਕੀਰ ਹੋ ਗਿਆ ਹੈ। ਜਾਤ ਗੋਤ ਦੀ ਲਾਜ ਹਿਰਦੇ ਵਿਚ ਪਛਾਣੀ ਹੀ ਨਹੀ ਹੈ। ਇਹ ਭੇਸ ਉਤਾਰ ਦੇਵੇ, ਮੇਰੀ ਇਜ਼ਤ ਨੂੰ ਹੋਰ ਦਾਗ ਨਾ ਲਾਵੇ, ਮੈਂ ਸਦਾ ਸੁਖੀ ਰੱਖਦਾ ਰਿਹਾ ਹਾਂ, ਪਰ ਤੂੰ ਸਦਾ ਹੀ ਦੁੱਖ ਹੀ ਦਿੰਦਾ ਰਿਹਾ ਹੈਂ। ਆਪਣੇ ਘਰ ਵਿਚ ਰਹੋ, ਕੋਈ ਕੰਮ ਕਾਜ ਨਾ ਕਰੋ, ਕੀ ਭੀੜ ਪੈ ਗਈ ਸੀ ਜਿਹੜਾ ਇਹ ਫਕੀਰੀ ਵੇਸ ਬਣਾ ਲਿਆ ਹੈ॥ ੨੬॥

ਜਨਕ ਕੀ ਬਾਤੇਂ ਸੁਨਿ ਤੂਸ਼ਨ ਹੀ ਰਹੇ ਗੁਰੂ, ਵਾਕ ਨ ਬਖਾਨਜੋ ਸੁ ਕਲਯਾਨ ਕੋ ਜੁ ਦਾਨੀਆ।
ਕਮਲ ਬਦਨ ਤੇ ਨਿਕਾਸੀ ਨ ਅਲਿਨ ਗਿਰਾ, ਤਾਤ ਕੀ ਜਿਠਾਈ ਨਿਸ ਸਾਮਹੀ ਪ੍ਰਮਾਨੀਆ।
ਮਾਨਸ ਮੈਂ ਹੰਸਨੀ ਸੀ ਤਹਾਂ ਹੀ ਬਿਰਾਜ ਰਹੀ, ਹੁਤੀ ਜੁ ਬਿਗਯਾਨ ਕੇ ਅਨੰਦ ਮੈਂ ਸਮਾਨੀਆ।
ਹਿਤ ਸੋ ਬੁਲਾਇ ਮਾਤਾ ਭੋਜਨ ਅਚਾਯੋ, ਪੁਨ ਪਾਨ ਪੈ ਕਰਾਯੋ, ਪਰ ਯੰਕ ਪੌਢੇ ਆਨੀਆ ॥੨੭॥

ਆਪਣੇ ਪਿਤਾ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਜੀ ਚੁੱਪ ਹੀ ਰਹੇ, ਕੋਈ ਵੀ ਗੱਲ, ਕਲਿਆਣ ਦਾਤੇ ਨੇ ਆਪਣੇ ਮੁਖਾਰਬੰਦ ਤੋਂ ਨਾ ਕਹੀ। ਕਮਲ ਮੁਖ ਨੇ ਆਪਣੇ ਗਲ ਵਿਚੋਂ ਕੋਈ ਸ਼ਬਦ ਵੀ ਨਾ ਬੋਲਿਆ ਅਤੇ ਪਿਤਾ ਦੀ ਵਡਿਆਈ ਰਾਤ ਵਾਂਗ ਪ੍ਰਮਾਨਿਤ ਕੀਤੀ। ਮਾਨਸਰੋਵਰ ਵਿਚ ਹੰਸਣੀ ਰੂਪ ਬਾਣੀ ਗੁਰੂ ਜੀ ਦੇ ਅੰਦਰ ਹੀ ਬਿਰਾਜ ਰਹੀ, ਜਿਹੜੀ ਵਿਗਿਆਨ ਦੇ ਅਨੰਦ ਸਮਾਨ ਸੀ। ਬੜੇ ਪਿਆਰ ਨਾਲ ਬੁਲਾ ਕੇ ਮਾਤਾ ਜੀ ਨੇ ਭੋਜਨ ਛਕਾਇਆ, ਫਿਰ ਦੁੱਧ ਪਿਆਇਆ। ਫਿਰ ਗੁਰੂ ਜੀ ਪਲੰਘ ਤੇ ਆ ਕੇ ਲੇਟ ਗਏ॥ ੨੭॥

ਸ੍ਵੈਯਾ- ਭੋਰ ਭਈ, ਅਰਬਿੰਦ ਖਿਰੇ ਅਰਣੋਦਯ ਤੇ ਚਕਵੇ ਹਰਿਖਾਏ।
ਜਯੋਂ ਗੁਰੂ ਕੀ ਕਰੁਨਾ ਬਿਕਸੇ ਉਰ, ਮੇਲ ਸੁਖੰ, ਸੁਮਤੀ ਮਨ ਪਾਏ।
ਤਾਰੇ ਛਪੇ ਜਜੋਂ ਬਿਕਾਰ ਨਸੇ, ਜਨੁਮੋਹ ਤਮੰ ਨਹਿਂ ਦੀਸਨ ਪਾਏ।
ਕੀਨ ਸ਼ਨਾਨ ਗਏ ਉਦਿਆਨ ਇਕੰਤ ਸਥਾਨ ਮੈਂ ਬੈਸ ਸੁਹਾਏ ॥੨੮॥

ਸਵੇਰ ਹੋਈ, ਕੰਵਲ ਖਿੜ ਗਏ, ਸੂਰਜ ਉਦੇ ਹੋਣ ਤੇ ਚਕਵੇ ਬਹੁਤ ਖੁਸ਼ ਹੋਏ, ਜਿਵੇਂ ਗੁਰੂ ਜੀ ਦੀ ਕਿਰਪਾ ਨਾਲ ਸਿੱਖ

ਦਾ ਮਨ ਖਿੜਦਾ ਹੈ, ਮੇਲ ਦਾ ਸੁੱਖ ਹੁੰਦਾ ਅਤੇ ਸ੍ਰੇਸ਼ਟ ਬੁੱਧ ਪ੍ਰਾਪਤ ਹੁੰਦੀ ਹੈ। ਤਾਰੇ ਇੰਞ ਛੁਪ ਗਏ ਮਾਨੋ ਵਿਕਾਰ ਨੱਸ ਗਿਆ ਹੋਵੇ। ਜਿਵੇਂ ਤਾਰਿਆਂ ਦੇ ਛੁਪਣ ਨਾਲ ਹਨੇਰਾ ਨਹੀ ਹੁੰਦਾ, ਤਿਵੇਂ ਵਿਕਾਰਾਂ ਦੇ ਦੂਰ ਹੋਣ ਨਾਲ ਗਿਆਨੀ ਵਿਚ ਮੋਹ ਨਹੀ ਦਿੱਸਦਾ। ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਜੰਗਲ ਚਲੇ ਗਏ ਅਤੇ ਇਕਾਂਤ ਥਾਂ ਵਿਚ ਬੈਠ ਕੇ ਸੁਸ਼ੋਭਤ ਹੋ ਗਏ॥ ੨੮॥

ਦੋਹਰਾ- ਰਜਨੀ ਰਹੈਂ ਨਿਕੇਤ ਮਹਿ ਬਾਸੁਰ ਮਹਿ ਉਦਿਆਨ।
ਦਿਵਸ ਬਿਤਾਏ ਤਹਿਂ ਕਛੂ ਸ੍ਰੀ ਨਾਨਕ ਗੁਨ ਖਾਨ॥ ੨੯॥

ਰਾਤ ਨੂੰ ਘਰ ਰਹਿੰਦੇ ਸਨ ਤੇ ਦਿਨ ਸਮੇਂ ਜੰਗਲ ਵਿਚ ਚਲੇ ਜਾਂਦੇ ਸਨ। ਸ੍ਰੀ ਨਾਨਕ ਗੁਣਾਂ ਦੀ ਖਾਨ ਨੇ ਇਸ ਤਰ੍ਹਾਂ ਤੀਹ ਦਿਨ ਓਥੇ ਬਿਤਾਏ॥ ੨੯॥

ਚੌਪਈ- ਕਬਹਿ ਬੁਲਾਵਹਿ ਰਾਇ ਬੁਲਾਰੂ। ਦਰਸ਼ਨ ਬਦਨ ਬਿਲੋਕਤਿ ਚਾਰੂ।
ਭੋਜਨ ਦਿਜ ਤੇ ਰੁਚਿਰ ਕਰਾਵੈ। ਪੁਨਿ ਪੁਨ ਬਿਨੈ ਭਨਹਿ ਅਚਵਾਵੈ॥੩੦॥

ਕਈ ਵਾਰ ਰਾਇ ਬੁਲਾਰ ਬੁਲਾ ਲੈਂਦਾ ਸੀ। ਸੁੰਦਰ ਮੁਖੜੇ ਦੇ ਦਰਸ਼ਨ ਕਰਦੇ ਸਨ। ਬ੍ਰਾਹਮਣਾਂ ਪਾਸੋਂ ਰੁਚੀ ਅਨੁਸਾਰ ਭੋਜਨ ਕਰਵਾਉਂਦਾ ਸੀ ਅਤੇ ਹੋਰ ਖਾਣ ਦੀ ਬਾਰ-ਬਾਰ ਬੇਨਤੀ ਕਰਦਾ ਸੀ॥ ੩੦॥

ਪ੍ਰੇਮ ਬਿਲੋਕਿ ਰਾਇ ਕੋ ਪੂਰਾ। ਨਹਿਂ ਸ਼ਰਧਾ ਤੇ ਜਿਹ ਉਰ ਊਰਾ।
ਸ੍ਰੀ ਗੁਰੁ ਬਚਨ ਬਹੋਰਹਿਂ ਨਾਂਹੀ। ਜਬਹਿ ਬੁਲਾਇ ਨਿਕਟਿ ਤਬ ਜਾਂਹੀ॥੩੧॥

ਰਾਇ ਬੁਲਾਰ ਦੇ ਪੂਰਨ ਪ੍ਰੇਮ ਨੂੰ ਵੇਖ ਕੇ ਜਿਹੜਾ ਸ਼ਰਧਾ ਵਿਚ ਰਤਾ ਭਰ ਵੀ ਊਣਾ ਨਹੀਂ ਸੀ। ਗੁਰੂ ਜੀ ਉਸ ਦੇ ਬਚਨ ਨੂੰ ਮੋੜਦੇ ਨਹੀਂ ਸਨ, ਜਦ ਵੀ ਬੁਲਾਉਂਦਾ ਸੀ ਉਸ ਪਾਸ ਚਲੇ ਜਾਂਦੇ ਸਨ॥ ੩੧॥

ਲੇਵਨ ਹੇਤ ਗਯਾਨ ਉਪਦੇਸ਼ਾ। ਉਰਿ ਅਭਿਲਾਖਾ ਅਧਿਕ ਨਰੇਸ਼ਾ।
ਬਿਬਿਧਿ ਭਾਂਤਿ ਕੀ ਕਰਹਿ ਸੁ ਸੇਵਾ। ਨਿਸਦਿਨ ਧਯਾਨ ਧਰਹਿ ਗੁਰੁ ਦੇਵਾ॥੩੨॥

ਗਿਆਨ ਉਪਦੇਸ਼ ਲੈਣ ਵਾਸਤੇ ਰਾਇ ਬੁਲਾਰ ਦੇ ਹਿਰਦੇ ਵਿਚ ਬੜੀ ਅਭਿਲਾਸ਼ਾ ਸੀ। ਕਈ ਪ੍ਰਕਾਰ ਦੀ ਉਹ ਸੇਵਾ ਕਰਦਾ ਸੀ ਅਤੇ ਦਿਨ ਰਾਤ ਗੁਰੂ ਜੀ ਦਾ ਧਿਆਨ ਧਰਦਾ ਸੀ॥ ੩੨॥

ਆਯੁ ਬ੍ਰਿਧਿ ਜਿਹ ਜੀਵਨ ਥੋਰਾ। ਚਹਿਤਿ ਕਿ ਸਫਲ ਜਨਮ ਹ੍ਵੈ ਮੋਰਾ।
ਅਸ਼ਟਜਾਮ ਮਨ ਮੈਂ ਲਿਵਲਾਗੀ। ਸ੍ਰੀ ਗੁਰੂ ਚਰਨ ਕਮਲ ਅਨੁਰਾਗੀ॥੩੩॥

ਉਮਰ ਬਹੁਤ ਵੱਡੀ ਹੋ ਗਈ ਸੀ ਤੇ ਜੀਵਨ ਹੁਣ ਥੋੜਾ ਹੀ ਰਹਿ ਗਿਆ ਸੀ। ਇਸ ਲਈ ਚਾਹੁੰਦਾ ਸੀ ਕਿ ਮੇਰਾ ਜੀਵਨ ਸਫਲਾ ਹੋਵੇ। ਅੱਠੇ ਪਹਿਰ ਮਨ ਵਿਚ ਸ੍ਰੀ ਗੁਰੂ ਦੇ ਚਰਨ ਕਮਲਾ ਦੇ ਪਿਆਰ ਵਿਚ ਲਿਵ ਲੱਗੀ ਰਹਿੰਦੀ ਸੀ॥ ੩੩॥

ਇਕ ਬਾਸੁਰ ਨਰ ਪਠਿ ਅਵਨੀਪਾ। ਕਮਲ ਬਦਨ ਬੁਲਵਾਇ ਸਮੀਪਾ।
ਦ੍ਵੈ ਕਰ ਬੰਦੇ, ਬਿਨੈ ਬਖਾਨੀ। 'ਦੀਨ ਦਯਾਲ ! ਦਾਸਨ ਗਤਿ ਦਾਨੀ !॥੩੪॥

ਇਕ ਦਿਨ ਰਾਇ ਬੁਲਾਰ ਨੇ ਇਕ ਆਦਮੀ ਨੂੰ ਭੇਜ ਕੇ ਕਮਲ ਮੁਖ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਦੀਨ ਦਿਆਲ ! ਆਪਣੇ ਸੇਵਕਾਂ ਦੇ ਮੁਕਤੀ ਦਾਤੇ !

ਮਮ ਸਰੂਪ ਕੋ ਦੇਹੁ ਬੁਝਾਈ। ਭੂਲ ਰਹਯੋ ਜਿਹ ਸੁਧ ਨਹਿਂ ਕਾਈ।
ਕੋ ਮੈਂ ਹੌਂ? ਕਛੁ ਜਾਇ ਨ ਜਾਨਾ। ਬਢਯੋ ਵਿਸ਼ੇਖ ਰਿਦੈ ਅਗਯਾਨਾ॥੩੫॥

ਮੇਰੇ ਸਰੂਪ ਨੂੰ ਮੈਨੂੰ ਲਖਾ ਦਿਓ, ਮੈਂ ਭੁੱਲ ਰਿਹਾ ਹਾਂ, ਮੈਨੂੰ ਹੁਣ ਆਪਣੇ ਆਪ ਦੀ ਕੋਈ ਸੁੱਧ ਨਹੀਂ ਹੈ। ਮੈ ਕੌਣ ਹਾਂ ? ਮੈਂ ਕੁਝ ਨਹੀਂ ਜਾਣਦਾ। ਹਿਰਦੇ ਵਿਚ ਅਗਿਆਨਤਾ ਬਹੁਤ ਵਧ ਗਈ ਹੈ।

ਸੁਮਤਿ ਕਹਤਿ ਤਮਸਾ ਅਗਯਾਨਾ। ਮੈਂ ਨਹਿ ਜਾਨੋ ਤਾਂਹਿ ਸਮਾਨਾ।
ਤਿਮਰ ਵਿਖੈ ਤਨ ਸੁਧ ਸਭਿ ਭਾਨੇ। ਅਨਤ ਪਦਾਰਥ ਜਾਇ ਨ ਜਾਨੇ॥ ੩੬ ॥

ਬੁਧੀਮਾਨ ਕਹਿੰਦੇ ਹਨ ਕਿ ਅਗਿਆਨ ਹਨੇਰੇ ਵਰਗਾ ਹੈ, ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਸਮਾਨ ਨਹੀਂ ਜਾਣਦਾ ਹਨੇਰੇ ਵਿਚ ਆਪਣੇ ਤਨ ਦੀ ਸਾਰੀ ਸੋਝੀ ਭਾਨ ਹੁੰਦੀ ਰਹਿੰਦੀ ਹੈ, ਭਾਵੇਂ ਹੋਰ ਪਦਾਰਥ ਨਹੀਂ ਦਿੱਸਦੇ॥ ੩੬ ॥

ਸੁਧ ਅਗਿਆਨਹਿ ਸਰਬ ਗਵਾਈ। ਅਪਨੋ ਆਪ ਨ ਜਾਨਜੇ ਜਾਈ।
ਯਾਂਤੇ ਤਮ ਜੋ ਸਮ ਨਹਿ ਤਾਂਕੇ। ਸਰਬ ਜੀਵ ਦੁਖੀਆ ਬਸਿ ਜਾਂਕੇ॥ ੩੭ ॥

ਪਰ ਅਗਿਆਨ ਸਭ ਸੁੱਧ ਇੰਝ ਗਵਾਉਂਦਾ ਹੈ ਕਿ ਆਪਣਾ ਆਪ ਹੀ ਨਹੀ ਵੇਖ ਸਕਦਾ। ਇਸ ਲਈ ਹਨੇਰੇ ਦੇ ਬਰਾਬਰ ਹੋਰ ਕੁਝ ਨਹੀ। ਅਗਿਆਨ ਦੇ ਵੱਸ ਪੈ ਕੇ ਸਾਰੇ ਜੀਵਨ ਦੁਖੀ ਹਨ॥ ੩੭॥

ਉਪਦੇਸ਼ਕ ਪ੍ਰਭੁ ਤੋਹਿ ਸਮਾਨਾ। ਅਵਨੀ ਬਿਖੈ ਨ ਜਾਨੋਂ ਆਨਾ।
ਕ੍ਰਿਪਾ ਸਿੰਧੁ ! ਕਰੁਨਾ ਅਬ ਕੀਜੈ। ਮਮ ਸਰੂਪ ਸਮਝਾਇ ਸੁ ਦੀਜੈ॥ ੩੮ ॥

ਹੇ ਪ੍ਰਭੂ ! ਤੁਹਾਡੇ ਬਰਾਬਰ ਕੋਈ ਉਪਦੇਸ਼ਕ ਨਹੀਂ ਹੈ। ਸਾਰੀ ਦੁਨੀਆਂ ਵਿਚ ਇਹ ਕਿਤੇ ਵੀ ਜਾਣਿਆਂ ਨਹੀਂ ਜਾਂਦਾ। ਹੇ ਕਿਰਪਾ ਦੇ ਸਮੁੰਦਰ ! ਹੁਣ ਕਿਰਪਾ ਕਰੋ, ਮੈਨੂੰ ਮੇਰਾ ਸਰੂਪ ਸਮਝਾ ਦੇਵੋ॥ ੩੮ ॥

ਤੁਮ ਕਰੁਨਾ ਤੇ ਮੁਝ ਜਗਯਾਸਾ। ਵਧੀ ਰਿਦੇ ਮਹਿ ਅਧਿਕ ਪਿਆਸਾ।
ਲਖਿ ਅਧਿਕਾਰਿ ਗਯਾਨ ਕੋ ਦਾਨਾ। ਦੇਕਰਿ, ਕਰਹੁ ਮੋਰ ਕਲਯਾਨਾ॥ ੩੯ ॥

ਤੁਹਾਡੀ ਕਿਰਪਾ ਦੀ ਮੈਨੂੰ ਚਾਹ ਹੈ। ਮੇਰੇ ਹਿਰਦੇ ਵਿਚ ਬਹੁਤ ਪਿਆਸ ਹੈ। ਜੇ ਮੈਨੂੰ ਅਧਿਕਾਰੀ ਵੇਖਦੇ ਹੋ ਤਾਂ ਮੈਨੂੰ ਗਿਆਨ ਦਾ ਦਾਨ ਬਖਸ਼ੋ ਅਤੇ ਗਿਆਨ ਦੇ ਕੇ ਮੇਰਾ ਕਲਿਆਣ ਕਰੋ॥ ੩੯ ॥

ਅਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਬਿਨੈ ਦੀਨਤਾ ਮਹਿ ਜੋ ਸਾਨੀ।
ਦੇਨਿ ਗਯਾਨ ਕੀ ਮਤਿ ਤਿਹ ਤਾਂਈ। ਉਦਿਤ ਭਏ ਸ੍ਰੀ ਗੁਰ ਜਗ ਸਾਂਈਂ॥ ੪੦ ॥

ਇਸ ਪ੍ਰਕਾਰ ਦੀ ਬਾਣੀ ਸੁਣ ਕੇ ਗੁਰੂ ਜੀ ਕਿਰਪਾ ਦੇ ਘਰ ਚਲੇ ਗਏ ਤੇ ਰਾਇ ਬੁਲਾਰ ਨੂੰ ਗਿਆਨ ਦੇਣ ਵਾਸਤੇ ਤਿਆਰ ਹੋ ਗਏ॥ ੪੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਪ੍ਰਸੰਗ' ਬਰਨਨੰ ਨਾਮ ਦ੍ਵੈਤਾਲਿਸਮੋਂ ਅਧਯਾਯ॥ ੪੨ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਤਾਲੀਵਾਂ ਅਧਿਆਇ, ਜਿਸ ਦਾ ਨਾਮ "ਤਲਵੰਡੀ ਪ੍ਰਸੰਗ, ਬਾਬਾ ਕਾਲੂ ਜੀ, ਬਾਬਾ ਲਾਲੂ ਜੀ" ਹੈ, ਸਮਾਪਤ ਹੋਇਆ॥ ੪੨ ॥

## ਅਧਿਆਇ ਤਰਤਾਲੀਵਾਂ

*ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ।*

ਦੋਹਰਾ- ਸ੍ਰੀ ਗੁਰੂ ਪਗ ਸੋਭਾ ਬਿਮਲ ਪਿੰਜਰ ਸਰ ਪਹਿਚਾਨ।
ਮਨ ਖੰਜਨ ਤਹਿ ਪਾਇਕੈ ਕਹੋਂ ਕਥਾ ਗੁਨਖਾਨਿ॥ ੧ ॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਉਜਲ ਸੋਭਾ ਮਾਨੋ ਮੋਤੀ ਮਾਲਾ ਦਾ ਪਿੰਜਰਾ ਹੈ। ਮੈਂ ਆਪਣੇ ਮਨ ਰੂਪੀ ਮਮੋਲੇ ਨੂੰ ਉਸ ਵਿਚ

ਪਾ ਕੇ ਹੁਣ ਹੋਰ ਕਥਾ ਜੋ ਗੁਣਾਂ ਦੀ ਖਾਣ ਹੈ, ਕਹਿੰਦਾ ਹਾਂ। ਭਾਵ ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਦੀ ਅਗਲੀ ਕਥਾ ਵਰਣਨ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨਤਿ ਬੇਨਤੀ ਕਰੀ ਜੁ ਰਾਊ। ਬੋਲੇ ਸ੍ਰੀ ਗੁਰੁ ਮ੍ਰਿਦੁਲ ਸਭਾਊ।
'ਭੋ ਭੂਪਤਿ ! ਤੁਮ ਆਪਨ ਹੰਤਾ। ਕਿਹ ਮਹਿਂ ਧਰੀ ? ਕਹਹੁ ਬਿਰਤੰਤਾ ॥੨ ॥

*ਭਾਈ ਬਾਲਾ ਜੀ ਕਹਿੰਦੇ ਹਨ-* ਰਾਏ ਬੁਲਾਰ ਦੀ ਬੇਨਤੀ ਸੁਣ ਕੇ ਕੋਮਲ ਸੁਭਾਅ ਦੇ ਗੁਰੂ ਜੀ ਬੋਲੇ, "ਹੇ ਰਾਜਾ ! ਤੁਸੀਂ ਆਪਣੀ ਹੰਗਤਾ ਕਹੋ, ਕਿਥੇ ਧਰੀ ਹੈ, ਸਾਰਾ ਬਿਰਤਾਂਤ ਕਹੋ" ॥ ੨ ॥

'ਤੁਰਕ ਜਨਮ ਮਮ, ਦੀਨ ਦਯਾਲਾ !। ਆਰਬਲਾ ਬ੍ਰਿਧ, ਮਮ ਸਿਤ ਬਾਲਾ।
ਚਰਮ ਸਿਥਲ, ਮੈਂ ਨਿਰਬਲ ਹੋਯੋ। ਕੰਪਤ ਸਿਰ ਮੈਂ ਬਿਸ਼ਿਯਨ ਭੋਯੋ ॥ ੩ ॥

ਰਾਇ ਬੁਲਾਰ ਨੇ ਕਿਹਾ, "ਹੇ ਦੀਨ ਦਿਆਲ ! ਮੇਰਾ ਤੁਰਕ ਘਰ ਵਿਚ ਜਨਮ ਹੋਇਆ ਹੈ। ਮੇਰੀ ਉਮਰ ਹੁਣ ਵਡੇਰੀ ਹੋ ਗਈ ਹੈ, ਮੇਰੇ ਹੁਣ ਚਿੱਟੇ ਵਾਲ ਹਨ। ਮੇਰੀ ਚਮੜੀ ਢਿੱਲੀ ਹੋ ਗਈ ਹੈ ਅਤੇ ਮੈਂ ਨਿਰਬਲ ਹੋ ਗਿਆ ਹਾਂ। ਮੇਰਾ ਸਿਰ ਕੰਬਦਾ ਹੈ ਅਤੇ ਮੈਂ ਵਿਸ਼ਿਆਂ ਨਾਲ ਮਿਲਿਆ ਹੋਇਆ ਹਾਂ॥ ੩ ॥

ਮਮ ਬਨਿਤਾ, ਮੇਰੇ ਸੁਤ ਨਾਤੀ। ਮਮ ਸੋਦਰ, ਇਹ ਮੇਰੇ ਗਯਾਤੀ।
ਨਾਮ ਬੁਲਾਰ ਵਿਖੈ ਮਮ ਹੰਤਾ। ਸੰਬੰਧਨ ਮਹਿਂ ਲਖਹੁਂ ਇਦੰਤਾ ॥ ੪ ॥

ਮੇਰੇ ਇਸਤਰੀ, ਮੇਰੇ ਪੁੱਤਰ, ਪੋਤਰੇ, ਮੇਰੇ ਰਿਸ਼ਤੇਦਾਰ, ਮੇਰੇ ਭਾਈ, ਮੇਰੇ ਸ਼ਰੀਕ ਭਰਾ ਹਨ, ਮੈਨੂੰ ਬੁਲਾਰ ਨਾਂ ਤੇ ਹੰਕਾਰ ਹੋ ਗਿਆ ਹੈ। ਸੰਬੰਧੀਆਂ ਵਿਚ ਮੈਂ ਇਸ ਪ੍ਰਕਾਰ ਜਾਣਿਆ ਜਾਂਦਾ ਹਾਂ॥ ੪ ॥

'ਹੇ ਭੂਪਤਿ ! ਇਹ ਤਨ ਕੇ ਧਰਮਾ। ਆਪ ਅਰੋਪੇ, ਭਾ ਉਰ ਭਰਮਾ।
ਜਨਮ ਮਰਨ ਦੁਖ ਤਨ ਕੇ ਮਾਂਹੀ। ਬਾਲਿਕ, ਤਰੁਨ, ਬ੍ਰਿੱਧ ਤੂੰ ਨਾਂਹੀ ॥੫ ॥

ਗੁਰੂ ਜੀ ਨੇ ਕਿਹਾ, "ਹੇ ਰਾਜੇ ! ਇਹ ਸਰੀਰ ਬੜਾ ਧਰਮੀ ਹੈ, ਇਸ ਤੇ ਆਰੋਪ ਤੁਸੀਂ ਆਪ ਲਾਏ ਹਨ, ਕਿਉਂਕਿ ਤੁਹਾਡੇ ਦਿਲ ਨੂੰ ਕੁਝ ਭਰਮ ਹੋਇਆ ਹੈ। ਜਨਮ ਮਰਨ ਦਾ ਦੁੱਖ ਤਨ ਰਾਹੀਂ ਹੀ ਮਿਲਦਾ ਹੈ। ਤੂੰ ਨਾ ਹੀ ਬਾਲਕ ਹੈਂ, ਨਾ ਜਵਾਨ ਹੈਂ ਅਤੇ ਨਾ ਹੀ ਬ੍ਰਿਧ ਹੈਂ॥ ੫ ॥

ਖਾਕ ਬਾਦ ਆਤਸ਼ਹਿ ਆਬ ਨਭ। ਪੰਚ ਭੂਤ ਏ ਜੜ ਜਾਨਹੁ ਸਭਿ।
ਤਿਨ ਕੀ ਦੇਹਿ ਰਚੀ ਜੜ੍ਹ ਸੋਊ। ਜਸ ਕਾਰਨ ਤਸ ਕਾਰਜ ਹੋਊ ॥ ੬ ॥

ਮਿੱਟੀ, ਵਾਯੂ, ਅਗਨੀ, ਪਾਣੀ ਅਤੇ ਆਕਾਸ਼, ਇਹ ਪੰਜ ਭੂਤ ਸਭ ਦੀ ਜੜ੍ਹ ਸਮਝੋ। ਇਨ੍ਹਾਂ ਪੰਜਾਂ ਭੂਤਾਂ ਦਾ ਜਿਹੜਾ ਸਰੀਰ ਬਣਿਆ ਹੈ, ਉਹ ਵੀ ਜੜ੍ਹ ਹੈ। ਜੈਸਾ ਕਾਰਨ ਹੋਵੇ ਤੈਸਾ ਹੀ ਕਾਰਜ ਹੁੰਦਾ ਹੈ॥ ੬ ॥

ਚੌਪਈ- ਤੂੰ ਸਦੀਵ ਚੇਤਨ, ਸੁਖ ਸੰਗਾ। ਜਨਮ ਮਰਨ ਤੇ ਰਹਿਤ, ਅਭੰਗਾ।
ਨਾਮ, ਰੂਪ, ਪੁਨ ਬਰਨ ਬਿਹੀਨਾ। ਸਦਾ ਏਕਰਸ, ਦੁਖ ਸਭਿ ਹੀਨਾ ॥ ੭ ॥

ਤੂੰ ਸਦਾ ਹੀ ਚੇਤਨ ਅਤੇ ਸੁਖ ਦੇ ਸੰਗ ਹੈਂ ਅਤੇ ਜਨਮ ਮਰਨ ਤੋਂ ਅਭੰਗ ਹੈਂ। ਨਾਮ, ਰੂਪ ਅਤੇ ਜਾਤ ਤੋਂ ਬਗੈਰ ਹੈਂ, ਸਦਾ ਇਕ ਰਸ ਹੈਂ ਅਤੇ ਦੁੱਖਾਂ ਤੋਂ ਰਹਿਤ ਹੈਂ॥ ੭॥

ਸੋ ਤਜਿ ਕਰਿ ਜਬ ਜਾਵਤਿ ਦੇਹੀ। ਘਰ ਤੇ ਕਾਢਹਿਂ ਵਹਿਰ ਸਨੇਹੀ।
ਜਿਸ ਬਿਹੀਨ ਤਨ ਮ੍ਰਿਤ ਅਪਵਿੱਤ੍ਰਾ। ਸੋ ਤੂੰ ਲਖਿਯੇ ਪ੍ਰਿਥਕ ਪਵਿੱਤ੍ਰਾ ॥੮ ॥

ਇਸ ਲਈ ਜਦ ਸਰੀਰ ਛੱਡ ਕੇ ਜਾਵੇਂਗਾ, ਤੇਰੇ ਬਹੁਤ ਮਿੱਤਰ ਪਿਆਰੇ ਤੈਨੂੰ ਘਰ ਤੋਂ ਕੱਢ ਕੇ ਲੈ ਜਾਣਗੇ। ਜਿਸ ਸਰੀਰ ਤਕ ਮੁਰਦਾ ਅਤੇ ਅਪਵਿੱਤਰ ਹੋਇਆ ਹੈ, ਉਸ ਨੂੰ ਤੂੰ ਪਹਿਲਾਂ ਵੱਖਰਾ ਅਤੇ ਪਵਿੱਤਰ ਸਮਝਿਆ ਹੈ॥ ੮॥

ਜਾਤਿ ਬਰਨ ਤੇ ਲਖਿ ਕਰਿ ਨਯਾਰੋ। ਨਿਜ ਸਰੂਪ ਕਰਿਯੇ ਨਿਰਧਾਰੋ।
ਅਰ ਪੁਨ ਜਹਿਂ ਜਹਿਂ ਮਮਤਾ ਥਾਪੀ। ਦੁਖ ਮੈਂ ਸੰਗੀ ਹ੍ਵੈ ਨ ਕਦਾਪੀ॥੯॥

ਜਾਤੀ ਅਤੇ ਵਰਨ ਨੂੰ ਵੱਖਰਾ ਸਮਝ ਕੇ ਉਸਨੂੰ ਆਪਣਾ ਸਰੂਪ ਨਿਸ਼ਚੇ ਕਰੋ ਅਤੇ ਫਿਰ ਜਿਥੇ ਜਿਥੇ ਮੇਰਾਪਨ ਥਾਪਿਆ ਹੈ ਉਹ ਦੁੱਖ ਵਿਚ ਕਦੇ ਵੀ ਸੰਗੀ ਸਾਥੀ ਨਹੀਂ ਹੁੰਦਾ॥ ੯॥

ਧਨ ਆਦਿਕ ਜੇ ਪਿਖੋ ਪਦਾਰਥ। ਸਭਿ ਜੀਵਤਿ ਲੋ, ਮੁਏ ਅਕਾਰਥ।
ਜੇ ਗਯਾਤੀ,ਬਨਿਤਾ ਸੁਤ,ਨਾਤੀ। ਤਨ ਤਯਾਗੇ ਤੇ ਕੋ ਨ ਸੰਗਾਤੀ॥੧੦॥

ਧਨ ਆਦਿਕ ਜਿਹੜੇ ਵੀ ਪਦਾਰਥ ਤੁਸੀਂ ਵੇਖਦੇ ਹੋ, ਸਭ ਜੀਉਂਦਿਆਂ ਵਾਸਤੇ ਹਨ, ਮੁਰਦਿਆਂ ਵਾਸਤੇ ਅਕਾਰਥ ਹਨ। ਜਿਹੜੇ ਰਿਸ਼ਤੇਦਾਰ, ਇਸਤਰੀ ਅਤੇ ਪੁੱਤ ਪੋਤਰੇ ਹਨ, ਤਨ ਤਿਆਗ ਜਾਣ 'ਤੇ ਕੋਈ ਵੀ ਸਾਥੀ ਨਹੀਂ ਬਣਦਾ॥ ੧੦॥

ਦੋਹਰਾ- ਬਸਤ੍ਰ ਸਮਾਨ ਸਰੀਰ ਸੋ ਜੀਰਣ ਹ੍ਵੈ ਤਜਿ ਜਾਹਿ।
ਯਾਂਤੇ ਨਯਾਰੋ ਆਤਮਾ ਲਖਹੁ ਰਿਦੇ, ਨਰ ਨਾਹਿ॥ ੧੧॥

ਬਸਤਰ ਸਮਾਨ ਸਾਡਾ ਸਰੀਰ ਹੈ, ਜਿਹੜਾ ਪੁਰਾਣਾ ਹੋਣ ਤੇ ਆਤਮਾ ਨੂੰ ਛੱਡ ਜਾਂਦਾ ਹੈ। ਹੇ ਰਾਜਾ ਜੀ ਇਸ ਲਈ ਹਿਰਦੇ ਵਿਚ ਆਤਮਾ ਨੂੰ ਵੱਖਰੀ ਸਮਝੋ॥ ੧੧॥

ਚੌਪਈ- ਸੁਨਿ ਤਨੁ ਮਾਨ ਵਿਸਾਰਯੋ ਰਾਈ। ਸ੍ਰੀ ਗੁਰੂ ਸੋ ਪੁਨ ਗਿਰਾ ਅਲਾਈ।
'ਤਨ ਮੈਂ ਨਹੀਂ, ਬਤਾਈ ਸਾਚੀ। ਇੰਦ੍ਰਯ ਮੈਂ ਹੰਤਾ ਰੁਚਿ ਰਾਚੀ॥ ੧੨॥

ਇਹ ਸੁਣ ਕੇ ਰਾਇ ਬੁਲਾਰ ਨੇ ਤਨ ਦਾ ਹੰਕਾਰ ਛੱਡ ਦਿੱਤਾ। ਸ੍ਰੀ ਗੁਰੂ ਜੀ ਨੂੰ ਮੁੜ ਇਹ ਬਚਨ ਕਹੇ, "ਤਨ ਮੈਂ ਨਹੀਂ, ਇਹ ਗੱਲ ਤੁਸੀਂ ਸੱਚੀ ਦੱਸੀ ਹੈ, ਇੰਦਰੀਆਂ ਦੇ ਹੰਕਾਰ ਵਿਚ ਰੁਚੀ ਲਾਈ ਹੋਈ ਹੈ॥ ੧੨॥

ਜਾਂਤੇ ਮੈਂ ਦੇਖੋਂ, ਮੈਂ ਸੁਨਿਹੋਂ। ਮੈਂ ਚਲਿਹੋਂ, ਮੈਂ ਗਹੋਂ ਬਖਨਹੋਂ।
ਮੈਂ ਸੂੰਘੋਂ, ਮੈਂ ਕਰੋਂ ਸਪਰਸਾ। ਲੇਊਂ ਸਾਦ ਅਸ ਹੰਤਾ ਧਰਿਸਾ॥ ੧੩॥

ਜਿਸ ਕਰਕੇ ਮੈਂ ਵੇਖਦਾ ਹਾਂ, ਮੈਂ ਸੁਣਦਾ ਹਾਂ, ਮੈਂ ਚਲਦਾ ਹਾਂ, ਮੈਂ ਪਕੜਦਾ ਹਾਂ, ਮੈਂ ਬੋਲਦਾ ਹਾਂ, ਮੈਂ ਸੁੰਘਦਾ ਹਾਂ, ਮੈਂ ਛੂਹਦਾ ਹਾਂ, ਮੈਂ ਸਵਾਦ ਲੈਂਦਾ ਹਾਂ। ਮੈਂ ਐਸੀ ਅਹੰਗਤਾ ਧਾਰਦਾ ਹਾਂ॥ ੧੩॥

ਚੌਪਈ- ਤਾਂਤੇ ਤਨ ਤੇ ਅਨਯ ਰਿਖੀਕਾ। ਸੋ ਸਰੂਪ ਮੈਂ ਮਾਨਜੋ ਨੀਕਾ।
'ਭੋ ਰਾਜਨ ! ਤੂੰ ਇੰਦ੍ਰਯ ਨਾਂਹੀ। ਸੁਨਹੁ ਜੁਕਤਿ ਯਾ ਪਰ ਸ੍ਰੁਤਿ ਮਾਂਹੀ॥੧੪॥

ਫਿਰ ਤਾਂ ਤਨ ਨਾਲੋਂ ਇੰਦਰੀਆਂ ਭਿੰਨ ਹਨ। ਸੋ ਸਰੂਪ ਮੈਂ ਚੰਗਾ ਮੰਨਿਆ ਹੈ। ਗੁਰੂ ਜੀ ਨੇ ਕਿਹਾ, "ਹੇ ਰਾਜਨ ! ਤੁਹਾਡੇ ਅੰਦਰ ਬਾਹਰਲੇ ਕਾਰਜ ਸਿੱਧ ਕਰਨ ਵਾਲੇ ਸੂਖਮ ਅਤੇ ਅਸਥੂਲ ਅੰਗ ਨਹੀਂ ਹਨ। ਮੇਰੇ ਪਾਸੋਂ ਉਹ ਜੁਗਤੀ ਸੁਣੀਏ ਜਿਥੇ ਸੁਰਤ ਟਿਕਾਉਣੀ ਹੈ॥ ੧੪॥

ਜਿਉਂ ਤਿਖਾਨ ਕੇ ਹਾਥਨ ਮਾਂਹੀ। ਬਿਨਾ ਕੁਠਾਰੋ ਕ੍ਰਿਤਿ ਹ੍ਵੈ ਨਾਂਹੀ।
ਤਿਉਂ ਸਾਧਨ ਹੈਂ ਇੰਦ੍ਰਯ ਬ੍ਰਿੰਦਾ। ਇਨ ਤੇ ਆਤਮ ਪ੍ਰਿਥਕ ਅਨੰਦਾ॥੧੫॥

ਜਿਵੇਂ ਤਰਖਾਣ ਦੇ ਹੱਥ ਵਿਚ ਤੇਸਾ ਨਾ ਹੋਣ 'ਤੇ ਕਿਰਤ ਨਹੀਂ ਹੋ ਸਕਦੀ। ਇਸ ਤਰ੍ਹਾਂ ਸਾਰੇ ਇੰਦਰੇ ਵੀ ਸਾਧਨ ਹਨ। ਇਨ੍ਹਾਂ ਤੋਂ ਆਤਮਾ ਵੱਖ ਹੈ ਤੇ ਅਨੰਦ ਸਰੂਪ ਹੈ॥ ੧੫॥

ਨਾਨਾ ਇੰਦ੍ਰਜ ਤਾ ਮਤਿ ਨਾਨਾ। ਕੈਸੇ ਨਿਜ ਸਰੂਪ ਅਨੁਮਾਨਾ।
ਸਦਾ ਏਕ ਤੂੰ ਚੈਤਨ ਨੀਕਾ। ਜਿਹ ਬਿਨ ਜੜ੍ਹ ਹੈਂ ਬ੍ਰਿੰਦ ਰਿਖੀਕਾ ॥੧੬॥

ਕਈ ਪ੍ਰਕਾਰ ਦੇ ਇੰਦਰੇ ਹਨ ਅਤੇ ਉਨ੍ਹਾਂ ਦੇ ਕਈ ਮਤੇ ਹਨ, ਆਪਣੇ ਨਿਜ ਸਰੂਪ ਨੂੰ ਕਿਵੇਂ ਸਮਝਿਆ ਜਾਵੇ। ਸਦਾ ਇਕ ਪ੍ਰਭੂ ਦਾ ਸਿਮਰਨ ਕਰੋ, ਜਿਸ ਬਗੈਰ ਬਾਕੀ ਸਾਰੀਆਂ ਇੰਦਰੀਆਂ ਜੜ੍ਹ ਹਨ॥ ੧੬॥

ਅੰਧ, ਮੂਕ, ਗੁੰਗੇ ਪੁਨ ਜੇਈ। ਜੀਵਤਿ ਜਗਤ ਰਹਤਿ ਹੈਂ ਤੇਈ।
ਇਨ ਤੇ ਆਤਮ ਲਖਿਯੇ ਨਯਾਰੋ। ਇੰਦ੍ਰਜ ਤਨ ਕੇ ਜੌਨ ਅਧਾਰੋ ॥੧੭॥

ਜਿਵੇਂ ਜਿਹੜੇ ਅੰਨ੍ਹੇ, ਬੋਲੇ ਅਤੇ ਗੂੰਗੇ ਹਨ, ਜਗਤ ਵਿਚ ਦੂਸਰਿਆ ਵਾਂਗ ਹੀ ਜੀਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਆਤਮਾ ਵੱਖ ਸਮਝੀਏ। ਇੰਦਰੇ ਤਨ ਦੇ ਆਸਰੇ ਹਨ॥ ੧੭॥

ਨਿਜ ਤਤ ਕੋ ਰਿਖੀਕ ਗੁਣ ਗ੍ਰਾਹੀ। ਨਭ ਕੋ ਸ਼ਬਦ ਸ੍ਰਵਣ ਗਹਿ ਤਾਂਹੀ।
ਤੁਚਾ ਵਾਉ ਕੀ ਇੰਦ੍ਰਜ ਜਾਨਿ। ਤਿਹ ਕੋ ਬਿਸ਼ੈ ਸਪਰਸ਼ ਪਛਾਨ ॥੧੮॥

ਇੰਦਰੀਆਂ ਆਪੋ ਆਪਣੇ ਤੱਤਾਂ ਦੇ ਗੁਣ ਗ੍ਰਹਿਣ ਕਰਦੀਆਂ ਹਨ। ਅਕਾਸ਼ ਦਾ ਗੁਣ ਹੈ ਸ਼ਬਦ, ਜਿਸ ਨੂੰ ਕੰਨ ਗ੍ਰਹਿਣ ਕਰਦੇ ਹਨ। ਵਾਉ ਦਾ ਤਵਚਾ ਇੰਦਰੇ ਜਾਣੋ, ਇਸ ਨੂੰ ਵਿਸ਼ਾ ਸਪੱਰਸ਼ ਭਾਵ ਛੂਹ ਪਛਾਣ ਲਵੇ॥ ੧੮॥

ਜਿਹ ਸੁਭਾਉ ਤਾਂਕੋ ਸੋ ਗਹਿਈ। ਬਾਦ ਅਹੰਤਾ ਤੂੰ ਕਿਉਂ ਲਹਿਈ।
ਚਖ ਅਗਨੀ ਕੀ ਗੁਨ ਤਿਹ ਰੂਪਾ। ਸੋ ਤਿਹਂ ਗਹੈ,ਸਮਝਿਯੇ ਭੂਪਾ ! ॥੧੯॥

ਜਿਸ ਤਰ੍ਹਾਂ ਦਾ ਤੁਹਾਡਾ ਸੁਭਾਅ ਹੈ, ਉਸ ਤਰ੍ਹਾਂ ਇੰਦਰੇ ਫੜਦਾ ਹੈ, ਤੂੰ ਵਿਅਰਥ ਹੰਗਤਾ ਕਿਉਂ ਲੈਂਦਾ ਹੈਂ ? ਅੱਖਾਂ ਅੱਗ ਦਾ ਗੁਣ ਰੂਪ ਹਨ। ਹੇ ਰਾਜਾ ਜੀ ! ਸਮਝੀਏ ਇਹ ਅੱਗ ਵਾਂਗ ਫੜਦੀਆਂ ਹਨ॥ ੧੯॥

ਜਲ ਕੀ ਜੀਹ ਸੁ ਰਸ ਗੁਣ ਤਾਂਹੀ। ਜਾਨਹੁ ਬਿਸ਼ੈ ਸਾਦ ਕੋ ਗ੍ਰਾਹੀ।
ਛਿਤਕੀ ਘ੍ਰਾਣ, ਗੰਧ ਗੁਣ ਜਾਨ। ਗਹੇ ਸੁ ਤਾਂਕੋ ਲੇਹੁ ਪਛਾਨ ॥੨੦॥

ਜਲ ਜੀਭ ਸਮਾਨ ਹੈ ਅਤੇ ਉਸ ਦਾ ਗੁਣ ਰਸ ਹੈ, ਉਸ ਦਾ ਵਿਸ਼ਾ ਜਾਣੋ ਸਵਾਦ ਨੂੰ ਗ੍ਰਹਿਣ ਕਰਨਾ ਹੈ, ਧਰਤੀ ਦੇ ਇੰਦਰੇ ਨੱਕ ਹੈ, ਉਸ ਦਾ ਗੁਣ ਗੰਧ, ਸੁਗੰਧ ਨੂੰ ਸੁੰਘਣਾ ਹੈ। ਜਿਸ ਨੂੰ ਫੜਦੀ ਹੈ ਉਸ ਨੂੰ ਪਛਾਣ ਲੈਂਦੀ ਹੈ॥ ੨੦॥

ਚੌਪਈ- ਅਸ ਇਨ ਸਹਿਜ ਸੁਭਾਇ ਵਿਚਾਰੋ। ਅਪਨਿ ਅਹੰਤਾ ਕਿਉਂ ਤੁਮ ਧਾਰੋ।
ਸਭਿ ਰਿਖੀਕ ਲਖਿਯੇ ਦੁਖ ਕੂਪਾ। ਤੋਰ ਸਰੂਪ ਅਨੰਦ ਅਨੂਪਾ ॥੨੧॥

ਇਸ ਤਰ੍ਹਾਂ ਇਨ੍ਹਾਂ ਨੂੰ ਸਹਿਜ ਸੁਭਾਇ ਵਿਚਾਰੋ। ਆਪਣੇ ਆਪ ਨੂੰ ਹੰਗਤਾ ਕਿਉਂ ਸਮਝਦੇ ਹੋ। ਸਭ ਇੰਦਰੀਆਂ ਦੁੱਖਾਂ ਦੇ ਖੂਹ ਜਾਣੋ। ਤੁਹਾਡਾ ਸਰੂਪ ਅਨੂਪਮ ਅਨੰਦਦਾਇਕ ਹੈ॥ ੨੧॥

ਸੁਨਿ ਰੌ ਅਹੰ ਬੁਲਾਰ ਬਿਸਾਰੀ। ਪੁਨ ਸ੍ਰੀ ਗੁਰ ਸੋ ਗਿਰਾ ਉਚਾਰੀ।
'ਨਹਿਂ ਰਿਖੀਕ ਹੈਂ ਮੋਰ ਸਰੂਪਾ। ਜਾਨੌਂ ਮੈਂ ਹੌ ਪ੍ਰਾਨ ਅਨੂਪਾ॥ ੨੨॥

ਇਹ ਸੁਣ ਕੇ ਰਾਇ ਬੁਲਾਰ ਨੇ ਇੰਦਰੀਆਂ ਦੀ ਹੰਗਤਾ ਵਿਸਾਰ ਦਿੱਤੀ, ਫਿਰ ਸ੍ਰੀ ਗੁਰੂ ਜੀ ਨੇ ਇਹ ਬਚਨ ਕਹੇ, "ਮੇਰਾ ਸਰੂਪ ਇੰਦਰੀਆਂ ਤੋਂ ਰਹਿਤ ਹੈ, ਭਾਵ ਮੈਂ ਇਹ ਸਮਝਾਂ ਕਿ ਮੈਂ ਅਨੂਪਮ ਪ੍ਰਾਣੀ ਹਾਂ॥ ੨੨॥

ਜਬ ਲੋ ਪ੍ਰਾਣ ਰਹੈਂ,ਤਨ ਜੀਵਤਿ। ਨਿਕਸ ਜਾਇ,ਤਬ ਮ੍ਰਿਤੁ ਪੁਨ ਥੀਵਤਿ।

ਜੀਵਤਿ ਮਰਨਾ ਪ੍ਰਾਣ ਅਧੀਨਾ। ਯਾਂਤੇ ਸੋ ਸਰੂਪ ਨਿਜ ਚੀਨਾ॥੨੩॥

ਜਬ ਤਕ ਪ੍ਰਾਣ ਰਹਿੰਦੇ ਹਨ, ਤਨ ਜੀਉਂਦਾ ਰਹਿੰਦਾ ਹੈ, ਜਦ ਪ੍ਰਾਣ ਨਿਕਲ ਜਾਂਦੇ ਹਨ ਫਿਰ ਮੁਰਦਾ ਸਮਝਿਆ ਜਾਂਦਾ ਹੈ। ਜੀਵਨ ਮਰਨ ਪ੍ਰਾਣਾਂ ਅਧੀਨ ਹੈ, ਇਸ ਤੋਂ ਮੈਂ ਆਪਣਾ ਨਿਜੀ ਸਰੂਪ ਪਹਿਚਾਣ ਲਿਆ ਹੈ॥ ੨੩॥

ਦੁਖ ਸੁਖ ਕੋ ਅਨੁਭਵ ਜਿਸ ਮਾਂਹੀ। ਤਨ ਰਿਖੀਕ ਜਿਹ ਬਿਨ ਥਿਰ ਨਾਂਹੀ।
ਖਾਊਂ ਅਸਨ, ਮੈਂ ਪੀਵੋਂ ਪਾਨਾ। ਤਾਂਤੇ ਮਮ ਸਰੂਪ ਹੈ ਪ੍ਰਾਨਾ॥੨੪॥

ਜਿਹੜਾ ਮਨੁੱਖ ਦੁੱਖ ਸੁਖ ਅਨੁਭਵ ਕਰਦਾ ਹੈ, ਜਿਸ ਦੇ ਤਨ ਦੀਆਂ ਇੰਦਰੀਆਂ ਸਥਿਰ ਨਹੀਂ ਹਨ। ਮੈਂ ਭੋਜਨ ਖਾਂਦਾ ਹਾਂ ਅਤੇ ਪਾਣੀ ਪੀਂਦਾ ਹਾਂ, ਇਸ ਲਈ ਮੇਰਾ ਸਰੂਪ ਪ੍ਰਾਣਾਂ ਦੇ ਵੱਸ ਵਿਚ ਹੈ॥ ੨੪॥

'ਹੇ ਰਾਜਨ ਜੇ ਪ੍ਰਾਣ ਅਨੂਪਾ। ਸੋਪਿ ਨਹੀਂ ਹੈ ਤੋਰ ਸਰੂਪਾ।
ਜਾਗ੍ਰਤ, ਸੁਪਨ, ਸੁਖੋਪਤ ਮਾਂਹੀ। ਤਿਨਹਿਂ ਸਥਿਰਤਾ ਕਬਹੂੰ ਨਾਂਹੀ॥੨੫॥

ਗੁਰੂ ਜੀ ਨੇ ਕਿਹਾ, "ਹੇ ਰਾਜਨ ! ਪ੍ਰਾਣ ਅਨੂਪਾ ਵੀ ਤੇਰਾ ਸਰੂਪ ਨਹੀਂ ਹੈ। ਜਿਹੜੇ ਜਾਗਦੇ, ਸੌਂਦੇ ਸਖੋਪਤਿ ਪਾਉਂਦੇ ਹਨ, ਉਨ੍ਹਾਂ ਨੂੰ ਕਦੀ ਵੀ ਸਥਿਰਤਾ ਨਸੀਬ ਨਹੀਂ ਹੁੰਦੀ॥ ੨੫॥

ਇਨ ਸਮਾਨ ਨਹਿ ਤੇਰੀ ਰੀਤਾ। ਇਨਤੇ ਆਪ ਲਖਹੁ ਵਿੱਪ੍ਰੀਤਾ।
ਜਾਗ੍ਰਤ, ਸੁਪਨ, ਭੋਗ ਸ੍ਰਮ ਪਾਵਾ। ਬਹੁਰ ਸਖੋਪਤਿ ਮਾਂਹਿ ਸਿਧਾਵਾ॥੨੬॥

ਇਨ੍ਹਾਂ ਵਰਗੀ ਤੇਰੀ ਰੀਤ ਨਹੀਂ ਹੈ, ਇਨ੍ਹਾਂ ਤੋਂ ਆਪ ਬਿਲਕੁਲ ਭਿੰਨ ਜਾਣੋ। ਜਿਹੜੇ ਜਾਗਦੇ ਸੌਂਦੇ ਮਿਹਨਤ ਕਰਦੇ ਹਨ, ਉਹ ਬਾਅਦ ਸਖੋਪਤਿ ਪ੍ਰਾਪਤ ਕਰਦੇ ਹਨ॥ ੨੬॥

ਘਨਾਨੰਦ ਕੇ ਬੀਚ ਸਮਾਵੈ। ਬ੍ਰਿਤਿ ਬਿਹੀਨ, ਨ ਆਵੈ ਜਾਵੈ।
ਜੋ ਹੈ ਸਦਾ ਅਚੱਲ ਅਨੂਪਾ। ਸੋ ਉਰ ਲੀਖਿਯੇ ਅਪਨ ਸਰੂਪਾ॥੨੭॥

ਉਹ ਗਹਿਰੇ ਆਨੰਦ ਦੇ ਵਿਚ ਸਮਾ ਜਾਂਦੇ ਹਨ, ਬ੍ਰਿਤੀ ਰਹਿਤ ਹੋ ਜਾਂਦੇ ਹਨ ਅਤੇ ਫਿਰ ਆਉਂਦੇ ਜਾਂਦੇ ਨਹੀਂ ਹਨ। ਜੋ ਸਦਾ ਅਚੱਲ ਅਤੇ ਅਨੁਪਮ ਹੈ, ਉਸ ਨੂੰ ਹਿਰਦੇ ਵਿਚ ਆਪਣਾ ਸਰੂਪ ਸਮਝੋ॥ ੨੭॥

ਤੈਂ ਜੋ ਭਾਖੇ ਪ੍ਰਾਨ ਬਿਹੀਨਾ। ਦੇਹੀ ਇੰਦ੍ਰਯ ਥਿਰ ਨਹਿੰ ਚੀਨਾ।
ਯਾ ਕੋ ਉਤਰ ਸੁਨਹੁ ਉਮੰਗਾ। ਅਹੇ ਜੀਵ ਕੋ ਪ੍ਰਾਨ ਤੁਰੰਗਾ॥੨੮॥

ਜਿਹੜੇ ਤੁਸੀਂ ਪ੍ਰਾਣ ਵਿਹੂਣੇ ਕਹੇ ਹਨ ਅਤੇ ਦੇਹੀ ਇੰਦਰੇ ਥਿਰ ਨਹੀਂ ਪਛਾਣੇ, ਉਸ ਗੱਲ ਦਾ ਮੈਥੋਂ ਬੜੇ ਉਤਸ਼ਾਹ ਨਾਲ ਉੱਤਰ ਸੁਣੋ। ਅਜੇਹੇ ਜੀਵ ਦਾ ਪ੍ਰਾਣ ਘੋੜਾ ਹੈ॥ ੨੮॥

ਚੌਪਈ- ਤਾਂ ਪਰ ਹ੍ਵੈ ਆਰੂਢ ਪ੍ਰਲੋਕਾ। ਜਾਇ, ਸਬੰਧੀ ਹੋਤਿ ਸਸ਼ੋਕਾ।
ਯਾਂਤੇ ਅਨਤ ਸਰੂਪ ਪਛਾਨੋ। ਜਿਹ ਜਾਨੇ ਸਭਿ ਸੰਕਟ ਹਾਨੋ॥੨੯॥

ਉਸ ਘੋੜੇ ਤੇ ਸਵਾਰ ਹੋ ਕੇ ਉਹ ਪਰਲੋਕ ਜਾਂਦਾ ਹੈ, ਉਹ ਚਲਾ ਜਾਂਦਾ ਹੈ ਅਤੇ ਸੰਬੰਧੀ ਸ਼ੋਕ ਵਾਲੇ ਹੋ ਜਾਂਦੇ ਹਨ। ਇਸ ਲਈ ਆਪਣਾ ਅਸਲ ਸਰੂਪ ਪਛਾਣੋ, ਜਿਸ ਨੂੰ ਸਮਝ ਕੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ"॥ ੨੯॥

ਸੁਨਿ ਕਰਿ ਰਾਇ ਸ੍ਰੋਨ ਅਸ ਬਚਨਾਂ। ਤਯਾਗੀ ਪ੍ਰਾਣਅਹੰ ਕੀ ਰਚਨਾ।
ਬੋਲਯੋ 'ਜਗਤ ਲਖਯੋ ਸਭਿ ਕਾਚਾ। ਪ੍ਰਾਨ ਨਹੀਂ ਮੈਂ ਸਾਚ ਉਬਾਚਾ॥੩੦॥

ਆਪਣੇ ਕੰਨਾਂ ਨਾਲ ਅਜੇਹੇ ਬਚਨ ਸੁਣ ਕੇ, ਰਾਇ ਬੁਲਾਰ ਨੇ ਪ੍ਰਾਣ ਮੈਂ ਹਾਂ ਭਾਵ ਪ੍ਰਾਣਾਂ ਦੀ ਹੰਗਤਾ ਨੂੰ ਤਿਆਗ ਦਿੱਤਾ ਅਤੇ ਕਿਹਾ, "ਸਾਰਾ ਜਗਤ ਮੈਂ ਕੱਚਾ ਸਮਝਿਆ, ਪ੍ਰਾਣਾਂ ਦੇ ਸੱਚ ਨੂੰ ਮੈਂ ਨਹੀਂ ਸਮਝ ਸਕਿਆ॥ ੩੦॥

ਮਨ ਸਰੂਪ ਮੈਂ ਅਪਨਾ ਜਾਨਾ। ਜਾਂਕੇ ਹੈ ਅਧੀਨ ਸਭਿ ਗਯਾਨਾ।
ਸਾਵਧਾਨ ਮਨ ਹੋਇ ਨ ਜੌਲੋਂ। ਗਯਾਨ ਉਪਾਵੈ ਕੋਇ ਨ ਤੌਲੋਂ॥੩੧॥

ਮਨ ਸਰੂਪ ਮੈਂ ਆਪਣਾ ਸਮਝਿਆ, ਜਿਸ ਦੇ ਅਧੀਨ ਸਾਰਾ ਗਿਆਨ ਹੈ। ਜਦ ਤਕ ਮਨ ਸਾਵਧਾਨ ਨਹੀ ਹੁੰਦਾ ਤਕ ਤਕ ਕੋਈ ਗਿਆਨ ਪ੍ਰਾਪਤ ਨਹੀਂ ਕਰ ਸਕਦਾ॥ ੩੧॥

ਮੈਂ ਸੰਕਲਪ ਕਿਯੋ ਅਸ ਭਾਂਤੀ। ਜਾਂਤੇ ਜੀਤੌਂ ਸਕਲ ਅਰਾਤੀ।
ਮਨ ਕੋ ਧਰਮ ਸੰਕਲਪ ਉਠਾਵਤਿ। ਸੋ ਸਭਿ ਆਪਨ ਮੈਂ ਲਖਿ ਪਾਵਤਿ॥੩੨॥

ਮੈਂ ਇਸ ਪ੍ਰਕਾਰ ਸੰਕਲਪ ਕੀਤਾ ਹੈ, ਜਿਸ ਨਾਲ ਮੈਂ ਸਾਰੇ ਵੈਰੀ ਜਿੱਤ ਲਵਾਂ। ਮਨ ਵਿਚ ਅਜੇਹਾ ਧਰਮ ਸੰਕਲਪ ਪੈਦਾ ਕਰਕੇ ਮੈਨੂੰ ਸਾਰੇ ਹੀ ਆਪਣੇ ਲੱਗਦੇ ਹਨ॥ ੩੨॥

ਤਾਂਤੇ ਮਨ ਸਰੂਪ ਹੈ ਮੇਰੋ। ਯਾਂਤੇ ਅਨਤ ਔਰ ਨਹਿਂ ਹੇਰੋ।
'ਭੋ ਰਾਜਨ ! ਤੂੰ ਮਨ ਭੀ ਨਾਂਹੀ। ਹੋਨਿ ਵਿਕਾਰ,ਹੇਤ ਤਿਹ ਮਾਂਹੀ॥੩੩॥

ਇਸ ਲਈ ਮਨ ਹੀ ਮੇਰਾ ਸਰੂਪ ਹੈ। ਹੁਣ ਮੈਂ ਹੋਰ ਕਿਸੇ ਨੂੰ ਨਹੀਂ ਵੇਖਦਾ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਰਾਜਨ ! ਤੂੰ ਮਨ ਵੀ ਨਹੀਂ ਹੈਂ, ਕਿਉਂਕਿ ਮਨ ਵਿਚ ਕਈ ਪ੍ਰਕਾਰ ਦੇ ਵਿਕਾਰ ਉਤਪੰਨ ਹੁੰਦੇ ਹਨ॥ ੩੩॥

ਬਿਨਾ ਵਿਕਾਰ ਰੂਪ ਹੈ ਤੇਰੋ। ਤਾਂਕੋ ਅਬ ਨੀਕੀ ਬਿਧਿ ਹੇਰੋ।
ਜਿਹਨੈ ਇਸ ਮਨ ਕੋ ਉਪਜਾਵਾ। ਸੋ ਸਰੂਪ ਤੂੰ ਸਦਾ ਸੁਹਾਵਾ॥੩੪॥

ਪਰ ਤੇਰਾ ਰੂਪ ਤਾਂ ਵਿਕਾਰ ਰਹਿਤ ਹੈ। ਤੁਸੀਂ ਹੁਣ ਆਪਣੇ ਆਪ ਨੂੰ ਚੰਗੀ ਵਿਧੀ ਅਨੁਸਾਰ ਵੇਖੋ। ਜਿਸ ਨੇ ਇਸ ਮਨ ਨੂੰ ਉਤਪਤ ਕੀਤਾ, ਅਜੇਹਾ ਸਰੂਪ ਤੇਰਾ ਸਦਾ ਹੀ ਸ਼ੋਭ ਰਿਹਾ ਹੈ॥ ੩੪॥

ਉਪਜਨ ਬਿਨਸਨ ਮਹਿਂ ਤੂੰ ਨਾਂਹੀ। ਨਿੱਤਯ ਏਕਰਸ ਲਖਿ ਉਰ ਮਾਂਹੀ।
ਕਹਤਿ ਜੌਨ ਮੇਰੇ ਮਨ ਆਈ। ਸ਼ੱਤ੍ਰੂ ਜੀਤੌਂ, ਕਰੌਂ ਲਰਾਈ॥ ੩੫॥

ਜਨਮ ਮਰਨ ਤੋਂ ਤੂੰ ਰਹਿਤ ਹੋ ਗਿਆ ਹੈਂ। ਹਿਰਦੇ ਵਿਚ ਸਦਾ ਇਕ ਰਸ ਸਮਝ। ਮੈਂ ਕਿਹਾ ਹੈ ਜੋ ਮੇਰੇ ਮਨ ਆਇਆ ਹੈ। ਵੈਰੀ ਜਿੱਤਾਂ ਅਤੇ ਲੜਾਈ ਕਰਾਂ॥ ੩੫॥

ਚੌਪਈ- ਜੋ ਭਾਖਤਿ ਮਨ ਕੋ ਮਨ ਮੇਰੋ। ਸੋ ਸਰੂਪ ਅਪਨੋ ਤੁਮ ਹੇਰੋ।
ਮਨ ਕੀ ਗਤਾਗਤੀ ਜੋ ਜਾਨੈ। ਸ੍ਵਯੰ ਪ੍ਰਕਾਸ਼ ਸਦਾ ਸੋ ਭਾਨੈ॥ ੩੬॥

ਜੋ ਮੇਰੇ ਮਨ ਵਿਚ ਆਉਂਦਾ ਹੈ, ਮਨ ਮੇਰਾ ਓਹੋ ਕਹਿੰਦਾ ਹੈ। ਅਜੇਹਾ ਸਰੂਪ ਤੁਸੀਂ ਆਪਣਾ ਸਮਝੋ। ਮਨ ਦੀ ਹਾਲਤ ਨੂੰ ਜੋ ਜਾਣਦਾ ਹੈ, ਆਪਣੇ ਪ੍ਰਕਾਸ਼ ਤੋਂ ਆਪ ਪ੍ਰਕਾਸ਼ਣ ਵਾਲਾ ਉਹ ਪ੍ਰਤੀਤ ਹੁੰਦਾ ਹੈ॥ ੩੬॥

ਸਾਧਨ ਜਿਉਂ ਨੈਨਾਦਿ ਰਿਖੀਕਾ। ਤਿਉਂ ਮਨ ਸਾਧਨ ਜਾਨਹੁ ਨੀਕਾ।
ਪਿਖਨ ਸੁਨਨ, ਚਖ ਸ੍ਰੁਤ ਬਿਨ ਨਾਂਹੀ। ਮਨ ਬਿਹੀਨ ਤਿਉਂ ਬ੍ਰਿੱਤਿ ਨ ਕਾਹੀ॥੩੭॥

ਨੇਤਰ ਆਦਿਕ ਇੰਦਰੀਆਂ ਜਿਵੇਂ ਸਾਧਨ ਮਾਤਰ ਹਨ, ਇਸ ਤਰ੍ਹਾਂ ਮਨ ਨੂੰ ਵੀ ਇਕ ਵਧੀਆ ਸਾਧਣ ਸਮਝੋ। ਵੇਖਣਾ, ਸੁਣਨਾ, ਅੱਖਾਂ, ਕੰਨ ਬਗੈਰ ਜਿਵੇਂ ਕੁਝ ਨਹੀ, ਇਸ ਤਰ੍ਹਾਂ ਹੀ ਮਨ ਬਗੈਰ ਬਿਰਤੀ ਕਿਸੇ ਕੰਮ ਨਹੀਂ॥ ੩੭॥

ਅਸ ਪ੍ਰਕਾਰ ਕੀ ਸੁਣਿ ਕਰਿ ਬਾਨੀ। ਰਾਇ ਤਬਹਿ ਹੰਤਾ ਮਨ ਹਾਨੀ।
ਕਰਿ ਵਿਚਾਰ ਪੁਨ ਬਚਨ ਉਚਾਰਾ। 'ਮਨ ਨਹਿਂ ਮੇਰੋ ਰੂਪ ਉਦਾਰਾ॥੩੮॥

ਗੁਰੂ ਜੀ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ, ਰਾਇ ਬੁਲਾਰ ਨੇ ਤਦ ਮਨ ਦੇ ਹੰਕਾਰ ਨੂੰ ਨਸ਼ਟ ਕਰ ਦਿੱਤਾ। ਵਿਚਾਰ ਕਰਕੇ ਫਿਰ ਉਸ ਇਹ ਬਚਨ ਕੀਤਾ, "ਮਨ ਮੇਰਾ ਸ੍ਰੇਸ਼ਟ ਰੂਪ ਨਹੀ ਹੈ॥ ੩੮॥

ਇਸ ਤੇ ਪਰੈ ਬੁੱਧਿ ਹੈ ਜੋਈ। ਨਿਜ ਸਰੂਪ ਮੈਂ ਮਾਨਯੋ ਸੋਈ।
ਨਿਸ਼ਚਾ ਕਰਨ ਧਰਮ ਬੁਧਿ ਕੇਰਾ। ਆਪਨ ਹੰਤਾ ਤਾਂ ਮਹਿਂ ਹੇਰਾ ॥ ੩੯ ॥

ਇਸ ਤੋਂ ਪਰ੍ਹੇ ਜੋ ਕੋਈ ਬੁੱਧੀ ਹੈ, ਨਿਜੀ ਸਰੂਪ ਮੈਂ ਉਹੀ ਮੰਨਦਾ ਹਾਂ, ਕਿਉਂਕਿ ਬੁੱਧੀ ਦਾ ਧਰਮ ਹੀ ਨਿਸ਼ਚੇ ਕਰਨਾ ਹੈ। ਆਪਣੇ ਹੰਕਾਰ ਨੂੰ ਤਾਂ ਮੈਂ ਵੇਖਿਆ॥ ੩੯॥

ਯਾਂਤੇ ਪਰੈ ਨ ਜਾਨਯੋ ਜਾਈ। ਅਹੈ ਪਰੇ ਤੌ ਦੇਹੁ ਬੁਝਾਈ'।
ਸੁਣਿ ਬੋਲੇ ਸ੍ਰੀ ਪੰਕਜ ਬਦਨਾ। 'ਭੋ ਰਾਜਨ ਕਰਿ ਅਹੰ ਨਿਕਦਨਾ ॥੪੦ ॥

ਇਸ ਤੋਂ ਅੱਗੇ ਤਾਂ ਜਾਣਿਆ ਨਹੀਂ ਜਾ ਸਕਦਾ, ਜੇ ਕੁਝ ਇਸ ਤੋਂ ਪਰ੍ਹੇ ਹੈ ਤਾਂ ਉਹ ਮੈਨੂੰ ਸਮਝਾ ਦੇਵੋ" ਇਹ ਸੁਣ ਕੇ ਕੰਵਲ ਜਿਹੇ ਮੁਖੜੇ ਵਾਲੇ ਗੁਰੂ ਜੀ ਬੋਲੇ, "ਹੇ ਰਾਜਨ! ਆਪਣੇ ਵਿਚੋਂ 'ਮੈਂ' ਭਾਵ ਹੰਗਤਾ ਦਾ ਨਾਸ਼ ਕਰੋ॥ ੪੦॥

ਨਹੀਂ ਬੁੱਧਿ, ਤੂੰ ਦੇਖਿ ਵਿਚਾਰਾ। ਮਿਲ ਯਾ ਸੋਂ ਭਾ ਜੀਵ ਦੁਖਾਰਾ।
ਪੰਚ ਭੂਤ ਮੈਂ ਤਮਗੁਨ ਜੋਈ। ਤਿਹਤੇ ਬਨਯੋ ਥੂਲ ਸਭਿ ਕੋਈ ॥ ੪੧ ॥

ਬੁੱਧੀ ਬਾਰੇ ਤੁਸੀਂ ਵੇਖਿਆ ਵਿਚਾਰਿਆ ਨਹੀ, ਉਸ ਨੂੰ ਮਿਲ ਕੇ ਹੀ ਜੀਵ ਦੁਖੀ ਹੋਇਆ ਹੈ। ਪੰਚ ਭੂਤ ਵਿਚ ਜਿਹੜਾ ਤਮੋ ਗੁਣ ਹੈ, ਜਿਸ ਤੋਂ ਸਭ ਕੋਈ ਅਸਥੂਲ ਬਣਿਆ ਹੈ॥ ੪੧॥

ਤਿਨ ਮਹਿਂ ਅੰਸੁ ਜੁ ਰਜਗੁਨ ਨੀਕਾ। ਤਿਹ ਨਿਰਮਾਈ ਸਰਬ ਰਿਖੀਕਾ।
ਤਾਂਮਹਿ ਸਤਗੁਨ ਅੰਸ ਸੁਹਾਵਾ। ਤਿਹਤੇ ਅੰਤਹਿਕਰਣ ਬਨਾਵਾ ॥੪੨ ॥

ਤਿਸ ਵਿਚ ਜਿਹੜੀ ਚੰਗੀ ਰਜੋ ਗੁਣ ਦੀ ਅੰਸ਼ਾ ਹੈ, ਉਸ ਨੇ ਸਾਰੀਆਂ ਇੰਦਰੀਆਂ ਪੈਦਾ ਕੀਤੀਆਂ। ਉਸ ਵਿਚ ਸਤੋ ਗੁਣ ਅੰਸ਼ ਸ਼ੋਭਾ ਪਾ ਰਿਹਾ ਹੈ। ਉਸ ਤੋਂ ਅੰਤਹਕਰਣ ਪੈਦਾ ਕੀਤਾ॥ ੪੨॥

ਚਤੁਰ ਪ੍ਰਕਾਰ ਭਯੋ ਸੋ ਜਾਨੋ। ਮਨ, ਬੁਧਿ, ਚਿਤ, ਅਹੰਕਾਰ ਪਛਾਨੋ।
ਇਨਕੀ ਬਿਧਿ ਸਭਿ ਜਾਨਹੁ ਐਸੇ। ਤਵ ਸਰੂਪ ਕੇ ਆਸ੍ਰੈ ਜੈਸੇ ॥ ੪੩ ॥

ਅੰਤਹਕਰਣ ਨੂੰ ਚਾਰ ਪ੍ਰਕਾਰ ਦਾ ਬਣਿਆ ਸਮਝੋ। ਇਹ ਚਾਰ ਪ੍ਰਕਾਰ, ਮਨ, ਬੁੱਧੀ, ਚਿਤ ਅਤੇ ਅਹੰਕਾਰ ਪਛਾਣੋ। ਇਨ੍ਹਾਂ ਦੀ ਵਿਧੀ ਸਭ ਇਸ ਤਰ੍ਹਾਂ ਜਾਣੋ, ਤੁਹਾਡੇ ਸਰੂਪ ਦੇ ਜਿਵੇਂ ਆਸਰੇ ਹੁੰਦਾ ਹੈ॥ ੪੩॥

ਚੌਪਈ- ਰਥ ਰੂਪੀ ਜੋ ਅਹੈ ਸਰੀਰਾ। ਤਿਹ ਤੁਰੰਗ ਇੰਦ੍ਰੀ ਲਖਿ ਧੀਰਾ!।
ਮਨ ਡੋਰੀ ਕੇ ਸਮ ਪਹਿਚਾਨਹੁ। ਬੁੱਧਿ ਸਾਰਥੀ ਤਿਨਹਿਂ ਪ੍ਰਮਾਨਹੁ ॥੪੪ ॥

ਰੱਥ ਰੂਪੀ ਜਿਹੜਾ ਸਾਡਾ ਸਰੀਰ ਹੈ ਤਿਸ ਸਰੀਰ ਦੇ ਘੋੜੇ ਇੰਦਰੀਆਂ ਨੂੰ ਜਾਣੋ, ਹੇ ਧੀਰਜਵਾਨ ਜੀ ਮਨ ਨੂੰ ਡੋਰੀ ਬਰਾਬਰ ਪਹਿਚਾਣੋ, ਬੁੱਧੀ ਨੂੰ ਇਸ ਰੱਥ ਨੂੰ ਹਿੱਕਣ ਵਾਲਾ ਸਾਰਥੀ ਪ੍ਰਮਾਣਿਤ ਕਰੋ॥ ੪੪॥

ਰਥੀ ਆਤਮਾ ਰੂਪ ਸੁ ਤੇਰੋ। ਜਾਂਕੋ ਹਰਖ ਸ਼ੋਕ ਨਹਿਂ ਹੇਰੋ।
ਤਾਂਕੋ ਤੂੰ ਨੀਕੈ ਲਖਿ ਲੀਜੈ। ਅਪਰ ਅਹੰਤਾ ਤਯਾਗਨ ਕੀਜੈ ॥ ੪੫ ॥

ਰੱਥ ਦਾ ਮਾਲਕ ਆਤਮਾ ਹੈ ਜੋ ਤੇਰਾ ਰੂਪ ਹੈ, ਉਸ ਵਿਚ ਕੋਈ ਖ਼ੁਸ਼ੀ ਗ਼ਮੀ ਨਾ ਵੇਖੋ। ਉਸ ਨੂੰ ਤੁਸੀਂ ਸਭ ਤੋਂ ਉੱਤਮ ਸਮਝ ਲਵੋ ਅਤੇ ਸਾਰੇ ਅਹੰਕਾਰ ਤਿਆਗ ਦੇਵੋ॥ ੪੫॥

ਜਿਹ ਕੋ ਸਕੈ ਨ ਅਗਨਿ ਜਰਾਈ। ਨੀਰ ਨ ਤਾਂਕੋ ਕਬਹਿ ਗਰਾਈ।

ਨਹਿ ਸ਼ਸਤ੍ਰਨ ਸੋਂ ਛੇਦਯੋ ਜਾਇ। ਪੌਨ ਨ ਤਾਂਕੋ ਸਕੈ ਉਡਾਇ॥੪੬॥

ਜਿਸ ਨੂੰ ਅਗਨੀ ਕਦੇ ਸਾੜ ਨਹੀਂ ਸਕਦੀ ਤੇ ਪਾਣੀ ਉਸ ਨੂੰ ਕਦੇ ਗਾਲ ਨਹੀਂ ਸਕਦਾ। ਸ਼ਸਤਰਾਂ ਨਾਲ ਉਸ ਨੂੰ ਕੱਟਿਆ ਵੀ ਨਹੀਂ ਜਾ ਸਕਦਾ ਅਤੇ ਹਵਾ ਉਸ ਨੂੰ ਉਡਾ ਕੇ ਵੀ ਨਹੀਂ ਲੈ ਜਾ ਸਕਦੀ॥ ੪੬॥

ਬਾਲਕ ਬੁਢਾ ਜੋ ਨਹਿ ਤਰੁਨਾ। ਜਾਹਿ ਕਦਾਚਿਤ ਜਨਮ ਨ ਮਰਨਾ।
ਜਾਂਕੋ ਭੂਖ ਪਿਆਸ ਨ ਥੋਰੀ। ਜਿਹ ਬਿਸਰੇ ਤੇ ਹ੍ਵੈ ਦੁਖ ਘੋਰੀ॥੪੭॥

ਬਾਲਕ, ਬੁੱਢਾ ਅਤੇ ਜੋ ਜਵਾਨ ਹੈ ਉਹ ਕਦੀ ਵੀ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਣਗੇ। ਜਿਸ ਨੂੰ ਭੁੱਖ ਪਿਆਸ ਵੀ ਥੋੜੀ ਲਗਦੀ ਹੈ। ਜੇ ਪ੍ਰਭੂ ਨੂੰ ਵਿਸਰੇ ਤਾਂ ਬਹੁਤ ਦੁਖੀ ਹੋਵੇ''॥ ੪੭॥

ਸੁਨਿ ਬੁਲਾਰ ਇਸ ਬਿਧਿ ਕੇ ਬੈਨਾ। ਨਿਜ ਸਰੂਪ ਜਾਨਯੋ ਸੁਖ ਐਨਾ।
ਭਯੋ ਨਿਮਗਨ ਅਥਾਹਿ ਅਨੰਦਾ। ਛੂਟ ਗਏ ਜਗ ਕੇ ਸਭਿ ਫੰਦਾ॥੪੮॥

ਰਾਇ ਬੁਲਾਰ ਨੇ ਇਸ ਤਰ੍ਹਾਂ ਦੇ ਬਚਨ ਸੁਣ ਕੇ, ਆਪਣੇ ਸਰੂਪ ਨੂੰ ਸੁੱਖਾਂ ਦੀ ਖਾਣ ਸਮਝਿਆ। ਅਥਾਹ ਅਨੰਦਿਤ ਹੋ ਕੇ ਮਸਤ ਹੋ ਗਿਆ ਅਤੇ ਉਸ ਦੇ ਜਗਤ ਦੇ ਸਾਰੇ ਫੰਦੇ ਕੱਟੇ ਗਏ॥ ੪੮॥

ਹਾਥ ਬੰਦਿ ਪਦ ਬੰਦਨ ਧਾਰੀ। ਉਸਤਤਿ ਪਦ ਕੀ ਗਿਰਾ ਉਚਾਰੀ।
'ਧੰਨ ਧੰਨ ਪੂਰਨ ਗੁਰਦੇਵਾ!! ਕ੍ਰਿਪਾ ਤੁਮਾਰਿ ਲਖਯੋ ਅਸ ਭੇਵਾ॥੪੯॥

ਹੱਥ ਜੋੜ ਕੇ ਪੈਰਾਂ ਤੇ ਮੱਥਾ ਟੇਕਿਆ ਅਤੇ ਗੁਰੂ ਜੀ ਦੇ ਚਰਨਾਂ ਦੀ ਉਸਤਤਿ ਉਚਾਰਨ ਕੀਤੀ। ਉਸ ਕਿਹਾ, ''ਧੰਨ ਧੰਨ ਪੂਰਨ ਗੁਰਦੇਵ! ਤੁਹਾਡੀ ਕਿਰਪਾ ਕਰਕੇ ਮੈਂ ਅਸਲ ਭੇਤ ਨੂੰ ਸਮਝ ਗਿਆ ਹਾਂ॥ ੪੯॥

ਰਾਗ ਦ੍ਵੈਖ ਦ੍ਵੈ ਸਿੰਘ ਸਮਾਨਾ। ਇਨਕੇ ਭੈ ਤੇ ਮੁਝਹਿ ਮੁਚਾਨਾ।
ਗ੍ਰਸਯੋ ਸਰਪ ਦੀਰਘ ਅਹੰਕਾਰਾ। ਦੀਨ ਜਾਨਿ ਤੁਮ ਲੀਨ ਉਬਾਰਾ॥੫੦॥

ਪਿਆਰ ਅਤੇ ਦ੍ਵੈਖ ਦੋਵੇਂ ਸ਼ੇਰ ਸਮਾਨ ਹਨ, ਇਸ ਦੇ ਭੈ ਤੋਂ ਮੈਨੂੰ ਮੁਕਤ ਕੀਤਾ ਹੈ। ਹੋਰ ਸੱਪ ਰੂਪੀ ਅਹੰਕਾਰ ਨੇ ਮੈਨੂੰ ਜਕੜਿਆ ਹੋਇਆ ਸੀ। ਗਰੀਬ ਮਸਕੀਨ ਜਾਣ ਕੇ ਮੈਨੂੰ ਬਚਾ ਲਿਆ ਹੈ॥ ੫੦॥

ਚੌਪਈ- ਅਬ ਮੈਂ ਆਤਮ ਰੂਪ ਪਛਾਨਾ। ਜਿਹ ਜਾਨੇ ਜਗ ਕੋ ਦੁਖ ਹਾਨਾ'।
ਅਸ ਪ੍ਰਕਾਰ ਕੋ ਸੁਨਿ ਉਪਦੇਸੂ। ਜਾਨਯੋ ਸਹਜ ਸਰੂਪ ਨਰੇਸੂ॥੫੧॥

ਹੁਣ ਮੈਂ ਆਪਣਾ ਆਤਮ ਰੂਪ ਪਛਾਣਿਆ ਹੈ, ਜਿਸ ਦੇ ਜਾਣਨ ਨਾਲ ਜੱਗ ਦੇ ਦੁੱਖ ਦੂਰ ਹੁੰਦੇ ਹਨ''। ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਰਾਇ ਬੁਲਾਰ ਨੇ ਸਹਿਜ ਸਰੂਪ ਨੂੰ ਜਾਣ ਲਿਆ॥ ੫੧॥

ਏਕ ਆਤਮਾ ਬਯਾਪਕ ਸਾਰੇ। ਹੁਤੋ ਭੇਦ ਸੋ ਦੂਰ ਨਿਵਾਰੇ।
ਕਰਿ ਬੁਲਾਰ ਕੋ ਭਲੇ ਨਿਹਾਲਾ। ਪੁਨ ਆਏ ਨਿਜ ਸਦਨ ਕ੍ਰਿਪਾਲਾ॥੫੨॥

ਇਕ ਹੀ ਆਤਮਾ ਸਾਰੇ ਵਿਆਪਕ ਹੈ, ਜੋ ਕੋਈ ਭੇਦ ਸੀ ਤਾਂ ਉਸ ਨੂੰ ਦੂਰ ਕਰ ਦਿੱਤਾ। ਰਾਇ ਬੁਲਾਰ ਨੂੰ ਭਲੀ ਭਾਂਤ ਨਿਹਾਲ ਕਰਕੇ, ਫਿਰ ਗੁਰੂ ਜੀ ਆਪਣੇ ਘਰ ਆ ਗਏ॥ ੫੨॥

ਮਨਹੁ ਗਯਾਨ ਕੋ ਤਰਨਿ ਬਿਰਾਜੈ। ਜਿਹਕੇ ਦਰਸ਼ਨ ਕਲਿਮਲ ਭਾਜੈ।
ਕਿਤਕ ਦਿਵਸ ਇਸ ਭਾਂਤਿ ਬਿਤਾਏ। ਸ਼ੁਭ ਮਗ ਦੇਨਿ ਜਗਤ ਜੋ ਆਏ॥੫੩॥

ਮਾਨੋ ਗਿਆਨ ਦਾ ਸੂਰਜ ਚੜ੍ਹ ਪਿਆ ਸੀ। ਜਿਸ ਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਸਨ। ਕਈ ਦਿਨ ਇਸ ਤਰ੍ਹਾਂ ਗੁਰੂ ਜੀ ਨੇ ਬਤੀਤ ਕੀਤੇ, ਜਿਹੜੇ ਇਸ ਦੁਨੀਆਂ ਨੂੰ ਸ਼ੁਭ ਰਾਹ ਵਿਖਾਉਣ ਆਏ ਸਨ॥ ੫੩॥

ਕਮਲ ਬਦਨ ਇਕ ਦਿਨ ਨਿਜ ਸਦਨਾ। ਪੌਢ ਸੈਨ ਕਿਯ, ਦੋਖ ਨਿਕਦਨਾ।
ਤਿਹ ਛਿਨ ਅਸਨ ਹੋਤਿ ਭਾ ਤਯਾਰਾ। ਸ੍ਵਾਦ ਸਰਸ ਨਾਨਾ ਪਰਕਾਰਾ ॥੫੪॥

ਇਕ ਦਿਨ ਦੁੱਖਾਂ ਦਾ ਨਾਸ ਕਰਨ ਵਾਲੇ ਕੰਵਲ ਮੁਖ ਭਾਵ ਗੁਰੂ ਜੀ ਆਪਣੇ ਘਰ ਬੈਠੇ ਸਨ। ਉਸ ਸਮੇਂ ਕਈ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਹੋ ਰਹੇ ਸਨ॥ ੫੪॥

ਪਾਕਸ਼ਾਲ ਮਹਿਂ ਤ੍ਰਿਪਤਾ ਮਾਤਾ। ਬਿੰਜਨ ਕਰਿਵਾਏ ਤਿਹ ਤਾਤਾ।
ਇਕ ਦਾਸੀ ਸੋ ਨਿਕਟਿ ਬੁਲਾਈ। ਕਹੈ ਕਿ 'ਸੁਤ ਕੋ ਆਨਿ ਜਗਾਈ ॥੫੫॥

ਰਸੋਈ ਵਿਚ ਤ੍ਰਿਪਤਾ ਮਾਤਾ ਆਪਣੇ ਪੁੱਤਰ ਵਾਸਤੇ ਭੋਜਨ ਤਿਆਰ ਕਰਵਾ ਰਹੀ ਸੀ। ਇਕ ਦਾਸੀ ਨੂੰ ਉਸ ਨੇ ਪਾਸ ਬੁਲਾਇਆ ਅਤੇ ਕਿਹਾ ਕਿ ਪੁੱਤਰ ਨੂੰ ਜਾ ਕੇ ਜਗਾ ਦੇਵੇ॥ ੫੫॥

ਸੀਤਲ ਹੋਇ ਨ ਜਾਇ ਅਹਾਰਾ। ਜੇਵਹਿ ਆਨ ਅਨੇਕ ਪ੍ਰਕਾਰਾ।
ਤਬ ਗਵਨੀ ਦਾਸ ਸੁਨਿ ਬੈਨਾ। ਪਹੁੰਚੀ ਜਹਿਂ ਸੈਨੇ ਗੁਨ ਐਨਾ ॥੫੬॥

ਕਹਿਣ ਲੱਗੀ ਛੇਤੀ ਜਗਾ ਕੇ ਲਿਆ, ਤਾਂਕਿ ਭੋਜਨ ਠੰਢਾ ਨਾ ਹੋ ਜਾਵੇ, ਕਈ ਪ੍ਰਕਾਰ ਦੇ ਤਿਆਰ ਕੀਤੇ ਭੋਜਨ ਨੂੰ ਉਹ ਆ ਕੇ ਖਾਵੇ। ਮਾਤਾ ਜੀ ਦੀ ਇਹ ਗੱਲ ਸੁਣ ਕੇ ਦਾਸੀ ਓਥੇ ਗਈ ਜਿਥੇ ਗੁਨ ਐਨਾ ਭਾਵ ਗੁਰੂ ਜੀ ਸੁੱਤੇ ਪਏ ਸਨ॥ ੫੬॥

ਰਿਦੇ ਜਗਾਵਨ ਕੀ ਅਭਿਲਾਖਾ। ਸੁਮਤਿਵਾਨ ਥੀ, ਬਚਨ ਨ ਭਾਖਾ।
ਵਹਿਰ ਚੀਰ ਤੇ ਚਰਨ ਸੁਹਾਵਾ। ਤਿਹ ਪਰਸਨ ਹਿਤ ਮਨ ਲਲਚਾਵਾ ॥੫੭॥

ਹਿਰਦੇ ਵਿਚ ਜਗਾਉਣ ਦੀ ਅਭਿਲਾਸ਼ਾ ਸੀ, ਪਰ ਸਮਝਦਾਰ ਸੀ, ਇਸ ਲਈ ਆਵਾਜ਼ ਨਾ ਮਾਰੀ। ਗੁਰੂ ਜੀ ਦੇ ਚਰਨਾਂ ਤੋਂ ਕਪੜਾ ਪਰ੍ਹਾਂ ਕੀਤਾ। ਪਰ ਜਦ ਸੁੰਦਰ ਚਰਨਾਂ ਨੂੰ ਵੇਖਿਆ ਤਾਂ ਉਸ ਦੇ ਮਨ ਵਿਚ ਚਰਨਾਂ ਨੂੰ ਘੁਟਣ ਦੀ ਲਾਲਸਾ ਜਾਗੀ॥ ੫੭॥

ਚੌਪਈ- ਪਰਮ ਪ੍ਰੇਮ ਜਾਗਯੋ ਮਨ ਮਾਂਹੀ। ਚਰਨਹਿਂ ਹਾਥ ਛੁਹਾਯੋ ਨਾਹੀ।
ਰਸਨਾ ਸੰਗ ਸੁ ਚਾਟਨ ਲਾਗੀ। ਜਗ ਮੈਂ ਵਡਭਾਗਨਿ ਅਨੁਰਾਗੀ ॥੫੮॥

ਹਿਰਦੇ ਵਿਚ ਪਰਮ ਪ੍ਰੇਮ ਜਾਗਿਆ, ਪਰ ਚਰਨਾਂ ਨੂੰ ਹੱਥ ਲਾਉਣ ਦੀ ਹਿੰਮਤ ਨਾ ਹੋਈ ਅਤੇ ਚਰਨਾਂ ਨੂੰ ਜ਼ਬਾਨ ਨਾਲ ਚੱਟਣ ਲੱਗੀ, ਇਸ ਜੱਗ ਵਿਚ ਵੱਡੀ ਭਾਗਾਂ ਵਾਲੀ ਅਤੇ ਪ੍ਰੇਮ ਵਾਲੀ ਸੀ॥ ੫੮॥

ਕੀਨਿ ਸਪਰਸ਼ਨ ਰਸਨਾ ਜਬਹੀ। ਤੀਨ ਲੋਕ ਕੀ ਸੁਧਿ ਭੀ ਤਬਹੀ।
ਗ੍ਰਾਮ ਨਗਰ ਕਾਨਨ ਗਿਰ ਭਾਰੀ। ਸਭਿ ਸੁਧ ਜਾਨੀ ਸਿੰਧ ਮਝਾਰੀ ॥੫੯॥

ਜਦ ਚਰਨਾਂ ਨੂੰ ਜੀਭ ਲਾਈ ਤਾਂ ਓਸੇ ਵੇਲੇ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ। ਪਿੰਡ, ਨਗਰ, ਜੰਗਲ, ਵੱਡੇ ਵੱਡੇ ਪਹਾੜਾਂ ਅਤੇ ਸਮੁੰਦਰਾਂ ਦੇ ਅੰਦਰ ਦੀ ਸੋਝੀ ਹੋ ਗਈ॥ ੫੯॥

ਤਹਿਂ ਇਕ ਕੌਤਕ ਲਖਯੋ ਅਨੂਪਾ। ਸ੍ਰੀ ਨਾਨਕ ਕੋ ਪਿਖਯੋ ਸਰੂਪਾ।
ਲਵਪੁਰਿ ਕੋ ਮਨਸੁਖ ਜੋ ਸ਼ਾਹਾ। ਤਿਹ ਜਹਾਜ ਥੋ ਸਾਗਰ ਮਾਂਹਾ ॥੬੦॥

ਜਦ ਉਸ ਨੂੰ ਤਿੰਨ ਲੋਕਾਂ ਦੀ ਸੋਝੀ ਹੋ ਗਈ ਤਾਂ ਉਸ ਇਕ ਅਜੀਬ ਕੌਤਕ ਵੇਖਿਆ ਅਤੇ ਸ੍ਰੀ ਗੁਰੂ ਨਾਨਕ ਜੀ ਦਾ ਅਜੀਬ ਸਰੂਪ ਵੇਖਿਆ। ਲਾਹੌਰ ਦਾ ਜੋ ਮਨਸੁਖ ਸ਼ਾਹ ਸੀ, ਉਸ ਦਾ ਜਹਾਜ਼ ਸਮੁੰਦਰ ਵਿਚ ਚਲ ਰਿਹਾ ਸੀ॥ ੬੦॥

ਤਾਂਕੋ ਬਿਘਨ ਹੋਨਿ ਕਛੁ ਲਾਗਾ। ਸਿਮਰਨ ਸ੍ਰੀ ਨਾਨਕ ਅਨੁਰਾਗਾ।

'ਹੇ ਪ੍ਰਭੁ ਦੀਨ ਬੰਧੁ ਗੁਰੁ ਪੂਰਨ ! ਕਰਹੁ ਸਹਾਇ ਆਨਿ ਮਮ ਤੂਰਨ ॥੬੧॥

ਮਨਸੁਖ ਦੇ ਜਹਾਜ਼ ਵਿਚ ਕੋਈ ਨੁਕਸ ਪੈ ਗਿਆ ਅਤੇ ਉਹ ਡੋਲਣ ਲੱਗਾ, ਆਪਣੇ ਜਹਾਜ਼ ਨੂੰ ਖਤਰੇ ਵਿਚ ਪਿਆ ਵੇਖ ਕੇ ਮਨਸੁਖ ਬੜੇ ਪ੍ਰੇਮ ਨਾਲ ਗੁਰੂ ਨਾਨਕ ਦਾ ਸਿਮਰਨ ਕਰਨ ਲੱਗਾ, "ਹੇ ਪ੍ਰਭੂ, ਦੀਨ ਬੰਧੂ ਅਤੇ ਪੂਰਨ ਗੁਰੂ, ਨਾਨਕ ਦੇਵ ਜੀ ਆ ਕੇ ਮੇਰੀ ਤੁਰੰਤ ਸਹਾਇਤਾ ਕਰੋ॥ ੬੧॥

ਜਹਿਂ ਸਨਬੰਧੀ ਕੋਇ ਨ ਸਾਥਾ। ਤਹਿਂ ਤੁਮ ਸਾਥ ਹੋਤਿ ਜਗਨਾਥਾ !
ਤੀਰ ਸੰਗਲਾਦੀਪ ਪੁਚਾਵਨ। ਕਰਹੁ ਜਹਾਜ, ਭਗਤ ਮਨ ਭਾਵਨਿ' ॥੬੨॥

ਜਦ ਕੋਈ ਵੀ ਸਕਾ ਸੰਬੰਧੀ ਨਾਲ ਨਹੀਂ ਹੁੰਦਾ ਤਾਂ ਜਗਤ ਦੇ ਸਵਾਮੀ ਤੁਸੀਂ ਹੀ ਮੇਰਾ ਸਾਥ ਦਿੰਦੇ ਹੋ, ਮੇਰੇ ਜਹਾਜ਼ ਨੂੰ ਸੰਗਲਾਦੀਪ ਦੇ ਕੰਢੇ ਲਾ ਦੇਵੋ, ਹੇ ਭਗਤਾਂ ਦੇ ਮਨ ਭਾਵਨ ਵਾਲੇ ਸਵਾਮੀ ਜੀ !"

ਨਿਜ ਅਰਾਧਨਾ ਲਖਿ ਕਰਿ ਸ੍ਵਾਮੀ। ਗਏ ਸਿੰਧੁ ਮਹਿਂ ਅੰਤਰਜਾਮੀ।
ਤਿਹ ਜਹਾਜ ਕੋ ਤਟ ਪਹੁਚਾਵਾ। ਮਨਸੁਖ ਦੇਖਿ ਰਿਦੇ ਸੁਖ ਪਾਵਾ ॥੬੩॥

ਨਿਜੀ ਆਰਾਧਨਾ ਸਮਝ ਕੇ, ਅੰਤਰਜਾਮੀ ਗੁਰੂ ਜੀ ਸਮੁੰਦਰ ਵਿਚ ਚਲੇ ਗਏ। ਉਸ ਜਹਾਜ਼ ਨੂੰ ਕੰਢੇ ਤੇ ਪਹੁੰਚਾਇਆ ਅਤੇ ਮਨਸੁਖ ਇਹ ਸਭ ਕੁਝ ਵੇਖ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੬੩॥

ਦਾਸੀ ਸਭਿ ਬਿਲੋਕ ਬਿਰਤਾਂਤਾ। ਗਈ ਤਬਹਿ ਜਹਿਂ ਥੀ ਗੁਰਮਾਤਾ।
ਕਹਤੇ ਜਾਇ 'ਮੈਂ ਕਿਯ ਨ ਜਗਾਵਨ। ਸੋ ਤੋਂ ਕਰਹਿਂ ਜਹਾਜ ਲੰਘਾਵਨਿ ॥੬੪॥

ਦਾਸੀ ਨੇ ਇਹ ਸਾਰਾ ਨਜ਼ਾਰਾ ਵੇਖਿਆ ਅਤੇ ਫਿਰ ਤਰੁੰਤ ਓਥੇ ਗਈ ਜਿਥੇ ਗੁਰੂ ਜੀ ਦੇ ਮਾਤਾ ਜੀ ਬੈਠੇ ਸਨ ਅਤੇ ਜਾ ਕੇ ਕਿਹਾ, "ਮੈਂ ਕਿਸ ਨੂੰ ਜਗਾਵਾਂ, ਉਹ ਤਾਂ ਜਹਾਜ਼ ਪਾਰ ਕਰਨ ਗਏ ਹਨ॥ ੬੪॥

ਚੌਪਈ- ਜਬ ਨਿਜ ਸਿਖ ਕੋ ਕਰਿ ਹੈਂ ਕਾਜਾ। ਦੇਇਂ ਸਮੁੰਦ੍ਰ ਲੰਘਾਇ ਜਹਾਜਾ।
ਤਬ ਮੈਂ ਆਨੋ ਤਿਨਹਿਂ ਜਗਾਈ। ਕਹੋ ਸਾਚ ਬਚ ਕੂਰ ਨ ਰਾਈ' ॥੬੫॥

ਜਦ ਆਪਣੇ ਨਿਜੀ ਸਿੱਖ ਦਾ ਕੰਮ ਕਰਦੇ ਹਨ ਤਾਂ ਉਸ ਦਾ ਜਹਾਜ਼ ਵੀ ਸਮੁੰਦਰ ਤੋਂ ਪਾਰ ਕਰ ਦਿੰਦੇ ਹਨ। ਤਦ ਮੈਂ ਉਨ੍ਹਾਂ ਨੂੰ ਕਿਵੇਂ ਜਗਾਉਂਦੀ। ਮੈਂ ਸਭ ਕੁਝ ਸੱਚ ਕਹਿ ਰਹੀ ਹਾਂ, ਇਸ ਵਿਚ ਰਤਾ ਭਰ ਵੀ ਝੂਠ ਨਹੀਂ' ॥ ੬੫॥

ਸੁਨਿ ਤ੍ਰਿਪਤਾ ਰਿਸ ਕਛੁ ਕਹਿ ਬੈਨਾ। ਗਈ ਆਪ ਜਹਿਂ ਕਿਯ ਸੁਤ ਸੈਨਾ।
ਤਿਨਹਿਂ ਜਗਾਇ ਅਚਾਇ ਅਹਾਰਾ। ਪਾਛੈ ਤੇ ਮੁਖ ਬਚਨ ਉਚਾਰਾ ॥੬੬॥

ਇਹ ਸੁਣ ਕੇ ਮਾਤਾ ਤ੍ਰਿਪਤਾ ਜੀ ਨੇ ਗੁੱਸੇ ਵਿਚ ਆ ਕੇ ਕੁਝ ਬਚਨ ਕਹੇ ਅਤੇ ਆਪ ਓਥੇ ਗਈ ਜਿਥੇ ਪੁੱਤਰ ਸੁੱਤਾ ਪਿਆ ਸੀ। ਉਸ ਨੂੰ ਜਗਾ ਕੇ ਭੋਜਨ ਕਰਵਾਇਆ ਅਤੇ ਬਾਅਦ ਵਿਚ ਇਹ ਬਚਨ ਕਹੇ॥ ੬੬॥

'ਸੁਨਹੁ ਪੁਤ੍ਰ ! ਲਖਿ ਦਸ਼ਾ ਤੁਮਾਰੀ। ਦਾਸੀ ਭੀ ਮੁਝ ਹਸੀ ਉਚਾਰੀ।
ਕਹੈ ਕਿ ਕਰਹਿਂ ਜਹਾਜ ਲੰਘਾਵਨ। ਨਹਿਂ ਯਾਂਤੇ ਮੈਂ ਕਰੋਂ ਜਗਾਵਨ ॥੬੭॥

"ਹੇ ਪੁੱਤਰ ਸੁਣੋ ! ਤੁਹਾਡੀ ਹਾਲਤ ਵੇਖ ਕੇ ਅੱਜ ਦਾਸੀ ਨੇ ਵੀ ਮੇਰੇ ਪਾਸ ਤੁਹਾਡਾ ਹਾਸਾ ਉਡਾਇਆ ਹੈ। ਕਹਿ ਰਹੀ ਸੀ ਕਿ ਉਹ ਤਾਂ ਜਹਾਜ਼ ਪਾਰ ਕਰਨ ਗਏ ਸਨ, ਮੈਂ ਉਨ੍ਹਾਂ ਨੂੰ ਕਿਵੇਂ ਜਗਾਉਂਦੀ" ॥ ੬੭॥

ਮਾਤ ਬਚਨ ਸੁਨਿ ਕਰਿ ਜਗ ਸ੍ਵਾਮੀ। ਬੋਲੇ ਮੁਖ ਤੇ ਅੰਤਰਜਾਮੀ।
'ਕਮਲੀ ਝਮਲੀ ਕੇ ਬਚ ਐਸੇ। ਇਸ ਕੇ ਕਹੇ ਨ ਮਾਨਹੁ ਕੈਸੇ' ॥੬੮॥

ਮਾਤਾ ਜੀ ਦੇ ਇਹ ਬਚਨ ਸੁਣ ਕੇ ਜਗਤ ਦੇ ਸਵਾਮੀ ਅਤੇ ਅੰਤਰਜਾਮੀ ਮੁੱਖ ਤੋਂ ਬੋਲੇ, ''ਕਮਲੀ ਰਮਲੀ ਨੇ ਅਜੇਹੇ ਬਚਨ ਕਹੇ ਹਨ, ਇਸ ਦੇ ਕਹੇ ਨੂੰ ਮੈਂ ਕਿਵੇਂ ਮੰਨ ਲਵਾਂ'' ॥ ੬੮॥

**ਅਸ ਕਹਿ ਕਰਿ ਗਮਨੇ ਉਦਿਆਨਾ। ਬੈਸੇ ਜਾਇ ਇਕੰਤ ਸਥਾਨਾ।**
**ਸੋ ਦਾਸੀ ਬਚ ਕਹਿਨੇ ਕਰਿ ਕੈ। ਭੀ ਕਮਲੀ ਸੁਧ ਗਈ ਬਿਸਰਿਕੈ ॥੬੯॥**

ਇਹ ਕਹਿ ਕੇ ਜੰਗਲ ਵਲ ਚਲੇ ਗਏ ਅਤੇ ਇਕ ਇਕਾਂਤ ਸਥਾਨ ਤੇ ਜਾ ਬੈਠੇ। ਗੁਰੂ ਜੀ ਦੇ ਇਹ ਬਚਨ ਕਹਿਣ ਕਰਕੇ ਦਾਸੀ ਸਦਾ ਲਈ ਮਸਤਾਨੀ ਹੋ ਗਈ ਅਤੇ ਉਸ ਨੂੰ ਆਪਣੀ ਸੁੱਧ ਬੁੱਧ ਭੁੱਲ ਗਈ॥ ੬੯॥

**ਜੀਵਤਿ ਰਹੀ ਜਗਤ ਮਹਿਂ ਜਾਵਦ। ਨਹਿਂ ਆਈ ਸੁਧ ਤਿਹ ਕੋ ਤਾਵਦ।**
**ਜਬ ਹੀ ਤਜਾਗਯੋ ਭੂਤਕ ਦੇਹਾ। ਭਈ ਮੁਕਤਿ ਗਵਨੀ ਹਰਿ ਗ੍ਰੇਹਾ ॥੭੦॥**

ਜਦ ਤਕ ਉਹ ਜਗਤ ਵਿਚ ਜੀਊਂਦੀ ਰਹੀ, ਤਦ ਤਕ ਉਸ ਨੂੰ ਕੋਈ ਸੋਝੀ ਨਾ ਆਈ। ਜਦ ਇਸ ਭੂਤਕ ਦੇਹ ਨੂੰ ਛੱਡਿਆ ਤਾਂ ਹਰੀ ਦੇ ਘਰ ਚਲੀ ਗਈ॥ ੭੦॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਰਾਇ ਉਪਦੇਸ਼, ਦਾਸੀ ਪ੍ਰਸੰਗ' ਬਰਨਨੰ ਨਾਮ ਤ੍ਰਿਤਾਲਿਸਮੋਂ ਅਧਯਾਯ॥ ੪੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਰਤਾਲੀਵਾਂ ਅਧਿਆਇ, ਜਿਸ ਦਾ ਨਾਮ ''ਰਾਇ ਪ੍ਰਤਿ ਗਿਆਨ ਉਪਦੇਸ਼, ਤੁਲਸਾਂ ਦਾਸੀ'' ਹੈ, ਸਮਾਪਤ ਹੋਇਆ॥ ੪੩॥

## ਅਧਿਆਇ ਚਤਾਲੀਵਾਂ

*ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ।*

**ਦੋਹਰਾ- ਸ੍ਰੀ ਗੁਰੁ ਪਗ ਦੀਪਕ ਸਰਸ ਧਰਿ ਕਰਿ ਰਿਦੇ ਨਿਕੇਤੁ।**
**ਯੁਕਤਿ ਖੋਜ ਉਚਰੋਂ ਕਥਾ ਸ੍ਰੀ ਬੇਦੀ ਕੁਲਕੇਤੁ॥ ੧॥**

ਸ੍ਰੀ ਗੁਰੂ ਜੀ ਦੇ ਚਰਨ ਸਰੰਸ ਦੀਵੇ ਵਾਂਗ ਹਨ, ਮੈਂ ਉਸ ਦੀਪਕ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਰੱਖ ਕੇ ਬੇਦੀਆਂ ਦੀ ਕੁੱਲ ਦੇ ਪ੍ਰਕਾਸ਼ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਥਾ ਯੁਕਤੀ ਅਤੇ ਖੋਜ ਨਾਲ ਪ੍ਰਾਪਤ ਕਰਕੇ ਵਰਣਨ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰੂ ਵਾਚ॥*

**ਚੌਪਈ- ਕਛੁਕ ਅਹੈ ਮਨਸੁਖ ਬਿਰਤੰਤੇ। ਸੋ ਸੁਨਿਯੇ ਸ੍ਰੀ ਗੁਰ ਜਸਵੰਤੇ।**
**ਗਯੋ ਸੰਗਲਾਦੀਪ ਸੁ ਜਹਿਂਵਾ। ਨਗਰ ਸ਼ਿਰੋਮਣਿ ਥੋ ਇਕ ਤਹਿਂਵਾ ॥੨॥**

ਭਾਈ ਬਾਲਾ ਜੀ ਕਹਿੰਦੇ ਹਨ- ਹੁਣ ਸ੍ਰੀ ਗੁਰੂ ਜੀ ''ਯਸ਼ ਵਾਲੇ ਸ੍ਰੀ ਮਨਮੁਖ ਦਾ ਬਿਰਤਾਂਤ ਸੁਣੋ।'' ਮਨਸੁਖ ਸੰਗਲਾਦੀਪ ਵਿਚ ਪਹੁੰਚ ਗਿਆ, ਜਿਥੇ ਇਕ ਵੱਡਾ ਸ਼ਹਿਰ ਸੀ॥ ੨॥

**ਧਨੀ ਲੋਕ ਜਹਿਂ ਬਸਤਿ ਅਪਾਰਾ॥ ਬਹੁ ਸੁੰਦਰ ਜਿਹ ਰਚੇ ਬਜਾਰਾ।**
**ਮਨਸੁਖ ਲੇਯ ਬਨਜ ਨਿਜ ਸਗਰਾ। ਪ੍ਰਾਪਤਿ ਭਯੋ ਜਾਇ ਤਿਹ ਨਗਰਾ ॥੩॥**

ਜਿਥੇ ਮਹਾਨ ਧਨੀ ਲੋਕ ਰਹਿੰਦੇ ਸਨ, ਅਤੇ ਜਿਸ ਨਗਰ ਦੇ ਬਾਜ਼ਾਰ ਬਹੁਤ ਸੁੰਦਰ ਬਣੇ ਹੋਏ ਸਨ। ਮਨਸੁਖ ਸਾਰਾ ਸੌਦਾ ਲੈ ਕੇ ਉਸ ਨਗਰ ਵਿਚ ਪਹੁੰਚ ਗਿਆ ॥ ੩ ॥

ਹੁਤੋ ਜਹਾਂ ਸ਼ਿਵਨਾਭ ਭੁਵਾਲਾ। ਕਰਮ ਧਰਮ ਮਹਿਂ ਚਲਤਿ ਬਿਸਾਲਾ।
ਸਾਲਗਰਾਮ ਉਪਾਸਨ ਰਾਖੈ। ਬ੍ਰਤ ਇਕਾਦਸ਼ੀ ਕਰਿ ਅਭਿਲਾਖੈ ॥ ੪ ॥

ਉਸ ਨਗਰ ਦਾ ਸ਼ਿਵਨਾਭ ਨਾਂ ਦਾ ਰਾਜਾ ਸੀ। ਉਹ ਧਰਮ ਕਰਮ ਨੂੰ ਬਹੁਤ ਮੰਨਦਾ ਸੀ। ਉਹ ਸਾਲਗਰਾਮ ਦੀ ਉਪਾਸ਼ਨਾ ਕਰਦਾ ਸੀ ਅਤੇ ਇਕਾਦਸ਼ੀ ਦੇ ਵਰਤ ਵਿਚ ਉਸ ਦੀ ਬੜੀ ਸ਼ਰਧਾ ਸੀ ॥ ੪ ॥

ਸਰਬ ਨਗਰ ਨਰ ਰਹਿਤਿ ਅਨਸਨਾ। ਤਿਹ ਦਿਨ ਕੋਇ ਨ ਕਰਿਹੀ ਅਸਨਾ।
ਭਾਨੁ ਉਦੇ ਤੇ ਕਰਹਿਂ ਸ਼ਨਾਨਾ। ਤਿਲਕ ਲਗਾਵਹਿਂ ਤਨ ਬਿਧਿ ਨਾਨਾ ॥੫ ॥

ਇਕਾਦਸ਼ੀ ਵਾਲੇ ਦਿਨ ਸਾਰਾ ਨਗਰ ਭੋਜਨ ਰਹਿਤ ਰਹਿੰਦਾ ਸੀ ਅਤੇ ਉਸ ਦਿਨ ਕੋਈ ਵੀ ਮਨੁੱਖ ਭੋਜਨ ਨਹੀਂ ਕਰਦਾ ਸੀ। ਸੂਰਜ ਚੜ੍ਹਨ ਤੇ ਇਸ਼ਨਾਨ ਕਰਦੇ ਸਨ ਅਤੇ ਕਈ ਪ੍ਰਕਾਰ ਦੇ ਤਿਲਕ ਲਗਾਉਂਦੇ ਸਨ ॥ ੫ ॥

ਅਸ ਪ੍ਰਕਾਰ ਕੀ ਰੀਤਿ ਨਰੇਸ਼ਾ। ਆਪ ਕਰਹਿ, ਕਿਯ ਦੇਸ਼ ਨਿਦੇਸ਼ਾ।
ਤਿਹ ਪੁਰਿ ਪ੍ਰਵਿਸ਼ਜੋ ਮਨਸੁਖ ਜਾਈ। ਸਰਬ ਬਨਜ ਕੀ ਸੌਜ ਲਵਾਈ ॥੬ ॥

ਰਾਜੇ ਦੀ ਇਸ ਪ੍ਰਕਾਰ ਦੀ ਰੀਤੀ ਸੀ, ਆਪ ਉਹ ਵਰਤ ਰੱਖਦਾ ਸੀ ਅਤੇ ਸਾਰੇ ਦੇਸ਼ ਨੂੰ ਵੀ ਇਹ ਹੁਕਮ ਦਿੱਤਾ ਸੀ ਕਿ ਉਹ ਇਕਾਦਸ਼ੀ ਦਾ ਵਰਤ ਰੱਖਣ। ਉਸ ਨਗਰੀ ਵਿਚ ਮਨਸੁਖ ਪਹੁੰਚ ਗਿਆ ਅਤੇ ਆਪਣੇ ਨਾਲ ਸਾਰੀ ਸਮੱਗਰੀ ਲੈ ਗਿਆ ॥ ੬ ॥

ਚੌਪਈ- ਡੇਰਾ ਕੀਨ ਥਾਂਇ ਸ਼ੁਭ ਦੇਖੀ। ਜਿਸ ਮਹਿਂ ਸਿੱਖੀ ਰੀਤਿ ਵਿਸੇਖੀ।
ਸ੍ਰੀ ਨਾਨਕ ਜਿਉਂ ਆਇਸ ਪ੍ਰਾਹੀ। ਨਿਤਪ੍ਰਤਿ ਕਰਿਹੈ ਤਿਉਂ ਨਿਰਬਾਹੀ ॥੭ ॥

ਚੰਗਾ ਸਥਾਨ ਵੇਖ ਕੇ ਉਸ ਆਪਣਾ ਡੇਰਾ ਲਾ ਲਿਆ, ਜਿਥੇ ਸਿੱਖੀ ਦੀ ਵਧੇਰੇ ਰੀਤੀ ਚਲਦੀ ਸੀ। ਜਿਵੇਂ ਸ੍ਰੀ ਨਾਨਕ ਦੇਵ ਦੀ ਉਸ ਆਗਿਆ ਪਾਈ ਸੀ ਉਸ ਤਰ੍ਹਾਂ ਹੀ ਜ਼ਿੰਦਗੀ ਦਾ ਨਿਤਾਪ੍ਰਤਿ ਨਿਰਬਾਹ ਕਰਦਾ ਸੀ ॥ ੭ ॥

ਸਵਾਜਾਮ ਨਿਸਿ ਕਰਹਿ ਸ਼ਨਾਨਾ। ਇਕ ਮਨ ਕਰਹਿ ਕੀਰਤਨ ਗਾਨਾ।
ਗੁਰ ਕੇ ਸਬਦ ਅਧਿਕ ਲਿਖਿ ਲੀਨੇ। ਪਢਹਿ ਪ੍ਰੇਮ ਕਰਿ ਚਿਤ ਹਿਤ ਦੀਨੇ ॥੮ ॥

ਰਾਤ ਰਹਿੰਦਿਆਂ ਹੀ ਉਹ ਇਸ਼ਨਾਨ ਕਰਦਾ ਸੀ ਅਤੇ ਇਕ ਮਨ ਹੋ ਕੇ ਕੀਰਤਨ ਕਰਦਾ ਸੀ। ਉਸ ਨੇ ਗੁਰੂ ਜੀ ਦੇ ਕਾਫੀ ਸ਼ਬਦ ਲਿਖ ਕੇ ਰੱਖੇ ਹੋਏ ਸਨ ਅਤੇ ਉਨ੍ਹਾਂ ਸ਼ਬਦਾਂ ਨੂੰ ਬੜੇ ਪਿਆਰ ਨਾਲ ਪੜ੍ਹਦਾ ਸੀ ॥ ੮ ॥

ਭੋਰ ਭਈ ਪੰਚਾਮ੍ਰਿਤ ਕਰਿਕੈ। ਕਰਿ ਅਰਦਾਸ ਭਾਉ ਉਰ ਧਰਿਕੈ।
ਨਿਕਟਿ ਨਰਨ ਸਭਿ ਹੀ ਕੋ ਦੈ ਕੈ। ਬਹੁਰੋ ਆਪ ਅਚਹਿ ਕਰ ਲੈ ਕੈ ॥੯ ॥

ਸਵੇਰ ਹੋਣ ਤੇ ਉਹ ਕੜਾਹ ਪ੍ਰਸ਼ਾਦ ਤਿਆਰ ਕਰਦਾ ਸੀ ਅਤੇ ਅਰਦਾਸ ਕਰਕੇ ਅਤੇ ਹਿਰਦੇ ਵਿਚ ਪਿਆਰ ਧਾਰਨ ਕਰਕੇ ਨੇੜੇ ਦੇ ਸਾਰੇ ਲੋਕਾਂ ਵਿਚ ਵੰਡ ਕੇ, ਫਿਰ ਆਪ ਛੱਕਦਾ ਸੀ ॥ ੯ ॥

ਅਸ ਪ੍ਰਕਾਰ ਨਿਤ ਨੇਮ ਨਿਬਾਹੇ। ਬਨਜ ਕਰੈ ਪੁਨਿ ਪਾਵਤਿ ਲਾਹੈ।
ਸੰਧਜਾ ਹੋਇ ਤਬਹਿ ਗੁਰਬਾਨੀ। ਪਢਹਿ ਪ੍ਰੀਤਿ ਕਰਿਕੈ ਸੁਖ ਸਾਨੀ ॥੧੦ ॥

ਇਸ ਪ੍ਰਕਾਰ ਨਿਤਨੇਮ ਨਿਭਾਉਂਦਾ ਸੀ ਅਤੇ ਵਪਾਰ ਕਰਕੇ ਲਾਹਾ ਖੱਟਦਾ ਸੀ। ਜਦ ਸ਼ਾਮ ਹੁੰਦੀ ਸੀ ਤਾਂ ਫਿਰ ਸੁਖਾਂ ਨਾਲ ਮਿਲੀ ਹੋਈ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਦਾ ਸੀ ॥ ੧੦ ॥

ਸ੍ਰੀ ਨਾਨਕ ਕੀ ਮੂਰਤਿ ਧਯਾਨਾ। ਦੋਨੋਂ ਕਾਲ ਧਰਹਿ ਦੁਖਹਾਨਾ।
ਇਸ ਕੀ ਰੀਤਿ ਦੇਖਿ ਨਰ ਪੁਰਿ ਕੇ। ਤਰਕਤਿ ਮੂਢ ਅਸੂਯਾ ਕਰਿਕੇ ॥੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਨੂੰ ਉਹ ਆਪਣੇ ਧਿਆਨ ਵਿਚ ਰੱਖਦਾ ਸੀ ਅਤੇ ਦੋਵੇਂ ਵੇਲੇ ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਦੀ ਆਰਾਧਨਾ ਕਰਦਾ ਸੀ। ਉਸ ਦੀ ਇਸ ਰੀਤੀ ਨੂੰ ਵੇਖ ਕੇ ਨਗਰ ਦੇ ਲੋਕ ਹੁੱਜਤਾਂ ਅਤੇ ਈਰਖਾ ਕਰਦੇ ਸਨ॥ ੧੧॥

ਮੁਖ ਸੋਂ ਹਸਹਿਂ ਬਚਨ ਕਹਿ ਨਿੰਦਹਿਂ। ਸ਼ੁਭ ਮਾਰਗ ਕੀ ਗਤਿ ਨਹਿਂ ਬਿੰਦਹਿ।
'ਹਿੰਦੂ ਕਹਾਵੈ ਧਰਮ ਬਿਹੀਨਾ। ਪੂਜਾ ਬ੍ਰਤ ਨੇਮ ਤੇ ਖੀਨਾ॥ ੧੨॥

ਉਹ ਹੱਸਦੇ ਸਨ ਅਤੇ ਨਿੰਦਿਆ ਕਰਦੇ ਸਨ, ਕਿਉਂਕਿ ਉਹ ਸ਼ੁਭ ਮਾਰਗ ਦੀ ਰੀਤੀ ਨੂੰ ਨਹੀਂ ਸਨ ਜਾਣਦੇ। ਉਹ ਕਹਿੰਦੇ ਸਨ ਕਿ ਇਹ ਹਿੰਦੂ ਕਹਾਉਂਦਾ ਹੈ ਪਰ ਧਰਮ ਵਿਹੀਣ ਹੈ, ਪੂਜਾ ਵਰਤ ਦੇ ਨਿਯਮ ਤੋਂ ਖਾਲੀ ਹੈ॥ ੧੨॥

ਸਾਲਗਰਾਮ ਨ ਸੇਵਾ ਕਰਿਹੀ। ਮਸਤਕ ਵਿਖੈ ਤਿਲਕ ਨਹਿਂ ਧਰਿਹੀ'।
ਸਗਰੇ ਨਗਰ ਪ੍ਰਗਟ ਸੁਧ ਹੋਈ। 'ਧਰਮ ਭ੍ਰਿਸ਼ਟਿ ਇਹ ਬਨੀਆ ਕੋਈ' ॥੧੩॥

ਠਾਕਰਾਂ ਦੀ ਇਹ ਪੂਜਾ ਨਹੀਂ ਕਰਦਾ ਅਤੇ ਮੱਥੇ ਤੇ ਟਿੱਕਾ ਨਹੀਂ ਲਾਉਂਦਾ। ਸਾਰੇ ਨਗਰ ਵਿਚ ਇਹ ਗੱਲ ਪ੍ਰਗਟ ਹੋ ਗਈ ਕਿ ਇਹ ਧਰਮ ਭ੍ਰਿਸ਼ਟ ਕੋਈ ਬਾਣੀਆਂ ਹੈ॥ ੧੩॥

ਭੂਪਤਿ ਕੇ ਢਿਗ ਜਾਇ ਸੁਨਾਯੋ। ਸਿੰਧੁ ਪਾਰ ਤੇ ਸ਼ਾਹਿ ਇਕ ਆਯੋ।
ਹਿੰਦੂ ਧਰਮ ਨ ਕੋ ਤਿਹ ਮਾਂਹੀ। ਜਗ ਤੇ ਨਈ ਰੀਤਿ ਕੋ ਰਾਹੀ' ॥ ੧੪॥

ਉਨ੍ਹਾਂ ਲੋਕਾਂ ਨੇ ਇਸ ਬਾਰੇ ਰਾਜੇ ਨੂੰ ਜਾ ਦੱਸਿਆ ਅਤੇ ਕਿਹਾ, "ਸਮੁੰਦਰ ਪਾਰ ਤੋਂ ਇਕ ਸ਼ਾਹ ਆਇਆ ਹੈ, ਉਸ ਵਿਚ ਹਿੰਦੂ ਧਰਮ ਨਹੀਂ ਹੈ, ਭਾਵ ਉਹ ਹਿੰਦੂ ਧਰਮ ਨੂੰ ਮੰਨਦਾ ਨਹੀਂ। ਜਗਤ ਤੇ ਕਿਸੇ ਨਵੀਂ ਰੀਤੀ ਦਾ ਪੈਰੋਕਾਰ ਹੈ॥ ੧੪॥

ਸੁਨੀ ਭੂਪ, ਉਰ ਅਚਰਜ ਧਾਰਾ। ਮਨਸੁਖ ਕੋ ਪਠਿ ਮਨੁਜ ਹਕਾਰਾ।
ਏਕ ਨਲੇਰ ਰਜਤਪਣ ਸੰਗਾ। ਗਯੋ ਸ਼ਾਹੁ ਲੇ ਭੇਟ ਨਿਸੰਗਾ॥ ੧੫॥

ਜਦ ਰਾਜੇ ਨੇ ਇਹ ਗੱਲ ਸੁਣੀ ਤਾਂ ਬਹੁਤ ਹੈਰਾਨ ਹੋਇਆ ਅਤੇ ਮਨਸੁਖ ਨੂੰ ਬੁਲਾਉਣ ਵਾਸਤੇ ਇਕ ਆਦਮੀ ਭੇਜਿਆ। ਇਕ ਨਾਰੀਅਲ ਅਤੇ ਰੁਪਈਆ ਲੈ ਕੇ ਮਨਸੁਖ ਨਿਸ਼ਚਿੰਤ ਹੋ ਕੇ ਰਾਜੇ ਪਾਸ ਚਲਾ ਗਿਆ॥ ੧੫॥

ਦੇ ਭੂਪਤਿ ਕੋ ਬੰਦਨ ਕੀਨਾ। ਬੈਸਿ ਨਾਮ 'ਸ੍ਰੀ ਨਾਨਕ' ਲੀਨਾ।
ਬੂਝਤਿ ਭਾ ਰਾਜਾ ਤਿਹ ਸੰਗਾ। 'ਹਿੰਦੂ ਕਹਾਵੈਂ ਧਰਮਹਿਂ ਭੰਗਾ॥ ੧੬॥

ਰਾਜੇ ਦੇ ਅੱਗੇ ਭੇਟਾ ਰੱਖ ਕੇ ਉਸ ਨਮਸ਼ਕਾਰ ਕੀਤੀ ਅਤੇ ਬੈਠ ਕੇ ਗੁਰੂ ਨਾਨਕ ਦਾ ਨਾਮ ਲਿਆ। ਰਾਜਾ ਉਸ ਨੂੰ ਪੁੱਛਣ ਲੱਗਾ, "ਹੇ ਧਰਮ ਵਹੀਨੇ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈਂ ?॥ ੧੬॥

ਮੱਜਨ, ਪੂਜਾ, ਬ੍ਰਤ ਨ ਕਰਿਈ। ਸੰਜਮ ਨੇਮ ਤਿਲਕ ਨਹਿਂ ਧਰਿਈ।
ਕਰਹਿਂ ਆਪਨੀ ਰੀਤਿ ਨਿਰਾਲੀ। ਇਹ ਕਿਹਂ ਸਿਖਵਨ ਦੀਨਿ ਕੁਚਾਲੀ ?' ॥੧੭॥

ਠਾਕਰਾਂ ਦੀ ਪੂਜਾ ਅਤੇ ਵਰਤ ਨਹੀਂ ਰੱਖਦਾ ਅਤੇ ਨੇਮ ਅਨੁਸਾਰ ਮੱਥੇ ਤੇ ਤਿਲਕ ਵੀ ਨਹੀਂ ਲਾਉਂਦਾ। ਆਪਣੀ ਨਿਰਾਲੀ ਰੀਤੀ ਕਰ ਰਿਹਾ ਹੈਂ, ਇਹ ਖੋਟੀ ਸਿਖਿਆ ਤੈਨੂੰ ਕਿਸ ਨੇ ਦਿੱਤੀ ਹੈ ?॥ ੧੭॥

ਸ਼ਾਹ ਕਹੈ 'ਭੂਪਤਿ! ਸੁਨਿ ਲੀਜੈ। ਏਕ ਕੁਤਰਕ ਨ ਮਨ ਮੈਂ ਕੀਜੈ।
ਜਗਤ ਤਰੋਵਰ ਕੇ ਸਮ ਜਾਨਹੁ। ਤਿਹਕੇ ਸ਼ਿਖਰ ਮੁਕਤਿ ਫਲ ਮਾਨਹੁ ॥੧੮॥

ਸਾਹ ਕਹਿਣ ਲੱਗਾ, "ਹੇ ਰਾਜਾ! ਮੇਰੀ ਗੱਲ ਚੰਗੀ ਤਰ੍ਹਾਂ ਸੁਣ ਲਵੋ, ਮਨ ਵਿਚ ਜ਼ਰਾ ਵੀ ਭਰਮ ਨਾ ਕਰੋ। ਜਗਤ ਨੂੰ ਬ੍ਰਿਛ ਦੇ ਸਮਾਨ ਸਮਝੋ। ਉਸ ਦੇ ਸਿਖਰ ਤੇ ਮੁਕਤੀ ਦਾ ਫਲ ਲਗਦਾ ਹੈ, ਇਹ ਗੱਲ ਮੰਨੋ॥ ੧੮॥

ਤਾਂਕੋ ਲੇਨਿ ਹੇਤ ਦ੍ਵੈ ਪੰਥਾ। ਸਰਬ ਸੰਤ ਭਾਖਤਿ ਪੁਨਿ ਗ੍ਰੰਥਾ।
ਇਕ ਬਿਹੰਗ ਇਕ ਕੀਟੀ ਰੀਤਾ। ਚਲਹਿ ਨਿਰੰਤਰਿ ਪਾਇ ਸਪ੍ਰੀਤਾ॥੧੯॥

ਉਸ ਫਲ ਨੂੰ ਪ੍ਰਾਪਤ ਕਰਨ ਲਈ ਦੋ ਰਾਹ ਹਨ, ਸਾਰੇ ਸੰਤ ਮਹਾਤਮਾ ਇਸ ਨੂੰ ਗ੍ਰੰਥਾਂ ਵਿਚ ਲਿਖ ਗਏ ਹਨ। ਇਕ ਰਾਹ ਪੰਛੀ ਦਾ ਹੈ ਅਤੇ ਦੂਸਰਾ ਕੀੜੀ ਦੀ ਰੀਤ ਦਾ ਹੈ। ਇਹ ਦੋਵੇਂ ਰਾਹ ਪ੍ਰੀਤ ਸਹਿਤ ਚਲੇ ਜਾ ਰਹੇ ਹਨ॥ ੧੯॥

ਜਿਨ ਕੋ ਸਤਿਗੁਰੁ ਮਿਲਹਿ ਕ੍ਰਿਪਾਲਾ। ਤੇ ਖਗ ਜਿਉਂ ਪਹੁੰਚਹਿਂ ਤਤਕਾਲਾ।
ਮਿਲੈਂ ਨ ਸਤਿਗੁਰ ਜਿਨ ਕੋ ਪੂਰੇ। ਤਿਨ ਕੋ ਫਲ ਲੇਨੋ ਅਤਿ ਦੂਰੇ॥੨੦॥

ਜਿਨ੍ਹਾਂ ਨੂੰ ਕ੍ਰਿਪਾਲੂ ਸਤਿਗੁਰੂ ਮਿਲ ਜਾਂਦਾ ਹੈ, ਉਹ ਪੰਛੀ ਵਾਂਗ ਝੱਟ ਸਿਖਰ ਤੇ ਪਹੁੰਚ ਜਾਂਦੇ ਹਨ, ਜਿਨ੍ਹਾਂ ਨੂੰ ਪੂਰਾ ਸਤਿਗੁਰੂ ਨਹੀਂ ਮਿਲਦਾ ਹੈ, ਉਨ੍ਹਾਂ ਵਾਸਤੇ ਫਲ ਲੈਣਾ ਬਹੁਤ ਦੂਰ ਹੈ॥ ੨੦॥

ਤਿਨ ਕੀ ਗਤਿ ਕੀਟੀ ਕੀ ਨਜਾਈ। ਦੁਸ਼ਤਰ ਪਹੁੰਚਨ ਹੈ ਤਿਹ ਥਾਂਈ।
ਤੁਮ ਇਕਾਦਸ਼ੀ ਬ੍ਰੱਤ ਰਖੰਤੇ। ਦਿਨ ਪੰਦ੍ਰਵੇ ਸੰਜਮ ਕਰੰਤੇ॥੨੧॥

ਉਨ੍ਹਾਂ ਦੀ ਹਾਲਤ ਕੀੜੀ ਵਰਗੀ ਹੈ। ਉਥੇ ਤਕ ਪਹੁੰਚਣਾ ਬਹੁਤ ਔਖਾ ਹੈ। ਤੁਸੀਂ ਇਕਾਦਸ਼ੀ ਦਾ ਵਰਤ ਰਖਦੇ ਹੋ ਅਤੇ ਪੰਦਰਵੇਂ ਦਿਨ ਅਲਪ ਅਹਾਰ ਕਰਦੇ ਹੋ॥ ੨੧॥

ਕਾਮ, ਕ੍ਰੋਧ, ਪੁਨਿ ਖਾਨ, ਰੁ ਪਾਨਾ। ਇਕ ਦਿਨ ਤੁਮ ਨ ਕਰਤਿ ਰਾਜਾਨਾ!।
ਅਸ ਸੰਜਮ ਮਹਿਂ ਸੰਤ ਸਦੀਵਾ। ਵਰਤਤਿ ਹੈਂ ਨਿਜ ਮਨ ਕਰਿ ਨੀਵਾ॥੨੨॥

ਹੇ ਰਾਜਨ! ਕਾਮ, ਕ੍ਰੋਧ ਅਤੇ ਖਾਣ ਪੀਣ, ਤੁਸੀਂ ਕੇਵਲ ਇਕ ਦਿਨ ਨਹੀਂ ਕਰਦੇ। ਪਰ ਸੰਤ ਲੋਕ ਸਦਾ ਹੀ ਸੰਜਮ ਵਿਚ ਰਹਿੰਦੇ ਹਨ ਅਤੇ ਇਸ ਦੁਨੀਆਂ ਵਿਚ ਮਨ ਨੀਵਾਂ ਰੱਖ ਕੇ ਵਰਤਾਰਾ ਕਰਦੇ ਹਨ॥ ੨੨॥

ਥੋਰੋ ਖਾਨ, ਸੈਨ ਪੁਨਿ ਥੋਰਾ। ਤਿਨ ਪਰ ਕਾਮ ਨ ਕ੍ਰੋਧ ਨ ਜੋਰਾ।
ਦਿਵਸ ਪੰਦ੍ਰਵੇਂ ਜਗ ਮੈਂ ਆਵੈ। ਬ੍ਰਤ ਇਕਾਦਸ਼ੀ ਜੋ ਕਹਿਲਾਵੈ॥੨੩॥

ਥੋੜਾ ਖਾਣ ਅਤੇ ਥੋੜਾ ਸੌਣ ਵਾਲਿਆਂ ਤੇ ਕਾਮ ਕ੍ਰੋਧ ਬਲ ਨਹੀਂ ਕਰਦਾ। ਜੱਗ ਵਿਚ ਪੰਦਰਵੇਂ ਦਿਨ ਉਹ ਦਿਨ ਆਉਂਦਾ ਹੈ ਜਿਹੜਾ ਵਰਤ ਇਕਾਦਸ਼ੀ ਕਹਾਉਂਦਾ ਹੈ॥ ੨੩॥

ਦੋਹਰਾ- ਸੋ ਇਕਾਦਸ਼ੀ ਸਦਾ ਹੀ ਸੰਤਨ ਕੇ ਮਨ ਮਾਂਹਿ।
ਜੋ ਤੂੰ ਭਾਖਤਿ ਬ੍ਰੱਤ ਕੋ ਗਤਿ ਐਸੀ ਲਖਿ ਤਾਂਹਿ॥ ੨੪॥

ਇਕਾਦਸ਼ੀ ਵਰਤ ਸਦਾ ਹੀ ਸੰਤਾਂ ਦੇ ਮਨ ਵਿਚ ਰਹਿੰਦਾ ਹੈ। ਜੋ ਤੁਸੀਂ ਵਰਤ ਬਾਰੇ ਕਹਿੰਦੇ ਹੋ, ਵਰਤਾਂ ਦੀ ਸਦਾ ਹੀ ਐਸੀ ਗਤੀ ਹੈ॥ ੨੪॥

ਚੌਪਈ- ਪੁਨਿ ਮੱਜਨ ਕੀ ਗਾਥਾ ਸੁਨਿਯੇ। ਨਿਸ਼ਚੇ ਨ੍ਹਾਨ ਅਧਿਕ ਫਲ ਜਾਨਿਯੇ।
ਜਾਮ ਜਾਮਨੀ ਨ੍ਹਾਵਨ ਕਰਿਹੀ। ਕੰਚਨ ਭਾਰ ਦਾਨ ਫਰਫਰਿਹੀ॥੨੫॥

ਫਿਰ ਇਸ਼ਨਾਨ ਦੀ ਕਹਾਣੀ ਸੁਣੋ। ਜਿਹੜਾ ਵਿਅਕਤੀ ਨਿਸ਼ਚੇ ਨਾਲ ਇਸ਼ਨਾਨ ਕਰਦਾ ਹੈ ਉਹ ਜ਼ਿਆਦਾ ਫਲ ਪਾਉਂਦਾ ਹੈ, ਜਿਹੜਾ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ ਉਹ ਸੋਨਾ ਦਾਨ ਕਰਨ ਦਾ ਫਲ ਪਾਉਂਦਾ ਹੈ॥ ੨੫॥

ਚਤੁਰ ਘਟੀ ਨਿਸ ਤੇ ਜੋ ਨ੍ਹਾਵੈ। ਤਿਨੋ ਦਾਨ ਰਜਤ ਫਲ ਪਾਵੈ।

ਘਟੀ ਰੈਨ ਤੇ ਕਰਹਿ ਸ਼ਨਾਨਾ। ਫਲ ਹ੍ਵੈ ਖੀਰ ਸਵਾਮਨ ਦਾਨਾ॥੨੬॥

ਜਿਹੜਾ ਚਾਰ ਘੜੀ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ ਉਹ ਚਾਂਦੀ ਦਾਨ ਕਰਨ ਦਾ ਫਲ ਪਾਉਂਦਾ ਹੈ। ਇਕ ਘੜੀ ਰਾਤ ਰਹਿੰਦੀਆਂ ਜਿਹੜਾ ਇਸ਼ਨਾਨ ਕਰਦਾ ਹੈ ਉਹ ਸਵਾ ਮਣ ਦੁੱਧ ਦਾਨ ਕਰਨ ਦਾ ਫਲ ਪਾਉਂਦਾ ਹੈ॥ ੨੬॥

ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ। ਮਨ ਜਲ ਦਾਨ ਕਰਜੇ ਫਲ ਪਾਵੈ।
ਦਿਵਸ ਚਰੇ ਤੇ ਨਾਵਹਿ ਜੋਊ। ਤਾਂਕੋ ਹ੍ਵੈ ਨ ਪੁੰਨ ਫਲ ਕੋਊ॥੨੭॥

ਜੋ ਸਵੇਰੇ ਸਵੱਖਤੇ ਉੱਠ ਕੇ ਨਹਾਉਂਦਾ ਹੈ, ਇਕ ਮਣ ਜਲ ਦਾਨ ਕਰਨ ਦਾ ਫਲ ਪਾਉਂਦਾ ਹੈ। ਜਿਹੜਾ ਦਿਨ ਚੜ੍ਹੇ ਤੇ ਨਹਾਉਣ ਜਾਂਦਾ ਹੈ, ਉਨ੍ਹਾਂ ਨੂੰ ਕੋਈ ਵੀ ਪੁੰਨ ਫਲ ਪ੍ਰਾਪਤ ਨਹੀ ਹੁੰਦਾ॥ ੨੭॥

ਫਲ ਏਤੋ ਹੀ ਦੇਹਿ ਪੁਨੀਤਾ, ਨਿਸ ਤੇ ਨ੍ਹਾਵਨ ਆਦੀ ਰੀਤਾ।
ਨਿਗਮਾਗਮ ਕੀ ਅਹੈ ਨਿਦੇਸ਼ਾ। ਨਹਿ ਕਛੁ ਮੇਰੇ ਵਾਕ ਨਰੇਸ਼ਾ!॥੨੮॥

ਵੱਡਾ ਫਲ ਇਹੋ ਹੈ ਕਿ ਦੇਹ ਪਵਿੱਤਰ ਹੋ ਜਾਂਦੀ ਹੈ। ਰਾਤ ਨੂੰ ਇਸ਼ਨਾਨ ਕਰਨ ਦੀ ਪੁਰਾਣੀ ਰੀਤ ਹੈ। ਵੇਦ ਸ਼ਾਸਤਰ ਵੀ ਇਹੀ ਆਗਿਆ ਕਰਦੇ ਹਨ। ਹੇ ਰਾਜਨ! ਇਹ ਮੇਰੇ ਵਾਕ ਨਹੀਂ ਹਨ॥ ੨੮॥

ਜੇ ਤੂੰ ਅਸ ਸੰਸੈ ਉਪਜਾਇਸ। ਭਾਨ ਉਗੇ ਤੇ ਮੱਜਨ ਆਇਸ।
ਤਾਂ ਪਰ ਮੇਰੇ ਬਚਨ ਸੁਨੀਜੈ। ਨੀਕੇ ਸੁਮਤਿ ਧਾਰਿ ਮਨ ਲੀਜੈ॥੨੯॥

ਜੇ ਤੂੰ ਅਜੇਹੇ ਸ਼ੰਕੇ ਉਤਪੰਨ ਕਰੇਂਗਾ ਅਤੇ ਲੋਕਾਂ ਨੂੰ ਹੁਕਮ ਕਰੇਂਗਾ ਕਿ ਉਹ ਸੂਰਜ ਚੜ੍ਹਨ ਤੇ ਹੀ ਇਸ਼ਨਾਨ ਕਰਨ ਤਾਂ ਮੇਰੀ ਵੀ ਇਕ ਗੱਲ ਸੁਣ ਲਵੇਂ। ਚੰਗੀ ਬੁੱਧੀ ਧਾਰ ਕੇ ਇਹ ਗੱਲ ਮੰਨ ਲਵੇਂ॥ ੨੯॥

ਦੋਹਰਾ- ਕਿਤਕ ਦਿਨਨ ਤੈ ਪਰਵ੍ਰਿਤੀ ਕਰਮ ਕਾਂਡ ਕੀ ਰੀਤਿ।
ਕਰਹਿ ਨ੍ਹਾਨ ਰਵਿ ਉਦੈ ਤੇ ਅਸ ਬਿਧਿ ਸਮਝਹੁ ਚੀਤ॥ ੩੦॥

ਕਾਫੀ ਸਮੇਂ ਤੋਂ ਕਰਮ-ਕਾਂਡ ਦੀ ਰੀਤੀ ਪ੍ਰਚੱਲਿਤ ਹੈ। ਜਿਹੜਾ ਸੂਰਜ ਚੜ੍ਹਨ ਦੇ ਬਾਅਦ ਇਸ਼ਨਾਨ ਕਰਦਾ ਹੈ ਤਾਂ ਉਸ ਨੂੰ ਆਪਣੇ ਚਿਤ ਵਿਚ ਇਸ ਤਰ੍ਹਾਂ ਸਮਝੇ॥ ੩੦॥

ਚੌਪਈ- ਜਾਮ ਜਾਮਨੀ ਮੱਜਨ ਕਰਿਕੈ। ਸਿਮਰਹਿ ਨਾਮ ਪ੍ਰੇਮ ਉਰ ਧਰਿਕੈ।
ਮਹਿਮਾ ਜਾਗਨ ਪਿਛਲੀ ਰੈਨਾ। ਨਿਗਮਾਗਮ ਭਾਖਤਿ ਕਹਿ ਬੈਨਾ॥੩੧॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਕੇ, ਪ੍ਰਭੂ ਦਾ ਨਾਮ ਹਿਰਦੇ ਵਿਚ ਸਿਮਰਨ ਕਰੇ, ਪਿਛਲੀ-ਰਾਤ ਜਾਗਣ ਦੀ ਬੜੀ ਮਹਿਮਾ ਹੈ। ਵੇਦ ਸ਼ਾਸਤਰ ਵੀ ਇਹੀ ਬਚਨ ਕਰਦੇ ਹਨ॥ ੩੧॥

ਪੁਨ ਪਾਹਨ ਪੂਜਨ ਪਰਕਾਰਾ। ਸੋ ਮੈਂ ਕਹੌਂ ਸੁਨਹੁ ਨਿਰਧਾਰਾ।
ਖਾਤ ਨ ਪੀਤ ਨ ਦੇ ਉਪਦੇਸ਼ਾ। ਤਾਂਹਿ ਸੇਵ ਮੈਂ ਕਯਾ ਫਲ ਲੇਸਾ॥੩੨॥

ਜਿਹੜੇ ਪੱਥਰਾਂ ਦੀ ਕਈ ਪ੍ਰਕਾਰ ਪੂਜਾ ਕਰਦੇ ਹਨ, ਉਸ ਬਾਰੇ ਵੀ ਮੈਂ ਦੱਸਦਾ ਹਾਂ, ਨਿਰਣੇ ਕਰਕੇ ਸੁਣੋ। ਪੱਥਰ ਨਾ ਕੁਝ ਖਾਂਦੇ ਹਨ, ਨਾ ਪੀਂਦੇ ਹਨ ਅਤੇ ਨਾ ਹੀ ਕੋਈ ਉਪਦੇਸ਼ ਦਿੰਦੇ ਹਨ। ਉਨ੍ਹਾਂ ਦੀ ਪੂਜਾ ਕਰਕੇ ਮੈਨੂੰ ਕਿਹੜਾ ਫਲ ਮਿਲੇਗਾ॥ ੩੨॥

ਸਤਿਗੁਰ ਪੂਰਨ ਪਰਮ ਕ੍ਰਿਪਾਲਾ। ਤਿਨਹਿੰ ਸੇਵ ਫਲ ਲੇਉ ਬਿਸਾਲਾ।
ਜਗਤ ਉਧਾਰਨ ਹਿਤ ਤਨ ਧਾਰਾ। ਕਲਿ ਕੇ ਕਾਲ ਵਿਖੈ ਅਵਤਾਰਾ॥੩੩॥

ਸਤਿਗੁਰੂ ਪੂਰਨ ਅਤੇ ਪਰਮ ਕਿਰਪਾਲੂ ਹੈ, ਉਨ੍ਹਾਂ ਦੀ ਸੇਵਾ ਕਰਕੇ ਮੈਂ ਵਿਸ਼ਾਲ ਫਲ ਪ੍ਰਾਪਤ ਕਰਾਂਗਾ। ਜਗਤ ਦਾ ਉਧਾਰ ਕਰਨ ਹਿਤ ਪ੍ਰਭੂ ਨੇ ਸਰੀਰ ਧਾਰਿਆ ਹੈ। ਕਲਿਜੁਗ ਦੇ ਸਮੇਂ ਉਨ੍ਹਾਂ ਅਵਤਾਰ ਧਾਰਿਆ ਹੈ॥ ੩੩॥

ਬਚਨ ਸੁ ਜਿਨ ਕੇ ਭਾਨੁ ਸਮਾਨਾ। ਤਮ ਅਗਯਾਨ ਕੀਨ ਹਮ ਹਾਨਾ।
ਮਗ ਬਿਹੰਗ ਕੋ ਜਿਨਹਿਂ ਬਤਾਵਾ। ਫਲ ਕੇ ਨਿਕਟਿ ਜਾਇ ਸੁਖ ਪਾਵਾ॥੩੪॥

ਉਨ੍ਹਾਂ ਦੇ ਬਚਨ ਸੂਰਜ ਵਾਂਗ ਹਨ, ਜਿਨ੍ਹਾਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ ਹੈ। ਪੰਛੀ ਦੀ ਉਡਾਨ ਵਾਲਾ ਰਾਹ ਉਨ੍ਹਾਂ ਦੱਸਿਆ ਹੈ, ਜਿਸ ਕਾਰਨ ਝੱਟ ਹੀ ਫਲ ਦੇ ਨੇੜੇ ਪਹੁੰਚ ਕੇ ਸੁਖ ਪ੍ਰਾਪਤ ਹੋ ਜਾਂਦਾ ਹੈ॥ ੩੪॥

ਹਉਮੈਂ ਸੰਗ ਕਰਨ ਸਭਿ ਕਰਮਾਂ। ਜਪ ਤਪ ਬ੍ਰਤ ਆਦਿਕ ਜੇ ਧਰਮਾ।
ਸੋ ਕੀਟੀ ਮਗ ਜਾਨਹੁ ਐਸੇ। ਬਰਨ ਸੁਨਾਵਤਿ ਹੌਂ ਤੁਝ ਜੈਸੇ॥੩੫॥

ਹਉਮੈਂ ਵਿਚ ਸਾਰੇ ਕਰਮ ਕਰਦੇ ਹਨ, ਜਿਨ੍ਹਾਂ ਦਾ ਜਪ, ਤਪ, ਬ੍ਰਤ ਆਦਿ ਧਰਮ ਹਨ। ਇਨ੍ਹਾਂ ਲੋਕਾਂ ਦਾ ਰਾਹ ਕੀੜੀ ਰਾਹ ਜਾਣੋ, ਇਹ ਵੀ ਤੁਹਾਨੂੰ ਬਿਆਨ ਕਰਕੇ ਸੁਣਾਉਂਦਾ ਹਾਂ॥ ੩੫॥

ਕੇਤੇ ਜਨਮ ਕਰਮ ਸੁਭ ਕਰਿਹੀਂ। ਅੰਤਹਕਰਣ ਮੈਲ ਪੁਨਿ ਹਰਿਹੀਂ।
ਮਿਲਹਿ ਗੁਰੂ ਤਬ ਦੇ ਉਪਦੇਸ਼ਾ। ਮੋਚਹਿ ਬੰਧਨ ਜਗਤ ਕਲੇਸ਼ਾ॥੩੬॥

ਕਿੰਨੇ ਵੀ ਜਨਮ ਕਰਮ ਸ਼ੁਭ ਕਰ ਲੈਣ, ਅੰਤਹਕਰਨ ਮੈਲ ਵਿਚ ਹੀ ਖੋ ਜਾਂਦੇ ਹਨ। ਜੇ ਤੁਸੀਂ ਗੁਰੂ ਜੀ ਨੂੰ ਮਿਲੋ ਤਾਂ ਉਹ ਤੁਹਾਨੂੰ ਉਪਦੇਸ਼ ਦੇਣਗੇ ਤੇ ਤੁਹਾਡੇ ਜਗਤ ਕਲੇਸ਼ ਦੇ ਬੰਧਨ ਮਿਟ ਜਾਣਗੇ॥ ੩੬॥

ਅਸ ਪ੍ਰਕਾਰ ਪਹੁੰਚਹਿ ਤਹਿਂ ਜਾਈ। ਫਲ ਰੂਪੀ ਜੋ ਮੁਕਤਿ ਸੁਨਾਈ'।
ਹਉ ਮੈਂ ਤਜਿਨੇ ਕੀ ਬਹੁ ਗਾਥਾ। ਉਚਰੀ ਮਨਸੁਖ ਨ੍ਰਿਪ ਕੇ ਸਾਥਾ॥੩੭॥

ਇਸ ਪ੍ਰਕਾਰ ਉਨ੍ਹਾਂ ਪਾਸ ਪਹੁੰਚ ਕਰੋ, ਤਾਂਕਿ ਫਲ ਰੂਪ ਮੁਕਤੀ ਦੀ ਪ੍ਰਾਪਤੀ ਹੋ ਸਕੇ।" ਹਉਮੈਂ ਛੱਡਣ ਦੀ ਗਾਥਾ ਫਿਰ ਮਨਸੁਖ ਨੇ ਰਾਜੇ ਨੂੰ ਸੁਣਾਈ॥ ੩੭॥

ਕਹੀ ਸ਼ਾਹੁ ਕੀ ਬਾਨੀ ਜੋਈ। ਸਗਰੋ ਮਰਮ ਭੇਦਗੀ ਸੋਈ।
ਕਸੀ ਤੁਫੰਗ ਮਾਰਿਯੇ ਜੈਸੇ॥ ਘਾਇਲ ਭਯੋ ਭੁਵਾਲੂ ਤੈਸੇ॥ ੩੮॥

ਮਨਸੁਖ ਦੇ ਕਹੇ ਹੋਏ ਬਚਨ ਰਾਜੇ ਦੇ ਮਨ ਨੂੰ ਵਿੰਨ੍ਹ ਗਏ। ਜਿਵੇਂ ਕਿਸੇ ਨੇ ਬੰਦੂਕ ਦੀ ਗੋਲੀ ਮਾਰੀ ਹੋਵੇ, ਰਾਜਾ ਇਸ ਤਰ੍ਹਾਂ ਜ਼ਖਮੀ ਹੋ ਗਿਆ॥ ੩੮॥

ਛੂਛੀ ਤੁਪਕ ਘਾਉ ਨਹਿਂ ਕਰਿਈ। ਬਿਨਾ ਕਮਾਇ ਸੁ ਐਸ ਉਚਰਈ।
ਗਾਡੀ ਭਰੀ ਚਲੈ ਜਿਹ ਥਾਂਈ। ਤੋਰਤਿ ਧਰਨੀ ਕੋ ਸੋ ਜਾਈ॥ ੩੯॥

ਖਾਲੀ ਬੰਦੂਕ ਜ਼ਖਮੀ ਨਹੀਂ ਕਰਦੀ। ਕਮਾਈ ਬਗੈਰ ਉਚਾਰਨਾ ਐਸਾ ਹੈ। ਭਰੀ ਹੋਈ ਗੱਡੀ ਜਿਸ ਥਾਂ ਤੋਂ ਦੀ ਲੰਘਦੀ ਹੈ, ਉਹ ਧਰਤੀ ਨੂੰ ਤੋੜਦੀ ਜਾਂਦੀ ਹੈ॥ ੩੯॥

ਛੂਛੀ ਜਾਇ ਊਪਰੇ ਪੋਲੀ। ਤਿਉਂ ਮਨਸੁਖ ਕੀ ਜਾਨਹੁ ਬੋਲੀ।
ਗੁਰਮੁਖਿ ਮਨਸੁਖ ਕੀ ਸੁਭ ਬਾਨੀ। ਨੀਕੇ ਨ੍ਰਿਪ ਕੇ ਮਨ ਮੈਂ ਮਾਨੀ॥੪੦॥

ਜੇ ਗੱਡੀ ਖਾਲੀ ਜਾਏ ਤਾਂ ਧਰਤੀ ਨੂੰ ਕੇਵਲ ਉਪਰ ਤੋਂ ਪੋਲੀ ਕਰਦੀ ਹੈ, ਮਨਸੁਖ ਦੀ ਮਾਨੋ ਇਸ ਤਰ੍ਹਾਂ ਦੀ ਬੋਲੀ ਸੀ। ਗੁਰਮੁਖ ਮਨਸੁਖ ਦੀ ਸ਼ੁਭ ਬਾਣੀ ਭਲੇ ਰਾਜੇ ਨੇ ਆਪਣੇ ਮਨ ਵਿਚ ਮੰਨ ਲਈ॥ ੪੦॥

ਸੁਨਿ ਬਚ ਹ੍ਵੈ ਸ਼ਿਵਨਾਭ ਅਚੰਭਾ। ਜਾਨੀ ਮਨ-ਇਹ ਕਹਿਤਿ ਅਦੰਭਾ।
ਇਸਕੋ ਮਿਲਯੋ ਗੁਰੂ ਕੋ ਪੂਰਾ॥ਪਾਯੋ ਗ੍ਯਾਨ ਕਿਯੋ ਭ੍ਰਮ ਦੂਰਾ॥੪੧॥

ਬਚਨ ਸੁਣ ਕੇ ਸ਼ਿਵਨਾਭ ਹੈਰਾਨ ਹੋ ਗਿਆ, ਮਨ ਵਿਚ ਜਾਣ ਲਈ ਤੇ ਇਹ ਕਿਹਾ, "ਇਹ ਬਿਲਕੁਲ ਸੱਚ ਹੈ।" ਇਸ ਨੂੰ ਕੋਈ ਪੂਰਾ ਗੁਰੂ ਮਿਲਿਆ ਹੈ, ਇਸ ਨੇ ਗਿਆਨ ਪਾ ਲਿਆ ਹੈ ਅਤੇ ਇਸ ਦੇ ਸਾਰੇ ਭਰਮ ਦੂਰ ਹੋ ਗਏ ਹਨ॥ ੪੧॥

ਅਸ ਵਿਚਾਰ ਕਰਿ ਬੋਲਯੋ ਬਾਨੀ। 'ਧੰਨ ਸ਼ਾਹੁ ਸੁਮਤੇ ਗੁਨ ਖਾਨੀ!।
ਕੌਨ ਗੁਰੂ ਤਵ ਨਾਮ ਅਲਾਵਹੁ?। ਤਿਨ ਕੀ ਬਾਨੀ ਬਹੁਰ ਸੁਨਾਵਹੁ ॥੪੨॥

ਇਸ ਤਰ੍ਹਾਂ ਵਿਚਾਰ ਕਰਕੇ ਰਾਜੇ ਨੇ ਕਿਹਾ, "ਸ਼ਾਹ ਜੀ ਤੁਸੀਂ ਧੰਨ ਹੋ, ਤੁਸੀਂ ਬੁੱਧੀ ਵਾਲੇ ਅਤੇ ਗੁਣਾਂ ਦੀ ਖਾਣ ਹੋ। ਤੁਹਾਡਾ ਗੁਰੂ ਕੌਣ ਹੈ ਉਸਦਾ ਨਾਂ ਦੱਸੋ? ਉਨ੍ਹਾਂ ਦੀ ਫਿਰ ਸਾਨੂੰ ਬਾਣੀ ਸੁਣਾਓ॥ ੪੨॥

ਜਿਹ ਕੈ ਨਿਕਟਿ ਬਿਬੇਕਹਿ ਪਾਵਾ। ਕੋ ਅਸ ਕਲਿ ਮਹਿਂ ਜਗ ਪ੍ਰਗਟਾਵਾ?'।
ਸੁਨਿ ਨਰੇਸ਼ ਕੇ ਮਨਸੁਖ ਬੈਨਾ। ਕਹਯੋ ਨਾਮ ਸ੍ਰੀ ਗੁਰ ਗੁਨ ਐਨਾ ॥੪੩॥

ਜਿਸ ਪਾਸੋਂ ਇਹ ਗਿਆਨ ਪਾਇਆ ਹੈ, ਉਹ ਕਲਿਜੁਗ ਵਿਚ ਕਿਥੇ ਪ੍ਰਗਟਿਆ ਹੈ?" ਰਾਜੇ ਦੀ ਗੱਲ ਸੁਣ ਕੇ, ਮਨਸੁਖ ਬੋਲਿਆ ਅਤੇ ਸ੍ਰੀ ਗੁਰੂ ਗੁਣਾਂ ਦੇ ਭੰਡਾਰ ਦਾ ਨਾਂ ਦੱਸਿਆ॥ ੪੩॥

'ਸ੍ਰੀ ਨਾਨਕ ਸਭਿ ਪਾਤਿਕ ਹਾਰੀ'। ਅਸ ਕਹਿ ਪ੍ਰੇਮ ਬਢਯੋ ਉਰ ਭਾਰੀ।
ਗਦ ਗਦ ਬਾਨੀ ਪੁਲਕੇ ਅੰਗਾ। ਲੋਚਨ ਛਾਵਾ ਨੀਰ ਉਮੰਗਾ ॥੪੪॥

"ਸ੍ਰੀ ਨਾਨਕ ਸਭ ਪਾਪਾਂ ਦਾ ਨਾਸ਼ ਕਰਨ ਵਾਲੇ ਹਨ।" ਇਸ ਤਰ੍ਹਾਂ ਕਹਿ ਕੇ ਹਿਰਦੇ ਵਿਚ ਬਹੁਤ ਪ੍ਰੇਮ ਵਧਿਆ। ਗਦਗਦ ਹੋ ਕੇ ਉਸ ਦਾ ਅੰਗ-ਅੰਗ ਫੜਕ ਉਠਿਆ ਅਤੇ ਅੱਖਾਂ ਵਿਚ ਉਤਸ਼ਾਹ ਭਰ ਜਾਣ ਕਰਕੇ ਨੀਰ ਵਹਿ ਤੁਰਿਆ॥ ੪੪॥

ਕਿਤਕ ਕਾਲ ਮਹਿਂ ਧਰਿ ਕਰਿ ਧੀਰਾ। ਗੁਰਬਾਨੀ ਪਢਿ ਗੁਨੀ ਗਹੀਰਾ।
ਪਰਮ ਪ੍ਰੇਮ ਭੂਪਤਿ ਉਪਜਾਵਾ। ਦਰਸ਼ਨ ਕਰਨ ਹੇਤ ਉਮਗਾਵਾ ॥੪੫॥

ਕੁਝ ਸਮਾਂ ਧੀਰਜ ਧਾਰਨ ਕਰਕੇ ਫਿਰ ਉਸ ਨੇ ਗੁਰੂ ਜੀ ਦੀ ਗੁਰਬਾਣੀ ਪੜ੍ਹੀ। ਗੁਰਬਾਣੀ ਸੁਣ ਕੇ ਰਾਜੇ ਵਿਚ ਪਰਮ ਪ੍ਰੇਮ ਉਪਜਿਆ। ਦਰਸ਼ਨ ਕਰਨ ਦੀ ਉਸ ਵਿਚ ਚਾਹ ਪੈਦਾ ਹੋਈ॥ ੪੫॥

ਸੁਨਿ ਸ੍ਰੀ ਗੁਰੁ ਕੇ ਬਚਨ ਅਨੂਪਾ। ਮਨਸੁਖ ਸੋਂ ਬੋਲਯੋ ਤਬ ਭੂਪਾ।
'ਮੁਝ ਕੋ ਦਰਸ਼ਨ ਦੇਹੁ ਕਰਾਈ। ਕਰਿ ਉਪਕਾਰ ਦੀਨ ਕੀ ਨਯਾਈ ॥੪੬॥

ਗੁਰੂ ਜੀ ਦੇ ਅਨੂਪਮ ਬਚਨ ਸੁਣ ਕੇ ਰਾਜੇ ਨੇ ਫਿਰ ਮਨਸੁਖ ਨੂੰ ਕਿਹਾ, "ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਵੋ, ਮੈਨੂੰ ਗਰੀਬ ਮੰਨ ਕੇ ਮੇਰੇ ਤੇ ਇਹ ਉਪਕਾਰ ਕਰੋ॥ ੪੬॥

ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ। ਮਿਲਹਿਂ, ਉਪਾਇ ਕਰਹੁ ਸੋ ਤੂਰਨ।
ਗਵਨੋਂ ਮੈਂ ਅਬ ਤੁਮਰੇ ਸੰਗਾ। ਤਜਿ ਕਰਿ ਦੇਸ਼ ਰਾਜ ਸਰਬੰਗਾ ॥੪੭॥

ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ ਹਨ, ਉਨ੍ਹਾਂ ਨਾਲ ਮੇਲ ਕਰਵਾਉਣ ਲਈ ਤੁਰਤ ਕੋਈ ਉਪਾਅ ਕਰੋ। ਮੈਂ ਹੁਣ ਤੁਹਾਡੇ ਨਾਲ ਹੀ ਚਲਦਾ ਹਾਂ, ਦੇਸ਼ ਰਾਜ ਸਭ ਛੱਡ ਜਾਂਦਾ ਹਾਂ॥ ੪੭॥

ਕਰਿ ਕੈ ਦਰਸ਼ਨ ਭਰਮ ਮਿਟਾਵੋਂ। ਲੇ ਉਪਦੇਸ਼ ਪਰਮਪਦ ਪਾਵੋਂ।
ਜਿਨਕੇ ਬਚਨ ਚੁਭੇ ਮਨ ਮੇਰੇ। ਸ਼ਾਂਤਿ ਨ ਆਵਤਿ ਬਿਨ ਅਬ ਹੇਰੇ ॥੪੮॥

ਉਨ੍ਹਾਂ ਦੇ ਦਰਸ਼ਨ ਕਰਕੇ ਸਾਰੇ ਭਰਮ ਮਿਟਾਵਾਂਗਾ ਅਤੇ ਉਪਦੇਸ਼ ਲੈ ਕੇ ਪਰਮਪਦ ਪਾਵਾਂਗਾ। ਜਿਨ੍ਹਾਂ ਦੇ ਬਚਨ ਮੇਰੇ ਮਨ ਵਿਚ ਚੁਭੇ ਹਨ, ਹੁਣ ਉਨ੍ਹਾਂ ਦੇ ਦਰਸ਼ਨ ਕੀਤੇ ਬਗੈਰ ਚੈਨ ਨਹੀਂ ਆਉਣਾ॥ ੪੮॥

ਬਨਜ ਨਿਕਟ ਹੈ ਤੁਮਰੇ ਜੇਤੋ। ਸੌਦਾ ਕਰਹੁ ਸਦਨ ਮਮ ਤੇਤੋ।
ਗਮਨਹੁ ਪੁਨ,ਨਹਿਂ ਬਿਲਮ ਲਗਾਵਹੁ। ਜਹਿਂ ਸ੍ਰੀ ਨਾਨਕ ਤਹਾਂ ਪੁਚਾਵਹੁ ॥੪੯॥

ਜਿੰਨਾ ਵੀ ਵਣਜ ਤੇਰੇ ਪਾਸ ਹੈ, ਉਸ ਦਾ ਮੈਂ ਤੇਰੇ ਨਾਲ ਸੌਦਾ ਕਰਕੇ ਖਰੀਦ ਲੈਂਦਾ ਹਾਂ। ਫਿਰ ਚਲੀਏ, ਹੁਣ ਦੇਰ ਨਾ ਕਰੋ, ਜਿਥੇ ਗੁਰੂ ਨਾਨਕ ਜੀ ਹਨ, ਓਥੇ ਪਹੁੰਚਾਵੋ"॥ ੪੯॥

ਜਗਯੋ ਪ੍ਰੇਮ ਭੂਪਤਿ ਵਡਭਾਗੀ। ਪਿਖ ਮਨਸੁਖ ਬੋਲਯੋ ਅਨੁਰਾਗੀ।
'ਅਸ ਪ੍ਰਕਾਰ ਨਹਿਂ ਕਰਹੁ ਰਜਾਨਾ !। ਤਜਿ ਕਰਿ ਦੇਸ਼ ਨ ਬਨਹਿ ਪਯਾਨਾ ॥੫੦॥

ਵਡਭਾਗੀ ਰਾਜੇ ਵਿਚ ਬੜਾ ਪ੍ਰੇਮ ਜਾਗਿਆ। ਇਹ ਵੇਖ ਕੇ ਮਨਸੁਖ ਬੜੇ ਪ੍ਰੇਮ ਨਾਲ ਬੋਲਿਆ, "ਹੇ ਰਾਜਨ! ਇਸ ਪ੍ਰਕਾਰ ਨਾ ਕਰੋ, ਦੇਸ਼ ਛੱਡ ਕੇ ਨਾ ਜਾਓ॥ ੫੦॥

ਜੇ ਤੁਮ ਚਲਹੁ ਸੰਗ ਤਿਹ ਦੇਸ਼ਾ। ਬਹੁ ਦਿਨ ਮਹਿ ਦਰਸਹਿ ਜਗਤੇਸ਼ਾ।
ਇਹਾਂ ਪ੍ਰੇਮ ਕਰਿ ਚਿਤ ਵਹਿਂ ਮਨ ਮੈਂ। ਦਰਸ਼ਨ ਦੇਖਹਿਂ ਥੋਰਨ ਦਿਨ ਮੈਂ ॥੫੧॥

ਜੇ ਤੁਸੀ ਮੇਰੇ ਨਾਲ ਉਸ ਦੇਸ਼ ਚਲੋਗੇ ਤਾਂ ਜਗਤ ਦੇ ਸਵਾਮੀ ਭਾਵ ਗੁਰੂ ਜੀ ਦੇ ਦਰਸ਼ਨ ਕਰਨ ਵਿਚ ਬਹੁਤ ਦਿਨ ਲੱਗ ਜਾਣਗੇ। ਏਥੇ ਹੀ ਪ੍ਰੇਮ ਕਰਕੇ ਜੇ ਤੁਸੀਂ ਮਨ ਵਿਚ ਚਿਤਵੋਗੇ ਤਾਂ ਥੋੜੇ ਦਿਨਾਂ ਵਿਚ ਦਰਸ਼ਨ ਹੋ ਜਾਣਗੇ॥ ੫੧॥

ਸ੍ਰੀ ਨਾਨਕ ਜੀ ਅੰਤਰਜਾਮੀ। ਸਰਬ ਥਾਨ ਗਯਾਤਾ ਜਗ ਸ੍ਵਾਮੀ।
ਪੂਰਨ ਪ੍ਰੇਮ ਦੇਖ ਕਰਿ ਤੇਰਾ। ਦਰਸ਼ਨ ਦੇਹਿਂ ਆਇ ਬਿਨ ਦੇਰਾ ॥੫੨॥

ਗੁਰੂ ਨਾਨਕ ਜੀ ਅੰਤਰਜਾਮੀ ਹਨ, ਜੱਗ ਦੇ ਸਵਾਮੀ ਨੂੰ ਸਭ ਥਾਵਾਂ ਦਾ ਗਿਆਨ ਹੈ। ਤੁਹਾਡਾ ਪੂਰਨ ਪਿਆਰ ਵੇਖ ਕੇ ਕਿਸ ਦੇਰੀ ਤੋਂ ਬਗੈਰ ਤੁਹਾਨੂੰ ਦਰਸ਼ਨ ਦੇਣਗੇ'॥ ੫੨॥

ਕਹਿਤਿ ਨ੍ਰਿਪਤ 'ਪਰਖੋਂ ਕਿਸ ਭਾਂਤੀ ? ਮੁਝੇ ਬਤਾਵਹੁ ਗੋਤ ਸੁਜਾਤੀ।
ਕਿਸ ਪ੍ਰਕਾਰ ਕੋ ਭੇਖ ਸਰੀਰਾ। ਕੌਨ ਨਗਰ ਗਹਿਂ ਗੁਨੀ ਗਹੀਰਾ ॥੫੩॥

ਰਾਜਾ ਕਹਿਣ ਲੱਗਾ, "ਮੈਂ ਉਨ੍ਹਾਂ ਬਾਰੇ ਕਿਵੇਂ ਸਮਝਾਂ? ਮੈਨੂੰ ਇਹ ਦੱਸੋ ਉਨ੍ਹਾਂ ਦੀ ਕਿਹੜੀ ਗੋਤ ਹੈ ਅਤੇ ਕਿਹੜੀ ਸ੍ਰੇਸ਼ਟ ਜਾਤੀ ਹੈ, ਕਿਸ ਪ੍ਰਕਾਰ ਦਾ ਸਰੀਰ ਤੇ ਭੇਸ ਧਾਰਨ ਕਰਦੇ ਹਨ ਅਤੇ ਉਨ੍ਹਾਂ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਦਾ ਕਿਹੜਾ ਨਗਰ ਹੈ"॥ ੫੩॥

ਸੁਨਿ ਮਨਸੁਖ ਨੈ ਬਚਨ ਉਚਾਰਾ। 'ਤਿਨਕੋ ਪਰਖਨ ਦੁਸ਼ਤਰ ਭਾਰਾ।
ਬੇਦੀ ਬੰਸ ਖੱਤਰੀ ਜਾਤੀ। ਜਨਮ ਪੁਰੀ ਤਲਵੰਡੀ ਖਯਾਤੀ॥ ੫੪॥

ਇਹ ਸੁਣ ਕੇ ਮਨਸੁਖ ਨੇ ਇਹ ਬਚਨ ਕਹੇ, "ਉਨ੍ਹਾਂ ਨੂੰ ਪਰਖਣਾ ਜਾਂ ਸਮਝਣਾ ਬਹੁਤ ਮੁਸ਼ਕਲ ਹੈ। ਬੇਦੀ ਉਨ੍ਹਾਂ ਦੀ ਬੰਸ ਹੈ ਅਤੇ ਖੱਤਰੀ ਜਾਤੀ ਹੈ। ਉਨ੍ਹਾਂ ਦਾ ਜਨਮ ਤਲਵੰਡੀ ਨਗਰ ਵਿਚ ਹੋਇਆ ਹੈ, ਜਿਹੜਾ ਨਗਰ ਬਹੁਤ ਮਸ਼ਹੂਰ ਹੈ॥ ੫੪॥

ਕ੍ਰਿਤਿ ਕਰੀ ਕਛੁ ਪੁਰਿ ਸੁਲਤਾਨਾ। ਅਬ ਤਜਿ ਦੀਨੋ ਮੋਦੀਖਾਨਾ।
ਭੇਖ ਅਤੀਤਨ ਕਾ ਕਰਿ ਬੈਸੇ। ਸਾਂਗ ਕਰਤਿ ਮਾਯਕ ਨਰ ਜੈਸੇ' ॥੫੫॥

ਕੁਝ ਸਮਾਂ ਕਿਰਤ ਸੁਲਤਾਨਪੁਰ ਨਗਰ ਵਿਚ ਕੀਤੀ ਹੈ। ਹੁਣ ਉਨ੍ਹਾਂ ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ ਹੈ, ਹੁਣ ਫਕੀਰਾਂ ਵਾਲਾ ਭੇਸ ਧਾਰਨ ਕਰ ਲਿਆ ਹੈ, ਜਿਵੇਂ ਕਿਸੇ ਛਲੀਏ ਨੇ ਸਾਂਗ ਬਣਾਇਆ ਹੋਵੇ"॥ ੫੫॥

ਇਹ ਸਭਿ ਪਤੇ ਲੀਨਿ ਲਿਖਿ ਭੂਪਾ। ਜਿਹ ਉਰ ਜਾਗਯੋ ਪ੍ਰੇਮ ਅਨੂਪਾ।
ਮਨਸੁਖ ਕੋ ਬੂਝੀ ਗੁਨਖਾਨੀ। ਲਿਖੀ ਮਨੋਹਰ ਸ੍ਰੀ ਗੁਰਬਾਨੀ॥ ੫੬॥

ਇਹ ਸਾਰੀ ਸੂਚਨਾ ਰਾਜੇ ਨੇ ਲਿਖ ਕੇ ਰੱਖ ਲਈ ਅਤੇ ਅਨੂਪਮ ਪ੍ਰੇਮ ਉਸ ਦੇ ਹਿਰਦੇ ਵਿਚ ਜਾਗਿਆ। ਮਨਸੁਖ ਪਾਸੋਂ ਪੁੱਛ ਕੇ ਗੁਰੂ ਨਾਨਕ ਜੀ ਦੀ ਮਨੋਹਰ ਗੁਰਬਾਣੀ ਲਿਖ ਲਈ॥ ੫੬॥

ਰਹਯੋ ਜਿਤੇ ਦਿਨ ਨਗਰ ਮਝਾਰਾ। ਨਿਤ ਨਰੇਸ਼ ਕੈ ਜਾਇ ਅਗਾਰਾ।
ਮਹਿਮਾ ਸ੍ਰੀ ਨਾਨਕ ਕੀ ਭਾਖੈ। ਤਿਉਂ ਤਿਉਂ ਨ੍ਰਿਪ ਕੋ ਮਨ ਅਭਿਲਾਖੈ॥੫੭॥

ਮਨਸੁਖ ਜਿੰਨੇ ਦਿਨ ਉਸ ਨਗਰ ਵਿਚ ਰਿਹਾ, ਨਿਤ ਰਾਜੇ ਸ਼ਿਵਨਾਭ ਪਾਸ ਜਾਂਦਾ ਸੀ। ਜਿਵੇਂ ਜਿਵੇਂ ਉਹ ਗੁਰੂ ਨਾਨਕ ਜੀ ਦੀ ਮਹਿਮਾ ਕਰਦਾ ਸੀ ਤਿਵੇਂ ਤਿਵੇਂ ਰਾਜੇ ਦੇ ਮਨ ਵਿਚ ਦਰਸ਼ਨਾਂ ਦੀ ਅਭਿਲਾਸ਼ਾ ਵਧਦੀ ਸੀ॥ ੫੭॥

ਜਬ ਨਿਜ ਬਨਜ ਸਰਬ ਕਰਿ ਲੀਨਾ। ਗਮਨਯੋ ਨਿਕਟਿ ਭੂਪ ਪਰਬੀਨਾ।
ਬੰਦ ਹਾਥ ਕਹਿ 'ਦੇਹੁ ਨਿਦੇਸ਼ਾ। ਚਲਯੋ ਚਹਤਿ ਹੌਂ ਅਬ ਨਿਜ ਦੇਸ਼ਾ॥੫੮॥

ਜਦ ਸਾਰਾ ਵਣਜ ਵਪਾਰ ਕਰ ਲਿਆ ਤਾਂ ਸਿਆਣੇ ਰਾਜੇ ਦੇ ਪਾਸ ਗਿਆ। ਹੱਥ ਜੋੜ ਕੇ ਇਹ ਸੂਚਨਾ ਦਿੱਤੀ ਕਿ "ਮੈਂ ਹੁਣ ਆਪਣੇ ਦੇਸ਼ ਨੂੰ ਜਾਣਾ ਚਾਹੁੰਦਾ ਹਾਂ"॥ ੫੮॥

ਸੁਨਿ ਭੂਪਤਿ ਨੈ ਕੀਨ ਸਨੇਹਾ। ਜੈਸੇ ਕਰੈ ਜੀਵ ਸੰਗ ਦੇਹਾ।
ਕਹਤਿ ਭਯੋ 'ਉਪਕਾਰ ਸੁ ਤੇਰੋ। ਜੇ ਕਿਰਤਾਰਥ ਹ੍ਵੈ ਤਨ ਮੇਰੋ॥੫੯॥

ਇਹ ਸੁਣ ਕੇ ਰਾਜੇ ਨੇ ਬਹੁਤ ਪਿਆਰ ਕੀਤਾ, ਜਿਵੇਂ ਦੇਹੀ ਆਤਮਾ ਨਾਲ ਮੋਹ ਕਰਦੀ ਹੈ। ਰਾਜੇ ਨੇ ਕਿਹਾ, "ਤੂੰ ਮੇਰੇ ਤੇ ਬੜਾ ਉਪਕਾਰ ਕੀਤਾ ਹੈ ਜੇ ਮੇਰੇ ਸਰੀਰ ਦਾ ਕਿਰਤਾਰਥ ਹੋ ਜਾਵੇ॥ ੫੯॥

ਕਹਿ ਨ ਸਕੌਂ ਮੈਂ ਤੋਰ ਵਡਾਈ। ਜਬੈ ਕ੍ਰਿਪਾਲ ਮਿਲੈ ਮੁਝ ਤਾਂਈ।
ਹੁਤੇ ਨਿਕਟਿ,ਆਵਤਿ ਪਰਚਾਵਤਿ। ਸ੍ਰੀ ਨਾਨਕ ਗੁਨ ਬਰਨ ਸੁਨਾਵਤਿ॥੬੦॥

ਮੈਂ ਤੁਹਾਡੀ ਵਡਿਆਈ ਕਹਿ ਨਹੀਂ ਸਕਦਾ। ਜਦ ਕਿਰਪਾਲੂ ਗੁਰੂ ਨਾਨਕ ਜੀ ਮੈਨੂੰ ਮਿਲ ਜਾਣ। ਜਦੋਂ ਤੂੰ ਨੇੜੇ ਹੁੰਦਾ ਸੀ ਤਾਂ ਮੇਰੇ ਪਾਸ ਆਉਂਦਾ ਸੀ ਅਤੇ ਸ੍ਰੀ ਗੁਰੂ ਨਾਨਕ ਦੀਆਂ ਸਿਫਤਾਂ ਸੁਣਾ ਕੇ ਮੇਰਾ ਮਨ ਪਰਚਾਉਂਦਾ ਸੀ॥ ੬੦॥

ਬਿਨ ਦਰਸ਼ਨ ਮੈਂ ਸਦਾ ਉਦਾਸਾ। ਕਬਹਿ ਆਨ ਪੂਰਹਿਂ ਮਨ ਆਸਾ।
ਮਨਸੁਖ ਧੀਰਜ ਦੀਨ ਬਹੂਤੀ। ਸੁਨਹੁ 'ਨ੍ਰਿਪਤ ! ਤਵ ਮਤਿ ਅਤਿ ਪੂਤੀ॥੬੧॥

ਉਨ੍ਹਾਂ ਦੇ ਦਰਸ਼ਨ ਬਗੈਰ ਮੈਂ ਸਦਾ ਉਦਾਸ ਰਹਾਂਗਾ। ਕਦ ਆ ਕੇ ਮੇਰੇ ਮਨ ਦੀ ਆਸ ਪੂਰੀ ਕਰਨਗੇ।" ਮਨਸੁਖ ਨੇ ਬਹੁਤ ਧੀਰਜ ਦਿੱਤਾ, ਉਸ ਨੇ ਕਿਹਾ, "ਹੇ ਰਾਜਨ ! ਸੁਣੋ ! ਤੁਹਾਡੀ ਬੁੱਧੀ ਅਤਿ ਪਵਿੱਤਰ ਹੈ॥ ੬੧॥

ਦ੍ਰਿੜ ਨਿਸ਼ਚਾ ਰਾਖਹੁ ਮਨ ਮਾਂਹੀ। ਮਿਲਹਿਂ ਕ੍ਰਿਪਾਲ ਦੇਰਿ ਕਛੁ ਨਾਂਹੀ'।
ਅਸ ਕਹਿ ਕਰੀ ਪਰਸਪਰ ਬੰਦਨ। ਗਵਨਯੋ ਸਿਮਰਤ ਬਿਘਨ ਨਿਕੰਦਨ॥੬੨॥

ਆਪਣੇ ਮਨ ਵਿਚ ਦ੍ਰਿੜ੍ਹ ਨਿਸਚਾ ਰਖੋ। ਕਿਰਪਾਲੂ ਗੁਰੂ ਨਾਨਕ ਜੀ ਜ਼ਰੂਰ ਤੁਹਾਨੂੰ ਛੇਤੀ ਹੀ ਮਿਲਣਗੇ, ਇਸ ਵਿਚ ਕੋਈ ਦੇਰ ਨਹੀਂ।" ਇਹ ਕਹਿ ਕੇ ਨਮਸਕਾਰ ਕੀਤੀ ਅਤੇ ਵਿਘਨਾਂ ਦੇ ਨਾਸ਼ ਕਰਨ ਵਾਲੇ ਗੁਰੂ ਨਾਨਕ ਦਾ ਸਿਮਰਨ ਕਰਕੇ ਚਲ ਪਿਆ॥ ੬੨॥

ਉਤ ਭੂਪਤਿ ਕੇ ਮਨ ਲਿਵਲਾਗੀ। ਸਿਮਰਹਿ ਨਿਸ ਬਾਸੁਰ ਵਡਭਾਗੀ।
ਊਠਤਿ ਬੈਠਤਿ ਗਵਨਤਿ ਨਾਮੂ। ਕਹਿ 'ਸ੍ਰੀ ਨਾਨਕ ਨਿਤ ਸੁਖਧਾਮੂ !॥੬੩॥

ਰਾਜੇ ਦੇ ਮਨ ਵਿਚ ਲਿਵ ਲੱਗੀ ਹੋਈ ਸੀ ਅਤੇ ਉਹ ਦਿਨ ਰਾਤ ਗੁਰੂ ਨਾਨਕ ਜੀ ਦਾ ਸਿਮਰਨ ਕਰਦੇ ਸਨ। ਉੱਠਦਿਆਂ, ਬੈਠਦਿਆਂ, ਚਲਦਿਆਂ ਸੁਖਾਂ ਦੇ ਘਰ ਭਾਵ ਗੁਰੂ ਜੀ ਦਾ ਹੀ ਨਾਮ ਲੈਂਦੇ ਸਨ॥ ੬੩॥

ਮੋਰ ਸਮਾਨ ਭਯੋ ਮਨ ਮੋਰਾ। ਕਬਹਿ ਮਿਲਹਿਂ ਹ੍ਵੈ ਕੈ ਘਨਘੋਰਾ।
ਚਿਤ ਚਾਤ੍ਰਿਕ ਕੋ ਪਯਾਸ ਪੁਕਾਰਤਿ। ਚਾਹਤਿ ਸ੍ਵਾਂਤਿ ਦਰਸ ਹਰਿ ਆਰਤਿ ॥੬੪॥

ਕਹਿੰਦੇ ਸਨ ਮੋਰ ਸਮਾਨ ਮੇਰਾ ਮਨ ਹੋ ਗਿਆ ਹੈ, ਕਦ ਮੈਨੂੰ ਬੱਦਲਾਂ ਦੀ ਗਰਜ ਸੁਣਾਈ ਦੇਵੇਗੀ। ਮੇਰਾ ਚਿਤ ਚਾਤ੍ਰਿਕ ਵਾਂਗ ਪਿਆਸਾ ਨਿਤ ਪੁਕਾਰਦਾ ਹੈ ਕਿ ਕਦ ਸਵਾਂਤ ਬੂੰਦ ਰੂਪੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣਗੇ॥ ੬੪॥

ਲੋਚਨ ਭਏ ਚਕੋਰ ਵਿਚਾਰੇ। ਚੰਦ ਬਦਨ ਕਬਿ ਆਨ ਦਿਖਾਰੇਂ।
ਬਿਰਦ ਸੁਨਯੋਂ ਮੈਂ ਦੀਨ ਦਯਾਲਾ। ਯਾਂਤੇ ਆਸਾ ਕਰੌਂ ਬਿਸਾਲਾ ॥੬੫॥

ਮੇਰੇ ਨੈਣ ਚਕੋਰ ਵਾਂਗ ਤਰਸ ਗਏ ਹਨ ਕਿ ਕਦ ਚੰਦ ਵਰਗੇ ਮੁੱਖ ਵਾਲੇ ਆ ਦੀਦਾਰ ਦੇਣਗੇ। ਮੈਂ ਸੁਣਿਆ ਹੈ ਕਿ ਦੀਨ ਦਿਆਲੂ ਆਪਣੀ ਪੈਜ ਰੱਖਦਾ ਹੈ, ਇਸ ਕਰਕੇ ਵਿਸ਼ਾਲ ਆਸ ਲਾਈ ਬੈਠਾ ਹਾਂ'॥ ੬੫॥

ਅਸ ਪ੍ਰਕਾਰ ਭੂਪਤਿ ਅਭਿਲਾਖਾ। ਦਿਨ ਪ੍ਰਤਿ ਬਧਤਿ ਬਿਟਪ ਜਿਉਂ ਸਾਖਾ।
ਰੈਨ ਵਿਖੈ ਨਿੰਦ੍ਰਾ ਜਿਨ ਤਯਾਗੀ, ਦਿਨ ਮੈਂ ਭੂਖ ਪਯਾਸਾ ਭਾਗੀ ॥੬੬॥

ਇਸ ਤਰ੍ਹਾਂ ਰਾਜੇ ਦੀ ਅਭਿਲਾਸ਼ਾ ਦਿਨ ਪ੍ਰਤਿ ਇੰਝ ਵਧਦੀ ਜਾਂਦੀ ਸੀ ਜਿਵੇਂ ਦਰੱਖਤ ਦੀਆਂ ਸ਼ਾਖਾਂ ਵਧਦੀਆਂ ਹਨ। ਰਾਤ ਵੇਲੇ ਜਿਸ ਨੀਂਦ ਤਿਆਗ ਦਿਤੀ ਅਤੇ ਦਿਨ ਵੇਲੇ ਭੁੱਖਾ-ਪਿਆਸਾ ਰਹਿੰਦਾ ਸੀ॥ ੬੬॥

ਪ੍ਰੇਮ ਅਧਾਰ ਜੀਵਨਾ ਜਿਹ ਕੋ। ਲੋਚਨ ਚਲਤਿ ਰਹਤਿ ਜਲ ਤਿਹ ਕੋ।
ਕਿਤਿਕ ਦਿਵਸ ਅਸ ਭਾਂਤਿ ਬਿਤਾਏ। ਜਿਹ ਕੇ ਜਾਗੇ ਭਾਗ ਸੁਹਾਏ ॥੬੭॥

ਜਿਸ ਦਾ ਪ੍ਰੇਮ ਆਧਾਰ ਹੀ ਜੀਵਨ ਹੋਵੇ ਅਤੇ ਨੈਣਾਂ ਵਿਚ ਹਰ ਵੇਲੇ ਜਲ ਵਹਿੰਦਾ ਰਹੇ। ਕਈ ਦਿਨ ਇਸ ਤਰ੍ਹਾਂ ਗੁਜ਼ਾਰੇ। ਜਿਸ ਦੇ ਫਿਰ ਭਾਗ ਜਾਗ ਪਏ॥ ੬੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਨਸੁਖ ਪ੍ਰਸੰਗ' ਬਰਨਨੰ ਨਾਮ ਚੁਤਾਲਿਸਮੋ ਅਧ੍ਯਾਯ॥ ੪੪॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚਤਾਲੀਵਾਂ ਅਧਿਆਇ, ਜਿਸ ਦਾ ਨਾਮ 'ਮਨਸੁਖ ਦਾ ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ' ਹੈ, ਸਮਾਪਤ ਹੋਇਆ॥ ੪੪॥

# ਅਧਿਆਇ ਪੰਜਤਾਲੀਵਾਂ

*ਗੁਰੂ ਜੀ ਦਾ ਤਲਵੰਡੀ ਤੋਂ ਟੁਰਨਾ*

ਦੋਹਰਾ- ਸ੍ਰੀ ਗੁਰੁ ਪਗ ਸੁਰਤਰੁ ਸਰਸ ਸੁਬਦਾ ਮੰਗਲ ਖਾਨ।
ਦਾਰਿਦ ਬਿਘਨ ਨ ਬਯਾਪਈ ਬਸਹਿਂ ਰਿਦੇ ਗਤਿ ਦਾਨ॥ ੧॥

ਸ੍ਰੀ ਗੁਰੂ ਜੀ ਦੇ ਸੁੰਦਰ ਚਰਨ ਕਲਪ ਬ੍ਰਿਛ ਹਨ ਤੇ ਸਦਾ ਹੀ ਖੁਸ਼ੀਆਂ ਦੀ ਖਾਣ ਹਨ, ਜਿਸ ਹਿਰਦੇ ਵਿਚ ਇਹ ਵੱਸ ਜਾਣ, ਉਥੇ ਵਿਘਨ ਅਤੇ ਗਰੀਬੀ ਵਿਆਪ ਹੀ ਨਹੀਂ ਸਕਦੀ ਅਤੇ ਹਿਰਦੇ ਵਿਚ ਮੁਕਤੀ ਦਾ ਦਾਨ ਦੇਣ ਵਾਲੇ ਭਾਵ ਗੁਰੂ ਜੀ ਵੱਸਦੇ ਹਨ॥ ੧॥

ਸ੍ਰੀ ਬਾਲਾ ਸੰਧੁਰੁ ਵਾਚ॥

ਚੌਪਈ- ਜਬਹਿ ਬਹੁਤ ਭੂਪਤਿ ਅਨੁਰਾਗਾ। ਰੰਗਯੋ ਪ੍ਰੇਮ ਰੰਗ ਵਡਭਾਗਾ।
ਸੁਨਯੋ ਸ੍ਰੋਨ ਜੋ ਹੁਤੇ ਫਕੀਰਾ। ਕੇਤਿਕ ਢਿਗ ਪਹੁਚੇ ਨ੍ਰਿਪ ਧੀਰਾ॥ ੨ ॥

ਭਾਈ ਬਾਲੇ ਨੇ ਕਿਹਾ- ਜਦ ਰਾਜੇ ਨੇ ਬਹੁਤ ਪਿਆਰ ਕੀਤਾ ਅਤੇ ਵੱਡੇ ਭਾਗਾਂ ਵਾਲਾ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ। ਜਿਹੜੇ ਓਥੇ ਕੁਝ ਫਕੀਰ ਸਨ, ਜਦ ਉਨ੍ਹਾਂ ਰਾਜੇ ਦੀ ਇਸ ਗੱਲ ਨੂੰ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਸਾਰੇ ਰਾਜੇ ਦੇ ਪਾਸ ਪਹੁੰਚੇ।

ਨਾਮ ਆਪਨੋ ਨਾਨਕ ਧਰਿਕੈ। ਪੁਰਿ ਕੇ ਨਰਨ ਸੁਨਾਇੰ ਉਚਰਿਕੈ।
ਜਬ ਨਿਜ ਸ੍ਰੋਨ ਸੁਨਹਿ ਅਵਨੀਪਾ। ਚਲਿ ਕਰਿ ਆਵਹਿ ਤਿਨਹਿੰ ਸਮੀਪਾ ॥੩ ॥

ਉਹ ਫਕੀਰ ਆਪਣਾ ਨਾਂ ਨਾਨਕ ਰੱਖ ਕੇ ਨਗਰ ਦੇ ਲੋਕਾਂ ਨੂੰ ਸੁਣਾ ਕੇ ਦੱਸਦੇ ਸਨ। ਜਦ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਚੱਲ ਕੇ ਉਨ੍ਹਾਂ ਪਾਸ ਆਇਆ॥ ੩॥

ਸੈਸੇ ਸੰਸੇ ਕੋ ਜਬ ਪੂਛੇ। ਕਛੁ ਨ ਬਤਾਵਹਿੰ ਗਯਾਨਹਿੰ ਛੂਛੇ।
ਅਸਥਿਧਿ ਦੇਖਿ ਸੋਚਿ ਕਰਿ ਰਾਜਾ। ਔਰ ਕਿਯੋ ਪਰਖਨ ਕੋ ਕਾਜਾ ॥੪ ॥

ਆਪਣਾ ਸ਼ੱਕ ਦੂਰ ਕਰਨ ਵਾਸਤੇ ਜਦ ਉਨ੍ਹਾਂ ਫਕੀਰਾਂ ਨੂੰ ਪੁਛਿਆ ਤਾਂ ਉਹ ਗਿਆਨ-ਵਿਹੂਣੇ ਕੁਝ ਵੀ ਨਹੀਂ ਦੱਸਦੇ ਸਨ। ਇਸ ਤਰ੍ਹਾਂ ਵੇਖ ਕੇ ਰਾਜੇ ਨੇ ਇਹ ਸੋਚਿਆ ਕਿ ਇਨ੍ਹਾਂ ਫਕੀਰਾਂ ਦੀ ਪਰਖ ਕਰ ਲਈ ਜਾਵੇ॥ ੪॥

ਹੁਤੀ ਤਹਾਂ ਜੋ ਸੁੰਦਰ ਨਾਰੀ। ਤਿਨ ਸੋ ਐਸੀ ਗਿਰਾ ਉਚਾਰੀ।
'ਜੋ ਪੁਰਿ ਬਿਖੈ ਬਿਦੇਸ਼ੀ ਆਵਹਿ। ਬੇਖ ਫਕੀਰ ਜੁ ਸੰਤ ਕਹਾਵਹਿ ॥੫ ॥

ਓਥੇ ਜਿਹੜੀਆਂ ਸੁੰਦਰ ਨਾਰੀਆਂ ਸਨ, ਉਨ੍ਹਾਂ ਨੂੰ ਬੁਲਾ ਕੇ ਰਾਜੇ ਨੇ ਇਸ ਤਰ੍ਹਾਂ ਕਿਹਾ, ''ਸਾਡੇ ਨਗਰ ਵਿਚ ਜਿਹੜਾ ਵਿਦੇਸ਼ੀ ਆਏ ਅਤੇ ਫਕੀਰਾਂ ਦਾ ਭੇਸ ਧਾਰਨ ਕਰਕੇ ਜੋ ਆਪਣੇ ਆਪ ਨੂੰ ਸੰਤ ਕਹਾਏ॥ ੫॥

ਕਰਹੁ ਜਾਇ ਨਿਸ ਮਹਿੰ ਤਿਹ ਸੇਵਾ। ਪੂਰ ਊਰ ਕੋ ਲਖਿਯਹਿ ਭੇਵਾ।
ਜਬ ਤੁਮ ਪੂਰਨ ਦੇਖਹੁ ਕੋਊ। ਆਨਿ ਬਤਾਵਹੁ ਮੁਝ ਢਿਗ ਸੋਊ' ॥੬ ॥

ਰਾਤ ਨੂੰ ਜਾ ਕੇ ਤੁਸੀਂ ਉਨ੍ਹਾਂ ਦੀ ਸੇਵਾ ਕਰੋ ਅਤੇ ਪੂਰੇ ਸੰਤ ਅਤੇ ਅਧੂਰੇ ਸੰਤ ਦਾ ਭੇਦ ਲੱਭੋ। ਜਦ ਤੁਸੀਂ ਕਿਸੇ ਪੂਰਨ ਸੰਤ ਨੂੰ ਵੇਖੋ, ਤਦ ਮੇਰੇ ਪਾਸ ਆ ਕੇ, ਮੈਨੂੰ ਦੱਸੋ''॥ ੬॥

ਸੁਨਿ ਕਰਿ ਬਚਨ ਕਹੇ ਜੋ ਰਾਜਾ। ਕਰਨ ਲਗੀ ਤਿਯ ਤੈਸੋ ਕਾਜਾ।
ਜਬ ਫਕੀਰ ਕੋ ਪੁਰਿ ਮਹਿੰ ਆਵਹਿ। ਲਾਇ ਸਿੰਗਾਰ ਤਾਸੁ ਢਿਗ ਜਾਵਹਿੰ॥੭ ॥

ਰਾਜੇ ਦੇ ਕਹੇ ਹੋਏ ਬਚਨਾਂ ਨੂੰ ਸੁਣ ਕੇ, ਉਹ ਨਾਰੀਆਂ ਉਸ ਤਰ੍ਹਾਂ ਹੀ ਕਾਰਜ ਕਰਨ ਲੱਗੀਆਂ। ਜਦ ਕੋਈ ਫਕੀਰ ਨਗਰ ਵਿਚ ਆਉਂਦਾ ਸੀ ਤਾਂ ਹਾਰ ਸ਼ਿੰਗਾਰ ਕਰਕੇ ਉਸ ਦੇ ਪਾਸ ਚਲੇ ਜਾਂਦੀਆਂ ਸਨ॥ ੭॥

ਨੈਨ ਕੋਰ ਜਿਨ ਬਾਨ ਸਮਾਨਾ। ਧਨੁਖ ਸੁ ਭ੍ਰਿਕੁਟੀ ਕੁਟਿਲ ਮਹਾਨਾ।
ਜੋ ਦੇਖੈ ਤਿਹ ਤੀਖੇ ਲਾਗੈਂ। ਤਤਖਿਨ ਧੀਰਜ ਧਰਮ ਸੁ ਭਾਗੈ॥ ੮ ॥

ਉਨ੍ਹਾਂ ਦੇ ਨੇਤਰਾਂ ਦੇ ਕੋਨੇ, ਤੀਰਾਂ ਵਰਗੇ ਸਨ, ਬੜੇ ਟੇਢੇ ਭਰਵੱਟੇ ਧਨੁਖ ਵਰਗੇ ਸਨ। ਜਿਹੜਾ ਵੀ ਵੇਖਦਾ ਸੀ, ਵਿੰਨ੍ਹਿਆ ਜਾਂਦਾ ਸੀ ਅਤੇ ਝੱਟ ਹੀ ਉਸ ਦਾ ਧੀਰਜ ਧਰਮ ਭੱਜ ਜਾਂਦਾ ਸੀ॥ ੮॥

ਜਿਨ ਕੋ ਪਿਖਿ ਸੁਰ ਮੁਨਿ ਜਤ ਤਯਾਗੈਂ। ਕਯਾ ਕਲਿ ਨਰ ਬਪੁਰੇ ਤਿਨ ਆਗੈ।
ਅਨਿਕ ਫਕੀਰ ਕਰਤਿ ਬਿਭਚਾਰਾ। ਧਰਮ ਭ੍ਰਿਸ਼ਟਿ ਹ੍ਵੈ ਜਾਤਿ ਗਵਾਰਾ॥੯॥

ਜਿਨ੍ਹਾਂ ਨੂੰ ਵੇਖ ਕੇ ਦੇਵਤੇ ਅਤੇ ਰਿਸ਼ੀ ਮੁਨੀ ਵੀ ਜਤ ਤਿਆਗ ਦਿੰਦੇ ਹਨ, ਕਲਯੁਗ ਦੇ ਵਿਚਾਰੇ ਮਰਦ ਉਨ੍ਹਾਂ ਅੱਗੇ ਕੀ ਸਨ ? ਅਨੇਕ ਫਕੀਰਾਂ ਨੇ ਮਾੜਾ ਕੰਮ ਕੀਤਾ, ਧਰਮ ਭ੍ਰਿਸ਼ਟ ਹੋਇਆ ਅਤੇ ਜਾਤ ਵੀ ਵਿਗਾੜ ਲਈ॥ ੯॥

ਹਿੰਦੂ ਤੁਰਕ ਤਪੀ ਬ੍ਰਹਮਚਾਰੀ। ਧਰਹਿਂ ਨ ਧੀਰਜ ਦੇਖਤਿ ਨਾਰੀ।
ਕਹੈਂ ਭੂਪ ਸੋਂ 'ਕੋਇ ਨ ਪੂਰਾ। ਕਿਯੋ ਕਾਮ ਜਤ ਸਤ ਉਰ ਊਰਾ॥੧੦॥

ਹਿੰਦੂ, ਤੁਰਕ, ਤਪੀ ਅਤੇ ਬ੍ਰਹਮਚਾਰੀ, ਉਨ੍ਹਾਂ ਸੁੰਦਰ ਨਾਰੀਆਂ ਨੂੰ ਵੇਖ ਕੇ ਧੀਰਜ ਨਹੀਂ ਕਰਦੇ ਸਨ। ਉਹ ਰਾਜੇ ਨੂੰ ਜਾ ਕੇ ਦੱਸਦੀਆਂ ਸਨ ਕਿ ਇਨ੍ਹਾਂ ਫਕੀਰਾਂ ਵਿਚ ਕੋਈ ਵੀ ਪੂਰਾ ਨਹੀਂ ਹੈ। ਕਾਮਦੇਵ ਨੇ ਜਤ ਸਤ ਤੋਂ ਹਿਰਦਾ ਖਾਲੀ ਕੀਤਾ ਹੈ॥ ੧੦॥

ਸੁਨਿ ਨ੍ਰਿਪ ਕਿਯ ਵਿਚਾਰ ਮਨ ਮਾਂਹੀ। ਪ੍ਰਬਲ ਕਲੀ ਪੂਰਾ ਕੋ ਨਾਂਹੀ।
ਇਕ ਸ੍ਰੀ ਨਾਨਕ ਗੁਰੂ ਬਿਹੀਨਾ। ਪੰਚ ਦੁਸ਼ਟ ਕੈ ਸਰਬ ਅਧੀਨਾ॥੧੧॥

ਇਹ ਸੁਣ ਕੇ ਰਾਜੇ ਨੇ ਮਨ ਵਿਚ ਇਹ ਵਿਚਾਰ ਕੀਤੀ ਕਿ ਪ੍ਰਬਲ ਕਲਯੁਗ ਵਿਚ ਕੋਈ ਵੀ ਸੰਤ ਪੂਰਾ ਨਹੀਂ ਹੈ। ਇਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਛੱਡ ਕੇ ਬਾਕੀ ਸਭ ਪੰਜਾਂ ਦੁਸ਼ਟਾਂ ਦੇ ਅਧੀਨ ਹਨ॥ ੧੧॥

ਅਸ ਕਹਿ ਚਿਤਵ ਰੂਪ ਕਿਰਪਾਲਾ। ਲੇਤਿ ਸ੍ਵਾਸ ਜੋ ਸੀਤ ਬਿਸਾਲਾ।
ਪੀਰੀ ਪਰ ਰਹੀ ਮੁਖ ਪਰ ਜਾਂਕੇ। ਮੋਚਤਿ ਜਲ ਦ੍ਵੈ ਲੋਚਨ ਤਾਂਕੇ॥੧੨॥

ਇਹ ਕਹਿ ਕੇ ਕਿਰਪਾਲੂ ਗੁਰੂ ਜੀ ਦੇ ਰੂਪ ਨੂੰ ਆਪਣੇ ਮਨ ਵਿਚ ਚਿਤਵਿਆ ਅਤੇ ਵੱਡੇ-ਵੱਡੇ ਠੰਢੇ ਸਾਹ ਭਰ ਰਿਹਾ ਸੀ। ਉਸ ਦੇ ਚਿਹਰੇ ਤੇ ਪਲਿੱਤਣ ਛਾ ਗਈ ਅਤੇ ਦੋਹਾਂ ਅੱਖਾਂ ਵਿਚ ਜਲ ਵਹਿਣ ਲੱਗਾ॥ ੧੨॥

ਅਸ ਜਬ ਖੈਂਚ ਪ੍ਰੇਮ ਨੈ ਕੀਨੀ। ਕ੍ਰਿਪਾਨਿਧਾਨ ਸਰਬ ਗਤਿ ਚੀਨੀ।
ਚਿਤਵਯੋ ਤਿਹ ਕੋ ਕਰਨ ਨਿਹਾਲਾ। ਕੀਨ ਜਾਸ ਕੋ ਪ੍ਰੇਮ ਬਿਹਾਲਾ॥੧੩॥

ਇਸ ਤਰ੍ਹਾਂ ਜਦ ਪ੍ਰੇਮ ਨੇ ਖਿੱਚ ਕੀਤੀ, ਕਿਰਪਾਨਿਧਾਨ ਭਾਵ ਗੁਰੂ ਜੀ ਨੇ ਸਾਰੀ ਹਾਲਤ ਸਮਝ ਲਈ ਅਤੇ ਰਾਜੇ ਨੂੰ ਨਿਹਾਲ ਕਰਨ ਬਾਰੇ ਚਿਤਵਿਆ, ਕਿਉਂਕਿ ਰਾਜੇ ਨੂੰ ਪ੍ਰੇਮ ਨੇ ਵਿਆਕੁਲ ਕੀਤਾ ਹੋਇਆ ਸੀ॥ ੧੩॥

ਤਹਾਂ ਚਲਿਨਿ ਕੀ ਮਨਸ਼ਾ ਧਾਰੀ। ਸਹਿ ਨ ਸਕਤਿ ਬ੍ਰਿਹੁ ਭਗਤ ਜੁ ਭਾਰੀ।
ਪ੍ਰੇਮ ਡੋਰਿ ਕਰਿ ਬਧੇ ਗੁਸਾਈਂ। ਖੈਂਚੇ ਮਿਲਨ ਚਹਿਤ ਨ੍ਰਿਪ ਤਾਂਈ॥੧੪॥

ਓਥੇ ਜਾਣ ਲਈ ਮਨ ਬਣਾਇਆ, ਕਿਉਂਕਿ ਉਹ ਆਪਣੇ ਭਗਤ ਦੀ ਭਾਰੀ ਬ੍ਰਿਹਾ ਨੂੰ ਸਹਿ ਨਹੀਂ ਸੀ ਸਕਦੇ। ਪ੍ਰਭੂ ਜੀ ਪ੍ਰੇਮ ਦੀ ਡੋਰ ਨਾਲ ਬੱਝੇ ਹੋਏ ਸਨ। ਇਸ ਪ੍ਰੇਮ ਦੀ ਖਿੱਚ ਕਰਕੇ ਰਾਜੇ ਸ਼ਿਵਨਾਭ ਨੂੰ ਮਿਲਣਾ ਚਾਹੁੰਦੇ ਸਨ॥ ੧੪॥

ਬੈਸੇ ਏਕ ਦਿਵਸ ਉਦਿਆਨਾ। ਮੈਂ ਤਹਿਂ ਗਯੋ ਸੰਗ ਮਰਦਾਨਾ।
ਕਰਿ ਬੰਦਨ ਗੇ ਬੈਸ ਸਮੀਪਾ। ਤਬੈ ਬੋਲੇ ਬੇਦੀ ਕੁਲਦੀਪਾ॥ ੧੫॥

ਇਕ ਦਿਨ ਜੰਗਲ ਵਿਚ ਬੈਠੇ ਹੋਏ ਸਨ, ਮੈਂ (ਭਾਈ ਬਾਲਾ) ਮਰਦਾਨੇ ਦੇ ਨਾਲ ਉਨ੍ਹਾਂ ਨੂੰ ਮਿਲਣ ਵਾਸਤੇ ਗਿਆ। ਨਮਸਕਾਰ ਕਰਕੇ ਅਸੀਂ ਉਨ੍ਹਾਂ ਦੇ ਪਾਸ ਬੈਠ ਗਏ, ਤਦ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੋਲੇ॥ ੧੫॥

'ਚਲਹੁ ਸੈਲ ਹਿਤ ਦੇਖਨ ਛੋਨੀ। ਰਚਨਾ ਕੀਨਿ ਅਨਿਕ ਜਗ ਜੋਨੀ।
ਕਿਤੇ ਥਾਨ ਨਰ ਅਨਤ ਸੁਭਾਊ। ਰਾਖਸ਼ ਰਹਿਨ ਥਾਨ ਹਹਿਂ ਕਾਊ॥੧੬॥

"ਚਲੋ ਸੈਰ ਕਰਨ ਵਾਸਤੇ ਪ੍ਰਿਥਵੀ ਵੇਖਣ ਚੱਲੀਏ। ਪਰਮੇਸ਼ਵਰ ਨੇ ਅਨੇਕ ਪ੍ਰਕਾਰ ਦੀ ਰਚਨਾ ਕੀਤੀ ਹੈ, ਕਈ ਜਗ੍ਹਾ ਮਨੁੱਖ ਹੋਰ ਹੀ ਸੁਭਾਅ ਦੇ ਹਨ। ਕਈ ਜਗ੍ਹਾ ਰਾਖਸ਼ ਰਹਿੰਦੇ ਹਨ॥ ੧੬॥

ਕਿਤ ਧਰਮੀ, ਕਿਤ ਅਘੀ ਬਸੰਤੇ। ਕਹੂੰ ਦੁਖੀ, ਕਹਿਂ ਸੁਖੀ ਰਹੰਤੇ।
ਨਿਗਮਾਗਮ ਕਿਤ ਕਥਤਿ ਪੁਰਾਨਾ। ਕਹੂੰ ਤੁਰਕ ਹਹਿਂ ਪਢਤਿ ਕੁਰਾਨਾਂ ॥੧੭॥

ਕਿਤੇ ਧਰਮੀ ਰਹਿੰਦੇ ਹਨ ਅਤੇ ਕਿਤੇ ਪਾਪੀ ਅਤੇ ਦੁਰਾਚਾਰੀ ਵੱਸਦੇ ਹਨ। ਕਿਤੇ ਲੋਕ ਦੁਖੀ ਹਨ ਅਤੇ ਕਿਤੇ ਸੁਖ ਨਾਲ ਰਹਿ ਰਹੇ ਹਨ। ਕਿਤੇ ਵੇਦ ਸ਼ਾਸਤਰ ਪੜ੍ਹਦੇ ਹਨ ਅਤੇ ਪੁਰਾਣਾਂ ਦੀ ਕਥਾ ਕਰਦੇ ਹਨ। ਕਿਤੇ ਮੁਸਲਮਾਨ ਰਹਿੰਦੇ ਹਨ ਜਿਹੜੇ ਕੁਰਾਨ ਪੜ੍ਹਦੇ ਹਨ॥ ੧੭॥

ਦੇਸ਼ ਬਿਦੇਸ਼ਨ ਕੀ ਬਹੁ ਭਾਖਾ। ਚਲਹੁ ਬਿਲੋਕਨ ਕੀ ਅਭਿਲਾਖਾ।
ਸੁਨਿ ਕਰਿ ਬਚਨ ਕਹਤਿ ਮਰਦਾਨਾ। ਪ੍ਰਭੁ ! ਸਮਰਥ ! ਸਕਲ ਗੁਨਖਾਨਾ ! ॥੧੮॥

ਦੇਸ਼ਾਂ ਵਿਦੇਸ਼ਾਂ ਦੀਆਂ ਕਈ ਬੋਲੀਆਂ ਹਨ, ਚਲੋ, ਉਨ੍ਹਾਂ ਨੂੰ ਵੇਖਣ ਦੀ ਮੇਰੀ ਅਭਿਲਾਸ਼ਾ ਹੈ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ! ਤੁਸੀਂ ਸਮਰੱਥ ਹੋ ਅਤੇ ਸਾਰੇ ਗੁਣਾਂ ਦੀ ਖਾਣ ਹੋ॥ ੧੮॥

ਜਹਿਂ ਇੱਛਾ ਤੁਮ ਚਲਹੁ ਅਗਾਰੀ। ਹੌਂ ਰਾਵਰ ਕੀ ਸਦਾ ਪਿਛਾਰੀ।
ਤੁਮ ਸਮ ਪ੍ਰਭੁ ਕੀ ਸਰਨਹਿਂ ਛੋਰੀ। ਕਾਂਕੋ ਗਹੌਂ ਅਲੰਬ ਬਹੋਰੀ' ॥੧੯॥

ਜਿਥੇ ਵੀ ਜਾਣ ਦੀ ਇੱਛਾ ਹੈ, ਅੱਗੇ-ਅੱਗੇ ਚਲੋ, ਮੈਂ ਸਦਾ ਹੀ ਤੁਹਾਡੇ ਪਿਛੇ-ਪਿਛੇ ਆਵਾਂਗਾ। ਤੁਹਾਡੇ ਵਰਗੇ ਪ੍ਰਭੂ ਦੀ ਸ਼ਰਨ ਛੱਡ ਕੇ ਹੋਰ ਕਿਸ ਦੇ ਚਰਨਾਂ ਨੂੰ ਫੜਾਂ"॥ ੧੯॥

ਸੁਨਹੁ ਗੁਰੂ ਅੰਗਦ ਗਤਿ ਦਾਨੀ !। ਬੰਦਿ ਪਾਨ ਪੁਨ ਮੈਂ ਕਹਿ ਬਾਨੀ।
'ਦੀਨ ਦਯਾਲੁ! ਰਾਖਿ ਨਿਜ ਸਾਥਾ। ਤੁਮ ਸਮ ਦੇਖੋਂ ਔਰ ਨ ਨਾਥਾ ॥੨੦॥

ਹੇ ਗਤਿਦਾਨੀ ਸ੍ਰੀ ਗੁਰੂ ਅੰਗਦ ਦੇਵ ਜੀ ! ਫਿਰ ਹੱਥ ਜੋੜ ਕੇ ਮੈਂ ਇਹ ਬਚਨ ਕਹੇ, 'ਹੇ ਦੀਨ ਦਿਆਲ ! ਮੈਨੂੰ ਵੀ ਆਪਣੇ ਨਾਲ ਰੱਖੋ, ਤੁਹਾਡੇ ਵਰਗਾ ਮੈਂ ਹੋਰ ਕੋਈ ਮਾਲਕ ਨਹੀਂ ਵੇਖਿਆ"॥ ੨੦॥

ਸੁਨਿਕੈ ਬਚਨ ਪ੍ਰਸੀਦ ਬਿਸਾਲਾ। ਭਈ ਪ੍ਰਦੋਖ ਉਠੇ ਤਿਹ ਕਾਲਾ।
ਆਏ ਨਗਰ ਵਿਖੈ ਨਿਜ ਸਦਨਾ। ਪਰਫੁੱਲਤ ਅਰਬਿੰਦ ਸੁ ਬਦਨਾ ॥੨੧॥

ਮੇਰੇ ਇਹ ਬਚਨ ਸੁਣ ਕੇ ਬਹੁਤ ਖ਼ੁਸ਼ ਹੋਏ। ਫਿਰ ਸ਼ਾਮ ਹੋ ਗਈ ਤਾਂ ਉਠ ਕੇ ਚਲੇ ਗਏ। ਨਗਰ ਵਿਚ ਪਹੁੰਚ ਕੇ ਆਪਣੇ ਘਰ ਚਲੇ ਗਏ। ਉਨ੍ਹਾਂ ਦਾ ਮੁਖ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਸੀ॥ ੨੧॥

ਸ੍ਵੈਯਾ- ਬੈਨ ਕਹੇ ਨਿਜ ਧਾਮ ਵਿਖੇ 'ਅਬ ਨਾਨਕ ਜੀ ਚਲਿਬੇ ਕਿਤ ਤਯਾਰਾ।
ਸੰਗ ਚਲੈਂ ਤਿਨਕੇ ਹਮ ਤਾਂ ਛਿਨ ਪ੍ਰੀਤ ਬਿਸਾਲ ਦਯਾਲ ਉਦਾਰਾ।
ਯੌਂ ਸੁਧਿ ਭੀ ਜਬ ਸ੍ਰੀ ਗੁਰੁ ਆਲਯ ਮਾਤ ਪਿਤਾ ਸੁਧ ਦੇਹਿ ਵਿਸਾਰਾ।
ਚਿੰਤ ਬਧੀ ਉਰ ਅੰਤਰ ਭੂਰ, ਨਿਰੰਤਰ ਦੀਨ, ਚਲਹਿ ਨਹਿਂ ਚਾਰਾ ॥੨੨॥

ਅਸੀਂ ਘਰ ਵਿਚ ਜਾ ਕੇ ਦੱਸਿਆ ਕਿ ਸ੍ਰੀ ਨਾਨਕ ਜੀ ਦੀ ਕਿਤੇ ਚੱਲਣ ਦੀ ਤਿਆਰੀ ਹੈ, ਅਸੀਂ ਵੀ ਇਨ੍ਹਾਂ ਦੇ ਨਾਲ ਜਾਵਾਂਗੇ, ਕਿਉਂਕਿ ਗੁਰੂ ਜੀ ਵਿਚ ਸਾਡੀ ਪ੍ਰੀਤ ਬਹੁਤ ਹੈ। ਜਦ ਸ੍ਰੀ ਗੁਰੂ ਜੀ ਦੇ ਘਰ ਇਹ ਖ਼ਬਰ ਪੁੱਜੀ ਤਾਂ ਮਾਤਾ ਪਿਤਾ ਨੇ ਇਸ ਖ਼ਬਰ ਨੂੰ ਵਿਸਾਰ ਦਿੱਤਾ। ਪਰ ਦਿਲ ਵਿਚ ਚਿੰਤਾ ਬਹੁਤ ਵਧੀ, ਪਰ ਕਿਉਂਕਿ ਸਦਾ ਦੀਨ ਹੀ ਰਹਿੰਦੇ ਸਨ, ਇਸ ਲਈ ਕੋਈ ਚਾਰਾ ਨਹੀਂ ਸੀ ਚਲਦਾ॥ ੨੨॥

ਰਾਇ ਬੁਲਾਰ ਅਵਾਸ ਗਏ ਤਹਿਂ ਜਾਵਤਿ ਹੀ ਬਹੁ ਰੋਦਨ ਕੀਨੋ।
ਸ੍ਰੀ ਗੁਰੁ ਕੀ ਜਨਨੀ ਉਰ ਆਤੁਰ, ਤਾਤ ਗਯੋ, ਪਿਤ ਭ੍ਰਾਤ ਸੁ ਤੀਨੋ।
ਹੋਇ ਅਧੀਨ ਕਹੇ ਮੁਖ ਸੋਂ ਬਚ 'ਨਾਨਕ ਧਾਮ ਰਖੋ ਜਿਵ ਚੀਨੋ'।
ਯੋਂ ਕਹਿ ਸ੍ਵਾਸ ਲਯੋ ਜਬ ਹੀ ਸੁਨ ਰਾਇ ਤਬੈ ਕਰੁਨਾ ਰਸ ਭੀਨੋ ॥੨੩॥

ਰਾਇ ਬੁਲਾਰ ਦੇ ਘਰ ਗਏ ਅਤੇ ਓਥੇ ਜਾ ਕੇ ਬਹੁਤ ਰੋਏ, ਕੁਰਲਾਏ। ਸ੍ਰੀ ਗੁਰੂ ਜੀ ਦੀ ਮਾਂ ਦਿਲ ਵਿਚ ਬਹੁਤ ਆਤੁਰ ਹੋਈ। ਪਿਤਾ ਕਾਲੂ ਜੀ, ਚਾਚਾ ਲਾਲੂ ਜੀ ਤਿੰਨੇ ਜਣੇ ਗਏ। ਬੜੇ ਅਧੀਨ ਹੋ ਕੇ ਮੁਖ ਤੋਂ ਇਹ ਬਚਨ ਕਹੇ, "ਨਾਨਕ ਨੂੰ ਘਰ ਹੀ ਰੱਖੋ, ਜਿਵੇਂ ਠੀਕ ਸਮਝੋ।" ਇਹ ਕਹਿ ਕੇ ਜਦ ਸਵਾਸ ਲਿਆ ਤਾਂ ਰਾਇ ਸੁਣ ਕੇ ਕਿਰਪਾ ਰਸ ਵਿਚ ਆ ਗਏ ॥ ੨੩ ॥

ਭੁਜੰਗ ਛੰਦ- ਤਬੈ ਰਾਇ ਭੇਜਯੋ ਉਮੇਦਾ ਜੁ ਦਾਸੂ। 'ਤਪਾ ਤਾਤ ਕਾਲੂ ਕਿ ਜਾਵੋ ਸੁ ਪਾਸੂ।
ਕਰੋ ਬੰਦਗੀ ਜਾਇ ਆਗੇ ਘਨੇਰੀ। ਦਯਾ ਧਾਰਿ ਦੀਦਾਰ ਦੀਜੈ ਬਿਦੇਰੀ ॥੨੪॥

ਤਦ ਰਾਇ ਬੁਲਾਰ ਨੇ ਉਮੇਦਾ ਨਾਂ ਦੇ ਸੇਵਕ ਨੂੰ ਬੁਲਾਇਆ ਤੇ ਉਸ ਨੂੰ ਕਿਹਾ, "ਮਹਿਤਾ ਕਾਲੂ ਦੇ ਪੁੱਤਰ ਤਪੇ ਦੇ ਪਾਸ ਜਾਵੋ। ਉਸ ਦੇ ਅੱਗੇ ਜਾ ਕੇ ਬੇਨਤੀ ਕਰੋ ਕਿ ਦਇਆ ਧਾਰ ਕੇ ਕਿਸੇ ਦੇਰ ਦੇ ਬਗੈਰ ਦਰਸ਼ਨ ਦੇ ਜਾਵੋ" ॥ ੨੪ ॥

ਉਮੇਦਾ ਗਯੋ ਬੇਗ ਬਾਨੀ ਅਲਾਈ। 'ਤਪਾ ਜੀ ! ਤੁਮੈਂ ਬੰਦਗੀ ਰਾਇ ਗਾਈ।
ਇਕੰ ਬਾਰ ਐਕੈ ਦਿਦਾਰੰ ਦਈਜੈ। ਜਿਤੰ ਫੇਰ ਜਾਨੋ ਪਯਾਨੋ ਕਰੀਜੈ ॥੨੫॥

ਉਮੇਦਾ ਗੁਰੂ ਜੀ ਪਾਸ ਗਿਆ ਅਤੇ ਬੇਨਤੀ ਕੀਤੀ ਅਤੇ ਕਿਹਾ, "ਤਪਾ ਜੀ ! ਰਾਇ ਬੁਲਾਰ ਨੇ ਤੁਹਾਨੂੰ ਬੰਦਗੀ ਕਹੀ ਹੈ ਕਿ ਇਕ ਵਾਰ ਆ ਕੇ ਦਿਦਾਰ ਦੇ ਜਾਵੋ, ਜਿਸ ਤਰ੍ਹਾਂ ਫਿਰ ਠੀਕ ਸਮਝੋ, ਓਥੇ ਚਲੋ" ॥ ੨੫ ॥

ਸ੍ਵੈਯਾ- ਯੌਂ ਸੁਨਿ ਕੈ ਤਬ ਨਾਨਕ ਜੀ ਤਜਿ ਆਸਨ ਕੋ ਤਿਹ ਸੰਗ ਪਧਾਰੇ।
ਰਾਇ ਰਿਦੈ ਸੁਖ ਸੋਂ ਬਿਗਸਾ ਨਿਜ ਪ੍ਰੀਤਮ ਕੋ ਜਬ ਰੂਪ ਨਿਹਾਰੇ।
ਊਠਤਿ ਭਾ ਮਚ ਊਪਰ ਤੇ ਢਿਗ ਸ੍ਰੀ ਗੁਰੁ ਜਾਇਕੇ ਕੀਨ ਨਿਵਾਰੇ।
ਬੰਦਨ ਕੀਨਿ ਅਧੀਨ ਭਯੋ,ਮੁਖ ਭਾਖਿ ਬਿਨੈ ਨਿਜ ਊਚ ਬਿਠਾਰੇ ॥੨੬॥

ਇਹ ਸੁਣ ਕੇ ਗੁਰੂ ਨਾਨਕ ਜੀ ਆਸਣ ਛੱਡ ਕੇ ਉਸ ਸੇਵਕ ਦੇ ਨਾਲ ਹੀ ਚਲ ਪਏ। ਰਾਇ ਬੁਲਾਰ ਵੇਖ ਕੇ ਬੜਾ ਪ੍ਰਸੰਨ ਹੋਇਆ, ਜਦ ਉਸ ਆਪਣੇ ਨਿਜੀ ਪ੍ਰੀਤਮ ਦੇ ਰੂਪ ਨੂੰ ਵੇਖਿਆ। ਮੰਜੇ ਤੋਂ ਉੱਠ ਕੇ ਗੁਰੂ ਨਾਨਕ ਦਾ ਸਵਾਗਤ ਕਰਨ ਲਈ ਅੱਗੇ ਵਧਿਆ, ਪਰ ਗੁਰੂ ਜੀ ਨੇ ਕੋਲ ਜਾ ਕੇ ਰੋਕ ਦਿੱਤਾ। ਬੰਦਨਾਂ ਕਰਕੇ ਅਧੀਨਤਾ ਵਿਖਾਈ ਤੇ ਮੁਖ ਤੋਂ ਕੁਝ ਬੋਲੇ ਬਗੈਰ ਰਾਇ ਬੁਲਾਰ ਨੂੰ ਆਪਣੇ ਨਾਲ ਉਚੀ ਥਾਂ ਬਿਠਾਇਆ ॥ ੨੬ ॥

'ਤਾਤਰੁਮਾਤ ਤੁਮਾਰ ਬ੍ਰਿਹਾਤੁਰ ਸਾਗਰ ਮੋਹ ਮੈਂ ਹੈ ਮਗਨਾਈ।
ਹੀਨ ਅਲੰਬ ਤਰੈਂ ਤਿਹ ਕਿਉਂ ਕਰਿ ਜਾਨਤਿ ਹੋ ਸਭਿ ਪੀਰ ਪਰਾਈ।
ਕੈਤਿਨ ਗਯਾਨ ਕੇ ਪੋਤ ਚਢਾਵਹੁ ਮੋਹ ਕਲੋਲ ਤੇ ਪਾਰ ਲੰਘਾਈ।
ਨਾਤੁਰ ਹੋਕਰਿ ਤੀਰ ਮਿਲੋ ਤੁਮ, ਧੀਰ ਸਰੀਰ ਧਰੈਂ ਸੁਖ ਪਾਈ' ॥੨੭॥

ਰਾਇ ਬੁਲਾਰ ਨੇ ਫਿਰ ਕਿਹਾ, "ਤੇਰੇ ਮਾਤਾ ਪਿਤਾ ਬ੍ਰਿਹਾ ਦੇ ਸਾਗਰ ਵਿਚ ਡੁੱਬ ਰਹੇ ਹਨ ਅਤੇ ਮੋਹ ਵਿਚ ਮਗਨ ਹਨ। ਬਿਨਾਂ ਆਸਰੇ ਉਹ ਕਿਵੇਂ ਤਰਨਗੇ, ਤੁਸੀਂ ਪਰਾਈ ਪੀੜ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਗਿਆਨ ਦੇ ਕਿੰਨੇ ਜਹਾਜ ਚੜ੍ਹਾਏ ਹਨ,

ਤਾਂਕਿ ਮੋਹ ਰੂਪ ਤਰੰਗਾਂ ਤੋਂ ਪਾਰ ਕਰਾਇਆ ਜਾਵੇ। ਇਨ੍ਹਾਂ ਨੂੰ ਕਿਨਾਰਾ ਹੋ ਕੇ ਮਿਲੋ, ਭਾਵ ਇਨ੍ਹਾਂ ਦੇ ਕੋਲ ਰਹੋ, ਤਾਂਕਿ ਇਹ ਧੀਰਜ ਕਰਕੇ ਸੁੱਖ ਪ੍ਰਾਪਤ ਕਰਨ'॥ ੨੭॥

'ਰਾਇ ਜੀ ! ਕਾਰਜ ਜਾਨ ਕੋ ਜਾਨਹੁ, ਗਯਾਨ ਬਖਾਨਤਿ ਆਨਨ ਜੋਈ।
ਪਾਇ ਸਮਾਂ ਹੁਇ ਜਾਵਹਿ ਪ੍ਰਾਪਤਿ, ਪਾਰ ਪਰੈਂ ਭਵ ਬੰਧਨ ਖੋਈ।
ਨੌਕਾ ਸੁ ਮੇਲ ਬਨਯੋ ਜਗ ਮਾਂਹਿ, ਸੰਜੋਗ ਵਿਜੋਗ ਸਮੇਂ ਸਿਰ ਹੋਈ।
ਗਯਾਨੀ ਸਮਾਨ ਰਹੈ ਜੁਗ ਤੇ ਜਗ,ਸ਼ੋਕ ਨ ਹ੍ਵੈ ਹਰਖੰਤਿ ਨ ਕੋਈ ॥੨੮॥

ਗੁਰੂ ਜੀ ਨੇ ਕਿਹਾ, ''ਰਾਇ ਜੀ ਕਾਰਜ ਜਾਣ ਕੇ ਫਿਰ ਵਿਚਾਰੋ, ਤੇ ਜੇ ਤੁਸੀ ਮੁਖੋਂ ਕਹਿੰਦੇ ਹੋ ਤਾਂ ਗਿਆਨ ਦੇਵੋ। ਸਮਾਂ ਪਾ ਕੇ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਭਾਵ ਬੰਧਨਾਂ ਨੂੰ ਨਾਸ਼ ਕਰਕੇ ਪਾਰ-ਉਤਾਰਾ ਹੋ ਜਾਂਦਾ ਹੈ। ਬੇੜੀ ਦੇ ਪੂਰ ਵਾਂਗ ਇਸ ਜੱਗ ਵਿਚ ਮੇਲ ਬਣਿਆ ਹੈ, ਸੰਜੋਗ ਵਿਜੋਗ ਦੋਵੇਂ ਸਮੇਂ ਸਿਰ ਹੁੰਦੇ ਹਨ। ਜੇ ਦੋਵੇਂ ਸੰਜੋਗ ਵਿਜੋਗ ਜੱਗ ਵਿਚ ਗਿਆਨੀ ਸਮਾਨ ਰਹੇ, ਫਿਰ ਤਾਂ ਕੋਈ ਵੀ ਸ਼ੋਕ ਹਰਖ ਨਾ ਕਰੇ''॥ ੨੮॥

ਰਾਇ ਭਨੇ 'ਮੁਖ ਜੋ ਅਰਬਿੰਦ ਨਿਦੇਸ਼ ਬਨੀ ਮਕਰੰਦ ਤੁਮਾਰੀ।
ਮੋ ਮਨ ਰੀਤਿ ਮਲਿੰਦ ਕੀ ਚਾਹਤਿ ਜੋ ਕਰੁਨਾ ਪਰਕਾਸ਼ ਤੁਮਾਰੀ।
ਚਾਤ੍ਰਿਕ ਚਿੱਤ ਸ੍ਵਾਂਤ ਸੀ ਚਾਹਤਿ ਹੈ, ਰਸਨਾ ਘਨ ਸੀ ਬਚ ਬਾਰੀ।
ਆਪ ਕਰੋ ਫੁਰਮਾਇਸ਼ ਕੋ ਇਕ ਸੇਵ ਕਰੋ ਸਫਲੀ ਸੁ ਹਮਾਰੀ॥੨੯॥

ਰਾਇ ਨੇ ਕਿਹਾ, ''ਕਮਲ ਮੁਖ ਤੋਂ ਮਕਰੰਦ ਰਸ ਰੂਪ ਆਪ ਦੀ ਆਗਿਆ ਬਣੀ ਹੈ। ਮੇਰੇ ਮਨ ਦੀ ਰੀਤੀ ਮਲਿੰਦ ਵਰਗੀ ਹੈ, ਜਿਹੜੀ ਤੁਹਾਡੀ ਕਿਰਪਾ ਦਾ ਪਰਕਾਸ਼ ਚਾਹੁੰਦੀ ਹੈ। ਮੇਰਾ ਦਿਲ ਪਪੀਹੇ ਵਰਗਾ ਹੈ, ਜਿਸ ਨੂੰ ਸਵਾਂਤ ਬੂੰਦ ਦੀ ਚਾਹਿਤ ਹੈ। ਆਪ ਦੀ ਜੀਭ ਬੱਦਲ ਵਰਗੀ ਹੈ, ਆਪ ਦੇ ਬਚਨ ਸਵਾਂਤ ਬੂੰਦ ਪਾਣੀ ਵਰਗੇ ਹਨ। ਆਪ ਆਗਿਆ ਕਰੋ ਮੇਰੀ ਇਕ ਸੇਵਾ ਸਫਲੀ ਕਰੋ॥ ੨੯॥

ਮੋ ਤੇ ਨ ਸੇਵ ਭਈ ਤੁਮਰੀ ਕਛੁ ਯਾਂਤੇ ਰਿਦਾ ਥਿਰਤਾ ਨਹਿਂ ਪਾਵੈ।
ਈਹਾਂ ਰਹੋ ਤਬ ਹੇਰਤਿ ਹੌਂ ਪਗ, ਸ੍ਰੋਨ ਸੁਨੌਂ ਬਚ ਹਿਯ ਹੁਲਸਾਵੈ।
ਹੇ ਜਗਨਾਯਕ! ਹੇ ਗਤਿਦਾਯਕ! ਹੋ ਸਭਿ ਲਾਇਕ ਪ੍ਰੋਖ ਰਹਾਵੈ।
ਪੂਰਨ ਰੂਪ ਪਰਾਤਮ ਪਾਵਨ! ਸ੍ਰੀ ਪਰਮੇਸ਼ੁਰ ਮੋ ਦਰਸਾਵੈ॥ ੩੦॥

ਮੇਰੇ ਪਾਸੋਂ ਤੁਹਾਡੀ ਕੋਈ ਸੇਵਾ ਨਹੀਂ ਹੋ ਸਕੀ ਹੈ, ਇਸ ਲਈ ਹਿਰਦਾ ਸਥਿਰਤਾ ਨਹੀਂ ਪਾਉਂਦਾ। ਏਥੇ ਰਹੋ ਤਾਂਕਿ ਮੈਂ ਤੁਹਾਡੇ ਚਰਨ ਵੇਖਦਾ ਰਹਾਂ ਅਤੇ ਤੁਹਾਡੇ ਬਚਨ ਕੰਨੀ ਸੁਣ ਕੇ ਦਿਲ ਪ੍ਰਸੰਨਤਾ ਵਿਚ ਆਉਂਦਾ ਹੈ। ਹੇ ਜੱਗ ਦੇ ਨਾਇਕ ! ਹੇ ਗਤੀਦਾਇਕ, ਤੁਸੀ ਸਰਬ ਸਮਰੱਥ ਹੋ, ਪਰ ਛੁਪੇ ਰਹਿੰਦੇ ਹੋ। ਤੁਸੀਂ ਪੂਰਨ ਰੂਪ ਪਰਮਾਤਮਾ ਹੋ, ਪਵਿੱਤਰ ਹੋ, ਮੈਨੂੰ ਤਾਂ ਪਰਮੇਸ਼ਵਰ ਦਿੱਸਦੇ ਹੋ॥ ੩੦॥

ਸ੍ਰੀ ਗੁਰੂ ਆਨਨ ਬੈਨ ਭਨੈ 'ਜਿਵ ਛਾਹਿ ਸਰੀਰ ਤਯੋਂ ਸੰਗ ਹਮਾਰੇ।
ਨੀਤ ਰਹੋ, ਥਿਰ ਚੀਤ ਕਰੋ, ਉਰ ਪ੍ਰੀਤਿ ਭਰਾ ਸ਼ਰਧਾ ਸੁ ਤੁਮਾਰੇ।
ਏਕਸ ਪੈ ਫੁਰਮਾਇਸ਼ ਆਇਸ ਜਾ ਸਮ ਕੋਇ ਨ ਆਨ ਉਦਾਰੇ।
ਹਾਥ ਨ ਮੇ ਇਹ ਠਾਂ ਰਹਿਨੋ ਕਰਤਾਰ ਅਧੀਨ ਲਖੋ ਬਿਧਿ ਸਾਰੇ' ॥੩੧॥

ਸ੍ਰੀ ਗੁਰੂ ਜੀ ਨੇ ਫਿਰ ਮੁਖ ਤੋਂ ਬਚਨ ਕਹੇ, "ਜਿਵੇਂ ਛਾਇਆ ਸਰੀਰ ਦੇ ਨਾਲ ਰਹਿੰਦੀ ਹੈ ਉਸ ਤਰ੍ਹਾਂ ਹੀ ਸਾਡੇ ਨਾਲ ਤੁਹਾਡਾ ਸੰਗ ਹੈ। ਨਿਤ ਰਹੇ, ਸਥਿਰ ਚਿੱਤ ਕਰੋ, ਤੁਹਾਡਾ ਹਿਰਦਾ ਪ੍ਰੇਮ ਨਾਲ ਭਰਿਆ ਪਿਆ ਹੈ, ਤੁਹਾਡੀ ਸ਼ਰਧਾ ਸ੍ਰੇਸ਼ਟ ਹੈ। ਪ੍ਰਮੇਸ਼ਵਰ ਦੇ ਪਾਸ ਫੁਰਮਾਇਸ਼ ਹੈ, ਉਸ ਦੀ ਆਗਿਆ ਹੈ, ਜਿਸ ਦੇ ਬਰਾਬਰ ਕੋਈ ਹੋਰ ਉਦਾਰ ਨਹੀਂ ਹੈ। ਇਸ ਸਥਾਨ ਤੇ ਠਹਿਰਣਾ ਮੇਰੇ ਹੱਥ ਨਹੀਂ ਹੈ, ਇਹ ਸਭ ਕਰਤਾਰ ਦੇ ਅਧੀਨ ਹੈ, ਤੁਸੀਂ ਸਾਰੇ ਸਮਝ ਲਵੋ"॥ ੩੧॥

ਰਾਇਬੁਲਾਰ ਅਨੰਦ ਮੈਂ ਹੋਕਰਿ ਬੰਦਨ ਕੀਨਿ ਪਦੰ ਅਰਬਿੰਦੂ।
ਛੂਟ ਗਏ ਭਵ ਬੰਧਨ ਜਾਸ ਕੇ ਮੌਤਿ ਭਯੋ ਮਕਰੰਦ ਮਲਿੰਦੂ।
ਲੇ ਰਸ ਤੂਸ਼ਨ ਹੋਇ ਰਹਯੋ ਨਿਜ ਰੂਪ ਜੁ ਆਦਿ ਰਿਦੈ ਸੁਧ ਬਿੰਦੂ।
ਪ੍ਰਾਪਤ ਪੂਰਨ ਤਾਂ ਸੁਖ ਕੋ ਕਮਲਾਨਨ ਹੇਰਿ ਗੁਰੂ ਜੁ ਗੁਬਿੰਦੂ॥ ੩੨॥

ਰਾਇ ਬੁਲਾਰ ਨੇ ਅਨੰਦ ਵਿਚ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮੇਰੇ ਸਾਰੇ ਸੰਸਾਰਿਕ ਬੰਧਨ ਕੱਟੇ ਗਏ ਹਨ, ਜਦ ਤੋਂ ਗੁਰੂ ਜੀ ਦੇ ਚਰਨਾਂ ਦਾ ਭੌਰਾ ਹੋਇਆ ਹਾਂ। ਫਿਰ ਚੁਪ ਹੋ ਗਏ ਜਦ ਆਪਣੇ ਅਸਲੀ ਸਰੂਪ ਦੀ ਸੁੱਧ ਆਪਣੇ ਹਿਰਦੇ ਵਿਚ ਜਾਣ ਲਈ। ਗੋਬਿੰਦ ਰੂਪ ਗੁਰੂ ਜੀ ਦਾ ਕਵਲ ਮੁੱਖ ਵੇਖ ਕੇ ਪੂਰਨ ਸੁਖ ਪ੍ਰਾਪਤ ਕੀਤਾ॥ ੩੨॥

ਕਰੁਨਾ ਬਹੁ ਕੀਨਿ ਨਿਹਾਲ ਕਰਯੋ ਜਿਹਕੇ ਸਮ ਦੀਠ ਨ ਹੈ ਬਿਬ ਕੋਈ।
ਪੁਨ ਹੋਇ ਬਿਦਾ ਤਹਿਂ ਤੇ ਉਠਿ ਸ੍ਰੀ ਗੁਰੁ ਆਇ ਗਏ ਘਰ ਜਾਮਨਿ ਹੋਈ।
ਬਿਛੁਰਯੋ ਨ ਚਹੈ, ਕਛੁ ਹਾਥ ਨਹੀਂ ਨਿਜ, ਜਾਂ ਬਿਧਿ ਸੋਂ ਢਿਗ ਰੂਪ ਅਲੋਈ।
ਧਰਿ ਧਯਾਨ ਲਯੋ ਉਰ ਤਾਂ ਛਿਨ ਮੈਂ ਸੁਠਿ ਧ੍ਰੂੱਵ ਕਿਯੋ ਨਿਸਿ ਬਾਸੁਰ ਸੋਈ॥੩੩॥

ਬਹੁਤ ਕਿਰਪਾ ਕੀਤੀ ਅਤੇ ਐਸਾ ਨਿਹਾਲ ਕੀਤਾ ਕਿ ਜਿਸ ਬਰਾਬਰ ਹੋਰ ਦੂਸਰਾ ਕੋਈ ਨਹੀਂ। ਫਿਰ ਗੁਰੂ ਜੀ ਵਿਦਾ ਲੈ ਕੇ ਉਥੋਂ ਉਠ ਪਏ ਅਤੇ ਆਪਣੇ ਘਰ ਆ ਗਏ। ਰਾਇ ਬੁਲਾਰ ਵਿਛੜਣਾ ਨਹੀਂ ਸੀ ਚਾਹੁੰਦਾ, ਪਰ ਆਪਣੇ ਹੱਥ ਵਿਚ ਕੁਝ ਨਹੀਂ ਸੀ, ਜਿਸ ਵਿਧੀ ਅਨੁਸਾਰ ਗੁਰੂ ਸਰੂਪ ਰੂਪ ਨੂੰ ਆਪਣੇ ਪਾਸ ਦੇਖਦਾ ਰਹੇ। ਜਦ ਧਿਆਨ ਧਰਿਆ ਆਪਣੇ ਹਿਰਦੇ ਅੰਦਰ ਤਾਂ ਝੱਟ ਸ਼ਾਂਤੀ ਮਿਲੀ ਅਤੇ ਫਿਰ ਰਾਤ ਦਿਨ ਧਿਆਨ ਧਰਨਾ ਪੱਕਾ ਕਰ ਲਿਆ॥ ੩੩॥

ਦੋਹਰਾ- ਕਾਲੂ ਲਾਲੂ ਰਾਇ ਨੇ ਸਮਝਾਏ ਬਹੁ ਭਾਂਤਿ।
'ਸ੍ਰੀ ਨਾਨਕ ਪੂਰਨ ਪੁਰਖ ਪਰਮੇਸ਼ੁਰ ਬਖਯਾਤ॥ ੩੪॥

ਮਹਿਤਾ ਕਾਲੂ ਅਤੇ ਲਾਲੂ ਨੂੰ ਰਾਇ ਨੇ ਬਹੁਤ ਭਾਂਤੇ ਸਮਝਾਇਆ ਅਤੇ ਕਿਹਾ ਕਿ "ਗੁਰੂ ਨਾਨਕ ਜੀ ਪੂਰਨ ਪੁਰਖ ਪਰਮੇਸ਼ਵਰ ਪ੍ਰਗਟ ਹੋਏ ਹਨ॥ ੩੪॥

ਪੁੰਨ ਵਡੇ ਪੂਰਬ ਜਨਮ ਕੀਨੇ ਤੁਮ ਨੇ ਕੋਇ।
ਜਿਸ ਫਲ ਤੇ ਅਸ ਸੁਤ ਭਯੋ ਸਹਿਜੇ ਸੁਭ-ਗਤਿ ਹੋਇ॥ ੩੫॥

ਪਿਛਲੇ ਜਨਮ ਵਿਚ ਤੁਸੀਂ ਕੋਈ ਵੱਡੇ ਪੁੰਨ ਕੀਤੇ ਹਨ, ਜਿਸ ਦੇ ਫਲ ਸਰੂਪ ਐਸੇ ਪੁੱਤਰ ਨੇ ਤੁਹਾਡੇ ਘਰ ਜਨਮ ਲਿਆ ਹੈ ਅਤੇ ਸਹਿਜੇ ਹੀ ਤੁਹਾਡੀ ਸ਼ੁਭ ਮੁਕਤੀ ਹੋਵੇਗੀ॥ ੩੫॥

ਧੰਨ ਧੰਨ ਪੁਨਿ ਧੰਨ ਤੁਮ ਕੁਲ ਉਧਾਰ ਸਭਿ ਕੀਨਿ।
ਰਿਦੈ ਨ ਭਰਮਹੁ ਤਨਕ ਭਰਿ ਭੈ ਜਗ ਬੰਧਨ ਹੀਨ॥ ੩੬॥

ਧੰਨ ਧੰਨ ਤੁਸੀਂ ਹੋ, ਅਤੇ ਧੰਨ ਤੁਹਾਡੀ ਕੁੱਲ ਜਿਸ ਦਾ ਉਸ ਸਭ ਦਾ ਉਧਾਰ ਕੀਤਾ ਹੈ। ਹਿਰਦੇ ਵਿਚ ਜ਼ਰਾ ਭਰ ਵੀ ਭਰਮ ਨਾ ਕਰੋ, ਉਹ ਜੱਗ ਦੇ ਬੰਧਨ ਕੱਟਣਹਾਰ ਹੈ॥ ੩੬॥

ਸੋਰਠਾ- ਚਿਤ ਕੀ ਚਿੰਤ ਬਿਦਾਰਿ ਕਰਹੁ ਕਾਜ ਨਿਜ ਸਦਨ ਕੋ।
ਲਖਹੁ ਸੱਤਿ ਅਵਤਾਰ, ਤਿਹਂ ਰਾਖਨ ਕਿਹ ਕਰ ਨਹੀਂ॥ ੩੭॥

ਆਪਣੇ ਚਿੱਤ ਦੀ ਚਿੰਤਾ ਦੂਰ ਕਰਕੇ ਹੁਣ ਆਪਣੇ ਘਰ ਦਾ ਕੰਮ ਕਾਜ ਕਰੋ। ਉਸ ਨੂੰ ਸੱਚਾ ਅਵਤਾਰ ਸਮਝੋ, ਉਸ ਨੂੰ ਰੱਖਣਾ ਕਿਸੇ ਦੇ ਹੱਥ ਨਹੀਂ"॥ ੩੭॥

ਸ੍ਵੈਯਾ- ਧੀਰ ਧਰੀ ਸੁਨਿ, ਆਇ ਗਏ ਘਰ ਭੋਜਨ ਕੇ ਹਿਤ ਮਾਤ ਬੁਲਾਵੈ।
'ਆਵਹੁ ਤਾਤ! ਅਚੋ ਉਠਿਕੇ' ਗਵਨੈਂ ਢਿਗ ਮਾਤ ਅਹਾਰ ਕੋ ਖਾਵੈ।
ਹੇਰਤਿ ਹੈ ਕਮਲਾਨਨ ਕੋ ਸੁਖ ਪਾਇ ਰਿਦੈ ਜਨਨੀ ਬਲਿ ਜਾਵੈ।
'ਤਾਤ! ਨ ਜੋਰ ਹਮਾਰ ਚਲੈ ਕੁਛ,ਆਪ ਕਰੋ ਬਿਧਿ ਜਯੋਂ ਮਨ ਭਾਵੈ'॥੩੮॥

ਧੀਰਜ ਧਾਰਨ ਕੀਤਾ ਅਤੇ ਘਰ ਆ ਗਏ। ਮਾਤਾ ਜੀ ਨੇ ਫਿਰ ਗੁਰੂ ਨੂੰ ਭੋਜਨ ਵਾਸਤੇ ਬੁਲਾਇਆ, "ਆਵੋ ਪੁੱਤਰ! ਉਠ ਕੇ ਭੋਜਨ ਛੱਕ ਲਵੋ।" ਮਾਤਾ ਪਾਸੋਂ ਜਾ ਕੇ ਆਹਾਰ ਕਿਥੋਂ ਖਾਵੇਂਗਾ। ਕਮਲਨੈਣ ਦਾ ਮੁਖੜਾ ਵੇਖ ਕੇ ਮਾਤਾ ਜੀ ਹਿਰਦੇ ਵਿਚ ਸੁਖ ਪਾਉਂਦੇ ਹਨ ਅਤੇ ਬਲਿਹਾਰੀ ਜਾਂਦੇ ਹਨ। "ਪੁੱਤਰ ਸਾਡਾ ਕੋਈ ਜੋਰ ਨਹੀਂ ਚਲਦਾ, ਜਿਸ ਤਰ੍ਹਾਂ ਤੁਹਾਡਾ ਮਨ ਭਾਵੇ ਉਸ ਤਰ੍ਹਾਂ ਹੀ ਕਰੋ"॥ ੩੮॥

ਦੋਹਰਾ- ਕ੍ਰਿਪਾ ਦ੍ਰਿਸ਼ਟਿ ਕਰਿ ਬਚਨ ਸ਼ੁਭ ਕਹਿਕੈ, ਹਨਿ ਅਗਯਾਨ।
ਦ੍ਰਿੜ ਬੰਧਨ ਜਗ ਮਿਟ ਗਏ ਭਈ ਯੋਗ ਨਿਰਬਾਨ॥ ੩੯॥

ਗੁਰੂ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ, ਸ਼ੁਭ ਬਚਨ ਕਹਿ ਕੇ ਅਗਿਆਨਤਾ ਦਾ ਨਾਸ਼ ਕਰ ਦਿੱਤਾ। ਜੱਗ ਦੇ ਸਾਰੇ ਬੰਧਨ ਮਿਟ ਗਏ ਅਤੇ ਮਾਤਾ ਜੀ ਮੁਕਤੀ ਦੇ ਲਾਇਕ ਹੋ ਗਈ॥ ੩੯॥

ਸ੍ਵੈਯਾ- ਮਾਤ ਕੋ ਦੇਯ ਸੰਤੋਖ ਉਠੇ ਪੁਨ ਤਾਤ ਅਯੋ ਕਹਿਕੈ ਸਮਝਾਵੈ।
'ਜਾਨਹੁ ਜਯੋਂ ਕਰਿਜੇ ਨਿਜ ਕਾਰਜ' ਮੋ ਕਹਿਨੋ ਕਬ ਲੌ ਬਨਿ ਆਵੈ।
ਏਕ ਤੂੰ ਤਾਤ ਹੁਤੋ ਹਮਰੇ ਘਰ ਛੋਰਿ ਚਲੇ, ਇਹ ਕਯੋਂ ਮਨ ਭਾਵੈ।
ਔਰ ਕਹੇ ਬਹੁ ਭਾਂਤਿਨ ਕੇ ਬਚ-ਧਾਮ ਰਹੇ ਹਿਰਦਾ ਬਿਗਮਾਵੈ॥ ੪੦॥

ਮਾਤਾ ਜੀ ਨੂੰ ਸੰਤੋਖ ਦੇ ਕੇ ਫਿਰ ਉਠ ਕੇ ਪਿਤਾ ਜੀ ਪਾਸ ਆਏ ਅਤੇ ਉਨ੍ਹਾਂ ਨੂੰ ਸਮਝਾਉਣ ਲੱਗੇ। ਜਿਵੇਂ ਠੀਕ ਸਮਝੋ ਆਪਣਾ ਨਿਜ ਕਾਰਜ ਕਰੀਏ, ਮੇਰੇ ਕਹਿਣ ਨਾਲ ਕਬ ਤਕ ਬਣ ਆਵੇਗੀ। ਇਕ ਤੂੰ ਸਾਡਾ ਪੁੱਤਰ ਹੈਂ, ਸਾਡਾ ਘਰ ਛੱਡ ਚਲਿਆ ਹੈਂ, ਇਹ ਤੇਰੇ ਮਨ ਨੂੰ ਕਿਉਂ ਭਾਉਂਦਾ ਹੈ। ਹੋਰ ਕਈ ਭਾਂਤ ਦੇ ਬਚਨ ਕਹੇ ਕਿ ਘਰ ਰਹਿਣ ਨਾਲ ਇਨ੍ਹਾਂ ਦਾ ਹਿਰਦਾ ਖਿੜਿਆ ਰਹੇਗਾ॥ ੪੦॥

ਦੇਖਿ ਦਯਾ ਦ੍ਰਿਸ਼ਟੀ ਪਿਤ ਕੀ ਦਿਸ਼, ਮੋਹ ਹਨਯੋ, ਉਪਮਾ ਭਲਿ ਆਈ।
ਜਯੋਂ ਬਹਿਰੀ ਖਗ ਕੋ ਝਪਟਾਤਿ ਦਬਾਇਕੈ ਦੇਤਿ ਨਹੀਂ ਉਕਸਾਈ।
ਸ਼ਾਂਤਿ ਭਈ ਮਨ ਫੇਰ ਕਹਜੋ ਨਹਿੰ, ਤੂਸ਼ਨਿ ਹੋਇ ਰਹਜੋ ਸੁਖ ਪਾਈ।
ਪੌਢਿ ਰਹੇ ਪਰਯੰਕ ਕੇ ਊਪਰਿ ਸ੍ਰੀ ਗੁਰੂ ਨਾਨਕ ਜੀ ਗਤਿ ਦਾਈ॥੪੧॥

ਫਿਰ ਗੁਰੂ ਜੀ ਨੇ ਪਿਤਾ ਜੀ ਵਲ ਦਇਆ-ਦ੍ਰਿਸ਼ਟੀ ਕਰਕੇ ਵੇਖਿਆ। ਮਹਿਤਾ ਕਾਲੂ ਦੇ ਮੋਹ ਦਾ ਨਾਸ਼ ਹੋਇਆ, ਭਲੀਭਾਂਤ ਉਪਮਾਂ ਅਤੇ ਵਡਿਆਈ ਨਾਲ ਉਨ੍ਹਾਂ ਦਾ ਹਿਰਦਾ ਵਿਗਸ ਉਠਿਆ। ਉਨ੍ਹਾਂ ਦਾ ਮੋਹ ਇੰਝ ਨੱਪ ਲਿਆ ਜਿਵੇਂ ਛਿਕਰਾ ਆਪਣੇ ਸ਼ਿਕਾਰ ਨੂੰ ਝਪਟਾ ਮਾਰ ਕੇ ਦੱਬ ਲੈਂਦਾ ਹੈ, ਫਿਰ ਉਠਣ ਨਹੀਂ ਦਿੰਦਾ। ਜਦ ਮਨ ਸ਼ਾਂਤ ਹੋ ਗਿਆ ਫਿਰ ਕੁਝ

ਨਹੀ ਕਿਹਾ, ਅੰਤ੍ਰੀਵ ਅਨੰਦ ਪ੍ਰਾਪਤ ਕਰਕੇ ਚੁਪ ਰਹੇ। ਗਤੀਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਪਲੰਘ ਤੇ ਬਿਰਾਜਮਾਨ ਰਹੇ॥ ੪੧॥

ਨੀਂਦ ਬਸੀ ਹੁਇ ਸੋਇ ਰਹੇ ਤਬ, ਜਾਮਨਿ ਜਾਮ ਰਹੀ ਜਬ ਹੀ।
ਆਲਸ ਛੋਰਿ ਉਠੇ ਕਰੁਨਾ ਨਿਧਿ ਦਾਮਨ ਕੇ ਸੁਖਦਾ ਸਭਿ ਹੀ।
ਨ੍ਹਾਨ ਕੇ ਹੇਤ ਚਲੇ ਉਠਿ ਬਾਹਿਰ ਚੰਦ ਕੀ ਜੋਨ੍ਹ ਦਿਪੈ ਤਬ ਹੀ।
ਤਯੋਂ ਭਗਤੀ ਪਰਕਾਸ਼ਨ ਕੋ ਸਭਿ ਦੇਸ਼ ਬਦੇਸ਼ ਚਲੇ ਅਬ ਹੀ॥ ੪੨॥

ਨੀਂਦ ਆ ਗਈ ਤੇ ਫਿਰ ਪਹਿਰ ਰਾਤ ਤਕ ਸੁੱਤੇ ਰਹੇ। ਫਿਰ ਕਿਰਪਾ ਦੇ ਭੰਡਾਰ, ਆਪਣੇ ਸੇਵਕਾਂ ਨੂੰ ਸੁਖ ਦੇਣ ਵਾਲੇ ਭਾਵ ਗੁਰੂ ਜੀ ਆਲਸ ਛੱਡ ਕੇ ਉੱਠ ਬੈਠੇ। ਇਸ਼ਨਾਨ ਕਰਨ ਵਾਸਤੇ ਉਠ ਕੇ ਬਾਹਰ ਚਲੇ ਗਏ, ਉਸ ਵੇਲੇ ਚੰਦ ਦੀ ਚਾਨਣੀ ਚਮਕ ਰਹੀ ਹੈ। ਇੰਝ ਲਗਦਾ ਹੈ ਜਿਵੇਂ ਹੁਣ ਹੀ ਦੇਸ਼ ਬਦੇਸ਼ਾਂ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਸਤੇ ਚਲ ਪਏ ਹਨ॥ ੪੨॥

ਕੂਪ ਹਰੱਠ ਚਲੇ ਨਹਿਂ ਕੋਇ, ਫਿਰੇ ਇਕ ਦੋਇ ਤਬੈ ਗਤਿਦਾਈ।
ਨੀਰ ਨ ਪਾਵਤਿ ਭੇ ਕਿਤਹੂੰ ਤਿਹਂਕਾਲ ਵਿਖੇ ਮੁਖ ਬਾਨੀ ਅਲਾਈ।
'ਕੋਊ ਸਰੋਵਰ ਨਾਂਹਿ ਇਹਾਂ, ਨਗਰੀ ਬਿਨ ਨੀਰ, ਨ ਕੂਪ ਚਲਾਈ'।
ਜਾਗਤਿ ਰਾਇ ਬੁਲਾਰ ਸੁਨੀ ਤਿਹਂ ਕਾਲ ਵਿਖੈ ਮਨ ਯੋਂ ਠਹਿਰਾਈ॥੪੩॥

ਉਸ ਵੇਲੇ ਕੋਈ ਖੂਹ ਜਾਂ ਹਲਟ ਨਹੀਂ ਸੀ ਚਲ ਰਿਹਾ, ਮੁਕਤੀਦਾਤੇ ਇਕ ਦੋ ਥਾਂ ਜਾਂਦੇ ਹਨ। ਉਸ ਵੇਲੇ ਕਿਤੇ ਵੀ ਪਾਣੀ ਨਾ ਮਿਲਿਆ। ਇਹ ਵੇਖ ਕੇ ਮੁੱਖ ਤੋਂ ਇਹ ਬਚਨ ਕਹੇ, "ਏਥੇ ਕੋਈ ਸਰੋਵਰ ਨਹੀਂ ਹੈ, ਸਾਰੀ ਨਗਰੀ ਜਲ ਤੋਂ ਬਗੈਰ ਹੈ ਅਤੇ ਨਾ ਹੀ ਕੋਈ ਖੂਹ ਚਲ ਰਿਹਾ ਹੈ। ਰਾਇ ਬੁਲਾਰ ਉਸ ਵੇਲੇ ਜਾਗ ਰਿਹਾ ਸੀ, ਉਸ ਨੇ ਇਹ ਗੱਲ ਸੁਣੀ ਤਾਂ ਓਸੇ ਵੇਲੇ ਮਨ ਵਿਚ ਇਹ ਗੱਲ ਪੱਕੀ ਕਰ ਲਈ॥ ੪੩॥

ਸ੍ਵੈਯਾ- ਨਾਨਕ ਨਾਮ ਸਰੋਵਰ ਲਾਵਹੁ ਉਠਤਿ ਭੋਰ ਇਹੈ ਮਨ ਆਨਾ।
ਜਾਨਤਿ ਭਾ ਨਿਜ ਕੋ ਕਿਰਤਾਰਥ ਲਾਇ ਤੜਾਗ ਰਿਦੇ ਬਿਗਸਾਨਾ।
ਸੋ ਖੁਨਵਾਇ ਤਹਾਂ ਛਟਿਤੀ ਦਿਨ ਈਖਦ ਮੈਂ ਕਰਿ ਤਯਾਰ ਸੁਜਾਨਾ।
ਹੈ ਅਬ ਲੌ,ਅਸ਼ਨਾਨ ਪੁਨੀਤ ਕਰੇ ਤਿਹਠਾਂ, ਤਹਿਂ ਪਾਪ ਪਰਾਨਾ॥੪੪॥

ਸਵੇਰੇ ਉਠਦੇਸਾਰ ਉਸ ਦੇ ਮਨ ਵਿਚ ਇਹੀ ਗੱਲ ਆਈ ਕਿ ਨਾਨਕ ਨਾਮ ਦਾ ਇਕ ਸਰੋਵਰ ਤਿਆਰ ਕਰਦਾ ਹਾਂ। ਉਸ ਨੇ ਇਹ ਜਾਣ ਲਿਆ ਕਿ ਇਕ ਤਾਲਾਬ ਤਿਆਰ ਕਰਵਾ ਕੇ ਮੈਂ ਨਿਜੀ ਕਿਰਤਾਰਥ ਦਾ ਕੰਮ ਕਰਕੇ ਆਪਣੇ ਹਿਰਦੇ ਨੂੰ ਪ੍ਰਸੰਨ ਕਰਾਂ। ਇਸ ਲਈ ਛੇਤੀ ਹੀ ਕੁਝ ਦਿਨਾਂ ਵਿਚ ਇਕ ਤਾਲਾਬ ਪੁਟਵਾ ਕੇ ਚਤਰ ਰਾਇ ਬੁਲਾਰ ਨੇ ਤਿਆਰ ਕਰਵਾ ਲਿਆ। ਹੁਣ ਪਵਿੱਤਰ ਗੁਰੂ ਏਥੇ ਆ ਕੇ ਇਸ਼ਨਾਨ ਕਰਨ, ਜਿਨ੍ਹਾਂ ਨੂੰ ਵੇਖ ਕੇ ਪਾਪ ਨੱਸ ਜਾਂਦੇ ਹਨ॥ ੪੪॥

ਦੋਹਰਾ- ਮੁਝਕੋ ਲਯੋ ਬੁਲਾਇ ਤਬ ਕਰਿਵਾਯੋ ਇਸ਼ਨਾਨ।
ਆਲਯ ਮਿਲਿ ਕਰਿ ਸਤਿਗੁਰੂ ਕੀਨੋ ਪੁਨ ਪ੍ਰਸਥਾਨ॥ ੪੫॥

ਜਦ ਸਰੋਵਰ ਤਿਆਰ ਹੋਇਆ ਤਾਂ ਗੁਰੂ ਜੀ ਨੂੰ ਬੁਲਾਇਆ ਅਤੇ ਮੈਂ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ। ਇਸ਼ਨਾਨ ਕਰਕੇ ਫਿਰ ਸਤਿਗੁਰੂ ਆਪਣੇ ਘਰ ਵਾਲਿਆਂ ਨੂੰ ਮਿਲ ਕੇ ਵਿਦੇਸ਼ਾਂ ਵਲ ਚਲ ਪਏ॥ ੪੫॥

ਸ੍ਵੈਯਾ- ਦੋਇ ਮਹੂਰਤ ਜਾਮਨਿ ਤੇ ਗੁਰ ਨਾਨਕ ਜੀ ਤਬ ਕੀਨ ਪਯਾਨਾ।
ਸੰਗ ਚਲੇ ਸੁਖਸਾਗਰ ਕੇ ਜੁਗ, ਮੈਂ ਪੁਨਿ ਔਰ ਚਲਯੋ ਮਰਦਾਨਾ।
ਚੇਤ, ਅਨੰਦ, ਸਤੰ, ਸੁਖਕੰਦ, ਗੁਬਿੰਦ ਮੁਕੰਦ ਸਦਾ ਦੁਖ ਹਾਨਾ।
ਤਾਂ ਗੁਰ ਕੇ ਪਦ ਪੰਕਜ ਊਪਰ ਜਾਤਿ ਸਦੀਵ ਕਵੀ ਕੁਰਬਾਨਾ॥੪੬॥

ਦੋ ਘੜੀਆਂ ਬੀਤ ਜਾਣ ਤੇ ਗੁਰੂ ਜੀ ਆਪਣੀ ਯਾਤਰਾ ਵਾਸਤੇ ਚਲ ਪਏ। ਅਸੀਂ ਦੋਵੇਂ ਸੁਖਾਂ ਦੇ ਸਾਗਰ ਦੇ ਨਾਲ ਚਲ ਪਏ, ਮੈਂ (ਭਾਈ ਬਾਲਾ) ਤੇ ਮਰਦਾਨਾ ਉਨ੍ਹਾਂ ਦੇ ਨਾਲ ਤੁਰ ਪਏ। ਸਤਿਚਿਤ ਅਨੰਦ ਸਰੂਪ, ਸੁਖਾਂ ਦੇ ਮੇਘ, ਪ੍ਰਭੂ, ਮੁਕਤੀਦਾਤੇ ਸਦਾ ਹੀ ਦੁੱਖਾਂ ਦਾ ਨਾਸ਼ ਕਰਨ ਵਾਲੇ ਹਨ। ਅਜਿਹੇ ਗੁਰੂ ਜੀ ਦੇ ਚਰਨ ਕੰਵਲਾਂ ਉਪਰ ਸਦਾ ਹੀ ਕਵੀ ਕੁਰਬਾਨ ਜਾਂਦੇ ਹਨ॥ ੪੬॥

ਦੋਹਰਾ- ਮੰਦ ਮੰਦ ਗਤਿ ਸੁੰਦਰੀ ਪਦ ਪਦਵੀ ਪਰ ਪਾਇ।
ਮੈਂ ਪੁਨ ਮਰਦਾਨਾ ਦੁਊ ਸਤਿਗੁਰ ਪੀਛੇ ਜਾਇਂ॥ ੪੭॥

ਹੌਲੀ-ਹੌਲੀ ਗਤੀ ਨਾਲ ਸੁੰਦਰ ਚਰਨ ਰਾਹ ਤੇ ਧਰਦੇ ਹਨ। ਮੈਂ ਅਤੇ ਮਰਦਾਨਾ ਦੋਵੇਂ ਸਤਿਗੁਰੂ ਜੀ ਦੇ ਪਿਛੇ-ਪਿਛੇ ਜਾਂਦੇ ਹਾਂ॥ ੪੭॥

ਚੌਪਈ- ਹੇਤ ਭਗਤਿ ਸਰਿਤਾ ਬਿਸਤਾਰਨ। ਨਾਨਕ ਰਾਇ ਜਗਤ ਨਿਸਤਾਰਨ।
ਸੁਥਲ ਭਲੋ ਤਿਹ ਜੋ ਮਨ ਨੀਵਾਂ। ਜਾਂਹਿ ਕੀਰਤਨ ਨੀਰ ਸਦੀਵਾ॥੪੮॥

ਭਗਤੀ ਰੂਪੀ ਨਦੀ ਵਿਸਤਾਰ ਕਰਨ ਵਾਸਤੇ, ਨਾਨਕ ਪਾਤਸ਼ਾਹ ਜਗਤ ਦਾ ਕਲਿਆਣ ਕਰਨ ਵਾਸਤੇ ਜਾ ਰਹੇ ਹਨ। ਉਹ ਸਭ ਤੋਂ ਉਤਮ ਥਾਂ ਹੈ ਜਿਥੇ ਮਨ ਨਿਰਮਲ ਅਤੇ ਨੀਵਾਂ ਹੁੰਦਾ ਹੈ ਅਤੇ ਜਿਥੇ ਕੀਰਤਨ ਰੂਪ ਜਲ ਸਦਾ ਚਲਦਾ ਰਹਿੰਦਾ ਹੈ॥ ੪੮॥

ਨਾਮ ਸਿਫਤ ਸੁਠ ਉਠਤਿ ਤਰੰਗਾ। ਨਿਕਸਨ ਥਾਨ ਜਾਸੁ ਸਤਿਸੰਗਾ।
ਭ੍ਰਮ ਅੱਗਯਾਨ ਅਧਿਕ ਦ੍ਰਿਢ ਕੂਲਾ। ਤਿਨਹਿ ਨਿਕੰਦਨ ਕੋ ਅਨਕੂਲਾ॥੪੯॥

ਜਿਥੇ ਪ੍ਰਭੂ ਨਾਮ ਦੀ ਸਿਫਤ ਦੀਆਂ ਲਹਿਰਾਂ ਉਠਦੀਆਂ ਹਨ ਅਤੇ ਜਿਸ ਦਾ ਸੋਮਾ ਸਤਿਸੰਗ ਵਿਚ ਪ੍ਰਭੂ ਦਾ ਜੱਸ ਗਾਉਣਾ ਹੈ। ਭਰਮ ਅਤੇ ਅਗਿਆਨਤਾ ਦਾ ਬੇਸ਼ਕ ਕਿੰਨਾ ਵੀ ਪੱਕਾ ਕਿਨਾਰਾ ਹੋਵੇ, ਤਿਸ ਨੂੰ ਭੰਨਣ ਦੇ ਉਹ ਯੋਗ ਹੈ॥ ੪੯॥

ਖਰੇ ਬਿਟਪ ਕਲਮਲ ਕਲਿਕਾਲਾ। ਮੂਲ ਉਖਾਰਹਿਂ ਬੇਗ ਬਿਸਾਲਾ।
ਸਤਿਗੁਰ ਸਿਖ ਜਲਜੰਤੁ ਅਪਾਰਾ। ਬਿਛਰਹਿਂ ਨਹੀਂ, ਲੀਨ ਸੁਖ ਭਾਰਾ॥੫੦॥

ਕਲਯੁਗ ਸਮੇਂ ਦੇ ਘੋਰ ਪਾਪਾਂ ਰੂਪੀ ਦਰੱਖਤਾਂ ਨੂੰ ਉਹ ਜੜ੍ਹਾਂ ਤੋਂ ਪੁੱਟ ਦਿੰਦਾ ਹੈ। ਸਤਿਗੁਰੂ ਦੇ ਸਿੱਖ ਬੇਅੰਤ ਜਲ ਜੀਵ ਹਨ, ਉਹ ਸਤਿਗੁਰੂ ਤੋਂ ਕਦੀ ਵਿਛੜਦੇ ਨਹੀਂ ਅਤੇ ਭਾਰੀ ਸੁਖ ਪ੍ਰਾਪਤ ਕਰਦੇ ਹਨ॥ ੫੦॥

ਦੋਹਰਾ- ਪ੍ਰੇਮ ਬੇਗ ਪਰਵਾਹਿ ਤਿਹ, ਮਾਯਾ ਕਾਈ ਹੀਨ।
ਚਰਨ ਕਮਲ ਕੋ ਧਯਾਨ ਜੋ ਸੀਤਲਤਾ ਸੁਖ ਲੀਨ॥ ੫੧॥

ਓਥੇ ਪ੍ਰੇਮ ਦਾ ਅਥਾਹ ਪਰਵਾਹ ਚਲ ਰਿਹਾ ਹੈ ਅਤੇ ਮਾਇਆ ਵੀ ਮਲੀਨ ਨਹੀਂ ਹੈ। ਜਿਹੜੇ ਗੁਰੂ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਾਰਨ ਕਰਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਠੰਢ ਪੈਂਦੀ ਹੈ ਅਤੇ ਬੜਾ ਸੁਖ ਪ੍ਰਾਪਤ ਕਰਦੇ ਹਨ॥ ੫੧॥

ਚੌਪਈ- ਸਹਜਿ ਸਰੂਪ ਸਿੰਧੁ ਸਮੁਹਾਈ। ਮਿਲੀ ਜਾਇ ਇਸਥਿਰਤਾ ਪਾਈ।
ਜਨਮ ਮਰਨ ਕੋ ਬਹੁਰ ਨ ਫੇਰਾ। ਹ੍ਵੈ ਅਡੋਲ ਸੁਖ ਭਯੋ ਘਨੇਰਾ ॥ ੫੨ ॥

ਇਹ ਭਗਤੀ ਰੂਪ ਨਦੀ ਵਾਹਿਗੁਰੂ ਰੂਪੀ ਸਾਗਰ ਦੇ ਸਨਮੁਖ ਜਾਂਦੀ ਹੈ ਤੇ ਓਸੇ ਵਿਚ ਪ੍ਰੇਮ ਭਗਤੀ ਦੇ ਰੂਪ ਵਿਚ ਲੀਨ ਹੋ ਜਾਂਦੀ ਹੈ। ਪ੍ਰਭੂ ਨਾਲ ਮਿਲ ਕੇ ਆਤਮਾ ਸਥਿਰਤਾ ਪਾਉਂਦੀ ਹੈ, ਫਿਰ ਵਾਹਿਗੁਰੂ ਵਿਚ ਅਭੇਦ ਹੋ ਕੇ ਆਵਾਗੌਣ ਤੋਂ ਛੁੱਟ ਜਾਂਦੀ ਹੈ। ਅਡੋਲ ਹੋ ਕੇ ਬਹੁਤ ਸੁਖ ਪ੍ਰਾਪਤ ਕਰਦੀ ਹੈ॥ ੫੨ ॥

ਕਾਲ ਘਾਮ ਕੋ ਡਰ ਨਹਿਂ ਜਹਿਂਵਾ। ਸਰਿਤਾ ਸੰਗ ਪਹੁੰਚਗੇ ਤਹਿਂਵਾ।
ਜਿਨ ਐਸੀ ਸਰਿਤਾ ਬਰ ਤਯਾਗੀ। ਮ੍ਰਿਗ ਤ੍ਰਿਸ਼ਨਾ ਜਗ ਭ੍ਰਮਹਿ ਅਭਾਗੀ ॥੫੩ ॥

ਜਿਹੜੇ ਇਸ ਨਦੀ ਦੇ ਸੰਗ ਓਥੇ ਪਹੁੰਚਣਗੇ, ਉਨ੍ਹਾਂ ਨੂੰ ਫਿਰ ਮੌਤ ਰੂਪ ਧੁੱਪ ਦਾ ਕੋਈ ਡਰ ਨਹੀ ਰਹਿੰਦਾ। ਜਿਸ ਐਸੀ ਸ੍ਰੇਸ਼ਟ ਨਦੀ ਛੱਡ ਦਿੱਤੀ, ਉਹ ਅਭਾਗੇ ਮ੍ਰਿਗ ਤ੍ਰਿਸ਼ਨਾ ਵਾਂਗ ਜੱਗ ਤੇ ਭਟਕਦੇ ਰਹਿੰਦੇ ਹਨ॥ ੫੩ ॥

ਸ੍ਰੀ ਨਾਨਕ ਸਰਿਤਾ ਬਿਸਤਾਰੀ। ਜਹਾਂ ਤਹਾਂ ਪਸਰੀ ਬਰਬਾਰੀ।
ਵਡੇ ਭਾਗ ਤੇ ਪ੍ਰਾਪਤ ਹੋਈ। ਕਵਿ ਸੰਤੋਖ ਸਿੰਘ ਸਿਮਰੇ ਸੋਈ ॥ ੫੪ ॥

ਗੁਰੂ ਨਾਨਕ ਜੀ ਨੇ ਇਸ ਭਗਤੀ ਰੂਪੀ ਨਦੀ ਦਾ ਵਿਸਥਾਰ ਕੀਤਾ ਹੈ। ਜਿਥੇ-ਕਿਥੇ ਇਸ ਜਲ ਵਾਲੀ ਨਦੀ ਦਾ ਪਸਾਰਾ ਹੋਇਆ ਹੈ, ਵੱਡੇ ਭਾਗਾਂ ਨਾਲ ਇਹ ਨਦੀ ਪ੍ਰਾਪਤ ਹੋਈ ਹੈ, ਕਵੀ ਸੰਤੋਖ ਸਿਘ ਇਸ ਦਾ ਸਿਮਰਨ ਕਰਦਾ ਹੈ॥ ੫੪ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤਲਵੰਡੀ ਚਲਨਾ' ਪ੍ਰਸੰਗ ਬਰਨਨੰ ਨਾਮ ਪੈਂਤਾਲੀਸਮੋ ਅਧਯਾਯ ॥ ੪੫ ॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅੱਧ ਦਾ ਪੰਜਤਾਲੀਵਾਂ ਅਧਿਆਇ, ਜਿਸ ਦਾ ਨਾਮ "ਗੁਰੂ ਜੀ ਦਾ ਤਲਵੰਡੀ ਤੋਂ ਚਲਣਾ" ਹੈ ਸਮਾਪਤ ਹੋਇਆ॥ ੪੫ ॥

## ਅਧਿਆਇ ਛਿਤਾਲੀਵਾਂ

*ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਮਰੂਪ ਦੇਸ਼ ਪੁੱਜੇ।*

ਦੋਹਰਾ- ਸ੍ਰੀ ਗੁਰ ਚਰਨਨ ਧਯਾਨ ਤਰੁ ਪ੍ਰੇਮ ਨੀਰ ਤਹਿਂ ਪਾਇ।
ਕਵਿਤਾ ਕੁਸਮ ਪ੍ਰਫੁੱਲਹੀਂ ਸੁਫਲ ਅਰਥ ਸਮੁਦਾਇ॥ ੧ ॥

ਸ੍ਰੀ ਗੁਰੂ ਜੀ ਦੇ ਚਰਨਾਂ ਦਾ ਧਿਆਨ ਬ੍ਰਿਛ ਸਮਾਨ ਹੈ, ਉਸਨੂੰ ਪ੍ਰੇਮ ਰੂਪੀ ਪਾਣੀ ਪਾਈਏ ਤਾਂ ਕਵਿਤਾ ਰੂਪ ਫੁੱਲ ਪ੍ਰਫੁੱਲਤ ਹੁੰਦੇ ਹਨ ਤੇ ਸਾਰੇ ਅਰਥਾਂ ਦੇ ਸ੍ਰੇਸ਼ਟ ਫਲ ਪੈਂਦੇ ਹਨ॥ ੧ ॥

*ਸ੍ਰੀ ਬਾਲਾ ਸੰਧੁਰ ਵਾਚ॥*

ਭੁਜੰਗ ਪ੍ਰਯਾਤ ਛੰਦ- ਚਲੇ ਪੰਥ ਨਾਥੰ ਭਏ ਦੌਨ ਸਾਥਾ। ਦਯਾ ਸਿੰਧ ਰੂਰੀ ਭਨੈਂ ਗਯਾਨ ਗਾਥਾ।
ਗਏ ਧਾਮ ਲਾਲੋ ਗੁਬਿੰਦੰ ਮੁਕੰਦਾ। ਕਰੀ ਬੰਦਨਾ ਹੇਰਿ ਬਾਢਯੋ ਅਨੰਦਾ ॥੨ ॥

ਭਾਈ ਬਾਲਾ ਜੀ ਕਹਿੰਦੇ ਹਨ- ਪੰਥ ਦੇ ਨਾਥ ਚਲੇ ਜਾ ਰਹੇ ਸਨ ਅਤੇ ਅਸੀਂ ਦੋਵੇਂ ਉਨ੍ਹਾਂ ਦੇ ਨਾਲ ਸੀ। ਦਇਆ ਦੇ ਸਮੁੰਦਰ ਗਿਆਨ ਦੀਆਂ ਗੱਲਾਂ ਕਰਦੇ ਜਾ ਰਹੇ ਸਨ। ਮੁਕਤੀਦਾਤੇ ਗੋਬਿੰਦ ਰੂਪ ਭਾਈ ਲਾਲੋ ਦੇ ਘਰ ਚਲੇ ਗਏ। ਉਸ ਨੇ ਮੱਥਾ ਟੇਕਿਆ ਅਤੇ ਵੇਖ ਕੇ ਬਹੁਤ ਖੁਸ਼ ਹੋਇਆ॥ ੨ ॥

ਡਸਾਯੰ ਪ੍ਰਯੰਕੰ ਬਸਾਏ ਹੁਲਾਸੰ॥ ਮਨੋ ਪਾਨ ਕੀਨੰ ਅਮੀ ਭੂਰ ਪਯਾਸੰ॥
ਰਹੇ ਪੰਚ ਰੈਨਾ ਚਲੇ ਫੇਰ ਆਗੈ। ਲਏ ਨਾਮ ਜਾਂਕੇ ਵਡੇ ਪਾਪ ਭਾਗੈਂ॥ ੩॥

ਪਲੰਘ ਡਾਹ ਕੇ ਬੜੀ ਖੁਸ਼ੀ ਨਾਲ ਬਿਠਾਇਆ। ਮਾਨੋਂ ਬਹੁਤ ਪਿਆਸੇ ਨੇ ਅੰਮ੍ਰਿਤ ਪੀ ਲਿਆ ਹੋਵੇ। ਪੰਜ ਰਾਤਾਂ ਉਸ ਪਾਸ ਰਹਿ ਕੇ ਫਿਰ ਅੱਗੇ ਚਲ ਪਏ, ਜਿਹੜਾ ਵੀ ਉਨ੍ਹਾਂ ਦਾ ਨਾਂ ਲੈਂਦਾ ਸੀ ਉਸ ਦੇ ਵੱਡੇ ਪਾਪ ਦੂਰ ਹੋ ਜਾਂਦੇ ਸਨ॥ ੩॥

ਪਦੰ ਬੰਦਿ ਲਾਲੋ ਗਯੋ ਦੂਰ ਸੰਗੰ। ਮੁਰੇ ਨਾ ਘਰੰ, ਪ੍ਰੇਮ ਭੂਰੰ ਉਮੰਗੰ।
ਭਨਯੋ ਬਾਰਬਾਰੰ ਮੁਰਯੋ ਧਾਮ ਆਯੰ। ਰਿਦੈ ਮੈਂ ਗੁਰੂ ਰੂਪ ਤੈਸੰ ਬਸਾਯੰ॥੪॥

ਚਰਨਾਂ ਦੀ ਬੰਦਨਾਂ ਕਰਦਾ ਹੋਇਆ, ਲਾਲੋ ਬਹੁਤ ਦੂਰ ਤਕ ਨਾਲ ਤੁਰਿਆ ਗਿਆ, ਆਪਣੇ ਘਰ ਨੂੰ ਵਾਪਿਸ ਮੁੜਦਾ ਹੀ ਨਹੀਂ ਸੀ, ਦਿਲ ਇਸ ਤਰ੍ਹਾਂ ਉਤਸ਼ਾਹ ਨਾਲ ਭਰਿਆ ਹੋਇਆ ਸੀ। ਜਦ ਉਸ ਨੂੰ ਬਾਰ ਬਾਰ ਕਿਹਾ ਗਿਆ ਤਾਂ ਆਪਣੇ ਘਰ ਨੂੰ ਮੁੜਿਆ, ਹਿਰਦੇ ਵਿਚ ਗੁਰੂ ਰੂਪ ਐਸਾ ਵਸਾ ਲਿਆ॥ ੪॥

ਜਹਾਂ ਦੇਸ਼ ਮੰਤ੍ਰੰਨ ਢਾਕਾ ਬੰਗਾਲਾ। ਤਹਾਂ ਕੋ ਚਲੇ ਪ੍ਰਾਕ ਦੀਨੰ ਦਯਾਲਾ।
ਗਤੀ ਮੰਦਮੰਦੰ ਪਦੰ ਪੰਥ ਪਾਵੈਂ। ਬਸੈਂ ਰੈਨ ਮਾਂਹੀ,ਚਲੇ ਦਯੋਸ ਜਾਵੈਂ॥੫॥

ਜਿਥੇ ਜਾਦੂ ਟੂਣੇ ਮੰਤਰਾਂ ਦਾ ਦੇਸ਼ ਢਾਕਾ ਬੰਗਾਲਾ ਹੈ, ਪਹਿਲੇ ਗੁਰੂ ਜੀ ਦੀਨ ਦਿਆਲ ਉਸ ਪਾਸੇ ਵੱਲ ਚੱਲ ਪਏ। ਹੌਲੀ-ਹੌਲੀ ਗਤੀ ਨਾਲ ਰਾਹ ਵਿਚ ਪੈਰ ਧਰਦੇ ਸਨ। ਰਾਤ ਨੂੰ ਕਿਸੇ ਮੁਕਾਮ ਤੇ ਠਹਿਰ ਜਾਂਦੇ ਸਨ, ਅਤੇ ਦਿਨ ਸਮੇਂ ਚਲਦੇ ਜਾਂਦੇ ਸਨ॥ ੫॥

ਇਸੀ ਭਾਂਤਿ ਬੀਤੇ ਜਬੈ ਦਯੋਸ ਤੀਨੰ। ਅਹਾਰੰ ਕਿਸੂ ਥਾਨ ਲੀਨੰ ਨ ਕੀਨੰ।
'ਛੁਧਾ ਹੈ ਨ ਮੋਕੋ', ਗੁਰੂ ਧੀਰ ਦੀਨੰ। ਅਨੰਦੰ ਦਿਨੰ ਰੈਨ ਸ਼ੋਕੰ ਬਿਹੀਨੰ॥੬॥

ਇਸ ਤਰ੍ਹਾਂ ਜਦ ਤਿੰਨ ਦਿਨ ਬੀਤ ਗਏ, ਕਿਸੇ ਥਾਂ ਵੀ ਕੋਈ ਭੋਜਨ ਨਾ ਖਾਧਾ, ਨਾ ਮੈਨੂੰ ਭੁੱਖ ਲੱਗੀ ਅਤੇ ਨਾ ਹੀ ਗੁਰੂ ਜੀ ਨੇ ਇਸ ਬਾਰੇ ਸੋਚਿਆ, ਸਾਡੇ ਦਿਨ ਰਾਤ ਬੜੇ ਅਨੰਦ ਵਿਚ ਗੁਜ਼ਰ ਰਹੇ ਸਨ॥ ੬॥

ਦੋਹਰਾ- ਛੁਧਾ ਲਗੀ, ਬਯਾਕੁਲ ਭਯੋ, ਮਰਦਾਨਾ ਅਕੁਲਾਇ।
ਸਮਿਤ ਹੇਤ ਕਾਰਨ ਕਰਨ ਤਿਹ ਉਰ ਭੂਖ ਲਗਾਇ॥ ੭॥

ਪਰ ਮਰਦਾਨੇ ਨੂੰ ਬੜੀ ਭੁੱਖ ਲੱਗੀ ਸੀ ਅਤੇ ਵਿਆਕੁਲ ਹੋ ਕੇ ਬੜਾ ਦੁਖੀ ਹੋਇਆ। ਬੁਧੀਵਾਨ ਗੁਰੂ ਜੀ ਨੇ ਕਿਸੇ ਕਾਰਨ ਹਿਤ ਉਸ ਨੂੰ ਭੁੱਖ ਲਾਈ ਸੀ॥ ੭॥

ਸ੍ਵੈਯਾ- ਭੂਰ ਛੁਧਾ, ਖਿਝ ਹੈ ਮਨ ਮੈਂ, ਕੁਛ ਭਾਖਤਿ ਨਾ ਮੁਖ ਤੇ ਮਰਦਾਨਾ।
ਓਜ ਬਿਹੀਨ ਸਰੀਰ ਅਧੀਨ ਭਯੋ ਸਿਥਲੰ, ਹਿਰਦੈ ਦੁਖ ਮਾਨਾ।
ਸੰਗਤਿ ਕਿਉਂ ਨਿਭਹੈ ਇਨਿ ਕੀ, ਮੁਖ ਖਾਤ ਅਹਾਰ ਨ ਪਾਨਿ ਨ ਪਾਨਾ?।
ਹੌਂ ਇਹ ਭਾਂਤਿ ਮਰੌਂ ਕਿਹ ਥਾਨ, ਬਿਹੀਨ ਅਹਾਰ ਰਹੈਂ ਉਦਿਆਨਾ॥੮॥

ਬਹੁਤ ਭੁੱਖ ਲੱਗੀ ਹੈ, ਮਨ ਵਿਚ ਬੜਾ ਖਿਝਿਆ ਹੋਇਆ ਹੈ, ਮਰਦਾਨਾ ਮੁੱਖ ਤੋਂ ਕੁਝ ਬੋਲ ਨਹੀਂ ਰਿਹਾ ਹੈ। ਭੋਜਨ ਤੋਂ ਬਗੈਰ ਸਰੀਰ ਬੜਾ ਕਮਜ਼ੋਰ ਹੋ ਗਿਆ ਹੈ ਅਤੇ ਹਿਰਦੇ ਵਿਚ ਬੜਾ ਦੁੱਖ ਮੰਨ ਰਿਹਾ ਹੈ। ਇਨ੍ਹਾਂ ਦਾ ਸਾਥ ਕਿਵੇਂ ਨਿਭੇਗਾ, ਕਿਉਂਕਿ ਨਾ ਤੇ ਇਹ ਮੁੱਖ ਨਾਲ ਕੁਝ ਖਾਂਦੇ ਹਨ ਅਤੇ ਨਾ ਹੀ ਪਾਣੀ ਪੀਂਦੇ ਹਨ? ਇਸ ਤਰ੍ਹਾਂ ਤਾਂ ਮੈਂ ਭੋਜਨ ਬਗੈਰ ਕਿਸੇ ਥਾਂ ਜੰਗਲ ਵਿਚ ਮਰ ਜਾਵਾਂਗਾ॥ ੮॥

ਸ੍ਰੀ ਗੁਰੁ ਜੀ ਤਿਹ ਅੰਤਰਿ ਕੀ ਗਤਿ ਜਾਨਣਹਾਰ ਸਭੈ ਬਿਧਿ ਜਾਨਾ।
ਆਨਨ ਸੋਂ ਮੁਸਕਾਵਤਿ ਮੰਦ, ਬਿਲੋਕਤਿ ਦੇਤਿ ਅਨੰਦ ਕੋ ਦਾਨਾ।
ਬੈਨ ਭਨੇ ਰਸ ਹਾਸ ਵਿਖੈ 'ਤੁਮਰੀ ਸੁਧ ਕ੍ਯਾ? ਕਹਿਯੇ ਮਰਦਾਨਾ!
ਤੂਸ਼ਨਿ ਕੀਨ ਚਲੇ ਗਤਿ ਦੀਨ, ਹੁਤੋ ਕਮਲਾਨਨ ਸੋ ਕੁਮਲਾਨਾ ॥੯॥

ਸ੍ਰੀ ਗੁਰੂ ਜੀ ਅੰਤਰਜਾਮੀ ਜਿਹੜੇ ਸਭ ਦੀ ਅੰਦਰ ਦੀ ਹਾਲਤ ਜਾਣਦੇ ਹਨ, ਮੁਖੜੇ ਤੋਂ ਹੌਲੀ-ਹੌਲੀ ਮੁਸਕਰਾਏ ਅਤੇ ਆਨੰਦ ਦਾ ਦਾਨ ਦੇਣ ਵਾਲੇ ਨੇ ਮਰਦਾਨੇ ਵਲ ਵੇਖਿਆ। ਤਦ ਹਾਸੇ ਦੇ ਭਾਵ ਵਿਚ ਉਨ੍ਹਾਂ ਕੁਝ ਬਚਨ ਕਹੇ, "ਤੇਰਾ ਕੀ ਹਾਲ ਹੈ, ਮਰਦਾਨੇ ਦੱਸ ? ਕਿਉਂ ਚੁਪ ਧਾਰੀ ਹੈ ਅਤੇ ਬਿਮਾਰਾਂ ਵਾਲੀ ਚਾਲੇ ਤੁਰਦਾ ਹੈਂ, ਕੰਵਲ ਦੇ ਫੁੱਲ ਵਰਗਾ ਤੇਰਾ ਮੁੱਖੜਾ ਸੀ, ਜੋ ਹੁਣ ਕੁਮਲਾ ਗਿਆ ਹੈ" ॥ ੯॥

'ਤੂੰ ਜਗਤੇਸੁਰ ਸ੍ਰੀ ਪਰਮੇਸੁਰ, ਬ੍ਯਾਪਹਿ ਭੂਖ ਪਿਆਸ ਨ ਥੋਰੀ।
ਭੋਜਨ ਕੀ ਨਹਿਂ ਚਾਹਿ ਕਬੈ, ਮਗ ਸੰਗਤਿ ਕ੍ਯੋਂ ਨਿਬਹੈ ਅਬ ਤੋਰੀ ?।
ਬਾਸੁਰ ਤੀਨ ਬਿਤੀਤ ਭਏ ਬਿਨ ਅੰਨ ਬਿਆਕੁਲ ਹੈ ਗਤਿ ਮੋਰੀ।
ਅੰਤਕ ਓਕ ਸਸ਼ੋਕ ਅਰੋਗਹੀ ਜਾਵਹਿਗੇ ਮਮ ਪ੍ਰਾਨ ਅਚੋਰੀ' ॥੧੦॥

ਮਰਦਾਨਾ ਕਹਿਣ ਲੱਗਾ, "ਤੁਸੀਂ ਤਾਂ ਜਗਤ ਦੇ ਸਵਾਮੀ, ਪਰਮੇਸ਼ਵਰ ਹੋ, ਤੁਹਾਨੂੰ ਭੁੱਖ ਪਿਆਸ ਨਹੀਂ ਲਗਦੀ ਹੈ, ਤੁਹਾਨੂੰ ਭੋਜਨ ਦੀ ਕਦੇ ਚਾਹ ਨਹੀ ਹੁੰਦੀ, ਮੈਥੋਂ ਹੁਣ ਤੁਹਾਡੀ ਸੰਗਤ ਕਿਵੇਂ ਨਿਭੇਗੀ ? ਤਿੰਨ ਦਿਨ ਬੀਤ ਗਏ ਹਨ, ਅੰਨ ਪਾਣੀ ਖਾਣ ਤੋਂ ਬਗੈਰ ਮੇਰੀ ਹਾਲਤ ਵਿਆਕੁਲ ਹੋ ਗਈ ਹੈ। ਅੰਤ ਸ਼ੋਕ ਸਹਿਤ ਮੇਰੇ ਪ੍ਰਾਣ ਪ੍ਰਤੱਖ ਤੌਰ ਤੇ ਜਮ ਦੇ ਘਰ ਜਾਣਗੇ' ॥ ੧੦॥

ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਹ ਨੈਨ ਰਹੀ ਛਬਿ ਛਾਈ।
'ਤੁਝਕੋ ਮ੍ਰਿਤੁ ਹੋਵਨ ਦੇਹਿਂ ਨਹੀਂ, ਮਰਿ ਜਾਵਹਿਂ ਜੇ, ਤਬ ਲੇਹਿਂ ਜਿਵਾਈ'।
ਤਹਿਂ ਆਕ ਕੋ ਬੂਟ ਬਿਲੋਕਿ ਵਡੋ ਤਿਹਂ ਕਾਲ ਵਿਖੈ ਮੁਖ ਬਾਨੀ ਅਲਾਈ।
'ਫਲ ਲੇਹੁ ਬਿਸਾਲ ਅਚੋ ਤਤਕਾਲ ਅਘਾਵਹੁ ਪੇਟ ਛੁਧਾ ਮਿਟ ਜਾਈ' ॥੧੧॥

ਮਰਦਾਨੇ ਦੀ ਇਹ ਗੱਲ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ, ਜਿਨ੍ਹਾਂ ਦੇ ਨੈਣਾਂ ਵਿਚ ਦਇਆ ਦੀ ਛਵੀ ਛਾਈ ਹੋਈ ਸੀ। "ਤੈਨੂੰ ਮੈਂ ਮਰਨ ਨਹੀਂ ਦੇਵਾਂਗਾ, ਜੇ ਮਰ ਵੀ ਜਾਵੇਂਗਾ ਤਾਂ ਜੀਉਂਦਾ ਕਰ ਲਵਾਂਗਾ"। ਉਸ ਵੇਲੇ ਗੁਰੂ ਜੀ ਨੇ ਮੁਖ ਤੋਂ ਇਹ ਬਚਨ ਕਹੇ, "ਔਹ ਵੱਡਾ ਅੱਕ ਜਿਹੜਾ ਤੁਸੀਂ ਵੇਖਦੇ ਹੋ, ਇਸ ਨੂੰ ਲੱਗੇ ਵੱਡੇ-ਵੱਡੇ ਫਲ ਤੋੜ ਲਵੋ ਤੇ ਹੁਣੇ ਹੀ ਰੱਜ ਕੇ ਖਾਵੋ, ਤੁਹਾਡੇ ਪੇਟ ਦੀ ਸਾਰੀ ਭੁੱਖ ਮਿਟ ਜਾਵੇਗੀ' ॥ ੧੧॥

ਸੋਰਠਾ- 'ਹਸੀ ਕਰਤਿ ਮਮ ਸਾਥ ਮਾਰਹੁ ਏਹ ਖੁਵਾਇਕੈ।
ਕੈਸੇ ਖਾਵੋਂ ਨਾਥ! ਅਰਕ ਫਲਨ ਮ੍ਰਿਤੁ ਕੋ ਕਰੈਂ' ॥ ੧੨॥

ਇਹ ਸੁਣ ਕੇ ਮਰਦਾਨਾ ਕਹਿਣ ਲੱਗਾ, "ਮੇਰੇ ਨਾਲ ਮਜ਼ਾਕ ਕਰ ਰਹੇ ਹੋ, ਮੈਨੂੰ ਇਹ ਖਵਾ ਕੇ ਮਾਰਨਾ ਚਾਹੁੰਦੇ ਹੋ। ਹੇ ਮਾਲਕ ! ਮੈਂ ਇਨ੍ਹਾਂ ਨੂੰ ਕਿਸ ਤਰ੍ਹਾਂ ਖਾਵਾਂਗਾ, ਅੱਕ ਦਾ ਫਲ ਖਾਣ ਨਾਲ ਆਦਮੀ ਮਰ ਜਾਂਦਾ ਹੈ' ॥ ੧੨॥

ਸ੍ਵੈਯਾ- ਕਮਲਾਨਨ ਵਾਕ ਕਹੇ ਸਮਿਤੰ 'ਤੁਮ ਖਾਵਹੁ ਖਾਇ ਸੁ ਜਾਇਂ ਜਿਤੇ।
ਪੁਨ ਲਾਲਚ ਫੇਰ ਕਰੋ ਨ ਰਿਦੇ ਨਿਜ ਰਾਖਿ ਨ ਪਾਸ, ਸੁਨੋ ਸੁਮਤੇ !।
ਤਵ ਪੇਟ ਛੁਧਾ ਜਿਤਨੀ ਕੁ ਅਹੈ ਭਰਿ ਲੇਹੁ ਤਿਤੀ ਤਨ ਹੋਇ ਹਿਤੇ।
ਨਹਿਂ ਹੋਵਹਿਗੋ ਦੁਖ ਪ੍ਰਾਨਨ ਕੋ ਹਤਿ, ਮਾਨਹੁ ਵਾਕ, ਅਚੇਹੁ ਇਤੇ' ॥੧੩॥

ਫਿਰ ਕਮਲ ਨੈਣ ਗੁਰੂ ਜੀ ਨੇ ਮੁਸਕਰਾਉਂਦਿਆਂ ਇਹ ਬਚਨ ਕਹੇ, "ਹੇ ਸ੍ਰੇਸ਼ਟ ਮੱਤ ਵਾਲੇ ਖਾਵੋ, ਖਾਣ ਨਾਲ ਤੂੰ ਕਿਤੇ ਨਹੀਂ ਚਲਿਆ। ਖਾ ਕੇ ਫਿਰ ਹਿਰਦੇ ਵਿਚ ਲਾਲਚ ਨਾ ਕਰਨਾ ਅਤੇ ਕੋਈ ਵੀ ਅੱਕ ਦਾ ਫਲ ਬਚਾ ਕੇ ਨਾ ਰੱਖਣਾ। ਜਿੰਨੀ ਵੀ ਤੇਰੇ ਪੇਟ ਵਿਚ ਭੁੱਖ ਲੱਗੀ ਹੈ, ਓਨੇ ਤੋੜ ਲਵੇ ਅਤੇ ਓਨੇ ਖਾਵੋ, ਜਿਸ ਨਾਲ ਸਰੀਰ ਸੁਖੀ ਰਹੇ ਤੇ ਪ੍ਰਾਣਾਂ ਦਾ ਨਾਸ਼ ਨਾ ਹੋਵੇ, ਇਹ ਇੰਨੇ ਖਾਵੋ, ਜਿੰਨੇ ਮੈਂ ਕਹੇ ਹਨ। (ਭਾਵ ਏਥੇ ਖਾ ਲਵੇ ਜਿੰਨੇ ਖਾਣੇ ਹਨ, ਪੱਲੇ ਨਹੀਂ ਬੰਨ੍ਹਣੇ)" ॥ ੧੩ ॥

ਯੌਂ ਸੁਨਿ ਬੈਨਿ ਮਨੇ ਮਨ ਮੈਂ ਪੁਨਿਆਨਨ ਖਾਤਿ ਅਨੰਦ ਚਿਤੇ।
ਤੋਰਤ ਤੂਰਨ ਪਾਵਤਿ ਹੈ ਮੁਖ, ਖਾਵਤਿ ਸਾਦ ਸੁਧਾ ਤੇ ਅਤੇ।
ਛੋਰਿ ਸਕੈ ਨਹਿਂ, ਪੇਟ ਭਰਾ ਬਹੁ, ਥਾਂਵ ਰਹਾ ਨਹਿ ਪਾਇ ਕਿਤੇ।
ਪੂਰ ਲਯੋ ਗਰਲੌ ਉਦਰੰ, ਤ੍ਰਿਸ਼ਨਾਂ ਨ ਹਟੈ ਬਹੁ ਤੋਰ ਲਿਤੇ ॥ ੧੪ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਅਤੇ ਮੰਨ ਕੇ ਫਿਰ ਮੂੰਹ ਨਾਲ ਬੜੇ ਆਨੰਦ ਨਾਲ ਖਾਧੇ। ਤੋੜ ਕੇ ਤੁਰੰਤ ਖਾ ਲੈਂਦਾ ਹੈ ਅਤੇ ਜਦ ਮੂੰਹ ਵਿਚ ਪਾਉਂਦਾ ਹੈ ਤਾਂ ਅੰਮ੍ਰਿਤ ਨਾਲੋਂ ਵੀ ਮਿੱਠੇ ਅਤੇ ਸਵਾਦੀ ਹਨ। ਏਨੇ ਸਵਾਦੀ ਲੱਗਦੇ ਹਨ ਕਿ ਛੱਡ ਸਕਦਾ ਨਹੀਂ, ਪੇਟ ਬਹੁਤ ਭਰਿਆ ਹੈ, ਪੇਟ ਵਿਚ ਕੋਈ ਥਾਂ ਨਹੀਂ ਬਚਿਆ ਜਿਥੇ ਹੋਰ ਪਾ ਲਵੇ। ਗਲ ਤਕ ਪੇਟ ਭਰ ਲਿਆ ਹੈ, ਪਰ ਤ੍ਰਿਸ਼ਨਾ ਪੂਰੀ ਨਹੀ ਹੋਈ ਬਹੁਤ ਤੋੜ ਲਏ॥ ੧੪ ॥

ਲਾਲਚ ਕੋ ਕਰਿਕੈ ਫਲ ਤੋਰਿ ਕੇ ਬਾਂਧ ਸੁ ਪੱਲੇ ਕੇ ਸੰਗ ਲਿਯੇ।
ਬਾਸੁਰ ਏਕ ਅਹਾਰ ਰਖਾ ਤਿਨ ਸ੍ਰੀ ਗੁਰ ਤੇ ਚਖਚੋਰਿ ਕਿਯੇ।
ਭੂਖ ਲਗੀ ਜਬਹੀ ਅਗਲੇ ਦਿਨ ਤੂਸ਼ਨਿ ਹੀ ਤਬ ਕਾਢਿ ਖਏ।
ਖਾਵਤਿ ਬਯਾਕੁਲ ਹੋਇ ਗਯੋ ਮੁਖ 'ਹਾਇ' ਪੁਕਾਰਤਿ 'ਹਾਇ' ਕਿਯੇ ॥੧੫ ॥

ਲਾਲਚ ਵਿਚ ਆ ਕੇ ਕੁਝ ਫਲ ਤੋੜ ਕੇ ਪੱਲੇ ਬੰਨ੍ਹ ਲਏ। ਇਕ ਦਿਨ ਜੋਗਾ ਆਹਾਰ, ਗੁਰੂ ਜੀ ਤੋਂ ਅੱਖਾਂ ਬਚਾ ਕੇ ਚੋਰੀ ਰੱਖ ਲਿਆ। ਅਗਲੇ ਦਿਨ ਜਦ ਭੁੱਖ ਲੱਗੀ ਤਾਂ ਚੁੱਪ ਕੀਤੇ ਕੱਢ ਕੇ ਖਾ ਲਏ। ਖਾਂਦਿਆਂ ਹੀ ਵਿਆਕੁਲ ਤੇ ਮੁਖ ਤੋਂ ਹਾਏ ਹਾਏ ਪੁਕਾਰਨ ਲੱਗ ਗਿਆ ॥ ੧੫ ॥

ਸ੍ਵੈਯਾ- ਪਰਿਕੈ ਧਰਤੀ ਪਰਪਾਇ ਪਸਾਰ ਪੁਕਾਰਤਿ, ਆਰਤ ਭਾ ਮਰਦਾਨਾ।
ਕਬਿ ਪੌਢਤਿ ਦਾਬਤਿ ਹੈ ਉਦਰੰ, ਕਬਿ ਬੈਠਤਿ ਐਂਠ ਅਮੋੜਤਿ ਘ੍ਰਾਨਾ।
ਨਿਜ ਕਾਰ ਕਰੀ, ਤਰਪਾ ਕਰਿਕੈ ਉਚਰੈ ਨ ਗੁਰੂ ਢਿਗ ਬੈਨ ਅਜਾਨਾ।
ਉਰ ਭੂਰ ਬਿਸੂਰਤਿ ਬਯਾਕੁਲ ਹੋਵਤਿ ਯੋਂ ਦੁਖ ਪਾਇ ਪਰਯੋ ਤਿਹਂ ਥਾਨਾ ॥੧੬ ॥

ਧਰਤੀ ਤੇ ਪੈ ਕੇ ਪੈਰ ਪਸਾਰ, ਮਰਦਾਨਾ ਦੁੱਖ ਕਰਕੇ ਉੱਚੀ ਉੱਚੀ ਪੁਕਾਰਨ ਲੱਗਾ। ਕਦੀ ਲੰਮਾ ਪੈ ਜਾਂਦਾ ਹੈ ਅਤੇ ਪੇਟ ਨੂੰ ਦਬਾਉਂਦਾ ਹੈ, ਕਦੀ ਬੈਠ ਕੇ ਆਕੜ ਕੇ ਨੱਕ ਚੜ੍ਹਾਉਂਦਾ ਹੈ। ਆਪਣੀ ਚੋਰੀ ਵਾਲੀ ਕਾਰ ਕਰਕੇ, ਸ਼ਰਮ ਦਾ ਮਾਰਿਆ ਗੁਰੂ ਜੀ ਪਾਸ ਆ ਕੇ ਵੀ ਆਪਣੇ ਦੁੱਖ ਨੂੰ ਬਿਆਨ ਨਹੀਂ ਸੀ ਕਰਦਾ। ਹਿਰਦੇ ਵਿਚ ਬਹੁਤ ਦੁਖੀ ਹੋ ਕੇ ਵਿਆਕੁਲ ਹੋਇਆ, ਇਕ ਥਾਂ ਪਿਆ ਹੀ ਤੜਪ ਰਿਹਾ ਸੀ॥ ੧੬ ॥

ਸਿੱਖਨ ਕੇ ਸੁਖਦਾ ਚਖਿ ਦੇਖਿ ਦੁਖਾਤੁਰ ਹੈ ਬਪੁਖੰ ਮਰਦਾਨਾ।
ਆਨਨ ਤੇ ਸਮਿਤਾ ਕਰੁਨਾਨਿਧਿ ਤਾਂਹਿ ਕੇ ਸੰਗ ਸੁ ਵਾਕ ਬਖਾਨਾ।
'ਲਾਲਚ ਕੋ ਕਰਿ ਪਾਸ ਰਖੇ ਤੁਹਿ, ਬੂਝ ਨ ਮੋਹਿ ਲਿਯੋ ਤਿਹਂ ਥਾਨਾ।
ਤੋ ਦੁਖ ਪਾਵਤਿ ਹੋ ਇਤਨੋ,ਮੁਝ ਬੂਝਹਿਂ ਜੇ,ਨਹਿਂ ਦੂਖ ਸੁਜਾਨਾ !' ॥੧੭ ॥

ਸਿੱਖਾਂ ਦੇ ਸੁਖਦਾਤੇ ਗੁਰੂ ਜੀ ਨੇ ਮਰਦਾਨੇ ਨੂੰ ਜਦ ਵੇਖਿਆ ਕਿ ਉਸ ਦਾ ਸਰੀਰ ਦੁਖੀ ਹੈ ਤਾਂ ਮੁਸਕਰਾ ਕੇ ਕਿਰਪਾ ਦੇ ਭੰਡਾਰ ਨੇ ਮਰਦਾਨੇ ਨੂੰ ਇਹ ਬਚਨ ਕਹੇ। ਲਾਲਚ ਕਰਕੇ ਅੱਕ ਦੇ ਫਲ ਤੂੰ ਆਪਣੇ ਪਾਸ ਰਖੇ, ਤੂੰ ਓਥੇ ਮੇਰੇ ਪਾਸੋਂ ਇਸ ਬਾਰੇ ਪੁਛਿਆ ਨਹੀ, ਹੁਣ ਤੂੰ ਏਨਾ ਦੁੱਖ ਪਾ ਰਿਹਾ ਹੈਂ, ਜੇ ਮੈਥੋਂ ਪੁੱਛ ਲੈਂਦਾ ਤਾਂ ਹੇ ਸੁਜਾਨ! ਏਨਾ ਦੁੱਖ ਨਾ ਪਾਉਂਦਾ॥ ੧੭॥

ਜਾਨਿ ਸਤੇਜ ਲਈ ਮਮ ਜੋ ਕਰਿ ਯੌਂ ਹਿਰਦੇ ਲਖਿ ਬੈਨ ਉਚਾਰੇ।
'ਹੌਂ ਅਨਜਾਨਪਨਾ ਮਨ ਮਾਨ, ਨ ਚੀਨਤਿ ਭੇਦ ਚਰਿੱਤ੍ਰ ਤੁਮਾਰੇ।
ਪੂਰਬ ਸੇ ਲਖਿ ਖਾਇ ਲਏ, ਜਿਨ ਖਾਵਤਿ ਦੇਹਿ ਭਈ ਦੁਖਿਯਾਰੇ।
ਤੋਰਿ ਰਖੇ ਤੁਮ ਚੋਰੀ ਦੁਰਾਇਕੈ ਹੇਤ ਛੁਧਾ ਇਕ ਦਯੋਸ ਅਹਾਰੇ' ॥੧੮॥

ਮਰਦਾਨੇ ਨੇ ਜਦ ਇਹ ਵੇਖ ਲਿਆ ਕਿ ਜੋ ਚੋਰੀ ਉਸ ਕੀਤੀ ਸੀ, ਉਸ ਨੂੰ ਗੁਰੂ ਜੀ ਨੇ ਜਾਣ ਲਿਆ ਹੈ ਤਾਂ ਉਸ ਨੇ ਇਹ ਲਫਜ਼ ਕਹੇ, ਮੈਂ ਅਣਜਾਣਪੁਣੇ ਵਿਚ ਮੰਨ ਵਿਚ ਮੰਨਿਆ, ਮੈਂ ਤੁਹਾਡੇ ਅਦਭੁਤ ਚਰਿਤ੍ਰ ਦਾ ਭੇਦ ਨਾ ਜਾਣ ਸਕਿਆ। ਪਹਿਲਾਂ ਵਰਗੇ ਮਿੱਠੇ ਮੰਨ ਕੇ ਖਾ ਲਏ। ਜਿਨ੍ਹਾਂ ਨੂੰ ਖਾਣ ਨਾਲ ਆਪਣੀ ਦੇਹ ਨੂੰ ਦੁਖਿਆਰੀ ਕੀਤਾ। ਤੋੜ ਕੇ ਤੁਹਾਥੋਂ ਛੁਪਾ ਕੇ ਚੋਰੀ ਰੱਖ ਲਏ, ਇਨ੍ਹਾਂ ਨੂੰ ਅੰਮ੍ਰਿਤ ਸਮਝ ਕੇ ਮੈਂ ਇਕ ਦਿਨ ਦੇ ਆਹਾਰ ਵਾਸਤੇ ਰੱਖ ਲਿਆ॥ ੧੮॥

ਔਰ ਖਰੋ ਤਹਿਂ ਠੌਰ ਵਿਖੈ ਅਰਕੰ ਫਲ ਫੂਲਨ ਸੋਂ ਗੁਰੁ ਚੀਨੋ।
ਤੋਰਤਿ ਭੇ ਫਲ ਆਪਨ ਹਾਥਨ ਪੀਰ ਮਿਟਾਵਨ ਕੋ ਤਿਹ ਦੀਨੋ।
ਪਾਵਤਿ ਹੀ ਮੁਖ, ਭਾ ਬਪੁਖੰ ਸੁਖ, ਖੈ ਦੁਖ ਤੇ, ਹਰਖਜੋ ਲਖਿ ਲੀਨੋ।
ਬੰਦ ਉਭੈ ਕਰ, ਭਾਖ ਬਿਨੈ ਬਰ, ਬੰਦਨ ਕੋ ਕਰਿ, ਹੋਤਿ ਅਧੀਨੋ ॥੧੯॥

ਤੁਹਾਡੇ ਵਾਸਤੇ ਇਹ ਗੱਲ ਬਿਲਕੁਲ ਠੀਕ ਹੈ ਕਿ ਤੁਸੀ ਅੱਕਾਂ ਦੇ ਫੁਲਾਂ ਅਤੇ ਫਲਾਂ ਵਿਚ ਵੀ ਅੰਮ੍ਰਿਤ ਵੇਖਦੇ ਹੋ। ਮੈਂ ਉਹ ਫਲ ਆਪਣੇ ਹੱਥੀਂ ਤੋੜੇ ਸਨ, ਜੋ ਤੁਸੀਂ ਭੁੱਖ ਦੀ ਪੀੜ ਮਿਟਾਉਣ ਵਾਸਤੇ ਮੈਨੂੰ ਦਿੱਤੇ ਸਨ। ਮੂੰਹ ਵਿਚ ਪਾਉਂਦਿਆਂ ਹੀ ਸਰੀਰ ਸੁਖੀ ਹੋ ਗਿਆ ਅਤੇ ਦੁੱਖ ਦੂਰ ਹੋ ਗਿਆ, ਮੈਂ ਇਹ ਵੇਖ ਕੇ ਬਹੁਤ ਖੁਸ਼ ਹੋਇਆ, ਤੁਸੀਂ ਇਹ ਵੇਖ ਹੀ ਲਿਆ ਹੈ, ਦੋਵੇਂ ਹੱਥ ਜੋੜ ਕੇ ਕੁਝ ਕਹੇ ਬਿਨਾਂ ਸ੍ਰੇਸ਼ਟ ਮਰਦਾਨਾ ਮੱਥਾ ਟੇਕ ਕੇ ਨਿੰਮਰਤਾ ਧਾਰਦਾ ਹੈ॥ ੧੯॥

ਯਾ ਬਿਧਿ ਸੋਂ ਕਰਿ ਅੱਗ੍ਰ ਚਲੇ ਗੁਰ ਹਾਸ ਬਿਲਾਸ ਕੇ ਵਾਕ ਉਚਾਰੈਂ।
ਮਾਰਗ ਜਾਤਿ, ਉਭੈ ਪਸ਼ਚਾਤ, ਸੁਨੈਂ ਸ਼ੁਭ ਬਾਤ ਸੰਦੇਹ ਨਿਵਾਰੈਂ।
ਮੰਦਹਿ ਮੰਦ ਚਲੈਂ ਗਤਿ ਪੰਥ ਅਨੰਦ ਭਏ ਪੁਰਿ ਗ੍ਰਾਮ ਨਿਹਾਰੈਂ।
ਗਾਉਂ ਬਸੈਂ ਨਿਸਿ, ਬਾਸੁਰ ਮੈਂ ਚਲਿ, ਦੇ ਉਪਦੇਸ਼ ਕਿਤੇ ਨਰ ਤਾਰੈਂ ॥੨੦॥

ਇਸ ਤਰ੍ਹਾਂ ਕਰਕੇ ਅੱਗੇ ਚਲ ਪਏ ਅਤੇ ਗੁਰੂ ਜੀ ਨੇ ਹਾਸ ਵਿਲਾਸ ਦੇ ਵਾਕਾਂ ਦਾ ਉਚਾਰਨ ਕੀਤਾ। ਰਸਤੇ-ਰਸਤੇ ਤੁਰੇ ਜਾਂਦੇ ਸਨ, ਪਿਛੇ-ਪਿਛੇ ਅਸੀਂ ਦੋਵੇਂ ਚਲੇ ਜਾ ਰਹੇ ਸੀ, ਉਨ੍ਹਾਂ ਦੀਆਂ ਸ਼ੁਭ ਗੱਲਾਂ ਸੁਣ ਕੇ ਸਾਡੇ ਸੰਸੇ ਦੂਰ ਹੋ ਰਹੇ ਸਨ। ਹੌਲੀ ਚਾਲ ਰਸਤੇ ਰਸਤੇ ਚਲੇ ਜਾ ਰਹੇ ਸਨ ਅਤੇ ਬੜੇ ਅਨੰਦ ਨਾਲ ਨਗਰ ਅਤੇ ਪਿੰਡਾਂ ਨੂੰ ਵੇਖਦੇ ਸਨ। ਰਾਤ ਦਿਨ ਚਲ ਕੇ ਕਿਸੇ ਪਿੰਡ ਵਿਚ ਜਾ ਠਹਿਰਦੇ ਸਨ ਅਤੇ ਲੋਕਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਨੂੰ ਤਾਰਦੇ ਸਨ॥ ੨੦॥

ਕਾਵਰੂ ਦੇਸ਼ ਕਿਯੋ ਪਰਵੇਸ਼, ਭਲੇ ਦਰਵੇਸ਼, ਕੋ ਬੇਸ ਬਨਾਏ।
ਮੰਤ੍ਰਨ ਜੰਤ੍ਰਨ ਤੰਤ੍ਰਨ ਕੀ ਨਿਧਿ ਜੋਰ ਸੀਮੰਤਨਿ ਕੋ ਜਿਹ ਥਾਏ।
ਆਇ ਗਯੋ ਢਿਗ ਹੀ ਨਗਰਾ, ਗੁਰੁ ਬੈਸ ਗਏ ਤਰੁ ਕੀ ਇਕ ਛਾਏ।
ਬੀਤ ਮਹੂਰਤ ਏਕ ਗਯੋਂ ਮਰਦਾਨੇ ਤਬੈ ਮੁਖ ਵਾਕ ਅਲਾਏ॥ ੨੧॥

ਚਲਦਿਆਂ ਚਲਦਿਆਂ ਕਾਮਰੂਪ ਦੇਸ਼ ਵਿਚ ਪ੍ਰਵੇਸ਼ ਕੀਤਾ, ਚੰਗੇ ਦਰਵੇਸ਼ਾਂ ਦੇ ਉਨ੍ਹਾਂ ਭੇਸ ਧਾਰਨ ਕੀਤੇ ਹੋਏ ਸਨ। ਓਥੇ ਜੰਤਰਾਂ ਮੰਤਰਾਂ ਅਤੇ ਤੰਤਰਾਂ ਦੀਆਂ ਮਾਹਰ ਇਸਤਰੀਆਂ ਰਹਿੰਦੀਆਂ ਸਨ। ਉਹ ਨਗਰ ਦੇ ਬਿਲਕੁਲ ਨੇੜੇ ਪਹੁੰਚ ਗਏ ਅਤੇ ਗੁਰੂ ਜੀ ਇਕ ਬ੍ਰਿਛ ਦੀ ਛਾਂ ਹੇਠ ਬੈਠ ਗਏ। ਜਦ ਇਕ ਘੜੀ ਬੀਤ ਗਈ ਤਾਂ ਮਰਦਾਨੇ ਨੇ ਮੁਖ ਤੋਂ ਇਹ ਸ਼ਬਦ ਕਹੇ॥ ੨੧॥

'ਹੇ ਪ੍ਰਭੁ ਜੀ' ਇਹ ਸੁੰਦਰ ਦੇਸ਼ ਤਰੋਵਰ ਭਾਂਤਿ ਅਨੇਕ ਖਰੇ।
ਪੁੰਗ, ਤੰਬੂਲਨ, ਤਾਲ, ਤਮਾਲ, ਬਿਸਾਲ ਭਲੇ ਦਲ ਸੋਹੈਂ ਹਰੇ।
ਸਾਖ ਝੁਕੀ ਫਲ ਪੀਨਨ ਸੋਂ, ਕਦਲੀ ਕੇ ਬਗੀਚਨ ਬ੍ਰਿੰਦ ਜਰੇ।
ਜੇ ਨਰ ਨਾਰਿ ਸਰੀਰ ਮੈਂ ਚੀਰਨ ਆਨ ਹੀ ਰੀਤਿ ਸੋਂ ਤਾਂਹਿ ਧਰੇ॥੨੨॥

"ਹੇ ਪ੍ਰਭੂ ਜੀ! ਇਹ ਬੜਾ ਸੁੰਦਰ ਦੇਸ਼ ਹੈ, ਏਥੇ ਅਨੇਕ ਪ੍ਰਕਾਰ ਦੇ ਸੁੰਦਰ ਦਰੱਖਤ ਖੜੇ ਹਨ। ਸੁਪਾਰੀ, ਪਾਨ, ਆਦਿ ਦੇ ਦਰੱਖਤ ਅਤੇ ਕਈ ਵੱਡੇ-ਵੱਡੇ ਸਰੋਵਰ ਅਤੇ ਹਰਿਆਵਲ ਬਹੁਤ ਸ਼ੋਭਾ ਪਾ ਰਹੀ ਹੈ। ਮੋਟੇ-ਮੋਟੇ ਫਲਾਂ ਨਾਲ ਟਹਿਣੀਆਂ ਝੁਕੀਆਂ ਹੋਈਆਂ ਹਨ ਅਤੇ ਕੇਲਿਆਂ ਦੇ ਬਗੀਚਿਆਂ ਨੂੰ ਬੜੇ ਫਲ ਲੱਗੇ ਹੋਏ ਹਨ। ਇਥੋਂ ਦੇ ਇਸਤਰੀ ਮਰਦਾਂ ਨੇ ਆਪਣੇ ਕਪੜੇ ਹੋਰ ਹੀ ਰੀਤੀ ਦੇ ਪਾਏ ਹੋਏ ਹਨ॥ ੨੨॥

ਆਇਸੁ ਦੇਵਹੁ ਜਾਵਹੁਂ ਮੈਂ ਪੁਰਿ ਹੇਰਿ ਅਹਾਰ ਕਰੋਂ ਕਿਹਂ ਥਾਨਾ।
ਭੂਰ ਛੁਧਾ ਮੁਝ ਲਾਗ ਰਹੀ ਨਹਿਂ ਕੂਰ ਕਹੌਂ ਤੁਮਰੇ ਅਗੁਵਾਨਾ'।
ਸ੍ਰੀ ਮੁਖਵਾਕ ਕਹੇ ਤਿਹਂ ਸੋਂ 'ਨਹਿਂ ਜਾਵਹੁ ਯਾ ਪੁਰਿ ਮੈਂ ਮਰਦਾਨਾ!।
ਜਾਨਿ ਰਿਦੇ ਦੁਖਦਾਨ ਸਥਾਨ ਨ ਲਾਯਕ ਜਾਨਿ ਕੇ,ਮਾਨ ਸੁਜਾਨਾ॥੨੩॥

ਮਰਦਾਨੇ ਕਿਹਾ, "ਮੈਨੂੰ ਆਗਿਆ ਦੇਵੋ ਮੈਂ ਸ਼ਹਿਰ ਵਿਚ ਜਾਵਾਂ ਅਤੇ ਸ਼ਹਿਰ ਵੇਖ ਕੇ ਕਿਸੇ ਥਾਂ ਬੈਠ ਕੇ ਭੋਜਨ ਕਰਾਂ। ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਮੈਂ ਤੁਹਾਡੇ ਸਾਹਮਣੇ ਝੂਠ ਨਹੀਂ ਕਹਿ ਰਿਹਾ ਹਾਂ।" ਸ੍ਰੀ ਮੁਖਵਾਕ ਭਾਵ ਗੁਰੂ ਜੀ ਨੇ ਉਸ ਨੂੰ ਕਿਹਾ, "ਹੇ ਮਰਦਾਨੇ! ਇਸ ਨਗਰ ਵਿਚ ਨਾ ਜਾਵੇ, ਹੇ ਸ੍ਰੇਸ਼ਟ ਬੁੱਧੀ ਵਾਲੇ! ਆਪਣੇ ਹਿਰਦੇ ਵਿਚ ਇਸ ਨੂੰ ਦੁਖਦਾਇਕ ਸਥਾਨ ਜਾਣੋ, ਇਹ ਸਥਾਨ ਤੁਹਾਡੇ ਜਾਣ ਦੇ ਲਾਇਕ ਨਹੀਂ ਹੈ, ਇਹ ਸਮਝ ਲਵੋ"॥ ੨੩॥

'ਪੁਰਿ ਤੇ ਬਰਜੋ ਡਰ ਦੇ ਉਰ ਕੋ ਮੁਝ, ਨਾ ਬਰ ਆਪ ਕਹੂੰ ਕਛੁ ਖ੍ਰਾਹਾ।
ਕਰ ਆਇ ਅਹਾਰ ਨ ਹੇ ਕਰੁਨਾਕਰ! ਕਯੋਂ ਕਰਿ ਬਾਹਰ ਮੈਂ ਨਿਰਬਾਹਾ।'
ਬਿਨ ਭੋਜਨ ਤੇ ਤਨ ਹਾਨਿ ਬਨੇ, ਹਠ ਕੋ ਲਗਹੋਂ ਕਰਿਹੋਂ ਮਨਮਾਂਹਾ?।
ਅਬ ਦੇਹੁ ਰਜਾਇ ਕੋ ਜਾਇਕੈ ਜਾਇਕੈ ਖਾਇ ਅਘਾਇ ਅਵੋਂ ਤੁਮ ਪਾਹਾ॥੨੪॥

ਮਰਦਾਨੇ ਨੇ ਕਿਹਾ, "ਮੈਨੂੰ ਅਜੇਹਾ ਭੈ ਦੇ ਕੇ ਸ਼ਹਿਰ ਵਿਚ ਜਾਣ ਤੋਂ ਰੋਕਦੇ ਹੋ, ਨਾ ਆਪ ਸ਼ਹਿਰ ਅੰਦਰ ਜਾ ਕੇ ਕੁਝ ਖਾਂਦੇ ਹੋ। ਹੇ ਕਿਰਪਾ ਨਿਧਾਨ! ਜੇ ਮੈਂ ਭੋਜਨ ਛੱਕ ਕੇ ਨਹੀਂ ਆਵਾਂਗਾ ਤਾਂ ਬਾਹਰ ਮੇਰਾ ਨਿਰਬਾਹ ਕਿਵੇਂ ਹੋਵੇਗਾ।" ਭੋਜਨ ਤੋਂ ਬਗੈਰ ਸਰੀਰ ਨਾਸ ਹੋ ਜਾਂਦਾ ਹੈ। ਮੈਂ ਤਾਂ ਹਠ ਕਰਕੇ ਆਪਣੀ ਮਨਮਰਜ਼ੀ ਕਰਾਂਗਾ। ਹੁਣ ਆਗਿਆ ਦੇਵੋ ਜਾਵਾਂ ਅਤੇ ਕਿਸੇ ਥਾਵੇਂ ਜਾ ਕੇ ਆਹਾਰ ਕਰਕੇ ਫਿਰ ਤੁਹਾਡੇ ਪਾਸ ਆ ਜਾਵਾਂਗਾ॥ ੨੪॥

ਨਾਨਕ ਤਾਂ ਮਨ ਕੀ ਮਨ ਜਾਨਿ ਸੁ ਆਨਨ ਬੈਨ ਭਨੇ ਮੁਸਕਾਨੇ।
'ਧੀਰ ਸਰੀਰ ਧਰੈਂ ਨਹਿਂ ਤੂੰ ਪੁਰਿ ਮੈਂ ਬਰ ਹੇਰਹੁ ਜਾ ਮਰਦਾਨੇ।
ਤੇ ਉਰ ਹੇਰਨ ਚਾਹਿ ਰਹੈ ਨਹਿਂ ਖਾਹੁ ਅਹਾਰ ਅਹੇ ਲਲਚਾਨੇ'।
ਸ਼੍ਰੋਨਨ ਯੋਂ ਸੁਨਿ ਕੀਨਿ ਪਯਾਨ,ਅਜਾਨ ਨ ਜਾਨੀ ਜੁ ਬੈਨ ਬਖਾਨੇ॥੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਉਸ ਦੇ ਭਵਿਸ਼ ਦੀ ਸਾਰੀ ਗੱਲ ਆਪਣੇ ਮਨ ਵਿਚ ਜਾਣ ਕੇ, ਮੁੱਖ ਤੋਂ ਕੁਝ ਬਚਨ ਕਹੇ ਅਤੇ ਮੁਸਕਰਾਏ, ''ਹੇ ਮਰਦਾਨੇ ਤੂੰ ਆਪਣੇ ਸਰੀਰ ਵਿਚ ਧੀਰਜ ਤੇ ਧਾਰਨ ਕਰਦਾ ਨਹੀਂ, ਇਸ ਲਈ ਨਗਰ ਅੰਦਰ ਜਾਵੋ ਤੇ ਸਾਰੇ ਨਗਰ ਨੂੰ ਵੇਖੋ। ਤੇਰੇ ਹਿਰਦੇ ਅੰਦਰ ਨਗਰ ਵੇਖਣ ਦਾ ਕੋਈ ਚਾਅ ਨਾ ਰਹਿ ਜਾਵੇ, ਜਾ ਕੇ ਆਪਣੇ ਮਨ ਭਾਉਂਦਾ ਭੋਜਨ ਕਰੋ।'' ਗੁਰੂ ਜੀ ਦੀ ਇਹ ਗੱਲ ਕੰਨਾਂ ਨਾਲ ਸੁਣ ਕੇ, ਮਰਦਾਨਾ ਚਲਾ ਗਿਆ, ਅਣਜਾਨ ਇਹ ਨਹੀਂ ਸੀ ਜਾਣਦਾ, ਜਿਹੜੇ ਬਚਨ ਕਹੇ ਗਏ ਸਨ॥ ੨੫॥

ਪੁਰਿ ਮੈਂ ਬਰਿਕੈ ਉਰਮੈਂ ਹਰਖਾ ਬਰ, ਹੇਰਤਿ ਨਾਰਿਨ ਰੂਪ ਅਪਾਰੈ।
ਤਰੁ ਪਾਤਰ ਮੂਲ ਉਖਾਰਨ ਕੋ ਕਰਨੀ ਸੀ ਅਹੈਂ ਬਿਭਚਾਰ ਬਿਹਾਰੈ।
ਸਿਰ ਬਾਰ ਸਵਾਰਿ ਕੈ ਅੰਜਨ ਡਾਰਿ, ਸ਼ਿੰਗਾਰ ਸੁਧਾਰਿ, ਕਟਾਛ ਨਿਹਾਰੈਂ।
ਨਰ ਜੋ ਪਰਦੇਸੀ ਕਰੈ ਪਰਵੇਸ਼ ਬਸੀ ਕਰਿ ਲੇਤਿ ਹੈਂ ਮੰਤ੍ਰ ਉਚਾਰੈ॥੨੬॥

ਮਰਦਾਨਾ ਨਗਰ ਵਿਚ ਦਾਖਲ ਹੋ ਕੇ ਹਿਰਦੇ ਵਿਚ ਬੜਾ ਖੁਸ਼ ਹੋਇਆ ਅਤੇ ਵੇਖਦਾ ਹੈ ਕਿ ਨਗਰ ਵਿਚ ਸੁੰਦਰ ਸਰੂਪ ਵਾਲੀਆਂ ਅਪਾਰ ਇਸਤਰੀਆਂ ਹਨ। ਜਿਨ੍ਹਾਂ ਦਾ ਇਹ ਵਿਹਾਰ ਹੈ ਕਿ ਉਹ ਸ਼ੁਭ ਕਰਨੀ ਰੂਪੀ ਬ੍ਰਿਛ ਨੂੰ ਪੱਤਿਆਂ ਅਤੇ ਜੜ੍ਹਾਂ ਸਮੇਤ ਉਖੇੜਨ ਵਿਚ ਹਥਨੀਆਂ ਸਮਾਨ ਹਨ। ਸਿਰ ਦੇ ਵਾਲ ਸਵਾਰ ਕੇ, ਅੱਖਾਂ ਵਿਚ ਸੁਰਮਾ ਪਾ ਕੇ ਤੇ ਭੜਕੀਲਾ ਹਾਰ ਸ਼ਿੰਗਾਰ ਕਰਕੇ ਅੱਖਾਂ ਮਟਕਾ ਕੇ ਵੇਖਦੀਆਂ ਹਨ। ਜਿਹੜਾ ਵੀ ਪਰਦੇਸੀ ਮਰਦ ਨਗਰ ਵਿਚ ਪਰਵੇਸ਼ ਕਰਦਾ ਹੈ, ਉਸ ਨੂੰ ਮੰਤਰ ਮਾਰ ਕੇ ਵੱਸ ਕਰ ਲੈਂਦੀਆਂ ਹਨ॥ ੨੬॥

ਦੋਹਰਾ- ਰਮਤ ਪੁਰਖ ਸੋਂ ਥਕਤਿ ਨਹਿਂ ਅਸ ਕੁਲਟਾ ਤਹਿਂ ਨਾਰ।
ਪਤਿ ਕੋ ਰਾਖਹਿਂ ਸਬਸਿ ਕਰਿ ਆਪ ਕਰੈਂ ਬਿਭਚਾਰ॥ ੨੭॥

ਮਨੁੱਖਾਂ ਨਾਲ ਰਮਨ ਕਰਦੀਆਂ ਥੱਕਦੀਆਂ ਨਹੀਂ, ਅਜੇਹੀਆਂ ਭੈੜੀਆਂ ਇਸਤਰੀਆਂ ਹਨ। ਆਪਣੇ ਪਤੀ ਨੂੰ ਆਪਣੇ ਵੱਸ ਵਿਚ ਕਰਕੇ ਰੱਖਦੀਆਂ ਹਨ ਅਤੇ ਹੋਰਨਾਂ ਮਰਦਾਂ ਨਾਲ ਵਿਭਚਾਰ ਕਰਦੀਆਂ ਹਨ॥ ੨੭॥

ਕਬਿੱਤ-ਜਬੈ ਮਰਦਾਨਾ ਪੁਰਿ ਮੱਧ ਮੈਂ ਪਯਾਨਾ ਤਬ ਗਯੋ ਏਕ ਥਾਨ ਹਿਤ ਲੇਨਿ ਕੇ ਅਹਾਰਿਆ।
ਬੈਸੀ ਚਾਰੂ ਨਾਰਿ, ਚਾਰੁ ਨੈਨ ਸੋਂ ਨਿਹਾਰਿ ਇਸ, ਬਚਨ ਪਰਸਪਰ ਬਿਬਿਧ ਉਚਾਰਿਆ।
ਏਕ ਕਹੈ 'ਮੋਰੋ ਇਹ', ਦੂਜੀ ਕਹੈ 'ਮੀਤ ਮੋਹਿ' ਤੀਜੀ ਕਹੈ 'ਪੂਰਬ ਮੈਂ ਤੁਮ ਤੇ ਨਿਹਾਰਿਆ'।
ਚੌਥੀ ਉਠਿ ਤਾਤਕਾਲ ਤੰਤੁ ਗੇਰਿ ਗ੍ਰੀਵ ਮਾਂਹਿ, ਲੀਨੋ ਕਰਿ ਮੇਢਾ, ਦਾਮ ਦੀਨ ਗਰ ਡਾਰਿਆ॥੨੮॥

ਜਦ ਮਰਦਾਨਾ ਨਗਰ ਦੇ ਵਿਚਕਾਰ ਗਿਆ ਤਾਂ ਜਦ ਇਕ ਥਾਂ ਭੋਜਨ ਲੈਣ ਵਾਸਤੇ ਗਿਆ ਤਾਂ ਓਥੇ ਸੁੰਦਰ ਨਾਰੀਆਂ ਬੈਠੀਆਂ ਸਨ, ਉਨ੍ਹਾਂ ਨੇ ਸੁੰਦਰ ਨੈਣਾਂ ਨਾਲ ਮਰਦਾਨੇ ਵਲ ਵੇਖਿਆ ਅਤੇ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ। ਇਕ ਕਹਿਣ ਲੱਗੀ, ਇਹ ਮੇਰਾ ਹੈ, ਦੂਸਰੀ ਕਹਿਣ ਲੱਗੀ, ਇਹ ਮੇਰਾ ਮਿੱਤਰ ਹੈ, ਤੀਸਰੀ ਕਹਿਣ ਲੱਗੀ ਸਭ ਤੋਂ ਪਹਿਲਾਂ ਮੈਂ ਇਸ ਨੂੰ ਵੇਖਿਆ ਹੈ, ਚੌਥੀ ਤੁਰੰਤ ਉਠੀ ਅਤੇ ਗਿੱਚੀ ਵਿਚ ਧਾਗਾ ਪਾ ਕੇ ਭੇਡੂ ਬਣਾ ਕੇ ਗਲ ਵਿਚ ਰਸੀ ਪਾ ਲਈ॥ ੨੮॥

ਸ੍ਵੈਯਾ- ਮਾਨਵ ਦੇਹ ਗਈ ਪਲਟੀ ਤਬ ਏਂਢਕ ਰੂਪ ਸੁ ਦੀਸਨ ਲਾਗਾ।
ਗ੍ਰਿਵ ਮੈਂ ਗੇਰਿ ਕੈ ਦਾਮਨਿ ਬੰਧਨ ਬਾਂਧ ਦਯੋ ਕਿਲਕੰ ਜਿਨ ਭਾਗਾ।
ਰੂਪਹਿਂ ਤੇ ਸੁ ਕੁਰੂਪ ਭਯੋ ਪੁਨ ਮਾਰਤਿ ਨਾਸਨ ਸੌਂ ਫੁਰੜਾਗਾ।
ਜਾਨਤਿ ਹੈ ਮਨ ਮੈਂ ਸਭਿ ਹੀ ਸੁਧ ਜੋਰ ਚਲੈ ਨਹਿਂ ਬੰਧ ਜਿ ਤਯਾਗਾ॥੨੯॥

ਮਨੁੱਖਾ ਦੇਹ ਪਲਟ ਗਈ ਤੇ ਮਰਦਾਨੇ ਨੂੰ ਆਪਣਾ ਆਪ ਭੇਡੂ ਰੂਪ ਦਿੱਸਣ ਲੱਗ ਪਿਆ। ਗਲ ਵਿਚ ਰਸੀ ਬੰਨ੍ਹ ਕੇ ਉਸ

ਨੂੰ ਇਕ ਕਿੱਲੇ ਨਾਲ ਬੰਨ੍ਹ ਦਿੱਤਾ, ਤਾਕਿ ਭੱਜ ਨਾ ਜਾਵੇ। ਰੂਪ ਤੋਂ ਕਰੂਪ ਹੋ ਗਿਆ ਤੇ ਭੱਜਣ ਵਾਸਤੇ ਫੁਰਾਟੇ ਮਾਰਨ ਲੱਗਾ। ਸਭ ਕੁਝ ਜਾਣਦਾ, ਮਨ ਵਿਚ ਸਾਰੀ ਸੋਝੀ ਹੈ, ਪਰ ਜ਼ੋਰ ਨਹੀਂ ਚਲਦਾ ਕਿ ਕਿਵੇਂ ਬੰਧਨ ਛੁਡਵਾ ਸਕੇ॥ ੨੯॥

ਝੂਰ ਬਿਸੂਰਤ ਹੈ ਉਰ ਮੈਂ ਤਿਯ ਧੂਰਤ ਕੀਨ ਮੈਥੋਂ ਅਨਜਾਨਾ।
ਨਾਨਕ ਬੈਨ ਨ ਮਾਨੇ ਮਨੈਂ ਦੁਖ ਯਾਤੇ ਸਹਾਰਹੁ ਆਪਨੇ ਪਾਨਾ।
ਜੌਨ ਹਿਤੂ ਕੋ ਨ ਮਾਨਤਿ ਬੈਨ ਕੋ ਪ੍ਰਾਪਤ ਹ੍ਵੈ ਦੁਖ ਮੋਹਿ ਸਮਾਨਾ।
ਦੇਸ਼ ਨਿਕੇਤ ਕਹਾਂ ਹਮਰੋ, ਕਿਤ ਆਨਿ ਫਸ੍ਯੋ ਪਰਦੇਸ਼ ਸਥਾਨਾ॥੩੦॥

ਦਿਲ ਵਿਚ ਬਹੁਤ ਝੂਰਦਾ ਹੈ ਕਿ ਇਸਤਰੀਆਂ ਨੇ ਮਾਇਆ ਜਾਲ ਨਾਲ ਮੈਨੂੰ ਮੂਰਖ ਬਣਾ ਦਿੱਤਾ ਹੈ, ਮੈਂ ਅਨਜਾਣ ਸੀ, ਇਨ੍ਹਾਂ ਦੀ ਇਸ ਜਾਦੂਗਰੀ ਦਾ ਮੈਨੂੰ ਪਤਾ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇ ਮੈਂ ਬਚਨ ਨਹੀਂ ਮੰਨੇ ਹਨ, ਇਸ ਲਈ ਆਪਣੇ ਹੱਥੀਂ ਸਹੇੜੇ ਦੁੱਖ ਸਹਾਰਾਂਗਾ। ਜਿਹੜਾ ਵੀ ਗੁਰੂ ਦੇ ਬਚਨ ਨਹੀਂ ਮੰਨਦਾ ਹੈ, ਉਹ ਮੇਰੇ ਵਾਂਗ ਹੀ ਦੁੱਖ ਪ੍ਰਾਪਤ ਕਰਦਾ ਹੈ। ਦੇਸ਼ ਅਤੇ ਘਰ ਮੇਰਾ ਕਿਥੇ ਹੈ ਅਤੇ ਮੈਂ ਕਿਥੇ ਪ੍ਰਦੇਸ ਵਿਚ ਆ ਫ਼ਸਿਆ ਹਾਂ॥ ੩੦॥

ਕੌਨ ਬਤਾਵਹਿ ਜਾਇ ਅਬੈ ਸੁਧ, ਆਨਿ ਛੁਡਾਵਹਿਂ ਮੋ ਪ੍ਰਭੁ ਜੇਊ।
ਬੋਲਨ ਕੀ ਸ਼ਕਤੀ ਨ ਰਹੀ ਮੁਝ ਬੈਨ ਪੁਕਾਰ ਕਹੌਂ ਬਿਧਿ ਕੇਊ।
ਕੈਸੇ ਛੁਟੌਂ-ਚਿਤ ਬੀਚ ਬਿਚਾਰਤਿ ਆਤੁਰਤਾ ਉਰਧਾਰਤਿ ਦੇਊ।
ਜਾਨਤਿ ਜੋ ਸਭਿ ਕੇ ਘਟ ਅੰਤਰ ਤੌ ਅਬ ਸ੍ਰੀ ਪ੍ਰਭੁ ਆਨਿ ਛੁਟੇਊ॥੩੧॥

ਹੁਣ ਗੁਰੂ ਜੀ ਨੂੰ ਕੌਣ ਜਾ ਕੇ ਦੱਸੇ ਕਿ ਪ੍ਰਭੂ ਜੀ ਮੈਨੂੰ ਆ ਕੇ ਛੁਡਵਾ ਲੈਣ। ਮੇਰੇ ਵਿਚ ਹੁਣ ਬੋਲਣ ਦੀ ਸ਼ਕਤੀ ਵੀ ਨਹੀਂ ਰਹੀ, ਹੁਣ ਮੈਂ ਕਿਸ ਤਰ੍ਹਾਂ ਬੋਲ ਕੇ ਪੁਕਾਰ ਕਰਾਂ? ਦਿਲ ਵਿਚ ਵਿਚਾਰ ਕਰਦਾ ਹੈ ਕਿ ਕੈਸੇ ਛੁਟਕਾਰਾ ਹੋਵੇ, ਹਿਰਦੇ ਅੰਦਰ ਇਸ ਤਰ੍ਹਾਂ ਦੁੱਖ ਧਾਰਨ ਕਰਦਾ ਹੈ॥ ੩੧॥

ਦੋਹਰਾ- ਇਹ ਬਿਧਿ ਉਰ ਮਹਿਂ ਧਾਰਿਕੈ ਦਹਿਦਿਸ਼ ਸੋ ਦ੍ਰਿਗਦੀਨ।
ਆਵਨ ਗੁਰ ਕੋ ਹੇਰਈ ਪ੍ਰੇਮ ਚਰਨ ਕੋ ਕੀਨ॥ ੩੨॥

ਇਸ ਤਰ੍ਹਾਂ ਆਤਰਤਾ ਧਾਰ ਕੇ ਫਿਰ ਚਾਰ-ਚੁਫੇਰੇ ਤੱਕਿਆ। ਗੁਰੂ ਜੀ ਦੇ ਚਰਨਾਂ ਨੂੰ ਪ੍ਰੇਮ ਕਰਕੇ ਉਨ੍ਹਾਂ ਦੇ ਆਉਣ ਬਾਰੇ ਵੇਖ ਰਿਹਾ ਹੈ॥ ੩੨॥

ਸ੍ਵੈਯਾ- ਦੋਇ ਮਹੂਰਤ ਬੀਤ ਗਏ ਜਬ ਸ੍ਰੀ ਗੁਰੁ ਬੈਨ ਕਹੇ 'ਸੁਨਿ ਬਾਲਾ।
ਆਨਹਿਂ ਤਾਂਹਿ ਅਬੈ ਚਲਿਕੈ' ਉਠਿ ਠਾਂਢ ਭਏ ਸੁਖਦਾ ਤਤਕਾਲਾ।
'ਹੈ ਕਿਹਂ ਥਾਨ ? ਚਲੇ ਕਿਵ ਆਪ ? ਬਤਾਵਹੁ' ਬੂਝੇ ਮੈਂ ਐਸ ਕ੍ਰਿਪਾਲਾ।
'ਏਂਢਕ ਕੀਨ, ਭਯੋ ਮਨ ਦੀਨ, ਕੁਮੰਤ੍ਰਨ ਸੋਂ ਤਿਨ ਬੰਧਨ ਘਾਲਾ'॥੩੩॥

ਦੋ ਘੜੀਆਂ ਜਦ ਬੀਤ ਗਈਆਂ ਤਾਂ ਗੁਰੂ ਜੀ ਜਿਹੜੇ ਭਾਈ ਬਾਲੇ ਨਾਲ ਨਗਰ ਤੋਂ ਬਾਹਰ ਬੈਠੇ ਸਨ, ਬਾਲੇ ਨੂੰ ਕਹਿਣ ਲੱਗੇ, "ਮੈਂ ਹੁਣ ਓਥੋਂ ਹੋ ਕੇ ਆਉਂਦਾ ਹਾਂ" ਫਿਰ ਸੁਖਾਂ ਦੇ ਦਾਤੇ ਤੁਰੰਤ ਉੱਠ ਕੇ ਖੜੇ ਹੋ ਗਏ। ਮੈਂ ਪੁਛਿਆ, "ਕਿਹੜੇ ਥਾਂ ? ਕਿਉਂ ਚੱਲੇ ਆਪ ? ਮੈਨੂੰ ਦੱਸੋ, ਇਸ ਤਰ੍ਹਾਂ ਮੈਂ ਕਿਰਪਾਲੂ ਗੁਰੂ ਜੀ ਤੋਂ ਪੁੱਛਿਆ। "ਮਰਦਾਨੇ ਨੂੰ ਭੇਡੂ ਬਣਾ ਦਿੱਤਾ ਹੈ, ਉਸ ਦਾ ਮਨ ਬੜਾ ਦੀਨ ਹੋਇਆ ਹੈ, ਮੰਤਰ ਮਾਰ ਕੇ ਫਾਹੀਆਂ ਵਿਚ ਪਾ ਦਿੱਤਾ ਹੈ।"

ਮਰਹਟੀ ਛੰਦ-ਭਨਿ ਹੀ ਬਚ ਬਾਲਾ 'ਇਉਂ ਤਿਹਂ ਨਾਲਾ ਚਹਿਯੇ, ਸੁਨਹੁ ਕ੍ਰਿਪਾਲ।
ਤਬ ਤੁਮਨੈ ਹਟਕਯੋ ਮੰਨ ਨ ਅਟਕਯੋ, ਸਟਕ੍ਯੋ ਪੁਰਿ ਤਤਕਾਲ।

ਕੋ ਚਿਰ ਦੁਖ ਦੀਜੈ, ਮੋਖ ਨ ਕੀਜੈ, ਜਾਨਹਿ ਤਬ ਮਨ ਮਾਂਹਿ।
ਬਹੁਰ ਨ ਬਚ ਹੋਰਹਿ ਕਹੋ ਸੁ ਲੋਰਹਿ, ਆਹਿ ਸੇ ਮੁਖੀ ਤਾਂਹਿ' ॥੩੪॥

ਇਹ ਸੁਣਕੇ ਬਾਲੇ ਨੇ ਕਿਹਾ, "ਉਸ ਨਾਲ ਇਸ ਤਰ੍ਹਾਂ ਹੋਣੀ ਚਾਹੀਦੀ ਸੀ। ਹੇ ਕਿਰਪਾਲੂ ਜੀ ! ਉਸ ਵੇਲੇ ਤੁਸੀਂ ਬਹੁਤ ਰੋਕਿਆ, ਪਰ ਉਹ ਅਟਕਿਆ ਨਹੀਂ ਤੇ ਨਗਰ ਨੂੰ ਚਲਾ ਗਿਆ। ਕੁਝ ਦੇਰ ਉਸ ਨੂੰ ਦੁਖ ਪਾਉਣ ਦੇਵੋ, ਹਾਲੇ ਛੁਡਵਾਓ ਨਾ, ਤਦ ਉਹ ਮਨ ਵਿਚ ਸਮਝੇਗਾ। ਫਿਰ ਉਹ ਕਦੇ ਵੀ ਤੁਹਾਡੇ ਬਚਨ ਨਹੀਂ ਮੋੜੇਗਾ, ਜਿਵੇਂ ਕਹੋਗੇ, ਉਸ ਤਰ੍ਹਾਂ ਹੀ ਕਰਨਾ ਉਚਿਤ ਸਮਝੇਗਾ। ਇਸ ਨਾਲ ਉਸ ਨੂੰ ਅਕਲ ਆ ਜਾਵੇਗੀ॥ ੩੪॥

'ਸੁਨਿਯੇ ਸੁਤ ਬਾਲਾ, ਬੁੱਧਿ ਬਿਸਾਲਾ ! ਸੰਗ ਲਏ ਕੀ ਲਾਜ।
ਬਹੁ ਭੁਖ ਸੁਭਾਊ ਧੀਰੇ ਨਸਾਊ, ਪੁਨ ਤਿਹ ਸੋਂ ਹਮ ਕਾਜ।
ਸਿਮਰਨ ਮਮ ਕਰਤਾ ਅਬ ਉਹ ਡਰਤਾ ਚਲਹੁ ਛੁਟਾਵਹਿੰ ਤਾਸ'।
ਇਉਂ ਕਹਿ ਗੁਰੁ ਪੂਰਨ ਗਵਨੇ ਤੂਰਨ ਦੁਖ ਭੰਜਨ ਨਿਜ ਦਾਸ ॥੩੫॥

ਗੁਰੂ ਜੀ ਨੇ ਕਿਹਾ, "ਹੇ ਬਾਲਾ ! ਸੁਣੋ, ਤੇਰੀ ਵਿਸ਼ਾਲ ਬੁੱਧੀ ਹੈ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਉਸ ਨੂੰ ਆਪਣੇ ਨਾਲ ਲਿਆ ਹੈ, ਇਸ ਲਈ ਸਾਨੂੰ ਉਸ ਦੀ ਲਾਜ ਹੈ। ਬਹੁਤ ਭੁੱਖੜ ਸੁਭਾਅ ਹੋਣ ਕਰਕੇ ਉਹ ਧੀਰਜ ਖੋ ਬੈਠਦਾ ਹੈ, ਬਾਕੀ ਤੁਹਾਨੂੰ ਪਤਾ ਹੀ ਹੈ ਕਿ ਸਾਨੂੰ ਉਸ ਨਾਲ ਬਹੁਤ ਕੰਮ ਹੈ। ਉਹ ਹੁਣ ਮੇਰਾ ਸਿਮਰਨ ਕਰਦਾ ਹੈ ਅਤੇ ਬਹੁਤ ਡਰ ਰਿਹਾ ਹੈ, ਚਲੋ ਉਸ ਨੂੰ ਜਾ ਕੇ ਛੁਡਾਈਏ।" ਇਹ ਕਹਿ ਕੇ ਪੂਰਨ ਗੁਰੂ ਜੀ ਚੱਲ ਪਏ, ਕਿਉਂਕਿ ਉਹ ਆਪਣੇ ਸੇਵਕਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ॥ ੩੫॥

ਕਬਿੱਤ- ਮੋਕੋ ਲੀਨੋ ਸੰਗ ਅਰਬਿੰਦ ਨੈਨ ਗਏ ਤਹਾਂ ਏਂਡਕ ਕੋ ਰੂਪ ਮਰਦਾਨਾ ਜਹਾਂ ਬੈਸਿਯਾ।
ਹੇਰ ਕਰਿ ਦੂਰ ਹੀ ਤੇ ਭੂਰ ਹਰਖਾਇ ਉਠਯੋ ਨਾਸਾ ਫੁਰਕਾਇ ਖੁਰ ਅਵਨੀ ਹਨੇਸਿਯਾ।
ਭਯਾਂ ਭਯਾਂ ਭਨੈ ਮੁਖ ਔਰ ਨ ਚਲੈ ਹੈ, ਬਸ ਦੇਖਿ ਦ੍ਰਿਗ ਬਿਗਸਤਿ ਬਦਨ ਕੁਸੇਸਿਯਾ।
ਗਏ ਤਿਸੁ ਆਲਯ ਦਯਾਲ, ਦਰ ਠਾਂਢੇ ਭਏ, ਸੁੰਦਰ ਸਰੀਰ ਚੀਰ ਸਜੇ ਸੁਭ ਬੇਸਿਯਾ ॥੩੬॥

ਕੰਵਲ ਨੈਣ ਗੁਰੂ ਜੀ ਨੇ ਮੈਨੂੰ ਆਪਣੇ ਨਾਲ ਲੈ ਲਿਆ ਅਤੇ ਓਥੇ ਚਲੇ ਗਏ ਜਿਥੇ ਭੇਡੂ ਬਣਾ ਕੇ ਮਰਦਾਨੇ ਨੂੰ ਬੰਨ੍ਹਿਆ ਹੋਇਆ ਸੀ। ਗੁਰੂ ਜੀ ਨੂੰ ਦੂਰੋਂ ਵੇਖ ਕੇ ਹੀ ਖੁਸ਼ ਹੋ ਗਿਆ ਅਤੇ ਫੁਰਾਟੇ ਮਾਰ ਕੇ ਖੁਰਾਂ ਨਾਲ ਪ੍ਰਿਥਵੀ ਨੂੰ ਪੁੱਟਣ ਲੱਗਾ। ਮੁਖ ਤੋਂ ਭੈਂ ਭੈਂ ਕਰਦਾ ਸੀ ਅਤੇ ਹੋਰ ਕੋਈ ਵੱਸ ਨਹੀਂ ਸੀ ਚਲ ਰਿਹਾ ਹੈ। ਗੁਰੂ ਜੀ ਦੇ ਕੰਵਲ ਮੁਖ ਨੂੰ ਨੇਤ੍ਰਾਂ ਨਾਲ ਵੇਖ ਕੇ ਖਿੜ ਰਿਹਾ ਹੈ। ਗੁਰੂ ਜੀ ਤਿਸ ਘਰ ਦੇ ਦਰਵਾਜ਼ੇ ਤੇ ਜਾ ਕੇ ਖੜੇ ਹੋ ਗਏ। ਗੁਰੂ ਜੀ ਦਾ ਸੁੰਦਰ ਸਰੀਰ ਸੁੰਦਰ ਵਸਤਰਾਂ ਵਾਲੇ ਭੇਸ ਨਾਲ ਬੜਾ ਸਜ ਰਿਹਾ ਹੈ॥ ੩੬॥

ਕਾਮਨੀ ਜੇ ਕਾਮਰਤਿ ਭੋਗ ਅਭਿਲਾਖਾ ਉਰ ਹੇਰਿ ਕਰਿ ਧਾਮ ਦਰ ਚਾਮਲੀ ਅਪਾਰ ਹੀ।
ਹੁਤੀ ਚਾਰ ਬੈਠੀ ਤਹਾਂ, ਦੋਇ ਉਠਿ ਦੌਰ ਆਈ, ਤੰਤ ਲੀਏ ਹਾਥ, ਮੰਤ ਮੁਖ ਤੇ ਉਚਾਰਹੀ।
ਲੋਚਨ ਨਚਾਇ, ਹਾਵ ਭਾਵ ਦਿਖਰਾਇ ਕਰਿ, ਮੁੱਖ ਮੁਸਕਾਇ ਉਰ ਹਰਖ ਸੁ ਧਾਰਿਹੀ।
ਮੇਰੇ ਗਰ ਤੰਤ ਜਬ ਡਾਰਨ ਲਗੀ ਹੈ ਇਕ ਭਈ ਤਤਕਾਲ ਮੀਢੀ ਕੁਲਟਾ ਕੁਨਾਰਿਹੀ ॥੩੭॥

ਕਾਮਰਤੀ ਇਸਤਰੀਆਂ ਜਿਨ੍ਹਾਂ ਦੇ ਮਨ ਵਿਚ ਭੋਗ ਦੀ ਬਹੁਤ ਅਭਿਲਾਸ਼ਾ ਹੈ, ਉਹ ਗੁਰੂ ਜੀ ਨੂੰ ਘਰ ਦੇ ਦਰਵਾਜ਼ੇ ਵਿਚ ਖੜੇ ਨੂੰ ਵੇਖ ਕੇ ਬਹੁਤ ਖੁਸ਼ ਹੋਈਆਂ। ਓਥੇ ਚਾਰ ਇਸਤਰੀਆਂ ਬੈਠੀਆਂ ਸਨ, ਦੋ ਉਠ ਕੇ ਦੌੜ ਕੇ ਤਵੀਜ਼ ਲੈ ਕੇ ਆਈਆਂ ਅਤੇ ਮੁਖ ਤੋਂ ਮੰਤਰ ਉਚਾਰਨ ਲੱਗੀਆਂ। ਅੱਖਾਂ ਨਚਾਉਂਦੀਆਂ ਹਨ, ਹਾਵ-ਭਾਵ ਵਿਖਾਉਂਦੀਆਂ ਹਨ, ਮੁਖ ਤੋਂ

ਮੁਸਕਰਾਉਂਦੀਆਂ ਹਨ ਅਤੇ ਹਿਰਦੇ ਵਿਚ ਬੜੀ ਪ੍ਰਸੰਨਤਾ ਧਾਰਨ ਕੀਤੀ ਹੈ। ਮੇਰੇ (ਭਾਈ ਬਾਲਾ) ਗਲ ਜਦ ਤਵੀਜ਼ (ਮੰਤਰ ਮਾਰ ਕੇ ਤਿਆਰ ਕੀਤਾ ਧਾਗਾ) ਪਾਉਣ ਲੱਗੀ ਤਾਂ ਉਹ ਬਦਚਲਣ ਇਸਤਰੀ ਝੱਟ ਭੇਡ ਬਣ ਗਈ॥ ੩੭॥

ਸ੍ਵੈਯਾ- ਦੂਸਰੀ ਦੌਰ ਗਈ ਦਿਸ਼ ਸ੍ਰੀ ਗੁਰ ਸੋ ਉਕਸੀ ਤੰਤ ਪਾਵਨ ਹੇਤੂ।
ਹੋਇ ਗਈ ਸ਼ਰਮਾ ਤਨ ਤੂਰਨ, ਪੂਰਨ ਕੀ ਅਵਗਯਾ ਦੁਖ ਦੇਤੂ।
ਔਰ ਹੁਤੀ, ਡਰ ਧਾਰਿ ਰਿਦੈ ਪਿਖਿ ਭਾਜ ਬਰੀ ਤਤਕਾਲ ਨਿਕੇਤੂ।
ਮੇਖ ਕੇ ਸੰਗ ਬਧਯੋ ਫੁਰਕੈ ਬਹੁ, ਸ੍ਰੀ ਗੁਰੂ ਕੋ ਨਿਜ ਦੇਵਨ ਭੇਤੂ॥ ੩੮॥

ਦੂਸਰੀ ਗੁਰੂ ਜੀ ਵੱਲ ਦੌੜੀ ਅਤੇ ਹੰਭਲਾ ਮਾਰ ਕੇ ਤਵੀਜ਼ ਗੁਰੂ ਜੀ ਦੇ ਗਲ ਪਾਉਣ ਲੱਗੀ। ਉਹ ਉਸੇ ਵੇਲੇ ਕੁੱਤੀ ਬਣ ਗਈ, ਕਿਉਂਕਿ ਪੂਰਨ ਪੁਰਖਾਂ ਦੀ ਅਵੱਗਿਆ ਦੁੱਖ ਦੇਂਦੀ ਹੈ। ਓਥੇ ਇਕ ਹੋਰ ਸੀ, ਉਹ ਹਿਰਦੇ ਵਿਚ ਏਨੀ ਡਰ ਗਈ ਅਤੇ ਭੱਜ ਕੇ ਘਰ ਅੰਦਰ ਚਲੇ ਗਈ। ਕਿੱਲੇ ਨਾਲ ਬੱਧਾ ਹੋਇਆ ਮਰਦਾਨਾ ਬੜੇ ਫਰਾਟੇ ਮਾਰ ਰਿਹਾ ਹੈ, ਕਿਉਂਕਿ ਉਹ ਗੁਰੂ ਜੀ ਨੂੰ ਆਪਣਾ ਨਿਜੀ ਭੇਤ ਦੱਸਣਾ ਚਾਹੁੰਦਾ ਹੈ॥ ੩੮॥

ਕਬਿੱਤ- ਬੋਲੇ ਤਬ ਨਾਨਕ ਜੀ 'ਜਾਹੁ ਅਬ ਬਾਲਾ ਤੁਮ ਕੰਠ ਮਰਦਾਨੇ ਕੇ ਤੇ ਤੋਰ ਡਾਰੁ ਬੰਧਨਾ'।
ਆਇਸੁ ਕੋ ਪਾਇ ਤਾਤਕਾਲ ਢਿਗ ਜਾਇ ਕਰਿ, ਕੰਠ ਜੋਊ ਤੰਤ ਸੋਊ ਕੀਨੋ ਹੈ ਨਿਕੰਦਨਾ।
ਮਾਨਵ ਕੀ ਦੇਹਿ ਭਈ ਫੇਰ ਮਰਦਾਨੇ ਹੂੰ ਕੀ ਆਇ ਗੁਰ ਪੂਰਨ ਕੋ ਕੀਨਿ ਤਬ ਬੰਦਨਾ।
'ਵਡੀ ਜੋ ਬਲਾਈ ਤਿਨ ਮਾਂਹਿ ਲੀਏ ਬਿਹਰਤਿ, ਸੂਧੋ ਮਨ ਮੇਰੋ, ਹੌਂ ਸੁ ਜਾਨੋ ਛੰਦ ਬੰਦ ਨਾ॥ ੩੯॥

ਫਿਰ ਗੁਰੂ ਨਾਨਕ ਜੀ ਬੋਲੇ, "ਜਾਹ ਬਾਲਾ, ਹੁਣ ਮਰਦਾਨੇ ਦੇ ਗਲ ਨਾਲੋਂ ਰੱਸੀ ਤੋੜ ਦੇਵੋ। ਆਗਿਆ ਪਾ ਕੇ, ਬਾਲਾ ਮਰਦਾਨੇ ਦੇ ਪਾਸ ਗਿਆ, ਅਤੇ ਜਿਹੜਾ ਤਵੀਜ਼ ਮਰਦਾਨੇ ਦੇ ਗਲ ਵਿਚ ਪਿਆ ਸੀ ਉਸ ਨੂੰ ਉਤਾਰ ਕੇ ਨਸ਼ਟ ਕਰ ਦਿੱਤਾ। ਮਰਦਾਨਾ ਫਿਰ ਆਪਣੇ ਅਸਲੀ ਮਾਨਵ ਰੂਪ ਵਿਚ ਆ ਗਿਆ ਤੇ ਫਿਰ ਝੱਟ ਆ ਕੇ ਉਸ ਪੂਰਨ ਗੁਰੂ ਨਾਨਕ ਨੂੰ ਆ ਕੇ ਮੱਥਾ ਟੇਕਿਆ ਅਤੇ ਕਿਹਾ, "ਮੈਨੂੰ ਵੱਡੀਆਂ ਬਲਾਵਾਂ ਵਿਚ ਲਈ ਫਿਰਦੇ ਹੋ, ਮੇਰਾ ਮਨ ਬੜਾ ਸਿੱਧਾ ਹੈ, ਮੈਂ ਵਲ-ਛਲ ਜਾਣਦਾ ਨਹੀਂ॥ ੩੯॥

ਨਾਨਕ ਬਖਾਨਾ 'ਸੁਨਿ ਕਾਨ ਮਰਦਾਨਾ ! ਨਹਿਂ ਬੈਨ ਮਮ ਮਾਨਾ, ਤੁਮ ਕਰੀ ਮਨ ਭਾਈਆ।
ਭਨਤਿ ਪਰਸਪਰ ਐਸੇ ਈ ਬਚਨ ਗੁਰ ਤਾਂਹਿ ਕਾਲ ਵਿਖੇ ਕੰਤ ਅੰਗਨਾ ਕੇ ਆਈਆ।
ਦੌਰ ਕਰਿ ਕੂਕਰੀ ਔ ਮੀਢੀ ਗਈ ਪਤਿ ਪਾਸ, ਗੁਰੂ ਦਿਸ਼ ਹੋਇ ਬਾਰ ਬਾਰ ਤਾਂ ਬਤਾਈਆ।
ਬੋਲਨ ਸ਼ਕਤਿ ਨਹੀਂ ਇਤ ਉਤ ਦੌਰੀ ਫਿਰੈਂ ਲਾਂਗੁਲ ਹਿਲਾਇ ਫੁਰਰਾਇ ਸਮਝਾਈਆ॥ ੪੦॥

ਗੁਰੂ ਨਾਨਕ ਜੀ ਨੇ ਕਿਹਾ, "ਹੇ ਮਰਦਾਨੇ, ਧਿਆਨ ਨਾਲ ਸੁਣ ! ਤੂੰ ਮੇਰੇ ਬਚਨ ਨਹੀਂ ਮੰਨੇ, ਤੂੰ ਆਪਣੀ ਮਨ ਮਰਜ਼ੀ ਕੀਤੀ ਹੈ। ਗੁਰੂ ਜੀ ਅਜਿਹੇ ਬਚਨ ਕਰ ਰਹੇ ਸਨ ਤਾਂ ਉਸ ਸਮੇਂ ਇਸਤਰੀਆਂ ਦੇ ਪਤੀ ਆਏ। ਦੌੜ ਕੇ ਕੁੱਤੀ ਅਤੇ ਭੇਡ ਉਨ੍ਹਾਂ ਪਾਸ ਗਈਆਂ ਅਤੇ ਗੁਰੂ ਜੀ ਵਲ ਬਾਰ-ਬਾਰ ਇਸ਼ਾਰੇ ਕਰਕੇ ਦੱਸਿਆ। ਕੁਝ ਬੋਲ ਸਕਦੀਆਂ ਨਹੀਂ ਸਨ, ਇਸ ਲਈ ਏਧਰ ਓਧਰ ਭੱਜੀਆਂ ਫਿਰਦੀਆਂ ਸਨ ਅਤੇ ਪੂਛਾਂ ਹਿਲਾ ਕੇ, ਭੈਂ ਭੈਂ ਕਰਕੇ ਅਤੇ ਭੌਂ ਭੌਂ ਕਰਕੇ ਪਤੀਆਂ ਨੂੰ ਸਮਝਾਉਂਦੀਆਂ ਸਨ॥ ੪੦॥

ਤੀਯ ਨਿਜ ਦੇਖ ਕਰਿ ਚਿੰਤ ਮੈਂ ਵਿਸ਼ੇਖ ਭਏ ਜਾਨੇ ਕਲਾਵਾਨ ਇਹ ਸੰਤ ਕੋਊ ਆਈਆ।
ਟਾਮਨ ਹੈ ਕੀਨੋ ਇਨ ਭਯੋ ਵਿਪਰੀਤ ਸੋਊ ਕੂਕਰੀ ਔ ਮੀਢੀ ਬਨਿ ਮਨ ਦੁਖ ਪਾਈਆ।
ਚਲੇ ਨਹਿਂ ਜਾਇਂ ਇਸ ਬਿਧਿ ਕੀ ਬਨਾਇ ਅਬ, ਕੀਨੀ ਖਤਾ ਜੋਊ ਲੇਹਿਂ ਯਾਤੇ ਬਖਸ਼ਾਈਆ।
ਦੌਰ ਦੋਨੋਂ ਮੇਰੇਈ ਚਰਨ ਗਹੇ ਆਨਿ ਕਰਿ ਭਏ ਮਨ ਦੀਨ ਕੀਨੀ ਬੇਨਤੀ ਵਡਾਈਆ॥ ੪੧॥

ਆਪਣੀਆਂ ਇਸਤਰੀਆਂ ਕੁੱਤੀ ਅਤੇ ਭੇਡ ਬਣੀ ਵੇਖ ਕੇ, ਉਨ੍ਹਾਂ ਦੇ ਪਤੀ ਸਮਝ ਗਏ ਕਿ ਉਨ੍ਹਾਂ ਦੇ ਘਰ ਕੋਈ ਪੂਰਨ ਕਲਾਵਾਨ ਸੰਤ ਆਇਆ ਹੈ, ਇਨ੍ਹਾਂ ਨੇ ਕੋਈ ਟੂਣਾ ਕੀਤਾ ਹੈ ਜਿਹੜਾ ਇਨ੍ਹਾਂ ਤੇ ਪੁੱਠਾ ਪਿਆ ਹੈ, ਇਸ ਲਈ ਕੁੱਤੀ ਅਤੇ ਭੇਡ ਬਣ ਕੇ ਬੜਾ ਦੁੱਖ ਪਾਇਆ ਹੈ। ਇਹ ਸੰਤ ਮਹਾਤਮਾ ਚਲੇ ਨਾ ਜਾਣ, ਇਸ ਲਈ ਕੋਈ ਉਪਾਅ ਕਰਨਾ ਚਾਹੀਦਾ ਹੈ, ਤਾਂਕਿ ਸਾਥੋਂ ਜੋ ਭੁੱਲ ਹੋ ਗਈ ਹੈ ਉਸ ਨੂੰ ਬਖਸ਼ਾ ਲਿਆ ਜਾਵੇ। ਦੋਵੇਂ ਭੱਜ ਕੇ ਮੇਰੇ (ਭਾਈ ਬਾਲੇ ਦੇ) ਹੀ ਪੈਰੀਂ ਆ ਪਏ ਅਤੇ ਆ ਕੇ ਬਹੁਤ ਬੇਨਤੀਆਂ ਅਤੇ ਵਡਿਆਈਆਂ ਕੀਤੀਆਂ॥ ੪੧॥

ਬਾਨੀ ਮੈਂ ਬਖਾਨੀ 'ਜਾਹੁ ਤਾਂਹਿ ਪਾਸ ਬੰਦ ਪਾਨੀ, ਬਖਸ਼ਨ ਹਾਰ ਸੋਊ ਖਤਾ ਕੀਨੀ ਜਾਂਹਿਕੀ।
ਧਾਇ ਕਰਿ ਪਾਇਂ ਗਹੇ ਜਾਇ ਗੁਰੂ ਨਾਨਕ ਕੇ 'ਦੂਰ ਅਬ ਕੀਜੈ ਰਿਸ ਕੀਨੀ ਜੋ ਗੁਨਾਹਿ ਕੀ।
ਜੋਖਤਾ ਕੁਚੀਲ, ਨਹਿਂ ਜਾਨਤਿ ਹੈਂ ਸੰਤ ਸ਼ੀਲ, ਭ੍ਰਲੀ ਮਤ ਸਦਾ ਜਿਨ ਕਾਮ ਭੋਗ ਚਾਹਿ ਕੀ।
ਕਰਮ ਕਮਾਯੋ ਜਸ ਪਾਯੋ ਫਲ ਇਨੈ ਤਸ, ਸਾਧ ਉਪਕਾਰੀ ਹੋਤਿ ਇੱਛਾ ਨਹਿਂ ਕਾਹਿ ਕੀ ॥੪੨॥

ਮੈਂ ਕਿਹਾ, "ਮੇਰੀ ਗੱਲ ਸੁਣੋ, ਦੋਵੇਂ ਹੱਥ ਜੋੜ ਕੇ ਗੁਰੂ ਜੀ ਪਾਸ ਜਾਵੋ, ਤੁਸੀਂ ਜਿਹੜੀ ਏਡੀ ਵੱਡੀ ਗਲਤੀ ਕੀਤੀ ਹੈ, ਉਸ ਦੇ ਬਖਸ਼ਣਹਾਰ ਉਹੀ ਹਨ। ਉਨ੍ਹਾਂ ਓਸੇ ਵੇਲੇ ਭੱਜ ਕੇ ਗੁਰੂ ਜੀ ਦੇ ਚਰਨ ਫੜ ਲਏ। ਜੋ ਅਸੀਂ ਗੁਨਾਹ ਕੀਤਾ ਹੈ ਉਸ ਦਾ ਗੁੱਸਾ ਮੁਆਫ ਕਰੋ। ਇਹ ਇਸਤਰੀਆਂ ਕੁਚੀਲ ਹਨ, ਇਕ ਕਲਾਵਾਨ ਸੰਤਾਂ ਨੂੰ ਜਾਣਦੀਆਂ ਨਹੀਂ ਹਨ, ਇਨ੍ਹਾਂ ਦੀ ਬੁੱਧੀ ਭ੍ਰਿਸ਼ਟ ਹੋ ਗਈ ਹੈ, ਕਿਉਂਕਿ ਇਨ੍ਹਾਂ ਨੂੰ ਸਦਾ ਹੀ ਕਾਮ ਭੋਗ ਦੀ ਚਾਹਿਤ ਹੈ। ਜੈਸਾ ਇਨ੍ਹਾਂ ਨੇ ਕਰਮ ਕਮਾਇਆ ਵੈਸਾ ਹੀ ਇਨ੍ਹਾਂ ਨੇ ਫਲ ਪਾ ਲਿਆ ਹੈ। ਇਨ੍ਹਾਂ ਨੂੰ ਇਹ ਨਹੀ ਪਤਾ ਕਿ ਸਾਧੂ ਸੰਤ ਤਾਂ ਉਪਕਾਰੀ ਹੁੰਦੇ ਹਨ, ਇਨ੍ਹਾਂ ਨੂੰ ਕਿਸੇ ਗੱਲ ਦੀ ਇੱਛਾ ਨਹੀਂ ਹੁੰਦੀ ਹੈ॥ ੪੨॥

ਸ੍ਵੈਯਾ- ਮੰਦ ਮਤੀ ਮਨ ਮੂਰਖ ਏ ਜਿਨ ਸੰਤਨ ਸੋਂ ਉਠ ਟਾਮਨ ਕੀਨਾ।
ਠੌਰ ਕੁਠੌਰ ਨ ਜਾਨਤਿ ਹੈਂ ਨਿਤ ਆਤੁਰ ਕਾਮ ਤੇ ਹੋਤਿ ਅਧੀਨਾ।
ਆਪ ਕਰੋ ਕਰੁਨਾ ਕਰੁਨਾਕਰ! ਤੋ ਸ਼ਰਨਾ ਪਰਨਾ ਹਮ ਲੀਨਾ।
ਮਾਨ ਵੀ ਦੇਹਿ ਕਰੋ ਇਨਕੀ ਬਖਸ਼ੋ ਅਪਰਾਧ ਤੁਮੇ ਪ੍ਰਭੁ ਚੀਨਾ ॥੪੩॥

ਮਾੜੀ ਮੱਤ ਵਾਲੀਆਂ ਮਨ ਮੂਰਖ ਹਨ, ਜਿਨ੍ਹਾਂ ਨੇ ਸੰਤਾਂ ਉਤੇ ਟੂਣਾ ਕੀਤਾ ਹੈ। ਚੰਗਾ ਬੁਰਾ ਕੁਝ ਜਾਣਦੀਆਂ ਨਹੀਂ ਹਮੇਸ਼ਾ ਹੀ ਕਾਮ ਦੇ ਅਧੀਨ ਦੁੱਖੀ ਰਹਿੰਦੀਆਂ ਹਨ। ਆਪ ਕਿਰਪਾ ਕਰਕੇ ਇਨ੍ਹਾਂ ਤੇ ਮਿਹਰ ਕਰੋ! ਅਸੀਂ ਤੁਹਾਡੀ ਸ਼ਰਨ ਪਏ ਹਾਂ। ਮਾਨਵੀ ਦੇਹ ਇਨ੍ਹਾਂ ਦੀ ਕਰੋ, ਅਸੀਂ ਆਪ ਨੂੰ ਪ੍ਰਭੂ ਜਾਣਿਆ ਹੈ।

ਗੁਰ ਨਾਨਕ ਆਨਨ ਬੈਨ ਭਨੈਂ, 'ਗੁਰ ਸਿਖੀ ਮਨਜੂਰ ਕਰੋ ਮਨ ਮਾਂਹੀ।
ਧ੍ਰਮਸਾਲ ਕਰੋ, ਹਰਿਨਾਮ ਰਰੋ, ਉਰ ਭਾਉ ਧਰੋ, ਹਰਿ ਕੈ ਕ੍ਰਿਤ ਯਾਹੀ।
ਸਿਖ ਸੰਤਨ ਸੇਵਹੁ ਹੋਇ ਭਲੋ ਤੁਮ, ਗ੍ਰੀਵ ਪਰੈ ਨਹਿਂ ਅੰਤਕ ਫਾਹੀ'।
ਸੁਨਿ ਦੀਨ ਭਏ ਭਨਿਹੀ ਮੁਖ ਤੇ 'ਤੁਮਰੇ ਅਨੁਸਾਰ ਬਿਨਾ ਹਮ ਨਾਂਹੀ' ॥੪੪॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਗੁਰੂ ਨਾਨਕ ਜੀ ਬੋਲੇ, "ਪਹਿਲਾਂ ਆਪਣੇ ਮਨ ਵਿਚ ਗੁਰਸਿੱਖੀ ਕਬੂਲ ਕਰੋ। ਧਰਮਸਾਲ ਕਰੋ, ਹਰੀ ਦਾ ਨਾਮ ਜਪੋ, ਹਿਰਦੇ ਵਿਚ ਪਿਆਰ ਭਾਵਨਾ ਲਿਆਓ, ਇਹ ਕੰਮ ਛੱਡ ਦੇਵੋ। ਤੁਸੀਂ ਸਿੱਖ ਸੰਤਾਂ ਦੀ ਭਲੀ ਸੇਵਾ ਕਰੋ, ਨਹੀ ਤਾਂ ਅੰਤ ਤੁਹਾਡੇ ਗਲ ਵਿਚ ਫਾਹੀ ਪੈਣੀ ਹੈ।" ਗੁਰੂ ਜੀ ਦੀ ਇਹ ਗੱਲ ਸੁਣ ਕੇ ਸਾਰੇ ਦੀਨ ਹੋ ਕੇ ਬੋਲੇ, "ਤੁਹਾਡੀ ਆਗਿਆ ਤੋਂ ਬਿਨਾਂ ਅਸੀਂ ਕੁਝ ਨਹੀਂ ਕਰਾਂਗੇ ਅਤੇ ਤੁਹਾਡੇ ਅਨੁਸਾਰ ਰਹਾਂਗੇ"॥ ੪੪॥

ਕਬਿੱਤ- 'ਨਾਰਿ ਦੁਰਾਚਾਰ ਬਿਭਚਾਰਨ ਕੀ ਚਾਲ ਜਿਹ, ਸੋ ਤੋ ਦੁਖ ਦੈਨ ਹੂੰ ਕੇ ਜੋਗ ਮਨ ਜਾਨਿਯੇ।
ਭਏ ਅਧੀਨ ਪੁਨ ਬੇਨਤੀ ਸੋ ਕੀਨ ਤੁਮ, ਯਾਂਤੇ ਹੋਇਂ ਨਾਰ ਤਨ ਇਨਕੇ ਪ੍ਰਮਾਨਿਯੇ।

ਐਸੇ ਹੀ ਭਨਤਿ ਭਈ ਦੇਹ ਤਿਨ ਪੂਰਬ ਸੀ, ਹੇਰਿ ਗੁਰ ਰੂਪ ਪੁਨ ਮਨ ਪਛਤਾਨਿਯੇ।
ਕਰੁਨਾ ਕੇ ਐਨ ਰਹੇ ਤਹਾਂ ਭਈ ਰੈਨ ਜਬ ਕੀਨੀ ਸੁਖ ਸੈਨ, ਜਾਂਕੋ, ਭੈ ਨ ਕਿਤ ਥਾਨਿਯੇ ॥੪੫ ॥

ਇਨ੍ਹਾਂ ਖੋਟੀਆਂ ਨਾਰਾਂ ਨੇ ਜਿਹੜੀ ਵਿਭਚਾਰ ਦੀ ਚਾਲ ਅਪਨਾਈ ਹੈ, ਉਸ ਨੂੰ ਬਹੁਤ ਦੁਖਦਾਈ ਆਪਣੇ ਮਨ ਵਿਚ ਜਾਣੋ। ਤੁਸੀ ਅਧੀਨ ਹੋਏ ਅਤੇ ਫਿਰ ਤੁਸੀ ਬੇਨਤੀ ਕੀਤੀ ਹੈ, ਇਸ ਲਈ ਇਨ੍ਹਾਂ ਦੇ ਨਾਰ ਤਨ ਹੋਏ ਪ੍ਰਮਾਣ ਲਵੋ। ਗੁਰੂ ਜੀ ਦੇ ਇਸ ਤਰ੍ਹਾਂ ਕਹਿੰਦਿਆਂ ਹੀ ਉਨ੍ਹਾਂ ਇਸਤਰੀਆਂ ਦੀ ਦੇਹ ਪਹਿਲਾਂ ਵਾਂਗ ਹੋ ਗਈ, ਗੁਰੂ ਜੀ ਦਾ ਰੂਪ ਵੇਖ ਕੇ ਫਿਰ ਉਨ੍ਹਾਂ, ਬਹੁਤ ਪਛਤਾਵਾ ਕੀਤਾ। ਕਿਰਪਾ ਨਿਧਾਨ ਗੁਰੂ ਜੀ ਓਥੇ ਰਹੇ, ਜਦ ਰਾਤ ਪਈ ਤਾਂ ਸੁਖ ਨਾਲ ਸੌ ਗਏ, ਜਿਨ੍ਹਾਂ ਨੂੰ ਕਿਸੇ ਥਾਂ ਵੀ ਡਰ ਨਹੀ ਹੈ॥ ੪੫॥

ਸ੍ਵੈਯਾ- ਭੁਨਸਾਰ ਭਈ ਧੁਨ ਕੰਬੁ ਕਈ, ਨਿਸ ਨਾਸ ਗਈ ਸੁਖ ਸਾਗਰ ਜਾਗੇ।
ਮਿਲ ਮਾਨਵ ਜਾਨਵ ਭੇਵਹਿ ਕੋ ਤਿਨ ਆਨਵ ਭੇਟ ਰਿਦੇ ਅਨੁਰਾਗੇ।
ਪਗ ਪਾਹੁਲ ਦੀਨਿ ਕ੍ਰਿਤਾਰਥ ਕੀਨਿ, ਭਏ ਅਘ ਹੀਨ ਵਡੇ ਵਡਭਾਗੇ।
ਧ੍ਰਮਸਾਲ ਬਿਸਾਲ ਰਚੀ ਤਿਹਂ ਕਾਲ ਦਯਾਲ ਕੀ ਕੀਰਤਿ ਮੈਂ ਮਤਿ ਪਾਗੇ ॥੪੬ ॥

ਸਵੇਰ ਹੋਈ, ਸੰਖ ਦੀ ਧੁਨ ਦੀ ਆਵਾਜ਼ ਹੋਈ, ਰਾਤ ਬੀਤੀ ਤਾਂ ਸੁਖਾਂ ਦੇ ਸਾਗਰ ਭਾਵ ਗੁਰੂ ਜੀ ਜਾਗ ਪਏ। ਆਪਣੇ ਆਪ ਫਿਰ ਮਾਨਵ ਜਾਣ ਕੇ ਜਾਦੂਗਰ ਇਸਤਰੀਆਂ ਅਤੇ ਹੋਰ ਮਰਦ ਦਿਲ ਵਿਚ ਬਹੁਤ ਖੁਸ਼ ਹੋ ਕੇ ਭੇਟਾ ਲੈ ਕੇ ਹਾਜ਼ਰ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਚਰਨਾਂ ਦੀ ਪਾਹੁਲ ਦੇ ਕੇ ਕ੍ਰਿਤਾਰਥ ਕੀਤਾ ਅਤੇ ਉਹ ਪਾਪਹੀਣ ਹੋ ਕੇ ਵੱਡੇ ਵਡਭਾਗੀ ਹੋ ਗਏ। ਓਥੇ ਇਕ ਵੱਡੀ ਧਰਮਸਾਲਾ ਬਣਾਈ ਗਈ ਤੇ ਸਾਰੇ ਦਿਆਲੂ ਗੁਰੂ ਜੀ ਦੀ ਕੀਰਤੀ ਵਿਚ ਰੰਗੇ ਗਏ॥ ੪੬॥

ਦਿਨ ਪੰਚ ਰਹੇ ਅਘ ਓਘ ਦਹੇ, ਪੁਨ ਬੈਨ ਕਹੇ 'ਹਮ ਜਾਹਿਂ ਅਗਾਰੀ'।
ਕਰ ਜੋਰਿ ਪ੍ਰਮਾਨ ਬਿਨੈਂ ਯੋਂ ਬਖਾਨ 'ਭਈ ਇਹ ਥਾਨ ਮਯਾ ਸੁ ਤੁਮਾਰੀ।
ਮਤਿਮੰਦਨ ਕੋ ਗਤਿ ਪੰਧ ਦਯੋ, ਸੁਖ ਕੰਦ, ਗੁਬਿੰਦ, ਮੁਕੰਦ, ਉਦਾਰੀ !।
ਇਹ ਠੋਰ ਰਹੋ ਦਿਨ ਔਰ ਕਛੂ ਸਿਰਮੋਰ ਤੁਹੀਂ ਜਗ ਮੈਂ ਗਤਿਕਾਰੀ' ॥੪੭ ॥

ਪੰਜ ਦਿਨ ਓਥੇ ਰਹੇ ਅਤੇ ਸਾਰੇ ਪਾਪਾਂ ਦਾ ਨਾਸ਼ ਕੀਤਾ ਅਤੇ ਫਿਰ ਇਹ ਬਚਨ ਕਹੇ, "ਹੁਣ ਅਸੀਂ ਅੱਗੇ ਜਾਵਾਂਗੇ।" ਓਥੋਂ ਦੇ ਵਸਨੀਕਾਂ ਨੇ ਇੱਕਠੇ ਹੋ ਕੇ ਬੇਨਤੀ ਕੀਤੀ ਅਤੇ ਕਿਹਾ, "ਇਸ ਥਾਂ ਤੇ ਤੁਹਾਡੀ ਬਹੁਤ ਕਿਰਪਾ ਹੋਈ ਹੈ। ਮਾੜੀ ਮੱਤ ਵਾਲਿਆਂ ਨੂੰ ਤੁਸੀ ਮੁਕਤੀ ਦਾ ਰਾਹ ਵਿਖਾਇਆ ਹੈ, ਤੁਸੀਂ ਸੁਖਾਂ ਦੇ ਦਾਤੇ, ਪ੍ਰਭੂ, ਮੁਕਤੀਦਾਤੇ ਅਤੇ ਉਦਾਰਚਿਤ ਹੋ। ਏਥੇ ਕੁਝ ਦਿਨ ਹੋਰ ਰਹੋ, ਤੁਸੀ ਹੀ ਜਗਤ ਵਿਚ ਸ੍ਰੇਸ਼ਟ ਹੋ ਅਤੇ ਮੁਕਤੀ ਕਰਨ ਵਾਲੇ ਹੋ"॥ ੪੭॥

ਸ੍ਵੈਯਾ- 'ਨਿਤ ਵਾਹਿਗੁਰੂ ਮੁਖ ਨਾਮ ਜਪੋ ਅਰਦਾਸ ਤਿਹਾਵਲ ਕੀ ਕਰਿਯੇ।
ਮਨਕਾਮਨਾ ਪੂਰਨ ਹੋਵਹਿੰਗੀ ਹਰਿ ਕੀਰਤਿ ਪ੍ਰੀਤਿ ਰਿਦੇ ਧਰਿਯੇ।
ਸਤਿ ਸੰਗਤ ਸੋਂ ਮਿਲਿ ਕਾਲ ਬਿਤਾਵਹੁ ਮੈਲ ਅਮੰਗਲ ਕੀ ਹਰਿਯੇ।
ਇਹ ਭਾਂਤਿ ਦਯੋ ਉਪਦੇਸ਼ ਤਿਨੈ ਪੁਨ ਆਪ ਚਲੇ ਪਿਖ ਜਾਂ ਤਰਿਯੇ ॥੪੮ ॥

ਗੁਰੂ ਜੀ ਨੇ ਕਿਹਾ, "ਸਦਾ ਵਾਹਿਗੁਰੂ ਨਾਮ ਦਾ ਸਿਮਰਨ ਕਰੋ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਓ। ਹਰੀ ਦੀ ਕੀਰਤੀ ਦੀ ਪ੍ਰੀਤ ਹਿਰਦੇ ਵਿਚ ਧਾਰਨ ਕਰੋ, ਸਭ ਮਨੋਕਾਮਨਾਵਾਂ ਪੂਰਨ ਹੋਣਗੀਆਂ। ਸਤਿਸੰਗਤ ਵਿਚ ਮਿਲ ਬੈਠ ਕੇ ਸਮਾਂ ਬਤੀਤ ਕਰੋ ਅਤੇ ਦੁਖਾਂ ਦੀ ਮੈਲ ਨੂੰ ਦੂਰ ਕਰੋ।" ਇਸ ਤਰ੍ਹਾਂ ਉਨ੍ਹਾਂ ਨੂੰ ਉਪਦੇਸ਼ ਕੀਤਾ ਤੇ ਆਪ ਸਤਿਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਕੇ ਤਰ ਜਾਈਦਾ ਹੈ, ਅੱਗੇ ਚੱਲ ਪਏ॥ ੪੮॥

ਦੋਹਰਾ- ਅਸ ਪ੍ਰਕਾਰ ਕੀ ਸੁਮਤਿ ਦੇ ਅਨਤ ਦੇਸ਼ ਜਗਤੇਸ਼।
ਗਵਨੇ ਪੂਰਨ ਕਾਮਨਾ ਜੋ ਸ਼ਿਵਨਾਭ ਨ੍ਰੇਸ਼॥ ੪੯॥

ਇਸ ਪ੍ਰਕਾਰ ਦੀ ਸ੍ਰੇਸ਼ਟ ਮੱਤ ਦੇ ਕੇ ਜਗਤ ਦੇ ਈਸ਼ਵਰ ਭਾਵ ਗੁਰੂ ਜੀ ਦੂਸਰੇ ਦੇਸ਼ ਵੱਲ ਚਲ ਪਏ। ਰਾਜਾ ਸ਼ਿਵਨਾਭ ਦੀ ਕਾਮਨਾ ਪੂਰੀ ਕਰਨ ਹਿਤ ਉਸ ਦੇ ਦੇਸ਼ ਵਲ ਰਵਾਨਾ ਹੋ ਗਏ॥ ੪੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਵਰੂ ਦੇਸ਼ ਪ੍ਰਸੰਗ' ਬਰਨਨੰ ਨਾਮ ਛਿਤਾਲੀਸਮੋਂ ਅਧਯਾਯ॥ ੪੬॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਿਤਾਲੀਵਾਂ ਅਧਿਆਇ, ਜਿਸ ਦਾ ਨਾਮ 'ਮਰਦਾਨੇ ਨੂੰ ਅੱਕ ਖੱਖੜੀਆਂ ਖੁਆਈਆਂ, ਕਾਮਰੂਪ ਦੇ ਸ ਪ੍ਰੰਜੇ' ਹੈ, ਸਮਾਪਤ ਹੋਇਆ॥ ੪੬॥

## ਅਧਿਆਇ ਸੰਤਾਲੀਵਾਂ

*ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ।*

ਦੋਹਰਾ- ਸ੍ਰੀ ਗੁਰ ਪਦ ਨਖ ਕਾਂਤਿ ਜੇ ਰੁਚਿਰ ਚੰਦ੍ਰਿਕਾ ਮਾਨ।
ਕਰਿ ਚਕੋਰ ਮਨ ਆਪਨੋ ਕਹੌਂ ਕਥਾ ਗਤਿਦਾਨ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਜੋ ਸੁੰਦਰਤਾ ਹੈ, ਉਹ ਮਾਨੋ ਸੁੰਦਰ ਚਾਂਦਨੀ ਹੈ। ਮੈਂ ਆਪਣੇ ਮਨ ਨੂੰ ਉਸ ਦਾ ਚਕੋਰ ਬਣਾ ਕੇ ਮੁਕਤੀਦਾਤੇ ਦੀ ਕਥਾ ਅਗੋਂ ਵਰਣਨ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਅਬ ਸ੍ਰੀ ਨਾਨਕ ਕੀਨ ਪਯਾਨਾ। ਮੈਂ ਪੁਨ ਸੰਗਿ ਦੁਤਿਯ ਮਰਦਾਨਾ।
ਦੇ ਕਰਿ ਕਿਤਿਕ ਥਾਨ ਉਪਦੇਸ਼ਾ। 'ਸਿਮਰਹੁ ਸੱਤਿਨਾਮ ਜਗਤੇਸ਼ਾ ॥੨॥

*ਭਾਈ ਬਾਲੇ ਨੇ ਕਿਹਾ-* ਹੁਣ ਗੁਰੂ ਨਾਨਕ ਜੀ ਅੱਗੇ ਚਲ ਪਏ। ਮੈਂ ਅਤੇ ਭਾਈ ਮਰਦਾਨਾ ਦੋਵੇਂ ਉਨ੍ਹਾਂ ਦੇ ਨਾਲ ਸੀ। ਕਈ ਥਾਂ ਉਪਦੇਸ਼ ਦਿੱਤਾ ਕਿ ਜਗਤ ਦੇ ਮਾਲਕ ਦੇ ਸੱਚੇ ਨਾਮ ਦਾ ਸਿਮਰਨ ਕਰੋ॥ ੨॥

ਗ੍ਰਾਮ ਨਗਰ ਸ਼ੁਭ ਮਗ ਪ੍ਰਗਟਾਵਾ। ਚਲਤਿ ਚਲਤਿ ਸਾਗਰ ਪੁਨ ਆਵਾ।
ਜਾਇ ਭਏ ਠਾਂਢੇ ਤਿਹ ਤੀਰਾ। ਬੋਲੇ ਸ੍ਰੀ ਮੁਖ ਵਾਕ ਗੰਭੀਰਾ॥ ੩॥

ਨਗਰਾਂ ਅਤੇ ਪਿੰਡਾਂ ਵਿਚ ਸ਼ੁਭ ਪੰਥ ਪ੍ਰਗਟ ਕੀਤਾ ਅਤੇ ਚਲਦੇ ਚਲਦੇ ਸਾਗਰ ਪਾਸ ਆ ਗਏ। ਸਾਗਰ ਦੇ ਕੰਢੇ ਤੇ ਜਾ ਕੇ ਖੜੇ ਹੋ ਗਏ ਅਤੇ ਗੁਰੂ ਜੀ ਨੇ ਗੰਭੀਰ ਬਚਨ ਕੀਤੇ॥ ੩॥

'ਕਹੁ ਬਾਲਾ ਸਾਗਰ ਅਸਗਾਹਾ। ਕਹੂੰ ਨ ਪੱਯਤਿ ਇਹ ਕੋ ਥਾਹਾ।
ਜਾਣੋਂ ਪਾਰ ਚਹਿਤਿ ਹਮ ਮਨ ਮੈਂ। ਕਿਸ ਪ੍ਰਕਾਰ ਗਮਨੈਂ ਅਬ ਬਨ ਮੈਂ? ॥੪॥

"ਹੇ ਬਾਲੇ ! ਇਹ ਸਾਗਰ ਅਸਗਾਹ ਹੈ, ਇਸ ਦਾ ਕੋਈ ਵੀ ਥਾਹ ਨਹੀ ਪਾ ਸਕਦਾ, ਮੈਂ ਆਪਣੇ ਮਨ ਵਿਚ ਇਸ ਸਾਗਰ ਨੂੰ ਪਾਰ ਕਰਨਾ ਚਾਹੁੰਦਾ ਹਾਂ, ਪਰ ਇਸ ਪਾਣੀ ਵਿਚ ਕਿਸ ਪ੍ਰਕਾਰ ਦਾਖਲ ਹੋਵਾਂ ?॥ ੪॥

ਨਿਕਟ ਨ ਕੋ ਅਬ ਆਇ ਜਹਾਜਾ। ਜਾਂਤੇ ਪਾਰ ਜਾਨ ਹ੍ਵੈ ਕਾਜਾ।
ਤੂੰ ਸਯਾਨੋ ਕਛੁ ਮਸਲਤ ਦੀਜੈ। ਜਿਸ ਪ੍ਰਕਾਰ ਤੇ ਗਮਨ ਕਰੀਜੈ' ॥੫॥

ਨੇੜੇ ਕੋਈ ਜਹਾਜ਼ ਵੀ ਨਹੀਂ ਆ ਰਿਹਾ ਹੈ, ਜਿਸ ਤੇ ਚੜ੍ਹ ਕੇ ਸਮੁੰਦਰ ਨੂੰ ਪਾਰ ਕੀਤਾ ਜਾ ਸਕੇ। ਤੂੰ ਸਿਆਣਾ ਹੈਂ, ਇਸ ਬਾਰੇ ਰਾਏ ਦੇਵੋ ਜਿਸ ਪ੍ਰਕਾਰ ਜਾਇਆ ਜਾ ਸਕੇ"॥ ੫॥

ਸੁਨੀਏ ਸ੍ਰੀ ਅੰਗਦ ਗਤਿ ਦਾਨੀ। ਗੁਰ ਸੋ ਮੈਂ ਬੋਲਜੋ ਅਸ ਬਾਨੀ।
'ਜੋ ਪਾਹਨ ਲੇ ਔਰ ਡੁਬੰਤੇ। ਤੁਮਰੇ ਬਚਨਨ ਤੇ ਸੁ ਤਰੰਤੇ॥ ੬॥

ਹੇ ਗੁਰੂ ਅੰਗਦ ਦੇਵ ਜੀ! ਮੁਕਤੀਦਾਤੇ, ਸੁਣੋ, ਗੁਰੂ ਜੀ ਨੂੰ ਮੈਂ ਇਸ ਤਰ੍ਹਾਂ ਕਿਹਾ, "ਜਿਹੜੇ ਪੱਥਰ ਪਾਣੀ ਵਿਚ ਡੁੱਬ ਜਾਂਦੇ ਹਨ, ਤੁਹਾਡੇ ਬਚਨ ਕਰਨ ਨਾਲ ਉਹ ਤਰ ਪੈਂਦੇ ਹਨ॥ ੬॥

ਗਰੂਏ ਗਿਰ ਸਾਗਰ ਪਰ ਤਾਰੇ। ਮਾਨਵ ਕੀ ਕਯਾ ਗਨਤਿ ਉਚਾਰੇ।
ਨਾਮ ਲੇਯ ਜੋ ਤੁਮ ਦਿਨ ਰੈਨਾ। ਸੋ ਭਉਜਲ ਲੰਘਹਿ ਸੁਖ ਚੈਨਾ॥ ੭॥

ਵੱਡੇ-ਵੱਡੇ ਪਹਾੜ ਸਾਗਰ ਤੇ ਤਾਰ ਦਿੱਤੇ। ਮਾਨਵ ਦੀ ਉਨ੍ਹਾਂ ਸਾਹਮਣੇ ਕੀ ਗਿਣਤੀ ਹੈ, ਭਾਵ ਮਨੁੱਖ ਤਾਂ ਪਹਾੜਾਂ ਨਾਲੋਂ ਕਿਤੇ ਹੌਲਾ ਹੈ। ਜਿਹੜਾ ਤੁਹਾਡਾ ਦਿਨ ਰਾਤ ਨਾਮ ਜਪਦਾ ਹੈ, ਉਹ ਭਵਸਾਗਰ ਨੂੰ ਬੜੀ ਆਸਾਨੀ ਨਾਲ ਪਾਰ ਕਰ ਜਾਂਦਾ ਹੈ॥ ੭॥

ਇਹ ਸਾਗਰ ਕਯਾ ਤਰਨ ਦੁਹੇਲਾ। ਤਾਰਹੁ ਭਉਜਲ ਬੂਰ ਸੁਹੇਲਾ।
ਸੁਨਿ ਪ੍ਰਸੀਦ ਭੇ ਬਹੁ ਗਤਿ ਦਾਨੀ। ਬੋਲੇ ਪਰਮ ਮਨੋਹਰ ਬਾਨੀ॥ ੮॥

ਇਹ ਸਾਗਰ ਤਰਨਾ ਕਿਹੜਾ ਔਖਾ ਹੈ। ਤੁਹਾਡੇ ਵਾਸਤੇ ਤਾਂ ਭਵਜਲ ਤਰਨਾ ਬਹੁਤ ਸੌਖਾ ਹੈ। ਇਹ ਸੁਣ ਕੇ ਮੁਕਤੀਦਾਤੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਹੇਠ ਲਿਖੀ ਪਰਮ ਮਨੋਹਰ ਗੁਰਬਾਣੀ ਬੋਲੀ:-

*ਸ੍ਰੀ ਮੁਖਵਾਕ॥*

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਪਰਮਾਤਮਾ ਇਕ ਹੈ, ਉਸ ਦਾ ਨਾਮ ਸੱਚਾ ਹੈ, ਸ੍ਰਿਸ਼ਟੀ ਦਾ ਰਚਨਹਾਰ, ਸਰਬ ਵਿਚ ਪੂਰਣ ਹੈ। ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। ਕਾਲ ਰਹਿਤ ਸਰੂਪ ਵਾਲਾ ਹੈ, ਜੂਨਾਂ ਤੋਂ ਰਹਿਤ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਚੌਪਈ- 'ਇਹ ਸਲੋਕ ਪਠਿ ਕਰਿ ਮੁਖ ਆਛੇ। ਆਵਹੁ ਗਮਨੇ ਹਮਰੇ ਪਾਛੇ'।
ਅਸ ਕਹਿ ਸਾਗਰ ਪਰ ਗੁਨਖਾਨੀ। ਚਲੇ ਜਾਤਿ ਪਗ ਛ੍ਵੈਤ ਨ ਪਾਨੀ॥ ੯॥

ਸੁੰਦਰ ਮੁਖ ਨਾਲ ਇਹ ਸਲੋਕ ਪੜ੍ਹ ਕੇ ਕਹਿਣ ਲੱਗੇ, "ਮੇਰੇ ਪਿਛੇ-ਪਿਛੇ ਆਵੋ। ਇਹ ਕਹਿ ਕੇ ਗੁਣਾਂ ਦੀ ਖਾਣ ਸਾਗਰ ਦੇ ਪਾਣੀ ਉਤੇ ਚਲ ਪਏ ਅਤੇ ਪਾਣੀ ਉਨ੍ਹਾਂ ਦੇ ਚਰਨਾਂ ਨੂੰ ਛੂਹ ਵੀ ਨਹੀਂ ਰਿਹਾ ਸੀ॥ ੯॥

ਸ੍ਰੀ ਗੁਰ ਪਾਛੇ ਮੈਂ ਮਰਦਾਨਾ। ਤਿਉਂ ਹੀ ਕੀਨੋ ਹਮ ਪ੍ਰਸਥਾਨਾ।
ਭੀਗਯੋ ਕਹੂੰ ਨ ਜਲ ਸੋਂ ਚਰਨਾ। ਕਰੁਨਾ ਕੀਨੀ ਤਾਰਨ ਤਰਨਾ॥ ੧੦॥

ਗੁਰੂ ਜੀ ਦੇ ਪਿਛੇ-ਪਿਛੇ ਮੈਂ ਤੇ ਮਰਦਾਨਾ ਵੀ ਚਲ ਪਏ, ਗੁਰੂ ਜੀ ਵਾਂਗ ਹੀ ਅਸੀਂ ਵੀ ਤੁਰ ਰਹੇ ਸੀ। ਸਾਡੇ ਚਰਨ ਜਲ ਨਾਲ ਜ਼ਰਾ ਵੀ ਨਾ ਭਿੱਜੇ। ਇਹ ਜੱਗ ਨੂੰ ਤਾਰਨਹਾਰ ਨੇ ਸਾਡੇ ਤੇ ਕਿਰਪਾ ਕੀਤੀ ਸੀ॥ ੧੦॥

ਜਾਇ ਪਹੂਚੇ ਥੋ ਇਕ ਟਾਪੂ। ਨਾਮ ਜਪਾਯੋ ਸੰਕਟ ਖਾਪੂ।
ਨਾਗਾ ਬੰਦਰ ਤਾਂਕੋ ਨਾਮਾ। ਪੁਨ ਆਗੇ ਗਵਨੇ ਸੁਖ ਧਾਮਾ॥ ੧੧॥

ਚਲਦੇ ਚਲਦੇ ਗੁਰੂ ਜੀ, ਜਿਨ੍ਹਾਂ ਦੁੱਖਾਂ ਨੂੰ ਨਾਸ਼ ਕਰਨ ਵਾਲਾ ਨਾਮ ਜਪਾਇਆ ਸੀ, ਇਕ ਟਾਪੂ ਵਿਚ ਜਾ ਪਹੁੰਚੇ। ਉਸ ਟਾਪੂ ਦਾ ਨਾਂ ਨਾਗਾ ਬੰਦਰ ਸੀ। ਫਿਰ ਸੁੱਖਾਂ ਦੇ ਘਰ ਅੱਗੇ ਚਲ ਪਏ॥ ੧੧॥

ਹੁਤੋ ਦੇਸ਼ ਜਹਿਂ ਸੰਗਲਾਦੀਪਾ। ਪਹੁੰਚੇ ਤਾਂਕੇ ਜਾਇ ਸਮੀਪਾ।
ਰਾਜੇ ਕੇ ਅਰਾਧਨੇ ਕਰਿ ਕੈ। ਗਏ ਦੇਸ਼ ਤਹਿਂ ਸੇਵ ਬਿਚਰਿ ਕੈ॥੧੨॥

ਜਿਥੇ ਸੰਗਲਦੀਪ ਨਾਂ ਦਾ ਦੇਸ਼ ਸੀ, ਗੁਰੂ ਜੀ ਉਸ ਦੇ ਨੇੜੇ ਜਾ ਪਹੁੰਚੇ। ਰਾਜੇ ਦੀ ਆਰਾਧਨਾ ਮੰਨ ਕੇ, ਅਤੇ ਉਸ ਰਾਜੇ ਦੀ ਸੇਵਾ ਦਾ ਵਿਚਾਰ ਕਰਕੇ ਉਸ ਦੇ ਦੇਸ਼ ਗਏ॥ ੧੨॥

ਦੋਹਰਾ- ਤਿਹ ਨ੍ਰਿਪ ਕੋ ਉਪਬਨ ਹੁਤੋ ਸੁਸ਼ਕ ਖਰੋ ਜਿਹ ਥਾਨ।
ਸ੍ਰੀ ਗੁਰ ਪ੍ਰਵਿਸ਼ੇ ਤਾਸ ਮਹਿਂ ਦਾਸਨ ਕੇ ਸੁਖਦਾਨ॥ ੧੩॥

ਉਸ ਰਾਜੇ ਦਾ ਇਕ ਬਾਗ ਸੀ, ਜਿਹੜਾ ਕਿ ਸੁੱਕਿਆ ਹੋਇਆ ਸੀ, ਸ੍ਰੀ ਗੁਰੂ ਜੀ ਜੋ ਆਪਣੇ ਦਾਸਾਂ ਨੂੰ ਸੁਖਦਾਨ ਕਰਨ ਵਾਲੇ ਹਨ, ਉਸ ਬਾਗ ਅੰਦਰ ਚਲੇ ਗਏ॥ ੧੩॥

ਚੌਪਈ- ਚਰਨ ਕਮਲ ਜਬ ਤਿਂਹ ਠਾਂ ਪਾਏ। ਸੂਕੇ ਬਿਟਪ ਹਰੇ ਹ੍ਵੈ ਆਏ।
ਸੁੰਦਰ ਸ਼ਾਖਾ ਦਲ ਫਲ ਫੂਲਾ। ਸੋਹਤਿ ਭਾ ਸਭਿ ਮਨ ਅਨਕੂਲਾ॥੧੪॥

ਜਦ ਗੁਰੂ ਜੀ ਨੇ ਆਪਣੇ ਚਰਨ ਕੰਵਲ ਉਸ ਬਾਗ ਵਿਚ ਪਾਏ ਤਾਂ ਸਾਰੇ ਸੁੱਕੇ ਬੂਟੇ ਹਰੇ ਹੋ ਗਏ। ਸੁੰਦਰ ਸ਼ਾਖਾਵਾਂ ਨਿਕਲ ਆਈਆਂ ਅਤੇ ਫਲ ਤੇ ਫੁੱਲ ਲੱਗ ਗਏ। ਸਾਰਾ ਬਾਗ ਮਨ ਅਨੁਕੂਲ ਸ਼ੋਭਾ ਪਾਉਣ ਲੱਗਾ॥ ੧੪॥

ਜਬਹਿ ਨਗਰ ਕੇ ਲੋਕਨ ਦੇਖਾ। ਰਿਦੇ ਸਭਿਨਿ ਆਚਰਜ ਵਿਸੇਖਾ।
ਬਾਗਵਾਨ ਤਬ ਹੀ ਸੁਧ ਪਾਈ। ਆਨਿ ਗੁਰੂ ਪਗ ਗ੍ਰੀਵ ਨਿਵਾਈ॥੧੫॥

ਜਦ ਇਹ ਨਜ਼ਾਰਾ ਨਗਰ ਦੇ ਲੋਕਾਂ ਨੇ ਵੇਖਿਆ ਤਾਂ ਸਾਰਿਆਂ ਦੇ ਹਿਰਦੇ ਬਹੁਤ ਹੈਰਾਨ ਰਹਿ ਗਏ। ਬਾਗਵਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ।

ਹਰਖ ਕੀਨਿ ਤਿਨ ਰਿਦੇ ਬਿਸਾਲਾ। ਪੁਨ ਗਵਨਯੋ ਜਹਿਂ ਹੁਤੋ ਭੁਵਾਲਾ।
ਜਾਇ ਸਭਾ ਮਹਿਂ ਗਿਰਾ ਉਚਾਰੀ। 'ਸੁਨਹੁ ਬਾਤ ਭੂਪਤਿ ! ਮਮ ਸਾਚੀ॥੧੬॥

ਉਹ ਆਪਣੇ ਦਿਲ ਵਿਚ ਬਹੁਤ ਖੁਸ਼ ਹੋਇਆ, ਅਤੇ ਫਿਰ ਓਥੇ ਚਲੇ ਗਿਆ ਜਿਥੇ ਰਾਜਾ ਰਹਿੰਦਾ ਸੀ। ਰਾਜੇ ਦੀ ਸਭਾ ਵਿਚ ਜਾ ਕੇ ਉਸ ਕਿਹਾ, "ਹੇ ਰਾਜਾ ਜੀ ! ਮੇਰੀ ਸੱਚੀ ਗੱਲ ਸੁਣੋ।

ਉੱਤਮ ਸੰਤ ਏਕ ਚਲਿ ਆਯੋ। ਸੂਕੇ ਉਪਬਨ ਪਗ ਜਬ ਪਾਯੋ।
ਹਰਿਆ ਹੋਤਿ ਭਯੋ ਤਤਕਾਲਾ। ਜਿਹ ਕੋ ਦਰਸ਼ਨ ਕਰਤਿ ਨਿਹਾਲਾ॥੧੭॥

ਇਕ ਉੱਤਮ ਸੰਤ ਚਲ ਕੇ ਆਇਆ ਹੈ, ਉਸ ਜਦ ਸੁੱਕੇ ਬਾਗ ਵਿਚ ਆਪਣੇ ਚਰਨ ਧਰੇ ਤਾਂ ਸਾਰਾ ਬਾਗ ਤੁਰੰਤ ਹਰਿਆ ਭਰਿਆ ਹੋ ਗਿਆ। ਉਨ੍ਹਾਂ ਦੇ ਦਰਸ਼ਨ ਕਰਕੇ ਮੈਂ ਨਿਹਾਲ ਹੋ ਗਿਆ ਹਾਂ॥ ੧੭॥

ਦ੍ਵੈ ਚੇਲੇ ਹੈਂ ਤਾਂਕੇ ਸੰਗਾ। ਚਲਹੁ ਨਿਕਟ ਤਹਿਂ ਧਾਰਿ ਉਮੰਗਾ।
ਸੁਨਤਿ ਸ਼੍ਰੋਨ ਭੂਪਤਿ ਹਰਖਾਯੋ। ਮੰਤ੍ਰੀ ਅਪਨੋ ਨਿਕਟ ਬੁਲਾਯੋ॥੧੮॥

ਉਨ੍ਹਾਂ ਦੇ ਨਾਲ ਦੋ ਚੇਲੇ ਹਨ, ਉਸ ਦੇ ਪਾਸ ਬੜੇ ਪ੍ਰੇਮ ਅਤੇ ਉਮੰਗ ਨਾਲ ਚਲੋ। ਇਹ ਸੁਣ ਰਾਜਾ ਬਹੁਤ ਖੁਸ਼ ਹੋਇਆ ਤੇ ਆਪਣੇ ਮੰਤਰੀ ਨੂੰ ਆਪਣੇ ਪਾਸ ਬੁਲਾਇਆ॥ ੧੮॥

ਤਿਹ ਕੇ ਸੰਗ ਕਹੀ ਇਹ ਬਾਨੀ। 'ਜਾਵਹੁ ਨਿਕਟ ਸੰਤ ਸੁਖਦਾਨੀ।
ਜੇ ਸ੍ਰੀ ਨਾਨਕ ਆਗਮ ਕੀਨਾ। ਕਰਹੁ ਪਰਖ ਭਲ ਬਿਧਿ ਲਿਹੁ ਚੀਨਾ ॥੧੯॥

ਆਪਣੇ ਮੰਤਰੀ ਨੂੰ ਉਸ ਇਸ ਤਰ੍ਹਾਂ ਕਿਹਾ, ''ਸੁਖਦਾਨੀ ਸੰਤ ਜੀ ਪਾਸ ਜਾਵੋ। ਜੇ ਗੁਰੂ ਨਾਨਕ ਜੀ ਆਏ ਹਨ ਤਾਂ ਭਲੀ ਵਿਧੀ ਅਨੁਸਾਰ ਉਨ੍ਹਾਂ ਦੀ ਪਰਖ ਕਰੋ॥ ੧੯॥

ਪਰਸੁਰਾਮ ਸੁਨਿ ਬਚ ਅਵਨੀਪਾ। ਸੁੰਦਰ ਭੋਜਨ ਲੀਨ ਸਮੀਪਾ।
ਗਮਨਜੋ ਉਪਬਨ ਕੋ ਤਤਕਾਲਾ। ਜਹਾਂ ਬਿਰਾਜਤਿ ਦੀਨ ਦਯਾਲਾ ॥੨੦॥

ਮੰਤਰੀ ਪਰਸੁਰਾਮ ਨੇ ਆਪਣੇ ਰਾਜੇ ਦੇ ਇਹ ਬਚਨ ਸੁਣ ਕੇ ਸੁੰਦਰ ਭੋਜਨ ਆਪਣੇ ਨਾਲ ਲੈ ਲਿਆ ਤੇ ਤੁਰੰਤ ਬਾਗ ਵਲ ਚਲੇ ਗਿਆ, ਜਿਥੇ ਗੁਰੂ ਜੀ ਦੀਨ ਦਿਆਲ ਬਿਰਾਜ ਰਹੇ ਸਨ॥ ੨੦॥

ਕੀਨਿ ਬੰਦਨਾ ਦ੍ਵੈ ਕਰ ਜੋਰੀ। ਆਗੈ ਭੋਜਨ ਧਰਜੋ ਬਹੋਰੀ।
'ਨ੍ਰਿਪਤ ਪਠਯੋ ਹੈ ਕਰਹੁ ਅਹਾਰਾ'। ਸੁਨਿ ਸ੍ਰੀ ਨਾਨਕ ਬਚਨ ਉਚਾਰਾ ॥੨੧॥

ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਤੇ ਉਨ੍ਹਾਂ ਦੇ ਅੱਗੇ ਭੋਜਨ ਰੱਖ ਦਿੱਤਾ। ''ਰਾਜੇ ਨੇ ਭੇਜਿਆ ਹੈ, ਆਹਾਰ ਕਰੋ।'' ਇਹ ਸੁਣ ਕੇ ਗੁਰੂ ਨਾਨਕ ਜੀ ਨੇ ਇਸ ਬਚਨ ਦਾ ਉਚਾਰਨ ਕੀਤਾ॥ ੨੧॥

'ਰਸ ਕਸ ਸਾਦ ਬਾਦ ਏ ਜਾਨੋ। ਨਾਮ ਮਹਾਂਰਸ ਸੁਖਦਾ ਮਾਨੋ।
ਫਸੇ ਜਿ ਉਨ ਮਹਿਂ ਹੋਤਿ ਬਿਕਾਰਾ। ਅਹੈਂ ਨਾਮ ਕੇ ਰਸ ਅਵਿਕਾਰਾ ॥੨੨॥

ਇਹ ਰਸ ਕਸ ਸਵਾਦ ਬਿਰਥਾ ਸਮਝੋ। ਨਾਮ ਮਹਾਂਰਸ ਸੁੱਖਾਂ ਨੂੰ ਦੇਣ ਵਾਲਾ ਮੰਨੋ। ਜਿਹੜੇ ਉਨ੍ਹਾਂ ਸਵਾਦਾਂ ਵਿਚ ਫੱਸ ਜਾਂਦੇ ਹਨ ਉਹ ਵਿਕਾਰ ਗ੍ਰੱਸਤ ਹੋ ਜਾਂਦੇ ਹਨ ਅਤੇ ਜਿਹੜੇ ਨਾਮ ਦਾ ਰਸ ਲੈਂਦੇ ਹਨ ਉਹ ਵਿਕਾਰਾਂ ਤੋਂ ਰਹਿਤ ਹੋ ਜਾਂਦੇ ਹਨ''॥ ੨੨॥

ਸੁਨਿਕੈ ਬਚ ਮੰਤ੍ਰੀ ਬਿਸਮਾਨਾ। ਬਹੁਰੋ ਗਮਨਯੋ ਨਿਕਟ ਰਜਾਨਾ।
ਜਾਇ ਸਭਿਹਿ ਉਚਰਜੋ ਬਿਰਤੰਤਾ। 'ਸਾਦ ਅਸਨ ਤੇ ਬ੍ਰਿਕਤੀ ਸੰਤਾ' ॥੨੩॥

ਮੰਤਰੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਪ੍ਰਸੰਨ ਹੋ ਗਿਆ ਤੇ ਤੁਰੰਤ ਰਾਜੇ ਦੇ ਪਾਸ ਚਲਾ ਗਿਆ। ਰਾਜੇ ਨੂੰ ਜਾ ਕੇ ਸਾਰਾ ਬ੍ਰਿਤਾਂਤ ਸੁਣਾਇਆ। ''ਸਵਾਦੀ ਭੋਜਨ ਨਾਲ ਸੰਤ ਦਾ ਕੋਈ ਲਗਾਓ ਨਹੀਂ ਹੈ''॥ ੨੩॥

ਭੂਪਤਿ ਭਾਖਤਿ 'ਸੁੰਦਰ ਨਾਰੀ। ਲੇ ਜਾਵਹੁ ਤਿਹ ਸੰਤ ਅਗਾਰੀ'।
ਸੁਨਤਿ ਸਚਿਵ ਲੇ ਬੇਸਯਾ ਸੰਗਾ। ਜਿਨਹਿ ਬਿਲੋਕੇ ਲਜਤਿ ਅਨੰਗਾ ॥੨੪॥

ਰਾਜੇ ਨੇ ਸੁੰਦਰ ਨਾਰੀਆਂ ਨੂੰ ਬੁਲਾਇਆ ਤੇ ਮੰਤਰੀ ਨੂੰ ਕਿਹਾ, ''ਇਨ੍ਹਾਂ ਨੂੰ ਸੰਤ ਦੇ ਸਾਹਮਣੇ ਲੈ ਜਾਵੋ।'' ਇਹ ਸੁਣ ਕੇ ਮੰਤਰੀ ਨੇ ਵੇਸਵਾਵਾਂ ਨੂੰ ਨਾਲ ਲੈ ਲਿਆ, ਉਹ ਏਨੀਆਂ ਸੁੰਦਰ ਸਨ ਕਿ ਉਨ੍ਹਾਂ ਨੂੰ ਵੇਖ ਕੇ ਕਾਮਦੇਵ ਲਜਿਤ ਹੁੰਦਾ ਸੀ॥ ੨੪॥

ਆਇ ਸਮੀਪ ਕਰੀ ਨ੍ਰਿਤਕਾਰੀ। ਕਹਿ ਮੰਤ੍ਰੀ 'ਇਹ ਭੇਟ ਤੁਮਾਰੀ।
ਪਠੀ ਭੂਪ ਹਿਰਦਾ ਹੁਲਸਾਵਨ'। ਸੁਨਿ ਬੋਲੇ ਜਿਨ ਕੀਰਤਿ ਪਾਵਨ ॥੨੫॥

ਗੁਰੂ ਜੀ ਦੇ ਨੇੜੇ ਆ ਕੇ ਉਨ੍ਹਾਂ ਨਾਚ ਸ਼ੁਰੂ ਕਰ ਦਿੱਤਾ, ਮੰਤਰੀ ਕਹਿਣ ਲੱਗਾ, ਇਹ ਤੁਹਾਨੂੰ ਭੇਟ ਕੀਤੀਆਂ ਗਈਆਂ ਹਨ। ਤੁਹਾਡੇ ਹਿਰਦੇ ਨੂੰ ਖੁਸ਼ ਕਰਨ ਹਿਤ ਰਾਜੇ ਨੇ ਭੇਜੀਆਂ ਹਨ। ਇਹ ਸੁਣ ਕੇ ਗੁਰੂ ਜੀ ਬੋਲੇ॥ ੨੫॥

'ਦੁਰਗੰਧ ਕੋ ਬਾਸਨ ਹੈ ਦੇਹੀ। ਇਨਹਿ ਸਪਰਸ਼ੈ ਹ੍ਵੈ ਜੁ ਸਨੇਹੀ।
ਇਹਠਾਂ ਜਨਮ ਭ੍ਰਿਸ਼ਟਿ ਤਿਨ ਕੇਰਾ। ਮੁਏ ਨਰਕ ਮਹਿਂ ਜਮ ਨੈ ਗੇਰਾ ॥੨੬॥

ਵੇਸਵਾ ਦਾ ਸਰੀਰ ਦੁਰਗੰਧ ਹੈ, ਜਿਹੜਾ ਇਨ੍ਹਾਂ ਨੂੰ ਪ੍ਰੇਮ ਨਾਲ ਛੂੰਹਦਾ ਹੈ, ਮਾਤ ਲੋਕ ਵਿਚ ਉਸ ਦਾ ਜਨਮ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਮਰਨ ਤੋਂ ਬਾਅਦ ਜਮ ਉਸ ਨੂੰ ਨਰਕ ਵਿਚ ਸੁੱਟ ਦਿੰਦੇ ਹਨ॥ ੨੬॥

ਸੁਨਿ ਮੰਤ੍ਰੀ ਬੰਦਨ ਗਯੋ। ਨ੍ਰਿਪ ਸੋਂ ਸਭਿ ਬਿਧਿ ਭਾਖਤਿ ਭਯੋ।
'ਦੋਖ ਅਰੋਪਤਿ ਇਨ ਕੇ ਮਾਂਹੀ। ਅਪਨੇ ਅੰਗ ਸਪਰਸਤਿ ਨਾਂਹੀ' ॥੨੭॥

ਇਹ ਸੁਣ ਕੇ ਮੰਤਰੀ ਬੰਦਨਾਂ ਕਰਕੇ ਚਲੇ ਗਿਆ ਅਤੇ ਰਾਜੇ ਨੂੰ ਸਭ ਕੁਝ ਵੇਰਵੇ ਸਹਿਤ ਦੱਸਿਆ। ਉਨ੍ਹਾਂ ਦੇ ਵਿਚ ਕੋਈ ਔਗੁਣ ਨਹੀਂ ਹੈ, ਆਪਣੇ ਅੰਗ ਕਿਸੇ ਨਾਲ ਸਪਰਸ਼ ਨਹੀਂ ਕਰਨਾ ਚਾਹੁੰਦੇ॥ ੨੭॥

ਪਰਸ਼ੁਰਾਮ ਕੋ ਕਹਿ ਅਵਨੀਪਾ। 'ਅਬ ਕੇ ਬਹੁਰੋ ਜਾਇ ਸਮੀਪਾ।
ਸੁੰਦਰ ਭੂਖਨ ਬਸਨ ਸੁਹਾਏ। ਦੇਵਹੁ ਤਿਨ ਜੇ ਮਨ ਲਲਚਾਏ' ॥੨੮॥

ਰਾਜੇ ਨੇ ਪਰਸ਼ੁਰਾਮ ਮੰਤਰੀ ਨੂੰ ਫਿਰ ਕਿਹਾ, "ਹੁਣ ਫਿਰ ਇਕ ਵਾਰ ਉਨ੍ਹਾਂ ਪਾਸ ਜਾਵੋ। ਸੁੰਦਰ ਕਪੜੇ, ਗਹਿਣੇ ਅਤੇ ਵਸਤਰ ਲੈ ਕੇ ਜਾਓ ਅਤੇ ਉਨ੍ਹਾਂ ਨੂੰ ਦੇਵੋ ਜਿਹੜੇ ਉਨ੍ਹਾਂ ਦੇ ਮਨ ਨੂੰ ਭਾਉਂਦੇ ਹੋਣ"॥ ੨੮॥

ਲੇ ਮੰਤ੍ਰੀ ਭੂਖਨ ਪਟ ਰੂਰੇ। ਆਇ ਧਰੇ ਆਗੈ ਗੁਰੁ ਪੂਰੇ।
'ਲੇਹੁ ਭੇਟ ਇਹੁ ਭੂਪ ਪਠਾਈ'। ਦੇਖਤਿ ਸ੍ਰੀ ਗੁਰੁ ਗਿਰਾ ਅਲਾਈ ॥੨੯॥

ਮੰਤਰੀ ਨੇ ਸੁੰਦਰ ਗਹਿਣੇ ਅਤੇ ਪੱਟ ਦੇ ਬਸਤਰ ਲਿਆ ਕੇ ਪੂਰਨ ਗੁਰੂ ਜੀ ਦੇ ਅੱਗੇ ਆ ਧਰੇ। ਰਾਜੇ ਨੇ ਇਹ ਭੇਟਾ ਭੇਜੀ ਹੈ, ਇਸ ਨੂੰ ਪ੍ਰਵਾਨ ਕਰੋ। ਇਹ ਦੇਖ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੨੯॥

'ਕਾਂਇਆਂ ਆਦਿ ਕਪੜ ਹੈਂ ਕੂੜੇ। ਇਨ ਬਿਲੋਕ ਭੂਲਤਿ ਹੈਂ ਮੂੜੇ।
ਹਮਰੇ ਏਹੁ ਨ ਕਿਸਹੂੰ ਕਾਜਾ। ਜਾਇ ਦੀਜੀਏ ਆਪਨ ਰਾਜਾ ॥੩੦॥

ਕਾਇਆਂ ਆਦਿ ਕਪੜੇ ਸਭ ਝੂਠ ਹਨ, ਇਨ੍ਹਾਂ ਨੂੰ ਵੇਖ ਕੇ ਮੂਰਖ ਭੁੱਲ ਜਾਂਦੇ ਹਨ। ਸਾਡੇ ਇਹ ਕਿਸੇ ਕੰਮ ਨਹੀਂ ਹਨ, ਇਹ ਲੈ ਜਾ ਕੇ ਆਪਣੇ ਰਾਜੇ ਨੂੰ ਦੇ ਦੇਵੋ॥ ੩੦॥

ਸੁਨਿ ਮੰਤ੍ਰੀ ਗਾ ਨਿਕਟ ਰਜਾਨਾ। ਅਸ ਪ੍ਰਕਾਰ ਮੁਖ ਬਚਨ ਬਖਾਨਾ।
'ਉੱਤਮ ਸੰਤ ਸੁਸ਼ੀਲ ਉਦਾਰਾ। ਕਛੂ ਨ ਲੇਵਤਿ ਪਠਜੋ ਤੁਮਾਰਾ ॥੩੧॥

ਇਹ ਸੁਣ ਕੇ ਮੰਤਰੀ ਰਾਜੇ ਦੇ ਕੋਲ ਗਿਆ ਅਤੇ ਇਸ ਪ੍ਰਕਾਰ ਰਾਜੇ ਨੂੰ ਬਚਨ ਕਿਹਾ, "ਸੰਤ ਬਹੁਤ ਉੱਤਮ, ਸੁਸ਼ੀਲ ਅਤੇ ਉਦਾਰ ਚਿੱਤ ਹੈ। ਤੁਹਾਡਾ ਭੇਜਿਆ ਉਸ ਕੁਝ ਵੀ ਨਹੀਂ ਲਿਆ ਹੈ॥ ੩੧॥

ਚਲਹੁ ਆਪ ਤਿਹ ਦਰਸ਼ਨ ਕੀਜੈ। ਸ੍ਰੀ ਨਾਨਕ ਕੋ ਪਰਖ ਪਤੀਜੈ'।
ਸੁਨਤਿ ਸੁਮਤਿ ਕੇ ਭੂਪਤਿ ਬੈਨਾ। ਗਮਨਯੋ ਆਪ ਨਿਕਟ ਗੁਨ ਐਨਾ ॥੩੨॥

ਆਪ ਚਲ ਕੇ ਉਸ ਦੇ ਦਰਸ਼ਨ ਕਰੋ, ਸ੍ਰੀ ਗੁਰੂ ਨਾਨਕ ਨੂੰ ਪਰਖ ਕੇ ਤਸੱਲੀ ਕਰ ਲਵੋ।" ਬੁੱਧੀਵਾਨ ਮੰਤਰੀ ਦੇ ਇਹ ਬਚਨ ਸੁਣ ਕੇ, ਰਾਜਾ ਆਪ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਪਾਸ ਗਿਆ॥ ੩੨॥

ਭੀਰ ਨਰਨ ਕੀ ਲੀਨੇ ਸੰਗਾ। ਮਿਲਨ ਹੇਤੁ ਸਤਿਗੁਰੂ ਉਮੰਗਾ।
ਪਹੁੰਚਯੋ ਉਪਬਨ,ਹੋਇ ਸਮੀਪਾ। ਪਦ ਬੰਦਨ ਕੀਨੀ ਅਵਨੀਪਾ ॥੩੩॥

ਬਹੁਤ ਸਾਰੇ ਮਰਦਾਂ ਨੂੰ ਉਸ ਆਪਣੇ ਨਾਲ ਲਿਆ ਅਤੇ ਸਤਿਗੁਰੂ ਜੀ ਨੂੰ ਮਿਲਣ ਦਾ ਉਸ ਵਿਚ ਬੜਾ ਉਤਸ਼ਾਹ ਭਰ ਗਿਆ। ਉਹ ਬਾਗ ਵਿਚ ਪਹੁੰਚਿਆ ਅਤੇ ਗੁਰੂ ਜੀ ਦੇ ਪਾਸ ਗਿਆ ਅਤੇ ਫਿਰ ਰਾਜੇ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੩੩॥

ਦਰਸ ਬਿਲੋਕਤਿ ਬਧਯੋ ਅਨੰਦਾ। ਜਿਉਂ ਸਾਗਰ ਪਿਖਿ ਪੂਰਨ ਚੰਦਾ।
ਬਹੁਰ ਠਾਂਢ ਭਾ ਗੁਰੂ ਅਗਾਰੀ। ਸ੍ਰੀ ਨਾਨਕ ਤਬ ਗਿਰਾ ਉਚਾਰੀ॥ ੩੪॥

ਦਰਸ਼ਨ ਕਰਕੇ ਬੜਾ ਅਨੰਦ ਵਧਿਆ, ਜਿਵੇਂ ਪੂਰਨਮਾਸ਼ੀ ਦੇ ਚੰਦਰਮਾਂ ਨੂੰ ਵੇਖ ਕੇ ਸਮੁੰਦਰ ਉਛਾਲੇ ਮਾਰਦਾ ਹੈ, ਫਿਰ ਸਤਿਗੁਰੂ ਜੀ ਦੇ ਅੱਗੇ ਖੜਾ ਹੋ ਗਿਆ। ਤਦ ਗੁਰੂ ਜੀ ਨੇ ਕੁਝ ਬਚਨ ਕੀਤੇ॥ ੩੪॥

ਸੁਨਿ ਸ੍ਰੀ ਗੁਰੂ ਕੇ ਬਚਨ ਰਜਾਨਾ। ਨਿਸ਼ਚਾ ਭਯੋ ਰਿਦੇ ਸੁਖ ਮਾਨਾ।
ਤਦਪਿ ਏਕ ਨਿਸ ਲਿਉਂ ਪਤਿਆਰਾ। ਪੰਥ ਕਰੋਂ ਪੁਨ ਅੰਗੀਕਾਰਾ॥ ੩੫॥

ਗੁਰੂ ਜੀ ਦੇ ਬਚਨ ਸੁਣ ਕੇ ਰਾਜੇ ਨੂੰ ਨਿਸ਼ਚਾ ਹੋ ਗਿਆ ਅਤੇ ਮਨ ਵਿਚ ਸੁਖ ਮੰਨਿਆ। ਫਿਰ ਵੀ ਇਕ ਰਾਤ ਪਰਤਾਵਾ ਲਵਾਂਗਾ, ਫਿਰ ਇਨ੍ਹਾਂ ਦਾ ਪੰਥ ਅੰਗੀਕਾਰ ਕਰਾਂਗਾ॥ ੩੫॥

ਅਸ ਮਨ ਠਾਨਿ ਗਯੋ ਨਿਜ ਧਾਮਾ। ਉਪਬਨਿ ਰਾਜਤਿ ਪੂਰਨ ਕਾਮਾ।
ਬਹੁ ਸੁੰਦਰ ਪਰਯੰਕ ਪਠਾਏ। ਸੇਵਨ ਹਿਤ ਸੇਵਕ ਤਬ ਆਏ॥ ੩੬॥

ਇਸ ਤਰ੍ਹਾਂ ਮਨ ਵਿਚ ਇਹ ਗੱਲ ਧਾਰ ਕੇ ਆਪਣੇ ਘਰ ਨੂੰ ਚਲਾ ਗਿਆ। ਕਾਮਨਾਵਾਂ ਪੂਰੀਆਂ ਕਰਨ ਵਾਲੇ ਭਾਵ ਗੁਰੂ ਜੀ ਬਾਗ ਵਿਚ ਹੀ ਬਿਰਾਜਮਾਨ ਰਹੇ। ਗੁਰੂ ਜੀ ਦੇ ਆਰਾਮ ਕਰਨ ਵਾਸਤੇ ਬਹੁਤ ਸੁੰਦਰ ਪਲੰਘ ਭੇਜੇ ਗਏ ਅਤੇ ਸੇਵਾ ਕਰਨ ਹਿਤ ਸੇਵਕ ਆ ਗਏ॥ ੩੬॥

ਰੈਨਿ ਭਏ ਪਦਮਨਿ ਬੁਲਵਾਈ। ਭੂਪਤਿ ਤਿਹ ਸੋਂ ਗਿਰਾ ਅਲਾਈ।
'ਸੁੰਦਰ ਸਖੀਆਂ ਲੇਕਰਿ ਸੰਗਾ। ਤਾਂਹਿ ਸੰਤ ਉਪਜਾਉ ਅਨੰਗਾ॥ ੩੭॥

ਰਾਤ ਹੋਈ ਪਦਮਨੀ (ਚਾਰ ਪ੍ਰਕਾਰ ਦੀਆਂ ਇਸਤਰੀਆਂ ਵਿਚੋਂ ਸਭ ਤੋਂ ਸ੍ਰੇਸ਼ਟ) ਬੁਲਾਈ ਗਈ। ਰਾਜੇ ਨੇ ਉਸ ਇਸਤਰੀ ਨੂੰ ਇਸ ਤਰ੍ਹਾਂ ਕਿਹਾ, ਸੁੰਦਰ ਸਖੀਆਂ ਨੂੰ ਆਪਣੇ ਨਾਲ ਲੈ ਲਵੇ ਤੇ ਉਸ ਸੰਤ ਵਿਚ ਕਾਮ ਵਾਸ਼ਨਾ ਉਪਜਾਵੇ॥ ੩੭॥

ਤਿਨ ਸੁਨਿ ਨਵਸਤ ਕੀਨ ਸ਼ਿੰਗਾਰਾ। ਭੂਖਨ ਪਟ ਸੁਠ ਅੰਜਨ ਡਾਰਾ।
ਉਪਬਨ ਵਿਖੇ ਆਨਿ ਤਤਕਾਲਾ। ਰੂਪ ਅਨੂਪਮ ਰੁਚਿਰ ਬਿਸਾਲਾ॥ ੩੮॥

ਇਹ ਸੁਣ ਕੇ ਸੋਲਾਂ ਸੁੰਦਰ ਇਸਤਰੀਆਂ ਨੇ ਸ਼ਿੰਗਾਰ ਕੀਤਾ। ਗਹਿਣੇ ਅਤੇ ਸੁੰਦਰ ਪਟ ਦੇ ਬਸਤਰ ਪਹਿਨੇ ਅਤੇ ਅੱਖਾਂ ਵਿਚ ਸੁਰਮਾਂ ਪਾਇਆ। ਉਹ ਝੱਟ ਬਾਗ ਵਿਚ ਆ ਗਈਆਂ। ਉਨ੍ਹਾਂ ਦਾ ਅਨੂਪਮ ਰੂਪ ਬੇਹੱਦ ਮਨੋਹਰ ਅਤੇ ਸੁੰਦਰ ਸੀ॥ ੩੮॥

ਗੌਰ ਰੰਗ ਕੰਚਨ ਗਜਗੌਨੀ। ਕਚ ਮੇਚਕ ਜਨੁ ਕੰਦ੍ਰਪ ਛੌਨੀ।
ਪੀਨ ਉਰੋਜਨ, ਖੰਜਨਨੈਨੀ। ਕਟ ਜਿਨ ਛੀਨ ਕੋਕਲਾ ਬੈਨੀ॥ ੩੯॥

ਉਨ੍ਹਾਂ ਦਾ ਸੋਨੇ ਵਰਗਾ ਗੋਰਾ ਰੰਗ ਸੀ ਅਤੇ ਚਾਲ ਹਾਥੀਆਂ ਵਰਗੀ ਮਸਤ ਸੀ। ਕਾਲੇ ਵਾਲ ਇੰਝ ਫਬ ਰਹੇ ਸਨ ਮਾਨੋ ਕਾਮਦੇਵ ਦੀਆਂ ਪੁੱਤਰੀਆਂ ਹੋਣ। ਭਾਰੀਆਂ ਛਾਤੀਆਂ ਅਤੇ ਮਮੋਲੇ ਵਰਗੇ ਨੇਤਰ ਸਨ। ਉਨ੍ਹਾਂ ਦੇ ਪਤਲੇ ਲੱਕ ਸਨ ਅਤੇ ਕੋਇਲ ਵਰਗੀ ਉਨ੍ਹਾ ਦੀ ਆਵਾਜ਼ ਸੀ॥ ੩੯॥

ਬਰਖ ਚਤੁਰਦਸ ਕੀ ਕਿਹ ਬੈਸਾ। ਕੋ ਖੋਡਸ ਕੀ ਰੂਭ ਸੁਦੇਸ਼ਾ।
ਚਲਤਿ ਹੋਤਿ ਭੂਖਨ ਝੁਨਕਾਰਾ। ਮਨਹੁ ਮਦਨ ਕੋ ਬਜਤਿ ਨਗਾਰਾ॥ ੪੦॥

ਕਈਆਂ ਦੀ ਸਿਰਫ ਚੌਦਾਂ ਸਾਲ ਦੀ ਉਮਰ ਸੀ। ਉਹ ਸੋਹਣੇ ਰੂਪ ਤੇ ਸੋਹਣੇ ਅੰਗਾਂ ਵਾਲੀਆਂ ਸਨ। ਜਦ ਚੱਲਦੀਆਂ ਸਨ ਤਾਂ ਗਹਿਣਿਆਂ ਦੀ ਇੰਝ ਝਣਕਾਰ ਹੁੰਦੀ ਸੀ ਮਾਨੋ ਕਾਮਦੇਵ ਦਾ ਨਗਾਰਾ ਵੱਜ ਰਿਹਾ ਹੈ॥ ੪੦॥

ਜਿਨਕੋ ਚਿਤਵਨ ਬਾਨ ਸਮਾਨਾ। ਭ੍ਰਿਕੁਟੀ ਕੁਟਿਲ ਧਨੁਖ ਪਰਮਾਨਾ।
ਮਨਹੁ ਭੂਪ ਇਕ ਕੀਨ ਬਹਾਨਾ। ਆਵਾ ਮਦਨ ਕਰਨ ਪਤਿਯਾਨਾ॥੪੧॥

ਉਨ੍ਹਾਂ ਦੀਆਂ ਨਜ਼ਰਾਂ ਤੀਰ ਸਮਾਨ ਤਿੱਖੀਆਂ ਸਨ ਅਤੇ ਭਰਵੱਟੇ ਟੇਢੇ ਕਮਾਨ ਵਰਗੇ ਸਨ। ਮਾਨੋ ਰਾਜੇ ਦਾ ਇਕ ਬਹਾਨਾ ਬਣਾ ਕੇ ਕਾਮਦੇਵ ਆਪ ਪਰਖਣ ਹਿਤ ਆਇਆ ਹੋਵੇ॥ ੪੧॥

ਜਹਿਂ ਅਰਬਿੰਦ ਬਿਲੋਚਨਿ ਰਾਜਤਿ। ਤਹਿਂ ਬੈਸੀ, ਜਿਨ ਪਿਖ ਰਤਿ ਲਾਜਤਿ।
ਕਰ ਕਮਲਨ ਸੋਂ ਚਰਨ ਮੁਕੰਦਾ। ਚਾਂਪਤਿ ਭੀ ਧਰਿ ਰਿਦੇ ਅਨੰਦਾ॥੪੨॥

ਜਿਥੇ ਕਮਲ ਨੈਣ ਭਾਵ ਗੁਰੂ ਜੀ ਬਰਾਜਦੇ ਹਨ, ਓਥੇ ਉਹ ਪਦਮਨੀ ਇਸਤਰੀ, ਜਿਸ ਦੀ ਸੁੰਦਰਤਾ ਵੇਖ ਕੇ ਕਾਮਦੇਵ ਦੀ ਇਸਤਰੀ ਰੱਤੀ ਵੀ ਸ਼ਰਮਸਾਰ ਹੁੰਦੀ ਹੈ, ਬੈਠ ਗਈ। ਮੁਕਤੀਦਾਤੇ ਦੇ ਚਰਨ ਕਮਲਾਂ ਨੂੰ, ਹਿਰਦੇ ਵਿਚ ਬੜਾ ਆਨੰਦ ਧਾਰ ਕੇ ਨੱਪਣ ਲੱਗੀਆਂ॥ ੪੨॥

ਮੰਦ ਮੰਦ ਕਰਿ ਮੁਖ ਮੁਸ਼ਕਾਵਨ। ਰਿਦੈ ਚਹਿਤਿ ਹੈ ਮਦਨ ਬਢਾਵਨ।
ਕਰਿ ਕਟਾਖ ਗੁਰੁ ਓਰ ਨਿਹਾਰੀ। ਮਧੁਰ ਮ੍ਰਿਦੁਲ ਮੁਖ ਗਿਰਾ ਉਚਾਰੀ॥੪੩॥

ਥੋੜ੍ਹਾ-ਥੋੜ੍ਹਾ ਮੁਸਕਰਾਉਂਦੀਆਂ ਹਨ। ਹਿਰਦੇ ਵਿਚ ਚਾਹੁੰਦੀਆਂ ਹਨ ਕਿ ਕਾਮ ਨੂੰ ਉਕਸਾਇਆ ਜਾਵੇ। ਟੇਢੀ ਨਜ਼ਰ ਕਰਕੇ ਗੁਰੂ ਜੀ ਵਲ ਵੇਖਿਆ ਅਤੇ ਮਿੱਠੀ ਕੋਮਲ ਆਵਾਜ ਵਿਚ ਕੁਝ ਬਚਨ ਉਚਾਰੇ॥ ੪੩॥

ਮਨਹੁ ਕਾਮ ਕੀ ਬਾਜੀ ਬੀਨਾ। ਜੋ ਸੁਰ ਮੁਨਿ ਕੋ ਕਰਤਿ ਅਧੀਨਾ।
'ਸੁਨਹੁ ਸੰਤ ਜੀ ਬਚਨਨ ਪੂਰੇ! ਹੌਂ ਆਈ ਦਰਸ਼ਨ ਹਿਤ ਰੂਰੇ॥੪੪॥

ਏਨੀ ਸੁਰੀਲੀ ਆਵਾਜ਼ ਸੀ ਮਾਨੋ ਕਾਮਦੇਵ ਦੀ ਬੀਨ ਵੱਜ ਪਈ ਹੋਵੇ, ਜਿਸ ਦੀ ਸੁਰ ਮਨ ਨੂੰ ਅਧੀਨ ਕਰ ਰਹੀ ਸੀ। ਕਹਿਣ ਲੱਗੀ, "ਹੇ ਸੰਤ ਜੀ! ਮੇਰੇ ਪੂਰੇ ਬਚਨ ਸੁਣੋ, ਮੈਂ ਤੁਹਾਡੇ ਦਰਸ਼ਨ ਕਰਨ ਆਈ ਹਾਂ॥ ੪੪॥

ਸ਼ੰਕਾ ਤਜਿਯੇ ਬਦਨ ਮਯੰਕੇ! ਹਮਹਿਂ ਬਿਲੋਕ ਕਟਾਖਨ ਬੰਕੇ।
ਇਸਤ੍ਰਿਨਿ ਮਹਿਂ ਜੋ ਪਦਮਨਿ ਜਾਤੀ। ਸੋਂ ਮੁਝ ਮਹਿਂ ਲੱਖਨ ਬੱਖ਼ਯਾਤੀ॥੪੫॥

ਹੇ ਚੰਦਰ ਮੁਖ! ਸ਼ੰਕਾ ਨੂੰ ਛੱਡੋ, ਅਤੇ ਮੇਰੇ ਵੱਲ ਟੇਢੀਆਂ ਨਜ਼ਰਾਂ ਕਰਕੇ ਵੇਖੋ। ਇਸਤਰੀਆਂ ਵਿਚ ਜੋ ਪਦਮਨੀ ਜਾਤੀ ਹੈ, ਉਹ ਮੇਰੇ ਵਿਚ ਪੂਰਨ ਤੌਰ ਤੇ ਪ੍ਰਗਟ ਹੈ॥ ੪੫॥

ਸੁੰਦਰ ਮੋਰ ਕਠੋਰ ਉਰੋਜਾ। ਕਰਹੁ ਸਪਰਸ਼ਨ ਪਾਨ ਸਰੋਜਾ।
ਅਧਰ ਮਧੁਰ ਅੰਮ੍ਰਿਤ ਕੀ ਨਜਾਈਂ। ਆਪ ਲੇਹੁ ਰਸ ਹੈ ਮਮ ਸਾਈ॥੪੬॥

ਮੇਰੀ ਛਾਤੀ ਬੜੀ ਕਠੋਰ ਅਤੇ ਸੁੰਦਰ ਹੈ, ਆਪਣੇ ਹਸਤ ਕਮਲਾਂ ਨਾਲ ਇਨ੍ਹਾਂ ਨੂੰ ਸਪਰਸ਼ ਕਰੋ। ਮੇਰੇ ਹੋਠ ਅੰਮ੍ਰਿਤ ਵਾਂਗ ਮਿੱਠੇ ਹਨ, ਹੇ ਮੇਰੇ ਮਾਲਕ! ਇਨ੍ਹਾਂ ਨੂੰ ਚੁੰਮ ਕੇ ਰਸ ਲਵੋ॥ ੪੬॥

ਰੁਚਿਰ ਸਰੂਪ ਅਨੂਪ ਅਮੋਲਾ। ਮਿਲ ਮਨ ਭਾਵਤਿ ਕਰਹੁ ਕਲੋਲਾ।
ਹੋਇ ਸਫਲ ਤਬ ਹੀ ਮਮ ਦੇਹਾ। ਗ੍ਰਹਣ ਕਰਉ ਜਬ ਧਰਿ ਉਰ ਨੇਹਾ॥੪੭॥

ਮੇਰਾ ਸੁੰਦਰ ਸਰੂਪ, ਅਨੂਪਮ ਅਤੇ ਅਮੋਲਕ ਹੈ, ਇਸ ਦੇ ਨਾਲ ਲੱਗ ਕੇ ਮਨ-ਭਾਉਂਦੇ ਕਲੋਲ ਕਰੋ। ਤਦ ਹੀ ਮੇਰੀ ਦੇਹੀ ਸਫਲ ਹੋਵੇਗੀ, ਜਦ ਹਿਰਦੇ ਵਿਚ ਪਿਆਰ ਧਾਰਨ ਕਰਕੇ ਇਸ ਨੂੰ ਗ੍ਰਹਿਣ ਕਰੋ॥ ੪੭॥

ਕ੍ਰਿਪਾ ਸਿੰਧੁ ! ਕਰਿ ਕ੍ਰਿਪਾ ਬਿਸਾਲਾ। ਪੂਰਹੁ ਸ਼ਰਧਾ ਕਰਹੁ ਨਿਹਾਲਾ।
ਅਸ ਜਬ ਬਾਨੀ ਭਨੀ ਅਧੀਨਾ। ਬੋਲੇ ਸ੍ਰੀ ਗੁਰੂ ਗੁਨੀ ਪ੍ਰਬੀਨਾ॥ ੪੮ ॥

ਹੇ ਕਿਰਪਾ ਦੇ ਸਾਗਰ ! ਵਿਸ਼ਾਲ ਕਿਰਪਾ ਕਰੋ, ਮੇਰੀ ਸ਼ਰਧਾ ਪੂਰਨ ਕਰਕੇ ਮੈਨੂੰ ਨਿਹਾਲ ਕਰੋ। ਜਦ ਪਦਮਨੀ ਨੇ ਇਸ ਤਰ੍ਹਾਂ ਅਧੀਨ ਹੋ ਕੇ ਅਜੇਹੇ ਬਚਨ ਕਹੇ ਤਾਂ ਗੁਣਾਂ ਵਿਚ ਸੰਪੂਰਣ ਭਾਵ ਗੁਰੂ ਜੀ ਬੋਲੇ॥ ੪੮ ॥

'ਸੱਤਿਨਾਮੁ ਸਿਮਰਹੁ ਸੁਖ ਭਾਰੀ। ਸਫਲ ਜਨਮ ਕਰਿ ਲਿਹੁ ਇਹ ਬਾਰੀ।
ਬਿਸ਼ੇ ਸਾਦ ਮਹਿਂ ਬੈਸ ਨ ਖੋਵਹੁ। ਹਰਿ ਕੋ ਭਜਹੁ ਮੁਕਤਿ ਸਭਿ ਹੋਵਹੁ ॥੪੯ ॥

ਸਤਿਨਾਮ ਦਾ ਸਿਮਰਨ ਕਰੋ, ਉਸ ਨਾਲ ਭਾਰੀ ਸੁੱਖ ਪ੍ਰਾਪਤ ਹੁੰਦਾ ਹੈ। ਇਸ ਜਨਮ ਤੈਨੂੰ ਇਕ ਵਾਰ ਮਿਲਿਆ ਹੈ, ਇਸ ਨੂੰ ਸਫਲ ਕਰ ਲਵੋ। ਵਿਸ਼ਿਆਂ ਦੇ ਸਵਾਦ ਵਿਚ ਆਪਣੀ ਉਮਰ ਨਾ ਗਵਾਓ। ਹਰੀ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕਰੋ॥ ੪੯ ॥

ਸੋਰਠਾ- 'ਹਮ ਸੌਂ ਕੀਜੈ ਭੋਗ' ਭਨਤਿ ਭਈ ਪੁਨ ਅੰਗਨਾ।
'ਹੋ ਤੁਮ ਪੂਰਨ ਜੋਗ ਪੂਰਨ ਕਰਿਯੇ ਕਾਮਨਾ'॥ ੫੦॥

ਪਰ ਪਦਮਨੀ ਨੇ ਗੁਰੂ ਜੀ ਦੀ ਗੱਲ ਨੂੰ ਨਾ ਵੀਚਾਰਿਆ ਤੇ ਫਿਰ ਕਹਿਣ ਲੱਗੀ, "ਮੇਰੇ ਨਾਲ ਭੋਗ ਕਰੋ, ਤੁਸੀਂ ਪੂਰਨ ਜੋਗ ਹੋ, ਇਸ ਲਈ ਮੇਰੀ ਕਾਮਨਾ ਪੂਰੀ ਕਰੋ"॥ ੫੦॥

ਸੋਰਠਾ- ਤਿਨਕੇ ਸੁਨਿ ਕਰਿ ਬੈਨ ਸ੍ਰੀ ਨਾਨਕ ਬੋਲਤਿ ਭਏ।
'ਹੋਇ ਰਿਦੈ ਸੁਖ ਚੈਨ ਸ਼ਬਦ ਕਮਾਵਨ ਕੀਜਿਯੈ॥ ੫੧ ॥

ਉਸ ਦੀ ਇਹ ਗੱਲ ਸੁਣ ਕੇ ਗੁਰੂ ਨਾਨਕ ਜੀ ਨੇ ਇਹ ਬਚਨ ਕਹੇ "ਇਸ ਸ਼ਬਦ ਵਿਚ ਦੱਸੇ ਉਪਦੇਸ਼ ਤੇ ਅਮਲ ਕਰੋ ਤਾਂ ਹਿਰਦੇ ਵਿਚ ਪੂਰਨ ਸੁਖ ਚੈਨ ਪ੍ਰਾਪਤ ਹੋਵੇਗਾ॥ ੫੧ ॥

*ਸ੍ਰੀ ਮੁਖਵਾਕ॥ ਆਸਾ ਘਰੁ ੬ ਮਹਲਾ ੧॥*

*ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥*
*ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧॥*
*ਲਾਲ ਬਹੁ ਗੁਣਿ ਕਾਮਣਿ ਮੋਹੀ॥ਤੇਰੇ ਗੁਣ ਹੋਹਿ ਨ ਅਵਰੀ॥੧॥ਰਹਾਉ॥*
*ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥*
*ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨॥*
*ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥*
*ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥ ੩॥* (ਪੰਨਾ ੩੫੯)

ਜੇ ਗਹਿਣੇ ਵਰਗੇ ਆਪਣੇ ਮਨ ਦੇ ਮੋਤੀ ਨੂੰ ਸੁਆਸ ਦੇ ਧਾਗੇ ਵਿਚ ਪਰੋ ਲਵੇ ਅਤੇ ਕਾਮਨੀ ਆਪਣੀ ਦੇਹ ਉਤੇ ਦਇਆ ਦਾ ਹਾਰ ਸ਼ਿੰਗਾਰ ਕਰ ਲਵੇ ਤਾਂ ਪ੍ਰੀਤਮ ਆਪਣੀ ਲਾਡਲੀ ਨੂੰ ਮਾਣ ਲੈਂਦਾ ਹੈ॥ ੧॥

ਹੇ ਮੇਰੇ ਪਿਆਰੇ ! ਮੈਂ ਕਾਮਨੀ ਤੇਰੀਆਂ ਵਡੀਆਂ ਖੂਬੀਆਂ ਤੇ ਆਸ਼ਿਕ ਹੋ ਗਈ ਹਾਂ। ਤੇਰੇ ਵਰਗੇ ਗੁਣ ਹੋਰ ਕਿਸੇ ਵਿਚ ਨਹੀਂ ਹਨ॥ ੧॥ ਠਹਿਰਾਓ॥

ਜੇਕਰ ਕਾਮਨੀ ਸੁਆਮੀ ਦੇ ਨਾਮ ਦੀ ਮਾਲਾ ਨੂੰ ਆਪਣੀ ਗਰਦਨ ਦੁਆਲੇ ਪਾ ਲਵੇ ਤੇ ਹਰੀ ਨੂੰ ਆਪਣੇ ਦੰਦਾਂ ਦਾ ਮੰਜਨ ਕਰ ਲਵੇ। ਜੇ ਉਹ ਸਿਰਜਣਹਾਰ ਨੂੰ ਆਪਣੇ ਹੱਥ ਦਾ ਕੜਾ ਬਣਾ ਕੇ ਪਾ ਲਵੇ, ਤਾਂ ਇਸ ਤਰੀਕੇ ਨਾਲ ਉਹ ਆਪਣੇ ਮਨ ਨੂੰ ਰੋਕ ਲਵੇਗੀ॥ ੨॥

ਉਹ ਵਾਹਿਗੁਰੂ ਨੂੰ ਪਾਉਣ ਲਈ ਆਪਣੀ ਉਂਗਲੀ ਦੀ ਛਾਪ ਬਣਾਵੇ ਤੇ ਸ਼੍ਰੋਮਣੀ ਸਾਹਿਬ ਨੂੰ ਰੇਸ਼ਮੀ ਕਪੜਿਆਂ ਵਜੋਂ ਪ੍ਰਾਪਤ ਕਰੇ। ਕਾਮਨੀ ਸਹਿਨਸ਼ੀਲਤਾ ਦੀ ਗੁੱਤ ਗੁੰਦੇ ਅਤੇ ਪਿਆਰ ਦੀ ਵਡਿਆਈ ਦਾ ਸੁਰਮਾ ਆਪਣੀਆਂ ਅੱਖਾਂ ਵਿਚ ਪਾਵੇ॥ ੩॥

**ਦੋਹਰਾ- ਸਰਬ ਸ਼ਬਦ ਸਮਝਾਇ ਇਹ ਸ੍ਰੀ ਨਾਨਕ ਜਗਕੰਤ।**
**ਅਸ਼ਟਪਦੀ ਪੁਨ ਅਰਥ ਸੋਂ ਉਚਰੀ ਰਾਗ ਬਸੰਤ॥ ੫੨॥**

ਜੱਗ ਦੇ ਮਾਲਕ ਭਾਵ ਗੁਰੂ ਜੀ ਨੇ ਪਦਮਨੀ ਨੂੰ ਸਾਰਾ ਸ਼ਬਦ ਇਸ ਤਰ੍ਹਾਂ ਸਮਝਾਇਆ, ਫਿਰ ਅਰਥ ਵਜੋਂ ਰਾਗ ਬਸੰਤ ਵਿਚ ਇਕ ਅਸ਼ਟਪਦੀ ਦਾ ਉਚਾਰਨ ਕੀਤਾ॥ ੫੨॥

ਬਸੰਤੁ ਮਹਲਾ ੧॥

*ਜਗੁ ਕਊਆ ਨਾਮੁ ਨਹੀ ਚੀਤਿ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ॥*
*ਮਨੂਆ ਡੋਲੈ ਚੀਤਿ ਅਨੀਤਿ॥ ਜਗ ਸਿਉ ਤੂਟੀ ਝੂਠ ਪਰੀਤਿ॥ ੧॥*
*ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥ ਨਾਮ ਬਿਨਾ ਕੈਸੇ ਗੁਨ ਚਾਰੁ॥੧॥ ਰਹਾਉ॥*
*ਘਰੁ ਬਾਲੂ ਕਾ ਘੂਮਨ ਘੇਰਿ॥ ਬਰਖਸਿ ਬਾਣੀ ਬੁਦਬੁਦਾ ਹੇਰਿ॥*
*ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ॥ ਸਰਬ ਜੋਤਿ ਨਾਮੈ ਕੀ ਚੇਰਿ॥ ੨॥*
*ਸਰਬ ਉਪਾਇ ਗੁਰੂ ਸਿਰਿ ਮੋਰੁ॥ ਭਗਤਿ ਕਰਉ ਪਗ ਲਾਗਉ ਤੋਰ॥*
*ਨਾਮਿ ਰਤੋ ਚਾਹਉ ਤੁਝ ਓਰੁ॥ ਨਾਮੁ ਦੁਰਾਇ ਚਲੈ ਸੋ ਚੋਰੁ॥ ੩॥*
*ਪਤਿ ਖੋਈ ਬਿਖੁ ਅੰਚਲਿ ਪਾਇ॥ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ॥*
*ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ॥ ਭੈ ਮਾਨੈ ਨਿਰਭਉ ਮੇਰੀ ਮਾਇ॥ ੪॥*
*ਕਾਮਨਿ ਚਾਹੈ ਸੁੰਦਰਿ ਭੋਗੁ॥ ਪਾਨ ਫੂਲ ਮੀਠੇ ਰਸ ਰੋਗ॥*
*ਖੀਲੈ ਬਿਗਸੈ ਤੇਤੋ ਸੋਗ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ॥ ੫॥*
*ਕਾਪੜੁ ਪਹਿਰਸਿ ਅਧਿਕੁ ਸੀਗਾਰੁ॥ ਮਾਟੀ ਫੂਲੀ ਰੂਪੁ ਬਿਕਾਰੁ॥*
*ਆਸਾ ਮਨਸਾ ਬਾਂਧੋ ਬਾਰੁ॥ ਨਾਮ ਬਿਨਾ ਸੂਨਾ ਘਰੁ ਬਾਰੁ॥ ੬॥*
*ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥*
*ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥ਗੁਰ ਸਬਦੀ ਬਿਖੁ ਤਿਆਸ ਨਿਵਾਰਿ॥੭॥*
*ਮੋਹਨਿ ਮੋਹਿ ਲੀਆ ਮਨੁ ਮੋਹਿ॥ ਗੁਰ ਕੈ ਸਬਦਿ ਪਛਾਨਾ ਤੋਹਿ॥*
*ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ॥ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ॥੮॥੧॥ (ਪੰਨਾ ੧੧੮੭)*

ਇਹ ਦੁਨੀਆਂ ਕਾਂ ਵਰਗੀ ਹੈ ਅਤੇ ਸੁਆਮੀ ਦੇ ਨਾਮ ਦਾ ਸਿਮਰਨ ਨਹੀਂ ਕਰਦੀ ਅਤੇ ਨਾਮ ਨੂੰ ਭੁਲਾ ਕੇ ਪਦਾਰਥਾਂ ਨੂੰ ਵੇਖ ਇਸ ਉਤੇ ਡਿੱਗਦੀ ਹੈ। ਬੁਰੀ ਨੀਅਤ ਦੇ ਰਾਹੀਂ ਮਨ ਡਕੋਡੋਲੇ ਖਾਂਦਾ ਹੈ। ਇਸ ਲਈ ਮੈਂ ਝੂਠੀ ਦੁਨੀਆਂ ਨਾਲੋਂ ਪਿਆਰ ਤੋੜ ਲਿਆ ਹੈ॥ ੧॥

ਮਨੁੱਖ ਵਿਸ਼ੇ ਭੋਗਾਂ, ਕ੍ਰੋਧ ਅਤੇ ਹੋਰ ਪਾਪਾਂ ਦਾ ਅਸਹਿ ਬੋਝ ਚੁੱਕੀ ਫਿਰਦਾ ਹੈ। ਨਾਮ ਜਪਣ ਤੋਂ ਬਗੈਰ ਮਨੁੱਖ ਦਾ ਚੰਗਾ ਆਚਰਣ ਕਿਵੇਂ ਹੋ ਸਕਦਾ ਹੈ?॥ ੧॥ ਠਹਿਰਾਓ॥

ਇਹ ਵੇਖ ਲੈ ਕਿ ਤੇਰਾ ਸਰੀਰ ਵਾਵਰੋਲੇ ਵਿਚ ਰੇਤ ਦੇ ਘਰ ਵਾਂਗ ਹੈ ਅਤੇ ਮੀਂਹ ਪੈਣ ਤੇ ਪਾਣੀ ਦੇ ਬਣੇ ਬੁਲਬੁਲੇ ਵਾਂਗ

ਹੈ। ਜਦ ਪ੍ਰਭੂ ਦਾ ਚੱਕਰ ਚਲਦਾ ਹੈ ਤਾਂ ਮਨੁੱਖੀ ਦੇਹ ਇਕ ਝੁਪਕੇ ਤੋਂ ਹੀ ਬਣ ਜਾਂਦੀ ਹੈ। ਸਾਰੀਆਂ ਰੂਹਾਂ ਪ੍ਰਭੂ ਦੇ ਨਾਮ ਦੀਆਂ ਦਾਸੀਆਂ ਹਨ॥ ੨॥

ਮੇਰੇ ਮਹਾਨ ਤੇ ਬਲੀ ਗੁਰੂ ਨੇ ਸਾਰਿਆਂ ਨੂੰ ਰਚਿਆ ਹੈ। ਮੇਰੇ ਪ੍ਰਭੂ ! ਮੈਂ ਤੇਰੀ ਸੇਵਾ ਕਮਾਉਂਦਾ ਹਾਂ ਤੇ ਤੇਰੇ ਚਰਨੀ ਲਗਦਾ ਹਾਂ। ਹੇ ਪ੍ਰਭੂ! ਤੇਰੇ ਨਾਮ ਨਾਲ ਰੰਗਿਆ ਹੋਇਆ ਮੈਂ ਸਦਾ ਲਈ ਤੇਰੇ ਪਾਸ ਹੋਣਾ ਚਾਹੁੰਦਾ ਹਾਂ। ਜਿਹੜਾ ਪ੍ਰਭੂ ਨੂੰ ਆਪਣੇ ਅੰਦਰ ਪ੍ਰਗਟ ਕਰਨ ਦੇ ਬਗੈਰ ਚਲਾ ਜਾਂਦਾ ਹੈ, ਉਹ ਚੋਰ ਹੈ॥ ੩॥

ਆਪਣੇ ਪੱਲੇ ਵਿਚ ਪਾਪ ਪਾ ਕੇ ਬੰਦਾ ਇਜ਼ਤ ਗਵਾ ਲੈਂਦਾ ਹੈ। ਸੱਚੇ ਨਾਮ ਦੀ ਪ੍ਰੀਤ ਨਾਲ ਰੰਗਿਆ ਹੋਇਆ ਉਹ ਇੱਜ਼ਤ ਨਾਲ ਆਪਣੇ ਘਰ ਜਾਂਦਾ ਹੈ। ਜੋ ਕੁਝ ਵੀ ਸੁਆਮੀ ਕਰਦਾ ਹੈ, ਉਹ ਉਸ ਦੀ ਰਜ਼ਾ ਵਿਚ ਹੈ। ਜਿਹੜਾ ਕੋਈ ਪ੍ਰਭੂ ਦੇ ਡਰ ਵਿਚ ਰਹਿੰਦਾ ਹੈ, ਉਹ ਡਰ ਰਹਿਤ ਹੋ ਜਾਂਦਾ ਹੈ, ਹੇ ਮੇਰੀ ਮਾਂ॥ ੪॥

ਇਸਤਰੀ ਸੋਹਣੇ ਭੋਗ ਬਿਲਾਸ ਨੂੰ ਲੋੜਦੀ ਹੈ। ਪਾਨ ਬੀੜੇ, ਫੁੱਲਾਂ ਦੇ ਹਾਰ ਅਤੇ ਮਿੱਠੇ ਪਦਾਰਥ ਬੀਮਾਰੀਆਂ ਉਤਪੰਨ ਕਰਦੇ ਹਨ। ਜਿੰਨਾ ਜ਼ਿਆਦਾ ਉਹ ਨੱਚਦੀ ਟੱਪਦੀ ਹੈ ਅਤੇ ਆਨੰਦ ਮਾਣਦੀ ਹੈ, ਓਨਾ ਉਹ ਦੁਖੀ ਹੁੰਦੀ ਹੈ। ਪ੍ਰਭੂ ਦੀ ਸ਼ਰਨ ਵਿਚ ਜਾਣ ਨਾਲ ਜੋ ਕੁਝ ਉਹ ਮੰਗਦੀ ਹੈ, ਮਿਲ ਜਾਂਦਾ ਹੈ॥ ੫॥

ਉਹ ਪੁਸ਼ਾਕ ਪਹਿਨਦੀ ਹੈ ਅਤੇ ਬੜੇ ਹਾਰ ਸ਼ਿੰਗਾਰ ਕਰਦੀ ਹੈ। ਪਰ ਦੇਹ ਤਾਂ ਕੇਵਲ ਘੱਟੇ ਮਿੱਟੀ ਦਾ ਬਣਿਆ ਫੁੱਲ ਹੈ ਅਤੇ ਸੁੰਦਰਤਾ ਪਾਪਾਂ ਵੱਲ ਲੈ ਜਾਂਦੀ ਹੈ। ਆਸ਼ਾ ਮਨਸਾ ਨੇ ਪ੍ਰਭੂ ਦਾ ਬੂਹਾ ਬੰਦ ਕੀਤਾ ਹੋਇਆ ਹੈ। ਨਾਮ ਬਗੈਰ ਘਰ-ਬਾਰ ਸੁੰਨਮਸਾਨ ਹੈ॥ ੬॥

ਹੇ ਰਾਜ ਕੰਨਿਆ ! ਮੇਰੀ ਧੀਏ ! ਤੂੰ ਏਥੋਂ ਚਲੀ ਜਾ। ਆਪਣੇਂ ਦਿਨਾਂ ਨੂੰ ਸੁਹਾਵਣਾ ਬਣਾਉਣ ਲਈ ਤੂੰ ਸੱਚੇ ਨਾਮ ਦਾ ਉਚਾਰਨ ਕਰ। ਉਸ ਦੇ ਪਿਆਰ ਦਾ ਆਸਰਾ ਲੈ, ਤੂੰ ਆਪਣੇ ਪਿਆਰੇ ਸੁਆਮੀ ਦੀ ਸੇਵਾ ਕਰ। ਗੁਰੂ ਦੀ ਬਾਣੀ ਦੁਆਰਾ ਤੂੰ ਮੰਦੇ ਕਰਮਾਂ ਦੀ ਆਪਣੀ ਪਿਆਸ ਨੂੰ ਦੂਰ ਕਰ ਦੇ॥ ੭॥

ਸੁੰਦਰ ਸੁਆਮੀ ਨੇ ਮੇਰਾ ਦਿਲ ਮੋਹ ਲਿਆ ਹੈ। ਗੁਰੂ ਦੇ ਸ਼ਬਦ ਰਾਹੀ ਮੈਂ ਤੈਨੂੰ ਪਛਾਣ ਲਿਆ ਹੈ। ਹੇ ਸਾਹਿਬ ! ਨਾਨਕ ਤੇਰੇ ਦਰਸ਼ਨ ਦੀ ਤਾਂਘ ਕਰਦਾ ਹੈ ! ਮੈਂ ਤੇਰੇ ਨਾਮ ਨਾਲ ਸੰਤੁਸ਼ਟ ਹਾਂ, ਤੂੰ ਮੇਰੇ ਉਤੇ ਆਪਣੀ ਮਿਹਰ ਕਰ॥ ੮॥ ੧॥

ਚੌਪਈ- ਸੁਨਿ ਕਰਿ ਸ੍ਰੀ ਗੁਰ ਬਚਨ ਰਸਾਲਾ। ਮਹਿਮਾ ਨਾਮ ਮੁਕਤਿ ਜਨੁ ਮਾਲਾ।
ਉਰ ਪਹਿਰਾਇ ਪਰਮ ਭਾ ਪ੍ਰੇਮਾ। ਸਿਮਰਨ ਲਿਵ ਲਗਿ ਮਗ ਜੋ ਖੇਮਾ॥੫੩॥

ਗੁਰੂ ਜੀ ਦੇ ਰਸੀਲੇ ਬਚਨ ਸੁਣ ਕੇ ਮਾਨੋਂ ਨਾਮ ਦੀ ਮਹਿਮਾ ਪਾਈ ਹੋਵੇ। ਹਿਰਦੇ ਵਿਚ ਧਰਮ ਪ੍ਰੇਮ ਦੀ ਲਿਵ ਲੱਗੀ ਅਤੇ ਮੁਕਤੀ ਪ੍ਰਾਪਤ ਕਰਨ ਲਈ ਸਿਮਰਨ ਦੀ ਲਿਵ ਲੱਗ ਗਈ॥ ੫੩॥

ਜਿਉਂ ਬਿਰਾਟਿਕਾ ਜਾਚਤਿ ਕੀਰਾ। ਹੋਇ ਅਚਾਨਕ ਪ੍ਰਾਪਤਿ ਹੀਰਾ।
ਤਿਉਂ ਅਨੰਦ ਭਾ ਬਰਨ ਨ ਜਾਈ। ਬਿਖੈ ਬਾਸ਼ਨਾ ਅਗਨਿ ਬੁਝਾਈ॥੫੪॥

ਜਿਵੇਂ ਕੌਡੀ ਮੰਗ ਰਹੇ ਕੰਗਾਲ ਨੂੰ ਅਚਾਨਕ ਹੀ ਹੀਰਾ ਪ੍ਰਾਪਤ ਹੋ ਜਾਵੇ, ਇਸ ਤਰ੍ਹਾਂ ਉਹ ਅਨੰਦਤ ਹੋਈ ਕਿ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਵਿਸ਼ੇ ਵਾਸ਼ਨਾ ਰੂਪੀ ਅਗਨੀ ਬੁਝ ਗਈ॥ ੫੪॥

ਚਰਨ ਸੇਵ ਕੀਨੀ ਸਭਿ ਜਾਮਨਿ। ਮਿਹਰਿ ਦ੍ਰਿਸ਼ਟਿ ਤੇ ਉਧਰੀ ਕਾਮਨਿ।
ਭੋਰ ਭਈ ਜਹਿਂ ਥੋ ਅਵਨੀਪਾ। ਪਹੁੰਚੀ ਤਾਂਕੇ ਜਾਇ ਸਮੀਪਾ॥ ੫੫॥

ਸਾਰੀ ਰਾਤ ਗੁਰੂ ਜੀ ਦੇ ਚਰਨ ਘੁਟਣ ਦੀ ਸੇਵਾ ਕੀਤੀ। ਗੁਰੂ ਜੀ ਵੱਲੋਂ ਮਿਹਰ ਦੀ ਦ੍ਰਿਸ਼ਟੀ ਕਰਨ ਤੇ ਇਸਤਰੀ ਦਾ ਉਧਾਰ ਹੋ ਗਿਆ। ਜਦ ਸਵੇਰ ਹੋਈ ਤਾਂ ਰਾਜੇ ਪਾਸ ਚਲੇ ਗਈ ਅਤੇ ਉਸ ਦੇ ਨੇੜੇ ਚਲੇ ਗਈ॥ ੫੫॥

ਨ੍ਰਿਪਤਿ ਬਿਲੋਕਤਿ ਬਚਨ ਬਖਾਨਾ। 'ਕਹਹੁ ਸੰਤੁ ਨਿਸ ਕਸ ਪਹਿਚਾਨਾ ?।
ਕਾਮਾਤੁਰ ਕਰਿ ਜਿਤਯੋ ਕਿ ਨਾਂਹੀ। ਜਸ ਬੀਤੀ ਤਸ ਕਹੁ ਮੁਝ ਪਾਹੀ॥੫੬॥

ਰਾਜੇ ਨੇ ਵੇਖ ਕੇ ਬਚਨ ਕੀਤਾ, "ਦਸੋ ! ਰਾਤ ਨੂੰ ਸੰਤ ਨੂੰ ਕਿਸ ਤਰ੍ਹਾਂ ਦਾ ਪਹਿਚਾਣਿਆਂ ? ਕਾਮਾਤੁਰ ਕਰਕੇ ਜਿੱਤਿਆ ਕਿ ਨਹੀਂ ? ਜਿਸ ਤਰ੍ਹਾਂ ਬੀਤੀ, ਉਸ ਸਭ ਕੁਝ ਮੈਨੂੰ ਵਿਸਥਾਰ ਨਾਲ ਦੱਸੋ॥ ੫੬॥

ਸਰਬ ਅੰਗਨਾ ਮੈਂ ਜੋ ਪਰਧਾਨਾ। ਸੋ ਬੋਲੀ 'ਸੁਨਿਯੇ ਰਾਜਾਨਾ!।
ਪੂਰਬ ਬਹੁ ਫਕੀਰ ਜੇ ਆਏ। ਦੇਖਿ ਰੂਪ ਤਿਯ ਸਭੈ ਲੁਭਾਏ॥ ੫੭॥

ਸਰਬ ਅੰਗਾਂ ਵਿਚ ਜੋ ਪਰਧਾਨ ਹੈ। ਉਹ ਬੋਲੀ, "ਹੇ ਰਾਜਨ, ਸੁਣੋ, ਪਹਿਲਾਂ ਜਿੰਨੇ ਵੀ ਫਕੀਰ ਆਏ ਸਨ, ਮੇਰਾ ਰੂਪ ਵੇਖ ਕੇ ਸਭ ਲਲਚਾ ਗਏ ਸਨ॥ ੫੭॥

ਇਨਸੋਂ ਹਾਵਭਾਵ ਮੈਂ ਕੀਨੇ। ਜਿਨ ਬਿਲੋਕਿ ਮੁਨਿ ਤਪੀ ਭੁਲੀਨੇ।
ਇਨ ਕੇ ਤਨ ਕੋ ਤਨਕ ਨ ਪਰਸੇ। ਰਹੇ ਅਡੋਲ ਸਿ ਕੰਚਨ ਗਿਰ ਸੇ॥ ੫੮॥

ਉਨ੍ਹਾਂ ਨਾਲ ਮੈਂ ਜੋ ਅਦਾਵਾਂ ਕੀਤੀਆਂ ਸਨ ਉਨ੍ਹਾਂ ਨੂੰ ਵੇਖ ਕੇ ਮੁਨੀ ਗਨ ਤੱਪ ਭੁੱਲ ਗਏ ਸਨ। ਪਰ ਇਨ੍ਹਾਂ ਦੇ ਤਨ ਤੇ ਕੋਈ ਪ੍ਰਭਾਵ ਨਾ ਪਾ ਸਕੀ, ਸੁਮੇਰ ਪਰਬਤ ਵਾਂਗ ਬਿਲਕੁਲ ਅਡੋਲ ਰਹੇ॥ ੫੮॥

ਕ੍ਰਿਪਾ ਦ੍ਰਿਸ਼ਟਿ ਪੁਨ ਹਮ ਪਰ ਕੀਨੀ। ਹਰਿ ਸਿਮਰਨ ਕ ਰਸ ਮਤਿ ਭੀਨੀ।
ਇਹ ਤੋ ਪੂਰਨ ਪੁਰਖ ਕ੍ਰਿਪਾਲਾ। ਜਿਸਕੋ ਦਰਸ਼ਨ ਕਰਤਿ ਨਿਹਾਲਾ॥੫੯॥

ਉਨ੍ਹਾਂ ਨੇ ਮੇਰੇ ਤੇ ਕ੍ਰਿਪਾ-ਦ੍ਰਿਸ਼ਟੀ ਕੀਤੀ, ਹਰੀ ਦਾ ਨਾਮ ਸਿਮਰਨ ਵਿਚ ਮੇਰੀ ਮੱਤ ਭਿੱਜ ਗਈ ਹੈ। ਇਹ ਤਾਂ ਕੋਈ ਪੂਰਨ ਪੁਰਖ ਕ੍ਰਿਪਾਲੂ ਹੈ, ਜਿਸ ਦੇ ਦਰਸ਼ਨ ਕਰਕੇ ਹੀ ਮਨੁੱਖ ਨਿਹਾਲ ਹੋ ਜਾਂਦਾ ਹੈ॥ ੫੯॥

ਪੂਰਬ ਜਨਮ ਕਰਮ ਹਮ ਜਾਗੇ। ਤੋ ਪੁਰਸ਼ੋਤਮ ਸੇਵਾ ਲਾਗੇ।
ਸਰਬ ਰੈਨਿ ਦੇਕਰਿ ਉਪਦੇਸ਼ਾ। ਕਿਯੋ ਕ੍ਰਿਤਾਰਥ, ਸੁਣਹੁ ਨਰੇਸ਼ਾ॥੬੦॥

ਮੇਰੇ ਪਿਛਲੇ ਜਨਮ ਦੇ ਕਰਮ ਜਾਗ ਪਏ ਹਨ ਤੇ ਮੈਂ ਪੁਰਸ਼ੋਤਮ ਭਾਵ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਲੱਗ ਗਈ। ਸਾਰੀ ਰਾਤ ਮੈਨੂੰ ਉਪਦੇਸ਼ ਦੇ ਕੇ, ਹੇ ਨਰੇਸ਼ ! ਉਸ ਨੇ ਮੈਨੂੰ ਕ੍ਰਿਤਾਰਥ ਕਰ ਦਿੱਤਾ ਹੈ॥ ੬੦॥

ਬਿਸ਼ੈ ਭੋਗ ਬਿਸ਼ਟਾ ਕੀ ਨਯਾਈਂ। ਦੁਰਗੰਧਤਿ ਸੋ ਹਮੈ ਨ ਭਾਈ।
ਰਿਦੇ ਸ਼ਾਂਤਿ ਪ੍ਰਾਪਤਿ ਸਭਿ ਭਾਂਤੀ। ਸੁਨਤਿ ਬਚਨ ਭੀ ਸੀਤਲ ਛਾਤੀ॥੬੧॥

ਉਨ੍ਹਾਂ ਮੈਨੂੰ ਦੱਸਿਆ ਹੈ ਕਿ ਵਿਸ਼ੇ ਭੋਗ ਗੰਦਗੀ ਵਾਂਗ ਹਨ। ਉਹ ਦੁਰਗੰਧ ਸਾਨੂੰ ਚੰਗੀ ਨਹੀਂ ਲੱਗਦੀ। ਸਭ ਭਾਂਤ ਹਿਰਦਾ ਸ਼ਾਂਤ ਹੋ ਗਿਆ ਅਤੇ ਉਨ੍ਹਾਂ ਦੇ ਮਨੋਹਰ ਬਚਨ ਸੁਣ ਕੇ ਛਾਤੀ ਵਿਚ ਠੰਢ ਪੈ ਗਈ ਹੈ॥ ੬੧॥

ਕਾਢਿ ਨਰਕ ਤੇ ਸੁਰਗ ਪੁਚਾਏ। ਐਸੋ ਸੰਤ ਪਿਖਜੋ ਨਿਸ ਜਾਏ।
ਸੁਨਤਿ ਭੂਪ ਮਨ ਮਹਿ ਹਰਖਾਨਾ। ਹੈ ਇਹ ਸ੍ਰੀ ਨਾਨਕ ਗਤਿ ਦਾਨਾ॥੬੨॥

ਮੈਨੂੰ ਨਰਕ ਵਿਚੋਂ ਕੱਢ ਕੇ ਸੁਰਗ ਵਿਚ ਭੇਜ ਦਿੱਤਾ ਹੈ। ਐਸੇ ਸੰਤ ਨੂੰ ਤਾਂ ਮੈਂ ਸਦਾ ਹੀ ਵੇਖਦੀ ਰਹਾਂ। ਰਾਜਾ, ਪਦਮਨੀ ਦੀਆਂ ਇਹ ਗੱਲਾਂ ਸੁਣ ਕੇ ਮਨ ਵਿਚ ਬਹੁਤ ਖੁਸ਼ ਹੋਇਆ। ਇਹ ਸੰਤ ਗੁਰੂ ਨਾਨਕ ਜੀ ਹੀ ਹਨ ਜਿਹੜੇ ਆਪ ਮੁਕਤੀਦਾਤੇ ਹਨ॥ ੬੨॥

ਕਲੀ ਕਾਲ ਕੀ ਪ੍ਰਬਲ ਕੁਚਾਲੀ। ਜਤ ਸਤ ਤੇ ਕਿਯ ਨਰ ਸਭਿ ਖਾਲੀ।
ਬਿਨ ਸ੍ਰੀ ਨਾਨਕ ਕੋਇ ਨ ਪੂਰਨ। ਅਸ ਵਿਚਾਰ ਗਮਨਜੋ ਪੁਨ ਤੂਰਨ॥੬੩॥

ਕਲਜੁਗ ਦੇ ਸਮੇਂ ਵਿਚ ਲੋਕਾਂ ਦੇ ਪ੍ਰਬਲ ਪੁੱਠੇ ਚਾਲੇ ਹੋ ਗਏ ਹਨ, ਜਤ ਸਤ ਤੋਂ ਸਭ ਨਰ ਖਾਲੀ ਹੋ ਗਏ ਹਨ। ਗੁਰੂ ਨਾਨਕ ਤੋਂ ਬਗੈਰ ਕੋਈ ਵੀ ਪੂਰਨ ਨਹੀਂ ਹੈ। ਐਸਾ ਵਿਚਾਰ ਤੁਰਤ ਉਸ ਦੇ ਮਨ ਵਿਚ ਆਇਆ॥ ੬੩॥

ਪਗ ਨੰਗੇ ਕਰਿ ਪ੍ਰੇਮ ਸੁ ਗਾਢੇ। ਗਯੋ ਸੁ ਗੁਰ ਤਰੁਵਰ ਤਰ ਠਾਂਢੇ।
ਪੀਠ ਕਰੇ ਭੂਪਤਿ ਕੀ ਓਰਾ। ਤਨਕ ਨ ਚਿਤਵਨ ਹਿਤ ਮੁਖ ਮੋਰਾ ॥੬੪॥

ਨੰਗੇ ਪੈਰੀਂ ਪ੍ਰੇਮ ਵਿਚ ਗੜੁੱਚ ਹੋ ਕੇ ਉਸ ਦਰੱਖਤ ਥੱਲੇ ਪਹੁੰਚਿਆ ਜਿਥੇ ਗੁਰੂ ਜੀ ਬੈਠੇ ਹਨ। ਗੁਰੂ ਜੀ ਨੇ ਰਾਜੇ ਵੱਲ ਪਿੱਠ ਕਰ ਲਈ ਅਤੇ ਰਾਜੇ ਨੂੰ ਵੇਖਣ ਵਾਸਤੇ ਮੂੰਹ ਨਾ ਭੁਆਇਆ॥ ੬੪॥

ਕੀਨਿ ਡੰਡੌਤ ਭੂਪ ਬਿਧਿ ਨੀਕੀ। ਵਧੀ ਚਰਨ ਪਰ ਸ਼ਰਧਾ ਹੀ ਕੀ।
ਬੰਦਿ ਹਾਥ ਹੋਯੋ ਪੁਨਿ ਠਾਂਢਾ। ਡੋਲਜੋ ਰਿਦੈ ਨ ਨਿਸ਼ਚਾ ਗਾਢਾ ॥੬੫॥

ਰਾਜੇ ਚੰਗੀ ਵਿਧੀ ਅਨੁਸਾਰ ਗੁਰੂ ਜੀ ਨੂੰ ਡੰਡੌਤ ਬੰਧਨਾਂ ਕੀਤੀ ਅਤੇ ਹਿਰਦੇ ਵਿਚ ਗੁਰੂ ਜੀ ਦੇ ਚਰਨਾਂ ਪ੍ਰਤਿ ਸ਼ਰਧਾ ਵਧੀ। ਹੱਥ ਬੰਨ੍ਹ ਕੇ ਫਿਰ ਖੜਾ ਹੋ ਗਿਆ। ਹਿਰਦਾ ਨਾ ਡੋਲਿਆ ਤੇ ਨਿਸ਼ਚਾ ਪੱਕਾ ਰਿਹਾ॥ ੬੫॥

ਸ੍ਰੀ ਗੁਰ ਮੁਖ ਤੇ ਤੂਸਨਿ ਠਾਨੀ। ਕਛੁ ਨ ਭੂਪ ਸੰਗ ਬੋਲੇ ਬਾਨੀ।
ਜਬ ਇਉਂ ਬੀਤੇ ਜਾਮ ਅਢਾਈ। ਡੁਲਯੋ ਨ ਸੋਇ ਰਹਜੋ ਥਿਰਥਾਈ ॥੬੬॥

ਗੁਰੂ ਜੀ ਮੁਖ ਤੋਂ ਕੁਝ ਨਾ ਬੋਲੇ ਤੇ ਚੁੱਪ ਹੀ ਰਹੇ। ਉਨ੍ਹਾਂ ਨੇ ਰਾਜੇ ਨਾਲ ਕੋਈ ਗੱਲ ਨਾ ਕੀਤੀ। ਜਦ ਇਸ ਤਰ੍ਹਾਂ ਢਾਈ ਪਹਿਰ ਬੀਤ ਗਏ, ਰਾਜਾ ਡੋਲਿਆ ਨਾ ਤੇ ਸਥਿਰ ਖੜਾ ਰਿਹਾ॥ ੬੬॥

ਤਬ ਬੋਲੇ ਸ੍ਰੀ ਗੁਰੂ ਮੁਕੰਦਾ। 'ਹੈ ਭੂਪਤਿ ਤੁਝ ਕੁਸ਼ਲ ਅਨੰਦਾ?।
ਕਹਹੁ ਆਪਣੀ ਮਨ ਅਭਿਲਾਖਾ। ਖਰੋ ਹੋਨਿ ਜਾਂਤੇ ਪ੍ਰਨ ਰਾਖਾ ॥੬੭॥

ਤਦ ਮੁਕਤੀਦਾਤੇ ਗੁਰੂ ਜੀ ਬੋਲੇ, 'ਹੇ ਰਾਜਾ ! ਸਭ ਕੁਸ਼ਲ ਆਨੰਦ ਹੈਂ? ਆਪਣੇ ਮਨ ਦੀ ਅਭਿਲਾਸ਼ਾ ਦੱਸੋ। ਕੀ ਖੜੇ ਹੋਣ ਦਾ ਪ੍ਰਣ ਕੀਤਾ ਹੋਇਆ ਹੈ ?॥ ੬੭॥

ਦੋਹਰਾ- ਬੇਦੀ ਖੱਤ੍ਰੀ ਜਾਤ ਜੋ ਨਾਨਕ ਨਾਮ ਅਨੂਪ।
ਮਨਸੁਖ ਕੋ ਬੂਝਣ ਕਰੀ ਲਿਖਿ ਲੀਨੀ ਤਬ ਭੂਪ॥ ੬੮॥

ਬੇਦੀ ਖੱਤਰੀ ਜਾਤ ਜੋ ਨਾਨਕ ਨਾਮ ਅਨੁਪਮ ਹੈ। ਮਨਸੁਖ ਤੋਂ ਪੁਛ ਕੇ ਰਾਜੇ ਨੇ ਲਿਖ ਲਈ ਸੀ॥ ੬੮॥

ਚੌਪਈ- ਤਿਨ ਬੂਝਨ ਕੇ ਹੇਤ ਭੁਵਾਲਾ। ਬੋਲਯੋ 'ਸੁਨਹੁ ਸੰਤ ਕਿਰਪਾਲਾ!।
ਅਪਨੋ ਨਾਮ ਜਾਤ ਮੁਝ ਤਾਂਈ। ਨਿਜ ਕਰਿ ਕਰੁਨਾ ਦੇਹੁ ਸੁਨਾਈ ॥੬੯॥

ਉਸ ਬਾਰੇ ਪੁਛਣ ਹੇਤ ਰਾਜਾ ਬੋਲਿਆ, "ਹੇ ਕਿਰਪਾਲੂ ਸੰਤ ਜੀ ! ਸੁਣੋ, ਮੈਨੂੰ ਆਪਣਾ ਨਾਂ ਅਤੇ ਜਾਤ ਦੱਸੋ, ਮੇਰੇ ਤੇ ਆਪਣੀ ਕਿਰਪਾ ਕਰਕੇ ਸੁਣਾ ਦੇਵੋ॥ ੬੯॥

ਮਨ ਅਭਿਲਾਖ ਕਹੌਂ ਸਭਿ ਪਾਛੇ। ਜਬ ਮੈਂ ਜਾਨਿ ਲੇਉਂ ਬਿਧਿ ਆਛੇ।
ਸੁਨਿ ਕਰਿ ਸ੍ਰੀ ਨਾਨਕ ਜਗ ਸਾਈਂ। ਸ੍ਰੀ ਮੁਖ ਸੋ ਸੁਭ ਗਿਰਾ ਅਲਾਈ ॥੭੦॥

ਮਨ ਦੀ ਅਭਿਲਾਸ਼ਾ ਮੈਂ ਬਾਅਦ ਵਿਚ ਕਹਾਂਗਾ, ਜਦ ਮੈਂ ਆਪ ਜੀ ਬਾਰੇ ਚੰਗੀ ਤਰ੍ਹਾਂ ਜਾਣ ਲਵਾਂਗਾ।" ਇਹ ਸੁਣ ਕੇ ਜਗਤ ਦੇ ਸਾਈਂ ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਮੁਖ ਤੋਂ ਸ਼ੁਭ ਬਚਨ ਕਹੇ॥ ੭੦॥

*ਸ੍ਰੀ ਮੁਖਵਾਕ॥ ਮਾਰੂ ਮਹਲਾ ੧॥*

*ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥*
*ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥ ੧॥*

ਉਹ ਜੋਗੀ ਜਿਹੜਾ ਮਾਲਕ ਦੇ ਨਾਮ ਨਾਲ ਜੁੜਿਆ ਹੋਇਆ ਹੈ, ਪਵਿੱਤਰ ਹੈ, ਉਸ ਨੂੰ ਰਤਾ ਭਰ ਵੀ ਮੈਲ ਨਹੀ ਲੱਗਦੀ। ਪਿਆਰੇ ਸੱਚੇ ਪ੍ਰਭੂ ਨੂੰ ਉਹ ਸਦਾ ਆਪਣੇ ਨਾਲ ਜਾਣਦਾ ਹੈ ਅਤੇ ਉਸ ਦੇ ਆਉਣ ਜਾਣ ਦੀ ਹਾਲਤ ਮੁੱਕ ਜਾਂਦੀ ਹੈ॥ ੧॥

ਸਮਝ ਭੂਪ ਕਛੁ ਔਰੈ ਰੀਤੀ। ਬੋਲਜੋ ਬਹੁਰ ਬੂਝਨੇ ਪ੍ਰੀਤੀ।
'ਜੋਗੀ ਰੂਪ ਆਪਕੋ ਅਹੈ ?'। ਅਸ ਸੁਨਿ ਪੁਨ ਸ੍ਰੀ ਨਾਨਕ ਕਹੈਂ ॥੭੧॥

ਰਾਜਾ ਕੁਝ ਹੋਰ ਹੀ ਰੀਤੀ ਸਮਝ ਕੇ, ਫਿਰ ਪੁਛਣ ਦੀ ਪ੍ਰੀਤੀ ਨੂੰ ਮੁਖ ਰੱਖ ਕੇ ਬੋਲਿਆ, "ਕੀ ਤੁਹਾਡਾ ਇਹ ਜੋਗੀ ਰੂਪ ਹੈ ?" ਇਹ ਸੁਣ ਕੇ ਫਿਰ ਗੁਰੂ ਨਾਨਕ ਜੀ ਨੇ ਕਿਹਾ॥ ੭੧॥

*ਸ੍ਰੀ ਮੁਖਵਾਕ॥*

*ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥*
*ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥੧॥ਰਹਾਉ॥*

ਹੇ ਕੁਲ ਦੁਨੀਆਂ ਦੇ ਮਾਲਕ ! ਕਿਹੋ ਜੇਹਾ ਤੇਰਾ ਨਾਂ ਹੈ ਅਤੇ ਇਹ ਕਿਸ ਤਰ੍ਹਾਂ ਜਾਣਿਆਂ ਜਾਂਦਾ ਹੈ। ਜੇਕਰ ਤੂੰ ਮੈਨੂੰ ਆਪਣੀ ਹਜ਼ੂਰੀ ਵਿਚ ਸੱਦ ਲਵੇਂ ਤਦ ਮੈਂ ਤੈਨੂੰ ਇਹ ਗੱਲ ਪੁਛਾਂਗਾ ਕਿ ਮਨੁੱਖ ਤੇਰੇ ਨਾਲ ਕਿਵੇਂ ਇਕ-ਮਿਕ ਹੋ ਸਕਦਾ ਹੈ?॥ ਠਹਿਰਾਉ॥

ਅਸ ਸੁਨਿ ਬੋਲਯੋ ਬਹੁਰ ਰਜਾਨਾ। ਸਮਝਤਿ ਕਛੂ ਆਨ ਤੇ ਆਨਾ।
'ਜੇ ਬ੍ਰਹਮਣ ਹੈ ਤੁਮਰੀ ਜਾਤੀ। ਕਰੁਨਾ ਕਰਿ ਕਹਿਯੇ ਬਖਯਾਤੀ' ॥੭੨॥

ਇਹ ਸੁਣ ਕੇ ਰਾਜਾ ਫਿਰ ਬੋਲਿਆ, "ਕੁਝ ਸਮਝ ਆਵੇ ਤਾਂ ਸਮਝਾਂ। ਜੇ ਤੁਹਾਡੀ ਜਾਤੀ ਬ੍ਰਾਹਮਣ ਹੈ ਤਾਂ ਕਿਰਪਾ ਕਰਕੇ ਪ੍ਰਗਟ ਕਰੋ॥ ੭੨॥

*ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥*
*ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥ ੨॥*

ਕੇਵਲ ਉਹ ਹੀ ਬ੍ਰਾਹਮਣ ਹੈ ਜੋ ਰੱਬੀ ਗਿਆਨ ਅੰਦਰ ਇਸ਼ਨਾਨ ਕਰਦਾ ਹੈ ਅਤੇ ਜਿਸ ਦੇ ਕੋਲ ਉਪਾਸ਼ਨਾਂ ਦੇ ਫੁੱਲਾਂ ਦੀ ਥਾਂ ਤੇ ਪ੍ਰਭੂ ਦੀ ਕੀਰਤੀ ਹੈ। ਤਿੰਨਾਂ ਲੋਕਾਂ ਵਿਚ ਕੇਵਲ ਇਕ ਨਾਮ, ਇਕ ਵਿਆਪਕ ਪਰਮਾਤਮਾ ਅਤੇ ਇਕ ਹੀ ਨੂਰ ਹੈ॥ ੨॥

ਸੁਨਿ ਕਰਿ ਐਸੇ ਬਚਨ ਅਨੂਪਾ॥ ਬਹੁਰੋ ਬੋਲਤਿ ਭਾ ਬਚ ਭੂਪਾ।
'ਜਾਤਿ ਤੁਮਾਰੀ ਖੱਤ੍ਰੀ ਅਹੈ ?' ਸੁਨਿ ਇਉਂ ਕਮਲ ਨੈਨ ਪੁਨਿ ਕਹੈਂ ॥੭੩॥

ਅਜੇਹੇ ਅਨੂਪਮ ਬਚਨ ਸੁਣ ਕੇ, ਰਾਜਾ ਫਿਰ ਬੋਲਿਆ, ਕੀ ਤੁਹਾਡੀ ਖੱਤਰੀ ਜਾਤੀ ਹੈ? ਇਹ ਸੁਣ ਕੇ ਕਮਲ ਨੈਣ ਗੁਰੂ ਜੀ ਨੇ ਉੱਤਰ ਦਿਤਾ॥ ੭੩॥

*ਸ੍ਰੀ ਮੁਖਵਾਕ॥*

*ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥*
*ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥ ੩॥*

ਆਪਣੀ ਜੀਭ ਨੂੰ ਤੱਕੜੀ ਦੀ ਡੰਡੀ ਅਤੇ ਮਨ ਨੂੰ ਪਲੜਾ ਬਣਾ ਕੇ ਮੈਂ ਆਪਣੇ ਨਾ ਨਾਪੇ ਜਾਣ ਵਾਲੇ ਨਾਮ ਨੂੰ ਜੋਖਦਾ ਹਾਂ। ਕੇਵਲ ਇਕੋ ਹੀ ਹੱਟੀ ਹੈ ਤੇ ਸਾਰਿਆਂ ਦੇ ਉਪਰ ਇਕ ਹੀ ਮਹਾਨ ਸੌਦਾਗਰ ਹੈ। ਸਾਰੇ ਵਪਾਰੀ ਇਕ ਹੀ ਕਿਸਮ ਦੀ ਵਸਤੂ ਦਾ ਵਪਾਰ ਕਰਦੇ ਹਨ॥ ੩॥

ਤਦਪਿ ਨ ਨਿਸ਼ਚਾ ਭੂਪਤਿ ਆਵਾ। ਮਨ ਕੇ ਵਿਖੈ ਅਧਿਕ ਅਕੁਲਾਵਾ।
ਨਿਰਨੈ ਕਰਿ ਨਹਿੰ ਜਾਤਿ ਬਤਾਵੈਂ। ਨਹਿੰ ਨਿਜ ਆਨਨ ਨਾਮੁ ਅਲਾਵੈਂ ॥੭੪॥

ਤਦ ਵੀ ਰਾਜੇ ਨੂੰ ਨਿਸ਼ਚਾ ਨਾ ਆਇਆ, ਮਨ ਵਿਚ ਬਹੁਤ ਵਿਆਕੁਲ ਹੋ ਗਿਆ। ਨਿਰਣਾ ਕਰਕੇ ਜਾਤ ਨਹੀਂ ਦੱਸਦੇ ਸਨ ਅਤੇ ਨਾ ਹੀ ਆਪਣੇਂ ਮੁਖ ਤੋਂ ਆਪਣਾ ਨਾਮ ਬੋਲਦੇ ਸਨ॥੭੪॥

ਦੋਹਰਾ- 'ਸਾਧ ਗ੍ਰਿਹਸਤੀ ਜਗਤ ਮੈਂ ਔਰ ਸੇ ਮੁਖੀ ਸੰਤ।
ਉਭਯ ਮੱਧ ਤੁਮ ਕੌਨ ਹੋ? ਕਹੋ ਸੰਤ ਜੀ ਮੰਤ'॥ ੭੫॥

ਸਾਧ ਅਤੇ ਗ੍ਰਿਹਸਤੀ ਜਗਤ ਵਿਚ ਹੋਰ ਵੀ ਬਹੁਤ ਬੁਧੀਮਾਨ ਸੰਤ ਹਨ, ਉਨ੍ਹਾਂ ਦੋਹਾਂ ਵਿਚੋਂ ਤੁਸੀਂ ਕੌਣ ਹੋ? ਇਹ ਸੰਤ ਜੀ ਸਪੱਸ਼ਟ ਕਰੋ॥ ੭੫॥

*ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥*
*ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥ ੪॥*

ਦੋਹਾਂ ਕੰਢਿਆਂ 'ਤੇ ਸੱਚੇ ਗੁਰੂ ਜੀ ਪਾਰਉਤਾਰਾ ਕਰਦੇ ਹਨ। ਕੇਵਲ ਉਹ ਹੀ ਇਸ ਨੂੰ ਸਮਝਦਾ ਹੈ ਜੋ ਇਕ ਸਾਈਂ ਨੂੰ ਪਿਆਰ ਕਰਦਾ ਹੈ ਅਤੇ ਜਿਸ ਦਾ ਮਨ ਭਰਮ ਤੋਂ ਰਹਿਤ ਹੈ। ਜੋ ਦਿਨ ਰਾਤ ਸਦਾ ਆਪਣੇ ਪ੍ਰਭੂ ਦੀ ਸੇਵਾ ਕਰਦਾ ਹੈ, ਉਹ ਸ਼ੰਕਾ ਰਹਿਤ ਹੋ ਜਾਂਦਾ ਹੈ ਅਤੇ ਨਾਮ ਨੂੰ ਆਪਣੇ ਹਿਰਦੇ ਅੰਦਰ ਟਿਕਾ ਲੈਂਦਾ ਹੈ॥ ੪॥

ਚੌਪਈ- ਬਹੁ ਵਿਚਾਰ ਕਰਿ ਸੋਚਨ ਲਾਗਾ। ਘਟੀ ਬਿਤੈ ਪੁਨ ਕਹਿ ਵਡਭਾਗਾ।
'ਜੇ ਤੁਮ ਗੋਰਖ ? ਦੇਹੁ ਬੁਝਾਈ। ਸੁਨਿ ਕਰਿ ਸਤਿਗੁਰੁ ਗਿਰਾ ਅਲਾਈ ॥੭੬॥

ਰਾਜਾ ਬਹੁਤ ਵਿਚਾਰ ਕਰਕੇ ਸੋਚਣ ਲੱਗ ਗਿਆ। ਜਦ ਇਕ ਘੜੀ ਬੀਤ ਗਈ ਤਾਂ ਫਿਰ ਵਡਭਾਗਾ ਕਹਿਣ ਲੱਗਾ, "ਕੀ ਤੁਸੀਂ ਗੋਰਖ ਹੋ ? ਮੈਨੂੰ ਦੱਸੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਆਪਣੇ ਬਚਨ ਕਹੇ॥੭੬॥

*ਊਪਰਿ ਗਗਨੁ ਗਗਨ ਪਰ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥*
*ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥ ੫॥ ੧੧॥* (ਪੰਨਾ ੯੯੨)

ਉਪਰ ਆਕਾਸ਼ ਹੈ, ਆਕਾਸ਼ ਦੇ ਉਤੇ ਸੰਸਾਰ ਦਾ ਰਖਵਾਲਾ ਪ੍ਰਭੂ ਹੈ। ਅਤੇ ਉਸ ਸੰਸਾਰ ਦਾ ਅਗਮ ਗੁਰੂ ਓਥੇ ਵੱਸਦਾ ਹੈ। ਗੁਰੂ ਦੇ ਉਪਦੇਸ਼ ਕਰਕੇ ਘਰ-ਬਾਰ ਨੂੰ ਮੈਂ ਇਕ ਸਮਾਨ ਜਾਣਦਾ ਹਾਂ। ਨਾਨਕ ਅਜੇਹਾ ਤਿਆਗੀ ਹੋ ਗਿਆ ਹੈ॥ ੫॥ ੧੧॥

ਸੁਨੀ ਜਬਹਿ ਬਾਨੀ ਸੁਖ ਰਾਸੀ। ਜਾਨਹੁ ਨਾਨਕ ਭਇਆ ਉਦਾਸੀ।
ਨਿਸ਼ਚਾ ਦ੍ਰਿੜ੍ਹ ਕੀਨੋ ਮਨ ਰਾਊ। ਬਹੁਰ ਨ ਕਬਹੂੰ ਭਯੋ ਡੁਲਾਊ ॥੭੭॥

ਸੁਖਾਂ ਦੀ ਰਾਸ ਭਾਵ ਗੁਰੂ ਜੀ ਦੀ ਇਹ ਬਾਣੀ ਸੁਣੀ ਅਤੇ ਜਾਣਿਆ ਨਾਨਕ ਭਇਆ ਉਦਾਸੀ ਤੇ ਰਾਜੇ ਦੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਹੋ ਗਿਆ। ਫਿਰ ਉਹ ਕਦੀ ਵੀ ਨਾ ਡੋਲਿਆ॥ ੭੭॥

ਪ੍ਰੇਮ ਵਿਖੈ ਭੀ ਗਦਗਦ ਬਾਨੀ। ਭਨਤਿ ਬਿਨੈ ਉਸਤਤਿ ਪਦ ਸਾਨੀ।
'ਜਨਮ ਧੰਨ ਵਡਭਾਗ ਹਮਾਰਾ। ਜਾਂ ਤੇ ਦਰਸ਼ਨ ਭਯੋ ਤੁਮਾਰਾ ॥੭੮॥

ਪ੍ਰੇਮ ਨਾਲ ਗਦਗਦ ਹੋਈ ਗੁਰਬਾਣੀ, ਜਿਹੜੀ ਪਦਾਂ ਨਾਲ ਮਿਲੀ ਹੋਈ ਸੀ। ਗੁਰੂ ਜੀ ਪ੍ਰਭੂ ਦੀ ਉਸਤਤਿ ਉਚਾਰਨ ਕਰ ਰਹੇ ਸਨ। ਜਦ ਰਾਜਾ ਸਭ ਕੁਝ ਸਮਝ ਗਿਆ ਤਾਂ ਬੋਲਿਆ, "ਧੰਨ ਵਡਭਾਗਾ ਮੇਰਾ ਜਨਮ ਹੈ ਕਿ ਮੈਨੂੰ ਆਪ ਜੀ ਦੇ ਦਰਸ਼ਨ ਹੋਏ ਹਨ॥ ੭੮॥

ਮਨ ਮੇਰੇ ਕੀ ਜਾਨਹੁ ਸ੍ਵਾਮੀ!। ਬਨੈ ਨ ਕਹਿਬੋ, ਅੰਤਰਜਾਮੀ!।
ਅਸ ਨ ਮਨੀਖਾ ਤੁਮੈਂ ਪਛਾਨੋਂ। ਰਸਨਾ ਸਕਤਿ ਨ ਨੁਤਹਿ ਬਖਾਨੋ ॥੭੯॥

ਹੇ ਸਵਾਮੀ! ਮੇਰੇ ਮਨ ਦੀ ਹਾਲਤ ਵੀ ਜਾਣੋ, ਮੈਥੋਂ ਕਿਹਾ ਨਹੀਂ ਜਾਂਦਾ, ਤੁਸੀਂ ਤਾਂ ਆਪ ਅੰਤਰਜਾਮੀ ਹੋ, ਮੇਰੀ ਐਸੀ ਬੁੱਧੀ ਨਹੀਂ ਜੋ ਮੈਂ ਤੁਹਾਨੂੰ ਪਛਾਣ ਲਵਾਂ। ਮੇਰੇ ਪਾਸ ਅਜੇਹੇ ਮਿਠੇ ਸ਼ਬਦ ਨਹੀਂ ਕਿ ਤੁਹਾਡੀ ਉਸਤਤੀ ਉਚਾਰ ਸਕਾਂ" ॥ ੭੯॥

ਕਹਿ ਇਉਂ ਤੀਨ ਪ੍ਰਦੱਖਨਿ ਦੀਨੀ। ਚਰਨ ਕਮਲ ਪਰ ਬੰਦਨ ਕੀਨੀ।
'ਸਰਬ ਭਾਂਤਿ ਮੁਝ ਦਾਸ ਜਨੀਜੈ। ਚਲਿ ਕਰਿ ਭਵਨ ਪੁਨੀਤ ਕਰੀਜੈ ॥੮੦॥

ਇਹ ਕਹਿ ਕੇ ਗੁਰੂ ਜੀ ਦੀਆਂ ਤਿੰਨ ਪ੍ਰਦੱਖਣਾਂ ਕੀਤੀਆਂ ਅਤੇ ਫਿਰ ਉਨ੍ਹਾਂ ਦੇ ਚਰਨ ਕਮਲਾਂ ਉਤੇ ਮੱਥਾ ਟੇਕਿਆ। "ਹਰ ਪ੍ਰਕਾਰ ਮੈਨੂੰ ਆਪਣਾ ਸੇਵਕ ਜਾਣੋ। ਮੇਰੇ ਮਹਿਲਾਂ ਵਿਚ ਪਹੁੰਚ ਕੇ ਉਨ੍ਹਾਂ ਨੂੰ ਪਵਿੱਤਰ ਕਰੋ" ॥ ੮੦॥

'ਪੂਰਬ ਧਰਮਸਾਲ ਬਨਿਵਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ'।
ਸੁਨਿ ਕਰਿ ਭੂਪਤਿ ਸਦਨ ਸਿਧਾਯੋ। ਕਹਯੋ ਜੁ ਗੁਰ ਸੁ ਅਰੰਭ ਕਰਾਯੋ ॥੮੧॥

ਗੁਰੂ ਜੀ ਨੇ ਕਿਹਾ, "ਪਹਿਲਾਂ ਇਕ ਧਰਮਸਾਲਾ ਬਣਾਵੋ, ਫਿਰ ਆ ਕੇ ਮੈਨੂੰ ਲੈ ਜਾਵੋ।" ਇਹ ਸੁਣ ਕੇ ਰਾਜਾ ਆਪਣੇ ਘਰ ਨੂੰ ਚਲਾ ਗਿਆ ਅਤੇ ਜੋ ਕਿਹਾ ਸੀ, ਉਸ ਅਨੁਸਾਰ ਧਰਮਸਾਲਾ ਬਣਾਉਣੀ ਅਰੰਭ ਕਰ ਦਿੱਤੀ॥ ੮੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੰਗਲਾਦੀਪ' ਪ੍ਰਸੰਗ ਬਰਨਨੰ ਨਾਮ ਸੈਤਾਲਿਸਮੋ ਅਧਯਾਯ॥ ੪੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੰਤਾਲੀਵਾਂ ਅਧਿਆਇ, ਜਿਸ ਦਾ ਨਾਮ "ਸੰਗਲਾਦੀਪ ਰਾਜੇ ਸ਼ਿਵਨਾਭ ਪਾਸ ਜਾਣਾ" ਹੈ, ਸਮਾਪਤ ਹੋਇਆ॥ ੪੭॥

## ਅਧਿਆਇ ਅੱਠਤਾਲੀਵਾਂ

*ਸ਼ਿਵਨਾਭ ਪ੍ਰਤਿ ਉਪਦੇਸ਼, ਜੋਗ।*

ਦੋਹਰਾ- ਸ੍ਰੀ ਗੁਰੁ ਧ੍ਯਾਨ ਸੁ ਭਾਨੁ ਸਮ ਰਿਦਾ ਕਮਲ ਬਿਗਸਾਇ।
ਕਵਿਤਾ ਰਚੌਂ ਜਥਾਮਤੀ ਕਹੌਂ ਕਥਾ ਸੁਖਦਾਇ॥ ੧॥

ਸ੍ਰੀ ਗੁਰੂ ਜੀ ਦਾ ਧਿਆਨ ਸੂਰਜ ਸਮਾਨ ਹੈ, ਜੋ ਹਿਰਦੇ ਰੂਪ ਕਮਲ ਨੂੰ ਖੇੜਾ ਬਖਸ਼ਦਾ ਹੈ। ਇਸ ਖਿੜੀ ਹੋਈ ਮਤਿ ਅਨੁਸਾਰ ਕਵਿਤਾ ਰਚ ਕੇ ਅੱਗੋਂ ਸੁਖਦਾਈ ਕਥਾ ਕਹਿੰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਬਹੁ ਲੋਕਨ ਬੁਲਿਵਾਇ ਭੁਵਾਲਾ। ਰਚੀ ਧਰਮਸਾਲਾ ਤਤਕਾਲਾ।
ਮ੍ਰਿਗਮਦ ਚੰਦਨ ਅਗਰ ਕਪੂਰਾ। ਕੀਨ ਸੁ ਲੇਪਨ ਤਾਂਸੋ ਰੂਰਾ॥ ੨॥

*ਭਾਈ ਬਾਲੇ ਨੇ ਕਿਹਾ-* ਰਾਜੇ ਨੇ ਬਹੁਤ ਲੋਕ ਬੁਲਵਾਏ ਅਤੇ ਤਤਕਾਲ ਧਰਮਸਾਲਾ ਬਣਾ ਦਿੱਤੀ। ਕਸਤੂਰੀ, ਚੰਦਨ, ਧੂਫ ਅਤੇ ਮੁਸ਼ਕਪੂਰ ਮਿਲਾ ਕੇ ਲੇਪ ਤਿਆਰ ਕੀਤਾ ਗਿਆ ਤੇ ਧਰਮਸਾਲਾ ਨੂੰ ਉਸ ਨਾਲ ਲਿਪ ਕੇ ਸੁੰਦਰ ਬਣਾ ਦਿੱਤਾ॥ ੨॥

ਬਹੁ ਸੁੰਦਰ ਤਿਹਂ ਦਰ ਬਨਿਵਾਏ। ਭਾਂਤਿ ਅਨੇਕ ਵਿਛੌਣਾ ਛਾਏ।
ਸਰਬ ਗੁਲਾਬ ਕੀਨ ਛਿਰਕਾਵਾ। ਬਹੁ ਸੁਗੰਧਿ ਜਾਂ ਮਹਿਂ ਮਹਿਕਾਵਾ॥ ੩॥

ਧਰਮਸਾਲਾ ਦੇ ਬਹੁਤ ਸੁੰਦਰ ਦਰਵਾਜ਼ੇ ਬਣਾਏ ਗਏ ਅਤੇ ਉਸ ਵਿਚ ਅਨੇਕ ਪ੍ਰਕਾਰ ਦੇ ਵਿਛੌਣੇ ਵਿਛਾਏ ਗਏ। ਸਾਰੇ ਗੁਲਾਬ ਦੇ ਇਤਰ ਦਾ ਛਿੜਕਾ ਕਰ ਦਿੱਤਾ ਗਿਆ, ਜਿਸ ਕਾਰਨ ਖ਼ੁਸ਼ਬੂਦਾਰ ਸੁਗੰਧੀ ਸਾਰੇ ਮਹਿਕ ਉੱਠੀ॥ ੩॥

ਤਾਂ ਮਹਿਂ ਏਕ ਪ੍ਰਯੰਕ ਡਸਾਯੋ। ਊਪਰ ਰੁਚਿਰ ਬਿਛੌਨ ਬਿਛਾਯੋ।
ਅਸ ਪ੍ਰਕਾਰ ਕੀ ਰਚਨਾ ਕਰਿਕੈ। ਗਮਨਯੋ ਭੂਪ ਭਾਉ ਉਰ ਧਰਿਕੈ॥੪॥

ਉਸ ਧਰਮਸਾਲਾ ਵਿਚ ਇਕ ਸੁੰਦਰ ਪਲੰਘ ਡਾਹਿਆ ਗਿਆ। ਉਸ ਉਤੇ ਸੁੰਦਰ ਵਿਛੌਣੇ ਵਿਛਾਏ ਗਏ। ਇਸ ਪ੍ਰਕਾਰ ਦੀ ਰਚਨਾ ਕਰਕੇ ਰਾਜਾ ਹਿਰਦੇ ਵਿਚ ਪ੍ਰੇਮ ਧਰ ਕੇ ਗੁਰੂ ਜੀ ਵੱਲ ਚਲਾ ਗਿਆ॥ ੪॥

ਜਬ ਆਵਾ ਉਪਬਨ ਕੇ ਮਾਂਹੀ। ਸ੍ਰੀ ਨਾਨਕ ਤਹਿਂ ਦੇਖੇ ਨਾਂਹੀ।
ਪਰਖਨ ਭਾਉ ਭੂਪ, ਗਤਿਦਾਨਾ। ਭਏ ਕਾਲ ਤਿਹ ਅੰਤਰ ਧਯਾਨਾ॥੫॥

ਜਦ ਬਾਗ ਦੇ ਵਿਚ ਆਇਆ ਤਾਂ ਉਸ ਓਥੇ ਗੁਰੂ ਜੀ ਨੂੰ ਨਾ ਵੇਖਿਆ। ਮੁਕਤੀਦਾਤਾ ਰਾਜੇ ਦਾ ਪ੍ਰੇਮ ਪਰਖਣ ਵਾਸਤੇ ਅੰਤਰ-ਧਿਆਨ ਹੋ ਕੇ ਗੁਪਤ ਹੋ ਗਏ॥ ੫॥

ਬਿਨਾਂ ਬਿਲੋਕੇ ਬਿਹਬਲ ਰਾਊ। ਧਰਨਿ ਗਿਰਯੋ ਤਨ ਸੁਧ ਨਹਿਂ ਕਾਊ।
ਲਗੀ ਮ੍ਰਿੱਤਕਾ ਅੰਗਨ ਮਾਂਹੀ। ਲੀਨ ਉਚਾਇ ਸੇਵਕਨ ਤਾਂਹੀ॥ ੬॥

ਜਦ ਰਾਜੇ ਨੇ ਗੁਰੂ ਜੀ ਨੂੰ ਨਾ ਵੇਖਿਆ ਤਾਂ ਬੜਾ ਵਿਆਕੁਲ ਹੋ ਗਿਆ। ਧਰਤੀ ਤੇ ਡਿੱਗ ਪਿਆ ਤੇ ਬੇਸੁੱਧ ਹੋ ਗਿਆ। ਸਾਰੇ ਅੰਗਾਂ ਨੂੰ ਮਿੱਟੀ ਲੱਗ ਗਈ, ਸੇਵਕਾਂ ਨੇ ਉਸ ਨੂੰ ਚੁਕ ਲਿਆ॥ ੬॥

ਪੌਂਛ ਅੰਗ ਕਰਿ ਪੌਨ ਝੁਲਾਈ। ਚੇਤਨਤਾ ਭੂਪਤਿ ਤਨ ਆਈ।
ਬੋਲਯੋ ਬਾਣੀ ਹੋਇ ਸਸ਼ੋਕਾ। 'ਕਿਤਗੇ ਸ੍ਰੀ ਨਾਨਕ ਸੁਖ ਓਕਾ ? ॥ ੭॥

ਅੰਗਾਂ ਨੂੰ ਪੂੰਝ ਕੇ, ਪੱਖਾ ਝੱਲਿਆ। ਫਿਰ ਰਾਜੇ ਨੂੰ ਹੋਸ਼ ਆਈ। ਬੜੇ ਦੁੱਖ ਨਾਲ ਇਹ ਬਚਨ ਕਹੇ, "ਸ੍ਰੀ ਗੁਰੂ ਨਾਨਕ ਜੀ ਸੁਖਾਂ ਦੇ ਦਾਤੇ ਕਿਥੇ ਚਲੇ ਗਏ ਹਨ ?॥ ੭॥

ਚੌਪਈ- ਜਿਨਕੇ ਦਰਸ਼ਨ ਤੀਨਹੁਂ ਤਾਪਾ। ਤਨਕ ਬਿਲੋਕਤਿ ਹੋਵਤਿ ਖਾਪਾ।
ਕਿਤਕ ਦਿਵਸ ਕੀ ਲਗੀ ਉਡੀਕਾ। ਅਬ ਪ੍ਰਾਪਤ ਭਾ ਸੁਖ ਮਮ ਜੀ ਕਾ॥੮॥

ਜਿਸ ਦੇ ਦਰਸ਼ਨ ਕਰਨ ਨਾਲ ਤਿੰਨ ਤਾਪ ਥੋੜੀ ਦੇਰ ਵੇਖਣ ਨਾਲ ਵੀ ਨਾਸ਼ ਹੋ ਜਾਂਦੇ ਹਨ। ਕਈ ਦਿਨਾਂ ਦੀ ਉਡੀਕ ਲੱਗੀ ਸੀ, ਮੈਂ ਆਪਣੇਂ ਹਿਰਦੇ ਦਾ ਸੁਖ ਹੁਣ ਕਦ ਪ੍ਰਾਪਤ ਕਰਾਂਗਾ? ॥੮॥

ਮੰਦ ਭਾਗ ਭਾ ਮੋਰ ਮਹਾਨਾ। ਭਏ ਸਪਦ ਹੀ ਅੰਤਰ ਧਯਾਨਾ।
ਅਸ ਕਹਿ ਕਾਨਨ ਕੀ ਦਿਸ਼ ਦੌਰਾ। ਪ੍ਰੇਮ ਪ੍ਰਬਲ ਨੇ ਕੀਨੋਂ ਬਉਰਾ॥੯॥

ਮੇਰੇ ਬੜੇ ਮਾੜੇ ਭਾਗ ਹਨ ਕਿ ਅੰਤਰ ਧਿਆਨ ਹੋ ਕੇ ਗੁਪਤ ਹੋ ਗਏ ਹਨ।" ਇਹ ਕਹਿ ਕੇ ਜੰਗਲ ਵੱਲ ਭੱਜਾ ਗਿਆ। ਪ੍ਰਬਲ ਪ੍ਰੇਮ ਨੇ ਪਾਗਲ ਕਰ ਦਿੱਤਾ ਸੀ॥ ੯॥

ਆਰਤ ਹੋਇ ਪੁਕਾਰਤਿ ਭਾਰੀ। 'ਪ੍ਰਾਨ ਨਾਥ ! ਮਿਲਿਯੇ ਇਕ ਬਾਰੀ'।
ਦੌਰ ਦੌਰ ਸੁਧ ਹੇਤ ਮੁਕੰਦਾ। ਬੂਝਤਿ ਬਿਟਪ ਬਿਹੰਗਨ ਬ੍ਰਿੰਦਾ॥੧੦॥

ਦੁਖੀ ਹੋਇਆ ਉੱਚੀ ਉੱਚੀ ਪੁਕਾਰਦਾ ਸੀ, "ਹੇ ਪ੍ਰਾਣ ਨਾਥ ! ਇਕ ਵਾਰ ਮੈਨੂੰ ਮਿਲੋ।" ਮੁਕਤੀ ਦਾਤੇ ਨੂੰ ਲੱਭਣ ਵਾਸਤੇ ਦੌੜਦਾ ਫਿਰਦਾ ਸੀ ਅਤੇ ਦਰੱਖਤਾਂ, ਪੰਛੀਆਂ ਅਤੇ ਹੋਰ ਸਾਰਿਆਂ ਤੋਂ ਪੁਛਦਾ ਫਿਰਦਾ ਹੈ॥ ੧੦॥

ਗਿਰਵਰ ਸਰਵਰ ਹ੍ਵੈ ਕਰਿ ਤੀਰਾ। 'ਤੁਮ ਦੇਖਯੋ ਕਿਤ ਗੁਨੀਗਹੀਰਾ?'।

ਬਿਕੁਲ ਬਚਨ ਬੋਲਤਿ ਬਨ ਮਾਂਹੀ। ਕਿਹ ਅਸਥਾਨ ਬਿਲੋਕੇ ਨਾਂਹੀ॥੧੧॥

ਪਹਾੜਾਂ, ਨਦੀ ਨਾਲਿਆਂ ਅਤੇ ਸਰੋਵਰਾਂ ਦੇ ਪਾਸ ਜਾ ਕੇ ਕਹਿੰਦਾ ਹੈ, "ਕੀ ਤੁਸੀਂ ਗੁਣਾਂ ਦੇ ਭੰਡਾਰ ਭਾਵ ਗੁਰੂ ਜੀ ਨੂੰ ਵੇਖਿਆ ਹੈ?" ਵਿਆਕੁਲ ਹੋ ਕੇ ਜੰਗਲ ਵਿਚ ਬੋਲੀ ਜਾ ਰਿਹਾ ਹੈ, ਪਰ ਗੁਰੂ ਜੀ ਉਸ ਨੂੰ ਕਿਤੇ ਵੀ ਨਾ ਦਿਸੇ॥ ੧੧॥

ਸ੍ਵੇਦ ਅੰਗ ਪੁਨ ਲੋਚਨ ਨੀਰਾ। ਸਰਬ ਭੀਗਗੇ ਚੀਰ ਸਰੀਰਾ।
ਗਿਰਯੋ ਧਰਨਿ ਪਰ ਹ੍ਵੈ ਮੁਰਛਾਈ। ਤਬ ਪ੍ਰਗਟੇ ਸ੍ਰੀ ਗੁਰ ਜਗ ਸਾਈਂ॥੧੨॥

ਸਾਰਾ ਸਰੀਰ ਮੁੜ੍ਹਕੇ ਨਾਲ ਭਰ ਗਿਆ ਅਤੇ ਅੱਖਾਂ ਵਿਚੋਂ ਹੰਝੂ ਵਹਿਣ ਲੱਗੇ। ਤਨ ਦੇ ਸਾਰੇ ਕਪੜੇ ਭਿੱਜ ਗਏ। ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਤਦ ਜਗਤ ਦੇ ਮਾਲਕ ਭਾਵ ਗੁਰੂ ਜੀ ਪ੍ਰਗਟ ਹੋਏ॥ ੧੨॥

ਮੰਦ ਮੰਦ ਕਰਿ ਪਵਨ ਝੁਲਾਵਾ॥ ਪੋਂਛ ਬਦਨ ਕੋ ਨੀਰ ਚੁਵਾਵਾ।
ਭੀ ਤਨ ਕੀ ਸੁਧ ਪੁਨ ਅਵਨੀਪਾ। ਪ੍ਰੀਤਮ ਦੇਖੇ ਖਰੇ ਸਮੀਪਾ॥੧੩॥

ਹੌਲੀ ਹੌਲੀ ਪੱਖਾ ਝੱਲਿਆ, ਮੁਖੜੇ ਨੂੰ ਪੂੰਝ ਕੇ ਪਾਣੀ ਸਾਫ ਕੀਤਾ। ਰਾਜੇ ਨੂੰ ਫਿਰ ਹੋਸ਼ ਆ ਗਈ, ਜਦ ਉਸ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਕੋਲ ਹੀ ਸਾਹਮਣੇ ਗੁਰੂ ਜੀ ਖੜੇ ਸਨ॥ ੧੩॥

ਪਾਇਨ ਪਰਯੋ ਉਤਾਇਲ ਕਰਿਕੈ। ਉਮਗ ਅਨੰਦ ਰਹਯੋ ਗਰ ਭਰਿਕੈ।
'ਧਰਮਸਾਲ ਮੈਂ ਸਿਰਜੀ ਸ੍ਵਾਮੀ !। ਤੁਮ ਕਿਤ ਗਮਨੇ ਅੰਤਰਜਾਮੀ ?॥੧੪॥

ਉਤਾਵਲਾ ਹੋ ਕੇ ਪੈਰੀਂ ਪੈ ਗਿਆ ਅਤੇ ਉਤਸ਼ਾਹ ਅਤੇ ਅਨੰਦ ਨਾਲ ਗਲਾ ਭਰ ਕੇ ਬੋਲਿਆ, "ਸਵਾਮੀ ਜੀ ! ਮੈਂ ਧਰਮਸਾਲਾ ਤਿਆਰ ਕਰ ਲਈ ਹੈ। ਹੇ ਅੰਤਰਜਾਮੀ ਤੁਸੀਂ ਓਥੇ ਕਦ ਚਲੋਗੇ ?॥ ੧੪॥

ਚੌਪਈ- ਅਬ ਚਲਿ ਕਰਿਯੇ ਨਗਰ ਪਵਿੱਤ੍ਰਾ। ਬੈਸ ਰਾਜਿਯੇ ਭਵਨ ਬਚਿੱਤ੍ਰਾ।
ਬਿਨੈ ਸਨੀ ਸ੍ਰੋਨਨ ਸੁਨਿ ਬਾਨੀ। ਨ੍ਰਿਪਤ ਸੰਗ ਗਵਨੇ ਗਤਿ ਦਾਨੀ॥੧੫॥

ਹੁਣ ਚੱਲ ਕੇ ਨਗਰ ਨੂੰ ਪਵਿੱਤਰ ਕਰੋ, ਮੇਰੇ ਵਚਿੱਤਰ ਭਵਨ ਵਿਚ ਚਲ ਕੇ ਬੈਠੋ। ਰਾਜੇ ਦੀ ਬੇਨਤੀ ਵਾਲੀ ਬਾਣੀ ਕੰਨ ਨਾਲ ਸੁਣ ਕੇ ਮੁਕਤੀਦਾਤੇ ਗੁਰੂ ਜੀ ਰਾਜੇ ਦੇ ਨਾਲ ਚਲੇ ਗਏ॥ ੧੫॥

ਧਰਮਸਾਲ ਮਹਿਂ ਰੁਚਿਰ ਪ੍ਰਯੰਕਾ। ਤਹਿਂ ਬੈਸਾਏ ਬਦਨ ਮਯੰਕਾ।
ਸਗਰੇ ਨਗਰ ਬਧਾਇ ਉਛਾਹਾ। ਦਰਸ਼ਨ ਹਿਤ ਨਰ ਨਾਰਿ ਉਮਾਹਾ॥੧੬॥

ਧਰਮਸਾਲ ਵਿਚ ਜਿਹੜਾ ਸੁੰਦਰ ਪਲੰਘ ਡਾਹਿਆ ਹੋਇਆ ਸੀ ਉਸ ਉਪਰ ਚੰਦਰਮਾਂ ਮੁਖੜੇ ਵਾਲੇ ਗੁਰੂ ਜੀ ਨੂੰ ਬੈਠਾਇਆ ਗਿਆ। ਸਾਰਾ ਨਗਰ ਹੀ ਉਤਸ਼ਾਹ ਨਾਲ ਭਰ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਨ ਹਿਤ ਇਸਤਰੀਆਂ ਮਰਦਾਂ ਵਿਚ ਜੋਸ਼ ਭਰ ਗਿਆ॥ ੧੬॥

ਪਾਇਨ ਨਿਕਟ ਉਪਾਇਨ ਧਰਿਹੀਂ। ਹਾਥ ਜੋਰਿਕੈ ਬੰਦਨ ਕਰਿਹੀਂ।
ਮੰਜੁਲ ਫੂਲਨ ਅੰਜੁਲ ਡਾਰਹਿਂ। ਚਰਚੈਂ ਚੰਦਨ, ਧੂਪ ਧੁਖਾਰਹਿਂ॥੧੭॥

ਗੁਰੂ ਜੀ ਦੇ ਚਰਨਾਂ ਪਾਸ ਆਪਣੀਆਂ ਭੇਟਾਵਾਂ ਰੱਖ ਰਹੇ ਸਨ ਅਤੇ ਹੱਥ ਜੋੜ ਕੇ ਮੱਥਾ ਟੇਕਦੇ ਸਨ। ਫੁੱਲਾਂ ਦੇ ਬੁਕ ਭਰ ਭਰ ਗੁਰੂ ਜੀ 'ਤੇ ਸੁੱਟਦੇ ਸਨ। ਇਤਰ ਛਿੜਕਦੇ ਸਨ ਤੇ ਚੰਦਨ, ਧੂਪ ਧੁਖਾਉਂਦੇ ਸਨ॥ ੧੭॥

ਅਤਿ ਉਤਸ਼ਵ ਸੋਂ ਪੁਰਿ ਭਾ ਪੂਰਨ। ਕੀਰਤਿ ਪਸਰੀ ਪਾਵਨ ਰੂਰਨ।
ਚੰਦਕਲਾ ਲੇ ਰਾਨੀ ਸੰਗਾ। ਆਵਾ ਭੂਪਤਿ ਹ੍ਰਿਦੇ ਉਮੰਗਾ॥ ੧੮॥

ਸ਼ਹਿਰ ਵਿਚ ਸੁੰਦਰ ਅਤੇ ਪੂਰਨ ਉਤਸਵ ਮਨਾਇਆ ਜਾ ਰਿਹਾ ਸੀ ਤੇ ਸਾਰੇ ਸੁੰਦਰ ਕੀਰਤੀ ਪੱਸਰੀ ਹੋਈ ਸੀ। ਚੰਦਕਲਾ ਰਾਣੀ ਨੂੰ ਨਾਲ ਲੈ ਕੇ ਰਾਜਾ ਵੀ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਓਥੇ ਆ ਗਿਆ ॥ ੧੮॥

ਪੂਜਾ ਕੀਨਿ ਖੋੜਸ ਪ੍ਰਕਾਰਾ। ਕੰਚਨ ਥਾਰ ਹਾਥ ਨਿਜ ਧਾਰਾ।
ਬਾਰ ਚੌਮੁਖੇ ਤਾਂ ਮਹਿਂ ਦੀਪਾ। ਕਰੀ ਆਰਤੀ ਪੁਨਿ ਅਵਨੀਪਾ ॥੧੯॥

ਸੋਲ੍ਹਾਂ ਪ੍ਰਕਾਰ ਪੂਜਾ ਕੀਤੀ ਗਈ। ਸੋਨੇ ਦਾ ਥਾਲ ਆਪਣੇ ਹੱਥਾਂ ਵਿਚ ਲੈ ਕੇ ਅਤੇ ਚੌਮੁਖੇ ਤੇ ਚਾਰ ਦੀਵੇ ਬਾਲ ਕੇ ਰਾਜੇ ਨੇ ਆਪਣੇ ਹੱਥੀਂ ਆਰਤੀ ਕੀਤੀ॥ ੧੯॥

'ਜੈ ਜੈ' ਧੁਨਿ ਧ੍ਰਮਸਾਲਾ ਪੂਰੀ। ਹੋਇ ਦੀਨ ਬਿਨਤੀ ਕਹਿ ਰੂਰੀ।
'ਭੋ ਪ੍ਰਭੁ ਮੁਝਹਿ ਸਨਾਥ ਕਰੀਜੈ। ਚਰਨ ਸ਼ਰਨ ਕੋ ਪਰਨਾ ਦੀਜੈ ॥੨੦॥

ਪੂਰੀ ਧਰਮਸਾਲਾ ਵਿਚ ਜੈ ਜੈ ਦੀ ਧੁਨੀ ਗੂੰਜ ਉਠੀ ਅਤੇ ਦੀਨ ਹੋ ਕੇ ਸੁੰਦਰ ਬੇਨਤੀ ਕੀਤੀ, 'ਹੇ ਪ੍ਰਭੂ ਮੈਨੂੰ ਅਨਾਥ ਨੂੰ ਸਨਾਥ ਕਰੋ, ਆਪਣੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਦੇਵੋ॥ ੨੦॥

ਕਰਹੁ ਆਪਨੋ ਬਰ ਉਪਦੇਸ਼ੂ। ਜਿਹਂ ਤੇ ਮਿਟਹੈ ਜਗਤ ਕਲੇਸ਼ੂ।
ਸਰਬ ਦੇਸ਼ ਕੋ ਕਰਹੁ ਕ੍ਰਿਤਾਰਥ। ਤੁਮ ਬਚਨਨ ਮਹਿਂ ਚਤੁਰ ਪਦਾਰਥ ॥੨੧॥

ਆਪਣਾ ਵਰ ਉਪਦੇਸ਼ ਦੇਵੋ, ਜਿਸ ਨਾਲ ਸਾਰੇ ਜਗਤ ਦੇ ਕਲੇਸ਼ ਮਿਟ ਜਾਣ। ਸਾਰੇ ਦੇਸ਼ ਨੂੰ ਕਿਰਤਾਰਥ ਕਰੋ। ਤੁਹਾਡੇ ਬਚਨਾਂ ਵਿਚ ਚਾਰੇ ਪਦਾਰਥ ਹਨ॥ ੨੧॥

ਅਸ ਪ੍ਰਕਾਰ ਕੀ ਬਿਨਤੀ ਸੁਨਿਕੈ। ਬੋਲੇ ਦਯਾਲ ਬਿਰਦ ਨਿਜ ਜਨਿਕੈ।
'ਮਨ ਕੋ ਰੋਕਨ ਨਿਰਮਲ ਕਰਨੋ। ਯਹੀ ਉਪਾਵ ਕਲੇਸ਼ਨ ਹਰਨੋ ॥੨੨॥

ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਦਿਆਲੂ ਗੁਰੂ ਜੀ, ਰਾਜੇ ਨੂੰ ਆਪਣਾ ਸਿੱਖ ਜਾਣ ਕੇ ਬੋਲੇ, ਆਪਣੇ ਮਨ ਨੂੰ ਰੋਕ ਕੇ ਨਿਰਮਲ ਕਰੋ, ਕਲੇਸ਼ ਦੂਰ ਕਰਨ ਦਾ ਇਹ ਹੀ ਇਕ ਉਪਾਅ ਹੈ॥ ੨੨॥

ਤਾਂਕੀ ਜਾਨਹੁ ਹੈ ਬਿਧਿ ਦੋਊ। ਬੇਦ ਸੰਤ ਪੁਨਿ ਭਾਖਤਿ ਸੋਊ।
ਜੋ ਹੋਵਹਿ ਤੁਝ ਪਾਸ ਸੁਖਾਰੋ। ਸੋ ਕਰਿਯੇ ਨੀਕੇ ਨਿਰਧਾਰੋ' ॥ ੨੩॥

ਦੁਖਾਂ ਨੂੰ ਦੂਰ ਕਰਨ ਦੀਆਂ ਇਹ ਦੋਵੇਂ ਵਿਧੀਆਂ ਜਾਣੋ। ਵੇਦ ਸੰਤ ਇਸ ਤਰ੍ਹਾਂ ਹੀ ਕਹਿੰਦੇ ਹਨ। ਜੋ ਤੁਹਾਥੋਂ ਸੌਖਿਆਂ ਹੋ ਸਕੇ ਉਸ ਤਰ੍ਹਾਂ ਹੀ ਨਿਸ਼ਚੇ ਕਰਕੇ ਕਰੋ॥ ੨੩॥

ਸੁਨਿ ਸ਼ਿਵਨਾਭ ਬੰਦ ਦ੍ਵੈ ਹਾਥਾ। ਚਰਨ ਕਮਲ ਪਰ ਧਰਿ ਕਰਿ ਮਾਥਾ।
'ਜੋ ਦ੍ਵੈ ਬਿਧਿ ਕੇ ਕਹੇ ਉਪਾਈ। ਕਰਿ ਬਿਥਾਰ ਸੋ ਦੇਹੁ ਸੁਨਾਈ' ॥੨੪॥

ਇਹ ਸੁਣ ਕੇ ਸ਼ਿਵਨਾਭ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕਮਲਾ ਤੇ ਮੱਥਾ ਟੇਕਿਆ ਅਤੇ ਕਿਹਾ, ''ਜਿਹੜਾ ਦੋ ਵਿਧੀਆਂ ਵਾਲਾ ਉਪਾਅ ਤੁਸੀ ਦੱਸਿਆ ਹੈ, ਸਾਨੂੰ ਪੂਰੇ ਵਿਸਥਾਰ ਨਾਲ ਸਮਝਾਅ ਕੇ ਸਮਝਾਓ'' ॥ ੨੪॥

'ਭੋ ਰਾਜਨ ਜੋ ਦ੍ਵੈ ਪਰਕਾਰਾ। ਸੋ ਉਚਰਤਿ ਹੌਂ ਕਰਿ ਬਿਸਥਾਰਾ।
ਕਸ਼ਟ ਜੋਗ ਇਕ ਭਗਤਿ ਜੋਗ ਸੁਨਿ। ਇਨ ਦੋਨੋਂ ਤੇ ਹ੍ਵੈ ਨਿਰਮਲ ਤਨ ॥੨੫॥

ਹੇ ਰਾਜਨ ! ਜਿਹੜੀਆਂ ਦੋ ਪ੍ਰਕਾਰ ਦੀਆਂ ਵਿਧੀਆਂ ਹਨ, ਉਨ੍ਹਾਂ ਨੂੰ ਹੁਣ ਮੈਂ ਵਿਸਥਾਰ ਨਾਲ ਬਿਆਨ ਕਰਦਾ ਹਾਂ। ਇਨ੍ਹਾਂ ਦੋਹਾਂ ਵਿਧੀਆਂ ਵਿਚ ਇਕ ਦਾ ਨਾਂ ਹੈ ਹਠ ਯੋਗ ਅਤੇ ਦੂਸਰੀ ਦਾ ਨਾਂ ਹੈ ਭਗਤਿ ਯੋਗ, ਇਨ੍ਹਾਂ ਦੋਹਾਂ ਵਿਧੀਆਂ ਨਾਲ ਤਨ ਨਿਰਮਲ ਹੋ ਜਾਂਦਾ ਹੈ॥ ੨੫॥

ਪ੍ਰਥਮ ਕਸ਼ਟ ਜੋ ਜੋਗ ਬਖਾਨਾ॥ ਅਸ਼ਟ ਅੰਗ ਤਾਂਕੇ ਸੁਨਿ ਕਾਨਾ।
ਯਮ ਅਰ ਨੇਮ, ਇਕੰਤੰ ਦੇਸੂ। ਆਸਨ, ਪ੍ਰਾਣਾਯਾਮ ਸੁਦੇਸੂ॥ ੨੬॥

ਪਹਿਲੀ ਜਿਹੜੀ ਹਠ ਯੋਗ ਵਿਧੀ ਬਾਰੇ ਮੈਂ ਕਿਹਾ ਹੈ, ਉਸ ਦੇ ਅੱਠ ਅੰਗ ਹਨ, ਧਿਆਨ ਦੇ ਕੇ ਸੁਣੋ, ਇਹ ਹਨ ਯਮ, ਨੇਮ, ਇਕੰਤ ਦੇਸ, ਆਸਨ, ਪ੍ਰਾਣਾਯਾਮ ਅਤੇ ਸੁਦੇਸ॥ ੨੬॥

ਧਯਾਨ, ਧਾਰਨਾ ਅਸ਼ਟ ਸਮਾਧਿ। ਪਾਇ ਪਰਮਪਦ ਇਨਕੋ ਸਾਧਿ।
ਪ੍ਰਿਥਮੇ ਯਮਸੋ ਦਸ ਪਰਕਾਰਾ। ਲੱਛਨ ਤਿਨਕੋ ਕਰੌਂ ਬਿਥਾਰਾ॥ ੨੭॥

ਸੱਤਵਾਂ ਧਿਆਨ ਧਾਰਨਾ ਅਤੇ ਅੱਠਵਾਂ ਸਮਾਧੀ ਹੈ। ਇਨ੍ਹਾਂ ਨੂੰ ਸਾਧਨ ਨਾਲ ਪਰਮ ਪਦਵੀ ਪਾਈਦੀ ਹੈ। ਪਹਿਲਾ ਯਮ ਵੀ ਦਸ ਪ੍ਰਕਾਰ ਦਾ ਹੈ। ਉਸ ਦੇ ਲੱਛਣ ਵੀ ਮੈਂ ਵਿਸਥਾਰ ਨਾਲ ਦੱਸਦਾ ਹਾਂ॥ ੨੭॥

ਦੋਹਰਾ- ਏਕ ਅਹਿੰਸਾ ਜਾਨਿਯੇ ਮਨ ਬਚ ਕਾਂਯਾਂ ਤੀਨ।
ਪਰ ਕੋ ਬੁਰਾ ਜਿ ਚਿਤਵਨਾ ਮਨ ਕੀ ਹਿੰਸਾ ਚੀਨ॥ ੨੮॥

ਇਕ ਅਹਿੰਸਾ (ਹੱਤਿਆ ਨਾ ਕਰਨਾ) ਜਾਣੋਂ, ਜਿਹੜੇ, ਮਨ ਬਚਨ ਅਤੇ ਸਰੀਰ ਤਿੰਨਾਂ ਦੀ ਹੋ ਸਕਦੀ ਹੈ। ਜਿਹੜਾ ਪਰਾਏ ਦਾ ਬੁਰਾ ਚਿਤਵਨ ਉਹ ਮਨ ਦੀ ਹਿੰਸਾ ਸਮਝੋ॥ ੨੮॥

ਚੌਪਈ- ਫਿੱਕਾ ਬੋਲ ਦੁਖਾਇ ਹਨਾਵੈ। ਹਿੰਸਾ ਬਚਨਨ ਕੀ ਕਹਿਲਾਵੈ।
ਤੀਜੀ ਮਾਰਨ ਜੀਵਨ ਕੇਰੀ। ਤਜਾਗੈ ਇਨ ਕੋ ਹ੍ਵੈ ਬਿਨ ਦੇਰੀ॥ ੨੯॥

ਜਿਹੜਾ ਫਿੱਕਾ ਬੋਲਦਾ ਹੈ ਉਹ ਦੂਸਰੇ ਦਾ ਦਿਲ ਦੁਖਾਉਂਦਾ ਹੈ ਅਤੇ ਦਿਲ ਢਾਉਂਦਾ ਹੈ, ਇਹ ਬਚਨਾਂ ਦੀ ਹਿੰਸਾ ਕਹਾਉਂਦੀ ਹੈ। ਤੀਸਰਾ ਜੀਵ ਨੂੰ ਮਾਰਨਾ ਵੱਡੀ ਹਿੰਸਾ ਹੈ, ਇਸ ਨੂੰ ਕਿਸੇ ਦੇਰੀ ਤੋਂ ਬਗੈਰ ਛੱਡ ਦੇਵੇ॥੨੯॥

ਦੁਤਿਯੇ ਸਚ ਉਚਰਨ ਨਿਰਬਹੈ। ਕਬਹੂੰ ਕੂਰ ਨ ਕਿਹ ਬਿਧਿ ਕਹੈ।
ਤੀਜੇ ਹੈ ਦ੍ਵੈ ਭਾਂਤਿ ਸਤੇਈ। ਇਕ ਤਨ ਕੀ ਇਕ ਮਨ ਕੀ ਸੋਈ॥ ੩੦॥

ਦੂਸਰਾ ਸੱਚ ਦਾ ਉਚਾਰਨ ਕਰੇ ਅਤੇ ਕਦੇ ਵੀ ਕਿਸੇ ਵੀ ਵਿਧੀ ਅਨੁਸਾਰ ਝੂਠ ਨਾ ਬੋਲੇ, ਤੀਸਰੀ ਹੈ ਦੋ ਭਾਂਤ ਦੀ ਚੋਰੀ, ਇਕ ਤਨ ਦੀ ਚੋਰੀ ਹੈ ਅਤੇ ਇਕ ਮਨ ਦੀ ਚੋਰੀ ਹੈ॥੩੦॥

ਪਰ ਕੀ ਵਸਤੁ ਛਪਾਵਨ ਕਰਨੀ। ਏਹੁ ਸਤੇਈ ਤਨ ਕੀ ਬਰਨੀ।
ਕਰਹਿ ਪਾਪ ਪੁਨ ਰਾਖਿ ਦੁਰਾਏ। ਇਹ ਮਨ ਕੀ ਚੋਰੀ ਕਹਿਲਾਏ॥ ੩੧॥

ਕਿਸੇ ਦੀ ਵਸਤੂ ਛਪਾ ਲੈਣਾ, ਇਹ ਤਨ ਦੀ ਚੋਰੀ ਹੈ। ਪਾਪ ਕਰੇ ਪਰ ਉਸ ਨੂੰ ਛੁਪਾ ਕੇ ਰੱਖੇ, ਇਹ ਮਨ ਦੀ ਚੋਰੀ ਕਹਿਲਾਉਂਦੀ ਹੈ॥ ੩੧॥

ਇਨਦ੍ਵੈ ਤਜਿਨ, ਤ੍ਰਿਤਿਯ ਯਮ ਜਾਨਹੁ। ਭੂਲ ਨ ਕਹੂੰ ਨ੍ਰਿਪਤ ! ਮਨ ਠਾਨਹੁ।
ਚੌਥੇ ਬ੍ਰਹਮਚਰਜ ਸੁਖਸਾਰੂ। ਜੀਤਨ ਕਾਮ ਅਸ਼ਟ ਪਰਕਾਰੂ:- ॥ ੩੨॥

ਇਨ੍ਹਾਂ ਦੋਹਾਂ ਨੂੰ ਛੱਡ ਕੇ ਤੀਸਰਾ ਯਮ ਸਮਝੋ। ਹੇ ਰਾਜੇ! ਭੁੱਲ ਕੇ ਵੀ ਇਸ ਨੂੰ ਮਨ ਵਿਚ ਨਾ ਲਿਆਵੇ। ਚੌਥਾ ਬ੍ਰਹਮਚਾਰਜ, ਸੁੱਖਾਂ ਦਾ ਦਾਤਾ ਹੈ। ਕਾਮ ਨੂੰ ਅੱਠ ਪ੍ਰਕਾਰ ਨਾਲ ਜਿਤਿਆ ਜਾ ਸਕਦਾ ਹੈ॥ ੩੨॥

ਪ੍ਰਿਥਮੈ ਤ੍ਰਿਯ ਕੀ ਬਾਤੈਂ ਕਰਨੀ। ਦੂਜੇ ਸੁਨਿ ਸੁਨਿ ਮਨ ਮਹਿਂ ਧਰਨੀ।
ਤੀਜੈ ਤ੍ਰਿਯ ਇਕਾਂਤ ਮਿਲ ਬੈਸਨ॥ ਚੌਥੇ ਹੋਵਤਿ ਅੰਗ ਸਪਰਸ਼ਨ॥ ੩੩॥

ਪਹਿਲਾ ਇਸਤਰੀ ਨਾਲ ਗੱਲਾਂ ਨਾ ਕਰੇ, ਦੂਜਾ ਇਸਤਰੀਆਂ ਦੀਆਂ ਗੱਲਾਂ ਸੁਣ ਸੁਣ ਕੇ ਮਨ ਵਿਚ ਨਾ ਧਰੇ, ਤੀਸਰਾ ਇਸਤਰੀ ਨਾਲ ਇਕਾਂਤ ਵਿਚ ਮਿਲ ਕੇ ਨਾ ਬੈਠੇ, ਚੌਥਾ ਇਸਤਰੀ ਨਾਲ ਅੰਗ ਸਪੱਰਸ਼ ਨਾ ਕਰੇ॥ ੩੩॥

ਪੰਚਮ ਹਿਤ ਕਰਿ ਦੇਖੈ ਤ੍ਰਿਯ ਕੋ। ਛਠੇ ਅਲਿੰਗਨ ਕਰੈ ਹੀਯ ਸੋਂ।
ਸਪਤ ਚਿਤਵਨੋ ਮਨ ਮਹਿਂ ਨਾਰੀ। ਅਸ਼ਟਮ ਭੋਗ ਕਰਨ ਬਿਧਿਸਾਰੀ॥੩੪॥

ਪੰਜਵਾਂ ਪਿਆਰ ਨਾਲ ਇਸਤਰੀ ਨੂੰ ਨਾ ਵੇਖੇ, ਛੇਵਾਂ ਇਸ ਨੂੰ ਪਿਆਰ ਨਾਲ ਨਾ ਛੂਹੇ, ਸਤਵਾਂ ਇਸਤਰੀ ਨੂੰ ਮਨ ਵਿਚ ਕਦੀ ਨਾ ਚਿਤਵੇ, ਅੱਠਵਾਂ ਕਿਸੇ ਵਿਧੀ ਅਨੁਸਾਰ ਵੀ ਇਸਤਰੀ ਨਾਲ ਭੋਗ ਨਾ ਕਰੇ॥ ੩੪॥

ਇਨ ਸਭਿਹਿਨਿ ਕੋ ਤਯਾਗੇ ਜੇਈ। ਬ੍ਰਹਮਚਰਜ ਧਾਰਤਿ ਹੈਂ ਤੇਈ।
ਪੰਚਮ ਯਮ ਹੈ ਧੀਰਜ ਕਰਨੀ। ਦੁਖ ਸੁਖ ਸਦਾ ਸਹੇ ਸਮ ਧਰਨੀ॥੩੫॥

ਇਨ੍ਹਾਂ ਸਾਰੀਆਂ ਗੱਲਾਂ ਨੂੰ ਜਿਹੜਾ ਤਿਆਗ ਦਿੰਦਾ ਹੈ, ਬ੍ਰਹਮਚਰਜ ਉਹ ਹੀ ਧਾਰਨ ਕਰਦਾ ਹੈ। ਪੰਜਵਾਂ ਯਮ ਹੈ ਧੀਰਜ ਕਰਨਾ, ਭਾਵ ਦੁਖ ਸੁਖ ਸਦਾ ਬਰਾਬਰ ਸਹਿਣ ਕਰੇ॥ ੩੫॥

ਆਪਦ ਸੰਪਦ, ਆਤਮ, ਸੀਤਾ। ਬਿਕੁਲ ਨ ਹੋਇ ਡੁਲਾਵੈ ਚੀਤਾ।
ਖਸ਼ਟਮ ਯਮ ਹੈ ਖਿਮਾ ਸੁਹਾਈ। ਮਨ ਮਹਿਂ ਛੋਭ ਨ ਕਬਹੁਂ ਉਠਾਈ॥੩੬॥

ਦੁੱਖ ਵਿਚ, ਖੁਸ਼ਹਾਲੀ ਵਿਚ, ਧੁੱਪ ਵਿਚ, ਠੰਢ ਵਿਚ ਕਦੀ ਵੀ ਵਿਆਕੁਲ ਨਾ ਹੋਵੇ ਅਤੇ ਆਪਣੇ ਦਿਲ ਨੂੰ ਕਦੀ ਵੀ ਡੋਲਣ ਨਾ ਦੇਵੇ। ਛੇਵਾਂ ਯਮ ਹੈ ਦੂਸਰੇ ਦੀ ਵਧੀਕੀ ਸਹਿਣਾ ਹੈ ਅਤੇ ਇਸ ਨੂੰ ਸ਼ੋਭਾ ਵਾਲੀ ਮੰਨਣਾ ਹੈ। ਆਪਣੇ ਮਨ ਵਿਚ ਕਦੀ ਵੀ ਰੰਜਸ਼ ਨਾ ਲਿਆਵੇ॥ ੩੬॥

ਚੌਪਈ- ਭਲਾ ਕਿ ਬੁਰਾ ਬਖਾਨੈ ਕੋਇ। ਸਹਿਨ ਸ਼ੀਲ ਮਨ ਸਭਿ ਤੇ ਹੋਇ।
ਸਪਤਮ ਦੁਖੀ ਨ ਦੇਖੇ ਕਾਂਹੀ। ਦਯਾ ਕਰੇ ਸਭਿ ਸੋਂ ਨਿਰਬਾਹੀ॥ ੩੭॥

ਕੋਈ ਭਲਾ ਜਾਂ ਬੁਰਾ ਕਹੇ, ਸਹਿਨਸ਼ੀਲ ਸੁਭਾ ਬਣਾਈ ਰੱਖੇ ਅਤੇ ਕਿਸੇ ਤੇ ਵੀ ਗੁੱਸਾ ਨਾ ਕਰੇ। ਸਤਵਾਂ ਹੈ ਕਿ ਕਿਸੇ ਨੂੰ ਵੀ ਦੁਖੀ ਨਾ ਵੇਖੇ, ਦਇਆ ਕਰਕੇ ਸਭ ਨਾਲ ਨਿਰਬਾਹ ਕਰੇ॥ ੩੭॥

ਅਸ਼ਟਮ ਕੋਮਲ ਹਿਰਦਾ ਰਾਖੈ। ਸੁਭ ਉਪਦੇਸ਼ ਸਭਨ ਸੋਂ ਭਾਖੈ।
ਨੌਮੋ ਯਮ ਮਿਰਜਾਦ ਅਹਾਰਾ। ਭਲਾ ਬੁਰਾ ਲਖਿ ਕਰੈ ਵਿਚਾਰਾ॥੩੮॥

ਅੱਠਵਾਂ ਹੈ ਕਿ ਸਦਾ ਕੋਮਲ ਹਿਰਦਾ ਰਖੇ, ਸ਼ੁਭ ਉਪਦੇਸ਼ ਸਾਰਿਆਂ ਨੂੰ ਦੇਵੇ। ਨੌਵਾਂ ਯਮ ਹੈ ਕਿ ਭੋਜਨ ਮਰਯਾਦਾ ਦਾ ਖਾਵੇ। ਭਲਾ ਬੁਰਾ ਵੇਖ ਕੇ ਵਿਚਾਰ ਕਰੇ॥੩੮॥

ਖਾਵਨ ਕੋ ਅਹਾਰ ਹੈ ਜੇਤੋ। ਚੌਥੇ ਭਾਗ ਖਾਇ ਕਮ ਤੇਤੋ।
ਦਸਮੋ ਯਮ ਸੋ ਸ਼ੌਚ ਲਖੀਜੈ। ਜਲ ਮ੍ਰਿਤਕਾ ਇਸ਼ਨਾਨ ਕਰੀਜੈ॥੩੯॥

ਖਾਣ ਵਾਸਤੇ ਜਿੰਨੇ ਵੀ ਭੋਜਨ ਹਨ, ਉਨ੍ਹਾਂ ਤੋਂ ਚੌਥਾ ਹਿੱਸਾ ਘੱਟ ਖਾਵੇ। ਦਸਵਾਂ ਯਮ ਪਵਿੱਤਰ ਹੋਣਾ ਸਮਝੋ, ਜਲ ਮਿੱਟੀ ਵਿਚ ਇਸ਼ਨਾਨ ਕਰੇ॥ ੩੯॥

ਰਾਗ ਦ੍ਵੈਖ ਕੀ ਮਲ ਉਰ ਮਾਂਹੀ। ਤਜਿ ਕਰਿ ਸ਼ੌਚ ਕਰਤਿ ਹੈ ਤਾਂਹੀ।
ਯਮ ਦਸ ਇਸੀ ਪ੍ਰਕਾਰ ਅਲਾਏ। ਦਸ ਅਬ ਨੇਮ ਸੁਨੋ ਮਨ ਲਾਏ:- ॥੪੦॥

ਪਿਆਰ ਅਤੇ ਈਰਖਾ ਦੀ ਜਿਹੜੇ ਹਿਰਦੇ ਵਿਚ ਮੈਲ ਜੰਮੀ ਹੋਈ ਹੈ, ਉਸ ਨੂੰ ਛੱਡ ਕੇ ਹੀ ਪਵਿੱਤਰਤਾ ਪ੍ਰਾਪਤ ਹੁੰਦੀ ਹੈ। ਦਸ ਯਮ ਇਸ ਪ੍ਰਕਾਰ ਕਹੇ ਗਏ ਹਨ। ਹੁਣ ਮਨ ਲਾ ਕੇ ਦਸਾਂ ਨਿਯਮਾਂ ਬਾਰੇ ਵੀ ਸੁਣੋ॥ ੪੦॥

ਪ੍ਰਥਮੇ ਤਪ ਸੋ ਤੀਨ ਪ੍ਰਕਾਰਾ। ਰਜ ਤਮ ਬਹੁਰ ਸ਼ਾਂਤਕੀ ਸਾਰਾ।
ਛੁਧਾ,ਅਗਨ,ਜਲ ਸੌਂ ਤਨ ਤਾਵਾ। ਇਹੈ ਤਾਮਸੀ ਫਲਦਾ ਗਾਵਾ॥੪੧॥

ਪਹਿਲਾਂ ਤਪ ਤਿੰਨ ਪ੍ਰਕਾਰ ਦੇ ਹੁੰਦੇ ਹਨ, ਇਹ ਤਿੰਨ ਹਨ, ਰਜ, ਤਮ ਅਤੇ ਸਾਂਤਕੀ। ਭੁੱਖ, ਅਗਨੀ ਅਤੇ ਜਲ ਨਾਲ ਤਨ ਨੂੰ ਤਪਾਉਣਾ, ਇਸ ਨੂੰ ਹੀ ਤਾਮਸੀ ਫਲ ਦੇਣ ਵਾਲਾ ਕਿਹਾ ਜਾਂਦਾ ਹੈ॥੪੧॥

ਰਿਦੇ ਗਯਾਨ ਇਸਤੇ ਨਹਿਂ ਹੋਇ। ਦੇਤਿ ਫਲਨ ਜੇ ਕਰਿ ਹੈ ਕੋਇ।
ਰੋਕ ਕੁਕਰਮ ਰਿਖੀਕ ਜੁ ਕਰਨੀ। ਰਾਜਸ ਇਹੇ ਸੁਕਰਮਨ ਧਰਨੀ॥੪੨॥

ਹਿਰਦੇ ਵਿਚ ਇਸ ਤੋਂ ਗਿਆਨ ਨਹੀਂ ਉਪਜਦਾ। ਫਲ ਦੇਣ ਵਾਲਾ ਜੇਕਰ ਕੋਈ ਹੈ ਤਾਂ ਇੰਦਰੀਆਂ ਨੂੰ ਮੰਦੇ ਕੰਮਾਂ ਦੀ ਕਰਨੀ ਤੋਂ ਰੋਕੇ। ਰਾਜਸ ਅਜੇਹੇ ਸ੍ਰੇਸ਼ਟ ਕੰਮ ਦਾ ਧਾਰਨ ਵਾਲਾ ਹੈ॥ ੪੨॥

ਦੋਹਰਾ- ਬਹੁਰ ਸ਼ਾਂਤਕੀ ਤਪ ਇਹੈ ਬ੍ਰਿਤ ਟਿਕਾਵਨ ਕੀਨਿ।
ਨੇਮ ਸਤੋਖ ਦੂਜੋ ਲਖੋ ਦ੍ਵੈ ਪ੍ਰਕਾਰ ਸੋ ਚੀਨ॥ ੪੩॥

ਫਿਰ ਸਾਂਤਕੀ ਤਪ ਆਉਂਦਾ ਹੈ, ਇਹ ਬਿਰਤੀ ਨੂੰ ਟਿਕਾਉਣ ਦੀ ਕਿਰਿਆ ਕਰਦਾ ਹੈ। ਦੂਸਰਾ ਨੇਮ ਸੰਤੋਖ ਹੈ, ਇਹਵੀ ਦੋ ਪ੍ਰਕਾਰ ਦਾ ਸਮਝੋ॥ ੪੩॥

ਹਾਥ ਪਦਾਰਥ ਆਵਤਿ ਨਾਂਹੀ। 'ਹੌਂ ਸੰਤੋਖੀ' ਅਸ ਮੁਖ ਪ੍ਰਾਹੀ।
ਤਿਸ ਦੇ ਰਿਦੈ ਹਰਖ ਨਹਿਂ ਹੋਇ। ਨਿਜ ਕੀਰਤਿ ਕੋ ਚਾਹਤਿ ਸੋਇ॥੪੪॥

ਜਦ ਕੋਈ ਵੀ ਪਦਾਰਥ ਹੱਥ ਨਹੀਂ ਆਉਂਦਾ ਤਾਂ 'ਸੰਤੋਖ ਰੱਖੋ' ਕੇ ਮੁਖ ਤੋਂ ਇਸ ਤਰ੍ਹਾਂ ਕਹੇ। ਉਸ ਦੇ ਹਿਰਦੇ ਵਿਚ ਖੁਸ਼ੀ ਨਹੀਂ ਹੁੰਦੀ ਜੋ ਨਿਜੀ ਕੀਰਤੀ ਨੂੰ ਚਾਹੁੰਦਾ ਹੈ॥ ੪੪॥

ਦੂਜੇ ਯਥਾ ਲਾਭ ਸੰਤੋਖੂ। ਧਾਰਤਿ ਹੈ ਯੋਗੀ ਬਿਨ ਦੋਖੂ।
ਬਸਤਿ ਨ ਪ੍ਰਾਪਤਿ ਤੌਂ ਹਰਖਾਈ। ਜੇ ਪ੍ਰਾਪਤਿ ਹ੍ਵੈ ਤੋ ਸੁਖ ਪਾਈ॥੪੫॥

ਦੂਸਰਾ ਸੰਤੋਖ ਲਾਭ ਹੈ ਭਾਵ ਜੋ ਕੁਝ ਵੀ ਮਿਲ ਜਾਵੇ ਉਸ ਤੇ ਸੰਤੋਖ ਰਖੇ। ਬਿਨਾਂ ਕਿਸੇ ਦੋਖ ਦੇ ਯੋਗ ਧਾਰਨ ਕਰਦਾ ਹੈ। ਜੇ ਕੋਈ ਵਸਤੂ ਪ੍ਰਾਪਤ ਨਾ ਹੋਵੇ, ਤਾਂ ਦੁਖੀ ਨਾ ਹੋਵੇ, ਜੇ ਪ੍ਰਾਪਤ ਹੋਵੇ ਤਾਂ ਸੁਖ ਪਾਵੇ॥ ੪੫॥

ਦੋਹਰਾ- ਵਾਹਿਗੁਰੂ ਕੀ ਰਜਾਇ ਪੈ ਹਰਖੇ ਮਨ ਸੁਖ ਪਾਇ।
ਤੀਸਰ ਆਸਤਕ ਬੁੱਧਿ ਹੈ ਗੁਰੁ ਬਚ ਦ੍ਰਿੜ ਨਿਸ਼ਚਾਇ॥ ੪੬॥

ਵਾਹਿਗੁਰੂ ਦੀ ਰਜ਼ਾ ਵਿਚ ਖੁਸ਼ ਰਹੇ ਅਤੇ ਮਨ ਵਿਚ ਸੁੱਖ ਪਾਵੇ। ਤੀਸਰਾ ਨੇਮ ਆਸਤਕ ਬੁੱਧੀ ਹੈ, ਭਾਵ ਗੁਰੂ ਦੇ ਬਚਨਾਂ ਤੇ ਦ੍ਰਿੜ ਨਿਸ਼ਚਾ ਕਰੇ ਅਤੇ ਮਨ ਨੂੰ ਕਦੇ ਡੋਲਣ ਨਾ ਦੇਵੇ॥ ੪੬॥

ਚੌਪਈ- ਚੌਥੇ ਦਾਨ ਦੇਨਿ ਕੋ ਦਾਤਾ। ਤਮ, ਰਜ, ਸਤ ਗੁਨ ਤਿਹ ਤ੍ਰੈ ਭਾਂਤਾ।
ਕਲਹਿ ਕ੍ਰੋਧ ਸੌਂ ਬਿਨ ਸੁਭ ਕਾਲਾ। ਦੇਤਿ ਤਾਮਸੀ ਰੀਤਿ ਬਿਸਾਲਾ॥੪੭॥

ਚੌਥਾ ਨੇਮ ਹੈ ਕਿ ਦਾਨ ਦੇਣ ਵਾਸਤੇ ਬੜਾ ਸੁਖੀ ਹੋਵੇ। ਤਮ, ਰਜ ਅਤੇ ਸਤ ਗੁਣ ਤਿੰਨਾਂ ਤਰ੍ਹਾਂ ਦੇ ਹਨ। ਸੁਭ ਸਮੇਂ ਬਿਨਾ ਕ੍ਰੋਧ ਵਿਚ ਆ ਕੇ ਝਗੜਾ ਕਰਦਾ ਹੈ, ਇਸ ਨੂੰ ਤਾਮਸੀ ਰੀਤੀ ਕਿਹਾ ਜਾਂਦਾ ਹੈ॥ ੪੭॥

ਨਿਜ ਜਸ ਹੇਤ ਦੇਤਿ ਜੋ ਦਾਨਾ। ਅਹੈ ਰਾਜਸੀ ਫਲ ਲਘੁ ਜਾਨਾ।
ਕਰਿਕੈ ਬਿਨੈ ਦੇਯਨਰ ਦੇਖੀ। ਏਹੁ ਸ਼ਾਂਤਕੀ ਫਲਤਿ ਵਿਸ਼ੇਖੀ॥ ੪੮॥

ਨਿਜੀ ਜੋਸ਼ ਵਾਸਤੇ ਜਿਹੜਾ ਦਾਨ ਦਿੰਦਾ ਹੈ, ਇਹ ਥੋੜਾ ਰਾਜਸੀ ਫਲ ਜਾਣਿਆ ਜਾਂਦਾ ਹੈ। ਅਧਿਕਾਰੀ ਪੁਰਖ ਨੂੰ ਬੇਨਤੀ ਕਰਕੇ ਵੇਖਦਾ ਹੈ। ਇਹ ਸਾਂਤਕੀ ਬਹੁਤ ਫਲਦਾ ਹੈ॥ ੪੮॥

ਦੋਹਰਾ- ਵਾਹਿਗੁਰੂ ਕੋ ਜਾਨਿਕੈ ਸਭੈ ਪਦਾਰਥ ਦੇਇ।
ਤਨਕ ਨ ਅਪਨਾ ਮਾਨਈ ਤਾਂਹਿ ਅਖੈ ਫਲ ਲੇਇ॥ ੪੯॥

ਜਿਹੜਾ ਵਿਅਕਤੀ ਮਨ ਵਿਚ ਇਹ ਜਾਣੇ ਕਿ ਪ੍ਰਭੂ ਹੀ ਸਾਰੇ ਪਦਾਰਥ ਦਿੰਦਾ ਹੈ, ਕਿਸੇ ਵਸਤੂ ਨੂੰ ਵੀ ਆਪਣਾ ਨਾ ਮੰਨੇ ਤੇ ਉਹ ਅਵਿਨਾਸ਼ੀ (ਜੋ ਕਦੇ ਨਾਸ਼ ਨਾ ਹੋਵੇ) ਫਲ ਪ੍ਰਾਪਤ ਕਰਦਾ ਹੈ॥ ੪੯॥

ਚੌਪਈ- ਦਰਬ ਕਿਧੋਂ ਬਿੱਦਯਾ ਕੋ ਦਾਨਾ। ਦੇਤਿ ਸ਼ਾਂਤਕੀ ਹ੍ਵੈ ਨਿਰਮਾਨਾ।
ਤਿਹ ਕੋ ਫਲ ਹ੍ਵੈ ਅਮਿਤ ਬਿਸਾਲਾ। ਬੇਦ ਸੰਤ ਭਾਖਤਿ ਇਸ ਢਾਲਾ॥੫੦॥

ਜਿਹੜਾ ਧਨ ਜਾਂ ਵਿਦਿਆ ਦਾ ਦਾਨ, ਨਿਰਮਾਣ ਹੋ ਕੇ ਸਾਂਤਕੀ ਦਿੰਦਾ ਹੈ, ਉਸ ਨੂੰ ਬੇਹੱਦ ਵਿਸ਼ਾਲ ਫਲ ਮਿਲਦਾ ਹੈ, ਸੰਤ ਅਤੇ ਵੇਦ ਇਸ ਤਰ੍ਹਾਂ ਕਹਿੰਦੇ ਹਨ॥ ੫੦॥

ਪੰਚਮ ਪੂਜਾ ਮਨ ਕਰਿ ਕਰਨੀ। ਰਿਦੇ ਭਾਵਨੀ ਗੁਰੂ ਮਹਿਂ ਧਰਨੀ।
ਸਫਲੀ ਪੂਜਾ ਹੋਵਤਿ ਤਾਂਕੀ। ਸਦਾ ਭਾਵਨੀ ਸੋਂ ਮਤਿ ਜਾਂਕੀ॥੫੧॥

ਪੰਜਵਾਂ ਨੇਮ ਹੈ ਸੱਚੇ ਮਨ ਨਾਲ ਪੂਜਾ ਕਰਨੀ ਹੈ ਅਤੇ ਹਿਰਦੇ ਵਿਚ ਭਾਵਨਾ ਗੁਰੂ ਉਪਰ ਧਰਨੀ ਹੈ। ਉਸ ਦੀ ਪੂਜਾ ਸਫਲ ਹੁੰਦੀ ਹੈ। ਉਨ੍ਹਾਂ ਦੀ ਮਤ ਸਦਾ ਪ੍ਰੇਮ ਭਾਵਨਾ ਵਿਚ ਰਹਿੰਦੀ ਹੈ॥ ੫੧॥

ਦੋਹਰਾ- ਛਠਵ ਨੇਮ ਨਿਜ 'ਗੁਰ ਸਬਦ' ਤਾਂਕੇ ਜੇ ਅਨੁਸਾਰ।
ਤਿਨਹੀ ਕੋ ਪਢਿ ਹੈ ਸੁਨੈ ਤਿਨ ਕੋ ਕਰਹਿ ਬਿਚਾਰ॥ ੫੨॥

ਛੇਵਾਂ ਨੇਮ ਹੈ, 'ਗੁਰ ਸਬਦ' ਅਨੁਸਾਰ ਨਿਜ ਨੂੰ ਬਣਾਵੇ ਅਤੇ ਗੁਰੂ ਸ਼ਬਦ ਨੂੰ ਹੀ ਪੜ੍ਹੇ ਅਤੇ ਸੁਣੇ ਅਤੇ ਉਸ ਉਤੇ ਹੀ ਵਿਚਾਰ ਕਰੇ॥ ੫੨॥

ਚੌਪਈ- ਗੁਰੂ ਸਿਧਾਂਤ ਬਿਨਾ ਜੋ ਆਨਾ। ਤਿਨਕੇ ਬਚਨ ਸੁਨੇ ਨਹਿਂ ਕਾਨਾ।
ਸਪਤਮ ਪਢੈ ਸੁਨੈ ਜਿਹਂ ਰੀਤੀ। ਵਰਤੈ ਤਿਹ ਅਨੁਸਾਰ ਸਪ੍ਰੀਤੀ॥੫੩॥

ਗੁਰੂ ਸਿਧਾਂਤ ਬਗੈਰ ਜੋ ਹੋਰ ਸਿਧਾਂਤ ਹਨ ਉਨ੍ਹਾਂ ਬਚਨਾਂ ਨੂੰ ਕਦੇ ਵੀ ਕੰਨਾਂ ਨਾਲ ਨਾ ਸੁਣੇ। ਸਤਵਾਂ ਨੇਮ ਹੈ ਜਿਸ ਰੀਤੀ ਨਾਲ ਪੜ੍ਹੇ ਸੁਣੇ, ਉਸ ਨੂੰ ਪ੍ਰੇਮ ਨਾਲ ਵਰਤੇ ਵੀ, ਭਾਵ ਉਸ ਪੜ੍ਹੇ ਸੁਣੇ ਨੂੰ ਆਪਣੀ ਜ਼ਿੰਦਗੀ ਦਾ ਵੀ ਭਾਗ ਬਣਾਵੇ॥ ੫੩॥

ਬਿਨਾ ਦੰਭ ਗੁਰੁ ਸਬਦ ਕਮਾਵਨ। ਕਰਹਿ ਸਦਾ ਹ੍ਵੈ ਤਨ ਮਨ ਪਾਵਨ।
ਅਸ਼ਟਮ ਬ੍ਰਿੱਤਿ ਸ਼ਾਂਤਕੀ ਰਾਖੈ। ਨਿਵ ਚਲਣਾ ਮਧੁਰੀ ਮੁਖ ਭਾਖੈ॥੫੪॥

ਦੰਭ ਜਾਂ ਪਖੰਡ ਬਿਨਾਂ ਜਿਹੜਾ ਗੁਰੂ ਦਾ ਸ਼ਬਦ ਕਮਾਉਂਦਾ ਹੈ, ਉਹ ਸਦਾ ਹੀ ਆਪਣੇ ਤਨ ਮਨ ਨੂੰ ਪਵਿੱਤਰ ਕਰਦਾ ਹੈ। ਅੱਠਵਾਂ ਨੇਮ ਹੈ ਕਿ ਬਿਰਤੀ ਸਦਾ ਸ਼ਾਂਤ ਰਖੇ। 'ਨਿਵ ਚਲਣਾ' ਮਿੱਠਾ ਲਗਦਾ ਹੈ, ਮੁੱਖ ਤੋਂ ਕਹੇ॥ ੫੪॥

ਨਵਮੋ ਨੇਮ ਪਾਠ ਜੋ ਕਰਨਾ। ਤਿਹ ਮਹਿਂ ਅਪਰ ਨ ਬਚਨ ਉਚਰਨਾ।
ਦਸਵੇਂ ਹੋਮ ਅਗਨਿ ਜੋ ਕਰਿਹੀ। ਸੁਰ ਪ੍ਰਸੰਨ ਹਿਤ ਮਨਸਾ ਧਰਿਹੀ॥੫੫॥

ਨਾਵਾਂ ਨੇਮ ਪਾਠ ਕਰਨਾ ਹੈ, ਪਾਠ ਕਰਦੇ ਸਮੇਂ ਉਸ ਵਿਚ ਕੋਈ ਹੋਰ ਬਚਨ ਨਹੀ ਉਚਾਰਨ ਕਰਨਾ ਚਾਹੀਦਾ। ਦਸਵਾਂ ਹੋਮ ਅਗਨੀ ਜੋ ਕਰਦੇ ਹਨ ਅਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਮਨਸਾ ਧਾਰਦੇ ਹਨ॥ ੫੫॥

ਸਿੱਖ ਛੁਧਾਤੁਰ ਕੇ ਮੁਖ ਪਾਵਨ। ਬ੍ਰਹਮ ਹੋਮ ਇਹ ਭਲੋ ਸੁਹਾਵਨ।

ਵਾਹਿਗੁਰੂ ਕੋ ਕਰਹਿ ਉਚਾਰਾ। ਤਾਂ ਪਾਛੇ ਮੁਖ ਪਾਇ ਅਹਾਰਾ॥ ੫੬॥

ਪਰ ਪਰਮੇਸ਼ਵਰ ਦੀ ਰਾਹ ਤੇ ਚੱਲਣ ਵਾਲੇ ਜਿਹੜੇ ਪ੍ਰਾਣੀ, ਭੁੱਖੇ ਸਿੱਖ ਨੂੰ ਭੋਜਨ ਖਵਾਉਂਦੇ ਹਨ, ਉਹ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਅੱਗ ਵਿਚ ਹੋਮ ਕਰਨ ਨਾਲੋਂ ਕਿਤੇ ਮਹਾਨ ਅਤੇ ਸ੍ਰੇਸ਼ਟ ਹੈ। ਭੋਜਨ ਛਕਣਾ ਆਰੰਭ ਕਰਨ ਤੋਂ ਪਹਿਲਾਂ ਉਹ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਨ ਤੇ ਬਾਅਦ ਵਿਚ ਆਹਾਰ ਆਪਣੇ ਮੁਖ ਵਿਚ ਪਾਉਣ॥ ੫੬॥

ਬਦਨ ਦੇਵਤਾ ਪਾਵਕ ਕਹਿਯੇ। ਸਰਬ ਸੁਰਨ ਕੀ ਜਿਹਵਾ ਲਹਿਯੇ।
ਬ੍ਰਹਮ ਪ੍ਰਸੰਨ ਸੰਗਿ ਸੁਰ ਸਾਰੇ। ਤ੍ਰਿਪਤਿ ਹੋਤਿ ਹਰਿਨਾਮ ਉਚਾਰੇ॥੫੭॥

ਅੱਗ ਨੂੰ ਸਾਰੇ ਦੇਵਤਿਆਂ ਦਾ ਮੂੰਹ ਜਾਣੋਂ ਅਤੇ ਅੱਗ ਨੂੰ ਹੀ ਸਾਰੇ ਦੇਵਤਿਆਂ ਦੀ ਜੀਭ ਸਮਝੋ। ਪਰ ਸਾਰੇ ਦੇਵਤੇ ਬ੍ਰਹਮ ਸਮੇਤ ਵਾਹਿਗੁਰੂ ਦੇ ਨਾਮ ਦਾ ਉਚਾਰਣ ਸੁਣ ਕੇ ਪ੍ਰਸੰਨ ਹੁੰਦੇ ਹਨ। ਨਾਮ ਲੇਵਾ ਭੁੱਖੇ ਦੇ ਮੂੰਹ ਵਿਚ ਅੰਨ ਪਾਉਣਾ ਹੀ ਬ੍ਰਹਮ ਹੋਮ ਹੈ, ਜਿਸ ਵਿਚ ਅੰਨ ਦੀ ਆਹੂਤੀ ਪੈਂਦੀ ਹੈ ਅਤੇ ਜੀਭ ਨਾਮ ਉਚਾਰਨ ਵਾਲੀ ਹੋਣ ਕਰਕੇ ਉਹ ਆਹੂਤੀ ਬ੍ਰਹਮ ਨੂੰ ਪਹੁੰਚਦੀ ਹੈ, ਬ੍ਰਹਮ ਦੇ ਪ੍ਰਸੰਨ ਹੋਣ ਨਾਲ ਸਾਰਾ ਬ੍ਰਹਿਮੰਡ ਪ੍ਰਸੰਨ ਹੋ ਜਾਂਦਾ ਹੈ, ਇਸ ਲਈ ਦੇਵਤੇ ਵੀ ਪ੍ਰਸੰਨ ਹੋ ਜਾਂਦੇ ਹਨ॥ ੫੭॥

ਦੋਹਰਾ- ਤ੍ਰਿਤੀ ਹੋਮ ਹੈ ਗਯਾਨ ਕਾ ਰਸ ਰਿਖੀਕ ਕੇ ਦਰਬ।
ਗਯਾਨ ਅਗਨਿ ਮੈਂ ਹੋਮ ਹੀ ਤਨ ਹੰਤਾਦਿਕ ਸਰਬ॥ ੫੮॥

ਤੀਸਰਾ ਹੋਮ ਹੈ ਕਿ ਇੰਦਰੇ ਰਸਾਂ ਦੇ ਪਦਾਰਥ ਗਿਆਨੀ ਰੂਪੀ ਹੋਮ ਹਨ। ਤਨ ਅਤੇ ਹੰਕਾਰ ਆਦਿਕ ਹੰਤਾ ਲਈ ਅਗਨੀ ਨੂੰ ਅਰਪਨ ਕਰਨਾ ਵੀ ਗਿਆਨ ਰੂਪੀ ਹੋਮ ਹੈ॥੫੮॥

ਚੌਪਈ- ਦਸ ਪ੍ਰਕਾਰ ਇਹ ਨੇਮ ਗਿਨਾਵਾ। ਕਸ਼ਟ ਜੋਗ ਦੁਤਿ ਅੰਗ ਸੁਹਾਵਾ।
ਅੰਗ ਤੀਸਰੇ 'ਦੇਸ਼ ਇਕੰਤੇ'। ਨਰ ਬਚ ਸੁਨਿਯ ਨ ਤਹਾਂ ਬਸੰਤੇ॥੫੯॥

ਦਸ ਪ੍ਰਕਾਰ ਦੇ ਇਹ ਨੇਮ ਗਿਣਵਾਏ ਗਏ ਹਨ। ਕਸ਼ਟ (ਹੱਠ), ਜੋਗ ਦੂਸਰਾ ਅੰਗ ਸੋਭਦਾ ਹੈ। ਤੀਸਰਾ ਅੰਗ ਹੈ 'ਦੇਸ਼ ਇਕੰਤਾ'। ਜਿਥੇ ਪੁਰਸ਼ਾਂ ਦੇ ਬਚਣ ਸੁਣਾਈ ਨਾ ਦੇਣ ਓਥੇ ਇਹ ਵੱਸਦਾ ਹੈ॥ ੫੯॥

ਚੋਥੇ ਅੰਗ ਯੋਗ ਕਾ ਆਸਨ। ਬੇਦ ਜੁਗੀਸ਼ਰ ਕਰਿਹੀਂ ਭਾਸ਼ਨ।
ਜੇਤੇ ਜੀਵ ਜਗਤ ਮਹਿਂ ਜਾਨਹੁ। ਆਸਨ ਤੇਤੇ ਹੀ ਪਰਮਾਨਹੁ॥੬੦॥

ਚੋਥੇ ਅੰਗ ਵਿਚ ਯੋਗ ਦਾ ਆਸਣ ਹੈ। ਵੇਦ ਜੁਗੀਸ਼ਰ ਭਾਸ਼ਨ ਕਰਦੇ ਹਨ। ਜਿੰਨੇ ਜੀਵ ਜਗਤ ਵਿਚ ਜਾਣੋ, ਓਨੇ ਹੀ ਆਸਣ ਪਰਮਾਨਿਤ ਕਰ ਲਵੋ॥ ੬੦॥

ਤਿਨ ਤੇ ਯੁਗਮ ਸ਼ਿਰੋਮਣ ਬੀਨੇ। ਮਹਾਂ ਪੁਰਖ ਹਿਤ ਕਰਿ ਸੋ ਲੀਨੇ।
ਸਿੱਧ ਆਸਨ, ਪਦਮਾਸਨ ਦੋਊ। ਤਿਨਹਿਂ ਜਿ ਲੱਛਨ ਸੁਨਿਯੇ ਸੋਊ॥੬੧॥

ਤਿੰਨਾਂ ਵਿਚੋਂ ਦੋ ਸ਼ਿਰੋਮਣੀ ਚੁਣੇ ਗਏ ਹਨ। ਮਹਾਂਪੁਰਖਾਂ ਨੇ ਇਹ ਪ੍ਰੇਮ ਨਾਲ ਲਏ ਹਨ। ਇਹ ਦੋ ਪਰਮੁਖ ਆਸਣ ਹਨ, ਸਿੱਧ ਆਸਣ ਅਤੇ ਪਦਮਾਸਨ। ਇਨ੍ਹਾਂ ਆਸਣਾਂ ਦੇ ਕੀ ਲੱਛਣ ਹਨ, ਉਨ੍ਹਾਂ ਬਾਰੇ ਹੁਣ ਸੁਣੋ॥ ੬੧॥

ਛਿਤਿ ਕਛੁ ਖੋਦ ਮ੍ਰਿਦੁਲ ਤ੍ਰਿਣ ਪਾਏ। ਬੈਸਹਿ ਪੁਨ ਪਟ ਬਿਮਲ ਬਿਛਾਏ।
ਹ੍ਵੈ ਪਾਵਨ, ਨਹਿਂ ਅੰਗ ਡੁਲਾਏ। ਬਾਮ ਪੈਰ ਸੋਂ ਗੁਦਾ ਦਬਾਏ॥ ੬੨॥

ਧਰਤੀ ਨੂੰ ਗੋਡ ਕੇ ਨਿਰਮਲ ਘਾਹ ਉਗਾਉਂਦੇ ਹਨ, ਫਿਰ ਉਸ ਨਰਮ ਘਾਹ ਉੱਤੇ ਉੱਜਲ ਕਪੜਾ ਵਿਛਾ ਕੇ ਬੈਠ ਜਾਂਦੇ ਹਨ। ਪਾਵਣ ਹੋ ਕੇ ਅੰਗ ਨਹੀਂ ਹਿਲਾਉਂਦੇ ਹਨ। ਖੱਬੇ ਪੈਰ ਨਾਲ ਗੁਦਾ ਨੂੰ ਦਬਾਉਂਦੇ ਹਨ॥ ੬੨॥

ਦੋਹਰਾ- ਇੰਦ੍ਰੀ ਪਰ ਦਹਿਨ ਧਰੈ, ਅੱਗ੍ਰ ਨਾਸਕਾ ਧਯਾਨ।
ਸਿੱਧਿ ਆਸਨ ਇਹਕੋ ਭਨੈ, ਯੋਗੀ ਕਰਤਿ ਸੁਜਾਨ॥ ੬੩॥

ਇੰਦਰੀ ਉਤੇ ਸੱਜਾ ਪੈਰ ਧਰਕੇ ਅਤੇ ਨੱਕ ਦੀ ਅਗਲੀ ਨਾਸ ਤੇ ਧਿਆਨ ਧਰਦੇ ਹਨ। ਸਿਧ ਆਸਣ ਇਸ ਨੂੰ ਕਹਿੰਦੇ ਹਨ। ਚਤੁਰ ਜੋਗੀ ਇਹ ਆਸਣ ਕਰਦੇ ਹਨ॥ ੬੩॥

ਚੌਪਈ- ਦਾਏਂ ਪਗ ਪਰ ਧਰਿ ਕਰਿ ਬਾਂਵਾਂ। ਬਾਵੇਂ ਪਰ ਕਰ ਦਹਿਨ ਟਿਕਾਵਾ।
ਦੋਨੋ ਭੁਜਾ ਕੰਡ ਕਰਿ ਪਾਛੇ। ਗਹੇ ਅੰਗੂਠੇ ਪਗ ਦ੍ਰਿਢ ਆਛੇ॥ ੬੪॥

ਸੱਜੇ ਪੈਰ ਤੇ ਖੱਬਾ ਹੱਥ ਧਰ ਕੇ, ਖੱਬੇ ਪੈਰ ਤੇ ਸੱਜਾ ਹੱਥ ਟਿਕਾ ਕੇ, ਦੋਵੇਂ ਬਾਹਾਂ ਪਿਛੇ ਕਰਕੇ, ਪੈਰਾਂ ਦੇ ਦੋਵੇਂ ਅੰਗੂਠੇ ਪੱਕੇ ਕਰਕੇ ਫੜੇ॥ ੬੪॥

ਭ੍ਰੂ ਕੋ ਕਿਧੌਂ ਨਾਸਕਾ ਧਯਾਨਾ। ਕਰਿ ਬੈਸੇ ਪਦਮਾਸਨ ਜਾਨਾ।
ਅੰਗ ਪੰਚਮੋ ਪ੍ਰਾਣਾਯਾਮ। ਪੂਰਕ, ਕੁੰਭਕ, ਰੇਚਕ, ਨਾਮ॥ ੬੫॥

ਭਰਵੱਟਿਆਂ ਵਿਚਕਾਰਲੀ ਥਾਂ ਦਾ ਜਾਂ ਨਾਸਾਂ ਦਾ ਧਿਆਨ ਧਾਰਨ ਕਰਕੇ ਬੈਠ ਜਾਵੇ। ਇਸ ਨੂੰ ,ਪਦਮਾਸਨ ਕਿਹਾ ਜਾਂਦਾ ਹੈ। ਪੰਜਵਾਂ ਅੰਗ ਹੈ ਪ੍ਰਾਣਾਯਾਮ। ਇਸ ਦੇ ਤਿੰਨ ਨਾਮ ਹਨ, ਪੂਰਕ, ਕੁੰਭਕ ਅਤੇ ਰੇਚਕ॥ ੬੫॥

ਬਾਹਰ ਤੇ ਮਨ ਸੁਰਤਿ ਟਿਕਾਵੈ। ਦਹਿਨੇ ਸੁਰ ਤੇ ਪ੍ਰਾਣ ਚਢਾਵੈ।
ਖੈਂਚਤਿ ਦ੍ਵਾਦਸ਼ ਮਾਤ੍ਰਹਿ ਜੋਇ। ਓਅੰਕਾਰ ਜਪੈ ਤਬ ਸੋਇ॥ ੬੬॥

ਬਾਹਰ ਤੋਂ ਮਨ ਸੁਰਤ ਅੰਦਰ ਟਿਕਾਵੇ ਅਤੇ ਸੱਜੀ ਸੁਰ 'ਤੇ ਪ੍ਰਾਣ ਚੜ੍ਹਾ ਲਵੇ ਅਤੇ ਬਾਰਾਂ ਵਾਰ ਜਦ ਸਾਹ ਆਪਣੇ ਵੱਲ ਖਿਚ ਤਾਂ ਨਾਲ ਓਅੰਕਾਰ ਜਪੇ॥ ੬੬॥

ਜਿਤੇ ਪ੍ਰਾਣ ਅੰਤਰ ਠਹਿਰਾਵੈ। 'ਕੁੰਭਕ' ਤੇਤੋ ਨਾਮ ਕਹਾਵੈ।
ਚੋਬਿਸ ਮਾਤ੍ਰਾ ਓਅੰਕਾਰਾ। ਜਾਪ ਕਰੈ ਤਿਹ ਸਮੈਂ ਉਚਾਰਾ॥ ੬੭॥

ਜਿੰਨੇ ਪ੍ਰਾਣ ਉਹ ਅੰਦਰ ਠਹਿਰਾਵੇ, ਤਿਤਨੇ ਨਾਮ ਕੁੰਭਕ ਕਹਾਉਂਦੇ ਹਨ। ਉਸ ਸਮੇਂ ਚੌਵੀ ਮਾਤਰਾ ਓਅੰਕਾਰਾ ਦਾ ਜਾਪ ਉਚਾਰਨ ਕਰੇ॥ ੬੭॥

ਬਾਵੈਂ ਸੁਰ ਸੌਂ ਕਰਹਿ ਉਤਾਰਾ। ਦ੍ਵਾਦਸ਼ ਮਾਤ੍ਰਾ ਜਪ ਓਅੰਕਾਰਾ।
'ਰੇਚਕ' ਯਾਂਕੋ ਨਾਮ ਕਹੀਜੈ। ਸਨੈ ਸਨੈ ਜੋ ਛੋਡਨ ਕੀਜੈ॥ ੬੮॥

ਜੇ ਖੱਬੇ ਸੁਰ ਤੋਂ ਸਵਾਸਾਂ ਨੂੰ ਉਤਾਰੇ, ਅਤੇ ਬਾਰਾਂ ਮਾਤਰਾ ਓਅੰਕਾਰ ਦਾ ਜਾਪ ਕਰੇ, ਤਾਂ ਉਸ ਨੂੰ ਰੇਚਕ ਨਾਮ ਨਾਲ ਪੁਕਾਰਦੇ ਹਨ। ਹੌਲੀ ਹੌਲੀ ਸਵਾਸਾਂ ਨੂੰ ਛੱਡਦਾ ਜਾਵੇ॥ ੬੮॥

ਤੈਸੇ ਹੀ ਬਾਏਂ ਤੇ ਦਾਏਂ। ਦਾਏਂ ਤੇ ਬਾਏਂ ਸੁ ਚਢਾਏ।
ਖੁਲ੍ਹੈ ਰਾਹਿ ਤ੍ਰਿਕੁਟੀ ਇਸ ਢਾਰਾ। ਠਹਿਰਹਿਂ ਪ੍ਰਾਣ ਜਿ ਦਸਵੇਂ ਦ੍ਵਾਰਾ॥੬੯॥

ਇਸ ਤਰ੍ਹਾਂ ਹੀ ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਸਵਾਸਾਂ ਨੂੰ ਚੜ੍ਹਾਵੇ, ਇਸ ਤਰ੍ਹਾਂ ਤ੍ਰਿਕੁਟੀ (ਭਰਵੱਟਿਆ ਵਿਚਕਾਰਲੀ ਥਾਂ) ਖੁੱਲ੍ਹ ਜਾਂਦੀ ਹੈ ਅਤੇ ਪ੍ਰਾਣ ਦਸਵੇਂ ਦਵਾਰ ਠਹਿਰ ਜਾਂਦੇ ਹਨ॥ ੬੯॥

ਤਬੈ ਅਨਾਹਦ ਕੀ ਧੁਨਿ ਖੁਲਿ ਹੈ। ਦਰਸ਼ਨ ਪਰਮਜੋਤਿ ਕੋ ਮਿਲਿਹੈ।

ਝਿਲ ਮਿਲਕਾਰ ਮਹਾਨ ਪ੍ਰਕਾਸ਼ਾ। ਜਿਹਂ ਪਿਖ ਹ੍ਵੈ ਵਿਸ਼ੇਖ ਸੁਖਰਾਸਾ ॥੭੦ ॥

ਤਦ ਅਨਾਹਦ ਦੀ ਧੁਨ ਵੱਜਦੀ ਹੈ ਅਤੇ ਪਰਮ ਜੋਤ ਵਹਿਗੁਰੂ ਦੇ ਦਰਸ਼ਨ ਹੁੰਦੇ ਹਨ। ਮਹਾਨ ਹਿਰਦਾ ਜਾਂ ਝਮਕਦਾ ਪ੍ਰਕਾਸ਼ ਹੁੰਦਾ ਹੈ, ਜਿਸ ਨੂੰ ਵੇਖ ਕੇ ਬਹੁਤ ਸੁੱਖ ਪ੍ਰਾਪਤ ਹੁੰਦਾ ਹੈ॥ ੭੦॥

ਦੋਹਰਾ- ਜਿਉਂ ਜਿਉਂ ਧਰਹੀ ਧਯਾਨ ਕੋ ਤਿਉਂ ਤਿਉਂ ਧੁਨਿ ਵਧਿ ਜਾਇ।
ਖਸ਼ਟ ਅੰਗ ਹੈ ਯੋਗ ਕਾ 'ਧਯਾਨ' ਧਰਤਿ ਸੁਖ ਪਾਇ॥ ੭੧ ॥

ਜਿਵੇਂ ਜਿਵੇਂ ਧਿਆਨ ਧਰਦਾ ਹੈ ਤਿਵੇਂ ਤਿਵੇਂ ਧੁਨ ਦੀ ਆਵਾਜ਼ ਉੱਚੀ ਹੁੰਦੀ ਜਾਂਦੀ ਹੈ। ਛੇਵਾਂ ਅੰਗ ਹੈ ਕਿ ਯੋਗ ਦਾ ਧਿਆਨ ਧਰ ਕੇ ਸੁੱਖ ਪ੍ਰਾਪਤ ਕਰੇ॥ ੭੧॥

ਚੌਪਈ- ਦ੍ਵੈ ਪ੍ਰਕਾਰ ਕੋ ਲਖਹੁ ਸੁ ਧਯਾਨਾ। ਬਾਹਜ ਕਾ, ਅੰਤ੍ਰਿਕ ਬਖਾਨਾ।
ਬਿਸ਼ਨ ਚਤੁਰਭੁਜ ਕੋ ਜੋ ਧਯਾਨਾ। ਸੋ ਬਾਹਰ ਕਾ ਜਾਨ,ਸੁਜਾਨਾ ! ॥੭੨ ॥

ਧਿਆਨ ਵੀ ਦੋ ਪ੍ਰਕਾਰ ਦਾ ਜਾਣਿਆ ਜਾਂਦਾ ਹੈ, ਇਨ੍ਹਾਂ ਨੂੰ ਬਾਹਰਲਾ ਅਤੇ ਅੰਤ੍ਰਿਵ ਕਿਹਾ ਜਾਂਦਾ ਹੈ। ਬਿਸ਼ਨ ਚਤਰਭੁਜ ਦਾ ਜੋ ਧਿਆਨ ਹੈ ਇਸ ਨੂੰ ਬਾਹਰਲਾ ਧਿਆਨ ਕਿਹਾ ਜਾਂਦਾ ਹੈ। ਹੇ ਚਤੁਰ ਰਾਜੇ! ਇਸ ਨੂੰ ਸਮਝ ਲਵੋ॥੭੨॥

ਗੁਰ ਕੇ ਸਬਦ ਵਿਖੈ ਜੋ ਜੋਰਾ। ਨਾਭੀ, ਰਿਦੈ, ਕਿ ਨਾਸਾ ਓਰਾ।
ਕੈ ਭ੍ਰੂ ਕੇ ਕੈ ਦਸਵੈਂ ਦ੍ਵਾਰਾ। ਧਰੈ ਅਨਾਹਦ ਧੁਨਿ ਕੈ ਧਾਰਾ॥ ੭੩ ॥

ਜਿਹੜਾ ਧੁਨੀ, ਹਿਰਦੇ ਜਾਂ ਨਾਸਾਂ ਵੱਲ ਗੁਰੂ ਦੇ ਸ਼ਬਦ ਨਾਲ ਧਿਆਨ ਜੋੜਦਾ ਹੈ, ਭਰਵੱਟਿਆਂ ਵਿਚਕਾਰ ਦਸਵੇਂ ਦਵਾਰ ਉਹ ਅਨਾਹਦ ਧਨੀ ਨੂੰ ਧਾਰ ਲੈਂਦਾ ਹੈ॥ ੭੩॥

ਜਬਹਿ ਅਨਾਹਦ ਧੁਨਿ ਖੁਲਿ ਜਾਵਹਿ। ਕਿਧੋਂ ਜੋਤਿ ਕੋ ਧਯਾਨ ਲਗਾਵਹਿ।
ਇਹ ਅੰਤ੍ਰਿਕ ਮਨ ਮਹਿਂ ਪਹਿਚਾਨਹਿਂ। ਸਪਤਮ ਅੰਗ ਧਾਰਨਾ ਮਾਨਹਿ ॥੭੪ ॥

ਜਦ ਅਨਾਹਦ ਧੁਨੀ ਖੁਲ੍ਹ ਜਾਵੇ ਜਾਂ ਪਰਮਜੋਤ ਨੂੰ ਧਿਆਨ ਲਗਾਵੇ, ਇਸ ਨੂੰ ਆਪਣੇ ਮਨ ਵਿਚ ਅੰਤ੍ਰਕਾ ਧਿਆਨ ਪਛਾਣੋ। ਇਹ ਸੱਤਵਾਂ ਅੰਗ ਧਾਰਨਾ ਮੰਨਿਆਂ ਜਾਂਦਾ ਹੈ॥ ੭੪ ॥

ਤਿਹ ਪ੍ਰਤਿਬੰਧ ਸੰਕਲਪ ਉਠਾਵਨ। ਤਿਹਂ ਤੇ ਪੁਨ ਪੁਨ ਮਨਹਿ ਹਟਾਵਨ।
ਧਯਾਨ ਵਿਖੈ ਜੋਰਹਿ ਠਹਿਰਾਵਹਿ। ਯਹੀ ਧਾਰਨਾ ਨਾਮ ਕਮਾਵਹਿ ॥੭੫ ॥

ਤਿਸ ਵਿਚ ਸੰਕਲਪ ਕਰਨ ਵਿਚ ਰੁਕਾਵਟ ਹੈ, ਇਸ ਤੋਂ ਬਾਰ ਬਾਰ ਮਨ ਹਟਦਾ ਹੈ। ਜਦ ਧਿਆਨ ਲਾ ਕੇ ਸੁਰਤ ਜੋੜੀਏ ਤਾ ਉਸ ਦਾ ਨਾਂ ਹੀ ਧਾਰਨਾ ਹੈ॥ ੭੫॥

ਜਬ ਮਨ ਠਹਿਰਹਿ ਹੋਇ ਅਡੋਲਾ। ਤਿਂਹ ਕੋ ਨਾਮ ਸਮਾਧਿ ਅਡੋਲਾ।
ਸੋ ਸਮਾਧਿ ਹੈ ਉਭੈ ਪ੍ਰਕਾਰੀ। ਨਿਰਵਿਕਲਪ ਸਾਕਲਪ ਉਚਾਰੀ ॥੭੬ ॥

ਜਦ ਮਨ ਅਡੋਲ ਠਹਿਰ ਜਾਵੇ, ਤਾਂ ਉਸ ਨੂੰ ਅਡੋਲ ਸਮਾਧੀ ਨਾਂ ਨਾਲ ਜਾਣਿਆ ਜਾਂਦਾ ਹੈ। ਸਮਾਧੀ ਵੀ ਦੋ ਪ੍ਰਕਾਰ ਦੀ ਹੁੰਦੀ ਹੈ। ਇਨ੍ਹਾਂ ਨੂੰ ਨਿਰਵਿਕਲਪ ਅਤੇ ਸਾਕਲਪ ਦੇ ਤੌਰ ਤੇ ਉਚਾਰਨ ਕੀਤਾ ਜਾਂਦਾ ਹੈ॥ ੭੬ ॥

ਦੋਹਰਾ- ਧਯਾਤਾ, ਧਯਾਨ, ਸੁ ਧੇਯ, ਜੋ ਪ੍ਰਿਥਕ ਪ੍ਰਿਥਕ ਇਕ ਜਾਨ।
ਸੋ 'ਸਾ ਵਿਕਲਪ' ਕਹਤਿ ਹੈਂ ਜੋਗੀ ਪੁਰਖ ਸੁਜਾਨ॥ ੭੭ ॥

ਧਿਆਨ ਲਾਉਣ ਵਾਲਾ ਅਤੇ ਧਿਆਨ ਜੋ ਵੱਖ-ਵੱਖ ਹਨ, ਉਨ੍ਹਾਂ ਨੂੰ ਇਕ ਜਾਣੋ। ਇਸ ਨੂੰ ਚਤੁਰ ਜੋਗੀ ਲੋਕ ਵਿਕਲਪ ਕਹਿੰਦੇ ਹਨ॥ ੭੭॥

ਚੌਪਈ- ਆਪ ਭਿੰਨ ਨਹਿਂ ਭਿੰਨ ਧਿਆਨਾ। ਧੇ ਸਭਿ ਬ੍ਰਹਮ ਰੂਪ ਕਰਿ ਜਾਨਾ।
'ਨਿਰਵਕਲਪ' ਸੋ ਲਖੋ ਸਮਾਧਿ। ਐਸੇ ਅਸ਼ਟ ਅੰਗ ਤਨ ਸਾਧਿ॥੭੮॥

ਨਾ ਆਪ ਭਿੰਨ ਹੈ, ਨਾ ਹੀ ਧਿਆਨ ਭਿੰਨ ਹੈ। ਇਨ੍ਹਾਂ ਸਭ ਨੂੰ ਬ੍ਰਹਮ ਰੂਪ ਕਰਕੇ ਜਾਣਿਆ ਹੈ, ਇਸ ਨੂੰ ਨਿਰਵਕਲਪ ਸਮਾਧੀ ਸਮਝੋ। ਐਸੇ ਅੱਠ ਅੰਗਾਂ ਨੇ ਤਨ ਨੂੰ ਸਾਧਿਆ ਹੈ॥ ੭੮॥

ਬ੍ਰਿੱਤਿ ਅਰੂਢ ਯੋਗ ਮਹਿਂ ਜੋ ਲੋਂ। ਲੇਜ ਤਾਂਹਿ ਕੋ ਰਸ ਸ਼ੁਭ ਤੌਂ ਲੌਂ।
ਉਤਰਹਿ ਬ੍ਰਿੱਤਿ ਯੋਗ ਤੇ ਜਬਹੀ। ਗੁਰੂ ਬਾਨੀ ਸੋਂ ਪਰਚਹਿ ਤਬਹੀ॥੭੯॥

ਯੋਗ ਵਿਚ ਬਿਰਤੀ ਚੜ੍ਹੀ ਹੋਈ ਹੋਵੇ ਤਾਂ ਉਸ ਤੋਂ ਸਭ ਰਸ ਪ੍ਰਾਪਤ ਕਰੋ। ਜਦ ਹੀ ਯੋਗ ਬਿਰਤੀ ਉਤਰ ਜਾਵੇ ਤਾਂ ਉਸ ਵੇਲੇ ਗੁਰਬਾਣੀ ਦਾ ਆਸਰਾ ਲੈਣਾ ਚਾਹੀਦਾ ਹੈ॥ ੭੯॥

ਐਸੇ ਭੀ ਬਹੁ ਕੋ ਕਲਿਆਨਾ। ਭਏ ਜਗਤ ਕੇ ਬੰਧਨ ਹਾਨਾ।
ਦੂਜਾ ਭਗਤਿ ਜੋਗ ਕੋ ਪੰਥਾ। ਅਸ਼ਟ ਅੰਗ ਤਿਹਂ ਭਾਖਤਿ ਗ੍ਰੰਥਾ॥੮੦॥

ਇਸ ਤਰ੍ਹਾਂ ਵੀ ਬਹੁਤ ਲੋਕਾਂ ਦਾ ਕਲਿਆਣ ਹੋਇਆ ਹੈ। ਇਸ ਜਗਤ ਦੇ ਬੰਧਨ ਕੱਟੇ ਗਏ ਹਨ। ਦੂਸਰਾ ਜੋ ਭਗਤੀ ਜੋਗ ਪੰਥ (ਮਾਰਗ) ਹੈ, ਉਸ ਦੇ ਵੀ ਗ੍ਰੰਥਾਂ ਵਿਚ ਅੱਠ ਅੰਗ ਲਿਖੇ ਗਏ ਹਨ॥ ੮੦॥

ਪ੍ਰਿਥਮੇ 'ਯਮ' ਮਨ ਰਾਖਨ ਨੀਵਾ। ਨਿਜ ਗੁਨ ਤੇ ਨਿਰਮਾਨ ਸਦੀਵਾ।
ਦੂਜੇ 'ਨੇਮ' ਜਾਇ ਸਤਿਸੰਗਤਿ। ਕਥਾ ਕੀਰਤਨ ਸੁਨਿ ਮਿਲ ਪੰਗਤਿ॥੮੧॥

ਇਸ ਦਾ ਪਹਿਲਾ ਅੰਗ 'ਯਮ' ਹੈ ਭਾਵ- ਮਨ ਨੂੰ ਸਦਾ ਨੀਵਾਂ ਰਖੋ। ਸਦਾ ਹੀ ਹੰਕਾਰ ਤੋਂ ਰਹਿਤ ਕਰੋ। ਦੂਸਰਾ ਨੇਮ ਹੈ ਕਿ ਰੋਜ਼ ਨਿਯਮ ਨਾਲ ਸਤਿਸੰਗਤਿ ਵਿਚ ਜਾਵੋ ਤੇ ਪੰਗਤਿ ਵਿਚ ਬੈਠ ਕੇ ਕਥਾ ਕੀਰਤਨ ਸਰਵਣ ਕਰੋ॥ ੮੧॥

ਦੋਹਰਾ- ਪਢਨ ਸ਼ਕਤਿ ਜੇ ਹੋਵਈ ਪਢੈ ਨੇਮ ਕਰਿ ਸੋਇ।
ਸੁਣਨਿ ਸ਼ਕਤਿ ਜੇ ਹੋਵਈ ਸੁਨੈ ਸੁ ਇਕ ਮਨ ਹੋਇ॥ ੮੨॥

ਜਿਹੜਾ ਪੜ੍ਹਨ ਜਾਣਦਾ ਹੋਵੇ ਉਹ ਪੜ੍ਹੇ ਅਤੇ ਨੇਮ ਨਾਲ ਪ੍ਰੀਤ ਲਾ ਕੇ। ਜਿਸ ਵਿਚ ਸੁਣਨ ਸ਼ਕਤੀ ਹੈ ਉਹ ਇਕ ਮਨ ਹੋ ਕੇ ਸੁਣੇ॥ ੮੨॥

ਚੌਪਈ- ਤੀਜੇ 'ਦੇਸ਼ ਇਕੰਤ' ਬਖਾਨੈ। ਸਰਬ ਵਿਖੈ ਇਕ ਗੋਬਿੰਦ ਜਾਨੈ।
ਔਰ ਦੂਸਰਾ ਲਖਈ ਨਾਂਹਿ। ਏਕੋ ਬਯਾਪਕ ਸਭਿ ਘਟ ਮਾਂਹਿ॥੮੩॥

ਤੀਸਰੇ ਨੂੰ ਦੇਸ਼ ਇਕੰਤ ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਕੇ ਸਰਬ ਪ੍ਰਾਣੀਆਂ ਵਿਚ ਇਕ ਪ੍ਰਭੂ ਦਾ ਵਾਸਾ ਜਾਣੋ ਅਤੇ ਦੂਸਰਾ ਕੋਈ ਹੋਰ ਨਾ ਸਮਝੋ। ਇਕ ਪ੍ਰਭੂ ਹੀ ਘਟ ਘਟ ਵਿਚ ਵਿਆਪਕ ਹੈ॥ ੮੩॥

ਚੌਥੇ 'ਆਸਨ' ਸਮਝਹੁ ਚਿੱਤ। ਕਰਹਿ ਗੁਬਿੰਦ ਵਿਖੈ ਥਿਤਿ ਬ੍ਰਿੱਤਿ।
ਪੰਚਮ 'ਪ੍ਰਾਣਾਯਾਮੰ' ਚੀਨਿ। ਪੂਰਕ, ਕੁੰਭਕ, ਰੇਚਕ ਤੀਨ॥ ੮੪॥

ਚੌਥਾ ਆਸਣ ਆਪਣਾ ਚਿਤ ਸਮਝੋ ਅਤੇ ਪ੍ਰਭੂ ਨਾਲ ਹਮੇਸ਼ਾ ਆਪਣੀ ਬਿਰਤੀ ਲਾ ਕੇ ਰੱਖੋ। ਪੰਜਵੇਂ ਨੂੰ ਪ੍ਰਾਣਾਯਾਮ ਪਛਾਣੋ, ਇਹ ਤਿੰਨ ਪ੍ਰਕਾਰ ਦੇ ਭਾਵ ਪੂਰਕ, ਕੁੰਭਕ ਅਤੇ ਰੇਚਕ ਹਨ॥ ੮੪॥

ਦੋਹਰਾ- 'ਪੂਰਕ' ਗੁਰੂ ਕੇ ਬਚਨ ਸੁਨਿ ਸਭੈ ਕਰਖ ਕਰਿ ਲੇਯ।
ਬਚ ਸੁਨਿ ਸਮਝੀ ਵਸਤੁ ਜੋ ਰਿਦੇ ਸਦਾ ਥਿਰ ਕੇਯ॥ ੮੫॥

ਪੂਰਕ (ਸਵਾਸ ਅੰਦਰ ਖਿੱਚਣਾ) ਵਿਚ ਗੁਰੂ ਕੇ ਬਚਨ ਸੁਣੋ ਅਤੇ ਸਾਰੇ ਬਚਨਾਂ ਨੂੰ ਆਪਣੇ ਅੰਦਰ ਖਿਚ ਲਵੋ। ਬਚਨ ਸੁਣ ਕੇ ਜੋ ਵਸਤ ਸਮਝੀ ਹੈ, ਉਸ ਨੂੰ ਸਦਾ ਲਈ ਹਿਰਦੇ ਵਿਚ ਸਥਿਰ ਕਰ ਲਵੇ॥ ੮੫॥

ਚੌਪਈ- ਕਰ ਅਭਿਆਸ ਨ ਤਿਹਂ ਪਰਿਹਰੈ। ਸਦ ਠਹਿਰਾਵਨ ਮਨ ਮੈਂ ਕਰੈ।
'ਕੁੰਭਕ' ਦੂਜੋ ਇਸੀ ਪ੍ਰਕਾਰਾ। ਤੀਜੋ ਰੇਚਕ ਕਰੋਂ ਉਚਾਰਾ॥ ੮੬॥

ਅਭਿਆਸ ਕਰੇ ਅਤੇ ਇਸ ਤੋਂ ਕਦੀ ਵੀ ਮਨ ਨੂੰ ਨਾ ਹਟਾਵੇ, ਸਦਾ ਪ੍ਰਭੂ ਨੂੰ ਮਨ ਵਿਚ ਠਹਿਰਾਵੇ। ਦੂਸਰਾ ਕੁੰਭਕ (ਸਵਾਸ ਅੰਦਰ ਠਹਿਰਾਉਣੇ) ਵੀ ਇਸ ਤਰ੍ਹਾਂ ਦਾ ਹੈ। ਤੀਸਰਾ ਰੇਚਕ ਸਵਾਸ ਅੰਦਰ ਉਤਾਰਨ ਦਾ ਉਚਾਰਨ ਕਰੇ॥ ੮੬॥

ਸਤਿਗੁਰੁ ਬਚਨ ਜੁ ਤਜਿਨਾ ਕਹਾ। ਤਿਹਂ ਤਜਿ ਦੇਯ, ਹੋਤਿ ਸੁਖ ਮਹਾਂ।
ਖਸ਼ਟਮ 'ਧਯਾਨ' ਅੰਗ ਸੁਨਿ ਜੈਸੇ। ਪਢਨ ਸੁਨਨ ਗੁਰ ਬਚ ਜਬ ਬੈਸੇ॥੮੭॥

ਸਤਿਗੁਰੂ ਜਿਹੜੇ ਬਚਨ ਛੱਡਣ ਨੂੰ ਕਹਿੰਦੇ ਹਨ, ਉਨ੍ਹਾਂ ਨੂੰ ਛੱਡ ਦੇਵੇ, ਬਹੁਤ ਸੁੱਖ ਪ੍ਰਾਪਤ ਹੋਵੇਗਾ। ਛੇਵਾਂ ਧਿਆਨ ਅੰਗ ਬਾਰੇ ਸੁਣੋ ਜਿਸ ਤਰ੍ਹਾਂ ਦਾ ਹੈ। ਜਦ ਗੁਰੂ ਜੀ ਦੇ ਬਚਨ ਪੜ੍ਹਨ ਸੁਣਨ ਲਈ ਬੈਠੋ॥ ੮੭॥

ਸਬਦ ਅਰਥ ਮਹਿਂ ਰਾਖਹਿ ਧਯਾਨਾ। ਫੁਰਨ ਦੇਯ ਸੰਕਲਪ ਨ ਆਨਾ।
ਸਪਤਮ ਅਹੈ 'ਧਾਰਨਾ' ਅੰਗਾ। ਤਿਸ ਸਰੂਪ ਸੁਨਿਯੇ ਰੁਚਿ ਸੰਗਾ॥੮੮॥

ਸ਼ਬਦ ਅਰਥ ਵਿਚ ਪੂਰਾ ਧਿਆਨ ਰਖੋ। ਕਿਸੇ ਵੀ ਸੰਕਲਪ ਦਾ ਫੁਰਨਾ ਫੁਰਨ ਨਾ ਦੇਵੇ। ਸਤਵੀਂ 'ਧਾਰਨਾ' ਅੰਗ ਇਸ ਤਰ੍ਹਾਂ ਹੈ, ਉਸ ਦੇ ਸਰੂਪ ਬਾਰੇ ਬੜੇ ਪ੍ਰੇਮ ਨਾਲ ਸੁਣੋ॥੮੮॥

ਮਨ ਸੰਕਲਪ ਵਿਖੈ ਜੇ ਜਾਵਹਿ। ਪੁਨ ਮਨ ਰੋਕਿ ਸ਼ਬਦ ਮਹਿਂ ਲਾਵਹਿ।
ਜਬ ਮਨ ਟਿਕਜੋ ਘਟੀ ਦੋ ਚਾਰਾ। ਤਿਂਹ ਕੋ ਨਾਮ 'ਸਮਾਧਿ' ਉਚਾਰਾ॥੮੯॥

ਮਨ ਵਿਚ ਜੇ ਕੋਈ ਸੰਕਲਪ ਆ ਜਾਵੇ, ਤਾਂ ਮਨ ਨੂੰ ਰੋਕ ਕੇ ਫਿਰ ਸ਼ਬਦ ਵਿਚ ਲਾਵੇ। ਜਦ ਮਨ ਦੋ ਚਾਰ ਘੜੀਆਂ ਟਿਕ ਜਾਵੇ, ਉਸ ਅੰਗ ਨੂੰ ਸਮਾਧੀ ਕਹਿੰਦੇ ਹਨ॥ ੮੯॥

ਸ਼ਬਦ ਵਿਖੈ ਜਬ ਲਗੀ ਸਮਾਧਿ। ਤਿਸਹਿ ਵਧਾਵੈ ਤਨ ਮਨ ਸਾਧਿ।
ਅਸ਼ਟ ਜਾਮ ਮਨ ਸ਼ਬਦ ਵਿਖੈ ਜਬ। ਪੂਰਨ ਹੋਤਿ ਸਮਾਧਿ ਭਲੇ ਤਬ॥੯੦॥

ਸ਼ਬਦ ਵਿਖੇ ਜਦ ਸਮਾਧੀ ਲੱਗ ਜਾਵੇ, ਤਨ ਮਨ ਸਾਧਣ ਨਾਲ ਉਹ ਵਧ ਜਾਂਦੀ ਹੈ। ਜਦ ਅੱਠ ਪਹਿਰ ਸ਼ਬਦ ਵਿਖੇ ਮਨ ਲਗਿਆ ਰਹੇ, ਤਦ ਸਮਾਧੀ ਭਲੀ ਪ੍ਰਕਾਰ ਪੂਰਨ ਹੁੰਦੀ ਹੈ॥੯੦॥

ਦੋਹਰਾ- ਭਗਤਿ ਜੋਗ ਇਹ ਜਾਨਿਯੇ ਕਲਿ ਮਹਿ ਪੰਥ ਸੁਖੇਨ।
ਕਸ਼ਟ ਜੋਗ ਦੁਸ਼ਤਰ ਅਹੈ ਹੋਇ ਨ ਜੇਨੰਕੇਨ॥ ੯੧॥

ਪ੍ਰਭੂ ਨੂੰ ਪਾਉਣ ਦਾ ਭਗਤੀ ਜੋਗ ਨੂੰ ਇਸ ਕਲਿਯੁਗ ਵਿਚ ਸਭ ਤੋਂ ਸੌਖਾ ਮਾਰਗ ਸਮਝੋ। ਕਸ਼ਟ (ਹਠ) ਜੋਗ ਬੜਾ ਔਖਾ ਅਤੇ ਕਠਨ ਹੈ, ਇਸ ਕਰਕੇ ਕਿਸੇ ਤੋਂ ਨਹੀਂ ਹੋ ਸਕਦਾ॥ ੯੧॥

ਚੌਪਈ- ਸ੍ਰੀ ਗੁਰੁ ਮੁਖ ਤੇ ਸੁਨਿ ਉਪਦੇਸ਼ੂ। ਹਾਥ ਜੋਰਿ ਪਗ ਪਰਯੋ ਨਰੇਸ਼ੂ।
ਸੀਖਯੋ ਚਾਹਤਿ ਯੋਗ ਬਹੋਰੀ। ਰਿਦੇ ਲਾਲਸਾ ਜਾਂਹਿ ਨ ਥੋਰੀ॥ ੯੨॥

ਗੁਰੂ ਜੀ ਪਾਸੋਂ ਇਹ ਉਪਦੇਸ਼ ਸੁਣ ਕੇ, ਰਾਜਾ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਮੈਂ ਯੋਗ ਬਾਰੇ ਸਿੱਖਣਾ ਚਾਹੁੰਦਾ ਸੀ, ਹਿਰਦੇ ਵਿਚ ਬਹੁਤ ਵੱਡੀ ਲਾਲਸਾ ਸੀ॥ ੬੨ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ਼ਿਵਨਾਭ ਉਪਦੇਸ਼' ਪ੍ਰਸੰਗ ਬਰਨਨੰ ਨਾਮ ਅਠਤਾਲੀਸਮੋ ਅਧਯਾਯ॥ ੪੮ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅੱਠਤਾਲੀਵਾਂ ਅਧਿਆਇ, ਜਿਸ ਦਾ ਨਾਮ "ਸ਼ਿਵਨਾਭ ਪ੍ਰਤਿ ਉਪਦੇਸ਼, ਯੋਗ" ਹੈ, ਸਮਾਪਤ ਹੋਇਆ॥ ੪੮ ॥

# ਅਧਿਆਇ ਉਣੰਜਵਾਂ

*ਤ੍ਰਿਯਾ ਰਾਜ ਉਪਦੇਸ਼।*

ਦੋਹਰਾ- ਸ੍ਰੀ ਗੁਰ ਪਦ ਨਖ ਕ੍ਰਾਂਤਿ ਜੋ ਚਿੰਤਾਮਨਿਹਿ ਸਮਾਨ॥
ਚਿਤਵੇ ਮੰਗਲ ਸਰਬਦਾ ਵਿਘਨ ਦੋਖ ਗਨ ਹਾਨਿ॥ ੧ ॥

ਸ੍ਰੀ ਗੁਰੂ ਜੀ ਦੇ ਚਰਨਾਂ ਦੇ ਨਹੁੰਆ ਦੀ ਜੋ ਕ੍ਰਾਂਤੀ ਹੈ, ਉਹ ਚਿੰਤਾਮਣੀ ਦੇ ਤੁੱਲ ਹੈ, ਜਿਸ ਨੂੰ ਚਿਤਵਨ ਨਾਲ ਸਾਰੇ ਵਿਘਨਾਂ ਅਤੇ ਪਾਪਾਂ ਦਾ ਨਾਸ ਹੁੰਦਾ ਹੈ ਅਤੇ ਸਦਾ ਮੰਗਲ ਦੀ ਪ੍ਰਾਪਤੀ ਹੁੰਦੀ ਹੈ॥ ੧ ॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨਿ ਕਰਿ ਸ੍ਰੀ ਗੁਰ ਕੋ ਉਪਦੇਸ਼ਾ। ਹਾਥ ਬੰਦਿ ਦ੍ਵੈ ਕਹਿਤਿ ਨਰੇਸ਼ਾ।
'ਮਨ ਨਿਰਮਲ ਕੇ ਮਾਰਗ ਦੋਊ। ਕਰੁਨਾ ਕਰਿ ਬਖਸ਼ਹੁ, ਦੁਖ ਖੋਊ ! ॥੨ ॥

*ਭਾਈ ਬਾਲੇ ਨੇ ਕਿਹਾ-* ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣ ਕੇ ਰਾਜਾ ਸ਼ਿਵਨਾਭ ਹੱਥ ਜੋੜ ਕੇ ਕਹਿਣ ਲੱਗਾ, "ਮਨ ਨੂੰ ਨਿਰਮਲ ਕਰਨ ਦੇ ਦੋ ਹੀ ਮਾਰਗ ਹਨ। ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਕਿਰਪਾ ਕਰਕੇ ਸਾਨੂੰ ਬਖਸ਼ ਦੇਵੋ॥੨ ॥

ਕਰਹੁ ਸਰਬ ਮਮ ਦੇਸ਼ ਨਿਹਾਲਾ। ਤੁਮ ਸਮਾਨ ਨਹਿੰ ਆਨ ਕ੍ਰਿਪਾਲਾ।
ਕਰਹੁ ਸਦੀਵ ਬਾਸ ਮੁਝ ਸਦਨਾ। ਹਰਖੋਂ ਹੇਰਿ ਕਮਲ ਸਮ ਬਦਨਾ ॥੩ ॥

ਮੇਰੇ ਸਾਰੇ ਦੇਸ਼ ਨੂੰ ਨਿਹਾਲ ਕਰੋ, ਤੁਹਾਡੇ ਵਰਗਾ ਹੋਰ ਕੋਈ ਕਿਰਪਾਲੂ ਨਹੀਂ ਹੈ। ਮੇਰੇ ਘਰ ਸਦਾ ਲਈ ਨਿਵਾਸ ਕਰੋ, ਮੈਂ ਕਮਲ ਵਰਗੇ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋਵਾਂਗਾ॥ ੩ ॥

ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਏ ਨਿਜ ਦੇਨਿ ਭਰੋਸਾ।
ਤਿਸੀ ਪ੍ਰਕਾਰ ਰਹਿਨ ਅਬ ਕੀਜੈ। ਸਰਬ ਦੇਸ਼ ਉਪਦੇਸ਼ਹਿ ਦੀਜੈ' ॥੪ ॥

ਜਿਸ ਪ੍ਰਕਾਰ ਤੁਸੀਂ ਕਿੰਨੇ ਕੋਹ ਚਲ ਕੇ ਮੈਨੂੰ ਭਰੋਸਾ ਦੇਣ ਵਾਸਤੇ ਆਏ ਹੋ, ਉਸ ਤਰ੍ਹਾਂ ਹੀ ਹੁਣ ਮੇਰੇ ਪਾਸ ਰਹੋ ਅਤੇ ਸਾਰੇ ਦੇਸ਼ ਨੂੰ ਉਪਦੇਸ਼ ਦੇਵੋ॥ ੪ ॥

ਪ੍ਰੇਮ ਬਿਨੈ ਸਨ ਬਾਣੀ ਸੁਨਿਕੈ। ਪਗ ਪਾਹੁਲ ਦੀਨੀ ਸਿਖ ਗੁਨਿਕੈ।
ਧਰਮਸਾਲ ਮਹਿੰ ਕੀਨ ਬਸੇਰਾ। ਸਰਬ ਦੇਸ਼ ਹੋਵਤਿ ਭਾ ਚੇਰਾ॥ ੫ ॥

ਰਾਜੇ ਦੀ ਪ੍ਰੇਮ-ਭਿੰਨੀ ਬੇਨਤੀ ਸੁਣ ਕੇ, ਗੁਰੂ ਜੀ ਨੇ ਉਸ ਨੂੰ ਆਪਣਾ ਸੱਚਾ ਸਿੱਖ ਜਾਣ ਕੇ ਚਰਨ ਪਾਹੁਲ ਦਿੱਤੀ। ਧਰਮਸਾਲਾ ਵਿਚ ਆਪਣਾ ਨਿਵਾਸ ਕਰ ਲਿਆ ਅਤੇ ਸਾਰਾ ਦੇਸ਼ ਹੀ ਉਨ੍ਹਾਂ ਦਾ ਸੇਵਕ ਹੋ ਗਿਆ॥ ੫॥

ਭੂਪਤਿ ਯੋਗ ਦੇਨ ਕੇ ਕਾਜਾ। ਪ੍ਰਾਣ ਸੰਗਲੀ ਗ੍ਰੰਥ ਸੁ ਸਾਜਾ।
ਇਕ ਸੌ ਤੇਰਹਿ ਧਯਾਇ ਬਖਾਨੇ। ਜਿਹ ਪਢਿ ਯੋਗ ਕਲਾ ਸਭਿ ਜਾਨੇ॥੬॥

ਰਾਜੇ ਨੂੰ ਭਗਤੀ ਜੋਗ ਦੇਣ ਵਾਸਤੇ 'ਪ੍ਰਾਣ ਸੰਗਲੀ' ਗ੍ਰੰਥ ਦੀ ਰਚਨਾ ਕੀਤੀ। ਉਸ ਦੇ ਇਕ ਸੌ ਤੇਰਾਂ ਅਧਿਆਇ ਬਣਾਏ, ਜਿਸ ਨੂੰ ਪੜ੍ਹ ਕੇ ਜੋਗ ਕਲਾ ਦੀ ਸੋਝੀ ਹੋ ਜਾਂਦੀ ਹੈ॥ ੬॥

ਦੇ ਕਰਿ ਸੋ ਸੌਂਪਯੋ ਅਵਨੀਪਾ। ਬੋਲੇ ਪੁਨ ਬੇਦੀ ਕੁਲਦੀਪਾ।
'ਜਬ ਸਿਖ ਕੋ ਆਵਹਿ ਹਮ ਦੇਸ਼ੂ। ਜਾਚਹਿ ਤੁਮ ਪੈ ਦੇਹੁ, ਨਰੇਸ਼ੂ!'॥੭॥

ਉਸ ਗ੍ਰੰਥ ਨੂੰ ਆਪਣੇ ਕਰ ਕਮਲਾਂ ਨਾਲ ਰਾਜੇ ਨੂੰ ਸੌਂਪਿਆ ਅਤੇ ਬਾਅਦ ਵਿਚ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਬੋਲੇ, "ਜਦ ਕੋਈ ਸਿੱਖ ਮੇਰੇ ਦੇਸ਼ ਤੋਂ ਆਵੇ ਅਤੇ ਗ੍ਰੰਥ ਦੀ ਮੰਗ ਕਰੇ ਤਾਂ ਉਸ ਨੂੰ ਦੇ ਦੇਣਾ"॥ ੭॥

ਚੌਪਈ- ਚਿਰੰਕਾਲ ਪੁਨ ਕੀਨ ਬਸੇਰਾ। ਭਯੋ ਸੁ ਦੇਸ਼ ਨਿਹਾਲ ਘਨੇਰਾ।
'ਭਗਤਿ ਜੋਗ' 'ਹਠ ਜੋਗ' ਜੁ ਦੋਊ। ਕਿਯੇ ਪ੍ਰਪੱਕ ਭੂਪ ਮਨ ਸੋਊ॥੮॥

ਉਥੇ ਕਾਫੀ ਦੇਰ ਤਕ ਨਿਵਾਸ ਰੱਖਿਆ। ਸਾਰਾ ਦੇਸ਼ ਬਹੁਤ ਨਿਹਾਲ ਹੋ ਗਿਆ। ਭਗਤੀ ਜੋਗ ਅਤੇ ਹੱਠ ਜੋਗ ਜਿਹੜੇ ਸਨ, ਰਾਜੇ ਨੇ ਉਹ ਦੋਵੇਂ ਚੰਗੀ ਤਰ੍ਹਾਂ ਆਪਣੇ ਮਨ ਵਿਚ ਪੱਕੇ ਕਰ ਲਏ॥ ੮॥

ਸਿੱਖੀ ਪ੍ਰਗਟੀ ਦੇਸ਼ ਮਝਾਰੇ। ਸ੍ਰੀ ਸਤਿਗੁਰੂ ਕੇ ਜਾਪ ਉਚਾਰੇ।
ਭੋ ਸ਼ਿਵਨਾਭ ਅਧਿਕ ਪਰਤਾਪਾ। ਚਢਿ ਕਰਿ ਸਭਿ ਸ਼ੱਤ੍ਰੁਨ ਕੋ ਖਾਪਾ॥੯॥

ਸਾਰੇ ਦੇਸ਼ ਵਿਚ ਸਿੱਖੀ ਪ੍ਰਗਟ ਹੋਈ, ਸ੍ਰੀ ਸਤਿਗੁਰੂ ਜੀ ਨੂੰ ਜਪ ਕੇ ਉਚਾਰਦੇ ਸਨ। ਰਾਜੇ ਸ਼ਿਵਨਾਭ ਦਾ ਅਧਿਕ ਪਰਤਾਪ ਵਧ ਗਿਆ। ਦੁਸ਼ਮਣਾਂ ਉਤੇ ਚੜ੍ਹਾਈ ਕਰਕੇ ਸਾਰੇ ਵੈਰੀਆਂ ਦਾ ਨਾਸ਼ ਕਰ ਦਿੱਤਾ॥ ੯॥

ਧਰਮ ਸਾਲ ਮਹਿਂ ਦੇਗ ਬਿਸਾਲਾ। ਕਰਵਾਵਹਿਂ ਸਤਿਗੁਰੂ ਕ੍ਰਿਪਾਲਾ।
ਮਨ ਇਕੀਸ ਜਹਿਂ ਲੋਨ ਮਿਲਾਏ। ਇਤੋ ਅਹਾਰ ਹੋਇ ਸਭਿ ਖਾਏਂ॥੧੦॥

ਧਰਮਸਾਲਾ ਵਿਚ ਬੜਾ ਵੱਡਾ ਲੰਗਰ ਚਲਦਾ ਹੈ, ਜਿਸ ਨੂੰ ਕ੍ਰਿਪਾਲੂ ਸਤਿਗੁਰੂ ਜੀ ਚਲਾਉਂਦੇ ਹਨ। ਏਡਾ ਵੱਡਾ ਲੰਗਰ ਹੈ ਕਿ ਇਕ ਦਿਨ ਵਿਚ ਇੱਕੀ ਮਣ ਲੂਣ ਹੀ ਦਾਲਾਂ, ਸਬਜ਼ੀਆਂ ਭਾਜੀਆਂ ਆਦਿ ਵਿਚ ਲੱਗ ਜਾਂਦਾ ਹੈ, ਏਨਾ ਵੱਡਾ ਭੰਡਾਰਾ ਲਗਦਾ ਹੈ ਕਿ ਸਭ ਲੋਕ ਲੰਗਰ ਛਕਦੇ ਹਨ।

ਕੀਰਤਨਿ ਸੱਤਿਨਾਮੁ ਕੋ ਹੋਵੈ। ਜੋ ਬਹੁ ਜਨ ਮਨ ਕਲਮਲ ਖੋਵੈ।
ਦਿਨਪ੍ਰਤਿ ਚਲਨ ਚਹਿਤਿ ਜਗਤੇਸ਼ਾ। ਕਰਹਿ ਭਾਉ ਬਹੁ ਰਖਹਿ ਨਰੇਸ਼ਾ॥੧੧॥

ਸਤਿਨਾਮ ਦਾ ਕੀਰਤਨ ਹੁੰਦਾ ਹੈ, ਜਿਸ ਨਾਲ ਬਹੁਤ ਲੋਕਾਂ ਦੇ ਪਾਪਾਂ ਦਾ ਨਾਸ਼ ਹੁੰਦਾ ਹੈ। ਜਗਤ ਦੇ ਈਸ਼ਵਰ ਭਾਵ ਗੁਰੂ ਜੀ ਹਰ ਰੋਜ਼ ਚਲਣ ਵਾਸਤੇ ਕਹਿੰਦੇ ਹਨ, ਪਰ ਰਾਜਾ ਬਹੁਤ ਪ੍ਰੇਮ ਕਰਕੇ ਉਨ੍ਹਾਂ ਨੂੰ ਰੱਖ ਲੈਂਦਾ ਹੈ॥ ੧੧॥

ਕਰੀ ਪ੍ਰਪੱਕ ਸਿੱਖੀ ਕੀ ਰੀਤਾ। ਨਿਤਪ੍ਰਤਿ ਵਧਹਿ ਭਜਨ ਮਹਿਂ ਪ੍ਰੀਤਾ।
ਕਰਯੋ ਗਯਾਨ ਮਹਿਂ ਪੂਰਨ ਰਾਊ। ਸ੍ਰੀ ਨਾਨਕ ਜੀ ਦਯਾਲੁ ਸੁਭਾਊ॥੧੨॥

ਸਿੱਖੀ ਦੀ ਰੀਤ ਪੱਕੀ ਕਰ ਦਿੱਤੀ ਹੈ। ਨਿਤਪ੍ਰਤਿ ਲੋਕਾਂ ਦੀ ਕੀਰਤਨ ਕਰਨ ਅਤੇ ਸੁਣਨ ਵਿਚ ਪ੍ਰੀਤ ਵਧਦੀ ਜਾ ਰਹੀ ਹੈ। ਰਾਜੇ ਨੂੰ ਗਿਆਨ ਵਿਚ ਸੰਪੂਰਣ ਕਰ ਦਿੱਤਾ ਹੈ। ਗੁਰੂ ਨਾਨਕ ਜੀ ਦਾ ਬੜਾ ਦਿਆਲੂ ਸੁਭਾਅ ਹੈ॥ ੧੨॥

ਬਹੁਰੋ ਮੰਜੀ ਪਰ ਬੈਸਾਰਾ। ਕਿਯੋ ਪੂਜ ਤਿਹ ਦੇਸ਼ ਮਝਾਰਾ।
ਆਪ ਗਵਨ ਕੀ ਕੀਨੀ ਤਯਾਰੀ। ਚਹਿਤ ਨ ਬਿਛਰਯੋ ਨ੍ਰਿਪ ਬ੍ਰਿਹੁ ਭਾਰੀ ॥੧੩॥

ਫਿਰ ਰਾਜੇ ਨੂੰ ਮੰਜੀ ਤੇ ਬਿਠਾਇਆ ਭਾਵ ਰਾਜੇ ਨੂੰ ਗੁਰਮੁਖ ਦੀ ਪਦਵੀ ਦਿੱਤੀ ਅਤੇ ਉਸ ਨੂੰ ਅਧਿਕਾਰ ਦਿੱਤਾ ਕਿ ਉਹ ਆਪ ਨਾਮ ਜਪੇ ਤੇ ਹੋਰਨਾਂ ਨੂੰ ਨਾਮ ਜਪਾਵੇ। ਉਸ ਨੂੰ ਦੇਸ਼ ਵਿਚ ਪੂਜਾਯੋਗ ਬਣਾ ਦਿੱਤਾ। ਆਪ ਚੱਲਣ ਦੀ ਤਿਆਰੀ ਕੀਤੀ, ਰਾਜਾ ਵਿਛੜਣਾ ਨਹੀ ਸੀ ਚਾਹੁੰਦਾ, ਇਸ ਲਈ ਵਿਛੋੜੇ ਦਾ ਭਾਰੀ ਦੁੱਖ ਮਨਾਇਆ ॥ ੧੩॥

ਕਮਲ ਬਦਨ ਪੁਨ ਬਚਨ ਬਖਾਨੇ। 'ਸੁਨਿ ਰਾਜਨ ਭੋ ਪਰਮ ਸਯਾਨੇ !।
ਅਬ ਤੁਝ ਪੂਰਨ ਭਯੋ ਬਿਬੇਕਾ। ਹਮ ਕਰਨੇ ਹੈਂ ਕਾਜ ਅਨੇਕਾ ॥੧੪॥

ਕਮਲ ਮੁਖ ਭਾਵ ਗੁਰੂ ਜੀ ਨੇ ਬਚਨ ਕਹੇ, "ਹੇ ਰਾਜਨ ਸੁਣੋ, ਤੁਸੀ ਬਹੁਤ ਸਿਆਣੇ ਹੋ, ਹੁਣ ਤੁਹਾਨੂੰ ਪੂਰਨ ਗਿਆਨ ਹੋ ਗਿਆ ਹੈ, ਅਸੀਂ ਤਾਂ ਹੋਰ ਅਨੇਕ ਕਾਰਜ ਕਰਨੇ ਹਨ॥ ੧੪॥

ਚੌਪਈ- ਧਰਹੁ ਧਯਾਨ,ਮੈਂ ਸਦਾ ਸਮੀਪਾ। ਅਸ ਸੁਨਿ ਗਦ ਗਦ ਭਾ ਅਵਨੀਪਾ।
ਸਰਬ ਪ੍ਰਕਾਰ ਦੀਨਿ ਤਿਹ ਧੀਰਾ। ਗਮਨ ਕਿਯੋ ਪੁਨਿ ਗੁਨੀ ਗਹੀਰਾ ॥੧੫॥

ਜਦ ਵੀ ਮੇਰਾ ਧਿਆਨ ਧਰੇਂਗਾ, ਮੈਂ ਹਰ ਵੇਲੇ ਤੇਰੇ ਪਾਸ ਹੋਵਾਂਗਾ।" ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ। ਗੁਣੀ ਗਹੀਰਾ ਭਾਵ ਗੁਰੂ ਜੀ ਫਿਰ ਚਲੇ ਗਏ॥ ੧੫॥

ਪੂਜਾ ਨ੍ਰਿਪ ਕੀ ਸ੍ਰੀ ਗੁਰੂ ਪਾਛੇ। ਸਰਬ ਦੇਸ਼ ਕਰਿਹੀ ਬਿਧਿ ਆਛੇ।
ਬਰ ਪਾਵਹਿਂ ਜੋ ਜਿਹ ਮਨ ਭਾਵਾ। ਕਰਹਿਂ ਸਦਾ ਸਤਿਸੰਗ ਸੁਹਾਵਾ ॥੧੬॥

ਗੁਰੂ ਜੀ ਦੇ ਜਾਣ ਤੋਂ ਬਾਅਦ, ਸਾਰਾ ਦੇਸ਼ ਹੀ ਚੰਗੀ ਵਿਧੀ ਅਨੁਸਾਰ ਰਾਜੇ ਦੀ ਪੂਜਾ ਕਰਨ ਲੱਗਾ। ਆਪਣਾ ਮਨ-ਭਾਉਂਦਾ ਵਰ ਪਾਉਂਦੇ ਹਨ ਅਤੇ ਸੁਹਾਵਣਾ ਸਤਿਸੰਗ ਕਰਦੇ ਹਨ॥ ੧੬॥

ਸ੍ਵੈਯਾ- ਦੇਸ਼ ਤਿਸੀ ਜਗਤੇਸ਼ ਗਏ ਜਹਿਂ ਅੰਗਨਾ ਰਾਜ ਕਰੈ ਪੁਰਿ ਮਾਂਹੀ।
ਮੈਂ ਮਰਦਾਨਾ ਦੁਊ ਪਸ਼ਚਾਤ ਚਲੇ ਗੁਰੂ ਨਾਨਕ ਆਗੈ ਸੁ ਜਾਹੀਂ।
ਦੰਭ ਨਸਾਵਨ ਨਾਮ ਜਪਾਵਨ, ਜਾਵਨ ਕਾਰਨ ਆਨਕੋ ਨਾਂਹੀ।
ਪਾਵਕ ਸਾਗਰ ਹੇਰਿ ਅਗਾਹ ਕਿਯੋ ਹਰਿ ਕੀਰਤਿ ਸੇਤ ਕੋ ਤਾਂਹੀ ॥੧੭॥

ਗੁਰੂ ਜੀ ਫਿਰ ਚਲਦੇ ਚਲਦੇ ਉਸ ਨਗਰ ਵਿਚ ਚਲੇ ਗਏ, ਜਿਸ ਨਗਰ ਉਤੇ ਇਕ ਇਸਤਰੀ ਦਾ ਰਾਜ ਸੀ। ਮੈਂ ਅਤੇ ਮਰਦਾਨਾ ਦੋਵੇਂ ਪਿਛੇ-ਪਿਛੇ ਜਾ ਰਹੇ ਸੀ ਅਤੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ। ਪਖੰਡ ਨੂੰ ਦੂਰ ਕਰਨ ਅਤੇ ਨਾਮ ਜਪਾਉਣ ਵਾਸਤੇ ਉਹ ਜਾ ਰਹੇ ਸਨ, ਹੋਰ ਉਨ੍ਹਾਂ ਨੂੰ ਕੋਈ ਕੰਮ ਨਹੀ ਸੀ। ਅੱਗੇ ਅੱਗ ਦਾ ਸਾਗਰ ਵੇਖ ਕੇ ਪ੍ਰਭੂ ਦੀ ਕੀਰਤੀ ਕੀਤੀ, ਜਿਸ ਨਾਲ ਅਗਨ ਸਾਗਰ ਸੀਤਲ ਹੋ ਗਿਆ॥ ੧੭॥

ਭੂਰ ਹੁਤੋ ਪੁਰਿ, ਨਾਰ ਨਰੇਸ਼ਨ ਤਾਂਹੀ ਕੇ ਮੱਧ ਗਏ ਗਤਿ ਦਾਨੀ।
ਬੀਥਿਕਾ ਹੇਰਿ ਬਰੇ ਬਿਪਨੀ ਪੁਨ, ਆਪਨ ਭਾਂਤਿ ਅਨੇਕਨ ਠਾਨੀ।
ਬੈਨ ਭਨੇ ਮਰਦਾਨੇ ਤਬੈ 'ਮੁਝ ਆਇਸੁ ਦੇਹੁ ਪਿਵੌਂ ਕਿਤ ਪਾਨੀ।
ਲਾਗ ਪਿਪਾਸ ਰਹੀ ਮੁਖ ਸੂਕਤਿ,ਆਪ ਚਲੋ, ਗਲਿ ਜਾਉਂ ਸੰਗਾਨੀ ॥੧੮॥

ਨਗਰ ਬਹੁਤ ਵੱਡਾ ਸੀ ਅਤੇ ਇਕ ਇਸਤਰੀ ਉਸ ਸ਼ਹਿਰ ਦੀ ਰਾਜਾ ਸੀ, ਉਸ ਸ਼ਹਿਰ ਵਿਚ ਮੁਕਤੀਦਾਤੇ ਗੁਰੂ ਜੀ ਚਲੇ ਗਏ। ਇਕ ਗਲੀ ਵੇਖ ਕੇ ਉਸ ਅੰਦਰ ਚਲੇ ਗਏ, ਜਿਥੇ ਇਕ ਵੱਡੀ ਮੰਡੀ ਸੀ ਅਤੇ ਬਹੁਤ ਦੁਕਾਨਾਂ ਸਨ। ਉਸ ਸਮੇਂ

ਮਰਦਾਨੇ ਨੇ ਇਸ ਤਰ੍ਹਾਂ ਕਿਹਾ, "ਮੈਨੂੰ ਆਗਿਆ ਦੇਵੋ ਮੈਂ ਕਿਤੇ ਜਾ ਕੇ ਪਾਣੀ ਪੀ ਆਵਾਂ। ਮੈਨੂੰ ਬਹੁਤ ਪਿਆਸ ਲੱਗੀ ਹੈ, ਅਤੇ ਮੂੰਹ ਸੁੱਕ ਰਿਹਾ ਹੈ, ਆਪ ਤੁਰੇ ਚਲੋ, ਮੈਂ ਦੌੜ ਕੇ ਪਿਛੋਂ ਆਪ ਨੂੰ ਆ ਮਿਲਾਂਗਾ" ॥ ੧੮ ॥

ਦੋਹਰਾ- ਇਹ ਬਿਧਿ ਬਦਿਕਰਿ ਬਦਨ ਤੇ ਲੇ ਦੁਖ ਕਦਨ ਰਜਾਇ।
ਗਯੋ ਸੰਗ ਤਜਿ ਸਦਨ ਇਕ, ਜਾਚਯੋ 'ਜਲ ਮੁਝ ਪਯਾਇ' ॥ ੧੯ ॥

ਇਸ ਤਰ੍ਹਾਂ ਗੱਲਾਂ ਕਰਕੇ ਅਤੇ ਦੁੱਖਾਂ ਦਾ ਨਾਸ ਕਰਨ ਵਾਲੇ ਗੁਰੂ ਜੀ ਤੋਂ ਆਗਿਆ ਲੈ ਕੇ, ਸਾਡਾ ਸਾਥ ਛੱਡ ਕੇ ਇਕ ਘਰ ਅੰਦਰ ਚਲਾ ਗਿਆ ਅਤੇ ਜਾ ਕੇ ਕਿਹਾ, "ਮੈਨੂੰ ਪਾਣੀ ਪਿਆਓ" ॥ ੧੯ ॥

ਸ੍ਵੈਯਾ- ਇਕ ਤੀਯ ਹੁਤੀ ਤਿਨ ਬੋਲ ਲਯੋ 'ਤੁਮ ਅੰਤਰ ਆਨਿ ਕਰੋ ਜਲ ਪਾਨਾ।
ਕਿਤ ਦੇਸ਼ ਰਹੋ ਕਿਤ ਜਾਵਹੁਗੇ? ਨਿਜ ਨਾਮ ਬਤਾਵਹੁ ਭਾਖਿ, ਸੁਜਾਨਾ !।
ਤਵ ਰੂਪ ਅਪੂਰਬ ਹੇਰਤਿ ਹੋਂ, ਇਵ ਬੈਨ ਭਨੈ ਪੁਨਿ ਤਾਂ ਸਨਮਾਨਾ।
ਸਨਯੋ ਇਹ, ਅੰਤਰ ਜਾਤ ਭਯੋ, ਤਹਿਂ ਬੈਸ ਗਯੋ ਮਚ ਪੈ ਮਰਦਾਨਾ ॥੨੦॥

ਓਥੇ ਇਕ ਇਸਤਰੀ ਖੜੀ ਸੀ ਬੋਲੀ, "ਅੰਦਰ ਆ ਕੇ ਜਲ ਛੱਕ ਲਵੋ। ਕਿਹੜੇ ਦੇਸ਼ ਵਿਚ ਰਹਿੰਦੇ ਹੋ ਅਤੇ ਕਿਥੇ ਹੁਣ ਜਾਵੋਗੇ ? ਹੇ ਚਤਰ ਮਨੁਖ ! ਆਪਣਾ ਨਿਜੀ ਨਾਮ ਦੱਸੋ। ਤੁਹਾਡਾ ਸੁੰਦਰ ਸਰੂਪ ਵੇਖਿਆ ਹੈ। ਇਸ ਤਰ੍ਹਾਂ ਉਸ ਇਸਤਰੀ ਨੇ ਆਦਰ ਭਰੇ ਸ਼ਬਦ ਕਹੇ। ਜਦ ਇਸਤਰੀ ਦੇ ਆਦਰ ਵਾਲੇ ਸ਼ਬਦ ਸੁਣੇ ਤਾਂ ਮਰਦਾਨਾ ਅੰਦਰ ਚਲਾ ਗਿਆ ਅਤੇ ਇਕ ਮੰਜੀ ਤੇ ਬੈਠ ਗਿਆ॥ ੨੦॥

'ਦੇਸ਼ ਪੰਜਾਬ ਲਖੋ ਧਰ ਦੂਰ ਸੋ, ਨਾਮ ਹਮਾਰ ਅਹੈ ਮਰਦਾਨਾ।
ਕੇਵਲ ਕਾਰਨ ਦੇਸ਼ਨ ਦੇਖਨ, ਕਾਜ ਨ ਆਨਹਿ ਕੀਨ ਪਯਾਨਾ।
ਸੋ ਸੁਨਿ ਪਾਨ ਪਿਆਵਨ ਕੇ ਮਿਸਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ।
ਏਂਢਕ ਭਾ ਪਲਟੀ ਨਰ ਦੇਹ ਕੁਰੂਪ ਭਯੋ ਮੁਖ ਬੋਲਤਿ ਆਨਾ ॥੨੧॥

ਮੇਰਾ ਦੇਸ ਪੰਜਾਬ ਹੈ ਅਤੇ ਏਥੋਂ ਬਹੁਤ ਦੂਰ ਹੈ ਅਤੇ ਮੇਰਾ ਨਾਮ ਮਰਦਾਨਾ ਹੈ। ਕੇਵਲ ਇਨ੍ਹਾਂ ਦੇਸ਼ਾਂ ਨੂੰ ਵੇਖਣ ਆਏ ਹਾਂ ਕਿਸੇ ਹੋਰ ਕੰਮ ਲਈ ਨਹੀਂ ਚਲੇ ਹਾਂ।" ਇਹ ਸੁਣ ਕੇ ਪਾਣੀ ਪਿਲਾਵਣ ਦੇ ਬਹਾਨੇ ਇਕ ਮੰਤਰ ਮਾਰਿਆ। ਤਵੀਜ਼ ਮਰਦਾਨਾ ਦੇ ਗਲ ਵਿਚ ਪਾ ਕੇ ਬੰਨ੍ਹ ਦਿੱਤਾ। ਮਰਦਾਨਾ ਕਰੂਪ ਹੋ ਕੇ ਮਨੁੱਖ ਦੀ ਦੇਹ ਪਲਟ ਕੇ ਭੇਡੂ ਬਣ ਗਿਆ ਅਤੇ ਭੇਡੂ ਵਾਂਗ ਬੋਲਣ ਲੱਗ ਗਿਆ॥ ੨੧ ॥

ਚੰਚਲ ਨਾਰਿ ਚਲਿਤ੍ਰਹਿ ਸੋਂ ਕਰ ਦਾਮਨਿ ਲੇ ਕਰਿ ਤਾ ਛਿਨ ਮਾਂਹੀ।
ਗ੍ਰੀਵ ਵਿਖੈ ਤਿਨ ਬਾਂਧ ਲਈ ਪੁਨ ਮੇਖ ਕੇ ਸੰਗ ਦਈ ਗਠ ਤਾਂਹੀ।
ਆਪ ਚਲੀ ਘਟ ਸੀਸ ਧਰਾ, ਜਲ ਲੇਵਨ ਕੋ ਉਦਪਾਨ ਜਹਾਂਹੀ।
ਬੈਸ ਰਹਯੋ ਬਸ ਕੋ ਨ ਚਲੇ ਬਸਿ ਟਾਮਨਿ ਕੈ ਫਸਿ ਫਾਂਸਨ ਮਾਂਹੀ ॥੨੨॥

ਚੰਚਲ ਨਾਰ ਅਜੇਹੇ ਚਲਿੱਤਰ ਕਰਕੇ ਉਸੇ ਵੇਲੇ ਬੜਾ ਹੱਸੀ। ਭੇਡੂ ਦੇ ਗਲ ਨਾਲ ਰੱਸੀ ਬੰਨ੍ਹ ਲਈ ਤੇ ਇਕ ਕਿੱਲੇ ਦੇ ਨਾਲ ਬੰਨ੍ਹ ਦਿੱਤਾ। ਆਪ ਆਪਣੇ ਸਿਰ ਤੇ ਘੜਾ ਰੱਖ ਕੇ ਜਲ ਲੈਣ ਵਾਸਤੇ ਓਥੇ ਚਲੇ ਗਈ ਜਿਥੇ ਕਿ ਖੂਹ ਸੀ। ਮਰਦਾਨਾ ਬੈਠਾ ਰਿਹਾ, ਕੋਈ ਵੱਸ ਚਲਦਾ ਨਹੀਂ ਸੀ, ਟੂਣੇ ਦੇ ਵੱਸ ਹੋ ਕੇ ਫਾਹੀ ਵਿਚ ਫਸਿਆ ਸੀ॥ ੨੨॥

ਬਾਲਾ ਕਹੈ ਸੁਨਿ ਅੰਗਦ ਜੀ, ਪੁਰਿ ਬਾਹਰ ਬੈਸ ਰਹੇ ਜਗ ਸ੍ਵਾਮੀ।
ਏਕ ਮਹੂਰਤ ਬੀਤਿ ਗਯੋ ਬਿਧਿ ਜਾਨਤਿ ਭੇ ਸਭਿ ਅੰਤਰਜਾਮੀ।

ਬੈਨ ਭਨੇ ਗੁਨ ਐਨ ਪ੍ਰਭੂ 'ਮਰਦਾਨਾ ਨ ਅਯੋ ਰਹਯੋ ਕਿਹ ਕਾਮੀ?।
ਹੋਈ ਕਿਧੋਂ ਅਗਲੀ ਬਿਧਿ ਤਾਂ ਸੰਗ, ਹੈ ਨਗਰੀ ਸਗਰੀ ਇਹ ਖਾਮੀ ॥੨੩॥

ਭਾਈ ਬਾਲਾ ਕਹਿਣ ਲੱਗਾ- ਹੇ ਗੁਰੂ ਅੰਗਦ ਦੇਵ ਜੀ ਸੁਣੋ, ਜਗਤ ਦੇ ਸਵਾਮੀ ਗੁਰੂ ਜੀ ਸ਼ਹਿਰ ਤੋਂ ਬਾਹਰ ਬੈਠ ਰਹੇ ਸਨ। ਜਦ ਦੋ ਘੜੀਆਂ ਬੀਤ ਗਈਆਂ, ਸਾਰੀ ਘਟਨਾ ਨੂੰ ਅੰਤਰਜਾਮੀ ਜਾਣਦੇ ਸਨ। ਗੁਣਾਂ ਦੇ ਭੰਡਾਰ ਪ੍ਰਭੂ ਨੇ ਫਿਰ ਇਸ ਤਰ੍ਹਾਂ ਬਚਨ ਕਹੇ, "ਮਰਦਾਨਾ ਨਹੀਂ ਆਇਆ, ਉਸ ਨੂੰ ਕੀ ਕੰਮ ਪੈ ਗਿਆ ਹੈ ? ਕਿਤੇ ਉਸ ਨਾਲ ਪਹਿਲਾਂ ਵਾਲੀ ਕਹਾਣੀ ਨਹੀਂ ਹੋ ਗਈ ? ਇਹ ਸਾਰੀ ਨਗਰੀ ਕੱਚੀ ਹੈ॥ ੨੩॥

ਨਿਗੁਰੇ ਨਰ ਮੂਰਖ ਸੇ ਲਖਿਯੇ, ਬਹੁ ਜੋਖਤਾ ਜੋਰ ਸੁਸ਼ੀਲ ਬਿਹੀਨਾ।
ਪਰਚਾਵਤਿ, ਰਾਗ ਸੁਨਾਵਤਿ ਥੋ ਬਿਹਸਾਵਤਿ, ਸੋ ਕਿਨ ਬੰਧਨ ਕੀਨਾ।
ਚਲਿਯੇ ਸੁਧਿ ਲੇਹੁ ਅਬੈ ਤਿਸਕੀ' ਮੁਖ ਭਾਗ ਗਤੇ, ਨ ਪਿਖੈਂ ਦੁਖ ਦੀਨਾ।
ਜਿਸ ਬਾਸ ਹੁਤੋ ਤਿਸ ਜਾਤ ਰਥਯਾ ਤਿਯ ਸੋਊ ਮਿਲੀ ਸਿਰ ਪੈ ਘਟ ਲੀਨਾ ॥੨੪॥

ਇਹ ਨਿਗੁਰੇ ਮਰਦ ਬੜੇ ਮੂਰਖ ਹਨ, ਇਸਤਰੀਆਂ ਦਾ ਬਹੁਤ ਜ਼ੋਰ ਹੈ ਅਤੇ ਉਹ ਧਰਮਹੀਨ ਹਨ। ਕਿਥੇ ਪਰਚ ਗਿਆ ਹੈ, ਰਾਗ ਸੁਣਨ ਲਈ ਬੈਠ ਗਿਆ ਹੈ ਜਾਂ ਕਿਸੇ ਨੇ ਬੰਨ੍ਹ ਲਿਆ ਹੈ ? ਚਲੋ ਉਸ ਦੀ ਖ਼ਬਰ ਲਈਏ।" ਮੈਨੂੰ ਇਹ ਗੱਲ ਕਹਿ ਕੇ, ਗੁਰੂ ਜੀ ਚਲ ਪਏ, ਕਿਉਂਕਿ ਉਹ ਦੀਨਾਂ ਦਾ ਦੁੱਖ ਨਾ ਦੇਖ ਸਕਣ ਵਾਲੇ ਸਨ, ਉਹ ਗਲੀ, ਜਿਸ ਵਿਚ ਉਹ ਘਰ ਸੀ, ਓਥੇ ਪਹੁੰਚ ਗਏ, ਓਥੇ ਉਨ੍ਹਾਂ ਨੂੰ ਉਹ ਇਸਤਰੀ ਪਾਣੀ ਦਾ ਘੜਾ ਸਿਰ ਤੇ ਚੁਕੀ ਮਿਲ ਪਈ ॥ ੨੪॥

ਕਬਿੱਤ- ਸ੍ਰੀ ਗੁਰੂ ਨਿਹਾਰਿ, ਬੂਝੀ ਬਚਨ ਉਚਾਰ ਸੋਊ, 'ਮਾਨਵ ਹਮਾਰ ਏਕ ਆਯੋ ਇਹ ਥਾਨ ਕੋ।
ਹਟਿਕੈ ਨ ਗਯੋ, ਕੌਨ ਜਾਨੈ ਕਹਾਂ ਭਯੋ, ਤਿਹ ਕਾਜ ਨਹਿਂ ਕਛੂ, ਹੇਤ ਆਯੋ ਪਾਨੀ ਪਾਨ ਕੋ'।
ਤੀਯ ਕਹੈ ਬੈਨ 'ਈਹਾਂ ਨਰ ਕੋਊ ਹੈ ਨ ਤਵ, ਆਂਖ ਹੂੰ ਨ ਦੇਖਯੋ, ਗਯੋ ਥਾਨ ਕਿਤ ਆਨ ਕੋ।
ਆਗੈ ਜਾਇ ਹੇਰੋ ਪੁਰਿ, ਰਹੈ ਨਹੀਂ ਕਹੂੰ ਦੁਰ, ਸੁਨੇ ਮਰਦਾਨੇ ਗੁਰ ਬੈਨ ਦੇਯ ਕਾਨ ਕੋ' ॥੨੫॥

ਗੁਰੂ ਜੀ ਨੇ ਉਸ ਨੂੰ ਵੇਖ ਕੇ ਪੁਛਿਆ ਅਤੇ ਇਹ ਬਚਨ ਉਚਾਰੇ, "ਸਾਡਾ ਇਕ ਬੰਦਾ ਇਸ ਥਾਂ ਆਇਆ ਹੈ, ਮੁੜ ਕੇ ਵਾਪਿਸ ਨਹੀਂ ਗਿਆ, ਕੌਣ ਜਾਣੇ ਕਿਥੇ ਹੈ, ਉਸ ਨੂੰ ਕੋਈ ਕੰਮ ਨਹੀਂ ਸੀ, ਕੇਵਲ ਪਾਣੀ ਪੀਣ ਵਾਸਤੇ ਆਇਆ ਸੀ।'ਇਸਤਰੀ ਬੋਲੀ, "ਏਥੇ ਕੋਈ ਮਰਦ ਨਹੀਂ ਆਇਆ ਹੈ, ਮੈਂ ਤਾਂ ਆਪਣੀਆਂ ਅੱਖਾਂ ਨਾਲ ਵੇਖਿਆ ਨਹੀਂ ਹੈ, ਪਤਾ ਨਹੀਂ ਕਿਸ ਥਾਂ ਚਲਾ ਗਿਆ ਹੈ? ਅੱਗੇ ਜਾ ਕੇ ਨਗਰ ਵਿਚ ਵੇਖੋ, ਕਿਤੇ ਲੁਕਿਆ ਨਾ ਹੋਵੇ।" ਜਦ ਮਰਦਾਨੇ ਨੇ ਗੁਰੂ ਜੀ ਦੀ ਆਵਾਜ਼ ਸੁਣੀ ਤਾਂ ਉਹ ਪੁਕਾਰਿਆ ॥ ੨੫॥

ਦੋਹਰਾ- ਬਸ ਨ ਬਸਾਵਹਿ ਫਸੈ ਕੇ ਬਾਸ ਵਿਖੈ ਬੰਧਾਨ।
'ਭਯਾਂ ਭਯਾਂ' ਭਨਹਿ ਸੁਨਾਵਈ ਭਗਤਿ ਵਛਲ ਕੇ ਕਾਨ॥ ੨੬॥

ਵੱਸ ਨਹੀਂ ਸੀ ਚਲਦਾ, ਰੱਸੇ ਨਾਲ ਬੰਨ੍ਹਿਆ ਹੋਇਆ ਸੀ, ਭੈ ਭੈ ਕਰਕੇ ਉਸ ਭਗਤਿ ਵਛਲ ਗੁਰੂ ਜੀ ਦੇ ਕੰਨਾਂ ਤਕ ਆਪਣੀ ਆਵਾਜ਼ ਸੁਣਾਈ॥ ੨੬॥

ਸ੍ਵੈਯਾ- 'ਕਯੋਂ ਨ ਬਤਾਵਹਿਂ ਮਾਨਵ ਤੂੰ ਮੁਖ ਕੂਰ ਕਹੈਂ ਘਰ ਅੰਤਰ ਜਾਤੀ।
ਹੈ ਇਹ ਥਾਨ, ਸੁਨਯੋ ਹਮ ਕਾਨ, ਬਰਯੋ ਜਲ ਪਾਨ ਕੇ ਹੇਤ ਤ੍ਰਿਖਾਤੀ'।
ਤੀਯ ਕਹੈ, 'ਪਰਤੀਤ ਨਹੀਂ, ਬਰਿ ਅੰਤਰ ਹੇਰਿ ਲਵੋ ਭਲਿ ਭਾਂਤੀ।
ਬੀਚ ਨਿਕੇਤ ਦੁਰਾਯੋ ਨਹੀਂ, ਹਮ ਬੋਲਤਿ ਯੋਂ, ਪਰਤੀਤ ਨ ਪਾਤੀ ॥੨੭॥

ਗੁਰੂ ਜੀ ਬੋਲੇ, "ਤੂੰ ਉਸ ਮਨੁੱਖ ਬਾਰੇ ਕਿਉਂ ਨਹੀ ਦੱਸਦੀ ? ਕਿਉਂ ਝੂਠ ਬੋਲਦੀ ਹੈਂ, ਸਾਡਾ ਆਦਮੀ ਇਸ ਘਰ ਦੇ ਅੰਦਰ ਹੀ ਗਿਆ ਹੈ, ਮੈਂ ਉਸ ਦੀ ਹੁਣੇ ਆਵਾਜ਼ ਸੁਣੀ ਹੈ, ਉਹ ਪਿਆਸਾ ਪਾਣੀ ਪੀਣ ਵਾਸਤੇ ਇਸ ਘਰ ਅੰਦਰ ਗਿਆ ਹੈ।" ਇਸਤਰੀ ਕਹਿਣ ਲੱਗੀ, "ਜੇ ਤੁਹਾਨੂੰ ਪਰਤੀਤ ਨਹੀਂ ਆਈ ਤਾਂ ਅੰਦਰ ਵੜ ਕੇ ਚੰਗੀ ਤਰ੍ਹਾਂ ਵੇਖ ਲਵੋ। ਮੈਂ ਘਰ ਦੇ ਅੰਦਰ ਨਹੀਂ ਲੁਕਾਇਆ ਹੈ, ਜਿਸ ਤਰ੍ਹਾਂ ਮੈਂ ਕਹਿੰਦੀ ਹਾਂ ਤੁਹਾਨੂੰ ਉਸ 'ਤੇ ਯਕੀਨ ਨਹੀ ਆਇਆ ਹੈ"॥ ੨੭॥

ਦੋਹਰਾ- ਚੰਚਲ ਤਿਯ ਕੇ ਚਲਿਤ ਲਖਿ ਦਲਿਤ ਸੀਲਸਤਿ ਜੌਨ।
ਇਕ ਸਲੋਕ ਕਹਿ ਕਮਲਮੁਖ ਕਲਾ ਦਿਖਾਈ ਤੌਨ॥ ੨੮॥

ਚੰਚਲ ਇਸਤਰੀ ਦੇ ਚਲਿਤਰ ਵੇਖ ਕੇ ਜਿਹੜੀ ਜਤ ਸਤ ਨੂੰ ਨਾਸ਼ ਕਰਦੀ ਹੈ, ਗੁਰੂ ਜੀ ਨੇ ਇਕ ਸਲੋਕ ਬੋਲ ਕੇ ਉਸ ਨੂੰ ਇਕ ਕਰਾਮਾਤ ਵਿਖਾਈ॥ ੨੮॥

ਸੈਯਾ- ਯੌਂ ਕਹਿਤੇ ਸਿਰ ਕੁੰਭ ਲਗਯੋ ਉਤਰੈ ਨ ਤਰੈ, ਰਹੀ ਹਾਰ ਉਤਾਰੀ।
'ਭਯਾ ਭਯਾ' ਭਨੀ ਮਰਦਾਨੇ ਜਬੈ, 'ਕਹੁ ਵਾਹਿਗੁਰੂ' ਗੁਰਬਾਨੀ ਉਚਾਰੀ।
ਯੌਂ ਭਨਿਤੇ ਗਰ ਤੰਤ ਗਈ ਤੁਟ, ਭਾ ਤਨ ਮਾਨਵ, ਟਾਮਨ ਟਾਰੀ।
ਲੇਯ ਰਬਾਬ ਧਰੇ ਨਿਜ ਕੰਧ ਅਯੋ ਢਿਗ, ਲੱਜਤਿ ਹੋਰਿ ਅਘਾਰੀ॥੨੯॥

ਜਦ ਗੁਰੂ ਜੀ ਦੇ ਸਲੋਕ ਕਹਿੰਦਿਆਂ ਹੀ ਘੜਾ ਸਿਰ ਨਾਲ ਜੁੜ ਗਿਆ, ਸਿਰ ਤੋਂ ਥੱਲੇ ਉਤਰਦਾ ਨਹੀ ਸੀ, ਇਸਤਰੀ ਜ਼ੋਰ ਲਾ ਲਾ ਕੇ ਹਾਰ ਗਈ। ਜਦ ਮਰਦਾਨੇ ਨੇ 'ਭੈਂ ਭੈਂ' ਕੀਤੀ ਤਾਂ ਗੁਰੂ ਜੀ ਨੇ ਗੁਰਬਾਣੀ ਦਾ ਉਚਾਰਨ ਕੀਤਾ। ਗੁਰਬਾਣੀ ਪੜ੍ਹਦਿਆਂ ਹੀ ਤਵੀਤ ਟੁੱਟ ਗਿਆ, ਮਰਦਾਨੇ ਫਿਰ ਮਨੁੱਖੀ ਰੂਪ ਪਲਟ ਲਿਆ ਅਤੇ ਜਾਦੂ ਦੂਰ ਹੋ ਗਿਆ। ਆਪਣੀ ਰਬਾਬ ਮੋਢੇ ਉਤੇ ਰੱਖ ਲਈ ਨੇੜੇ ਆ ਕੇ ਗੁਰੂ ਜੀ ਨੂੰ ਸਾਹਮਣੇ ਵੇਖ ਕੇ ਲੱਜਿਤ ਹੋਇਆ॥ ੨੯॥

ਪੁਨ ਨਾਰਿ ਕੇ ਸੀਸ ਪੈ ਕੁੰਭ ਲਗਾ ਬਿਸਮਾਦ ਭਏ ਲਖਿਕੈ ਨਰਨਾਰੀ।
ਬਹੁ ਕੀਨ ਪ੍ਰਯਾਸ ਭਏ ਸਭਿ ਬਾਦ, ਪਖਾਨ ਭਿਦੈ ਨਹਿ ਬੂੰਦਕੇ ਮਾਰੀ।
ਪਢਿ ਮੰਤ੍ਰਨ ਜੰਤ੍ਰਨ ਕੋ ਲਿਖਿਕੈ ਕਰਿ ਤੰਤ੍ਰਨ ਕੋ ਸਭਿ ਹੀ ਤਿਯ ਹਾਰੀ।
ਘਟ ਕੂਟਸੋਂ ਬਾਨ ਉਪਾਇ ਚਲਾਵਤਿ, ਖੰਡਤਿ ਹੋ, ਨ ਚਲੈ ਉਪਚਾਰੀ॥੩੦॥

ਫਿਰ ਨਾਰ ਦੇ ਸਿਰ ਉਤੇ ਘੜਾ ਜੁੜਿਆ ਵੇਖ ਕੇ ਸਾਰੇ ਨਰ ਨਾਰੀ ਬਹੁਤ ਹੈਰਾਨ ਹੋਏ। ਬਹੁਤ ਯਤਨ ਕੀਤੇ ਪਰ ਸਭ ਵਿਅਰਥ ਗਏ। ਜਿਵੇਂ ਪਾਣੀ ਦੀ ਬੂੰਦ ਮਾਰ ਕੇ ਪੱਥਰ ਨਹੀ ਵਿੰਨ੍ਹਿਆਂ ਜਾ ਸਕਦਾ। ਮੰਤਰ ਜੰਤਰ ਪੜ੍ਹ ਕੇ ਅਤੇ ਤੰਤਰ ਕਰਕੇ ਇਸਤਰੀ ਹਾਰ ਗਈ, ਘੜਾ ਪਹਾੜ ਵਾਂਗੂ ਸਿਰ ਨਾਲ ਜੁੜਿਆਂ ਸੀ, ਇਸਤਰੀ ਦੇ ਸਾਰੇ ਯਤਨਾਂ ਦੇ ਤੀਰ ਟੁੱਟ ਜਾਂਦੇ ਸਨ ਅਤੇ ਕੋਈ ਵੀ ਉਪਚਾਰ ਨਹੀਂ ਸੀ ਚਲਦਾ॥ ੩੦॥

ਕਬਿੱਤ- ਨੂਰਸ਼ਾਹ ਹੁਤੀ ਸਰਦਾਰ ਤਿਸ ਦੇਸ਼ ਹੂੰ ਕੀ ਭਈ ਸੁਧ ਤਾਕੋ ਕਿਨ ਜਾਇ ਕੈ ਬਖਾਨਿਯਾ।
'ਚੇਟਕੀ ਫਕੀਰ ਇਕ ਆਯੋ ਹੈ ਨਗਰ ਬੀਚ ਘਟਾ ਤੀਯ ਸੀਸ ਪੈ ਲਗਾਯੋ ਸਭਿ ਜਾਨਿਯਾ।
ਮੰਤਰ ਨ ਜੰਤਰ ਨ ਤੰਤਰ ਚਲਤਿ ਕੋਊ ਹਾਰੇ ਉਪਚਾਰ ਕਰਿ ਕਾਹੂੰ ਨ ਹਿਲਾਨਿਯਾ।
ਜੈਸੇ ਸਯਾਰ ਸ਼ੇਰ ਕੋ, ਪਪੀਲਕਾ ਸੁਮੇਰ ਕੋ ਉਪਾਇ ਤਿਸ ਸਾਮੁਹੇ ਸੁ ਐਸੀ ਬਿਧਿ ਠਾਨਿਯਾ॥੩੧॥

ਨੂਰ ਸ਼ਾਹ ਇਸਤਰੀ ਉਸ ਦੇਸ਼ ਦੀ ਸਰਦਾਰ ਸੀ, ਜਦ ਉਸ ਨੂੰ ਕਿਸੇ ਨੇ ਜਾ ਕੇ ਦਸਿਆ ਤਾਂ ਉਸ ਨੂੰ ਇਸ ਘਟਨਾ ਦਾ ਪਤਾ ਲੱਗਾ। ਇਕ ਬੜਾ ਕਰਨੀ ਵਾਲਾ ਫਕੀਰ ਨਗਰ ਵਿਚ ਆਇਆ ਹੈ, ਉਸ ਇਕ ਇਸਤਰੀ ਦੇ ਸਿਰ ਨਾਲ ਘੜਾ ਹੀ ਜੋੜ ਦਿੱਤਾ ਹੈ, ਇਹ ਸਭ ਉਸ ਨੇ ਸੁਣਿਆ। ਬੜੇ ਮੰਤਰ ਜੰਤਰ ਅਤੇ ਤੰਤਰ ਕੀਤੇ ਗਏ ਹਨ, ਪਰ ਕੋਈ ਨਹੀਂ ਚਲਿਆ,

ਬਹੁਤ ਉਪਚਾਰ ਕੀਤੇ ਹਨ, ਪਰ ਘੜਾ ਨਹੀਂ ਹਿਲਿਆ ਹੈ। ਜਿਵੇਂ ਗਿੱਦੜ ਸ਼ੇਰ ਸਾਹਮਣੇ, ਕੀੜੀ ਸੁਮੇਰ ਪਰਬਤ ਸਾਹਮਣੇ, ਇਸ ਤਰ੍ਹਾਂ ਉਸ ਫਕੀਰ ਦੇ ਸਾਹਮਣੇ, ਇਹ ਮੰਤਰ ਜੰਤਰ ਕੁਝ ਵੀ ਨਹੀਂ ਹਨ॥ ੩੧॥

ਸੁਨੀ ਜਬ ਰੋਸੀ ਤਬ ਤਿਯਾ ਢਿਗ ਜੋਊ ਸਭਿ ਟਾਮਨ ਕੀ ਬਿਧਿ ਮੈਂ ਸੁਜਾਨ ਜੋਊ ਜਾਨਿਯਾ।
ਭੇਜੀ ਤਤਕਾਲ ਜਹਾਂ ਕੁੰਭ ਸੀਸ ਬਾਂਲ ਲਗੇ, ਧਾਰਤਿ ਬਿਸਾਲ ਮਾਨ ਧਾਈ ਤਿਹ ਥਾਨਿਯਾ।
ਢੋਲਕ ਬਜਾਇ ਕੋਊ, ਕੰਧ ਕੋ ਭਜਾਇ ਚਲੀ, ਕੋਊ ਨਿਜ ਬਦਨ ਤੇ ਅਗਨਿ ਬਮਾਨਿਯਾ।
ਚਢਿ ਹੈ ਬਿਟਪ ਕੋਊ, ਕੋਊ ਮ੍ਰਿਗ ਛਾਲਾ ਪਰ, ਕੋਊ ਭੇਟ ਮੰਤ੍ਰਨ ਕੀ ਦੇਨੇ ਹੇਤ ਆਨਿਯਾ ॥੩੨॥

ਜਦ ਨੂਰ ਸ਼ਾਹ ਨੇ ਇਹ ਸੁਣਿਆ ਤਾਂ ਉਹ ਇਸਤਰੀਆਂ ਕੋਲ ਬਹੁਤ ਗੁੱਸੇ ਹੋਈ, ਉਸ ਇਸਤਰੀ ਨੂੰ ਓਥੇ ਭੇਜਿਆ ਜਿਹੜੀ ਟੂਣਿਆਂ ਵਿਚ ਸਭ ਤੋਂ ਚਤੁਰ ਜਾਣੀ ਜਾਂਦੀ ਸੀ। ਓਸੇ ਵੇਲੇ ਓਧਰ ਚਲ ਪਈ ਜਿਥੇ ਇਸਤਰੀ ਦੇ ਸਿਰ ਦੇ ਵਾਲਾਂ ਨਾਲ ਘੜਾ ਜੁੜਿਆ ਹੋਇਆ ਸੀ, ਬੜਾ ਹੰਕਾਰ ਕਰਕੇ ਉਸ ਥਾਂ ਪਹੁੰਚੀ। ਕੋਈ ਢੋਲਕ ਵਜਾ ਰਹੀ ਹੈ, ਕੋਈ ਕੰਧ ਉਤੇ ਚੜ੍ਹ ਕੇ ਉਸ ਨੂੰ ਭਜਾ ਕੇ ਚਲੀ ਆਉਂਦੀ ਹੈ, ਕੋਈ ਆਪਣੇਂ ਮੂੰਹ ਵਿਚੋਂ ਅੱਗ ਕੱਢਦੀ ਹੈ, ਕੋਈ ਰੁੱਖ ਤੇ ਚੜ੍ਹ ਕੇ ਆ ਰਹੀ ਹੈ, ਕੋਈ ਮ੍ਰਿਗਸ਼ਾਲਾ ਤੇ ਬੈਠੀ ਆ ਰਹੀ ਹੈ, ਕੋਈ ਮੰਤਰਾਂ ਦੀ ਭੇਟ ਦੇਣ ਹਿਤ ਆ ਰਹੀ ਹੈ॥ ੩੨॥

ਦੋਹਰਾ- ਲਿਖਹਾਰੀ ਜੰਤ੍ਰਨ ਸਭੈ ਮੰਤ੍ਰਨ ਪਢਿਤਿ ਬਿਸਾਲ।
ਘਟਾ ਨ ਡੋਲਜੋ ਕਿਸੂ ਤੇ ਉਰ ਅਚਰਜ ਸਭਿ ਬਾਲ॥ ੩੩॥

ਚਤਰ ਇਸਤਰੀਆਂ ਸਾਰੇ ਜੰਤਰ ਲਿਖ ਲਿਖ ਹਾਰ ਗਈਆਂ ਅਤੇ ਵਿਸ਼ਾਲ ਮੰਤਰ ਪੜ੍ਹੇ, ਪਰ ਘੜਾ ਕਿਸੇ ਪਾਸੋਂ ਵੀ ਨਾ ਹਿਲਿਆ, ਸਭ ਇਸਤਰੀਆਂ ਬੜੀਆਂ ਹੈਰਾਨ ਹੋ ਰਹੀਆਂ ਸਨ॥ ੩੩॥

ਸੋਰਠਾ- ਨੂਰਸ਼ਾਹਿ ਕੇ ਪਾਸ ਪੁਨ ਸੁਧ ਦੀਨੀ ਜਾਇਕੈ।
'ਹਾਰੀ ਕਰਤਿ ਪ੍ਰਯਾਸ ਬਲ ਨ ਚਲੈ ਇਕ ਕੁੰਭ ਪਰ'॥ ੩੪॥

ਫਿਰ ਨੂਰ ਸ਼ਾਹ ਦੇ ਮਹਿਲਾਂ ਵਿਚ ਪਹੁੰਚ ਕੇ ਉਸ ਨੂੰ ਖਬਰ ਦਿੱਤੀ ਗਈ, "ਮੰਤਰ ਕਰ ਕਰ ਹਾਰ ਗਈਆਂ ਹਨ, ਕੋਈ ਵੀ ਤਾਕਤ ਇਸ ਘੜੇ ਉਤੇ ਨਹੀ ਚਲਦੀ ਹੈ"॥ ੩੪॥

ਕਬਿੱਤ- ਸ਼੍ਰੋਨ ਸੁਨਿ ਰੋਸ ਕੀਨਿ, ਸਭਿਨਿ ਕੋ ਧੀਰ ਦੀਨਿ, ਮੰਤ੍ਰ ਜੰਤ੍ਰ ਲਿਖਿ ਲੀਨ ਚਲੀ ਆਪ ਧਾਇ ਕੈ।
'ਕੈਸੋ ਹੈ ਫਕੀਰ ਜਾਇ ਦੇਖੋਂ ਤਿਹ ਤੀਰ ਕੇਤੋ ਚੇਟਕੀ ਗਹੀਰ ਅਬ ਜੀਤੋਂਗੀ ਬਨਾਇਕੈ'।
ਆਨਿ ਪਢੇ ਮੰਤਰ ਛੁਹਾਏ ਲਿਖਿ ਜੰਤਰ ਸੁ ਗ੍ਰੀਵ ਬਾਂਧ ਤੰਤ੍ਰਨ ਕੋ ਢੋਲਕੀ ਬਜਾਇਕੈ।
ਟਾਮਨ ਬਨਾਇ ਬਹੁ ਕੂਟ ਕੋ ਡੁਲਾਇ ਦੇਤਿ ਐਸੇ ਸਭਿ ਕੀਨ, ਘਟਾ ਸਕੀ ਨ ਡੁਲਾਇਕੈ॥੩੫॥

ਇਹ ਗੱਲ ਕੰਨਾਂ ਨਾਲ ਸੁਣ ਕੇ ਬੜੇ ਗੁੱਸੇ ਵਿਚ ਆਈ, ਸਭ ਨੂੰ ਧੀਰਜ ਦਿੱਤਾ ਅਤੇ ਜੰਤਰ ਮੰਤਰ ਲਿਖ ਕੇ ਆਪ ਬੜੀ ਫੁਰਤੀ ਨਾਲ ਚਲ ਪਈ। ਕਿਸ ਤਰ੍ਹਾਂ ਦਾ ਇਹ ਫਕੀਰ ਹੈ, ਉਸ ਦੇ ਪਾਸ ਜਾ ਕੇ ਵੇਖਾਂ, ਕਿੰਨਾ ਕੁ ਵੱਡਾ ਕਰਨੀ ਵਾਲਾ ਹੈ, ਹੁਣ ਮੈਂ ਉਸ ਨੂੰ ਚੰਗੀ ਤਰ੍ਹਾਂ ਜਿੱਤਾਂਗੀ। ਆ ਕੇ ਮੰਤਰ ਪੜ੍ਹੇ, ਲਿਖੇ ਜੰਤਰਾਂ ਨੂੰ ਇਸਤਰੀ ਦੇ ਨਾਲ ਛੁਹਾਏ ਤੇ ਫਿਰ ਢੋਲਕੀ ਵਜਾ ਕੇ ਤੰਤਰ ਉਸ ਦੇ ਗਲ ਨਾਲ ਬੰਨ੍ਹ ਦਿੱਤੇ। ਬਹੁਤ ਟੂਣੇ ਬਣਾਏ, ਜਿਹੜੇ ਕਿ ਪਹਾੜ ਵੀ ਹਿਲਾ ਸਕਣ ਦੇ ਯੋਗ ਸਨ, ਇਸ ਤਰ੍ਹਾਂ ਸਭ ਕੁਝ ਕੀਤਾ, ਪਰ ਘੜੇ ਨੂੰ ਨਾ ਹਿਲਾ ਸਕੀ॥ ੩੫॥

ਸ੍ਵੈਯਾ- ਪਾਵਕ ਸੇ ਉਪਚਾਰ ਕਿਯੇ ਘਟ ਲਾਗਣ ਸੀਸ ਭਯੋ ਜਲ ਨਜਾਈ।
ਏਕ ਨ ਜੋਰ ਚਲਯੋ ਤਿਹਂ ਊਪਰ ਹਾਰ ਰਹੀ ਕਰਿ ਕੋਟ ਉਪਾਈ।

ਤੀਜ ਭਈ ਦੁਖ ਮੈਂ ਅਤਿ ਆਤੁਰ ਸੀਸ ਪੈ ਕੁੰਭ ਧਰੇ ਅਕੁਲਾਈ।
'ਹਾਇ' ਮੁਹੁਰਮੁਹੁ ਬਕਿ ਆਨਨ 'ਮੋ ਸੰਗ ਕਯਾ ਜਗਦੀਸ਼ ਬਨਾਈ' ॥੩੬॥

ਉਸ ਦੇ ਸਾਰੇ ਯਤਨ ਅੱਗ ਵਾਂਗ ਸਨ ਅਤੇ ਘੜੇ ਦਾ ਸਿਰ ਦੇ ਵਾਲਾਂ ਨੂੰ ਲੱਗਣਾ ਜਲ ਦੇ ਵਾਂਗ ਸੀ। ਇਕ ਵੀ ਜ਼ੋਰ ਨਾ ਚਲਿਆ, ਕਰੋੜਾਂ ਯਤਨ ਕਰਕੇ ਹਾਰ ਗਈ। ਘੜੇ ਵਾਲੀ ਇਸਤਰੀ ਅਤਿ ਦੁਖੀ ਹੋ ਗਈ, ਸਿਰ ਤੇ ਘੜਾ ਚੁੱਕੀ, ਉਹ ਬਹੁਤ ਵਿਆਕੁਲ ਹੋ ਗਈ। ਉਹ ਮੂੰਹ ਤੋਂ ਬਾਰ-ਬਾਰ ਹਾਇ ਹਾਏ ਕਰ ਰਹੀ ਸੀ ਅਤੇ ਕਹਿ ਰਹੀ ਸੀ, ''ਪ੍ਰਭੂ ਨੇ ਮੇਰੀ ਇਹ ਕੀ ਗਤ ਬਣਾਈ ਹੈ'' ॥ ੩੬ ॥

ਦੀਨ ਭਈ ਮਨ, ਚੀਨ ਲਈ ਮਹਿਮਾ ਜੁ ਨਈ ਗੁਰ ਕੀ ਸੁਖਕਾਰੀ।
ਭਾਖਿ ਦਈ, ਅਵਗਯਾ ਜੁ ਭਈ ਸੁਨਿ ਕਾਨ ਲਈ ਸਿਰਦਾਰਨ ਨਾਰੀ।
'ਤੂਰਣ ਜਾਵਹੁ ਪੂਰਣ ਸੰਤ ਪੈ, ਚੂਰਣ ਤਾਂ ਚਰਣਾ ਬਲਿਹਾਰੀ।
ਮੈਂ ਅਪਰਾਧ ਕਿਯੋ ਇਹ ਸਾਧ ਕੋ, ਲੇਹੁ ਅਰਾਧ, ਮਿਟੈ ਦੁਖ ਭਾਰੀ ॥੩੭॥

ਮਨ ਵਿਚ ਬੜਾ ਆਜਿਜ਼ ਹੋਈ, ਸੁਖਕਾਰੀ ਗੁਰੂ ਜੀ ਦੀ ਮਹਿਮਾ ਨੂੰ ਉਹ ਸਮਝ ਗਈ। ਜੋ ਉਸ ਨਾਰੀ ਤੋਂ ਗਲਤੀ ਹੋਈ ਉਹ ਉਸ ਇਸਤਰੀ ਨੇ ਨੂਰ ਸ਼ਾਹ ਨੂੰ ਦੱਸ ਦਿੱਤੀ। ਇਸਤਰੀਆਂ ਦੀ ਸਰਦਾਰਨੀ ਨੇ ਜਦ ਇਹ ਕੰਨਾਂ ਨਾਲ ਸੁਣਿਆ ਤਾਂ ਬੋਲੀ, ''ਤੁਰੰਤ ਪੂਰਨ ਸੰਤ ਦੇ ਪੈਰੀਂ ਪੈ ਜਾਵੋ, ਮੈਂ ਤਾਂ ਇਨ੍ਹਾਂ ਦੇ ਚਰਨਾਂ ਦੀ ਧੂੜ ਤੋਂ ਸਦਕੇ ਜਾਂਦੀ ਹਾਂ, ਮੈਂ ਇਸ ਫਕੀਰ ਨਾਲ ਮਾੜਾ ਸਲੂਕ ਕੀਤਾ ਹੈ, ਇਸ ਦੀ ਆਰਾਧਣਾ ਕਰਦੀ ਹਾਂ, ਤਾਂਕਿ ਭਾਰੀ ਦੁੱਖ ਮਿਟ ਜਾਵੇ'' ॥ ੩੭ ॥

ਦੋਹਰਾ- ਨੂਰਸ਼ਾਹਿ ਤਹਿਂ ਤੀਯ ਸੋਂ ਔਰ ਅੰਗਨਾ ਪੁੰਜ।
ਗਈ ਤਹਾਂ ਮਿਲਿ ਕੈ ਸਭੈ ਜਹਿਂ ਰਾਜਹਿਂ ਪਦਕੰਜ ॥ ੩੮ ॥

ਨੂਰ ਸ਼ਾਹ, ਉਸ ਇਸਤਰੀ ਅਤੇ ਹੋਰ ਸਾਰੀਆਂ ਇਸਤਰੀਆਂ ਨੂੰ ਲੈ ਕੇ ਉਥੇ ਚਲੇ ਗਈ। ਜਦ ਕੰਵਲ ਰੂਪੀ ਚਰਨਾਂ ਵਾਲੇ ਗੁਰੂ ਜੀ ਬਿਰਾਜ ਰਹੇ ਸਨ ॥ ੩੮ ॥

ਸੋਰਠਾ- ਬੰਦਯੋ ਆਨੰਦ ਕੰਦ, ਚੰਦਬਦਨ ਬੈਸੀ ਨਿਕਟ।
ਤਿਨ ਕੋ ਦੇਖਿ ਮੁਕੰਦ ਬੋਲੇ ਸੂਹ ਮਹਿਂ ਸ਼ਬਦ ॥ ੩੯ ॥

ਅਨੰਦ ਦੇ ਦਾਤੇ ਨੂੰ ਮੱਥਾ ਟੇਕਿਆ ਅਤੇ ਚੰਦਰਮੁਖ ਗੁਰੂ ਜੀ ਦੇ ਪਾਸ ਬੈਠ ਗਈਆਂ। ਉਨ੍ਹਾਂ ਨੂੰ ਵੇਖ ਕੇ ਮੁਕਤੀਦਾਤੇ ਨੇ ਸੂਹੀ ਰਾਗ ਵਿਚ ਇਸ ਸ਼ਬਦ ਦਾ ਉਚਾਰਨ ਕੀਤਾ ॥ ੩੯ ॥

*ਸ੍ਰੀ ਮੁਖਵਾਕ ॥ ਸੂਹੀ ਮਹਲਾ ੧ ॥ ਕੁਚਜੀ ॥*

*ੴ ਸਤਿਗੁਰ ਪ੍ਰਸਾਦਿ ॥*

*ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥*
*ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥*
*ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥*
*ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥*
*ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥*
*ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥*

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥ ੧ ॥ (ਪੰਨਾ ੭੬੨)

ਮੈਂ ਕੁਚੱਜੀ ਹਾਂ, ਮੇਰੇ ਵਿਚ ਬੇਅੰਤ ਔਗੁਣ ਹਨ। ਮੈਂ ਕਿਸ ਤਰ੍ਹਾਂ ਆਪਣੇ ਪਤੀ ਨੂੰ ਮਾਣਨ ਲਈ ਜਾ ਸਕਦੀ ਹਾਂ ? ਮੇਰੇ ਕੰਤ ਦੀਆਂ ਵਹੁਟੀਆਂ ਵਿਚ ਇਕ ਤੋਂ ਇਕ ਵੱਧ ਚੜ੍ਹ ਕੇ ਹੈ। ਓਥੇ ਮੇਰਾ ਨਾਂ ਵੀ ਕੌਣ ਜਾਣਦਾ ਹੈ ? ਜੋ ਸਹੇਲੀਆਂ ਆਪਣੇ ਪਤੀ ਨੂੰ ਮਾਣਦੀਆਂ ਹਨ, ਉਹ ਮਾਨੋ ਅੰਬ ਦੀ ਛਾਂ ਹੇਠਾਂ ਹਨ। ਉਨ੍ਹਾਂ ਵਾਲੀਆਂ ਚੰਗਿਆਈਆਂ ਮੇਰੇ ਵਿਚ ਨਹੀਂ। ਮੈਂ ਕਿਸ 'ਤੇ ਦੋਸ਼ ਲਾਵਾਂ ? ਹੇ ਸੁਆਮੀ ! ਮੈਂ ਤੇਰੀਆਂ ਕਿਹੜੀਆਂ ਖੂਬੀਆਂ ਵਰਨਣ ਕਰਾਂ। ਕਿਹੜੇ-ਕਿਹੜੇ ਤੇਰੇ ਨਾਮ ਮੈਂ ਲਵਾਂ ? ਮੈਂ ਤੇਰੀ ਇਕ ਨੇਕੀ ਨੂੰ ਵੀ ਅੱਪੜ ਨਹੀਂ ਸਕਦੀ। ਸਦਾ ਹੀ ਤੇਰੇ ਤੋਂ ਕੁਰਬਾਨ ਜਾਂਦੀ ਹਾਂ। ਸੋਨਾ, ਚਾਂਦੀ, ਮੋਤੀ, ਹੀਰੇ ਅਤੇ ਲਾਲ ਬੇਸ਼ਕ ਖੁਸ਼ੀ ਦੇਣ ਵਾਲੇ ਹਨ। ਇਹੋ ਜੇਹੀਆਂ ਚੀਜ਼ਾਂ ਮੇਰੇ ਪਤੀ ਨੇ ਮੈਨੂੰ ਦਿੱਤੀਆਂ ਹਨ ਅਤੇ ਮੈਂ ਉਨ੍ਹਾਂ ਨਾਲ ਆਪਣਾ ਮਨ ਜੋੜ ਲਿਆ ਹੈ। ਇੱਟਾਂ ਅਤੇ ਮਿੱਟੀ ਦੇ ਨਾਲ ਬਣੇ ਹੋਏ ਮਹਿਲ ਪੱਥਰਾਂ ਨਾਲ ਸਜਾਏ ਹੋਏ ਹਨ। ਇਨ੍ਹਾਂ ਸਜਾਵਟਾਂ ਅੰਦਰ ਮੈਂ ਕੁਰਾਹੇ ਪਈ ਹੋਈ ਹਾਂ ਅਤੇ ਉਸ ਆਪਣੇ ਮਾਲਕ ਦੇ ਨੇੜੇ ਨਹੀਂ ਬੈਠਦੀ।

ਕੂੰਜਾਂ ਅਸਮਾਨ ਵਿਚ ਬੋਲਦੀਆਂ ਹਨ ਅਤੇ ਬਗਲੇ ਆ ਕੇ ਬੈਠ ਗਏ ਹਨ। ਜਦ ਵਹੁਟੀ ਆਪਣੇ ਸਹੁਰਿਆਂ ਨੂੰ ਜਾਵੇਗੀ ਤਾਂ ਅੱਗ ਜਾ ਕੇ ਉਹ ਕਿਹੜਾ ਮੂੰਹ ਵਿਖਾਵੇਗੀ। ਸੁੱਤਿਆਂ ਸੁੱਤਿਆਂ ਦਿਨ ਚੜ੍ਹ ਗਿਆ ਹੈ ਤੇ ਉਹ ਆਪਣਾ ਸਫਰ ਭੁੱਲ ਗਈ ਹੈ। ਉਸ ਮਾਲਕ ਨਾਲੋਂ ਵਿਛੜ ਕੇ ਉਸ ਨੇ ਆਪਣੇ ਲਈ ਤਕਲੀਫਾਂ ਇਕੱਠੀਆਂ ਕਰ ਲਈਆਂ ਹਨ। ਹੇ ਸੁਆਮੀ ਤੇਰੇ ਵਿਚ ਸਾਰੀਆਂ ਨੇਕੀਆਂ ਹਨ ਅਤੇ ਮੇਰੇ ਵਿਚ ਸਾਰੀਆਂ ਬੁਰਾਈਆਂ ਹਨ। ਹੇ ਪ੍ਰਭੂ ! ਨਾਨਕ ਦੀ ਇਕ ਬੇਨਤੀ ਹੈ। ਸਾਰੀਆਂ ਰਾਤਾਂ ਨੇਕ ਪਤਨੀਆਂ ਵਾਸਤੇ ਹਨ, ਮੈਨੂੰ ਛੋਹਾਗਣ ਨੂੰ ਵੀ ਇਕ ਰਾਤ ਮਿਲ ਜਾਵੇ ॥ ੧ ॥

ਕਬਿੱਤ- ਨੂਰਸ਼ਾਹਿ ਸੁਨਿ ਨਿਜ ਸੀਸ ਧੁਨਿ ਭਨਯੋ ਪੁਨ ਜਾਨਯੋ ਮਨ ਮਾਂਹੀ ਏਹ ਚੇਟਕੀ ਫਕੀਰ ਹੈ।
ਮੰਤ੍ਰ ਕੋ ਅਲਾਵਤਿ ਸੁਨਾਵਤਿ ਛਲਤਿ ਮੋਹਿ, ਹੌਂ ਨ ਪਤਿਆਵੋਂ ਏਹ ਗਾਢੋਈ ਅਭੀਰ ਹੈ।
ਪਢੇ ਨਿਜ ਮੰਤ੍ਰਨ, ਅਨੇਕ ਲਿਖ ਜੰਤ੍ਰਨ, ਕਰਤਿ ਬਹੁ ਤੰਤ੍ਰਨ ਕੋ, ਜਾਨੇ ਏ ਗਹੀਰ ਹੈ।
ਬਸ ਨਹਿਂ ਚਲਯੋ ਕੋਊ, ਹਾਰੀ ਸਭੈ ਬਿਧਿ ਸੋਊ, ਲਖਯੋ ਰਿਦੇ ਮਾਂਹਿ ਤਬ ਪੀਰਨ ਕੋ ਪੀਰ ਹੈ ॥੪੦ ॥

ਨੂਰ ਸ਼ਾਹ ਨੇ ਸ਼ਬਦ ਸੁਣ ਕੇ ਆਪਣਾ ਸਿਰ ਹਿਲਾਇਆ ਅਤੇ ਫਿਰ ਮਨ ਵਿਚ ਸਮਝਿਆ ਕਿ ਇਹ ਕੋਈ ਕਰਨੀ ਵਾਲਾ ਫਕੀਰ ਹੈ। ਮੰਤਰ ਕਹਿੰਦਾ ਹੈ ਅਤੇ ਸੁਣਾ ਕੇ ਮੈਨੂੰ ਛਲਦਾ ਹੈ, ਪਰ ਮੈਂ ਨਹੀਂ ਪਤੀਜਾਂਗੀ, ਇਹ ਤਾਂ ਵੱਡਾ ਨਿਰਭੈ ਹੈ। ਮੈਂ ਆਪਣੇ ਮੰਤਰ ਪੜ੍ਹੇ, ਅਨੇਕ ਜੰਤਰ ਲਿਖੇ ਅਤੇ ਬੜੇ ਤੰਤਰ ਕੀਤੇ ਸਨ, ਪਰ ਹੁਣ ਜਾਣ ਗਈ ਹਾਂ ਕਿ ਇਹ ਬੜੇ ਡੂੰਘੇ ਮੰਤ੍ਰੀ ਹਨ। ਮੇਰਾ ਕੋਈ ਵੱਸ ਨਹੀਂ ਚਲਿਆ, ਸਭ ਵਿਧੀਆਂ ਅਨੁਸਾਰ ਹਾਰ ਗਈ ਹਾਂ, ਮੈਂ ਹੁਣ ਹਿਰਦੇ ਵਿਚ ਪਹਿਚਾਣ ਗਈ ਹਾਂ ਕਿ ਇਹ ਪੀਰਾਂ ਦੇ ਪੀਰ ਹਨ ॥ ੪੦ ॥

ਸੈਯਾ- ਨਾਗਨੀ ਜਯੋਂ ਬਿਨਤਾਸੁਤ ਕੋ ਡਰਪਾਵਤਿ ਆਪਨੋ ਜੋਰ ਦਿਖਾਵੈ।
ਤਯੋਂ ਗੁਰ ਸਾਮੁਹਿ ਸਮੰਤ੍ਰਨ ਕੋ ਪਢਿ ਭਾਵਨ ਸੋ ਹਿਰਦਾ ਬਿਰਮਾਵੈ।
ਹਾਰਿਕੈ ਜਾਨਤਿ ਭੀ 'ਇਹ ਪੂਰਨ' ਤੂਰਨ ਦੀਨ ਭਈ ਘਿਘਿਆਵੈ।
'ਭੇਵ ਤੁਮਾਰ ਨ ਜਾਨਿ ਸਕੀ ਹਮ, ਕੀਨ ਖਤਾ ਅਬ ਸੋ ਬਖਸ਼ਾਵੈਂ ॥੪੧॥

ਨਾਗਣ ਜਿਵੇਂ ਗਰੜ ਨੂੰ ਡਰਾਉਣ ਲਈ ਆਪਣਾ ਜ਼ੋਰ ਦਿਖਾਉਂਦੀ ਹੈ, ਇਸ ਤਰ੍ਹਾਂ ਗੁਰੂ ਜੀ ਦੇ ਸਾਹਮਣੇ ਮੰਤਰਾਂ ਨੂੰ ਪੜ੍ਹ ਕੇ ਗੁਰੂ ਜੀ ਨੂੰ ਭਰਮਾਉਣ ਦਾ ਯਤਨ ਕਰਨ ਲੱਗੀ। ਹਾਰ ਕੇ ਜਾਣ ਗਈ ਕਿ ਇਹ ਤਾਂ ਪੂਰਨ ਸ਼ਕਤੀਸ਼ਾਲੀ ਹਨ, ਤੁਰਤ ਦੀਨ ਹੋ ਕੇ ਬੇਨਤੀਆਂ ਕਰਨ ਲੱਗੀ, "ਮੈਂ ਤੁਹਾਡਾ ਭੇਦ ਨਹੀਂ ਜਾਣ ਸਕੀ, ਅਸੀਂ ਬਹੁਤ ਗਲਤੀ ਕੀਤੀ ਹੈ, ਕਿਰਪਾ ਕਰਕੇ ਸਾਡੀ ਖਤਾ ਬਖਸ਼ ਦੇਵੋ॥ ੪੧॥

ਮੰਦਮਤੀ ਤੁਮਰਾ ਇਨ ਮਾਨਵ ਮੰਤ੍ਰਨ ਕੇ ਜਿਨ ਬੀਚ ਫਸਾਯੋ।
ਕੁੰਭ ਨਿਵਾਰਹੁ ਯਾਂ ਸਿਰ ਤੇ ਅਬ ਦੀਨ ਭਈ ਮਨ ਤੇ ਦੁਖ ਪਾਯੋ।
ਨਾ ਕਰਿ ਹੈਂ ਅਵਿਹੇਲਨ ਸੰਤਨ ਪਾਵਹਿਂ ਆਨ ਜਿਤੀ ਹਮ ਥਾਯੋ।
ਹੋ ਸਿਰਮੌਰ, ਅਭੈ ਸਭਿ ਠੌਰ, ਸਮਾਨ ਨ ਔਰ ਤੁਹੀ ਗਤਿਦਾਯੋ' ॥੪੨॥

ਇਸ ਮਾੜੀ ਮੱਤ ਵਾਲੀ ਇਸਤਰੀ ਨੇ ਤੁਹਾਡਾ ਇਕ ਆਦਮੀ ਮੰਤਰਾਂ ਦੇ ਵਿਚ ਫਸਾ ਲਿਆ ਸੀ। ਇਸ ਦੇ ਸਿਰ ਤੋਂ ਘੜਾ ਹੁਣ ਉਤਰਵਾ ਦੇਵੋ, ਇਹ ਹੁਣ ਬਹੁਤ ਆਜਿਜ਼ ਹੋ ਗਈ ਹੈ ਅਤੇ ਇਸ ਨੇ ਬਹੁਤ ਦੁੱਖ ਪਾ ਲਿਆ ਹੈ। ਅਸੀਂ ਸੰਤਾਂ ਦਾ ਨਿਰਾਦਰ ਨਹੀਂ ਕਰਾਂਗੀਆਂ ਅਤੇ ਸੌਂਹ ਖਾਂਦੀਆਂ ਹਾਂ ਕਿ ਜਿੰਨੇ ਸਾਡੇ ਥਾਂ ਹਨ ਸੰਤਾਂ ਦੀ ਅਵੱਗਿਆ ਨਹੀਂ ਕਰਾਂਗੀਆਂ। ਤੁਸੀਂ ਬੜੇ ਸਿਰਮੌਰ ਹੋ, ਹਰ ਤਰ੍ਹਾਂ ਨਾਲ ਪਰਪੱਕ ਹੋ, ਤੁਹਾਡੇ ਕੋਈ ਤੁੱਲ ਨਹੀਂ ਅਤੇ ਤੁਸੀਂ ਮੁਕਤੀਦਾਤੇ ਹੋ"॥ ੪੨॥

ਯੌਂ ਸੁਨਿਕੈ ਤਿਨ ਕੀ ਬਿਨਤੀ ਪੁਨ ਸ੍ਰੀ ਗੁਰ ਆਨਨ ਬੈਨ ਅਲਾਯੋ।
'ਵਾਹਿਗੁਰੂ, ਕਹਿ ਲੇਉ ਉਤਾਰ' ਉਠੀ ਤਤਕਾਲਕ ਬਾਲ ਹਿਲਾਯੋ।
ਨਾਮ ਉਚਾਰਤਿ ਹੀ ਉਤਰਾ ਘਟ, ਤੀਯ ਅਚੰਭ ਸਭੈ ਉਰ ਪਾਯੋ॥
ਆਨ ਉਪਾਇਨ ਭੂਰੀ ਧਰੀ, ਮੁਕਤਾ ਸਭਿ ਹੀਰ ਤੇ ਚੀਰ ਮੰਗਾਯੋ ॥੪੩॥

ਉਨ੍ਹਾਂ ਦੀ ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕਹੇ, "ਵਹਿਗੁਰੂ ਕਹਿ ਕੇ ਘੜਾ ਉਤਾਰ ਲਵੋ।" ਉਹ ਤੁਰੰਤ ਉਠੀਆਂ ਤੇ ਘੜਾ ਹਿਲਾਇਆ। ਵਾਹਿਗੁਰੂ ਨਾਮ ਦਾ ਉਚਾਰਨ ਕਰਦਿਆਂ ਹੀ ਘੜਾ ਵਾਲਾਂ ਨਾਲੋਂ ਲੱਥ ਗਿਆ। ਸਾਰੀਆਂ ਇਸਤਰੀਆਂ ਵੇਖ ਕੇ ਬਹੁਤ ਹੈਰਾਨ ਹੋਈਆਂ। ਗੁਰੂ ਜੀ ਦੇ ਅੱਗੇ ਬਹੁਤ ਪਦਾਰਥ ਮੰਗਵਾ ਕੇ ਧਰ ਦਿੱਤੇ, ਜਿਨ੍ਹਾਂ ਵਿਚ ਮੋਤੀ, ਹੀਰੇ ਤੇ ਬਸਤਰ ਸਨ॥ ੪੩॥

ਦੋਹਰਾ- 'ਬਖਸ਼ਹੁ, ਲੀਜੈ ਭੇਟ ਕੋ ਪੂਰਨ ਪੁਰਖ ਕ੍ਰਿਪਾਲ'।
ਇਹ ਬਿਧਿ ਤਿਨ ਕੋ ਦੇਖਿਕੈ ਬੋਲੇ ਬਚਨ ਰਸਾਲ॥ ੪੪॥

"ਸਾਨੂੰ ਬਖਸ਼ ਦੇਵੋ: ਹੇ ਪੂਰਨ ਪੁਰਖ ਕ੍ਰਿਪਾਲੂ, ਸਾਡੀ ਇਹ ਭੇਟ ਸਵੀਕਾਰ ਕਰੋ।" ਉਨ੍ਹਾਂ ਨੂੰ ਇਸ ਤਰ੍ਹਾਂ ਵੇਖ ਕੇ ਗੁਰੂ ਜੀ ਨੇ ਇਹ ਰਸੀਲੇ ਬਚਨ ਬੋਲੇ॥ ੪੪॥

*ਸਿਰੀ ਰਾਗ ਕੀ ਵਾਰ ਮਹਲਾ ੧*

*ਗਲਂੀ ਅਸੀ ਚੰਗੀਆ ਆਚਾਰੀ ਬੁਰੀਆਹ ॥*

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥
ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ ॥ ੨॥ (ਪੰਨਾ ੮੫)

ਗੱਲਾਂ-ਬਾਤਾਂ ਵਿਚ ਅਸੀਂ ਚੰਗੀਆਂ ਹਾਂ ਪਰ ਅਮਲਾਂ ਵਿਚ ਭੈੜੀਆਂ ਹਾਂ, ਮਨ ਵਿਚ ਅਸੀਂ ਮੈਲੀਆਂ ਤੇ ਕਾਲੀਆਂ ਹਾਂ, ਪਰ ਬਾਹਰਵਾਰ ਚਿੱਟੀਆਂ ਹਾਂ। ਅਸੀਂ ਉਨ੍ਹਾਂ ਦੀ ਬਰਾਬਰੀ ਕਰਦੀਆਂ ਹਾਂ ਜੋ ਸਾਹਿਬ ਦੇ ਦਰਵਾਜ਼ੇ ਖੜੀਆਂ ਟਹਿਲ ਸੇਵਾ ਕਰ ਰਹੀਆਂ ਹਨ। ਉਹ ਆਪਣੇ ਮਾਲਕ ਦੀ ਪ੍ਰੀਤ ਨਾਲ ਰੰਗੀਆਂ ਹਨ ਅਤੇ ਉਸ ਨਾਲ ਮਿਲ ਕੇ ਖੁਸ਼ੀ ਦਾ ਅਨੰਦ ਲੈਂਦੀਆਂ ਹਨ। ਤਾਕਤ ਦੇ ਹੁੰਦਿਆਂ ਵੀ ਉਹ ਨਿਤਾਣੀਆਂ ਹਨ ਅਤੇ ਨਿਮਾਣੀਆਂ ਰਹਿੰਦੀਆਂ ਹਨ। ਹੇ ਨਾਨਕ ! ਜੀਵਨ ਸਫਲ ਹੋ ਜਾਂਦਾ ਹੈ ਜੇ ਅਸੀਂ ਉਨ੍ਹਾਂ ਪਤਨੀਆਂ ਦੇ ਨਾਲ ਮੇਲ ਮਿਲਾਪ ਕਰੀਏ॥ ੨॥

ਦੋਹਰਾ- ਆਪਾ ਖੋਵਨ ਕੇ ਸਬਦ ਔਰ ਕਹੇ ਗੁਰੁ ਤਾਂਹਿ।
ਸੁਨਿ ਕਰਿ ਉਰ ਬੈਰਾਗ ਭਾ ਦੀਨ ਭਈ ਬਚ ਪ੍ਰਾਹਿ॥ ੪੫॥

ਗੁਰੂ ਜੀ ਨੇ ਫਿਰ ਆਪਣੇ ਆਪ ਨੂੰ ਮਸਕੀਨ ਬਣਾਉਣ ਦੇ ਸ਼ਬਦ ਬੋਲੇ। ਗੁਰੂ ਜੀ ਦੇ ਬਚਨ ਸੁਣ ਕੇ ਉਨ੍ਹਾਂ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ ਅਤੇ ਦੀਨਤਾ ਵਿਚ ਭਰ ਕੇ ਉਨ੍ਹਾਂ ਕਿਹਾ॥ ੪੫॥

ਸ੍ਵੈਯਾ- 'ਪਸ਼ਚਾਤ ਕਰੀ ਅਵੱਗਯਾ ਬਖਸ਼ੋ, ਅਬ ਭੂ ਵਿਚਰੋ ਤੁਮ ਜੀ ਪਰਸ੍ਵਾਰਥਿ।
ਜਬ ਲੌ ਨਹਿੰ ਭੇਵ ਲਖ੍ਯੋ ਤਬ ਲੌ ਦੁਖ, ਭੇਵ ਲਖ੍ਯੋ ਕਰਿਯੇ ਕਿਰਤਾਰਥ।
ਪਦ ਪੈ ਬਲਿਹਾਰ ਮੁਹੁਰਮੁਹੂ ਤਵ ਮੂਰਤਿ ਦ੍ਰਿਸ਼ਟਿ ਅਗਾਤਿ ਪਦਾਰਥ।
ਕਰੁਨਾਕਰ ਲੇਹੁ ਉਪਾਇਨ ਕੋ, ਸਿਖ ਦੇਹੁ, ਗਈ ਬਯ ਪਾਛ ਅਕਾਰਥ' ॥੪੬॥

ਪਿਛਲੀ ਕੀਤੀ ਅਵੱਗਿਆ ਨੂੰ ਹੁਣ ਬਖਸ਼ ਦੇਵੋ, ਹੇ ਪਰਸੁਆਰਥੀ ਜੀ ਹੁਣ ਤੁਸੀਂ ਵੀ ਜ਼ਮੀਨ ਤੇ ਆ ਕੇ ਵਿਚਰੋ। ਜਦ ਤਕ ਭੇਦ ਨਹੀਂ ਸਮਝਿਆ ਤਦ ਤਕ ਦੁੱਖ ਪਾਇਆ। ਜਦ ਹੁਣ ਭੇਦ ਸਮਝ ਲਿਆ ਹੈ ਤਾਂ ਸਾਨੂੰ ਕਿਰਤਾਰਥ ਕਰੋ। ਤੁਹਾਡੇ ਚਰਨਾਂ ਤੋਂ ਬਲਿਹਾਰ ਜਾਂਦੀਆਂ ਹਾਂ, ਤੁਹਾਡੇ ਦਰਸ਼ਨ ਕਰਨ ਨਾਲ ਸਰਬ ਪਦਾਰਥ ਪ੍ਰਾਪਤ ਹੁੰਦੇ ਹਨ। ਕਿਰਪਾ ਕਰਕੇ ਭੇਟਾ ਸਵੀਕਾਰ ਕਰੋ ਅਤੇ ਸਾਨੂੰ ਉਪਦੇਸ਼ ਦੇਵੋ, ਤਾਕਿ ਪਿਛਲੀ ਉਮਰ ਵਿਅਰਥ ਨਾ ਚਲੀ ਜਾਵੇ॥ ੪੬॥

ਕਬਿੱਤ- ਐਸੇ ਜਬ ਭਈ ਦੀਨ ਪਾਹੁਲ ਪਦਨ ਦੀਨਿ ਗੁਰੂ ਸਿੱਖੀ ਰੀਤਿ ਕੀਨਿ ਮੁਕਤਿ ਨਿਧਾਨ ਕੀ।
ਬੰਧੀ ਧਰਮਸਾਲ ਉਪਦੇਸ਼ ਦੇ ਕ੍ਰਿਪਾਲ ਗੁਰ, ਕੀਰਤਿ ਬਿਸਾਲ ਹਰਿ ਕੀਨੀ ਰੀਤਿਗਾਨ ਕੀ।
ਸਿੱਖ ਸੰਤ ਆਇ ਤਾਂਪੈ ਮੰਤ ਨ ਚਲਾਇ ਨਿਜ ਟਹਿਲ ਬਨਾਇ ਕੀਜੈ ਛੋਰ ਰੀਤਿ ਮਾਨ ਕੀ।
ਵਾਹਿਗੁਰੂ ਜਪੋ ਮੁਖ, ਜਾਹਿੰ ਭਵਜੰਨਯ ਦੁਖ, ਦੇਤਿ ਸੁਖ ਰੀਤਿ ਜਯੋਂ ਸੰਤੋਖ ਸਿੰਘ ਭਾਨੁ ਕੀ ॥੪੭॥

ਜਦ ਇਸ ਤਰ੍ਹਾਂ ਆਜਿਜ਼ ਹੋ ਗਈਆਂ ਤਾਂ ਗੁਰੂ ਜੀ ਨੇ ਚਰਨ ਪਾਹੁਲ ਦੇ ਕੇ ਸਿੱਖੀ ਰੀਤੀ ਕਰਕੇ ਮੁਕਤੀ ਬਖਸ਼ੀ। ਕਿਰਪਾਲੂ ਗੁਰੂ ਜੀ ਨੇ ਉਪਦੇਸ਼ ਦੇ ਕੇ ਇਕ ਧਰਮਸਾਲ ਬਣਵਾਈ ਅਤੇ ਹਰੀ ਦੇ ਕੀਰਤਨ ਦੇ ਗਾਇਨ ਦੀ ਵਿਸ਼ਾਲ ਪਰੰਪਰਾ ਚਲਾਈ। ਗੁਰੂ ਜੀ ਨੇ ਕਿਹਾ, "ਜਿਹੜੇ ਏਥੇ ਸਿੱਖ ਸੰਤ ਆਉਣ, ਉਨ੍ਹਾਂ ਉਤੇ ਮੰਤਰ ਨਹੀਂ ਚਲਾਉਣੇ ਹਨ, ਉਨ੍ਹਾਂ ਦੀ ਟਹਿਲ ਸੇਵਾ ਕਰੋ ਅਤੇ ਘੁਮੰਡ ਦੀ ਰੀਤੀ ਨੂੰ ਛੱਡ ਦੇਵੋ। ਵਾਹਿਗੁਰੂ ਦਾ ਨਾਮ ਜਪੋ, ਸੰਸਾਰ ਤੋਂ ਉਪਜੇ ਸਾਰੇ ਦੁੱਖ ਦੂਰ ਹੋ ਜਾਣਗੇ, ਹੇ ਸੰਤੋਖ ਸਿੰਘ, ਜਿਵੇਂ ਸੂਰਜ ਦੀ ਰੀਤੀ ਸੁਖ ਦੇਣ ਦੀ ਹੈ"॥ ੪੭॥

ਦੋਹਰਾ- ਕੇਤਿਕ ਬਾਸੁਰ ਰਹਿ ਤਹਾਂ ਧਰਮ ਦ੍ਰਿੜਾਯੋ ਦੇਸ਼।
ਪਰਮ ਪ੍ਰੇਮ ਕਰਿ ਸਿਖ ਭਈ॥ ਭਜਤਿ ਨਾਮ ਜਗਤੇਸ਼॥ ੪੮॥

ਕੁਝ ਦਿਨ ਓਥੇ ਰਹੇ ਅਤੇ ਸਾਰੇ ਦੇਸ਼ ਨੂੰ ਧਰਮ ਵਿਚ ਪਰਪੱਕ ਕੀਤਾ। ਨੂਰ ਸ਼ਾਹ ਪਰਮ ਪ੍ਰੇਮ ਕਰਕੇ ਸਿੱਖ ਬਣੀ ਅਤੇ ਜਗਤ ਦੇ ਈਸ਼ਵਰ ਦਾ ਨਾਮ ਜਪਦੀ ਸੀ॥ ੪੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਤ੍ਰਿਯਾ ਰਾਜ ਉਪਦੇਸ਼' ਪ੍ਰਸੰਗ ਬਰਨਨੰ ਨਾਮ ਉਣਚਾਸਮੋ ਅਧਯਾਯ॥ ੪੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਣੰਜਵਾਂ ਅਧਿਆਇ, ਜਿਸ ਦਾ ਨਾਮ "ਇਸਤਰੀ ਰਾਜੇ ਨੂੰ ਉਪਦੇਸ਼" ਹੈ, ਸਮਾਪਤ ਹੋਇਆ॥ ੪੯॥

## ਅਧਿਆਇ ਪੰਜਾਹਵਾਂ

*ਭਰਥਰੀ, ਕੌੜਾ।*

ਦੋਹਰਾ- ਮਯਾ ਸਦਨ ਪੰਕਜ ਬਦਨ ਮੋਹ ਕਦਨ ਗਤਿਦੈਨ।
ਚਰਨ ਸ਼ਰਨ ਤਿਨ ਪਰਨ ਮਮ ਦਰਸ਼ਨ ਪਰਸਨ ਚੈਨ॥ ੧॥

ਕ੍ਰਿਪਾ ਦੇ ਘਰ, ਸੰਸਾਰ ਦੇ ਮੋਹ ਨੂੰ ਕੱਟ ਕੇ ਮੁਕਤੀ ਦੇਣਹਾਰੇ ਸ੍ਰੀ ਸਤਿਗੁਰੂ ਜੀ ਜਿਨ੍ਹਾਂ ਦਾ ਮੁਖੜਾ ਕੰਵਲ ਵਰਗਾ ਸੁੰਦਰ, ਉਨ੍ਹਾਂ ਦੇ ਚਰਨਾਂ ਦੀ ਸ਼ਰਨ ਦਾ ਮੈਨੂੰ ਆਸਰਾ ਹੈ, ਜਿਨ੍ਹਾਂ ਚਰਨਾਂ ਦੇ ਦਰਸ਼ਨ ਅਤੇ ਛੂਹ ਨਾਲ ਸੁੱਖ ਪ੍ਰਾਪਤ ਹੁੰਦਾ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਆਗੈ ਗਮਨੇ ਸ੍ਰੀ ਗੁਰੂ ਪੂਰੇ। ਨਿਜ ਦਾਸਨ ਜੋ ਦੇ ਗਤਿ ਰੂਰੇ।
ਭਰਥਰਿ ਆਸ਼੍ਰਮ ਜਹਾਂ ਸੁਹਾਵਨ। ਤਹਾਂ ਜਾਇ ਪਹੁੰਚੇ ਜਸੁ ਪਾਵਨ॥ ੨॥

*ਭਾਈ ਬਾਲੇ ਨੇ ਕਿਹਾ-* ਸੰਪੂਰਨ ਸਤਿਗੁਰੂ ਅੱਗੇ ਚਲ ਪਏ। ਆਪਣੇ ਦਾਸਾਂ ਨੂੰ ਜਿਹੜੇ ਸੁੰਦਰ ਗਤੀ ਦਿੰਦੇ ਹਨ। ਜਿਥੇ ਭਰਥਰੀ ਆਸ਼੍ਰਮ ਸੋਭਦਾ ਹੈ, ਪਵਿੱਤਰ ਜੱਸ ਵਾਲੇ ਗੁਰੂ ਜੀ ਓਥੇ ਜਾ ਪਹੁੰਚੇ॥ ੨॥

ਜਿਹ ਮਾਨਹਿ ਸੋ ਸਗਰੇ ਦੇਸ਼ਾ। ਤ੍ਰੀਯ ਰਾਜ ਪੁਨਿ ਅਪਰ ਨਰੇਸ਼ਾ।
ਪੂਜਕ ਹੁਤੇ ਸਰਬ ਨਰ ਨਾਰੀ। ਮਹਿਮਾ ਯੋਗਨ ਕੀ ਤਹਿਂ ਭਾਰੀ॥ ੩॥

ਜਿਨ੍ਹਾਂ ਨੂੰ ਸਾਰੇ ਦੇਸ਼ ਮੰਨਦੇ ਹਨ, ਇਸਤਰੀ ਰਾਜ ਅਤੇ ਹੋਰ ਸਾਰੇ ਰਾਜੇ ਅਤੇ ਸਭ ਇਸਤਰੀ ਮਰਦ ਜਿਨ੍ਹਾਂ ਨੂੰ ਪੂਜਦੇ ਹਨ, ਜਿਸ ਵਿਚ ਯੋਗੀਆਂ ਵਾਲੀ, ਭਾਰੀ ਮਹਿਮਾ ਹੈ॥ ੩॥

ਤਿਹ ਆਸ਼੍ਰਮ ਕੇ ਜਾਇ ਸਮੀਪਾ। ਬੈਸਿ ਗਏ ਬੇਦੀ ਕੁਲਦੀਪਾ।
ਸੋ ਕਿਤ ਕਾਜ ਵਹਿਰ ਕੋ ਨਿਕਸਾ। ਦੇਖਯੋ ਮੁਖ ਪੰਕਜ ਸਮ ਬਿਕਸਾ॥ ੪॥

ਉਸ ਆਸ਼੍ਰਮ ਦੇ ਨੇੜੇ ਜਾ ਕੇ ਬੇਦੀ ਕੁਲ ਦੇ ਦੀਪਕ ਭਾਵ ਗੁਰੂ ਜੀ ਜਾ ਬੈਠੇ। ਭਰਥਰੀ ਵੀ ਕਿਸੇ ਕੰਮ ਵਾਸਤੇ ਉਧਰ ਆਇਆ। ਕੰਵਲ ਵਰਗੇ ਮੁਖੜੇ ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥ ੪॥

ਦੇਖ ਅਤੀਤ ਦਿਪਤਿ ਪਰਕਾਸ਼ਾ। ਧਰਯੋ ਸਰੂਪ ਮਨਹੁ ਸੁਖਰਾਸ਼ਾ।

ਮਸਤਕ ਆਯੁਤ ਲੋਚਨ ਲੋਨੇ। ਗ੍ਯਾਨ ਤਰਨਿ ਜਨੁ ਜਗ ਪ੍ਰਗਟੋਨੇ ॥੫ ॥

ਚਮਕਦੇ ਚਿਹਰੇ ਦੇ ਜਦ ਪਰਕਾਸ਼ ਨੂੰ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਪ੍ਰਭੂ ਨੇ ਆਪ ਸਰੂਪ ਧਾਰਿਆ ਹੋਵੇ। ਚੌੜਾ ਮੱਥਾ ਅਤੇ ਵੱਡੇ-ਵੱਡੇ ਨੈਣ, ਮਾਨੋ ਗਿਆਨ ਦੇਣ ਹਿਤ ਜੱਗ ਵਿਚ ਪ੍ਰਗਟ ਹੋਏ ਸਨ॥ ੫॥

ਆਇ ਨਿਕਟਿ ਮੁਖ ਬਚਨ ਬਖਾਨਾ। 'ਕੌਨ ਦੇਸ਼ ਕਿਤ ਕਰਹੁ ਪਯਾਨਾ?।
ਬੇਖ ਅਪੂਰਬ ਤੁਮਰੋ ਪਾਵਨ। ਕੀਜੈ ਅਪਨੋ ਨਾਮ ਬਤਾਵਨ ॥ ੬ ॥

ਜਦ ਭਰਥਰੀ ਨੇੜੇ ਆਇਆ ਤਾਂ ਉਸ ਕਿਹਾ, "ਕਿਸ ਦੇਸ਼ ਤੋਂ ਆਏ ਹੋ ਅਤੇ ਕਿਹੜੇ ਦੇਸ਼ ਜਾ ਰਹੇ ਹੋ? ਤੁਸੀਂ ਅਸਚਰਜ ਭੇਸ ਧਾਰਨ ਕੀਤਾ ਹੋਇਆ ਹੈ। ਕਿਰਪਾ ਕਰਕੇ ਆਪਣਾ ਨਾਂ ਦੱਸੋ" ॥ ੬॥

ਸੁਨਯੇ ਸ੍ਰੀ ਅੰਗਦ ਗੁਨਖਾਨੀ!। ਗੁਰੂ ਰੁਖ ਦੇਖਿ ਕਹੀ ਮੈਂ ਬਾਨੀ।
'ਦੇਸ਼ ਪੰਜਾਬ ਸੁ ਦੂਰ ਹਮਾਰਾ। ਇਹੁ ਸ੍ਰੀ ਨਾਨਕ ਗੁਰੂ ਉਦਾਰਾ ॥ ੭ ॥

ਗੁਣਾਂ ਦੀ ਖਾਣ ਹੇ ਗੁਰੂ ਅੰਗਦ ਦੇਵ ਜੀ! ਮੈਂ ਗੁਰੂ ਜੀ ਦਾ ਰੁਖ ਵੇਖ ਕੇ ਇੰਝ ਉੱਤਰ ਦਿੱਤਾ, 'ਸਾਡਾ ਦੇਸ਼ ਪੰਜਾਬ ਹੈ ਜਿਹੜਾ ਏਥੋਂ ਬਹੁਤ ਦੂਰ ਹੈ। ਇਹ ਸ੍ਰੀ ਗੁਰੂ ਨਾਨਕ ਹਨ ਜਿਹੜੇ ਬੜੇ ਉਦਾਰ-ਚਿਤ ਹਨ॥ ੭॥

ਹਮ ਸੇਵਕ ਸੁਖ ਹੇਤ ਸਦਾਈ। ਰਹਹਿਂ ਸੰਗ ਇਨ ਕਰੁਨਾ ਪਾਈ।
ਦੇਸ਼ਨ ਦੇਖਨ ਕਰਨ ਨਿਹਾਲਾ। ਬਿਚਰਹਿਂ ਅਵਿਨੀ ਬਿਰਦ ਕ੍ਰਿਪਾਲਾ' ॥੮ ॥

ਅਸੀਂ ਇਨ੍ਹਾਂ ਦੇ ਸੇਵਕ ਹਾਂ, ਆਪਣੇ ਸੁਖ ਹੇਤ ਸਦਾ ਹੀ ਇਨ੍ਹਾਂ ਦੇ ਨਾਲ ਰਹਿੰਦੇ ਹਾਂ ਅਤੇ ਇਨ੍ਹਾਂ ਦੀ ਕਿਰਪਾ ਪ੍ਰਾਪਤ ਕਰਦੇ ਹਾਂ। ਦੇਸ਼ਾਂ ਨੂੰ ਵੇਖਣ ਅਤੇ ਨਿਹਾਲ ਕਰਨ ਹਿਤ ਇਸ ਧਰਤੀ ਤੇ ਆਪਣੇ ਸਿਖਾਂ ਤੇ ਕਿਰਪਾ ਕਰਨ ਹਿਤ ਵਿਚਰ ਰਹੇ ਹਨ" ॥ ੮॥

ਸੁਨਤਿ ਭਰਥਰੀ ਉਰ ਮਹਿਂ ਹੁਲਸਾ। ਬੰਦੇ ਪਦ ਬੇਦੀ ਕੁਲਕਲਸਾ।
ਕਹੈ ਕਿ 'ਧੰਨ ਭਾਗ ਮਮ ਆਜੂ। ਜਾਂਤੇ ਭਾ ਤੁਮ ਮਿਲਿਨਿ ਸਮਾਜੂ ॥੯ ॥

ਇਹ ਸੁਣ ਕੇ ਭਰਥਰੀ ਦਿਲ ਵਿਚ ਬਹੁਤ ਖੁਸ਼ ਹੋਇਆ ਅਤੇ ਗੁਰੂ ਜੀ ਅੱਗੇ ਹੱਥ ਜੋੜ ਕੇ ਕਹਿਣ ਲੱਗਾ, "ਮੇਰੇ ਅੱਜ ਧੰਨ ਭਾਗ ਹੋਏ ਹਨ ਜਿਹੜਾ ਤੁਹਾਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ॥ ੯॥

ਚਿਰੰਕਾਲ ਕੀ ਕਰਤਿ ਉਡੀਕਾ। ਭਯੋ ਮਨੋਰਥ ਪੂਰਨ ਜੀ ਕਾ।
ਸਭਿ ਸਾਧਨ ਕੋ ਫਲ ਮੈਂ ਪਾਵਾ। ਜੋਗ ਵਿਰਾਗ ਸੁ ਆਜ ਸੁਹਾਵਾ ॥੧੦ ॥

ਮੈਂ ਬੜੇ ਚਿਰਾਂ ਤੋਂ ਉਡੀਕ ਕਰ ਰਿਹਾ ਸੀ। ਹੁਣ ਮੇਰੇ ਦਿਲ ਦਾ ਮਨੋਰਥ ਪੂਰਾ ਹੋਇਆ ਹੈ। ਮੈਂ ਸਾਰੇ ਸਾਧਨਾਂ ਦਾ ਫਲ ਪ੍ਰਾਪਤ ਕਰ ਲਿਆ ਹੈ। ਯੋਗ ਵਿਰਾਗ ਅੱਜ ਸੁਹਾਵਣਾ ਹੋ ਗਿਆ ਹੈ" ॥੧੦॥

ਅਸ ਕਹਿ ਕਰਿ ਗਾ ਬੈਠ ਸਮੀਪਾ। ਤਬ ਬੋਲੇ ਬੇਦੀ ਕੁਲਦੀਪਾ।
'ਕਿਸ ਪ੍ਰਕਾਰ ਤੁਮ ਹਮ ਕੋ ਜਾਨੋ?। ਆਗਮ ਕੀ ਉਡੀਕ ਕਸ ਠਾਨੋ?' ॥੧੧ ॥

ਇਹ ਕਹਿ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਫਿਰ ਬੇਦੀ ਕੁਲ ਦੇ ਦੀਪਕ ਬੋਲੇ, "ਤੁਸੀਂ ਸਾਨੂੰ ਕਿਸ ਤਰ੍ਹਾਂ ਜਾਣਦੇ ਹੋ? ਸਾਡੇ ਆਉਣ ਦੀ ਉਡੀਕ ਕਿਉਂ ਕਰ ਰਹੇ ਸੀ?" ॥ ੧੧॥

ਸੁਣਿ ਕਰਿ ਭਰਥਰਿ ਬਚਨ ਉਚਾਰੇ। 'ਸਭਿ ਬ੍ਰਿਤਾਂਤ ਮੈਂ ਕਹੋਂ ਸਵਾਰੇ।
ਏਕ ਸਮੇਂ ਨਾਰਦ ਮੁਨਿ ਪਾਵਨ। ਮਿਲਯੋ ਮੋਹਿ ਜਿਹਂ ਰੂਪ ਸੁਹਾਵਨ ॥੧੨ ॥

ਇਹ ਸੁਣ ਕੇ ਭਰਥਰੀ ਨੇ ਬਚਨ ਕੀਤੇ, "ਮੈਂ ਸਾਰਾ ਬ੍ਰਿਤਾਂਤ ਭਲੀਭਾਂਤ ਦੱਸਦਾ ਹਾਂ। ਇਕ ਸਮੇਂ ਪਵਿੱਤਰ ਨਾਰਦ ਮੁਨੀ ਜਿਨ੍ਹਾਂ ਦਾ ਬੜਾ ਸੁਹਾਵਣਾ ਰੂਪ ਹੈ, ਮੈਨੂੰ ਮਿਲਿਆ॥ ੧੨॥

ਬੀਨਾ ਹਾਥ ਭਗਤਿ ਮਹਿ ਭੀਨਾ। ਰੰਗਯੋ ਪ੍ਰੇਮਹਿ ਰੰਗ ਪ੍ਰਬੀਨਾ।
ਮੈਂ ਬਿਲੋਕਿ ਕਰਿ ਬੰਦਨ ਕੀਨੀ। ਹ੍ਵੈ ਕ੍ਰਿਪਾਲ ਤਿਨ ਆਸ਼ਿਖ ਦੀਨੀ॥੧੩॥

ਵੀਣਾ ਹੱਥ ਵਿਚ ਫੜੀ ਹੋਈ ਸੀ ਅਤੇ ਭਗਤੀ ਵਿਚ ਭਿਜਿਆ ਹੋਇਆ ਸੀ ਅਤੇ ਪ੍ਰੇਮ ਦੇ ਰੰਗ ਵਿਚ ਪੂਰਣ ਰੂਪ ਵਿਚ ਰੰਗਿਆ ਹੋਇਆ ਸੀ। ਮੈਂ ਵੇਖ ਕੇ ਨਮਸਕਾਰ ਕੀਤੀ ਤੇ ਉਨ੍ਹਾਂ ਕ੍ਰਿਪਾਲੂ ਹੋ ਕੇ ਮੈਨੂੰ ਅਸ਼ੀਰਵਾਦ ਦਿੱਤੀ॥੧੩॥

ਮੈਂ ਕਰਿ ਕੈ ਬਹੁ ਬਿਨੈ ਵਡਾਈ। ਕਛੁ ਪੂਛਨ ਹਿਤ ਗਿਰਾ ਅਲਾਈ।
ਸੁਣਤਿ ਦੇਵ ਰਿਖ ਮੁਝ ਸੋਂ ਭਾਖਾ। ਜੋ ਕੁਛ ਤੁਮਹਿ ਪੂਛਨ ਅਭਿਲਾਖਾ॥੧੪॥

ਮੈਂ ਬੜੀ ਬੇਨਤੀ ਅਤੇ ਵਡਿਆਈ ਕਰਕੇ ਕੁਝ ਪੁਛਣ ਲਈ ਬੋਲਿਆ। ਰਿਖੀ ਦੇਵ ਮੇਰੀ ਗੱਲ ਸੁਣ ਕੇ ਬੋਲਿਆ ਜੋ ਕੁਝ ਵੀ ਤੈਨੂੰ ਪੁਛਣ ਦੀ ਅਭਿਲਾਸ਼ਾ ਹੈ॥ ੧੪॥

ਚੌਪਈ- ਸਰਬ ਬਤਾਵਹਿਂ ਸ੍ਰੀ ਜਗ ਸਾਈਂ। ਛਿਤ ਅਵਤਾਰ ਲੀਨ ਅਬ ਜਾਈ।
ਸ੍ਰੀ ਨਾਨਕ ਨਿਜ ਨਾਮ ਧਰਾਵਹਿਂ। ਭਗਤਿ ਜਗਤਿ ਮਹਿਂ ਮਗ ਪ੍ਰਗਟਾਵਹਿਂ॥੧੫॥

ਉਹ ਸਭ ਕੁਝ ਜਗਤ ਦੇ ਸਾਈਂ ਨੂੰ ਦੱਸਣਾ। ਉਹ ਛੇਤੀ ਹੀ ਅਵਤਾਰ ਲੈਣ ਵਾਲੇ ਹਨ। ਉਹ ਆਪਣਾ ਨਾਂ ਨਾਨਕ ਰੱਖਣਗੇ ਤੇ ਭਗਤੀ ਨੂੰ ਇਸ ਜਗਤ ਵਿਚ ਪ੍ਰਗਟ ਕਰਨਗੇ॥ ੧੫॥

ਖੰਡ ਪਖੰਡ, ਬ੍ਰਹਮੰਡ ਮਝਾਰਾ। ਉਪਦੇਸ਼ਹਿਂ ਸਤਿਨਾਮ ਸੁਖਾਰਾ।
ਅਵਿਨੀ ਸਰਬ ਗਵਨ ਕਰਿ ਨਾਥਾ। ਹ੍ਵੈ ਚਰਚਾ ਬਹੁ ਸਿੱਧਨ ਸਾਥਾ॥੧੬॥

ਖੰਡਾਂ ਮੰਡਾਂ ਅਤੇ ਬ੍ਰਹਿਮੰਡਾਂ ਵਿਚ ਉਹ ਸੁਖ ਦੇਣ ਵਾਲ ਸਤਿਨਾਮ ਦਾ ਉਪਦੇਸ਼ ਦੇਣਗੇ। ਮਾਲਕ ਸਾਰੀ ਧਰਤੀ ਤੇ ਫਿਰਨਗੇ ਅਤੇ ਸਿਧਾਂ ਨਾਲ ਉਨ੍ਹਾਂ ਦੀ ਬੜੀ ਚਰਚਾ ਹੋਵੇਗੀ॥ ੧੬॥

ਪ੍ਰਥਮ ਮਿਲਹਿਂਗੇ ਤੁਝ ਇਤ ਥਾਈਂ। ਬੈਸਹੁ ਪ੍ਰੇਮ ਰਿਦੇ ਲਿਵਲਾਈ।
ਪੂਛ ਲੇਹੁ ਜੋ ਹ੍ਵੈ ਨਿਜ ਮਨ ਮੈਂ। ਸਰਬ ਬਤਾਇ ਦੇਹਿਂ ਇਕ ਛਿਨ ਮੈਂ॥੧੭॥

ਪਹਿਲਾਂ ਤੈਨੂੰ ਉਹ ਇਸ ਥਾਂ 'ਤੇ ਮਿਲਣਗੇ। ਹਿਰਦੇ ਵਿਚ ਪ੍ਰੇਮ ਦੀ ਲਿਵ ਲਾ ਕੇ ਬੈਠੇ ਰਹੋ। ਜੋ ਕੁਝ ਵੀ ਤੇਰੇ ਮਨ ਵਿਚ ਹੈ ਉਨ੍ਹਾਂ ਪਾਸੋਂ ਪੁੱਛ ਲੈਣਾ, ਉਹ ਤੁਹਾਨੂੰ ਇਕ ਛਿਨ ਵਿਚ ਸਭ ਕੁਝ ਦੱਸ ਦੇਣਗੇ॥ ੧੭॥

ਤਬ ਕੀ ਮੈਂ ਰਾਵਰਿ ਸੁਧ ਪਾਈ। ਬੈਠਿ ਰਹਯੋ ਥਿਰੁ ਹੁਇ ਇਸ ਥਾਈਂ।
ਅਬ ਮੋਕੋ ਭਾ ਦਰਸ ਤੁਮਾਰਾ। ਭਯੋ ਸਾਚ ਜੋ ਮੁਨੀ ਉਚਾਰਾ॥੧੮॥

ਉਸ ਸਮੇਂ ਤੋਂ ਮੈਂ ਆਪ ਜੀ ਦੀ ਸੁਧ ਪਾਈ ਹੈ ਅਤੇ ਇਸ ਕਰਕੇ ਇਸ ਸਥਾਨ ਤੇ ਸਥਿਰ ਹੋ ਕੇ ਬੈਠ ਗਿਹਾ ਹਾਂ। ਹੁਣ ਮੈਨੂੰ ਤੁਹਾਡੇ ਦਰਸ਼ਨ ਹੋ ਗਏ ਹਨ, ਰਿਖੀ ਮੁਨੀ ਦੀ ਗੱਲ ਜੋ ਉਸ ਕਹੀ ਸੀ, ਸੱਚੀ ਹੋ ਗਈ ਹੈ"॥ ੧੮॥

ਸ੍ਰੀ ਗੁਰੁ ਬਚਨ ਸੁਣਤਿ ਭਰਥਰਿ ਕੇ। ਗਿਰਾ ਕਹੀ ਬਹੁ ਕਰੁਨਾ ਕਰਿ ਕੇ।
'ਜੋ ਪੂਛਨ ਕੀ ਇੱਛਾ ਤੇਰੇ। ਕਹਹੁ ਆਪ ਸੁਨਿਯੇ ਬਿਨ ਦੇਰੇ॥੧੯॥

ਸ੍ਰੀ ਗੁਰੂ ਜੀ ਨੇ ਭਰਥਰੀ ਦੇ ਇਹ ਬਚਨ ਸੁਣ ਕੇ, ਬੜੇ ਪ੍ਰੇਮ ਨਾਲ ਇਹ ਬਾਣੀ ਕਹੀ, "ਜੋ ਪੁਛਣ ਦੀ ਤੈਨੂੰ ਇੱਛਾ ਹੈ, ਆਪ ਕਹੋ ਕਿਸੇ ਦੇਰੀ ਤੋਂ ਬਗੈਰ ਸੁਣ ਲਈਏ॥ ੧੯॥

ਬਹੁਤ ਦਿਵਸ ਕੀ ਕਰਤਿ ਉਡੀਕਾ। ਸੋ ਲੀਜੈ ਉਤਰ ਅਬ ਨੀਕਾ।

ਬੋਲਯੋ ਤਬਹਿ ਭਰਥਰੀ ਬਾਨੀ। 'ਸੁਨਹੁ ਕ੍ਰਿਪਾਲ ਸਕਲ ਗੁਨ ਖਾਨੀ! ॥੨੦॥

ਤੂੰ ਬਹੁਤ ਦੇਰ ਉਡੀਕ ਕੀਤੀ ਹੈ, ਹੁਣ ਉਸਦਾ ਇਕ ਚੰਗਾ ਉੱਤਰ ਸੁਣ ਲਵੋ।'' ਇਹ ਸੁਣ ਕੇ ਫਿਰ ਭਰਥਰੀ ਬੋਲਿਆ, ''ਹੇ ਸਾਰੇ ਗੁਣਾਂ ਦੀ ਖਾਨ, ਕ੍ਰਿਪਾਲੂ ਗੁਰੂ ਜੀ! ਸੁਣੋ॥ ੨੦॥

ਮੈਂ ਸਾਧਯੋ ਹਠ ਜੋਗ ਮਹਾਨਾ। ਜਾਂਤੇ ਮਨ ਰੋਕਯੋ ਬਿਧਿ ਨਾਨਾ।
ਮਨ ਨਿਰਮਲ ਤੇ ਸੁਭ ਗਤਿ ਹੋਵੈ। ਜਨਮ ਮਰਨ ਕੇ ਸੰਕਟ ਖੋਵੈ ॥੨੧॥

ਮੈਂ ਹਠ ਜੋਗ ਦੀ ਬਹੁਤ ਸਾਧਨਾ ਕੀਤੀ ਸੀ। ਕਈ ਪ੍ਰਕਾਰ ਆਪਣਾ ਮਨ ਰੋਕਿਆ, ਤਾਕਿ ਮਨ ਨਿਰਮਲ ਅਤੇ ਸੁਭ ਗਤੀ ਪ੍ਰਾਪਤ ਹੋਵੇ ਅਤੇ ਜਨਮ ਮਰਨ ਦੇ ਸਾਰੇ ਸੰਕਟ ਖਤਮ ਹੋ ਜਾਣ॥ ੨੧॥

ਜਬ ਲੌ ਮਨ ਇਹੁ ਰਹੈ ਮਲੀਨਾ। ਤਬ ਲੌ ਹੋਇ ਨ ਬੰਧਨ ਹੀਨਾ।
ਭਗਤਿ ਵਿਖੈ ਨਿਰਮਲ ਮਨ ਕੈਸੇ। ਹੋਵਤਿ ਹੈ? ਸੁ ਕਹੋ ਬਿਧਿ ਤੈਸੇ ॥੨੨॥

ਜਦ ਤਕ ਇਹ ਮਨ ਮਲੀਨ ਰਹਿੰਦਾ ਹੈ, ਤਦ ਤਕ ਇਹ ਬੰਧਨ ਮੁਕਤ ਨਹੀਂ ਹੁੰਦਾ। ਭਗਤੀ ਵਿਚ ਮਨ ਨਿਰਮਲ ਕਿਸ ਤਰ੍ਹਾਂ ਹੁੰਦਾ ਹੈ? ਉਸ ਦੀ ਵਿਧੀ ਮੈਨੂੰ ਸਮਝਾਓ॥ ੨੨॥

ਬਿਨਾ ਯੋਗ ਅਸਮੰਜਸ ਗਾਥਾ। ਥਿਰਤਾ ਹ੍ਵੈ ਪ੍ਰਾਪਤਿ ਮਨ ਸਾਥਾ।
ਇਕ ਸੰਸੈ ਮੁਝ ਅਸ ਪਰਕਾਰੀ। ਦੂਸਰ ਕਹੌਂ ਤੁਮਾਰਿ ਅਗਾਰੀ ॥੨੩॥

ਬਿਨਾਂ ਯੋਗ ਤੋਂ ਇਹ ਕਠਨ ਜੇਹੀ ਗੱਲ ਹੈ। ਮਨ ਦੇ ਨਾਲ ਸਥਿਰਤਾ ਪ੍ਰਾਪਤ ਹੋਵੇ ਇਕ ਸੰਸਾ ਮੇਰਾ ਇਸ ਪ੍ਰਕਾਰ ਹੈ ਅਤੇ ਦੂਸਰਾ ਸੰਸਾ ਮੈਂ ਤੁਹਾਡੇ ਅੱਗੇ ਕਹਿੰਦਾ ਹਾਂ॥ ੨੩॥

ਪੀ ਪਯਾਲਾ ਸਿਧ ਹ੍ਵੈਂ ਮਸਤਾਨੇ। ਰਹੈਂ ਅਨਾਹਦ ਧੁਨਿ ਗਲਤਾਨੇ।
ਬਿਖੈ ਬਾਸ਼ਨਾ ਤੇ ਬੈਰਾਗੀ। ਨਿਸ ਬਾਸੁਰ ਏਕੋ ਲਿਵਲਾਗੀ॥ ੨੪॥

ਸ਼ਰਾਬ ਦਾ ਪਿਆਲਾ ਪੀ ਕੇ ਸਿੱਧ ਮਸਤਾਨੇ ਹੋਏ ਰਹਿੰਦੇ ਹਨ ਅਤੇ ਹਰ ਵੇਲੇ ਅਨਾਹਦ ਦੀ ਧੁਨ ਵਿਚ ਗਲਤਾਨ ਰਹਿੰਦੇ ਹਨ। ਵਿਸ਼ੇ ਵਾਸ਼ਨਾਂ ਤੋਂ ਵੈਰਾਗੀ ਹੋ ਜਾਂਦੇ ਹਨ ਅਤੇ ਦਿਨ ਰਾਤ ਇਕੋ ਲਿਵ ਲੱਗੀ ਰਹਿੰਦੀ ਹੈ॥ ੨੪॥

ਭਗਤਿ ਵਿਖੈ ਕਾਂਕੇ ਬਲ ਸੰਗਾ?। ਲਿਵ ਲਾਗਹਿ ਏਕਹਿ ਹਰਿ ਰੰਗਾ?।
ਕਿਸ ਪ੍ਰਕਾਰ ਦ੍ਰਿੜ ਕਰਹਿਂ ਵਿਰਾਗਾ?। ਬਿਨੁ ਵੈਰਾਗ ਪ੍ਰੇਮ ਨਹਿਂ ਜਾਗਾ ॥੨੫॥

ਭਗਤੀ ਵਿਚ ਕਿਸ ਜ਼ੋਰ ਨਾਲ ਇਕ ਹਰੀ ਦੇ ਰੰਗ ਨਾਲ ਲਿਵ ਲਗਦੀ ਹੈ? ਕਿਸ ਪ੍ਰਕਾਰ ਵਿਰਾਗ ਦ੍ਰਿੜ੍ਹ ਕਰੇਗਾ? ਕਿਉਂਕਿ ਵੈਰਾਗ ਤੋਂ ਬਗੈਰ ਪ੍ਰੇਮ ਨਹੀਂ ਜਾਗਦਾ॥ ੨੫॥

ਇਹ ਸੰਸੈ ਮੁਝ ਮਨ ਮੈਂ ਦੋਊ। ਪ੍ਰਿਥਮ ਕਹੇ ਨਾਰਦ ਢਿਗ ਜੋਊ।
ਸੋ ਮੈਂ ਕਹੇ ਤੁਮਾਰਿ ਅਗਾਰੀ। ਉਤਰਿ ਦੀਜੈ ਰਿਦੈ ਵਿਚਾਰੀ' ॥੨੬॥

ਮੇਰੇ ਮਨ ਵਿਚ ਇਹ ਦੋਵੇਂ ਸੰਸੇ ਹਨ, ਪਹਿਲਾਂ ਮੈਂ ਨਾਰਦ ਪਾਸ ਜੋ ਕਹੇ ਸਨ, ਉਹ ਮੈਂ ਹੁਣ ਤੁਹਾਡੇ ਅੱਗੇ ਰੱਖੇ ਹਨ। ਤੁਸੀਂ ਵਿਚਾਰ ਕੇ ਉੱਤਰ ਦੇਵੋ ਜੀ''॥ ੨੬॥

ਸ੍ਰੀ ਨਾਨਕ ਬਚ ਕਹਿ ਗੁਨ ਸਾਨੇ। 'ਸੁਨਹੁ ਭਰਥਰੀ ਪਰਮ ਸਜਾਨੇ!।
ਨਿਰਮਲ ਮਨ ਬਿਨ ਭਗਤਿ ਸੁ ਨਾਂਹੀ। ਅਵੈ ਜਥਾਰਥ ਸਾਚੀ ਪ੍ਰਾਹੀ ॥੨੭॥

ਗੁਰੂ ਨਾਨਕ ਜੀ ਨੇ ਗੁਣਾਂ ਨਾਲ ਮਿਲੇ ਹੋਏ ਬਚਨ ਕਹੇ। ਉਹ ਕਹਿਣ ਲੱਗੇ, ''ਹੇ ਪਰਮ ਸਿਆਣੇ ਭਰਥਰੀ ਜੀ! ਸੁਣੋ। ਮਨ ਭਗਤੀ ਬਗੈਰ ਨਿਰਮਲ ਨਹੀਂ ਹੁੰਦਾ ਇਹ ਗੱਲ ਤੁਸੀ ਸੱਚੀ ਕਹੀ ਹੈ॥ ੨੭॥

-ਮਨ ਨਿਰਮਲ ਨਹਿਂ ਯੋਗ ਬਿਹੀਨਾ। ਤਾਂਤੇ-ਭਗਤਿ ਯੋਗ-ਸੁਭ ਕੀਨਾ।
ਚਹਿਤ ਜਿ ਗਤਿ ਜਗ ਮਨੁਜ ਬਿਚੱਛਨ। ਸੋ ਅਸ ਧਰਤਿ ਜੋਗ ਕੇ ਲੱਛਨ ॥੨੮॥

ਮਨ ਨਿਰਮਲ ਨਾ ਹੋਣ ਕਰਕੇ ਜਿਵੇਂ ਯੋਗ ਨਹੀਂ ਹੋ ਸਕਦਾ, ਇਸ ਲਈ ਭਗਤੀ ਯੋਗ ਸ਼ੁਭ ਕੀਤਾ ਹੈ। ਜਿਹੜੇ ਚਤੁਰ ਮਨੁੱਖ ਇਸ ਜਗਤ ਵਿਚ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ ਇਸ ਤਰ੍ਹਾਂ ਯੋਗ ਦੇ ਲੱਛਣ ਧਾਰਨ ਕਰਨ॥ ੨੮॥

ਆਸਾ ਮਹਲਾ ੧ ॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥ ੧ ॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧ ॥ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ॥ (ਪੰਨਾ ੩੫੯)

ਗੁਰੂ ਦੇ ਸ਼ਬਦ ਦੀਆਂ ਮੇਰੇ ਮਨ ਅੰਦਰ ਮੁੰਦਰਾਂ ਹਨ ਤੇ ਮੈਂ ਸਹਿਨਸ਼ੀਲਤਾ ਦੀ ਗੋਦੜੀ ਪਹਿਣਦਾ ਹਾਂ। ਜੋ ਕੁਝ ਪ੍ਰਭੂ ਕਰਦਾ ਹੈ, ਉਸ ਨੂੰ ਮੈਂ ਚੰਗਾ ਕਰਕੇ ਮੰਨਦਾ ਹਾਂ, ਇਸ ਤਰ੍ਹਾਂ ਮੈਂ ਜੋਗ ਦੇ ਖਜ਼ਾਨੇ ਨੂੰ ਸਹਿਜ ਹੀ ਪ੍ਰਾਪਤ ਕਰ ਲੈਂਦਾ ਹਾਂ॥ ੧॥

ਹੇ ਬਾਬਾ ! ਇਸ ਤਰ੍ਹਾਂ ਜੁੜੀ ਹੋਈ ਆਤਮਾ ਸਾਰਿਆਂ ਯੁਗਾਂ ਅੰਦਰ ਯੋਗੀ ਹੈ। ਇਹ ਮਹਾਨ ਤੱਤ ਵਿਚ ਲੀਨ ਹੋ ਜਾਂਦੀ ਹੈ। ਜਿਸ ਨੂੰ ਪਵਿੱਤਰ ਪ੍ਰਭੂ ਦਾ ਅੰਮ੍ਰਿਤ ਸਰੂਪ ਪ੍ਰਾਪਤ ਹੋਇਆ ਹੈ, ਉਸ ਦਾ ਸਰੀਰ ਬ੍ਰਹਮ ਗਿਆਨ ਦਾ ਆਨੰਦ ਮਾਣਦਾ ਹੈ॥ ੧॥ ਠਹਿਰਾਓ॥

ਉਹ ਫਿਰ ਖਾਹਿਸ਼ਾਂ ਦੇ ਝੰਜਟ ਛੱਡ ਦਿੰਦਾ ਹੈ ਅਤੇ ਮਾਲਕ ਦੇ ਸ਼ਹਿਰ ਅੰਦਰ ਧਿਆਨ ਅਵਸਥਾ ਵਿਚ ਬੈਠਦਾ ਹੈ। ਸਿੰਗੀ ਦੀ ਆਵਾਜ਼ ਤੋਂ ਇਕ ਅਨੰਤ ਅਤੇ ਸੁੰਦਰ ਧੁਨ ਉਤਪੰਨ ਹੁੰਦੀ ਹੈ ਜੋ ਰਾਤ ਦਿਨ ਉਸ ਨੂੰ ਰੱਬੀ ਕੀਰਤਨ ਨਾਲ ਭਰਪੂਰ ਰੱਖਦੀ ਹੈ॥ ੨॥

ਸਿਮਰਨ ਉਸ ਦਾ ਖਿਆਲ ਤੇ ਬ੍ਰਹਮ ਵੀਚਾਰ ਉਸ ਦਾ ਸੰਪਰਦਾਈ ਸੋਟਾ ਹੈ। ਸੁਆਮੀ ਦੀ ਹਜ਼ੂਰੀ ਵਿਚ ਵੱਸਣਾ ਉਸ ਦੀ ਬਿਭੂਤੀ ਹੈ। ਵਾਹਿਗੁਰੂ ਦੀ ਸਿਫਤ-ਸਾਲਾਹ ਮੇਰੀ ਰਹੁ-ਰੀਤੀ ਹੈ ਅਤੇ ਗੁਰਮੁਖ ਪੰਥ ਮੇਰਾ ਪਵਿੱਤਰ ਮਜ਼ਹਬ ਹੈ॥ ੩॥

ਪ੍ਰਭੂ ਦੀ ਜੋਤ ਸਾਰਿਆਂ ਅੰਦਰ ਵੇਖਣਾ ਮੇਰੀ ਬੈਰਾਗਣ ਹੈ। ਇਸ ਦੇ ਭਿੰਨ ਭਿੰਨ ਅਤੇ ਬਹੁਤ ਰੰਗ ਹਨ। ਗੁਰੂ ਨਾਨਕ ਜੀ ਕਹਿੰਦੇ ਹਨ, "ਹੇ ਭਰਥਰੀ ਯੋਗੀ! ਸੁਣੋ, ਮੈਂ ਕੇਵਲ ਮਹਾਨ ਵਾਹਿਗੁਰੂ ਨੂੰ ਹੀ ਪਿਆਰ ਕਰਦਾ ਹਾਂ॥ ੪ ॥ ੩ ॥ ੩੭॥

ਚੌਪਈ- ਐਸੋ ਜੋਗ ਜਿ ਨਰ ਜਗ ਧਾਰਹਿਂ। ਮਨ ਕੀ ਸਗਲੀ ਮੈਲ ਨਿਵਾਰਹਿਂ।
ਪੁਨਿ ਜੋ ਪਯਾਲਾ ਤੋਹਿ ਬਖਾਨਾ। ਸੋ ਅਬ ਕਹੌਂ ਸੁਨਹੁ ਦੇ ਕਾਨਾ ॥੨੯॥

ਐਸਾ ਜੋਗ ਜਿਹੜਾ ਮਨੁੱਖ ਇਸ ਜਗ ਵਿਚ ਧਾਰਨ ਕਰਦਾ ਹੈ, ਉਹ ਆਪਣੇ ਮਨ ਦੀ ਸਾਰੀ ਮੈਲ ਦੂਰ ਕਰ ਲੈਂਦਾ ਹੈ। ਬਾਅਦ ਵਿਚ ਜਿਹੜੀ ਤੁਸੀਂ ਸਿੱਧਾਂ ਦੇ ਪਿਆਲੇ ਬਾਰੇ ਗੱਲ ਕੀਤੀ ਹੈ, ਉਸ ਬਾਰੇ ਵੀ ਦੱਸਦਾ ਹਾਂ, ਕੰਨ ਲਾ ਕੇ ਸੁਣੋ॥ ੨੯॥

ਆਸਾ ਮਹਲਾ ੧ ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ੧ ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ ੧ ॥
ਰਹਾਉ ॥ ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥ ੪ ॥ ੩੮ ॥ (ਪੰਨਾ ੩੬੦)

ਤੂੰ ਬ੍ਰਹਮ ਗਿਆਨ ਨੂੰ ਆਪਣਾ ਗੁੜ ਬਣਾ ਅਤੇ ਸਿਮਰਨ ਨੂੰ ਮਹੂਏ ਦੇ ਫੁੱਲ ਬਣਾ। ਉਨ੍ਹਾਂ ਵਿਚ ਚੰਗੇ ਅਮਲਾਂ ਦੀ ਕਮਾਈ ਨੂੰ ਖਮੀਰ ਉਠਾਉਣ ਲਈ ਕਿੱਕਰ ਦੇ ਸੱਕਾਂ ਵਜੋਂ ਪਾ। ਯਕੀਨ ਨੂੰ ਆਪਣੀ ਭੱਠੀ ਅਤੇ ਪ੍ਰੀਤ ਨੂੰ ਲੇਪ ਬਣਾ, ਇਸ ਤਰੀਕੇ ਨਾਲ ਮਿੱਠੇ ਅੰਮ੍ਰਿਤ ਦਾ ਪਿਆਲਾ ਕੱਢਿਆ ਜਾਂਦਾ ਹੈ॥ ੧ ॥

ਹੇ ਬਾਬਾ ! ਅੰਮ੍ਰਿਤ ਨਾਮ ਦੇ ਪਿਆਲੇ ਨੂੰ ਪੀ ਕੇ ਮਨ ਖੀਵਾ ਹੋ ਜਾਂਦਾ ਹੈ ਅਤੇ ਪ੍ਰਭੂ ਭਗਤੀ ਵਿਚ ਸਹਿਜੇ ਹੀ ਲੀਨ ਹੋ ਜਾਂਦਾ ਹੈ। ਵਾਹਿਗੁਰੂ ਦੇ ਪਿਆਰ ਨਾਲ ਬਿਰਤੀ ਜੋੜਨ ਨਾਲ ਅਤੇ ਅਨਾਹਦ ਸ਼ਬਦ ਸੁਣਨ ਨਾਲ ਰਾਤ ਦਿਨ ਸਫਲ ਹੋ ਜਾਂਦੇ ਹਨ॥ ੧ ॥ ਠਹਿਰਾਓ॥

ਇਹ ਸੱਚ ਦਾ ਪਿਆਲਾ ਪੂਰਨ ਪੁਰਖ ਸਹਿਜੇ ਹੀ ਉਸ ਨੂੰ ਪੀਣ ਲਈ ਦਿੰਦਾ ਹੈ, ਜਿਸ ਉਤੇ ਉਹ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ। ਜਿਹੜਾ ਅੰਮ੍ਰਿਤ ਦਾ ਵਪਾਰੀ ਹੋਵੇ ਉਹ ਤੁੱਛ ਸ਼ਰਾਬ ਨੂੰ ਕਿਵੇਂ ਪਿਆਰ ਕਰ ਸਕਦਾ ਹੈ ॥ ੨ ॥

ਗੁਰੂ ਦਾ ਸ਼ਬਦ ਅੰਮ੍ਰਿਤ ਰੂਪੀ ਬਾਣੀ ਹੈ, ਇਸ ਨੂੰ ਪੀਂਦਿਆਂ ਹੀ ਮਨੁੱਖ ਹਰੀ ਦੇ ਦੁਆਰ ਤੇ ਪ੍ਰਵਾਨ ਹੋ ਜਾਂਦਾ ਹੈ। ਜਿਹੜਾ ਮਨੁੱਖ ਹਰੀ ਦੇ ਦਰਬਾਰ ਅਤੇ ਦੀਦਾਰ ਦਾ ਚਾਹਵਾਨ ਹੋਵੇ, ਉਹ ਮੁਕਤੀ ਅਤੇ ਸਵਰਗ ਨੂੰ ਕੀ ਕਰੇ॥ ੩ ॥

ਜਿਹੜਾ ਮਨੁੱਖ ਵਾਹਿਗੁਰੂ ਦੀ ਸਿਫਤ-ਸਾਲਾਹ ਨਾਲ ਰੰਗਿਆ ਹੈ, ਉਹ ਸਦਾ ਹੀ ਤਿਆਗੀ ਹੈ ਅਤੇ ਆਪਣਾ ਜੀਵਨ ਜੂਏ ਵਿਚ ਨਹੀਂ ਹਾਰਦਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਹੇ ਭਰਥਰੀ ਜੋਗੀ ! ਮੈਂ ਅੰਮ੍ਰਿਤ ਦੀ ਧਾਰਾ ਨਾਲ ਮਦਮਸਤ ਹੋਇਆ ਹਾਂ॥ ੪ ॥ ੪ ॥ ੩੮ ॥

ਚੌਪਈ- 'ਸ੍ਰੀ ਕਰਤਾਰ ਸਿਫਤ ਮਹਿਂ ਰੰਗੇ। ਜਪਹਿਂ ਨਾਮ ਮਨ ਬਾਸਨ ਭੰਗੇ।
ਸ੍ਰੀ ਪ੍ਰਭੁ ਚਰਨ ਪ੍ਰੇਮ ਮਸਤਾਨੇ। ਇਸ ਬਿਧਿ ਸਭਿ ਜਗ ਬੰਧਨ ਹਾਨੇ ॥੩੦॥

"ਜਿਹੜਾ ਮਨੁੱਖ ਕਰਤਾਰ ਦੀ ਸਿਫਤ-ਸਾਲਾਹ ਵਿਚ ਰੰਗ ਕੇ ਨਾਮ ਜਪਦਾ ਹੈ, ਉਸ ਦੇ ਮਨ ਦੀਆਂ ਵਾਸ਼ਨਾਂ ਭੰਗ ਹੋ ਜਾਂਦੀਆਂ ਹਨ। ਸ੍ਰੀ ਪ੍ਰਭੂ ਦੇ ਚਰਨਾਂ ਦੇ ਪ੍ਰੇਮ ਵਿਚ ਮਸਤ ਹੋ ਜਾਵੇ। ਇਸ ਵਿਧੀ ਅਨੁਸਾਰ ਜੱਗ ਦੇ ਸਾਰੇ ਬੰਧਨ ਨਾਸ਼ ਹੋ ਜਾਂਦੇ ਹਨ" ॥ ੩੦ ॥

ਸੁਨਿ ਭਰਥਰਿ ਉਰ ਸੰਸੈ ਨਾਸਾ। ਮਹਿਮਾ ਭਗਤਿ ਲਖੀ ਸੁਖਰਾਸਾ।
ਹਾਥ ਜੋਰਿ ਪੁਨ ਬੰਦਨ ਕੀਨੀ। ਭਾਉ ਕੀਨ ਪ੍ਰੇਮਹਿ ਮਤਿ ਭੀਨੀ ॥੩੧॥

ਇਹ ਸੁਣ ਕੇ ਭਰਥਰੀ ਜੋਗੀ ਦੇ ਹਿਰਦੇ ਦੇ ਸਾਰੇ ਸੰਸੇ ਦੂਰ ਹੋ ਗਏ। ਉਸ ਭਗਤੀ ਦੀ ਮਹਿਮਾ ਨੂੰ ਸੁਖਾਂ ਦੀ ਰਾਸ ਸਮਝਿਆ। ਹੱਥ ਜੋੜ ਕੇ ਫਿਰ ਮੱਥਾ ਟੇਕਿਆ, ਪ੍ਰੇਮ ਕਰਨ ਨਾਲ ਉਸ ਦੀ ਮੱਤ ਪ੍ਰੇਮ-ਭਿੱਜੀ ਹੋ ਗਈ॥ ੩੧ ॥

ਪ੍ਰਸ਼ਨੋਤਰ ਕਰਿ ਰੁਚਿਰ ਪ੍ਰਕਾਰੀ। ਗਵਨੇ ਤਹਿੰਤੇ ਸ੍ਰੀ ਸੁਖਕਾਰੀ।
ਮੈਂ ਮਰਦਾਨਾ ਪਾਛੇ ਜਾਵਹਿਂ। ਹਾਸ ਬਿਲਾਸ ਕਰਤਿ ਮਨ ਭਾਵਹਿਂ ॥੩੨॥

ਆਪਣੀ ਰੁਚੀ ਅਨੁਸਾਰ ਕਈ ਪ੍ਰਕਾਰ ਦੇ ਪ੍ਰਸ਼ਨ ਉਤਰ ਕਰਕੇ ਸ੍ਰੀ ਸੁਖਕਾਰੀ ਭਾਵ ਗੁਰੂ ਜੀ ਓਥੋਂ ਚਲ ਪਏ। ਮੈਂ ਅਤੇ ਮਰਦਾਨਾ ਪਿਛੇ ਪਿਛੇ ਜਾਂਦੇ ਸੀ ਅਤੇ ਮਨ-ਭਾਉਂਦਾ ਹਾਸਾ ਠੱਠਾ ਕਰਦੇ ਜਾਂਦੇ ਸੀ॥ ੩੨॥

ਕਿਤਕਿ ਕੋਸ ਪਰ ਪਹੁੰਚੇ ਜਾਈ। ਬੈਸੇ ਮਹਿਂ ਸਤਿਗੁਰੂ ਸੁਖਦਾਈ।
ਕਾਰਨ ਕਰਨ ਰਿਦੇ ਇਹ ਆਯੋ। ਮਰਦਾਨੇ ਕੋ ਮਨ ਭਰਮਾਯੋ॥੩੩॥

ਕਈ ਕੋਹ ਚਲ ਕੇ ਇਕ ਥਾਂ ਜਾ ਕੇ ਪਹੁੰਚੇ ਤਾਂ ਸੁਖਾਂ ਦੇ ਸਤਿਗੁਰੂ ਜੀ ਬੈਠ ਗਏ। ਕਾਰਨ ਕਰਨ ਗੁਰੂ ਜੀ ਦੇ ਹਿਰਦੇ ਵਿਚ ਇੱਛ ਆਈ ਕਿ ਉਨ੍ਹਾਂ ਮਰਦਾਨੇ ਦੇ ਮਨ ਨੂੰ ਭਰਮਾਇਆ॥ ੩੩॥

(ਜਦ ਵੀ ਕਿਸੇ ਚੰਗੇ ਮਾੜੇ ਵਿਅਕਤੀ ਦਾ ਕਲਿਆਣ ਜਾਂ ਨਾਸ਼ ਕਰਨਾ ਹੁੰਦਾ ਸੀ ਤਾਂ ਉਹ ਕਦੇ ਮਰਦਾਨੇ ਦੀ ਭੁੱਖ ਤੇਜ਼ ਕਰ ਦਿੰਦੇ ਸਨ, ਕਦੇ ਪਿਆਸ ਲਾ ਦਿੰਦੇ ਸਨ ਅਤੇ ਕਦੇ ਉਸ ਦਾ ਮਨ ਆਪਣੇ ਘਰ ਜਾਣ ਵਾਸਤੇ ਉਤਾਵਲਾ ਬਣਾ ਦਿੰਦੇ ਸਨ)

ਕਹਤਿ ਭਯੋ 'ਮੈਂ ਜਾਉਂ ਅਵਾਸੂ। ਬਿਦਾ ਦੇਹੁ ਮਨ ਮੋਰ ਉਦਾਸੂ।
ਸ੍ਰੀ ਪ੍ਰਭੁ ਮੈਂ ਨਹਿਂ ਜਾਉਂ ਅਗਾਰੀ। ਹਟਿ ਹੌਂ ਲੇਜ ਰਜਾਇ ਤੁਮਾਰੀ' ॥੩੪॥

ਮਰਦਾਨਾ ਕਹਿਣ ਲੱਗਾ, "ਮੈਂ ਹੁਣ ਆਪਣੇ ਘਰ ਜਾਵਾਂਗਾ, ਮੈਨੂੰ ਛੁੱਟੀ ਦੇਵੋ, ਮੇਰਾ ਮਨ ਬਹੁਤ ਉਦਾਸ ਹੋ ਗਿਆ ਹੈ। ਹੇ ਪ੍ਰਭੂ ਜੀ ਮੈਂ ਅੱਗੇ ਨਹੀਂ ਜਾਵਾਂਗਾ, ਤੁਹਾਡੀ ਆਗਿਆ ਲੈ ਕੇ ਪਿੱਛੇ ਮੁੜ ਜਾਵਾਂਗਾ" ॥ ੩੪॥

ਦੋਹਰਾ- ਸ੍ਰੀ ਗੁਰੂ ਕਹੈਂ ਨ ਜਾਹੁ ਅਬ ਗੈਲ ਵਿਖੈ ਜਿ ਬਲਾਇ।
ਕੋ ਭੱਛਨ ਤੁਝ ਕੋ ਕਰੈ ਰਹਹੁ ਸੰਗ ਸੁਖ ਪਾਇ॥ ੩੫॥

ਗੁਰੂ ਜੀ ਨੇ ਕਿਹਾ, ਨਾ ਜਾਵੋ, ਕਿਉਂਕਿ ਰਸਤੇ ਵਿਚ ਬਹੁਤ ਬਲਾਵਾਂ ਰਹਿੰਦੀਆਂ ਹਨ। ਕੋਈ ਤੈਨੂੰ ਖਾ ਲਵੇਗਾ, ਇਹ ਸੁਖ ਪਾ ਕੇ ਸਾਡੇ ਪਾਸ ਹੀ ਰਹੋ॥ ੩੫॥

ਚੌਪਈ- ਕਿਉਂ ਉਦਾਸ ਅਪਨੋ ਮਨ ਕੀਨਾ? ਕੋ ਦੁਖ ਸੰਗਿ ਰਹਿਨ ਕੋ ਚੀਨਾ?।
ਧਰਾ ਸਕਲ ਕੇ ਸੈਲ ਕਰੀਜੈ। ਹਰਖ ਸਹਿਤ ਮਮ ਸਾਥ ਰਹੀਜੈ' ॥੩੬॥

ਤੂੰ ਆਪਣਾ ਮਨ ਏਨਾ ਉਦਾਸ ਕਿਉਂ ਕੀਤਾ ਹੈ ? ਸਾਡੇ ਨਾਲ ਰਹਿਣ ਵਿਚ ਤੈਨੂੰ ਕਿਹੜਾ ਕਸ਼ਟ ਹੋਇਆ ਹੈ ? ਸਾਰੀ ਧਰਤੀ ਦੀ ਸੈਰ ਕਰੋ ਅਤੇ ਖੁਸ਼ੀ-ਖੁਸ਼ੀ ਸਾਡੇ ਨਾਲ ਰਹੋ"॥ ੩੬॥

ਧੀਰਜ ਦੇਨੇ ਹਿਤ ਬਹੁ ਭਾਂਤਾ। ਸਮਝਾਯੋ ਨਹਿਂ ਮਾਨੈ ਬਾਤਾ।
ਨਿਜ ਕੁਟੰਬ ਕੇ ਮਿਲਨੇ ਹੇਤਾ। ਹਟਿ ਕਰਿ ਪਹੁੰਚਯੋ ਚਹਿਤਿ ਨਿਕੇਤਾ॥੩੭॥

ਗੁਰੂ ਜੀ ਨੇ ਉਸ ਨੂੰ ਬਹੁਤ ਭਾਂਤ ਧੀਰਜ ਦਿੱਤਾ ਅਤੇ ਸਮਝਾਇਆ, ਪਰ ਉਹ ਕੋਈ ਗੱਲ ਵੀ ਮੰਨਦਾ ਨਹੀਂ ਸੀ। ਆਪਣੇ ਨਿਜੀ ਪਰਿਵਾਰ ਨੂੰ ਮਿਲਣ ਵਾਸਤੇ ਪਿਛੇ ਮੁੜ ਕੇ ਉਨ੍ਹਾਂ ਪਾਸ ਜਾਣਾ ਚਾਹੁੰਦਾ ਸੀ॥ ੩੭॥

ਸ੍ਰੀ ਗੁਰੂ ਮੁਝਸੋਂ ਬਚਨ ਉਚਾਰੇ। 'ਰਾਖਹੁ ਰਹਿਹੈ ਕਹੇ ਤੁਮਾਰੇ'।
ਸ੍ਰੀ ਅੰਗਦ ਸੁਨੀਏ ਗੁਨ ਖਾਨੀ। ਕਹੀ ਤਾਂਹਿ ਸੰਗਿ ਮੈਂ ਇਵ ਬਾਨੀ॥੩੮॥

ਗੁਰੂ ਜੀ ਨੇ ਫਿਰ ਮੈਨੂੰ ਕਿਹਾ, "ਇਸ ਨੂੰ ਰੱਖ ਲਵੋ, ਜੋ ਤੁਹਾਡੇ ਕਹੇ ਤੇ ਰਹਿੰਦਾ ਹੈ।" ਹੇ ਗੁਰੂ ਅੰਗਦ ਦੇਵ ਜੀ ! ਗੁਣਾਂ ਦੀ ਖਾਨ, ਗੁਰੂ ਨਾਨਕ ਜੀ ਦੀ ਇਹ ਗੱਲ ਸੁਣ ਕੇ ਮੈਂ ਮਰਦਾਨੇ ਨੂੰ ਇਸ ਤਰ੍ਹਾਂ ਕਿਹਾ॥ ੩੮॥

'ਕਿਉਂ ਭੂਲਹੁ ਉਰ ਕਰੋ ਵਿਚਾਰਾ। ਸ੍ਰੀ ਨਾਨਕ ਤਨ ਏਕੰਕਾਰਾ।
ਇਨ ਕੋ ਸੰਗਿ ਤਜੈ ਹ੍ਵੈ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ॥ ੩੯॥

"ਹੇ ਮਰਦਾਨੇ ! ਕਿਉਂ ਭੁਲਦਾ ਹੈਂ, ਦਿਲ ਵਿਚ ਵਿਚਾਰ ਕਰੋ, ਗੁਰੂ ਨਾਨਕ ਆਪ ਪਰਮੇਸ਼ਵਰ ਹਨ। ਇਨ੍ਹਾਂ ਦਾ ਸਾਥ ਛੱਡ ਕੇ ਮੂਰਖਤਾ ਕਰ ਰਿਹਾ ਹੈਂ, ਨਿਜੀ ਪਰਿਵਾਰ ਦੇ ਮੋਹ ਵਿਚ ਫਸਿਆ ਹੋਇਆ ਹੈਂ॥ ੩੯॥

ਕਾਚ ਬਿਹਾਝਨ ਹਿਤ ਦੁਖ ਸਹਿਹੀ। ਪਾਰਸ ਨਿਕਟਿ ਤਜਿਨ ਮਨ ਚਹਿਹੀ।
ਇਨ ਕੋ ਸੰਗ ਸੁਧਾ ਸਮ ਤਯਾਗੈਂ। ਬਿਖਵਤ ਦੁਖ ਕੁਟੰਬ ਅਨੁਰਾਗੈਂ ॥੪੦॥

ਕੱਚ ਨੂੰ ਪਾਉਣ ਲਈ ਦੁੱਖ ਸਹਿੰਦਾ ਹੈਂ ਅਤੇ ਪਾਰਸ ਦਾ ਸੰਗ ਛੱਡਣ ਲਈ ਤੇਰਾ ਮਨ ਚਾਹੁੰਦਾ ਹੈ। ਗੁਰੂ ਜੀ ਦਾ ਅੰਮ੍ਰਿਤ ਵਰਗਾ ਸਾਥ ਛੱਡ ਰਿਹਾ ਹੈਂ ਤੇ ਪਰਿਵਾਰਿਕ ਦੁੱਖਾਂ ਨਾਲ ਤੈਨੂੰ ਪ੍ਰੇਮ ਜਾਗਿਆ ਹੈ"॥ ੪੦॥

ਦੋਹਰਾ- ਕਹਯੋ ਨ ਮਾਨਯੋ ਭਾਂਤਿ ਕਿਹ ਬਿਦਾ ਲਈ ਕਹਿ ਬੈਨ।
ਹਰਖਤ ਹੁਇ ਹਟਿ ਕਰਿ ਚਲਾ ਜਾਵਨ ਕੋ ਨਿਜ ਐਨ॥ ੪੧॥

ਬਹੁਤ ਭਾਂਤ ਕਿਹਾ, ਪਰ ਉਹ ਨਾ ਮੰਨਿਆ ਅਤੇ ਬੇਨਤੀ ਕਰਕੇ ਗੁਰੂ ਜੀ ਤੋਂ ਛੁੱਟੀ ਲੈ ਲਈ। ਬੜਾ ਖੁਸ਼ ਹੋ ਕੇ ਆਪਣੇ ਨਿਜੀ ਘਰ ਜਾਣ ਵਾਸਤੇ ਪਿਛੇ ਨੂੰ ਮੁੜਨ ਲੱਗਾ॥ ੪੧॥

ਚੌਪਈ- ਹੁਤੀ ਜਹਾਂ ਦਾਰੁਨ ਉਦਿਆਨਾ। ਬੈਸਿ ਗਏ ਸ੍ਰੀ ਗੁਰੂ ਤਿਹ ਥਾਨਾ।
ਇਕ ਪਗ ਆਗੈ ਨਹਿੰ ਪ੍ਰਸਥਾਨੇ। ਬੈਸੇ ਬਾਸੁਰ ਤਹਾਂ ਬਿਤਾਨੇ॥ ੪੨॥

ਜਿਥੇ ਬਹੁਤ ਭਿਆਨਕ ਜੰਗਲ ਸਨ, ਗੁਰੂ ਜੀ ਉਸ ਸਥਾਨ ਤੇ ਬੈਠ ਗਏ। ਇਕ ਕਦਮ ਵੀ ਅੱਗੇ ਨਾ ਗਏ। ਓਥੇ ਦਿਨ ਗੁਜ਼ਾਰਨ ਵਾਸਤੇ ਬੈਠ ਗਏ॥ ੪੨॥

ਮਰਦਾਨਾ ਹਟਿ ਕਰਿ ਜਬ ਗਮਨਾ। ਵਧਯੋ ਹੇਤ ਮਿਲਨੇ ਨਿਜ ਭਵਨਾ।
ਏਕ ਦਿਵਸ ਜਬ ਪੰਥ ਪਧਾਰਾ। ਦੁਤਿਯੇ ਦਿਨ ਭਾ ਚਲਨ ਤਯਾਰਾ ॥੪੩॥

ਮਰਦਾਨਾ ਜਦ ਪਿਛੇ ਮੁੜ ਕੇ ਚਲੇ ਗਿਆ, ਉਸ ਦੇ ਮਨ ਵਿਚ ਆਪਣੇ ਘਰ ਵਾਸਤੇ ਬਹੁਤ ਪਿਆਰ ਵਧਿਆ। ਇਕ ਦਿਨ ਰਾਹੇ ਰਾਹ ਚਲਦਾ ਰਿਹਾ, ਪਰ ਦੂਸਰੇ ਦਿਨ ਜਦ ਚਲਣ ਦੀ ਤਿਆਰੀ ਕਰਨ ਲੱਗਾ॥ ੪੩॥

ਰਾਖਸ਼ ਹੁਤੋ ਏਕ ਮਗ ਮਾਂਹੀ। ਤਿਨ ਤਬ ਹੀ ਗਹਿ ਲੀਨ ਤਹਾਂ ਹੀ।
ਨਿਜ ਸਥਾਨਗਹਿ ਕਰਿ ਸੋ ਗਵਨਾ। ਬਿਨ ਸਤਿਗੁਰੂ ਛੁਟਾਵਹਿ ਕਵਨਾ ॥੪੪॥

ਰਸਤੇ ਵਿਚ ਇਕ ਰਾਖਸ ਰਹਿੰਦਾ ਸੀ। ਉਸ ਰਾਖਸ਼ ਨੇ ਓਥੇ ਹੀ ਉਸ ਨੂੰ ਫੜ ਲਿਆ। ਉਸ ਨੂੰ ਫੜ ਕੇ ਉਹ ਆਪਣੇ ਘਰ ਲੈ ਗਿਆ। ਹੁਣ ਸਤਿਗੁਰੂ ਤੋਂ ਬਗੈਰ ਉਸ ਨੂੰ ਕੌਣ ਛੁਡਾਵੇ॥ ੪੪॥

ਭੈ ਕਰਿ ਕੰਪਤਿ ਤਨ ਮਰਦਾਨਾ। ਪੀਤ ਭਯੋ ਮੁਖ ਥੁਕ ਸੁਕਾਨਾ।
ਦੁਤਿਯ ਨ ਕੋਊ ਤਹਾਂ ਨਿਹਾਰਾ। ਕਿਸ ਪਹਿ ਕਰਹਿ ਪੁਕਾਰ ਵਿਚਾਰਾ ॥੪੫॥

ਡਰ ਨਾਲ ਮਰਦਾਨੇ ਦਾ ਸਰੀਰ ਕੰਬ ਰਿਹਾ ਸੀ। ਚਿਹਰਾ ਪੀਲਾ ਪੈ ਗਿਆ ਅਤੇ ਮੂੰਹ ਵਿਚੋਂ ਥੁੱਕ ਵੀ ਸੁੱਕ ਗਿਆ। ਓਥੇ ਕੋਈ ਹੋਰ ਆਦਮੀ ਨਾ ਵੇਖਿਆ, ਇਸ ਲਈ ਗਰੀਬ ਕਿਸ ਪਾਸ ਪੁਕਾਰ ਕਰਦਾ॥ ੪੫॥

ਦਾਰੁਨ ਜਹਿਂ ਕਾਨਨ ਗੰਭੀਰਾ। ਤਜੀ ਧੀਰ ਹ੍ਵੈ ਗੋ ਭੈ ਭੀਰਾ।
ਜਾਨਯੋ ਜੀਵਨ ਅਬ ਨਹਿੰ ਮੇਰੋ। ਬਚਨ ਨ ਮਾਨਯੋਂ ਮਨਿ ਗੁਰੁ ਕੇਰੋ ॥੪੬॥

ਜਿਥੇ ਭਿਆਨਕ ਅਤੇ ਸੰਘਣਾ ਜੰਗਲ ਸੀ, ਓਥੇ ਮਰਦਾਨਾ ਧੀਰਜ-ਰਹਿਤ ਹੋ ਗਿਆ ਅਤੇ ਡਰ ਨਾਲ ਭੈਭੀਤ ਹੋ ਗਿਆ। ਉਹ ਸਮਝ ਗਿਆ ਕਿ ਉਹ ਹੁਣ ਬਚ ਨਹੀਂ ਸੀ ਸਕਦਾ ਅਤੇ ਪਛਤਾਉਂਦਾ ਸੀ ਕਿ ਉਸ ਗੁਰੂ ਜੀ ਦਾ ਬਚਨ ਨਾ ਮੰਨਿਆ॥ ੪੬॥

ਯੱਦਜਪਿ ਕੀਨੋ ਹੈ ਅਪਰਾਧਾ। ਅਹੈ ਜਥਾਰਥ ਮੋਕੋ ਬਾਧਾ।
ਤਦਪਿ ਕ੍ਰਿਪਾਲ ਬਿਰਦ ਤਿਨ ਕੇਰਾ। ਭੈ ਕਾਟਹਿੰਗੇ ਸ੍ਰੀ ਪ੍ਰਭੁ ਮੇਰਾ ॥੪੭॥

ਭਾਵੇਂ ਮੈਂ ਅਪਰਾਧ ਕੀਤਾ ਹੈ, ਅਤੇ ਇਸ ਨੇ ਮੇਰਾ ਬੱਧ ਕਰਨਾ ਹੈ, ਫਿਰ ਵੀ ਕ੍ਰਿਪਾਲੂ ਦਾ ਇਹ ਧਰਮ ਹੈ, ਉਹ ਪ੍ਰਭੂ ਜੀ ਮੇਰਾ ਭੈਅ ਜ਼ਰੂਰ ਕੱਟਣਗੇ॥ ੪੭॥

ਅਸ ਵਿਚਾਰ ਕਰਿ ਧਰਿ ਉਰ ਧਯਾਨਾ। ਇਸ ਰਾਖਸ਼ ਤੇ ਕਰਹੁ ਮੁਚਾਨਾ।
ਬਹੁਰ ਨ ਹੋਰੋਂ ਬਚਨ ਤੁਮਾਰਾ। ਦੀਨ ਬੰਧੁ ਪ੍ਰਭੁ ਅਭੈ ਦਾਤਾਰਾ ॥੪੮॥

ਇਸ ਤਰ੍ਹਾਂ ਦਾ ਵਿਚਾਰ ਕਰਕੇ ਉਸ ਨੇ ਦਿਲ ਵਿਚ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਅਤੇ ਬਾਰ ਬਾਰ ਕਹਿੰਦਾ ਸੀ, ਇਸ ਰਾਖਸ਼ ਤੋਂ ਮੈਨੂੰ ਬਚਾ ਲਵੋ! ਫਿਰ ਮੁੜ ਕੇ ਮੈਂ ਤੁਹਾਡਾ ਬਚਨ ਨਹੀਂ ਮੋੜਾਂਗਾ, ਹੇ ਮੇਰੇ ਦੀਨ ਬੰਧੂ ਅਤੇ ਭੈਰਹਿਤ ਦਾਤਾਰ! ਮੇਰੇ ਤੇ ਮਿਹਰ ਕਰੋ॥ ੪੮॥

ਤਿਹ ਛਿਨ ਸ੍ਰੀ ਨਾਨਕ ਸੁਖਦਾਨੀ। ਬਿਗਸੇ ਮੁਝ ਸੋਂ ਬੋਲੇ ਬਾਨੀ॥
ਰਾਖਸ਼ ਨੈ ਗਹਿ ਲਿਯ ਮਰਦਾਨਾ। ਤਲੈ ਤੇਲ ਮਹਿੰ ਕਰਹੀ ਖਾਨਾ ॥੪੯॥

ਓਸੇ ਵੇਲੇ ਸੁਖਾਂ ਦੇ ਦਾਤੇ ਗੁਰੂ ਨਾਨਕ ਜੀ, ਪ੍ਰਸੰਨ ਹੋਏ ਅਤੇ ਮੈਨੂੰ ਕਹਿਣ ਲੱਗੇ, "ਰਾਖਸ਼ ਨੇ ਮਰਦਾਨੇ ਨੂੰ ਫੜ ਲਿਆ ਹੈ ਅਤੇ ਉਸ ਨੂੰ ਤੇਲ ਵਿਚ ਤਲ ਕੇ ਖਾ ਜਾਵੇਗਾ"॥ ੪੯॥

ਦੋਹਰਾ- ਸੁਨਿ ਕਰਿ ਮੈਂ ਦ੍ਵੈ ਬੰਦ ਕਰਿ ਸ੍ਰੀ ਗੁਰੁ ਸੋਂ ਬਚ ਪ੍ਰਾਹਿ।
'ਗੈਲ ਬਲਾਇ ਜੁ ਤੁਮ ਕਹਾ ਮਿਲੀ ਚਾਹਿਯੇ ਤਾਂਹਿ॥ ੫੦॥

ਇਹ ਸੁਣ ਕੇ ਮੈਂ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਇਹ ਬਚਨ ਕਹੇ, "ਜਿਹੜਾ ਤੁਸੀਂ ਕਿਹਾ ਹੈ ਕਿ ਉਸ ਨੂੰ ਰਾਖਸ਼ ਨੇ ਫੜ ਲਿਆ ਹੈ, ਅਜਿਹੀ ਸਜ਼ਾ ਉਸ ਨੂੰ ਮਿਲਣੀ ਚਾਹੀਦੀ ਹੈ"॥ ੫੦॥

ਚੌਪਈ- ਅਫਲ ਬਚਨ ਕਿਉਂ ਹੋਇ ਤੁਮਾਰਾ। ਜਿਹ ਕੇ ਤੀਨ ਲੋਗ ਅਨੁਸਾਰਾ।
ਰਹੇ ਹਟਾਇ ਨ ਮਾਨਹਿ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ ॥੫੧॥

ਤੁਹਾਡਾ ਬਚਨ ਖਾਲੀ ਕਿਵੇਂ ਜਾਏ ? ਜਿਸ ਦੀ ਆਗਿਆ ਅਨੁਸਾਰ ਤਿੰਨੇ ਲੋਕ ਚਲਦੇ ਹਨ। ਬਹੁਤ ਰੋਕਿਆ ਸੀ, ਪਰ ਮੂਰਖ ਮੰਨਿਆ ਨਹੀਂ। ਆਪਣੇ ਨਿਜੀ ਪਰਿਵਾਰ ਦੇ ਮੋਹ ਵਿਚ ਫੱਸਿਆ ਹੋਇਆ ਸੀ"॥ ੫੧॥

ਮੁਝ ਸੋਂ ਸ੍ਰੀ ਗੁਰ ਬਚਨ ਬਖਾਨਾ। 'ਚਲਹੁ ਬੇਗ ਤਿਂਹ ਕਰਿਹੰ ਛੁਟਾਨਾ।
ਇਕਤੋ ਸੰਗ ਲਏ ਕੀ ਲਾਜਾ। ਬਹੁਰ ਹਮਾਰੇ ਤਿਹ ਸੋਂ ਕਾਜਾ ॥੫੨॥

ਗੁਰੂ ਜੀ ਨੇ ਮੈਨੂੰ ਕਿਹਾ, "ਛੇਤੀ ਚਲੋ ਉਸ ਦਾ ਛੁਟਕਾਰਾ ਕਰਵਾਈਏ। ਇਕ ਤਾਂ ਉਸ ਨੂੰ ਆਪਣੇ ਨਾਲ ਲਿਆਉਣ ਦੀ ਲਾਜ ਹੈ, ਦੂਸਰਾ ਉਸ ਨਾਲ ਸਾਨੂੰ ਬੜੇ ਕੰਮ ਹਨ"॥ ੫੨॥

ਅਸ ਕਹਿ ਕਰਿ ਗਵਨੇ ਤਤਕਾਲਾ। ਮੈਂ ਬੂਝੇ ਤਿਂਹ ਸਮੈ ਕ੍ਰਿਪਾਲਾ।
'ਕਿਤਕ ਦੂਰ ਰਾਖਸ਼ ਕੋ ਥਾਨਾ। ਹਿਤ ਭੱਖਨ ਜਹਿੰ ਗਹਜੋ ਮ੍ਰਦਾਨਾ ॥੫੩॥

ਇਹ ਕਹਿ ਕੇ ਉਹ ਤੁਰੰਤ ਹੀ ਚਲ ਪਏ। ਮੈਂ ਉਸ ਵੇਲੇ ਕ੍ਰਿਪਾਲੂ ਗੁਰੂ ਜੀ ਤੋਂ ਪੁਛਿਆ, "ਰਾਖਸ਼ ਦਾ ਟਿਕਾਣਾ ਏਥੋਂ ਕਿੰਨੀ ਦੂਰ ਹੈ, ਜਿਥੇ ਖਾਣ ਵਾਸਤੇ ਉਹ ਮਰਦਾਨੇ ਨੂੰ ਲੈ ਕੇ ਗਿਆ ਹੈ॥ ੫੩॥

ਹਮ ਪਹੁੰਚਨ ਤੇ ਪੂਰਬ ਸੋਊ। ਖਾਇ ਜਾਇ ਜਹਿਂ ਬਿਲਮ ਨ ਕੋਊ'।
'ਨਹੀਂ ਦੂਰ ਬਹੁ ਨਿਕਟਿ ਪ੍ਰਮਾਨਹੁ। ਕੋਸ ਇਕਾਦਸ਼ ਪਰ ਪਹਿਚਾਨਹੁ' ॥੫੪॥

ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਖਾ ਨਾ ਜਾਵੇ, ਜੇ ਸਾਥੋਂ ਕੋਈ ਦੇਰ ਹੋ ਗਈ।" ਗੁਰੂ ਜੀ ਨੇ ਕਿਹਾ, "ਬਹੁਤ ਦੂਰ ਨਹੀਂ ਹੈ ਨੇੜੇ ਹੀ ਸਮਝੋ। ਏਥੋਂ ਗਿਆਰਾਂ ਕੋਹ ਤੇ ਉਹ ਥਾਂ ਸਮਝੋ" ॥ ੫੪ ॥

ਅਸ ਕਹਿ ਮਮ ਕਰ ਸੋਂ ਕਰਿ ਗਹਿਵਾ। ਇਕ ਛਿਨ ਮਹਿਂ ਆਵਤਿ ਭੇ ਤਹਿਂਵਾ।
ਕਾਨਨ ਦੀਰਘ ਦਾਰੁਨ ਭਾਰੀ। ਰਾਕਸ਼ ਕੋ ਘਰ ਤਾਂਹਿ ਮਝਾਰੀ ॥ ੫੫ ॥

ਇਹ ਕਹਿ ਕੇ ਮੇਰੇ ਹੱਥ ਨੂੰ ਆਪਣੇ ਹੱਥ ਵਿਚ ਫੜ ਲਿਆ। ਅਸੀ ਇਕ ਛਿਣ ਵਿਚ ਉਸ ਥਾਂ ਪਹੁੰਚ ਗਏ। ਬੜਾ ਭਾਰੀ ਭਿਆਨਕ ਅਤੇ ਗਹਿਰਾ ਜੰਗਲ ਸੀ। ਉਸ ਰਾਖਸ਼ ਦਾ ਘਰ ਉਸ ਜੰਗਲ ਦੇ ਵਿਚ ਸੀ ॥ ੫੫ ॥

ਦੋਹਰਾ- ਮਰਦਾਨੇ ਕੋ ਦੇਖਿ ਕਰਿ ਬਿਗਸਤਿ ਗਿਰਾ ਅਲਾਇ।
'ਕਿਉਂ ਬੈਠੇ ਘਰ ਜਾਤਿ ਨਹਿ? ਸੁਧਿ ਨਿਜ ਦੇਹੁ ਬਤਾਇ' ॥ ੫੬ ॥

ਮਰਦਾਨੇ ਨੂੰ ਵੇਖ ਕੇ ਬੜੇ ਖੁਸ਼ ਹੋਏ ਅਤੇ ਇਹ ਬਚਨ ਕਹੇ, "ਏਥੇ ਕਿਉਂ ਬੈਠਾ ਹੈਂ, ਘਰ ਨਹੀਂ ਗਿਆ ? ਇਸ ਬਾਰੇ ਸਾਰੀ ਗੱਲ ਸਾਨੂੰ ਦੱਸ" ॥ ੫੬ ॥

ਚੌਪਈ- ਸੁਨਿ ਲੱਜਤਿ ਹੋਇਓ ਮਰਦਾਨਾ। ਗ੍ਰੀਵ ਨੀਚ ਕਰਿ ਕਛੁ ਨ ਬਖਾਨਾ।
ਰਿਦੈ ਵਿਖੈ ਹਰਖਤਿ ਬਹੁ ਭਯੋ। ਜੀਵਨ ਜਾਨ ਜਨਮ ਮਮ ਨਯੋ ॥ ੫੭ ॥

ਇਹ ਗੱਲ ਸੁਣ ਕੇ ਮਰਦਾਨਾ ਸ਼ਰਮਿੰਦਾ ਹੋ ਗਿਆ, ਸਿਰ ਨੀਵਾਂ ਕਰਕੇ ਕੁਝ ਨਾ ਬੋਲਿਆ। ਹਿਰਦੇ ਵਿਚ ਬੜਾ ਖੁਸ਼ ਹੋਇਆ ਸੀ, ਉਹ ਇਹ ਸਮਝ ਗਿਆ ਸੀ, ਜਿਵੇਂ ਉਸ ਨੂੰ ਨਵਾਂ ਜਨਮ ਮਿਲਿਆ ਸੀ ॥ ੫੭ ॥

ਮੁਝ ਸੋਂ ਬੋਲੇ ਦੀਨ ਦਯਾਲਾ। 'ਇਹੁ ਜੁ ਕਰਾਹਾ ਤਪਤ ਬਿਸਾਲਾ।
ਤਿਸ ਮਹਿਂ ਮਰਦਾਨੇ ਕੋ ਪਾਵਹਿ। ਤਲ ਕੈ ਤੇਲ ਵਿਖੈ ਪੁਨ ਖਾਵਹਿ ॥੫੮॥

ਫਿਰ ਦੀਨ ਦਿਆਲ ਗੁਰੂ ਜੀ ਮੈਨੂੰ ਕਹਿਣ ਲੱਗੇ, "ਇਹ ਜਿਹੜਾ ਕੜਾਹਾ ਬਹੁਤ ਤਪ ਰਿਹਾ ਹੈ, ਇਸ ਵਿਚ ਉਸ ਮਰਦਾਨੇ ਨੂੰ ਪਾਉਣਾ ਹੈ, ਤੇਲ ਵਿਚ ਤਲ ਕੇ ਫਿਰ ਖਾ ਜਾਣਾ ਹੈ ॥ ੫੮ ॥

ਦੁਰੇ ਰਹੈਂ ਨਹਿਂ ਦੇਇਂ ਦਿਖਾਈ'। ਸੁਨਿ ਕਰਿ ਮੈਂ ਪੁਨ ਗਿਰਾ ਅਲਾਈ।
'ਨਹਿਂ ਆਏ ਜੈਸੇ ਤੁਮ ਆਏ। ਜੇ ਰਾਖਸ਼ ਤਲ ਲੇਵਹਿ ਖਾਏ ॥ ੫੯ ॥

ਏਥੇ ਲੁਕੇ ਰਹਿੰਦੇ ਹਾਂ ਤੇ ਰਾਖਸ਼ ਨੂੰ ਦਿਖਾਈ ਨਾ ਦੇਈਏ। ਇਹ ਸੁਣ ਕੇ ਮੈਂ ਬੋਲਿਆ, "ਫਿਰ ਤਾਂ ਉਹ ਗੱਲ ਹੋਵੇਗੀ ਕਿ ਜਿਵੇਂ ਤੁਸੀਂ ਏਥੇ ਆ ਕੇ ਵੀ ਨਹੀਂ ਆਏ ਅਤੇ ਰਾਖਸ਼ ਤਲ ਕੇ ਮਰਦਾਨੇ ਨੂੰ ਖਾ ਲਵੇਗਾ ॥ ੫੯ ॥

ਦੋਹਰਾ- ਸੋ ਬਿਧਿ ਪੂਰਬ ਕੀਜਿਯੇ ਜਿਹ ਬਿਧਿ ਛੂਟਹਿ ਸੋਇ।
ਕਿੰਕਰ ਅਪਨੋ ਜਾਨੀਏ ਪਤਨ ਨ ਇਹ ਕੋ ਹੋਇ' ॥ ੬੦ ॥

ਪਹਿਲਾਂ ਇਸ ਤਰ੍ਹਾਂ ਕਰੋ ਜਿਸ ਤਰ੍ਹਾਂ ਉਸ ਦਾ ਛੁਟਕਾਰਾ ਹੋ ਜਾਵੇ। ਇਸ ਨੂੰ ਆਪਣਾ ਦਾਸ ਜਾਣੋ, ਇਸ ਦਾ ਕਿਸੇ ਤਰ੍ਹਾਂ ਵੀ ਨਾਸ਼ ਨਾ ਹੋਵੇ" ॥ ੬੦ ॥

ਚੌਪਈ- ਸ੍ਰੀ ਗੁਰ ਭਾਖਹਿਂ 'ਦੇਖਿ ਤਮਾਸ਼ਾ। ਜੋ ਕਰਤਾਰ ਦਿਖਾਇ ਬਿਲਾਸਾ।'
ਨਹਿਂ ਰਾਖਸ਼ ਕੋ ਦੇਇਂ ਦਿਖਾਈ। ਮਰਦਾਨਾ ਦੇਖਿਹ ਗੁਰੁ ਤਾਂਈ ॥੬੧॥

ਗੁਰੂ ਜੀ ਨੇ ਮੈਨੂੰ ਕਿਹਾ, "ਤਮਾਸ਼ਾ ਵੇਖੋ, ਜੋ ਕਰਤਾਰ ਆਪਣੀ ਰਜ਼ਾ ਨਾਲ ਵਿਖਾਉਂਦਾ ਹੈ। ਉਹ ਰਾਖਸ਼ ਨੂੰ ਵਿਖਾਈ ਨਹੀਂ ਸੀ ਦੇ ਰਹੇ, ਪਰ ਮਰਦਾਨਾ ਗੁਰੂ ਜੀ ਨੂੰ ਵੇਖ ਰਿਹਾ ਸੀ॥ ੬੧॥

ਤਪਜੋ ਤੇਲ ਜਬ ਅਗਨਿ ਸਮਾਨਾ। ਖਲ ਨੇ ਗਹਿ ਲੀਨੋ ਮਰਦਾਨਾ।
ਬਲ ਕੇ ਸੰਗ ਤੇਲ ਮਹਿਂ ਡਾਰਾ। ਘਿਘ ਕੈ ਸ੍ਰੀ ਗੁਰੁ ਨਾਮ ਉਚਾਰਾ॥੬੨॥

ਜਦ ਤੇਲ ਤਪ ਕੇ ਅੱਗ ਵਰਗਾ ਹੋ ਗਿਆ, ਰਾਖਸ਼ ਨੇ ਮਰਦਾਨੇ ਨੂੰ ਆਪਣੇ ਹੱਥਾਂ ਨਾਲ ਚੁਕ ਲਿਆ। ਬੜੀ ਤਾਕਤ ਨਾਲ ਚੁਕ ਕੇ ਉਸ ਨੂੰ ਤੇਲ ਵਿਚ ਸੁੱਟ ਦਿੱਤਾ, ਬਿਹਬਲ ਹੋ ਕੇ ਉਸ ਗੁਰੂ ਜੀ ਦਾ ਨਾਮ ਉਚਾਰਿਆ॥ ੬੨॥

'ਤ੍ਰਾਹਿ ਤ੍ਰਾਹਿ ! ਨਿਜ ਬਿਰਦ ਸੰਭਾਰਹੁ !। ਪਾਹਿ ਪਾਹਿ ! ਮੁਝ ਜਰਤਿ ਉਬਾਰਹੁ।
ਗੁਨਹਿ ਗੁਨਨ ਕੋ ਅਬ ਨਹਿਂ ਕਾਲਾ। ਰੱਛਾ ਕੋ ਇਹ ਸਮਹਿਂ ਕ੍ਰਿਪਾਲਾ !'॥੬੩॥

"ਰਖਿਆ ਕਰੋ ! ਰਖਿਆ ਕਰੋ, ਆਪਣੇ ਸਿੱਖ ਨੂੰ ਸੰਭਾਲ ਲਵੋ। ਰੱਖੋ ! ਰੱਖੋ, ਮੈਨੂੰ ਸੜਨ ਤੋਂ ਬਚਾ ਲਵੋ। ਮੇਰੇ ਗੁਨਾਹਾਂ ਨੂੰ ਗਿਣਨ ਦਾ ਹੁਣ ਸਮਾਂ ਨਹੀਂ ਹੈ। ਹੇ ਕਿਰਪਾਲੂ ਇਸ ਸਮੇਂ ਮੇਰੀ ਰੱਖਿਆ ਕਰੋ"॥ ੬੩॥

ਦੋਹਰਾ- ਤੇਲ ਭਯੋ ਸੀਤਲ ਤਬਹਿ ਦੇਹਿ ਪਰਸ ਕਰ ਸੋਇ।
ਪਾਵਕ ਤੇਜ ਨ ਛੁਹਿ ਸਕਾ ਜਿਉਂ ਹਿਮ ਰਿਤੁ ਕੋ ਤੋਇ॥ ੬੪॥

ਜਦ ਮਰਦਾਨੇ ਦਾ ਸਰੀਰ ਤੇਲ ਨੂੰ ਛੂਹਿਆ ਤਾਂ ਤੇਲ ਠੰਢਾਠਾਰ ਹੋ ਗਿਆ। ਜਿਵੇਂ ਅਗਨੀ ਦਾ ਸੇਕ ਸਿਆਲੇ ਦੇ ਠੰਢੇ ਪਾਣੀ ਨੂੰ ਛੂਹ ਨਾ ਸਕਿਆ ਹੋਵੇ॥ ੬੪॥

ਚੌਪਈ- ਨਿਜ ਸਰੂਪ ਗੁਰੁ ਤਬਹਿ ਦਿਖਾਯਾ। ਦੇਖਤਿ ਰਾਖਸ਼ ਵਾਕ ਅਲਾਯਾ।
'ਕੋ ਹੈਂ ਤੂੰ ਕਿਹ ਤੇ ਚਲਿ ਆਯੋ? ਤਪਤ ਕਰਾਹਾ ਜਿਨ ਸਿਤਲਾਯੋ'॥੬੫॥

ਆਪਣਾ ਸਰੂਪ ਤਦ ਗੁਰੂ ਜੀ ਨੇ ਰਾਖਸ਼ ਨੂੰ ਵਿਖਾਇਆ। ਰਾਖਸ਼ ਗੁਰੂ ਜੀ ਨੂੰ ਵੇਖ ਕੇ ਬੋਲਿਆ, "ਤੂੰ ਕੌਣ ਹੈਂ, ਅਤੇ ਕਿਥੋਂ ਚਲ ਕੇ ਆਇਆ ਹੈਂ, ਜਿਸ ਨੇ ਆ ਕੇ ਤਪਦੇ ਕੜਾਹੇ ਨੂੰ ਠੰਢਾ ਕਰ ਦਿੱਤਾ ਹੈ"॥ ੬੫॥

ਬਿਗਸੇ ਸ੍ਰੀ ਮੁਖ ਬਚਨ ਬਖਾਨਾ। 'ਕੌਡਾ ! ਕਰਿ ਤੂੰ ਇਹ ਕੋ ਖਾਨਾ।
ਕਿਉਂ ਭੱਖਨ ਮਹਿਂ ਕੀਨੀ ਦੇਰਾ। ਬਿਨਾ ਤਲੇ ਭਖਿ ਭੋਜਨ ਤੇਰਾ'॥੬੬॥

ਗੁਰੂ ਜੀ ਨੇ ਬੜੇ ਪ੍ਰਸੰਨ ਹੋ ਕੇ ਇਹ ਬਚਨ ਕਹੇ, "ਹੇ ਕੌਡੇ ! ਇਸ ਨੂੰ ਤੂੰ ਹੁਣ ਖਾ ਲੈ। ਹੁਣ ਖਾਣ ਵਿਚ ਦੇਰੀ ਕਿਉਂ ਕੀਤੀ ਹੈ? ਬਿਨਾਂ ਤਲੇ ਹੀ ਇਸ ਨੂੰ ਖਾ ਲੈ, ਇਹ ਤੇਰਾ ਭੋਜਨ ਹੈ"॥ ੬੬॥

ਬਿਸਮਜੋ ਰਾਖਸ਼ ਵਾਕ ਉਚਾਰਾ। 'ਤੁਮ ਕਿਉਂ ਜਾਨਤਿ ਨਾਮ ਹਮਾਰਾ।
ਪੂਰਬ ਕਬਹਿ ਨ ਮਿਲਨਾ ਭਯੋ। ਅਬਹਿ ਸਰੂਪ ਬਿਲੋਕਜੋ ਨਯੋ'॥੬੭॥

ਰਾਖਸ਼ ਬੜਾ ਹੈਰਾਨ ਹੋਇਆ ਅਤੇ ਇਹ ਸ਼ਬਦ ਕਹੇ, "ਤੁਸੀਂ ਮੇਰਾ ਨਾਂ ਕਿਵੇਂ ਜਾਣਦੇ ਹੋ ? ਪਹਿਲਾਂ ਤਾਂ ਅਸੀਂ ਕਦੀ ਨਹੀਂ ਮਿਲੇ। ਮੈਂ ਤਾਂ ਹੁਣੇ ਹੀ ਨਵਾਂ ਸਰੂਪ ਵੇਖਿਆ ਹੈ"॥ ੬੭॥

ਦੋਹਰਾ- ਅਸ ਪ੍ਰਕਾਰ ਮੁਖ ਕਹਿਤਿ ਹੀ ਉਪਜਜੋ ਪੂਰਬ ਗਜਾਨ।
ਦਰਸ਼ਨ ਕੇ ਪਰਤਾਪ ਤੇ ਭਈ ਸ੍ਰਾਪ ਕੀ ਹਾਨਿ॥ ੬੮॥

ਇਸ ਪ੍ਰਕਾਰ ਕਹਿੰਦਿਆਂ ਹੀ ਉਸ ਨੂੰ ਪਿਛਲਾ ਗਿਆਨ ਹੋ ਗਿਆ। ਗੁਰੂ ਜੀ ਦੇ ਦਰਸ਼ਨਾਂ ਦਾ ਪਰਤਾਪ ਕਰਕੇ ਸਰਾਪ ਦਾ ਪ੍ਰਭਾਵ ਖਤਮ ਹੋ ਗਿਆ॥੬੮॥

ਚੌਪਈ- ਸੁਧ ਕੋ ਪਾਇ ਮੁਕਰ ਨਿਜ ਲਜਾਯੋ। ਸ੍ਰੀ ਗੁਰੁ ਆਗੈ ਧਰਿ ਦਿਖਰਾਯੋ।

ਜਬ ਪ੍ਰਤਿਬਿੰਬ ਦੇਖਿ ਮੁਖ ਕੇਰਾ। ਪਰਜੋ ਚਰਨ ਪਰ ਹ੍ਵੈ ਬਿਨ ਦੇਰਾ ॥੬੯॥

ਆਪਣੇ ਆਪ ਦੀ ਸੋਝੀ ਹੋ ਗਈ ਅਤੇ ਆਪਣਾ ਨਿਜੀ ਸ਼ੀਸ਼ਾ ਲੈ ਕੇ ਆਇਆ। ਗੁਰੂ ਜੀ ਅੱਗੇ ਧਰ ਕੇ ਉਨ੍ਹਾਂ ਨੂੰ ਵਿਖਾਇਆ। ਜਦ ਉਸ ਵਿਚ ਸਹੀ ਅਕਸ ਵੇਖਿਆ ਤਾਂ ਬਿਨਾਂ ਕਿਸੇ ਦੇਰ ਦੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ॥ ੬੯॥

ਕਰਿ ਬੰਦਨ ਹੋਯੋ ਪੁਨਿ ਠਾਢਾ। ਮਨ ਅਨੁਰਾਗ ਅਧਿਕ ਜਿਹ ਬਾਢਾ।
ਬੰਦ ਹਾਥ ਦ੍ਵੈ ਗੁਰੂ ਅਗਾਰੀ। ਗਦਗਦ ਗਿਰਾ ਹਰਖ ਉਰਿ ਭਾਰੀ ॥੭੦॥

ਮੱਥਾ ਟੇਕ ਕੇ ਫਿਰ ਖੜਾ ਹੋ ਗਿਆ। ਮਨ ਵਿਚ ਪ੍ਰੇਮ ਪਿਆਰ ਬਹੁਤ ਵਧਿਆ। ਗੁਰੂ ਜੀ ਅੱਗੇ ਦੋਵੇਂ ਹੱਥ ਜੋੜ ਕੇ ਗਦ-ਗਦ ਹੋ ਗਿਆ ਅਤੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੭੦॥

ਕਮਲ ਬਦਨ ਬੂਝਤਿ ਤਿਂਹ ਤਾਈਂ। 'ਬ੍ਰਿਥਾ ਆਪਨੀ ਦੇਹੁ ਬਤਾਈ'।
ਪੂਰਬ ਦਿਹੁ ਰਜਾਇ, ਗੁਨ ਮੰਦਿਰ ! ਆਨੌਂ ਭੇਟਿ ਮਧੁਰ ਫਲ ਸੁੰਦਰ ॥੭੧॥

ਕਮਲ ਮੁਖ ਭਾਵ ਗੁਰੂ ਜੀ ਉਸ ਤੋ ਪੁੱਛਦੇ ਹਨ, "ਸਾਨੂੰ ਆਪਣੀ ਪੂਰੀ ਕਹਾਣੀ ਸੁਣਾਓ।" ਕੋੜਾ ਬੋਲਿਆ, "ਹੇ ਗੁਣਾਂ ਦੇ ਘਰ ਭਾਵ ਗੁਰੂ ਜੀ ! ਪਹਿਲਾਂ ਮੈਨੂੰ ਆਗਿਆ ਦੇਵੋ, ਮੈਂ ਸੁੰਦਰ ਮਿੱਠੇ ਫਲ ਆਪ ਨੂੰ ਭੇਟ ਕਰਾਂ॥ ੭੧॥

ਬਹੁਰੋ ਉਚਰੌਂ ਅਪਨੀ ਗਾਥਾ। ਜਿਸ ਪ੍ਰਕਾਰ ਬੀਤੀ ਮੁਝ ਸਾਥਾ'।
ਆਇਸ ਪਾਇ ਗਯੋ ਬਨ ਮਾਂਹੀ। ਜਿਹਠਾਂ ਸੁਫਲੇ ਬਿਟਪ ਸੁਹਾਹੀਂ ॥੭੨॥

ਬਾਦ ਵਿਚ ਆਪਣੀ ਕਹਾਣੀ ਸਣਾਵਾਂਗਾ, ਜਿਸ ਪ੍ਰਕਾਰ ਮੇਰੇ ਨਾਲ ਬੀਤੀ ਹੈ।" ਆਗਿਆ ਪਾ ਕੇ ਬਣ ਵਿਚ ਚਲਾ ਗਿਆ, ਜਿਸ ਥਾਂ ਫਲਾਂ ਵਾਲੇ ਦਰੱਖਤ ਸੁਹਾ ਰਹੇ ਸਨ॥ ੭੨॥

ਬੀਨ ਬੀਨ ਕੈ ਮਧੁਰੇ ਆਨੇ। ਜਿਨਹਿ ਦੇਖ ਮੁਨਿ ਮਨ ਲਲਚਾਨੇ।
ਸਰਬ ਧਰੇ ਜਬ ਗੁਰੂ ਅਗਾਰੀ। ਬਿਗਸਿ ਬਦਨ ਤੇ ਗਿਰਾ ਉਚਾਰੀ ॥੭੩॥

ਉਹ ਚੁਣ ਚੁਣ ਕੇ ਮਿੱਠੇ ਫਲ ਲਿਆਇਆ, ਜਿਨ੍ਹਾਂ ਨੂੰ ਵੇਖ ਕੇ ਮੁਨੀਆਂ ਦੇ ਮਨ ਵੀ ਲਲਚਾ ਜਾਣ। ਸਾਰੇ ਗੁਰੂ ਜੀ ਦੇ ਅੱਗੇ ਧਰ ਦਿਤੇ। ਚਿਹਰੇ ਤੇ ਮੁਸਕਰਾਹਟ ਲਿਆ ਕੇ ਗੁਰੂ ਜੀ ਬੋਲੇ॥ ੭੩॥

ਮਰਦਾਨਾ ਅਪਨਾ ਗੁਰੁ ਮਾਨਹੁ। ਫਲ ਧਰਿ ਆਗੇ ਬੰਦਨ ਠਾਨਹੁ।
ਪੂਜਾ ਕੀਜਹਿ ਹੋਇ ਉਧਾਰਾ। ਸੁਨਿ ਕੋੜੇ ਪੁਨ ਬਚਨ ਉਚਾਰਾ ॥੭੪॥

"ਹੁਣ ਮਰਦਾਨੇ ਨੂੰ ਆਪਣਾ ਗੁਰੂ ਮੰਨੋ ਅਤੇ ਉਸ ਅੱਗੇ ਫਲ ਰੱਖ ਕੇ ਮੱਥਾ ਟੇਕੋ। ਉਸ ਦੀ ਪੂਜਾ ਕਰਨ ਨਾਲ ਤੇਰਾ ਉਧਾਰ ਹੋਵੇਗਾ।" ਇਹ ਸੁਣ ਕੇ ਕੋੜੇ ਨੇ ਫਿਰ ਬਚਨ ਉਚਾਰਿਆ॥ ੭੪॥

ਚੌਪਈ- 'ਸੀਸ ਮੁਕਟ ਅਬ ਹੈ ਇਹ ਮੇਰਾ। ਜਾਂਕੇ ਮਿਲੇ ਅਨੰਦ ਘਨੇਰਾ'।
ਹਰਖਤਿ ਹ੍ਵੈ ਬੋਲਜੋ ਮਰਦਾਨਾ। 'ਸਭਿ ਪ੍ਰਾਪਤਿ ਮੁਝ, ਹੇ ਗਤਿਦਾਨਾ ! ॥੭੫॥

"ਇਹ ਹੁਣ ਮੇਰਾ ਸੀਸ ਮੁਕਟ ਹੈ, ਜਿਸ ਨੂੰ ਮਿਲਣ ਨਾਲ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ।" ਖੁਸ਼ ਹੋ ਕੇ ਮਰਦਾਨਾ ਬੋਲਿਆ, "ਮੁਕਤੀਦਾਤੇ ! ਮੈਨੂੰ ਸਭ ਪ੍ਰਾਪਤ ਹੈ"॥ ੭੫॥

ਬਖਸ਼ਹੁ ਖਤਾ ਕੀਨਿ ਮੈਂ ਭਾਰੀ। ਮੇਟਨ ਕਰੀ ਰਜਾਇ ਤੁਮਾਰੀ।
ਨਿਜ ਪ੍ਰਸੰਨਤਾ ਮੋ ਪਰ ਕੀਜੈ। ਸਦਾ ਸੰਗਿ ਅਬ ਮੁਝੈ ਰਖੀਜੈ' ॥੭੬॥

ਜਿਹੜੀ ਮੈਂ ਵੱਡੀ ਗਲਤੀ ਕੀਤੀ ਸੀ, ਉਹ ਬਖਸ਼ ਦੇਵੋ, ਮੈਂ ਤੁਹਾਡੀ ਰਜ਼ਾ ਦੀ ਉਲੰਘਣਾ ਕੀਤੀ ਸੀ। ਆਪਣੀ ਦਿਆਲਤਾ ਹੁਣ ਮੇਰੇ ਉਤੇ ਕਰੋ ਅਤੇ ਸਦਾ ਮੈਨੂੰ ਆਪਣੇ ਸਾਥ ਰਖੋ"॥ ੭੬॥

ਸ੍ਰੀ ਮੁਖ ਕਹੈਂ 'ਸਦਾ ਸੁਪ੍ਰਸੰਨਾ। ਤੂੰ ਸੰਗ ਰਹਉ ਸਦਾ ਸੁਖ ਮੰਨਾ।
ਛੁਧਾ ਲਗੀ ਹ੍ਵੈ ਹੈ ਤੁਝ ਤਾਂਈ। ਖਾਹੁ ਮਧੁਰ ਫਲ ਕੋ ਤ੍ਰਿਪਤਾਈ' ॥੭੭॥

ਗੁਰੂ ਜੀ ਨੇ ਕਿਹਾ, "ਮੈਂ ਸਦਾ ਹੀ ਤੇਰੇ ਤੇ ਪ੍ਰਸੰਨ ਹਾਂ, ਤੂੰ ਸਦਾ ਸੁਖ ਮੰਨ ਕੇ ਸਾਡੇ ਨਾਲ ਰਹੋ। ਤੈਨੂੰ ਹੁਣ ਭੁੱਖ ਲੱਗੀ ਹੈ, ਇਸ ਲਈ ਮਿੱਠੇ ਫਲ ਖਾ ਕੇ ਤ੍ਰਿਪਤ ਹੋ ਜਾਵੋ" ॥ ੭੭॥

ਮੈਂ ਆਇਸ ਲੇ ਕਰਿ ਤਿਹਕਾਲਾ। ਜੋ ਫਲ ਸੁੰਦਰ ਮਧੁਰ ਬਿਸਾਲਾ।
ਧਰੇ ਗੁਰੂ ਆਗੈ ਰਸ ਪੂਰੇ। ਪੁਨ ਮਰਦਾਨੇ ਕੋ ਦਿਯ ਰੂਰੇ॥ ੭੮॥

ਮੈਂ ਉਸ ਸਮੇਂ ਆਗਿਆ ਲੈ ਕੇ, ਜਿਹੜੇ ਸੁੰਦਰ ਵਿਸ਼ਾਲ ਮਿੱਠੇ, ਰਸ ਭਰੇ ਫਲ ਸਨ, ਗੁਰੂ ਜੀ ਅੱਗੇ ਰੱਖ ਦਿਤੇ। ਫਿਰ ਸੁੰਦਰ ਫਲ ਮਰਦਾਨੇ ਨੂੰ ਦਿੱਤੇ॥ ੭੮॥

ਨਿਜ ਅਹਾਰ ਮੈਂ ਲੀਨ ਬਹੋਰੀ। ਅਚੇ ਮਧੁਰ ਜਿਨ ਸਾਦ ਨ ਥੋਰੀ।
ਫਲ ਜਿ ਹੁਤੇ ਆਗੇ ਸੁਖਦਾਈ। ਸੋ ਉਚਾਇ ਦਿਯ ਰਾਖਸ਼ ਤਾਈਂ ॥੭੯॥

ਬਾਕੀ ਦੇ ਮੈਂ ਆਪਣੇ ਅਹਾਰ ਵਾਸਤੇ ਰੱਖ ਲਏ। ਬੜੇ ਮਿੱਠੇ ਫਲ ਜਿਨ੍ਹਾਂ ਦੇ ਸਵਾਦ ਵਿਚ ਕੋਈ ਘਾਟ ਨਹੀਂ ਸੀ, ਬੜੇ ਪ੍ਰੇਮ ਨਾਲ ਖਾਧੇ। ਜਿਹੜੇ ਫਲ ਗੁਰੂ ਜੀ ਅੱਗੇ ਪਏ ਸਨ, ਉਹ ਚੁਕ ਕੇ ਰਾਖਸ਼ ਨੂੰ ਦੇ ਦਿੱਤੇ॥ ੭੯॥

ਜਬ ਕੋਡੇ ਕਿਯ ਮੁਖ ਮੈਂ ਪਾਵਨ। ਤਤਛਿਨ ਕਰੀ ਦੇਹਿ ਪਲਟਾਵਨ।
ਸੁਰ ਸਰੂਪ ਹ੍ਵੈ ਉਸਤਤਿ ਠਾਨੀ। 'ਨਮੋ ਨਮੋ ਕਰਤਾ ਚਹੁਖਾਨੀ ! ॥ ੮੦ ॥

ਜਦ ਕੌਡੇ ਨੇ ਉਨ੍ਹਾਂ ਫਲਾਂ ਨੂੰ ਮੂੰਹ ਵਿਚ ਪਾਇਆ ਤਾਂ ਉਸ ਦੀ ਫੌਰਨ ਦੇਹ ਪਲਟ ਗਈ, ਦੇਵਤਿਆਂ ਦਾ ਸਰੂਪ ਧਾਰ ਕੇ ਉਸਤਤਿ ਕਰਨ ਲੱਗਾ, "ਚਾਰ ਖਾਣੀਆਂ ਦੇ ਕਰਤਾ ਨੂੰ ਮੇਰੀ ਨਮਸ਼ਕਾਰ ਹੈ॥ ੮੦॥

ਨਿਰਗੁਨ ਸਰਗੁਨ ਤੋਰ ਸਰੂਪਾ। ਮਨ ਬਾਨੀ ਤੇ ਪਰੈ ਅਨੂਪਾ॥
ਪਾਰਬ੍ਰਹਮ ਪਰਮੇਸ਼ੁਰ ਸ੍ਵਾਮੀ। ਮੋਰ ਨਮਾਮਿ ਨਮਾਮਿ ਨਮਾਮੀ॥ ੮੧ ॥

ਨਿਰਗੁਨ ਸਰਗੁਨ ਤੇਰੇ ਸਰੂਪ ਹਨ। ਮਨ ਬਾਣੀ ਕਰਕੇ ਤੁਸੀਂ ਪੂਰੇ ਅਨੂਪਮ ਹੋ। ਤੁਸੀਂ ਪਾਰਬ੍ਰਹਮ ਪਰਮੇਸ਼ਰ ਸਵਾਮੀ ਹੋ, ਮੇਰੀ ਨਮਸਕਾਰ, ਨਮਸਕਾਰ, ਨਮਸਕਾਰ ਹੈ॥ ੮੧॥

ਭਗਤਿ ਵਛਲ ਦੀਨਨਿ ਦੁਖ ਭੰਜਨ!। ਜੈ ਜੈ ਜੈ ਮੁਨਿ ਜਨ ਮਨ ਰੰਜਨ।
ਸੰਤ ਵਿਰੁਧਿਨ ਕੋ ਨਿਤ ਘਾਲਿਕ। ਧਰਮ ਸੇਤ ਜਗ ਮਹਿਂ ਪ੍ਰਤਿਪਾਲਕ ! ॥੮੨ ॥

ਤੁਸੀਂ ਭਗਤ ਵਛਲ ਅਤੇ ਦੀਨਾਂ ਦੇ ਦੁੱਖ ਦੂਰ ਕਰਨ ਵਾਲੇ ਹੋ। ਜੈ ਜੈ ਜੈ ਮੁਨੀਜਨ ਮਨ ਰੰਜਨ। ਸੰਤਾਂ ਦੇ ਵਿਰੋਧੀਆਂ ਦਾ ਸਦਾ ਨਾਸ਼ ਕਰਦੇ ਹੋ। ਜੱਗ ਵਿਚ ਧਰਮ ਮਰਯਾਦਾ ਦੇ ਸਦਾ ਪ੍ਰਤਿਪਾਲਕ ਹੋ॥ ੮੨॥

ਪੁਨ ਬੰਦਨ ਤਵ ਪਦ ਭਗਵੰਤਾ!। ਸੁਨਹੁ ਭਯੋ ਜਿਵ ਮਮ ਵਿਰਤੰਤਾ।
ਤੁਮ ਅੰਤਰਜਾਮੀ ਸਭਿ ਜਾਨੋ। ਤਦਪਿ ਨਿਦੇਸ਼ਹਿ ਮੰਨਿ ਬਖਾਨੋ॥ ੮੩ ॥

ਫਿਰ ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕ ਕੇ ਕਿਹਾ, "ਸੁਣੋ, ਜਿਵੇਂ ਮੇਰੇ ਨਾਲ ਵਰਤਾਰਾ ਹੋਇਆ। ਤੁਸੀਂ ਅੰਤਰਜਾਮੀ ਸਭ ਜਾਣਦੇ ਹੋ। ਫਿਰ ਵੀ ਤੁਹਾਡੀ ਆਗਿਆ ਮੰਨ ਕੇ ਸਭ ਕੁਝ ਬਿਆਨ ਕਰਦਾ ਹਾਂ॥ ੮੩॥

ਪੂਰਬ ਜਨਮ ਹੁਤੋ ਦਿਜ ਮੇਰਾ। ਪਠਿ ਵਿੱਦਯਾ ਮਨ ਮਾਨ ਘਨੇਰਾ।
ਏਕ ਦਿਵਸ ਮਮ ਗੁਰੁ ਤਤਬੇਤਾ। ਆਵਾ ਸਹਿਜ ਸੁਭਾਵ ਨਿਕੇਤਾ॥੮੪॥

ਪਿਛਲੇ ਜਨਮ ਵਿਚ ਮੈਂ ਬ੍ਰਾਹਮਣ ਦੇ ਘਰ ਪੈਦਾ ਹੋਇਆ ਸੀ। ਵਿਦਿਆ ਪੜ੍ਹ ਕੇ ਮਨ ਵਿਚ ਬੜਾ ਹੰਕਾਰ ਹੋ ਗਿਆ। ਇਕ ਦਿਨ ਮੇਰੇ ਤੱਤ੍ਵ ਗਿਆਨੀ ਗੁਰੂ ਸਹਿਜ ਸੁਭਾਅ ਮੇਰੇ ਘਰ ਆ ਗਏ॥ ੮੪॥

ਨਹਿਂ ਉਠਿ ਕਰਿ ਸਨਮਾਨਤਿ ਕੀਨਾ। ਅਹਿਮਤ ਧਰਿ ਆਸਨ ਆਸੀਨਾ।
ਦੇਖਿ ਅਵੱਗਯਾ ਗੁਰੁ ਰਿਸ ਕਰਿਕੈ। ਮੁਝ ਇਉਂ ਦੀਨੋ ਸ੍ਰਾਪ ਉਚਰਿਕੈ ॥੮੫ ॥

ਮੈਂ ਉਠ ਕੇ ਸਨਮਾਨ ਨਾ ਕੀਤਾ। ਹੰਕਾਰ ਕਰਕੇ ਆਪਣੇ ਆਸਣ ਤੇ ਬੈਠਾ ਰਿਹਾ। ਮੇਰੀ ਇਸ ਅਵੱਗਿਆ ਨੂੰ ਵੇਖ ਕੇ ਮੇਰੇ ਗੁਰੂ ਬੜੇ ਗੁੱਸੇ ਵਿਚ ਆ ਗਏ। ਮੈਨੂੰ ਉਨ੍ਹਾਂ ਕਹਿ ਕੇ ਸ੍ਰਾਪ ਦੇ ਦਿੱਤਾ॥ ੮੫॥

ਅਸ ਵਿੱਪ੍ਰੀਤਿ ਜੁ ਤੈਂ ਮਨ ਠਾਨੀ। ਕਛੂ ਨ ਬਿਗਰਹਿ ਮੁਝ, ਹੇ ਮਾਨੀ।
ਯਾਂ ਕੋ ਫਲ ਜੇ ਤੂੰ ਨਹਿਂ ਪਾਵੈਂ। ਤੋ ਸ਼ੁਭ ਰੀਤਿ ਜਗਤ ਮਿਟ ਜਾਵੈ ॥੮੬ ॥

ਇਸ ਤਰ੍ਹਾਂ ਦੀ ਬੇਪ੍ਰੀਤੀ ਜੋ ਤੂੰ ਮਨ ਵਿਚ ਧਾਰੀ ਹੈ, ਹੇ ਘਮੰਡੀ! ਇਸ ਨਾਲ ਮੇਰਾ ਕੁਝ ਨਹੀਂ ਵਿਗੜਿਆ। ਪਰ ਜੇ ਤੂੰ ਇਸ ਹੰਕਾਰ ਦਾ ਪ੍ਰਤਿਕੂਲ ਫਲ ਨਹੀਂ ਪਾਵੇਂਗਾ ਤਾਂ ਜਗਤ ਦੀ ਸ਼ੁਭ ਰੀਤੀ ਖਤਮ ਹੋ ਜਾਵੇਗੀ॥ ੮੬॥

ਤਾਂਤੇ ਤੂੰ ਰਾਖਸ਼ ਤਨ ਪਾਈ। ਕਰਹੁ ਕੁਕਰਮ ਧਰਮ ਬਿਸਰਾਈ।
ਅਸ ਪ੍ਰਕਾਰ ਸੁਨਿ ਗੁਰੁ ਕੋ ਸ੍ਰਾਪਾ। ਮੈਂ ਭੈਭੀਤਿ ਭਯੋ ਬਹੁ ਕਾਂਪਾ ॥੮੭ ॥

ਇਸ ਲਈ ਤੂੰ ਰਾਖਸ਼ ਤਨ ਪਾ ਕੇ, ਧਰਮ ਵਿਸਾਰ ਕੇ ਕੁਕਰਮ ਕਰ। ਇਸ ਤਰ੍ਹਾਂ ਗੁਰੂ ਦੇ ਸ੍ਰਾਪ ਨੂੰ ਸੁਣ ਮੈਂ ਬਹੁਤ ਭੈਭੀਤ ਹੋ ਕੇ ਬਹੁਤ ਕੰਬਿਆ॥ ੮੭॥

'ਹੇ ਗੁਰੁ! ਮੈਂ ਅਪਰਾਧ ਜੁ ਕੀਨੋ। ਤਾਂਕੋ ਫਲ ਰਾਖਸ ਤਨ ਦੀਨੋ।
ਕਬ ਲੌ ਭੋਗੋ ਗੋ ਦੁਖ ਭਾਰੀ ॥ਕ੍ਰਿਪਾ ਧਾਰਿ ਸੋ ਕਰਹੁ ਉਚਾਰੀ?' ॥੮੮ ॥

ਮੈਂ ਕਿਹਾ, "ਹੇ ਗੁਰੂ ਜੀ! ਮੈਂ ਜੋ ਅਪਰਾਧ ਕੀਤਾ ਹੈ, ਉਸ ਬਦਲੇ ਮੈਨੂੰ ਰਾਖਸ਼ ਕਰ ਦਿੱਤਾ ਹੈ, ਕਦ ਤਕ ਇਹ ਦੁੱਖ ਭੋਗਾਂਗਾ, ਕਿਰਪਾ ਕਰਕੇ ਇਸ ਬਾਰੇ ਵੀ ਮੈਨੂੰ ਦੱਸ ਦੇਵੋ"॥ ੮੮॥

ਗੁਰੁ ਦਯਾਲਤਾ ਮਹਿ ਮਨ ਭੀਨਾ। ਐਸੇ ਬਚਨ ਉਚਾਰਨ ਕੀਨਾ।
ਏਕੰਕਾਰ ਧਰੈ ਅਵਤਾਰਾ। ਤਿਨਿਕੇ ਮਿਲੇ ਹੋਇ ਨਿਸਤਾਰਾ ॥ ੮੯ ॥

ਉਸ ਵੇਲੇ ਗੁਰੂ ਜੀ ਦਾ ਮਨ ਦਿਆਲਤਾ ਵਿਚ ਭਿੱਜ ਗਿਆ, ਉਨ੍ਹਾਂ ਨੇ ਇਸ ਤਰ੍ਹਾਂ ਬਚਨ ਉਚਾਰੇ, "ਏਕੰਕਾਰ ਗੁਰੂ ਨਾਨਕ ਜੀ ਅਵਤਾਰ ਧਾਰਨਗੇ, ਉਨ੍ਹਾਂ ਨੂੰ ਮਿਲ ਕੇ ਤੇਰਾ ਕਲਿਆਣ ਹੋਵੇਗਾ"॥ ੮੯॥

ਹੇ ਗੁਰ! ਮੈਂ ਤਿਨ ਕੋ ਕਿਵ ਜਾਨੋਂ। ਕ੍ਰਿਪਾ ਕਰਹੁ ਸੋ ਭਾਂਤਿ ਬਖਾਨੋ?
ਸੁਨਿ ਕੈ ਮੁਝ ਕੋ ਦਰਪਨ ਦੀਨਾ। ਕਹਜੋ ਕਿ ਇਸਤੇ ਲੇਵਹੁ ਚੀਨਾ ॥੯੦ ॥

ਮੈਂ ਕਿਹਾ, "ਹੇ ਗੁਰੂ ਜੀ! ਮੈਂ ਉਨ੍ਹਾਂ ਨੂੰ ਕਿਵੇਂ ਪਹਿਚਾਣਾਂਗਾ? ਕਿਰਪਾ ਕਰਕੇ ਉਸ ਬਾਰੇ ਵੀ ਮੈਨੂੰ ਦੱਸੋ।" ਇਹ ਸੁਣ ਕੇ ਗੁਰੂ ਜੀ ਨੇ ਮੈਨੂੰ ਇਕ ਸ਼ੀਸ਼ਾ ਦਿੱਤਾ ਅਤੇ ਕਿਹਾ, "ਇਸ ਵਿਚ ਵੇਖ ਕੇ ਪਹਿਚਾਣ ਲੈਣਾ"॥ ੯੦॥

ਯਾਮੈ ਪਰ ਪ੍ਰਤਿਬਿੰਬ ਸੁ ਜਾਂਕੋ। ਪੁਨ ਮਾਨੁਖ ਮੁਖ ਦੀਸਹਿ ਤਾਂਕੋ।
ਸੋ ਜਾਨਹੁ ਇਹੁ ਹੈ ਅਵਤਾਰਾ। ਤਿਸਤੇ ਤੇਰੋ ਹੋਇ ਉਧਾਰਾ॥ ੯੧ ॥

ਇਸ ਸ਼ੀਸ਼ੇ ਵਿਚ ਜਿਹੜਾ ਅਕਸ ਪਵੇਗਾ, ਜੇ ਇਸ ਵਿਚ ਕਿਸੇ ਮਨੁੱਖ ਦਾ ਚਿਹਰਾ ਨਜ਼ਰ ਆਵੇ ਤਾਂ ਉਸ ਨੂੰ ਗੁਰੂ ਨਾਨਕ ਦਾ ਅਵਤਾਰ ਸਮਝੋ। ਉਸ ਪਾਸੋਂ ਤੇਰਾ ਉਧਾਰ ਹੋਵੇਗਾ॥ ੯੧॥

ਅਨਿਕ ਜਨਮ ਜਿਹ ਨਰ ਜਗ ਪਾਏ। ਨਾਨਾ ਜੋਨਿ ਵਿਖੈ ਜੋ ਆਏ।
ਤਿਨਕੇ ਮੁਖ ਇਸ ਦਰਪਨ ਮਾਂਹੀ। ਮਾਨੁਖ ਕੇ ਦੀਸਹਿ ਕਬਿ ਨਾਂਹੀ ॥੯੨ ॥

ਹੋਰ ਜਨਮ ਜਿਹੜਾ ਮਨੁੱਖ ਇਸ ਜੱਗ ਵਿਚ ਪਾਉਂਦਾ ਹੈ, ਕਈ ਪ੍ਰਕਾਰ ਦੀਆਂ ਜੂਨਾਂ ਵਿਚ ਜਿਹੜਾ ਆਉਂਦਾ ਹੈ ਉਨ੍ਹਾਂ ਦੇ ਮੁੱਖ ਇਸ ਸ਼ੀਸ਼ੇ ਵਿਚ ਕਦੀ ਵੀ ਮਨੁੱਖ ਦੇ ਨਹੀਂ ਦਿੱਸਣਗੇ॥ ੯੨॥

ਗੁਰਤੇ ਲੇਕਰਿ ਮੁਕਰ ਸੁ ਆਵਾ। ਤਬ ਕੋ ਮੈਂ ਇਹ ਥਾਨ ਰਹਾਵਾ।
ਗਹਿ ਕਰਿ ਆਨੇ ਮਨੁਜ ਘਨੇਰੇ। ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ ॥੯੩॥

ਗੁਰੂ ਤੋਂ ਇਹ ਸ਼ੀਸ਼ਾ ਲੈ ਕੇ ਮੈਂ ਏਥੇ ਆ ਗਿਆ, ਉਸ ਸਮੇਂ ਤੋਂ ਮੈਂ ਇਸ ਥਾਂ ਰਹਿ ਰਿਹਾ ਹਾਂ। ਬਹੁਤ ਮਨੁਖ ਮੈਂ ਘੇਰ ਕੇ ਲਿਆਂਦੇ ਹਨ, ਉਨ੍ਹਾਂ ਦੇ ਚਿਹਰੇ ਇਸ ਸ਼ੀਸ਼ੇ ਵਿਚ ਵੇਖੇ ਹਨ॥ ੯੩॥

ਸੂਕਰ, ਕੂਕਰ, ਖਰ, ਖਗ, ਸ਼ੇਰਾ। ਇਤਜਾਦਿਕ ਸਭਿ ਕੋ ਮੁਖ ਹੇਰਾ।
ਤੁਮਰਾ ਮਾਨੁਖ ਬਦਨ ਦਿਸਾਨਾ। ਜਿਨ ਕੇ ਪਰਸੇ ਸ੍ਰਾਪ ਮਿਟਾਨਾ ॥੯੪॥

ਸਭ ਦਾ ਚਿਹਰਾ ਸੂਰ, ਕੁੱਤੇ, ਗਧੇ, ਪੰਛੀ ਸ਼ੇਰ ਇਤਿਆਦਿ ਵਰਗਾ ਵੇਖਿਆ ਹੈ। ਪਰ ਪਹਿਲੀ ਵਾਰ ਤੁਹਾਡਾ ਮੁਖ ਮਨੁੱਖ ਵਰਗਾ ਦਿੱਸਿਆ ਹੈ, ਜਿਸ ਨੂੰ ਪਰਸ ਕੇ ਮੇਰਾ ਸਰਾਪ ਮਿਟਿਆ ਹੈ॥ ੯੪॥

ਅਸ ਬਿਧਿ ਹੁਤੋ ਮੋਹਿ ਬਿਰਤੰਤਾ। ਅਬ ਦੀਜੈ ਆਇਸ ਭਗਵੰਤਾ।
ਪੁੰਨ ਲੋਕ ਕੇ ਵਿਖੈ ਸਿਧਾਊਂ। ਤੁਮਰੇ ਦਰਸ਼ਨ ਕੋ ਸੁਖ ਪਾਊਂ' ॥੯੫॥

ਇਸ ਤਰ੍ਹਾਂ ਦੀ ਮੇਰੀ ਕਹਾਣੀ ਦੀ ਵਾਰਤਾ ਹੈ। ਹੁਣ ਪ੍ਰਭੂ ਜੀ ਮੈਨੂੰ ਆਗਿਆ ਦੇਵੋ ਕਿ ਮੈਂ ਬੈਕੁੰਠ ਵਿਚ ਜਾਵਾਂ ਅਤੇ ਤੁਹਾਡੇ ਦਰਸ਼ਨ ਕਰਕੇ ਸੁਖ ਪਾਵਾਂ"॥ ੯੫॥

ਸੁਰ ਤਨ ਹ੍ਵੈ ਕਰਿ ਨਮੋ, ਪਧਾਰਾ। ਮਰਦਾਨੇ ਕੌਤਕ ਸੁ ਨਿਹਾਰਾ।
ਬੰਦਨ ਪਦ ਅਰਬਿੰਦ ਕਰੰਤੂ। 'ਧੰਨ ਧੰਨ ਪ੍ਰਭੁ ! ਧੰਨ ਭਨੰਤੂ ॥੯੬॥

ਦੇਵਤੇ ਦਾ ਸਰੀਰ ਪਾ ਕੇ ਨਮਸਕਾਰ ਕਰਕੇ ਚਲਾ ਗਿਆ। ਮਰਦਾਨੇ ਨੇ ਇਹ ਸਾਰਾ ਕੌਤਕ ਵੇਖਿਆ, ਉਠ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਧੰਨ ਧੰਨ ਧੰਨ ਪ੍ਰਭੂ ! ਕਹਿੰਦਾ ਹੈ॥ ੯੬॥

'ਸ੍ਰੀ ਪ੍ਰਭੁ ! ਇਸ ਦਰਪਨ ਕੋ ਲੀਜੇ। ਹੈ ਅਦਭੁਤ ਨਿਜ ਨਿਕਟਿ ਰਖੀਜੈ'।
ਸੁਨਿ ਕਰਿ ਭਨਹਿਂ ਗਰੀਬ ਨਿਵਾਜੂ। 'ਇਸ ਦਰਪਨ ਤੇ ਕਜਾ ਹ੍ਵੈ ਕਾਜੂ ॥੯੭॥

"ਹੇ ਪ੍ਰਭੂ ਇਸ ਸ਼ੀਸ਼ੇ ਨੂੰ ਲਵੋ, ਇਹ ਬਹੁਤ ਅਦਭੁਤ ਹੈ, ਇਸ ਨੂੰ ਆਪਣੇ ਪਾਸ ਰਖੋ।" ਇਹ ਸੁਣ ਕੇ ਗਰੀਬ ਨਿਵਾਜ਼ ਭਾਵ ਗੁਰੂ ਜੀ ਨੇ ਕਿਹਾ, "ਸਾਨੂੰ ਇਸ ਸ਼ੀਸ਼ੇ ਨਾਲ ਕੀ ਕੰਮ ਹੈ ?॥ ੯੭॥

ਮੁਕਰ ਵਿਚਾਰ ਰੂਪ ਜਿਨ ਪਾਸਾ। ਤਿਨ ਕੋ ਆਤਮ ਹੋਤਿ ਪ੍ਰਕਾਸ਼ਾ।
ਰਾਖਹੁ ਸੋ ਸਦੀਵ ਨਿਜ ਸੰਗਾ। ਸਦਾ ਅਨੰਦ, ਕਰਹਿ ਭ੍ਰਮ ਭੰਗਾ ॥੯੮॥

ਜਿਨ੍ਹਾਂ ਪਾਸ ਇਸ ਸ਼ੀਸ਼ੇ ਵਰਗੇ ਵਿਚਾਰ ਹਨ, ਉਨ੍ਹਾਂ ਦੀ ਆਤਮਾ ਪ੍ਰਕਾਸ਼ਿਤ ਹੋ ਜਾਂਦੀ ਹੈ। ਉਸ ਵਿਚਾਰ ਨੂੰ ਸਦਾ ਆਪਣੇ ਨਾਲ ਰੱਖੋ। ਭਰਮਾਂ ਦਾ ਨਾਸ਼ ਕਰਕੇ ਸਦਾ ਅਨੰਦ ਪ੍ਰਸੰਨ ਰਹੋ"॥ ੯੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਭਰਥਰੀ ਔਰ ਕੋੜੇ ਕੋ' ਪ੍ਰਸੰਗ ਬਰਨਨੰ ਨਾਮ ਪੰਚਾਸਮੋਂ ਅਧਯਾਯ॥ ੫੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੰਜਾਹਵਾਂ ਅਧਿਆਇ ਜਿਸ ਦਾ ਨਾਮ "ਭਰਥਰੀ, ਕੋੜਾ" ਹੈ, ਸਮਾਪਤ ਹੋਇਆ॥ ੫੦॥

# ਅਧਿਆਇ ਇਕਵਿੰਜਵਾਂ

ਸਾਲਸ ਰਾਇ ਜੌਹਰੀ।

ਭੁਯੰਗ ਛੰਦ- ਨਮੋ ਸਾਰਦਾ ਰੂਪ ਦੋਖੰ ਹਰੰਤੀ। ਸਦਾ ਮੰਗਲਾ ਬੁੱਧਿ ਦੈਨੀ ਜਯੰਤੀ।
ਭਵਾ ਭੈਹਰਾ ਦਾਸ ਕੀ ਇੱਛਾ ਪੂਰਾ। ਪ੍ਰਕਾਸ਼ੀ ਤੁਹੀ ਚੌਦਹੂੰ ਲੋਕ ਭੂਰਾ ॥੧॥

ਸਾਰਦਾ ਦੇ ਰੂਪ ਨੂੰ ਮੇਰੀ ਨਮਸ਼ਕਾਰ ਹੈ ਜੋ ਪਾਪਾਂ ਨੂੰ ਦੂਰ ਕਰਦੀ ਹੈ ਅਤੇ ਸਦਾ ਖੁਸ਼ੀ ਦੀ ਦਾਤੀ ਹੈ। ਹੇ ਕੁਸ਼ਲਤਾ ਦੀ ਦਾਤੀਏ ! ਤੂੰ ਦਾਸ ਦਾ ਭੈਅ ਦੂਰ ਕੀਤਾ ਹੈ ਅਤੇ ਚੰਗੀ ਕਵਿਤਾ ਲਿਖਣ ਕੀ ਕਾਮਨਾ ਪੂਰੀ ਕੀਤੀ ਹੈ। ਤੂੰ ਹੀ ਚੌਦਾਂ ਲੋਕਾਂ ਵਿਚ ਬਹੁਤ ਪ੍ਰਕਾਸ਼ ਰਹੀ ਹੈਂ ॥ ੧॥

ਚੌਪਈ- ਭਰਥਰਿ ਕੌਡੇ ਕੇਰਿ ਪ੍ਰਸੰਗਾ। ਸੁਨਿ ਸ੍ਰੀ ਅੰਗਦਿ ਪ੍ਰੇਮ ਉਮੰਗਾ।
ਲਗੀ ਸਮਾਧਿ ਜੁਟੇ ਜੁਗ ਨੈਨਾ। ਅੰਗ ਅਡੋਲ ਨ ਉਚਰਤਿ ਬੈਨਾ ॥੨॥

ਭਰਥਰੀ ਜੋਗੀ ਅਤੇ ਕੌਡੇ ਰਾਖਸ਼ ਦਾ ਪ੍ਰਸੰਗ ਸੁਣ ਕੇ ਗੁਰੂ ਅੰਗਦ ਦੇਵ ਜੀ ਪ੍ਰੇਮ ਭਰੇ ਉਤਸ਼ਾਹ ਨਾਲ ਭਰ ਗਏ। ਬੈਠਿਆਂ ਬੈਠਿਆਂ ਉਨ੍ਹਾਂ ਦੀ ਸਮਾਧੀ ਲੱਗ ਗਈ ਅਤੇ ਦੋਵੇਂ ਨੈਣ ਜੁੜ ਗਏ। ਅੰਗ ਅਡੋਲ ਹੋ ਗਏ ਤੇ ਮੂੰਹ ਵਿਚੋਂ ਵੀ ਕੁਝ ਨਹੀ ਸਨ ਬੋਲਦੇ॥ ੨॥

ਸ੍ਰੋਤਾ ਬਕਤਾ ਹਟਿ ਕਰਿ ਸਭਿ ਹੀ। ਨਿਜ ਨਿਜ ਥਾਨ ਗਏ ਚਲਿ ਤਬਹੀ।
ਬੀਤਿ ਗਏ ਜਬ ਜਾਮ ਸਤਾਈ। ਤਦਪਿ ਨ ਚੇਤਨਤਾ ਤਨ ਆਈ ॥੩॥

ਸੁਣਨ ਵਾਲੇ ਅਤੇ ਕਹਿਣ ਵਾਲਾ (ਭਾਈ ਬਾਲਾ) ਸਾਰੇ ਪਿਛੇ ਹੱਟ ਕੇ ਆਪਣੇ-ਆਪਣੇ ਥਾਂ ਚਲੇ ਗਏ। ਇਸ ਤਰ੍ਹਾਂ ਬੈਠਿਆਂ ਸਤਾਈ ਘੜੀਆਂ ਬੀਤ ਗਈਆਂ, ਤਦ ਵੀ ਉਨ੍ਹਾਂ ਦੇ ਸਰੀਰ ਵਿਚ ਚੇਤਨਾ ਨਾ ਆਈ॥ ੩॥

ਖਾਨ ਪਾਨ ਇਸ਼ਨਾਨ ਬਿਹੀਨੇ। ਬੀਤੇ ਆਸਨ ਏਕ ਅਸੀਨੇ।
ਭੈ ਕਰਿ ਕੋਇ ਨ ਸਕਹਿ ਬੁਲਾਈ। ਬੈਸੇ ਪਾਸ ਪਿਖੈਂ ਦ੍ਰਿਗ ਲਾਈ ॥੪॥

ਖਾਣ, ਪੀਣ ਅਤੇ ਇਸਨਾਨ ਤੋਂ ਬਗੈਰ ਰਹੇ। ਇਕੋ ਆਸਣ ਤੇ ਬੈਠਿਆਂ ਸਾਰਾ ਸਮਾਂ ਬੀਤ ਗਿਆ। ਡਰਦਾ ਕੋਈ ਬੁਲਾਉਂਦਾ ਵੀ ਨਹੀ ਸੀ, ਪਾਸ ਬੈਠ ਨੀਝ ਲਾਈ ਵੇਖਦੇ ਹਨ॥ ੪॥

ਬਹੁਰੋ ਛੂਟੀ ਸਮਾਧਿ ਅਨੰਦਾ। ਉਠਿ ਕਰਿ ਮੱਜਨ ਕੀਨ ਮੁਕੰਦਾ।
ਖਾਨ ਪਾਨ ਕਰਿਕੈ ਨਿਜ ਸਭਿਹੀ। ਕਥਾ ਸਮਾਜ ਬੁਲਾਵਾ ਤਬਹੀ ॥੫॥

ਫਿਰ ਅਨੰਦਮਈ ਅਵਸਥਾ ਤੋਂ ਸਮਾਧੀ ਖੁਲ੍ਹੀ। ਫਿਰ ਉਠ ਕੇ ਮੁਕਤੀਦਾਤੇ ਨੇ ਇਸਨਾਨ ਕੀਤਾ। ਭੋਜਨ ਆਦਿ ਸਭ ਕੁਝ ਕਰਕੇ ਫਿਰ ਕਥਾ ਕਰਨ ਅਤੇ ਸੁਣਨ ਵਾਲਿਆਂ ਨੂੰ ਬੁਲਾਇਆ॥ ੫॥

ਸ੍ਰੋਤਾ ਬਕਤਾ ਸਭਿ ਚਲਿ ਆਏ। ਨਿਜ ਨਿਜ ਆਸਨ ਬੈਠਿ ਸੁਹਾਏ।
ਕਥਾ ਕਥਨ ਲਾਗਜੇ ਤਬ ਬਾਲਾ। ਸ੍ਰੀ ਅੰਗਦ ਜੀ ਸੁਨਹਿ ਕ੍ਰਿਪਾਲਾ ॥੬॥

ਸ੍ਰੋਤੇ ਅਤੇ ਕਥਾਕਾਰ ਸਭ ਚਲ ਕੇ ਆ ਗਏ ਅਤੇ ਆਪਣੇ ਆਪਣੇ ਆਸਣਾਂ ਤੇ ਬੈਠ ਕੇ ਸੁਸ਼ੋਭਤ ਹੋਏ। ਫਿਰ ਭਾਈ ਬਾਲਾ ਕਥਾ ਕਰਨ ਲੱਗਾ ਅਤੇ ਉਸ ਕਿਹਾ, "ਹੇ ਕ੍ਰਿਪਾਲੂ ਸ੍ਰੀ ਗੁਰੂ ਅੰਗਦ ਦੇਵ ਜੀ ਸੁਣੋ॥ ੬॥

ਸ੍ਰੀ ਬਾਲਾ ਸੰਧੁਰੁ ਵਾਚ॥

ਰਾਖਸ਼ ਕੋ ਇਵ ਕੀਨ ਉਧਾਰਾ। ਆਗੇ ਗਵਨੇ ਮੁਕਤਿ ਉਦਾਰਾ।

ਜਹਿਂ ਕਾਨਨ ਦਾਰੁਨ ਹੈ ਸਗਰਾ। ਨਿਕਟ ਨ ਜਾਂਕੇ ਕਿਹ ਠਾਂ ਨਗਰਾ ॥੭ ॥

ਕੌੜੇ ਰਾਖਸ਼ ਦਾ ਉਨ੍ਹਾਂ ਉਧਾਰ ਕਰ ਦਿੱਤਾ ਅਤੇ ਮੁਕਤੀਦਾਤੇ ਭਾਵ ਗੁਰੂ ਨਾਨਕ ਜੀ ਅੱਗੇ ਚਲ ਪਏ। ਜਿਥੇ ਸਾਰੇ ਹੀ ਬਹੁਤ ਭਿਆਨਕ ਜੰਗਲ ਸੀ ਅਤੇ ਨੇੜੇ ਤੇੜੇ ਕੋਈ ਪਿੰਡ ਜਾਂ ਨਗਰ ਨਹੀ ਸੀ॥ ੭॥

ਮੰਦ ਮੰਦ ਤਹਿਂ ਕੀਨ ਪਯਾਨਾ। ਤਿਂਹ ਛਿਨ੍ਹ ਕਹਿਨ ਲਗਾ ਮਰਦਾਨਾ।
'ਹੇ ਪ੍ਰਭੁ ਮੋਕੋ ਛੁਧਾ ਸੰਤਾਯੋ। ਬਿਤੇ ਕਿਤਕਿ ਦਿਨ ਅਸਨ ਨ ਖਾਯੋ ॥੮ ॥

ਓਥੇ ਹੋਲੀ ਹੋਲੀ ਅੱਗੇ ਚਲਦੇ ਗਏ। ਉਸ ਵੇਲੇ ਮਰਦਾਨਾ ਕਹਿਣ ਲੱਗਾ, "ਹੇ ਪ੍ਰਭੂ ਜੀ! ਮੈਨੂੰ ਭੁੱਖ ਨੇ ਬਹੁਤ ਸਤਾਇਆ ਹੈ, ਕਈ ਦਿਨ ਬੀਤ ਗਏ ਹਨ ਭੋਜਨ ਨਹੀ ਖਾਧਾ ਹੈ॥ ੮॥

ਚਲਿ ਨ ਸਕੋਂ ਇਕ ਪੈਰ ਅਗਾਰੀ। ਨਿਕਟ ਨ ਪੁਰਿ ਚਹੁਂ ਦਿਸ਼ ਬਨ ਭਾਰੀ।
ਸੁਨਿ ਬੋਲੇ ਬੇਦੀ ਕੁਲਦੀਪਾ। 'ਧੀਰ ਧਰਹੁ ਹੈ ਨਗਰ ਸਮੀਪਾ ॥ ੯ ॥

ਮੈਂ ਇਕ ਪੈਰ ਵੀ ਅੱਗੇ ਨਹੀ ਚਲ ਸਕਦਾ, ਨੇੜੇ ਕੋਈ ਨਗਰ ਨਹੀਂ ਦਿੱਸਦਾ ਅਤੇ ਜੰਗਲ ਬਹੁਤ ਭਾਰੀ ਹੈ। ਇਹ ਸੁਣ ਕੇ ਬੇਦੀ ਕੁਲ ਦੇ ਦੀਪਕ ਬੋਲੇ, "ਧੀਰਜ ਰਖੋ, ਨੇੜੇ ਹੀ ਇਕ ਨਗਰ ਹੈ"॥ ੯॥

ਇਵ ਵਿਲਾਂਵਦੇ ਕਰਤਿ ਪਯਾਨਾ। ਗਏ ਉਲੰਘਿ ਸਰਬ ਉਦਿਆਨਾ।
ਤੀਨ ਕੋਸ ਤੇ ਨਗਰ ਸੁਹਾਵਾ। ਮਰਦਾਨੇ ਕੋ ਪ੍ਰਭੂ ਦਿਖਾਵਾ ॥ ੧੦ ॥

ਇਸ ਤਰ੍ਹਾਂ ਪਰਚਾਅ ਕੇ ਅੱਗੇ ਚੱਲ ਪਏ। ਸਾਰਾ ਜੰਗਲ ਪਾਰ ਕਰ ਲਿਆ। ਤਿੰਨ ਕੋਹਾਂ 'ਤੇ ਇਕ ਸੁਹਾਵਣਾ ਨਗਰ ਮਰਦਾਨੇ ਨੂੰ ਗੁਰੂ ਜੀ ਨੇ ਵਿਖਾਇਆ॥ ੧੦॥

'ਸੁੰਦਰ ਪੁਰਿ ਦੇਖਹੁ ਥਲ ਊਚੇ। ਖਾਹੁ ਅਸਨ ਤਹਿਂ ਚਲਹੁ ਪਹੂਚੇ'।
ਸੁਨਿ ਬੋਲਯੋ 'ਹੇ ਪ੍ਰਭੁ ਗੁਨ ਖਾਨੀ !। ਮਮ ਸਰੀਰ ਭਾ ਬਲ ਤੇ ਹਾਨੀ ॥੧੧ ॥

ਗੁਰੂ ਜੀ ਨੇ ਕਿਹਾ, "ਬੜਾ ਸੁੰਦਰ ਸ਼ਹਿਰ ਹੈ ਅਤੇ ਬੜੇ ਉੱਚੇ-ਉੱਚੇ ਮਕਾਨ ਹਨ। ਚਲੋ ਓਥੇ ਪਹੁੰਚ ਕੇ ਭੋਜਨ ਖਾ ਲਵੋ।" ਮਰਦਾਨਾ ਇਹ ਸੁਣ ਕੇ ਬੋਲਿਆ, "ਹੇ ਗੁਣਾਂ ਦੀ ਖਾਨ ਪ੍ਰਭੂ ਜੀ! ਮੇਰਾ ਸਰੀਰ ਤਾਂ ਹੁਣ ਬਲਹੀਣ ਹੋ ਗਿਆ ਹੈ॥ ੧੧॥

ਮ੍ਰਿਤੁ ਹ੍ਵੈ ਪਰਯੋ ਰਹੈ ਕਿਹ ਥਾਨਾਂ। ਸਭਿ ਬਿਧਿ ਮੈਂ ਨਿਰਨੈ ਕਰਿ ਜਾਨਾਂ।
ਕੀਨਿ ਖ਼ੁਦਾਇ ਅਬਹਿ ਮ੍ਰਿਤੁ ਮੋਰੀ। ਜਗਜੀਵਨ ਤੇ ਟੂਟੀ ਡੋਰੀ ॥੧੨ ॥

ਮਰ ਕੇ ਕਿਸੇ ਥਾਂ ਪਿਆ ਰਹੇ, ਹਰ ਤਰ੍ਹਾਂ ਨਾਲ ਨਿਰਣਾ ਕਰਕੇ ਹੁਣ ਮੈਂ ਜਾਣਿਆ ਹੈ। ਖ਼ੁਦਾ ਨੇ ਹੁਣ ਮੇਰੀ ਮੌਤ ਕਰ ਦਿੱਤੀ ਹੈ ਅਤੇ ਜਗਤ ਵਿਚ ਜੀਵਨ ਦੀ ਡੋਰ ਟੁੱਟ ਗਈ ਹੈ॥ ੧੨॥

ਆਯੋ ਨਗਰ ਤਹਾਂ ਕਹਾ ਹੋਇ। ਚੀਰ ਗੰਠ ਹਮ ਦਾਮ ਨ ਕੋਇ।
ਬਿਨਾਂ ਲਿਯੇ ਕੋ ਦੇਵੈ ਨਾਂਹੀ। ਕੈਸੇ ਖਾਉਂ ਅਸਨ ਪੁਰਿ ਮਾਂਹੀ?' ॥੧੩ ॥

ਜੇ ਨਗਰ ਆ ਗਿਆ ਤਾਂ ਓਥੇ ਕੀ ਹੋਣਾ ਹੈ। ਮੇਰੇ ਪੱਲੇ ਤਾਂ ਕੋਈ ਪੈਸਾ ਨਹੀਂ ਹੈ। ਪੈਸਾ ਲਏ ਬਗੈਰ ਕੋਈ ਭੋਜਨ ਨਹੀਂ ਦੇਵੇਗਾ, ਮੈਂ ਸ਼ਹਿਰ ਵਿਚ ਭੋਜਨ ਕਿਵੇਂ ਖਾ ਲਵਾਂਗਾ ?"॥ ੧੩॥

ਸ੍ਰੀ ਗੁਰੁ ਸੁਨੇ ਵਾਕ ਅਸ ਜਬ ਹੀ। ਪਗ ਸੋਂ ਰੇਤ ਫਰੋਰੀ ਤਬ ਹੀ।
ਨਿਕਸਾ ਤਿਂਹ ਤੇ ਅਦਭੁਤ ਲਾਲ। ਜਾਕੀ ਸੋਭਾ ਦਿਪਤਿ ਬਿਸਾਲ ॥੧੪ ॥

ਜਦ ਗੁਰੂ ਜੀ ਨੇ ਮਰਦਾਨੇ ਦੇ ਇਹ ਸ਼ਬਦ ਸੁਣੇ, ਤਾਂ ਉਸੇ ਵੇਲੇ ਆਪਣੇ ਪੈਰਾਂ ਲਾਗੋਂ ਰੇਤ ਨੂੰ ਫਰੋਲਿਆ। ਉਸ ਮਿੱਟੀ ਵਿਚੋਂ ਇਕ ਅਦਭੁਤ ਲਾਲ ਨਿਕਲਿਆ, ਜਿਸ ਦੀ ਸ਼ੋਭਾ ਅਤੇ ਚਮਕ ਵਿਸ਼ਾਲ ਸੀ॥ ੧੪॥

'ਬੰਧਨ ਗੰਠ ਚਹਉ ਮਰਦਾਨਾ?। ਲੇ ਬੰਧਹੁ ਨਿਜ ਚੀਰ ਸੰਗਾਨਾ।
ਧਰਹੁ ਧੀਰ ਉਰ, ਕਰਹੁ ਪਯਾਨਾ। ਥੋਰ ਪੰਥ, ਢਿਗ ਹੈ ਪੁਰਿ ਥਾਨਾ ॥੧੫॥

"ਕੀ ਮਰਦਾਨੇ ਇਸ ਨੂੰ ਆਪਣੀ ਗੰਢ ਨਾਲ ਬੰਨ੍ਹਣਾ ਚਾਹੇਂਗਾ? ਗੁਰੂ ਜੀ ਨੇ ਕਿਹਾ, ਇਹ ਲਾਲ ਲਵੇ ਅਤੇ ਆਪਣੀ ਗੰਢ ਨਾਲ ਬੰਨ੍ਹ ਲਵੇ, ਹਿਰਦੇ ਇਹ ਧੀਰਜ ਧਰੋ ਤੇ ਸ਼ਹਿਰ ਵਿਚ ਚਲੇ ਜਾਵੋ। ਥੋੜਾ ਹੀ ਰਸਤਾ ਹੈ, ਸ਼ਹਿਰ ਬਿਲਕੁਲ ਨੇੜੇ ਹੀ ਹੈ" ॥ ੧੫॥

ਦੋਹਰਾ- 'ਇਹ ਪਾਹਨ ਕਜਾ ਕਾਜ ਹੈ ਕਛੂ ਨ ਦੇਵਹਿ ਕੋਇ।
ਹੋਇ ਦਾਮ ਨਿਜ ਪਾਸ ਜੇ ਚਹੈਂ ਜੁ ਲੇਵਹਿੰ ਸੋਇ॥ ੧੬॥

ਮਰਦਾਨੇ ਨੇ ਕਿਹਾ, "ਇਹ ਪੱਥਰ ਕਿਸ ਕੰਮ ਹੈ, ਇਸ ਦਾ ਕਿਸੇ ਨੇ ਕੁਝ ਨਹੀਂ ਦੇਣਾ। ਜੇ ਪੈਸੇ ਕੋਲ ਹੋਣ ਤਾਂ ਜੋ ਚਾਹਾਂ ਸੋ ਲੈ ਲਵਾਂ॥ ੧੬॥

ਚੌਪਈ- ਯਾਂਕੇ ਬਾਂਧੇ ਭੂਖ ਨ ਜਾਵਹਿ। ਜਬ ਲੈ ਹਾਥ ਅਹਾਰ ਨ ਆਵਹਿ'।
ਸ੍ਰੀ ਗੁਰੁ ਕਹੈਂ 'ਨਿਕਟਿ ਹੈ ਨਗਰੀ। ਤਹਿਂ ਕੀਮਤਿ ਇਸ ਹੋਇ ਉਜਗਰੀ ॥੧੭॥

ਇਸ ਨੂੰ ਪੱਲੇ ਬੰਨ੍ਹਣ ਨਾਲ ਭੁੱਖ ਨਹੀਂ ਹਟ ਜਾਣੀ, ਜਦ ਹੱਥ ਵਿਚ ਲੈਂਦਾ ਹਾਂ ਤਾਂ ਭੋਜਨ ਪ੍ਰਾਪਤ ਨਹੀਂ ਹੁੰਦਾ ਹੈ।" ਗੁਰੂ ਜੀ ਨੇ ਕਿਹਾ, "ਸ਼ਹਿਰ ਨੇੜੇ ਹੀ ਹੈ, ਓਥੇ ਇਸ ਦੀ ਕੀਮਤ ਪ੍ਰਗਟ ਹੋਵੇਗੀ॥ ੧੭॥

ਤੀਨ ਕੋਸ ਪਿਖਿ ਚਲਿ ਤਤਕਾਲਾ। ਇਉਂ ਧੀਰਜ ਦੇ ਤੁਰੇ ਕ੍ਰਿਪਾਲਾ।
ਅਤਿ ਲੱਜਤਿ ਹੋਵਤਿ ਮਰਦਾਨਾ। ਰਿਦੈ ਖਿਝਤਿ ਨਹਿਂ ਕਰਤਿ ਬਖਾਨਾ ॥੧੮॥

ਤਿੰਨ ਕੋਹ ਝੱਟ ਚਲ ਕੇ ਚਲੇ ਜਾ" ਇੰਝ ਧੀਰਜ ਦੇ ਕੇ ਕਿਰਪਾਲੂ ਗੁਰੂ ਜੀ ਚਲ ਪਏ। ਮਰਦਾਨਾ ਅਤਿ ਲੱਜਤ ਹੋ ਗਿਆ। ਹਿਰਦੇ ਵਿਚ ਬੜਾ ਖਿਝਦਾ ਹੈ, ਪਰ ਮੂੰਹ ਵਿਚੋਂ ਕੁਝ ਨਹੀਂ ਬੋਲਦਾ ਹੈ॥ ੧੮॥

ਮੰਦ ਮੰਦ ਬੇਦੀ ਕੁਲਦੀਪਾ। ਚਲਿ ਕਰਿ ਪਹੁੰਚੇ ਨਗਰ ਸਮੀਪਾ।
ਬਿਟਪ ਬਿਲੋਕਿ ਏਕ ਰਮਣੀਕਾ। ਬੈਠਿ ਗਏ ਤਹਿਂ ਸਭਿ ਜਗ ਟੀਕਾ ॥੧੯॥

ਬੇਦੀ ਕੁਲ ਦੇ ਦੀਪਕ ਹੌਲੀ-ਹੌਲੀ ਚਲ ਕੇ ਸ਼ਹਿਰ ਦੇ ਨੇੜੇ ਪਹੁੰਚ ਗਏ। ਇਕ ਰਮਣੀਕ ਦਰੱਖਤ ਵੇਖ ਕੇ ਗੁਰੂ ਜੀ ਉਸ ਦੇ ਹੇਠਾਂ ਬੈਠ ਗਏ॥ ੧੯॥

ਤਬ ਮਰਦਾਨੇ ਬਚਨ ਉਚਾਰਾ। 'ਜਿਉਂ ਤੁਮ ਕਹੁਹੁ ਕਰੌਂ ਤਿਉਂ ਕਾਰਾ।
ਲਾਲ ਨਾਮ ਕਹਿ ਦਿਯੋ ਜੁ ਮੋਹੀ। ਇਸ ਤੇ ਕੌਨ ਕਾਜ ਅਬ ਹੋਹੀ?' ॥੨੦॥

ਤਦ ਮਰਦਾਨੇ ਨੇ ਕਿਹਾ, "ਜਿਵੇਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਮੈਂ ਕੰਮ ਕਰਦਾ ਹਾਂ। ਜਿਸ ਚੀਜ਼ ਨੂੰ ਤੁਸੀਂ ਲਾਲ ਕਹਿ ਕੇ ਮੈਨੂੰ ਦਿੱਤਾ ਹੈ, ਇਸ ਨਾਲ ਹੁਣ ਕਿਹੜਾ ਕੰਮ ਹੋਵੇਗਾ ?" ॥ ੨੦॥

ਕਮਲ ਬਦਨ ਤੇ ਬਿਗਸਿ ਬਖਾਨਾ। 'ਨਗਰ ਨਾਮ ਜਾਨਹੁ ਕਿ ਨ ਜਾਨਾ?'।
'ਹੇ ਪ੍ਰਭੁ ਜੀ ! ਕਜਾ ਨਾਮਹਿਂ ਮਾਂਹੀ। ਅਸਨ ਖਾਨ ਦੇਵਹੁ ਕੈ ਨਾਂਹੀ? ॥੨੧॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਆਪਣੇ ਮੁਖਾਰਬਿੰਦ ਤੋਂ ਕਿਹਾ, "ਇਸ ਨਗਰ ਦਾ ਨਾਂ ਜਾਣਦੇ ਹੋ ਕਿ ਨਹੀਂ ?" ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਨਾਂ ਵਿਚ ਕੀ ਰਖਿਆ ਹੈ, ਮੈਨੂੰ ਹੁਣ ਭੋਜਨ ਖਾਣ ਦੇਵੋਗੇ ਕਿ ਨਹੀਂ ?॥੨੧॥

ਜੋ ਬਿਧਿ ਕਰਨੀ ਨਹੀਂ ਬਤਾਵਹੁ। ਬਾਤੈਂ ਕਰਿਤੇ ਦਿਵਸ ਬਤਾਵਹੁ'।
ਦਸਨ ਹੇਤ ਬੋਲੇ ਸੁਖਧਾਮੂ। 'ਜਾਨਿ ਬਿਸ਼ੰਭਰਪੁਰਿ ਇਹ ਨਾਮੂ' ॥੨੨॥

ਜਿਸ ਵਿਧੀ ਅਨੁਸਾਰ ਕੰਮ ਕਰਨਾ ਹੈ, ਉਹ ਤਾਂ ਮੈਨੂੰ ਦੱਸਦੇ ਨਹੀਂ, ਗੱਲਾਂ ਕਰਦਿਆਂ ਹੀ ਦਿਨ ਬਤੀਤ ਕਰ ਰਹੇ ਹੋ। ਸੁਖਾਂ ਦੇ ਘਰ ਗੁਰੂ ਜੀ ਦੱਸਣ ਵਾਸਤੇ ਬੋਲੇ, "ਇਸ ਸ਼ਹਿਰ ਦਾ ਨਾਂ ਬਿਸ਼ੰਭਰਪੁਰ ਹੈ" ॥ ੨੨ ॥

'ਕੋਊ ਨਾਮ ਨਗਰ ਕਾ ਹੋਹੂ। ਬਹੁਤ ਛੁਧਾ ਲਾਗੀ ਅਬ ਮੋਹੂ।
ਸ੍ਰਮ ਤੇ ਨਿਰਬਲ ਕਾਂਯਾਂ ਸਗਰੀ। ਕਜੌਂ ਹੂੰ ਪਹੁਚੇ ਹੈਂ ਢਿਗ ਨਗਰੀ ॥੨੩॥

"ਨਗਰ ਦਾ ਕੋਈ ਨਾਂ ਵੀ ਹੋਵੇ ਮੈਨੂੰ ਤਾਂ ਹੁਣ ਬਹੁਤ ਭੁੱਖ ਲੱਗੀ ਹੋਈ ਹੈ। ਥਕਾਵਟ ਨਾਲ ਮੇਰਾ ਸਰੀਰ ਨਿਰਬਲ ਹੋ ਗਿਆ ਹੈ, ਮੈਂ ਨਗਰ ਵਿਚ ਕਿਸ ਤਰ੍ਹਾਂ ਪਹੁੰਚਾਂਗਾ" ॥ ੨੩ ॥

ਦੋਹਰਾ- ਕਰੁਨਾਨਿਧਿ ਬਿਗਸੇ ਬਹੁਰ ਬੋਲੇ ਤਿਹ ਸੌਂ ਬੈਨ।
'ਨਗਰ ਵਿਖੈ ਗਵਨਹੁ ਅਬੈ ਖੋਜ ਜੋਹਰੀ ਐਨ॥ ੨੪॥

ਕਿਰਪਾਨਿਧ ਗੁਰੂ ਜੀ ਹੱਸ ਪਏ ਅਤੇ ਫਿਰ ਉਸ ਨੂੰ ਇਸ ਤਰ੍ਹਾਂ ਕਿਹਾ, "ਨਗਰ ਵਿਚ ਜਾਵੋ ਤੇ ਓਥੇ ਜਾ ਕੇ ਕਿਸੇ ਚੰਗੇ ਜੋਹਰੀ ਦੀ ਭਾਲ ਕਰੋ॥ ੨੪॥

ਚੌਪਈ- ਵੇਚਹੁ ਜਾਇ ਤਹਾਂ ਇਹੁ ਲਾਲਾ'। ਸੁਨਤਿ ਸ੍ਰੋਨ ਗਮਨਜੋ ਤਤਕਾਲਾ।
ਜਾਇ ਜੋਹਰੀ ਕੋ ਦਿਖਰਾਯੋ। 'ਤੀਨ ਤਾਂਬ੍ਰਪਣ ਮੋਲ' ਸੁਨਾਯੋ॥੨੫॥

ਉਸ ਪਾਸ ਜਾ ਕੇ ਇਹ ਲਾਲ ਵੇਚ ਦੇਵੋ, ਇਹ ਸੁਣ ਕੇ ਮਰਦਾਨਾ ਤੁਰੰਤ ਨਗਰ ਵਲ ਚਲਾ ਗਿਆ। ਜਾ ਕੇ ਇਕ ਜੋਹਰੀ ਨੂੰ ਵਿਖਾਇਆ, ਉਸ ਨੇ ਤਿੰਨ ਤਾਂਬੇ ਦੇ ਪੈਸੇ ਉਸ ਦਾ ਮੁੱਲ ਸੁਣਾਇਆ॥ ੨੫॥

ਮਰਦਾਨੇ ਮਨ ਕੀਨ ਵਿਚਾਰਾ। ਲਾਲ ਮੋਲ ਨਰ ਕਹਤਿ ਅਪਾਰਾ।
ਤਿੰਹ ਸੋ ਕਹਜੋ ਵਾਕ ਤਬ ਐਸੇ। 'ਬੂਝੋਂ ਸੰਗੀ ਬਾਹਰਿ ਬੈਸੇ' ॥੨੬॥

ਮਰਦਾਨੇ ਨੇ ਮਨ ਵਿਚ ਵਿਚਾਰ ਕੀਤੀ, ਕਿ ਹੋਰ ਮਰਦ ਤਾਂ ਇਸ ਲਾਲ ਦਾ ਅਪਾਰ ਮੁੱਲ ਕਹਿੰਦੇ ਹਨ। ਇਸ ਲਈ ਉਸ ਜੋਹਰੀ ਨੂੰ ਕਿਹਾ, "ਮੈਂ ਪੁੱਛ ਕੇ ਆਉਂਦਾ ਹਾਂ, ਮੇਰੇ ਸਾਥੀ ਬਾਹਰ ਬੈਠੇ ਹਨ" ॥ ੨੬॥

ਲੇਕਰਿ ਲਾਲ ਆਪਨੇ ਪਾਸਾ। ਆਵਾ ਜਹਿ ਬੈਸੇ ਸੁਖਰਾਸਾ।
'ਏਕ ਜੋਹਰੀ ਪਿਖਿ ਕਰਿ ਬੋਲਾ। ਤੀਨ ਤਾਂਬ੍ਰਪਣ ਯਾਕੋ ਮੋਲਾ' ॥੨੭॥

ਲਾਲ ਆਪਣੇ ਪਾਸ ਲੈ ਕੇ ਓਥੇ ਆ ਗਿਆ ਜਿਥੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਬੈਠੇ ਸਨ ਅਤੇ ਕਿਹਾ, "ਇਕ ਜੋਹਰੀ ਇਸ ਨੂੰ ਵੇਖ ਕੇ ਬੋਲਿਆ, "ਇਸ ਲਾਲ ਦਾ ਮੁੱਲ ਤਿੰਨ ਤਾਂਬੇ ਦੇ ਸਿੱਕੇ ਹਨ" ॥ ੨੭॥

'ਸਾਲਸਰਾਇ ਜੋਹਰੀ ਨਾਮੂ। ਮਰਦਾਨੇ! ਜਾਵਹੁ ਤਿਹ ਧਾਮੂ।
ਖੋਜੇ ਪਾਇ, ਦੀਜੀਯੋ ਏਹੀ। ਦੇਯ ਮੋਲ ਸੋ ਆਵਹੁ ਲੇਹੀ' ॥੨੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਮਰਦਾਨੇ! ਏਥੇ ਇਕ ਸਾਲਸਰਾਇ ਨਾਮੀ ਜੋਹਰੀ ਹੈ, ਉਸ ਦੇ ਘਰ ਜਾਵੋ। ਉਸ ਨੂੰ ਲੱਭ ਕੇ ਇਹ ਲਾਲ ਦੇਵੋ, ਜੋ ਵੀ ਉਹ ਮੁੱਲ ਦੇਵੇ ਉਹ ਲੈ ਕੇ ਆ ਜਾਵੋ" ॥ ੨੮॥

ਸੁਨਿ ਕਰਿ ਨਗਰ ਵਿਖੈ ਪੁਨ ਗਵਨਾ। ਖੋਜਤਿ ਫਿਰਤਿ ਸ਼ਾਹਿ ਕੇ ਭਵਨਾ।
ਜਬ ਕਿਹਨੈ ਤਿਹਂ ਸਦਨ ਬਤਾਯੋ। ਦਰ ਤਿਸ਼ਟਜੋ ਕਹਿ ਉਚ ਬੁਲਾਯੋ॥੨੯॥

ਇਹ ਸੁਣ ਕੇ ਫਿਰ ਨਗਰ ਵਿਚ ਚਲਾ ਗਿਆ ਅਤੇ ਸ਼ਾਹ ਦਾ ਘਰ ਲੱਭਦਾ ਫਿਰਦਾ ਸੀ। ਜਦ ਉਸ ਨੂੰ ਕਿਸੇ ਨੇ ਘਰ ਬਾਰੇ ਦੱਸਿਆ ਤਾਂ ਉਸ ਦੇ ਦਰਵਾਜ਼ੇ ਅੱਗੇ ਖੜਾ ਹੋ ਕੇ ਉੱਚੀ ਦਿੱਤੀ ਸ਼ਾਹ ਨੂੰ ਬੁਲਾਇਆ॥ ੨੯॥

ਸੁਨਤਿ ਸ਼ਾਹ ਭੇਜਯੋ ਨਿਜ ਦਾਸਾ। 'ਕੌਨ ਅਹੈ? ਬੂਝਹੁ ਤਿਹ ਪਾਸਾ'।
ਆਇ ਨਿਕਟਿ ਭ੍ਰਿਤ ਬਚਨ ਅਲਾਯੋ। 'ਕੋ ਹੈਂ ਤੂੰ ਕਿਹ ਤੇ ਚਲਿ ਆਯੋ?' ॥੩੦॥

ਸ਼ਾਹ ਨੇ ਉਸ ਦੀ ਆਵਾਜ਼ ਸੁਣ ਕੇ ਆਪਣੇ ਇਕ ਨਿਜੀ ਸੇਵਕ ਨੂੰ ਭੇਜਿਆ। "ਕੌਣ ਹੈ ? ਉਸ ਪਾਸੋਂ ਜਾ ਕੇ ਪੁੱਛੋ।" ਸੇਵਕ ਨੇ ਮਰਦਾਨੇ ਦੇ ਨੇੜੇ ਆ ਕੇ ਕਿਹਾ, "ਕੌਣ ਹੈਂ ਤੂੰ, ਅਤੇ ਕਿਥੋਂ ਚੱਲ ਕੇ ਆਇਆ ਹੈ?"॥ ੩੦॥

ਤਿਹ ਸੋਂ ਮਰਦਾਨੇ ਬਚ ਭਾਖਾ। 'ਸੌਦੇ ਵੇਚਨ ਕੀ ਅਭਿਲਾਖਾ'।
ਅਸ ਕਹਿ ਅੰਤਰ ਸਦਨ ਸਿਧਾਯੋ। ਦੇਯ ਸ਼ਾਹੁ ਕੋ ਲਾਲ ਦਿਖਾਯੋ॥੩੧॥

ਉਸ ਨੂੰ ਮਰਦਾਨੇ ਨੇ ਇਹ ਬਚਨ ਕਹੇ, "ਸੌਦਾ ਵੇਚਣ ਦੀ ਅਭਿਲਾਸ਼ਾ ਲੈ ਕੇ ਆਇਆ ਹਾਂ।" ਇਹ ਕਹਿ ਕੇ ਰ ਦੇ ਅੰਦਰ ਚਲਾ ਗਿਆ ਅਤੇ ਸ਼ਾਹ ਨੂੰ ਲਾਲ ਦੇ ਕੇ ਵਿਖਾਇਆ॥ ੩੧॥

ਨੈਨ ਬਿਲੋਕਤਿ ਮਨ ਬਿਸਮਾਨਾ। ਪਠਿ ਅੱਛਰ ਤਿਹਂ ਪਰ ਪਹਿਚਾਨਾ।
ਧਰਮਵੰਤ ਸੋ ਸ਼ਾਹ ਸੁਜਾਨਾ। ਕਰਿ ਵਿਚਾਰ ਉਰ ਬਚਨ ਬਖਾਨਾ॥੩੨॥

ਸ਼ਾਹ ਨੇ ਜਦ ਲਾਲ ਆਪਣੀਆਂ ਅੱਖਾਂ ਨਾਲ ਵੇਖਿਆ ਤਾਂ ਬਹੁਤ ਖੁਸ਼ ਹੋਇਆ। ਲਾਲ ਉੱਤੇ ਜਿਹੜੇ ਅੱਖਰ ਲਿਖੇ ਹੋਏ ਸਨ ਉਨ੍ਹਾਂ ਨੂੰ ਪੜ੍ਹ ਕੇ ਅਸਲ ਗੱਲ ਸਮਝ ਗਿਆ। ਸ਼ਾਹ ਬੜਾ ਧਰਮੀ ਅਤੇ ਚਤੁਰ ਸੀ। ਵਿਚਾਰ ਕਰਕੇ ਉਸ ਕਿਹਾ॥ ੩੨॥

ਦੋਹਰਾ- 'ਸਹਸ ਹਜਤਪਨ ਲਿਖੇ ਹੈਂ ਜੋ ਦੇਖੇ ਸੋ ਦੇਇ।
ਮੋਲ ਕਰੋਂ ਪਸ਼ਚਾਤ ਇਹ ਪੂਰਬ ਸ਼ਤ ਤੁਮ ਲੇਯ'॥ ੩੩॥

"ਇਸ ਉਤੇ ਲਿਖਿਆ ਹੈ ਕਿ ਜਿਹੜਾ ਇਸ ਲਾਲ ਨੂੰ ਵੇਖੇ ਉਹ ਵੇਖਣ ਦਾ ਮੁੱਲ ਸੌ ਸੋਨੇ ਦੇ ਸਿੱਕੇ ਦੇਵੇ। ਮੁੱਲ ਮੈਂ ਇਸ ਦਾ ਬਾਅਦ ਵਿਚ ਕਰਾਂਗਾ ਪਹਿਲਾਂ ਤੁਸੀ ਇਸ ਲਾਲ ਨੂੰ ਵੇਖਣ ਦਾ ਮੁੱਲ ਸੌ ਸੋਨੇ ਦੇ ਸਿੱਕੇ ਲੈ ਲਵੋ"॥ ੩੩॥

ਚੌਪਈ- ਮਰਦਾਨਾਂ ਸ਼ਤ ਲੇ ਹਰਖਾਯੋ। ਚਲਿ ਕਰਿ ਵਹਿਰ ਨਗਰ ਪੁਨ ਆਯੋ।
ਪਿਖਿ ਕਰਿ ਸ੍ਰੀ ਗੁਰੁ ਬਚਨ ਬਖਾਨਾ। 'ਕਿਤਕਿ ਮੋਲ ਆਨਯੋ? ਮਰਦਾਨਾ!' ॥੩੪॥

ਮਰਦਾਨਾ ਸੋਨੇ ਦੇ ਸੌ ਸਿੱਕੇ ਵੇਖ ਕੇ ਬੜਾ ਪ੍ਰਸੰਨ ਹੋਇਆ, ਫਿਰ ਨਗਰ ਵਿਚੋਂ ਬਾਹਰ ਆ ਗਿਆ ਅਤੇ ਗੁਰੂ ਜੀ ਨੇ ਮਰਦਾਨੇ ਨੂੰ ਵੇਖ ਕੇ ਇਹ ਬਚਨ ਕੀਤਾ, "ਹੇ ਮਰਦਾਨੇ! ਕਿੰਨਾ ਮੁੱਲ ਲਿਆਂਦਾ ਹੈ ?"॥ ੩੪॥

ਨਿਕਟਿ ਬੈਠਿ ਬਿਰਤੰਤ ਸੁਨਾਵਾ। 'ਵਡੋ ਸ਼ਾਹ ਜਿਹਂ ਭਲੋ ਸੁਭਾਵਾ।
ਸਹਸ ਕਾਰਖਿਕ ਦਏ ਦਿਖਾਈ। ਬੂਝਨ ਮੋਲ ਅਯੋਂ ਤੁਮ ਤਾਂਈ॥੩੫॥

ਮਰਦਾਨੇ ਨੇ ਗੁਰੂ ਜੀ ਦੇ ਨੇੜੇ ਬੈਠ ਪੂਰੀ ਵਿਥਿਆ ਸੁਣਾਈ, "ਬੜਾ ਵੱਡਾ ਸ਼ਾਹ ਹੈ ਅਤੇ ਸੁਭਾਵ ਦਾ ਬੜਾ ਭਲਾ ਹੈ। ਸੌ ਸੋਨੇ ਦੇ ਰੁਪਏ, ਹੀਰਾ ਵੇਖਣ ਦੇ ਦਿੱਤੇ ਹਨ, ਮੁੱਲ ਪੁੱਛਣ ਲਈ ਉਹ ਤੁਹਾਡੇ ਪਾਸ ਆਵੇਗਾ॥ ੩੫॥

ਜਿਤਨੋ ਲੇਨੋਂ ਦੇਹੁ ਸੁਨਾਈ। ਤਿਤਨੋ ਆਨੋਂ ਬਿਲਮ ਨ ਕਾਈ'।
ਸ੍ਰੀ ਗੁਰੁ ਕਹੈਂ 'ਜਾਹੁ ਢਿਗ ਸ਼ਾਹੂ। ਕਸ ਧਨ ਦੀਨੋ ਬੂਝਹੁ ਤਾਹੂ' ॥੩੬॥

ਜਿੰਨੇ ਪੈਸੇ ਲਏ ਹਨ, ਇਹ ਮੈਂ ਤੁਹਾਨੂੰ ਦੱਸ ਦਿੱਤੇ ਹਨ, ਓਨੇ ਹੀ ਲੈ ਕੇ ਆ ਗਿਆ ਹਾਂ, ਕੋਈ ਦੇਰ ਨਹੀਂ ਕੀਤੀ ਹੈ। ਗੁਰੂ ਜੀ ਨੇ ਇਹ ਸੁਣ ਕੇ ਕਿਹਾ, "ਫਿਰ ਸ਼ਾਹ ਦੇ ਪਾਸ ਜਾਵੇ, ਉਸ ਨੂੰ ਪੁਛੇ ਕਿ ਇਹ ਧਨ ਕਿਹਾ ਦਿੱਤਾ ਹੈ"॥ ੩੬॥

ਦੋਹਰਾ- ਪੁਨ ਪੁਰਿ ਬੂਝਯੋ ਆਨਿਕੈ 'ਕੈਸੇ ਦੀਨੇ ਦਾਮ?'।

ਸੁਨਤਿ ਸ਼ਾਹੁ ਨੈ ਤਬ ਕਹਾ 'ਮਿਜਮਾਨੀ ਇਹੁ ਨਾਮੁ॥ ੩੭॥

ਮਰਦਾਨਾ ਫਿਰ ਨਗਰ ਵਿਚ ਆ ਗਿਆ ਅਤੇ ਆ ਕੇ ਸ਼ਾਹ ਨੂੰ ਪੁਛਿਆ, "ਇਹ ਰੁਪਏ ਕੇਹੇ ਦਿੱਤੇ ਹਨ?" ਇਹ ਸੁਣ ਕੇ ਸ਼ਾਹ ਨੇ ਕਿਹਾ, "ਇਹ ਪ੍ਰਾਹੁਣਾਚਾਰੀ ਦੇ ਤੌਰ ਤੇ ਦਿੱਤੇ ਹਨ॥੩੭॥

ਚੌਪਈ- ਐਸੇ ਲਿਖਯੋ ਲਾਲ ਪਰ ਤੇਈ। ਸਹਸ ਰਜਤਪਨ ਦੇਖੇ ਦੇਈ।
ਕੀਮਤ ਔਰ ਕਹੈਂ ਸੋ ਦੇਊਂ। ਲਾਲ ਮੋਲ ਤੁਮ ਦੇ ਕਰਿ ਲੇਊਂ' ॥੩੮॥

ਇਸ ਤਰ੍ਹਾਂ ਲਾਲ ਦੇ ਉੱਤੇ ਲਿਖਿਆ ਹੈ ਕਿ ਲਾਲ ਵੇਖਣ ਦਾ ਮੁੱਲ ਸੌ ਰੁਪਏ ਹੈ। ਹੋਰ ਕੀਮਤ ਜੋ ਕਹੋ ਤਾਂ ਮੈਂ ਦੇਵਾਂ। ਲਾਲ ਤੁਹਾਨੂੰ ਮੁੱਲ ਦੇ ਕੇ ਹੀ ਲਵਾਂਗਾ" ॥ ੩੮॥

ਸੁਨਿ ਕਰਿ ਪੁਨ ਆਵਾ ਮਰਦਾਨਾ। ਸ਼ਾਹੁ ਬਚਨ ਗੁਰ ਪਾਸ ਬਖਾਨਾ।
'ਇਹੁ ਧਨ ਦੀਨੋ ਤਿਨ ਮਿਜਮਾਨੀ। ਕੀਮਤ ਅਵਰ ਦੇਨਿ ਨਿਜ ਮਾਨੀ ॥੩੯॥

ਇਹ ਗੱਲ ਸੁਣ ਕੇ ਮਰਦਾਨਾ ਵਾਪਿਸ ਗੁਰੂ ਜੀ ਪਾਸ ਆ ਗਿਆ। "ਇਹ ਧਨ ਉਸ ਨੇ ਪ੍ਰਾਹੁਣਾਚਾਰੀ ਦੇ ਤੌਰ ਤੇ ਦਿੱਤਾ ਹੈ, ਲਾਲ ਦੀ ਅਸਲ ਕੀਮਤ ਦੇਣੀ ਉਹ ਮੰਨ ਗਿਆ ਹੈ" ॥ ੩੯॥

ਗੁਰੂ ਕਹੈਂ 'ਵੇਚਹੁ ਕੈ ਨਾਂਹੀ?। ਲਾਲ ਬਿਕੀਮਤਿ ਲਖਿ ਮਨ ਮਾਂਹੀ'।
'ਕਿਆ ਜਾਨੋਂ ਮੈਂ' ਕਹਿ ਮਰਦਾਨਾ। 'ਕਰਹੁ ਆਪ ਜਿਉਂ ਸ਼ੁਭ ਮਨ ਜਾਨਾ ॥੪੦॥

ਗੁਰੂ ਜੀ ਕਹਿਣ ਲੱਗੇ, "ਵੇਚੀਏ ਕਿ ਨਹੀਂ ? ਲਾਲ ਦੀ ਕੀਮਤ ਆਪਣੇ ਮਨ ਵਿਚ ਸੋਚੋ।" ਮਰਦਾਨਾ ਕਹਿਣ ਲੱਗਾ, "ਮੈਂ ਕੀ ਜਾਣਦਾ ਹਾਂ, ਤੁਸੀਂ ਆਪ ਹੀ ਕਰੋ ਜਿਵੇਂ ਤੁਸੀਂ ਆਪਣੇ ਸ਼ੁਭ ਮਨ ਵਿਚ ਜਾਣਦੇ ਹੋ" ॥ ੪੦॥

ਦੋਹਰਾ- 'ਸ੍ਰੀ ਗੁਰ ਕਹੈਂ 'ਨ ਲਾਲ ਇਹ ਲਖਹੁ ਨਾਮ ਕਰਤਾਰ।
ਚਾਹਉ ਰਾਖਉ ਪਾਸ ਨਿਜ ਚਾਹਉ ਕਰਿ ਬਿਉਹਾਰ' ॥ ੪੧॥

ਗੁਰੂ ਜੀ ਨੇ ਕਿਹਾ, "ਇਹ ਲਾਲ ਨਹੀਂ, ਇਸ ਨੂੰ ਕਰਤਾਰ ਦਾ ਨਾਮ ਪਛਾਣੋ, ਚਾਹੋ ਤਾਂ ਆਪਣੇ ਪਾਸ ਰੱਖ ਲਵੋ, ਚਾਹੋ ਤਾਂ ਇਸ ਦਾ ਵਪਾਰ ਕਰ ਲਵੋ" ॥ ੪੧॥

ਚੌਪਈ- ਸ੍ਰੀ ਪ੍ਰਭੁ ਜੀ ਮੈਂ ਵੇਚਤਿ ਨਾਂਹੀ। ਜੋ ਸੁਖਦਾ ਜੁਗ ਲੋਕਨ ਮਾਂਹੀ'।
'ਵੇਚਤਿ ਨਹੀਂ ਜਿ, ਮੋੜਹੁ ਦਾਮੂ। ਲੀਜੈ ਲਾਲ ਜਾਇ ਤਿਹ ਧਾਮੂ' ॥੪੨॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੈਂ ਇਸ ਨੂੰ ਨਹੀਂ ਵੇਚਾਂਗਾ, ਜਿਹੜਾ ਦੋਵਾਂ ਜੁਗਾਂ ਵਿਚ ਮੇਰੇ ਲਈ ਸੁਖਦਾਇਕ ਹੈ।" ਗੁਰੂ ਜੀ ਨੇ ਕਿਹਾ, "ਜੇ ਲਾਲ ਵੇਚਣਾ ਨਹੀਂ ਤਾਂ ਇਸ ਦੀ ਕੀਮਤ ਮੋੜ ਦੇਵੋ, ਉਸ ਘਰ ਜਾ ਕੇ ਲਾਲ ਲੈ ਆਵੋ" ॥ ੪੨॥

ਸੁਨਿ ਕੈ ਪੁਨ ਪੁਰਿ ਫੇਰਨਿ ਗਯੋ। ਸਭਿ ਹੀ ਦਰਬ ਸ਼ਾਹ ਕੋ ਦਯੋ।
'ਲਾਲ ਹਮਾਰਾ ਫੇਰਹੁ ਸੋਊ। ਬੇਚਤਿ ਨਹਿਂ ਇਹ ਖਾਂਵਦ ਜੋਊ' ॥੪੩॥

ਇਹ ਸੁਣ ਕੇ ਫਿਰ ਮੋੜਨ ਚਲਾ ਗਿਆ ਅਤੇ ਸਾਰੀ ਰਕਮ ਸ਼ਾਹ ਨੂੰ ਦੇ ਦਿੱਤੀ, "ਸਾਡਾ ਲਾਲ ਮੋੜ ਦੇਵੋ, ਇਸ ਦੇ ਮਾਲਕ ਇਸ ਨੂੰ ਵੇਚਣਾ ਨਹੀਂ ਚਾਹੁੰਦੇ" ॥ ੪੩॥

ਕਹਿਤਿ ਸ਼ਾਹ 'ਸਭਿ ਧਨ ਭੀ ਲੀਜੈ। ਲਾਲ ਲੇਹੁ ਜਿਉਂ ਮਨ ਤਿਉਂ ਕੀਜੈ।
ਦੋਨੋਂ ਵਸਤੁ ਲਿਏ ਹਰਖਾਵਾ। ਨਗਰ ਵਹਿਰ ਮਰਦਾਨਾ ਆਵਾ ॥੪੪॥

ਸ਼ਾਹ ਨੇ ਕਿਹਾ, "ਸਾਰਾ ਧਨ ਵੀ ਲੈ ਲਵੋ ਅਤੇ ਆਪਣਾ ਲਾਲ ਵੀ ਲੈ ਜਾਵੋ, ਜਿਵੇਂ ਤੁਹਾਡਾ ਮਨ ਕਰਦਾ ਹੈ।" ਦੋਵੇਂ ਵਸਤਾਂ ਲੈ ਕੇ ਮਰਦਾਨਾ ਬਹੁਤ ਖੁਸ਼ ਹੋਇਆ। ਮਰਦਾਨਾ ਫਿਰ ਨਗਰ ਤੋਂ ਬਾਹਰ ਆ ਗਿਆ॥ ੪੪॥

ਸ੍ਰੀ ਪ੍ਰਭੁ ਜੀ ਧਨ ਭੀ ਪੁਨ ਲਾਲਾ। ਮੁਝੈ ਦੀਨ ਕਹਿ ਬਚਨ ਰਸਾਲਾ।
ਜਸ ਆਇਸ ਦਿਹੁ ਤਸ ਅਬ ਕਰਿਹੂੰ। ਥਕਿਤਿ ਭਯੋ ਮੈਂ ਬਹੁਰ ਨ ਫਿਰਹੂੰ ॥੪੫॥

ਗੁਰੂ ਜੀ ਨੂੰ ਮਿਲ ਕੇ ਕਿਹਾ, "ਹੇ ਪ੍ਰਭੂ ਜੀ ! ਸ਼ਾਹ ਨੇ ਮੈਨੂੰ ਧਨ ਵੀ ਦੇ ਦਿੱਤਾ ਹੈ, ਅਤੇ ਲਾਲ ਵੀ ਮੋੜ ਦਿਤਾ ਹੈ। ਮੈਨੂੰ ਇਹ ਦੇ ਕੇ ਉਸ ਨੇ ਬੜੇ ਮਿੱਠੇ ਬਚਨ ਕਹੇ ਹਨ। ਹੁਣ ਤੁਹਾਡੀ ਜਿਵੇਂ ਆਗਿਆ ਹੋਵੇ ਤਿਵੇਂ ਕਰਾਂ। ਮੈਂ ਹੁਣ ਬਹੁਤ ਥੱਕ ਗਿਆ ਹਾਂ, ਮੁੜ ਕੇ ਨਹੀ ਜਾਵਾਂਗਾ"॥ ੪੫॥

ਸ੍ਰੀ ਗੁਰ ਕਹੈਂ 'ਲਾਲ ਨਿਜ ਲੀਜੈ। ਧਨ ਜਿਹ ਕੋ ਤਿਸ ਹੀ ਕੋ ਦੀਜੈ।
ਵੇਚਹਿਂ ਲਾਲ ਲੇਇਂ ਧਨ ਸੋਈ। ਨਹਿਂ ਵੇਚਹਿਂ ਤੇ ਕੈਸੇ ਲੇਈਂ' ॥੪੬॥

ਗੁਰੂ ਜੀ ਨੇ ਕਿਹਾ, "ਲਾਲ ਨੂੰ ਆਪਣੇ ਪਾਸ ਰਖੋ ਤੇ ਧਨ ਜਿਸ ਦਾ ਹੈ ਉਸ ਨੂੰ ਦੇ ਦੇਵੋ। ਜੇ ਲਾਲ ਵੇਚਾਂਗੇ ਤਦ ਹੀ ਧਨ ਲਵਾਂਗੇ, ਜੇ ਨਹੀਂ ਵੇਚਣਾ ਹੈ ਤਾਂ ਧਨ ਕਿਸ ਤਰ੍ਹਾਂ ਲੈ ਲਈਏ"॥ ੪੬॥

ਪੁਨ ਮਰਦਾਨਾ ਲੇਕਰਿ ਗਯੋ। ਸ਼ਾਹੁ ਨ ਲੇਤਿ ਕਹਿਤਿ ਬਚ ਭਯੋ।
'ਲਿਖਾ ਲਾਲ ਪਰ ਸੋ ਹਮ ਦੀਨੋਂ। ਧਰਮ ਆਪਨਾ ਰਾਖਨ ਕੀਨੋ॥੪੭॥

ਮਰਦਾਨਾ ਫਿਰ ਸ਼ਾਹ ਦੇ ਪਾਸ ਧਨ ਲੈ ਕੇ ਗਿਆ। ਪਰ ਸ਼ਾਹ ਧਨ ਲੈਂਦਾ ਨਹੀ ਸੀ ਅਤੇ ਇਹ ਗੱਲ ਕਹਿ ਰਿਹਾ ਸੀ, "ਜੋ ਕੁਝ ਲਾਲ ਦੇ ਉੱਤੇ ਲਿਖਿਆ ਹੈ, ਮੈਂ ਤਾ ਉਹੋ ਕੁਝ ਦਿੱਤਾ ਹੈ, ਇਸ ਤਰ੍ਹਾਂ ਅਸੀਂ ਆਪਣੇ ਧਰਮ ਦਾ ਪਾਲਣ ਕੀਤਾ ਹੈ॥ ੪੭॥

ਲੈਹੁੰ ਹਟਾਇ ਧਰਮ ਮਮ ਜਾਈ। ਐਸੀ ਬਾਤ ਨ ਕਰੌਂ ਕਦਾਈ।
ਦਰਬ ਤੁਮਾਰੋ ਕਰੋ ਜੁ ਭਾਵਾ। ਸੁਨਿ ਕਰਿ ਮਰਦਾਨਾ ਪੁਨ ਆਵਾ॥੪੮॥

ਜੇ ਮੈਂ ਧਨ ਵਾਪਿਸ ਲੈ ਲੈਂਦਾ ਹਾਂ ਤਾਂ ਮੇਰਾ ਧਰਮ ਜਾਂਦਾ ਹੈ। ਅਜੇਹੀ ਗੱਲ ਮੈਂ ਕਦੇ ਨਹੀਂ ਕਰਾਂਗਾ। ਇਹ ਧਨ ਤੁਹਾਡਾ ਹੈ, ਇਸ ਨੂੰ ਵਰਤੋ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ।" ਇਹ ਸੁਣ ਕੇ ਮਰਦਾਨਾ ਫਿਰ ਗੁਰੂ ਜੀ ਪਾਸ ਆ ਗਿਆ ॥ ੪੮॥

ਦੋਹਰਾ- ਸ੍ਰੀ ਨਾਨਕ ਰਾਖੈਂ ਨਹੀਂ ਲੇ ਨ ਜੌਹਰੀ ਸੋਇ।
ਸਪਤ ਵਾਰਿ ਫਿਰ ਪੁਨਹਿ ਪੁਨਿ ਸ੍ਰਮ ਸੋਂ ਬਜਾਕੁਲ ਹੋਇ॥ ੪੯॥

ਗੁਰੂ ਨਾਨਕ ਜੀ ਰੱਖਦੇ ਨਹੀਂ ਸੀ, ਅਤੇ ਜੌਹਰੀ ਧਨ ਵਾਪਿਸ ਨਹੀਂ ਸੀ ਲੈ ਰਿਹਾ, ਮਰਦਾਨੇ ਨੂੰ ਸੱਤ ਵਾਰ ਬਾਰ ਬਾਰ ਜਾਣਾ ਪਿਆ ਤੇ ਥੱਕ ਕੇ ਉਹ ਬਹੁਤ ਵਿਆਕੁਲ ਹੋ ਗਿਆ॥ ੪੯॥

ਚੌਪਈ- ਏਕ ਛੁਧਾ ਦੂਜੇ ਸ੍ਰਮ ਭਾਰਾ। ਖਿਝਯੋ ਰਿਦੈ ਧਨ ਤਿਹ ਗ੍ਰਿਹ ਡਾਰਾ।
ਸ਼ਾਹੁ ਤਬਹਿ ਮਨ ਮਾਂਹਿ ਬਿਚਾਰਾ। ਇਹ ਅਦਭੁਤ ਬਹੁ ਲਾਲ ਨਿਹਾਰਾ॥੫੦॥

ਇਕ ਭੁੱਖ ਅਤੇ ਦੂਸਰੀ ਭਾਰੀ ਥਕਾਵਟ, ਮਰਦਾਨਾ ਬੜਾ ਖਿਝ ਗਿਆ ਤੇ ਉਸ ਧਨ ਨੂੰ ਜੌਹਰੀ ਦੇ ਘਰ ਸੁੱਟ ਦਿੱਤਾ। ਸ਼ਾਹ ਨੇ ਫਿਰ ਮਨ ਵਿਚ ਵਿਚਾਰ ਕੀਤੀ। ਇਹ ਲਾਲ ਮੈਂ ਬੜਾ ਅਦਭੁਤ ਅਤੇ ਅਸਚਰਜ ਵੇਖਿਆ ਹੈ॥ ੫੦॥

ਬਹੁਰੋ ਲਾਲ ਜਿਨਹਿਂ ਕੇ ਪਾਸੂ। ਸੋ ਨਹਿਂ ਲੇਵਤਿ ਹੈਂ ਧਨ ਰਾਸੂ।
ਤਿਨ ਕੋ ਦਰਸ਼ਨ ਚਹਿਯੇ ਕਰਨੋ। ਹੈ ਸੁਭ ਕੀਨ ਲੋਭ ਜਿਨ ਹਰਨੋ॥੫੧॥

ਜਿਨ੍ਹਾਂ ਦੇ ਪਾਸ ਲਾਲ ਹੈ, ਉਹ ਧਨ ਰਾਸ਼ੀ ਨੂੰ ਹੀ ਨਹੀ ਲੈ ਰਹੇ ਹਨ। ਉਨ੍ਹਾ ਦੇ ਜ਼ਰੂਰ ਦਰਸਨ ਕਰਨੇ ਚਾਹੀਦੇ ਹਨ। ਅਜੇਹੇ ਕਿਹੜੇ ਸ਼ੁਭ ਵਿਅਕਤੀ ਹਨ, ਜਿਨ੍ਹਾਂ ਲੋਭ ਨੂੰ ਹੀ ਤਿਆਗ ਦਿੱਤਾ ਹੈ॥ ੫੧॥

ਅਸ ਕਹਿ ਲੀਨੋ ਮਧੁਰ ਅਹਾਰਾ। ਜਾਗੇ ਜਿਹ ਕੇ ਭਾਗ ਅਪਾਰਾ।

ਨਿਜ ਤੇ ਪਹਿਲੇ ਦਾਸ ਪਠਾਯਾ। 'ਜਾਨਿ ਨ ਦੇਉ ਰਖਹੁ ਠਹਿਰਾਯਾ ॥੫੨॥

ਇਹ ਕਹਿ ਕੇ ਉਸ ਮਿੱਠੇ ਭੋਜਨ ਤਿਆਰ ਕਰਵਾਏ, ਜਿਵੇਂ ਉਸ ਦੇ ਭਾਗ ਜਾਗ ਪਏ ਹੋਣ, ਪਹਿਲਾਂ ਇਕ ਸੇਵਕ ਨੂੰ ਗੁਰੂ ਜੀ ਪਾਸ ਭੇਜਿਆ ਅਤੇ ਉਸ ਨੂੰ ਕਿਹਾ, "ਉਨ੍ਹਾਂ ਨੂੰ ਜਾਣ ਨਾ ਦੇਣਾ ਰੋਕ ਕੇ ਰੱਖਣਾ ਹੈ, ਤਾਕਿ ਮੈਂ ਉਨ੍ਹਾਂ ਨੂੰ ਮਿਲ ਸਕਾਂ॥ ੫੨॥

ਦੋਹਰਾ- ਗਮਨਜੋ ਘਰ ਤੇ ਭੇਟ ਲੈ ਸ਼ਾਹੁ ਜੁ ਸਾਲਸਰਾਇ।
ਦੂਰਹੁੰ ਤੇ ਦੇਖਿਤਿ ਭਯੋ ਸ੍ਰੀ ਗੁਰ ਰੂਪ ਸੁਹਾਇ॥ ੫੩॥

ਫਿਰ ਸਾਲਸਰਾਏ ਘਰ ਤੋਂ ਭੇਟ ਲੈ ਕੇ ਗੁਰੂ ਜੀ ਵਲ ਚਲ ਪਿਆ। ਗੁਰੂ ਜੀ ਦੇ ਸੁਹਾਵਣੇ ਰੂਪ ਨੂੰ ਉਸ ਦੂਰ ਤੋਂ ਹੀ ਵੇਖ ਲਿਆ॥ ੫੩॥

ਚੌਪਈ- ਹ੍ਵੈ ਲੱਜਤਿ ਬੈਠਾ ਮਰਦਾਨਾ। ਗ੍ਰੀਵ ਨੀਚ ਕਰਿ ਕਛੂ ਨ ਬਖਾਨਾ।
ਖਿਝ ਭਾ ਤ੍ਰਸ਼ਨਿ ਅਤਹਿ ਛੁਧਾਤੁਰ। ਸਭਿਹਿ ਬਾਤ ਮਨ ਮਾਂਹਿ ਰਹਾ ਜਰ ॥੫੪॥

ਮਰਦਾਨਾ ਲੱਜਿਤ ਹੋ ਕੇ ਬੈਠਾ ਸੀ, ਉਸ ਸਿਰ ਨੀਵਾਂ ਕੀਤਾ ਸੀ ਅਤੇ ਕੁਝ ਨਹੀਂ ਬੋਲ ਰਿਹਾ ਸੀ। ਭੁੱਖ ਤੋਂ ਆਤਰ ਹੋ ਕੇ ਖਿਝ ਕੇ ਚੁਪਚਾਪ ਬੈਠਾ ਸੀ। ਸਾਰੀਆਂ ਗੱਲਾਂ ਆਪਣੇ ਮਨ ਹੀ ਮਨ ਵਿਚ ਜਰ ਰਿਹਾ ਸੀ॥ ੫੪॥

ਅੰਤਰ ਉਰ ਕੇ ਗਣੀ ਵਿਚਾਰੇ। ਸ੍ਰੀ ਗੁਰ ਡਰ ਕਰਿ ਕਛੁ ਨ ਉਚਾਰੇ।
ਸਾਲਸ ਰਾਇ ਆਇ ਤਹਿਂ ਕਾਲਾ। ਆਗੇ ਭੋਜਨ ਧਰੇ ਰਸਾਲਾ ॥੫੫॥

ਆਪਣੇ ਅੰਦਰ ਗਿਣਤੀਆਂ ਵਿਚਾਰ ਰਿਹਾ ਸੀ, ਪਰ ਗੁਰੂ ਜੀ ਦੇ ਡਰ ਕਰਕੇ ਕੁਝ ਨਹੀਂ ਸੀ ਬੋਲ ਰਿਹਾ। ਉਸ ਸਮੇਂ ਓਥੇ ਸਾਲਸਰਾਇ ਪਹੁੰਚ ਗਿਆ ਅਤੇ ਰਸੀਲੇ ਭੋਜਨ ਗੁਰੂ ਜੀ ਦੇ ਅੱਗੇ ਰੱਖ ਦਿੱਤੇ॥ ੫੫॥

ਹਾਥ ਬੰਦਿ ਬੰਦਨ ਕੋ ਕਰਿਕੈ। ਸਭਿਹਿ ਸੁਨਾਈ ਬਾਤ ਉਚਰਿਕੈ।
'ਦਰਬ ਤੁਮਾਰੋ ਇਹੁ ਅਬ ਲੀਜੈ। ਧਰਮ ਹਮਾਰੋ ਰਾਖਨ ਕੀਜੈ' ॥੫੬॥

ਹੱਥ ਜੋੜ ਕੇ ਮੱਥਾ ਟੇਕ ਕੇ ਸਾਰਿਆਂ ਨੂੰ ਸੁਣਾ ਕੇ ਇਹ ਗੱਲ ਕਹੀ, "ਇਹ ਧਨ ਤੁਹਾਡਾ ਹੈ, ਇਸ ਨੂੰ ਵਾਪਿਸ ਲੈ ਲਵੋ। ਕਿਰਪਾ ਕਰਕੇ ਸਾਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੇਵੋ, ਭਾਵ ਮੇਰਾ ਧਰਮ ਰੱਖ ਲਵੋ"॥ ੫੬॥

ਦੋਹਰਾ- ਸ੍ਰੀ ਗੁਰ ਕਹੈਂ 'ਜਿ ਵੇਚਹੀਂ ਤਬ ਧਨ ਲੇਂ ਨਿਜ ਪਾਨ।
ਨਹਿਂ ਵੇਚਹਿ ਤੌ ਲੇਂਜ ਕਸ ਰਾਖਹੁ ਦਰਬ ਅਪਾਨ'॥ ੫੭॥

ਗੁਰੂ ਜੀ ਨੇ ਕਿਹਾ, "ਜੇ ਹੀਰੇ ਨੂੰ ਵੇਚੀਏ ਤਦ ਹੀ ਆਪਣੇ ਹੱਥਾਂ ਨਾਲ ਧਨ ਨੂੰ ਲਈਏ, ਜੇ ਨਾ ਵੇਚੀਏ ਤਾਂ ਧਨ ਕਿਵੇਂ ਰੱਖ ਲਈਏ, ਇਸ ਲਈ ਇਹ ਧਨ ਆਪਣੇਂ ਪਾਸ ਰੱਖੋ"॥ ੫੭॥

ਚੌਪਈ- ਦਰਸ਼ਨ ਪਰਸ ਭਰਮ ਮਿਟ ਗਯੋ। ਬੈਨ ਸੁਨੇ ਮਨ ਨਿਰਮਲ ਭਯੋ।
ਜਾਨੇ-ਸੰਤ ਰੂਪ ਇਹੁ ਪੂਰੇ। ਦੇਖਨ ਸੁਨਨ ਜਿਨਹਿਂ ਕੋ ਰੂਰੇ॥ ੫੮॥

ਗੁਰੂ ਜੀ ਦੇ ਦਰਸ਼ਨ ਕਰਕੇ ਸਾਲਸਰਾਇ ਦੇ ਸਾਰੇ ਭਰਮ ਮਿੱਟ ਗਏ ਅਤੇ ਬਚਨ ਸੁਣ ਕੇ ਮਨ ਨਿਰਮਲ ਹੋ ਗਿਆ। ਉਸ ਨੇ ਗੁਰੂ ਜੀ ਨੂੰ ਪੂਰਨ ਸੰਤ ਰੂਪ ਜਾਣ ਲਿਆ। ਜਿਨ੍ਹਾਂ ਦਾ ਮੁਖਾਰਬਿੰਦ ਅਤਿ ਸੁੰਦਰ ਸੀ॥ ੫੮॥

ਕਹਤਿ ਬਚਨ 'ਮੈ ਹ੍ਵੈ ਬਿਸਮਾਦਾ। ਲਾਲ ਪਿਖਾ ਇਹ ਤੁਮਹਿਂ ਪ੍ਰਸਾਦਾ।
ਹੁਤੋ ਲਾਲ ਉਹ, ਕੈ ਤੁਮ ਲਾਲਾ? ਜਿਨ ਮਿਲਨੇ ਮੈਂ ਭਯੋ ਨਿਹਾਲਾ ॥੫੯॥

ਕਹਿਣ ਲੱਗਾ, "ਮੈਂ ਬਹੁਤ ਹੈਰਾਨ ਹੋਇਆ ਹਾਂ, ਤੁਹਾਡੀ ਕਿਰਪਾ ਨਾਲ ਮੈਂ ਇਹ ਲਾਲ ਵੇਖਿਆ ਹੈ, ਕੀ ਉਹ ਲਾਲ ਸੀ ਜਾਂ ਆਪ ਲਾਲ ਹੋ ? ਜਿਨ੍ਹਾਂ ਨੂੰ ਮਿਲ ਕੇ ਮੈਂ ਨਿਹਾਲ ਹੋ ਗਿਆ ਹਾਂ॥ ੫੯ ॥

ਮੁਝ ਸਮਝਾਇ ਸੁਨਾਵਹੁ ਬਾਨੀ। ਹੇ ਕ੍ਰਿਪਾਲ ! ਤੁਮ ਸਭਿ ਗੁਨ ਖਾਨੀ'।
ਦੇਨੇ ਹੇਤ ਸ਼ਾਹ ਉਪਦੇਸ਼ਾ। ਬੋਲੇ ਸ਼ਬਦ ਤਬਹਿ ਜਗਤੇਸ਼ਾ॥ ੬੦ ॥

ਮੈਨੂੰ ਉਪਦੇਸ਼ ਵਾਸਤੇ ਆਪਣੇ ਬਚਨ ਸੁਣਾਓ, ਹੇ ਕਿਰਪਾਲੂ ! ਤੁਸੀਂ ਸਾਰੇ ਗੁਣਾਂ ਦੀ ਖਾਨ ਹੋ।" ਸ਼ਾਹ ਨੂੰ ਉਪਦੇਸ਼ ਦੇਣ ਹੇਤ, ਜਗਤ ਦੇ ਈਸ਼ਵਰ ਭਾਵ ਗੁਰੂ ਜੀ ਨੇ ਇਹ ਸ਼ਬਦ ਬੋਲੇ॥ ੬੦॥

'ਰਾਖਹਿ ਸੰਚਿ ਲਾਲ ਜੇ ਪਾਜਾ। ਤਿਨ ਤੇ ਸਰੈ ਨ ਏਕੋ ਕਾਜਾ।
ਖਾਨ ਪੀਨ ਮੈਂ ਸੋ ਨਹਿੰ ਆਵਹਿ। ਪਟ ਜਿਉਂ ਸੀਤ ਨ ਦੇਹਿ ਹਟਾਵਹਿ ॥੬੧ ॥

"ਜੇ ਲਾਲ ਇੱਕਠੇ ਕਰਕੇ ਆਪਣੇ ਪਾਸ ਰੱਖ ਲਵੇ ਤਾਂ ਉਹ ਲਾਲ ਕਿਸੇ ਕੰਮ ਨਹੀ ਆਉਂਦੇ ਅਤੇ ਉਨ੍ਹਾਂ ਨਾਲ ਕੋਈ ਕਾਰਜ ਵੀ ਸੰਵਰਦਾ ਨਹੀਂ। ਇਹ ਖਾਣ-ਪੀਣ ਵਿਚ ਵੀ ਨਹੀਂ ਆਉਂਦੇ, ਕਪੜਾ ਜਿਵੇਂ ਠੰਢ ਨੂੰ ਹਟਾ ਨਹੀਂ ਸਕਦਾ॥ ੬੧ ॥

ਪਾਹਨ ਜਾਤ ਸ੍ਵੱਛ ਪਿਖਿ ਰਾਖਤਿ। ਕਰਿ ਹੰਕਾਰ 'ਸ਼ਾਹੁ' ਨਿਜ ਭਾਖਤਿ।
ਸ੍ਰੀ ਕਰਤਾਰ ਨਾਮੁ ਸਚੁ ਲਾਲਾ। ਜਿਹ ਕੋ ਮਿਲੇ ਸੁ ਹੋਤਿ ਨਿਹਾਲਾ ॥੬੨ ॥

ਮਨੁੱਖ ਇਹ ਪੱਥਰ ਜਾਤੀ ਦੇ ਲਾਲ, ਸੁੰਦਰ ਦਿੱਸਣ ਕਰਕੇ ਆਪਣੇ ਪਾਸ ਰੱਖਦਾ ਹੈ, ਅਤੇ ਹੰਕਾਰ ਕਰਕੇ ਆਪਣੇ ਆਪ ਨੂੰ ਸ਼ਾਹ ਕਹਾਉਂਦਾ ਹੈ। ਪਰ ਸੱਚਾ ਲਾਲ ਤਾਂ ਕਰਤਾਰ ਦਾ ਨਾਮ ਹੈ, ਜਿਸ ਨੂੰ ਇਹ ਮਿਲ ਜਾਂਦਾ ਹੈ ਉਹ ਨਿਹਾਲ ਹੋ ਜਾਂਦਾ ਹੈ॥ ੬੨ ॥

ਦੋਹਰਾ- ਲਾਲ ਅਮੋਲਕ ਆਪਨੋ ਆਤਮ ਪਰਖਤੋ ਨਾਂਹਿ।
ਨਿਜ ਆਨੰਦ ਭੁਲਾਇਕੈ ਪਰਜੋ ਕਸ਼ਟ ਕੇ ਮਾਂਹਿ'॥ ੬੩ ॥

ਲਾਲ ਅਮੋਲਕ ਤਾਂ ਆਪਣੀ ਆਤਮਾ ਹੈ ਜਿਸ ਨੂੰ ਮਨੁੱਖ ਪਰਖਦਾ ਨਹੀਂ ਹੈ, ਆਪਣਾ ਨਿਜੀ ਆਨੰਦ ਭੁਲਾ ਕੇ ਕਸ਼ਟਾਂ ਵਿਚ ਪਿਆ ਹੈ॥ ੬੩ ॥

ਸਾਲਿਸ ਬੂਝੈ 'ਕੌਨ ਤੂੰ ਕਹਾਂ ਤੁਮਾਰਾ ਦੇਸ਼?।
ਕਹਾਂ ਜਾਉਗੇ ਸੰਤ ਜੀ? ਕਉਨ ਆਪ ਕੋ ਬੇਸ?॥ ੬੪ ॥

ਸਾਲਸ ਪੁਛਣ ਲੱਗਾ, "ਤੁਸੀਂ ਕੌਣ ਹੋ ਅਤੇ ਕਿਹੜਾ ਤੁਹਾਡਾ ਦੇਸ ਹੈ ? ਹੇ ਸੰਤ ਜੀ ! ਕਿਥੇ ਜਾਉਗੇ ? ਅਤੇ ਤੁਹਾਡਾ ਇਹ ਭੇਖ ਕਿਸ ਤਰ੍ਹਾਂ ਦਾ ਹੈ ?॥ ੬੪ ॥

ਚੌਪਈ- ਖਟ ਦਰਸ਼ਨ ਮੈਂ ਸਭਿ ਹੀ ਦੇਖਾ। ਪਾਯੋ ਜਾਇ ਨ ਤੁਮਰੋ ਬੇਖਾ'।
ਸ੍ਰੀ ਗੁਰੁ ਸੁਨਿ ਕਰਿ ਗਿਰਾ ਉਚਾਰੀ। 'ਨਾਮ ਜਾਨ ਨਾਨਕ ਨਿਰੰਕਾਰੀ ॥੬੫ ॥

ਖਟ ਦਰਸ਼ਨ ਮੈਂ ਸਭ ਵੇਖਿਆ ਹੈ, ਪਰ ਤੁਹਾਡੇ ਨਿਰਾਲੇ ਭੇਸ ਬਾਰੇ ਕੁਝ ਪਤਾ ਨਹੀਂ ਚਲਦਾ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਉਚਾਰਿਆ, "ਨਾਮ ਸਾਡਾ ਨਾਨਕ ਨਿਰੰਕਾਰੀ ਹੈ॥੬੫॥

ਦੇਸ਼ ਹਮਾਰਾ ਏਕੰਕਾਰਾ। ਤਨ ਮਹਿਂ ਬੇਖ ਤਿਸੀ ਕੋ ਧਾਰਾ।
ਸੁਨਿ ਕਰਿ ਸਾਲਸ ਇਸ ਬਿਧਿ ਬਾਨੀ। ਸ਼ਰਨ ਗਹਿਨ ਕੀ ਮਤਿ ਠਹਿਰਾਨੀ ॥੬੬ ॥

ਦੇਸ ਸਾਡਾ ਏਕੰਕਾਰ ਹੈ ਅਤੇ ਤਨ ਉਤੇ ਭੇਸ ਵੀ ਉਨ੍ਹਾਂ ਦਾ ਹੀ ਧਾਰਨ ਕੀਤਾ ਹੈ।" ਇਸ ਤਰ੍ਹਾਂ ਦੀ ਬਾਣੀ ਸੁਣ ਕੇ ਸਾਲਸਰਾਇ ਨੇ ਗੁਰੂ ਜੀ ਦੇ ਚਰਨਾਂ ਨੂੰ ਫੜਨ ਦਾ ਮਨ ਬਣਾਇਆ॥ ੬੬ ॥

'ਜੇ ਤੁਮ ਏਕੰਕਾਰ ਬਿਲੋਕਾ। ਮੁਝ ਦਿਖਾਇ ਕੈ ਕਰਹੁ ਅਸ਼ੋਕਾ।
ਚਰਨ ਸ਼ਰਨ ਚਲਿ ਕਰਿ ਅਬ ਆਵਾ। ਸੁਨਿ ਸ੍ਰੀ ਮੁਖ ਤੇ ਸ਼ਬਦ ਅਲਾਵਾ ॥੬੭॥

"ਜੇ ਤੁਸੀ ਏਕੰਕਾਰ ਵੇਖਿਆ ਹੈ, ਮੈਨੂੰ ਵੀ ਵਿਖਾ ਕੇ ਸੋਕ ਰਹਿਤ ਕਰੋ। ਮੈਂ ਹੁਣ ਤੁਹਾਡੇ ਚਰਨਾਂ ਦੀ ਸਰਨ ਵਿਚ ਆਇਆ ਹਾਂ। ਇਹ ਸੁਣ ਕੇ ਗੁਰੂ ਜੀ ਨੇ ਮਾਰੂ ਰਾਗ ਵਿਚ ਇਕ ਸ਼ਬਦ ਦਾ ਉਚਾਰਨ ਕੀਤਾ॥ ੬੭॥

ਮਾਰੂ ਮਹਲਾ ੧॥

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥੧॥ ਰਹਾਉ॥
ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ਰਹਾਉ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥ ੨॥
ਅੰਮ੍ਰਿਤ ਖੰਡੁ ਦੂਧ ਮਧੁ ਸੰਚਸਿ ਤੂ ਬਨ ਚਾਤੁਰ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ ੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥ ੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥ ੫॥ ੪॥ (ਪੰਨਾ ੯੯੦)

ਵੇਖੋ! ਮੈਲ ਰਹਿਤ ਅਤੇ ਸਾਫ ਪਾਣੀ ਵਿਚ ਕੰਵਲ ਫੁੱਲ ਅਤੇ ਪਾਣੀ ਦਾ ਜਾਲਾ ਦੋਵੇਂ ਵੱਸਦੇ ਹਨ। ਪਾਣੀ ਦੇ ਜਾਲੇ ਅਤੇ ਸਵਾਦੀ ਪਾਣੀ ਅੰਦਰ ਕੰਵਲ ਵੱਸਦਾ ਹੈ। ਪਰ ਉਨ੍ਹਾਂ ਦੋਹਾਂ ਦੇ ਮੇਲ-ਮਿਲਾਪ ਨਾਲ ਉਸ ਨੂੰ ਕੋਈ ਰੋਗ ਨਹੀ ਲੱਗਦਾ॥ ਠਹਿਰਾਓ॥

ਓ ਡੱਡੂ! ਤੈਨੂੰ ਕਦੇ ਸਮਝ ਨਹੀਂ ਆਉਣੀ। ਤੂੰ ਪਵਿੱਤਰ ਪਾਣੀ ਅੰਦਰ ਵੱਸਦਾ ਏਂ ਅਤੇ ਪਾਣੀ ਦੇ ਜਾਲੇ ਨੂੰ ਖਾਂਦਾ ਏਂ। ਹੇ ਡੱਡੂ ਤੂੰ ਅੰਮ੍ਰਿਤ ਦੀ ਕਦਰ ਨਹੀ ਜਾਣਦਾ॥ ੧॥ ਠਹਿਰਾਓ॥

ਹੇ ਡੱਡੂ! ਤੂੰ ਸਦਾ ਪਾਣੀ ਵਿਚ ਵੱਸਦਾ ਏਂ, ਜਦ ਕਿ ਭੌਰਾ ਓਥੇ ਨਹੀ ਵੱਸਦਾ, ਭੌਰਾ ਕੰਵਲ ਦੀਆਂ ਖੂਬੀਆਂ ਦੀ ਚਰਜਾ ਅੰਦਰ ਮਸਤ ਰਹਿੰਦਾ ਹੈ। ਚੰਦਰਮਾਂ ਨੂੰ ਦੂਰ ਤੋਂ ਵੇਖ ਕੇ ਆਪਣੇ ਅੰਦਰਲੇ ਗਿਆਨ ਕਾਰਨ ਕਮੀਆਂ ਕੰਵਲ ਖਿੜਦਾ ਅਤੇ ਆਪਣਾ ਸਿਰ ਨਿਵਾਉਂਦਾ ਹੈ॥ ੨॥

ਹੇ ਡੱਡੂ! ਅੰਮ੍ਰਿਤ, ਖੰਡ, ਦੁੱਧ ਨਾਲ ਭਰਨ ਤੇ ਵੀ ਕੌੜਾ ਤੁੰਮਾ ਅਤਰ ਨਹੀਂ ਬਣਦਾ। ਚਿੱਚੜ ਦੇ ਲਹੂ ਨਾਲ ਪਿਆਰ ਵਾਂਗ, ਤੂੰ ਆਪਣੀ ਨਿਜੀ ਆਦਤ ਛੱਡਦਾ ਨਹੀਂ॥ ੩॥

ਵਿਦਵਾਨ ਪੁਰਸ਼ ਨਾਲ ਰਹਿੰਦਾ ਹੋਇਆ ਇਕ ਮੂਰਖ ਬੰਦਾ ਵੇਦਾਂ ਸ਼ਾਸ਼ਤਰਾਂ ਨੂੰ ਸੁਣਦਾ ਹੈ। ਪਰ ਕੁੱਤੇ ਦੀ ਪੂਛ ਵਾਂਗ ਉਹ ਆਪਣੀ ਨਿਜੀ ਆਦਤ ਕਦੇ ਵੀ ਨਹੀ ਛੱਡਦਾ॥ ੪॥

ਕਈ ਪਖੰਡੀ ਹਨ ਜੋ ਨਾਮ ਅੰਦਰ ਕਦੇ ਲੀਨ ਨਹੀ ਹੁੰਦੇ ਅਤੇ ਕਈ ਸੁਆਮੀ ਦੇ ਪੈਰਾਂ ਨਾਲ ਜੁੜੇ ਰਹਿੰਦੇ ਹਨ। ਬੰਦਾ ਉਹੋ ਕੁਝ ਪਾਉਂਦਾ ਹੈ ਜਿਹੜਾ ਕਿ ਪਹਿਲਾਂ ਤੋਂ ਹੀ ਲਿਖਿਆ ਹੋਇਆ ਹੈ। ਹੇ ਨਾਨਕ! ਤੂੰ ਆਪਣੀ ਜੀਭ ਨਾਲ ਪ੍ਰਭੂ ਦੇ ਨਾਮ ਦਾ ਉਚਾਰਨ ਕਰ ॥ ੫॥੪॥

ਦੋਹਰਾ- ਅਰਥ ਸਹਿਤ ਸੁਨਿ ਸ਼ਬਦ ਕੋ ਭਯੋ ਦੀਨ ਮਨ ਸੋਇ।
'ਨਿਜ ਕੀਜੈ ਉਪਦੇਸ਼ ਮੁਝ ਜਹਿਂ ਤੇ ਸ਼ੁਭ ਗਤਿ ਹੋਇ॥ ੬੮॥

ਸ਼ਬਦ ਨੂੰ ਅਰਥਾਂ ਸਹਿਤ ਸੁਣ ਕੇ ਸਾਲਸਰਾਇ ਦਾ ਮਨ ਦੀਨ ਹੋ ਗਿਆ ਅਤੇ ਕਿਹਾ, "ਮੈਨੂੰ ਹੁਣ ਆਪਣਾ ਨਿਜੀ ਉਪਦੇਸ਼ ਦੇਵੋ ਜਿਸ ਨਾਲ ਮੈਨੂੰ ਸ਼ੁਭ ਗਤੀ ਪ੍ਰਾਪਤ ਹੋਵੇ॥ ੬੮॥

ਚੌਪਈ- ਲੇਹੁ ਰਜਤਪਨ ਕਰਹੁ ਨਿਹਾਲਾ। ਤੁਮ ਹੋ ਪੂਰਣ ਸੰਤ ਕ੍ਰਿਪਾਲਾ।
ਸ੍ਰੀ ਗੁਰੂ ਕਹੈਂ ਨ 'ਹਮਰੇ ਕਾਮਾ। ਇਹ ਧਨ ਸੋਹਤਿ ਤੁਮਰੇ ਧਾਮਾ' ॥੬੯॥

ਸੋਨੇ ਦੇ ਸਿੱਕੇ ਲੈ ਕੇ ਮੈਨੂੰ ਨਿਹਾਲ ਕਰੋ। ਹੇ ਕਿਰਪਾਲੂ ਤੁਸੀਂ ਪੂਰਨ ਸੰਤ ਹੋ।" ਗੁਰੂ ਜੀ ਨੇ ਕਿਹਾ, "ਇਹ ਸਾਡੇ ਕਿਸੇ ਕੰਮ ਨਹੀਂ, ਇਹ ਧਨ ਤੁਹਾਡੇ ਘਰਾਂ ਵਿਚ ਹੀ ਸ਼ੋਭਦਾ ਹੈ" ॥ ੬੯॥

'ਜੇ ਤੁਮ ਦਰਬ ਲੇਤਿ ਅਬ ਨਾਂਹੀ। ਇਹ ਭੋਜਨ ਪਾਵਹੁ ਮੁਖ ਮਾਂਹੀ'।
ਤੂਸ਼ਨਿ ਭਯੋ ਸੁਨਹਿ ਮਰਦਾਨਾ। ਗਣੀ ਅਹਾਰ ਵਿਚਾਰਹਿ ਨਾਨਾ ॥੭੦॥

ਸਾਲਸਰਾਇ ਕਿਹਾ, "ਜੇ ਤੁਸੀਂ ਧਨ ਨੂੰ ਹੁਣ ਨਹੀਂ ਲਵੋਗੇ ਤਾਂ ਮੈਂ ਇਹ ਭੋਜਨ ਆਪਣੇ ਮੁਖ ਨਹੀਂ ਪਾਵਾਂਗਾ।" ਇਹ ਸੁਣ ਕੇ ਮਰਦਾਨਾ ਚੁਪ ਰਿਹਾ, ਪਰ ਭੋਜਨ ਦੀਆਂ ਗਿਣਤੀਆਂ ਕਈ ਪ੍ਰਕਾਰ ਵਿਚਾਰ ਰਿਹਾ ਸੀ॥ ੭੦॥

ਦੋਹਰਾ- ਸ੍ਰੀ ਨਾਨਕ ਲੇਵਹਿਂ ਅਸਨ, ਦੇਹਿਂ ਮੁਝੈ ਤਬ ਖਾਉਂ।
ਭਯੋ ਛੁਧਾ ਤੁਰ ਸ੍ਰਮਤ ਮੈਂ ਭੋਜਨ ਤੇ ਤ੍ਰਿਪਤਾਉਂ॥ ੭੧॥

ਗੁਰੂ ਜੀ ਇਹ ਭੋਜਨ ਲੈ ਲੈਣ ਅਤੇ ਫਿਰ ਮੈਨੂੰ ਦੇ ਦੇਣ, ਤਾਕਿ ਮੈਂ ਪਾ ਲਵਾਂ, ਮੈਂ ਭੁੱਖ ਅਤੇ ਥਕਾਵਟ ਨਾਲ ਬੜਾ ਆਤਰ ਹੋਇਆ ਹਾਂ, ਭੋਜਨ ਛੱਕ ਕੇ ਆਪਣੇਂ ਆਪ ਨੂੰ ਤ੍ਰਿਪਤ ਕਰਾਂ॥ ੭੧॥

ਸੋਰਠਾ- ਸ੍ਰੀ ਗੁਰ ਮਯਾਨਿਧਾਨ ਗਤਿ ਹਿਤ ਸਾਲਸ ਰਾਇ ਕੋ।
ਕੀਨੋ ਸ਼ਬਦ ਬਖਾਨ ਭੋਜਨ ਕੇ ਪਰਥਾਇ ਪਰ॥ ੭੨॥

ਸ੍ਰੀ ਗੁਰੂ ਨਾਨਕ ਜੀ ਜਿਹੜੇ ਕਿ ਕਿਰਪਾ ਨਿਧਾਨ ਹਨ, ਸਾਲਸਰਾਇ ਦੀ ਗਤੀ ਵਾਸਤੇ ਭੋਜਨ ਦੇ ਵਿਸ਼ੇ ਉਤੇ ਆਪਣੇ ਬਚਨਾਂ ਦਾ ਉਚਾਰਨ ਕੀਤਾ॥ ੭੨॥

ਚੌਪਈ- ਸਾਲਸਰਾਇ ਸੰਗ ਜੋ ਦਾਸੂ। ਸੁਨਿ ਬਚ ਨਿਰਮਲ ਭਾ ਮਨ ਆਸੂ।
ਪਦ ਬੰਦਨ ਕੀਨੀ ਅਸ਼ਟਾਂਗਾ। 'ਸ਼ਰਨਿ ਸ਼ਰਨਿ' ਕਹਿ ਪਰਾ ਸਭਾਗਾ ॥੭੩॥

ਸਾਲਸਰਾਇ ਦੇ ਨਾਲ ਜਿਹੜਾ ਸੇਵਕ ਆਇਆ ਸੀ, ਗੁਰੂ ਜੀ ਦੇ ਬਚਨ ਸੁਣ ਕੇ ਉਸ ਦਾ ਮਨ ਨਿਰਮਲ ਹੋ ਗਿਆ। ਉਸ ਨੇ ਉੱਠ ਕੇ ਡੰਡੌਤ ਬੰਦਨਾ ਕੀਤੀ। 'ਸਰਨ ਸਰਨ' ਕਹਿ ਕੇ ਗੁਰੂ ਦੇ ਚਰਨਾਂ ਤੇ ਢਹਿ ਪਿਆ ਅਤੇ ਭਾਗਾਂ ਵਾਲਾ ਹੋ ਗਿਆ॥ ੭੩॥

'ਤੁਮ ਪਰਮੇਸ਼ੁਰ ਜਾਨੇ ਮੋਹੀ। ਦੀਨ ਦਯਾਲ ਨਾਮ ਹੈ ਤੋਹੀ।
ਜਗਤ ਅਗਨਿ ਤੇ ਜਲਤਿ ਉਬਾਰਹੁ। ਅਪਨ ਨਾਮ ਕੋ ਬਿਰਦ ਸੰਭਾਰਹੁ ॥੭੪॥

"ਮੈਂ ਤੁਹਾਨੂੰ ਪਰਮੇਸ਼ਰ ਜਾਣ ਲਿਆ ਹੈ। ਦੀਨ ਦਿਆਲ ਤੁਹਾਡਾ ਨਾਂ ਹੈ। ਅੱਗ ਨਾਲ ਸੜ ਰਹੇ ਜਗਤ ਨੂੰ ਤੁਸੀਂ ਬਚਾਉਂਦੇ ਹੋ। ਆਪਣਾ ਧਰਮ ਸਮਝ ਕੇ ਆਪਣੇ ਸਿੱਖ ਨੂੰ ਸੰਭਾਲ ਲਵੋ" ॥ ੭੪॥

ਸੁਨਿ ਕਰਿ ਤਿਹ ਪਰ ਗੁਰੂ ਪ੍ਰਸੀਜੇ। ਜਨਮ ਮਰਨ ਜਗ ਕੇ ਕਟ ਦੀਜੇ।
ਪੌੜੀ ਅਪਰ ਸ਼ਬਦ ਕੀ ਭਾਖੀ। ਜਿਹ ਸੁਨਿ ਸ਼ਾਹੁ ਭਯੋ ਗਤਿ ਕਾਂਖੀ ॥੭੫॥

ਇਹ ਸੁਣ ਕੇ ਗੁਰੂ ਜੀ ਉਸ 'ਤੇ ਦਿਆਲ ਹੋ ਗਏ ਅਤੇ ਉਸ ਦੇ ਜੱਗ ਵਿਚ ਜਨਮ ਮਰਨ ਦੇ ਚੱਕਰ ਖਤਮ ਕਰ ਦਿੱਤੇ। ਫਿਰ ਗੁਰੂ ਜੀ ਨੇ ਉਪਰੋਕਤ ਸ਼ਬਦ ਦੀ ਬਾਣੀ ਕਹੀ ਜਿਸ ਨੂੰ ਸੁਣ ਕੇ ਸ਼ਾਹ ਦੇ ਮਨ ਵਿਚ ਵੀ ਮੁਕਤੀ ਦੀ ਇੱਛਾ ਪੈਦਾ ਹੋਈ ॥ ੭੫॥

ਸੁਣਿ ਕਰਿ ਸਾਲਸ ਰਿਦੈ ਵਿਚਾਰਾ। ਸ੍ਰੀ ਪਰਮੇਸੁਰ ਇਹ ਅਵਤਾਰਾ।
ਜਿਨਕੇ ਬਚਨ ਦਾਸ ਦੁਖ ਆਸੂ। ਕੀਨ ਨਿਕੰਦਨ,ਦਿਯ ਸੁਖ ਰਾਸੂ ॥੭੬॥

ਗੁਰੂ ਜੀ ਦੇ ਬਚਨ ਸੁਣ ਕੇ ਸਾਲਸਰਾਇ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਇਹ ਤਾ ਪਰਮੇਸਵਰ ਦੇ ਅਵਤਾਰ ਹਨ. ਜਿਨ੍ਹਾਂ ਦੇ ਬਚਨ ਸੁਣ ਕੇ ਦਾਸ ਦੇ ਝੱਟ ਦੁੱਖ, ਸੁਖਾਂ ਦੀ ਰਾਸ ਭਾਵ ਗੁਰੂ ਜੀ ਨੇ ਦੂਰ ਕਰ ਦਿੱਤੇ ਹਨ॥੭੬॥

ਦੋਹਰਾ- ਹੋਇ ਦੀਨ ਮਨ ਮਾਨ ਤਜਿ, ਬੰਦੇ ਪਦ ਅਰਬਿੰਦ।
'ਗਤਿ ਮੇਰੀ ਅਬ ਕੀਜੀਏ, ਤੁਮ ਹੋ ਰੂਪ ਮੁਕੰਦ॥ ੭੭॥

ਓਸੇ ਸਮੇਂ ਦੀਨ ਮਸਕੀਨ ਹੋ ਗਿਆ ਤੇ ਮਨ ਦਾ ਮਾਨ ਤਿਆਗ ਦਿੱਤਾ ਤੇ ਉਠ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। "ਮੇਰੀ ਵੀ ਗਤੀ ਹੁਣ ਕਰੋ. ਤੁਸੀਂ ਮੁਕਤੀਦਾਤੇ ਦਾ ਰੂਪ ਹੋ, ਸਾਲਸਰਾਇ ਨੇ ਕਿਹਾ॥ ੭੭॥

ਚੌਪਈ- ਜਗਬੰਧਨ ਤੇ ਕਰਿ ਛੁਟਕਾਰਾ। ਪਤਿਤਹਿ ਪਾਵਨ ਨਾਮ ਤੁਮਾਰਾ।
ਸ਼ਰਨਿ ਪਰੇ ਕੀ ਰਾਖਹੁ ਲਾਜਾ। ਰਾਵਰ ਸਮ ਕੋ ਪਿਖੋਂ ਨ ਆਜਾ ॥੭੮॥

ਜਗਤ ਬੰਧਨਾਂ ਤੋਂ ਛੁਟਕਾਰਾ ਕਰੋ। ਤੁਹਾਡਾ ਨਾਂ ਪਤਿਤ ਪਾਵਨ ਹੈ। ਸ਼ਰਨ ਪਏ ਦੀ ਹੁਣ ਲਾਜ ਰਖੋ। ਤੁਹਾਡੇ ਵਰਗਾ ਮੈਂ ਅੱਜ ਤਕ ਕੋਈ ਨਹੀ ਵੇਖਿਆ" ॥ ੭੮॥

ਸ੍ਰੀ ਗੁਰ ਕਹੈਂ 'ਕਾਜ ਇਹੁ ਕੀਜੈ। ਨਿਜ ਕਿੰਕਰ ਕੇ ਚਰਨ ਗਹੀਜੈ।
ਬੰਦਨ ਕਰਿ,ਹੋਵਹਿ ਗਤਿ ਤੇਰੀ। ਜਗ ਮਹਿ ਮਿਟੈ ਜਨਮ ਕੀ ਫੇਰੀ ॥੭੯॥

ਗੁਰੂ ਜੀ ਨੇ ਕਿਹਾ, "ਇਹ ਕੰਮ ਕਰੋ, ਆਪਣੇ ਦਾਸ ਦੇ ਚਰਨ ਫੜ ਕੇ ਬੰਦਨਾ ਕਰੋ, ਫਿਰ ਤੇਰੀ ਗਤੀ ਹੋ ਜਾਵੇਗੀ। ਜੱਗ ਵਿਚ ਆਉਣ ਜਾਣ ਦਾ ਚੱਕਰ ਮਿੱਟ ਜਾਵੇਗਾ"॥ ੭੯॥

ਸੁਨਿ ਸਾਲਸ ਬੰਦੇ ਦ੍ਵੈ ਹਾਥਾ। ਤੂਰਨ ਧਰਜੋ ਦਾਸ ਪਦ ਮਾਥਾ।
ਬੋਲਜੋ ਗੁਰ ਸੋਂ ਹ੍ਵੈ ਕਰਿ ਦੀਨਾ। 'ਇਹੁ ਜੁ ਦਾਸ ਮਮ ਬੁੱਧਿ ਪ੍ਰਬੀਨਾ ॥੮੦॥

ਇਹ ਸੁਣ ਕੇ ਸਾਲਸਰਾਇ ਨੇ ਆਪਣੇ ਦੋਵੇਂ ਹੱਥ ਜੋੜੇ ਤੇ ਆਪਣੇ ਨੌਕਰ ਦੇ ਪੈਰਾਂ ਤੇ ਮੱਥਾ ਟੇਕਿਆ। ਫਿਰ ਦੀਨਤਾ ਨਾਲ ਗੁਰੂ ਜੀ ਨੂੰ ਕਿਹਾ, "ਇਹ ਜੋ ਮੇਰਾ ਨੌਕਰ ਹੈ ਇਸ ਦੀ ਬੁੱਧੀ ਸ੍ਰੇਸ਼ਟ ਹੈ॥ ੮੦॥

ਸੰਤਨ ਕੇ ਸਭਿ ਯਾ ਮਹਿਂ ਲੱਛਨ। ਕਰਮ ਧਰਮ ਕੇ ਵਿਖੈ ਬਿਚੱਛਨ।
ਪੁਨਿ ਰਾਵਲ ਕੀ ਕਰੁਨਾ ਹੋਈ। ਬੰਦਨ ਯੋਗ ਭਲੇ ਹੈ ਸੋਈ॥ ੮੧॥

ਇਸ ਵਿਚ ਸੰਤਾਂ ਵਾਲੇ ਸਾਰੇ ਗੁਣ ਹਨ ਅਤੇ ਕਰਮ ਧਰਮ ਵਿਚ ਇਹ ਵਿਲੱਖਣ ਹੈ। ਫਿਰ ਆਪ ਜੀ ਦੀ ਕਿਰਪਾ ਹੋਈ। ਬੰਦਨਾ ਕਰਨ ਯੋਗ ਉਹ ਭਲੇ ਅਤੇ ਸੁਹਾਵਣੇ ਹਨ॥ ੮੧॥

ਅਬ ਜੇ ਡਾਰਹੁ ਚਰਨ ਸੁਆਨਾ। ਤਦਪਿ ਨ ਆਇਸੁ ਕਰਹੋਂ ਹਾਨਾ।
ਸੁਣ ਬਚ ਬਿਕਸੇ ਪੰਕਜ ਬਦਨਾ। ਕਹਿ 'ਤਵ ਬੰਧਨ ਭਏ ਨਿਕਦਨਾ ॥੮੨॥

ਹੁਣ ਜੇ ਕੁੱਤੇ ਦੇ ਪੈਰੀਂ ਵੀ ਮੈਨੂੰ ਪਾਓ, ਤਾਂ ਮੈਂ ਉਸ ਵੇਲੇ ਤੁਹਾਡੀ ਆਗਿਆ ਦਾ ਪਾਲਣ ਕਰਾਂਗਾ। ਸਾਲਸਰਾਇ ਦੇ ਇਹ ਬਚਨ ਸੁਣ ਕੇ ਕੰਵਲ ਵਰਗੇ ਮੁਖੜੇ ਵਾਲੇ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਤੇਰੇ ਸਭ ਬੰਧਨ ਕੱਟੇ ਗਏ ਹਨ॥ ੮੨॥

ਨਿਰੰਕਾਰ ਕੋ ਬੰਦਨ ਕਰੀਏ। ਉਰ ਤੇ ਸਰਬ ਭਰਮ ਪਰਹਰੀਏ'।
ਸੁਨਿ ਸਾਲਸ ਕੀਨੀ ਅਸ਼ਟਾਂਗਾ। ਉਸਤਤਿ ਭਨਿਹੀ ਮਨੁ ਅਨੁਰਾਗਾ ॥੮੩॥

ਇਕ ਨਿਰੰਕਾਰ ਨੂੰ ਸਦਾ ਬੰਦਨਾ ਕਰੋ, ਹਿਰਦੇ ਵਿਚ ਸਾਰੇ ਭਰਮ ਦੂਰ ਕਰੋ।'' ਇਹ ਸੁਣ ਕੇ ਸਾਲਸਰਾਇ ਨੇ ਡੰਡੌਤ ਬੰਧਨਾ ਕੀਤੀ। ਬੜੇ ਪ੍ਰੇਮ ਵਿਚ ਆ ਕੇ ਗੁਰੂ ਜੀ ਦੀ ਉਸਤਤਿ ਕਰਨ ਲੱਗਾ॥ ੯੩॥

'ਸ੍ਰੀ ਨਾਨਕ ਕਰੁਨਾਨਿਧ ਸ੍ਵਾਮੀ। ਤੀਨ ਲੋਕ ਪਤਿ ਅੰਤਰਜਾਮੀ।
ਸੁਖਦਾਯਕ ਸੇਵਕ, ਰਿਪੁ ਘਾਇਕ। ਮੋਹ ਲੱਛ ਦਰਸ਼ਨ ਤੁਮ ਸਾਯਕ ॥੯੪॥

''ਸ੍ਰੀ ਨਾਨਕ ਕਿਰਪਾ ਨਿਧਾਨ ਸਵਾਮੀ ਹਨ। ਅੰਤਰਜਾਮੀ ਤਿੰਨਾਂ ਲੋਕਾਂ ਦੇ ਮਾਲਕ ਹਨ। ਆਪਣੇ ਸੇਵਕਾਂ ਨੂੰ ਸੁਖ ਦੇਣ ਵਾਲੇ ਹਨ ਅਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ। ਤੁਹਾਡਾ ਦਰਸ਼ਨ ਮੋਹ ਰੂਪੀ ਨਿਸ਼ਾਨੇ ਨੂੰ ਵਿੰਨ੍ਹਣ ਵਾਲਾ ਤੀਰ ਹੈ॥੯੪॥

ਮਹਾਰਾਜ ਸੁਰਨਾਯਕ ਨਾਯਕ। ਅਹੈਂ ਅਜੀਤ, ਬਸੀ ਇਕ ਪਾਯਕ'।
ਹੁਤੋ ਸੀਸ ਗਜ ਡੇਢਕ ਚੀਰੰ। ਤਿਹ ਛਿਨ ਦੀਨੋ ਗੁਨੀਗਹੀਰੰ॥ ੯੫॥

ਤੁਸੀਂ ਮਹਾਰਾਜ ਦੇਵਤਿਆਂ ਦੇ ਮਾਲਕ ਦੇ ਮਾਲਕ ਹੋ। ਤੁਸੀਂ ਸਦਾ ਅਜਿਤ ਹੋ, ਪਰ ਆਪਣੇਂ ਦਾਸਾਂ ਦੇ ਵੱਸ ਹੋ।'' ਗੁਰੂ ਜੀ ਨੇ ਸਿਰ ਉਤੇ ਡੇਢ ਗਜ ਦਾ ਚੀਰਾ ਬੰਨ੍ਹਿਆ ਹੋਇਆ ਸੀ, ਓਸੇ ਵੇਲੇ ਲਾਹ ਕੇ ਸਾਲਸਰਾਇ ਨੂੰ ਦੇ ਦਿੱਤਾ॥੯੫॥

ਦੋਹਰਾ- ਸਾਲਸ ਬਾਂਧਯੋ ਸੀਸ ਪਰ ਸ਼ੀਘਰ ਖੁਲੇ ਕਪਾਟ।
ਗਯਾਨਾਨੰਦ ਪੂਰਨ ਭਯੋ ਠਟਯੋ ਔਰ ਹੀ ਠਾਟ॥ ੯੬॥

ਜਦ ਸਾਲਸਰਾਇ ਨੇ ਉਹ ਪਗੜੀ ਆਪਣੇਂ ਸਿਰ ਤੇ ਬੱਧੀ ਤਾਂ ਝੱਟ ਉਸ ਦੇ ਕਪਾਟ ਖੁੱਲ੍ਹ ਗਏ। ਗਿਆਨ ਦੇ ਆਨੰਦ ਵਿਚ ਸੰਪੂਰਨ ਹੋਇਆ ਅਤੇ ਕਿਸੇ ਹੋਰ ਨੂੰ ਮੰਨਣਾ ਉਸ ਛੱਡ ਦਿੱਤਾ॥ ੯੬॥

ਸੋਰਠਾ- ਭਾ ਨਿਹਾਲ ਤਤਕਾਲ ਸ੍ਰੀ ਗੁਰ ਨਾਨਕ ਮਯਾ ਤੇ।
ਉਮਗਯੋ ਪ੍ਰੇਮ ਬਿਸਾਲ ਉਸਤਤਿ ਉਚਰਤਿ ਸ਼ਬਦ ਕਰਿ॥ ੯੭॥'

ਸ੍ਰੀ ਗੁਰੂ ਨਾਨਕ ਦੀ ਕਿਰਪਾ ਨਾਲ ਉਹ ਤੁਰੰਤ ਨਿਹਾਲ ਹੋ ਗਿਆ, ਵਿਸ਼ਾਲ ਪ੍ਰੇਮ ਨਾਲ ਭਰ ਗਿਆ ਅਤੇ ਸ਼ਬਦ ਕਰਕੇ ਗੁਰੂ ਜੀ ਦੀ ਉਸਤਤਿ ਉਚਾਰੀ॥ ੯੭॥

ਸਾਲਸ ਰਾਇ ਵਾਚ॥

'ਪੂਰੇ ਸਤਿਗੁਰ ਨਾਮ ਕਾ ਦੀਨੋ ਖੋਲ ਕਪਾਟ।
ਇਕ ਜੋ ਵਣਜ ਵਣੰਜਿਆ ਬਹੁਰਿ ਨ ਆਵੈ ਘਾਟ॥ ੧॥
ਸਤਗੁਰ ਨਾਨਕ ਪੂਰਾ ਬਚਨ ਕਾ ਸੂਰਾ॥ ੧॥ ਰਹਾਉ॥
ਆਗਮ ਨਿਗਮ ਦਿਖਾਵਤਾ ਖੋਲੇ ਨੇਤ੍ਰ ਅਨੰਤ॥
ਜਗਤ ਵਣਜਾਰਾ ਸਗਲ ਹੈ ਸਾਹੁ ਏਕ ਭਗਵੰਤ॥ ੨॥
ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮੁ॥
ਆਠ ਪਹਰ ਧੁਨਿ ਲਾਗ ਹੈ ਸੋਈ ਹਮਾਰੈ ਕਾਮ॥ ੩॥
ਸਾਲਸ ਬਿਨਵੈ ਬੇਨਤੀ ਤੂ ਸੁਣਿਯੋ ਕਰਤਾਰ॥
ਕਚਾ ਰੰਗੁ ਉਤਾਰਿ ਕੈ ਚਾੜਿਓ ਰੰਗੁ ਅਪਾਰ॥ ੪॥

ਸਤਿਗੁਰੂ ਨਾਮ ਦਾ ਪੂਰਾ ਹੈ, ਜਿਸ ਮੇਰੇ ਕਪਾਟ ਖੋਲ੍ਹ ਦਿੱਤੇ ਹਨ। ਇਕ ਵਾਰੀ ਜੋ ਸੌਦਾ ਕਰ ਲਿਆ ਉਸ ਵਿਚ ਬਾਅਦ ਵਿਚ ਘਾਟ ਨਹੀਂ ਆਉਂਦੀ॥ ੧॥

ਸ੍ਰੀ ਨਾਨਕ ਪੂਰਨ ਸਤਿਗੁਰੂ ਹੈ, ਅਤੇ ਉਹ ਆਪਣੇਂ ਬਚਨਾਂ ਦਾ ਸੂਰਮਾ ਹੈ॥੧॥ ਰਹਾਉ॥

ਆਗਮ ਨਿਗਮ ਦਿਖਾਉਣ ਵਾਸਤੇ ਅਨੰਤ ਨੇਤਰ ਖੋਲ੍ਹ ਦਿੰਦਾ ਹੈ। ਸਾਰਾ ਜਗਤ ਹੀ ਵਣਜਾਰਾ ਹੈ ਤੇ ਸ਼ਾਹ ਇਕੋ

ਭਗਵੰਤ ਹੈ॥ ੨॥

ਵਣਜ ਵਪਾਰ ਸਾਡਾ ਸਤਿਗੁਰੂ ਹੈ ਅਤੇ ਨਾਮ ਸਾਡੀ ਪੂੰਜੀ ਹੈ। ਅੱਠੇ ਪਹਿਰ ਸੁਰਤ ਲੱਗੀ ਰਹਿੰਦੀ ਹੈ, ਇਹੋ ਸਾਡਾ ਕੰਮ ਹੈ॥ ੩॥

ਸਾਲਸਰਾਇ ਬੇਨਤੀ ਕਰਦਾ ਹੈ, ਹੇ ਕਰਤਾਰ! ਸੁਣੋ, ਕੱਚਾ ਰੰਗ ਉਤਾਰ ਕੇ ਪੱਕਾ ਰੰਗ ਚਾੜ੍ਹ ਦੇਵੋ॥ ੪॥

ਚੌਪਈ- ਸ੍ਰੀ ਗੁਰੁ ਖੁਸ਼ੀ ਅਧਿਕ ਤਬ ਕੀਨੀ। ਹ੍ਵੈ ਪ੍ਰਸੰਨ ਮੰਜੀ ਤਿਹ ਦੀਨੀ।
ਸਕਲੇ ਪੁਰਿ ਕੋ ਪੂਜ ਬਨਾਯੋ। ਬਹੁਰਿ ਬਦਨ ਤੇ ਬਚਨ ਅਲਾਯੋ॥ ੮੮॥

ਸਾਲਸਰਾਇ ਵਲੋਂ ਕਹੀ ਗਈ ਉਸਤਤਿ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਪ੍ਰਸੰਨ ਹੋ ਕੇ ਉਸ ਨੂੰ ਗੁਰਮੁਖ ਦੀ ਪਦਵੀ ਬਖਸ਼ੀ (ਜਿਸ ਨੂੰ ਗੁਰਮੁਖ ਪਦਵੀ ਬਖਸ਼ਦੇ ਸਨ, ਉਹ ਸਿੱਖੀ ਦਾ ਪ੍ਰਚਾਰਕ ਬਣ ਜਾਂਦਾ ਸੀ) ਸਾਰੇ ਨਗਰ ਦਾ ਪੂਜਨੀਕ ਬਣ ਗਿਆ। ਫਿਰ ਗੁਰੂ ਜੀ ਨੇ ਮੁਖ ਤੋਂ ਬਚਨ ਕਹੇ॥ ੮੮॥

'ਜਬ ਲੌ ਜੀਵਹੁ ਰਹੈ ਤੁਮਾਰੇ। ਪਾਛੇ ਸੰਤਤਿ ਕੋ ਨ ਬਸਾਰੇ।
ਪੁਨ ਮੰਜੀ ਪਰ ਬੈਸਹਿ ਦਾਸਾ। ਦੀਜੈ ਨਹੀਂ ਆਨ ਕੇ ਪਾਸਾ॥ ੮੯॥

ਜਦ ਤਕ ਜੀਵੇ, ਤਦ ਤਕ ਇਹ ਪਦਵੀ ਆਪਣੇ ਪਾਸ ਰੱਖੇ ਅਤੇ ਸਿੱਖੀ ਦਾ ਪਰਚਾਰ ਕਰੇ, ਪਰ ਆਪਣੇ ਮਰਨ ਤੋਂ ਬਾਅਦ ਆਪਣੀ ਸੰਤਾਨ ਨੂੰ ਇਸ ਪਦਵੀ ਤੇ ਨਾ ਬਿਠਾਉਣਾ। ਬਾਅਦ ਵਿਚ ਤੁਹਾਡਾ ਦਾਸ ਇਸ ਮੰਜੀ ਤੇ ਬੈਠੇਗਾ ਅਤੇ ਦੂਸਰੇ ਹੋਰ ਕਿਸੇ ਨੂੰ ਨੇੜੇ ਨਾ ਆਉਣ ਦੇਵੇ॥ ੮੯॥

ਪੂਰਬ ਹਮ ਮੰਜੀ ਇਸ ਦੇਨੀ। ਤੁਝ ਤੇ ਪੂਰਬ ਸ਼ਰਨਿ ਗਹੇਨੀ।
ਹੁਤੋ ਸੰਸਾਰ ਸੂਤ ਇਹ ਦਾਸਾ। ਯਾਂਤੇ ਤਵ ਸਤਿਕਾਰ ਰਖਾਸਾ॥ ੯੦॥

ਪਹਿਲਾ ਅਸੀ ਮੰਜੀ ਇਸ ਨੂੰ ਦਿੱਤੀ ਹੈ, ਕਿਉਂਕਿ ਤੇਰੇ ਤੋਂ ਪਹਿਲੇ ਇਸ ਨੇ ਸ਼ਰਨ ਫੜੀ ਸੀ। ਇਹ ਦਾਸ ਸੰਸਾਰਿਕ ਮਰਯਾਦਾ ਪ੍ਰੇਮ ਪਿਆਰ ਦੀ ਹੋਵੇਗਾ, ਇਸ ਕਰਕੇ ਤੇਰੇ ਪਾਸੋਂ ਇਸ ਦਾ ਸਤਿਕਾਰ ਕਰਵਾਇਆ ਹੈ॥ ੯੦॥

ਦੋਹਰਾ- ਪੁਨ ਲਘੁ ਤੁਮਰੀ ਬੈਸ ਹੈ ਸਪਤ ਮਾਸ ਜੁਗ ਸਾਲ।
ਰਿਦਾ ਸੰਤ ਹੈ ਦਾਸ ਕੋ ਮਤਸਰ ਹੀਨ ਬਿਸਾਲ'॥ ੯੧॥

ਤੁਹਾਡੀ ਉਮਰ ਬੜੀ ਥੋੜੀ ਹੈ, ਇਹ ਦੋ ਸਾਲ ਅਤੇ ਸੱਤ ਮਹੀਨੇ ਹੀ ਰਹਿੰਦੀ ਹੈ। ਤੁਹਾਡੇ ਦਾਸ ਦਾ ਹਿਰਦਾ ਸੰਤਾਂ ਸਮਾਨ ਹੈ ਅਤੇ ਵਿਸ਼ਾਲ ਚਤੁਰ ਹੈ"॥ ੯੧॥

ਚੌਪਈ- ਸ੍ਰੀ ਅੰਗਦ ਸੁਨੀਏ ਗਤਿ ਦੈਨਾ। ਮੁਝਿ ਸੌਂ ਕਹਤਿ ਭਏ ਪੁਨਿ ਬੈਨਾਂ।
'ਮਰਦਾਨੇ ਕੋ ਛੁਧਾ ਸੰਤਾਵੈ। ਦੇਹੁ ਅਹਾਰ ਖਾਇ ਤ੍ਰਿਪਤਾਵੈ'॥ ੯੨॥

ਹੇ ਗੁਰੂ ਅੰਗਦ ਦੇਵ ਜੀ! ਮੁਕਤੀਦਾਤੇ, ਗੁਰੂ ਜੀ ਫਿਰ ਮੈਨੂੰ ਕਹਿਣ ਲੱਗੇ, "ਮਰਦਾਨੇ ਨੂੰ ਭੁੱਖ ਬਹੁਤ ਤੰਗ ਕਰ ਰਹੀ ਹੈ, ਇਸ ਨੂੰ ਭੋਜਨ ਦੇਵੋ, ਤਾਕਿ ਛੱਕ ਕੇ ਤ੍ਰਿਪਤ ਹੋਵੇ"॥ ੯੨॥

ਮਾਨਿ ਬਚਨ ਮੈਂ ਦੀਨ ਅਹਾਰਾ। ਮਧੁਰ ਅਸਨ ਜਿਹ ਸਾਦ ਅਪਾਰਾ।
ਕਰਿ ਲਾਲਚ ਖਾਵਾ ਮਨ ਭਾਯੋ। ਪੂਰਿ ਉਦਰ ਬਹੁ ਤਬ ਤ੍ਰਿਪਤਾਯੋ॥ ੯੩॥

ਗੁਰੂ ਜੀ ਦਾ ਬਚਨ ਮੰਨ ਕੇ ਮੈਂ ਭੋਜਨ ਮਰਦਾਨੇ ਨੂੰ ਦਿੱਤਾ। ਮਿੱਠਾ ਭੋਜਨ, ਅਪਾਰ ਸਵਾਦੀ ਸੀ। ਲਾਲਚ ਕਰਕੇ ਮਰਦਾਨੇ ਦੇ ਮਨ ਨੂੰ ਜਿੰਨਾ ਵੀ ਚੰਗਾ ਲੱਗਾ, ਖਾਧਾ। ਜਦ ਪੂਰਾ ਪੇਟ ਭਰ ਗਿਆ ਤਦ ਤ੍ਰਿਪਤ ਹੋਇਆ॥ ੯੩॥

ਸ਼ਾਹ ਬਿਨੈ ਕਰਿ ਪੰਕਜ ਬਦਨੰ। ਲੇ ਤਬ ਗਮਨਜੋ ਅਪਨੇ ਸਦਨੰ।

ਕਿਤਕ ਦਿਵਸ ਤਿਹ ਨਗਰ ਮਝਾਰਾ। ਕੀਨ ਰਹਿਨ ਅਪਵਰਗ ਉਦਾਰਾ॥੯੪॥

ਸਾਲਸਰਾਇ ਨੇ ਫਿਰ ਗੁਰੂ ਜੀ ਪਾਸ ਬੇਨਤੀ ਕੀਤੀ ਅਤੇ ਸਾਨੂੰ ਆਪਣੇ ਘਰ ਲੈ ਗਿਆ। ਕਈ ਦਿਨ ਉਸ ਨਗਰ ਵਿਚ ਮੁਕਤੀਦਾਤੇ ਨੇ ਨਿਵਾਸ ਕੀਤਾ॥ ੯੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਾਲਿਸ ਰਾਇ' ਪ੍ਰਸੰਗ ਬਰਨਨੰ ਨਾਮ ਇਕਪੰਚਾਸਮੋ ਅਧਯਾਯ॥ ੫੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕਵਿੰਜਵਾਂ ਅਧਿਆਇ ਜਿਸ ਦਾ ਨਾਮ 'ਸਾਲਸ ਰਾਇ ਜੌਹਰੀ' ਹੈ, ਸਮਾਪਤ ਹੋਇਆ॥ ੫੧॥

## ਅਧਿਆਇ ਬਵੰਜਵਾਂ

*ਮਛ, ਕਲਿ, ਨਾਰਦ।*

ਦੋਹਰਾ- ਸ੍ਰੀ ਗੁਰੁ ਚਰਨ ਸੁ ਛਤਰ ਸਿਰ ਸਦਾ ਅਟਲ ਜਿਹ ਛਾਯ।
ਆਤਪ ਜਮ ਕੀ ਯਾਤਨਾ ਕਿਉਂ ਸਮੀਪ ਸੋ ਆਯ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਰੂਪ ਸ੍ਰੇਸ਼ਟ ਛੱਤਰ ਜਿਸ ਦੇ ਸਿਰ ਤੇ ਹੈ ਅਤੇ ਛੱਤਰ ਦੀ ਛਾਂ ਸਦਾ ਅਤੇ ਅੱਟਲ ਹੈ ਉਸ ਦੇ ਨੇੜੇ ਜਮਾਂ ਦੀ ਪੀੜ ਰੂਪੀ ਧੁੱਪ ਕਿਵੇਂ ਆਵੇਗੀ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਬਾਸੁਰ ਕਿਤਕ ਬਿਸ੍ਵੰਭਰ ਮਾਂਹੀ। ਰਹਿ, ਦੁਰਮਤਿ ਬਹੁ ਨਰ ਕੀ ਦਾਹੀ।
ਮੁਕਤਿ ਪੰਥ ਸਿੱਖੀ ਪ੍ਰਗਟਾਈ। ਸਿਮਰਹਿ ਸੱਤਿਨਾਮ ਸੁਖਦਾਈ॥ ੨॥

ਭਾਈ ਬਾਲੇ ਨੇ ਕਿਹਾ- ਬਿਸ਼ੰਭਰ ਪੁਰ ਨਗਰ ਵਿਚ ਰਹਿ ਕੇ ਬਹੁਤ ਮਨੁੱਖਾਂ ਦੀ ਦੁਰਮਤਿ ਦਾ ਨਾਸ਼ ਕੀਤਾ। ਮੁਕਤੀ ਪੰਥ ਸਿੱਖੀ ਨੂੰ ਪ੍ਰਗਟ ਕੀਤਾ ਅਤੇ ਸਾਰਿਆਂ ਨੂੰ ਸੁੱਖ ਦੇਣ ਵਾਲਾ ਸਤਿਨਾਮ ਸਿਮਰਨ ਦਾ ਉਪਦੇਸ਼ ਦਿੱਤਾ॥ ੨॥

ਏਕ ਦਿਵਸ ਬੈਸੇ ਗਤਿਦਾਨੀ। ਬੋਲਜੋ ਮਰਦਾਨਾ ਅਸ ਬਾਨੀ।
'ਇਸੇ ਸਥਾਨ ਰਹਿਨ ਤੁਮ ਆਏ। ਦੇਖਜੋ ਨਗਰ ਰੁਚਿਰ ਮਨ ਭਾਏ ? ॥੩॥

ਇਕ ਦਿਨ ਮੁਕਤੀ ਦਾਤੇ ਬੈਠੇ ਹੋਏ ਸਨ। ਮਰਦਾਨੇ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ, ''ਕੀ ਇਸ ਸਥਾਨ ਤੇ ਤੁਸੀਂ ਸਦਾ ਲਈ ਰਹਿਣ ਆ ਗਏ ਹੋ ? ਕੀ ਇਹ ਨਗਰ ਵੇਖਣ ਵਿਚ ਤੁਹਾਡੇ ਮਨ ਨੂੰ ਬਹੁਤ ਪਸੰਦ ਆਇਆ ਹੈ? ॥ ੩॥

ਕੈ ਤੁਮ ਨਿਕਸੇ ਹੋਇ ਉਦਾਸੀ। ਪਰਚ ਰਹੇ ਕਰਿ ਰਿਦਾ ਬਿਲਾਸੀ।
ਅਪਰ ਦੇਸ਼ ਕੀ ਕੀਜੈ ਸੈਲਾ। ਜਿਤ ਇੱਛਾ ਗਮਨਹੁ ਤਿਤ ਗੈਲਾ ?' ॥੪॥

ਤੁਸੀਂ ਇਕ ਉਦਾਸੀ ਹੋ ਕੇ ਨਿਕਲੇ ਸੀ। ਏਥੇ ਤੁਹਾਡਾ ਜੀਅ ਲੱਗ ਗਿਆ ਹੈ ਅਤੇ ਸਦਾ ਮਨ ਵਿਚ ਪ੍ਰਸੰਨ ਰਹਿੰਦੇ ਹੋ। ਹੋਰਨਾ ਦੇਸ਼ਾਂ ਦੀ ਵੀ ਸੈਰ ਕਰੋ। ਜਿਧਰ ਵੀ ਜਾਣ ਦੀ ਇੱਛਾ ਹੈ ਓਸੇ ਰਸਤੇ ਚਲੋ'' ॥ ੪॥

ਮੈਂ ਸੁਨਿ ਕਰਿ ਮਨ ਮਾਹਿ ਵਿਚਾਰੀ। ਡੂਮ ਬਾਨ ਇਨ ਨਾਂਹਿ ਵਿਸਾਰੀ।
ਏਤੀ ਮਹਿਮਾ ਨੈਨ ਨਿਹਾਰੀ। ਤਦਪਿ ਨ ਰਹਤਿ ਹੋਇ ਅਨੁਸਾਰੀ॥੫॥

ਇਹ ਗੱਲ ਸੁਣ ਕੇ ਮੈਂ ਮਨ ਵਿਚ ਵਿਚਾਰਿਆ ਕਿ ਇਸ ਨੇ ਹਾਲੇ ਤਕ ਆਪਣੀ ਡੂਮ ਬਾਨ ਨਹੀਂ ਵਿਸਾਰੀ ਹੈ। ਇਸ ਆਪਣੇਂ ਨੇਤਰਾਂ ਨਾਲ ਗੁਰੂ ਜੀ ਦੀ ਅਸਚਰਜ ਮਹਿਮਾ ਵੇਖੀ ਹੈ, ਫਿਰ ਵੀ ਉਨ੍ਹਾਂ ਦੇ ਅਨੁਸਾਰ ਨਹੀਂ ਰਹਿੰਦਾ ਹੈ॥ ੫॥

ਸ੍ਰੀ ਗੁਰ ਭਨੈਂ 'ਚਲਹੁ ਮਰਦਾਨਾ !। ਦੇਖਹੁ, ਸੈਲ ਕਰੋ ਬਿਧਿ ਨਾਨਾ'।
ਤਿਹ ਪੁਰਿ ਤੇ ਹੁਇ ਬਿਦਾ ਪਯਾਨੇ। ਭਗਤਿ ਜਗਤ ਮਹਿੰ ਜਿਨ ਪ੍ਰਗਟਾਨੇ॥੬॥

ਸ੍ਰੀ ਗੁਰੂ ਜੀ ਕਹਿਣ ਲੱਗੇ, "ਹੇ ਮਰਦਾਨਾ ! ਚਲੋ ਅਤੇ ਕਈ ਪ੍ਰਕਾਰ ਦੀ ਸੈਰ ਕਰੋ ਅਤੇ ਦੁਨੀਆਂ ਵੇਖੋ। ਉਸ ਨਗਰ ਤੋਂ ਵਿਦਾ ਲੈ ਕੇ ਗੁਰੂ ਜੀ, ਜਿਨ੍ਹਾਂ ਜਗਤ ਵਿਚ ਭਗਤੀ ਨੂੰ ਪ੍ਰਗਟ ਕੀਤਾ ਸੀ, ਚਲ ਪਏ॥ ੬॥

ਗਮਨੇ ਮਾਰਗ ਮਹਿੰ ਗਤਿਦਾਈ। ਕਿਤਕ ਕੋਸ ਪਰ ਪਹੁਚੇ ਜਾਈ।
ਆਗੇ ਸਾਗਰ ਕੋ ਤਟ ਦੇਖਾ। ਲਗ੍ਯੋ ਜਾਂਹਿ ਸੋਂ ਮੱਛ ਬਿਸ਼ੇਖਾ॥ ੭॥

ਮੁਕਤੀਦਾਤੇ ਇਕ ਰਸਤੇ ਪੈ ਗਏ ਅਤੇ ਚਲਦੇ ਚਲਦੇ ਕਈਆਂ ਕੋਹਾਂ ਤੇ ਜਾ ਪਹੁੰਚੇ। ਅੱਗੇ ਜਾ ਕੇ ਸਾਗਰ ਦਾ ਕੰਢਾ ਵੇਖਿਆ, ਜਿਸ ਦੇ ਨਾਲ ਇਕ ਵੱਡਾ ਮੱਛ ਲੱਗਿਆ ਹੋਇਆ ਸੀ॥ ੭॥

ਚੌਪਈ- ਪੈਂਤੀ ਕੋਸ ਹੁਤੋ ਬਿਸਤਾਰਾ। ਪੀਠ ਤਾਂਹਿ ਕੀ ਚੜ੍ਹੇ ਉਦਾਰਾ।
ਚਢਿ ਕਰਿ ਬੋਲੇ ਦੀਨ ਦਯਾਲਾ। 'ਸੁਨਹੁ ਬੈਨ ਮਰਦਾਨਾ ! ਬਾਲਾ ! ॥੮॥

ਉਹ ਮੱਛ ਪੈਂਤੀ ਕੋਹ ਤਕ ਫੈਲਿਆ ਹੋਇਆ ਸੀ। ਉਦਾਰ-ਚਿੱਤ ਗੁਰੂ ਜੀ ਉਸ ਮੱਛ ਦੀ ਪਿੱਠ ਉਤੇ ਸਵਾਰ ਹੋ ਗਏ। ਮੱਛ ਉਤੇ ਚੜ੍ਹ ਕੇ ਦੀਨ ਦਿਆਲ ਗੁਰੂ ਜੀ ਬੋਲੇ, "ਹੇ ਮਰਦਾਨਾ ! ਬਾਲਾ ! ਮੇਰੀ ਗੱਲ ਸੁਣੋ॥੮॥

ਅਬ ਕਾ ਪਰ ਹਮ ਗਮਨੇ ਜਾਂਹੀ ?। ਭੇਦ ਲਖ੍ਯੋ ਕੈਧੌ ਤੁਮ ਨਾਂਹੀ'।
ਮੈਂ ਤਬ ਕਹ੍ਯੋ 'ਨ ਹਮ ਕਛੁ ਜਾਪੇ। ਤੁਮਰੀ ਗਤਿ ਤੁਮ ਜਾਨਹੁ ਆਪੇ॥੯॥

ਇਸ ਦੇ ਉਤੇ ਹੁਣ ਅਸੀ ਤੁਰੇ ਜਾਂਦੇ ਹਾਂ। ਤੁਸੀ ਇਸ ਦਾ ਭੇਤ ਨਹੀਂ ਜਾਣਿਆ ਹੈ। ਤਦ ਮੈਂ ਕਿਹਾ, "ਸਾਨੂੰ ਤਾਂ ਕੁਝ ਪਤਾ ਨਹੀ ਲੱਗਦਾ। ਤੁਹਾਡੀ ਗਤ ਤੁਸੀ ਆਪ ਹੀ ਜਾਣਦੇ ਹੋ॥ ੯॥

ਹਮਰੀ ਅਲਪ ਬੁੱਧਿ ਕ੍ਯਾ ਜਾਨੇ। ਤੁਮ ਪਰਮੇਸੁਰ ਪੁਰਖ ਮਹਾਨੇ।
ਸੋ ਹਮ ਲਖਹਿਂ ਜੁ ਆਪ ਲਖਾਵਹੁ। ਦੇਖਹਿਂ ਸੋ ਜੋ ਆਪ ਦਿਖਾਵਹੁ ॥੧੦॥

ਸਾਡੀ ਛੋਟੀ ਬੁੱਧੀ ਕੀ ਜਾਣਦੀ ਹੈ। ਤੁਸੀਂ ਤਾਂ ਮਹਾਨ ਪਰਮ ਪੁਰਖ ਪਰਮੇਸ਼ਰ ਹੋ। ਅਸੀਂ ਤਾਂ ਉਹੀ ਗੱਲ ਜਾਣਦੇ ਹਾਂ ਜਿਹੜੀ ਗੱਲ ਤੁਸੀ ਆਪ ਦੱਸਦੇ ਹੋ ਅਤੇ ਉਹੀ ਕੁਝ ਵੇਖਦੇ ਹਾਂ, ਜੋ ਕੁਝ ਤੁਸੀਂ ਵਿਖਾਉਂਦੇ ਹੋ'॥ ੧੦॥

ਗੁਰੂ ਭਨੈਂ 'ਇਹ ਮੱਛ ਮਹਾਨਾਂ। ਕਿਤੇ ਕਾਲ ਕੇ ਕਰਤਿ ਪਯਾਨਾ।
ਆਗੈ ਕਿਤੀ ਦੂਰ ਲੌ ਲਖਿਯੇ। ਚਲਹੁ ਭਲੀ ਬਿਧਿ ਸੋਂ ਇਹ ਪਿਖਿਯੇ ॥੧੧॥

ਗੁਰੂ ਜੀ ਨੇ ਕਿਹਾ, "ਇਹ ਮਹਾਨ ਮੱਛ ਹੈ। ਕਾਫੀ ਲੰਮੇ ਸਮੇਂ ਤੋਂ ਚਲਦਾ ਰਿਹਾ ਹੈ। ਅੱਗੇ ਬਹੁਤ ਦੂਰ ਤਕ ਇਸ ਨੂੰ ਵੇਖੋ, ਭਲੀ ਵਿਧੀ ਅਨੁਸਾਰ ਚਲੋ ਅਤੇ ਇਸ ਨੂੰ ਵੇਖੀਏ"॥ ੧੧॥

ਜਾਇ ਸੀਸ ਪਰ ਕੀਨੋ ਡੇਰਾ। ਤਬ ਮਰਦਾਨੇ ਮੁਖ ਤਿਹ ਹੇਰਾ।
ਪਸਰ੍ਯੋ ਦੀਸਤਿ ਵਡੋ ਅਕਾਰਾ। ਦੀਰਘ ਲੋਚਨ ਕੇ ਬਿਸਤਾਰਾ॥੧੨॥

ਅਸੀਂ ਜਾ ਕੇ ਮੱਛ ਦੇ ਸਿਰ ਉੱਤੇ ਡੇਰਾ ਲਾ ਲਿਆ। ਤਦ ਮਰਦਾਨੇ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ। ਵੱਡੇ ਆਕਾਰ ਦਾ ਫੈਲਿਆ ਦਿੱਸ ਰਿਹਾ ਸੀ। ਬੜਾ ਲੰਮਾ, ਚੌੜਾ ਅਤੇ ਵਿਸਤ੍ਰਿਤ ਦਿਖਾਈ ਦੇ ਰਿਹਾ ਸੀ॥ ੧੨॥

ਦੋਹਰਾ- ਭੈ ਕਰਿ ਉਰ ਬਿਸਮਾਦਿਓ ਅਸ ਬਿਧਿ ਬਚਨ ਅਲਾਇ।
'ਸ੍ਰੀ ਗੁਰੁ ਤੁਮਰੀ ਕੁਦਰਤਾਂ ਤੁਮ ਹੀ ਕੋ ਬਨਿ ਆਇ'॥ ੧੩॥

ਭੈ ਕਰਕੇ ਹਿਰਦੇ ਵਿਚ ਬੜਾ ਹੈਰਾਨ ਹੋਇਆ ਅਤੇ ਉਸ ਨੇ ਇਸ ਤਰ੍ਹਾਂ ਕਿਹਾ, "ਹੇ ਗੁਰੂ ਜੀ! ਤੁਹਾਡੀ ਕੁਦਰਤ ਤੁਹਾਨੂੰ ਹੀ ਬਣ ਆਉਂਦੀ ਹੈ"॥ ੧੩॥

ਚੌਪਈ- **ਜਾਮਨਿ ਬਸੇ ਭਈ ਪੁਨਿ ਭੋਰਾ। ਮੱਛ ਦੇਹ ਛੁਟਿ ਪਲਟੀ ਔਰਾ।**
**ਉਸਤਤਿ ਕਹਤਿ ਕਰੀ ਪਦ ਬੰਦਨ। ਚਿਦਾਨੰਦ ਤਨ ਦੁੰਦ ਨਿਕੰਦਨ॥੧੪॥**

ਰਾਤ ਬੀਤ ਗਈ ਤੇ ਸਵੇਰ ਹੋ ਗਈ, ਮੱਛ ਨੇ ਆਪਣੀ ਦੇਹ ਹੋਰ ਬਦਲ ਲਈ। ਗੁਰੂ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਉਸ ਨੇ ਉਸਤਤਿ ਕੀਤੀ। "ਹੇ ਚੇਤਨ ਤੇ ਅਨੰਦ ਸਰੂਪ, ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ॥ ੧੪॥

**ਸ੍ਰੀ ਪਰਮਾਤਮ ਦੇਵਨ ਦੇਵੰ!। ਲਖਿ ਨ ਸਕਹਿ ਕੋ ਰਾਵਰਿ ਭੇਵੰ।**
**ਤਿਹ ਬਿਲੋਕਿ ਬੇਦੀ ਕੁਲਕੇਤਾ। ਬੋਲੇ ਬਚਨ ਬੂਝਨੇ ਹੇਤਾ॥ ੧੫॥**

ਸ੍ਰੀ ਪਰਮਾਤਮਾ ਅਤੇ ਦੇਵਤਿਆਂ ਦੇ ਦੇਵ! ਤੁਹਾਡਾ ਭੇਦ ਕੋਈ ਜਾਣ ਨਹੀ ਸਕਦਾ।" ਬੇਦੀ ਕੁਲ ਦੇ ਧੁਜ ਭਾਵ ਗੁਰੂ ਜੀ ਨੇ ਉਸ ਨੂੰ ਵੇਖ ਕੇ ਪੁੱਛਣ ਹਿਤ ਇੰਝ ਬਚਨ ਕਹੇ॥ ੧੫॥

**'ਕੌਨ ਅਹੈਂ ਤੂੰ ਕਹਹੁ ਬੁਝਾਈ?। ਕੈਸੇ ਮੱਛ ਦੇਹਿ ਵਡ ਪਾਈ।**
**ਤਿਹ ਤਜਿ ਧਾਰਯੋ ਦੇਹਿ ਨਵੀਨਾ। ਪਟ ਭੂਖਨ ਸੁਠ ਪਹਿਰ ਪ੍ਰਬੀਨਾ॥੧੬॥**

"ਤੂੰ ਕੌਣ ਹੈਂ, ਸਾਨੂੰ ਦੱਸ? ਕਿਸ ਤਰ੍ਹਾਂ ਤੂੰ ਇਹ ਮਹਾਨ ਮੱਛ ਦੇਹ ਪਾਈ ਹੈ? ਪਹਿਲੀ ਦੇਹ ਛੱਡ ਕੇ ਤੂੰ ਨਵੀਂ ਦੇਹ ਬਦਲ ਲਈ ਹੈ, ਕਪੜੇ ਅਤੇ ਗਹਿਣੇ ਬੜੇ ਉਤਮ ਅਤੇ ਸ੍ਰੇਸ਼ਟ ਪਹਿਨ ਲਏ ਹਨ"॥ ੧੬॥

**ਬੋਲਯੋ ਤਬੈ 'ਸੁਨਹੁ ਭਗਵੰਤਾ!। ਤੁਮ ਜਾਨਤਿ ਸਭਿ ਬਿਧਿ ਬਿਰਤੰਤਾ।**
**ਅਪਰ ਸੁਨਾਵਨ ਕੇ ਹਿਤ ਗਾਥਾ। ਮੋਰ ਸਾਥ ਬੂਝਹੁ, ਜਗਨਾਥਾ!॥੧੭॥**

ਤਦ ਉਹ ਬੋਲਿਆ, "ਹੇ ਭਗਵੰਤ! ਸੁਣੋ, ਤੁਸੀਂ ਹਰ ਤਰ੍ਹਾਂ ਨਾਲ ਮੇਰਾ ਬਿਰਤਾਂਤ ਜਾਣਦੇ ਹੋ। ਇਹ ਗਾਥਾ ਹੋਰਨਾਂ ਨੂੰ ਸੁਣਾਉਣ ਦੇ ਹਿਤ ਹੇ ਜਗਤ ਦੇ ਨਾਥ! ਮੈਥੋਂ ਤੁਸੀਂ ਪੁਛਿਆ ਹੈ॥ ੧੭॥

**ਤ੍ਰੇਤੇ ਜੁਗ ਭਾ ਜਨਕ ਬਿਦੇਹੀ। ਤਿਹ ਸੇਵਕ ਹੌਂ ਸੇਵ ਕਰੇਹੀ।**
**ਇਕ ਦਿਨ ਕਾਜ ਕਰਨ ਕੁਛ ਭਾਖਾ। ਕੀਨ ਤਬਹਿ ਮੈਂ ਰਿਸ ਉਰ ਰਾਖਾ॥੧੮॥**

ਤ੍ਰੇਤੇ ਜੁਗ ਵਿਚ ਇਕ ਜਨਕ ਨਾਮ ਦਾ ਰਾਜਾ ਬਿਦੇਹੀ ਦੇਸ਼ ਵਿਚ ਰਹਿੰਦਾ ਸੀ। ਮੈਂ ਉਸ ਦਾ ਸੇਵਕ ਹੋ ਕੇ ਉਸ ਦੀ ਸੇਵਾ ਕਰਦਾ ਸੀ। ਇਕ ਦਿਨ ਉਸ ਮੈਨੂੰ ਕੋਈ ਕੰਮ ਕਰਨ ਨੂੰ ਆਖਿਆ। ਮੈਂ ਉਸੇ ਵੇਲੇ ਉਹ ਕੰਮ ਕਰ ਦਿੱਤਾ, ਪਰ ਹਿਰਦੇ ਵਿਚ ਰੋਸ ਰਖਿਆ॥ ੧੮॥

**ਜਨਕ ਜਾਨਿ ਮਨ, ਬਚਨ ਬਖਾਨਾ। ਤਰਫ ਮੀਨ ਜਿਉਂ ਕਾਜ ਕਰਾਨਾ।**
**ਤਿਨ ਕੇ ਬਚਨ ਮੀਨ੍ਹ ਤਨ ਪਾਯੋ। ਤੁਮਰੇ ਚਰਨ ਪਰਸ ਛੁਟਕਾਯੋ॥੧੯॥**

ਰਾਜਾ ਜਨਕ ਮੇਰੇ ਰੋਸ ਨੂੰ ਜਾਣ ਗਿਆ ਅਤੇ ਉਸ ਇਹ ਬਚਨ ਕਹੇ, "ਮੱਛੀ ਵਾਂਗੂੰ ਤੜਫ ਕੇ ਜਿਵੇਂ ਤੂੰ ਕੰਮ ਕੀਤਾ ਹੈ। ਉਨ੍ਹਾਂ ਦੇ ਬਚਨਾਂ ਸਦਕਾ ਮੈਂ ਮੱਛੀ ਦਾ ਸਰੀਰ ਪਾਇਆ ਹੈ, ਤੁਹਾਡੇ ਚਰਨਾਂ ਦੇ ਪਰਸਨ ਨਾਲ ਮੇਰਾ ਛੁਟਕਾਰਾ ਹੋ ਗਿਆ ਹੈ"॥ ੧੯॥

**ਅਸ ਕਹਿ ਦੇਵ ਸਦਨ ਕੋ ਗਯੋ। ਜਨਕ ਸ੍ਰਾਪ ਤੇ ਛੂਟਤਿ ਭਯੋ।**
**ਬਹੁਰੋ ਆਗੇ ਕੀਨ ਪਯਾਨਾ। ਚਲਤੇ ਮਗ ਬੋਲਯੋ ਮਰਦਾਨਾ॥ ੨੦॥**

ਇਹ ਕਹਿ ਕੇ ਉਹ ਸਵਰਗ ਨੂੰ ਚਲਾ ਗਿਆ ਅਤੇ ਜਨਕ ਦੇ ਸ੍ਰਾਪ ਤੋਂ ਉਸ ਦਾ ਛੁਟਕਾਰਾ ਹੋ ਗਿਆ। ਫਿਰ ਅੱਗੇ ਚਲ ਪਏ। ਰਾਹ ਵਿਚ ਚਲਦਿਆਂ ਮਰਦਾਨਾ ਬੋਲਿਆ॥ ੨੦॥

'ਸ੍ਰੀ ਪ੍ਰਭੁ! ਬਖਸ਼ਹੁ ਖ਼ਤਾ ਹਮਾਰੀ। ਮੈਂ ਨਹਿਂ ਮਹਿਮਾ ਲਖੀ ਤੁਮਾਰੀ।
ਸਨਮੁਖ ਬਚਨ ਕਹਿਤ ਨਿਤ ਰਹਿਤਾ। ਆਦਰ ਰਾਖਨ ਬਿਧਿ ਨਹਿਂ ਲਹਿਤਾ ॥੨੧॥

'ਹੇ ਪ੍ਰਭੂ! ਸਾਡੀ ਗਲਤੀ ਬਖਸ਼ ਦੇਵੋ, ਮੈਂ ਤੁਹਾਡੀ ਮਹਿਮਾ ਜਾਣ ਨਹੀ ਸਕਿਆ। ਤੁਹਾਡੇ ਸਾਹਮਣੇ ਨਿਤ ਬਚਨ ਕਰਦਾ ਰਹਿੰਦਾ ਹਾਂ, ਆਦਰ ਕਰਨ ਦੀ ਵਿਧੀ ਨਹੀਂ ਅਪਨਾਉਂਦਾ'' ॥ ੨੧॥

ਬਿਗਸ ਬਦਨ ਤੇ ਬਚਨ ਉਚਾਰੇ। 'ਪੂਰਬ ਬਖਸ਼ੇ ਗੁਨਹਿਂ ਤੁਮਾਰੇ।
ਪਾਛੇ ਤੇ ਅਪਨੇ ਸੰਗ ਲੀਨੋ। ਕਿਉਂ ਸੰਸਾ ਤੁਮ ਉਰ ਮਹਿਂ ਕੀਨੋ?' ॥੨੨॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਕੇ ਬੋਲੇ, ''ਪਹਿਲਾਂ ਤੇਰੇ ਗੁਨਾਹ ਬਖਸ਼ੇ ਸਨ ਅਤੇ ਬਾਅਦ ਵਿਚ ਹੀ ਆਪਣੇ ਨਾਲ ਲਿਆ ਸੀ। ਤੂੰ ਦਿਲ ਵਿਚ ਸੰਸਾ ਕਿਉਂ ਕਰਦਾ ਹੈਂ?'' ॥ ੨੨॥

ਦੋਹਰਾ- ਬਿਗਸਜੋ ਮਰਦਾਨਾ ਤਬਹਿ ਚਲੇ ਸਿੰਧੁ ਪਰ ਜਾਇ।
'ਤਵ ਖ਼ੁਦਾਇ ਮਹਿ ਭੇਦ ਨਹਿਂ' ਇਸ ਬਿਧਿ ਬਚਨ ਅਲਾਇ ॥੨੩॥

ਮਰਦਾਨਾ ਬੜਾ ਖੁਸ਼ ਹੋਇਆ ਅਤੇ ਕਿਹਾ, ''ਤੁਹਾਡੇ ਤੇ ਖ਼ੁਦਾ ਵਿਚ ਕੋਈ ਭੇਦ ਨਹੀਂ ਹੈ।'' ਇਸ ਵਿਧੀ ਅਨੁਸਾਰ ਉਸ ਬਚਨ ਕਹੇ, ਉਸ ਸਮੇਂ ਸਮੁੰਦਰ ਤੇ ਚਲੇ ਜਾ ਰਹੇ ਸਨ॥ ੨੩॥

ਚੌਪਈ- ਸ੍ਰੀ ਗੁਰ ਕਹੈਂ 'ਨ ਬਚਨ ਅਲਾਵਹੁ। ਤੂਸ਼ਨਿ ਮਮ ਪਸ਼ਚਾਤਹਿ ਆਵਹੁ'।
'ਹੇ ਪ੍ਰਭੁ! ਡਰ ਕਾਂਕੋ ਅਬ ਮੋਹੀ। ਤੁਮਰੇ ਸੰਗਿ ਸਦਾ ਜੋ ਹੋਹੀ' ॥੨੪॥

ਸ੍ਰੀ ਗੁਰੂ ਜੀ ਨੇ ਕਿਹਾ, ''ਅਜਿਹੇ ਬਚਨ ਨਾ ਕਰੋ, ਚੁਪ ਰਹੋ ਤਾਕਿ ਫਿਰ ਪਛਤਾਉਣਾ ਨਾ ਪਵੇ। ਮਰਦਾਨੇ ਕਿਹਾ, ''ਹੇ ਪ੍ਰਭੂ ਹੁਣ ਮੈਨੂੰ ਭਲਾ ਕਾਹਦਾ ਡਰ ਹੈ, ਤੁਹਾਡੇ ਸੰਗ ਜੇ ਸਦਾ ਰਹਾਂਗਾ'' ॥ ੨੪॥

ਬਹੁਰੋ ਭਨਤਿ ਭਏ ਗਤਿਦਾਇ। 'ਅੱਗ੍ਰਜ ਅਵਤਿ ਵਡੀ ਬਲਾਇ।
ਰੂਪ ਭਯਾਨਕ ਦੇਹਿ ਬਿਸ਼ੇਖੀ। ਡਰ ਪਾਵਹਿਂ ਜਿਨ ਅੰਗਨ ਦੇਖੀ ॥੨੫॥

ਬਾਅਦ ਗਤੀ ਦਾਤਾ ਭਾਵ ਗੁਰੂ ਜੀ ਨੇ ਕਿਹਾ, ''ਅੱਗੇ ਵੱਡੀਆਂ ਬਲਾਵਾਂ ਆ ਰਹੀਆਂ ਹਨ, ਉਨ੍ਹਾਂ ਦਾ ਭਿਆਨਕ ਰੂਪ ਹੈ ਅਤੇ ਸਰੀਰ ਬਹੁਤ ਵੱਡੇ ਹਨ, ਉਨ੍ਹਾਂ ਦੇ ਅੰਗਾਂ ਨੂੰ ਵੇਖ ਕੇ ਡਰ ਲੱਗਦਾ ਹੈ॥ ੨੫॥

ਬੋਲਜੋ ਭੈ ਧਰਿਕੈ ਮਰਦਾਨਾ। 'ਕਿਉਂ ਅਬ ਅੱਗ੍ਰਜ ਕਰਹੁ ਪਯਾਨਾ।
ਤੂਰਨ ਹਟਿ ਕਰਿ ਚਲਹੁ ਪਿਛਾਰੀ। ਰਾਖਹੁ ਇਸਤੇ ਦੇਹਿ ਹਮਾਰੀ' ॥੨੬॥

ਮਰਦਾਨਾ ਭੈ ਧਾਰ ਕੇ ਬੋਲਿਆ, ''ਫਿਰ ਹੁਣ ਅੱਗੇ ਨੂੰ ਕਿਉਂ ਜਾ ਰਹੇ ਹੋ? ਤੁਰੰਤ ਮੁੜ ਕੇ ਪਿਛਾਂਹ ਨੂੰ ਚਲੋ। ਇਨ੍ਹਾਂ ਬਲਾਵਾਂ ਪਾਸੋਂ ਸਾਡੇ ਸਰੀਰਾਂ ਨੂੰ ਬਚਾ ਲਵੋ'' ॥ ੨੬॥

ਪਿਖਿ ਭੈ ਆਤੁਰ ਕ੍ਰਿਪਾ ਨਿਧਾਨਾ। ਮੁਸਕਾਵਤਿ ਮੁਖ ਬਚਨ ਬਖਾਨਾ।
'ਭਾਗੇ ਤੇ ਅਬ ਜਾਇ ਨ ਦੇਈ। ਧਾਇ ਸਮੀਪ ਪਹੁੰਚ ਗਹਿ ਲੇਈ ॥੨੭॥

ਜਦ ਕਿਰਪਾ ਨਿਧਾਨ ਨੇ ਮਰਦਾਨੇ ਦੀ ਆਤੁਰਤਾ ਵੇਖੀ ਤਾਂ ਮੁਸਕਰਾ ਕੇ ਇਹ ਬਚਨ ਕਹੇ, ''ਹੁਣ ਜੇ ਪਿਛਾਂਹ ਨੂੰ ਭੱਜੇ ਤਾਂ ਇਹ ਜਾਣ ਨਹੀਂ ਦੇਣਗੀਆਂ, ਨੇੜੇ ਪਹੁੰਚ ਕੇ ਉਹ ਸਾਨੂੰ ਫੜ ਲੈਣਗੀਆਂ॥ ੨੭॥

ਦੋਹਰਾ- ਯਾਂਤੇ ਆਗੇ ਹੀ ਚਲਹੁ ਭਲੀ ਕਰੈ ਕਰਤਾਰ'।
ਕਲੂ ਸਨਮੁਖ ਆਵਤਿ ਭਈ ਜਾਂਹਿ ਬੇਖ ਬਿਕਰਾਰ॥ ੨੮॥

ਇਸ ਕਰਕੇ ਅੱਗੇ ਹੀ ਚਲੋ, ਕਰਤਾਰ ਭਲੀ ਕਰੇਗਾ। ਕਲਹ ਸਾਡੇ ਸਾਹਮਣੇ ਆ ਰਹੀ ਹੈ, ਜਿਸ ਦਾ ਬੜਾ ਭਿਆਨਕ ਬਿਕਰਾਲ ਭੇਸ ਹੈ॥ ੨੮॥

ਚੌਪਈ- ਮੇਚਕ ਬਰਨ ਅਰੁਨ ਚਖ ਜਾਂਕੇ। ਦੀਰਘ ਦਾਂਤ ਭਯਾਨਕ ਤਾਂਕੇ।
ਆਂਤ ਨਰਨ ਜਿਹ ਗ੍ਰੀਵਾ ਡਾਰੀ। ਕਰ ਮਹਿਂ ਰੁਕਤ ਕਪਾਲੀ ਧਾਰੀ॥੨੯॥

ਉਸ ਦਾ ਕਾਲਾ ਰੰਗ ਹੈ ਅਤੇ ਲਾਲ ਅੱਖਾਂ ਹਨ। ਦੰਦ ਉਸ ਦੇ ਬਹੁਤ ਵੱਡੇ ਅਤੇ ਭਿਆਨਕ ਹਨ। ਗਲ ਵਿਚ ਮਨੁੱਖਾਂ ਦੀਆਂ ਆਂਦਰਾਂ ਪਾਈਆਂ ਹੋਈਆਂ ਹਨ। ਹੱਥਾਂ ਵਿਚ ਲਹੂ ਦੇ ਠੂਠੇ ਫੜੇ ਹੋਏ ਹਨ॥ ੨੯॥

ਲੋਹਿਤ ਬਾਲ ਛੁਟੇ ਜਿਸ ਪੀਠਾ। ਕੰਪਾਵਤਿ ਸੁਰ ਅਸੁਰਹਿਂ ਡੀਠਾ।
ਬਦਨ ਪਸਾਰੇ ਸਨਮੁਖ ਆਈ। ਜਬਹਿ ਬਿਲੋਕੀ ਸ੍ਰੀ ਜਗ ਸਾਈਂ॥੩੦॥

ਤਾਂਬੇ ਰੰਗੇ ਲਾਲ ਵਾਲ ਉਨ੍ਹਾਂ ਆਪਣੇਂ ਪਿੱਛੇ ਸੁੱਟੇ ਹੋਏ ਹਨ। ਸੁਰ ਅਸੁਰ ਉਨ੍ਹਾਂ ਨੂੰ ਵੇਖ ਕੇ ਕੰਬ ਜਾਂਦੇ ਹਨ। ਸਰੀਰ ਵਧਾ ਕੇ ਸਾਹਮਣੇ ਆ ਗਈ, ਜਦ ਜਗਤ ਦੇ ਮਾਲਕ ਨੇ ਉਸ ਨੂੰ ਵੇਖਿਆ॥ ੩੦॥

ਇਕ ਡੰਡਾ ਪੁਨ ਜਲ ਮਹਿਂ ਦੇਖਾ। ਗਹਿ ਲੀਨੋ ਨਿਜ ਹਾਥ ਵਿਸ਼ੇਖਾ।
ਤੁਰਨ ਦੌਰੀ ਜਬ ਢਿਗ ਆਈ। ਸੋ ਡੰਡਾ ਮੁਖ ਦੀਨ ਚਲਾਈ॥ ੩੧॥

ਇਕ ਡੰਡਾ ਫਿਰ ਉਨ੍ਹਾਂ ਜਲ ਵਿਚ ਵੇਖਿਆ। ਉਸ ਡੰਡੇ ਨੂੰ ਉਨ੍ਹਾਂ ਆਪਣੇਂ ਹੱਥ ਵਿਚ ਫੜ ਲਿਆ। ਡੰਡੇ ਨੂੰ ਵੇਖ ਕੇ ਕਲਾ ਤੁਰੰਤ ਦੌੜ ਗਈ। ਜਦ ਫਿਰ ਨੇੜੇ ਆਈ ਤਾਂ ਗੁਰੂ ਜੀ ਨੇ ਉਹ ਡੰਡਾ ਉਸ ਦੇ ਮੂੰਹ ਉਤੇ ਚਲਾ ਦਿੱਤਾ॥ ੩੧॥

ਬਲ ਕਰਿ ਗਹਿਨ ਲਗੀ ਨਿਜ ਹਾਥਾ। ਕਛੁ ਨ ਚਲਜੋ ਬਸੁ ਤਿਹ ਕੇ ਸਾਥਾ।
ਜਬ ਗਾ ਅੰਤਰਿ ਦੁਖਿਤ ਪੁਕਾਰੀ। ਪੀੜਤਿ ਹ੍ਵੈ ਲੋਚਨ ਅੰਸੁ ਡਾਰੀ॥੩੨॥

ਫਿਰ ਜ਼ੋਰ ਲਾ ਕੇ ਆਪਣੇਂ ਹੱਥਾਂ ਨਾਲ ਫੜਨ ਲੱਗੀ। ਉਸ ਨਾਲ ਕਲਹ ਦਾ ਕੋਈ ਵੀ ਵੱਸ ਨਾ ਚਲਿਆ। ਉਹ ਜਦ ਕੁਝ ਨਾ ਵਿਗਾੜ ਸਕੀ ਤਾਂ ਅੰਤਰ ਹਿਰਦੇ ਵਿਚ ਦੁਖੀ ਹੋ ਕੇ ਪੁਕਾਰ ਉੱਠੀ। ਅੱਖਾਂ ਵਿਚ ਕਿਰਣਾਂ ਸੁੱਟਣ ਨਾਲ ਬਹੁਤ ਪੀੜਤ ਹੋ ਰਹੀ ਹੈ॥ ੩੨॥

ਦੋਹਰਾ- ਪੁਨ ਨਾਰਦ ਮੁਨਿ ਬੇਨ ਕਰ ਪ੍ਰੇਮ ਭਗਤਿ ਮੈਂ ਲੀਨ।
ਗਾਵਤਿ ਗੁਨ ਕਰਤਾਰ ਕੇ ਆਨ ਦਰਸ ਗੁਰੁ ਕੀਨ॥ ੩੩॥

ਫਿਰ ਨਾਰਦ ਮੁਨੀ ਨੇ ਬੀਨ ਹੱਥ ਵਿਚ ਲੈ ਕੇ ਅਤੇ ਪ੍ਰੇਮ ਭਗਤੀ ਵਿਚ ਲੀਨ ਹੋ ਕੇ ਕਰਤਾਰ ਦੇ ਗੁਣ ਗਾਉਂਦੇ ਹੋਏ ਗੁਰੂ ਜੀ ਦੇ ਆ ਕੇ ਦਰਸ਼ਨ ਕੀਤੇ॥ ੩੩॥

ਚੌਪਈ- ਦੁਹਿਦਿਸ਼ ਬੰਦਹਿਂ ਸੀਸ ਨਿਵਾਈ। ਕਹਿ ਕਰਿ ਕਲ੍ਹ ਕੋ ਦੀਨ ਛੁਟਾਈ।
ਬਹੁਰਿ ਬਿਲੋਕਨ ਲਗਜੋ ਸਰੂਪਾ। ਬਨੀ ਸੁ ਛਬਿ ਜਨੁ ਸੁਧਾ ਅਨੂਪਾ॥੩੪॥

ਦੋਵੇਂ ਹੱਥ ਜੋੜ ਕੇ ਸਿਰ ਨਿਵਾਇਆ। ਫਿਰ ਬੇਨਤੀ ਕਰਕੇ ਕਲਹ ਰੂਪ ਬਲਾ ਨੂੰ ਛੁੜਵਾ ਲਿਆ। ਫਿਰ ਗੁਰੂ ਜੀ ਦਾ ਸਰੂਪ ਵੇਖਣ ਲੱਗਾ। ਉਨ੍ਹਾਂ ਦੀ ਛਵੀ ਅਨੁਪਮ ਅੰਮ੍ਰਿਤ ਵਾਂਗ ਬਣੀ ਸੀ॥ ੩੪॥

ਪਿਯਤ ਨ ਤ੍ਰਿਪਤੇ ਲੋਚਨ ਡੋਨੇ। ਬਰਨਨ ਲਗਾ ਸੁਜਸ ਬਚ ਲੋਨੇ।
ਆਦਿ ਦੁਆਦਸ਼ ਵਾਕ ਬਖਾਨੇ। ਬ੍ਰਹਮਾ ਪ੍ਰਤੀ, ਸਰੂਪ ਪਛਾਨੇ॥ ੩੫॥

ਪੀਣ ਨਾਲ ਅੱਖਾਂ ਦੇ ਡੂਨੇ ਤ੍ਰਿਪਤ ਨਹੀਂ ਹੁੰਦੇ ਸਨ। ਸੁੰਦਰ ਵਾਕਾਂ ਰਾਹੀਂ ਗੁਰੂ ਜੀ ਦਾ ਜੱਸ ਵਰਨਣ ਕਰਨ ਲੱਗਾ। ਪਹਿਲਾਂ ਤੁਸੀਂ ਬਾਰਾਂ ਵਾਕ ਆਖੇ ਸਨ, ਤਾਂਕਿ ਬ੍ਰਹਮਾ ਆਪ ਦੇ ਰੂਪ ਨੂੰ ਪਛਾਣ ਲਵੇ॥ ੩੫॥

ਤਿਨ ਤੇ ਬਿਧਿ ਪੁਨਿ ਬੇਦ ਉਚਾਰੇ। ਸਤਜੁਗ ਧਰਮ ਕੀਨ ਪ੍ਰਤਿਪਾਰੇ।
ਨਾਮਹਿ ਸੰਗ ਯੋਗ ਉਪਦੇਸ਼ਾ। ਸਿਮਰਹਿਂ ਨਰ ਜੇ ਕਟੇ ਕਲੇਸ਼ਾ ॥ ੩੬ ॥

ਆਪ ਨੂੰ ਪਛਾਣ ਕੇ ਉਨ੍ਹਾਂ ਬਾਰਾਂ ਵਾਕਾਂ ਤੋਂ ਬ੍ਰਹਮਾ ਨੇ ਫਿਰ ਵੇਦ ਉਚਾਰੇ। ਸਤਿਜੁਗ ਵਿਚ ਧਰਮ ਦੀ ਪਾਲਣਾ ਕੀਤੀ। ਨਾਮ ਸੰਗ ਯੋਗ ਦਾ ਉਪਦੇਸ਼ ਦਿੱਤਾ। ਜਿਹੜਾ ਨਰ ਵੀ ਸਿਮਰਨ ਕਰੇ, ਉਸ ਦੇ ਸਾਰੇ ਕਲੇਸ਼ ਕੱਟ ਦਿੱਤੇ॥ ੩੬॥

ਚੌਪਈ- ਬਹੁਰ ਨਰਨ ਕੀ ਅਲਪ ਮਨੀਖਾ। ਤਿਨਹਿਂ ਦੇਖਿ ਦੀਨੀ ਅਸ ਸੀਖਾ।
ਮਨੁ ਭੂਪਤਿ ਕੇ ਹ੍ਵੈ ਕਰਿ ਦ੍ਵਾਰਾ। ਸੁਭ ਸਿੰਮ੍ਰਿਤ ਕੋ ਕੀਨ ਉਚਾਰਾ ॥ ੩੭ ॥

ਫਿਰ ਮਨੁੱਖ ਦੀ ਅਲਪ ਬੁੱਧੀ ਵੇਖ ਕੇ ਓਨ੍ਹਾਂ ਇਸ ਪ੍ਰਕਾਰ ਸਿਖਿਆ ਦਿੱਤੀ। ਮਨੂਰਾਜਾ ਹੋ ਕੇ ਸਭ ਸਿੰਮ੍ਰਤੀਆਂ ਦਾ ਉਚਾਰਨ ਕੀਤਾ॥ ੩੭॥

ਸਿਮਰਨਿ ਨਾਮ ਯੱਗਜ ਕੋ ਕਰਨਾ। ਤ੍ਰੇਤੇ ਯੁਗ ਮਹਿਂ ਨੀਕੇ ਧਰਮਾ।
ਤਾਂਹੀ ਕਰਿ ਬਹੁ ਕੀ ਗਤਿ ਕੀਨੀ। ਧਰਮ ਰੀਤਿ ਪ੍ਰਤਿਪਾਰ ਪ੍ਰਬੀਨੀ ॥ ੩੮ ॥

ਯੱਗ ਨਾਮ ਸਿਮਰਨ ਦਾ ਕਰਨਾ ਹੈ। ਤ੍ਰੇਤੇ ਯੁਗ ਵਿਚ ਧਰਮ ਭਲਾ ਹੈ, ਉਸ ਵਿਚ ਬਹੁਤ ਦੀ ਗਤੀ ਕੀਤੀ। ਆਪ ਨੇ ਧਰਮ ਰੀਤੀ ਦੀ ਪਾਲਣਾ ਕੀਤੀ॥ ੩੮॥

ਪੁਨਿ ਤਾਂਤੇ ਮਤਿ ਮੰਦ ਪ੍ਰਮਾਨਾ। ਤਿਨਹਿਂ ਦੇਖ ਕਿਯੇ ਪੁਰਾਨਾ।
ਬ੍ਯਾਸ ਰੂਪ ਹ੍ਵੈ ਸੁਗਮ ਬਖਾਨੇ। ਨਾਮ ਭਜਨ, ਪੂਜਾ ਸੁ ਦ੍ਰਿੜਾਨੇ ॥ ੩੯ ॥

ਫਿਰ ਮਨੁੱਖ ਮੰਦੀ ਮੱਤ ਵਾਲੇਹੋ ਗਏ, ਉਨ੍ਹਾਂ ਨੂੰ ਵੇਖ ਕੇ ਪੁਰਾਣਾਂ ਦੀ ਰਚਨਾ ਕੀਤੀ। ਬਿਆਸ ਰੂਪ ਹੋ ਕੇ ਸੁਗਮ ਬਚਨ ਕਹੇ। ਨਾਮ, ਭਜਨ, ਪੂਜਾ ਦ੍ਰਿੜ ਕਰਾਏ॥ ੩੯॥

ਇਵ ਦ੍ਵਾਪੁਰਿ ਮਹਿਂ ਕੀਨ ਉਧਾਰਾ। ਜਗਤ ਧਰਮ ਨੀਕੇ ਪ੍ਰਤਿਪਾਰਾ।
ਅਬ ਕਲਿਕਾਲ ਮਨੀਖਾ ਹੀਨੇ। ਲੰਪਟ ਬਿਸ਼ੇ ਪ੍ਰਮਾਨ ਮਲੀਨੇ ॥ ੪੦ ॥

ਇਸ ਤਰ੍ਹਾਂ ਦਵਾਪਰ ਵਿਚ ਲੋਕਾ ਦਾ ਉਧਾਰ ਕੀਤਾ, ਜਗਤ ਵਿਚ ਭਲੇ ਧਰਮ ਦੀ ਪਾਲਣਾ ਕੀਤੀ। ਹੁਣ ਕਲਜੁਗ ਵਿਚ ਮਨੁੱਖ ਬੁੱਧੀ ਤੋਂ ਬਿਨਾਂ, ਵਿਸ਼ਿਆਂ ਵਿਚ ਲਿਪਟੇ ਹੋਏ ਮਲੀਨ ਹੋ ਗਏ ਹਨ॥ ੪੦॥

ਤਿਨ ਕੇ ਹਿਤ ਕਰਿਕੈ ਸੁਠ ਬਾਨੀ। ਏਕ ਨਾਮ ਉਪਦੇਸ਼ਹੁ ਪ੍ਰਾਨੀ।
ਸਿਮਰਹਿਂ ਸਦਾ ਮਿਲੇ ਸਤਿਸੰਗਾ। ਕਰਹੁ ਬਹੁਤ ਮਨੁਜਨ ਭ੍ਰਮ ਭੰਗਾ ॥ ੪੧ ॥

ਉਨ੍ਹਾਂ ਦਾ ਹਿਤ ਕਰਕੇ ਸੁੰਦਰ ਬਾਣੀ ਰਚੀ ਹੈ। ਪ੍ਰਭੂ ਇਕ ਨਾਮ ਦਾ ਪ੍ਰਾਣੀਆਂ ਨੂੰ ਉਪਦੇਸ਼ ਦਿੱਤਾ ਹੈ। ਸਦਾ ਸਤਿਸੰਗ ਵਿਚ ਮਿਲ ਕੇ ਸਿਮਰਨ ਕਰੋ ਅਤੇ ਬਹੁਤ ਮਨੁੱਖਾਂ ਦੇ ਭਰਮ ਨੂੰ ਦੂਰ ਕੀਤਾ ਹੈ॥ ੪੧॥

ਜਗ ਸਾਗਰ ਤੇ ਲੇਹੁ ਉਬਾਰੀ। ਮਾਨਹਿਂ ਨਰ ਜਿ ਰਜਾਇ ਤੁਮਾਰੀ।
ਜਬ ਜਬ ਦੇਖਹੁ ਧਰਮ ਗਿਲਾਨਾ। ਤਬ ਤਬ ਧਰਿ ਅਵਤਾਰ ਮਹਾਨਾ ॥ ੪੨ ॥

ਜਿਹੜੇ ਨਰ ਤੁਹਾਡੀ ਰਜ਼ਾ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਵ ਸਾਗਰ ਤੋਂ ਪਾਰ ਕਰਵਾ ਦਿੰਦੇ ਹੋ। ਜਦ ਜਦ ਧਰਮ ਦੀ ਹਾਨੀ ਹੁੰਦੀ ਵੇਖਦੇ ਹੋ, ਤਦ ਤਦ ਤੁਸੀਂ ਮਹਾਨ ਅਵਤਾਰ ਧਾਰਦੇ ਹੋ॥ ੪੨॥

ਆਪ ਕਰਹੁ ਤਾਕੀ ਪ੍ਰਤਿਪਾਰਾ। ਸਭਿ ਮਿਰਜਾਦ ਰਖਹੁ ਸੁਖ ਸਾਰਾ।
ਹ੍ਵੈ ਪ੍ਰਸੰਨ ਨਾਰਦ ਮੁਨਿ ਤਾਂਈ। ਬੋਲੇ ਮ੍ਰਿਦੁਲ ਗਿਰਾ ਸੁ ਗੁਸਾਈਂ ॥ ੪੩ ॥

ਤੁਸੀ ਆਪ ਉਨ੍ਹਾਂ ਦੀ ਪਾਲਣਾ ਕਰਦੇ ਹੋ। ਹੇ ਸੁਖਾਂ ਦੀ ਸਾਰ ! ਤੁਸੀ ਪੂਰਨ ਮਰਯਾਦਾ ਰੱਖਦੇ ਹੋ।'' ਨਾਰਦ ਮੁਨੀ ਦੀਆਂ ਗੱਲਾਂ ਸੁਣ ਕੇ, ਗੁਰੂ ਜੀ ਪ੍ਰਸੰਨ ਹੋ ਗਏ ਅਤੇ ਨਰਮ ਆਵਾਜ਼ ਵਿਚ ਗੁਸਾਈਂ ਭਾਵ ਗੁਰੂ ਜੀ ਬੋਲੇ॥ ੪੩ ॥

ਚੌਪਈ- 'ਸਭਿ ਮੁਨੀਨ ਈਸ਼ਰ ਰਿਖਿ ਦੇਵਾ। ਧੰਨ ਧੰਨ ਤੁਮ ਉਤਮ ਭੇਵਾ।
ਜੋ ਬੈਰਾਠ ਰੂਪ ਕਰਤਾਰਾ। ਤਿਹ ਕੋ ਮਨ ਹੈ ਦੇਹਿ ਤੁਮਾਰਾ॥ ੪੪ ॥

'ਹੇ ਰਿਖੀ ਦੇਵ ! ਸਾਰੇ ਰਿਖੀਆਂ ਦੇਵਤਿਆਂ ਮੁਨੀਆਂ ਦਾ ਤੂੰ ਈਸ਼ਵਰ ਹੈਂ, ਭਾਵ ਤੂੰ ਉਨ੍ਹਾਂ ਸਭ ਤੋਂ ਵੱਡਾ ਹੈਂ। ਧੰਨ ਧੰਨ ਹੋ ਤੁਸੀ, ਜਿਹੜੇ ਸਾਰੇ ਉਤਮ ਭੇਦ ਜਾਣਨ ਵਾਲੇ ਹੋ। ਕਰਤਾਰ ਦਾ ਜੋ ਵਿਰਾਟ ਰੂਪ ਹੈ, ਇਸ ਤਰ੍ਹਾਂ ਦਾ ਮਨ ਮਾਨੋਂ ਤੇਰਾ ਸਰੂਪ ਹੈ॥ ੪੪ ॥

ਭਗਤਿ ਸ਼ਿਰੋਮਣਿ ਪ੍ਰੇਮ ਪ੍ਰਬੀਨਾ। ਤੁਮ ਸਮਾਨ ਕੋ ਅਪਰ ਨ ਚੀਨਾ।
ਸ੍ਰੀ ਕਰਤਾਰ ਸੁਜਸੁ ਸਮ ਨੀਰਾ। ਤਿਹ ਕੋ ਮੀਨ ਕੀਨ ਮਨ ਧੀਰਾ!' ॥੪੫ ॥

ਸ੍ਰੇਸ਼ਟ ਪ੍ਰੇਮ ਵਾਲਾ ਤੂੰ ਭਗਤਾਂ ਦਾ ਸਰਦਾਰ ਹੈਂ, ਤੇਰੇ ਵਰਗਾ ਮੈਂ ਹੋਰ ਕਿਸੇ ਨੂੰ ਨਹੀ ਜਾਣਿਆ ਹੈ। ਹੇ ਧੀਰਜਵਾਨ ਜੀ! ਤੁਸੀ ਕਰਤਾਰ ਦੇ ਜੱਸ ਨੂੰ ਪਾਣੀ ਜਾਣ ਕੇ ਮਨ ਨੂੰ ਉਸ ਦੀ ਮੱਛੀ ਬਣਾਇਆ ਹੈ। (ਪੁਰਾਣਾਂ ਵਿਚ ਭਗਤੀ ਮਾਰਗ ਦਾ ਸਨਾਤਨ ਨਾਰਦ ਮੁਨੀ ਮੰਨਿਆ ਗਿਆ ਹੈ, ਹਰੀ ਕੀਰਤਨ ਇਸ ਦਾ ਕੰਮ ਹੈ, ਕਲਹ ਇਸ ਦੀ ਇਸਤਰੀ ਹੈ)॥ ੪੫॥

ਅਸ ਪ੍ਰਕਾਰ ਮਿਲਿ ਆਪਸ ਮਾਂਹੀ। ਦੁਹੂੰ ਦਿਸ਼ਨ ਥੋਰੋ ਹਿਤ ਨਾਂਹੀ।
ਪੁਨ ਨਾਰਦ ਮੁਨਿ-ਕਲ੍ਹ-ਕੋ-ਲਜਾਯੋ। ਪਾਇ ਗੁਰੂ ਪਗ ਬਚਨ ਅਲਾਯੋ॥੪੬ ॥

ਇਸ ਪ੍ਰਕਾਰ ਦੋਵੇਂ ਜਦ ਇਕ ਦੂਸਰੇ ਨੂੰ ਮਿਲੇ ਤਾਂ ਦੋਹਾਂ ਇਕ ਦੂਸਰੇ ਦੇ ਦਰਸ਼ਨ ਬਹੁਤ ਪ੍ਰੇਮ ਨਾਲ ਕੀਤੇ। ਫਿਰ ਨਾਰਦ ਮੁਨੀ ਕਲਹ ਨੂੰ ਲੈ ਕੇ ਆਇਆ ਅਤੇ ਉਸ ਦਾ ਗੁਰੂ ਜੀ ਦੇ ਚਰਨਾਂ ਤੇ ਮੱਥਾ ਟਿਕਾ ਕੇ ਬੋਲਿਆ॥ ੪੬॥

'ਭਈ ਭੂਲ ਇਸਕੀ ਬਖਸ਼ੀਜੈ। ਅਬ ਯਾਂ ਪਰ ਨਿਜ ਕਰੁਨਾ ਕੀਜੈ।
ਬਹੁਤ ਦਿਵਸ ਕੀ ਛੁਧਾ ਸੰਤਾਈ। ਮਹਿਮਾ ਤੁਮਰੀ ਲਖਿ ਨ ਸਕਾਈ ॥੪੭ ॥

ਇਸ ਪਾਸੋਂ ਭੁੱਲ ਹੋ ਗਈ ਹੈ, ਇਸ ਨੂੰ ਬਖਸ਼ ਦੇਵੋ। ਹੁਣ ਇਸ ਉਤੇ ਆਪਣੀ ਨਿਜੀ ਕਿਰਪਾ ਕਰੋ। ਬਹੁਤ ਦਿਨਾਂ ਦਾ ਇਸ ਨੂੰ ਭੁੱਖ ਨੇ ਸਤਾਇਆ ਸੀ। ਤੁਹਾਡੀ ਮਹਿਮਾਂ ਉਹ ਜਾਣ ਨਹੀਂ ਸਕੀ॥ ੪੭॥

ਤਿਹ ਕੀ ਸੁਨੀ ਦੀਨਤਾ ਜਬਹੀ। ਹ੍ਵੈ ਕ੍ਰਿਪਾਲ ਬਚ ਉਚਰੇ ਤਬਹੀ।
'ਇਹ ਸਰੂਪ ਤੇ ਛਟਵੇਂ ਧਰਿਹੋਂ। ਤਬ ਯਾਂਕੋ ਤਨ ਤ੍ਰਿਪਤਿ ਸ ਕਰਿਹੋਂ ॥੪੮ ॥

ਨਾਰਦ ਮੁਨੀ ਦੀ ਅਜੇਹੀ ਦੀਨਤਾ ਸੁਣ ਕੇ, ਗੁਰੂ ਜੀ ਨੇ ਕਿਰਪਾਲੂ ਹੋ ਕੇ ਇਹ ਬਚਨ ਉਚਾਰੇ, ''ਜਦ ਮੈਂ ਆਪਣਾ ਛੇਵਾਂ ਸਰੂਪ ਧਾਰਨ ਕਰਾਂਗਾ ਫਿਰ ਇਸ ਦੇ ਸਰੀਰ ਨੂੰ ਤ੍ਰਿਪਤ ਕਰਾਂਗਾ॥ ੪੮॥

ਬਹੁਰੋ ਦਸਮ ਧਰੋਂ ਅਵਤਾਰਾ। ਤਬ ਕਰਿਹੋਂ ਇਕ ਪੰਥ ਕਰਾਰਾ।
ਬਹੁਤ ਹੋਹਿੰਗੇ ਜਬ ਸੰਗ੍ਰਾਮਾ। ਤਬ ਯਾਂਕੋ ਹ੍ਵੈ ਪੂਰਨ ਕਾਮਾ' ॥ ੪੯ ॥

ਫਿਰ ਜਦ ਮੈਂ ਆਪਣਾ ਦਸਵਾਂ ਅਵਤਾਰ ਲਵਾਂਗਾ, ਤਦ ਫਿਰ ਇਕ ਨਿਆਰਾ ਤੇ ਸੂਰਬੀਰ ਪੰਥ ਤਿਆਰ ਕਰਾਂਗਾ। ਫਿਰ ਬਹੁਤ ਯੁੱਧ ਅਤੇ ਜੰਗਾਂ ਹੋਣਗੀਆਂ। ਤਦ ਤੇਰਾ ਕੰਮ ਪੂਰਾ ਹੋ ਜਾਵੇਗਾ। (ਨਾਰਦ ਨੂੰ ਜੋ ਬਚਨ ਗੁਰੂ ਜੀ ਨੇ ਕਹੇ ਹਨ ਉਹ ਛੇਵੀਂ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਬਾਰੇ ਕਹੇ ਹਨ, ਉਨ੍ਹਾਂ ਦੀ ਮੁਰਾਦ ਇਹ ਹੈ ਕਿ ਸਤ ਧਰਮ ਦੀ ਵਾੜੀ ਜੋ ਲਾ ਰਹੇ ਹਾਂ ਜਗਤ ਦੀ ਬਦੀ ਦੇ ਪੱਖ ਨੇ ਇਸ ਨੂੰ ਨਾ ਕਰਨ ਲਈ ਤਾਣ ਲਾਉਣਾ ਹੈ, ਤਦੋਂ ਇਸ ਦੀ ਰਖਿਆ ਲਈ ਅਤੇ ਇਸ ਤੋਂ ਹੋ ਰਹੇ ਪਰਉਪਕਾਰ ਲਈ ਖੜਗ ਦੀ ਲੋੜ ਪੈਣੀ ਹੈ)॥ ੪੯॥

ਬਿਦਾ ਕਰੇ ਬਰ ਦੇ ਕਰਿ ਦੋਊ। ਗਵਨੇ ਨਿਜ ਇੱਛਾ ਜਿਤ ਸੋਊ।
ਸੁੰਦਰ ਇਹ ਇਤਿਹਾਸ ਰਸਾਲਾ। ਸ੍ਰੀ ਗੁਰੂ ਅੰਗਦ ਸੁਨਹੁ ਕ੍ਰਿਪਾਲਾ ॥੫੦॥

ਗੁਰੂ ਜੀ ਨੇ ਉਨ੍ਹਾਂ ਨੂੰ ਵਰ ਦੇ ਕੇ ਵਿਦਾ ਕੀਤਾ। ਉਹ ਦੋਵੇਂ ਉਧਰ ਚਲੇ ਗਏ ਜਿਧਰ ਜਾਣ ਦੀ ਉਨ੍ਹਾਂ ਦੀ ਇੱਛਾ ਸੀ। ਹੇ ਗੁਰੂ ਅੰਗਦ ਦੇਵ ਜੀ, ਕਿਰਪਾਲੂ ਜੀ ! ਗੁਰੂ ਨਾਨਕ ਦੇਵ ਜੀ ਦਾ ਰਸੀਲਾ ਅਤੇ ਸੁੰਦਰ ਇਤਿਹਾਸ ਸੁਣੋ॥ ੫੦॥

ਚੌਪਈ- ਅਪਰ ਜਿ ਸਿਖ ਸ੍ਰੋਤਾ ਤਹਿਂ ਬੈਸੇ। ਸੁਨਿ ਕਰਿ ਪ੍ਰਸ਼ਨ ਕਿਯੋ ਤਿਹ ਐਸੇ।
'ਨਾਰਦ ਮੁਨਿ ਉਸਤਤਿ ਗੁਰੂ ਭਾਖੀ। ਮਹਿਮਾ ਨਾਮ-ਚਤੁਰ ਜੁਗ ਰਾਖੀ ॥੫੧॥

ਫਿਰ ਉਥੇ ਜਿਹੜੇ ਸਿੱਖ ਸਰੋਤੇ ਬੈਠੇ ਸਨ, ਇਹ ਸੁਣ ਕੇ ਉਨ੍ਹਾਂ ਨੇ ਇਸ ਤਰ੍ਹਾਂ ਪ੍ਰਸ਼ਨ ਕੀਤਾ। ਨਾਰਦ ਮੁਨੀ ਨੇ ਗੁਰੂ ਜੀ ਦੀ ਜਿਹੜੀ ਉਸਤਤ ਕੀਤੀ ਉਸ ਨਾਲ ਨਾਮ ਦੀ ਮਹਿਮਾ ਚਾਰ ਜੁਗਾਂ ਵਿਚ ਰੱਖ ਲਈ॥ ੫੧॥

ਤਾਂ ਮਹਿਂ ਅਰਥ ਲਖਾਯੋ ਐਸੇ। ਬਿਨਾਂ ਨਾਮ ਕੇ ਮੁਕਤਿ ਨ ਕੈਸੇ।
ਜੇ ਗਤਿ ਦੇਨ ਨ ਸਮਰਥ ਦੂਜਾ। ਕਿਉਂ ਤਬ ਕਹੇ ਜੋਗ ਜਗ ਪੂਜਾ ॥੫੨॥

ਉਸ ਵਿਚ ਅਰਥ ਇਸ ਤਰ੍ਹਾਂ ਸਮਝਾਏ ਹਨ ਕਿ ਨਾਮ ਤੋਂ ਬਗੈਰ ਕਿਸੇ ਤਰ੍ਹਾਂ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇ ਕੋਈ ਮੁਕਤੀ ਦੇਣ ਦੇ ਸਮਰਥ ਹੋਰ ਕੋਈ ਦੂਸਰਾ ਸਾਧਨ ਨਹੀਂ ਹੈ, ਤਾਂ ਫਿਰ ਯੋਗ ਅਤੇ ਯੱਗ ਪੂਜਾ ਬਾਰੇ ਕਿਉਂ ਕਹਿੰਦੇ ਹਨ?॥ ੫੨॥

ਤ੍ਰੈ ਜੁਗ ਵਿਖੈ ਨਾਮ ਕੇ ਸੰਗਾ। ਦੁਤਿਯ ਉਪਾਇ ਕਹੇ ਸਰਬੰਗਾ।
ਕਲਿ ਮਹਿਂ ਕੇਵਲ ਨਾਮ ਬਖਾਨਾ। ਸਿਮਰਨਿ ਤੇ ਗਤਿ ਦੇਹਿ ਜਹਾਨਾ ॥੫੩॥

ਤਿੰਨਾਂ ਜੁਗਾਂ ਵਿਚ ਹੀ ਨਾਮ ਦੇ ਸੰਗ ਦੋਵੇਂ ਉਪਾਅ ਹਰ ਤਰ੍ਹਾਂ ਨਾਲ ਕਹੇ ਹਨ। ਗੁਰੂ ਜੀ ਨੇ ਕਿਹਾ ਹੈ ਕਿ ਕਲਿਜੁਗ ਵਿਚ ਕੇਵਲ ਨਾਮ ਸਿਮਰਨ ਨਾਲ ਹੀ ਸੰਸਾਰ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ॥ ੫੩॥

ਸ੍ਰੋਤਨ ਕੋ ਸੁਨਿ ਪ੍ਰਸ਼ਨ ਬਿਸਾਲਾ। ਉੱਤਰ ਕਹਤਿ ਭਯੋ ਤਬ ਬਾਲਾ:-
'ਸੁਨਹੁ ਸਿੱਖ ਸਤਿਗੁਰੂ ਕੇ ਪਜਾਰੇ। ਜਿਉਂ ਮੈਂ ਸੁਨੀ ਸੁ ਕਹੌਂ ਉਚਾਰੇ ॥੫੪॥

ਸਰੋਤਿਆਂ ਦਾ ਇਹ ਵਿਸ਼ਾਲ ਪ੍ਰਸ਼ਨ ਸੁਣ ਕੇ, ਤਦ ਬਾਲੇ ਨੇ ਉੱਤਰ ਦਿੱਤਾ, ''ਹੇ ਸਤਿਗੁਰ ਦੇ ਪ੍ਰੇਮੀਓ ! ਜੋ ਮੈਂ ਸੁਣਿਆ ਸੋ ਮੈਂ ਉਚਾਰਨ ਕਰਦਾ ਹਾਂ॥ ੫੪॥

ਦ੍ਵੈ ਨਰ ਕੋ ਭਾ ਸੂਰ ਅਪਾਰਾ। ਏਕ ਰੰਕ ਇਕ ਧਨੀ ਉਦਾਰਾ।
ਭਈ ਉਦਰ ਮੈਂ ਬਹੁਤੀ ਪੀਰਾ। ਹਾਇ ਹਾਇ ਕਰਿ ਹੋਤ ਅਧੀਰਾ ॥੫੫॥

ਦੋ ਆਦਮੀਆਂ ਦੀ ਬਹੁਤ ਢਿੱਡ ਪੀੜ ਹੁੰਦੀ ਹੈ। ਉਨ੍ਹਾਂ ਵਿਚ ਇਕ ਆਦਮੀ ਗਰੀਬ ਹੈ ਅਤੇ ਇਕ ਵੱਡਾ ਧਨੀ ਹੈ। ਢਿੱਡ ਵਿਚ ਬਹੁਤ ਪੀੜ ਹੁੰਦੀ ਹੈ, ਹਾਇ ਹਾਇ ਕਰਕੇ ਬਹੁਤ ਵਿਆਕੁਲ ਹੋ ਰਹੇ ਹਨ॥ ੫੫॥

ਗਵਨਯੋ ਧਨੀ ਬੈਦ ਕੇ ਸਦਨਾ। ਉਦਰ ਪੀਰ ਭਾਖੀ ਨਿਜ ਬਦਨਾ।
ਹੁਤੋ ਬੈਦ ਸੋ ਪਰਮ ਸਯਾਨਾ। ਜਾਨੀ ਤਿਹ ਕੀ ਪੀਰ ਮਹਾਨਾ॥ ੫੬॥

ਧਨੀ ਆਦਮੀ ਵੈਦ ਦੇ ਘਰ ਚਲੇ ਗਿਆ ਅਤੇ ਵੈਦ ਨੂੰ ਆਪਣੇ ਢਿੱਡ ਦੀ ਪੀੜ ਬਾਰੇ ਦੱਸਿਆ। ਵੈਦ ਬਹੁਤ ਸਿਆਣਾ ਸੀ। ਉਸ ਨੇ ਉਸ ਦੀ ਮਹਾਨ ਪੀੜ ਨੂੰ ਜਾਣ ਲਿਆ॥ ੫੬॥

ਇਹ ਕੋ ਤੋ ਹੈ ਸੁਗਮ ਉਪਾਈ। ਏਕ ਜਵਾਇਨ ਸੂਰ ਮਿਟਾਈ।
ਜੇ ਮੈਂ ਯਹੀ ਬਤਾਵਹੁ ਯਾਂਕੋ। ਮਹਿਮਾ ਜਾਨਹਿਂ ਕਛੂ ਨ ਤਾਂਕੋ ॥੫੭॥

ਇਸ ਪੀੜ ਨੂੰ ਹਟਾਉਣ ਦਾ ਇਕ ਵਧੀਆ ਉਪਾਅ ਹੈ। ਜਵਾਇਣ ਢਿੱਡ ਪੀੜ ਨੂੰ ਹਟਾ ਸਕਦੀ ਹੈ, ਜੇ ਮੈਂ ਇਸ ਅਮੀਰ ਆਦਮੀ ਨੂੰ ਇਹੀ ਕਹਾਂਗਾ, ਕਿ ਜਾਕੇ ਜਵਾਇਣ ਖਾ ਲਵੇ ਤਾਂ ਉਹ ਮੇਰੀ ਕੁਝ ਵੀ ਮਹਿਮਾ ਨਹੀਂ ਜਾਣੇਗਾ॥ ੫੭॥

ਇਉਂ ਵਿਚਾਰ ਕਰਿ ਬੈਦ ਸਯਾਨੇ। ਪੁਰੀ ਏਕ ਦੀਨੀ ਤਿਹ ਪਾਨੇ।
ਮੁਖ ਤੇ ਐਸੇ ਬਚਨ ਅਲਾਯਨ। 'ਯਾਂਕੋ ਅਨੁਪਾਨ ਅਜਵਾਯਨ ॥੫੮॥

ਇਸ ਤਰ੍ਹਾਂ ਵਿਚਾਰ ਕੇ ਸਿਆਣੇ ਵੈਦ ਨੇ ਉਸ ਦੇ ਹੱਥ ਵਿਚ ਇਕ ਪੁੜੀ ਦਿੱਤੀ ਅਤੇ ਮੁੱਖ ਤੋਂ ਇਸ ਤਰ੍ਹਾਂ ਬਚਨ ਕਹੇ। ਇਸ ਦਵਾਈ ਨੂੰ ਜਵਾਇਣ ਦੇ ਨਾਲ ਇਸ ਵਿਧੀ ਅਨੁਸਾਰ ਖਾ ਲਵੇ॥ ੫੮॥

ਕਰਹੁ ਖਾਨ ਤਿਹ ਸੰਗ ਮਿਲਾਈ। ਉਦਰਰੋਗ ਸਭਿਹੀ ਮਿਟ ਜਾਈ'।
ਲੇਕਰਿ ਧਨੀ ਆਇ ਨਿਜ ਸਦਨਾ। ਮੇਲ ਜੁਵਾਇਨ ਖਾਇ ਸੁ ਬਦਨਾ ॥੫੯॥

ਇਸ ਪੁੜੀ ਨੂੰ ਮਲਾਈ ਦੇ ਨਾਲ ਖਾਵੇ। ਤੁਹਾਡੀ ਪੀੜ ਦਰਦ ਸਭ ਮਿੱਟ ਜਾਵੇਗੀ। ਧਨੀ ਦਵਾਈ ਨੂੰ ਲੈ ਕੇ ਆਪਣੇ ਘਰ ਆ ਗਿਆ। ਜਵਾਇਣ ਦੇ ਨਾਲ ਮਿਲਾ ਕੇ ਉਹ ਦਵਾਈ ਮੁੱਖ ਨਾਲ ਖਾਧਾ ਹੈ॥ ੫੯॥

ਸੂਰਰੋਗ ਕੋ ਦੂਰ ਮਿਟਾਈ। ਮਹਿਮਾ ਬੈਦ ਵਡੀ ਲਖਿ ਪਾਈ।
ਕਹਤਿ ਅਪਰ ਸੋਂ 'ਪੁਰੀ ਜੁ ਦੀਨਾ। ਤਿਹਨੈ ਰੋਗ ਕੀਨ ਮਮ ਹੀਨਾ ॥੬੦॥

ਜਦ ਸੂਲ ਦਾ ਰੋਗ ਦੂਰ ਹੋ ਗਿਆ ਤਾਂ ਉਸ ਵੈਦ ਦੀ ਵੱਡੀ ਮਹਿਮਾ ਸਮਝੀ। ਕਹਿਣ ਲੱਗਾ, ''ਵੈਦ ਨੇ ਜੋ ਪੁੜੀ ਦਿੱਤੀ ਹੈ, ਉਸ ਨੇ ਮੇਰੇ ਰੋਗ ਨੂੰ ਦੂਰ ਕੀਤਾ ਹੈ''॥ ੬੦॥

ਪੁਨਿ ਗਾ ਰੰਕ ਵੈਦ ਘਰ ਮਾਂਹੀ। ਜਿਹ ਢਿਗ ਇਕ ਵਿਰਾਟਿਕਾ ਨਾਂਹੀ।
ਉਦਰ ਪੀਰ ਤਿਨ ਸਕਲ ਸੁਨਾਈ। 'ਮਮ ਦੁਖ ਭੰਜਹੁ,ਕਰਹੁ ਉਪਾਈ' ॥੬੧॥

ਫਿਰ ਗਰੀਬ ਆਦਮੀ ਉਸ ਵੈਦ ਦੇ ਘਰ ਗਿਆ। ਉਸ ਦੇ ਪਾਸ ਇਕ ਕੌਡੀ ਵੀ ਨਹੀਂ ਸੀ। ਉਸ ਨੇ ਵੈਦ ਨੂੰ ਆਪਣੀ ਢਿੱਡ ਪੀੜ ਬਾਰੇ ਸਭ ਕੁਝ ਦੱਸਿਆ। ''ਕੋਈ ਉਪਾਅ ਕਰਕੇ ਮੇਰਾ ਦੁੱਖ ਦੂਰ ਕਰੋ''॥ ੬੧॥

ਸੁਨਤਿ ਬੈਦ ਨੈ ਰੋਗ ਪਛਾਨਾ। ਹੈ ਯਾਂਕੋ ਦੁਖ ਧਨੀ ਸਮਾਨਾ।
ਕਹਯੋ ਤਾਂਹਿ 'ਅਜਵਾਇਨ ਲੀਜੈ। ਖਾਇ ਸੂਰ ਕੋ ਦੂਰ ਕਰੀਜੈ' ॥੬੨॥

ਉਸ ਦੀ ਗੱਲ ਸੁਣ ਕੇ ਵੈਦ ਨੇ ਰੋਗ ਪਛਾਣ ਲਿਆ ਅਤੇ ਸਮਝ ਗਿਆ ਕਿ ਇਸ ਨੂੰ ਵੀ ਧਨੀ ਵਰਗਾ ਹੀ ਦੁੱਖ ਹੈ। ਵੈਦ ਉਸ ਨੂੰ ਕਹਿਣ ਲੱਗਾ, ''ਜਵਾਇਣ ਲਵੋ, ਅਤੇ ਖਾ ਕੇ ਸੂਲ ਨੂੰ ਦੂਰ ਕਰੋ''॥ ੬੨॥

ਬੋਲਯੋ ਰੰਕ ਬੈਦਿ ਕਰ ਦੋਊ। 'ਲੇਊਂ ਕਹਾਂ ਤੇ ਮੋਲ ਨ ਕੋਊ।
ਦੇਹੁ ਪਾਸ ਤੇ ਜੇ ਕਰਿ ਕਰੁਨਾ। ਹ੍ਵੈ ਤਬ ਰੋਗ ਉਦਰ ਕੋ ਹਰਨਾ' ॥੬੩॥

ਗਰੀਬ ਆਦਮੀ ਹੱਥ ਜੋੜ ਕੇ ਬੋਲਿਆ, ''ਮੈਂ ਕਿਥੋਂ ਲਵਾਂ, ਮੇਰੇ ਪਾਸ ਕੋਈ ਪੈਸਾ ਨਹੀਂ ਹੈ। ਕਿਰਪਾ ਕਰਕੇ ਜੇ ਤੇਰੇ ਕੋਲ ਜਵਾਇਣ ਹੈ ਤਾਂ ਮੈਨੂੰ ਦੇ ਦੇਵੋ। ਤਦ ਹੀ ਢਿੱਡ ਦਾ ਰੋਗ ਦੂਰ ਹੋਣਾ ਹੈ''॥ ੬੩॥

ਸੁਨੀ ਰੰਕ ਤਾ ਬੈਦ ਕ੍ਰਿਪਾਲਾ। ਢਿਗ ਤੇ ਦੀਨ ਮੋਲ ਤਿਹ ਕਾਲਾ।
ਲੇ ਤਿਨ ਕੀਨੀ ਖਾਨ ਜਵਾਇਨ। ਸਰਬ ਸੂਰ ਤਿਹ ਉਦਰ ਪਲਾਇਨ ॥੬੪॥

ਗਰੀਬ ਦੀ ਗੱਲ ਸੁਣ ਕੇ ਵੈਦ ਨੇ ਕਿਰਪਾ ਕੀਤੀ ਅਤੇ ਆਪਣੇਂ ਪਾਸ ਤੋਂ ਓਸੇ ਵੇਲੇ ਜਵਾਇਣ ਦਾ ਮੁੱਲ ਦੇ ਦਿੱਤਾ। ਉਸ ਨੇ ਜਵਾਇਣ ਮੁੱਲ ਲੈ ਕੇ ਖਾ ਲਈ ਅਤੇ ਢਿੱਡ ਦੀ ਸਾਰੀ ਪੀੜ ਦੂਰ ਹੋ ਗਈ॥ ੩੪॥

ਚੌਪਈ- ਤੈਸੀ ਰੀਤਿ ਦੇਖਿ ਗੁਰੂ ਪੂਰੇ। ਦਿਯ ਉਪਦੇਸ਼ ਸ਼ਕਤਿ ਲਖਿ ਭੂਰੇ।

ਸਤਿਜੁਗ ਨਿਰਮਲ ਮਤਿ ਸਭਿ ਕੇਰੀ। ਲਾਖ ਬਰਸ ਕੀ ਆਯੁ ਘਨੇਰੀ ॥੬੫॥

ਪੂਰਨ ਗੁਰੂ ਜੀ ਨੇ ਅਜੇਹੀ ਰੀਤੀ ਵੇਖ ਕੇ ਅਤੇ ਵੱਡੀ ਸ਼ਕਤੀ ਸਮਝ ਕੇ ਉਪਦੇਸ਼ ਦਿੱਤੇ। ਸਤਿਜੁਗ ਵਿਚ ਸਾਰਿਆਂ ਦੀ ਮੱਤ ਨਿਰਮਲ ਸੀ ਅਤੇ ਉਸ ਸਮੇਂ ਲੋਕਾਂ ਦੀ ਇਕ ਲੱਖ ਸਾਲ ਦੀ ਵੱਡੀ ਉਮਰ ਹੁੰਦੀ ਸੀ॥ ੬੫॥

ਸਿਮਰਨ ਕਰਤਯੋ ਬੀਤਹਿ ਕੈਸੇ। ਨਾਮ ਸੰਗ ਦਿਯ ਯੋਗ ਸੁ ਤੈਸੇ।
ਪ੍ਰਾਣਾਯਾਮਹਿਂ ਨਾਮ ਸਿਮਰਿਕੈ। ਗੇ ਅਨੇਕ ਜਗ ਸਾਗਰ ਤਰਿਕੈ ॥੬੬॥

ਏਡੀ ਵੱਡੀ ਉਮਰ ਸਿਮਰਨ ਕਰਨ ਨਾਲ ਕਿਵੇਂ ਬੀਤਦੀ ਸੀ। ਇਸ ਲਈ ਨਾਮ ਦੇ ਨਾਲ ਯੋਗ ਸਾਧਨਾ ਦੀ ਵੀ ਲੋੜ ਸੀ। ਪ੍ਰਾਣਯਾਮ ਦੇ ਨਾਲ ਨਾਮ ਸਿਮਰ ਕੇ ਕਈ ਭਵਸਾਗਰ ਤਰ ਕੇ ਮੁਕਤ ਹੋ ਗਏ॥ ੬੬॥

ਬਹੁਰੋ ਤ੍ਰੇਤਾ ਯੁਗ ਜਬ ਆਵਾ। ਦਸ ਹਜ਼ਾਰ ਕੀ ਆਯੁ ਰਹਾਵਾ।
ਹੁਤੇ ਨਰਨ ਢਿਗ ਦਰਬ ਅਪਾਰਾ। ਤਿਨ ਪਿਖਿ ਅਸ ਉਪਦੇਸ਼ ਉਚਾਰਾ ॥੬੭॥

ਬਾਅਦ ਵਿਚ ਜਦ ਤ੍ਰੇਤਾ ਯੁੱਗ ਆਇਆ ਤਾਂ ਪ੍ਰਾਣੀਆਂ ਦੀ ਉਮਰ ਇਕ ਲੱਖ ਤੋਂ ਘਟ ਕੇ ਦਸ ਹਜ਼ਾਰ ਸਾਲ ਦੀ ਰਹਿ ਗਈ। ਮਨੁੱਖਾਂ ਪਾਸ ਬਹੁਤ ਧਨ ਸੀ। ਤਿੰਨਾਂ ਵਾਸਤੇ ਇਸ ਤਰ੍ਹਾਂ ਉਪਦੇਸ਼ ਉਚਾਰਨ ਕੀਤਾ॥ ੬੭॥

ਸਿਮਰਨ ਨਾਮ, ਯੱਗ ਕੋ ਕਰਨਾ। ਯਹੀ ਧਰਮ ਭਵ ਬੰਧਨ ਹਰਨਾ।
ਸੁਨਿ ਤਿਹ ਸਮੈਂ ਯੱਗਯ ਬਹੁ ਕਰਿਕੈ। ਸਿਮਰਿ ਗਏ ਭਵ ਸਾਗਰ ਤਰਿਕੈ ॥੬੮॥

ਨਾਮ ਸਿਮਰ ਕੇ ਯੱਗ ਕਰਨਾ ਹੈ, ਇਸ ਧਰਮ ਰਾਹੀ ਹੀ ਭਵ ਸਾਗਰ ਦੇ ਬੰਧਨ ਕੱਟੇ ਜਾਂਦੇ ਹਨ। ਉਸ ਸਮੇਂ ਵਿਚ ਬਹੁਤ ਯੱਗ ਕਰਕੇ ਅਤੇ ਨਾਮ ਸਿਮਰ ਕੇ ਬਹੁਤ ਲੋਕ ਭਵ ਸਾਗਰ ਤਰ ਗਏ॥ ੬੮॥

ਤਿਹ ਪੀਛੇ ਦ੍ਵਾਪੁਰਿ ਜੁਗ ਆਵਾ। ਇਕ ਹਜ਼ਾਰ ਕੀ ਆਯੁ ਰਹਾਵਾ।
ਪੂਜਾ ਕਰਨ ਭਜਨ ਪੁਨ ਨਾਮਾ। ਯਹਿ ਉਪਦੇਸ਼ ਕਿਯੋ ਸੁਖ ਧਾਮਾ ॥੬੯॥

ਇਸ ਦੇ ਪਿਛੋਂ ਦੁਵਾਪਰ ਜੁਗ ਆਇਆ। ਪ੍ਰਾਣੀਆਂ ਦੀ ਉਮਰ ਘਟ ਕੇ ਇਕ ਹਜ਼ਾਰ ਰਹਿ ਗਈ। ਪੂਜਾ ਕਰਕੇ ਫਿਰ ਨਾਮ ਦਾ ਭਜਨ ਕਰਦੇ ਸਨ। ਸੁੱਖਾਂ ਦੇ ਘਰ ਭਾਵ ਗੁਰੂ ਜੀ ਨੇ ਇਹੋ ਉਪਦੇਸ਼ ਦਿੱਤਾ॥ ੬੯॥

ਇਸ ਪ੍ਰਕਾਰ ਭੀ ਮਨੁਜ ਅਨੇਕਾ। ਉਧਰੇ ਜਗ ਤੇ ਪਾਇ ਬਿਬੇਕਾ।
ਤ੍ਰੈ ਜੁਗ ਮਹਿਂ ਪਿਖਿ ਸ਼ਕਤਿ ਸਮੇਤਾ। ਆਯੁ ਬਿਰਧ, ਬਲ, ਦਰਬ, ਅਨੇਕਾ ॥੭੦॥

ਇਸ ਪ੍ਰਕਾਰ ਵੀ ਅਨੇਕਾਂ ਮਨੁੱਖ ਵਿਵੇਕ ਪਾ ਕੇ ਜੱਗ ਤੋਂ ਉਧਰ ਗਏ। ਤਿੰਨਾਂ ਜੁਗਾਂ ਵਿਚ ਸ਼ਕਤੀ ਸਮੇਤ, ਉਮਰ ਬਹੁਤ ਵੱਡੀ ਸੀ, ਬਲ ਅਤੇ ਧਨ ਦਾ ਕੋਈ ਅੰਤ ਨਹੀਂ ਸੀ॥ ੭੦॥

ਇਨ ਤੇ ਰਹਿਤ ਦੇਖਿ ਕਲਿ ਮਾਂਹੀ। ਮਹਾਂ ਰੰਕ, ਦੁਖ ਨੈ ਲਿਯ ਗ੍ਰਾਹੀ।
ਸਭਿ ਪ੍ਰਤਿ-ਏਕ ਨਾਮ-ਉਪਦੇਸ਼ਾ। ਬੈਦ ਕ੍ਰਿਪਾਲੁ ਗੁਰੂ ਜਗਤੇਸ਼ਾ ॥੭੧॥

ਕਲਿਜੁਗ ਵਿਚ ਇਨ੍ਹਾਂ ਗੁਣਾਂ ਤੋਂ ਬਗੈਰ ਵੇਖ ਕੇ ਗਰੀਬ ਪਰਜਾ ਨੂੰ ਦੁੱਖਾਂ ਨੇ ਫੜ ਲਿਆ ਸੀ। ਜਗਤ ਦੇ ਈਸ਼ਵਰ ਕਿਰਪਾਲੂ ਗੁਰੂ ਜੀ ਨੇ ਸਾਰਿਆਂ ਨੂੰ ਇਕ ਨਾਮ ਜਪਣ ਦਾ ਉਪਦੇਸ਼ ਦਿੱਤਾ॥ ੭੧॥

ਚੌਪਈ- ਨਿਜ ਢਿਗ ਮੋਲ ਰੂਪਿ ਮਤਿ ਨਾਂਹੀ। ਸੰਸਕ੍ਰਿੱਤ ਕੋ ਲਖਿ ਨ ਸਕਾਹੀਂ।
ਦੀਨੋਂ ਤਬ ਸਤਿਗੁਰੂ ਨਿਜ ਪਾਸਾ। ਦੇਸ਼ਨ ਭਾਖਾ ਮਾਂਹਿ ਪ੍ਰਕਾਸ਼ਾ ॥੭੨॥

ਲੋਕਾਂ ਪਾਸ ਬੁੱਧੀ ਰੂਪੀ ਮੁੱਲ ਨਹੀਂ ਸੀ। ਸੰਸਕ੍ਰਿਤ ਨੂੰ ਉਹ ਪੜ੍ਹ ਨਹੀਂ ਸਨ ਸਕਦੇ। ਸਤਿਗੁਰੂ ਨੇ ਫਿਰ ਆਪਣੇ ਕੋਲੋਂ ਦੇਸੀ ਬੋਲੀਆਂ ਵਿਚ ਉਪਦੇਸ਼ ਦਾ ਪ੍ਰਕਾਸ਼ ਕੀਤਾ॥ ੭੨॥

ਸੰਸਕ੍ਰਿਤ ਕੋ ਪਢਿ ਨਹਿਂ ਜਾਨਹਿਂ। ਕਿਹ ਬਿਧਿ ਮਹਿਮਾ ਨਾਮ ਪਛਾਨਹਿਂ।
ਤਾਂਤੇ ਸਤਿਗੁਰ ਸ੍ਰੀ ਮੁਖ ਬਾਨੀ। ਰਚਿ ਦੀਨੀ ਲੋਕਨ ਗਤਿਦਾਨੀ ॥੧੩॥

ਸੰਸਕ੍ਰਿਤ ਪੜ੍ਹਨਾ ਨਹੀਂ ਸੀ ਜਾਣਦੇ, ਇਸ ਲਈ ਨਾਮ ਦੀ ਮਹਿਮਾ ਕਿਵੇਂ ਪਛਾਣ ਸਕਦੇ ਸਨ। ਇਸ ਲਈ ਸਤਿਗੁਰੂ ਜੀ ਨੇ ਆਪਣੇਂ ਮੁੱਖ ਤੋਂ ਬਾਣੀ ਉਚਾਰਨ ਕਰਕੇ ਲੋਕਾਂ ਵਾਸਤੇ ਲਿਖ ਦਿੱਤੀ॥ ੧੩॥

ਜਿਉਂ ਸਾਗਰ ਤੇ ਬਾਰਦ ਬਾਰੀ। ਪੀਵਤਿ ਹੈ ਹਿਤ ਪਰਉਪਕਾਰੀ।
ਖਾਰੋ ਹੁਤੋ ਮਧੁਰ ਸੋ ਕਰਿਕੈ। ਬਰਖਾਵਹਿ ਸਭਿ ਦੇਸ਼ਨ ਫਿਰਿਕੈ ॥੧੪॥

ਜਿਵੇਂ ਸਾਗਰ ਤੋਂ ਬੱਦਲ ਪਰਉਪਕਾਰ ਵਾਸਤੇ ਪਾਣੀ ਪੀਂਦਾ ਹੈ। ਸਾਗਰ ਦਾ ਪਾਣੀ ਖਾਰਾ ਹੁੰਦਾ ਹੈ, ਪਰ ਬੱਦਲ ਉਸ ਨੂੰ ਮਿੱਠਾ ਕਰ ਲੈਂਦਾ ਹੈ, ਅਤੇ ਸਾਰੇ ਦੇਸ਼ਾਂ ਵਿਚ ਫਿਰ ਕੇ ਵਰਸ਼ਾ ਕਰਦਾ ਹੈ॥ ੧੪॥

ਜੀਵ ਜੰਤੁ ਤਬ ਹੀ ਸੁਖ ਪਾਹੀ। ਸੰਕਟ ਅਪਨੋ ਦੋਯ ਨਸਾਹੀ।
ਤਿਉਂ ਜੋ ਬੇਦ ਪੁਰਾਨ ਮਹਾਨਾ। ਹੈਂ ਅਪਾਰ ਸੇ ਸਿੰਧੁ ਸਮਾਨਾ ॥੧੫॥

ਜੀਵ ਜੰਤੂ ਤਬ ਸੁੱਖ ਪਾਉਂਦੇ ਹਨ ਤੇ ਆਪਣੇਂ ਸੰਕਟਾਂ ਨੂੰ ਦੂਰ ਕਰਦੇ ਹਨ। ਤਿਵੇਂ ਹੀ ਵੇਦ ਪੁਰਾਣ ਮਹਾਨ ਹਨ ਅਤੇ ਸਾਗਰ ਵਾਂਗ ਅਪਾਰ ਹਨ॥ ੧੫॥

ਖਾਰਪਨੋ ਤਿਨ ਮਹਿਂ ਕਠਿਨਾਈ। ਪੁਨਿ ਕਿਹ ਉਚਿਤ ਨ ਉਚਿਤ ਲਖਾਈ।
ਸਰਬ ਸਾਰ ਜੋ ਤਿਨਕੇ ਮਾਂਹੀ। ਗੁਰੂ ਘਨ ਰੂਪ ਲੀਨ ਸੋ ਗ੍ਰਾਹੀ ॥੧੬॥

ਸਮੁੰਦਰ ਦੇ ਪਾਣੀ ਦੇ ਖਾਰੇਪਨ ਵਿਚ ਜਿਵੇਂ ਕਠਿਨਾਈ ਹੈ, ਇਹ ਪਤਾ ਨਹੀਂ ਲਗਦਾ ਹੈ ਕਿ ਕਿਸ ਨੂੰ ਯੋਗ ਹੈ ਅਤੇ ਕਿਸ ਨੂੰ ਯੋਗ ਨਹੀਂ ਹੈ। ਜਿਹੜੀ ਇਨ੍ਹਾਂ ਵੇਦਾਂ ਪੁਰਾਣਾਂ ਦੀ ਸਾਰੀ ਸਾਰ ਹੈ, ਉਸ ਨੂੰ ਗੁਰੂ ਰੂਪੀ ਬੱਦਲ ਨੇ ਗ੍ਰਹਿਣ ਕਰ ਲਿਆ ਹੈ॥ ੧੬॥

ਸੁਗਮ ਕੀਨ ਸਭਿ ਦੇਸ਼ ਮਝਾਰੀ। ਸਭਿ ਕੇ ਉਚਿਤ ਜਿ ਹੈਂ ਨਰ ਨਾਰੀ।
ਰਾਇ ਕਿ ਰੰਕ ਊਚ ਕੈ ਨੀਚਾ। ਪਢਹਿ ਕਮਾਇ ਤਰੈ ਜਗ ਬੀਚਾ ॥੧੭॥

ਸਾਰੇ ਦੇਸ਼ ਵਾਸੀਆਂ ਲਈ ਬੋਲੀ ਆਸਾਨ ਕਰ ਦਿੱਤੀ ਹੈ, ਅਤੇ ਜਿਹੜੀ ਬੋਲੀ ਦੇਸ਼ ਦੇ ਹਰ ਨਰ ਨਾਰੀ ਵਾਸਤੇ ਉਚਿਤ ਹੈ, ਅਤੇ ਸਮਝ ਵਿਚ ਆਉਂਦੀ ਹੈ। ਰਾਜਾ ਤੇ ਰੰਕ ਉੱਚਾ ਤੇ ਨੀਵਾਂ, ਜਿਹੜਾ ਵੀ ਇਸ ਨੂੰ ਪੜ੍ਹ ਕੇ ਕਮਾਈ ਕਰਦਾ ਹੈ ਜੱਗ ਵਿਚ ਤਰ ਜਾਂਦਾ ਹੈ॥੧੭॥

ਕਹਿ ਬਾਲਾ 'ਸੁਨਿਯੇ ਸਭਿ ਸ਼੍ਰੋਤਾ'! ਏਕ ਨਾਮ ਤੇ ਮੁਕਤਿ ਉਦੋਤਾ।
ਹਉਮੈਂ ਤਜਿ ਸਿਮਰਹੁ ਲਿਵਲਾਈ। ਜਗ ਬੰਧਨ ਤੇ ਦੇਯ ਛੁਡਾਈ ॥੧੮॥

ਬਾਲੇ ਨੇ ਕਿਹਾ, "ਹੇ ਸਾਰੇ ਸ਼੍ਰੋਤਾਜਨ, ਸੁਣੋ ! ਇਕ ਨਾਮ ਨਾਲ ਹੀ ਮੁਕਤੀ ਪ੍ਰਗਟ ਹੁੰਦੀ ਹੈ। ਹਉਮੈ ਛੱਡ ਕੇ ਲਿਵ ਲਾ ਕੇ ਸਿਮਰਨ ਕਰੋ, ਤੁਹਾਡਾ ਜੱਗ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਵੇਗਾ॥ ੧੮॥

ਚੌਪਈ- ਜਹਿਂ ਹਉਮੈਂ ਤਹਿਂ ਨਾਮ ਨ ਬਸਈ। ਜਹਾਂ ਨਾਮ ਤਹਿਂ ਹਉਮੈਂ ਨ ਸਈ।
ਕਹੀ ਨ ਜਾਨੋ ਇਹ ਮਮ ਬਾਨੀ। ਭਾਖੀ ਸ੍ਰੀ ਸਤਿਗੁਰੂ ਗਤਿਦਾਨੀ ॥੧੯॥

ਜਿਥੇ ਹਉਮੈ ਹੈ, ਉਥੇ ਨਾਮ ਨਹੀਂ ਵੱਸਦਾ ਹੈ ਅਤੇ ਜਿਥੇ ਨਾਮ ਹੈ ਉਥੇ ਹਉਮੈਂ ਨਹੀਂ ਠਹਿਰਦੀ। ਇਹ ਮੇਰੀ ਕਹੀ ਹੋਈ ਬਾਣੀ ਨਹੀਂ ਹੈ, ਇਹ ਤਾਂ ਮੁਕਤੀਦਾਤੇ ਗੁਰੂ ਜੀ ਨੇ ਕਿਹਾ ਹੈ। (ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥)।

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਛਿ, ਕਲ੍ਹ, ਨਾਰਦ' ਪ੍ਰਸੰਗ ਬਰਨਨੰ ਨਾਮ ਦੁਇ ਪੰਚਾਸਮੋ ਅਧ੍ਯਾਯ॥ ੫੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦਾ ਪਹਿਲੇ ਅੱਧ ਦਾ ਬਵੰਜਵਾਂ ਅਧਿਆਇ, ਜਿਸ ਦਾ ਨਾਮ 'ਮਛ, ਕਲਿ, ਨਾਰਦ' ਹੈ ਸਮਾਪਤ ਹੋਇਆ॥ ੫੨॥

# ਅਧਿਆਇ ਤਰਵੰਜਵਾਂ

*ਸੁਧਰ ਸੈਨ।*

ਦੋਹਰਾ- ਸ੍ਰੀ ਗੁਰੂ ਪਗ ਗਿਰ ਓਟ ਮਮ ਛੋਡੋਂ ਕਬਹੁੰ ਨ ਭੂਲ।
ਬਿਘਨ ਜਿ ਪਵਨ ਸਮਾਨ ਹੈਂ ਤਾਂਕੋ ਡਰ ਨਹਿੰ ਮੂਲ॥ ੧॥

ਗੁਰੂ ਜੀ ਦੇ ਚਰਨ ਪਹਾੜ ਵਾਂਗ ਮੇਰਾ ਆਸਰਾ ਹਨ। ਕਦੀ ਭੁੱਲ ਕੇ ਵੀ ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ। ਕਿਉਂਕਿ ਵਿਘਨ ਜੋ ਪਰਬਤ ਵਾਂਗ ਹਨ, ਪਰਬਤ ਦੇ ਓਹਲੇ ਉਨ੍ਹਾਂ ਦਾ ਡਰ ਬਿਲਕੁਲ ਨਹੀਂ ਰਹਿੰਦਾ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਕਹਿ ਬਾਲਾ ਸ੍ਰੀ ਅੰਗਦ ! ਸੁਨੀਏ। ਗੁਰੂ ਇਤਿਹਾਸ ਸਰਬ ਸੁਭ ਗੁਨੀਏ।
ਨਾਰਦ ਸੋਂ ਮਿਲਿ ਕਰਿ ਤਿਹਕਾਲਾ। ਆਗੇ ਗਵਨੈ ਦੀਨਦਯਾਲਾ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ। ਗੁਰੂ ਇਤਿਹਾਸ ਸਾਰੇ ਸੁਭ ਗੁਣਾਂ ਨਾਲ ਭਰਪੂਰ ਸਮਝੋ। ਉਸ ਸਮੇਂ ਨਾਰਦ ਨੂੰ ਮਿਲ ਕੇ, ਦੀਨ ਦਿਆਲ ਗੁਰੂ ਜੀ ਅੱਗੇ ਚੱਲ ਪਏ॥ ੨॥

ਸਿੰਧ ਵਿਖੈ ਟਾਪੂ ਇਕ ਆਵਾ। ਦੇਸ਼ ਬਿਸੀਹਰ ਜਾਕੋ ਨਾਂਵਾ।
ਇਕ ਸੁੰਦਰ ਤਹਿੰ ਨਗਰ ਬਿਰਾਜਾ। ਚਹੁ ਦਿਸ਼ ਜਿਸਕੇ ਉਪਬਨ ਛਾਜਾ॥੩॥

ਸਮੁੰਦਰ ਵਿਚ ਇਕ ਟਾਪੂ ਆਇਆ। ਉਸ ਦੇਸ਼ ਦਾ ਨਾਂ ਬਿਸੀਹਰ ਸੀ। ਉਸ ਟਾਪੂ ਵਿਚ ਇਕ ਸੁੰਦਰ ਨਗਰ ਬਿਰਾਜ ਰਿਹਾ ਸੀ। ਜਿਸ ਦੇ ਚਾਰ-ਚੁਫੇਰੇ ਬਾਗ ਸੋਭਨੀਕ ਸਨ॥ ੩॥

ਬਨਯੋ ਸੁ ਗਿਰਦੇ ਦੁਰਗ ਉਤੰਗਾ। ਘਨ ਰੋਕਨ ਹਿਤ ਮਨਹੁ ਉਮੰਗਾ।
ਸੁਧਰਸੈਨ ਤਹਿੰ ਹੁਤ ਨ੍ਰਿਪਾਲਾ। ਕਰਤਿ ਰਾਜ ਤਿਹ ਦੇਸ਼ ਬਿਸਾਲਾ॥੪॥

ਉਸ ਨਗਰ ਦੇ ਦੁਆਲੇ ਇਕ ਵੱਡਾ ਕਿਲਾ ਬਣਿਆ ਹੋਇਆ ਸੀ, ਮਾਨੋ ਉਹ ਬੱਦਲਾਂ ਨੂੰ ਰੋਕਣਾ ਚਾਹੁੰਦਾ ਸੀ। ਸੁਧਰ ਸੈਨ ਉਸ ਦੇਸ਼ ਦਾ ਰਾਜਾ ਸੀ। ਉਹ ਵਿਸ਼ਾਲ ਦੇਸ਼ 'ਤੇ ਰਾਜ ਕਰ ਰਿਹਾ ਸੀ॥ ੪॥

ਪੁਰਿ ਕੇ ਵਹਿਰ ਥਾਨ ਰਮਣੀਕਾ। ਬੈਸੇ ਤਹਿੰ ਬੇਦੀ ਕੁਲਟੀਕਾ।
ਨਿਸਾ ਬਿਤੀ ਇਕ, ਭੀ ਭੁਨਸਾਰਾ। ਤਬ ਮਰਦਾਨੇ ਬਚਨ ਉਚਾਰਾ॥੫॥

ਨਗਰ ਵਿਚ ਇਕ ਰਮਣੀਕ ਥਾਂ ਵੇਖ ਕੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬੈਠੇ ਸਨ। ਜਦ ਇਕ ਰਾਤ ਬੀਤ ਗਈ ਅਤੇ ਸਵੇਰ ਹੋ ਗਈ, ਤਦ ਮਰਦਾਨੇ ਨੇ ਇਹ ਬਚਨ ਉਚਾਰਿਆ॥ ੫॥

'ਆਇਸੁ ਦੇਹੁ ਨਗਰ ਮਹਿੰ ਜਾਵੋਂ। ਜਾਚ ਕਿਸੂ ਤੇ ਭੋਜਨ ਖਾਵੋਂ'।
ਬਿਗਸੇ ਸ੍ਰੀ ਮੁਖ ਮੁਝ ਸੋਂ ਕਹਿਹੀ। 'ਕਯਾ ਮਰਦਾਨਾ ਭਾਖਤਿ ਅਹਿਹੀ ?'॥੬॥

"ਆਗਿਆ ਦੇਵੋ ਤਾਂ ਮੈਂ ਇਸ ਨਗਰ ਵਿਚ ਜਾਵਾਂ ਅਤੇ ਕਿਸੇ ਪਾਸੋਂ ਮੰਗ ਕੇ ਭੋਜਨ ਖਾ ਆਵਾਂ।" ਗੁਰੂ ਜੀ ਮਰਦਾਨੇ ਦੀ ਗੱਲ ਸੁਣ ਕੇ ਮੁਸਕਰਾਏ ਅਤੇ ਮੈਨੂੰ ਕਿਹਾ, "ਮਰਦਾਨਾ ਕੀ ਕਹਿੰਦਾ ਹੈ ?"॥ ੬॥

ਮੈਂ ਬੋਲਯੋ 'ਇਹ ਜਨਮ ਸੁਭਾਊ। ਮਿਟਹਿ ਨ ਕੀਜਹਿ ਕੋਟ ਉਪਾਊ'।
ਸ੍ਰੀ ਮੁਖ ਭਨਹਿ 'ਸੁਨਹੁ ਮਰਦਾਨਾ !। ਕਿਹਤੇ ਜਾਚਹੁ ਭੋਜਨ ਖਾਨਾ ?'॥੭॥

ਮੈਂ ਕਿਹਾ, "ਉਸ ਦਾ ਇਹ ਜਮਾਂਦਰੂ ਸੁਭਾਅ ਹੈ, ਇਹ ਮਿੱਟ ਨਹੀਂ ਸਕਦਾ ਭਾਵੇਂ ਕਰੋੜਾਂ ਉਪਾਅ ਕਰਕੇ ਵੇਖ ਲਵੇ।" ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, "ਹੇ ਮਰਦਾਨਾ! ਸੁਣੋ, ਕਿਸੇ ਪਾਸੋਂ ਮੰਗ ਕੇ ਤੂੰ ਭੋਜਨ ਖਾ ਲਵੇਂਗਾ?"॥ ੭॥

ਦੋਹਰਾ- 'ਜਿਹ ਢਿਗ ਕਰਹੁ ਰਜਾਇ ਨਿਜ ਜਾਚੌਂ ਤਿਹ ਢਿਗ ਜਾਇ।
ਨਹਿ ਕੋ ਮੇਲੀ ਮਮ ਇਹਾਂ', ਸੁਨਿ ਸ੍ਰੀ ਗੁਰੂ ਅਲਾਇ॥ ੮॥

"ਜਿਸ ਪਾਸ ਜਾਣ ਦਾ ਹੁਕਮ ਕਰੋ, ਉਸ ਪਾਸ ਜਾ ਕੇ ਮੈਂ ਭੋਜਨ ਮੰਗ ਲਵਾਂਗਾ। ਮੇਰਾ ਏਥੇ ਕੋਈ ਦੋਸਤ ਨਹੀਂ ਹੈ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ॥ ੮॥

ਚੌਪਈ- 'ਪਾਖਰ ਇਕ ਤਿਖਾਣ ਤਿਹ ਪੂਤਾ। ਭੰਡਾ ਨਾਮ ਰੁਚਿਰ ਕਰਤੂਤਾ।
ਜਾਇ ਕਰਹੁ ਭੋਜਨ ਤਿਹ ਐਨਾ'। ਮਰਦਾਨਾ ਗਮਨਯੋ ਸੁਨਿ ਬੈਨਾ॥੯॥

ਏਥੇ ਇਕ ਪਾਖਰ ਨਾਂ ਦੇ ਤਰਖਾਣ ਦਾ ਪੁੱਤਰ ਰਹਿੰਦਾ ਹੈ, ਉਸ ਦਾ ਨਾਂ ਭੰਡਾ ਹੈ ਅਤੇ ਉਹ ਸੋਹਣੀ ਕਰਨੀ ਵਾਲਾ ਹੈ। ਉਸ ਦੇ ਪਾਸ ਜਾ ਕੇ ਭੋਜਨ ਕਰੋ।" ਇਹ ਸੁਣ ਕੇ ਮਰਦਾਨਾ ਸ਼ਹਿਰ ਵਲ ਚਲੇ ਗਿਆ॥ ੯॥

ਜਾਇ ਨਗਰ ਮਹਿ ਪ੍ਰਾਪਤਿ ਭਯੋ। ਬੂਝਤਿ ਬੂਝਤਿ ਕੋਸਿਕ ਗਯੋ।
ਤਬ ਇਕ ਮਾਨਵ ਤਿਹਕੇ ਸੰਗਾ। ਬੂਝਨ ਕੀਨ ਸਰਬ ਪਰਸੰਗਾ॥੧੦॥

ਨਗਰ ਵਿਚ ਪਹੁੰਚ ਗਿਆ ਤੇ ਭੰਡੇ ਦਾ ਘਰ ਪੁੱਛਦਾ-ਪੁੱਛਦਾ ਇਕ ਕੋਹ ਦੇ ਕਰੀਬ ਚਲਾ ਗਿਆ। ਤਦ ਇਕ ਮਨੁੱਖ ਉਸ ਨੂੰ ਉਸ ਬਾਰੇ ਸਭ ਕੁਝ ਪੁੱਛਣ ਲਗਿਆ॥ ੧੦॥

'ਕੋ ਹੈਂ ਤੂੰ? ਕਿਹਂ ਤੇ ਚਲਿ ਆਯੋ? ਕੌਨ ਬਰਨ ਅਬ ਕਹਾਂ ਸਿਧਾਯੋ?'।
ਸੁਨਿ ਮਰਦਾਨੇ ਵਾਕ ਅਲਾਯਾ। 'ਭੰਡੇ ਕੋ ਘਰ ਦੇਹੁ ਬਤਾਯਾ॥੧੧॥

"ਤੂੰ ਕੌਣ ਹੈਂ? ਕਿਥੋਂ ਚਲ ਕੇ ਆਇਆ ਹੈਂ? ਤੇਰੀ ਕਿਹੜੀ ਜਾਤ ਹੈ ਅਤੇ ਹੁਣ ਕਿਥੇ ਚਲਿਆ ਹੈਂ?" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਭੰਡੇ ਦਾ ਘਰ ਦੱਸ ਦੇਵੋ॥ ੧੧॥

ਦੋਹਰਾ- ਬੂਝਿ ਲੇਯਗੋ ਸੋ ਹਮੈਂ ਜਾਇ ਜੁ ਤਿਹ ਕੇ ਪਾਸ'।
ਇੰਦ੍ਰਸੈਨ ਸੁਨਿ ਲੇ ਚਲਾ ਜਿਹਠਾਂ ਹੁਤੋ ਅਵਾਸ॥ ੧੨॥

ਉਨ੍ਹਾਂ ਦੇ ਕੋਲ ਜਾ ਕੇ ਤੁਸੀਂ ਮੇਰੇ ਬਾਰੇ ਸਭ ਕੁਝ ਜਾਣ ਲਵੋਗੇ। ਇਹ ਸੁਣ ਕੇ ਇੰਦਰਸੈਨ ਉਸ ਨੂੰ ਓਥੇ ਲੈ ਗਿਆ ਜਿਥੇ ਭੰਡੇ ਦਾ ਘਰ ਸੀ॥ ੧੨॥

ਚੌਪਈ- ਭੰਡਾ ਮੰਜੀ ਬੁਨਤਿ ਨਿਕੇਤੂ। ਦੇਖਿ ਉਠਯੋ ਤਿਨ ਆਦਰ ਹੇਤੂ।
ਤੂਰਨ ਸੁੰਦਰ ਮੰਚ ਡਸਾਯੋ। ਅਧਿਕ ਭਾਉ ਕਰਿ ਤਿਸਹਿ ਬਿਸਾਯੋ॥੧੩॥

ਭੰਡਾ ਘਰ ਅੰਦਰ ਮੰਜੀ ਉਣ ਰਿਹਾ ਸੀ। ਮਰਦਾਨੇ ਨੂੰ ਵੇਖ ਕੇ ਬੜੇ ਆਦਰ ਨਾਲ ਉਠਿਆ। ਤੁਰੰਤ ਸੁੰਦਰ ਪਲੰਘ ਡਾਹਿਆ ਅਤੇ ਬਹੁਤ ਪ੍ਰੇਮ ਕਰਕੇ ਉਸ ਨੂੰ ਪਲੰਘ ਤੇ ਬਿਠਾਇਆ॥ ੧੩॥

ਇੰਦ੍ਰਸੈਨ ਪੁਨ ਬੈਨ ਉਚਾਰਾ। 'ਖੋਜਤਿ ਫਿਰਤਿ ਅਵਾਸ ਤੁਮਾਰਾ।
ਬੂਝਿ ਰਹਯੋ ਹੌਂ ਸਰਬ ਪ੍ਰਸੰਗਾ। ਮੁਹਿ ਨ ਬਤਾਯੋ ਆਨਯੋ ਸੰਗਾ॥੧੪॥

ਇੰਦਰਸੈਨ ਫਿਰ ਬੋਲਿਆ, "ਇਹ ਤੁਹਾਡਾ ਘਰ ਲੱਭਦਾ ਫਿਰਦਾ ਸੀ। ਮੈਂ ਇਸ ਨੂੰ ਸਾਰਾ ਪ੍ਰਸੰਗ ਪੁਛਿਆ ਹੈ, ਪਰ ਇਸ ਮੈਨੂੰ ਕੁਝ ਨਹੀਂ ਦੱਸਿਆ ਤੇ ਤੁਹਾਡੇ ਪਾਸ ਆ ਗਿਆ ਹੈ॥ ੧੪॥

ਚੌਪਈ- ਯਾਂ ਕੋ ਹੈ ਕੁਛ ਤੁਝ ਸੋਂ ਕਾਮਾ। ਯਾਂਤੇ ਚਲਿ ਆਵਾ ਤੁਝ ਧਾਮਾ'।
ਬੂਝਤਿ ਭੰਡਾ 'ਕਿਹਤੇ ਆਯੋ?। ਕੌਨ ਨਾਮ, ਕੋ ਬਰਨ ਸੁਹਾਯੋ?'॥੧੫॥

ਇਸ ਨੂੰ ਤੁਹਾਡੇ ਨਾਲ ਕੁਝ ਕੰਮ ਹੈ, ਇਸ ਲਈ ਚੱਲ ਕੇ ਤੁਹਾਡੇ ਘਰ ਆਇਆ ਹੈ।" ਝੰਡਾ ਪੁਛਣ ਲੱਗਾ, "ਕਿਥੋਂ ਆਏ ਹੋ, ਤੁਹਾਡਾ ਕੀ ਨਾਂ ਹੈ ਅਤੇ ਤੁਹਾਡੀ ਕਿਹੜੀ ਜਾਤ ਹੈ ?" ॥੧੫॥

ਦੋਹਰਾ- 'ਮਰਦਾਨਾ ਮਮ ਨਾਮ ਹੈ ਬਰਨ ਮਿਰਾਸੀ ਜਾਨ।
ਤੁਮਰੇ ਨਿਕਟਿ ਪਠਾਇਓ ਸ੍ਰੀ ਨਾਨਕ ਗੁਨ ਖਾਨ' ॥ ੧੬ ॥

ਮਰਦਾਨੇ ਕਿਹਾ, "ਮਰਦਾਨਾ ਮੇਰਾ ਨਾਂ ਹੈ, ਜਾਤ ਮੇਰੀ ਮਿਰਾਸੀ ਹੈ, ਤੁਹਾਡੇ ਪਾਸ ਮੈਨੂੰ ਗੁਣਾਂ ਦੀ ਖਾਨ ਸ੍ਰੀ ਨਾਨਕ ਜੀ ਨੇ ਭੇਜਿਆ ਹੈ" ॥ ੧੬ ॥

ਚੌਪਈ- ਝੰਡਾ ਕਹੈ 'ਨ ਹੌਂ ਕਬਿ ਜਾਨਤਿ। ਜਿਹ ਕੋ ਨਾਨਕ ਨਾਮ ਬਖਾਨਤਿ।
ਆਗੇ ਸੁਨਾ ਨ ਦੇਖਾ ਕਬਹੀ। ਤੁਮਨੈ ਨਾਮ ਸੁਨਾਵਾ ਅਬਹੀ' ॥੧੭॥

ਝੰਡੇ ਨੇ ਕਿਹਾ, "ਮੈਂ ਤਾਂ ਉਸ ਨੂੰ ਕਦੀ ਜਾਣਦਾ ਨਹੀਂ, ਜਿਸ ਦਾ ਤੂੰ ਨਾਨਕ ਨਾਮ ਦੱਸਿਆ ਹੈ। ਨਾ ਮੈਂ ਪਹਿਲਾਂ ਕਦੀ ਸੁਣਿਆ ਹੈ ਅਤੇ ਨਾ ਵੇਖਿਆ ਹੈ। ਤੁਸੀਂ ਇਹ ਨਾਂ ਮੈਨੂੰ ਹੁਣ ਸੁਣਾਇਆ ਹੈ" ॥ ੧੭ ॥

'ਤੂੰ ਨਹਿ ਜਾਨਤਿ ਸੋ ਤੁਝ ਜਾਨਹਿ। ਚਲੋਂ ਹਦੂਰ ਲੇਯ ਪਹਿਚਾਨਹਿ।
ਜੇ ਪਛਾਨ ਤੇ ਮੁਝੇ ਪਠਾਵਾ। ਬਿਨ ਜਾਨੇ ਸੁਧਿ ਕਿਹ ਕੋ ਆਵਾ?' ॥੧੮॥

ਮਰਦਾਨੇ ਕਿਹਾ, "ਤੂੰ ਉਸ ਨੂੰ ਨਹੀਂ ਜਾਣਦਾ, ਪਰ ਉਹ ਤਾਂ ਤੈਨੂੰ ਜਾਣਦੇ ਹਨ। ਉਨ੍ਹਾਂ ਦੇ ਪਾਸ ਚਲੋ, ਤੈਨੂੰ ਉਹ ਪਛਾਣ ਲੈਣਗੇ। ਜਿਸ ਪਛਾਣ ਤੇ ਉਨ੍ਹਾਂ ਮੈਨੂੰ ਭੇਜਿਆ ਹੈ, ਬਿਨਾਂ ਜਾਣਿਆਂ ਕਿਸ ਨੂੰ ਸੁੱਧ ਹੁੰਦੀ ਹੈ" ॥ ੧੮ ॥

ਸੁਨਿ ਇਵ ਝੰਡਾ ਬੁੱਧਿ ਵਿਸ਼ੇਖਾ। ਬੂਝਤਿ 'ਕੋ ਸਰੀਰ ਤਿਨ ਭੇਖਾ ?।
ਜਿਸ ਪ੍ਰਕਾਰ ਕੀ ਹੈ ਤਿਨ ਰੀਤਾ। ਲੇ ਗਵਨੋਂ ਤਸ ਭੇਟ ਸਪ੍ਰੀਤਾ ॥੧੯॥

ਝੰਡੇ ਨੇ ਸ੍ਰੇਸ਼ਟ ਬੁੱਧੀ ਬਾਰੇ ਸੁਣ ਕੇ ਪੁਛਿਆ, "ਉਨ੍ਹਾਂ ਨੇ ਸਰੀਰ ਤੇ ਕਿਹੜਾ ਭੇਸ ਧਾਰਨ ਕੀਤਾ ਹੈ? ਉਸ ਦੀ ਕਿਸ ਪ੍ਰਕਾਰ ਦੀ ਰੀਤੀ ਹੈ, ਮੈਂ ਪ੍ਰੀਤ ਪ੍ਰੇਮ ਨਾਲ ਭੇਟ ਲੈ ਕੇ ਹਾਜ਼ਰ ਹੋ ਜਾਵਾਂਗਾ" ॥ ੧੯ ॥

ਪੁਨ ਮਰਦਾਨੇ ਬੈਨ ਅਲਾਯਾ। 'ਜਗ ਮਹਿਂ ਨਾਨਕ ਤਪਾ ਕਹਾਯਾ।
ਭੇਸ ਉਦਾਸ ਸਰੀਰ ਬਿਰਾਜੈ। ਜਿਨਕੇ ਦਰਸ਼ਨ ਕਲਿਮਲ ਭਾਜੈ' ॥੨੦॥

ਫਿਰ ਮਰਦਾਨੇ ਨੇ ਕਿਹਾ, "ਜਗਤ ਵਿਚ ਉਸ ਨੂੰ 'ਨਾਨਕ ਤਪਾ' ਕਿਹਾ ਜਾਂਦਾ ਹੈ। ਸਰੀਰ ਤੇ ਉਸ ਉਦਾਸੀ ਭੇਸ ਧਾਰਨ ਕੀਤਾ ਹੋਇਆ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੨੦॥

ਦੋਹਰਾ- ਝੰਡਾ ਰਿਦੈ ਵਿਚਾਰਿ ਹੀ-ਕੋ ਅਤੀਤ ਸ਼ੁਭ ਹੋਇ-।
ਅਸਨ ਕਰਨ ਆਇਸੁ ਦਈ ਸਦਨ ਅੰਗਨਾਂ ਜੋਇ॥ ੨੧॥

ਝੰਡੇ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਕੋਈ ਸ਼ੁਭ ਫਕੀਰ ਹੈ ਤੇ ਉਸੇ ਵੇਲੇ ਘਰ ਵਿਚ ਆਪਣੀ ਵਹੁਟੀ ਨੂੰ ਭੋਜਨ ਤਿਆਰ ਕਰਨ ਦਾ ਆਦੇਸ਼ ਕਰ ਦਿੱਤਾ॥ ੨੧॥

ਚੌਪਈ- ਇੰਦ੍ਰਸੈਨ ਨਿਜ ਸਦਨ ਸਿਧਾਰਾ। ਝੰਡਾ ਉਪਬਨ ਵਿਖੈ ਪਧਾਰਾ।
ਪੁਸ਼ਪ ਮਧੁਰ ਫਲ ਤਿਹ ਤੇ ਆਨੇ। ਦੇਖਿ ਬਚਨ ਭਾਖੇ ਮਰਦਾਨੇ ॥੨੨॥

ਇੰਦ੍ਰਸੈਨ ਆਪਣੇ ਘਰ ਨੂੰ ਚਲਾ ਗਿਆ ਤੇ ਝੰਡਾ ਬਾਗ ਵਿਚ ਚਲਾ ਗਿਆ। ਬਾਗ ਵਿਚੋਂ ਉਸ ਸੁੰਦਰ ਫੁੱਲ ਅਤੇ ਮਿੱਠੇ ਫਲ ਲਿਆਂਦੇ। ਝੰਡੇ ਨੂੰ ਵੇਖ ਕੇ ਮਰਦਾਨੇ ਨੇ ਕਿਹਾ॥ ੨੨॥

'ਹੁਤੋ ਕੌਨ ਆਇ ਜੁ ਮਮ ਸੰਗਾ। ਸ਼ੁਭ ਸੁਭਾਇ ਜਨੁ ਰੁਚਿਰ ਅਨੰਗਾ।

ਮੁਝ ਕੋ ਤੁਮਰੇ ਧਾਮ ਲਿਆਵਾ। ਮਧੁਰ ਗਿਰਾ ਕਹਿ ਸੁਖ ਉਪਜਾਵਾ ॥੨੩॥

"ਉਹ ਆਦਮੀ ਕੌਣ ਸੀ ਜਿਹੜਾ ਮੇਰੇ ਨਾਲ ਆਇਆ ਸੀ। ਉਸ ਦਾ ਬੜਾ ਚੰਗਾ ਸੁਭਾਅ ਹੈ ਅਤੇ ਕਾਮਦੇਵ ਵਾਂਗ ਸੁੰਦਰ ਹੈ। ਮੈਨੂੰ ਤੁਹਾਡੇ ਘਰ ਲੈ ਕੇ ਆਇਆ ਸੀ। ਉਸ ਦੇ ਮਿੱਠੇ ਬਚਨ ਬੜੇ ਸੁਖਦਾਇਕ ਸਨ" ॥ ੨੩॥

ਭੰਡਾ ਕਹੈ 'ਨਗਰ ਨ੍ਰਿਪ ਜੋਊ। ਯਾਂ ਕੋ ਮਾਤੁਲ ਲਾਗਹਿ ਸੋਊ।
ਮੁਝਸੋਂ ਪ੍ਰੀਤਿ ਕਰਹਿ ਅਧਿਕਾਈ। ਕਰਤਿ ਭਗਤਿ ਹੋਵਤਿ ਇਕਥਾਈਂ ॥੨੪॥

ਭੰਡੇ ਨੇ ਕਿਹਾ, "ਜਿਹੜਾ ਨਗਰ ਦਾ ਰਾਜਾ ਹੈ, ਉਹ ਇਸ ਦਾ ਮਾਮਾ ਲੱਗਦਾ ਹੈ। ਮੇਰੇ ਨਾਲ ਬਹੁਤ ਪਿਆਰ ਕਰਦਾ ਹੈ। ਅਸੀ ਦੋਵੇਂ ਇਕ ਥਾਂ ਬੈਠ ਕੇ ਭਗਤੀ ਕਰਦੇ ਹਾਂ॥ ੨੪॥

ਪ੍ਰਭੁ ਕੋ ਸੁਜਸੁ ਗਾਇ ਕਰਿ ਪ੍ਰੇਮਾ। ਹ੍ਵੈ ਇਕਾਂਤ, ਇਹ ਹਮਰੇ ਨੇਮਾ।
ਕਰ ਵਿਚਾਰ ਆਤਮ ਅਭਿਆਸਾ। ਉਰ ਮਧ ਬ੍ਰਿੱਧਹਿ ਅਧਿਕ ਹੁਲਾਸਾ ॥੨੫॥

ਪ੍ਰਭੂ ਦਾ ਸੁੰਦਰ ਜਸ ਬੜੇ ਪ੍ਰੇਮ ਨਾਲ ਗਾਉਂਦੇ ਹਾਂ। ਇਹ ਸਾਡਾ ਨੇਮ ਹੈ ਕਿ ਇਕਾਂਤ ਵਿਚ ਬੈਠ ਕੇ ਵਿਚਾਰ ਕਰਕੇ ਆਤਮ ਅਭਿਆਸ ਕਰਦੇ ਹਾਂ, ਜਿਸ ਨਾਲ ਹਿਰਦੇ ਵਿਚ ਆਨੰਦ ਵਧਦਾ ਹੈ" ॥ ੨੫॥

ਸੁਨਿ ਮਰਦਾਨੇ ਬਚਨ ਉਚਾਰੇ। 'ਧੰਨ ਸੰਤ ਤਮੁ ਪ੍ਰਭੁ ਕੇ ਪਯਾਰੇ।
ਧਰਿ ਉਰ ਸੁਮਤਿ ਭਗਤਿ ਮਨ ਰੰਗੇ। ਮਿਲਿਕੈ ਕਰਹੁ ਸਦਾ ਸਤਿਸੰਗੇ ॥੨੬॥

ਇਹ ਸੁਣ ਕੇ ਮਰਦਾਨੇ ਨੇ ਬਚਨ ਕੀਤਾ, "ਧੰਨ ਹੋ ਤੁਸੀਂ ਜਿਹੜੇ ਪ੍ਰਭੂ ਦੇ ਪਿਆਰੇ ਸੰਤ ਹੋ। ਹਿਰਦੇ ਵਿਚ ਚੰਗੀ ਮੱਤ ਧਾਰਨ ਕਰਕੇ ਮਨ ਵਿਚ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਹੋ ਅਤੇ ਸਦਾ ਮਿਲ ਕੇ ਸਤਿਸੰਗ ਕਰਦੇ ਹੋ॥੨੬॥

ਅਬ ਜੇ ਭਯੋ ਤਯਾਰ ਅਹਾਰਾ। ਲੇ ਕਰਿ ਚਲਹੁ ਨ ਕਰਹੁ ਅਵਾਰਾ।
ਸੁਨਿ ਕਰਿ ਭੰਡਾ ਭਯੋ ਤਯਾਰਾ। ਲੇ ਭੋਜਨ ਕੋ ਵਹਿਰ ਪਧਾਰਾ ॥੨੭॥

ਹੁਣ ਜੇ ਭੋਜਨ ਤਿਆਰ ਹੋ ਗਿਆ ਹੈ ਤਾਂ ਲੈ ਆਵੋ, ਹੋਰ ਦੇਰੀ ਨਾ ਕਰੋ।" ਇਹ ਸੁਣ ਕੇ ਭੰਡਾ ਤਿਆਰ ਹੋ ਗਿਆ ਤੇ ਭੋਜਨ ਲੈ ਕੇ ਬਾਹਰ ਚਲਾ ਗਿਆ॥ ੨੭॥

ਅਸਨ ਚੰਗੇਰ ਸੀਸ ਪਰਿ ਧਰਿਕੇ। ਗਮਨਯੋ ਤਿਹ ਕੋ ਅੱਗ੍ਰਜ ਕਰਿਕੇ।
ਮਾਰਗ ਮਹਿਂ ਤਬ ਬੂਝਨ ਲਾਗਾ। 'ਕਿਹਿ ਬੋਲੀ ਸੋਂ ਇਨ ਅਨੁਰਾਗਾ ॥੨੮॥

ਭੋਜਨ ਵਾਲੀ ਚੰਗੇਰ ਸਿਰ ਉੱਤੇ ਚੁਕ ਕੇ ਉਹ ਮਰਦਾਨੇ ਨੂੰ ਅੱਗੇ ਲਾ ਕੇ ਚਲ ਪਿਆ। ਰਾਹ ਵਿਚ ਜਾ ਕੇ ਪੁੱਛਣ ਲੱਗਾ, "ਤੁਹਾਡੇ ਮਹਾਤਮਾ ਜੀ ਕਿਹੜੇ ਬੋਲ ਨਾਲ ਪ੍ਰਸੰਨ ਹੁੰਦੇ ਹਨ" ॥ ੨੮॥

ਸੁਨਿ ਕਰਿ ਬੈਨ ਭਨੇ ਮਰਦਾਨੇ। 'ਕਰਹੁ ਨਾਮ-ਕਰਤਾਰ-ਬਖਾਨੇ।
ਜਹਿਂ ਬੈਸੇ ਬੇਦੀ ਕੁਲਦੀਪਾ। ਕਹਿਤਿ ਪਰਸਪਰ ਗਏ ਸਮੀਪਾ ॥੨੯॥

ਇਹ ਸੁਣ ਕੇ ਮਰਦਾਨੇ ਨੇ ਬਚਨ ਕੀਤੇ, "ਕਰਤਾਰ ਨਾਮ ਲੈ ਕੇ ਬਚਨ ਕਰੋ।" ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਕਹਿੰਦਿਆਂ ਹੀ ਉਨ੍ਹਾਂ ਦੇ ਨੇੜੇ ਚਲੇ ਗਏ॥ ੨੯॥

ਦੋਹਰਾ- 'ਸ੍ਰੀ ਕਰਤਾਰ, ਕਰਤਾਰ ਜੀ' ਉਚਰਯੋ ਭੰਡੇ ਜਾਇ।
ਧਰਿ ਅਹਾਰ ਆਗੈ ਰੁਚਿਰ ਢਿਗ ਬੈਠਯੋ ਹਰਖਾਇ॥ ੩੦॥

ਗੁਰੂ ਜੀ ਪਾਸ ਪਹੁੰਚ ਕੇ ਭੰਡੇ ਨੇ 'ਕਰਤਾਰ! ਕਰਤਾਰ!' ਕਿਹਾ। ਉਨ੍ਹਾਂ ਦੇ ਅੱਗੇ ਭੋਜਨ ਰੱਖ ਕੇ ਬੜਾ ਪ੍ਰਸੰਨ ਹੋ ਕੇ ਉਨ੍ਹਾਂ ਦੇ ਨੇੜੇ ਬੈਠ ਗਿਆ॥ ੩੦॥

ਸ੍ਰੀ ਨਾਨਕ ਬੂਝਨ ਕਰਯੋ 'ਝੰਡੇ ਸੁਨੀਏ ਸ੍ਰੋਨ।
ਕਿਹਤੇ ਆਨਯੋ ਅਸਨ ਕੋ ਕਾਜ ਤੁਮਾਰੋ ਕੌਨ?'॥ ੩੧॥

ਸ੍ਰੀ ਗੁਰੂ ਨਾਨਕ ਜੀ ਨੇ ਪੁਛਿਆ, "ਝੰਡਿਆ ਕੰਨ ਲਾ ਕੇ ਗੱਲ ਸੁਣ, "ਇਹ ਭੋਜਨ ਕਿਸ ਕਰਕੇ ਲੈ ਕੇ ਆਇਆ ਹੈਂ? ਤੈਨੂੰ ਕੀ ਕੰਮ ਹੈ?"॥ ੩੧॥

'ਪਰਮੇਸੁਰ ਭੇਜਾ ਤੁਮੈਂ, ਕਰਿ ਆਨਯੋ ਮੈਂ ਪਾਸ।
ਅਸਨ ਅਚਹੁ ਅਬ ਸੰਤ ਜੀ! ਪੂਰਨ ਕੀਜੈ ਆਸ'॥ ੩੨॥

ਤੁਹਾਨੂੰ ਪਰਮੇਸ਼ਰ ਨੇ ਭੇਜਿਆ ਹੈ, ਮੈਂ ਭੋਜਨ ਤਿਆਰ ਕਰਕੇ ਤੁਹਾਡੇ ਪਾਸ ਲੈ ਕੇ ਆਇਆ ਹਾਂ। ਹੇ ਸੰਤ ਜੀ! ਹੁਣ ਭੋਜਨ ਛੱਕੋ ਅਤੇ ਮੇਰੀ ਆਸ ਪੂਰੀ ਕਰੋ"॥ ੩੨॥

ਚੌਪਈ- ਸੁਨਿ ਸ੍ਰੀ ਮੁਖਤੇ ਬਚਨ ਬਖਾਨੇ। 'ਪਰਮੇਸੁਰ ਕੋ ਸਕਹੁ ਪਛਾਨੇ?।
ਜਿਹ ਕੋ ਮੁਨਿ ਜਨ ਖੋਜਨ ਕਰਿਹੀ।-ਨੇਤਿ ਨੇਤਿ- ਮੁਖ ਬਹੁਰ ਉਚਰਿਹੀ'॥੩੩॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ, "ਕੀ ਤੁਸੀਂ ਪਰਮੇਸ਼ਰ ਨੂੰ ਪਛਾਣ ਸਕਦੇ ਹੋ? ਜਿਸ ਨੂੰ ਅੱਜ ਤਕ ਰਿਸ਼ੀ ਮੁਨੀ ਖੋਜਦੇ ਆ ਰਹੇ ਹਨ, ਪਰ ਕਿਸੇ ਨੂੰ ਨਹੀਂ ਮਿਲਿਆ ਅਤੇ ਉਹ ਆਪਣੇ ਮੁੱਖ ਤੋਂ ਕਹਿੰਦੇ ਹਨ, ਉਸ ਦਾ ਕੋਈ ਅੰਤ ਨਹੀ, ਉਸ ਦਾ ਕੋਈ ਅੰਤ ਨਹੀਂ"॥ ੩੩॥

'ਸੁਨਹੁ ਸੰਤ ਜੀ! ਮਿਲ ਗੁਨ ਗਾਵਹਿਂ। ਖੋਜਨ ਹਿਤ ਅਭਿਲਾਖ ਵਧਾਵਹਿਂ।
ਹਮਕੋ ਮਿਲਹਿ ਜਬਹਿ ਗੁਰ ਪੂਰਾ। ਸੋ ਲਖਵਾਇ ਆਤਮਾ ਰੂਰਾ॥੩੪॥

ਝੰਡੇ ਨੇ ਕਿਹਾ, "ਹੇ ਸੰਤ ਜੀ ਸੁਣੋ! ਮਿਲ ਕੇ ਪ੍ਰਭੂ ਦੇ ਗੁਣ ਗਾਉਣ ਨਾਲ, ਪ੍ਰਭੂ ਖੋਜਣ ਦੀ ਅਭਿਲਾਸ਼ਾ ਵਧਦੀ ਹੈ। ਸਾਨੂੰ ਜਦ ਪੂਰਨ ਗੁਰੂ ਮਿਲ ਜਾਵੇਗਾ ਤਾਂ ਉਹ ਸਾਨੂੰ ਸੁੰਦਰ ਆਤਮਾ ਦੇ ਦਰਸ਼ਨ ਕਰਵਾਇਗਾ"॥ ੩੪॥

ਸ੍ਰੀ ਨਾਨਕ ਤਬ ਬਚਨ ਉਚਾਰਾ। 'ਕਿਹ ਕੀ ਸੰਗਤਿ ਮੇਲ ਤੁਮਾਰਾ?'।
ਝੰਡਾ ਕਹੈ 'ਭੂਪ ਭਗਨੀਸੁਤ। ਭਗਤਿ ਕਰਹਿਂ ਮਿਲਕੇ ਤਿਹ ਸੰਜੁਤ'॥੩੫॥

ਗੁਰੂ ਨਾਨਕ ਜੀ ਨੇ ਫਿਰ ਬਚਨ ਕੀਤਾ, "ਕਿਸ ਦੀ ਸੰਗਤ ਵਿਚ ਤੇਰਾ ਮੇਲ ਹੈ?" ਝੰਡੇ ਨੇ ਕਿਹਾ, "ਉਹ ਇਸ ਨਗਰ ਦੇ ਰਾਜੇ ਦੀ ਭੈਣ ਦਾ ਪੁੱਤਰ ਭਾਵ ਰਾਜੇ ਦਾ ਭਣੇਵਾਂ ਹੈ। ਉਸ ਨਾਲ ਮਿਲ ਕੇ ਮੈਂ ਭਗਤੀ ਕਰਦਾ ਹਾਂ"॥ ੩੫॥

ਸ੍ਰੀ ਗੁਰ ਭਨੈ 'ਅਸਨ ਜੋ ਆਨਾ। ਯਾਂਕੋ ਕਰਹੁ ਪੰਚ ਇਸਥਾਨਾ।
ਏਕ ਭਾਗ ਕੋ ਅਸਨ ਜੁ ਹੋਇ। ਮਰਦਾਨੇ ਕੋ ਦੀਜਹਿ ਸੋਇ॥ ੩੬॥

ਗੁਰੂ ਜੀ ਨੇ ਕਿਹਾ, "ਜੋ ਭੋਜਨ ਤੂੰ ਲੈ ਕੇ ਆਇਆ ਹੈਂ, ਇਸ ਨੂੰ ਪੰਜਾਂ ਹਿਸਿਆਂ ਵਿਚ ਵੰਡ ਦੇਵੋ। ਫਿਰ ਭੋਜਨ ਦਾ ਜਿਹੜਾ ਇਕ ਭਾਗ ਬਣਦਾ ਹੈ, ਉਹ ਮਰਦਾਨੇ ਨੂੰ ਦੇ ਦੇਵੋ॥ ੩੬॥

ਚੌਪਈ- ਇੰਦ੍ਰਸੈਨ ਕੋ ਲੇਹੁ ਬੁਲਾਈ। ਭੋਜਨ ਪੁਨ ਤੁਮਾਰ ਹਮ ਖਾਈ'।
ਆਇਸੁ ਮਾਨਿ ਕੀਨ ਪੰਚ ਭਾਗਾ। ਏਕ ਭਾਗ ਦੇਵਨ ਤਬ ਲਾਗਾ॥੩੭॥

ਇੰਦ੍ਰਸੈਨ ਨੂੰ ਪਹਿਲਾਂ ਬੁਲਾ ਲਵੋ, ਫਿਰ ਅਸੀਂ ਤੁਹਾਡਾ ਭੋਜਨ ਖਾ ਲਵਾਂਗੇ। ਗੁਰੂ ਜੀ ਦਾ ਹੁਕਮ ਮੰਨ ਕੇ ਭੋਜਨ ਨੂੰ ਉਸ ਪੰਜਾਂ ਭਾਗਾਂ ਵਿਚ ਵੰਡ ਦਿੱਤਾ ਤੇ ਇਕ ਭਾਗ ਮਰਦਾਨੇ ਨੂੰ ਦੇਣ ਲੱਗਾ॥ ੩੭॥

ਦੋਹਰਾ- ਨਹਿਂ ਲੇ ਮਰਦਾਨਾ ਕਹੇ 'ਤੁਮ ਖਾਵਹੁ ਮੈਂ ਖਾਉਂ'।
ਗੁਰੂ ਭਨੈ 'ਤੁਝ ਭੂਖ ਬਹੁ ਖਾਵਹੁ ਕਰਿ ਨ ਹਟਾਉ'॥ ੩੮॥

ਮਰਦਾਨੇ ਨੇ ਭੋਜਨ ਨਾ ਲਿਆ ਅਤੇ ਕਿਹਾ, "ਤੁਸੀਂ ਖਾਉਗੇ ਤਾਂ ਮੈਂ ਖਾਵਾਂਗਾ।" ਗੁਰੂ ਜੀ ਨੇ ਕਿਹਾ, "ਤੈਨੂੰ ਬਹੁਤ ਭੁੱਖ ਲੱਗੀ, ਤੂੰ ਭੋਜਨ ਛੱਕ ਲੈ, ਨਾਂਹ ਨਾ ਕਰ"॥ ੩੮॥

ਚੌਪਈ- ਸੁਨਿ ਬਚ ਅਚਜੋ ਅਸਨ ਮਰਦਾਨੇ। ਔਰ ਧਰਾ ਸਭਿ ਤਿਸਹਿ ਸਥਾਨੇ।
ਝੰਡਾ ਗਯੋ ਬੁਲਾਵਨ ਤਾਂਕੋ। ਸੁਧਰਸੈਨ ਨ੍ਰਿਪ ਮਾਤੁਲ ਜਾਂਕੋ॥ ੩੯॥

ਗੁਰੂ ਜੀ ਦਾ ਬਚਨ ਸੁਣ ਕੇ ਮਰਦਾਨੇ ਨੇ ਭੋਜਨ ਛੱਕ ਲਿਆ ਅਤੇ ਬਾਕੀ ਭੋਜਨ ਨੂੰ ਚੰਗੇਰ ਵਿਚ ਹੀ ਰਹਿਣ ਦਿੱਤਾ। ਝੰਡਾ ਇੰਦਰਸੈਨ ਨੂੰ ਬੁਲਾਉਣ ਚਲੇ ਗਿਆ, ਜਿਥੇ ਰਾਜਾ ਸੁਧਰਸੈਨ ਉਸ ਦਾ ਮਾਮਾ ਰਹਿੰਦਾ ਸੀ।

ਇੰਦ੍ਰਸੈਨ ਤਬ ਉਪਬਨ ਬੈਸਾ। ਤਿਹ ਸੋਂ ਬਚਨ ਉਚਾਰਯੋ ਐਸਾ।
'ਕਰਹਿਂ ਹੇਤੁ ਜਿਹ ਗ੍ਯਾਨ ਧਿਆਨਾ। ਮਿਲਾ ਸੰਤ ਪੂਰਨ ਗਤਿਦਾਨਾ॥੪੦॥

ਉਸ ਵੇਲੇ ਇੰਦ੍ਰਸੈਨ ਬਾਗ ਵਿਚ ਬੈਠਾ ਸੀ। ਉਸ ਨੂੰ ਝੰਡੇ ਨੇ ਜਾ ਕੇ ਇਸ ਤਰ੍ਹਾਂ ਕਿਹਾ, "ਜੋ ਗਿਆਨ ਧਿਆਨ ਨੂੰ ਪਿਆਰ ਕਰਦਾ ਹੈਂ ਤਾਂ ਮੈਨੂੰ ਇਕ ਪੂਰਨ ਮੁਕਤੀਦਾਤਾ ਸੰਤ ਮਿਲਿਆ ਹੈ॥ ੪੦॥

ਚਲਹੁ ਬੁਲਾਵਤਿ ਅਬ ਤਹਿਂ ਪਾਹੀ। ਤੁਮ ਬਿਨ ਅਸਨ ਅਚਤਿ ਸੋ ਨਾਂਹੀ'।
ਸੁਨਿ ਕਰਿ ਇੰਦ੍ਰਸੈਨ ਹਰਖਾਨਾ। ਜਨੁ ਪਯਾਸੇ ਕੋ ਸੁਧਾ ਮਿਲਾਨਾ॥੪੧॥

ਹੁਣ ਮੇਰੇ ਨਾਲ ਚਲੋ, ਉਨ੍ਹਾਂ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ। ਤੁਹਾਥੋਂ ਬਗੈਰ ਉਨ੍ਹਾਂ ਭੋਜਨ ਨਹੀ ਛੱਕਣਾ ਹੈ।" ਇਹ ਸੁਣ ਕੇ ਇੰਦਰਸੈਨ ਬੜਾ ਖੁਸ਼ ਹੋਇਆ ਜਿਵੇਂ ਕਿਸੇ ਪਿਆਸੇ ਨੂੰ ਅੰਮ੍ਰਿਤ ਮਿਲ ਗਿਆ ਹੋਵੇ॥ ੪੧॥

ਉਠਿ ਕਰਿ ਗਮਨਯੋ ਤੂਰਨ ਸੰਗਾ। ਜਿਨ ਕੇ ਮਨ ਬਹੁ ਪ੍ਰੇਮ ਉਮੰਗਾ।
ਜਹਿਂ ਰਾਜਤਿ ਬੇਦੀ ਕੁਲਟੀਕਾ। ਆਨਿ ਤਹਾਂ ਕਿਯ ਦਰਸ਼ਨ ਨੀਕਾ॥੪੨॥

ਝੱਟ ਉੱਠ ਕੇ ਨਾਲ ਚਲ ਪਿਆ ਜਿਸ ਦੇ ਮਨ ਵਿਚ ਬੜਾ ਪ੍ਰੇਮ ਅਤੇ ਉਤਸ਼ਾਹ ਸੀ। ਜਿਥੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬਰਾਜ ਰਹੇ ਸਨ, ਓਥੇ ਆ ਕੇ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥ ੪੨॥

ਪਦ ਅਰਬਿੰਦ ਬੰਦਨਾ ਕਰਿਕੈ। ਬੈਠਯੋ ਨਿਕਟਿ ਭਾਉ ਉਰਿ ਧਰਿਕੈ।
ਬੋਲੇ ਕਰਤਿ ਬੇਨਤੀ ਦੋਊ। ਜਿਨ ਕ ਰਿਦੈ ਬਿਕਾਰ ਨ ਕੋਊ॥ ੪੩॥

ਗੁਰੂ ਜੀ ਦੇ ਚਰਨ ਕੰਵਲਾ ਤੇ ਬੰਦਨਾ ਕਰਕੇ, ਹਿਰਦੇ ਵਿਚ ਪ੍ਰੇਮ ਪਿਆਰ ਧਾਰਨ ਕਰਕੇ ਉਨ੍ਹਾ ਦੇ ਪਾਸ ਬੈਠ ਗਿਆ। ਜਿਨ੍ਹਾਂ ਦੇ ਹਿਰਦੇ ਵਿਚ ਕੋਈ ਵੀ ਵਿਕਾਰ ਨਹੀਂ ਸੀ। ਉਹ ਦੋਵੇਂ ਭਾਵ ਝੰਡਾ ਤੇ ਇੰਦਰਸੈਨ ਬੇਨਤੀ ਕਰਕੇ ਬੋਲੇ॥ ੪੩॥

ਚੌਪਈ- 'ਜੇ ਕਰਿ ਤੁਮ ਹਹੁ ਗ੍ਯਾਨ ਸੰਪੂਰਨ। ਨਿਜ ਉਪਦੇਸ਼ ਦੀਜੀਏ ਤੂਰਨ।
ਬਹੁਤ ਦਿਨਨ ਕੀ ਹਮ ਉਰ ਚਾਹੂ। ਕਰਹੁ ਦ੍ਵੈਤ ਸਭਿ ਉਰ ਤੇ ਦਾਹੂ॥੪੪॥

ਜੇ ਤੁਹਾਨੂੰ ਸੰਪੂਰਨ ਗਿਆਨ ਹੈ, ਤਾਂ ਫਿਰ ਸਾਨੂੰ ਤਰੁੰਤ ਉਪਦੇਸ਼ ਦੇਵੋ। ਬਹੁਤ ਦਿਨਾਂ ਤੋਂ ਸਾਡੇ ਦਿਲ ਵਿਚ ਇਹ ਚਾਹਤ ਹੈ, ਇਸ ਲਈ ਸਾਡੇ ਹਿਰਦੇ ਦੀ ਸਾਰੀ ਦ੍ਵੈਖ ਭਾਵਨਾ ਦਾ ਨਾਸ਼ ਕਰੋ॥ ੪੪॥

ਗ੍ਯਾਨਾਨੰਦ ਦਾਨ ਕੋ ਦੀਜੈ। ਹਮ ਪਰ ਸੰਤ ਕ੍ਰਿਪਾਲ ਪ੍ਰਸੀਜੈ।
ਕੋਟਕ ਜਨਮ ਬਿਤੀਤੇ ਭੂਲੇ। ਨਿਜ ਸਰੂਪ ਤੇ ਭੇ ਪ੍ਰਤਿਕੂਲੇ॥ ੪੫॥

ਗਿਆਨ ਅਨੰਦ ਸਾਨੂੰ ਦਾਨ ਕਰੋ ਜੀ, ਹੇ ਸੰਤ ਜੀ! ਸਾਡੇ ਤੇ ਕਿਰਪਾ ਕਰੋ ਜੀ। ਕਰੋੜਾਂ ਜਨਮ ਭੁੱਲਿਆਂ ਹੀ ਬਤੀਤ ਹੋ ਗਏ ਹਨ। ਨਿਜੀ ਸਰੂਪ ਦੇ ਅਸੀਂ ਉਲਟ ਹੀ ਰਹੇ ਹਾਂ॥ ੪੫॥

ਸੋ ਸਰੂਪ ਅਬ ਦੇਹੁ ਦਿਖਾਈ। ਜਾਂਮੈ ਕਬਹੁਂ ਨ ਆਵਨ ਜਾਈ।

ਹਰਖ ਸ਼ੋਕ ਕੈ ਦ੍ਵੰਦ ਬਿਹੀਨਾ। ਜੋ ਕਿਹ ਮਲ ਤੇ ਹ੍ਵੈ ਨ ਮਲੀਨਾ ॥੪੬॥

ਉਹ ਸਰੂਪ ਹੁਣ ਸਾਨੂੰ ਵਿਖਾ ਦੇਵੋ, ਤਾਂਕਿ ਸਾਡਾ ਇਸ ਦੁਨੀਆਂ ਵਿਚ ਆਉਣਾ ਜਾਣਾ ਮੁੱਕ ਜਾਵੇ। ਖੁਸ਼ੀ ਗਮੀ ਦੇ ਦਵੰਦ ਤੋਂ ਸਾਨੂੰ ਰਹਿਤ ਕਰ ਦੇਵੇ, ਤਾਂਕਿ ਉਨ੍ਹਾਂ ਦੀ ਮੈਲ ਨਾਲ ਸਾਡਾ ਮਨ ਮਲੀਨ ਭਾਵ ਮੈਲਾ ਨਾ ਹੋਵੇ ॥ ੪੬ ॥

ਸੁਨਿ ਕਰਿ ਬਿਨੈ ਦੀਨ ਦੁਖਗੰਜਨ। ਬੋਲੇ ਹੇਤੁ ਭਗਤ ਭ੍ਰਮ ਭੰਜਨ।
'ਗਯਾਨਾਨੰਦ ਮੈਂ ਚਹੋ ਜਿ ਮਗਨਾ। ਨਿਜ ਸਰੂਪ ਕੀ ਲਿਵ ਕੋ ਲਗਨਾ ॥੪੭॥

ਉਨ੍ਹਾਂ ਦੀ ਬੇਨਤੀ ਸੁਣ ਕੇ ਦੀਨਾਂ ਦੇ ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਭਗਤਾਂ ਦਾ ਭਰਮ ਤੋੜਨ ਵਾਸਤੇ ਬੋਲੇ, ''ਜੇ ਗਿਆਨ ਆਨੰਦ ਵਿਚ ਮਗਨ ਹੋਣਾ ਚਾਹੁੰਦੇ ਹੋ ਅਤੇ ਨਿਜ ਸਰੂਪ ਦੀ ਲਗਨ ਵਿਚ ਲੱਗਣਾ ਚਾਹੁੰਦੇ ਹੋ॥ ੪੭॥

ਤੌ ਪ੍ਰਥਮੈ ਗੁਰ ਦਛਨਾ ਦੀਜੈ। ਪਾਛੈ ਸ੍ਰਵਨ ਗਯਾਨ ਕੋ ਕੀਜੈ।
ਲਖਨੋ ਜਗਤ ਅਸੌਤਿ ਸਭਿ ਸਾਰੋ। ਯਾਂਤੇ ਸਭਿ ਹਮ ਕੋ ਦੈ ਡਾਰੋ ॥੪੮॥

ਤਾਂ ਪਹਿਲਾਂ ਗੁਰ ਦਛਣਾ ਦੇਵੇ, ਫਿਰ ਬਾਅਦ ਵਿਚ ਗਿਆਨ ਸਰਵਣ ਕਰੇ, ਇਹ ਸਾਰਾ ਜਗਤ ਸਭ ਝੂਠ ਜਾਣੋ। ਏਥੋਂ ਅਸੀ ਸਭ ਨੇ ਚਲੇ ਜਾਣਾ ਹੈ ਭਾਵ ਛੱਡ ਜਾਣਾ ਹੈ॥ ੪੮॥

ਸੌਤਿ ਵਿਚਾਰ ਵਿਰਾਗ ਜਿ ਆਹੀ। ਆਦਿ ਉਦਾਰ ਸੁ ਗੁਨ ਜਿਸ ਮਾਂਹੀ।
ਤਾਂਕੋ ਸਹਿਜ ਸੁਭਾਇਕ ਗਯਾਨਾ। ਹ੍ਵੈ ਆਵਤਿ ਹੈ,ਅਨੰਦ ਮਹਾਨਾ ॥੪੯॥

ਸਤਿ ਵਿਚਾਰ, ਵਿਰਾਗ, ਉਦਾਰਤਾ ਆਦਿਕ ਗੁਣ ਜਿਸ ਵਿਚ ਹਨ, ਉਨ੍ਹਾਂ ਨੂੰ ਸਹਿਜ ਸੁਭਾ ਗਿਆਨ ਹੋ ਜਾਂਦਾ ਹੈ, ਜਿਸ ਨਾਲ ਪਰਮ ਆਨੰਦ ਪ੍ਰਾਪਤ ਹੁੰਦਾ ਹੈ॥ ੪੯॥

ਜਿਨ ਮਹਿਂ ਇਹ ਗੁਨ ਪਾਯਤਿ ਨਾਂਹੀ। ਚਹੈਂ ਕਿ ਗਯਾਨ ਹੋਇ ਉਰ ਮਾਂਹੀ।
ਤਿਨ ਕੋ ਕਰਨੋ ਲਖਹੁ ਅਕਾਰਥ। ਸਦਹੀ ਲੰਪਟ ਜਗਤ ਪਦਾਰਥ ॥੫੦॥

ਜਿਨ੍ਹਾਂ ਮਨੁੱਖਾਂ ਵਿਚ ਇਹ ਗੁਣ ਪ੍ਰਾਪਤ ਨਹੀ ਹੈ, ਜੇ ਉਹ ਚਾਹੁੰਦੇ ਹਨ ਕਿ ਉਨ੍ਹਾ ਦੇ ਹਿਰਦਿਆਂ ਵਿਚ ਗਿਆਨ ਪ੍ਰਾਪਤ ਹੋਵੇ। ਉਨ੍ਹਾਂ ਦਾ ਕਰਨਾ ਅਕਾਰਥ ਸਮਝੋ, ਕਿਉਂਕਿ ਉਹ ਸਦਾ ਹੀ ਜਗਤ ਦੇ ਪਦਾਰਥਾਂ ਵਿਚ ਲੰਪਟ ਹਨ॥ ੫੦॥

ਤਾਂਤੇ ਤੁਮਰੋ ਪਰਖਨ ਕਰਿਕੈ। ਬਹੁਰੋ ਦੇਂ ਉਪਦੇਸ਼ ਬਿਚਰਿਕੈ।
ਹੋਹੁ ਉਦਾਰ ਤੋ ਦੀਜੈ ਸਭਿ ਹੀ। ਹ੍ਵੈ ਹੈ ਗਯਾਨ ਪਰਾਪਤਿ ਤਬ ਹੀ ॥੫੧॥

ਇਸ ਲਈ ਪਹਿਲਾਂ ਤੁਹਾਡੀ ਪਰਖ ਕਰਕੇ ਫਿਰ ਵਿਚਾਰ ਕਰਕੇ ਤੁਹਾਨੂੰ ਉਪਦੇਸ਼ ਦੇਵਾਂਗੇ। ਉਦਾਰ ਚਿਤ ਹੋ ਕੇ ਤੁਹਾਨੂੰ ਸਭ ਕੁਝ ਦਿੰਦੇ ਹਾਂ ਅਤੇ ਤਦ ਹੀ ਗਿਆਨ ਦੀ ਪ੍ਰਾਪਤੀ ਹੋਵੇਗੀ॥ ੫੧॥

ਚੌਪਈ- ਕਹਿਨ ਲਗੇ 'ਹਮਰਾ ਧਨ ਧਾਨਾ। ਸਦਨ ਸਹਿਤ ਤੁਮ ਚਰਨ ਚਢਾਨਾ।
ਹਮ ਨਹਿਂ ਗ੍ਰਹਨਿ ਕਰਹਿਂ ਅਬ ਕੋਊ। ਜੋ ਸਰਬੰਸ ਹੁਤੋ ਦਿਯ ਸੋਊ' ॥੫੨॥

ਝੰਡਾ ਤੇ ਇੰਦਰਸੈਨ ਦੋਵੇਂ ਕਹਿਣ ਲੱਗੇ, ''ਸਾਡਾ ਧਨ ਮਾਲ ਅਤੇ ਘਰ ਸਮੇਤ ਤੁਹਾਡੇ ਚਰਨਾਂ ਤੇ ਚੜ੍ਹਾ ਦਿੱਤਾ ਹੈ ਅਤੇ ਹੁਣ ਅਸੀਂ ਕਿਸੇ ਚੀਜ਼ ਨੂੰ ਵੀ ਹੱਥ ਨਹੀਂ ਲਾਵਾਂਗੇ। ਜੋ ਕੁਝ ਸਾਡਾ ਸੀ, ਸਭ ਤੁਹਾਨੂੰ ਦੇ ਦਿੱਤਾ ਹੈ'' ॥ ੫੨॥

ਪੁਨ ਬੋਲੇ ਸ੍ਰੀ ਮੁਖ ਸੁਖ ਰਾਸਾ। 'ਅਬ ਕਯਾ ਰਹਯੋ ਤੁਮਾਰੇ ਪਾਸਾ'।
ਕਰਿ ਵਿਚਾਰ ਉੱਤਰ ਕਹਿ ਧੀਰਾ। 'ਹਮਰੇ ਢਿਗ ਅਬ ਏਕ ਸਰੀਰਾ' ॥੫੩॥

ਫਿਰ ਸੁੱਖਾਂ ਦੀ ਰਾਸ ਭਾਵ ਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਬੋਲੇ, ''ਹੁਣ ਤੁਹਾਡੇ ਪਾਸ ਕੀ ਰਹਿ ਗਿਆ ਹੈ।'' ਵਿਚਾਰ

ਕਰਕੇ ਅਤੇ ਹਿਰਦੇ ਵਿਚ ਧੀਰਜ ਧਾਰਨ ਕਰਕੇ ਉੱਤਰ ਦਿੱਤਾ, "ਹੁਣ ਸਾਡੇ ਪਾਸ ਕੇਵਲ ਸਾਡਾ ਇਕ ਸਰੀਰ ਹੀ ਰਹਿ ਗਿਆ ਹੈ॥ ੫੩॥

ਔਰ ਨਹੀਂ ਕੋ ਵਸਤੁ ਸਮੀਪਾ।' ਪੁਨ ਬੋਲੇ ਬੇਦੀ ਕੁਲ ਦੀਪਾ।
'ਕਰਿ ਵਿਚਾਰ ਦੇਖਹੁ ਮਨ ਮਾਂਹੀ। ਇਸਥਿਰ ਸਦਾ ਸਰੀਰ ਸੁ ਨਾਂਹੀ ॥੫੪॥

ਸਾਡੇ ਪਾਸ ਹੋਰ ਕੋਈ ਵਸਤੂ ਨਹੀ ਹੈ।" ਫਿਰ ਗੁਰੂ ਜੀ ਬੋਲੇ, "ਮਨ ਵਿਚ ਵਿਚਾਰ ਕਰਕੇ ਵੇਖੋ, ਇਹ ਸਰੀਰ ਵੀ ਸਦਾ ਸਥਾਈ ਨਹੀ ਹੈ॥ ੫੪॥

ਯਾਂਤੇ ਕਰਹੁ ਸਮਰਪਨ ਏਹੋ। ਪਾਛੇ ਸ੍ਰਵਨ ਗਯਾਨ ਕਰਿ ਲੇਹੋ'।
ਦੋਨੋਂ ਆਇਸੁ ਮਾਨਿ ਸਧੀਰਾ। ਗੁਰੂ ਪਗ ਦਿਯੋ ਸਮਰਪ ਸਰੀਰਾ ॥੫੫॥

ਇਸ ਲਈ ਇਹ ਸਰੀਰ ਵੀ ਮੈਨੂੰ ਸਮਰਪਣ ਕਰ ਦੇਵੋ ਅਤੇ ਬਾਅਦ ਵਿਚ ਗਿਆਨ ਸਰਵਣ ਕਰੋ। ਦੋਵਾਂ ਨੇ ਗੁਰੂ ਜੀ ਦੀ ਆਗਿਆ ਮੰਨ ਲਈ ਅਤੇ ਗੁਰੂ ਜੀ ਦੇ ਚਰਨਾਂ ਤੇ ਆਪਣੇ ਸਰੀਰ ਸਮੱਰਪਣ ਕਰ ਦਿੱਤਾ॥ ੫੫॥

'ਅਬ ਕਯਾ ਰਹਯੋ ਤੁਮਾਰੇ ਪਾਸੂ?। ਦੇਹੁ ਬਤਾਇ ਬਚਨ ਕਹਿ ਆਸੂ'।
ਸੁਨਿ ਕਰਿ ਦੋਨੋ ਬੈਨ ਅਲਾਵਾ। 'ਅਬ ਤੋ ਅੰਤਹਕਰਨ ਰਹਾਵਾ ॥੫੬॥

ਗੁਰੂ ਜੀ ਨੇ ਫਿਰ ਕਿਹਾ, "ਹੁਣ ਤੁਹਾਡੇ ਪਾਸ ਕੀ ਰਹਿ ਗਿਆ ਹੈ। ਛੇਤੀ ਬਚਨ ਕਰਕੇ ਸਾਨੂੰ ਦੱਸ ਦੇਵੋ।" ਇਹ ਸੁਣ ਕੇ ਦੋਵਾਂ ਨੇ ਬਚਨ ਕੀਤੇ, "ਹੁਣ ਸਾਡੇ ਪਾਸ ਕੇਵਲ ਅੰਤਹਿਕਰਣ (ਭਾਵ ਮਨ, ਬੁਧਿ, ਚਿੱਤ ਅਤੇ ਮੈਂ) ਹੀ ਰਹਿ ਗਿਆ ਹੈ॥ ੫੬॥

ਯਾਂਤੇ ਦੂਜੀ ਵਸਤੁ ਨ ਕੋਈ। ਹੁਤੀ ਜੁ ਹਮ ਢਿਗ ਭਾਖੀ ਸੋਈ'।
ਸ੍ਰੀ ਗੁਰੂ ਬੋਲੇ ਬਹੁਰ ਪ੍ਰਬੀਨਾ। 'ਯਹਿ ਭੀ ਪੰਚ ਤੱਤ ਨੈ ਕੀਨਾ ॥੫੭॥

ਹੁਣ ਸਾਡੇ ਪਾਸ ਕੋਈ ਦੂਸਰੀ ਵਸਤੂ ਨਹੀ ਹੈ, ਜਿਹੜੀ ਸਾਡੇ ਪਾਸ ਹੈ, ਉਹ ਅਸੀ ਤੁਹਾਨੂੰ ਦੱਸ ਦਿੱਤੀ ਹੈ। ਸ੍ਰੇਸ਼ਟ ਗੁਰੂ ਜੀ ਫਿਰ ਬੋਲੇ, "ਇਹ ਵੀ ਤਾਂ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ॥ ੫੭॥

ਜਾਂਕੋ ਕਾਰਨ ਹੋਇ ਅਸੱਤਯ। ਸੋ ਕਾਰਜ ਨਹਿ ਪਿਖਿਯਤਿ ਸੱਤਯ।
ਤਾਂਤੇ ਅੰਤਹਿਕਰਣ ਜੁ ਥਾਰੋ। ਸੋ ਅਬ ਦੇਕਰਿ ਰਿਦੈ ਬਿਸਾਰੋ ॥੫੮॥

ਜਿਸ ਕਾਰਨ ਕਰਕੇ ਝੂਠ ਹੁੰਦਾ ਹੈ, ਸੱਚ ਵਿਚ ਉਹ ਕਾਰਜ ਨਹੀਂ ਦਿੱਸਦਾ। ਇਸ ਲਈ ਜੋ ਤੁਹਾਡਾ ਅੰਤਹਿਕਰਣ ਹੈ, ਉਹ ਵੀ ਦੇ ਕੇ ਹਿਰਦੇ ਤੋਂ ਵਿਸਾਰ ਦੇਵੋ॥ ੫੮॥

ਚੌਪਈ- ਪੁਨ ਤੁਮ ਗਜਾਨਾਨੰਦ ਸਮਾਵਹੁ। ਸੰਸੈ ਹੋਇ ਜੁ ਹਮਹਿ ਬਤਾਵਹੁ'।
ਅਸ ਪ੍ਰਕਾਰ ਜਬ ਗੁਰ ਨੈ ਬਰਨਾ। ਅੰਤਹਿਕਰਨ ਸਮਰਪਯੋ ਚਰਨਾ ॥੫੯॥

ਫਿਰ ਤੁਸੀ ਗਿਆਨ ਆਨੰਦ ਵਿਚ ਸਮਾ ਜਾਵੋਗੇ, ਇਸ ਵਿਚ ਕੋਈ ਸੰਸਾ ਹੋਵੇ ਤਾਂ ਸਾਨੂੰ ਦੱਸੋ। ਇਸ ਤਰ੍ਹਾਂ ਜਦ ਗੁਰੂ ਜੀ ਨੇ ਕਿਹਾ ਤਾਂ ਉਨ੍ਹਾਂ ਨੇ ਅੰਤਹਿਕਰਨ ਵੀ ਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕਰ ਦਿੱਤਾ॥ ੫੯॥

ਜਬ ਧਨ ਤਨ ਮਨ ਦੀਨ ਚਢਾਈ। ਨਾਨਕ ਜੀ ਤਬ ਗਿਰਾ ਅਲਾਈ।
'ਜੋ ਸੰਸਾ ਅਬ ਤੁਮ ਉਰ ਮਾਂਹੀ। ਕਹਹੁ ਲੇਉ ਉਤਰ ਸਭਿ ਤਾਂਹੀ ॥੬੦॥

ਜਦ ਧਨ, ਤਨ ਅੰਤੇ ਮਨ ਗੁਰੂ ਜੀ ਦੇ ਚਰਨਾਂ ਤੇ ਚੜ੍ਹਾ ਦਿੱਤੇ ਤਾਂ ਗੁਰੂ ਨਾਨਕ ਜੀ ਨੇ ਇਹ ਬਾਣੀ ਕਹੀ, "ਜੋ ਸੰਸਾ ਹੁਣ ਤੁਹਾਡੇ ਹਿਰਦੇ ਵਿਚ ਹੈ ਉਹ ਹੁਣ ਕਹੋ ਅਤੇ ਉਸ ਦਾ ਉੱਤਰ ਲੈ ਲਵੋ"॥ ੬੦॥

ਤਬ ਸੰਕਲਪ ਉਠਾਵਾ ਦੋਊ। ਜੋ ਸੰਸੈ ਹੁਇ ਭਾਖਹਿ ਸੋਊ-।
ਗੁਰੂ ਭਨੈ 'ਸੰਕਲਪਹਿ-ਜੋਊ। ਮਨ ਕੇ ਧਰਮ ਜਾਨਿਯੇ ਸੋਊ ॥ ੬੧ ॥

ਫਿਰ ਦੋਹਾਂ ਨੇ ਸੰਕਲਪ ਉਠਾਇਆ। ਜੋ ਸੰਸੇ ਸਨ ਉਨ੍ਹਾਂ ਬਾਰੇ ਕਿਹਾ। ਗੁਰੂ ਜੀ ਨੇ ਕਿਹਾ, "ਜਿਹੜਾ ਸੰਕਲਪ ਕਰਦਾ ਹੈ, ਸੋਈ ਹੀ ਮਨ ਦੇ ਧਰਮ ਨੂੰ ਜਾਣਦਾ ਹੈ॥ ੬੧॥

ਮਨ ਤੋ ਹਮਹਿ ਸਮਰਪਨ ਕੀਨੋ। ਨਿਜ ਕਾਰਜ ਹਿਤ ਕਿਉਂ ਪੁਨ ਲੀਨੋ।
ਗੁਰੂ ਕੇ ਭੇਟ ਦੇਯ ਵਥੁ ਜੋ ਜਨ। ਪੁਨ ਤਿਹ ਸੰਗ ਨ ਕਛੂ ਪਰੋਜਨ ॥੬੨ ॥

ਮਨ ਤਾਂ ਤੁਸੀਂ ਮੈਨੂੰ ਸਮਰਪਨ ਕਰ ਦਿੱਤਾ ਹੈ, ਫਿਰ ਆਪਣੇ ਕਾਰਜ ਹਿਤ ਦੁਬਾਰਾ ਕਿਉਂ ਲਵੋਗੇ। ਜਿਹੜਾ ਵੀ ਵਿਅਕਤੀ ਗੁਰੂ ਨੂੰ ਜੋ ਵਸਤ ਭੇਟ ਕਰਦਾ ਹੈ, ਫਿਰ ਉਸ ਵਸਤ ਨਾਲ ਉਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ॥ ੬੨॥

ਨਹਿਂ ਸੰਕਲਪ ਉਠਾਵਹੁ ਕੋਊ। ਨਿਸ਼ਚੇ ਕਰਨ ਲਗੇ ਪੁਨ ਦੋਊ।
ਯਹ ਤੋ ਸੱਤਿ ਬਚਨ ਸੁਖਕਰ ਕੋ। ਮਨ ਹਮ ਕੀਨ ਸਮਰਪਨ ਗੁਰ ਕੋ ॥੬੩ ॥

ਅਤੇ ਨਾ ਹੀ ਉਸ ਦਾ ਕੋਈ ਸੰਕਲਪ ਕਰਦਾ ਹੈ।" ਫਿਰ ਦੋਵੇਂ ਵਿਚਾਰ ਕਰਨ ਲੱਗੇ। ਇਹ ਤਾਂ ਸੁਖਦਾਤੇ ਭਾਵ ਗੁਰੂ ਜੀ ਦਾ ਸੱਚਾ ਬਚਨ ਹੈ। ਮਨ ਤਾਂ ਅਸੀਂ ਗੁਰੂ ਜੀ ਨੂੰ ਸਮਰਪਨ ਕਰ ਚੁਕੇ ਹਾਂ॥ ੬੩॥

ਲਖਿ ਤਿਨ ਉਰ ਕੀ ਪੰਕਜ ਨੈਨਾ। ਸ੍ਰੀ ਮੁਖ ਤੇ ਇਵ ਉਚਰੇ ਬੈਨਾ।
'ਅਬ ਤੁਮ-ਨਿਸ਼ਚਾ-ਧਾਰਤਿ ਜੋਊ। ਯਹ ਤੋ ਧਰਮ ਬੁਧਿ ਕੋ ਹੋਊ ॥੬੪ ॥

ਕੰਵਲ ਨੈਣ ਭਾਵ ਗੁਰੂ ਜੀ ਨੇ ਉਨ੍ਹਾਂ ਦੇ ਦਿਲ ਦੀ ਗੱਲ ਜਾਣ ਕੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕਹੇ, "ਹੁਣ ਤੁਸੀ ਜਿਹੜਾ ਨਿਸ਼ਚਾ ਧਾਰਨ ਕੀਤਾ ਹੈ, ਇਹ ਤਾਂ ਧਰਮ ਬੁੱਧੀ ਦਾ ਹੋਵੇਗਾ॥ ੬੪॥

ਸੋ ਦੀਨੀ ਗੁਰ ਦੱਛਨ ਮਾਂਹੀ। ਅਬ ਤੁਮ ਧਰਮ ਗਹਹੁ ਤਿਹ ਕਾਹੀ ?'।
ਸੁਨਿ ਇਵ ਦੋਨੋ ਚਿਤਵਨ ਲਾਗੇ। ਜਿਨ ਕੇ ਵਡੇ ਭਾਗ ਜਗ ਜਾਗੇ ॥੬੫ ॥

ਜੋ ਵਸਤ ਤੁਸੀ ਮੈਨੂੰ ਗੁਰ ਦੱਛਣਾ ਦੇ ਤੌਰ ਤੇ ਦੇ ਦਿੱਤੀ ਹੈ। ਹੁਣ ਤੁਹਾਡਾ ਧਰਮ ਹੋ ਗਿਆ, ਉਸ ਨੂੰ ਦੁਬਾਰਾ ਕਿਵੇਂ ਲਵੋਗੇ।" ਇਹ ਸੁਣ ਕੇ ਦੋਵੇਂ ਮਨ ਵਿਚ ਸੋਚਣ ਲੱਗੇ, ਜਿਨ੍ਹਾਂ ਦੇ ਜਗਤ 'ਤੇ ਵੱਡੇ ਭਾਗ ਜਾਗੇ ਸਨ॥ ੬੫॥

ਚੌਪਈ- ਪੁਨਿ ਗੁਰ ਕਹੈਂ 'ਜੁ-ਚਿਤਵਨ-ਧਾਰੀ। ਯਹੀ ਧਰਮ ਹੈ ਚਿੱਤ ਮਝਾਰੀ।
ਸੋ ਭੀ ਹਮ ਕੋ ਤੁਮਨੇ ਦੀਨੋ। ਕਿਉਂ ਅਬ ਉਰ ਮੈਂ ਚਿਤਵਨ ਕੀਨੋ?' ॥੬੬ ॥

ਫਿਰ ਗੁਰੂ ਜੀ ਨੇ ਕਿਹਾ, "ਜੋ ਤੁਸੀਂ ਚਿੱਤ ਵਿਚ ਧਾਰਿਆ ਹੈ, ਤੁਹਾਡੇ ਚਿੱਤ ਵਿਚ ਇਹੋ ਧਰਮ ਹੈ। ਉਹ ਵੀ ਤੁਸੀਂ ਸਾਨੂੰ ਅਰਪਣ ਕਰ ਦਿੱਤਾ ਹੈ, ਫਿਰ ਹੁਣ ਉਸ ਨੂੰ ਚਿੱਤ ਵਿਚ ਕਿਵੇਂ ਚਿਤਵਨ ਕੀਤਾ ਹੈ?"॥ ੬੬॥

ਬਹੁਰਿ ਵਿਚਾਰਤਿ-ਹਉਮੈ-ਦੋਊ। ਮਨ, ਬੁਧਿ, ਚਿਤ, ਅਰਪੇ ਹਮ ਸੋਊ-।
ਭਨਤਿ ਗੁਰੂ '-ਹਉਮੈਂ-ਤੁਮ ਕੀਨੀ। ਸੋ ਤੋ ਹਮ ਕੋ ਪੂਰਬ ਦੀਨੀ ॥੬੭ ॥

ਫਿਰ ਦੋਵੇਂ ਚਿੱਤ ਵਿਚ ਵਿਚਾਰ ਕਰਦੇ ਹਨ ਕਿ ਮਨ, ਬੁੱਧੀ ਅਤੇ ਚਿੱਤ ਅਸੀਂ ਪਹਿਲਾਂ ਹੀ ਅਰਪਣ ਕਰ ਦਿੱਤੇ ਹਨ। ਗੁਰੂ ਜੀ ਨੇ ਕਿਹਾ, "ਚਿੱਤ ਵਿਚ ਤੁਸੀਂ ਵਿਚਾਰ ਕੀਤੀ ਹੈ, ਪਰ ਚਿੱਤ ਤਾਂ ਤੁਸੀਂ ਮੈਨੂੰ ਪਹਿਲਾਂ ਹੀ ਅਰਪਣ ਕਰ ਦਿੱਤਾ ਹੈ॥੬੭॥

ਅੰਤਹਿਕਰਣ ਸਰੂਪ ਸੁ ਚਾਰੋ। ਸੋ ਦੇ ਡਾਰੇ, ਰਿਦੈ ਬਿਸਾਰੋ।
ਇਨਤੇ ਪਰੇ ਜੁ ਹੈ ਸੰਦੇਹੂ। ਕਹੁ ਹਮ ਸੋ ਉੱਤਰ ਅਬ ਲੇਹੂ ॥ ੬੮ ॥

ਇਹ ਚਾਰੇ ਅੰਤਹਿਕਰਣ ਦਾ ਸਰੂਪ ਹਨ, ਉਹ ਮੈਨੂੰ ਦੇ ਦਿੱਤੇ ਹਨ, ਇਸ ਕਰਕੇ ਆਪਣੇ ਹਿਰਦੇ ਨੂੰ ਵਿਸਾਰ ਦੇਵੋ। ਇਨ੍ਹਾਂ ਤੋਂ ਪਰ੍ਹੇ ਜੇ ਕੋਈ ਸੰਦੇਹ ਹੈ, ਉਹ ਮੈਨੂੰ ਪੁਛੋ ਤੇ ਹੁਣੇ ਹੀ ਉਸ ਦਾ ਉੱਤਰ ਲਵੋ॥੬੮॥

ਇਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਕਰਹਿ ਵਿਚਾਰ ਜੁ ਇੰਦ੍ਰਹਿ ਸੈਨਾ।
ਬੈਠੇ ਤਬਹੀ ਲਗੀ ਸਮਾਧਾ। ਪਿਖਯੋ-ਆਤਮਾ ਰੂਪ-ਅਬਾਧਾ ॥ ੬੯ ॥

ਇਸ ਪ੍ਰਕਾਰ ਦੇ ਬਚਨ ਸੁਣ ਕੇ ਜਦ ਇੰਦਰ ਸੈਨ ਵਿਚਾਰ ਕੀਤੀ ਤਾਂ ਬੈਠਿਆਂ ਉਸੇ ਵੇਲੇ ਉਸ ਦੀ ਸਮਾਧੀ ਲੱਗ ਗਈ। ਉਸ ਨੇ ਆਤਮਾ ਦਾ ਅਪਾਰ ਰੂਪ ਵੇਖਿਆ॥ ੬੯॥

ਇਸ ਬਿਧਿ ਦੇ ਤਿਨ ਕੋ ਉਪਦੇਸ਼ਾ। ਬੋਲੇ ਬਹੁਰ ਬਚਨ ਜਗਤੇਸ਼ਾ।
'ਅਬ ਇਹ ਕੀਜੈ ਖਾਨ ਅਹਾਰਾ। ਮੈਂ ਆਦਿਸੁ ਕੋ ਪਾਇ ਵ੍ਰਤਾਰਾ॥੭੦॥

ਇਸ ਤਰ੍ਹਾਂ ਉਨ੍ਹਾਂ ਨੂੰ ਉਪਦੇਸ਼ ਦਿੱਤਾ ਅਤੇ ਜਗਤ ਦੇ ਈਸ਼ਵਰ ਭਾਵ ਗੁਰੂ ਜੀ ਬੋਲੇ, "ਹੁਣ ਤੁਸੀਂ ਇਹ ਭੋਜਨ ਛਕੋ, ਮੈਂ (ਭਾਈ ਬਾਲਾ) ਆਗਿਆ ਪਾ ਕੇ ਭੋਜਨ ਵਰਤਾਇਆ॥ ੭੦॥

ਸ੍ਰੀ ਗੁਰੁ ਤਬ ਨਿਜ ਕਰਿ ਮਹਿਂ ਲੀਨੋ। ਭਗਤ ਜਾਨਿ ਨਿਜ ਅਚਵਨ ਕੀਨੋ।
ਨੀਕੋ ਸੰਤ ਹੋਇ ਜਿਹ ਥਾਈਂ। ਤਿਹਠਾਂ ਪ੍ਰਭੁ ਜੀ ਭੋਜਨ ਖਾਈਂ॥੭੧॥

ਤਦ ਗੁਰੂ ਜੀ ਨੇ ਭੋਜਨ ਨੂੰ ਆਪਣੇ ਹੱਥਾਂ ਵਿਚ ਫੜਿਆ ਤੇ ਭਗਤ ਸਮਝ ਕੇ ਆਪ ਵੀ ਛੱਕਿਆ। ਜਿਸ ਥਾਂ ਕੋਈ ਚੰਗਾ ਸੰਤ ਮਿਲਦਾ ਸੀ, ਉਸ ਥਾਂ ਗੁਰੂ ਜੀ ਭੋਜਨ ਖਾ ਲੈਂਦੇ ਸਨ॥ ੭੧॥

ਨਾਤੁਰ ਪੌਨ ਅਹਾਰੀ ਰਹਿਹੀਂ। ਜੋ ਕਿੰਕਰ ਕੇ ਕਲਮਲ ਦਹਿਹੀਂ।
ਅਚਵਯੋ ਅਰਧ ਅਸਨ ਗੁਰੁ ਜਬਹੀ। ਪੁਨ ਭੰਡੇ ਕੋ ਦੀਨੋ ਤਬਹੀ॥੭੨॥

ਉਹ ਗੁਰੂ ਜੀ, ਨਹੀਂ ਤਾਂ ਹਮੇਸ਼ਾ ਪਵਣ ਅਹਾਰੀ ਰਹਿੰਦੇ ਸਨ, ਜਿਹੜੇ ਦੀਨਾਂ ਅਤੇ ਸੇਵਕਾਂ ਦੇ ਪਾਪ ਨਸ਼ਟ ਕਰਦੇ ਸਨ। ਗੁਰੂ ਜੀ ਨੇ ਜਦ ਅੱਧਾ ਭੋਜਨ ਛੱਕ ਲਿਆ ਤੇ ਬਾਕੀ ਭੰਡੇ ਨੂੰ ਖਾਣ ਵਾਸਤੇ ਦੇ ਦਿੱਤਾ॥ ੭੨॥

ਦੋਹਰਾ- ਹਿਤ ਕਰਿ ਕੀਨੋ ਖਾਨ ਤਿਨ ਖੁਲ੍ਹਗੇ ਬਿਕਟ ਕਪਾਟ।
ਭਰਮ ਮੋਹ ਕੋ ਨਸ਼ਟ ਕਿਯ ਦ੍ਵੈਤਹਿ ਸਾਂਕਰ ਕਾਟ॥ ੭੩॥

ਜਦ ਭੰਡੇ ਨੇ ਗੁਰੂ ਜੀ ਦੇ ਜੂਠੇ ਭੋਜਨ ਨੂੰ ਛੱਕਿਆ ਤਾਂ ਉਸ ਦੇ ਕਠਨ ਕਪਾਟ ਖੁਲ੍ਹ ਗਏ। ਉਸ ਦਾ ਭਰਮ, ਮੋਹ ਨਾਸ਼ ਹੋਇਆ ਅਤੇ ਦ੍ਵੈਤ ਦੇ ਸੰਗਲ ਕੱਟੇ ਗਏ॥ ੭੩॥

ਚੌਪਈ- ਟਿਕ ਗੀ ਬ੍ਰਿੱਤਿ, ਸਮਾਧਿ ਲਗਾਈ। ਭਯੋ ਬਿਦੇਹਿ ਨ ਸੁਧ ਤਨ ਕਾਈ।
ਦੋਨੋਂ ਬੈਠੇ ਹੋਇ ਅਡੋਲਾ। ਸੁਖ ਆਤਮ ਕੋ ਪਾਇ ਅਮੋਲਾ॥ ੭੪॥

ਉਸ ਦੀ ਬ੍ਰਿਤੀ ਟਿੱਕ ਗਈ ਅਤੇ ਸਮਾਧੀ ਲੱਗ ਗਈ। ਉਹ ਦੇਹ ਰਹਿਤ ਹੋ ਗਿਆ ਅਤੇ ਤਨ ਦੀ ਕੋਈ ਸੋਝੀ ਨਾ ਰਹੀ। ਦੋਵੇਂ ਬੈਠ ਕੇ ਅਡੋਲ ਹੋ ਗਏ ਅਤੇ ਆਤਮਾ ਨੂੰ ਅਮੋਲਕ ਸੁਖ ਪ੍ਰਾਪਤ ਹੋਇਆ॥ ੭੪॥

ਤੀਨ ਪਹਿਰ ਬੀਤੇ ਇਸ ਭਾਂਤੀ। ਰਹਿਗੀ ਇਕ ਜਾਮ ਜਬ ਰਾਤੀ।
ਉਠਿ ਕਰਿ ਕੀਨੋ ਗੁਰੂ ਇਸ਼ਨਾਨਾ। ਬਹੁਰੋ ਸ੍ਰੀ ਸੂਰਜ ਪ੍ਰਗਟਾਨਾ॥੭੫॥

ਤਿੰਨ ਪਹਿਰ ਇਸ ਤਰ੍ਹਾਂ ਹੀ ਬੀਤ ਗਏ, ਜਦ ਇਕ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਉੱਠ ਕੇ ਇਸ਼ਨਾਨ ਕੀਤਾ ਅਤੇ ਬਾਅਦ ਵਿਚ ਸੂਰਜ ਚੜ੍ਹ ਆਇਆ॥ ੭੫॥

ਤਿਨਹਿ ਬੁਲਾਇ ਸਮਾਧਿ ਛੁਟਾਈ। ਮ੍ਰਿਦੁਲ ਗਿਰਾ ਬੋਲੇ ਜਗ ਸਾਈਂ।

'ਇੰਦ੍ਰਸੈਨ ਮੰਜੀ ਅਬ ਲੀਜੈ। ਪੁਰਿ ਕੋ ਗੁਰੁ ਹ੍ਵੈ ਰਹਨਿ ਕਰੀਜੈ' ॥੭੬॥

ਉਨ੍ਹਾਂ ਨੂੰ ਬੁਲਾ ਕੇ ਸਮਾਧੀ ਛੁਟਵਾਈ ਤੇ ਫਿਰ ਕੋਮਲ ਸੁਰ ਵਿਚ ਗੁਰੂ ਜੀ ਬੋਲੇ, "ਹੇ ਇੰਦਰਸੈਨ! ਤੈਨੂੰ ਹੁਣ ਅਸੀ ਪ੍ਰਚਾਰ ਦੀ ਮੰਜੀ ਸੌਂਪਦੇ ਹਾਂ, ਹੁਣ ਤੋਂ ਇਸ ਨਗਰ ਦਾ ਗੁਰੂ ਹੋਇਆ" ॥ ੭੬॥

ਹਾਥ ਬੰਦਿ ਦ੍ਵੈ ਬਿਨੈ ਬਖਾਨੀ। 'ਭੋ ਕਰਤਾਰ ਰੂਪ ਗੁਨਖਾਨੀ!।
ਅਬ ਮੁਝ ਰਹੀ ਨ ਲਾਲਸ ਐਸੀ। ਆਇਸੁ ਆਪ ਕਰਤਿ ਹੈ ਜੈਸੀ ॥੭੭॥

ਇੰਦਰਸੈਨ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਣਾਂ ਦੀ ਖਾਨ ਭਾਵ ਗੁਰੂ ਜੀ ਤੁਸੀਂ ਤਾਂ ਕਰਤਾਰ ਰੂਪ ਹੋ। ਹੁਣ ਮੈਨੂੰ ਕੋਈ ਲਾਲਸਾ ਨਹੀਂ ਰਹੀ ਹੈ, ਜਿਸ ਤਰ੍ਹਾਂ ਵੀ ਤੁਸੀਂ ਆਗਿਆ ਕਰਦੇ ਹੋ ਮੈਨੂੰ ਪਰਵਾਨ ਹੈ॥ ੭੭॥

ਤੀਨ ਕਾਲ ਜਗ ਜਾਨੋ ਨਾਂਹੀ। ਜਿਉਂ ਸਯਾਮਤਾ ਕੱਜਲ ਮਾਂਹੀ।
ਸਰਬ ਮਈ ਪਰਮਾਤਮ ਏਕਾ। ਪਾਵਾ ਤੁਮ ਤੇ ਐਸ ਬਿਬੇਕਾ ॥ ੭੮॥

ਮੈਂ ਜਗਤ ਨੂੰ ਤਿੰਨ ਕਾਲ ਜਾਣਿਆ ਨਹੀਂ। ਜਿਵੇਂ ਕਜਲ ਵਿਚ ਕਾਲਖ ਨਹੀਂ ਪਹਿਚਾਣੀ ਜਾ ਸਕਦੀ। ਸਰਬਮਈ ਪਰਮਾਤਮਾ ਇਕ ਹੈ, ਇਹ ਗਿਆਨ ਵਿਵੇਕ ਮੈਂ ਤੁਹਾਥੋਂ ਪ੍ਰਾਪਤ ਕੀਤਾ ਹੈ॥ ੭੮॥

ਨਿਸ਼ਚਾ ਦ੍ਰਿੜ ਜਬ ਤਿਨਹਿਂ ਲਖਾਯਾ। ਮੰਜੀ ਪਰ ਝੰਡਾ ਬੈਠਾਯਾ।
ਸਰਬ ਦੇਸ਼ ਕੋ ਸਤਿਗੁਰੁ ਕਰਿਕੈ। ਪੁਰਿ ਕੋ ਪਠਾ ਰਜਾਇ ਉਚਰਿਕੈ ॥੭੯॥

ਜਦ ਉਨ੍ਹਾਂ ਦਾ ਪੂਰਨ ਨਿਸ਼ਚਾ ਜਾਣ ਲਿਆ ਤਾਂ ਝੰਡੇ ਨੂੰ ਵੀ ਮੰਜੀ ਬਖਸ਼ ਦਿੱਤੀ। ਸਾਰੇ ਦੇਸ਼ ਦਾ ਸਤਿਗੁਰੂ ਬਣਾ ਦਿੱਤਾ। 'ਜਿਵੇਂ ਤੁਹਾਡੀ ਰਜ਼ਾ ਹੈ' ਕਹਿ ਕੇ ਉਹ ਆਪਣੇ ਨਗਰ ਨੂੰ ਚਲਾ ਗਿਆ॥ ੭੯॥

ਚੌਪਈ- ਭਈ ਪ੍ਰਗਟਿ ਸਭਿ ਨਗਰ ਮਝਾਰੂ। ਮਨੁਜ ਪਰਸਪਰ ਕਰਤਿ ਉਚਾਰੂ।
'ਹੋਈ ਸੁਧਰਸੈਨ ਸੁਧ ਐਸੇ। ਤਪਾ ਸਾਧ ਕੋ ਬਾਹਰ ਬੈਸੇ॥ ੮੦॥

ਸਾਰੇ ਨਗਰ ਵਿਚ ਗੁਰੂ ਜੀ ਦੀ ਮਹਿਮਾ ਪ੍ਰਗਟ ਹੋ ਗਈ। ਨਗਰ ਦੇ ਮਨੁੱਖ ਹਰ ਵੇਲੇ ਇਸ ਬਾਰੇ ਕਹਿੰਦੇ ਰਹਿੰਦੇ ਸਨ। ਇਸ ਤਰ੍ਹਾਂ ਰਾਜੇ ਸੁਧਰਸੈਨ ਨੂੰ ਇਸ ਬਾਰੇ ਖ਼ਬਰ ਮਿਲੀ ਕਿ ਕੋਈ ਤਪਾ ਸਾਧੂ ਨਗਰ ਦੇ ਬਾਹਰ ਬੈਠਾ ਹੋਇਆ ਹੈ॥੮੦॥

ਝੰਡੇ ਕੋ ਸਤਿਗੁਰੂ ਬਨਾਯਾ। ਸੁਨਿ ਨਰੇਸ਼ ਨਰ ਏਕ ਪਠਾਯਾ।
ਝੰਡਾ ਇੰਦ੍ਰਸੈਨ ਤਿਂਹ ਕਾਲਾ। ਬੈਠੇ ਦਰਸਹਿਂ ਦੀਨਦਯਾਲਾ॥ ੮੧॥

"ਝੰਡੇ ਨੂੰ ਉਸ ਸਤਿਗੁਰੂ ਬਣਾਇਆ ਹੈ" ਇਹ ਸੁਣ ਕੇ ਰਾਜੇ ਨੇ ਇਕ ਆਦਮੀ ਨੂੰ ਭੇਜਿਆ। ਉਸ ਸਮੇਂ ਝੰਡਾ ਅਤੇ ਇੰਦ੍ਰਸੈਨ ਦੀਨ ਦਿਆਲ ਭਾਵ ਗੁਰੂ ਜੀ ਪਾਸ ਦਰਸ਼ਨਾਂ ਲਈ ਬੈਠੇ ਸਨ॥ ੮੧॥

ਮਾਨਵ ਆਵਤਿ ਵਾਕ ਅਲਾਵਾ। 'ਕੌਨ ਤਪਾ ਤੁਮ ਵਿਖੈ ਕਹਾਵਾ ?।
ਨਾਮ ਅਹੈ ਸ੍ਰੀ ਨਾਨਕ ਜਾਂਕੋ। ਨ੍ਰਿਪਤ ਬੁਲਾਵਤਿ ਹੈ ਅਬ ਤਾਂਕੋ' ॥੮੨॥

ਉਸ ਆਦਮੀ ਨੇ ਆ ਕੇ ਕਿਹਾ, "ਤੁਹਾਡੇ ਵਿਚ ਕੌਣ ਤਪਾ ਕਹਾਉਂਦਾ ਹੈ?। ਜਿਸ ਦਾ ਨਾਮ ਨਾਨਕ ਹੈ। ਰਾਜੇ ਨੇ ਤੁਹਾਨੂੰ ਹੁਣੇ ਬੁਲਾਇਆ ਹੈ" ॥ ੮੨॥

ਇੰਦ੍ਰਸੈਨ ਬੋਲਯੋ ਤਿਹ ਸਾਥਾ। 'ਮੈਂ ਅਬ ਚਲੋਂ ਨਿਕਟਿ ਨਰ ਨਾਥਾ।
ਤਿਹ ਕੋ ਸਭਿ ਬਿਧਿ ਕਹਿ ਸਮਝਾਊਂ। ਬਹੁਰੋ ਆਪ ਪਾਸ ਚਲਿ ਆਊਂ' ॥੮੩॥

ਉਸ ਦੇ ਨਾਲ ਇੰਦਰਸੈਨ ਬੋਲਿਆ, "ਮੈਂ ਹੁਣ ਰਾਜੇ ਦੇ ਪਾਸ ਜਾਂਦਾ ਹਾਂ, ਤੇ ਉਸ ਨੂੰ ਚੰਗੀ ਤਰ੍ਹਾਂ ਸਮਝਾਉਂਦਾ ਹਾਂ। ਫਿਰ ਮੈਂ ਚਲ ਕੇ ਆਪ ਪਾਸ ਆ ਜਾਵਾਂਗਾ" ॥ ੮੩॥

ਸ੍ਰੀ ਗੁਰ ਭਨੈ 'ਉਠਯੋ ਤੂ ਕੈਸੇ। ਰਹਹੁ ਨਚਿੰਤ ਇਹਾਂ ਢਿਗ ਬੈਸੇ'।
ਇੰਦ੍ਰਸੈਨ ਤਬ ਬਚਨ ਉਚਾਰਾ। 'ਹੇ ਪ੍ਰਭੁ ਸੁਨਹੁ ਮੁਕੰਦ ਉਦਾਰਾ'॥੮੪॥

ਗੁਰੂ ਜੀ ਨੇ ਕਿਹਾ, "ਤੂੰ ਕਿਉਂ ਉਠਿਆ ਹੈਂ? ਏਥੇ ਮੇਰੇ ਪਾਸ ਬੈਠੇ ਨਿਸਚਿੰਤ ਰਹੋ।" ਇੰਦਰਸੈਨ ਫਿਰ ਬਚਨ ਕੀਤਾ, "ਹੇ ਪ੍ਰਭੂ! ਹੇ ਮੁਕਤੀਦਾਤੇ! ਸੁਣੋ॥ ੮੪॥

ਭੂਪਤਿ ਮਾਤੁਲ ਲਾਗਤਿ ਹਮਰਾ। ਭੇਦ ਨ ਜਾਨ ਸਕਹਿ ਸੋ ਤੁਮਰਾ।
ਆਇਸੁ ਦੀਜੈ ਤਿਹ ਸਮਝਾਊਂ। ਜਯੋਂ ਹ੍ਵੈ ਭਲਾ ਸੁ ਰੀਤਿ ਬਤਾਊਂ'॥੮੫॥

ਰਾਜਾ ਮੇਰਾ ਮਾਮਾ ਲੱਗਦਾ ਹੈ। ਉਹ ਤੁਹਾਡਾ ਭੇਦ ਨਹੀਂ ਜਾਣ ਸਕਦਾ। ਜੇ ਮੈਨੂੰ ਆਗਿਆ ਦੇਵੋਂ ਤਾਂ ਮੈਂ ਉਸ ਨੂੰ ਸਮਝਾਵਾਂ। ਜਿਵੇਂ ਭਲਾ ਹੋਵੇ ਉਹੀ ਰੀਤੀ ਉਸ ਨੂੰ ਦੱਸਾਂ"॥ ੮੫॥

ਦੋਹਰਾ- ਲੇ ਰਜਾਇ ਨ੍ਰਿਪ ਢਿਗ ਗਯੋ ਮਿਲਿ ਅਸ ਬਚਨ ਉਚਾਰ।
'ਸ਼ਰਨ ਗਹਉ ਤਿਹ ਸੰਤ ਕੀ ਲਖਿ ਸਰੂਪ ਕਰਤਾਰ॥ ੮੬॥

ਗੁਰੂ ਜੀ ਦੀ ਆਗਿਆ ਲੈ ਕੇ ਉਹ ਰਾਜੇ ਪਾਸ ਗਿਆ ਅਤੇ ਇਸ ਪ੍ਰਕਾਰ ਬਚਨ ਕੀਤਾ, "ਉਸ ਸੰਤ ਨੂੰ ਕਰਤਾਰ ਸਰੂਪ ਸਮਝ ਕੇ ਉਸ ਦੀ ਸ਼ਰਨ ਵਿਚ ਜਾਉ॥ ੮੬॥

ਚੌਪਈ- ਊਨੇ ਭਰੇ ਭਰੇ ਕਰਿ ਊਨੇ। ਉਜਰ ਬਸਾਇ, ਬਸੇ ਕਰਿ ਸੂਨੇ।
ਲਘੁ ਤੇ ਬਡ,ਬਡ ਤੇ ਲਘੁ ਛਿਨ ਮੈਂ। ਅਸ ਸਮਰਥ ਸਮਝਹੁ ਨ੍ਰਿਪ! ਮਨ ਮੈਂ॥੮੭॥

ਉਹ ਨੀਵਿਆਂ ਨੂੰ ਉੱਚਾ ਬਣਾਉਂਦਾ ਹੈ ਅਤੇ ਉਚਿਆਂ ਨੂੰ ਨਿਵਾਉਂਦਾ ਹੈ। ਉਹ ਉਜੜਿਆਂ ਨੂੰ ਵਸਾਉਂਦਾ ਹੈ ਤੇ ਵਸਦਿਆਂ ਨੂੰ ਉਜਾੜ ਦਿੰਦਾ ਹੈ। ਛੋਟਿਆਂ ਨੂੰ ਵੱਡਾ ਕਰਦਾ ਹੈ ਤੇ ਵੱਡਿਆਂ ਨੂੰ ਛਿਨ ਵਿਚ ਛੋਟੇ ਕਰ ਦਿੰਦਾ ਹੈ। ਹੇ ਰਾਜੇ! ਮਨ ਵਿਚ ਉਸ ਨੂੰ ਐਸਾ ਸਮਰੱਥ ਸਮਝੋ"॥ ੮੭॥

ਭੂਪ ਕਹੈ 'ਜਿਹ ਬਿਧਿ ਤੁਮ ਕਹਿਹੋ। ਤਿਹ ਬਿਧਿ ਜਾਇ ਸ਼ਰਨ ਮੈਂ ਗਹਿਹੋਂ।
ਜਿਹ ਕੀ ਮਹਿਮਾ ਸੁਨਿਯਤਿ ਭਾਰੀ। ਦਰਸ ਕਰਨ ਅਭਿਲਾਖ ਹਮਾਰੀ'॥੮੮॥

ਰਾਜੇ ਨੇ ਕਿਹਾ, "ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਉਸ ਤਰ੍ਹਾਂ ਹੀ ਜਾ ਕੇ ਮੈਂ ਉਸ ਦੀ ਸ਼ਰਨ ਫੜ ਲੈਂਦਾ ਹਾਂ। ਜਿਸ ਦੀ ਏਨੀ ਭਾਰੀ ਮਹਿਮਾ ਸੁਣੀ ਹੈ, ਉਸ ਦੇ ਦਰਸ਼ਨ ਕਰਨ ਦੀ ਮੇਰੀ ਅਭਿਲਾਸ਼ਾ ਹੈ"॥ ੮੮॥

ਇੰਦ੍ਰਸੈਨ ਕਹਿ 'ਭੇਟਾ ਲੀਜੈ॥ ਅਪਨਾ ਆਪ ਨਿਵਾਰਨ ਕੀਜੈ।
ਸੁਭ ਫਲ ਮਧੁਰ ਅਸਨ ਧਰਿ ਆਗੇ। ਕਰਹੁ ਡੰਡੌਤ ਚਰਨ ਜੁਗ ਲਾਗੇ॥੮੯॥

ਇੰਦਰ ਸੈਨ ਨੇ ਕਿਹਾ, "ਭੇਟਾ ਲੈ ਕੇ ਜਾਓ ਅਤੇ ਆਪਣੇ ਆਪ ਨੂੰ ਨਿਵਾਰਨ ਕਰੋ, ਸੁਭ ਫਲ, ਮਿੱਠੇ ਭੋਜਨ ਉਨ੍ਹਾਂ ਦੇ ਅੱਗੇ ਧਰੋ ਅਤੇ ਗੁਰੂ ਜੀ ਦੇ ਦੋਹਾਂ ਚਰਨਾਂ ਤੇ ਡੰਡੌਤ ਬੰਦਨਾ ਕਰੋ"॥ ੮੯॥

ਮਾਨੀ ਸੀਖ ਸੁਸਾ ਕੇ ਸੁਤ ਕੀ। ਲਖੀ ਰਿਦੈ ਭਾਖਤਿ ਮਮ ਹਿਤ ਕੀ।
ਸੁਣਿ ਭੇਟਾ ਲੇਕਰਿ ਸੋ ਆਵਾ। ਇੰਦ੍ਰਸੈਨ ਜਿਹ ਸੰਗਿ ਸੁਹਾਵਾ॥੯੦॥

ਰਾਜੇ ਨੇ ਭੈਣ ਦੇ ਪੁੱਤਰ ਦੀ ਸਿਖਿਆ ਮੰਨ ਲਈ। ਹਿਰਦੇ ਵਿਚ ਇਹ ਗੱਲ ਸਮਝ ਲਈ ਕਿ ਇੰਦਰਸੈਨ ਨੇ ਉਸ ਦੇ ਹਿਤ ਵਾਸਤੇ ਹੀ ਕਿਹਾ ਹੈ। ਇਹ ਸੁਣ ਕੇ ਭੇਟਾ ਲੈ ਕੇ ਆ ਗਿਆ, ਇੰਦਰਸੈਨ ਵੀ ਉਸ ਦੇ ਨਾਲ ਸ਼ੋਭ ਰਿਹਾ ਸੀ॥ ੯੦॥

ਦੋਹਰਾ- ਪਗ ਨੰਗੇ ਮਨ ਦੀਨ ਹ੍ਵੈ ਪ੍ਰੇਮ ਸੰਗ ਤਿਹ ਆਨਿ।
ਕਰ ਬੰਦੇ ਬੰਦਨ ਕਰੀ ਧਰ ਪਰ ਦੰਡ ਸਮਾਨ॥ ੯੧॥

ਨੰਗੇ ਪੈਰ, ਮਨ ਦੀਨ ਕਰਕੇ ਅਤੇ ਪ੍ਰੇਮ ਦੇ ਨਾਲ ਓਥੇ ਆਇਆ, ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਧਰਤੀ ਤੇ ਡੰਡੇ ਵਾਂਗ ਲੇਟ ਗਿਆ॥ ੯੧॥

ਚੌਪਈ- ਕਰਿ ਅਸ਼ਟਾਂਗ ਚਰਨ ਅਨੁਰਾਗਾ। ਪਰਯੋ ਰਹਯੋ ਉਠਤਿ ਨ ਵਡਭਾਗਾ।
ਪਿਖਿ ਗੁਰੂ ਦਈ ਪੀਠ ਪਰ ਥਾਪੀ। 'ਉਠਹੁ ਭੂਪ ਅਤਿ ਭਾ ਪਰਤਾਪੀ॥੯੨॥

ਚਰਨਾਂ ਤੇ ਡੰਡੌਤ ਬੰਦਨਾਂ ਕਰਕੇ ਮਨ ਬੜਾ ਪ੍ਰਸੰਗ ਹੋਇਆ। ਕਾਫੀ ਦੇਰ ਲੰਮੇ ਪਿਆ ਰਿਹਾ ਤੇ ਵੱਡੇ ਭਾਗਾਂ ਵਾਲਾ ਉਠਿਆ ਨਹੀ। ਗੁਰੂ ਜੀ ਨੇ ਵੇਖ ਕੇ ਪਿੱਠ ਤੇ ਥਾਪੀ ਦਿੱਤੀ ਅਤੇ ਕਿਹਾ, "ਹੇ ਰਾਜੇ! ਉਠੋ, ਤੁਹਾਡਾ ਵੱਡਾ ਪਰਤਾਪ ਹੋਵੇਗਾ॥ ੯੨॥

ਨ੍ਰਿਪਤਿ ਸਤਾਰਹਿ ਤੋਹਿ ਸਮੀਪਾ। ਸਭਿ ਕੈ ਭਯੋ ਤੁਹੀ ਅਵਨੀਪਾ।
ਆਨਿ ਕਰਹਿੰਗੇ ਤਵ ਪਦ ਬੰਦਨ। ਜੇ ਨ ਆਇਂ ਚਢਿ ਕਰਹੁ ਨਿਕੰਦਨ॥੯੩॥

ਸਤਾਰਾਂ ਰਾਜੇ ਤੇਰੇ ਸਾਥ ਹੋਣਗੇ ਅਤੇ ਤੂੰ ਸਾਰਿਆਂ ਦਾ ਮਹਾਰਾਜਾ ਹੋਵੇਂਗਾ। ਉਹ ਰਾਜੇ ਆ ਕੇ ਤੇਰੇ ਚਰਨਾਂ ਤੇ ਨਮਸਕਾਰ ਕਰਨਗੇ। ਜੇ ਨਾ ਆਉਣ ਤਾਂ ਉਨ੍ਹਾਂ ਤੇ ਚੜ੍ਹਾਈ ਕਰ ਦੇਵੇ।"

ਨੋਟ—(ਚੌਪਈ ਨੰ: ੯੩, ਗੁਰੂ ਜੀ ਦੀ ਸਿਖਿਆ ਅਨੁਸਾਰ ਨਹੀਂ ਹੈ ਅਤੇ ਨਾ ਹੀ ਇਹ ਕਥਾ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹੈ)॥ ੯੩॥

ਪ੍ਰੇਮ ਅਧਿਕ ਜਬ ਤਿਹਕਾ ਦੇਖਾ। ਦੀਨੋ ਬਰ 'ਹ੍ਵੈ ਰਾਜ ਬਿਸ਼ੇਖਾ।
ਸੁਧਰਸੈਨ ਸੁਨਿ ਕਰਿ ਹਰਖਾਨਾ। ਸ੍ਰੀ ਕਰਤਾਰ ਸਮਾਨ ਪਛਾਨਾ॥੯੪॥

ਜਦ ਰਾਜੇ ਦਾ ਬਹੁਤ ਪਿਆਰ ਵੇਖਿਆ ਤਾਂ ਉਸਨੂੰ ਇਹ ਵਰ ਦਿੱਤਾ ਕਿ ਤੇਰਾ ਰਾਜ ਪਾਟ ਬਹੁਤ ਵਧੇਗਾ। ਸੁਧਰਸੈਨ ਇੰਨਾ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਨੂੰ ਪ੍ਰਭੂ ਸਮਾਨ ਪਛਾਣਿਆ॥ ੯੪॥

ਦੋਹਰਾ- ਬਿਨੈ ਕਰੀ ਕਰ ਬੰਦਿਕੈ ਲੇਜ ਚਲਾ ਨਿਜ ਧਾਮ।
ਏਕ ਮਾਸ ਤਿਹਠਾਂ ਰਹੇ ਪੂਰਨ ਕਿੰਕਰ ਕਾਮ॥ ੯੫॥

ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਦਾਸਾਂ ਦੇ ਕੰਮ ਪੂਰੇ ਕਰਨ ਵਾਲੇ ਭਾਵ ਗੁਰੂ ਜੀ ਇਕ ਮਹੀਨਾ ਓਥੇ ਰਹੇ॥ ੯੫॥

ਚੌਪਈ- ਸ੍ਰੀ ਗੁਰ ਭਨੈਂ 'ਨਰੇਸ਼! ਸੁਨੀਜੈ। ਝੰਡੇ ਕੀ ਸਮਤਾ ਨਹਿਂ ਕੀਜੈ।
ਜੇਕਰਿ ਅਪਨ ਭਲਾ ਤੁਮ ਚਹਿਈ। ਸਦਾ ਨਮ੍ਯੋ ਆਗੈ ਤਿਹ ਰਹਿਈ॥੯੬॥

ਗੁਰੂ ਜੀ ਨੇ ਕਿਹਾ, "ਰਾਜਾ ਜੀ! ਮੇਰੀ ਗੱਲ ਸੁਣੋ। ਝੰਡੇ ਦੀ ਸਮਤਾ ਨਹੀ ਕਰਨੀ ਹੈ। ਜੇ ਤੁਸੀ ਆਪਣਾ ਭਲਾ ਚਾਹੁੰਦੇ ਹੋ ਤਾਂ ਸਦਾ ਉਸ ਅੱਗੇ ਨੀਵਾਂ ਹੋ ਕੇ ਰਹੋ"॥ ੯੬॥

ਸਰਬ ਦੇਸ਼ ਸਿੱਖੀ ਪ੍ਰਗਟਾਏ। ਝੰਡੇ ਅੱਗ੍ਰਜ ਦਏ ਨਿਵਾਏ।
ਸਿਮਰਨ ਨਾਮ ਦਾਨ ਇਸ਼ਨਾਨਾ। ਕਰਹਿਂ ਮਨੁਜ ਨਿਜ ਭਲਾ ਪਛਾਨਾ॥੯੭॥

ਸਾਰੇ ਦੇਸ਼ ਵਿਚ ਸਿੱਖੀ ਪ੍ਰਗਟ ਕੀਤੀ ਅਤੇ ਝੰਡੇ ਅੱਗੇ ਨਿਵਾ ਦਿੱਤੇ। ਸਾਰੇ ਮਨੁੱਖ ਭਲਾ ਜਾਣ ਕੇ ਨਾਮ ਦਾ ਸਿਮਰਨ ਕਰਦੇ ਸਨ, ਨਾਮਦਾਨ ਅਤੇ ਇਸ਼ਨਾਨ ਕਰਦੇ ਸਨ॥ ੯੭॥

ਬਹੁਰ ਚਲਨ ਕੀ ਬਾਤ ਚਲਾਈ। ਸੁਨਤਿ ਨ੍ਰਿਪਤ ਨੇ ਗਿਰਾ ਅਲਾਈ।
'ਗਜ ਬਾਜੀ ਸਭਿ ਰਾਜ ਸਮਾਜਾ। ਨਿਜ ਕਰ ਝੰਡੇ ਕੋ ਦਿਹੁ ਆਜਾ॥੯੮॥

ਫਿਰ ਚੱਲਣ ਦੀ ਗੱਲ ਕੀਤੀ। ਇਹ ਸੁਣ ਕੇ ਰਾਜੇ ਨੇ ਕਿਹਾ, "ਹਾਥੀ ਘੋੜੇ ਸਭ ਰਾਜ ਸਮਾਜ ਮੈਂ ਅੱਜ ਸਭ ਕੁਝ ਝੰਡੇ ਨੂੰ ਦਿੰਦਾ ਹਾਂ॥ ੯੮॥

ਮੋਕੋ ਲੇਹੁ ਆਪਨੇ ਸਾਥਾ। ਰਹਿ ਨ ਸਕੋਂ ਤੁਮ ਬਿਨ ਜਗਨਾਥਾ!।
ਮੀਨ ਨੀਰ ਗਤਿ ਸ੍ਰੀ ਪਗ ਸੰਗਾ। ਅਸ ਕਹਿਤਯੋ ਉਰ ਪ੍ਰੇਮ ਉਮੰਗਾ ॥੯੯ ॥

ਮੈਨੂੰ ਆਪਣੇ ਨਾਲ ਲੈ ਲਵੋ, ਹੇ ਜਗਤ ਦੇ ਨਾਥ ਭਾਵ ਗੁਰੂ ਜੀ! ਮੈਂ ਤੁਹਾਡੇ ਬਗੈਰ ਰਹਿ ਨਹੀਂ ਸਕਦਾ। ਮੇਰੀ ਆਪ ਦੇ ਚਰਨਾਂ ਨਾਲ ਮੱਛੀ ਪਾਣੀ ਵਾਲੀ ਪ੍ਰੀਤ ਹੈ।" ਇਸ ਤਰ੍ਹਾਂ ਪ੍ਰੇਮ ਉਤਸ਼ਾਹ ਨਾਲ ਰਾਜੇ ਨੇ ਕਿਹਾ॥ ੯੯॥

ਪੁਲਕਾਵਲ ਤਨ ਗਦਗਦ ਬਾਨੀ। ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ।
ਦੇਖਿ ਪ੍ਰੀਤਿ ਅਸ ਉਰ ਕੀ ਸਾਚੀ। ਸ੍ਰੀ ਨਾਨਕ ਜੀ ਗਿਰਾ ਉਬਾਚੀ ॥੧੦੦ ॥

ਸਰੀਰ ਕੰਬ ਰਿਹਾ ਸੀ ਅਤੇ ਬੋਲੀ ਪ੍ਰੇਮ-ਮਈ ਹੋ ਗਈ ਸੀ। ਉਸ ਵੇਲੇ ਰਾਜੇ ਦੀ ਹਾਲਤ ਬੜੀ ਵਿਆਕੁਲ ਅਤੇ ਬੇਚੈਨ ਸੀ। ਰਾਜੇ ਦੇ ਹਿਰਦੇ ਦੀ ਸੱਚੀ ਪ੍ਰੀਤ ਜਾਣ ਕੇ, ਗੁਰੂ ਨਾਨਕ ਜੀ ਨੂੰ ਫਿਰ ਕੁਝ ਬਚਨ ਕਹੇ॥ ੧੦੦॥

'ਧਰਹੁ ਧਯਾਨ ਨਿਤ ਉਰ ਅਵਨੀਪਾ। ਮੈਂ ਹੋਂ ਤੁਮਰੇ ਸਦਾ ਸਮੀਪਾ।
ਸੁਚ ਸੋਂ ਪੰਚਾਂਮ੍ਰਿਤ ਕਰਿਵਾਵਹੁ। ਟਕਾ ਰਾਖਿ ਅਰਦਾਸ ਅਲਾਵਹੁ ॥੧੦੧ ॥

ਹੇ ਰਾਜਨ! ਜਦ ਵੀ ਹਿਰਦੇ ਵਿਚ ਧਿਆਨ ਧਾਰਨ ਕਰੋਗੇ ਮੈਂ ਸਦਾ ਤੇਰੇ ਪਾਸ ਹੋਵਾਂਗਾ। ਸੁਚਮ ਰੱਖ ਕੇ ਕੜਾਹ ਪ੍ਰਸਾਦ ਕਰਵਾਵੋ ਅਤੇ ਫਿਰ ਟਕਾ ਅੱਗੇ ਰੱਖ ਕੇ ਅਰਦਾਸ ਕਰੋ॥ ੧੦੧॥

ਦੋਹਰਾ- ਹਾਜਰ ਹੋਵੋਂ ਆਨਿ ਤਬ ਕਰੋਂ ਕਾਮਨਾ ਪੂਰ।
ਅਸ ਕਹਿ ਬਹੁ ਧੀਰਜ ਦਯੋ ਭੂਪਤਿ ਕੋ ਜਗਮੂਰ॥ ੧੦੨ ॥

ਉਸੇ ਵੇਲੇ ਮੈਂ ਆ ਹਾਜ਼ਰ ਹੋਵਾਂਗਾ ਤੇ ਸਭ ਕਾਮਨਾਵਾਂ ਪੂਰੀਆਂ ਕਰਾਂਗਾ।" ਇਸ ਤਰ੍ਹਾਂ ਕਹਿ ਕੇ ਜਗਤ ਦੇ ਮੂਲ ਭਾਵ ਗੁਰੂ ਜੀ ਨੇ ਰਾਜੇ ਨੂੰ ਧੀਰਜ ਦਿੱਤਾ॥ ੧੦੨॥

ਸਰਬ ਨਗਰ ਕੇ ਨਰ ਮਿਲੇ ਝੰਡੇ ਆਦਿ ਜਿ ਆਨ।
ਤਿਨ ਕੋ ਧੀਰਜ ਦੇ ਗੁਰੂ ਪੁਨ ਕੀਨੋ ਪ੍ਰਸਥਾਨ॥ ੧੦੩ ॥

ਨਗਰ ਦੇ ਸਾਰੇ ਮਨੁੱਖ ਝੰਡੇ ਸਮੇਤ ਗੁਰੂ ਜੀ ਨੂੰ ਆ ਕੇ ਮਿਲੇ। ਉਨ੍ਹਾਂ ਸਭ ਨੂੰ ਧੀਰਜ ਦੇ ਕੇ ਗੁਰੂ ਜੀ ਅੱਗੇ ਚਲ ਪਏ॥ ੧੦੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਧਰਸੈਨ ਝੰਡੇ ਬਾਢੀ ਕੋ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਮੋ ਅਧਯਾਯ॥ ੫੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਰਵੰਜਵਾਂ ਅਧਿਆਇ, ਜਿਸ ਦਾ ਨਾਮ 'ਸੁਧਰ ਸੈਨ' ਹੈ ਸਮਾਪਤ ਹੋਇਆ॥ ੫੩॥

# ਅਧਿਆਇ ਚੁਰਿੰਜਵਾਂ

ਮਧੁਰਬੈਨ, ਦੇਵਲੂਤ ਰਾਖਸ਼।

ਦੋਹਰਾ- ਸ਼ਾਰਦੂਲ ਸ੍ਰੀ ਗੁਰੂ ਚਰਨ ਸ਼ਰਨ ਪਰਯੋ ਮੈਂ ਧਾਇ।
ਜੰਬੁਕ ਜਮ ਬਪੁਰਾ ਨਿਬਲ ਤਾਂਕੋ ਕਹਾਂ ਬਸਾਇ॥ ੧॥

ਗੁਰੂ ਜੀ ਦੇ ਚਰਨ ਸ਼ੇਰ ਸਮਾਨ ਹਨ, ਮੈਂ ਦੌੜ ਕੇ ਉਨ੍ਹਾਂ ਦੀ ਸ਼ਰਨ ਜਾ ਪਿਆ ਹਾਂ। ਹੁਣ ਭਲਾ ਜਮ ਦਾ ਜੋ ਨਿਰਬਲ ਅਤੇ ਗਿੱਦੜ ਵਾਂਗ ਹੈ, ਕੀ ਵੱਸ ਚਲੇਗਾ॥ ੧॥

ਸ੍ਰੀ ਬਾਲਾ ਸੰਧੁਰੂ ਵਾਚ॥

ਚੌਪਈ- ਸੁਨਹੁ ਕਥਾ ਸ੍ਰੀ ਅੰਗਦ ਰੂਰੀ। ਸਰਬ ਕਾਮਨਾ ਕਰਹਿ ਜੁ ਪੂਰੀ।
ਸੁਧਰਸੈਨ ਕੇ ਦੇ ਉਰਧੀਰਾ। ਗਮਨੇ ਆਗੇ ਗੁਨੀ ਗਹੀਰਾ॥ ੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁੰਦਰ ਕਥਾ ਸੁਣੋ, ਜਿਸ ਨੂੰ ਸੁਣਨ ਨਾਲ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ. ਸੁਧਰਸੈਨ ਨੂੰ ਧੀਰਜ ਦੇ ਕੇ ਗੁਨੀ ਗਹੀਰਾ ਭਾਵ ਗੁਰੂ ਜੀ ਅੱਗੇ ਚਲ ਪਏ॥ ੨॥

ਚਲੇ ਜਾਹਿਂ ਸਾਗਰ ਪੈ ਐਸੇ। ਬਿਨਾਂ ਪੰਕ ਧਰਨੀ ਪਰ ਜੈਸੇ।
ਭਨਤਿ ਜਾਤਿ ਸ੍ਰੀ ਮੁਖ ਤੇ ਬਚਨਾ। ਹਾਸ ਕਰਨ ਕੀ ਜਿਨ ਮਹਿਂ ਰਚਨਾ॥੩॥

ਸਮੁੰਦਰ ਦੇ ਉਤੇ ਇਸ ਤਰ੍ਹਾਂ ਤੁਰੇ ਜਾ ਰਹੇ ਸਨ, ਜਿਵੇਂ ਚਿੱਕੜ ਰਹਿਤ ਧਰਤੀ ਤੇ ਤੁਰੇ ਜਾਂਦੇ ਹੋਣ। ਆਪਣੇ ਮੁਖਾਰਬਿੰਦ ਤੋਂ ਅਜਿਹੇ ਸ਼ਬਦ ਬੋਲਦੇ ਜਾਂਦੇ ਹਨ ਜਿਨ੍ਹਾਂ ਨੂੰ ਸੁਣ ਕੇ ਹਾਸਾ ਉਤਪੰਨ ਹੁੰਦਾ ਹੈ॥ ੩॥

ਟਾਪੂ ਆਵਾ ਏਕ ਅਗਾਰੀ। ਗਮਨ ਕੀਨ ਪੁਨ ਤਾਂਹਿ ਮਝਾਰੀ।
ਦੋਇ ਕੋਸ ਤੇ ਪੁਰਿ ਇਕ ਦੇਖਾ। ਅਤਿ ਸੁੰਦਰ ਜਿਹ ਦੁਰਗ ਬਿਸ਼ੇਖਾ॥੪॥

ਅੱਗੇ ਜਾ ਕੇ ਇਕ ਟਾਪੂ ਆਇਆ। ਗੁਰੂ ਜੀ ਉਸ ਟਾਪੂ ਦੇ ਅੰਦਰ ਚਲੇ ਗਏ। ਦੋ ਕੋਹ ਤੇ ਇਕ ਨਗਰ ਵੇਖਿਆ ਜਿਹੜਾ ਅਤਿ ਸੁੰਦਰ ਹੈ ਤੇ ਜਿਸ ਦੇ ਦੁਆਲੇ ਇਕ ਵੱਡੀ ਦੀਵਾਰ ਉਸਾਰੀ ਗਈ ਹੈ॥ ੪॥

ਤਿਹ ਠਾਂ ਬੈਸਿ ਗਏ ਗਤਿਦਾਨਾ। ਨਿਕਟ ਨਗਰ ਨਹਿਂ ਕੀਨ ਪਯਾਨਾ।
ਤੀਨ ਦਿਵਸ ਬੀਤੇ ਉਦਿਆਨਾ। ਤਬ ਮਰਦਾਨੇ ਬਚਨ ਬਖਾਨਾ॥੫॥

ਮੁਕਤੀਦਾਤੇ ਭਾਵ ਗੁਰੂ ਜੀ ਉਸ ਥਾਂ ਹੀ ਬੈਠ ਗਏ, ਨਗਰ ਦੇ ਨੇੜੇ ਨਾ ਗਏ। ਜਦ ਤਿੰਨ ਦਿਨ ਜੰਗਲ ਦੇ ਵਿਚ ਬੈਠਿਆਂ ਬੀਤ ਗਏ ਤਦ ਮਰਦਾਨੇ ਨੇ ਇਹ ਬਚਨ ਕਿਹਾ॥ ੫॥

'ਆਇਸੁ ਦੇਹੁ ਨਗਰ ਮਹਿਂ ਜਾਵੌਂ। ਤਿਹ ਬਿਲੋਕਿ ਮੈ ਤੂਰਣ ਆਵੌਂ'।
ਬੋਲਤਿ ਭੇ ਸ੍ਰੀ ਮੁਖ ਬਿਗਸਾਨੇ। 'ਛੁਧਾ ਲਗੀ ਹੁਇ ਹੈ ਮਰਦਾਨੇ' ॥੬॥

"ਮੈਨੂੰ ਆਗਿਆ ਦੇਵੋ ਮੈਂ ਨਗਰ ਵਿਚ ਜਾਵਾਂ। ਨਗਰ ਨੂੰ ਵੇਖ ਕੇ ਮੈਂ ਤੁਰੰਤ ਵਾਪਿਸ ਆ ਜਾਵਾਂਗਾ।" ਗੁਰੂ ਜੀ ਖੁਸ਼ ਹੋ ਕੇ ਆਪਣੇ ਮੁੱਖ ਤੋਂ ਬੋਲੇ, "ਕੀ ਮਰਦਾਨੇ ਭੁੱਖ ਲੱਗੀ ਹੋਈ ਹੈ?"॥ ੬॥

ਦੋਹਰਾ- 'ਤੁਮਕੋ ਭੂਖ ਨ ਬਯਾਪਈ, ਤ੍ਰਿਖਾ ਸੰਤਾਇਨ ਕੋਇ।
ਮੋਕੋ ਆਤੁਰ ਅਤਿ ਕਰੈ ਕਿਉਂ ਨ੍ਰਿਬਾਹਿ ਹਮ ਹੋਇ॥ ੭॥

ਮਰਦਾਨੇ ਕਿਹਾ, "ਤੁਹਾਨੂੰ ਤਾਂ ਭੁੱਖ ਲਗਦੀ ਨਹੀਂ ਅਤੇ ਨਾ ਹੀ ਪਿਆਸ ਸਤਾਉਂਦੀ ਹੈ। ਮੈਨੂੰ ਤਾਂ ਇਹ ਬਹੁਤ ਤੰਗ ਕਰਦੀ ਹੈ, ਸਾਡਾ ਨਿਰਬਾਹ ਕਿਵੇਂ ਹੋਵੇ॥ ੭॥

ਚੌਪਈ- ਫਿਰੋਂ ਸੰਗ ਤੁਮਰੇ ਹਠ ਕਰਿਕੈ। ਅਚੌਂ ਅਸਨ ਅਬ ਨਗਰ ਨਿਹਰਿਕੈ'।
ਸ੍ਰੀ ਗੁਰ ਭਨੈਂ 'ਧਰਹੁ ਸੰਤੋਖੰ। ਸ੍ਰੀ ਕਰਤਾਰ ਕਰੈ ਤਵ ਪੋਖੰ॥ ੮॥

ਤੁਹਾਡੇ ਨਾਲ ਹੱਠ ਕਰਕੇ ਫਿਰੀ ਜਾਂਦਾ ਹਾਂ। ਹੁਣ ਨਗਰ ਵੇਖ ਕੇ ਭੋਜਨ ਖਾਵਾਂਗਾ।" ਗੁਰੂ ਜੀ ਨੇ ਕਿਹਾ, "ਸੰਤੋਖ ਰਖੋ, ਸ੍ਰੀ ਕਰਤਾਰ ਆਪੇ ਹੀ ਤੁਹਾਡੀ ਭੁੱਖ ਦੂਰ ਕਰੇਗਾ॥ ੮॥

ਜਤਨ ਕਰਨ ਹਿਤ ਮਨ ਨ ਡੁਲਾਵਹੁ। ਪਰਾਲਬਧ ਬੈਠੇ ਹੀ ਪਾਵਹੁ'।
ਬੂਝਨ ਲਗਾ ਬਹੁਰ ਮਰਦਾਨਾ। 'ਕਥਾ ਇਹ ਪੁਰਿ ਕੋ ਨਾਮ? ਸੁਜਾਨਾ!' ॥੯॥

ਕੋਈ ਯਤਨ ਕਰਨ ਵਾਸਤੇ ਮਨ ਨੂੰ ਨਾ ਡੋਲਣ ਦੇਵੋ। ਭੋਜਨ ਤੈਨੂੰ ਏਥੇ ਬੈਠੇ ਨੂੰ ਮਿਲ ਜਾਵੇਗਾ।" ਮਰਦਾਨਾ ਫਿਰ ਪੁੱਛਣ ਲੱਗਾ, "ਹੇ ਚਤਰ ਗੁਰੂ ਜੀ, ਇਸ ਨਗਰ ਦਾ ਕੀ ਨਾਂ ਹੈ" ॥ ੯॥

ਸੁਨਿ ਸ੍ਰੀ ਗੁਰੂ ਨੈ ਦੀਨ ਬਤਾਈ। 'ਨਾਮ ਬ੍ਰਹਮ ਪੁਰ ਇਸਹਿ ਅਲਾਈ।
ਜਾਨਹੁ ਬ੍ਰਹਮਣ ਭੂਪਤਿ ਨਗਰਾ। ਕਰਤਿ ਰਾਜ ਇਹ ਟਾਪੂ ਸਗਰਾ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਨਗਰ ਦਾ ਨਾਂ ਦੱਸ ਦਿੱਤਾ, "ਇਸ ਨਗਰ ਨੂੰ ਬ੍ਰਹਮਪੁਰ ਕਹਿੰਦੇ ਹਨ। ਇਸ ਨਗਰ ਦਾ ਰਾਜਾ ਬ੍ਰਾਹਮਣ ਹੈ। ਸਾਰੇ ਟਾਪੂ ਤੇ ਇਸ ਦਾ ਹੀ ਰਾਜ ਹੈ" ॥ ੧੦॥

ਕਹਿਤਿ ਪਰਸਪਰ ਅਸਬਿਧਿ ਬੈਨਾ। ਜੋ ਨਿਜ ਕਿੰਕਰ ਕੇ ਗਤਿ ਦੈਨਾ।
ਤਿਹ ਛਿਨ ਬ੍ਰਿੰਦ ਮਿਰਗ ਲਘੁ ਆਏ। ਚਕਿਤ ਬਿਲੋਕਤਿ ਸ੍ਰੋਨ ਉਠਾਏ ॥੧੧॥

ਆਪਣੇ ਸੇਵਕਾਂ ਨੂੰ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਇਸ ਤਰ੍ਹਾਂ ਕਹਿ ਰਹੇ ਹਨ ਕਿ ਉਸ ਵੇਲੇ ਓਥੇ ਛੋਟੇ ਹਿਰਣਾਂ ਦਾ ਝੁੰਡ ਆਇਆ। ਸਾਨੂੰ ਬੜੀ ਹੈਰਾਨੀ ਨਾਲ ਕੰਨ ਚੁਕ ਕੇ ਵੇਖਦੇ ਹਨ॥ ੧੧॥

ਭੈ ਕਰਿ ਭਾਗੇ ਜਾਹਿੰ ਅਗਾਰੇ। ਆਵਤਿ ਸੂਕਰ ਬਹੁਰ ਨਿਹਾਰੇ।
ਬਦਨ ਰਦਨ ਛਬਿ ਅਸ ਤਿਹ ਠੌਰੇ। ਜਨੁ ਸ਼ਸ਼ਿ ਗਹੇ ਰਾਹੁ ਬਹੁ ਦੌਰੇ ॥੧੨॥

ਡਰਦੇ ਅੱਗੇ ਅੱਗੇ ਭੱਜੇ ਜਾ ਰਹੇ ਸਨ, ਫਿਰ ਉਨ੍ਹਾਂ ਦੇ ਪਿਛੇ ਸੂਰ ਆਉਂਦੇ ਵੇਖੇ। ਸੂਰ ਦੌੜੇ ਜਾ ਰਹੇ ਹਨ, ਉਨ੍ਹਾਂ ਦੇ ਦੰਦ ਚਿੱਟੇ ਹਨ ਅਤੇ ਮੂੰਹ ਕਾਲੇ ਹਨ। ਇਕ ਝਾਕੀ ਮਾਨੋਂ ਐਸੇ ਹੈ ਕਿ ਚੰਦਰਮਾਂ ਨੂੰ ਰਾਹੂ ਫੜ ਕੇ ਦੌੜੇ ਜਾ ਰਹੇ ਹਨ॥ ੧੨॥

ਆਏ ਤਿਨ ਕੇ ਸ੍ਵਾਨ ਪਿਛਾਰੀ। ਗਹਨ ਹੇਤ ਦੌਰੇ ਬਲਧਾਰੀ।
ਲਏ ਬਾਵਰਾ ਪੁਨ ਨਰ ਆਏ। ਬਹਿਰੀ, ਬਾਜ, ਸੀਚਾਨ ਉਡਾਏ ॥੧੩॥

ਉਨ੍ਹਾਂ ਦੇ ਪਿਛੇ ਕੁੱਤੇ ਆਏ, ਜਿਹੜੇ ਵੱਡਾ ਬਲ ਧਾਰਨ ਕਰਕੇ ਉਨ੍ਹਾਂ ਨੂੰ ਫੜਨ ਵਾਸਤੇ ਦੌੜ ਰਹੇ ਸਨ। ਜਾਲ ਚੁਕੀ ਫਿਰ ਬਹੁਤ ਆਦਮੀ ਆਏ। ਉਨ੍ਹਾਂ ਆਪਣੇ ਨਾਲ ਛਿਕੜੇ, ਬਾਜ ਅਤੇ ਸੀਚਾਨ ਉਡਾਏ ਹਨ॥ ੧੩॥

ਜਿਨਤੇ ਬਹੁਤ ਬਿਹੰਗ ਗਹਾਏ। ਬਹੁਰ ਸਊਰ ਦੁਰਾਵਤਿ ਆਏ।
ਤਿਨ ਕੇ ਪਾਛੇ ਹੁਤੇ ਭੁਵਾਲਾ। ਜਾਂਕੀ ਸ਼ੋਭਾ ਦਿਪਤ ਬਿਸਾਲਾ॥ ੧੪॥

ਉਨ੍ਹਾਂ ਪਾਸੋਂ ਬਹੁਤ ਪੰਛੀ ਫੜਵਾਏ ਹਨ। ਬਾਅਦ ਵਿਚ ਘੋੜ-ਸਵਾਰ ਘੋੜੇ ਭਜਾਉਂਦੇ ਆਏ। ਉਨ੍ਹਾਂ ਦੇ ਪਿਛੇ ਰਾਜਾ ਸੀ, ਜਿਸ ਦੀ ਸ਼ੋਭਾ ਬੜੀ ਪ੍ਰਕਾਸ਼ਮਈ ਸੀ॥ ੧੪॥

ਚੌਪਈ- ਜਹਿੰ ਬੈਸੇ ਬੇਦੀ ਕੁਲ ਦੀਪਾ। ਸੋ ਚਲਿ ਆਵਾ ਤਬਹਿ ਸਮੀਪਾ।

ਮਰਦਾਨੇ ਸੋਂ ਬੋਲਯੋ ਐਸੇ। 'ਅਹੋ ਕੌਨ ਤੁਮ ਕਾਨਨ ਬੈਸੇ?' ॥ ੧੫ ॥

ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਉਨ੍ਹਾਂ ਦੇ ਨੇੜੇ ਚਲ ਕੇ ਉਹ ਆ ਗਏ। ਮਰਦਾਨੇ ਨੂੰ ਉਨ੍ਹਾਂ ਇਸ ਤਰ੍ਹਾਂ ਕਿਹਾ, "ਤੁਸੀ ਜੰਗਲ ਵਿਚ ਬੈਠੇ ਕੌਣ ਹੋ ?" ॥ ੧੫ ॥

ਬੈਸਯੋ ਖਿਝਤਿ ਛੁਧਾ ਜਿਹ ਲਾਗੀ। ਨ੍ਰਿਪ ਬੂਝੇ ਤੇ ਰਿਸ ਪੁਨ ਜਾਗੀ।
ਕਹਨ ਲਗਯੋ 'ਲੋਚਨ ਤੁਝ ਸੰਗਾ। ਦੇਖਹੁ ਹਮ ਮਾਨੁਖ ਸਰਬੰਗਾ' ॥੧੬ ॥

ਮਰਦਾਨਾ ਪਹਿਲਾਂ ਹੀ ਖਿਝਿਆ ਬੈਠਾ ਸੀ, ਕਿਉਂਕਿ ਉਸ ਨੂੰ ਭੁੱਖ ਨੇ ਬਹੁਤ ਸਤਾਇਆ ਹੈ। ਰਾਜੇ ਦੇ ਪੁੱਛਣ ਨਾਲ ਉਸ ਦਾ ਗੁੱਸਾ ਹੋਰ ਵਧ ਗਿਆ। ਕਹਿਣ ਲੱਗਾ, "ਤੇਰੇ ਪਾਸ ਅੱਖਾਂ ਹਨ, ਦਿੱਸਦੇ ਨਹੀ ਕਿ ਅਸੀਂ ਹਰ ਪੱਖੋਂ ਮਨੁੱਖ ਹਾਂ।" ॥੧੬ ॥

ਮਧੁਰਬੈਨ ਸੁਨਿ ਬੈਨ ਅਲਾਏ। 'ਹੋ ਅਤੀਤ ਤੁਮ? ਦੇਹੁ ਬਤਾਏ'।
ਖਿਝਿਕੈ ਬਹੁ ਬੋਲਯੋ ਮਰਦਾਨਾ। 'ਤੁਝ ਕਯਾ ਲੋਚਨ ਸੰਗ ਦਿਖਾਨਾ ॥੧੭ ॥

ਇਹ ਸੁਣ ਕੇ ਮਧੁਰਬੈਨ ਰਾਜੇ ਨੇ ਕਿਹਾ, "ਕੀ ਤੁਸੀ ਫਕੀਰ ਹੋ ? ਇਹ ਤਾਂ ਦੱਸੋ।" ਹੋਰ ਖਿਝ ਕੇ ਮਰਦਾਨਾ ਬੋਲਿਆ, "ਤੈਨੂੰ ਆਪਣੀਆਂ ਅੱਖਾਂ ਨਾਲ ਕੀ ਦਿੱਸਦਾ ਹੈ ?" ॥ ੧੭ ॥

ਅਸ ਕਹਿ ਬੰਕ ਨੈਨ ਕਰਿ ਹੇਰਾ। ਨ੍ਰਿਪ ਸੋਂ ਬੋਲਯੋ ਬਚਨ ਨ ਫੇਰਾ।
ਨੀਚ ਡੀਠ ਕਰਿ ਬੈਠ ਰਹਾਵਾ। ਜਿਹ ਕਿਹ ਕੋ ਨਹਿ ਬੋਲ ਸੁਖਾਵਾ ॥੧੮ ॥

ਇਹ ਕਹਿ ਕੇ ਟੇਢੇ ਨੈਣ ਕਰਕੇ ਵੇਖਿਆ। ਰਾਜੇ ਨਾਲ ਉਸ ਫਿਰ ਕੋਈ ਗੱਲ ਨਾ ਕੀਤੀ। ਨੀਵੀਆਂ ਅੱਖਾਂ ਕਰਕੇ ਬੈਠਿਆ ਰਿਹਾ, ਜਿਸ ਨੂੰ ਕਿਸੇ ਦਾ ਬੋਲ ਚੰਗਾ ਨਾ ਲੱਗਾ॥ ੧੮ ॥

ਸੁਨਿ ਸ੍ਰੀ ਅੰਗਦ ਮੈਂ ਤਬ ਜਾਨੀ। ਸ੍ਰੀ ਨਾਨਕ ਹੈ ਤੂਸ਼ਨ ਠਾਨੀ।
ਖਿਝਯੋ ਛੁਧਾ ਸੋਂ ਬਹੁ ਮਰਦਾਨਾ। ਯੋਂ ਬਿਚਾਰ ਮੈਂ ਬਚਨ ਬਖਾਨਾ ॥੧੯ ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਤਦ ਮੈਂ ਸਮਝਿਆ ਕਿ ਗੁਰੂ ਨਾਨਕ ਦੇਵ ਜੀ ਨੇ ਚੁਪ ਧਾਰਨ ਕੀਤੀ ਹੈ, ਮਰਦਾਨਾ ਭੁੱਖ ਕਰਕੇ ਖਿਝਿਆ ਹੋਇਆ ਹੈ। ਇਹ ਵਿਚਾਰ ਕੇ ਮੈਂ ਬਚਨ ਕੀਤਾ॥ ੧੯ ॥

ਦੋਹਰਾ- 'ਹਮ ਆਏ ਪਰਦੇਸ਼ ਤੇ ਕਿਸਹੂੰ ਸੋਂ ਨ ਪਛਾਨ।
ਸੰਤ ਬੇਖ ਦੇਖਤਿ ਫਿਰੈਂ ਅਵਨੀ ਸੁਭ ਇਸਥਾਨ॥ ੨੦ ॥

"ਅਸੀਂ ਪਰਦੇਸ ਤੋਂ ਆਏ ਹਾਂ ਅਤੇ ਕਿਸੇ ਨੂੰ ਵੀ ਪਛਾਣਦੇ ਨਹੀ। ਅਸੀ ਸੰਤ ਭੇਸ ਧਾਰਨ ਕਰਕੇ ਧਰਤੀ ਦੇ ਸ਼ੁਭ ਸਥਾਨ ਵੇਖਣ ਲਈ ਫਿਰ ਰਹੇ ਹਾਂ॥ ੨੦ ॥

ਚੌਪਈ- ਅੱਗ੍ਰਜ ਤਹਿਂ ਟਾਪੂ ਸੁਧ ਹੋਈ। ਏਕ ਤਪਾ ਹੈ ਨਾਨਕ ਕੋਈ।
ਝੰਡੇ ਕੋ ਸਤਿਗੁਰੂ ਬਨਾਯਾ। ਸੁਧਰਸੈਨ ਬਹੁ ਭੂਪ ਬਧਾਯਾ॥ ੨੧ ॥

ਤੁਹਾਥੋਂ ਅਗਲੇ ਟਾਪੂ ਵਿਚ ਸਾਰੀ ਸੋਝੀ ਹੋ ਚੁੱਕੀ ਹੈ ਕਿ ਇਕ ਕੋਈ ਨਾਨਕ ਤਪਾ ਹੈ। ਝੰਡੇ ਨੂੰ ਉਸ ਸਤਿਗੁਰੂ ਬਣਾਇਆ ਹੈ। ਰਾਜੇ ਸੁਧਰਸੈਨ ਦਾ ਰਾਜ ਬਹੁਤ ਵਧਾਇਆ ਹੈ॥ ੨੧ ॥

ਮਧੁਰਬੈਨ ਸਮਝੀ ਮਨ ਮਾਂਹੀ। ਸੋਊ ਤਪਾ ਸੁਨਯੋ ਜਸੁ ਜਾਂਹੀ।
ਨਿਸ਼ਚੇ ਕਰਿ ਬੂਝਨ ਕੇ ਕਾਰਨ। ਬਹੁਰੋ ਕੀਨੋ ਬਚਨ ਉਚਾਰਨ ॥ ੨੨ ॥

ਰਾਜਾ ਮਧੁਰਬੈਨ ਆਪਣੇਂ ਮਨ ਵਿਚ ਸਮਝ ਗਿਆ ਕਿ ਇਹ ਓਹੋ ਤਪਾ ਹੈ ਜਿਸ ਦਾ ਬੜਾ ਜੱਸ ਸੁਣਿਆ ਹੈ, ਨਿਸ਼ਚੇ ਕਰਨ ਲਈ ਪੁੱਛਣ ਦੇ ਕਾਰਨ, ਉਸ ਨੇ ਫਿਰ ਬਚਨ ਉਚਾਰੇ॥ ੨੨॥

'ਕੋ ਹੈ ਨਾਮ ਕੌਨ ਤੁਮ ਦੇਸ਼ਾ?। ਕਹਾਂ ਸਿਧਾਰਹੁ ਕਾਂਕੇ ਬੇਸਾ?'।
ਸੁਨਿ ਮੈਂ ਕਹਯੋ 'ਨਾਮ ਮਮ ਬਾਲਾ। ਇਹ ਸਰੂਪ ਸ੍ਰੀ ਨਾਨਕ ਦਯਾਲਾ ॥੨੩॥

"ਤੁਹਾਡਾ ਕੀ ਨਾਮ ਹੈ ? ਤੁਹਾਡਾ ਕਿਹੜਾ ਦੇਸ਼ ਹੈ ? ਕਿਥੇ ਜਾ ਰਹੇ ਹੋ ? ਇਹ ਵੇਸ ਕਿਉਂ ਧਾਰਨ ਕੀਤਾ ਹੈ ?" ਇਹ ਸੁਣ ਕੇ ਮੈਂ ਕਿਹਾ, "ਮੇਰਾ ਨਾਮ ਬਾਲਾ ਹੈ ਅਤੇ ਇਹ ਦਿਆਲੂ ਸਰੂਪ ਗੁਰੂ ਨਾਨਕ ਦੇਵ ਜੀ ਹਨ॥ ੨੩॥

ਦੋਹਰਾ- ਯਾਂਕੋ ਮਰਦਾਨਾ ਅਹੈ, ਮੱਦ੍ਰ ਦੇਸ਼ ਹਮ ਧਾਮ।
ਸੇਵਤਿ ਸ੍ਰੀ ਗੁਰੂ ਪਦ ਪਦਮ ਮੁਕਤਿ ਹੋਨ ਕੇ ਕਾਮ'॥ ੨੪॥

ਇਨ੍ਹਾਂ ਦਾ ਨਾਂ ਮਰਦਾਨਾ ਹੈ ਅਤੇ ਮੱਦ੍ਰ ਦੇਸ਼ (ਪੰਜਾਬ) ਵਿਚ ਸਾਡਾ ਘਰ ਹੈ। ਅਸੀਂ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਦੇ ਹਾਂ"॥ ੨੪॥

ਚੌਪਈ- ਹਰਖਯੋ ਮਧੁਰਬੈਨ ਸੁਨਿ ਬੈਨਾ। ਨਿਸ਼ਚੇ ਲਖਯੋ ਰਿਦੇ ਗਤਿਦੈਨਾ।
ਉਤਰ ਤੁਰੰਗ ਜੋਰਿ ਜੁਗ ਹਾਥਾ। ਭਯੋ ਦੀਨ ਬੰਦੇ ਜਗ ਨਾਥਾ॥੨੫॥

ਮੇਰੇ ਬੋਲ ਸੁਣ ਕੇ ਮਧੁਰਬੈਨ ਬਹੁਤ ਖੁਸ਼ ਹੋਇਆ। ਉਸ ਮੁਕਤੀਦਾਤੇ ਗੁਰੂ ਜੀ ਨੂੰ ਆਪਣੇ ਹਿਰਦੇ ਵਿਚ ਪਹਿਚਾਣ ਲਿਆ। ਘੋੜੇ ਤੋਂ ਉਤਰ ਕੇ ਦੋਵੇਂ ਹੱਥ ਜੋੜ ਕੇ ਦੀਨ ਹੋ ਕੇ ਜਗਤ ਦੇ ਨਾਥ ਭਾਵ ਗੁਰੂ ਜੀ ਨੂੰ ਨਮਸਕਾਰ ਕੀਤੀ॥ ੨੫॥

ਕਿਯੋ ਪ੍ਰੇਮ ਪੁਨ ਬਿਨੈ ਬਖਾਨੀ। 'ਗਮਨਹੁ ਨਗਰ ਬਿਖੈ ਗੁਨਖਾਨੀ!।
ਜਹਿਂ ਮੰਦਰ ਬਹੁ ਬਨੇ ਬਚਿੱਤ੍ਰਾ। ਪਾਇ ਪਾਉਂ ਨਿਜ ਕਰਹੁ ਪਵਿੱਤ੍ਰਾ॥੨੬॥

ਫਿਰ ਬੜੇ ਪ੍ਰੇਮ ਨਾਲ ਬੋਲਿਆ, "ਹੇ ਗੁਣਾਂ ਦੀ ਖਾਨ! ਮੇਰੇ ਨਗਰ ਵਿਚ ਚਲੋ। ਜਿੱਥੇ ਵਚਿੱਤਰ ਮਹਿਲ ਮਾੜੀਆਂ ਬਣੀਆਂ ਹੋਈਆਂ ਹਨ। ਆਪਣੇ ਚਰਨ ਪਾ ਕੇ ਉਨ੍ਹਾਂ ਨੂੰ ਪਵਿੱਤਰ ਕਰੋ॥ ੨੬॥

ਲੇ ਕਰਿ ਅੰਨ ਬਨਾਇ ਭੰਡਾਰਾ। ਅਚਹੁ ਆਪ ਕਰਿ ਮਧੁਰ ਅਹਾਰਾ।
ਰੰਗ ਅਨੇਕ ਲੇਹੁ ਸੁਠ ਚੀਰੰ। ਪਹਿਰਹੁ ਗੁਨੀ ਗਹੀਰ! ਸਰੀਰੰ॥੨੭॥

ਅੰਨ ਲੈ ਕੇ ਭੰਡਾਰੇ ਤਿਆਰ ਕਰੋ ਅਤੇ ਮਿੱਠੇ ਭੋਜਨ ਆਪ ਛਕੋ। ਅਨੇਕ ਰੰਗਾਂ ਦੇ ਕਪੜੇ ਲਵੋ, ਹੇ ਗੁਣੀ ਗਹੀਰ! ਆਪਣੇਂ ਸਰੀਰ ਤੇ ਪਹਿਣੋਂ॥ ੨੭॥

ਪੁਰਿ ਨ ਚਲਹੁ ਤੌ ਇਹਾਂ ਪੁਚਾਵੌਂ। ਕਰੌਂ ਸੁ ਬਿਧਿ ਜਸ ਆਇਸੁ ਪਾਵੌਂ'।
ਸੁਨਿ ਭੁਵਾਲ ਕੀ ਐਸੀ ਬਾਨੀ। ਬੋਲੇ ਬਚਨ ਗੁਰੂ ਗੁਨ ਖਾਨੀ॥੨੮॥

ਜੇ ਨਗਰ ਨਹੀਂ ਜਾਣਾ ਚਾਹੁੰਦੇ ਤਾਂ ਏਥੇ ਪਹੁੰਚਾ ਦਿੰਦਾ ਹਾਂ। ਜਿਸ ਤਰ੍ਹਾਂ ਤੁਸੀਂ ਆਗਿਆ ਕਰੋ, ਮੈਂ ਉਸ ਤਰ੍ਹਾਂ ਹੀ ਕਰਾਂਗਾ।" ਰਾਜੇ ਦੀ ਇਹ ਗੱਲ ਸੁਣ ਕੇ ਗੁਣਾਂ ਦੀ ਖਾਨ ਗੁਰੂ ਜੀ ਨੇ ਕੁਝ ਮਿੱਠੇ ਬਚਨ ਕਹੇ॥ ੨੮॥

ਦੋਹਰਾ- ਸੁਨੇ ਬੈਨ ਮਨ ਦੀਨ ਹ੍ਵੈ ਬੰਦੇ ਦੋਨੋ ਪਾਨ।
ਕਹੈ 'ਕਰਹੁ ਉਪਦੇਸ਼ ਮੁਝ ਅਧਿਕਾਰੀ ਸ਼ੁਭ ਜਾਨ'॥ ੨੯॥

ਗੁਰੂ ਜੀ ਦੇ ਬਚਨ ਸੁਣ ਕੇ ਮਨ ਵਿਚ ਬੜਾ ਦੀਨ ਹੋ ਗਿਆ ਤੇ ਦੋਵੇਂ ਹੱਥ ਜੋੜ ਕੇ ਕਿਹਾ, "ਮੈਨੂੰ ਚੰਗਾ ਅਧਿਕਾਰੀ ਜਾਣ ਕੇ ਉਪਦੇਸ਼ ਕਰੋ ਜੀ"॥ ੨੯॥

ਚੌਪਈ- ਬਾਰ ਬਾਰ ਬੰਦਤਿ ਪਦ ਗੁਰੂ ਕੋ। ਬਿਨੈ ਭਨਤਿ ਬਹੁ ਹਿਤ ਕਰਿ ਉਰ ਕੋ।

ਕਮਲ ਬਦਨ ਲਖਿ ਕਰਿ ਜਗਯਾਸੀ। ਉਪਦੇਸ਼ਨ ਹਿਤ ਗਿਰਾ ਪ੍ਰਕਾਸ਼ੀ ॥੩੦॥

ਬਾਰ ਬਾਰ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਦਾ ਸੀ। ਦਿਲ ਵਿਚ ਬਹੁਤ ਪਿਆਰ ਭਾਵਨਾ ਭਰ ਕੇ ਬਹੁਤ ਬੇਨਤੀਆਂ ਕਰਦਾ ਸੀ। ਕੰਵਲ ਮੁਖ ਨੇ ਅਧਿਕਾਰੀ ਸਮਝ ਕੇ ਉਪਦੇਸ਼ ਦੇਣ ਵਾਸਤੇ ਬਚਨ ਕਹੇ॥੩੦॥

'ਜਗਤ ਲਖਹੁ ਮਿਥਿਆ ਅਹਿ ਦਾਮੂ। ਸਿਮਰਨ ਕਰਹੁ ਸਦਾ ਸਤਿਨਾਮੂ।
ਕਰਮ ਧਰਮ ਤਪ ਨੇਮ ਅਨੇਕਾ। ਸਰਬ ਅਫਲ ਜੇ ਨਾਮ ਨ ਏਕਾ ॥੩੧॥

"ਇਹ ਸਾਰਾ ਜਗਤ ਰੱਸੀ ਵਿਚ ਸੱਪ ਦੇ ਭਰਮ ਵਾਂਗੂ ਜਾਣੋ। ਸਦਾ ਹੀ ਸਤਿਨਾਮ ਦਾ ਸਿਮਰਨ ਕਰੋ। ਅਨੇਕਾਂ ਕਰਮ ਧਰਮ, ਤਪ ਅਤੇ ਨੇਮ ਇਕ ਨਾਮ ਤੋਂ ਬਗੈਰ ਸਾਰੇ ਫਲ ਰਹਿਤ ਹਨ॥ ੩੧॥

ਯਾਂ ਪਰ ਸੁਨਿ ਦ੍ਰਿਸ਼ਟਾਂਤ ਮਹਾਨਾ। ਅਫਲਨਾਮ ਬਿਨ ਜਿਉਂ ਸਭਿ ਜਾਨਾ।
ਕਾਗਦ ਪਰ ਨਹਿੰ ਲਿਖਯੋ ਇਕਾਂਗਾ। ਸੂਨ ਲਿਖਨ ਪਰ ਮਨ ਅਨੁਰਾਗਾ ॥੩੨॥

ਇਸ 'ਤੇ ਹੁਣ ਇਕ ਮਹਾਨ ਦ੍ਰਿਸ਼ਟਾਂਤ ਸੁਣੋ। ਨਾਮ ਬਿਨਾਂ ਜਿਵੇਂ ਸਭ ਫਲ ਰਹਿਤ ਹਨ। ਜੇ ਕਾਗਜ਼ ਉੱਤੇ ਇਕ ਨਹੀਂ ਲਿਖਿਆ, ਨਿਰੀਆਂ ਬਿੰਦੀਆਂ ਲਿਖੀ ਜਾਈਏ ਤਾਂ ਕੋਈ ਰਕਮ ਨਹੀਂ ਬਣਦੀ॥ ੩੨॥

ਤਿਨ ਤੇ ਸਰਯੋ ਨ ਏਕੋ ਕਾਜਾ। ਭਾ ਬਿਰਥਾ ਸਭਿ ਲਿਖਨ ਸਮਾਜਾ।
ਪੂਰਬ ਲਿਖਯੋ ਇਕਾਂਗ ਬਨਾਈ। ਲਿਖੀ ਸੂਨ ਤਬ ਅਫਲ ਨ ਜਾਈ ॥੩੩॥

ਤਿੰਨਾਂ ਤੋਂ ਇਕ ਕੰਮ ਵੀ ਪੂਰਾ ਨਾ ਹੋਇਆ। ਸਭ ਕੁਝ ਬਿਰਥਾ ਲਿਖਣ ਸਮਾਨ ਹੈ। ਫਿਰ ਜਦ ਏਕਾ ਲਿਖ ਦਿੱਤਾ ਤੇ ਫਿਰ ਬਿੰਦੀਆਂ ਲਿਖਣ ਨਾਲ ਵਿਅਰਥ ਨਹੀਂ ਜਾਂਦਾ॥ ੩੩॥

ਜੋ ਇਕਾਂਗ ਪਰ ਲਿਖਿ ਹੈ ਸੂਨਾ। ਸੂਨ ਸੂਨ ਤੇ ਹ੍ਵੈ ਦਸ ਗੂਨਾ।
ਤਯੋਂ ਜੇ ਨਾਮ ਸੰਗ ਤਪਤਾਪਹਿੰ। ਪੂਜਾ ਬ੍ਰੱਤ ਨੇਮ ਜਪ ਜਾਪਹਿੰ ॥੩੪॥

ਜੋ ਏਕੇ ਤੇ ਬਿੰਦੀ ਲਿਖਦਾ ਹੈ ਤਾਂ ਫਿਰ ਹਰ ਬਿੰਦੀ ਲਾਉਣ ਨਾਲ ਦਸ ਗੁਣਾਂ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਜੋ ਇਕ ਨਾਮ ਨਾਲ ਤਪੱਸਿਆ ਕਰੇ, ਪੂਜਾ ਵਰਤ, ਨੇਮ ਨਾਲ ਜਾਪ ਕਰੇ॥ ੩੪॥

ਸੋ ਦਸ ਗੁਨਾ ਅਧਿਕ ਫਲ ਪਾਵਹਿੰ। ਹੋਹਿੰ ਮੁਕਤਿ ਜਮ ਸੰਗ ਨ ਜਾਵਹਿੰ।
ਅਹੈ ਸ਼ਿਰੋਮਣਿ ਸਭਿ ਕੋ ਨਾਮੂ। ਸਿਮਰਹੁ ਸਦਾ ਆਨ ਤਜਿ ਕਾਮੂ ॥੩੫॥

ਉਹ ਦਸ ਗੁਣਾਂ ਅਧਿਕ ਫਲ ਪਾਉਂਦਾ ਹੈ, ਮੁਕਤੀ ਪ੍ਰਾਪਤ ਕਰਦਾ ਹੈ ਤੇ ਜਮਾਂ ਦੇ ਨਾਲ ਨਹੀਂ ਜਾਂਦਾ। ਇਸ ਲਈ ਨਾਮ ਸਭ ਤੋਂ ਸ਼੍ਰੋਮਣੀ ਹੈ। ਹੋਰ ਸਾਰੇ ਕੰਮ ਛੱਡ ਕੇ ਸਦਾ ਨਾਮ ਦਾ ਸਿਮਰਨ ਕਰੋ॥ ੩੫॥

ਮਧੁਰਬੈਨ! ਸੁਨਿਯੇ ਮਨ ਐਸਾ। ਹੋਤਿ ਪਸੂ ਹਰਿਆਇਓ ਜੈਸਾ।
ਨਿਜ ਸਥਾਨ ਕੋ ਤਜਿ ਤਜਿ ਜਾਈ। ਕ੍ਰਿਖੀ ਬਿਖੈ ਮਹਿੰ ਪਰ ਹੈ ਧਾਈ ॥੩੬॥

ਹੇ ਮਧੁਰਬੈਨ! ਸੁਣੋ, ਮਨ ਐਸਾ ਹੈ ਜਿਸ ਤਰ੍ਹਾਂ ਪਸ਼ੂ ਹਰੇ ਖੇਤ ਵੇਖ ਕੇ ਉਨ੍ਹਾਂ ਵਲ ਦੌੜਦਾ ਹੈ। ਨਿਜੀ ਸਥਾਨ ਨੂੰ ਛੱਡ ਛੱਡ ਜਾਂਦਾ ਹੈ, ਵਿਸ਼ਿਆ ਰੂਪੀ ਖੇਤੀ ਵਲ ਭੱਜਦਾ ਹੈ॥ ੩੬॥

ਚੌਪਈ- ਕਾਠਭਾਰ ਗੁਰ ਸ਼ਬਦ ਮਹਾਨਾ। ਜਿਨ ਗਰ ਪਾਇ ਸੁ ਧਾਰਨਾ ਠਾਨਾ।
ਬਹੁਰ ਨ ਦੌਰਹਿ ਕਰਿ ਅਨੁਸਾਰੇ। ਸੋ ਹਰਿ ਦਰਗਹਿ ਜਾਂਹਿ ਸੁਖਾਰੇ ॥੩੭॥

ਗੁਰੂ ਦਾ ਮਹਾਨ ਸ਼ਬਦ ਡਹੇ (ਜਿਹੜਾ ਪਸ਼ੂ ਜ਼ਿਆਦਾ ਭੱਜਦਾ ਹੋਵੇ ਅਤੇ ਚਰਵਾਹੇ ਨੂੰ ਖਰਾਬ ਕਰਦਾ ਹੋਵੇ ਤਾਂ ਉਸ ਪਸ਼ੂ ਦੇ ਗਲ ਲੱਕੜ ਦਾ ਮੋਟਾ ਡੰਡਾ ਬੰਨ੍ਹ ਦਿੰਦੇ ਹਨ, ਜਿਹੜਾ ਭੱਜਣ ਲੱਗਿਆਂ ਪਸ਼ੂ ਦੀਆਂ ਅਗਲੀਆਂ ਲੱਤਾਂ ਤੇ ਵੱਜਦਾ

ਹੈ ਉਸਨੂੰ ਡਹਾ ਕਹਿੰਦੇ ਹਨ) ਵਰਗਾ ਹੈ। ਨਾਮ ਮਾਨੋ ਇਕ ਡਹਿਆ ਹੈ, ਜਿਸ ਨੇ ਇਸ ਨੂੰ ਗਲ ਵਿਚ ਧਾਰਨ ਕੀਤਾ ਹੈ। ਫਿਰ ਪਸ਼ੂ ਰੂਪੀ ਮਨ ਦੌੜਦਾ ਨਹੀਂ ਅਤੇ ਆਪਣੇ ਮਾਲਕ ਅਨੁਸਾਰ ਚਲਦਾ ਹੈ। ਉਹ ਹਰੀ ਦੀ ਦਰਗਾਹ ਵਿਚ ਸੁਖੀ ਸੁਖੀ ਜਾਂਦਾ ਹੈ॥ ੩੭॥

ਅਸ ਪ੍ਰਕਾਰ ਕੇ ਸੁਨਿ ਉਪਦੇਸ਼ਾ। ਨਾਮ ਲਗੀ ਲਿਵ ਰਿਦੇ ਨਰੇਸ਼ਾ।
ਭਾਉਭਗਤਿ ਹਿਰਦੇ ਮਹਿਂ ਜਾਗੀ। ਸਤਿਸੰਗਤਿ ਮਹਿਂ ਮਤਿ ਅਨੁਰਾਗੀ ॥੩੮॥

ਇਸ ਪ੍ਰਕਾਰ ਦਾ ਉਪਦੇਸ਼ ਸੁਣ ਕੇ ਰਾਜੇ ਦੇ ਮਨ ਵਿਚ ਨਾਮ ਦੀ ਲਿਵ ਲੱਗ ਗਈ। ਪ੍ਰੇਮ ਭਗਤੀ ਹਿਰਦੇ ਵਿਚ ਜਾਗ ਪਈ। ਉਸ ਦੀ ਬੁੱਧੀ ਵਿਚ ਸਤਿਸੰਗਤ ਪ੍ਰਤੀ ਪ੍ਰੇਮ ਉਤਪੰਨ ਹੋਇਆ॥੩੮॥

ਸ੍ਰੀ ਗੁਰੁ ਸੋਂ ਪੁਨ ਬਿਨੈ ਬਖਾਨੀ। ਨਗਰ ਬਿਖੈ ਆਨੇ ਗੁਨਖਾਨੀ।
ਜਹਿਂ ਅਨੇਕ ਥੇ ਸੁੰਦਰ ਮੰਦਿਰ। ਸੁਠ ਪਰਯੰਕ ਡਸਾਵਾ ਅੰਦਰ॥ ੩੯॥

ਗੁਰੂ ਜੀ ਨੂੰ ਫਿਰ ਨਗਰ ਵਿਚ ਜਾਣ ਦੀ ਬੇਨਤੀ ਕੀਤੀ। ਗੁਣਾਂ ਦੀ ਖਾਨ ਗੁਰੂ ਜੀ ! ਨਗਰ ਵਿਚ ਆ ਗਏ, ਜਿਥੇ ਅਨੇਕ ਸੁੰਦਰ ਮਹਿਲ ਮਾੜੀਆਂ ਸਨ। ਅੰਦਰ ਇਕ ਸੁੰਦਰ ਪਲੰਘ ਡਾਹ ਦਿੱਤਾ॥ ੩੯॥

ਰੰਗ ਅਨੇਕ ਵਿਛਾਵਨ ਛਾਏ। ਤਾਂ ਪਰ ਪੰਕਜ ਬਦਨ ਬਸਾਏ।
ਨਾਨਾ ਭਾਂਤਿ ਭਾਉ ਉਰ ਧਰਿਕੈ। ਘਰ ਨਿਜ ਰਾਖੇ ਸੁਖਦ ਬਿਚਰਿਕੈ ॥੪੦॥

ਅਨੇਕ ਰੰਗਾਂ ਦੇ ਵਿਛਾਉਣੇ ਵਿਛਾਏ। ਉਸ ਉਤੇ ਕੰਵਲ ਮੁਖ ਭਾਵ ਗੁਰੂ ਜੀ ਨੂੰ ਬਿਠਾਇਆ। ਹਿਰਦੇ ਵਿਚ ਕਈ ਪ੍ਰਕਾਰ ਦਾ ਪ੍ਰੇਮ ਧਾਰਨ ਕਰਕੇ ਸੁਖਾਂ ਦੇ ਦਾਤੇ ਭਾਵ ਗੁਰੂ ਜੀ ਨੂੰ ਆਪਣੇ ਘਰ ਰਖਿਆ॥ ੪੦॥

ਸਤਿਸੰਗਤਿ ਕੀ ਰੀਤਿ ਪ੍ਰਕਾਸ਼ੀ। ਦੁਰਮਤਿ ਨਰ ਉਰ ਕੀਨ ਬਿਨਾਸੀ।
ਸਭਿ ਮਹਿਂ ਭਾਉ ਭਗਤਿ ਪ੍ਰਗਟਾਵਾ। ਸਰਬ ਦੇਸ਼ ਤਿਹ ਨਾਮ ਜਪਾਵਾ ॥੪੧॥

ਸਤਿਸੰਗਤ ਦੀ ਰੀਤ ਪ੍ਰਚੱਲਤ ਕੀਤੀ। ਮਨੁੱਖਾਂ ਦੀ ਭੈੜੀ ਮੱਤ ਦਾ ਨਾਸ਼ ਕੀਤਾ। ਸਾਰਿਆਂ ਵਿਚ ਪ੍ਰੇਮ ਭਗਤੀ ਪ੍ਰਗਟ ਕੀਤੀ ਅਤੇ ਸਾਰੇ ਦੇਸ਼ ਨੂੰ ਨਾਮ ਜਪਾਇਆ॥ ੪੧॥

ਮਧੁਰਬੈਨ ਤਜਿ ਹਉਮੈਂ ਰੀਤਾ। ਸੇਵਹਿ ਸਤਿਗੁਰ ਚਰਨ ਸਪ੍ਰੀਤਾ।
ਜਗਤ ਕੁਬੰਧਨ ਸਗਰੇ ਨਾਸ਼ੇ। ਹਿਰਦੇ ਆਤਮਗਯਾਨ ਪ੍ਰਕਾਸ਼ੇ॥ ੪੨॥

ਰਾਜੇ ਮਧੁਰਬੈਨ ਨੇ ਹਉਮੈਂ ਦੀ ਰੀਤੀ ਛੱਡ ਦਿੱਤੀ ਅਤੇ ਸਤਿਗੁਰੂ ਜੀ ਦੇ ਚਰਨਾਂ ਦੀ ਬੜੀ ਪ੍ਰੀਤ ਨਾਲ ਸੇਵਾ ਕੀਤੀ। ਜਗਤ ਦੇ ਸਾਰੇ ਭੈੜੇ ਬੰਧਨ ਨਾਸ਼ ਕੀਤੇ ਅਤੇ ਉਨ੍ਹਾਂ ਦੇ ਹਿਰਦਿਆਂ ਵਿਚ ਆਤਮ-ਗਿਆਨ ਪ੍ਰਕਾਸ਼ਿਤ ਕੀਤਾ॥ ੪੨॥

ਕਰੁਨਾ ਪਾਇ ਬਿਸਾਲ ਨਿਹਾਲਾ। ਬਨਿਵਾਈ ਪੁਰਿ ਮਹਿਂ ਧ੍ਰਮਸਾਲਾ।
ਦੇਗ ਚਲਾਵਨ ਲਗਯੋ ਅਭੰਗਾ। ਭੋਜਨ ਸੰਗਤਿ ਅਚਹਿ ਨਿਸ਼ੰਗਾ ॥੪੩॥

ਰਾਜੇ ਗੁਰੂ ਜੀ ਦੀ ਕਿਰਪਾ ਪਾ ਕੇ ਬਹੁਤ ਨਿਹਾਲ ਹੋਇਆ ਅਤੇ ਉਸ ਨਗਰ ਵਿਚ ਇਕ ਧਰਮਸਾਲਾ ਬਣਵਾਈ। ਅਤੁਟ ਲੰਗਰ ਚੱਲਣ ਲੱਗਾ ਅਤੇ ਸਾਰੀ ਸੰਗਤ ਨਿਸ਼ੰਗ ਹੋ ਕੇ ਭੋਜਨ ਛੱਕਦੀ ਸੀ॥ ੪੩॥

ਚੌਪਈ- ਕੇਤਿਕ ਦਿਵਸ ਬਿਤੀਤੇ ਜਬਹੀ। ਸ੍ਰੀ ਨਾਨਕ ਨ੍ਰਿਪ ਸੋਂ ਕਹਿਂ ਤਬ ਹੀ।
'ਸੁਧਰ ਸੈਨ ਕੀ ਆਨ ਮਨੀਜੈ। ਜਾਇ ਸਦਨ ਤਿਂਹ ਭੇਟਾ ਦੀਜੈ' ॥੪੪॥

ਜਦ ਉਥੇ ਰਹਿੰਦਿਆਂ ਕਈ ਦਿਨ ਬਤੀਤ ਹੋ ਗਏ, ਤਦ ਗੁਰੂ ਨਾਨਕ ਜੀ ਨੇ ਰਾਜੇ ਨੂੰ ਕਿਹਾ, "ਤੁਸੀਂ ਰਾਜੇ ਸੁਧਰਸੈਨ ਦੀ ਈਨ ਮੰਨ ਲਵੋ, ਉਸ ਦੇ ਘਰ ਜਾ ਕੇ ਉਸ ਨੂੰ ਭੇਟਾ ਦੇਵੋ"॥ ੪੪॥

ਸੁਨਿ ਕਰਿ ਮਧੁਰਬੈਨ ਕਹਿ ਐਸੇ। 'ਜਿਉਂ ਉਚਰਹੁ ਕਰਿਹੈਂ ਹਮ ਤੈਸੇ।
ਰਾਵਰ ਕੀ ਆਇਸ ਅਨੁਸਾਰਾ। ਚਲਹਿਂ ਸਭਿਹਿ,ਕੋ ਕਰਹਿ ਬਿਚਾਰਾ ॥੪੫॥

ਇਹ ਸੁਣ ਕੇ ਮਧੁਰਬੈਨ ਨੇ ਇਸ ਤਰ੍ਹਾਂ ਕਿਹਾ, ''ਜਿਵੇਂ ਤੁਸੀਂ ਕਹਿੰਦੇ ਹੋ ਮੈਂ ਉਸ ਤਰ੍ਹਾਂ ਹੀ ਕਰਾਂਗਾ। ਆਪ ਦੀ ਆਗਿਆ ਅਨੁਸਾਰ ਸਭ ਚੱਲਣਗੇ, ਕੋਈ ਵਿਚਾਰਾ ਕੀ ਕਰ ਸਕਦਾ ਹੈ' ॥ ੪੫ ॥

ਬਹੁਰੋ ਬੋਲੇ ਬੈਨ ਕ੍ਰਿਪਾਲਾ। 'ਹਮ ਗਮਨਹਿਂ ਅਬ, ਸੁਨਹੁ ਭੁਵਾਲਾ!।
ਅਨਤ ਦੇਸ਼ ਦੇਖਿਨਿ ਕੀ ਚਾਹੂ। ਸੁਨਿ ਰਾਖਨ ਹਿਤ ਕਹਿ ਨਰਨਾਹੂ ॥੪੬॥

ਫਿਰ ਕਿਰਪਾਲੂ ਗੁਰੂ ਜੀ ਨੇ ਇਹ ਬਚਨ ਕਹੇ, ''ਹੇ ਰਾਜਨ ! ਸੁਣੋ, ਹੁਣ ਅਸੀਂ ਅੱਗੇ ਚੱਲਾਂਗੇ। ਸਾਨੂੰ ਹੋਰ ਦੇਸ਼ ਵੇਖਣ ਦੀ ਚਾਹਤ ਹੈ।'' ਇਹ ਸੁਣ ਕੇ ਰੱਖਣ ਵਾਸਤੇ ਰਾਜੇ ਨੇ ਇਸ ਤਰ੍ਹਾਂ ਕਿਹਾ॥ ੪੬ ॥

'ਸ੍ਰੀ ਪ੍ਰਭੁ ਜੀ! ਮੁਝ ਕਿੰਕਰ ਜਾਨਹੁ। ਭਗਤ ਵਛਲ ਨਿਜ ਬਿਰਦ ਪਛਾਨਹੁ।
ਦੇਹੁ ਦਰਸ ਕੇਤਿਕ ਦਿਨ ਔਹੀ। ਕਰਹੁ ਨਿਹਾਲ ਬਸਹੁ ਇਹ ਠੌਰੀ' ॥੪੭॥

'ਹੇ ਪ੍ਰਭੂ ਜੀ ! ਮੈਨੂੰ ਆਪਣਾ ਸੇਵਕ ਜਾਣੋ, ਹੇ ਭਗਤ ਵਛਲ ਆਪਣੇ ਨਿਜੀ ਸਿੱਖ ਨੂੰ ਪਛਾਣੋ। ਹੋਰ ਕੁਝ ਦਿਨ ਦਰਸ਼ਨ ਦੇਵੋ। ਏਥੇ ਕੁਝ ਸਮਾਂ ਹੋਰ ਠਹਿਰ ਕੇ ਮੈਨੂੰ ਨਿਹਾਲ ਕਰੋ'' ॥ ੪੭ ॥

ਨ੍ਰਿਪ ਕੇ ਕਹੇ ਰਹੇ ਕਛੁ ਕਾਲਾ। ਆਗੇ ਗਮਨੇ ਬਹੁਰ ਕ੍ਰਿਪਾਲਾ।
ਗਏ ਉਲੰਘਿ ਸਰਬ ਸੋ ਦੇਸ਼ਾ। ਸਾਗਰ ਪਰ ਗਵਨੇ ਜਗਤੇਸ਼ਾ ॥ ੪੮ ॥

ਰਾਜੇ ਦੇ ਕਹਿਣ ਉਤੇ ਕੁਝ ਚਿਰ ਓਥੇ ਹੋਰ ਰਹੇ, ਫਿਰ ਕ੍ਰਿਪਾਲੂ ਗੁਰੂ ਜੀ ਅੱਗੇ ਚਲ ਪਏ॥ ਸਾਰੇ ਦੇਸ਼ਾਂ ਨੂੰ ਉਹ ਲੰਘ ਗਏ ਤੇ ਫਿਰ ਸਾਗਰ ਦੇ ਉਤੇ ਗੁਰੂ ਜੀ ਚਲ ਪਏ॥ ੪੮ ॥

ਮੈਂ ਪਾਛੇ ਬਹੁਰੋ ਮਰਦਾਨਾ। ਹਾਸ ਬਿਲਾਸ ਕਰਤਿ ਬਿਧਿਨਾਨਾ।
ਤੀਨ ਦਿਵਸ ਇਵ ਚਲਤਿ ਬਿਤਾਏ। ਪਹੁੰਚਤਿ ਭਏ ਤਬਹਿ ਇਕ ਥਾਏ ॥੪੯॥

ਮੈਂ ਉਨ੍ਹਾਂ ਦੇ ਪਿਛੇ ਸੀ ਤੇ ਮੇਰੇ ਪਿਛੇ ਮਰਦਾਨਾ ਸੀ। ਅਸੀਂ ਕਈ ਪ੍ਰਕਾਰ ਦਾ ਹਾਸ ਬਿਲਾਸ ਕਰਦੇ ਜਾ ਰਹੇ ਸੀ। ਤਿੰਨ ਦਿਨ ਇਸ ਤਰ੍ਹਾਂ ਚਲਦਿਆਂ ਹੀ ਗੁਜ਼ਾਰੇ। ਤਦ ਅਸੀਂ ਇਕ ਥਾਂ ਪਹੁੰਚ ਗਏ॥ ੪੯ ॥

ਦੋਹਰਾ- ਟਾਪੂ ਹੁਤੋ ਬਿਸਾਲ ਸੋ ਬਹੁ ਪਰਬਤ ਜਿਹ ਮਾਂਹਿ।
ਨਗਰ ਦੇਵ ਗੰਧਾਰ ਵਡ ਰਾਖਸ਼ ਬਸੈਂ ਤਹਾਂਹਿ॥ ੫੦ ॥

ਬਹੁਤ ਵੱਡਾ ਟਾਪੂ ਸੀ, ਜਿਸ ਵਿਚ ਬਹੁਤ ਪਹਾੜ ਸਨ। ਨਗਰ ਦਾ ਨਾਂ ਦੇਵ ਗੰਧਾਰ ਸੀ ਅਤੇ ਓਥੇ ਵੱਡੇ-ਵੱਡੇ ਰਾਖਸ਼ ਵੱਸਦੇ ਸਨ॥ ੫੦ ॥

ਚੌਪਈ- ਇਕ ਗਿਰ ਨਿਕਟ ਥਾਨ ਰਮਣੀਕਾ। ਬੈਠੇ ਤਹਿਂ ਬੇਦੀ ਕੁਲਟੀਕਾ।
ਦੋਇ ਮਹੂਰਤ ਬੀਤੇ ਜਬਹੀ। ਬੋਲਯੋ ਮਰਦਾਨਾ ਬਚ ਤਬਹੀ॥ ੫੧ ॥

ਇਕ ਪਹਾੜ ਦੇ ਲਾਗੇ ਰਮਣੀਕ ਥਾਂ ਵੇਖ ਕੇ ਬੇਦੀ ਕੁਲਟੀਕਾ ਭਾਵ ਗੁਰੂ ਜੀ ਬੈਠ ਗਏ। ਜਦ ਦੋ ਘੜੀਆਂ ਬੀਤ ਗਈਆਂ, ਤਦ ਮਰਦਾਨੇ ਨੇ ਕੁਝ ਬਚਨ ਕਹੇ॥ ੫੧ ॥

'ਪਰਬਤ ਬਹੁ ਇਸ ਟਾਪੂ ਮਾਂਹੀ। ਬਸਹਿ ਨਗਰ ਕੈਧੋਂ ਹਯਾਂ ਨਾਂਹੀ।
ਇਹ ਇਸਥਾਨ ਭਯਾਨਕ ਦੇਖਾ। ਜਹਿਂ ਕਹਿਂ ਇਹਾਂ ਉਜਾਰ ਬਿਸ਼ੇਖਾ ॥੫੨॥

"ਇਸ ਟਾਪੂ ਵਿਚ ਬਹੁਤ ਪਰਬਤ ਹਨ, ਏਥੇ ਲਾਗੇ ਕੋਈ ਵੀ ਨਹੀ ਵੱਸਦਾ ਹੈ। ਇਹ ਸਥਾਨ ਬੜਾ ਭਿਆਨਕ ਦਿੱਸਦਾ ਹੈ, ਜਿਥੇ ਕਿਥੇ ਏਥੇ ਬਹੁਤ ਉਜਾੜ ਹੈ"॥ ੫੨॥

ਸ੍ਰੀ ਗੁਰੁ ਭਨੈਂ 'ਜੀਉ ਜੋ ਤੇਰਾ। ਨਗਰ ਬਿਖੈ ਨਿਤ ਕਰਤਿ ਬਸੇਰਾ।
ਪੁਰਿ ਕੋ ਬੂਝਹਿਂ ਜਾਵਹਿਂ ਜਹਿਂਵਾ। ਤੂਸ਼ਨ ਕਰਿ ਨਹਿਂ ਬੈਸੈਂ ਕਹਿਂਵਾ ॥੫੩॥

ਗੁਰੂ ਜੀ ਨੇ ਕਿਹਾ, "ਜੋ ਤੇਰਾ ਚਿਤ ਹੈ, ਇਹ ਸਦਾ ਨਗਰ ਵਿਚ ਰਹਿੰਦਾ ਹੈ। ਜਿਥੇ ਵੀ ਜਾਂਦੇ ਹਾਂ, ਨਗਰ ਬਾਰੇ ਪੁੱਛਦਾ ਹੈਂ, ਕਿਤੇ ਵੀ ਚੁੱਪ ਕਰ ਕੇ ਨਹੀਂ ਬੈਠਦਾ॥ ੫੩॥

'ਸ੍ਰੀ ਪ੍ਰਭੁ ਮੁਝ ਕੋ ਛੁਧਾ ਬਿਸਾਲਾ। ਬਿਨ ਅਹਾਰ ਤੇ ਭਯੋ ਬਿਹਾਲਾ।
ਤੀਨ ਦਿਵਸ ਬਿਨ ਅਸਨ ਬਿਤਾਏ। ਅਬ ਬੂਝੇ ਮੈਂ ਇਹ ਠਾਂ ਆਏ ॥੫੪॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ! ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਭੋਜਨ ਬਗੈਰ ਮੈਂ ਬਿਹਾਲ ਹੋ ਗਿਆ ਹਾਂ। ਤਿੰਨ ਦਿਨ ਮੈਂ ਭੋਜਨ ਤੋਂ ਬਗੈਰ ਬਿਤਾਏ ਹਨ। ਹੁਣ ਮੈਂ ਇਸ ਥਾਂ ਆ ਕੇ ਪੁਛਿਆ ਹੈ॥ ੫੪॥

ਸਾਹਿਬ ਕੋ ਭੈ ਕਰਿਯੇ ਉਰ ਮੈਂ। ਕਹਿਤ ਮੁਝੇ ਤਵ ਮਨ ਬਸ ਪੁਰਿ ਮੈਂ।
ਕਹੂੰ ਕਹੂੰ ਹੌਂ ਪਾਹਿ ਅਹਾਰਾ। ਹਠ ਕਰਿ ਫਿਰੌਂ ਤੁਮਾਰ ਸੰਗਾਰਾ ॥੫੫॥

ਦਿਲ ਵਿਚ ਸਾਹਿਬ ਦਾ ਭੈ ਮੰਨੋ, ਮੈਨੂੰ ਕਹਿੰਦੇ ਹਨ ਕਿ ਮੇਰਾ ਮਨ ਨਗਰ ਵਿਚ ਵੱਸਦਾ ਹੈ। ਕਿਤੇ ਕਿਤੇ ਮੈਂ ਭੋਜਨ ਪ੍ਰਾਪਤ ਕਰਦਾ ਹਾਂ। ਫਿਰ ਵੀ ਹਠ ਕਰਕੇ ਤੁਹਾਡੇ ਨਾਲ ਫਿਰਦਾ ਹਾਂ॥ ੫੫॥

ਦੋਹਰਾ- ਤਰਕਤਿ ਹੋ ਮੋ ਕੋ ਅਬੈ, ਕੈਸੇ ਹੋਇ ਨਿਬਾਹਿ।
ਛੁਧਾ ਸੰਗ ਬਿਹਬਲ ਭਯੋ, ਆਪ ਹਸੀ ਨਿਤ ਪ੍ਰਾਹਿ॥ ੫੬॥

ਹੁਣ ਮੈਨੂੰ ਮੇਹਣੇ ਦਿੰਦੇ ਹੋ, ਇਸ ਤਰ੍ਹਾਂ ਕਿਵੇਂ ਨਿਰਬਾਹ ਹੋਵੇਗਾ। ਭੁੱਖ ਨਾਲ ਮੈਂ ਬਿਹਬਲ ਹੋਇਆ ਹਾਂ, ਤੁਸੀਂ ਸਦਾ ਮੇਰੀ ਹਾਸੀ ਉਡਾਉਂਦੇ ਹੋ'॥ ੫੬॥

ਚੌਪਈ- ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ। ਬਿਗਸਤਿ ਮੈਂ ਬੋਲਯੋ ਤਿਹ ਕਾਲਾ।
'ਮਰਦਾਨਾ ਹੈ ਸਾਚ ਉਚਾਰਤਿ। ਜਨਮ ਸੁਭਾਉ ਛੁਧਾ ਪੁਨ ਆਰਤ ॥੫੭॥

ਹੇ ਕਿਰਪਾਲੂ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਖੁਸ਼ ਹੋ ਕੇ ਮੈਂ ਉਸ ਵੇਲੇ ਬੋਲਿਆ, "ਮਰਦਾਨਾ ਸੱਚ ਕਹਿੰਦਾ ਹੈ ਉਸ ਦਾ ਇਹ ਜਮਾਂਦਰੂ ਸੁਭਾਅ ਹੈ, ਭੁੱਖ ਲੱਗਣ ਨਾਲ ਆਤਰ ਹੋ ਜਾਂਦਾ ਹੈ॥ ੫੭॥

ਬਨੀ ਏਕ ਸੀ ਦੋਨੋ ਬਾਤੀ। ਹਿਰਦੇ ਧੀਰ ਧਰਹਿ ਕਿਹ ਭਾਂਤੀ।
ਸ੍ਰੀ ਗੁਰ ਕਹੈਂ 'ਸੁਨਹੁ ਮਰਦਾਨਾ। ਇਹ ਪੁਰਿ ਕੌਡੇ ਕੇਰ ਸਮਾਨਾ ॥੫੮॥

ਦੋਵਾਂ ਗੱਲਾਂ ਨਾਲ ਇਕੋ ਜੇਹੀ ਗੱਲ ਬਣਦੀ ਹੈ। ਕਿਸ ਤਰ੍ਹਾਂ ਹਿਰਦੇ ਵਿਚ ਧੀਰਜ ਧਾਰਨ ਕਰੇ। ਸ੍ਰੀ ਗੁਰੂ ਜੀ ਨੇ ਕਿਹਾ, "ਮਰਦਾਨੇ! ਸੁਣ, ਇਹ ਨਗਰ ਕੌਡੇ ਰਾਖਸ਼ ਸਮਾਨ ਹੈ॥ ੫੮॥

ਚੌਪਈ- ਤਪਤ ਕਰਾਹੇ ਮਹਿਂ ਜਿਨ ਪਾਯੋ। ਸ੍ਰੀ ਕਰਤਾਰਹਿ ਤੋਹਿ ਬਚਾਯੋ।
ਅਬ ਪੁਨ ਜਾਵਹੁ ਨਗਰ ਮਝਾਰੀ। ਸ੍ਰੀ ਪ੍ਰਭੁ ਕਰੈ ਤੋਰ ਰਖਵਾਰੀ ॥੫੯॥

ਜਿਸ ਤੈਨੂੰ ਚੁੱਕ ਕੇ ਤਪਦੇ ਕੜਾਹੇ ਵਿਚ ਸੁੱਟ ਦਿੱਤਾ ਸੀ। ਸ੍ਰੀ ਕਰਤਾਰ ਨੇ ਤੈਨੂੰ ਬਚਾਇਆ ਸੀ। ਹੁਣ ਫਿਰ ਜੇ ਪਿੰਡ ਵਿਚ ਜਾਵੇਂਗਾ, ਤਾਂ ਸ੍ਰੀ ਪ੍ਰਭੂ ਤੇਰੀ ਰਖਵਾਲੀ ਕਰਨਗੇ"॥ ੫੯॥

ਮਰਦਾਨਾ ਕਹਿ 'ਜਰੋ ਸੁ ਨਗਰਾ। ਕਬਹਿ ਨ ਜਾਵੋਂ ਤਿਹ ਕੇ ਦਗਰਾ।

ਕਿਉਂ ਹੂੰ ਬਚੇ ਤਬਹਿ ਮਮ ਪ੍ਰਾਨਾ। ਅਬ ਗਹਿਕੈ ਕਰਿ ਹੈ ਕੋ ਖਾਨਾ ॥੬੦॥

ਮਰਦਾਨੇ ਨੇ ਕਿਹਾ, "ਇਸ ਨਗਰ ਦਾ ਬੇੜਾ ਗਰਕ ਹੋਵੇ, ਮੈਂ ਇਸ ਨਗਰ ਦੇ ਰਸਤੇ ਕਦੀ ਵੀ ਨਹੀ ਜਾਵਾਂਗਾ, ਉਸ ਵੇਲੇ ਮਸਾਂ ਕਿਵੇਂ ਮੇਰੇ ਪ੍ਰਾਣ ਬਚੇ ਸਨ। ਉਹ ਤਾਂ ਫੜ ਕੇ ਮੈਨੂੰ ਖਾ ਜਾਣਗੇ" ॥ ੬੦ ॥

ਸੁਨਿਕੈ ਬਿਗਸਿ ਕਹਯੋ ਗੁਰੂ ਪੂਰੰ। 'ਜਾਨੋਂ ਇਸ ਪੁਰਿ ਬਿਖੈ ਜਰੂਰੰ।
ਬਿਨਾਂ ਗਏ ਤੇ ਸਰੈ ਨ ਕਾਜੂ। ਯਾਂਤੇ ਚਲਿ ਜਾਵਹੁ ਤੁਮ ਆਜੂ ॥੬੧॥

ਇਹ ਸੁਣ ਕੇ ਪੂਰਨ ਗੁਰੂ ਜੀ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਇਸ ਨਗਰ ਵਿਚ ਜ਼ਰੂਰ ਜਾਵਾਂਗੇ, ਜਾਣ ਤੋਂ ਬਗੈਰ ਕਾਰਜ ਪੂਰਾ ਨਹੀ ਹੋਣਾ। ਤੁਸੀ ਓਥੇ ਅੱਜ ਹੀ ਚਲੇ ਜਾਵੋਗੇ" ॥ ੬੧ ॥

'ਪ੍ਰਭੁ! ਸੁਨਿ ਮੇਰੇ ਬਚਨ ਰਿਸਾਵਹੁ। ਰਾਖਸ਼ ਢਿਗ ਤੇ ਮੁਝੈ ਹਨਾਵਹੁ।
ਗਹਿ ਕਰਿ ਕੋ ਪਾਵਹਿ ਮੁਖ ਮਾਂਹੀ। ਕਿਹ ਬਿਧਿ ਬਚਨ ਹੋਇ ਤਬ ਨਾਂਹੀ ॥੬੨॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਤੁਸੀਂ ਮੇਰੀ ਗੱਲ ਦਾ ਗੁੱਸਾ ਕੀਤਾ ਹੈ ਰਾਖਸ਼ਾਂ ਪਾਸ ਭੇਜ ਕੇ ਮੈਨੂੰ ਮਰਵਾਉਂਦੇ ਹੋ। ਮੈਨੂੰ ਫੜ ਕੇ ਮੂੰਹ ਵਿਚ ਪਾ ਲੈਣਗੇ। ਫਿਰ ਕਿਸੇ ਤਰ੍ਹਾਂ ਵੀ ਬਚਾਅ ਨਹੀਂ ਹੋਣਾ ਹੈ ॥ ੬੨ ॥

ਪੁਰਿ ਦਿਸ਼ ਮੁਖ ਕਰਿ ਮੈਂ ਨ ਸਿਧਾਰਉਂ। ਮਾਰਯੋ ਚਹੋ ਆਪ ਤੁਮ ਮਾਰਉ।
ਇਸ ਪ੍ਰਕਾਰ ਕੇ ਬਚਨ ਬਿਲਾਸਾ। ਕਰਤਿ ਹੁਤੇ ਸੰਤਨ ਸੁਖਰਾਸਾ ॥੬੩॥

ਨਗਰ ਵਲ ਮੂੰਹ ਕਰ ਕੇ ਮੈਂ ਕਦੇ ਵੀ ਨਹੀ ਜਾਵਾਂਗਾ। ਜੇ ਤੁਸੀ ਮੈਨੂੰ ਮਾਰਨਾ ਚਾਹੁੰਦੇ ਹੋ ਤਾਂ ਆਪ ਹੀ ਮਾਰ ਦੇਵੋ।" ਇਸ ਤਰ੍ਹਾਂ ਦੇ ਬਚਨ ਬਿਲਾਸ ਸੁਖਾਂ ਦੀ ਰਾਸ ਭਾਵ ਗੁਰੂ ਜੀ ਅਤੇ ਮਰਦਾਨਾ ਕਰ ਰਹੇ ਸਨ ॥ ੬੩ ॥

ਤਿਹ ਛਿਨ ਨਿਕਸਯੋ ਰਾਖਸ਼ ਰਾਜਾ। ਵਹਿਰ ਨਗਰ ਤੇ ਲਿਯੇ ਸਮਾਜਾ।
ਚਢਯੋ ਅਖੇਰ ਬਿਰਤਿ ਕੇ ਕਾਰਨ। ਸੰਗ ਵਡੇ ਰਾਖਸ਼ ਦਲ ਦਾਰੁਨ ॥੬੪॥

ਉਸ ਸਮੇਂ ਰਾਖਸ਼ਾਂ ਦਾ ਰਾਜਾ ਨਿਕਲਿਆ। ਨਗਰ ਦੇ ਵਾਸੀ ਲੈ ਕੇ ਬਾਹਰ ਆਇਆ। ਸ਼ਿਕਾਰ ਦੇ ਸੰਕਲਪ ਨਾਲ ਉਹ ਸ਼ਹਿਰ ਵਿਚੋਂ ਨਿਕਲਿਆ ਸੀ। ਉਸ ਦੇ ਨਾਲ ਭਿਆਨਕ ਰਾਖਸ਼ ਦੱਲ ਸੀ ॥ ੬੪ ॥

ਲਾਖ ਸਪਤ ਦਸ ਦੇਹਿ ਉਤੰਗਾ। ਵਡ ਕੁਰੂਪ ਜਿਨ ਮੇਚਕ ਰੰਗਾ।
ਕੈਧੌਂ ਸ਼ਯਾਮ ਘਟਾ ਸੋ ਆਵੈ। ਬਕ ਸੇ ਨਿਕਸੇ ਦਾਂਤ ਲਖਾਵੈ ॥੬੫॥

ਸਤਾਰਾਂ ਲੱਖ ਫੌਜ ਉਸ ਦੇ ਨਾਲ ਸੀ, ਜਿਨ੍ਹਾਂ ਦੇ ਸਰੀਰ ਬਹੁਤ ਉੱਚੇ ਸਨ। ਜਿਨ੍ਹਾਂ ਦੇ ਚਿਹਰੇ ਬੜੇ ਕਰੂਪ ਅਤੇ ਕਾਲੇ ਰੰਗ ਦੇ ਸਨ। ਇੰਝ ਲੱਗਦਾ ਸੀ ਜਿਵੇਂ ਕਿਧਰੋਂ ਕਾਲੀ ਘਟਾ ਚੜ੍ਹ ਕੇ ਆ ਗਈ ਸੀ। ਬਗਲਿਆਂ ਵਰਗੇ ਚਿੱਟੇ ਉਨ੍ਹਾਂ ਦੇ ਦੰਦ ਸਨ ॥ ੬੫ ॥

ਚੌਪਈ- ਨਾਸਾਂ ਕਰਨ ਕੂਪ ਸੇ ਜਿਨ ਕੇ। ਲੋਚਨ ਸ਼ੋਣਤ ਸਰਸੇ ਤਿਨ ਕੇ।
ਲੋਹਿਤ ਬਰਣ ਬਿਸਾਲਹਿ ਬਾਲਾ। ਪਹਿਰੇ ਗਲ ਮਹਿਂ ਹਾਡਨ ਮਾਲਾ ॥੬੬॥

ਨਾਸਾਂ ਅਤੇ ਕੰਨ ਖੂਹਾਂ ਵਰਗੇ ਸਨ, ਨੇਤਰ ਲਹੂ ਵਰਗੇ ਲਾਲ ਸਨ। ਲਾਖੇ ਰੰਗ ਦੇ ਲੰਮੇ ਵਾਲ ਸਨ ਅਤੇ ਗਲਾਂ ਵਿਚ ਹੱਡਾਂ ਦੀਆਂ ਮਾਲਾਂ ਪਾਈਆਂ ਸਨ ॥ ੬੬ ॥

ਦੋਹਰਾ- ਸ੍ਰੀ ਗੁਰੂ ਕੇ ਜੋ ਨਿਕਟਿ ਗਿਰ ਤਿਸਤੇ ਊਰਧ ਥਾਨ।
ਮਰਦਾਨਾ ਦੇਖਤਿ ਭਯੋ ਨਿਕਸੇ ਮਾਨਹੁ ਪ੍ਰਾਨ ॥ ੬੭ ॥

ਗੁਰੂ ਜੀ ਦੇ ਨੇੜੇ ਜਿਹੜੇ ਉਚੇ ਪਹਾੜ ਸਨ ਉਸ ਤੋਂ ਨਿਕਲਦਿਆਂ ਨੂੰ ਵੇਖ ਕੇ ਮਰਦਾਨੇ ਦੇ ਪ੍ਰਾਣ ਖੁਸ਼ਕ ਹੋ ਗਏ ॥ ੬੭ ॥

ਚੌਪਈ- ਪੀਤ ਭਯੋ ਕੰਪਤਿ ਸਰਬੰਗਾ। ਮੁਖ ਤੇ ਬੋਲ ਨ ਸਕਹਿ ਨਿਸੰਗਾ।
ਮਰੇ ਕੁਥਾਂਇ ਆਇ ਕਰਿ ਅਬ ਹੀ। ਜੀਵਨ ਹੋਇ ਹਮਾਰ ਨ ਕਬਹੀ ॥੬੮॥

ਮਰਦਾਨੇ ਦਾ ਚਿਹਰਾ ਪੀਲਾ ਪੈ ਗਿਆ ਸੀ ਅਤੇ ਸਰੀਰ ਦੇ ਸਾਰੇ ਅੰਗ ਕੰਬਣ ਲੱਗ ਗਏ ਸਨ। ਮੂੰਹ ਤੋਂ ਕੁਝ ਬੋਲ ਵੀ ਨਹੀਂ ਸੀ ਸਕਦਾ। ਸੋਚ ਰਿਹਾ ਸੀ ਕਿਹੜੀ ਮਾੜੀ ਥਾਂ ਆ ਕੇ ਹੁਣ ਮਰਨ ਲੱਗੇ ਹਾਂ। ਹੁਣ ਸਾਡਾ ਜੀਵਨ ਕਦੀ ਨਹੀਂ ਬਚ ਸਕਦਾ॥ ੬੮॥

ਦੋਹਰਾ- ਕਰ ਕੇ ਸੰਗ ਬਤਾਵਈ 'ਕਰਹੁ ਉਪਾਵ ਜਿ ਕੋਇ।
ਰਾਖਸ਼ ਖੈ ਹੈਂ ਆਨ ਕਰਿ ਨਿਸ਼ਚੈ ਮ੍ਰਿਤੁ ਅਬ ਹੋਇ'॥ ੬੯॥

ਹੱਥ ਦੇ ਇਸ਼ਾਰੇ ਨਾਲ ਦੱਸਦਾ ਹੈ, "ਹੇ ਪ੍ਰਭੂ! ਹੁਣ ਕੋਈ ਉਪਾਅ ਕਰੋ, ਰਾਖਸ਼ ਸਾਨੂੰ ਖਾ ਜਾਣਗੇ ਅਤੇ ਇਹ ਗੱਲ ਨਿਸ਼ਚੇ ਹੈ ਕਿ ਹੁਣ ਸਾਡੀ ਮੌਤ ਹੋਵੇਗੀ"॥ ੬੯॥

ਚੌਪਈ- ਜਯੋਂ ਜਯੋਂ ਰਾਖਸ਼ ਢਿਗ ਚਲਿ ਆਵੈ। ਤਯੋਂ ਮਰਦਾਨਾ ਸੁਕਚਯੋ ਜਾਵੈ।
ਭਾਗਨ ਚਹੈ ਨ ਉਠਿ ਤਬ ਸੱਕਈ। ਹਮ ਨਹਿਂ ਦੇਖਹਿਂ ਇਤ ਉਤ ਤੱਕਈ ॥੭੦॥

ਜਿਵੇਂ ਜਿਵੇਂ ਰਾਖਸ਼ ਨੇੜੇ ਚਲ ਕੇ ਆ ਰਹੇ ਸਨ, ਤਿਵੇਂ ਤਿਵੇਂ ਮਰਦਾਨਾ ਸੁੰਗੜਦਾ ਜਾਂਦਾ ਸੀ। ਜੇ ਭੱਜਣਾ ਚਾਹੇ ਤਾਂ ਵੀ ਉਠ ਨਹੀਂ ਸੀ ਸਕਦਾ। ਅਸੀਂ ਏਧਰ ਓਧਰ ਤੱਕ ਕੇ ਨਹੀਂ ਵੇਖ ਰਹੇ ਸੀ॥ ੭੦॥

ਇਸ ਬਿਧਿ ਦੇਖਯੋ ਦਯਾ ਅਵਾਸਾ। ਭੈ ਖੰਡਨ ਹਿਤ ਬਚਨ ਪ੍ਰਕਾਸ਼ਾ।
'ਮਰਦਾਨੇ ਉਰ ਧੀਰਜ ਧਰਿਯੇ। ਸ੍ਰੀ ਪ੍ਰਭੁ ਕੋ ਮੁਖ ਨਾਮ ਉਚਰਿਯੇ ॥੭੧॥

ਜਦ ਦਇਆ ਦੇ ਘਰ ਭਾਵ ਗੁਰੂ ਜੀ ਨੇ ਮਰਦਾਨੇ ਦੀ ਇਹ ਹਾਲਤ ਵੇਖੀ ਤਾਂ ਉਸ ਦਾ ਭੈ ਦੂਰ ਕਰਨ ਵਾਸਤੇ ਗੁਰੂ ਜੀ ਨੇ ਇਹ ਬਚਨ ਕੀਤਾ, "ਹੇ ਮਰਦਾਨੇ, ਚਿੱਤ ਵਿਚ ਧੀਰਜ ਧਾਰਨ ਕਰੋ ਅਤੇ ਪ੍ਰਭੂ ਦੇ ਨਾਮ ਨੂੰ ਮੁਖ ਤੋਂ ਉਚਾਰਨ ਕਰੋ॥ ੭੧॥

ਨਿਰਭੈ ਹ੍ਵੈ ਕਰਿ ਦੇਖਿ ਤਮਾਸ਼ਾ'। ਯੋਂ ਕਹਿ ਤੂਸ਼ਨ ਭੇ ਸੁਖਰਾਸਾ।
ਤਿਨ ਮਹਿਂ ਹੁਤੋਂ ਜੁ ਰਾਖਸ਼ ਰਾਊ। ਹਮ ਕੋ ਦੇਖਿ ਭਯੋ ਹਰਖਾਊ ॥੭੨॥

ਨਿਰਭੈ ਹੋ ਕੇ ਤਮਾਸ਼ਾ ਵੇਖੋ।" ਇਹ ਕਹਿ ਕੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਚੁਪ ਹੋ ਗਏ। ਉਨ੍ਹਾਂ ਵਿਚ ਜਿਹੜਾ ਰਾਖਸ਼ਾਂ ਦਾ ਰਾਜਾ ਸੀ, ਉਹ ਸਾਨੂੰ ਵੇਖ ਕੇ ਬੜਾ ਖੁਸ਼ ਹੋਇਆ॥ ੭੨॥

ਚੌਪਈ- ਨਿਜ ਸੈਨਾ ਸੰਗਿ ਬੋਲਯੋ ਬਾਨੀ। ਹਿੰਸਾ ਮਹਿਂ ਜਿਹ ਚਾਹਿ ਮਹਾਨੀ।
'ਚਿਰੰਕਾਲ ਮਹਿਂ ਭਲੋ ਸ਼ਿਕਾਰਾ। ਮਾਨੁਖ ਆਮਿਖ ਬਨਾ ਅਹਾਰਾ॥ ੭੩॥

ਉਹ ਜੀਵਾਂ ਨੂੰ ਮਾਰਨ ਵਿਚ ਬੜਾ ਮਹਾਨ ਸੀ, ਆਪਣੀ ਸੈਨਾ ਨੂੰ ਉਹ ਕਹਿਣ ਲੱਗਾ, "ਬੜੇ ਚਿਰਾਂ ਬਾਅਦ ਏਡਾ ਵਧੀਆ ਸ਼ਿਕਾਰ ਮਿਲਿਆ ਹੈ। ਮਨੁੱਖ ਦਾ ਮਾਸ ਸਾਡਾ ਭੋਜਨ ਬਣਿਆ ਹੈ॥ ੭੩॥

ਗਿਰ ਕੇ ਤਰ ਤੀਨੋ ਨਰ ਬੈਸੇ। ਜਾਇ ਗਹੋ ਭਾਗਹਿ ਨਹਿ ਜੈਸੇ'।
ਸੁਨਿ ਕਰਿ ਨਿਜ ਭੂਪਤ ਕੇ ਬੈਨਾ। ਤ੍ਰੈ ਰਾਖਸ਼ ਆਏ ਤਜਿ ਸੈਨਾ ॥੭੪॥

ਪਹਾੜ ਦੇ ਹੇਠਾਂ ਤਿੰਨ ਮਨੁੱਖ ਬੈਠੇ ਹਨ, ਉਨ੍ਹਾਂ ਨੂੰ ਜਾ ਕੇ ਫੜ ਲਵੋ, ਭੱਜ ਨਾ ਜਾਣ।" ਆਪਣੇ ਰਾਜੇ ਦਾ ਇਹ ਹੁਕਮ ਸੁਣ ਕੇ ਤਿੰਨ ਰਾਖਸ਼ ਸੈਨਾ ਨੂੰ ਛੱਡ ਕੇ ਸਾਡੇ ਵੱਲ ਆਏ॥ ੭੪॥

ਜਹਿਂ ਬੈਸੇ ਬੇਦੀ ਕੁਲਦੀਪਾ। ਜਬਹੀ ਪਹੁੰਚੇ ਆਨ ਸਮੀਪਾ।
ਤਿਹ ਛਿਨ ਅੰਧ ਭਏ ਮਤਿਮੂਢੇ। ਚਲਨ ਪੰਥ ਨਹਿਂ ਪਾਵਹਿਂ ਢੂੰਡੇ ॥੭੫॥

ਜਿਥੇ ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਬੈਠੇ ਸਨ, ਜਦ ਉਹ ਉਨ੍ਹਾ ਦੇ ਨੇੜੇ ਆ ਗਏ ਤਾਂ ਓਸੇ ਵੇਲੇ ਉਹ ਮੂਰਖ ਮੱਤ ਵਾਲੇ ਅੰਨ੍ਹੇ ਹੋ ਗਏ। ਤੁਰਨ ਵਾਸਤੇ ਰਾਹ ਨਹੀ ਸੀ ਲੱਭਦਾ, ਸਾਨੂੰ ਕਿਵੇਂ ਢੂੰਡ ਸਕਦੇ ਸਨ ?॥ ੭੫॥

ਇਤ ਉਤ ਬਿਚਰਤਿ ਸੂਝਤਿ ਨਾਂਹੀ। ਤਿਨ ਕੋ ਦੇਖਿ ਪ੍ਰਭੁ ਬਿਗਸਾਹੀ।
ਹਟਿ ਜਬ ਗਮਨੇ ਪਾਛਲ ਓਰਾ। ਦੀਸਨ ਲਗਜੋ ਤਬੈ ਤਿਨ ਥੋਰਾ ॥੭੬॥

ਏਧਰ ਓਧਰ ਫਿਰਦੇ ਸਨ, ਪਰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਬੜੇ ਖੁਸ਼ ਹੋਏ। ਜਦ ਪਿਛਾਂਹ ਹਟ ਕੇ ਵਾਪਸ ਮੁੜੇ ਤਾਂ ਉਨ੍ਹਾਂ ਨੂੰ ਥੋੜਾ ਵਿਖਾਈ ਦੇਣ ਲੱਗਾ॥ ੭੬॥

ਜਾਇ ਭੂਪ ਸੋਂ ਬਾਤ ਸੁਨਾਈ। 'ਜਬ ਹਮ ਨਿਕਟਿ ਗਏ ਤਹਿ ਥਾਂਈ।
ਦੇਖਿ ਰਹੇ ਤਬ ਨਹੀਂ ਦਿਸਾਨੇ। ਹਟਿ ਆਏ ਚਲਿ ਮਨ ਬਿਸਮਾਨੇ ॥੭੭॥

ਜਾ ਕੇ ਰਾਜੇ ਨੂੰ ਸਾਰੀ ਗੱਲ ਦੱਸੀ, "ਜਦ ਅਸੀ ਉਨ੍ਹਾ ਦੇ ਨੇੜੇ ਗਏ ਤਾਂ ਅਸੀ ਵੇਖਦੇ ਰਹੇ, ਸਾਨੂੰ ਕੁਝ ਦਿੱਸਦਾ ਨਹੀ ਸੀ। ਜਦ ਅਸੀ ਹੱਟ ਕੇ ਵਾਪਿਸ ਆਏ ਤਾਂ ਬਹੁਤ ਹੈਰਾਨ ਹੋਏ"॥ ੭੭॥

ਰਾਖਸ਼ ਰਾਇ ਕਹੈ ਰਿਸ ਬੈਨਾ। 'ਤਹਾਂ ਜਾਇ ਕਯਾ ਭਾ ਤੁਮ ਨੈਨਾ'।
ਲੇਨ ਪਠੇ ਤੀਨੋ ਪੁਨ ਔਰੀ। ਚਲਿ ਕਰਿ ਆਏ ਤੂਰਨ ਦੌਰੀ॥ ੭੮॥

ਰਾਖਸ਼ਾਂ ਦੇ ਰਾਜੇ ਨੇ ਗੁੱਸੇ ਵਿਚ ਆ ਕੇ ਕਿਹਾ, "ਓਥੇ ਜਾ ਕੇ ਤੁਹਾਡੀਆਂ ਅੱਖਾਂ ਨੂੰ ਕੀ ਹੋ ਗਿਆ ਸੀ ?" ਫਿਰ ਤਿੰਨ ਹੋਰ ਰਾਖਸ਼ ਲੈਣ ਵਾਸਤੇ ਭੇਜੇ, ਉਹ ਤੁਰੰਤ ਦੌੜਦੇ ਸਾਡੇ ਵੱਲ ਆਏ॥ ੭੮॥

ਪ੍ਰਿਥਮੈ ਜਿਉਂ ਅੰਧੇ ਸੋ ਭਏ। ਹਟਿ ਕਰਿ ਨ੍ਰਿਪਤ ਨਿਕਟਿ ਤਬ ਗਏ।
ਕਹਿਨ ਲਗੇ 'ਸੁਨਿਯੇ ਅਵਨੀਪਾ!। ਨਹਿਂ ਦੀਸਹਿ ਜਬ ਜਾਇਂ ਸਮੀਪਾ ॥੭੯॥

ਪਹਿਲਿਆਂ ਵਾਂਗ ਉਹ ਵੀ ਅੰਨ੍ਹੇ ਹੋ ਗਏ। ਪਿਛਾਂ ਹੱਟ ਕੇ ਉਹ ਵੀ ਰਾਜੇ ਪਾਸ ਚਲੇ ਗਏ ਅਤੇ ਕਹਿਣ ਲੱਗੇ, "ਹੇ ਰਾਜਾ ਜੀ ! ਸੁਣੋ, ਜਦ ਅਸੀਂ ਉਨ੍ਹਾਂ ਦਾ ਪਾਸ ਗਏ ਸਾਨੂੰ ਕੁਝ ਵੀ ਨਹੀ ਸੀ ਦਿੱਸਦਾ॥ ੭੯॥

ਹੋਇਂ ਦੂਰ ਜਬ, ਦੇਤਿ ਦਿਖਾਈ॥ ਅਚਰਜ ਹੀ ਕੁਛ ਲਖੀ ਨ ਜਾਈ'।
ਸੁਨਿ ਭੂਪਤਿ ਮਤਿ ਹ੍ਵੈ ਬਿਸਮਾਏ। ਤ੍ਰੈ ਰਾਖਸ਼ ਪੁਨ ਔਰ ਪਠਾਏ॥ ੮੦॥

ਜਦ ਅਸੀ ਉਨ੍ਹਾਂ ਤੋਂ ਦੂਰ ਆ ਗਏ ਤਾਂ ਸਾਨੂੰ ਦਿਖਾਈ ਦੇਣ ਲੱਗ ਗਿਆ। ਇਸ ਅਸਚਰਜਤਾ ਬਾਰੇ ਕੁਝ ਕਿਹਾ ਨਹੀ ਜਾ ਸਕਦਾ।" ਇਹ ਸੁਣ ਕੇ ਰਾਜਾ ਵੀ ਬੜਾ ਹੈਰਾਨ ਹੋਇਆ। ਤਿੰਨ ਰਾਖਸ਼ ਉਸ ਹੋਰ ਭੇਜੇ॥ ੮੦॥

ਚੌਪਈ- ਪੂਰਬ ਜਯੋਂ ਹ੍ਵੈ ਅੰਧ ਸਿਧਾਰੇ। ਸਪਤ ਵਾਰ ਇਯ ਰੀਤਿ ਪਧਾਰੇ।
ਅਚਰਜ ਰਾਖਸ਼ ਰਾਜੇ ਮਾਨਾ। ਨਿਜ ਮੰਤ੍ਰੀ ਸੋਂ ਬਚਨ ਬਖਾਨਾ॥ ੮੧॥

ਜਿਸ ਤਰ੍ਹਾਂ ਪਹਿਲੇ ਅੰਨ੍ਹੇ ਹੋ ਗਏ ਸਨ, ਇਸ ਤਰ੍ਹਾਂ ਸੱਤ ਵਾਰ ਰਾਜਾ ਰਾਖਸ਼ਾਂ ਨੂੰ ਭੇਜਦਾ ਰਿਹਾ ਅਤੇ ਉਹ ਵਾਪਸ ਜਾਂਦੇ ਰਹੇ। ਰਾਖਸ਼ਾਂ ਦੇ ਰਾਜੇ ਨੇ ਇਸ ਗੱਲ ਨੂੰ ਬੜਾ ਅਸਚਰਜ ਮੰਨਿਆ। ਫਿਰ ਆਪਣੇ ਨਿਜੀ ਮੰਤਰੀ ਨੂੰ ਕਿਹਾ॥ ੮੧॥

"ਇਹ ਕਯਾ ਅਚਰਜ ਜਾਇ ਨ ਜਾਨਯੋ। ਸਪਤਵਾਰ ਫਿਰ ਕਿਸੁ ਨ ਆਨਯੋ।"
ਮੰਤ੍ਰੀ ਉਚਰੈ 'ਸੁਨਹੁ ਛਿਤੇਸਾ'। ਕਲਾਵਾਨ ਇਹ ਕੋਊ ਬੈਸਾ॥ ੮੨॥

"ਇਹ ਕੀ ਅਸਚਰਜ ਹੈ ਜਿਸ ਨੂੰ ਜਾਣਿਆਂ ਨਹੀ ਜਾ ਸਕਦਾ। ਸੱਤ ਵਾਰ ਮੇਰੇ ਆਦਮੀ ਗਏ ਹਨ, ਫਿਰ ਉਨ੍ਹਾਂ ਨੂੰ ਕੋਈ ਵੀ ਨਹੀਂ ਲਿਆ ਸਕਿਆ। ਮੰਤਰੀ ਨੇ ਕਿਹਾ, "ਹੇ ਰਾਜੇ ! ਸੁਣੋ, ਓਥੇ ਕੋਈ ਕਰਾਮਾਤੀ ਇਨਸਾਨ ਬੈਠਾ ਹੈ॥ ੮੨॥

ਜੇ ਕਰਿ ਹੋਵੈ ਆਪ ਰਜਾਈ। ਪਰਖੋਂ ਮੈਂ ਇਨ ਕੇ ਢਿਗ ਜਾਈ'।

ਆਇਸ ਪਾਇ ਸਚਿਵ ਸੋ ਆਯੋ। ਸ਼ੁੱਧ ਆਤਮੈ, ਕਪਟ ਗਵਾਯੋ ॥੮੩॥

ਜੇ ਤੁਹਾਡਾ ਹੁਕਮ ਹੋਵੇ ਤਾਂ ਮੈਂ ਆਪ ਉਨ੍ਹਾਂ ਦੇ ਪਾਸ ਜਾ ਕੇ ਪਰਖ ਕਰਦਾ ਹਾਂ। ਰਾਜੇ ਦੀ ਆਗਿਆ ਪਾ ਕੇ ਮੰਤਰੀ ਆਇਆ। ਆਤਮਾ ਸੁਧ ਕਰਕੇ ਅਤੇ ਕਪਟ ਗਵਾ ਕੇ ਉਸ ਕਿਹਾ॥ ੮੩॥

'ਸੇਵਾ ਕਰੌਂ ਸੰਤ ਜੀ! ਤੁਮਰੀ। ਦੇਖਨ ਸ਼ਰਧਾ ਪੂਰਹੁ ਹਮਰੀ'।
ਇਸ ਬਿਧਿ ਕਹਿਤਿ ਬੰਦਿ ਦ੍ਵੈ ਹਾਥਾ। ਚਲਿ ਕਰਿ ਆਵਾ ਢਿਗ ਜਗ ਨਾਥਾ ॥੮੪॥

''ਹੇ ਸੰਤ ਜੀ ! ਮੈਂ ਤੁਹਾਡੀ ਪੂਰਨ ਸੇਵਾ ਕਰਾਂਗਾ। ਮੇਰੀ ਵੇਖਣ ਦੀ ਸਰਧਾ ਪੂਰੀ ਕਰੋ।'' ਇਸ ਤਰ੍ਹਾਂ ਜਦ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਤਾਂ ਉਸ ਨੂੰ ਦਿੱਸਣ ਲੱਗ ਗਿਆ ਅਤੇ ਉਹ ਚੱਲ ਕੇ ਜਗਤ ਦੇ ਨਾਥ ਭਾਵ ਗੁਰੂ ਜੀ ਪਾਸ ਆ ਗਿਆ॥ ੮੪॥

ਦੋਹਰਾ- ਪੂਰਨ ਪਰਮੇਸ਼ੁਰ ਯਹੀ-ਪ੍ਰੇਮ ਮੰਤਰੀ ਧਾਰਿ।
ਬੰਦਨ ਕਰਿਕੈ ਬੈਠਿ ਗਾ ਨੀਕੇ ਬਚਨ ਉਚਾਰ॥ ੮੫॥

ਇਹ ਪੂਰਨ ਪਰਮੇਸ਼ਰ ਹਨ, ਮੰਤਰੀ ਨੇ ਪ੍ਰੇਮ ਧਾਰਨ ਕਰਕੇ, ਬੰਦਨਾ ਕੀਤੀ ਅਤੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਇਸ ਤਰ੍ਹਾਂ ਚੰਗੇ ਬਚਨ ਉਚਾਰੇ॥ ੮੫॥

ਚੌਪਈ- 'ਕੋ ਨਾਮੰ ਕਿਹ ਤੇ ਚਲਿ ਆਏ?। ਜਯੋਂ ਤਨ ਧਰਿ ਕਰਤਾਰ ਸੁਹਾਏ।
ਆਗੈ ਗਮਨਹੁ ਕੌਨੇ ਦੇਸ਼ਾ?'। ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ ॥ ੮੬॥

''ਤੁਹਾਡਾ ਕੀ ਨਾਂ ਹੈ ਅਤੇ ਕਿਥੋਂ ਚਲ ਕੇ ਆਏ ਹੋ ? ਇੰਝ ਲਗਦਾ ਹੈ ਜਿਵੇਂ ਪ੍ਰਭੂ ਹੀ ਸਰੀਰ ਧਾਰਨ ਕਰਕੇ ਆ ਗਏ ਹਨ। ਅੱਗੇ ਕਿਹੜੇ ਦੇਸ਼ ਵਿਚ ਜਾਓਗੇ ?'' ਉਸ ਦੀ ਗੱਲ ਸੁਣ ਕੇ ਗੁਰੂ ਜੀ ਬੋਲੇ॥ ੮੬॥

'ਨਾਮ ਅਹੈ ਨਾਨਕ ਨਿਰੰਕਾਰੀ। ਲਖਹੁ ਅਤੀਤੰ ਇੱਛਾਚਾਰੀ'।
ਤਬ ਮੰਤ੍ਰੀ ਪਦ ਬੰਦਨ ਕਰਿ ਕੈ। ਗਯੋ ਭੂਪ ਢਿਗ ਹਿਤ ਉਰ ਧਰਿ ਕੈ ॥੮੭॥

''ਨਾਮ ਮੇਰਾ ਨਾਨਕ ਨਰੰਕਾਰੀ ਹੈ। ਮੌਜ ਵਾਲੇ ਤਿਆਗੀ ਜਾਣੇ ਜਾਂਦੇ ਹਾਂ।'' ਤਦ ਮੰਤਰੀ ਚਰਨਾਂ ਤੇ ਬੰਦਨਾ ਕਰਕੇ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਰਾਜੇ ਦੇ ਪਾਸ ਗਿਆ॥ ੮੭॥

ਚੌਪਈ- 'ਨਗਰ ਤੋਹਿ ਆਯੋ ਕਰਤਾਰਾ। ਸ਼ਰਨਿ ਗਹੋ ਹੋਵੈ ਨਿਸਤਾਰਾ।
ਭਰਮ ਰਿਦੈ ਤੇ ਸਭਿ ਪਰਹਰਿਕੈ। ਚਲਹੁ ਮਿਲਹੁ ਪ੍ਰੇਮਹਿ ਉਰ ਭਰਿਕੈ ॥੮੮॥

ਮੰਤਰੀ ਨੇ ਕਿਹਾ, ''ਤੁਹਾਡੇ ਨਗਰ ਵਿਚ ਆਪ ਪ੍ਰਭੂ ਆਇਆ ਹੈ। ਉਸ ਦੀ ਸ਼ਰਨ ਫੜੋ ਤਾਕਿ ਤੁਹਾਡਾ ਕਲਿਆਣ ਹੋ ਜਾਵੇ। ਹਿਰਦੇ ਵਿਚੋਂ ਸਾਰੇ ਭਰਮ ਦੂਰ ਕਰਕੇ ਚਲੋ ਅਤੇ ਦਿਲ ਵਿਚ ਪ੍ਰੇਮ ਭਰ ਕੇ ਮਿਲੋ''॥ ੮੮॥

ਦੋਹਰਾ- ਦੇਵਲੂਤ ਸੁਨਿ ਕਰਿ ਕਹੈ 'ਮਾਨੁਖ ਭੋਜਨ ਮੋਰ।
ਗਹੌਂ ਨਤਿਨਕੀ ਸ਼ਰਨ ਹੌਂ ਮਾਨੋ ਬਚਨ ਨ ਤੋਰ ॥ ੮੯॥

ਦੇਵਲੂਤ ਰਾਜੇ ਨੇ ਸੁਣ ਕੇ ਕਿਹਾ, ''ਮਨੁੱਖ ਮੇਰਾ ਭੋਜਨ ਹੈ, ਮੈਂ ਉਸ ਨੂੰ ਫੜਾਂਗਾ ਤੇ ਉਸ ਦੀ ਸ਼ਰਨ ਵਿਚ ਨਹੀਂ ਜਾਵਾਂਗਾ ਅਤੇ ਤੇਰਾ ਬਚਨ ਨਹੀਂ ਮੰਨਾਂਗਾ॥ ੮੯॥

ਚੌਪਈ- ਕੈਸੇ ਹੈਂ ਦੇਖੌਂ ਮੈਂ ਜਾਈ'। ਯੌਂ ਕਹਿ ਆਪ ਚਲਾ ਪੁਨ ਰਾਈ।
ਸਭਿ ਰਾਖਸ਼ ਹੈਂ ਜਾਂਕੇ ਸੰਗਾ। ਜਨੁ ਗਿਰ ਆਵਤਿ ਮੇਚਕ ਅੰਗਾ ॥ ੯੦॥

ਕਿਸ ਤਰ੍ਹਾਂ ਦੇ ਹਨ, ਮੈਂ ਆਪ ਜਾ ਕੇ ਵੇਖਦਾ ਹਾਂ।'' ਇਹ ਕਹਿ ਕੇ ਆਪ ਚਲ ਕੇ ਗਿਆ। ਸਭ ਰਾਖਸ਼ ਉਸ ਦੇ ਨਾਲ ਹਨ, ਮਾਨੋ ਕਾਲੇ ਰੰਗ ਦੇ ਪਹਾੜ ਆ ਰਹੇ ਸਨ॥ ੯੦॥

ਚਲਿ ਕਰਿ ਆਏ ਜਬਹਿ ਸਮੀਪਾ। ਅੰਧੇ ਭਏ ਸਹਿਤ ਅਵਨੀਪਾ।
ਇਕ ਮੰਤ੍ਰੀ ਕੋ ਦੇਤਿ ਦਿਖਾਈ। ਔਰ ਫਿਰਹਿਂ ਭੂਲੇ ਤਿਹ ਥਾਈਂ ॥੯੧॥

ਜਦ ਚਲ ਕੇ ਨੇੜੇ ਆਏ। ਰਾਜੇ ਸਮੇਤ ਸਾਰੇ ਅੰਨ੍ਹੇ ਹੋ ਗਏ। ਇਕ ਮੰਤਰੀ ਨੂੰ ਕੇਵਲ ਦਿਖਾਈ ਦੇ ਰਹੇ ਸਨ। ਹੋਰ ਸਾਰੇ ਓਥੇ ਭੁੱਲੇ ਫਿਰਦੇ ਸਨ॥ ੯੧॥

ਤਬਹਿ ਸਚਿਵ ਨੈ ਗਿਰਾ ਉਚਾਰੀ। 'ਕਹਾ ਭੂਪਤਿ ਸੁਧ ਅਹੈ ਤੁਮਾਰੀ।
ਸੂਧੇ ਚਲਤਿ ਨ ਜਾਵਹੁ ਭੂਲੇ। ਅਜਹੁ ਭਿ ਹੋਹੁ ਮੋਹਿ ਅਨਕੂਲੇ' ॥੯੨॥

ਤਦ ਮੰਤਰੀ ਨੇ ਬਚਨ ਕੀਤੇ, "ਹੇ ਰਾਜਨ ! ਕੀ ਤੁਹਾਡੀ ਇਹੋ ਸਮਝ ਹੈ। ਸਿਧੇ ਚਲਦੇ ਨਹੀਂ ਜਾ ਰਹੇ ਅਤੇ ਭੁਲ ਗਏ ਹੋ। ਹਾਲੇ ਵੀ ਮੇਰੇ ਵਾਂਗ ਹੋ ਜਾਵੋ" ॥ ੯੨ ॥

ਭੈ ਕਰਿ ਡਰਪਯੋ ਰਾਖਸ਼ ਰਾਜਾ। ਬੋਲਯੋ ਬਚਨ ਧਰੇ ਬਹੁ ਲਾਜਾ।
'ਹੇ ਮੰਤ੍ਰੀ! ਜੈਸਾ ਤੂੰ ਕਹਿਈ ਤੈਸੋ ਦੀ ਪੂਰਨ ਇਹ ਅਹਿਈ॥ ੯੩॥

ਭੈ ਕਰਕੇ ਰਾਖਸ਼ ਰਾਜਾ ਡਰ ਗਿਆ। ਬੜੀ ਸ਼ਰਮ ਅਨੁਭਵ ਕਰਕੇ ਕੁਝ ਬਚਨ ਬੋਲੇ, "ਹੇ ਮੰਤਰੀ! ਜਿਵੇਂ ਤੂੰ ਕਿਹਾ ਹੈ, ਉਸ ਤਰ੍ਹਾਂ ਹੀ ਇਹ ਪੂਰਨ ਹਨ॥ ੯੩॥

ਦੋਹਰਾ- ਅਬ ਮੁਝ ਦਰਸ਼ਨ ਦੇਹਿ ਜੇ ਚਰਨ ਸ਼ਰਨ ਹੌਂ ਆਉਂ।
ਧਰਿ ਸ਼ਰਧਾ ਸੇਵਾ ਕਰੌਂ ਸਦਾ ਜਪੌਂ ਤਿਨ ਨਾਉਂ॥ ੯੪॥

ਹੁਣ ਮੈਨੂੰ ਦਰਸ਼ਨ ਦੇਣ, ਤਾਕਿ ਮੈਂ ਉਨ੍ਹਾਂ ਦੇ ਚਰਨਾਂ ਦੀ ਸ਼ਰਨ ਵਿਚ ਆ ਸਕਾਂ। ਸ਼ਰਧਾ ਧਾਰ ਕੇ ਉਨ੍ਹਾਂ ਦੀ ਸੇਵਾ ਕਰਾਂ ਅਤੇ ਸਦਾ ਉਨ੍ਹਾਂ ਦਾ ਨਾਮ ਜਪਾਂਗਾ" ॥ ੯੪ ॥

ਚੌਪਈ- ਦੀਨ ਭਯੋ ਨ੍ਰਿਪ ਸਚਿਵ ਬਿਚਾਰਾ। ਸ਼ੁੱਧ ਆਤਮੈ ਜਬਹਿ ਨਿਹਾਰਾ।
ਤਬ ਗਮਨਯੋ ਸ੍ਰੀ ਗੁਰੂ ਅਗਾਰੀ। ਬੰਦਿ ਹਾਥ ਦ੍ਵੈ ਬਿਨੈ ਉਚਾਰੀ॥੯੫॥

ਮੰਤਰੀ ਨੇ ਇਹ ਵਿਚਾਰਿਆ ਕਿ ਰਾਜਾ ਹੁਣ ਦੀਨ ਮਸਕੀਨ ਹੋ ਗਿਆ ਹੈ ਅਤੇ ਜਦ ਉਸ ਨੂੰ ਵੇਖਿਆ ਕਿ ਉਸ ਦੀ ਆਤਮਾ ਸ਼ੁੱਧ ਹੋ ਗਈ ਹੈ ਤਦ ਉਹ ਗੁਰੂ ਜੀ ਦੇ ਅੱਗੇ ਗਿਆ। ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ॥ ੯੫॥

'ਪੂਰਨ ਪੁਰਖ ਸਦਾ ਅਬਿਨਾਸ਼ੀ! ਗਤਿ ਦਾਯਕ ਕਾਟਤਿ ਜਮ ਫਾਸੀ।
ਸੰਤ ਰੂਪ ਸਭਿ ਕੇ ਸੁਖਦਾਈ। ਅਬ ਪਰਤੀਤ ਤੁਮਾਰੀ ਆਈ॥ ੯੬॥

"ਤੁਸੀਂ ਪੂਰਨ ਪੁਰਖ ਸਦਾ ਅਬਿਨਾਸ਼ੀ ਹੋ, ਮੁਕਤੀ ਦਾਤੇ ਅਤੇ ਜਮਾਂ ਦੀ ਫਾਹੀ ਕੱਟਣ ਵਾਲੇ ਹੋ! ਤੁਸੀਂ ਸੰਤ ਰੂਪ ਸਭ ਨੂੰ ਸੁੱਖ ਦੇਣ ਵਾਲੇ ਹੋ, ਹੁਣ ਸਾਨੂੰ ਤੁਹਾਡੇ ਤੇ ਪੂਰਾ ਭਰੋਸਾ ਹੋ ਗਿਆ ਹੈ॥ ੯੬॥

ਬਿਨ ਪਰ ਮਿਹਰ ਦ੍ਰਿਸ਼ਟਿ ਨਿਜ ਕੀਜੈ। ਪ੍ਰਗਟ ਭੂਪ ਕੋ ਦਰਸ਼ਨ ਦੀਜੈ'।
ਸੁਨੀ ਅਕਪਟ ਸਚਿਵ ਕੀ ਬਾਨੀ। ਬਿਨੈ ਦੇਖਿ ਬੋਲੇ ਗੁਨਖਾਨੀ॥੯੭॥

ਹੁਣ ਮਿਹਰ ਦੀ ਦ੍ਰਿਸ਼ਟੀ ਕਰੋ ਅਤੇ ਪ੍ਰਗਟ ਰੂਪ ਵਿਚ ਰਾਜੇ ਨੂੰ ਦਰਸ਼ਨ ਦੇਵੋ। ਜਦ ਖੋਟ ਤੋਂ ਬਿਨਾਂ ਮੰਤਰੀ ਦੀ ਗੱਲਬਾਤ ਸੁਣੀ ਅਤੇ ਬੇਨਤੀ ਵੇਖ ਕੇ ਗੁਣਾਂ ਦੀ ਖਾਨ ਭਾਵ ਗੁਰੂ ਜੀ ਨੇ ਕਿਹਾ॥ ੯੭॥

'ਭੂਪਤਿ ! ਲੋਚਨ ਖੋਲਹੁ ਨੀਕੇ। ਦੇਖੋ ਹਮ ਦਿਸ਼ ਅਹੈਂ ਨਜੀਕੇ'।
ਸੁਨੀ ਕਾਨ ਮਹਿਂ ਜਬ ਗੁਰੁ ਬਾਨੀ। ਖੁਲਿਗੇ ਲੋਚਨ, ਭਾ ਤਮ ਹਾਨੀ॥੯੮॥

"ਹੇ ਰਾਜਨ ! ਆਪਣੀਆਂ ਚੰਗੀਆਂ ਅੱਖਾਂ ਖੋਲ੍ਹੋ। ਵੇਖੋ ਅਸੀਂ ਤੁਹਾਡੇ ਨਜ਼ਦੀਕ ਹੀ ਹਾਂ।" ਜਦ ਰਾਜੇ ਨੇ ਗੁਰੂ ਜੀ ਦੇ ਬੋਲ ਆਪਣੇ ਕੰਨਾਂ ਨਾਲ ਸੁਣੇ ਤਾਂ ਉਸ ਦੇ ਨੈਣ ਖੁਲ੍ਹ ਗਏ ਅਤੇ ਹਨੇਰੇ ਦਾ ਨਾਸ਼ ਹੋ ਗਿਆ॥ ੯੮॥

ਕਮਲ ਬਦਨ ਕੋ ਜਬ ਹੀ ਦੇਖਾ। ਪਰਯੋ ਚਰਨ, ਕਰਿ ਪ੍ਰੇਮ ਬਿਸ਼ੇਖਾ।
ਲਖਿ ਕਰਿ ਕਲਾ ਬਿਸਾਲ ਮਹੀਪਾ। ਬਿਨੈ ਬਖਾਨੀ ਬੈਠਿ ਸਮੀਪਾ ॥੯੯॥

ਕਮਲ ਮੁਖ ਭਾਵ ਗੁਰੂ ਜੀ ਨੂੰ ਜਦ ਵੇਖਿਆ ਤੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਵਿਸ਼ਾਲ ਕਲਾ ਵੇਖ ਕੇ ਰਾਜੇ ਨੇ ਪਾਸ ਬੈਠ ਕੇ ਬੇਨਤੀ ਕੀਤੀ॥ ੯੯॥

'ਕਰੀ ਅਵਗਯਾ ਰਾਵਰਿ ਜੋਊ। ਕ੍ਰਿਪਾ ਧਾਰਿ ਬਖਸ਼ਹੁ ਤੁਮ ਸੋਊ।
ਚਲਹੁ ਨਗਰ ਮਹਿੰ ਕਰਹੁ ਬਸੇਰਾ। ਸਭਿ ਰਾਖਸ਼ ਦਲ ਲਖਿ ਕਰਿ ਚੇਰਾ ॥੧੦੦॥

"ਮੈਂ ਆਪ ਦੀ ਜੋ ਅਵੱਗਿਆ ਕੀਤੀ ਹੈ, ਕਿਰਪਾ ਧਾਰ ਕੇ ਤੁਸੀਂ ਉਸ ਨੂੰ ਬਖਸ਼ ਦੇਵੋ। ਮੇਰੇ ਨਗਰ ਵਿਚ ਚਲੋ ਅਤੇ ਉਥੇ ਬਸੇਰਾ ਕਰੋ। ਸਾਰੇ ਰਾਖਸ਼ ਦੱਲ ਨੂੰ ਆਪਣੇ ਸੇਵਕ ਸਮਝੋ"॥ ੧੦੦॥

ਹੋਇ ਦੀਨ ਪੁਰਿ ਕੋ ਲੇ ਆਏ। ਸੁੰਦਰ ਮੰਦਰ ਬੀਚ ਬਸਾਏ।
ਸੇਵ ਕਰਨ ਲਗੇ ਮਨ ਭਾਈ। ਬਾਰ ਬਾਰ ਬੰਦਹਿੰ ਸਿਰ ਨਾਈ ॥੧੦੧॥

ਦੀਨ ਹੋ ਕੇ ਆਪਣੇ ਨਗਰ ਵਿਚ ਲੈ ਆਏ ਅਤੇ ਸੁੰਦਰ ਮਹਿਲ ਵਿਚ ਉਨ੍ਹਾਂ ਨੂੰ ਠਹਿਰਾਇਆ। ਮਨ ਭਾਉਂਦੀ ਸੇਵਾ ਕਰਨ ਲੱਗੇ। ਬਾਰ ਬਾਰ ਸਿਰ ਨਿਵਾ ਕੇ ਬੰਦਨਾ ਕਰਦੇ ਸਨ॥ ੧੦੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮਧੁਰਬੈਨ, ਰਾਖਸ਼ਨ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਮੋਂ ਅਧਯਾਯ॥ ੫੪॥*

ਸ੍ਰੀ ਗੁਰ ਨਾਨਕ ਗ੍ਰੰਥ ਦੇ ਪਹਿਲੇ ਅੱਧ ਦਾ ਚਰਿਵੰਜਵਾਂ ਅਧਿਆਇ, ਜਿਸ ਦਾ ਨਾਮ "ਮਧੁਰਬੈਨ, ਦੇਵਲੂਤ ਰਾਖਸ਼" ਹੈ, ਸਮਾਪਤ ਹੋਇਆ॥ ੫੪॥

## ਅਧਿਆਇ ਪਚਵੰਜਵਾਂ

*ਦੇਵਲੂਤ, ਬਨਮਾਨਸ ਰਾਖਸ਼।*

ਦੋਹਰਾ- ਸ੍ਰੀ ਗੁਰ ਚਰਨ ਖਗੇਸ਼ ਸਮ ਜਾਇ ਸ਼ਰਨ ਤਿਨ ਕੋਇ।
ਜਗ ਬੰਧਨ ਅਹਿਰਾਜ ਸੇ ਮੁਕਤੈ ਤਿਨ ਤੇ ਸੋਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਗਰੁੜ ਵਾਂਗ ਹਨ, ਜਗਤ ਦੇ ਬੰਧਨ ਵੱਡੇ ਵੱਡੇ ਸੱਪਾਂ ਵਾਂਗ ਹਨ, ਜਿਹੜਾ ਉਨ੍ਹਾਂ ਦੇ ਚਰਨਾਂ ਦੀ ਸ਼ਰਨ ਜਾ ਪਵੇ, ਉਹ ਉਨ੍ਹਾਂ ਜੱਗ ਬੰਧਨਾ ਤੋਂ ਛੁਟਕਾਰਾ ਪਾ ਲੈਂਦਾ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨਹੁ ਗੁਰੂ ਅੰਗਦ ਗਤਿ ਦਾਨੀ। ਕਥਾ ਰਸਾਲ ਬਿਸਾਲ ਸੁਹਾਨੀ।
ਦੇਵਲੂਤ ਨਿਜ ਭ੍ਰਿੱਤ ਬੁਲਾਏ। ਤੂਰਨ ਰਾਖਸ਼ ਸਪਤ ਪਠਾਏ॥ ੨॥

ਭਾਈ ਬਾਲਾ ਕਹਿੰਦੇ ਹਨ-ਹੇ ਮੁਕਤੀਦਾਤੇ ਸ੍ਰੀ ਗੁਰੂ ਅੰਗਦ ਦੇਵ ਜੀ ! ਰਸੀਲੀ, ਵਿਸ਼ਾਲ ਅਤੇ ਸੁਹਾਵਣੀ ਕਥਾ ਸੁਣੋ। ਰਾਖਸ਼ ਰਾਜੇ ਦੇਵਲੂਤ ਨੇ ਆਪਣੇ ਨੌਕਰ ਬੁਲਾਏ ਅਤੇ ਤੁਰੰਤ ਸੱਤ ਰਾਖਸ਼ ਵਣ ਵਿਚ ਭੇਜੇ॥ ੨॥

ਤਿਨ ਤੇ ਫਲ ਮਧੁਰੇ ਮੰਗਵਾਏ। ਉਤਮ ਔਰ ਅੰਨ ਅਨਿਵਾਏ।
ਕਰੁਨਾਨਿਧਿ ਕੇ ਧਰੇ ਅਗਾਰੀ। ਹਾਥ ਜੋਰਿ ਕਰਿ ਗਿਰਾ ਉਚਾਰੀ॥ ੩॥

ਉਨ੍ਹਾਂ ਪਾਸੋਂ ਮਿਠੇ ਫਲ ਅਤੇ ਮੇਵੇ ਮੰਗਵਾਏ। ਉੱਤਮ ਹੋਰ ਪਦਾਰਥ ਲਿਆਂਦੇ ਗਏ। ਕਿਰਪਾਨਿਧ ਭਾਵ ਗੁਰੂ ਜੀ ਦੇ ਅੱਗੇ ਧਰੇ। ਫਿਰ ਹੱਥ ਜੋੜ ਕੇ ਕਿਹਾ॥ ੩॥

ਦੋਹਰਾ- 'ਕਰਹੁ ਰਸੋਈ ਸੰਤ ਜੀ! ਭੋਜਨ ਅਚਹੁ ਬਨਾਇ।
ਸ਼ਰਧਾ ਪੂਰਨ ਕੀਜियੇ' ਸੁਨਿ ਸ੍ਰੀ ਗੁਰੂ ਅਲਾਇ॥ ੪॥

"ਹੇ ਸੰਤ ਜੀ! ਰਸੋਈ ਕਰੋ ਅਤੇ ਭੋਜਨ ਚੰਗੀ ਤਰ੍ਹਾਂ ਛੱਕੋ। ਸਾਡੀ ਸ਼ਰਧਾ ਪੂਰੀ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ॥ ੪॥

ਚੌਪਈ- 'ਸੁਭ ਉਪਦੇਸ਼ ਜਿ ਲੇਹੁ ਹਮਾਰਾ। ਅਸਨ ਕਰੈਂ ਤਬ ਅੰਗੀਕਾਰਾ।
ਧੌਂ ਨਹਿਂ ਤੁਮਰੋ ਖਾਇਂ ਕਦਾਪੀ। ਸਭਿ ਜੀਵਨ ਕੇ ਸੰਤਾਪੀ'॥ ੫॥

"ਹੇ ਰਾਜਨ! ਜੇ ਸਾਡਾ ਚੰਗਾ ਉਪਦੇਸ਼ ਲਵੋਗੇ ਤਾਂ ਫਿਰ ਹੀ ਭੋਜਨ ਅੰਗੀਕਾਰ ਕਰਾਂਗੇ। ਉਸ ਤਰ੍ਹਾਂ ਤੁਹਾਡਾ ਭੋਜਨ ਕਦੀ ਨਹੀ ਛਕਾਂਗੇ ਅਤੇ ਫਿਰ ਇਹ ਸਾਰੇ ਜੀਵਨ ਲਈ ਦੁਖਦਾਇਕ ਹੋ ਜਾਵੇਗਾ"॥ ੫॥

ਦੇਵਲੂਤ ਕਹਿ 'ਜਿਹ ਬਿਧਿ ਕਹਿਹੋ। ਸ੍ਰੀ ਪ੍ਰਭੁ ਜੀ! ਤਿਸ ਬਿਧਿ ਮੈਂ ਰਹਿਹੋਂ।
ਕਰਹੁ ਆਪ ਉਪਦੇਸ਼ਹਿ ਜੋਈ। ਸੁਨਿ ਕਰਿ ਕਰੌਂ ਕ੍ਰਿਤਿ ਮੈਂ ਸੋਈ'॥ ੬॥

ਦੇਵਲੂਤ ਨੇ ਕਿਹਾ, "ਹੇ ਪ੍ਰਭੂ ਜੀ! ਜਿਸ ਤਰ੍ਹਾਂ ਕਹੋ, ਮੈਂ ਉਸ ਤਰ੍ਹਾਂ ਹੀ ਰਹਾਂਗਾ। ਜੋ ਵੀ ਤੁਸੀ ਉਪਦੇਸ਼ ਦੇਵੋਗੇ ਉਹ ਸੁਣ ਕੇ ਮੈਂ ਉਸ ਅਨੁਸਾਰ ਹੀ ਕ੍ਰਿਤ ਕਰਾਂਗਾ"॥ ੬॥

ਭਾ ਅਨੁਸਾਰਿ ਪਿਖਯੋ ਗੁਨਖਾਨੀ। ਕੁਮਤਿ ਕਦਨ ਕੇ ਬੋਲੇ ਬਾਨੀ।
'ਪ੍ਰਿਥਮ ਤਜਹੁ ਆਮਿਖ ਕੋ ਖਾਨਾ। ਕਰਹੁ ਜਾਸ ਹਿਤ ਜੀਵਨ ਹਾਨਾ॥ ੭॥

ਜਦ ਗੁਰੂ ਜੀ ਨੇ ਵੇਖਿਆ ਕਿ ਰਾਜਾ ਅਧੀਨ ਹੋ ਗਿਆ ਹੈ ਤਾਂ ਭੈੜੀ ਮੱਤ ਦਾ ਨਾਸ਼ ਕਰਨ ਵਾਲੇ, ਭਾਵ ਗੁਰੂ ਜੀ ਬੋਲੇ, "ਪਹਿਲਾਂ ਮਾਸ ਖਾਣਾ ਛੱਡੋ, ਜਿਸ ਕਾਰਨ ਤੁਸੀਂ ਜੀਵਾਂ ਦਾ ਨਾਸ਼ ਕਰਦੇ ਹੋ॥ ੭॥

ਚੌਪਈ- ਸਿਮਰਹੁ ਬਹੁਰੁ ਨਾਮ ਸੁਖ ਪਾਈ। ਦ੍ਵੈ ਲੋਕਨ ਜੋ ਹੋਤਿ ਸਹਾਈ।
ਚਿਰੰਕਾਲ ਭਾ ਤੁਮ ਕੁਲ ਮਾਂਹੀ। ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ॥ ੮॥

ਫਿਰ ਨਾਮ ਦਾ ਸਿਮਰਨ ਕਰਕੇ ਸੁਖ ਪਾਓ, ਜਿਸ ਨਾਮ ਨੇ ਦੋਵਾਂ ਲੋਕਾਂ ਵਿਚ ਤੁਹਾਡੀ ਸਹਾਇਤਾ ਕਰਨੀ ਹੈ। ਪੁਰਾਤਨ ਸਮੇਂ ਤੁਹਾਡੀ ਕੁਲ ਵਿਚ ਪ੍ਰਹਿਲਾਦ ਭਗਤ ਹੋਇਆ ਹੈ, ਜਿਸ ਨੇ ਆਪਣੇ ਮੁੱਖ ਨਾਲ ਨਾਮ ਜਪਿਆ ਸੀ॥ ੮॥

ਦ੍ਵੈ ਲੋਕਨ ਮਹਿਂ ਤਾਂਕੀ ਰਾਖੀ। ਚਲੀ ਜਾਤ ਅਜਹੂੰ ਲੌ ਸਾਖੀ।
ਹਰਨਾਖਸ਼ ਪਿਤ ਬਹੁ ਦੁਖ ਦੀਨੋ। ਤਦਪਿ ਨਾਮ ਕੋ ਤਜਿਨ ਨ ਕੀਨੋ॥ ੯॥

ਦੋ ਲੋਕਾਂ ਵਿਚ ਪ੍ਰਭੂ ਨੇ ਉਸ ਦੀ ਰਖਿਆ ਕੀਤੀ ਹੈ, ਉਸ ਦੀ ਗਵਾਹੀ ਅੱਜ ਤਕ ਚਲੀ ਆਉਂਦੀ ਹੈ। ਉਸ ਦੇ ਪਿਤਾ ਹਰਨਾਖਸ਼ ਨੇ ਉਸ ਨੂੰ ਬਹੁਤ ਦੁੱਖ ਦਿੱਤੇ, ਪਰ ਉਸ ਤਦ ਵੀ ਨਾਮ ਜਪਣਾ ਨਹੀ ਛੱਡਿਆ॥ ੯॥

ਪ੍ਰਭੁ ਕੀ ਭਗਤਿ ਕਰਹੁ ਮਨ ਲਾਈ। ਪਿਖਹੁ ਬਿਭੀਖਨ ਹੈ ਅਬ ਤਾਂਈ।
ਤਿਹ ਕੋ ਭ੍ਰਾਤ ਹੁਤੋ ਜਗ ਰਾਵਨ। ਹਨਯੋ ਸੁ ਰਾਮਚੰਦ ਜਸੁ ਪਾਵਨ॥ ੧੦॥

ਪ੍ਰਭੂ ਦੀ ਭਗਤੀ ਮਨ ਲਾ ਕੇ ਕਰੋ। ਵਿਭੀਖਣ ਦੀ ਵੀ ਗਵਾਹੀ ਅੱਜ ਤਕ ਚਲੀ ਆਉਂਦੀ ਹੈ। ਜਗਤ ਵਿਚ ਉਸ ਦਾ ਭਰਾ ਰਾਵਣ ਸੀ, ਸ੍ਰੀ ਰਾਮਚੰਦਰ ਨੇ ਉਸ ਨੂੰ ਮਾਰ ਕੇ ਜੱਸ ਪਾਇਆ॥ ੧੦॥

ਅਪਨੇ ਭਗਤ ਬਿਭੀਖਨ ਜਾਨਾ। ਲੰਕ ਰਾਜ ਦੇ ਅਮਰ ਕਰਾਨਾ।

ਤਿਨ ਕੀ ਦਿਸ਼ ਦੇਖਹੁ ਬਿਧਿ ਨੀਕੀ। ਤੁਮ ਭੀ ਕਰਹੁ ਭਵਾਨਾ ਜੀ ਕੀ॥੧੧॥

ਉਸ ਨੇ ਵਿਭੀਖਣ ਨੂੰ ਆਪਣਾ ਭਗਤ ਜਾਣਿਆ, ਅਤੇ ਲੰਕਾ ਦਾ ਰਾਜ ਦੇ ਕੇ ਉਸ ਨੂੰ ਅਮਰ ਕਰ ਦਿੱਤਾ ਸੀ। ਤਿੰਨਾ ਦੀ ਦਸ਼ਾ ਚੰਗੀ ਵਿਧੀ ਅਨੁਸਾਰ ਵੇਖੋ। ਤੁਸੀਂ ਵੀ ਆਪਣੇ ਦਿਲ ਵਿਚ ਇਹ ਭਾਵਨਾ ਸਮਝੋ ਕਿ॥੧੧॥

ਕਿਹ ਅਘ ਤੇ ਰਾਖਸ਼ ਤਨ ਪਾਏ। ਅਬ ਕੁਕਰਮ ਜੇ ਲੇਹੁ ਕਮਾਏ।
ਪਾਵਹੁ ਨਰਕ ਜਾਇ ਦੁਖ ਭਾਰੀ। ਤਿਹ ਤੇ ਕੋਇ ਨ ਸਕਹਿ ਉਬਾਰੀ॥੧੨॥

ਕਿਹੜੇ ਪਾਪ ਕਰਕੇ ਤੁਹਾਨੂੰ ਰਾਖਸ਼ ਦਾ ਸਰੀਰ ਮਿਲਿਆ ਹੈ, ਜੇ ਹੁਣ ਵੀ ਕੁਕਰਮ ਕਮਾਵੋਗੇ ਤਾਂ ਫਿਰ ਨਰਕਾਂ ਵਿਚ ਜਾ ਕੇ ਭਾਰੀ ਦੁੱਖ ਪਾਵੋਗੇ। ਓਥੇ ਤੁਹਾਨੂੰ ਕੋਈ ਨਹੀਂ ਬਚਾ ਸਕੇਗਾ॥ ੧੨॥

ਤਜਹੁ ਤਾਮਸੀ ਬ੍ਰਿਤਿ ਦੁਖਾਰੀ। ਕਰਹੁ ਭਗਤਿ ਕਰਤਾਰ ਸੁਖਾਰੀ'।
ਸੁਨਤਿ ਸ਼੍ਰੋਨ ਹਉਮੈਂ ਤਜਿ ਬੋਲਾ। 'ਅਬ ਹੌਂ ਤੁਮ ਅਨੁਸਾਰਿ ਅਡੋਲਾ॥੧੩॥

ਦੁਖਦਾਇਕ ਤਮੋ ਗੁਣੀ ਬ੍ਰਿਤੀ ਨੂੰ ਛੱਡ ਦੇਵੋ। ਸੁਖਦਾਇਕ ਕਰਤਾਰ ਦੀ ਭਗਤੀ ਕਰੋ।'' ਗੁਰੂ ਜੀ ਦੇ ਬਚਨ ਕੰਨ ਨਾਲ ਸੁਣ ਕੇ ਹਉਮੈ ਛੱਡ ਕੇ ਬੋਲਿਆ, "ਹੁਣ ਮੈਂ ਤੁਹਾਡੀ ਆਗਿਆ ਅਨੁਸਾਰ ਵਾਂਗ ਅਡੋਲ ਰਹਾਂਗਾ॥ ੧੩॥

ਦਰਸ਼ਨ ਕਰਤਿ ਪਾਪ ਮਤਿ ਭਾਗੀ। ਸੁਨਿਕੈ ਬਚਨ ਨਾਮ ਲਿਵਲਾਗੀ।
ਤੁਮਰੇ ਚਰਨਨ ਮਨ ਅਨੁਰਾਗਾ। ਭਯੋ ਆਜ ਤੇ ਮੈਂ ਵਡਭਾਗਾ॥੧੪॥

ਤੁਹਾਡੇ ਦਰਸ਼ਨ ਕਰਕੇ ਮੇਰੀ ਪਾਪੀ ਮੱਤ ਦੂਰ ਹੋ ਗਈ ਹੈ, ਤੁਹਾਡੇ ਬਚਨ ਸੁਣ ਕੇ ਮੇਰੀ ਨਾਮ ਵਿਚ ਲਿਵ ਲੱਗ ਗਈ ਹੈ। ਤੁਹਾਡੇ ਚਰਨਾਂ ਨਾਲ ਮੇਰੇ ਮਨ ਦਾ ਪ੍ਰੇਮ ਹੋ ਗਿਆ ਹੈ। ਅੱਜ ਤੋਂ ਮੈਂ ਵੱਡੇ ਭਾਗਾਂ ਵਾਲਾ ਹੋ ਗਿਆ ਹਾਂ'' ॥ ੧੪॥

ਚੌਪਈ- ਸੁਨਿਯੇ ਸ੍ਰੀ ਅੰਗਦ ਮੁਝ ਤਾਂਈ। ਅਸਨ ਕਰਨ ਗੁਰ ਗਿਰਾ ਅਲਾਈ।
ਤਿਹ ਛਿਨ ਕੀਨ ਅਹਾਰ ਤਿਆਰਾ। ਅਚਵਨ ਲਗੇ ਰੂਪ ਕਰਤਾਰਾ॥੧੫॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਭੋਜਨ ਛਕਣ ਲਈ ਗੁਰੂ ਜੀ ਨੇ ਮੈਨੂੰ ਕਿਹਾ। ਛੇਤੀ ਹੀ ਭੋਜਨ ਤਿਆਰ ਕਰ ਦਿੱਤਾ। ਕਰਤਾਰ ਰੂਪ ਗੁਰੂ ਜੀ ਭੋਜਨ ਛਕਣ ਲੱਗੇ॥ ੧੫॥

ਰਾਖਸ਼ ਰਾਜ ਸਚਿਵ ਨਿਜ ਲੀਨੇ। ਬੈਸਜੇ ਪਾਸ ਤਹਾਂ ਰੋਸ ਭੀਨੇ।
ਅਰਧ ਖਾਇ ਦੀਨੋ ਤਿਨ ਤਾਂਈ। ਆਇਸ ਮਾਨ ਲੀਨਿ ਮੁਖ ਪਾਈ॥੧੬॥

ਰਾਖਸ਼ ਰਾਜੇ ਨੇ ਆਪਣਾ ਮੰਤਰੀ ਵੀ ਨਾਲ ਲਿਆ। ਉਹ ਵੀ ਗੁਰੂ ਜੀ ਦੇ ਪਾਸ ਬੈਠ ਗਿਆ। ਅੱਧਾ ਭੋਜਨ ਛੱਕ ਕੇ ਉਨ੍ਹਾਂ ਨੂੰ ਦੇ ਦਿੱਤਾ। ਆਗਿਆ ਮੰਨ ਕੇ ਉਨ੍ਹਾਂ ਖਾ ਲਿਆ॥ ੧੬॥

ਖਾਵਤਿ ਹੀ ਖੁਲ ਗਏ ਕਪਾਟਾ। ਚਿਰੰਕਾਲ ਭ੍ਰਮ ਪਰਦਾ ਪਾਟਾ।
ਮੁਕਤਿ ਯੋਗ ਹ੍ਵੈਗੇ ਤਿਹ ਕਾਲਾ। ਇਕ ਮੰਤ੍ਰੀ ਪੁਨ ਦੁਤਿਯ ਭੁਵਾਲਾ॥੧੭॥

ਰਾਜੇ ਅਤੇ ਮੰਤਰੀ ਦੇ ਭੋਜਨ ਕਰਦਿਆਂ ਹੀ ਕਪਾਟ ਖੁੱਲ੍ਹ ਗਏ। ਕਾਫੀ ਸਮੇਂ ਤੋਂ ਭਰਮ ਦਾ ਜੋ ਪਰਦਾ ਪਿਆ ਹੋਇਆ ਸੀ, ਉਹ ਫੱਟ ਗਿਆ। ਉਹ ਉਸੇ ਵੇਲੇ ਮੁਕਤੀਯੋਗ ਹੋ ਗਏ। ਇਕ ਮੰਤਰੀ ਸੀ ਤੇ ਦੂਸਰਾ ਰਾਜਾ ਸੀ॥ ੧੭॥

ਕੇਤਿਕ ਦਿਨ ਤਹਿਂ ਰਹੇ ਗੁਸਾਈਂ। ਗੁਰੁ ਸਿੱਖੀ ਕੀ ਰੀਤਿ ਚਲਾਈ।
ਸਭਿ ਰਾਖਸ਼ ਕੋ ਨਾਮ ਜਪਾਯੋ। ਆਮਿਖ ਖਾਨ ਤਿਨਹਿਂ ਤਜਿਵਾਯੋ॥੧੮॥

ਕਈ ਦਿਨ ਗੁਰੂ ਜੀ ਉਥੇ ਰਹੇ ਅਤੇ ਉਥੇ ਗੁਰਸਿੱਖੀ ਦੀ ਰੀਤੀ ਚਲਾਈ। ਸਾਰੇ ਰਾਖਸ਼ਾਂ ਨੂੰ ਨਾਮ ਜਪਾਇਆ ਅਤੇ ਮਾਸ ਖਾਣ ਤੋਂ ਉਨ੍ਹਾਂ ਨੂੰ ਹਟਾ ਦਿੱਤਾ॥ ੧੮॥

ਜੀਅਘਾਤ ਕੀ ਬਾਨ ਬਿਸਾਰੀ। ਸਤਿਸੰਗਤਿ ਕਰਿ ਹੀ ਸੁਖਬਾਰੀ।
ਭੇ ਤਯਾਰ ਜਬ ਚਲਿਨੇ ਹੇਤਾ। ਭਨਤਿ ਭਏ ਬੇਦੀ ਕੁਲਕੇਤਾ॥ ੧੯॥

ਜੀਅਘਾਤ ਦੀ ਵਾਦੀ ਛੁਡਵਾਈ। ਸਤਿਸੰਗਤ ਵਿਚ ਬੈਠ ਕੇ ਸੁਖ ਪ੍ਰਾਪਤ ਕਰਦੇ ਸਨ। ਜਦ ਗੁਰੂ ਜੀ ਚੱਲਣ ਹਿਤ ਤਿਆਰ ਹੋਏ ਤਾਂ ਬੇਦੀ ਕੁਲਕੇਤਾ ਭਾਵ ਗੁਰੂ ਜੀ ਬੋਲੇ ॥ ੧੯॥

'ਸੁਧਰਸੈਨ ਜੋ ਭੂਪ ਮਹਾਨਾ। ਦੇਵਲੂਤ! ਮਾਨਹੁ ਤਿਹ ਆਨਾ।
ਹਿੰਸਾ ਨਹੀਂ ਜੀਵ ਕੀ ਕੀਜੈ। ਸਤਿਗੁਰ ਜਾਪ ਜਪਹੁ ਦੁਖ ਛੀਜੈ' ॥੨੦॥

''ਸੁਧਰਸੈਨ ਜੋ ਮਹਾਨ ਰਾਜਾ ਹੈ, ਹੇ ਦੇਵਲੂਤ! ਉਸ ਦੀ ਈਨ ਮੰਨ ਲਵੋ। ਜੀਵ ਦੀ ਹਿੰਸਾ ਨਾ ਕਰੋ। ਸਤਿਗੁਰੂ ਦਾ ਜਾਪ ਜਪ ਕੇ ਸਾਰੇ ਦੁੱਖ ਦੂਰ ਕਰੋ'' ॥ ੨੦॥

ਦੋਹਰਾ- ਦੇਵਲੂਤ ਬੋਲਯੋ ਤਬਹਿ 'ਮੁਝ ਤੇ ਉਤਮ ਧੂਰਿ।
ਸ਼ਕਤਿ ਨਹੀਂ ਤ੍ਰਿਣ ਤੋਰਿਹੋਂ ਸੁਨਿਯੇ ਸ੍ਰੀ ਜਗ ਮੂਰ॥ ੨੧॥

ਤਦ ਦੇਵਲੂਤ ਬੋਲਿਆ, ''ਹੇ ਜਗਤ ਦੇ ਮੂਲ ਭਾਵ ਗੁਰੂ ਜੀ! ਸੁਣੋ, ਮੇਰੇ ਨਾਲੋਂ ਉੱਤਮ ਤਾਂ ਧੂੜ ਹੈ, ਆਪ ਦੀ ਆਗਿਆ ਬਗੈਰ ਮੇਰੇ ਵਿਚ ਇਕ ਤਿਨਕਾ ਤੋੜਨ ਦੀ ਵੀ ਸ਼ਕਤੀ ਨਹੀਂ ਹੈ॥ ੨੧॥

ਚੌਪਈ- ਰਾਵਰ ਕੀ ਆਇਸ ਧਰਿ ਸੀਸਾ। ਸੁਧਰਸੈਨ ਅਬ ਭਾ ਮਮ ਈਸ਼ਾ।
ਗਮਨ ਸਮੈਂ ਰਾਖਸ਼ ਮਿਲਿ ਸਾਰੇ। ਸ੍ਰੀ ਗੁਰੂ ਕੇ ਪਦ ਕਮਲ ਜੁਹਾਰੇ॥੨੨॥

ਤੁਹਾਡੀ ਆਗਿਆ ਸਿਰ ਉਤੇ ਧਰ ਕੇ ਮੈਂ ਸੁਧਰਸੈਨ ਨੂੰ ਆਪਣਾ ਈਸ਼ਵਰ ਮੰਨਦਾ ਹਾਂ।'' ਜਦ ਗੁਰੂ ਜੀ ਚੱਲਣ ਲੱਗੇ ਤਾਂ ਸਾਰੇ ਰਾਖਸ਼ਾਂ ਨੇ ਗੁਰੂ ਜੀ ਦੇ ਚਰਨ ਕਮਲਾਂ ਤੇ ਮੱਥਾ ਟੇਕਿਆ॥ ੨੨॥

ਚੌਪਈ- 'ਸ੍ਰੀ ਨਾਨਕ ਸ੍ਰੀ ਨਾਨਕਨਾਮੂ'। ਸਿਮਰਨ ਕਰਨ ਲੱਗੇ ਅਭਿਰਾਮੂ।
ਬਿਦਾ ਹੋਇ ਗਮਨੇ ਗੁਨਖਾਨੀ। ਕਿਤ ਅਵਨੀ ਕਿਤ ਸਾਗਰ ਪਾਨੀ॥੨੩॥

'ਸ੍ਰੀ ਨਾਨਕ, ਸ੍ਰੀ ਨਾਨਕ ਨਾਮ' ਦਾ ਸਾਰੇ ਰਾਖਸ਼ ਸਿਮਰਨ ਕਰਨ ਲੱਗੇ। ਗੁਣਾਂ ਦੀ ਖਾਨ ਭਾਵ ਗੁਰੂ ਜੀ ਓਥੋਂ ਵਿਦਾ ਹੋ ਕੇ ਅੱਗੇ ਚਲ ਪਏ। ਕਿਤੇ ਧਰਤੀ ਆਉਂਦੀ ਸੀ, ਕਿਤੇ ਸਮੁੰਦਰ ਦਾ ਪਾਣੀ ਆਉਂਦਾ ਸੀ॥੨੩॥

ਚਲੇ ਜਾਂਹਿ ਇਕਸਾਰ ਅਗਾਰੀ। ਆਇ ਗਯੋ ਕਾਨਨ ਤਬ ਭਾਰੀ।
ਫੂਲ ਫਲਨ ਸੌਂ ਪੂਰਨ ਰੂਰਾ। ਕਿਤੀ ਦੂਰ ਲੌ ਦੀਸਤਿ ਭੂਰਾ॥ ੨੪॥

ਗੁਰੂ ਜੀ ਇਕਸਾਰ ਅੱਗੇ ਅੱਗੇ ਚਲੇ ਜਾ ਰਹੇ ਸਨ। ਇਕ ਥਾਂ ਆ ਕੇ ਬਹੁਤ ਭਾਰੀ ਜੰਗਲ ਆ ਗਿਆ। ਫੁੱਲਾਂ ਫਲਾਂ ਨਾਲ ਭਰਿਆ ਹੋਇਆ ਬੜਾ ਸੁੰਦਰ ਲੱਗ ਰਿਹਾ ਸੀ। ਬਹੁਤ ਦੂਰ ਤਕ ਉਹ ਬੜਾ ਪ੍ਰਬਲ ਦਿੱਸ ਰਿਹਾ ਸੀ॥ ੨੪॥

ਤਾਂ ਕੇ ਪਹੁਚੇ ਜਾਇ ਮਝਾਰਾ। ਦੇਖੀ ਬਨਮਾਨਸ ਕੀ ਡਾਰਾ।
ਬਾਲ ਬਿਸਾਲ ਦਿਗੰਬਰ ਅੰਗਾ। ਰੂਪ ਭਯਾਨਕ ਮੇਚਕ ਰੰਗਾ॥ ੨੫॥

ਗੁਰੂ ਜੀ ਉਸ ਜੰਗਲ ਦੇ ਵਿਚ ਪਹੁੰਚ ਗਏ, ਉਥੇ ਉਨ੍ਹਾਂ ਬਨਮਾਨਸਾਂ ਦੀਆਂ ਡਾਰਾਂ ਵੇਖੀਆਂ। ਵੱਡੇ-ਵੱਡੇ ਵਾਲ ਸਨ, ਨੰਗੇ ਅੰਗ ਸਨ। ਉਨ੍ਹਾਂ ਦਾ ਭਿਆਨਕ ਰੂਪ ਸੀ ਅਤੇ ਰੰਗ ਕਾਲਾ ਸੀ॥ ੨੫॥

ਪਸੂ ਸਮਾਨ ਕ੍ਰਿਆ ਜਿਨ ਕੇਰੀ। ਮਰਦਾਨੇ ਜਬ ਡਾਰ ਸੁ ਹੇਰੀ।
ਭੈ ਕਰਿ ਪ੍ਰਭੁ ਸੋਂ ਗਿਰਾ ਅਲਾਈ। 'ਬਨ ਮੈਂ ਕਯਾ ਇਹ ਬਡੀ ਬਲਾਈ॥੨੬॥

ਉਨ੍ਹਾਂ ਦਾ ਪਸ਼ੂਆਂ ਵਰਗਾ ਕ੍ਰਿਆਕਰਮ ਹੈ। ਮਰਦਾਨੇ ਜਦ ਉਨ੍ਹਾਂ ਦੀ ਇਕ ਡਾਰ ਵੇਖੀ ਤਾਂ ਡਰ ਕੇ ਗੁਰੂ ਜੀ ਨੂੰ ਕਿਹਾ, "ਵਣ ਵਿਚ ਇਹ ਵੱਡੀਆਂ ਬਲਾਵਾਂ ਕੌਣ ਹਨ? ॥ ੨੬ ॥

ਇਨ ਤੇ ਮੋ ਕੋ ਲਗਹਿ ਅਤੰਕਾ। ਸੁਨਿ ਬੋਲੇ ਸ੍ਰੀ ਬਦਨਮਯੰਕਾ।
'ਬਨਮਾਨਸ ਇਨ ਕੋ ਪਹਿਚਾਨੋ। ਕਿਉਂ ਹਿਰਦੇ ਡਰ ਤੁਝ ਨੈ ਮਾਨੋ?' ॥੨੭॥

ਇਨ੍ਹਾਂ ਤੋਂ ਮੈਨੂੰ ਬੜਾ ਡਰ ਲੱਗਦਾ ਹੈ" ਇਹ ਸੁਣ ਕੇ ਚੰਦਰ ਮੁਖ ਭਾਵ ਗੁਰੂ ਜੀ ਬੋਲੇ, "ਇਨ੍ਹਾਂ ਨੂੰ ਬਨਮਾਨਸ ਕਹਿੰਦੇ ਹਨ। ਤੁਸੀ ਦਿਲ ਵਿਚ ਇਨ੍ਹਾਂ ਪਾਸੋਂ ਕਿਉਂ ਡਰਦੇ ਹੋ?" ॥ ੨੭॥

ਹਮਹਿ ਬਿਲੋਕਾ ਤਿਨ ਨੈ ਜਬ ਹੀ। ਭਾਗ ਚਲੇ ਡਰਿ ਕੈ ਉਰ ਸਭਿ ਹੀ।
ਰਹਯੋ ਏਕ ਠਾਂਢਾ ਤਿਹ ਥਾਈ। ਔਰ ਗਏ ਸਭਿ ਦੂਰ ਪਲਾਈ॥੨੮॥

ਜਦ ਹੀ ਇਨ੍ਹਾਂ ਸਾਨੂੰ ਵੇਖਿਆ ਹੈ, ਇਹ ਹਿਰਦੇ ਵਿਚ ਡਰ ਕੇ ਭੱਜ ਚੱਲੇ ਹਨ। ਓਥੇ ਇਕ ਬਨਮਾਨਸ ਖੜਾ ਰਿਹਾ ਬਾਕੀ ਸਭ ਦੂਰ ਚਲੇ ਗਏ॥ ੨੮॥

ਮੈਂ ਬੂਝਯੋ ਤਬ ਤਿਹ ਕੇ ਸਾਥਾ। 'ਕੋ ਹੈ ਤੂੰ? ਕਹਿਯੋ ਨਿਜ ਗਾਥਾ'।
ਸੁਨਿ ਤਿਹ ਊਚੇ ਚੀਕ ਪੁਕਾਰੀ। ਲਖੀ ਨ ਪਸ਼ੂ ਸਮਾਨ ਉਚਾਰੀ॥੨੯॥

ਮੈਂ ਤਦ ਉਸ ਨੂੰ ਪੁਛਿਆ, "ਤੂੰ ਕੌਣ ਹੈਂ? ਆਪਣੀ ਕਹਾਣੀ ਸੁਣਾਓ।" ਇਹ ਸੁਣ ਕੇ ਉਸ ਉੱਚੀ ਦਿੱਤੀ ਚੀਕ ਮਾਰੀ। ਸਮਝ ਨਾ ਆਈ, ਕਿਉਂਕਿ ਉਸ ਦਾ ਉਚਾਰਨ ਪਸ਼ੂ ਸਮਾਨ ਸੀ॥ ੨੯॥

ਚੌਪਈ- ਬੂਝੇ ਮੈਂ ਤਬ ਹੀ ਗੁਨ ਐਨਾ। 'ਕਿਉਂ ਨਹਿੰ ਏ ਬੋਲਤਿ ਸੁਭ ਬੈਨਾ?।
ਮਾਨੁਖ ਸੇ ਇਨਕੇ ਸਰਬੰਗਾ। ਹਮਕੋ ਪਿਖਿ ਭਾਗੇ ਡਰ ਸੰਗਾ' ॥ ੩੦॥

ਫਿਰ ਮੈਂ ਗੁਣਾ ਦੇ ਘਰ ਭਾਵ ਗੁਰੂ ਜੀ ਨੂੰ ਪੁਛਿਆ, "ਇਹ ਸ਼ੁਭ ਬੋਲੀ ਕਿਉਂ ਨਹੀਂ ਬੋਲਦੇ ਹਨ? ਮਨੁੱਖ ਵਰਗੇ ਇਨ੍ਹਾਂ ਦੇ ਸਭ ਅੰਗ ਹਨ, ਸਾਨੂੰ ਵੇਖ ਕੇ ਡਰ ਕੇ ਭੱਜ ਗਏ ਹਨ" ॥ ੩੦॥

ਸ੍ਰੀ ਗੁਰੂ ਕਹੈਂ 'ਬੈਨ ਇਨ ਐਸੇ। ਨਹੀਂ ਭਨਤਿ ਮਾਨੁਖ ਬਚ ਜੈਸੇ।
ਪਸ਼ੂ ਸਮਾਨ ਅਹੈਂ ਅਨਜਾਨੇ। ਤਿਨ ਤੇ ਕਛੁਕ ਹੋਸ਼ ਸਰਸਾਨੇ॥ ੩੧॥

ਗੁਰੂ ਜੀ ਨੇ ਕਿਹਾ, "ਇਨ੍ਹਾਂ ਦੀ ਇਸ ਤਰ੍ਹਾਂ ਦੀ ਬੋਲੀ ਹੈ। ਮਨੁੱਖ ਵਰਗੇ ਇਹ ਬਚਨ ਨਹੀ ਬੋਲ ਸਕਦੇ। ਇਹ ਮੂਰਖ ਪਸ਼ੂ ਸਮਾਨ ਹੀ ਰਹਿੰਦੇ ਹਨ। ਇਨ੍ਹਾਂ ਵਿਚ ਕੁਝ ਹੋਸ਼ਵਾਨ ਵੀ ਹੁੰਦੇ ਹਨ॥ ੩੧॥

ਰਹਯੋ ਏਕ ਠਾਂਢਾ ਤਹਿੰ ਜੋਊ। ਬਨ ਮੈਂ ਲੇਨਿ ਗਯੋ ਫਲ ਸੋਊ'।
ਮਧੁਰ ਰਸਾਲ ਦੇਖਿ ਕਰਿ ਆਨੇ। ਹਮ ਤੇ ਦੂਰ ਧਰੇ ਡਰ ਮਾਨੇ॥ ੩੨॥

ਜਿਹੜਾ ਏਥੇ ਇਕ ਖੜਾ ਰਿਹਾ ਸੀ, ਉਹ ਵਣ ਵਿਚ ਫਲ ਲੈਣ ਗਿਆ ਹੈ।" ਉਸ ਬਨਮਾਨਸ ਨੇ ਮਿੱਠੇ ਅਤੇ ਰਸੇ ਹੋਏ ਫਲ ਵੇਖ ਕੇ ਲਿਆਂਦੇ ਤੇ ਦਿਲ ਵਿਚ ਡਰ ਮੰਨ ਕੇ ਸਾਥੋਂ ਕੁਝ ਦੂਰ ਹੀ ਰੱਖ ਦਿੱਤੇ॥ ੩੨॥

ਬਹੁਰੇ ਸੋ ਭੀ ਗਯੋ ਪਲਾਈ। ਮਿਲਯੋ ਸੰਗਿ ਅਪਨੇ ਮਹਿੰ ਜਾਈ।
ਪ੍ਰਭੁ ਜੀ ਲੇਕਰਿ ਫਲ ਨਿਜ ਪਾਨੇ। ਕਹਿਨ ਲਗੇ 'ਖਾਵਹੁ ਮਰਦਾਨੇ' ॥੩੩॥

ਬਾਅਦ ਵਿਚ ਉਹ ਵੀ ਭੱਜ ਗਿਆ ਅਤੇ ਆਪਣੇ ਸਾਥੀਆਂ ਨੂੰ ਜਾ ਮਿਲਿਆ। ਗੁਰੂ ਜੀ ਨੇ ਸਾਰੇ ਫਲਾਂ ਨੂੰ ਆਪਣੇ ਹੱਥਾਂ ਵਿਚ ਫੜਿਆ 'ਤੇ ਮਰਦਾਨੇ ਨੂੰ ਕਹਿਣ ਲੱਗੇ, "ਮਰਦਾਨੇ ਫਲ ਖਾਵੋ" ॥ ੩੩॥

ਮਾਨ ਬਚਨ ਲੀਨੇ ਕਰ ਮਾਂਹੀ। ਖਾਨ ਲਗਯੋ 'ਹੈਂ ਮਧੁਰ' ਸਰਾਹੀ।

ਖਾਇ ਬਹੁਤ ਜਬ ਹੀ ਤ੍ਰਿਪਤਾਨਾ। ਪੁਨ ਅੱਗ੍ਰਜ ਕੀਨੋ ਪ੍ਰਸਥਾਨਾ ॥੩੪॥

ਗੁਰੂ ਜੀ ਦਾ ਬਚਨ ਮੰਨ ਕੇ ਉਸ ਆਪਣੇ ਹੱਥਾਂ ਵਿਚ ਫੜ ਲਏ ਅਤੇ ਖਾਣ ਲੱਗਾ। ਫਲ ਖਾ ਕੇ ਉਸ ਬੜੀ ਸਲਾਘਾ ਕੀਤੀ, "ਬਹੁਤ ਮਿੱਠੇ ਹਨ", ਬਹੁਤ ਫਲ ਖਾ ਕੇ ਉਹ ਤ੍ਰਿਪਤ ਹੋ ਗਿਆ। ਫਿਰ ਓਥੋਂ ਅੱਗੇ ਚਲ ਪਏ ॥ ੩੪ ॥

ਕਹੂੰ ਸਿੰਧੁ ਆਵਹਿ ਮਗ ਮਾਂਹੀ। ਕਹੁੰ ਟਾਪੂ ਧਰਨੀ ਪਰ ਜਾਹੀਂ।
ਕਿਤਿਕ ਦਿਵਸ ਜਬ ਕੀਨ ਪਯਾਨਾ। ਛੁਧਾ ਸੰਗਿ ਬਿਹਬਲ ਮਰਦਾਨਾ ॥੩੫॥

ਕਿਤੇ ਰਾਹ ਵਿਚ ਸਮੁੰਦਰ ਆਉਂਦਾ ਸੀ, ਕਿਤੇ ਟਾਪੂ ਅਤੇ ਕਿਤੇ ਧਰਤੀ ਉੱਤੇ ਹੀ ਤੁਰੇ ਜਾ ਰਹੇ ਸੀ। ਜਦ ਕਈ ਦਿਨ ਚਲਦੇ ਰਹੇ ਤਾਂ ਮਰਦਾਨਾ ਭੁੱਖ ਨਾਲ ਬੜਾ ਵਿਆਕੁਲ ਹੋ ਗਿਆ ॥ ੩੫ ॥

ਤਬ ਕਾਨਨ ਆਵਾ ਇਕ ਭਾਰੀ। ਸਫਲ ਬਿਟਪ ਹੈਂ ਜਾਸ ਮਝਾਰੀ।
ਪੁਸ਼ਪਨ ਪੱਤ੍ਰਨ ਸੋਂ ਬਹੁ ਸੁੰਦਰ। ਗਮਨੇ ਸ੍ਰੀ ਗੁਰੂ ਤਿਹ ਕੇ ਅੰਦਰ ॥੩੬॥

ਤਦ ਇਕ ਵੱਡਾ ਭਾਰੀ ਜੰਗਲ ਆਇਆ, ਜਿਸ ਅੰਦਰ ਫਲਦਾਰ ਦਰੱਖਤ ਵੀ ਸਨ। ਫੁੱਲਾਂ ਅਤੇ ਪੱਤਿਆਂ ਕਰਕੇ ਉਹ ਬਹੁਤ ਸੁੰਦਰ ਲੱਗਦੇ ਸਨ। ਗੁਰੂ ਜੀ ਉਸ ਜੰਗਲ ਦੇ ਅੰਦਰ ਚਲੇ ਗਏ ॥ ੩੬ ॥

ਚੌਪਈ- ਖਰੇ ਤਰੋਵਰੁ ਬ੍ਰਿੰਦੁ ਉਤੰਗਾ। ਜਿਹ ਬਨ ਮੈਂ ਨਹਿਂ ਏਕ ਬਿਹੰਗਾ।
ਜੰਬੁਕ ਕੇਹਰਿ ਬ੍ਰਿਕ ਨ ਕੁਰੰਗਾ। ਸੂਕਰ ਸਸਾ ਨ ਰੋਝ ਮਤੰਗਾ ॥੩੭॥

ਬੜੇ ਉੱਚੇ ਉੱਚੇ ਦਰੱਖਤ ਖੜੇ ਸਨ। ਪਰ ਉਸ ਵਣ ਵਿਚ ਇਕ ਵੀ ਪੰਛੀ ਨਹੀਂ ਸੀ। ਗਿੱਦੜ, ਸ਼ੇਰ, ਬਗਿਆੜ, ਹਿਰਨ ਕੋਈ ਨਹੀਂ ਸੀ ਅਤੇ ਨਾ ਹੀ ਓਥੇ ਸੂਰ, ਖਰਗੋਸ਼, ਪਾਹੜੇ ਅਤੇ ਹਾਥੀ ਸਨ ॥ ੩੭ ॥

ਜੀਵ ਨਾਮ ਜਿਹ ਮੈਂ ਨਹਿਂ ਕੋਈ। ਪਰਯੋ ਸੂਨ ਚਹੁੰਦਿਸ਼ ਤੇ ਸੋਈ।
ਤਾ ਮਹਿਂ ਪਿਖਿ ਛਾਯਾ ਰਮਣੀਕਾ। ਬੈਠਿ ਗਏ ਬੇਦੀ ਕੁਲ ਟੀਕਾ ॥੩੮॥

ਉਸ ਵਣ ਵਿਚ ਜੀਵ ਨਾਮ ਦਾ ਕੋਈ ਪਸ਼ੂ ਪੰਛੀ ਨਹੀਂ ਸੀ ਰਹਿੰਦਾ, ਚਾਰੇ ਪਾਸੇ ਸੁੰਨਮਸਾਨ ਪਈ ਸੀ। ਓਥੇ ਇਕ ਥਾਂ ਰਮਣੀਕ ਥਾਂ ਵੇਖ ਕੇ ਗੁਰੂ ਜੀ ਬੈਠ ਗਏ ॥ ੩੮ ॥

ਏਕ ਮਹੂਰਤ ਬੀਤਾ ਜਬਹੀ। ਬੋਲਯੋ ਮਰਦਾਨਾ ਬਚ ਤਬਹੀ।
'ਛੁਧਾ ਸੰਗਿ ਬਿਹਬਲ ਮਮ ਪ੍ਰਾਨਾ। ਆਇਸ ਦੇਹੁ ਕਰੋਂ ਫਲ ਖਾਨਾ ॥੩੯॥

ਜਦ ਇਕ ਘੜੀ ਬੀਤੀ ਤਾਂ ਮਰਦਾਨੇ ਨੇ ਕਿਹਾ, "ਮੇਰੇ ਪ੍ਰਾਣ ਭੁੱਖ ਨਾਲ ਵਿਆਕੁਲ ਹੋ ਗਏ ਹਨ। ਆਗਿਆ ਦੇਵੋ ਤਾਂ ਮੈਂ ਵਣ ਵਿਚ ਜਾ ਕੇ ਫਲ ਖਾ ਆਵਾਂ ॥ ੩੯ ॥

ਕਿਤਿਕ ਦਿਵਸ ਬੀਤੇ ਬਿਨ ਖਾਏ। ਨਹਿਂ ਅਹਾਰ ਮਗ ਮੈਂ ਕਿਹ ਥਾਏ।
ਇਸ ਬਨ ਮਹਿਂ ਦੀਸਹਿਂ ਫਲ ਰੂਰੇ। ਮਧੁਰ ਬਿਸਾਲ ਰਸਨ ਕੇ ਪੂਰੇ' ॥੪੦॥

ਕਈ ਦਿਨ ਬਿਨ ਖਾਧਿਆਂ ਬੀਤ ਗਏ ਹਨ ਅਤੇ ਰਾਹ ਵਿਚ ਕਿਤੇ ਵੀ ਭੋਜਨ ਪ੍ਰਾਪਤ ਨਹੀਂ ਹੋਇਆ। ਇਸ ਵਣ ਵਿਚ ਸੁੰਦਰ ਫਲ ਦਿੱਸ ਰਹੇ ਹਨ, ਜਿਹੜੇ ਬੜੇ ਮਿੱਠੇ, ਪੱਕੇ ਅਤੇ ਰਸ ਨਾਲ ਭਰੇ ਹੋਏ ਹਨ" ॥ ੪੦ ॥

ਸ੍ਰੀ ਨਾਨਕ ਸੁਨਿ ਬਚਨ ਬਖਾਨਾ। 'ਬੈਠਹੁ ਹਮਰੇ ਢਿਗ ਮਰਦਾਨਾ।
ਇਸ ਬਨ ਕੋ ਨੀਕੋ ਨਹਿਂ ਲਖਿਯੇ। ਚਹੂੰ ਓਰ ਤੇ ਸੂੰਨੋ ਪਿਖਿਯੇ ॥੪੧॥

ਗੁਰੂ ਨਾਨਕ ਜੀ ਨੇ ਸੁਣ ਕੇ ਇਹ ਬਚਨ ਕੀਤਾ, "ਮਰਦਾਨੇ ਸਾਡੇ ਪਾਸ ਬੈਠੋ। ਇਸ ਵਣ ਨੂੰ ਚੰਗਾ ਨਾ ਸਮਝੋ। ਚਾਰੇ ਪਾਸੇ ਸੁੰਨਮਸਾਨ ਹੈ ॥ ੪੧ ॥

ਪਸੂ ਨ ਪੰਖੀ ਦੇਤਿ ਦਿਖਾਈ। ਜਹਿਂ ਮਾਨੁਖ ਕੋ ਖੋਜ ਨ ਪਾਈ।
ਧਰਿ ਧੀਰਜ ਕੋ ਬੈਠਿ ਸਮੀਪਾ'। ਪੁਨ ਚੁਪ ਭੇ ਬੇਦੀ ਕੁਲਦੀਪਾ ॥੪੨ ॥

ਏਥੇ ਕੋਈ ਪਸੂ ਨਾ ਪੰਛੀ ਦਿਖਾਈ ਦਿੰਦਾ ਹੈ, ਜਿਥੇ ਮਨੁੱਖ ਨੂੰ ਖੋਜ ਕੇ ਵੀ ਨਹੀ ਲੱਭ ਸਕਦੇ। ਧੀਰਜ ਧਾਰਨ ਕਰਕੇ ਮੇਰੇ ਪਾਸ ਬੈਠ ਜਾ।" ਇਹ ਕਹਿ ਕੇ ਗੁਰੂ ਜੀ ਚੁੱਪ ਹੋ ਗਏ॥ ੪੨ ॥

ਸੁਨਿ ਰਿਸ ਜਗੀ ਅਧਿਕ ਮਰਦਾਨੇ। ਖਿਝਕੈ ਨਿਸ਼ਠੁਰ ਬਚਨ ਬਖਾਨੇ।
'ਜਹਿਂ ਅਹਾਰ ਆਵਤਿ ਕਰ ਮੇਰੇ। ਬਰਜਹਿਂ ਤਹਿਂ ਨ ਜਾਨ ਦੈਂ ਨੇਰੇ ॥੪੩ ॥

ਇਹ ਸੁਣ ਕੇ ਮਰਦਾਨੇ ਨੇ ਗੁੱਸਾ ਕੀਤਾ, ਉਸ ਦੀ ਭੁੱਖ ਹੋਰ ਤੇਜ਼ ਹੋ ਗਈ। ਖਿਝ ਕੇ ਉਸ ਕਰੜੇ ਬਚਨ ਬੋਲੇ, "ਜਿਥੇ ਵੀ ਭੋਜਨ ਮੇਰੇ ਪਾਸ ਆਉਂਦਾ ਹੈ, ਓਥੇ ਹੀ ਮੈਨੂੰ ਜਾਣ ਤੋਂ ਰੋਕਦੇ ਹੋ ਅਤੇ ਨੇੜੇ ਨਹੀਂ ਜਾਣ ਦਿੰਦੇ॥ ੪੩ ॥

ਮਨਹੁ ਬੈਰ ਕਰਿ ਮਾਰਤਿ ਮੋਹੀ। ਕਯੋਂ ਜੀਵਨ ਜਗ ਮਹਿਂ ਅਬ ਹੋਹੀ।
ਕਹਾਂ ਖੁਦਾਇ ਮੁਝਹਿ ਮ੍ਰਿਤੁ ਦੀਨੀ। ਰਹੈ ਦੇਹਿ ਜਹਿਂ ਖਫਨ ਬਿਹੀਨੀ ॥ ੪੪ ॥

ਮੇਰੇ ਨਾਲ ਵੈਰ ਕਰਕੇ ਮੈਨੂੰ ਮਾਰਦੇ ਹੋ। ਹੁਣ ਜੱਗ ਵਿਚ ਜੀਵਣਾ ਕਿਵੇਂ ਹੋਵੇਗਾ। ਕਿਥੇ ਆ ਕੇ ਖੁਦਾ ਮੈਨੂੰ ਮੌਤ ਦੇਣ ਲੱਗਾ ਹੈ। ਮੇਰੀ ਦੇਹ ਵੀ ਏਥੇ ਖੱਫਨ ਵਿਹੂਣੀ ਰਹਿ ਜਾਵੇਗੀ॥ ੪੪ ॥

ਚੌਪਈ- ਨਹੀ ਗੋਰ ਮੇਰੀ ਕਿਨ ਕਰਨੀ। ਯੌਂ ਹੀ ਪਰਯੋ ਰਹੌਂ ਗੋ ਧਰਨੀ।
ਹੌਂ ਤੋ ਡੂਮ ਕਰਤਿ ਗੁਜਰਾਨਾ। ਮਾਂਗਮਾਂਗ ਅਪਨੇ ਜਜਮਾਨਾ ॥ ੪੫ ॥

ਮੇਰੀ ਕਿਸੇ ਨੇ ਕਬਰ ਵੀ ਨਹੀ ਬਨਾਉਣੀ, ਇਸ ਤਰ੍ਹਾਂ ਹੀ ਧਰਤੀ ਤੇ ਪਿਆ ਰਹਾਂਗਾ। ਭਾਵੇਂ ਮੈਂ ਡੂਮ ਸੀ ਫਿਰ ਵੀ ਚੰਗਾ ਭਲਾ ਗੁਜ਼ਾਰਾ ਆਪਣੇ ਜਜਮਾਨਾਂ ਪਾਸੋਂ ਮੰਗ ਮੰਗ ਕੇ ਚਲਦਾ ਸੀ॥ ੪੫ ॥

ਬੈਠਯੋ ਸਦਨ ਸਭੈ ਸੁਖ ਪਾਵਤਿ। ਨਿਜ ਪਰਵਾਰ ਮਿਲਯੋ ਹਰਖਾਵਤਿ।
ਉਜਰਯੋ ਹੁਤੋ ਆਪ ਇਹ ਘਰ ਤੇ। ਮੁਝੈ ਉਜਾਰਯੋ ਗੁਜਰ ਸੁ ਕਰਤੇ ॥੪੬ ॥

ਆਪਣੇ ਘਰ ਬੈਠੇ ਸਭ ਸੁੱਖ ਪਾ ਰਹੇ ਹਨ। ਨਿਜ ਪਰਿਵਾਰ ਨੂੰ ਮਿਲ ਕੇ ਪ੍ਰਸੰਨ ਹੁੰਦਾ ਸੀ। ਆਪ ਤਾਂ ਆਪਣੇ ਘਰ ਤੋਂ ਉਜੜਿਆ ਹੋਇਆ ਹੈ, ਮੈਨੂੰ ਵੀ ਉਜਾੜਿਆ ਹੈ। ਮੈਂ ਚੰਗਾ ਭਲਾ ਆਪਣਾ ਗੁਜ਼ਾਰਾ ਕਰਦਾ ਸੀ॥ ੪੬ ॥

ਨਿਕਟ ਬਿਟਪ ਕੇ ਫਲ ਹੈਂ ਮੇਰੇ। ਤ੍ਰਿਪਤੌਂ ਇਨਕੋ ਖਾਇ ਘਨੇਰੇ।
ਇਹ ਰਜਾਇ ਮੁਝ ਦੇਤਿ ਨ ਕੈਸੇ। ਜਾਨਤਿ ਛੁਧਾ ਆਪਨੀ ਜੈਸੇ ॥੪੭ ॥

ਮੇਰੇ ਨੇੜੇ ਹੀ ਰੁੱਖ ਨਾਲ ਫਲ ਲੱਗੇ ਹਨ, ਇਨ੍ਹਾਂ ਨੂੰ ਖਾ ਕੇ ਮੈਂ ਤ੍ਰਿਪਤ ਹੋ ਸਕਦਾ ਹਾਂ। ਗੁਰੂ ਜੀ ਮੈਨੂੰ ਕਿਸੇ ਤਰ੍ਹਾਂ ਆਗਿਆ ਨਹੀਂ ਦੇ ਰਹੇ। ਜਿਸ ਤਰ੍ਹਾਂ ਕਿ ਇਹ ਆਪਣੀ ਭੁੱਖ ਜਾਣਦੇ ਹਨ॥ ੪੭ ॥

ਹੌਂ ਨ ਸਕੌਂ ਸਹਿ ਭੂਖ ਘਨੇਰੀ। ਇਨ ਕੋ ਹਸੀ ਸੁਹਾਵਤਿ ਮੇਰੀ।
ਭਯੋ ਛੁਧਾਤੁਰ ਜਾਨਤਿ ਨਾਂਹੀ। ਫਲ ਨ ਖਾਨ ਦੇਵਤਿ ਬਰਜਾਹੀ' ॥੪੮ ॥

ਮੈਂ ਬਹੁਤੀ ਭੁੱਖ ਬਰਦਾਸ਼ਤ ਨਹੀ ਕਰ ਸਕਦਾ, ਇਹ ਮੇਰੇ ਨਾਲ ਹਾਸੀ ਕਰਨੀ ਪਸੰਦ ਕਰਦੇ ਹਨ। ਇਹ ਨਹੀਂ ਜਾਣਦੇ ਕਿ ਮੈਂ ਭੁੱਖ ਨਾਲ ਆਤਰ ਹੋ ਗਿਆ ਹਾਂ। ਫਲ ਮੈਨੂੰ ਖਾਣ ਨਹੀਂ ਦਿੰਦੇ ਅਤੇ ਰੋਕਦੇ ਹਨ'॥ ੪੮ ॥

ਅਸ ਪ੍ਰਕਾਰ ਖਿਝ ਕਹੇ ਅਯੋਗੂ। ਕਾਨਨ ਗਮਨਯੋ ਬਿਨਾ ਨਿਯੋਗੂ।
ਖਾਨ ਲਗਯੋ ਫਲ ਮਧੁਰੇ ਸੁੰਦਰ। ਲਾਲਚ ਲਗੇ ਗਯੋ ਬਹੁ ਅੰਦਰ ॥੪੯ ॥

ਇਸ ਤਰ੍ਹਾਂ ਖਿਝ ਕੇ ਅਯੋਗ ਗੱਲਾਂ ਕਰਦਾ ਸੀ ਤੇ ਜੰਗਲ ਵਿਚ ਆਗਿਆ ਲਏ ਬਿਨਾਂ ਚਲਾ ਗਿਆ। ਮਿੱਠੇ ਸੁੰਦਰ ਫਲ ਖਾਣ ਲੱਗਾ। ਲਾਲਚ ਕਰਕੇ ਬਹੁਤ ਜ਼ਿਆਦਾ ਖਾ ਗਿਆ॥ ੪੯॥

ਹੁਤੋ ਦੈਂਤ ਇਕ ਤਹਿਂ ਭੈਕਾਰੀ। ਜਿਹਨੈ ਗਜ ਮ੍ਰਿਗ ਕੀਨ ਅਹਾਰੀ।
ਦੋਇ ਸਹੰਸ੍ਰ ਕੋਸ ਲੇ ਸੋਊ। ਬਨ ਮੈਂ ਜੀਵ ਨ ਛਾਡਯੋ ਕੋਊ॥ ੫੦॥

ਓਥੇ ਇਕ ਡਰਾਉਣਾ ਦੈਂਤ ਰਹਿੰਦਾ ਸੀ, ਜਿਸ ਨੇ ਹਾਥੀ, ਹਿਰਨ ਸਭ ਖਾ ਲਏ ਸਨ। ਉਸ ਨੇ ਦੋ ਹਜ਼ਾਰ ਕੋਹ ਤਕ ਵਣ ਵਿਚ ਕੋਈ ਜੀਵ ਨਹੀਂ ਸੀ ਛੱਡਿਆ॥ ੫੦॥

ਚੌਪਈ- ਗਿਰ ਸਮਾਨ ਜਿਹ ਦੇਹ ਕਰਾਲਾ। ਉਭੈ ਕੋਸ ਲੌ ਬਾਹੁ ਬਿਸਾਲਾ।
ਸਿਰ ਪਰ ਸ੍ਰਿੰਗ ਖ਼ਜੂਰ ਸਮਾਨਾ। ਗਿਰ ਕੰਦਰ ਸੀ ਨਾਸ ਪ੍ਰਮਾਨਾ॥ ੫੧॥

ਪਹਾੜ ਜਿੱਡੀ ਉਸ ਦੀ ਭਿਆਨਕ ਦੇਹ ਸੀ। ਕੋਹ ਕੋਹ ਤਕ ਲੰਮੀਆਂ ਤਾਂ ਉਸ ਦੀਆਂ ਬਾਹਾਂ ਹੀ ਸਨ। ਸਿਰ ਉੱਤੇ ਸਿੰਗ ਖਜੂਰ ਸਮਾਨ ਸਨ। ਪਹਾੜ ਦੀ ਗੁਫਾ ਵਾਂਗ ਉਸ ਦੀਆਂ ਨਾਸਾਂ ਸਨ॥ ੫੧॥

ਚਾਟਤਿ ਓਸ਼ਟ ਛੁਧਾ ਮਹਾਨਾ। ਤਿਹ ਨੈ ਦੇਖਾ ਜਬ ਮਰਦਾਨਾ।
ਤੂਰਨ ਗਹਿ ਕਰਿ ਤਬ ਨਿਜ ਪਾਨਾ। ਮੁਖ ਮਹਿਂ ਖਾਵਾ ਕੌਰ ਸਮਾਨਾ॥ ੫੨॥

ਬਹੁਤ ਭੁੱਖ ਲੱਗਣ ਕਰਕੇ ਬੁਲ੍ਹਾਂ ਤੇ ਜ਼ਬਾਨ ਫੇਰ ਰਿਹਾ ਸੀ। ਜਦ ਉਸ ਨੇ ਮਰਦਾਨੇ ਨੂੰ ਵੇਖਿਆ, ਝੱਟ ਆਪਣੇ ਹੱਥਾਂ ਵਿਚ ਫੜ ਲਿਆ ਤੇ ਗਰਾਹੀ ਵਾਂਗ ਆਪਣੇ ਮੂੰਹ ਵਿਚ ਪਾ ਕੇ ਅੰਦਰ ਲੰਘਾ ਗਿਆ॥ ੫੨॥

ਭਯੋ ਤ੍ਰਾਸ ਮੁਖ ਬੋਲਿ ਨ ਆਯੋ। ਸ੍ਰੀ ਨਾਨਕ ਮਨ ਮਾਂਹਿ ਧਯਾਯੋ।
'ਕਰਿਯੇ ਰੱਛਾ ਸ੍ਰੀ ਗੁਰੂ ਪੂਰਨ !। ਜਯੋਂ ਗਜਰਾਜ ਉਧਾਰਯੋ ਤੂਰਨ॥ ੫੩॥

ਬਹੁਤ ਡਰ ਗਿਆ ਅਤੇ ਮੁਖ ਤੋਂ ਬੋਲ ਨਾ ਸਕਿਆ। ਮਨ ਵਿਚ ਸ੍ਰੀ ਗੁਰੂ ਨਾਨਕ ਜੀ ਨੂੰ ਧਿਆਇਆ ਅਤੇ ਬੇਨਤੀ ਕੀਤੀ, 'ਹੇ ਪੂਰਨ ਗੁਰੂ ਜੀ! ਮੇਰੀ ਰੱਖਿਆ ਕਰੋ, ਜਿਵੇਂ ਤੁਸੀਂ ਹਾਥੀਆਂ ਦੇ ਰਾਜੇ ਦਾ ਤੁਰੰਤ ਉਧਾਰ ਕਰ ਦਿੱਤਾ ਸੀ॥ ੫੩॥

ਹੇ ਪ੍ਰਭੁ ਮੈਂ ਅਜਾਨ ਮਤਿ ਮੂਢਾ। ਕਹੇ ਕੁਬਚਨਾ ਮੋਹ ਅਰੂਢਾ।
ਬਿਰਦ ਸੰਭਾਰਹੁ ਅਪਨ ਕ੍ਰਿਪਾਲਾ। ਮੁਝਹਿ ਮੁਚਾਵਹੁ ਦੈਤ ਬਿਸਾਲਾ॥ ੫੪॥

ਹੇ ਪ੍ਰਭੂ ਜੀ! ਮੈਂ ਅਨਜਾਣ ਅਤੇ ਮੂਰਖ ਮੱਤ ਵਾਲਾ ਹਾਂ। ਮੈਂ ਅਗਿਆਨਤਾ ਵਿਚ ਭੈੜੇ ਬਚਨ ਕਹੇ ਹਨ। ਹੇ ਕ੍ਰਿਪਾਲੂ ਆਪਣੇ ਸਿੱਖ ਨੂੰ ਸੰਭਾਲੋ, ਮੈਨੂੰ ਇਸ ਵੱਡੇ ਦੈਂਤ ਤੋਂ ਬਚਾਵੋ॥ ੫੪॥

ਕਹੇ ਕੁਬੈਨ ਨ ਉਰ ਮੈਂ ਧਰਿਯੇ। ਦੀਨਬੰਧੁ ਨਿਜ ਨਾਮ ਬਿਚਰਿਯੇ।
ਸੰਗ ਲੀਯੇ ਕੀ ਰਾਖਹੁ ਲਾਜਾ। ਤੁਮ ਹੋ ਤੀਨ ਲੋਕ ਸਿਰਤਾਜਾ॥ ੫੫॥

ਮੇਰੇ ਕਬੋਲਾਂ ਨੂੰ ਹਿਰਦੇ ਵਿਚ ਨਾ ਧਾਰੋ। ਹੇ ਦੀਨ ਬੰਧੂ ! ਆਪਣੇ ਨਾਮ ਨੂੰ ਵਿਚਾਰੋ। ਆਪਣੇ ਨਾਲ ਰੱਖਣ ਦੀ ਲਾਜ ਰੱਖੋ। ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ' ॥ ੫੫॥

ਸਰਬ ਬ੍ਰਿਤੰਤ ਜਾਨਿ ਗੁਰੁ ਲੀਨੋ। ਦੈਤ ਰਦਨ ਤੇ ਰਾਖਨ ਕੀਨੋ।
ਗਯੋ ਉਦਰ ਮਹਿਂ ਬਨਾ ਬਨਾਯੋ। ਦੁਸ਼ਟ ਰਦਨ ਕੋ ਛੁਹਨ ਨ ਪਾਯੋ॥ ੫੬॥

ਗੁਰੂ ਜੀ ਨੇ ਸਾਰਾ ਬ੍ਰਿਤਾਂਤ ਜਾਣ ਲਿਆ ਤੇ ਦੈਂਤ ਦੇ ਦੰਦਾਂ ਤੋਂ ਉਸ ਨੂੰ ਬਚਾ ਲਿਆ। ਮਰਦਾਨਾ ਸਾਬਤ ਹੀ ਦੈਂਤ ਦੇ ਢਿੱਡ ਵਿਚ ਚਲਾ ਗਿਆ। ਦੁਸ਼ਟ ਦੇ ਦੰਦ ਉਸ ਨੂੰ ਛੂਹ ਨਾ ਸਕੇ॥ ੫੬॥

ਜਯੋਂ ਨਰ ਕੇ ਗਰ ਦਾਨੋ ਜਾਈ। ਗਯੋ ਉਲੰਘਿ ਤਿਸੀ ਕੀ ਨਯਾਈ।
ਪੁਨ ਬੋਲੇ ਮੁਝ ਸੰਗ ਕ੍ਰਿਪਾਲਾ। 'ਬੈਠਾ ਰਹੁ ਇਹ ਠਾਂ ਤੂੰ ਬਾਲਾ! ॥੫੭॥

ਜਿਵੇਂ ਮਨੁੱਖ ਦੇ ਗਲ ਵਿਚ ਸਾਬਤ ਦਾਣਾ ਚਲੇ ਜਾਂਦਾ ਹੈ, ਉਸ ਤਰ੍ਹਾਂ ਮਰਦਾਨਾ ਵੀ ਸਬੂਤਾ ਉਸ ਦੇ ਢਿੱਡ ਵਿਚ ਜਾ ਡਿੱਗਾ। ਫਿਰ ਕ੍ਰਿਪਾਲੂ ਗੁਰੂ ਜੀ ਮੈਨੂੰ (ਭਾਈ ਬਾਲਾ) ਕਹਿਣ ਲੱਗੇ, "ਹੇ ਬਾਲਾ ! ਤੂੰ ਏਥੇ ਬੈਠਾ ਰਹੁ॥ ੫੭॥

ਮਰਦਾਨੇ ਕੋ ਦੈਤ ਗਹਾਨਾ। ਉਦਰ ਬਿਖੈ ਤਿਨ ਲੀਨ ਲੰਘਾਨਾ।
ਜਾਇ ਛੁਰਾਵਹਿਂ ਅਬ ਤਿਹ ਤਾਈਂ। ਘਟਿ ਇਕ ਮੈਂ ਤੂੰ ਆਉ ਤਹਾਂਈ ॥੫੮॥

ਮਰਦਾਨੇ ਨੂੰ ਦੈਂਤ ਖਾ ਗਿਆ ਹੈ, ਉਸ ਨੂੰ ਉਹ ਸਾਬਤ ਹੀ ਆਪਣੇ ਢਿੱਡ ਵਿਚ ਲੰਘਾ ਗਿਆ ਹੈ। ਉਸ ਨੂੰ ਜਾ ਕੇ ਹੁਣ ਛੁਡਵਾਉਂਦਾ ਹਾਂ। ਇਕ ਘੜੀ ਬਾਅਦ ਮੈਂ ਏਥੇ ਆ ਜਾਵਾਂਗਾ" ॥ ੫੮॥

ਚੌਪਈ- ਅਸ ਕਹਿ ਮੁਝ ਬੇਦੀ ਕੁਲਦੀਪਾ। ਗਮਨੇ ਰਾਖਸ਼ ਕੇਰ ਸਮੀਪਾ।
ਦਾਸ ਬਚਾਵਨ ਹਿਤ ਗੁਰੁ ਪੂਰਨ। ਦਈ ਦਿਖਾਈ ਦੈਤਹਿ ਤੂਰਨ ॥੫੯॥

ਇਸ ਤਰ੍ਹਾਂ ਕਹਿ ਕੇ ਗੁਰੂ ਨਾਨਕ ਜੀ ਰਾਖਸ਼ ਦੇ ਪਾਸ ਚਲੇ ਗਏ। ਆਪਣੇ ਦਾਸ ਨੂੰ ਬਚਾਉਣ ਖਾਤਰ ਪੂਰਨ ਗੁਰੂ ਜੀ ਤੁਰੰਤ ਦੈਂਤ ਦੇ ਸਾਹਮਣੇ ਹੋ ਕੇ ਉਸ ਦੀਆਂ ਨਜ਼ਰਾਂ ਵਿਚ ਆ ਗਏ॥ ੫੯॥

ਸ੍ਰੀ ਨਾਨਕ ਗਹਿ ਲੀਨੋ ਤਾਂਹੀ। ਕਰ ਉਚਾਇ ਪਾਏ ਮੁਖ ਮਾਂਹੀ।
ਉਦਰ ਬਿਖੈ ਪਹੁੰਚੇ ਗੁਰੁ ਜਬਹੀ। ਮਿਲਤਿ ਭਯੋ ਮਰਦਾਨਾ ਤਬਹੀ ॥੬੦॥

ਦੈਂਤ ਨੇ ਝੱਟ ਗੁਰੂ ਨਾਨਕ ਜੀ ਨੂੰ ਫੜ ਲਿਆ ਅਤੇ ਚੁੱਕ ਕੇ ਆਪਣੇ ਮੂੰਹ ਵਿਚ ਪਾ ਲਿਆ। ਜਦ ਗੁਰੂ ਜੀ ਉਸ ਦੇ ਢਿੱਡ ਵਿਚ ਪਹੁੰਚੇ ਤਾਂ ਓਥੇ ਉਨ੍ਹਾਂ ਨੂੰ ਮਰਦਾਨਾ ਮਿਲ ਪਿਆ॥ ੬੦॥

ਕਹੇ ਬਚਨ ਤਿਹ ਧੀਰਜ ਦੀਨੀ। ਪੁਨ ਨਿਜ ਦੇਹਿ ਬਧਾਵਨ ਕੀਨੀ।
ਦ੍ਵੈ ਕੋਸਨ ਲੌ ਦੈਤ ਉਤੰਗਾ। ਤਿਤਨੋ ਕਿਯੋ ਪ੍ਰਭੁ ਨਿਜ ਅੰਗਾ ॥ ੬੧॥

ਬਚਨ ਕਰਕੇ ਉਨ੍ਹਾਂ ਮਰਦਾਨੇ ਨੂੰ ਧੀਰਜ ਦਿੱਤਾ ਅਤੇ ਆਪਣੇ ਸਰੀਰ ਨੂੰ ਬਹੁਤ ਵੱਡਾ ਕਰ ਲਿਆ। ਦੈਂਤ ਦੋ ਕੋਹ ਉੱਚਾ ਸੀ। ਗੁਰੂ ਜੀ ਨੇ ਆਪਣੇ ਅੰਗਾਂ ਨੂੰ ਓਨਾ ਹੀ ਕਰ ਲਿਆ॥ ੬੧॥

ਜਬ ਤਨ ਫਟਨ ਲਗਯੋ ਤਿਹ ਕੇਰੋ। ਇਕ ਜੋਜਨ ਲੋ ਬਧਯੋ ਬਧੇਰੋ।
ਸ੍ਰੀ ਗੁਰੂ ਬਹੁਤ ਬਧਾਵਾ ਤੇਤੋ। ਰਾਖਸ਼ ਬਿਸਤਰਯੋ ਤਨ ਜੇਤੋ ॥ ੬੨॥

ਜਦ ਦੈਂਤ ਦਾ ਸਰੀਰ ਫਟਣ ਲੱਗਾ ਤਾਂ ਉਸ ਇਕ ਜੋਜਨ ਹੋਰ ਵਧਾ ਲਿਆ। ਗੁਰੂ ਜੀ ਨੇ ਆਪਣਾ ਸਰੀਰ ਉਸ ਤੋਂ ਵੀ ਜ਼ਿਆਦਾ ਵੱਡਾ ਕਰ ਲਿਆ, ਜਿੰਨਾ ਤਨ ਰਾਖਸ਼ ਨੇ ਫੈਲਾਇਆ ਸੀ॥ ੬੨॥

ਭਯੋ ਕਸ਼ਟ ਜਬ ਰਾਖਸ਼ ਤਾਂਈ। ਦ੍ਵੈ ਜੋਜਨ ਕੀ ਦੇਹਿ ਬਧਾਈ।
ਸ੍ਰੀ ਗੁਰੁ ਤੇਤੋ ਤਨ ਬਿਸਤਾਰਾ। ਅੰਤਰ ਭਯੋ ਤਾਂਹਿ ਦੁਖ ਭਾਰਾ ॥ ੬੩॥

ਜਦ ਰਾਖਸ਼ ਨੂੰ ਪੀੜ ਹੋਈ ਤਾਂ ਉਸ ਦੋ ਜੋਜਨ ਤਕ ਦੇਹ ਵਧਾ ਲਈ। ਸ੍ਰੀ ਗੁਰੂ ਜੀ ਨੇ ਓਨੀ ਹੀ ਦੇਹ ਫੈਲਾ ਲਈ। ਅੰਤ ਰਾਖਸ਼ ਨੂੰ ਬਹੁਤ ਭਾਰੀ ਦੁੱਖ ਹੋਇਆ॥ ੬੩॥

ਨੌ ਜੋਜਨ ਲੌ ਦੈਤ ਬਧਾਵਾ। ਤੈਸੋ ਪ੍ਰਭੁ ਨਿਜ ਦੇਹਿ ਬਨਾਵਾ।
ਭਏ ਸੁਮੇਰੁ ਸਮਾਨ ਸੁ ਭਾਰੀ। ਅਸੁਰ ਤਬੈ ਨਿਰਬਲਤਾ ਧਾਰੀ ॥ ੬੪॥

ਦੈਂਤ ਨੇ ਆਪਣੀ ਦੇਹ ਨੌਂ ਜੋਜਨਾਂ ਤਕ ਫੈਲਾ ਲਈ। ਗੁਰੂ ਜੀ ਨੇ ਵੀ ਆਪਣਾ ਸਰੀਰ ਉਤਨਾ ਹੀ ਬਣਾ ਲਿਆ। ਸੁਮੇਰ ਪਰਬਤ ਵਾਂਗ ਉਹ ਭਾਰੇ ਹੋ ਗਏ। ਦੈਂਤ ਨੇ ਤਦ ਨਿਰਬਲਤਾ ਧਾਰ ਲਈ॥ ੬੪॥

ਠਾਂਢੇ ਦੇਖਹਿਂ ਦੇਵ ਅਕਾਸ਼ਾ। ਸਭਿਹਿਨਿ ਹਾਹਾਕਾਰ ਪ੍ਰਕਾਸ਼ਾ।
ਦੈਤ ਚਬਾਇ ਗਯੋ-ਇਵ ਜਾਨੇ। ਪ੍ਰਭੁ ਕੀ ਮਹਿਮਾ ਤੇ ਅਨਜਾਨੇ ॥੬੫॥

ਏਡੇ ਵੱਡੇ ਦੈਂਤ ਨੂੰ ਅਕਾਸ਼ ਵਿਚ ਵੇਖ ਕੇ ਸਭ ਪਾਸੇ ਹਾਹਾਕਾਰ ਮੱਚ ਗਈ। ਦੈਂਤ ਉਨ੍ਹਾਂ ਨੂੰ ਐਵੇਂ ਸਮਝ ਕੇ ਚਬਾ ਗਿਆ ਸੀ, ਪਰ ਉਹ ਪ੍ਰਭੂ ਦੀ ਮਹਿਮਾ ਨੂੰ ਨਹੀਂ ਸੀ ਜਾਣਦਾ॥ ੬੫॥

ਚੌਪਈ- ਦੈਤ ਭਯੋ ਬਿਹਬਲ ਤਬ ਤਾਂਈ। ਨਿਜ ਜੀਵਨ ਕੀ ਆਸ ਚੁਕਾਈ।
ਪਸਰੇ ਨੈਨ ਭਯਾਨਕ ਭਾਰੇ। ਗਿਰਯੋ ਅਵਨਿ ਪਰ ਖਾਇ ਪਛਾਰੇ ॥੬੬॥

ਤਦ ਤਕ ਦੈਂਤ ਬਹੁਤ ਵਿਆਕੁਲ ਹੋ ਗਿਆ। ਆਪਣੇ ਜੀਵਨ ਦੀ ਉਸ ਦੀ ਆਸ ਖਤਮ ਹੋ ਗਈ। ਭਾਰੇ ਭਿਆਨਕ ਉਸ ਦੇ ਨੈਣ ਫੈਲ ਗਏ ਅਤੇ ਧਰਤੀ ਉਤੇ ਭੁਆਂਟਣੀ ਖਾ ਕੇ ਉਹ ਡਿੱਗ ਪਿਆ॥੬੬॥

ਮਾਨੋ ਬਧਯੋ ਬਿੰਧਯਾਚਲ ਭਾਰੀ। ਪਰਯੋ ਧਰਨ ਪਰ ਗੁਰੂ ਅਗਾਰੀ।
ਤਿਹ ਕੇ ਤਰੇ ਤਰੋਵਰ ਜੇਤੇ। ਟੂਟ ਗਏ ਚੂਰਨ ਭੇ ਤੇਤੇ॥ ੬੭॥

ਮਾਨੋ ਭਾਰੀ ਬਿੰਦਿਆਚਲ ਪਹਾੜ ਆਪਣੇ ਗੁਰੂ ਅਗਸਤ ਦੇ ਅੱਗੇ ਡਿਗ ਪਿਆ ਹੋਵੇ। ਓਥੇ ਜਿੰਨੇ ਵੀ ਪੌਦੇ ਅਤੇ ਦਰੱਖਤ ਸਨ, ਸਾਰੇ ਟੁੱਟ ਕੇ ਚਿਕਨਾਚੂਰ ਹੋ ਗਏ॥ ੬੭॥ (ਇਕ ਪੁਰਾਣਕ ਕਥਾ ਹੈ ਕਿ ਇਕ ਵਾਰ ਬਿੰਦਿਆਚਲ ਪਹਾੜ ਨੇ ਬਹੁਤ ਉਚਾ ਹੋਣ ਦਾ ਯਤਨ ਕੀਤਾ, ਤਾਂਕਿ ਸੂਰਜ ਉਸ ਦੀਆਂ ਪ੍ਰਕਰਮਾਂ ਕਰੇ। ਇਹ ਵੇਖ ਕੇ ਦੇਵਤੇ ਘਬਰਾ ਗਏ। ਉਨ੍ਹਾਂ ਉਸ ਦੇ ਗੁਰੂ ਅਗਸਤ ਨੂੰ ਬੁਲਾਇਆ। ਬਿੰਦਿਆਚਲ ਪਹਾੜ ਨੇ ਹੇਠ ਡਿੱਗ ਕੇ ਆਪਣੇ ਗੁਰੂ ਅੱਗੇ ਮੱਥਾ ਟੇਕਿਆ)।

ਸ੍ਵੈਯਾ- ਬੰਦ ਭਯੋ ਮੁਖ ਸ੍ਵਾਸ ਜਬੈ ਤਬ ਦੇਹਿ ਛੁਟੀ ਤਿਹ ਪ੍ਰਾਨ ਉਡਾਈ।
ਭਾਖਤਿ 'ਜੈ' ਪੁਨ 'ਜੈ' ਸੁਰ ਬਾਸਵ ਫੂਲਨ ਕੀ ਬਰਖਾ ਬਰਖਾਈ।
ਸੰਗ ਲਏ ਮਰਦਾਨਹਿ ਕੋ ਨਿਕਸੇ ਗੁਰੂ ਬਾਹਰ ਐਸ ਸੁਹਾਈ।
ਪੰਨਗ ਦੈਤ ਕੋ ਚੀਰ ਮਨੋ ਨਿਕਸੇ ਸੰਗ ਗੋਪਨ ਸ੍ਰੀ ਜਦੁਰਾਈ॥ ੬੮॥

ਜਦ ਮੁੱਖ ਤੋਂ ਸਵਾਸ ਬੰਦ ਹੋ ਗਏ ਤਦ ਪ੍ਰਾਣ ਉੱਡ ਗਏ ਅਤੇ ਦੇਹ ਦਾ ਛੁਟਕਾਰਾ ਹੋ ਗਿਆ। ਫਿਰ ਸਵਰਗਾਂ ਵਿਚ ਇੰਦਰ ਅਤੇ ਦੇਵਤੇ ਜੈ ਜੈ ਕਾਰ ਕਹਿ ਉਠੇ ਅਤੇ ਉਨ੍ਹਾਂ ਫੁੱਲਾਂ ਦੀ ਵਰਖਾ ਕੀਤੀ। ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਬਾਹਰ ਨਿਕਲ ਆਏ ਅਤੇ ਇਸ ਤਰ੍ਹਾਂ ਸ਼ੋਭ ਰਹੇ ਸਨ ਮਾਨੋ ਪੰਨਗ ਨਾਮੀ ਦੈਂਤ ਨੂੰ ਚੀਰ ਕੇ ਸ੍ਰੀ ਕ੍ਰਿਸ਼ਨ ਜੀ ਨਿਕਲੇ ਹੋਣ॥ ੬੮॥

ਰਾਖਸ਼ ਸੁੰਦਰ ਦੇਹਿ ਧਰਾ ਜਿਹ ਚਾਰ ਭੁਜਾ ਸ੍ਰੁਤ ਕੁੰਡਲ ਪਾਏ।
ਪੀਤ ਦੁਕੂਲ ਬਿਰਾਜਤਿ ਊਪਰ ਸ਼ਯਾਮ ਸਰੂਪ ਭਲੀ ਛਬਿ ਛਾਏ।
ਪੂਰਬ ਬੰਦਨ ਕੋ ਕਰਿਕੈ ਪਰਸ਼ੰਸ਼ਨ ਕੇ ਪੁਨ ਬੈਨ ਅਲਾਏ।
'ਹੇ ਕਰਤਾਰ ! ਧਰਜੋ ਅਵਤਾਰ, ਕਲੀ ਮਹਿਂ ਆਇ ਕੈ ਨਾਮ ਜਪਾਏ ॥੬੯॥

ਰਾਖਸ਼ ਨੇ ਸੁੰਦਰ ਦੇਹ ਧਾਰਨ ਕਰ ਲਈ, ਉਸ ਦੀਆਂ ਚਾਰ ਬਾਹਾਂ ਸਨ ਅਤੇ ਕੰਨਾਂ ਵਿਚ ਕੁੰਡਲ ਪਾਏ ਹੋਏ ਸਨ। ਉਪਰ ਪੀਲਾ ਦੁਪੱਟਾ ਸੋਭ ਰਿਹਾ ਸੀ ਅਤੇ ਕਾਲਾ ਰੂਪ ਚੰਗਾ ਫੱਬ ਰਿਹਾ ਸੀ। ਦੈਂਤ ਨੇ ਪਹਿਲਾਂ ਨਮਸਕਾਰ ਕੀਤੀ, ਫਿਰ ਉਸਤਤਿ ਭਰੇ ਸ਼ਬਦ ਇਸ ਤਰ੍ਹਾਂ ਕਹੇ, "ਹੇ ਕਰਤਾਰ ! ਕਲਿਯੁਗ ਵਿਚ ਤੁਸੀਂ ਅਵਤਾਰ ਧਾਰਨ ਕਰਕੇ ਪ੍ਰਭੂ ਦਾ ਨਾਮ ਜਪਾਇਆ ਹੈ॥ ੬੯॥

ਹਮ ਸੇ ਜੁ ਅਘੀ ਤਿਨ ਕੋ ਗਤਿ ਦੇਵਨ ਆਵਨ ਭਾ ਤੁਮਰੋ ਇਹ ਥਾਂਈਂ।
ਜਗ ਖੰਡਤਿ ਹੋ ਸਭਿ ਡਿੰਭਨ ਕੋ ਸੁਭ ਮਾਰਗ ਮੈਂ ਨਰ ਦੇਹੁ ਚਲਾਈ।
ਦਸਵਾਂ ਅਵਤਾਰ ਧਰੈਂ ਅਬ ਆਪ ਅਲੰਬ ਹ੍ਵੈ ਹਿੰਦ ਕੀ ਪੈਜ ਰਖਾਈ।
ਤਨ ਮਾਨਵ ਧਾਰਿਕੈ ਪ੍ਰੇਖ ਫਿਰੋ ਸ਼ਰਧਾ ਜੋ ਧਰੈ ਤਿਨਕੋ ਗਤਿਦਾਈ' ॥੭੦॥

ਮੇਰੇ ਵਰਗੇ ਜੋ ਪਾਪੀ ਹਨ ਉਨ੍ਹਾਂ ਨੂੰ ਮੁਕਤੀ ਦੇਣ ਵਾਸਤੇ ਤੁਸੀਂ ਇਸ ਥਾਂ ਆਏ ਹੋ। ਇਸ ਜਗਤ ਵਿਚ ਸਭ ਪਖੰਡਾਂ ਦੇ ਟੁਕੜੇ ਕਰਦੇ ਹੋ ਅਤੇ ਮਨੁੱਖਾਂ ਨੂੰ ਸ਼ੁਭ ਰਾਹ ਤੇ ਪਾਉਂਦੇ ਹੋ। ਦਸਵਾਂ ਅਵਤਾਰ ਧਾਰਨ ਕਰਕੇ ਆਪ ਆਸਰਾ ਹੋ ਕੇ ਹਿੰਦ ਦੀ ਪੈਜ ਰਖੋਗੇ। ਮਾਨਵ ਸਰੀਰ ਧਾਰਨ ਕਰਕੇ ਆਪ ਫਿਰਦੇ ਹੋ, ਜਿਹੜਾ ਆਪ ਤੇ ਸ਼ਰਧਾ ਲਿਆਉਂਦਾ ਹੈ ਉਸ ਨੂੰ ਮੁਕਤੀ ਬਖਸ਼ਦੇ ਹੋ" ॥ ੭੦॥

ਮਰਹਟੀ ਛੰਦ-ਲਖਿ ਮੈਂ ਮਰਦਾਨਾ ਉਰ ਬਿਸਮਾਨਾ, ਗੁਰੂ ਰਿਦੇ ਇਹੁ ਜਾਨਿ।
ਬੂਝਾ ਪੁਨ ਸੋਈ 'ਤੁਮ ਕੋ ਹੋਈ? ਸਭਿ ਬਿਧਿ ਕਰੋ ਬਖਾਨ'।
ਨਿਜ ਗਾਥ ਉਚਾਰੀ ਪ੍ਰਭੂ ਅਗਾਰੀ 'ਸੁਨਹੁ ਉਧਾਰਕ ਮੇਰ।
ਜਬ ਜਨਕ ਬਿਦੇਹੀ, ਤਬ ਨਰ ਦੇਹੀ ਹੁਤੋ ਰਸੋਈਆ ਚੇਰ॥ ੭੧॥

ਇਹ ਵੇਖ ਕੇ ਮੈਂ ਅਤੇ ਮਰਦਾਨਾ ਦਿਲ ਵਿਚ ਬੜੇ ਖੁਸ਼ ਹੋਏ, ਕਿਉਂਕਿ ਗੁਰੂ ਜੀ ਨੇ ਸਾਡੇ ਦਿਲ ਦੀ ਗੱਲ ਜਾਣ ਲਈ ਸੀ। ਉਨ੍ਹਾਂ ਫਿਰ ਦੈਂਤ ਨੂੰ ਪੁਛਿਆ, "ਜਿਸ ਤਰ੍ਹਾਂ ਤੇਰੇ ਨਾਲ ਹੋਈ ਬੀਤੀ ਉਹ ਹਰ ਤਰ੍ਹਾਂ ਨਾਲ ਬਿਆਨ ਕਰੋ।" ਉਸ ਨੇ ਆਪਣੀ ਕਹਾਣੀ ਗੁਰੂ ਜੀ ਅੱਗੇ ਇਸ ਤਰ੍ਹਾਂ ਕਹੀ, "ਹੇ ਮੇਰਾ ਉਧਾਰ ਕਰਨ ਵਾਲੇ! ਸੁਣੋ, ਜਦ ਜਨਕ ਬਦੇਹੀ ਵਿਚ ਰਾਜ ਕਰਦਾ ਸੀ, ਉਸ ਵੇਲੇ ਮੇਰਾ ਮਨੁੱਖੀ ਸਰੀਰ ਸੀ ਤੇ ਮੈਂ ਰਸੋਈਏ ਦੇ ਤੌਰ ਤੇ ਉਸ ਪਾਸ ਨੌਕਰੀ ਕਰਦਾ ਸੀ॥ ੭੧॥

ਇਕ ਕਾਲ ਨਰੇਂਦ੍ਰ ਸੰਤਨ ਨੌਂਦ੍ਰ ਕਰੀ ਰਸੋਈ ਸਾਰ।
ਤਬ ਮੁਝ ਛੁਧ ਲਾਗੇ, ਸਭਿਹਿਨਿ ਆਗੇ ਕੀਨ ਦੁਰਾਇ ਅਹਾਰ।
ਨ੍ਰਿਪ ਨੈ ਜਬ ਜਾਨੀ ਗਿਰਾ ਬਖਾਨੀ-ਜੂਠੀ ਭਈ ਰਸੋਇ।
ਸਰਿਤਾ ਮਹਿ ਡਾਰੀ, ਸੰਤ ਨ ਖੁਆਰੀ, ਲਖਿ ਔਗੁਣ ਮਮ ਸੋਇ॥ ੭੨॥

ਇਕ ਵਾਰ ਰਾਜੇ ਨੇ ਸੰਤਾਂ ਨੂੰ ਭੋਜਨ ਛਕਾਉਣ ਲਈ ਨਿਉਂਦਾ ਦਿਤਾ। ਮੈਂ ਰਸੋਈ ਤਿਆਰ ਕੀਤੀ। ਪਰ ਉਸ ਸਮੇਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਸੀ। ਮੈਂ ਸਭ ਤੋਂ ਪਹਿਲਾਂ ਛੁਪ ਕੇ ਭੋਜਨ ਖਾ ਗਿਆ। ਰਾਜੇ ਨੂੰ ਜਦ ਪਤਾ ਲੱਗਾ ਤਾਂ ਉਸ ਬਚਨ ਕੀਤਾ, ਰਸੋਈ ਜੂਠੀ ਹੋ ਗਈ ਹੈ। ਸਾਰੀ ਰਸੋਈ ਨਦੀ ਵਿਚ ਸੁੱਟ ਦਿੱਤੀ ਤੇ ਸੰਤਾਂ ਨੂੰ ਨਾ ਖਾਣ ਦਿੱਤੀ। ਮੇਰੇ ਇਸ ਔਗੁਣ ਨੂੰ ਵੇਖ ਕੇ॥ ੭੨॥

ਸ੍ਵੈਯਾ- ਸ੍ਰਾਪ ਦਯੋ ਪੁਨ ਭੂਪਤ ਮੋਹਿ, ਕਹਯੋ-ਵਡ ਰਾਖਸ਼ ਹੋਵਹੁ ਜਾਈ।
ਦੀਨ ਭਯੋ ਸੁਨਿ, ਬੂਝਤਿ ਮੈਂ ਕਬ ਹੋਵਹਿਗੀ ਗਤਿ ਦੇਹੁ ਬਤਾਈ?।
ਭੂਪ ਭਨਯੋ-ਕਲਿਕਾਲ ਵਿਖੈ ਗੁਰੂ ਨਾਨਕ ਰੂਪ ਧਰੈ ਹਰਿ ਜਾਈ।
ਨਾਮ ਜਪਾਇ ਕੈ ਲੋਕ ਉਧਾਰਨ ਤਾਂਹਿ ਮਿਲਾਪ ਤੇ ਸ੍ਰਾਪ ਮਿਟਾਈ॥੭੩॥

ਰਾਜੇ ਨੇ ਮੈਨੂੰ ਸ੍ਰਾਪ ਦੇ ਦਿਤਾ, ਕਿਹਾ 'ਵੱਡਾ ਰਾਖਸ਼ ਹੋ ਜਾ'। ਇਹ ਸੁਣ ਕੇ ਮੈਂ ਬਹੁਤ ਦੀਨ ਹੋ ਗਿਆ ਅਤੇ ਪੁਛਿਆ, "ਇਹ ਮੈਨੂੰ ਦੱਸ ਦੇਵੋ ਕਿ ਮੇਰੀ ਗਤੀ ਕਦ ਹੋਵੇਗੀ?" ਰਾਜੇ ਨੇ ਕਿਹਾ, "ਕਲਿਜੁਗ ਵਿਚ ਗੁਰੂ ਨਾਨਕ ਪਰਮੇਸ਼ਵਰ ਰੂਪ

ਧਾਰਨ ਕਰਨਗੇ। ਉਹ ਲੋਕਾਂ ਨੂੰ ਨਾਮ ਜਪਾਉਣਗੇ ਅਤੇ ਉਨ੍ਹਾਂ ਦਾ ਉਧਾਰ ਕਰਨਗੇ, ਉਨ੍ਹਾਂ ਦੇ ਮਿਲਾਪ ਨਾਲ ਹੀ ਤੇਰਾ ਇਹ ਸ੍ਰਾਪ ਮਿਟ ਜਾਵੇਗਾ॥ ੭੩॥

ਮਰਹਟੀ ਛੰਦ- ਅਬ ਭਯੋ ਮਿਲਾਪਾ, ਮਿਟ ਗਯੋ ਸ੍ਰਾਪਾ, ਰਾਖਸ਼ ਤਨ ਪਲਟਾਇ'।
ਕਹਿ ਗਾਥਾ ਸਭਿ ਹੀ ਬੰਦਤਿ ਤਬਹੀ ਗਯੋ ਬਿਕੁੰਠਹਿ ਧਾਇ।
ਪਿਖਿ ਸੁਨਿ ਮਰਦਾਨਾ, ਭਯੋ ਹਿਰਾਨਾ, ਨਮਸਕਾਰ ਪਗ ਕੀਨਿ।
'ਹੇ ਤੁਮ ਜਗਦੀਸ਼ਾ, ਮਯਾ ਕਰੀਸਾ ਮਹਿੰਮਾ ਮੈਂ ਨਹਿੰ ਚੀਨਿ॥ ੭੪॥

ਹੁਣ ਮਿਲਾਪ ਹੋ ਗਿਆ ਹੈ, ਸ੍ਰਾਪ ਮਿਟ ਗਿਆ ਹੈ ਅਤੇ ਰਾਖਸ਼ ਤਨ ਬਦਲ ਗਿਆ ਹੈ।'' ਸਾਰੀ ਕਹਾਣੀ ਸੁਣਾ ਕੇ, ਹੱਥ ਜੋੜ ਕੇ ਖਲੋ ਗਿਆ ਤੇ ਸਵਰਗਾਂ ਨੂੰ ਚਲਾ ਗਿਆ। ਇਹ ਸੁਣ ਕੇ ਅਤੇ ਵੇਖ ਕੇ ਮਰਦਾਨਾ ਬੜਾ ਹੈਰਾਨ ਹੋਇਆ ਤੇ ਨਮਸਕਾਰ ਕਰਕੇ ਮੱਥਾ ਟੇਕਿਆ ਅਤੇ ਕਿਹਾ, "ਤੁਸੀਂ ਜਗਤ ਦੇ ਈਸ਼ਵਰ ਹੋ, ਕਿਰਪਾ ਕਰਨ ਵਾਲੇ ਹੋ। ਮੈਂ ਤੁਹਾਡੀ ਮਹਿਮਾ ਜਾਣ ਨਹੀਂ ਸਕਿਆ॥ ੭੪॥

ਵਡ ਰਾਖਸ਼ ਮਾਰਯੋ ਮੁਝੈ ਛੁਟਾਰਯੋ ਜਿਹਂ ਦੀਰਘ ਵਿਸਤਾਰ।
ਤਹਿਂ ਤਰੇ ਤਰੋਵਰ ਚੂਰਨ ਭੇ ਧਰ ਨੌ ਜੋਜਨ ਆਕਾਰ।
ਇਹ ਬਿਧਿ ਗਤਿ ਪਾਈ, ਕੌਨ ਕਮਾਈ? ਦੀਜੈ ਹਮੇ ਬਤਾਇ।
ਜੀਵਨ ਸੰਤਾਪੀ ਇਹ ਵਡ ਪਾਪੀ ਗਾ ਬਿਕੁੰਠ ਸੁਖ ਪਾਇ'॥ ੭੫॥

ਮੈਨੂੰ ਛੁਡਵਾਇਆ ਹੈ ਅਤੇ ਦੇਹ ਦਾ ਵੱਡਾ ਵਿਸਥਾਰ ਕਰਕੇ ਬੜੇ ਵੱਡੇ ਰਾਖਸ਼ ਨੂੰ ਮਾਰਿਆ ਹੈ। ਨੌਂ ਜੋਜਨ ਅਕਾਰ ਧਾਰਨ ਕਰਕੇ ਸਭ ਫੁੱਲ, ਬੂਟੇ ਅਤੇ ਦਰੱਖਤ ਚਿਕਨਾਚੂਰ ਕਰ ਦਿੱਤੇ ਹਨ। ਰਾਖਸ਼ ਨੇ ਇਸ ਵਿਧੀ ਅਨੁਸਾਰ ਗਤੀ ਪ੍ਰਾਪਤ ਕੀਤੀ ਹੈ, ਪਰ ਇਹ ਸਾਨੂੰ ਦੱਸੋ, ਉਸ ਨੇ ਕੀ ਕਮਾਈ ਕੀਤੀ ਸੀ? ਉਹ ਵੱਡਾ ਦੁੱਖ ਦੇਣ ਵਾਲਾ ਅਤੇ ਪਾਪੀ ਸੀ, ਹੁਣ ਸਵਰਗਾਂ ਵਿਚ ਜਾ ਕੇ ਸੁੱਖ ਪਾਵੇਗਾ॥ ੭੫॥

ਦੋਹਰਾ- ਕਮਲ ਬਦਨ ਬੋਲੇ ਤਬਹਿ 'ਜਨਮ ਪੁਰਾ ਕੇ ਮਾਂਹਿ।
ਸੰਤਨ ਕੀ ਸੇਵਾ ਕਰੀ ਚਿਰੰਕਾਲ ਲਗ ਤਾਂਹਿ॥ ੭੬॥

ਤਦ ਕਮਲ ਮੁਖ ਭਾਵ ਗੁਰੂ ਜੀ ਬੋਲੇ, "ਪਹਿਲੇ ਜਨਮ ਵਿਚ ਉਸ ਬਹੁਤ ਦੇਰ ਤਕ ਸੰਤਾਂ ਦੀ ਸੇਵਾ ਕੀਤੀ ਸੀ॥ ੭੬॥

ਤਿਹ ਫਲ ਉੱਤਮ ਪਦ ਲਹਯੋ ਮੁਕਤਿ ਪਾਇ ਦੁਖਦਾਹਿ।
ਸੰਤਨ ਸੇਵ ਅਕਾਰਥੀ ਕਰੀ ਕਬਹਿ ਨਹਿਂ ਜਾਹਿ॥ ੭੭॥

ਉਸ ਦੇ ਨਤੀਜੇ ਵਜੋਂ ਉਸ ਉੱਤਮ ਪਦਵੀ ਪ੍ਰਾਪਤ ਕੀਤੀ ਅਤੇ ਮੁਕਤੀ ਪ੍ਰਾਪਤ ਕਰਕੇ ਦੁੱਖਾਂ ਦਾ ਨਾਸ਼ ਕੀਤਾ। ਸੰਤਾਂ ਦੀ ਸੇਵਾ ਕਦੀ ਵੀ ਅਕਾਰਥ ਨਹੀਂ ਜਾਂਦੀ ਹੈ॥ ੭੭॥

ਸ੍ਵੈਯਾ- ਜੇ ਮਿਲਿ ਸੰਤਨ ਕਾਲ ਬਿਤਾਵਤਿ ਪਾਵਤਿ ਸੇ ਸੁਖ ਲੋਕਹਿਂ ਦੋਊ।
ਨਾਮ ਜਪੈਂ ਨਿਸਬਾਸੁਰ ਮੈਂ ਮਨ ਮਾਰਨ ਤੇ ਗਤਿ ਪ੍ਰਾਪਤ ਹੋਊ।
ਹੈ ਕਲਿਕਾਲ ਮਹਾਤਮ ਨਾਮ ਕੋ ਸ੍ਰੀ ਪ੍ਰਭੁ ਕੀਰਤਿ ਗਾਵਹਿ ਸੋਊ।
ਬੰਧਨ ਜੇ ਭਵ ਕੇ ਭਵਦਾਯਕ ਤਾਂ ਉਪਚਾਰਹਿ ਔਰ ਨ ਕੋਊ'॥ ੭੮॥

ਜਿਹੜੇ ਸੰਤਾਂ ਨਾਲ ਮਿਲ ਕੇ ਸਮਾਂ ਬਤੀਤ ਕਰਦੇ ਹਨ ਉਹ ਦੋਹਾਂ ਲੋਕਾਂ ਵਿਚ ਸੁੱਖ ਪ੍ਰਾਪਤ ਕਰਦੇ ਹਨ। ਦਿਨ ਰਾਤ ਨਾਮ ਜਪਣ ਨਾਲ ਅਤੇ ਮਨ ਵਿਚੋਂ 'ਮੈਂ' ਨੂੰ ਮਾਰਨ ਨਾਲ ਗਤੀ ਪ੍ਰਾਪਤ ਹੁੰਦੀ ਹੈ। ਕਲਿਜੁਗ ਵਿਚ ਨਾਮ ਦਾ ਮਹਾਤਮ ਹੈ, ਇਸ ਲਈ ਪ੍ਰਭੂ ਦੀ ਕੀਰਤੀ ਜੋ ਗਾਉਂਦਾ ਹੈ, ਉਸ ਦੇ ਸੰਸਾਰ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ, ਇਸ ਤੋਂ ਉਪਰੰਤ ਹੋਰ ਕੋਈ ਉਪਚਾਰ ਜਾਂ ਵਸੀਲਾ ਨਹੀਂ ਹੈ'' ॥ ੨੮ ॥

ਦੋਹਰਾ- ਇਸ ਪ੍ਰਕਾਰ ਕਹਿ ਬਚਨ ਕੋ ਚਲਤਿ ਭਏ ਗਤਿਦਾਇ।
ਭਜਿ ਸੰਤੋਖ ਸਿੰਘ ਗੁਰ ਚਰਨ ਕਰਿਕੈ ਪੂਰਨ ਧਯਾਇ॥ ੨੯ ॥

ਇਸ ਪ੍ਰਕਾਰ ਬਚਨ ਕਰਕੇ ਮੁਕਤੀਦਾਤੇ ਅੱਗੇ ਚਲ ਪਏ। ਹੇ ਸੰਤੋਖ ਸਿੰਘ! ਗੁਰੂ ਦੇ ਚਰਨਾਂ ਨੂੰ ਪੂਰਨ ਧਿਆ ਕੇ ਵਾਹਿਗੁਰੂ ਦਾ ਭਜਨ ਕਰੋ॥ ੨੯ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਬਨ ਮਾਨਸ, ਰਾਖਸ਼' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋ ਅਧਯਾਯ॥ ੫੫ ॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪਚਵਿੰਜਵਾਂ ਅਧਿਆਇ, ਜਿਸ ਦਾ ਨਾਮ "ਦੇਵਲੂਤ, ਬਨਮਾਨਸ ਰਾਖਸ਼" ਹੈ, ਸਮਾਪਤ ਹੋਇਆ॥ ੫੫ ॥

## ਅਧਿਆਇ ਛਪੰਜਵਾਂ

*ਕਮਲ ਨੈਨ।*

ਦੋਹਰਾ- ਚੰਦਨ ਸੇ ਸ੍ਰੀ ਗੁਰ ਚਰਨ ਮਨ ਇਰੰਡ ਢਿਗ ਲਾਇ।
ਹੈ ਸੁਗੰਧਿਮੈ ਕਾਮ ਕੋ ਸੀਤਲਤਾ ਸੁਖ ਪਾਇ॥ ੧ ॥

ਸ੍ਰੀ ਗੁਰੂ ਜੀ ਦੇ ਚਰਨ ਚੰਦਨ ਸਮਾਨ ਹਨ, ਮੈਂ ਆਪਣਾ ਮਨ ਅਰਿੰਡ ਰੂਪੀ ਬੂਟਾ ਉਨ੍ਹਾਂ ਦੇ ਨੇੜੇ ਲਗਾ ਕੇ ਸੁਗੰਧੀ ਵਾਲਾ ਹੋ ਕੇ ਤੇ ਸੀਤਲਤਾ ਦਾ ਸੁਖ ਪਾ ਕੇ ਹੁਣ ਕਿਸੇ ਕੰਮ ਵਾਲਾ ਹੋ ਗਿਆ ਹਾਂ॥ ੧ ॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨਹੁ ਗੁਰੂ ਅੰਗਦ ਗਤਿਦਾਨੀ। ਆਗੇ ਗਮਨੇ ਸ੍ਰੀ ਗੁਨਖਾਨੀ।
ਕਿਤ ਸਾਗਰ ਕਿਤ ਧਰ ਪਰ ਜਾਈਂ। ਹਸਨ ਹੇਤ ਗੁਰ ਗਿਰਾ ਅਲਾਈ॥੨ ॥

ਭਾਈ ਬਾਲਾ ਜੀ ਕਹਿੰਦੇ ਹਨ- ਹੇ ਮੁਕਤੀਦਾਤੇ ਗੁਰੂ ਅੰਗਦ ਦੇਵ ਜੀ! ਸੁਣੋ, ਗੁਣਾਂ ਦੀ ਖਾਨ ਭਾਵ ਗੁਰੂ ਜੀ ਅੱਗੇ ਚਲ ਪਏ। ਕਦੀ ਸਾਗਰ ਤੇ ਚਲਦੇ ਸਨ ਅਤੇ ਕਦੇ ਧਰਤੀ ਤੇ ਜਾਂਦੇ ਸਨ। ਹੱਸਣ ਵਾਸਤੇ ਗੁਰੂ ਜੀ ਬੋਲੇ॥ ੨ ॥

'ਮਰਦਾਨੇ ਫਲ ਤੈਂ ਭਲਿ ਖਾਏ। ਭਯੋ ਕਿ ਨਹੀਂ ਅਜਹੁ ਤ੍ਰਿਪਤਾਏ ?'।
ਬੰਦਿ ਹਾਥ ਦ੍ਵੈ ਬੋਲਯੋ ਬਾਨੀ। 'ਕਰੀ ਅਵੱਗਯਾ ਮੈਂ ਸੁਖਦਾਨੀ! ॥ ੩ ॥

"ਹੇ ਮਰਦਾਨੇ ! ਤੂੰ ਚੰਗੇ ਫਲ ਖਾਧੇ। ਫਲ ਖਾ ਕੇ ਰੱਜਿਆ ਸੀ ਕਿ ਨਹੀਂ ?" ਮਰਦਾਨਾ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸੁਖਾਂ ਦੇ ਦਾਤੇ ! ਮੈਥੋਂ ਭੁੱਲ ਹੋ ਗਈ ਸੀ॥ ੩ ॥

ਅਧਿਕ ਅਨੁਚਿਤੇ ਬੈਨ ਬਖਾਨੇ। ਤਾਂਕੋ ਫਲ ਭਾ ਦੁਖ ਪ੍ਰਗਟਾਨੇ।

ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰਾ। ਮੁਝਹਿ ਮੁਚਾਵਾ ਦੈਤ ਸੰਘਾਰਾ ॥੪॥

ਮੈਂ ਬਹੁਤ ਕਬੋਲ ਬੋਲ ਗਿਆ ਸੀ। ਉਨ੍ਹਾਂ ਦੇ ਵਲ ਵਜੋਂ ਮੈਨੂੰ ਦੁੱਖ ਮਿਲਿਆ ਹੈ। ਤੁਸੀਂ ਕ੍ਰਿਪਾਲੂ ਹੋ ਕੇ ਆਪਣੇ ਸੇਵਕ ਨੂੰ ਬਚਾ ਲਿਆ ਹੈ। ਮੈਨੂੰ ਬਚਾਇਆ ਅਤੇ ਦੈਂਤ ਨੂੰ ਮਾਰ ਦਿੱਤਾ ਹੈ॥ ੪॥

ਛੁਧਾ ਸੰਗਿ ਬਯਾਕੁਲ ਹ੍ਵੈ ਜਾਵੌਂ। ਖਿਝ ਕਰਿ ਨੀਕੀ ਮਤਿ ਬਿਸਰਾਵੌਂ।
ਤਬਹਿ ਅਨੁਚਿਤੇ ਬਚਨ ਅਲਾਊਂ। ਤਿਹ ਕੋ ਫਲ ਮੈਂ ਸੰਕਟ ਪਾਊਂ ॥੫॥

ਭੁੱਖ ਨਾਲ ਵਿਆਕੁਲ ਹੋ ਜਾਂਦਾ ਹਾਂ ਅਤੇ ਖਿਝ ਕੇ ਚੰਗੀ ਮੱਤ ਵਿਸਾਰ ਦਿੰਦਾ ਹਾਂ। ਤਦ ਮਾੜੇ ਬਚਨ ਬੋਲਦਾ ਹਾਂ ਅਤੇ ਬਚਨਾਂ ਦਾ ਸਦਕਾ ਮੈਂ ਦੁੱਖ ਪਾਉਂਦਾ ਹਾਂ॥ ੫॥

ਨਾਮ ਤੁਮਾਰ ਪਤਿਤ ਕੋ ਪਾਵਨ। ਬਖਸ਼ੋ ਖਤਾ ਸੰਤ ਮਨ ਭਾਵਨ!'।
ਕਮਲ ਬਦਨ ਤੇ ਬਿਗਸੇ ਸੁਨਿਕੈ। ਬੋਲੇ ਬਚਨ ਦਾਸ ਨਿਜ ਗੁਨਿਕੈ ॥੬॥

ਤੁਹਾਡਾ ਨਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਹੇ ਸੰਤਾਂ ਦੇ ਮਨਾਂ ਨੂੰ ਭਾਉਣ ਵਾਲੇ! ਮੇਰੀ ਗਲਤੀ ਬਖਸ਼ ਦੇਵੋ।" ਇਹ ਸੁਣ ਕੇ ਕਮਲ ਬਦਨ ਭਾਵ ਗੁਰੂ ਜੀ ਪ੍ਰਸੰਨ ਹੋ ਗਏ। ਮਰਦਾਨੇ ਨੂੰ ਸੇਵਕ ਸਮਝ ਕੇ ਬੋਲੇ॥ ੬॥

'ਤੁਝ ਪਰ ਖੁਸ਼ੀ ਸਦੀਵ ਹਮਾਰੀ। ਬਚਨ ਸੁਨੰਤਿ ਪ੍ਰਸੀਦਹਿਂ ਭਾਰੀ।
ਹਰਖਤਿ ਰਹਿਯੋ ਸੰਗ ਹਮਾਰੇ। ਕਹੇ ਜਿ ਬਚ ਨਹਿਂ ਕਰਹੁ ਬਿਚਾਰੇ' ॥੭॥

"ਤੇਰੇ ਉਤੇ ਮੇਰੀ ਸਦਾ ਹੀ ਖੁਸ਼ੀ ਹੈ, ਤੇਰੇ ਬਚਨ ਸੁਣ ਕੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ। ਸਾਡੇ ਨਾਲ ਪ੍ਰਸੰਨ ਚਿਤ ਰਹੋ। ਜਿਹੜੇ ਤੂੰ ਬਚਨ ਕਹੇ ਸਨ, ਮੈਂ ਉਨ੍ਹਾਂ ਦਾ ਬੁਰਾ ਨਹੀਂ ਮਨਾਇਆ ਹੈ" ॥ ੭॥

ਚੌਪਈ- ਇਸ ਪ੍ਰਕਾਰ ਕੇ ਹਾਸਾ ਬਿਲਾਸਾ। ਕਰਤਿ ਜਾਤਿ ਗਮਨਤਿ ਸੁਖ ਰਾਸਾ।
ਚਲਤਜੋ ਕੇਤੇ ਦਿਵਸ ਬਿਤਾਏ। ਮਗ ਮਹਿਂ ਪੁਰਿ ਨ ਗ੍ਰਾਮ ਕੋ ਆਏ ॥੮॥

ਇਸ ਤਰ੍ਹਾਂ ਹਾਸਾ ਮਜ਼ਾਕ ਕਰਦੇ, ਸੁੱਖਾਂ ਦੀ ਰਾਸ ਭਾਵ ਗੁਰੂ ਜੀ ਤੁਰੇ ਜਾ ਰਹੇ ਸਨ। ਚਲਦਿਆਂ ਚਲਦਿਆਂ ਕਈ ਦਿਨ ਬੀਤ ਗਏ। ਰਾਹ ਵਿਚ ਕੋਈ ਪਿੰਡ ਜਾਂ ਨਗਰ ਨਾ ਆਇਆ॥ ੮॥

ਚਹੁੰਦਿਸ ਹੁਤੀ ਉਜਾਰ ਬਿਸਾਲਾ। ਮਰਦਾਨਾ ਬੋਲਜੋ ਤਿਹ ਕਾਲਾ।
'ਨਿਸਦਿਨ ਬਿਤੇ ਉਜਾਰ ਮਝਾਰੀ। ਆਵਹਿ ਨਗਰ ਕਿ ਨਹੀਂ ਅਗਾਰੀ? ॥੯॥

ਚਾਰ ਚੁਫੇਰੇ ਬਹੁਤ ਉਜਾੜ ਸੀ। ਇਸ ਵੈਰਾਨਗੀ ਨੂੰ ਵੇਖ ਕੇ ਮਰਦਾਨੇ ਕਿਹਾ, "ਰਾਤ ਦਿਨ ਉਜਾੜ ਵਿਚ ਹੀ ਬੀਤਦਾ ਹੈ। ਅੱਗੇ ਕੋਈ ਨਗਰ ਆਵੇਗਾ ਕਿ ਨਹੀਂ?॥ ੯॥

ਕਿਤੇ ਦਿਵਸ ਗਮਨੇ ਮਗ ਮਾਂਹੀ। ਗ੍ਰਾਮ ਨਗਰ ਕੋ ਆਵਾ ਨਾਂਹੀ।
ਜਾਵਹੁ ਚਲੇ ਉਜਾਰ ਮਹਾਨਾ। ਬਿਨਾ ਪ੍ਰਯੋਜਨ, ਜਾਇ ਨ ਜਾਨਾ ॥੧੦॥

ਕਿੰਨੇ ਦਿਨ ਅਸੀਂ ਰਸਤੇ ਵਿਚ ਚਲੇ ਹਾਂ। ਕੋਈ ਪਿੰਡ ਜਾਂ ਨਗਰ ਨਹੀਂ ਆਇਆ ਹੈ। ਮਹਾਨ ਉਜਾੜ ਵਿਚ ਅਸੀਂ ਤੁਰੇ ਜਾਂਦੇ ਹਾਂ। ਕਿਸੇ ਮਤਲਬ ਤੋਂ ਬਗੈਰ ਤਾਂ ਜਾਇਆ ਨਹੀਂ ਜਾਂਦਾ" ॥ ੧੦॥

ਸੁਨਿ ਕਰਿ ਬਿਗਸੇ ਪੰਕਜ ਨੈਨਾ। ਤਿਹ ਬਿਲੋਕ ਕੈ ਉਚਰੇ ਬੈਨਾ।
'ਭਯੋ ਨਗਰ ਬੂਝਨ ਅਨੁਰਾਗੀ। ਉਦਰ ਬਿਖੈ ਬਹੁਰੋ ਛੁਧ ਲਾਗੀ?' ॥੧੧॥

ਇਹ ਸੁਣ ਕੇ ਕਮਲ ਨੈਣ ਭਾਵ ਗੁਰੂ ਜੀ ਬੜੇ ਪ੍ਰਸੰਨ ਹੋਏ। ਇਹ ਵੇਖ ਕੇ ਉਨ੍ਹਾਂ ਨੇ ਇਹ ਬਚਨ ਕਹੇ, "ਨਗਰ ਪੁੱਛਣ ਦਾ ਪ੍ਰੇਮੀ ਹੋ ਗਿਆ ਹੈਂ। ਕੀ ਢਿੱਡ ਵਿਚ ਬੜੀ ਭੁੱਖ ਲੱਗੀ ਹੈ?" ॥ ੧੧॥

ਮਰਦਾਨੇ ਤਬ ਵਾਕ ਉਚਾਰੇ। 'ਹੇ ਤੇ ਸਹੀ ਸੁ ਕੌਨ ਨਿਵਾਰੇ।
ਛੁਧਾ ਲਗੀ,ਕਜਾ ਅਸਨ ਤਯਾਰੀ। ਰਾਖਯੋ ਹੈ ਕਿਨ ਆਨਿ ਅਗਾਰੀ ॥੧੨॥

ਮਰਦਾਨੇ ਨੇ ਤਦ ਕਿਹਾ, "ਤੁਹਾਡੀ ਗੱਲ ਤਾਂ ਠੀਕ ਹੈ, ਪਰ ਮੇਰੀ ਭੁੱਖ ਹੁਣ ਕੌਣ ਦੂਰ ਕਰੇ। ਭੁੱਖ ਲੱਗੀ ਹੈ ਤਾਂ ਕੀ ਭੋਜਨ ਤਿਆਰ ਹੈ। ਕੀ ਕਿਸੇ ਨੇ ਸਾਡੇ ਅੱਗੇ ਲਿਆ ਕੇ ਰੱਖ ਦਿੱਤਾ ਹੈ ?॥ ੧੨॥

ਹਮ ਬਿਚਰਤਿ ਜਹਿਂ ਵਡ ਉਦਿਆਨਾ। ਮ੍ਰਿਤੂ ਹੋਇਂ ਕਥਿ ਹੀ ਮਮ ਪ੍ਰਾਨਾ।
ਕਹੂੰ ਕਹੂੰ ਆਵਤਿ ਕਰ ਮਾਂਹੀ। ਬਿਨਾ ਅਹਾਰ ਜੀਵਨਾ ਨਾਂਹੀ॥੧੩॥

ਅਸੀਂ ਵੱਡੇ ਵੱਡੇ ਜੰਗਲਾਂ ਵਿਚ ਘੁੰਮ ਫਿਰ ਰਹੇ ਹਾਂ, ਪਤਾ ਨਹੀਂ ਕਿਹੜੇ ਵੇਲੇ ਮੌਤ ਹੋ ਜਾਣੀ ਹੈ ਅਤੇ ਮੇਰੇ ਪ੍ਰਾਣ ਨਿਕਲ ਜਾਣੇ ਹਨ। ਕਿਤੇ ਕਿਤੇ ਮੇਰੇ ਹੱਥ ਵਿਚ ਭੋਜਨ ਆਉਂਦਾ ਹੈ। ਭੋਜਨ ਬਗੈਰ ਜੀਵਤ ਨਹੀਂ ਰਿਹਾ ਜਾ ਸਕਦਾ॥ ੧੩॥

ਕੋ ਜਾਨੈ ਕਯੋਂ ਹ੍ਵੈ ਨਿਰਬਾਹੂ। ਬਿਨ ਅਹਾਰ ਮੈਂ ਸੰਗ ਫਿਰਾਹੂੰ।
ਤੁਮ ਕੋ ਛੁਧਾ ਪਿਪਾਸਾ ਨਾਂਹੀ। ਰਹਹੁ ਅਨੰਦ ਸਦਾ ਮਨ ਮਾਂਹੀ' ॥੧੪॥

ਕੌਣ ਜਾਣਦਾ ਹੈ ਕਿ ਕਿਵੇਂ ਨਿਰਬਾਹ ਹੋਵੇਗਾ। ਭੋਜਨ ਤੋਂ ਬਗੈਰ ਮੈਂ ਨਾਲ ਕਿਸ ਤਰ੍ਹਾਂ ਫਿਰਾਂਗਾ। ਤੁਹਾਨੂੰ ਤਾਂ ਭੁਖ-ਪਿਆਸ ਨਹੀਂ ਲਗਦੀ ਅਤੇ ਸਦਾ ਮਨ ਵਿਚ ਆਨੰਦਮਈ ਰਹਿੰਦੇ ਹੋ"॥ ੧੪॥

ਚੌਪਈ- ਮੰਦ ਮੰਦ ਬਿਗਸਤਿ ਸ੍ਰੀ ਬਦਨਾ। ਕਲੀਕੁੰਦ ਜਿਉਂ ਉੱਜਲ ਰਦਨਾ।
ਕਹਿਤਿ ਭਏ 'ਸੁਨੀਏ ਮਰਦਾਨਾ!। ਛੁਧਾ ਸੰਗ ਜੇ ਹ੍ਵੈਂ ਹਤਿ ਪ੍ਰਾਨਾ॥੧੫॥

ਗੁਰੂ ਜੀ ਮੁਖੋਂ ਹੌਲੀ-ਹੌਲੀ ਹੱਸ ਰਹੇ ਸਨ। ਮਰਤਬਾਨ ਦੀ ਕਲੀ ਵਾਂਗ ਉਜਲ ਉਨ੍ਹਾਂ ਦੇ ਦੰਦ ਸਨ। ਉਨ੍ਹਾਂ ਨੇ ਕਿਹਾ, "ਹੇ ਮਰਦਾਨੇ ! ਸੁਣੋ, ਜੇ ਭੁੱਖ ਨਾਲ ਤੇਰੀ ਮੌਤ ਹੋ ਗਈ॥ ੧੫॥

ਇਸ ਬਿਧਿ ਕੋ ਹਮ ਜਾਮਨ ਤੇਰੇ। ਗਏ ਪ੍ਰਾਨ ਆਨਹਿਂ ਤਨ ਫੇਰੇ।
ਪੁਨ ਇਕ ਦਿਨ ਮਰਨਾ ਹੈ ਸਾਚੇ। ਜਯੋਂ ਜਲ ਬਿਖੈ ਹੋਇ ਘਟ ਕਾਚੇ॥੧੬॥

ਇਸ ਤਰ੍ਹਾਂ ਦੀ ਮੌਤ ਦੇ ਅਸੀਂ ਜਾਮਨ, ਅਤੇ ਜ਼ੁਮੇਂਵਾਰ ਹਾਂ। ਜੇ ਤੇਰੇ ਪ੍ਰਾਣ ਨਿਕਲ ਵੀ ਗਏ ਤਾਂ ਅਸੀਂ ਫਿਰ ਵਾਪਿਸ ਲੈ ਆਵਾਂਗੇ। ਅਖੀਰ ਇਕ ਦਿਨ ਮਰਨਾ ਹੈ, ਇਹ ਗੱਲ ਸੱਚੀ ਹੈ। ਜਿਵੇਂ ਜਲ ਵਿਚ ਪਏ ਕੱਚੇ ਘੜੇ ਨੇ ਆਖਿਰ ਖੁਰ ਹੀ ਜਾਣਾ ਹੈ॥ ੧੬॥

ਦ੍ਰਿਸ਼ਟਿਮਾਨ ਜੋ ਸਕਲ ਪਸਾਰਾ। ਇਹ ਜਾਨਹੁ ਹੈ ਕਾਲ ਅਹਾਰਾ।
ਅਬ ਤੂੰ ਹਿਰਦੇ ਓਦਰ ਨਾਂਹੀ। ਚਹੋ ਜਿ ਅਚਹੁ ਚਲਹੁ ਪੁਰਿ ਮਾਂਹੀ॥੧੭॥

ਜੋ ਤੈਨੂੰ ਸਾਰਾ ਪਸਾਰਾ ਦਿੱਸਦਾ ਹੈ, ਇਹ ਸਮਝੋ ਸਾਰਾ ਹੀ ਕਾਲ ਦਾ ਭੋਜਨ ਹੈ। ਹੁਣ ਤੂੰ ਦਿਲ ਵਿਚ ਘਬਰਾ ਨਹੀਂ। ਜੇ ਚਾਹੁੰਦਾ ਹੈਂ ਤਾਂ ਨਗਰ ਵਿਚ ਜਾ ਕੇ ਭੋਜਨ ਛਕ ਲੈ॥ ੧੭॥

ਨਹੀਂ ਦੂਰ ਅਬ ਆਇ ਨਜ਼ੀਕਾ'। ਅਸ ਕਹਿ ਤੂਸ਼ਨ ਭੇ ਜਗ ਟੀਕਾ।
ਮੰਦ ਮੰਦ ਗਮਨਹਿਂ ਗੁਰ ਪੂਰਾ। ਜਿਹ ਕੋ ਦਰਸ਼ਨ ਸੋਹਤਿ ਰੂਰਾ॥੧੮॥

ਨਗਰ ਹੁਣ ਬਹੁਤ ਦੂਰ ਨਹੀਂ, ਏਥੋਂ ਨੇੜੇ ਹੀ ਹੈ।" ਇਹ ਕਹਿ ਕੇ ਜਗ ਟੀਕਾ ਭਾਵ ਗੁਰੂ ਜੀ ਚੁੱਪ ਹੋ ਗਏ। ਪੂਰਨ ਗੁਰੂ ਹੌਲੀ-ਹੌਲੀ ਚਲ ਰਹੇ ਸਨ, ਜਿਨ੍ਹਾਂ ਦੇ ਦਰਸ਼ਨ ਸ਼ੋਭ ਰਹੇ ਸਨ॥ ੧੮॥

ਦੋਹਰਾ- ਨਿਕਟਿ ਨਗਰ ਆਵਾ ਤਬੈ ਬਹੁ ਸੁੰਦਰ ਦੁਤਿਵੰਤ।
ਦੇਖਿ ਜਿਸੇ ਅਮਰਾਵਤੀ ਨੀਚੇ ਨੈਨ ਕਰੰਤਿ॥ ੧੯॥

ਤਦ ਇਕ ਨਗਰ ਨੇੜੇ ਆਇਆ, ਜਿਹੜਾ ਕਿ ਬੜਾ ਸੁੰਦਰ ਅਤੇ ਸ਼ੋਭਾ ਵਾਲਾ ਸੀ। ਜਿਸ ਨੂੰ ਵੇਖ ਕੇ ਇੰਦਰਪੁਰੀ ਵੀ ਆਪਣੀਆਂ ਅੱਖਾਂ ਨੀਵੀਆਂ ਕਰ ਲੈਂਦੀ ਹੈ॥ ੧੯॥

ਚੌਪਈ- ਚਹੁੰਦਿਸ਼ ਜਿਸਕੇ ਉਪਬਨ ਸੋਹੈਂ। ਕੁਸਮ ਬਾਟਿਕਾ ਬਹੁ ਮਨ ਮੋਹੈਂ।
ਕੰਚਨ ਕੋ ਗੜ੍ਹ ਵਡੋ ਬਿਰਾਜੈ। ਨਾਨਾ ਰੰਗ ਜਰੇ ਨਗ ਛਾਜੈਂ॥ ੨੦॥

ਉਸ ਦੇ ਚਾਰੇ ਪਾਸੇ ਬਾਗ ਬਗੀਚੇ ਸ਼ੋਭ ਰਹੇ ਸਨ। ਕੁਸਮ ਦੀਆਂ ਬਗੀਚੀਆਂ ਮਨਾਂ ਨੂੰ ਮੋਹਿਤ ਕਰਦੀਆਂ ਸਨ। ਵੱਡਾ ਸਵਰਨ-ਮਈ ਕਿਲ੍ਹਾ ਬਿਰਾਜ ਰਿਹਾ ਸੀ। ਅਨੇਕ ਪ੍ਰਕਾਰ ਦੇ ਜੜੇ ਨਗ ਬੜੇ ਫੱਬ ਰਹੇ ਸਨ॥ ੨੦॥

ਊਚੀ ਅਟਾ ਕਲਸ ਮਨ ਭਾਵਨ। ਦਰ ਪਰ ਤੋਰਣ ਬਧੀ ਸੁਹਾਵਨ।
ਚੰਦਨ ਕੇ ਕਪਾਟ ਵਡ ਸ਼ੋਭਾ। ਜਿਨ ਕੋ ਪਿਖਿ ਦੇਵਨ ਮਨ ਲੋਭਾ॥੨੧॥

ਉੱਚੀਆਂ ਅਟਾਰੀਆਂ ਦੇ ਕਲਸ ਮਨ ਨੂੰ ਬੜੇ ਚੰਗੇ ਲਗਦੇ ਸਨ। ਦਰਵਾਜ਼ਿਆ ਤੇ ਫੁੱਲਾਂ ਅਤੇ ਪੱਤਿਆ ਦੇ ਬਣੇ ਹਾਰ ਬੰਨ੍ਹੇ ਹੋਏ ਬੜੇ ਸੁਹਾਵਣੇ ਲੱਗਦੇ ਸਨ। ਚੰਦਨ ਦੀ ਲੱਕੜੀ ਦੇ ਬਣੇ ਹੋਏ ਤਖਤੇ ਵੱਡੀ ਸ਼ੋਭਾ ਪਾ ਰਹੇ ਸਨ, ਜਿਨ੍ਹਾਂ ਨੂੰ ਵੇਖ ਕੇ ਦੇਵਤਿਆਂ ਦੇ ਮਨ ਵੀ ਲੋਭੀ ਹੋ ਜਾਂਦੇ ਸਨ॥ ੨੧॥

ਚੌਪਈ- ਜਗਮਗ ਚਮਤਕਾਰ ਛਬਿ ਪਾਈ। ਮਨਹੁ ਚਢੇ ਬਹੁਤੇ ਦਿਨਰਾਈ।
ਪਹੁਚੇ ਜਬ ਤਿਹ ਨਗਰ ਸਮੀਪਾ। ਬੈਠੇ ਸ੍ਰੀ ਬੇਦੀ ਕੁਲਦੀਪਾ॥ ੨੨॥

ਸਾਰਾ ਨਗਰ ਜਗਮਗ ਕਰਦਾ ਚਮਕ ਰਿਹਾ ਸੀ, ਮਾਨੋਂ ਬਹੁਤ ਸਾਰੇ ਸੂਰਜ ਚੜ੍ਹ ਪਏ ਹੋਣ। ਜਦ ਗੁਰੂ ਜੀ ਨਗਰ ਦੇ ਨੇੜੇ ਪਹੁੰਚ ਗਏ ਤੇ ਗੁਰੂ ਜੀ ਇਕ ਥਾਂ ਬੈਠ ਗਏ॥ ੨੨॥

ਮਰਦਾਨੇ ਸੋਂ ਬਚਨ ਉਚਾਰਾ। 'ਜਾਹੁ ਨਗਰ ਅਬ ਲੇਹੁ ਨਿਹਾਰਾ।
ਬੂਝਤਿ ਥੋ ਮਗਮਹਿਂ ਬਹੁ ਬਾਰੀ। ਖਾਇ ਅਸਨ ਕਰਿ ਛੁਧਾ ਨਿਵਾਰੀ' ॥੨੩॥

ਉਨ੍ਹਾਂ ਮਰਦਾਨੇ ਨੂੰ ਕਿਹਾ, "ਹੁਣ ਨਗਰ ਵਿਚ ਜਾਵੇ ਅਤੇ ਵੇਖ ਲਵੇ। ਰਸਤੇ ਵਿਚ ਬਾਰ-ਬਾਰ ਪੁੱਛਦਾ ਸੀ, ਭੋਜਨ ਖਾ ਕੇ ਆਪਣੀ ਭੁੱਖ ਮਿਟਾ ਆਵੇ"॥ ੨੩॥

'ਸ੍ਰੀ ਪ੍ਰਭੁ ਗੰਠ ਨ ਪਟ ਇਕ ਦਾਮੂ। ਬਿਨਾ ਮੋਲ ਖਾਵੋਂ ਕਿਹ ਧਾਮੂ ?।
ਨਹੀਂ ਕਹੂੰ ਇਹ ਥਾਨ ਚਿਨਾਰੀ। ਉਦਰ ਛੁਧਾ ਬਜਾਪੀ ਮੁਝ ਭਾਰੀ' ॥੨੪॥

ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਮੇਰੇ ਪੱਲੇ ਤਾਂ ਇਕ ਦਾਮ ਵੀ ਨਹੀਂ ਹੈ, ਬਗੈਰ ਮੁੱਲ ਤੋਂ ਕਿਸ ਦੇ ਘਰ ਜਾ ਕੇ ਕਿਵੇਂ ਖਾ ਲਵਾਂਗਾ। ਮੈਨੂੰ ਤਾਂ ਇਸ ਥਾਂ ਦੀ ਕੋਈ ਪਹਿਚਾਣ ਨਹੀਂ ਹੈ, ਪਰ ਮੇਰੇ ਢਿੱਡ ਵਿਚ ਬਹੁਤ ਭੁੱਖ ਲੱਗੀ ਹੋਈ ਹੈ" ॥੨੪॥

ਬਿਗਸਿ ਬਦਨ ਤੇ ਬਚਨ ਬਖਾਨਾ। 'ਸਗਰੋ ਨਗਰ ਦਿਯੋ ਮਰਦਾਨਾ।
ਜਹਿਂ ਸੁੰਦਰ ਭੋਜਨ ਕੋ ਪਾਵਹੁ। ਜੋ ਕੁਛ ਚਹੁ ਤਹਿਂਤੇ ਲੇ ਖਾਵਹੁ' ॥੨੫॥

ਗੁਰੂ ਜੀ ਨੇ ਮੁੱਖ ਤੋਂ ਪ੍ਰਸੰਨ ਹੋ ਕੇ ਇਹ ਬਚਨ ਕਿਹਾ, "ਸਾਰਾ ਨਗਰ ਹੀ ਤੈਨੂੰ ਭੋਜਨ ਦੇਵੇਗਾ। ਜਿਥੇ ਸੁੰਦਰ ਭੋਜਨ ਵੇਖੇਂਗਾ, ਜੋ ਕੁਝ ਚਾਹੇ ਲੈ ਕੇ ਖਾਵੇ"॥ ੨੫॥

'ਹੇ ਪ੍ਰਭੁ ! ਪੁਰਿ ਮਹਿਂ ਮੁਝ ਗਹਿਵਾਵਹੁ। ਨਰਨ ਨਿਕਟ ਤੇ ਮਾਰ ਕਰਾਵਹੁ।
ਤਸਕਰ ਲਖਿ ਕਰਿ ਕੈਦ ਮਝਾਰਾ। ਬਾਂਧ ਲੇਹਿਂ ਭਲ ਖਾਉਂ ਅਹਾਰਾ' ॥ ੨੬॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ ! ਨਗਰ ਵਿਚ ਮੈਨੂੰ ਫੜਾਵੋਗੇ ਅਤੇ ਮਰਦਾਂ ਪਾਸੋਂ ਮੈਨੂੰ ਮਾਰ ਪਵਾਉਗੇ। ਚੋਰ ਸਮਝ ਕੇ ਮੈਨੂੰ ਕੈਦ ਕਰ ਲੈਣਗੇ। ਉਹ ਮੈਨੂੰ ਬੰਨ੍ਹ ਲੈਣਗੇ, ਫਿਰ ਮੈਂ ਚੰਗਾ ਭੋਜਨ ਖਾਵਾਂਗਾ"॥ ੨੬॥

'ਗਹੈ ਜੁ ਤੁਝ ਕੋ ਨਗਰ ਮਝਾਰਾ। ਤਹਾਂ ਨਾਮ ਕਹਿ ਦੇਉ ਹਮਾਰਾ।
ਛੋਰਿ ਦੇਹਿਂ, ਖਾਵਹੁ ਮਨ ਭਾਵਾ'। ਅਸ ਸੁਨਿ ਮਰਦਾਨਾ ਹਰਖਾਵਾ ॥੨੭॥

ਗੁਰੂ ਜੀ ਨੇ ਕਿਹਾ, "ਨਗਰ ਵਿਚ ਜੇ ਤੈਨੂੰ ਕੋਈ ਫੜੇ ਤਾਂ ਓਥੇ ਮੇਰਾ ਨਾਂ ਕਹਿ ਦੇਣਾ। ਉਹ ਤੈਨੂੰ ਛੱਡ ਦੇਣਗੇ, ਫਿਰ ਮਨ ਭਾਉਂਦਾ ਖਾਵੀਂ। ਇਹ ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ॥ ੨੭॥

ਗਮਨਜੋ ਤੂਰਨ ਨਗਰ ਮਝਾਰੂ। ਜਹਿਂ ਚੌਪਰ ਜਜੋਂ ਚਾਰੁ ਬਜਾਰੂ।
ਤਹਿਂ ਹਾਟਕ ਕੀ ਹਾਟ ਅਨੇਕਾ। ਜਟੇ ਸੁ ਨਗ, ਕੋ ਕਰਹਿ ਬਿਬੇਕਾ ॥੨੮॥

ਉਹ ਤੁਰੰਤ ਨਗਰ ਵਿਚ ਚਲਾ ਗਿਆ ਅਤੇ ਓਥੇ ਪਹੁੰਚ ਗਿਆ ਜਿਥੇ ਚੌਕ ਸੀ ਅਤੇ ਜਿਥੋਂ ਚਾਰ ਬਜ਼ਾਰਾਂ ਨੂੰ ਰਾਹ ਜਾਂਦਾ ਸੀ। ਓਥੇ ਸੋਨੇ ਦੀਆਂ ਅਨੇਕ ਦੁਕਾਨਾਂ ਸਨ ਜਿਹੜੇ ਸੋਹਣੇ ਨਗ ਜੜ ਕੇ ਸੁੰਦਰ ਗਹਿਣੇ ਬਣਾ ਰਹੇ ਸਨ॥ ੨੮॥

ਚੌਪਈ- ਜਿਨ ਮਹਿਂ ਧਰੀ ਮਿਠਾਈ ਰੂਰੀ। ਕਰਜੋ ਤ੍ਰਿਹਾਵਲ ਪੂਪਨ ਪੂਰੀ।
ਫਿਰਹਿਂ ਮਨੁਜ ਜਹਿਂ ਸੁਰਨ ਸਮਾਨਾ। ਪਟ ਭੂਖਨ ਪਹਿਰੇ ਬਿਧਿ ਨਾਨਾ ॥੨੯॥

ਦੁਕਾਨਾਂ ਵਿਚ ਸੁੰਦਰ ਮਿਠਾਈ ਪਈ ਹੋਈ ਸੀ। ਕੜਾਹ ਪ੍ਰਸ਼ਾਦ, ਪੂੜੇ ਅਤੇ ਪੂੜੀਆਂ ਬਣੀਆਂ ਹੋਈਆਂ ਸਨ। ਮਨੁੱਖ ਓਥੇ ਦੇਵਤਿਆਂ ਵਾਂਗ ਫਿਰ ਰਹੇ ਸਨ। ਉਨ੍ਹਾਂ ਕਈ ਪ੍ਰਕਾਰ ਦੇ ਰੇਸ਼ਮੀ ਕਪੜੇ ਅਤੇ ਸੁੰਦਰ ਗਹਿਣੇ ਪਾਏ ਹੋਏ ਸਨ॥ ੨੯॥

ਪੁਰਿ ਰਚਨਾ ਪਿਖਿ ਕੈ ਮਰਦਾਨਾ। ਹਰਖਤਿ ਹ੍ਵੈ ਉਰ ਮੈਂ ਬਿਸਮਾਨਾ।
ਇਕ ਮਾਨਵ ਕੇ ਜਾਇ ਸਮੀਪਾ। ਬੂਝਜੋ 'ਕੌਨ ਨਾਮ ਅਵਨੀਪਾ ? ॥੩੦॥

ਨਗਰ ਦੀ ਰਚਨਾ ਵੇਖ ਕੇ ਮਰਦਾਨਾ ਬਹੁਤ ਖੁਸ਼ ਹੋਇਆ ਅਤੇ ਉਸ ਦਾ ਮਨ ਅਨੰਦਮਈ ਹੋ ਗਿਆ। ਇਕ ਆਦਮੀ ਦੇ ਉਹ ਨੇੜੇ ਗਿਆ ਅਤੇ ਪੁਛਿਆ, "ਰਾਜੇ ਦਾ ਕੀ ਨਾਂ ਹੈ"॥ ੩੦॥

ਪੁਨ ਇਸ ਪੁਰਿ ਕੋ ਨਾਮ ਬਤਾਵਹੁ। ਮੁਝ ਢਿਗ ਸਰਬ ਬ੍ਰਿਤਾਂਤ ਸੁਨਾਵਹੁ।
ਕਿਹ ਬਿਧਿ ਹੋਤਿ ਇਹਾਂ ਬਿਵਹਾਰਾ ?। ਜਹਿਂ ਕੰਚਨ ਕੇ ਬਨੇ ਬਜਾਰਾ ॥੩੧॥

ਫਿਰ ਇਸ ਨਗਰ ਦਾ ਨਾਮ ਬਤਾਵੋ, ਮੈਨੂੰ ਸਾਰਾ ਬ੍ਰਿਤਾਂਤ ਸੁਣਾਵੋ। ਏਥੇ ਕਿਸ ਤਰ੍ਹਾਂ ਵਿਵਹਾਰ ਹੁੰਦਾ ਹੈ ? ਜਿਹੜੇ ਕਿ ਸਾਰੇ ਬਾਜ਼ਾਰ ਸੋਨੇ ਦੇ ਬਣੇ ਹੋਏ ਹਨ"॥ ੩੧॥

ਤਿਹ ਨਰ ਨੈ ਸੁਨਿ ਬਚਨ ਉਚਾਰਾ। 'ਨਾਮ-ਸੁਰਨਪੁਰ ਪ੍ਰਗਟ ਉਦਾਰਾ।
ਕਵਲ ਨੈਨ ਨ੍ਰਿਪ ਰਾਜਨ ਰਾਜਾ। ਜਿਹ ਸਮ ਦੂਸਰ ਕੋਇ ਨ ਆਜਾ ॥੩੨॥

ਇਹ ਸੁਣ ਕੇ ਉਸ ਆਦਮੀ ਨੇ ਬਚਨ ਕੀਤਾ, "ਇਸ ਨਗਰ ਦਾ ਨਾਮ ਸਵਰਨਪੁਰ ਹੈ, ਜਿਹੜਾ ਬੜਾ ਪ੍ਰਸਿੱਧ ਹੈ। ਕੰਵਲ ਨੈਨ ਰਾਜੇ ਦਾ ਨਾਂ ਹੈ ਜਿਹੜਾ ਕਿ ਰਾਜਿਆਂ ਦਾ ਰਾਜਾ ਹੈ। ਇਹੋ ਜੇਹਾ ਰਾਜਾ ਅੱਜ ਤਕ ਕੋਈ ਨਹੀ ਹੋਇਆ ਹੈ॥ ੩੨॥

ਦੋਹਰਾ- ਨਹੀਂ ਮੋਲ ਕਿਹ ਵਸਤੁ ਕੋ ਜੋ ਚਾਹਤਿ ਸੋ ਲੇਤਿ।
ਮਧੁਰ ਅਸਨ ਜੇ ਹਾਟ ਪਰ ਧਰਮ ਅਰਥ ਸਭਿ ਦੇਤਿ॥ ੩੩॥

ਕਿਸੇ ਚੀਜ਼ ਦਾ ਕੋਈ ਮੁੱਲ ਨਹੀਂ ਹੈ, ਜੋ ਚਾਹੁੰਦੇ ਹਨ ਲੈ ਲੈਂਦੇ ਹਨ। ਹੱਟੀ 'ਤੇ ਜਿਹੜੇ ਮਿੱਠੇ ਪਦਾਰਥ ਹਨ ਸਭ ਧਰਮ ਅਰਥ ਦੇ ਦਿੰਦੇ ਹਨ॥ ੩੩॥

ਚੌਪਈ- ਦੇਸ਼ ਬਿਦੇਸ਼ੀ ਜੋ ਜਿਹ ਚਾਹੀ। ਦੇਤਿ ਬਿਹੀਨ ਮੋਲ ਸਭਿ ਤਾਂਹੀ'।
ਹਰਖਜੋ ਮਰਦਾਨਾ ਬਚ ਭਾਖੇ। 'ਛੁਧਾ ਮੁਝੈ, ਭੋਜਨ ਕੀ ਕਾਂਖੇ ॥ ੩੪ ॥

ਦੇਸ਼ ਅਤੇ ਵਿਦੇਸ਼ ਦੇ ਰਹਿਣ ਵਾਲੇ ਜੋ ਚਾਹੁੰਦੇ ਹਨ, ਕਿਸੇ ਮੁੱਲ ਤੋਂ ਬਗੈਰ ਲੈ ਸਕਦੇ ਹਨ।" ਇਹ ਬਚਨ ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਕਿਹਾ, "ਮੈਨੂੰ ਭੁੱਖ ਲੱਗੀ ਹੈ, ਮੈਂ ਭੋਜਨ ਕਰਨਾ ਚਾਹੁੰਦਾ ਹਾਂ" ॥੩੪॥

ਪਰਦੇਸ਼ੀ ਮੋਕੋ ਲਖਿ ਲੀਜੈ। ਅਪਨੋ ਨਾਮ ਬਤਾਵਨ ਕੀਜੈ'।
ਸੁਨਿ ਕਰਿ ਮਾਨਵ ਬਚਨ ਉਚਾਰਾ। 'ਧਰਮ ਸਿੰਘ ਹੈ ਨਾਮ ਹਮਾਰਾ ॥੩੫॥

ਮੈਨੂੰ ਪਰਦੇਸੀ ਸਮਝ ਲਵੋ ਅਤੇ ਆਪਣਾ ਨਾਂ ਦੱਸ ਦੇਵੋ।" ਇਹ ਸੁਣ ਕੇ ਉਸ ਮਨੁੱਖ ਨੇ ਕਿਹਾ, "ਮੇਰਾ ਨਾਂ ਧਰਮ ਸਿੰਘ ਹੈ॥ ੩੫॥

ਚੌਪਈ- ਜੋ ਇੱਛਾ ਤਵ ਰਿਦੇ ਮਝਾਰਾ। ਲੇ ਦੁਕਾਨ ਤੇ ਖਾਹੁ ਅਹਾਰਾ।
ਇਹ ਠਾਂ ਕਰੈ ਨ ਕੋਊ-ਨਾਂਹੀ। ਦੇਤਿ ਅਮੋਲੀ ਜੋ ਜਿਹ ਪਾਂਹੀ' ॥੩੬॥

ਜੋ ਤੁਹਾਡੇ ਮਨ ਵਿਚ ਇੱਛਾ ਹੈ, ਦੁਕਾਨ ਤੋਂ ਓਹੋ ਭੋਜਨ ਲੈ ਕੇ ਖਾ ਲਵੋ। ਇਹ ਥਾਂ ਕੋਈ ਵੀ ਨਾਂਹ ਨਹੀਂ ਕਰਦਾ, ਜੋ ਵੀ ਕੁਝ ਲੈਂਦਾ ਹੈ, ਮੁੱਲ ਰਹਿਤ ਹੀ ਪ੍ਰਾਪਤ ਕਰਦਾ ਹੈ" ॥ ੩੬॥

ਦੋਹਰਾ- 'ਮੋ ਕੋ ਦੇ ਨਿਜ ਹਾਥ ਸੋਂ ਤਬ ਲੇ ਕਰਿ ਕਛੁ ਖਾਊਂ।
ਬਿਨ ਪਛਾਣ ਕਜੋਂ ਲੇ ਸਕੋਂ, ਮਾਂਗਤਿ ਹੋਂ ਸ਼ਰਮਾਊਂ' ॥ ੩੭॥

ਮਰਦਾਨੇ ਕਿਹਾ, "ਮੈਨੂੰ ਆਪਣੇ ਹੱਥਾਂ ਨਾਲ ਦੇਵੋਗੇ ਤਦ ਲੈ ਕੇ ਕੁਝ ਖਾਵਾਂਗਾ। ਬਿਨਾਂ ਪਛਾਣ ਦੇ ਕਿਵੇਂ ਲੈ ਲਵਾਂਗਾ, ਮੰਗਦਿਆਂ ਵੀ ਮੈਨੂੰ ਸ਼ਰਮ ਆਉਂਦੀ ਹੈ" ॥ ੩੭॥

ਚੌਪਈ- ਧਰਮ ਸਿੰਘ ਸੁਨਿ ਬੈਨ ਉਚਾਰਾ। 'ਹੌਂ ਲੇ ਦੇਵੋਂ ਚਲਹੁ ਅਹਾਰਾ।
ਹੋਇਂ ਔਰ ਜੇਤੇ ਤੁਝ ਸੰਗਾ। ਲੇ ਜਾਵਹੁ ਤਿਨ ਹੇਤ ਨਿਸ਼ੰਗਾ' ॥੩੮॥

ਧਰਮ ਸਿੰਘ ਨੇ ਇਹ ਸੁਣ ਕੇ ਕਿਹਾ, "ਆਓ ਤੁਹਾਨੂੰ ਮੈਂ ਭੋਜਨ ਲੈ ਕੇ ਦਿੰਦਾ ਹਾਂ। ਜੇ ਤੁਹਾਡੇ ਹੋਰ ਵੀ ਸਾਥੀ ਹਨ ਤਾਂ ਉਨ੍ਹਾਂ ਵਾਸਤੇ ਵੀ ਕਿਸੇ ਝਿਜਕ ਤੋਂ ਬਗੈਰ ਭੋਜਨ ਲੈ ਜਾਵੋ" ॥ ੩੮॥

ਤਿਹ ਕੇ ਸੰਗ ਕਹਿਤਿ ਮਰਦਾਨਾ। 'ਸੰਗੀ ਦੋਇ ਕਰੈਂ ਨਹਿਂ ਖਾਨਾ।
ਤੁਮ ਚਲਿ ਕਰਿ ਮੁਝ ਕੋ ਲੇ ਦੀਜੈ। ਛੁਧਾ ਉਦਰ ਬਹੁ ਦੂਰ ਕਰੀਜੈ ॥੩੯॥

ਉਸ ਨੂੰ ਮਰਦਾਨਾ ਕਹਿਣ ਲੱਗਾ, "ਮੇਰੇ ਨਾਲ ਦੋ ਸਾਥੀ ਹਨ, ਪਰ ਉਹ ਦੋਵੇਂ ਭੋਜਨ ਨਹੀਂ ਛੱਕਦੇ। ਤੁਸੀਂ ਚਲ ਕੇ ਮੈਨੂੰ ਭੋਜਨ ਲੈ ਦੇਵੋ, ਮੇਰੇ ਢਿੱਡ ਵਿਚ ਬਹੁਤ ਭੁੱਖ ਲੱਗੀ ਹੈ, ਉਸ ਨੂੰ ਮੈਂ ਦੂਰ ਕਰਾਂ" ॥ ੩੯॥

ਅਸ ਕਹਿ ਆਗੈ ਕੀਨ ਪਯਾਨਾ। ਠਾਂਢੇ ਭੇ ਇਕ ਜਾਇ ਦੁਕਾਨਾ।
ਧਰਮ ਸਿੰਘ ਕਹਿ ਕੈ ਤਿਸ ਤਾਂਈ। ਅਸਨ ਦਿਵਾਯੋ ਸੇਰ ਅਢਾਈ ॥੪੦॥

ਇਹ ਕਹਿ ਕੇ ਅੱਗੇ ਚਲ ਪਏ ਅਤੇ ਇਕ ਦੁਕਾਨ ਅੱਗੇ ਜਾ ਕੇ ਖੜੇ ਹੋ ਗਏ। ਧਰਮ ਸਿੰਘ ਨੇ ਦੁਕਾਨ ਵਾਲੇ ਨੂੰ ਕਿਹਾ ਕਿ ਢਾਈ ਸੇਰ ਭੋਜਨ ਦੇ ਦੇਵੋ॥ ੪੦॥

ਸੁ ਪ੍ਰਸੰਨ ਖਾਵਹਿ ਮਰਦਾਨਾ। ਉਦਰ ਅਘਾਇ ਪਿਯੋ ਪੁਨ ਪਾਨਾ।
ਬਹੁਰ ਨਗਰ ਕੋ ਫਿਰ ਕਰਿ ਦੇਖਾ। ਭਯੋ ਰਿਦੇ ਜਿਹ ਹਰਖ ਵਿਸ਼ੇਖਾ ॥੪੧॥

ਮਰਦਾਨੇ ਨੇ ਫਿਰ ਪ੍ਰਸੰਨ ਹੋ ਕੇ ਭੋਜਨ ਛੱਕਿਆ ਅਤੇ ਜਦ ਪੇਟ ਭਰ ਗਿਆ ਤਾਂ ਬਾਅਦ ਵਿਚ ਪਾਣੀ ਪੀਤਾ। ਫਿਰ ਸਾਰੇ ਨਗਰ ਨੂੰ ਫਿਰ ਕੇ ਵੇਖਿਆ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੪੧॥

ਚਤੁਰ ਘਟੀ ਮਹਿਂ ਸਰਬ ਨਿਹਰਿਕੈ। ਸ੍ਰੀ ਗੁਰੁ ਢਿਗ ਗਮਨਜੋ ਫਿਰ ਮੁਰਿਕੈ।

ਦੇਖਿ ਦੂਰ ਤੇ ਸ੍ਰੀ ਗੁਨਖਾਨੀ। ਮਰਦਾਨੇ ਸੰਗ ਬੋਲੇ ਬਾਨੀ॥ ੪੨ ॥

ਚਾਰ ਘੜੀਆਂ ਵਿਚ ਸਭ ਕੁਝ ਵੇਖ ਕੇ, ਮਰਦਾਨਾ ਫਿਰ ਮੁੜ ਕੇ ਗੁਰੂ ਜੀ ਪਾਸ ਪਹੁੰਚ ਗਿਆ। ਦੂਰ ਤੋਂ ਹੀ ਮਰਦਾਨੇ ਨੂੰ ਵੇਖ ਕੇ ਗੁਰੂ ਜੀ ਨੇ ਇਹ ਬਚਨ ਕਹੇ॥ ੪੨ ॥

'ਕਹਹੁ ਨਗਰ ਕਿਸ ਬਿਧਿ ਕੋ ਦੇਖਾ। ਮੁਖ ਪੰਕਜ ਸੋ ਖਿਰਜੋ ਬਿਸ਼ੇਖਾ।
ਭਰਜੋ ਹਰਖ ਸੋਂ ਹਿਰਦਾ ਤੋਹੀ। ਅਸਨ ਸੰਗ ਤ੍ਰਿਪਤਜੋ ਬਹੁ ਹੋਹੀ ?' ॥੪੩ ॥

"ਸੁਣਾਓ ਕਿਸ ਤਰ੍ਹਾਂ ਦਾ ਨਗਰ ਵੇਖਿਆ, ਤੇਰਾ ਮੁਖੜਾ ਖ਼ੁਸ਼ੀ ਨਾਲ ਖਿੜ ਉਠਿਆ ਹੈ। ਤੇਰਾ ਹਿਰਦਾ ਹੁਣ ਪ੍ਰਸੰਨ ਹੋ ਗਿਆ ਹੈ। ਭੋਜਨ ਖਾ ਕੇ ਬਹੁਤ ਤ੍ਰਿਪਤ ਹੋਇਆ ਜਾਪਦਾ ਹੈਂ" ॥ ੪੩ ॥

ਚੌਪਈ- 'ਸੁਨਹੁ ਪ੍ਰਭੂ ਕਥਾ ਕਰੌਂ ਬਖਾਨਾ। ਕਬਹਿ ਨ ਦੇਖਾ ਇਹ ਸਮ ਥਾਨਾ।
ਕੰਚਨ ਕੀ ਨਗਰੀ ਬਰ ਮੰਦਰ। ਬਨੇ ਬਨਾਏ ਭੋਜਨ ਸੁੰਦਰ॥ ੪੪ ॥

ਮਰਦਾਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਮੈਂ ਇਸ ਨੂੰ ਕਿਵੇਂ ਬਿਆਨ ਕਰਾਂ। ਮੈਂ ਅਜਿਹਾ ਥਾਂ ਅੱਜ ਤਕ ਜ਼ਿੰਦਗੀ ਵਿਚ ਕਿਤੇ ਨਹੀਂ ਵੇਖਿਆ। ਇਹ ਤਾਂ ਸੋਨੇ ਦੀ ਨਗਰੀ ਹੈ ਅਤੇ ਸ੍ਰੇਸ਼ਟ ਘਰ ਬਣੇ ਹੋਏ ਹਨ। ਬਣਿਆ ਬਣਾਇਆ ਸੁੰਦਰ ਭੋਜਨ ਮਿਲਦਾ ਹੈ॥ ੪੪ ॥

ਸਕੁਲੀ ਪੂਪ ਤਿਹਾਵਲ ਪੂਰੀ। ਸਰਬ ਪਾਕ ਰਾਖੇ ਬਿਧਿ ਰੂਰੀ।
ਮੋਦਕ, ਖੁਰਮੇ ਬਹੁ ਮਿਸ਼ਟਾਨਾ। ਨੁਕਤੀ ਆਦਿ ਅਨਿਕ ਪਕਵਾਨਾ ॥੪੫ ॥

ਜਲੇਬੀ, ਪੂੜੇ ਅਤੇ ਕੜਾਹ ਪੂਰੀ, ਸਾਰੇ ਖਾਣੇ ਸੁੰਦਰ ਢੰਗ ਨਾਲ ਰੱਖੇ ਹੋਏ ਹਨ। ਲੱਡੂ, ਰਸਗੁੱਲੇ ਅਤੇ ਬਹੁਤ ਮਿਠਾਈ, ਬੂੰਦੀ ਆਦਿ ਕਈ ਪਕਵਾਨ ਬਣਾਏ ਹੋਏ ਹਨ॥ ੪੫ ॥

ਦੋਹਰਾ- ਦੇ ਬਿਨ ਮੋਲ ਅਹਾਰ ਕੋ ਜੈਸੀ ਰੁਚਿ ਜਿਹ ਹੋਇ।
ਏਕ ਮਨੁਜ ਮੋਕੋ ਮਿਲਾ ਸ਼ੁਭ ਸੁਭਾਇ ਜਿਹ ਕੋਇ॥ ੪੬ ॥

ਬਿਨਾਂ ਮੁੱਲ ਤੋਂ ਭੋਜਨ ਦਿੰਦੇ ਹਨ, ਜਿਵੇਂ ਕਿਸੇ ਦੀ ਰੁਚੀ ਹੋਵੇ ਜੋ ਮਰਜ਼ੀ ਲੈ ਸਕਦਾ ਹੈ। ਇਕ ਮਨੁੱਖ ਮੈਨੂੰ ਮਿਲਿਆ ਸੀ, ਜਿਸ ਦਾ ਸੁਭਾਅ ਬਹੁਤ ਚੰਗਾ ਸੀ॥ ੪੬ ॥

ਚੌਪਈ- ਤਿਹ ਭੋਜਨ ਬਹੁ ਮੁਝੈ ਦਿਵਾਯਾ। ਇਸ ਬਿਧਿ ਮੁਖ ਤੇ ਵਾਕ ਅਲਾਯਾ।
ਜੇਤੇ ਔਰ ਅਹੈਂ ਤੁਝ ਸੰਗਾ। ਤਿਨ ਅਹਾਰ ਲੇ ਜਾਹੁ ਨਿਸ਼ੰਗਾ॥ ੪੭ ॥

ਉਸ ਨੇ ਮੈਨੂੰ ਬਹੁਤ ਭੋਜਨ ਦਿਵਾਇਆ ਅਤੇ ਇਸ ਤਰ੍ਹਾਂ ਮੈਨੂੰ ਕਿਹਾ, ਜਿਹੜੇ ਤੇਰੇ ਹੋਰ ਵੀ ਸਾਥੀ ਸੰਗੀ ਹਨ ਉਨ੍ਹਾਂ ਵਾਸਤੇ ਨਿਸ਼ੰਗ ਭੋਜਨ ਲੈ ਜਾਵੇਂ॥ ੪੭ ॥

ਮੈਂ ਭਾਖੀ-ਹੈਂ ਸੰਗੀ ਦੋਊ। ਨਹਿੰ ਖਾਵਤਿ ਸੰਤੋਖੀ ਸੋਊ।
ਪ੍ਰਿਥਮੈ ਤ੍ਰਿਪਤਜੋ ਖਾਇ ਅਹਾਰਾ। ਪੁਨ ਫਿਰ ਕੈ ਸਭਿ ਨਗਰ ਨਿਹਾਰਾ ॥੪੮ ॥

ਮੈਂ ਉਸ ਨੂੰ ਕਿਹਾ ਸੀ ਮੇਰੇ ਨਾਲ ਦੋ ਸਾਥੀ ਹਨ, ਪਰ ਉਹ ਭੋਜਨ ਨਹੀਂ ਛਕਦੇ, ਸੰਤੋਖ ਕਰਕੇ ਨਿਰਾਹਾਰ ਰਹਿੰਦੇ ਹਨ। ਪਹਿਲਾਂ ਮੈਂ ਭੋਜਨ ਛੱਕ ਕੇ ਤ੍ਰਿਪਤ ਹੋਇਆ, ਬਾਅਦ ਵਿਚ ਫਿਰ ਸਾਰੇ ਨਗਰ ਨੂੰ ਵੇਖਿਆ" ॥ ੪੮ ॥

ਸੁਨਿ ਯੌਂ ਬਿਗਸੇ ਦੀਨ ਨਿਵਾਜੂ। 'ਕਰਜੋ ਭਲਾ ਮਰਦਾਨੇ ਕਾਜੂ।
ਭਯੋ ਤੋਰ ਮਨਭਾਵਨ ਸਭਿ ਹੀ। ਬੈਸਹੁ ਗਾਉਂ ਸ਼ਬਦ ਕੋ ਅਬ ਹੀ ॥੪੯ ॥

ਹੁਣ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਮਰਦਾਨੇ ! ਤੂੰ ਭਲਾ ਕਾਰਜ ਕੀਤਾ ਹੈ। ਸਭ ਕੁਝ ਹੀ ਤੇ ਮਨ-ਭਾਉਂਦਾ ਹੋਇਆ ਹੈ। ਹੁਣ ਬੈਠੋ ਮੈਂ ਸ਼ਬਦ ਦਾ ਗਾਇਨ ਕਰਦਾ ਹਾਂ" ॥ ੪੯ ॥

ਬੈਠਿ ਗਯੋ ਬੂਝਤਿ ਪੁਨ ਐਸੇ। 'ਇਹ ਪੁਰਿਕਰਮ ਕਰਤਿ ਨਰ ਕੈਸੇ।
ਸਰਬ ਅਮੋਲੇ ਸੁਖ ਜਿਨ ਪਾਸੂ। ਜੇ ਨਿਸਬਾਸੁਰ ਕਰਤਿ ਬਿਲਾਸੂ ॥੫੦॥

ਮਰਦਾਨਾ ਬੈਠ ਗਿਆ ਤੇ ਫਿਰ ਪੁਛਣ ਲੱਗਾ, "ਇਸ ਨਗਰ ਵਿਚ ਮਰਦ ਕਿਸ ਤਰ੍ਹਾਂ ਕੰਮ ਕਰਦੇ ਹਨ, ਜਿਨ੍ਹਾਂ ਪਾਸ ਸਾਰੇ ਸੁਖ ਬਗੈਰ ਮੁੱਲ ਦੇ ਪ੍ਰਾਪਤ ਹੋ ਜਾਂਦੇ ਹਨ ਅਤੇ ਜਿਹੜੇ ਰਾਤ ਦਿਨ ਐਸ਼ ਕਰਦੇ ਹਨ" ॥ ੫੦ ॥

ਚੌਪਈ- ਸ੍ਰੀ ਨਾਨਕ ਕਹਿਂ 'ਸੁਨਿ ਮਰਦਾਨੇ। ਇਹਾਂ ਨ ਕੋਊ ਝੂਠ ਬਖਾਨੇ।
ਧਰਮਕਲਾ ਇਹ ਥਾਨ ਬਿਸਾਲਾ। ਸਰਬ ਦੇਸ਼ ਤੇ ਪਾਪ ਨਿਕਾਲਾ॥੫੧॥

ਗੁਰੂ ਨਾਨਕ ਜੀ ਨੇ ਕਿਹਾ, "ਹੇ ਮਰਦਾਨੇ ! ਸੁਣ, ਇਥੇ ਕੋਈ ਝੂਠ ਨਹੀਂ ਬੋਲਦਾ। ਇਹ ਥਾਂ ਵਿਸ਼ਾਲ ਧਰਮ ਕਲਾ ਵਾਲਾ ਹੈ। ਸਾਰੇ ਦੇਸ਼ ਵਿਚੋਂ ਪਾਪ ਨੂੰ ਬਾਹਰ ਕੱਢ ਦਿੱਤਾ ਹੈ॥ ੫੧॥

ਸਤਿ ਸੰਤੋਖ ਰਖਹਿਂ ਉਰ ਧਾਰੀ। ਕਰਤਿ ਨਹੀਂ ਮੈਥਨ ਨਰ ਨਾਰੀ।
ਦ੍ਰਿਸ਼ਟਿ ਭੋਗ ਕੀ ਇਹਨਾਂ ਰੀਤੀ। ਪੁੰਨ ਬਿਖੈ ਸਭਿਹਿਨਿ ਕੀ ਪ੍ਰੀਤੀ ॥੫੨॥

ਹਿਰਦੇ ਵਿਚ ਸੱਚ ਅਤੇ ਸੰਤੋਖ ਧਾਰਨ ਕਰਕੇ ਰੱਖਦੇ ਹਨ। ਇਥੇ ਨਰ ਨਾਰੀ ਆਪਸ ਵਿਚ ਭੋਗ ਨਹੀ ਕਰਦੇ, ਇਥੇ ਦ੍ਰਿਸ਼ਟੀ-ਭੋਗ ਦੀ ਰੀਤੀ ਚਲਦੀ ਹੈ। ਪੁੰਨ ਦਾਨ ਨਾਲ ਸਭ ਦੀ ਪ੍ਰੀਤ ਹੈ" ॥ ੫੨ ॥

ਮਰਦਾਨੇ ਤਬ ਵਾਕ ਅਲਾਯੋ। 'ਅਚਰਜ ਹੀ ਬਿਰਤੰਤ ਸੁਨਾਯੋ।
ਸਭਿਹੀ ਰੀਤਿ ਨਵੀਨ ਬਤਾਈ। ਦੇਖੀ ਸੁਨੀ ਨ ਮੈਂ ਕਿਹ ਥਾਂਈ' ॥੫੩॥

ਮਰਦਾਨੇ ਫਿਰ ਕਿਹਾ, "ਤੁਸੀਂ ਅਸਚਰਜ ਬਿਰਤਾਂਤ ਸੁਣਾਇਆ ਹੈ। ਸਾਰੀ ਰੀਤੀ ਹੀ ਨਵੀਂ ਦੱਸੀ ਹੈ। ਮੈਂ ਤਾਂ ਇਹ ਕਿਤੇ ਵੀ ਵੇਖੀ ਸੁਣੀ ਨਹੀਂ ਹੈ" ॥ ੫੩ ॥

ਗੁਰੂ ਕਹੈਂ 'ਅਚਰਜ ਕਰਤਾਰਾ। ਏਕੰਕਾਰ ਬਿਅੰਤ ਅਪਾਰਾ।
ਅਚਰਜ ਹੀ ਸਭਿ ਚਰਿਤ ਤਿਸੂ ਕੇ। ਸਮਝ ਨ ਆਵਹਿਂ ਰਿਦੇ ਕਿਸੂ ਕੇ ॥੫੪॥

ਗੁਰੂ ਜੀ ਨੇ ਕਿਹਾ, "ਕਰਤਾਰ ਅਸਚਰਜ ਹੈ, ਏਕੰਕਾਰ ਵਾਹਿਗੁਰੂ ਬੇਅੰਤ ਅਤੇ ਅਪਾਰ ਹੈ। ਉਸ ਦੇ ਸਾਰੇ ਚਰਿਤਰ ਵੀ ਅਸਚਰਜ ਹਨ। ਉਹ ਕਿਸੇ ਦੇ ਵੀ ਚਿਤ ਵਿਚ ਸਮਝ ਨਹੀਂ ਆ ਸਕਦੇ॥ ੫੪ ॥

ਦੋਹਰਾ- ਪਰਮਾਣੂ ਸਮ ਦੇਖਿ ਨਰ ਅਫਰਤਿ ਹੈਂ ਉਰ ਮਾਂਹਿ।
ਓਛੇ ਕਲਾ ਦਿਖਾਵਹੀਂ ਜਰੀ ਜਾਤ ਘਟ ਨਾਂਹਿ॥ ੫੫॥

ਆਪਣੇ ਆਪ ਨੂੰ ਨਿਕੇ ਤੋਂ ਨਿਕੇ ਕਿਣਕੇ ਬਰਾਬਰ ਵੇਖ ਕੇ ਵੀ ਮਨੁੱਖ ਹਿਰਦੇ ਵਿਚ ਆਕੜਦੇ ਹਨ। ਹੋਛੇ ਕਰਾਮਾਤਾਂ ਦਿਖਾਉਂਦੇ ਹਨ ਅਤੇ ਦਿਲ ਵਿਚ ਜਰ ਨਹੀਂ ਸਕਦੇ॥ ੫੫॥

ਚੌਪਈ- ਕਲੀਕਾਲ ਮੇਂ ਇਹ ਸਮ ਰਾਜਾ। ਦੂਸਰ ਔਰ ਨ ਕੋਊ ਸਾਜਾ।
ਭੂਪ ਸਪਤਦਸ ਮਾਨਹਿਂ ਆਨਾ। ਧਰਮਵੰਤ ਗੁਨਵਾਨ ਮਹਾਨਾ ॥੫੬॥

ਕਲਿਜੁਗ ਵਿਚ ਇਸ ਦੇ ਬਰਾਬਰ ਹੋਰ ਕੋਈ ਦੂਸਰਾ ਸ੍ਰੇਸ਼ਟ ਰਾਜਾ ਨਹੀਂ ਹੋਇਆ ਹੈ। ਸਤਾਰਾਂ ਰਾਜੇ ਇਸ ਦੀ ਈਨ ਮੰਨਦੇ ਹਨ, ਇਹ ਮਹਾਨ ਗੁਣਵਾਨ ਅਤੇ ਧਰਮੀ ਰਾਜਾ ਹੈ" ॥ ੫੬ ॥

ਸੁਨਿ ਕਰਿ ਕਹਿਨ ਲਗਾ ਮਰਦਾਨਾ। 'ਇਹ ਠਾਂ ਰਹਹੁ ਕਰਹੁ ਗੁਜਰਾਨਾ।
ਥਾਨ ਬਿਲੋਕਹੁ ਵਡ ਰਮਣੀਕਾ। ਬਨਜੋ ਬਨਾਯੋ ਭੋਜਨ ਨੀਕਾ' ॥੫੭॥

ਇਹ ਸੁਣ ਕੇ ਮਰਦਾਨਾ ਕਹਿਣ ਲੱਗਾ, "ਇਸ ਥਾਂ ਰਹਿ ਕੇ ਗੁਜ਼ਰਾਨ ਕਰੋ, ਵੱਡੀ ਰਮਣੀਕ ਥਾਂ ਵੇਖੀ ਹੈ। ਬਣਿਆ ਬਣਾਇਆ ਚੰਗਾ ਭੋਜਨ ਮਿਲਦਾ ਹੈ"॥ ੫੭॥

ਚੌਪਈ- ਸ੍ਰੀ ਗੁਰੁ ਕਹੈਂ 'ਨ ਹਮ ਕਰ ਮਾਂਹੀ। ਜਹਿਂ ਕਰਤਾਰ ਲਿਜਾਵਹਿ, ਜਾਂਹੀ'।
ਅਸ ਕਹਿ ਤੂਸ਼ਨ ਭੇ ਜਗ ਸਾਈਂ। ਜਿਨ ਕੇ ਦਰਸ਼ਨ ਕਲੁਖ ਨਸਾਈਂ॥੫੮॥

ਸ੍ਰੀ ਗੁਰੂ ਜੀ ਨੇ ਕਿਹਾ, "ਅਸੀਂ ਆਪ ਕੁਝ ਨਹੀਂ ਕਰ ਸਕਦੇ, ਜਿਥੇ ਕਰਤਾਰ ਲੈ ਜਾਵੇਗਾ, ਚਲੇ ਜਾਵਾਂਗੇ।" ਇਹ ਕਹਿ ਕੇ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਨੱਸ ਜਾਂਦੇ ਹਨ, ਚੁਪ ਹੋ ਗਏ॥ ੫੮॥

ਸਪਤ ਦਿਵਸ ਬੈਸੇ ਤਹਿਂ ਬੀਤੇ। ਨਾਮ ਲਏ ਜਿਹ ਜਮ ਭੈ ਭੀਤੇ।
ਦੋਨੋ ਕਾਲ ਜਾਇ ਮਰਦਾਨਾ। ਪੁਰਿ ਮਹਿਂ ਜਾਚਹਿ ਭੋਜਨ ਖਾਨਾ॥੫੯॥

ਗੁਰੂ ਜੀ, ਜਿਨ੍ਹਾਂ ਦਾ ਨਾਮ ਲੈਣ ਨਾਲ ਹੀ ਜਮ ਭੈਭੀਤ ਹੋ ਜਾਂਦੇ ਹਨ, ਦੇ ਓਥੇ ਬੈਠਿਆਂ ਸੱਤ ਦਿਨ ਬੀਤ ਗਏ। ਮਰਦਾਨਾ ਸਵੇਰੇ ਅਤੇ ਸ਼ਾਮ ਨੂੰ ਦੋਵੇਂ ਵੇਲੇ ਨਗਰ ਵਿਚ ਜਾਂਦਾ ਸੀ ਅਤੇ ਮੰਗ ਕੇ ਭੋਜਨ ਖਾ ਆਉਂਦਾ ਸੀ॥ ੫੯॥

ਜਿਹ ਦੁਕਾਨ ਕੇ ਜਾਇ ਅਗਾਰੇ। ਜਾਚੇ ਤੇ ਸੋ ਅਸਨ ਖੁਵਾਰੇ।
ਪੂਪ ਪੂਰਿਕਾ ਆਦਿ ਅਹਾਰਾ। ਖਾਇ ਖਾਇ ਹ੍ਵੈ ਹਰਖ ਅਪਾਰਾ॥੬੦॥

ਜਿਸ ਦੁਕਾਨ ਦੇ ਅੱਗੇ ਜਾ ਕੇ ਭੋਜਨ ਮੰਗ ਕੇ ਖਾਂਦਾ ਸੀ, ਪੂੜੇ, ਪੂੜੀਆਂ ਆਦਕ ਦਾ ਆਹਾਰ ਕਰਦਾ ਸੀ ਅਤੇ ਖਾ ਖਾ ਕੇ ਬਹੁਤ ਪ੍ਰਸੰਨ ਹੁੰਦਾ ਸੀ॥ ੬੦॥

ਧਰਮ ਸਿੰਘ ਮਿਲਿਓ ਇਕ ਦਿਨ ਤਬ। ਬੂਝਤਿ ਭਾ 'ਸੰਗੀ ਜੋ ਤਵ ਬਿਬ।
ਨਗਰ ਬਿਖੇ ਦੇਖੇ ਕਬਿ ਨਾਹੀ। ਕਿਹਤੇ ਲੇ ਭੋਜਨ ਸੋ ਖਾਹੀਂ ?'॥੬੧॥

ਇਕ ਦਿਨ ਉਸ ਦੁਕਾਨ ਤੇ ਉਸ ਨੂੰ ਧਰਮ ਸਿੰਘ ਮਿਲਿਆ। ਪੁੱਛਣ ਲੱਗਾ, "ਤੇਰੇ ਜੋ ਦੋ ਸਾਥੀ ਹਨ, ਉਹ ਕਦੇ ਨਗਰ ਵਿਚ ਨਹੀਂ ਵੇਖੇ। ਉਹ ਭੋਜਨ ਕਿਸ ਤੋਂ ਲੈ ਕੇ ਖਾਂਦੇ ਹਨ ?"॥ ੬੧॥

'ਹੈਂ ਸੰਤੋਖੀ ਸੋ ਨਹਿਂ ਆਵੈਂ। ਭਾਉ ਸੰਗ ਲੇਜਾਇ ਤ ਖਾਵੈਂ।
ਯੌਂ ਨ ਖਾਇਂ ਰਹਿਂ ਪੌਨ ਅਹਾਰੀ। ਬੈਠਿ ਰਹੈਂ ਸੋ ਬਾਗ਼ ਮਝਾਰੀ'॥੬੨॥

ਮਰਦਾਨੇ ਕਿਹਾ, "ਉਹ ਸੰਤੋਖੀ ਹਨ, ਇਸ ਕਰਕੇ ਨਹੀਂ ਆਉਂਦੇ ਹਨ। ਜੇ ਕੋਈ ਪ੍ਰੇਮ ਪਿਆਰ ਨਾਲ ਲੈ ਜਾਵੇ ਤਾਂ ਖਾ ਲੈਂਦੇ ਹਨ। ਉਸ ਤਰ੍ਹਾਂ ਨਹੀਂ ਖਾਂਦੇ ਹਨ ਅਤੇ ਪਉਣ ਅਹਾਰੀ ਰਹਿੰਦੇ ਹਨ। ਉਹ ਇਕ ਬਾਗ਼ ਦੇ ਵਿਚ ਬੈਠੇ ਹਨ"॥ ੬੨॥

ਸੁਣਿ ਕਰਿ ਧਰਮ ਸਿੰਘ ਚਿਤ ਠਾਨੇ। ਦੇਖੇ ਚਹਿਯੇ ਸੰਤ ਮਹਾਨੇ।
ਪੰਜ ਸੇਰ ਬਰ ਭੋਜਨ ਲੀਨੋ। ਗੁਰੁ ਮਿਲਨੇ ਹਿਤ ਆਵਨ ਕੀਨੋ॥੬੩॥

ਇਹ ਸੁਣ ਕੇ ਧਰਮ ਸਿੰਘ ਨੇ ਮਨ ਵਿਚ ਇਹ ਗੱਲ ਪੱਕੀ ਕਰ ਲਈ ਕਿ ਇਨ੍ਹਾਂ ਮਹਾਨ ਸੰਤਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ। ਉਸ ਪੰਜ ਸੇਰ ਸ੍ਰੇਸ਼ਟ ਭੋਜਨ ਲਿਆ, ਅਤੇ ਗੁਰੂ ਜੀ ਨੂੰ ਮਿਲਣ ਖਾਤਰ ਓਥੇ ਆ ਗਿਆ॥ ੬੩॥

ਜਹਿਂ ਬੈਸੇ ਬੇਦੀ ਕੁਲਦੀਪਾ। ਚਲਿ ਕਰਿ ਪਹੁਚਜੋ ਜਬਹਿ ਸਮੀਪਾ।
ਦੂਸਰ ਸੰਗਿ ਹੁਤੋ ਮਰਦਾਨਾ। ਬੰਦੇ ਪਦ ਹ੍ਵੈ ਦੀਨ ਮਹਾਨਾ॥ ੬੪॥

ਜਿਥੇ ਗੁਰੂ ਜੀ ਬੈਠੇ ਸਨ, ਜਦ ਉਥੇ ਮਰਦਾਨੇ ਨੂੰ ਨਾਲ ਲੈ ਕੇ ਪੁਹੰਚਿਆ ਤਾਂ ਧਰਮ ਸਿੰਘ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੬੪॥

ਰਾਖਜੋ ਭੋਜਨ ਗੁਰੁ ਅਗਾਰੀ। 'ਅਚਹੁ ਸੰਤ! ਲਿਹੁ ਭੇਟ ਹਮਾਰੀ।
ਰਾਵਰ ਕੀ ਮਹਿਮਾ ਸੁਨਿ ਆਵਾ। ਮਹਾਂ ਮੋਹ ਬਨਕੋ ਤੁਮ ਦਾਵਾ॥੬੫॥

ਗੁਰੂ ਜੀ ਅੱਗੇ ਭੋਜਨ ਰਖਿਆ ਅਤੇ ਕਿਹਾ, "ਹੇ ਸੰਤ ਜੀ! ਮੈਂ ਭੋਜਨ ਭੇਟ ਦੇ ਤੌਰ ਤੇ ਲੈ ਕੇ ਆਇਆ ਹਾਂ, ਇਸ ਨੂੰ ਛਕੋ। ਆਪ ਦੀ ਮਹਿਮਾ ਸੁਣ ਕੇ ਆਇਆ ਹਾਂ। ਵੱਡੇ ਮੋਹ ਰੂਪੀ ਜੰਗਲ ਲਈ ਤੁਸੀਂ ਦਾਵਾਨਲ (ਭਾਵ ਵਣ ਅਗਨੀ) ਹੋ"॥ ੬੫॥

ਦੋਹਰਾ- ਧਰਮ ਸਿੰਘ ਕੋ ਦੇਖਿ ਕਰਿ ਬੋਲੰ ਕਰੁਨਾ ਭੋਨ।
'ਕਿਹ ਨੈ ਪਠਾ ਅਹਾਰ ਇਹੁ, ਕਹਹੁ ਅਹਹੁ ਤੁਮ ਕੌਨ?॥ ੬੬॥

ਧਰਮ ਸਿੰਘ ਨੂੰ ਵੇਖ ਕੇ ਕਿਰਪਾ ਦੇ ਭਵਨ ਭਾਵ ਗੁਰੂ ਜੀ ਬੋਲੇ, "ਇਹ ਭੋਜਨ ਕਿਸ ਨੇ ਭੇਜਿਆ ਹੈ, ਸਾਨੂੰ ਦੱਸੋ ਤੁਸੀਂ ਕੌਣ ਹੁੰਦੇ ਹੋ?॥ ੬੬॥

ਚੌਪਈ- ਕੌਨ ਪ੍ਰਯੋਜਨ ਕੇ ਹਿਤ ਆਵਾ?। ਕਰਹੁ ਸਰਬ ਬਿਰਤਾਂਤ ਸੁਨਾਵਾ।
ਹਾਥ ਬੰਦਿ ਤਿਨ ਬਚਨ ਬਖਾਨਾ। 'ਸੁਨਹੁ ਸੰਤ ਜੀ! ਤੁਮ ਗਤਿਦਾਨਾ॥੬੭॥

ਕਿਸ ਪ੍ਰਯੋਜਨ ਹਿਤ ਇਥੇ ਆਏ ਹੋ? ਸਾਨੂੰ ਸਾਰਾ ਬਿਰਤਾਂਤ ਸੁਣਾਉ।" ਹੱਥ ਜੋੜ ਕੇ ਧਰਮ ਸਿੰਘ ਨੇ ਬਚਨ ਕੀਤਾ, "ਹੇ ਸੰਤ ਜੀ! ਸੁਣੋ, ਤੁਸੀਂ ਮੁਕਤੀਦਾਤੇ ਹੋ॥ ੬੭॥

ਸਪਤ ਦਿਵਸ ਬੀਤੇ ਤੁਮ ਆਏ। ਨਗਰ ਵਿਖੇ ਨਿਜ ਚਰਨ ਨ ਪਾਏ।
ਲੇ ਕੀਨੋ ਨਹਿਂ ਖਾਨ ਅਹਾਰਾ। ਬੈਸ ਰਹੇ ਉਦਿਆਨ ਮਝਾਰਾ॥ ੬੮॥

ਸੱਤ ਦਿਨ ਤੁਹਾਨੂੰ ਇਥੇ ਆਇਆਂ ਨੂੰ ਹੋ ਗਏ ਹਨ। ਨਗਰ ਵਿਚ ਤੁਸੀਂ ਆਪਣੇ ਚਰਨ ਨਹੀਂ ਪਾਏ ਅਤੇ ਨਾ ਹੀ ਭੋਜਨ ਛਕਿਆ ਹੈ। ਇਸ ਜੰਗਲ ਵਿਚ ਹੀ ਬੈਠੇ ਰਹੇ ਹੋ॥ ੬੮॥

ਸੁਨਿ ਰਾਵਰ ਕੀ ਸੁਧ ਇਸ ਰੀਤੀ। ਮੈਂ ਆਨਜੋ ਭੋਜਨ ਜੁਤਿ ਪ੍ਰੀਤੀ।
ਕਵਲਨੈਨ ਹੈ ਨਗਰ ਭੁਵਾਲਾ। ਧਰਮਵਾਨ ਨਿਰਮਾਨ ਬਿਸਾਲਾ॥੬੯॥

ਆਪ ਜੀ ਦੀ ਇਹ ਸ਼ੁੱਧ ਰੀਤੀ ਸੁਣ ਕੇ ਮੈਂ ਪ੍ਰੇਮ ਨਾਲ ਇਹ ਭੋਜਨ ਲਿਆਇਆ ਹਾਂ। ਨਗਰ ਦਾ ਰਾਜਾ ਕਵਲਨੈਨ ਹੈ, ਉਹ ਬੜਾ ਧਰਮਵਾਨ ਅਤੇ ਹੰਕਾਰ ਤੋਂ ਰਹਿਤ ਹੈ॥ ੬੯॥

ਨਿਜ ਬਲ ਪਰ ਕੋ ਨਹੀਂ ਜਨਾਵੈ। ਕਿਸੂ ਰੀਤਿ ਸੋਂ ਕਿਹ ਨ ਦੁਖਾਵੈ।
ਸਭਿ ਕੋ ਜਾਨਹਿ ਆਪ ਸਮਾਨਾ। ਸਹਿਨਸ਼ੀਲ ਜਨੁ ਕਰੁਨਾ ਖਾਨਾ॥੭੦॥

ਆਪਣਾ ਨਿਜੀ ਬਲ ਦੂਸਰਿਆਂ ਨੂੰ ਨਹੀਂ ਵਿਖਾਉਂਦਾ। ਕਿਸੇ ਵੀ ਰੀਤੀ ਨਾਲ ਕਿਸੇ ਨੂੰ ਦੁਖੀ ਨਹੀਂ ਕਰਦਾ। ਸਾਰਿਆਂ ਨੂੰ ਆਪਣਾ ਸਮਝਦਾ ਹੈ। ਬਹੁਤ ਸਹਿਨਸ਼ੀਲ ਹੈ, ਮਾਨੋ ਕਿਰਪਾ ਦੀ ਖਾਨ ਹੈ॥ ੭੦॥

ਦੋਹਰਾ- ਭੂਪ ਸਪਤਦਸ ਆਪ ਹੀ ਮਾਨਹਿਂ ਇਸ ਕੀ ਆਨ।
ਨਹਿਂ ਕਿਸਹੂੰ ਸੋਂ ਕਬ ਕਹੈ ਕਰਿ ਨਿਜ ਜੋਰ ਮਹਾਨ॥ ੭੧॥

ਸਤਾਰਾਂ ਰਾਜੇ ਆਪ ਹੀ ਇਸ ਦੀ ਈਨ ਮੰਨਦੇ ਹਨ। ਇਹ ਆਪਣੇ ਮਹਾਨ ਜ਼ੋਰ ਨਾਲ ਕਿਸੇ ਨੂੰ ਕਦੀ ਵੀ ਕੁਝ ਨਹੀਂ ਕਹਿੰਦਾ॥ ੭੧॥

ਚੌਪਈ- ਅਚਹੁ ਸੰਤ ਜੀ! ਅਸਨ ਪੁਨੀਤਾ। ਸਰਬ ਸੁਨਾਈ ਮੈਂ ਨਿਜ ਰੀਤਾ।'
ਭਗਤ ਵਛਲ ਬੋਲੇ ਮੁਖ ਬਾਨੀ। ਅਨਬਨ ਬਿਧਿ ਹਮ ਨੈ ਪਹਿਚਾਨੀ॥੭੨॥

ਹੇ ਸੰਤ ਜੀ! ਪਵਿੱਤਰ ਭੋਜਨ ਨੂੰ ਛਕੋ। ਮੈਂ ਆਪਣੀ ਸਾਰੀ ਵਾਰਤਾ ਆਪ ਨੂੰ ਦੱਸ ਦਿੱਤੀ ਹੈ।" ਭਗਤਾਂ ਨੂੰ ਪਿਆਰੇ ਭਾਵ ਗੁਰੂ ਜੀ ਆਪਣੇ ਮੁਖ ਤੋਂ ਬੋਲੇ, "ਇਥੋਂ ਦੀ ਸਾਰੀ ਰੀਤੀ ਅਸੀਂ ਪਹਿਚਾਣ ਲਈ ਹੈ॥ ੭੨॥

ਨਹਿਂ ਭੋਜਨ ਹਮ ਇਹਠਾਂ ਖਾਵੈਂ। ਭੂਪਤਿ ਮਹਿਂ ਇਕ ਦੋਖ ਲਖਾਵੈਂ।
ਜਹਾਂ ਨ ਦੋਖ ਹੋਤਿ ਹੈ ਕੋਈ। ਤਹਾਂ ਅਹਾਰ ਪੁਨੀਤੰ ਹੋਈ ॥ ੭੩ ॥

ਅਸੀਂ ਇਸ ਥਾਂ ਦਾ ਭੋਜਨ ਨਹੀ ਖਾਵਾਂਗੇ। ਅਸੀਂ ਰਾਜੇ ਵਿਚ ਇਕ ਦੋਖ ਵੇਖਿਆ ਹੈ। ਜਿਥੇ ਕੋਈ ਦੋਖ ਨਾ ਹੋਵੇ, ਉਥੇ ਹੀ ਭੋਜਨ ਪਵਿੱਤਰ ਹੁੰਦਾ ਹੈ'' ॥ ੭੩ ॥

ਧਰਮ ਸਿੰਘ ਸੁਨਿ ਬੈਨ ਉਚਾਰਾ। 'ਹੈ ਨਿਰਦੋਖ ਭੁਵਾਲ ਹਮਾਰਾ।
ਕੋਨ ਦੋਖ ਤਿਸ ਮਹਿਂ ਤੁਮ ਪਾਵਹੁ। ਨਿਜ ਆਨਨ ਤੇ ਹਮਹਿਂ ਬਤਾਵਹੁ' ॥੭੪ ॥

ਇਹ ਸੁਣ ਕੇ ਧਰਮ ਸਿੰਘ ਬੋਲਿਆ, ''ਸਾਡਾ ਰਾਜਾ ਨਿਰਦੋਖ ਹੈ। ਕਿਹੜਾ ਦੋਖ ਤੁਸੀ ਉਸ ਵਿਚ ਪਾਇਆ ਹੈ, ਆਪਣੇ ਮੁਖ ਨਾਲ ਸਾਨੂੰ ਦੱਸੋ''॥ ੭੪ ॥

ਸ੍ਰੀ ਗੁਰੂ ਭਨੈਂ 'ਦੋਖ ਜਿਸ ਮਾਂਹੀ। ਸੋ ਜਾਨਤਿ, ਨਹਿਂ ਅਪਰ ਲਖਾਹੀ।
ਪਰ ਮਨ ਕੀ ਕੋ ਜਾਨਹਿ ਗਾਥਾ ?'। ਯੌਂ ਕਹਿ ਤੂਸ਼ਨ ਭੇ ਜਗਨਾਥਾ ॥ ੭੫ ॥

ਗੁਰੂ ਜੀ ਨੇ ਕਿਹਾ, ''ਜਿਸ ਵਿਚ ਦੋਖ ਹੁੰਦਾ ਹੈ, ਉਹ ਹੀ ਜਾਣਦਾ ਹੈ। ਦੂਸਰਾ ਉਸ ਦੋਖ ਨੂੰ ਪਹਿਚਾਣ ਨਹੀਂ ਸਕਦਾ। ਦੂਸਰੇ ਦੇ ਮਨ ਦੀ ਗਾਥਾ ਕੌਣ ਜਾਣ ਸਕਦਾ ਹੈ ?'' ਇਹ ਕਹਿ ਕੇ ਜਗਤ ਦੇ ਨਾਥ ਚੁਪ ਹੋ ਗਏ॥ ੭੫ ॥

ਦੋਹਰਾ- ਪਦ ਬੰਦਨ ਕਰਿ ਪੁਨ ਗਯੋ ਧਰਮ ਸਿੰਘ ਨ੍ਰਿਪ ਪਾਸ।
'ਤ੍ਰੈ ਅਤੀਤ ਆਏ ਇਹਾਂ, ਸੁਨਹੁ ਸ੍ਰੋਨ ਅਰਦਾਸ॥ ੭੬ ॥

ਚਰਨਾਂ ਤੇ ਬੰਦਨਾਂ ਕਰਕੇ ਫਿਰ ਧਰਮ ਸਿੰਘ ਰਾਜੇ ਦੇ ਪਾਸ ਗਿਆ ਅਤੇ ਕਿਹਾ, ''ਇਥੇ ਤਿੰਨ ਫਕੀਰ ਆਏ ਹਨ, ਹੇ ਰਾਜਨ ! ਮੇਰੀ ਬੇਨਤੀ ਕੰਨ ਲਾ ਕੇ ਸੁਣੋ॥ ੭੬ ॥

ਚੌਪਈ- ਏਕ ਨਗਰ ਮਹਿਂ ਖਾਇ ਅਹਾਰਾ। ਦ੍ਵੈ ਬੈਠੇ ਉਦਿਆਨ ਮਝਾਰਾ।
ਸਪਤ ਦਿਵਸ ਭੇ ਅਸਨ ਨ ਕੀਨੋ। ਮੈਂ ਲੇ ਗਯੋ ਤਦਪਿ ਨਹਿਂ ਲੀਨੋ ॥੭੭ ॥

ਉਨ੍ਹਾਂ ਵਿਚੋਂ ਇਕ ਨਗਰ ਵਿਚ ਆ ਕੇ ਭੋਜਨ ਕਰਦਾ ਹੈ, ਦੂਸਰੇ ਦੋ ਜੰਗਲ ਵਿਚ ਬੈਠੇ ਹਨ। ਸੱਤਾਂ ਦਿਨਾਂ ਤੋਂ ਉਨ੍ਹਾਂ ਭੋਜਨ ਨਹੀ ਕੀਤਾ ਹੈ। ਮੈਂ ਭੋਜਨ ਲੈ ਕੇ ਗਿਆ ਸੀ ਤਦ ਵੀ ਉਨ੍ਹਾਂ ਨੇ ਭੋਜਨ ਨਹੀ ਛੱਕਿਆ॥ ੭੭ ॥

ਕਹਤਿ-ਭੂਪ ਮਹਿਂ ਦੋਖ ਲਖਾਵੈਂ। ਇਹਠਾਂ ਹਮ ਨਹਿਂ ਭੋਜਨ ਖਾਵੈਂ।
ਮੈਂ ਬੂਝੇ ਸੋ ਨਹੀਂ ਬਖਾਨੈਂ। ਕਹੈਂ-ਕਿ ਨ੍ਰਿਪਤਿ ਰਿਦੈ ਸਭਿ ਜਾਨੈ ॥੭੮ ॥

ਕਹਿੰਦੇ ਹਨ, ਰਾਜੇ ਵਿਚ ਦੋਖ ਹੈ, ਇਸ ਲਈ ਅਸੀ ਇਥੋਂ ਦਾ ਭੋਜਨ ਨਹੀਂ ਖਾਵਾਂਗੇ। ਦੋਖ ਬਾਰੇ ਮੈਂ ਪੁਛਿਆ ਸੀ, ਪਰ ਉਨ੍ਹਾਂ ਦੱਸਿਆ ਨਹੀ। ਕਹਿੰਦੇ ਸਨ ਕਿ ਰਾਜਾ ਆਪਣੇ ਹਿਰਦੇ ਵਿਚ ਸਭ ਕੁਝ ਜਾਣਦਾ ਹੈ'' ॥ ੭੮ ॥

ਕਵਲਨੈਨ ਸੁਨਿ ਕਰਿ ਇਹ ਬਾਤੀ। ਹ੍ਵੈ ਬਿਸਮਾਦ ਗੁਣਤਿ ਬਹੁ ਭਾਂਤੀ।
'ਚਲਹੁ ਸੰਤ ਦੇਖੋਂ ਮੈਂ ਕੈਸੇ। ਸਪਤ ਦਿਵਸ ਕੇ ਬਾਹਰ ਬੈਸੇ' ॥ ੭੯ ॥

ਕਵਲਨੈਨ ਇਹ ਗੱਲ ਸੁਣ ਕੇ ਬਹੁਤ ਹੈਰਾਨ ਹੋਇਆ ਅਤੇ ਕਈ ਪ੍ਰਕਾਰ ਆਪਣੇ ਮਨ ਵਿਚ ਗਿਣਤੀਆਂ ਗਿਣਦਾ ਰਿਹਾ ਹੈ। ਉਸ ਨੇ ਕਿਹਾ, ''ਚਲੋ, ਉਸ ਸੰਤ ਨੂੰ ਜਾ ਕੇ ਵੇਖੀਏ ਜਿਹੜਾ ਸੱਤ ਦਿਨਾਂ ਦਾ ਬਾਹਰ ਬੈਠਾ ਹੈ'' ॥ ੭੯ ॥

ਅਸ ਕਹਿ ਧਰਮ ਸਿੰਘ ਕੇ ਸੰਗਾ। ਗਮਨਜੋ ਉਰ ਮਹਿਂ ਦਰਸ ਉਮੰਗਾ।
ਉੱਤਮ ਵਸਤੁ ਭੇਟ ਲੇ ਹਾਥਾ। ਯੋਧਾ ਸਚਿਵ ਬਹੁਤ ਜਿਹ ਸਾਥਾ ॥੮੦ ॥

ਇਹ ਕਹਿ ਕੇ ਧਰਮ ਸਿੰਘ ਨੂੰ ਨਾਲ ਲੈ ਕੇ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਹਿਤ ਚਲ ਪਿਆ। ਉਤਮ ਵਸਤਾਂ ਹੱਥ ਵਿਚ ਭੇਟ ਕਰਨ ਵਾਸਤੇ ਲੈ ਲਈਆਂ। ਕਈ ਯੋਧੇ ਅਤੇ ਮੰਤਰੀ ਉਸ ਦੇ ਨਾਲ ਸਨ॥ ੯੦॥

ਦੋਹਰਾ- ਬੰਦਨ ਕਰਿ ਬੈਠਯੋ ਨਿਕਟਿ ਰਾਜ ਮਾਨ ਜਿਹ ਨਾਂਹਿ।
'ਕੌਨ ਦੋਖ ਮਮ ਸੰਤ ਜੀ!' ਗੁਰੂ ਕਹੈਂ ਪੁਨ ਤਾਂਹਿ॥ ੯੧॥

ਰਾਜਾ, ਜਿਸ ਨੂੰ ਕਿਸੇ ਪ੍ਰਕਾਰ ਦਾ ਹੰਕਾਰ ਨਹੀ ਹੈ, ਹੱਥ ਜੋੜ ਕੇ ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਕਿਹਾ, "ਹੇ ਸੰਤ ਜੀ! ਮੇਰੇ ਵਿਚ ਕਿਹੜਾ ਦੋਖ ਹੈ?" ਗੁਰੂ ਜੀ ਨੇ ਫਿਰ ਉਸ ਨੂੰ ਕਿਹਾ॥ ੯੧॥

ਚੌਪਈ- 'ਭੋ ਨ੍ਰਿਪ! ਤੁਮ ਜਾਨਤਿ ਮਨ ਐਸੇ। ਜੇ ਮਾਨਵ ਸਭਿ ਹਮਰੇ ਜੈਸੇ।
ਤੌ ਕਯੋਂ ਅਪਨ ਮਨਾਵਹਿਂ ਆਨਾ। ਮਿਟਾ ਨ ਤੁਮਰੇ ਮਨ ਤੇ ਮਾਨਾ॥੯੨॥

"ਹੇ ਰਾਜਾ! ਜੇ ਤੂੰ ਮਨ ਵਿਚ ਇਸ ਤਰ੍ਹਾਂ ਜਾਣਦਾ ਹੈਂ ਕਿ ਸਭ ਮਾਨਵ ਤੁਹਾਡੇ ਵਰਗੇ ਹਨ, ਫਿਰ ਉਨ੍ਹਾਂ ਨੂੰ ਆਪਣੀ ਈਨ ਕਿਉਂ ਮਨਾਉਂਦਾ ਹੈਂ? ਤੁਹਾਡੇ ਮਨ ਦਾ ਹਾਲੇ ਤਕ ਘੁਮੰਡ ਨਹੀਂ ਮਿਟਿਆ ਹੈ॥ ੯੨॥

ਵਡੋ ਕਠਨ ਹੈ ਤਜਿਨ ਹੰਕਾਰਾ। ਜਿਸ ਨੇ ਗ੍ਰਸ ਲੀਨੋ ਜਗ ਸਾਰਾ।
ਜਨਮ ਮਰਨ ਬੰਧਨ ਕੋ ਦਾਤਾ। ਇਸਹਿ ਜੀਤਨੋ ਜਿਹ ਨਰ ਜਾਤਾ॥੯੩॥

ਉਸ ਵਾਸਤੇ ਹੰਕਾਰ ਨੂੰ ਛੱਡਣਾ ਬਹੁਤ ਮੁਸ਼ਕਿਲ ਹੈ, ਜਿਸ ਨੇ ਸਾਰਾ ਜੱਗ ਆਪਣੇ ਅਧੀਨ ਕਰ ਲਿਆ ਹੈ। ਜਨਮ ਮਰਨ ਦੇ ਬੰਧਨਾਂ ਨੂੰ ਜਿਸ ਮਨੁੱਖ ਨੇ ਜਿੱਤਣਾ ਜਾਣ ਲਿਆ ਹੈ॥ ੯੩॥

ਸੋ ਸੂਰਾ ਜਗ ਮਹਿਂ ਪਰਧਾਨਾ। ਕਰਹਿ ਬਿਜੈ ਪੁਨ ਮੋਹ ਮਹਾਨਾ'।
ਭੂਪ ਕਹੈ 'ਮੈਂ ਕਹੌਂ ਨ ਕੋਈ। ਆਪਹਿ ਆਨ ਮਾਨਿ ਹੈਂ ਸੋਈ॥੯੪॥

ਉਹ ਹੀ ਜਗਤ ਵਿਚ ਸਭ ਤੋਂ ਵੱਡਾ ਸੂਰਮਾ ਹੈ। ਬਾਅਦ ਵਿਚ ਉਹ ਮਹਾਨ ਮੋਹ ਨੂੰ ਜਿੱਤ ਲੈਂਦਾ ਹੈ।" ਰਾਜੇ ਕਿਹਾ, "ਮੈਂ ਤਾਂ ਕਿਸੇ ਨੂੰ ਕੁਝ ਨਹੀਂ ਕਹਿੰਦਾ, ਆਪੇ ਹੀ ਉਹ ਮੇਰੀ ਈਨ ਮੰਨ ਲੈਂਦੇ ਹਨ॥ ੯੪॥

ਤਦਪਿ ਜਿ ਮੁਝ ਮਹਿਂ ਲਖਹੁ ਹੰਕਾਰਾ। ਕਰਹੁ ਸੰਤ ਜੀ! ਆਪ ਬਿਦਾਰਾ।
ਗੁਰੂ ਕਹਿਂ 'ਕਿਯੋ ਹਾਨ ਜੇ ਮਾਨਾ। ਸੁਧਰਸੈਨ ਕੀ ਮਾਨਹੁ ਆਨਾ॥੯੫॥

ਫਿਰ ਵੀ ਜੇ ਮੇਰੇ ਵਿਚ ਹੰਕਾਰ ਵੇਖਦੇ ਹੋ ਤਾਂ ਸੰਤ ਜੀ! ਆਪ ਹੀ ਇਸ ਨੂੰ ਦੂਰ ਕਰੋ।" ਗੁਰੂ ਜੀ ਨੇ ਕਿਹਾ, "ਜੇ ਹੰਕਾਰ ਦਾ ਨਾਸ਼ ਕਰਨਾ ਚਾਹੁੰਦਾ ਹੈਂ ਤਾਂ ਸੁਧਰਸੈਨ ਰਾਜੇ ਦੀ ਈਨ ਮੰਨ ਲਵੇਂ॥ ੯੫॥

ਤੌ ਹਮ ਜਾਨਹਿਂਗੇ ਨਿਰਦੋਖੂ। ਮਨਹਿ ਜਿ ਬਚ ਹ੍ਵੈ ਜੀਵਨ ਮੋਖੂ।
ਰਾਜਨ ਰਾਜ ਸਪਤਦਸ ਕੇਰੋ। ਇਹ ਹੰਤਾ ਹਤਿ ਕਰਹੁ ਨਿਬੇਰੋ॥੯੬॥

ਤਦ ਅਸੀਂ ਸਮਝਾਂਗੇ ਕਿ ਤੂੰ ਨਿਰਦੋਖ ਹੈਂ। ਜੇ ਤੂੰ ਬਚਨ ਮੰਨ ਲਵੇਂ ਤਾਂ ਜੀਵਨ ਮੁਕਤ ਹੋਵੇਂਗਾ। ਹੇ ਰਾਜਨ! ਤੇਰੇ ਵਿਚ ਇਹ ਹੰਕਾਰ ਹੈ ਕਿ ਸਤਾਰਾਂ ਰਾਜਿਆਂ ਦਾ ਮੈਂ ਮਹਾਰਾਜਾ ਹਾਂ। ਇਸ ਹੰਕਾਰ ਨੂੰ ਮਾਰ ਕੇ ਖਤਮ ਕਰ ਦੇਵੇਂ"॥ ੯੬॥

ਦੋਹਰਾ- ਹਰਖਤਿ ਭਾ ਦਰਸ਼ਨ ਪਰਸ, ਸੁਨਤਿ ਨਰੇਸ਼ ਅਲਾਇ।
'ਸੁਧਰਸੈਨ ਕੇ ਸ੍ਵਾਨ ਜੇ ਕਹਉ ਪਰੌਂ ਤਿਨ ਪਾਇ'॥ ੯੭॥

ਗੁਰੂ ਜੀ ਦੇ ਦਰਸ਼ਨ ਕਰਕੇ ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਬੋਲਿਆ, "ਜੇ ਕਹੋ ਤਾਂ ਮੈਂ ਸੁਧਰਸੈਨ ਦੇ ਕੁੱਤਿਆਂ ਦੇ ਵੀ ਪੈਰੀਂ ਪੈ ਜਾਂਦਾ ਹਾਂ"॥ ੯੭॥

ਚੌਪਈ- ਪਰਮ ਪ੍ਰਸੀਦੇ ਪੰਕਜ ਨੈਨਾ। 'ਧੰਨ ਧੰਨ ਨ੍ਰਿਪ' ਉਚਰਤਿ ਬੈਨਾ।

ਜਨਕ ਸਮਾਨ ਤੋਰ ਵਡਿਆਈ। ਤਿਸਕੀ ਸੇਵਾ ਸੇਵਤਿ ਪਾਈ' ॥੮੮॥

ਕੰਵਲ ਨੈਣ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਕਿਹਾ, "ਹੇ ਰਾਜਾ ! ਤੂੰ ਧੰਨ ਹੈਂ। ਜਨਕ ਵਾਂਗ ਤੇਰੀ ਵਡਿਆਈ ਹੈ। ਉਸ ਦੀ ਸੇਵਾ ਸੇਂਵਦਿਆਂ ਇਹ ਵਡਿਆਈ ਪਾਈ ਹੈ" ॥ ੮੮॥

ਅਸ ਪ੍ਰਕਾਰ ਜਬ ਸੁਨਜੋ ਰਜਾਨਾ। ਕਰਿ ਸੰਸੈ ਯੋਂ ਬਚਨ ਬਖਾਨਾ।

'ਪੂਰਬਲੇ ਭਵ ਕੀ ਸੁਧ ਜਾਨਹੁ। ਤੋ ਸਗਰੋ ਪਰਸੰਗ ਬਖਾਨਹੁ ॥੮੯॥

ਇਸ ਤਰ੍ਹਾਂ ਜਦ ਰਾਜੇ ਨੇ ਸੁਣਿਆ। ਤਾਂ ਸੰਸਾ ਕਰਕੇ ਇਹ ਬਚਨ ਕਿਹਾ, "ਜੇ ਮੇਰੇ ਪਿਛਲੇ ਜਨਮ ਦੀ ਸੁਧ ਜਾਣਦੇ ਹੋ ਤਾਂ ਸਾਰਾ ਪ੍ਰਸੰਗ ਮੈਨੂੰ ਸੁਣਾਓ॥ ੮੯॥

ਕਿਸ ਪ੍ਰਕਾਰ ਮੈਂ ਸੇਵਾ ਕੀਨੀ। ਕਿਹ ਬਿਧਿ ਜਨਕ ਬਿਭੂਤਹਿ ਦੀਨੀ।

ਤੁਮ ਜੋ ਪੂਰਨ ਸੰਤ ਕ੍ਰਿਪਾਲਾ। ਮਿਲੇ ਜਿ ਮੋਕੋ ਭਾਗ ਬਿਸਾਲਾ ॥੯੦॥

ਕਿਸ ਪ੍ਰਕਾਰ ਮੈਂ ਸੇਵਾ ਕੀਤੀ ਅਤੇ ਕਿਸ ਤਰ੍ਹਾਂ ਰਾਜੇ ਜਨਕ ਨੇ ਮੈਨੂੰ ਐਸ਼ੋ-ਆਰਾਮ ਦਿੱਤਾ। ਤੁਸੀਂ ਪੂਰਨ ਸੰਤ ਕ੍ਰਿਪਾਲੂ ਹੋ। ਕਿਸ ਤਰ੍ਹਾਂ ਮੇਰੇ ਇਡੇ ਵੱਡੇ ਭਾਗ ਹੋਏ" ॥ ੯੦॥

ਸੁਨਿ ਕਰਿ ਬੋਲੇ ਸ੍ਰੀ ਜਗਤੇਸ਼ਾ। 'ਹੁਤੇ ਕਾਲ ਜਿਹ ਜਨਕ ਨਰੇਸ਼ਾ।

ਸਫਾਚੰਦ ਤਬ ਨਾਮ ਤੁਮਾਰਾ। ਕਰਹਿ ਨ੍ਰਿਪਤਿ ਕੀ ਸੇਵ ਅਪਾਰਾ ॥੯੧॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਇਹ ਸੁਣ ਕੇ ਬੋਲੇ, "ਜਿਸ ਸਮੇਂ ਜਨਕ ਰਾਜਾ ਸੀ, ਉਸ ਸਮੇ ਸਫਾਚੰਦ ਤੁਹਾਡਾ ਨਾਂ ਸੀ। ਤੁਸੀ ਰਾਜੇ ਦੀ ਬਹੁਤ ਸੇਵਾ ਕਰਦੇ ਸੀ॥ ੯੧॥

ਏਕ ਦਿਵਸ ਨ੍ਰਿਪ ਗਿਰਾ ਬਖਾਨੀ। ਹਿਮ ਗਿਰ ਤਟ ਤੇ ਆਨਹੁ ਪਾਨੀ।

ਤਹਿਂ ਸੀਤਲ ਹੈ ਤੁਰਨ ਜਾਵਹੁ। ਲਗੀ ਪਿਪਾਸ ਨ ਬਿਲਮ ਲਗਾਵਹੁ ॥੯੨॥

ਇਕ ਦਿਨ ਰਾਜੇ ਜਨਕ ਨੇ ਬਚਨ ਕੀਤਾ ਕਿ ਹਿਮਾਲਾ ਪਰਬਤ ਦੇ ਕੰਢੇ ਤੋਂ ਪਾਣੀ ਲਿਆਵੋ। ਓਥੇ ਪਾਣੀ ਬਹੁਤ ਠੰਢਾ ਹੈ, ਇਸ ਲਈ ਛੇਤੀ ਜਾਵੋ। ਮੈਨੂੰ ਬਹੁਤ ਪਿਆਸ ਲੱਗੀ ਹੈ, ਦੇਰ ਨਾ ਕਰੋ॥ ੯੨॥

ਸੁਨਿ ਆਇਸ ਕੋ ਕੀਂਨ ਪਯਾਨਾ। ਮਗ ਮਹਿਂ ਇਹ ਸੰਕਲਪ ਉਠਾਨਾ।

ਹੋਂ ਜਿ ਹੁਤੇ ਕਿਤ ਦੇਸ਼ ਨਰੇਸ਼ਾ। ਅਸ ਪ੍ਰਕਾਰ ਕੀ ਕਰਤਿ ਨਿਦੇਸ਼ਾ ॥੯੩॥

ਹੁਕਮ ਸੁਣ ਕੇ ਤੁਸੀਂ ਚਲੇ ਗਏ। ਰਸਤੇ ਵਿਚ ਇਹ ਸੰਕਲਪ ਕੀਤਾ, ਜੇ ਮੈਂ ਵੀ ਕਿਸੇ ਦੇਸ਼ ਦਾ ਰਾਜਾ ਹੁੰਦਾ ਤਾਂ ਇਸ ਤਰ੍ਹਾਂ ਦਾ ਹੁਕਮ ਕਰਦਾ॥ ੯੩॥

ਸੁਖ ਬਿਲਾਸ ਨਿਸ ਬਾਸੁਰ ਜਾਸੂ। ਚਹਿਤਿ ਜੁ ਰਿਦੇ ਮੰਗਾਵਤਿ ਤਾਸੂ।

ਯੋਂ ਸੰਕਲਪ ਕਰਤਿ ਮਨ ਮਾਂਹੀ। ਆਨਜੋ ਨੀਰ ਜਨਕ ਨ੍ਰਿਪ ਜਾਹੀਂ ॥੯੪॥

ਦਿਨ ਰਾਤ ਸੁਖ ਬਿਲਾਸ ਵਿਚ ਰਹਿੰਦਾ ਅਤੇ ਜੋ ਵੀ ਹਿਰਦੇ ਵਿਚ ਚਾਹੁੰਦਾ, ਉਹੀ ਮੰਗਵਾ ਲੈਂਦਾ। ਮਨ ਵਿਚ ਇਹ ਸੰਕਲਪ ਕਰਕੇ, ਪਾਣੀ ਲੈ ਕੇ ਤੁਸੀ ਰਾਜੇ ਜਨਕ ਪਾਸ ਚਲੇ ਗਏ॥ ੯੪॥

ਚੌਪਈ- ਕਿਯੋ ਪਾਨ ਜਲ ਉਰ ਹਰਖਾਯੋ। ਤੁਝ ਸੋਂ ਭੂਪਤਿ ਬਚਨ ਅਲਾਯੋ।

ਮਾਂਗ ਲੇਹੁ ਅਭਿਲਾਖ ਜੁ ਤੇਰੀ। ਦੇਉਂ ਪਦਾਰਥ ਤਨਕ ਨ ਦੇਰੀ ॥੯੫॥

ਜਲ ਪੀ ਕੇ ਰਾਜਾ ਮਨ ਵਿਚ ਬੜਾ ਖੁਸ਼ ਹੋਇਆ। ਰਾਜੇ ਨੇ ਫਿਰ ਤੁਹਾਨੂੰ ਕਿਹਾ, ਮੰਗ ਲੈ ਜੋ ਤੇਰੀ ਅਭਿਲਾਸ਼ਾ ਹੈ, ਝੱਟ ਤੈਨੂੰ ਉਹ ਪਦਾਰਥ ਦੇਵਾਂਗਾ ਤੇ ਉਸ ਵਿਚ ਕੋਈ ਦੇਰੀ ਨਹੀਂ ਕਰਾਂਗਾ॥ ੯੫॥

ਸੁਨ ਤੈਂ ਕਹਾ-ਨ ਮੋਕੋ ਚਾਹੂ। ਕਯਾ ਮਾਂਗੋ ਨ੍ਰਿਪ ਜੀ! ਤੁਮ ਪਾਹੂ-।
ਨਟਤਿ ਭਯੋ ਨਹਿ ਸਾਚ ਬਖਾਨਾ। ਹ੍ਵੈ ਹਦੂਰ ਆਨਨ ਸ਼ਰਮਾਨਾ॥੯੬॥

ਤੁਸੀਂ ਸੁਣ ਕੇ ਕਿਹਾ, ਮੈਨੂੰ ਕਿਸੇ ਚੀਜ਼ ਦੀ ਚਾਹਤ ਨਹੀਂ ਹੈ, ਹੇ ਰਾਜਨ! ਮੈਂ ਕੀ ਮੰਗਾਂ, ਜਿਸ ਚੀਜ਼ ਦੀ ਲੋੜ ਹੁੰਦੀ ਹੈ, ਤੁਹਾਥੋਂ ਮਿਲ ਜਾਂਦੀ ਹੈ। ਟਾਲਮਟੋਲ ਕਰ ਗਏ ਤੇ ਸੱਚ ਨਾ ਕਿਹਾ। ਸਨਮੁਖ ਹੋਣ ਕਰਕੇ ਮੁਖ ਤੋਂ ਸ਼ਰਮਾ ਗਿਆ॥ ੯੬॥

ਅੰਤਰਜਾਮੀ ਜਨਕ ਨਰੇਸ਼ਾ। ਸਭਿ ਜਾਨੀ ਚਿਤਵਜੋ ਹੈ ਜੈਸਾ।
ਤੁਝ ਸੌਂ ਐਸੇ ਬਚਨ ਉਬਾਚਾ। ਤੈਂ ਤੋ ਕੀਨਿ ਪ੍ਰਿਥਮ ਹੀ ਜਾਚਾ॥੯੭॥

ਰਾਜਾ ਜਨਕ ਅੰਤਰਜਾਮੀ ਸੀ। ਉਸ ਨੇ ਤੁਹਾਡੇ ਚਿਤ ਦੀ ਸਾਰੀ ਗੱਲ ਜਾਣ ਲਈ ਸੀ। ਤੁਹਾਨੂੰ ਉਸ ਨੇ ਇੰਝ ਕਿਹਾ ਤੂੰ ਤਾਂ ਉਹ ਵਸਤ ਪਹਿਲਾਂ ਹੀ ਮੰਗ ਚੁੱਕਾ ਹੈਂ॥ ੯੭॥

ਦੋਹਰਾ- ਮਗ ਮਹਿ ਜਬ ਸੰਕਲਪ ਭਾ ਤਬਹੀ ਜਾਚਨ ਕੀਨਿ।
ਹਮਤੇ ਹੋਇ ਬਿਸਾਲ ਨ੍ਰਿਪ-ਅਸ ਪ੍ਰਕਾਰ ਬਰ ਦੀਨ॥ ੯੮॥

ਰਾਹ ਵਿਚ ਜੋ ਤੂੰ ਸੰਕਲਪ ਕੀਤਾ ਸੀ ਤਦ ਹੀ ਉਹ ਵਸਤ ਤੂੰ ਮੰਗ ਲਈ ਸੀ। ਤੂੰ ਸਾਡੇ ਤੋਂ ਵੀ ਵੱਡਾ ਰਾਜਾ ਬਣੇਂਗਾ, ਇਸ ਪ੍ਰਕਾਰ ਦਾ ਉਨ੍ਹਾਂ ਵਰ ਦਿੱਤਾ॥ ੯੮॥

ਚੌਪਈ- ਸੁਨਿ ਕਰਿ ਤੈਂ ਬੰਦੇ ਦ੍ਵੈ ਹਾਥਾ। ਕਹਜੋ ਬਚਨ ਭੂਪਤਿ ਕੇ ਸਾਥਾ।
ਆਤਮ ਗਜਾਨ ਹੇਤੁ ਮੈਂ ਸੇਵੇ। ਤਿਹ ਤੇ ਰਹਜੋ ਨ ਪਾਯੋ ਭੇਵੇ॥੯੯॥

ਇਹ ਸੁਣ ਕੇ ਤੁਸੀ ਦੋਵੇਂ ਹੱਥ ਬੰਨ੍ਹੇ ਤੇ ਰਾਜੇ ਨਾਲ ਇਹ ਬਚਨ ਕੀਤਾ, ਮੈਂ ਆਤਮ-ਗਿਆਨ ਪ੍ਰਾਪਤ ਕਰਨ ਵਾਸਤੇ ਤੁਹਾਡੀ ਸੇਵਾ ਕੀਤੀ ਸੀ। ਉਸ ਆਤਮ-ਗਿਆਨ ਤੋਂ ਖਾਲੀ ਰਹਿ ਗਿਆ ਹਾਂ। ਉਸ ਦਾ ਭੇਦ ਨਾ ਮਿਲਿਆ॥ ੯੯॥

ਜਨਕ ਕਹਜੋ-ਕਲਿ ਕਾਲ ਮਝਾਰੀ। ਪੂਰਨ ਗੁਰੂ ਮਿਲਹਿ ਇਕ ਬਾਰੀ।
ਤਿਹਤੇ ਪਾਵਹਿ ਆਤਮ ਗਜਾਨਾ। ਕਰੈਂ ਜਗਤ ਕੇ ਬੰਧਨ ਹਾਨਾ॥੧੦੦॥

ਰਾਜੇ ਜਨਕ ਨੇ ਕਿਹਾ, ਕਲਿਜੁਗ ਵਿਚ ਇਕ ਵਾਰ ਤੈਨੂੰ ਪੂਰਨ ਗੁਰੂ ਮਿਲਣਗੇ। ਉਸ ਤੋਂ ਤੈਨੂੰ ਆਤਮ-ਗਿਆਨ ਪ੍ਰਾਪਤ ਹੋਵੇਗਾ। ਉਹ ਤੇਰੇ ਜਗਤ ਦੇ ਸਾਰੇ ਬੰਧਨ ਕੱਟ ਦੇਣਗੇ'॥ ੧੦੦॥

ਕਵਲਨੈਨ ਪੂਰਬ ਪਰਸੰਗਾ। ਸੁਨਿ ਕਰਿ ਹਿਰਦੇ ਭੂਰ ਉਮੰਗਾ।
ਪਰਜੋ ਜਾਇ ਪਗ ਹ੍ਵੈ ਕਰਿ ਦੀਨਾ। ਬਿਨੈ ਕਰੀ ਬਹੁ ਭਾਂਤਿ ਪ੍ਰਬੀਨਾ॥੧੦੧॥

ਰਾਜਾ ਕਵਲਨੈਨ ਆਪਣੇ ਪਿਛਲੇ ਜਨਮ ਦਾ ਪ੍ਰਸੰਗ ਸੁਣ ਕੇ ਦਿਲ ਵਿਚ ਬੜਾ ਉਤਸ਼ਾਹਤ ਹੋਇਆ। ਨਿਮਰ ਹੋ ਕੇ ਗੁਰੂ ਦੇ ਚਰਨਾਂ ਤੇ ਢਹਿ ਪਿਆ। ਫਿਰ ਕਈ ਪ੍ਰਕਾਰ ਸ੍ਰੇਸ਼ਟ ਰਾਜੇ ਨੇ ਬੇਨਤੀ ਕੀਤੀ॥ ੧੦੧॥

'ਤੁਮਤੇ ਅਪਰ ਮਿਲੈ ਕੋ ਪੂਰਾ। ਜਿਨ ਕੇ ਦਰਸ਼ਨ ਭਾ ਦੁਖ ਦੂਰਾ।
ਚਲਹੁ ਨਗਰ ਮਹਿ ਕਰਹੁ ਪਵਿੱਤ੍ਰਾ। ਬੈਠਹੁ ਮੰਦਰ ਬਿਖੈ ਬਚਿੱਤ੍ਰਾ॥੧੦੨॥

"ਤੁਹਾਡੇ ਨਾਲੋਂ ਹੋਰ ਕਿਹੜਾ ਪੂਰਨ ਗੁਰੂ ਹੋ ਸਕਦਾ ਹੈ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਸਾਰੇ ਦੁੱਖ ਦੂਰ ਹੋ ਗਏ ਹਨ। ਨਗਰ ਵਿਚ ਚਲ ਕੇ ਹੁਣ ਉਸ ਨੂੰ ਪਵਿੱਤਰ ਕਰੋ ਅਤੇ ਵਚਿਤਰ ਮਹਿਲਾਂ ਦੇ ਵਿਚ ਜਾ ਕੇ ਬੈਠੋ'॥ ੧੦੨॥

ਚੌਪਈ- ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਆਨੇ ਨਗਰ ਭਾਉ ਉਰ ਧਰਿਕੈ।
ਜਹਿ ਕੰਚਨ ਕੇ ਮੰਦਿਰ ਸੋਹਤਿ। ਮੁਕਤਾ ਕੀ ਝਾਲਰ ਮਨ ਮੋਹਤਿ॥੧੦੩॥

ਕਈ ਪ੍ਰਕਾਰ ਦੀ ਉਸਤਤ ਕਰਕੇ ਅਤੇ ਦਿਲ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਨਗਰ ਵਿਚ ਲੈ ਗਏ। ਓਥੇ ਸੋਨੇ ਦੇ ੧ ਮੰਦਰ ਸ਼ੋਭਾ ਪਾ ਰਹੇ ਸਨ ਅਤੇ ਸੁੱਚੇ ਮੋਤੀਆਂ ਦੀਆਂ ਝਾਲਰਾਂ ਮਨਾਂ ਨੂੰ ਮੋਹ ਰਹੀਆਂ ਸਨ॥ ੧੦੩॥

ਬੀਚ ਰੁਚਿਰ ਪਰਜੰਕ ਡਸਾਵਾ। ਤਾਂ ਪਰ ਸ੍ਰੀ ਗੁਰੂ ਕੋ ਬੈਸਾਵਾ।
ਨਾਨਾ ਭਾਂਤਿਨ ਸੇਵਾ ਠਾਨੀ। ਨਿਜ ਕਰ ਸੋਂ ਨ੍ਰਿਪ ਕਰਹਿ ਸੁਹਾਨੀ ॥੧੦੪॥

ਮਹਿਲਾਂ ਦੇ ਵਿਚ ਸੁੰਦਰ ਪਲੰਘ ਡਾਹ ਦਿੱਤਾ ਅਤੇ ਉਸ ਉੱਤੇ ਗੁਰੂ ਜੀ ਨੂੰ ਬੈਠਾਇਆ। ਕਈ ਪ੍ਰਕਾਰ ਦੀ ਸੇਵਾ ਕੀਤੀ ਰਾਜਾ ਆਪਣੇ ਹੱਥਾਂ ਨਾਲ ਸੋਹਣੀ ਸੇਵਾ ਕਰਦਾ ਸੀ॥ ੧੦੪॥

ਤਹਿਂ ਚਿਰਕਾਲ ਬਸੇ ਜਗਤੇਸ਼ਾ। ਆਤਮਗਜਾਨ ਨ੍ਰਿਪਹਿ ਉਪਦੇਸ਼ਾ।
ਸਰਬ ਰੂਪ ਮਹਿਂ ਏਕ ਲਖਾਯਾ। ਮਨ ਤੇ ਦੁਤੀਆ ਭਾਉ ਉਠਾਯਾ ॥੧੦੫॥

ਜਗਤ ਦੇ ਈਸ਼ਵਰ ਭਾਵ ਗੁਰੂ ਜੀ ਓਥੇ ਕਾਫੀ ਚਿਰ ਤਕ ਠਹਿਰੇ। ਰਾਜੇ ਨੂੰ ਆਤਮ-ਗਿਆਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਸਮਝਾਇਆ ਕਿ ਸਾਰੇ ਰੂਪਾਂ ਵਿਚ ਇਕ ਹੀ ਪਰਮਾਤਮਾ ਹੈ। ਮਨ ਤੋਂ ਦ੍ਵੈਤ ਭਾਵਨਾ ਖ਼ਤਮ ਕੀਤੀ॥ ੧੦੫॥

ਗ੍ਰੰਥ ਬਢਨ ਤੇ ਕੀਨ ਸਮਾਸਾ। ਵਡੋ ਪ੍ਰਸੰਗ ਸੁ ਥੋਰ ਪ੍ਰਕਾਸ਼ਾ।
ਧਰਮਸਾਲ ਸੁੰਦਰ ਬਨਿਵਾਈ। ਕੀਰਤਿ ਹੋਵਨ ਲਗੀ ਸੁਹਾਈ ॥੧੦੬॥

ਗ੍ਰੰਥ ਵਧਣ ਦੇ ਡਰ ਕਰਕੇ ਮੈਂ ਸੰਖੇਪ ਵਿਚ ਕਿਹਾ ਹੈ। ਬਹੁਤ ਵੱਡਾ ਪ੍ਰਸੰਗ ਸੀ, ਮੈਂ ਛੋਟਾ ਕੀਤਾ ਹੈ। ਇਕ ਸੁੰਦਰ ਧਰਮਸਾਲਾ ਬਣਵਾਈ ਅਤੇ ਸ਼ੋਭਾ ਵਾਲੀ ਕੀਰਤੀ ਹੋਣ ਲੱਗੀ॥ ੧੦੬॥

ਭਗਤਿ ਪ੍ਰਕਾਸ਼ ਕਰੀ ਪੁਰਿ ਮਾਂਹੀ। ਸਿਮਰਨ ਲਗੇ ਨਾਮ ਦੁਖਦਾਹੀ।
ਸ੍ਰੀ ਨਾਨਕ ਕੀ ਸੇਵਾ ਕਰਿਹੀਂ। ਮੋਹ ਮਾਨ ਮਨ ਤੇ ਪਰਹਰਿਹੀਂ ॥੧੦੭॥

ਫਿਰ ਨਗਰ ਵਿਚ ਭਗਤੀ ਦਾ ਪ੍ਰਕਾਸ਼ ਕੀਤਾ ਅਤੇ ਸਾਰੇ ਦੁਖਾਂ ਦਾ ਨਾਸ਼ ਕਰਨ ਵਾਲੇ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਨਾਨਕ ਜੀ ਦੀ ਸੇਵਾ ਕਰਦੇ ਸਨ ਅਤੇ ਮਨ ਦੇ ਮੋਹ ਤੇ ਹੰਕਾਰ ਨੂੰ ਦੂਰ ਕਰਦੇ ਸਨ॥ ੧੦੭॥

ਗਮਨੰ ਤਯਾਰ ਭਏ ਗੁਨ ਐਨਾ। ਤਬ ਬੋਲਯੋ ਬਚ ਪੰਕਜ ਨੈਨਾ।
'ਮੈਂ ਤੌ ਗਮਨੌਂ ਸੰਗ ਤੁਮਾਰੇ। ਦੇਹੁ ਰਾਜ ਪਰ ਅਪਰ ਬਿਸਾਰੇ' ॥੧੦੮॥

ਜਦ ਗੁਰੂ ਜੀ ਓਥੋਂ ਚੱਲਣ ਦੀ ਤਿਆਰੀ ਕਰਨ ਲੱਗੇ, ਤਦ ਰਾਜੇ ਕਵਲਨੈਨ ਨੇ ਇਹ ਬਚਨ ਕਹੇ, "ਮੈਂ ਵੀ ਤੁਹਾਡੇ ਨਾਲ ਹੀ ਚੱਲਾਂਗਾ, ਰਾਜ-ਗੱਦੀ ਉਤੇ ਕਿਸੇ ਹੋਰ ਨੂੰ ਬਿਠਾ ਦੇਵਾਂਗਾ"॥ ੧੦੮॥

ਸ੍ਰੀ ਗੁਰ ਬੋਲੇ 'ਸੁਨਹੁ ਭੁਵਾਲਾ! ਰਾਜ ਜੋਗ ਤੁਮ ਕਰੋ ਬਿਸਾਲਾ।
ਠਾਨਹੁ ਸਦਾ ਧਯਾਨ ਮਨ ਮਾਂਹੀ। ਮੈਂ ਹੌਂ ਨਿਕਟ ਦੂਰ ਕਤ ਨਾਂਹੀ ॥੧੦੯॥

ਗੁਰੂ ਜੀ ਨੇ ਕਿਹਾ, "ਹੇ ਰਾਜਨ! ਸੁਣੋ, ਰਾਜ ਜੋਗ ਨੂੰ ਤੁਸੀਂ ਹੋਰ ਵੱਡਾ ਕਰੋ। ਜਦ ਵੀ ਆਪਣੇ ਮਨ ਵਿਚ ਮੇਰੇ ਪ੍ਰਤਿ ਧਿਆਨ ਧਾਰਨ ਕਰੋਗੇ, ਮੈਂ ਓਸੇ ਵੇਲੇ ਤੁਹਾਡੇ ਪਾਸ ਹੋਵਾਂਗਾ, ਦੂਰ ਕਿਤੇ ਨਹੀਂ ਜਾਵਾਂਗਾ"॥ ੧੦੯॥

ਚੌਪਈ- ਬਹੁ ਪ੍ਰਕਾਰ ਕਰਿ ਧੀਰਜ ਦੀਨੀ। ਚਲਿਨੇ ਹੇਤ ਤਯਾਰੀ ਕੀਨੀ।
ਤਬ ਨ੍ਰਿਪ ਪਰਮ ਪ੍ਰੇਮ ਮੈਂ ਭੀਨਾ। ਜਯੋਂ ਜਲ ਹੀਨ ਖੀਨ ਹ੍ਵੈ ਮੀਨਾ ॥੧੧੦॥

ਬਹੁਤ ਪ੍ਰਕਾਰ ਰਾਜੇ ਨੂੰ ਧੀਰਜ ਦਿੱਤਾ ਅਤੇ ਅੱਗੇ ਚੱਲਣ ਦੀ ਤਿਆਰੀ ਕੀਤੀ। ਤਦ ਰਾਜਾ ਪਰਮ ਪ੍ਰੇਮ ਵਿਚ ਭਿੱਜ ਗਿਆ, ਜਿਵੇਂ ਜਲ ਬਗੈਰ ਮੱਛੀ ਮਰ ਜਾਂਦੀ ਹੈ॥ ੧੧੦॥

ਕਰਿ ਨਰੇਸ਼ ਪਰ ਖੁਸ਼ੀ ਅਪਾਰਾ। ਆਗੈ ਗਮਨੇ ਮੋਖ ਦੁਆਰਾ।

ਮਰਦਾਨੋ ਬਹੁ ਖਾਇ ਅਹਾਰਾ। ਭਯੋ ਪੁਸ਼ਟ ਹੋਯੋ ਤਨ ਭਾਰਾ।। ੧੧੧ ॥

ਰਾਜੇ ਉੱਤੇ ਅਪਾਰ ਖੁਸ਼ੀ ਕਰਕੇ ਮੁਕਤੀ ਦੇ ਦੁਆਰ ਭਾਵ ਗੁਰੂ ਜੀ ਅੱਗੇ ਚੱਲ ਪਏ। ਇਸ ਦੌਰਾਨ ਮਰਦਾਨੇ ਨੇ ਬਹੁਤ ਭੋਜਨ ਛਕਿਆ ਸੀ, ਇਸ ਲਈ ਉਹ ਬੜਾ ਸ਼ਕਤੀਸ਼ਾਲੀ ਅਤੇ ਮੋਟਾ ਹੋ ਗਿਆ ਸੀ॥ ੧੧੧ ॥

ਦੋਹਰਾ- ਚਲਯੋ ਸੰਗਿ ਸੁਖ ਪਾਇ ਕੈ ਮਹਿਮਾ ਲਖੀ ਅਗਾਧਿ।
ਕਰਯੋ ਧਯਾਇ ਪੂਰਨ ਅਬੈ ਕਵਿ ਸ੍ਰੀ ਗੁਰੂ ਅਰਾਧਿ॥ ੧੧੨ ॥

ਸੁਖ ਪਾ ਕੇ ਗੁਰੂ ਜੀ ਦੇ ਨਾਲ ਚੱਲ ਪਿਆ ਅਤੇ ਉਸ ਬੇਅੰਤ ਮਹਿਮਾ ਵੇਖੀ। ਕਵੀ ਨੇ ਗੁਰੂ ਜੀ ਦੀ ਅਰਾਧਨਾ ਕਰਕੇ ਇਹ ਅਧਿਆਇ ਪੂਰਾ ਕਰ ਦਿੱਤਾ ਹੈ॥ ੧੧੨ ॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਮਲਨੈਨ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋ ਅਧਯਾਯ॥ ੫੬ ॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਪੰਜਵਾਂ ਅਧਿਆਇ, ਜਿਸ ਦਾ ਨਾਮ "ਕਮਲ ਨੈਨ" ਹੈ, ਸਮਾਪਤ ਹੋਇਆ॥ ੫੬ ॥

## ਅਧਿਆਇ ਸਤਵੰਜਵਾਂ

*ਮੱਕੇ ਜਾਣਾ।*

ਦੋਹਰਾ- ਸ੍ਰੀ ਗੁਰ ਚਰਨ ਤਰੋਵਰੈ ਸੀਤਲ ਸੁੰਦਰ ਛਾਇ।
ਮ੍ਰਿਗ ਮਨ ਬਿਸ਼ਯਾਤਪ ਤਪਯੋ ਹ੍ਵੈ ਸੁਖਿ ਤਹਾਂ ਟਿਕਾਇ॥ ੧ ॥

ਸ੍ਰੀ ਗੁਰੂ ਜੀ ਦੇ ਚਰਨ ਕਲਪ ਬ੍ਰਿਛ ਸਮਾਨ ਹਨ, ਜਿਸ ਦੀ ਛਾਂ ਠੰਢੀ ਅਤੇ ਸੁੰਦਰ ਹੈ। ਵਿਸ਼ਿਆ ਰੂਪੀ ਧੁੱਪ ਨਾਲ ਤਪਿਆ ਹੋਇਆ ਹਿਰਨ ਰੂਪੀ ਮੇਰਾ ਮਨ ਜੇ ਇਸ ਦੀ ਛਾਂ ਹੇਠ ਟਿਕ ਜਾਵੇ ਤਾਂ ਸੁਖੀ ਹੋ ਜਾਂਦਾ ਹੈ॥ ੧ ॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸੁਨਹੁ ਗੁਰੂ ਅੰਗਦ ਜੀ ਕਥਾ। ਭਈ ਜਥਾ ਉਚਰੋਂ ਪੁਨ ਤਥਾ।
ਕਵਲਨੈਨ ਕੋ ਦੀਨੋ ਗਯਾਨਾ। ਆਤਮ ਅੰਤਰ ਵਹਿਰ ਦਿਖਾਨਾ ॥੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਕਥਾ ਸੁਣੋ, ਜਿਸ ਤਰ੍ਹਾਂ ਵਾਪਰੀ ਹੈ ਮੈਂ ਉਸ ਤਰ੍ਹਾਂ ਹੀ ਬਿਆਨ ਕਰ ਰਿਹਾ ਹਾਂ। ਕਵਲਨੈਨ ਨੂੰ ਗਿਆਨ ਦਿੱਤਾ ਅਤੇ ਉਸਦੀ ਆਤਮਾ ਨੂੰ ਅੰਦਰ ਬਾਹਰ ਵਿਖਾਇਆ॥ ੨ ॥

ਜਥੋਂ ਅਕਾਸ਼ ਪੂਰਨ ਸਭਿ ਥਾਈਂ। ਅਸ ਦਿਖਾਇ ਕਰਿ ਚਲੇ ਗੁਸਾਈਂ।
ਮੰਦ ਮੰਦ ਮਗ ਸੁੰਦਰ ਚਾਲੀ। ਚਲੇ ਜਾਤਿ ਗਤਿ ਦੇਂ ਜੁ ਸੁਖਾਲੀ ॥੩ ॥

ਜਿਵੇਂ ਆਕਾਸ਼ ਸਭ ਥਾਂ ਪੂਰਨ ਹੈ, ਇਸ ਤਰ੍ਹਾਂ ਰਾਜੇ ਨੂੰ ਵਿਖਾ ਕੇ ਮਾਲਕ ਅੱਗੇ ਚਲ ਪਏ। ਰਾਹ ਤੇ ਹੌਲੀ-ਹੌਲੀ ਸੁੰਦਰ ਚਾਲ ਤੁਰ ਰਹੇ ਸਨ। ਸੌਖੀ ਮੁਕਤੀ ਦੇਣ ਵਾਲੇ ਭਾਵ ਗੁਰੂ ਜੀ ਚਲੇ ਜਾ ਰਹੇ ਸਨ॥ ੩ ॥

ਪੰਥ ਬਿਖੈ ਬੋਲਯੋ ਮਰਦਾਨਾ। 'ਇਹ ਥੋ ਰਾਜਨ ਰਾਜ ਮਹਾਨਾ।
ਜਾਂਹਿ ਪਾਸ ਐਸ਼੍ਵਰਜ ਬਿਸਾਲਾ। ਮਾਨਹਿਂ ਆਨ ਸਰਬ ਭੁਪਾਲਾ ॥੪ ॥

ਰਾਹ ਵਿਚ ਮਰਦਾਨਾ ਬੋਲਿਆ, "ਇਸ ਰਾਜੇ ਦਾ ਰਾਜ ਮਹਾਨ ਸੀ। ਇਸ ਪਾਸ ਐਸ਼ਵਰਜ ਦੇ ਵਿਸ਼ਾਲ ਸਾਧਨ ਸਨ ਅਤੇ ਉਸ ਨੂੰ ਸਾਰੇ ਰਾਜੇ ਮੰਨਦੇ ਹਨ॥ ੪॥

ਅਹੇ ਅਠਾਰਹਿ ਟਾਪੂ ਜੇਤੇ। ਤਿਨ ਮਹਿ ਰਾਜ ਕਰਹਿ ਨ੍ਰਿਪ ਤੇਤੇ।
ਸਭਿਹਿਨਿ ਕੇ ਮੁਝ ਨਾਮ ਸੁਨਾਵੇ। ਦੇਸ਼ ਅਪਰ ਚਲਿ ਬਹੁਰ ਦਿਖਾਵੇ ॥੫॥

ਇਥੇ ਜਿਹੜੇ ਅਠਾਰਾਂ ਟਾਪੂ ਹਨ, ਉਨ੍ਹਾਂ ਵਿਚ ਓਨੇ ਹੀ ਰਾਜੇ ਰਾਜ ਕਰਦੇ ਹਨ। ਸਾਰਿਆਂ ਦੇ ਮੈਨੂੰ ਨਾਂ ਸੁਣਾਵੋ, ਦੂਸਰਾ ਦੇਸ਼ ਚੱਲ ਕੇ ਮੈਨੂੰ ਬਾਅਦ ਵਿਚ ਵਿਖਾਵੋ"॥ ੫॥

ਸੁਨਿ ਕਰਿ ਬੋਲੇ ਦੀਨ ਦਯਾਲਾ। 'ਪ੍ਰਿਥਮ ਹੁਤੋ-ਚਖਕੋਲ ਬਿਸਾਲਾ।
ਸੁਧਰਸੈਨ ਅਬ ਸਭਿ ਸਿਰਮੌਰਾ॥ ਥਾਪ ਦੀਨ ਹਮ ਨੈ ਇਹ ਠੌਰਾ॥੬॥

ਇਹ ਸੁਣ ਕੇ ਦੀਨ ਦਿਆਲ ਭਾਵ ਗੁਰੂ ਜੀ ਬੋਲੇ, "ਪਹਿਲਾਂ ਕਵਲਨੈਨ ਸਭ ਤੋਂ ਵੱਡਾ ਸੀ, ਹੁਣ ਸੁਧਰਨੈਨ ਸਭ ਦਾ ਸ਼੍ਰੋਮਣੀ ਹੈ, ਅਸੀਂ ਉਸ ਨੂੰ ਇਹ ਪਦਵੀ ਬਖਸ਼ੀ ਹੈ॥ ੬॥

ਸੁਨਹੁ ਅਠਾਰਹ ਨਾਮ ਉਜਾਗਰ। ਸੁਧਰਸੈਨ, ਅਟਕਾ, ਸੁਖ ਸਾਗਰ।
ਮਧੁਰ ਬੈਨ, ਪੁਨ ਸਾਗਰਸੈਨਾ। ਨੈਨ ਜੋਤ, ਜਾਨਹੁ ਸੁਖਚੈਨਾ॥ ੭॥

ਪ੍ਰਸਿੱਧ ਅਠਾਰਾਂ ਰਾਜਿਆਂ ਦੇ ਨਾਂ ਇਹ ਹਨ, ਸੁਧਰਸੈਨ, ਅਟਕਾ, ਸੁਖ ਸਾਗਰ, ਮਧੁਰ ਬੈਨ, ਸਾਗਰਸੈਨਾ, ਨੈਨ ਜੋਤ ਅਤੇ ਸੁਖ ਚੈਨ ਸਮਝੋ॥ ੭॥

ਚੌਪਈ- ਮਗਨਰਾਇ, ਅਸਰਾ, ਪਨਾਹ ਪੁਨ। ਸੁੱਧ, ਬਿਬੇਕੂ, ਤੁਰਤਰੰਗ ਸੁਨ।
ਬਾਲ ਸਿੰਘ,ਸੰਭਾਲਕ ਬਹੁਦੁਖ। ਲਾਲ ਐਨ,ਪੁਨ ਰਾਇਐਨ ਲਖਿ॥੮॥

ਮਗਨ ਰਾਇ, ਅਸਰਾ ਅਤੇ ਪਨਾਹ, ਫਿਰ ਸੁੱਧ, ਬਿਬੇਕੂ ਅਤੇ ਤੁਰੰਤ ਰੰਗ ਦੇ ਨਾਂ ਸੁਣ। ਬਾਲ ਸਿੰਘ, ਬੜੇ ਸਖੀ ਦਾਤੇ ਹਨ। ਫਿਰ ਲਾਲ ਐਨ ਅਤੇ ਰਾਇ ਐਨ ਪਹਿਚਾਣੋ॥ ੮॥

ਕੌਲ ਨੈਨ ਤੇ ਆਦਿ ਅਠਾਰਾਂ। ਕਰਤਿ ਰਾਜ ਸਭਿ ਸਿੰਧ ਮਝਾਰਾ।
ਬੂਝਨ ਕੀਨ ਬਹੁਰ ਮਰਦਾਨੇ। 'ਤੁਮ ਤੋ ਮਿਲੇ ਥੋਰ ਨ੍ਰਿਪ ਥਾਨੇ॥ ੯॥

ਕੌਲ ਨੈਨ ਆਦਿ ਅਠਾਰਾਂ ਸਾਰੇ ਸਮੁੰਦਰ ਵਿਚਲੇ ਟਾਪੂਆਂ ਤੇ ਰਾਜ ਕਰਦੇ ਹਨ। ਮਰਦਾਨੇ ਨੇ ਫਿਰ ਪੁਛਿਆ, "ਤੁਸੀਂ ਤਾਂ ਥੋੜ੍ਹੇ ਥਾਵਾ ਦੇ ਰਾਜਿਆਂ ਨੂੰ ਹੀ ਮਿਲੇ ਹੋ॥ ੯॥

ਅਪਰ ਨਰੇਸ਼ ਜਿ ਸਾਗਰ ਮਾਂਹੀ। ਤਿਨਹੁ ਬਿਲੋਕਹੁ ਕੈਧੋਂ ਨਾਂਹੀ।
ਜਹਿਂ ਜਹਿਂ ਜਾਵਨ ਰਾਵਰ ਕੀਨੇ। ਤਹਿਂ ਤਹਿਂ ਸਭਿਹਿਨਿ ਗੁਰਮਤਿ ਦੀਨੇ ॥੧੦॥

ਸਾਗਰ ਵਿਚ ਜਿਹੜੇ ਹੋਰ ਰਾਜੇ ਹਨ, ਉਨ੍ਹਾਂ ਨੂੰ ਵੇਖਣ ਕਿਉਂ ਨਹੀ ਜਾਂਦੇ? ਜਿਥੇ ਜਿਥੇ ਆਪ ਗਏ ਹੋ ਉਥੇ ਉਥੇ ਸਾਰਿਆ ਨੂੰ ਗੁਰਮਤਿ ਦੀ ਸਿਖਿਆ ਦਿੱਤੀ ਹੈ"॥ ੧੦॥

ਗੁਰੂ ਕਹੈਂ 'ਅਬ ਹਮ ਨ ਪਧਾਰੈਂ। ਸਹਿਜੇ ਪ੍ਰਗਟਹਿ ਸਿੱਖੀ ਸਾਰੈ।
ਜਿਤੀ ਥਾਇ ਹਮ ਭਗਤ ਵਿਥਾਰੀ। ਤਹਿ ਤੇ ਅਪਰ ਲੇਹਿਂ ਉਰ ਧਾਰੀ ॥੧੧॥

ਗੁਰੂ ਜੀ ਨੇ ਕਿਹਾ, "ਅਸੀਂ ਹੁਣ ਉਨ੍ਹਾਂ ਪਾਸ ਨਹੀ ਜਾਵਾਂਗੇ, ਹੌਲੀ ਹੌਲੀ ਸਿੱਖੀ ਸਾਰੇ ਪ੍ਰਗਟ ਹੋ ਜਾਵੇਗੀ। ਜਿਨ੍ਹਾਂ ਥਾਵਾਂ ਤੇ ਅਸੀਂ ਭਗਤੀ ਫੈਲਾਈ ਹੈ, ਉਨ੍ਹਾਂ ਪਾਸੋਂ ਦੂਸਰੇ ਰਾਜੇ ਵੀ ਸਿੱਖੀ ਧਾਰਨ ਕਰ ਲੈਣਗੇ॥ ੧੧॥

ਚਲਿ ਅਬ ਤੁਝੇ ਸੁਮੇਰੁ ਦਿਖਾਵੈਂ। ਸਰਬ ਸਿੱਧ, ਜਹਿਂ ਜੋਗ ਕਮਾਵੈਂ।

ਔਰ ਪੁਰਖ ਬਹੁ ਰਹੈਂ ਮਹਾਨਾ। ਜਿਨ ਪ੍ਰਭੁ ਭਗਤਿ ਕਰੀ ਸੁਖਖਾਨਾ ॥੧੨॥

ਚਲੋ ਹੁਣ ਤੁਹਾਨੂੰ ਸੁਮੇਰ ਪਰਬਤ ਵਿਖਾਈਏ, ਜਿਥੇ ਸਾਰੇ ਸਿਧ, ਜੋਗ ਕਮਾਉਂਦੇ ਹਨ। ਉਥੇ ਹੋਰ ਵੀ ਬਹੁਤ ਮਹਾਨ ਪੁਰਖ ਰਹਿੰਦੇ ਹਨ, ਜਿਨ੍ਹਾਂ ਪ੍ਰਭੂ ਦੀ ਭਗਤੀ ਕਰਕੇ ਸੁਖ ਪਾਇਆ ਹੈ' ॥ ੧੨ ॥

ਸੁਣਿ ਸੁਮੇਰੁ ਜਾਵਨ ਨਿਜ ਕਾਨਾ। ਹਾਥ ਬੰਦਿ ਬੋਲਜੇ ਮਰਦਾਨਾ।
'ਮੱਕਾ ਬਹੁਰ ਮਦੀਨਾ ਦੋਨੋ। ਕੇਤੀ ਬੇਰ ਸੁਨੇ ਮੈਂ ਸ੍ਰੋਨੋ॥ ੧੩ ॥

ਜਦ ਮਰਦਾਨੇ ਨੇ ਆਪਣੇ ਕੰਨ ਨਾਲ ਸੁਣਿਆ ਕਿ ਸਮੇਰ ਪਰਬਤ ਤੇ ਜਾ ਰਹੇ ਹਨ ਤਾਂ ਉਹ ਹੱਥ ਜੋੜ ਕੇ ਬੋਲਿਆ, "ਮੱਕਾ ਅਤੇ ਮਦੀਨਾ ਇਨ੍ਹਾਂ ਦੋਹਾਂ ਨਗਰਾਂ ਦੇ ਨਾਂ ਮੈਂ ਆਪਣੇ ਕੰਨਾਂ ਨਾਲ ਬਹੁਤ ਵਾਰ ਸੁਣੇ ਹਨ॥ ੧੩ ॥

ਤੁਰਕ ਤਰੀਫ ਕਰਤਿ ਜਿਹ ਭੂਰੀ। ਤਾਂਕੀ ਬਨਤ ਬਤਾਵਤਿ ਰੂਰੀ।
ਰਹਜੋ ਸੁ ਹਮ ਤੇ ਕਿਹ ਦਿਸ਼ ਮਾਂਹੀ?। ਰਿਦੇ ਬਿਸ਼ੇਖ ਬਿਲੋਕਨ ਚਾਹੀ ॥੧੪॥

ਤੁਰਕ ਜਿਸ ਦੀ ਬਹੁਤ ਸਿਫਤ ਕਰਦੇ ਹਨ, ਉਸ ਦੀ ਬਣਤਰ ਬੜੀ ਸੁੰਦਰ ਦੱਸਦੇ ਹਨ। ਉਹ ਸਾਡੇ ਤੋਂ ਕਿਹੜੇ ਪਾਸੇ ਵੱਲ ਹੈ। ਉਸ ਸਥਾਨ ਨੂੰ ਵੇਖਣ ਲਈ ਮੇਰਾ ਬੜਾ ਦਿਲ ਕਰਦਾ ਹੈ॥ ੧੪ ॥

ਚੌਪਈ- ਸਰਬ ਭਾਂਤਿ ਸਮਰੱਥ ਸੁਜਾਨਾ। ਪੂਰਨ ਇੱਛਾ ਕਰੋ ਮਹਾਨਾ।
ਸ੍ਰੀ ਪ੍ਰਭੁ ਜੀ ! ਜਿਹਠਾਂ ਤੁਮ ਚਾਹੋ। ਬਿਨਾ ਬਿਲਮ ਛਿਨ ਮਹਿ ਤਹਿੰ ਜਾਹੋ ॥੧੫॥

ਹੇ ਗੁਰੂ ਜੀ! ਤੁਸੀ ਸਰਬ ਭਾਂਤ ਸਮਰੱਥ ਅਤੇ ਚਤਰ ਹੋ। ਮੇਰੀ ਮਹਾਨ ਇੱਛਾ ਪੂਰੀ ਕਰੋ। ਹੇ ਪ੍ਰਭੂ ਜੀ! ਜਿਸ ਥਾਂ ਵੀ ਤੁਸੀਂ ਜਾਣਾ ਚਾਹੋ, ਬਿਨਾਂ ਦੇਰੀ ਕੁਝ ਪਲਾਂ ਵਿਚ ਹੀ ਓਥੇ ਲੈ ਜਾਂਦੇ ਹੋ' ॥ ੧੫ ॥

ਸੁਨਿ ਕਰਿ ਬੋਲੇ ਸ੍ਰੀ ਗੁਰ ਪੂਰੇ। 'ਹਮ ਤੇ ਰਹਜੋ ਅਧਿਕ ਸੋ ਦੂਰੇ।
ਕਿਤੇ ਬਰਖ ਮਾਰਗ ਕੇ ਮਾਂਹੀ। ਚਲਤ ਬਿਤੀਤੇ ਪਹੁੰਚੈਂ ਤਾਂਹੀ ॥੧੬॥

ਇਹ ਸੁਣ ਕੇ ਪੂਰਨ ਗੁਰੂ ਬੋਲੇ, "ਸਾਥੋਂ ਉਹ ਬਹੁਤ ਦੂਰ ਹੈ, ਕਈ ਸਾਲ ਰਾਹ ਵਿਚ ਚਲਦਿਆਂ ਬਤੀਤ ਹੋ ਜਾਂਦੇ ਹਨ, ਫਿਰ ਜਾ ਕੇ ਉਥੇ ਪਹੁੰਚਿਆ ਜਾਂਦਾ ਹੈ" ॥ ੧੬ ॥

ਸੁਨਿ ਕਰਿ ਮਰਦਾਨੇ ਕਰ ਬੰਦੇ। ਕਹਿਨ ਲਗਜੋ 'ਹੇ ਪ੍ਰਭੁ ਮੁਕੰਦੇ !।
ਕਿਤੇ ਬਰਖ ਕੋ ਗੈਲ ਬਤਾਵੋ। ਤਹਿੰ ਤੁਮ ਨਿਮਖ ਬਿਖੇ ਚਲਿ ਜਾਵੋ ॥੧੭॥

ਇਹ ਸੁਣ ਕੇ ਮਰਦਾਨੇ ਨੇ ਦੋਵੇਂ ਹੱਥ ਜੋੜੇ ਅਤੇ ਕਹਿਣ ਲੱਗਾ, "ਹੇ ਪ੍ਰਭੂ! ਹੇ ਮੁਕਤੀ ਦਾਤੇ! ਜਿਹੜੀ ਤੁਸੀਂ ਕਈ ਬਰਸਾਂ ਦੀ ਗੱਲ ਕਰਦੇ ਹੋ, ਉਥੇ ਤੁਸੀਂ ਇਕ ਪਲ ਵਿਚ ਚਲੇ ਜਾਂਦੇ ਹੋ॥ ੧੭॥

ਪ੍ਰਭੁ ਜੀ ਕੀਜੈ ਨਹੀ ਵਲਾਊ। ਤਿਹ ਦੇਖਨ ਕੋ ਬਹੁ ਮਮ ਚਾਊ।
ਜਜੋਂ ਤਜੋਂ ਕਰਿ ਕੈ ਆਪਿ ਦਖਾਯੇ। ਮੁਝ ਅਭਿਲਾਖਾ ਪੂਰ ਕਰਾਯੇ ॥੧੮॥

ਹੇ ਪ੍ਰਭੂ ਜੀ! ਹੁਣ ਟਾਲੋ ਨਹੀਂ, ਉਹ ਥਾਂ ਵੇਖਣ ਦੀ ਮੇਰੀ ਬੜੀ ਚਾਹਤ ਹੈ। ਜਿਵੇਂ ਤਿਵੇਂ ਕਰਕੇ ਆਪ ਵਿਖਾਵੋ ਅਤੇ ਅਭਿਲਾਸ਼ਾ ਪੂਰੀ ਕਰੋ" ॥ ੧੮ ॥

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਹ੍ਵੈ ਪ੍ਰਸੰਨ ਬੋਲੇ ਗੁਨ ਐਨਾ।
'ਕਹਜੋ ਨ ਮੇਟਹਿੰ ਤਵ ਮਰਦਾਨੇ। ਚਲਹੁ ਦਿਖਾਵਹਿੰ ਚਾਹਿ ਜਿ ਥਾਨੇ ॥੧੯॥

ਇਸ ਪ੍ਰਕਾਰ ਦੇ ਬਚਨ ਸੁਣ ਕੇ, ਗੁਰੂ ਜੀ ਪ੍ਰਸੰਨ ਹੋ ਕੇ ਬੋਲੇ, "ਹੇ ਮਰਦਾਨੇ ! ਤੇਰਾ ਕਿਹਾ ਮੈਂ ਮੋੜ ਨਹੀਂ ਸਕਦਾ। ਚੱਲ, ਤੈਨੂੰ ਵਿਖਾਵਾਂ ਜਿਹੜੀ ਥਾਂ ਤੂੰ ਵੇਖਣੀ ਚਾਹੁੰਦਾ ਹੈਂ" ॥ ੧੯॥

ਕਹਿ ਕਰਿ ਮੱਕੇ ਦਿਸ਼ ਪ੍ਰਸਥਾਨੇ। ਜਿਨਕੇ ਦਰਸਹਿਂ ਤੇ ਭ੍ਰਮ ਹਾਨੇ।
ਭੱਖਰ ਸੱਖਰ ਹੈ ਜਿਹ ਜਾਗਾ। ਆਏ ਤਹਾਂ ਨਿਮਖ ਨਹਿਂ ਲਾਗਾ ॥੨੦॥

ਇਹ ਕਹਿ ਕੇ ਮੱਕੇ ਵਾਲੇ ਪਾਸੇ ਚਲ ਪਏ। ਜਿਸ ਦੇ ਦਰਸ਼ਨ ਕਰਕੇ ਭਰਮਾਂ ਦਾ ਨਾਸ਼ ਹੁੰਦਾ ਹੈ, ਜਿਸ ਜਗ੍ਹਾ ਦਾ ਨਾਂ ਭੱਖਰ ਸੱਖਰ ਹੈ, ਓਥੇ ਕੁਝ ਪਲਾਂ ਵਿਚ ਹੀ ਆ ਗਏ॥ ੨੦॥

ਨੀਲ ਬਸਤ੍ਰ ਲੇ ਪਹਿਰ ਸਰੀਰਾ। ਕਾਂਖ ਕਿਤਾਬਹਿ ਗੁਨੀ ਗਹੀਰਾ।
ਊਚੀ ਕੁਲਹਿ ਧਰੀ ਨਿਜ ਸੀਸੰ। ਆਸਾ ਹਾਥ ਬਿਖੈ ਜਗਦੀਸ਼ੰ ॥੨੧॥

ਸਰੀਰ ਉੱਤੇ ਨੀਲੇ ਵਸਤਰ ਪਹਿਨ ਲਏ ਅਤੇ ਗੁਨੀ ਗਹੀਰੇ ਭਾਵ ਗੁਰੂ ਜੀ ਨੇ ਬਗਲ ਵਿਚ ਕਿਤਾਬ ਰੱਖ ਲਈ। ਉਚੀ ਟੋਪੀ ਸਿਰ ਤੇ ਪਾ ਲਈ ਅਤੇ ਗੁਰੂ ਜੀ ਨੇ ਸੋਟਾ ਹੱਥ ਵਿਚ ਫੜ ਲਿਆ॥ ੨੧॥

ਗਰੇ ਜਨੇਊ ਪਾਇ ਕ੍ਰਿਪਾਲਾ। ਤਿਲਕ ਕਰਜੋ ਸੁੰਦਰ ਪੁਨ ਭਾਲਾ।
ਸੁਨਹੁ ਗੁਰੂ ਅੰਗਦ ! ਰਸ ਭੀਨੇ। ਕੂਜਾ ਮੁਝਹਿ ਮੁਸੱਲਾ ਦੀਨੇ ॥੨੨॥

ਕ੍ਰਿਪਾਲੂ ਗੁਰੂ ਜੀ ਨੇ ਗਲ ਵਿਚ ਜਨੇਊ ਪਾ ਲਿਆ ਅਤੇ ਸੁੰਦਰ ਤਿਲਕ ਮੱਥੇ ਤੇ ਲਾ ਲਿਆ। ਹੇ ਰਸ-ਭਿੱਜੇ ਸ੍ਰੀ ਗੁਰੂ ਅੰਗਦ ਦੇਵ ਜੀ ! ਸੁਣੋ, ਗੁਰੂ ਜੀ ਨੇ ਲੋਟਾ ਅਤੇ ਮੁਸੱਲਾ ਮੈਨੂੰ ਫੜਾ ਦਿੱਤਾ॥ ੨੨॥

ਚੌਪਈ- ਗਰ ਮਹਿਂ ਸੇਲੀ ਪਾਹਿ ਬਿਸਾਲਾ। ਬਨੇ ਸੁ ਹਾਜੀ ਰੂਪ ਕ੍ਰਿਪਾਲਾ।
ਕਉਤਕ ਹਿਤ ਯਿਹ ਰੂਪ ਬਨਾਏ। ਹਿੰਦੂ ਤੁਰਕ ਨ ਜਾਤਿ ਲਖਾਏ ॥੨੩॥

ਗਲ ਵਿਚ ਵੱਡੀ ਸੇਲੀ ਪਾ ਲਈ ਅਤੇ ਕ੍ਰਿਪਾਲੂ ਗੁਰੂ ਜੀ ਨੇ ਹਾਜੀ ਦਾ ਰੂਪ ਧਾਰਨ ਕਰ ਲਿਆ। ਕੌਤਕ ਵਾਸਤੇ ਇਹ ਰੂਪ ਬਣਾਇਆ ਅਤੇ ਇਹ ਪਤਾ ਨਹੀਂ ਸੀ ਲਗਦਾ ਕਿ ਹਿੰਦੂ ਸਨ ਜਾਂ ਮੁਸਲਮਾਨ॥ ੨੩॥

ਮੁਲਤਾਨਾਦਿਕ ਜੇ ਪੁਰਿ ਔਰਾ। ਹਾਜੀ ਮਿਲੇ ਹੁਤੇ ਤਿਹ ਠੌਰਾ।
ਮੱਕੇ ਜਾਨ ਜਿਨਹਿਂ ਅਭਿਲਾਖਾ। ਨਿਸਾ ਗੁਜਾਰਨ ਡੇਰੋ ਰਾਖਾ ॥੨੪॥

ਮੁਲਤਾਨ ਆਦਿ ਜਿਹੜੇ ਨਗਰ ਸਨ, ਉਸ ਥਾਂ ਹਾਜੀ ਮਿਲ ਕੇ ਇਕੱਠੇ ਹੋਏ ਸਨ। ਉਨ੍ਹਾਂ ਨੂੰ ਮੱਕੇ ਜਾਣ ਦੀ ਅਭਿਲਾਸ਼ਾ ਸੀ। ਰਾਤ ਗੁਜ਼ਾਰਨ ਵਾਸਤੇ ਉਥੇ ਡੇਰਾ ਲਾਇਆ ਸੀ॥ ੨੪॥

ਮਿਲਿ ਬੈਸੇ ਥੇ ਜਿਹ ਇਸਥਾਨਾ। ਤਿਨ ਕੇ ਮੱਧ ਗਏ ਗੁਨਖਾਨਾ।
ਤਬਹਿ ਮੁਸੱਲਾ ਮੈਂ ਸੁ ਬਿਛਾਵਾ। ਤਿਹ ਪਰ ਬੈਸੇ ਦੁਖ ਬਨ ਦਾਵਾ ॥੨੫॥

ਜਿਥੇ ਸਾਰੇ ਹਾਜੀ ਮਿਲ ਕੇ ਬੈਠੇ ਸਨ, ਗੁਰੂ ਜੀ ਉਨ੍ਹਾਂ ਦੇ ਵਿਚ ਚਲੇ ਗਏ। ਤਦ ਮੈਂ ਮੁਸੱਲਾ ਵਿਛਾਇਆ ਤਾਂ ਉਸ ਉਤੇ ਦੁੱਖਾਂ ਰੂਪੀ ਵਣ ਲਈ ਅਗਨੀ ਰੂਪ ਭਾਵ ਗੁਰੂ ਜੀ ਬੈਠ ਗਏ॥ ੨੫॥

ਹਾਜਿਨ ਰਿਦੈ ਈਰਖਾ ਹੋਈ। ਸ੍ਰੀ ਗੁਰੁ ਸੋਂ ਬੋਲਤਿ ਭੇ ਸੋਈ।
'ਕੌਨ ਦੇਸ ਤੇ ਤੁਮ ਚਲਿ ਆਏ ? ਕੌਨ ਨਾਮ ਅਬ ਕਹਾਂ ਸਿਧਾਏ ? ॥੨੬॥

ਉਨ੍ਹਾਂ ਨੂੰ ਵੇਖ ਕੇ ਹਾਜੀਆਂ ਦੇ ਹਿਰਦੇ ਵਿਚ ਈਰਖਾ ਹੋਈ। ਉਹ ਗੁਰੂ ਜੀ ਨੂੰ ਕਹਿਣ ਲੱਗੇ, "ਕਿਸ ਦੇਸ਼ ਤੋਂ ਤੁਸੀਂ ਚਲ ਕੇ ਆਏ ਹੋ ? ਤੁਹਾਡਾ ਕੀ ਨਾਂ ਹੈ ਅਤੇ ਹੁਣ ਕਿਥੇ ਚੱਲੇ ਹੋ ?॥ ੨੬॥

ਮੁਸਲਮਾਨ ਕੈ ਹਿੰਦੂ ਅਹਿਈ ?। ਬਿਨਾ ਕਹੇ ਤੇ ਜਾਇ ਨ ਲਹਿਈ।
ਹਾਜੀ ਬੇਖ ਤਿਲਕ ਹੈ ਮਾਥੇ। ਯਾਂਤੇ ਬੂਝਤਿ ਹੈਂ ਤੁਝ ਸਾਥੇ ॥੨੭॥

ਮੁਸਲਮਾਨ ਹੋ ਕਿ ਹਿੰਦੂ ਹੋ ? ਦੱਸਣ ਤੋਂ ਬਗੈਰ ਜਾਣਿਆ ਨਹੀਂ ਜਾ ਸਕਦਾ। ਭੇਸ ਤੁਹਾਡਾ ਹਾਜੀਆਂ ਵਾਲਾ ਹੈ ਪਰ ਮੱਥੇ ਤੇ ਤਿਲਕ ਲਾਇਆ ਹੈ। ਇਸ ਕਰਕੇ ਤੁਹਾਥੋਂ ਪੁਛਦੇ ਹਾਂ'' ॥ ੨੭॥

ਸ੍ਰੀ ਨਾਨਕ ਜੀ ਬੈਨ ਅਲਾਏ। 'ਬੇਗਮਪੁਰੇ ਦੇਸ਼ ਤੇ ਆਏ।
ਹਿੰਦੂ ਮੁਸਲਮਾਨ ਜਗ ਮਾਂਹੂ। ਮੈਂ ਹੌਂ ਦੋਨੋ ਕੇਰ ਗਵਾਹੂ॥ ੨੮॥

ਸ੍ਰੀ ਗੁਰੂ ਨਾਨਕ ਜੀ ਨੇ ਬਚਨ ਕੀਤੇ, ''ਬੇਗਮਪੁਰ ਦੇਸ ਤੋਂ ਆਏ ਹਾਂ, ਜਗਤ ਵਿਚ ਜਿਹੜੇ ਹਿੰਦੂ ਮੁਸਲਮਾਨ ਹਨ ਮੈਂ ਇਨ੍ਹਾਂ ਦੋਹਾਂ ਦਾ ਗਵਾਹ ਹਾਂ॥ ੨੮॥

ਪੱਖਬਾਦ ਮਹਿਂ ਉਰਝੇ ਕਾਚੇ। ਤਜਿ ਸਾਚੋ ਕੂਰੇ ਮਨ ਰਾਚੇ।
ਜਲਵਾ ਸਰਬ ਸਰੀਰਨ ਜੋਊ। ਤਿਹ ਕੋ ਭੇਵ ਨ ਜਾਨਹਿ ਕੋਊ॥੨੯॥

ਇਹ ਕੱਚੇ ਲੋਕ-ਮਤ ਮਤਾਂਦਰਾਂ ਦੇ ਝਗੜਿਆਂ ਵਿਚ ਉਲਝੇ ਹੋਏ ਹਨ। ਸੱਚ ਨੂੰ ਛੱਡ ਕੇ ਇਨ੍ਹਾਂ ਮਨ ਵਿਚ ਝੂਠ ਭਰ ਲਿਆ ਹੈ। ਸਭ ਸਰੀਰਾਂ ਵਿਚ ਜੋ ਪ੍ਰਕਾਸ਼ ਹੈ, ਉਸ ਦੇ ਭੇਦ ਨੂੰ ਕੋਈ ਨਹੀ ਜਾਣਦਾ॥ ੨੯॥

ਚੌਪਈ- ਹੇਤ ਬੰਦਗੀ ਬੰਦਾ ਆਯੋ। ਤਿਹ ਤਜਿ ਮਾਨ ਮੋਹ ਲਪਟਾਯੋ।
ਤਾਂਤੇ ਨਰ ਗੈਵਾਨ ਹਵਾਨੋ। ਸਭਿ ਕੋ ਉਪਦੇਸ਼ਕ ਮੁਝ ਮਾਨੋ ॥੩੦॥

ਬੰਦਾ ਇਸ ਦੁਨੀਆ ਵਿਚ ਬੰਦਗੀ ਕਰਨ ਵਾਸਤੇ ਆਇਆ ਹੈ। ਬੰਦਗੀ ਨੂੰ ਛੱਡ ਕੇ ਉਹ ਹੰਕਾਰ ਅਤੇ ਮੋਹ ਵਿਚ ਲਿਪਟ ਗਿਆ ਹੈ। ਇਸ ਤਰ੍ਹਾਂ ਮਨੁੱਖ ਭੂਤਨਾ ਅਤੇ ਪਸ਼ੂ ਬਣ ਗਿਆ ਹੈ। ਸਾਰਿਆਂ ਨੂੰ ਉਪਦੇਸ਼ ਕਰਨ ਵਾਲਾ ਮੈਨੂੰ ਜਾਣੋ'' ॥ ੩੦॥

ਅਸ ਬਿਧਿ ਸੁਨਿ ਕੇ ਮਨ ਬਿਸਮਾਨੇ। -ਇਹ ਤੋ ਬੋਲਤਿ ਬੋਲ ਮਹਾਨੇ-।
ਮੁਲਤਾਨਹਿ ਕੋ ਪੀਰ ਤਹਾਂਹੀ। ਨਾਮ ਬਹਾਵਦੀਨ ਥੋ ਜਾਂਹੀ॥ ੩੧॥

ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਸਾਰੇ ਪ੍ਰਸੰਨ ਹੋਏ। ਕਹਿੰਦੇ ਸਨ ਇਹ ਤਾਂ ਬੜੇ ਮਹਾਨ ਬੋਲ ਬੋਲਦੇ ਹਨ। ਮੁਲਤਾਨ ਦਾ ਇਕ ਪੀਰ ਵੀ ਉਥੇ ਸੀ। ਜਿਸ ਦਾ ਨਾਂ ਬਹਾਵਲਦੀਨ ਸੀ॥ ੩੧॥

ਤਰਕ ਸੰਗਿ ਤਿਨ ਬਚਨ ਪ੍ਰਕਾਸ਼ਾ। 'ਇਹ ਕਿਤਾਬ ਜੋ ਤੇਰੇ ਪਾਸਾ।
ਇਹ ਤੋ ਪਢਿ ਜਾਨਤਿ ਕੈ ਨਾਂਹੀ ? ਦੇਹੁ ਮਾਯਨਾ ਜੋ ਇਸ ਮਾਂਹੀ ॥੩੨॥

ਤਰਕ ਵਾਸਤੇ ਉਸ ਬਚਨ ਕੀਤਾ, ''ਇਹ ਕਿਤਾਬ ਜੋ ਤੁਹਾਡੇ ਪਾਸ ਹੈ ਇਸ ਨੂੰ ਪੜ੍ਹਨਾ ਜਾਣਦੇ ਹੋ ਕਿ ਨਹੀ ! ਇਸ ਵਿਚ ਜੋ ਲਿਖਿਆ ਹੈ ਉਸ ਦੇ ਸਾਨੂੰ ਅਰਥ ਦੱਸੋ''॥ ੩੨॥

ਸੁਨਿ ਕਰਿ ਸ੍ਰੀ ਗੁਰੁ ਬਚਨ ਉਚਾਰਾ। 'ਪਢਨ ਕਿਤਾਬਨ ਤੀਨ ਪ੍ਰਕਾਰਾ।
ਉਸਤਖਾਨ,ਗੋਸ਼ਤ,ਮਗਜ਼ਹਿ,ਪੁਨ। ਇਨਕੇ ਲੱਛਨ ਉਚਰਤਿ ਹੌਂ ਸੁਨਿ॥੩੩॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, ''ਕਿਤਾਬਾਂ ਨੂੰ ਤਿੰਨ ਪ੍ਰਕਾਰ ਪੜ੍ਹਿਆ ਜਾਂਦਾ ਹੈ। ਹੱਡੀ, ਮਾਸ, ਮਗਜ਼ ਭਾਵ ਤੱਤ, ਇਨ੍ਹਾਂ ਦੇ ਲੱਛਣਾਂ ਦਾ ਉਚਾਰਣ ਕਰਦਾ ਹਾਂ, ਉਹ ਸੁਣੋ॥ ੩੩॥

ਪਢਿ ਕਰਿ ਸਭਿ ਕੋ ਹੁੱਜਤ ਕਰਨੀ। -ਉਸਤਖ਼ਾਨ-ਇਸ ਬਿਧਿ ਕੀ ਬਰਨੀ।
ਬੁਜ਼ਰਕ ਹੋ ਬੈਠਨ ਪਠਿ ਕਰਿ ਕੈ। ਖਿਜਮਤ ਕਰਿਵਾਵਨ ਹਿਤ ਧਰਿਕੈ॥੩੪॥

ਪੜ੍ਹ ਕੇ ਸਾਰਿਆਂ ਨੂੰ ਹੁੱਜਤ ਕਰਨੀ, ਉਸਤਖਾਨ ਇਸ ਪ੍ਰਕਾਰ ਬਿਆਨ ਕੀਤੀ ਜਾਂਦੀ ਹੈ। ਜੋ ਬੈਠ ਕੇ ਪਾਠ ਕਰਦੇ ਹਨ ਉਹ ਵੱਡੇ ਪੂਜਨੀਕ ਹੁੰਦੇ ਹਨ ਅਤੇ ਬੜੇ ਪ੍ਰੇਮ ਨਾਲ ਸੇਵਾ ਕਰਵਾਉਂਦੇ ਹਨ॥ ੩੪॥

ਕਰਿ ਹੰਕਾਰ ਬਦੈ ਨਹਿਂ ਕਾਹੂੰ। -ਗੋਸ਼ਤ-ਨਾਮ ਕਹਿਤ ਹੈਂ ਤਾਂਹੂੰ।
ਪਠਿਕਰਿ ਸਿਮਰਹਿ ਨਾਮ ਜਿ ਰੂਰਾ। ਸਭਿ ਮਹਿਂ ਜਾਨਹਿ ਅਲਹੁ ਜ਼ਹੂਰਾ ॥੩੫॥

ਹੰਕਾਰ ਕਰਕੇ ਕਿਸੇ ਨੂੰ ਬੁਰਾ ਨਹੀਂ ਕਹਿੰਦੇ, ਉਸ ਨੂੰ ਗੋਸ਼ਤ ਨਾਮ ਕਹਿੰਦੇ ਹਨ। ਜਿਹੜਾ ਪੜ੍ਹ ਕੇ ਸੁੰਦਰ ਨਾਮ ਦਾ ਸਿਮਰਨ ਕਰਦਾ ਹੈ ਅਤੇ ਸਾਰਿਆਂ ਵਿਚ ਅੱਲਾਹ ਦਾ ਪ੍ਰਕਾਸ਼ ਜਾਣਦਾ ਹੈ॥ ੩੫॥

ਦ੍ਵੈਤ ਹੇਤ ਕੋ ਮੇਟਜੇ ਝਗਰਾ। ਤਜਜੋ ਹੰਕਾਰ ਰਿਦੇ ਤੇ ਸਗਰਾ।
ਮਾਨਹਿ ਸੀਸ ਖੁਦਾਇ ਰਜ਼ਾਈ। ਮਗਜ਼ ਨਾਮ ਹੈ ਤਾਂਹਿ ਕਹਾਈ' ॥੩੬॥

ਦ੍ਵੈਤ ਅਤੇ ਮੋਹ ਦਾ ਝਗੜਾ ਮਿਟ ਜਾਂਦਾ ਹੈ ਅਤੇ ਹਿਰਦੇ ਵਿਚ ਸਾਰਾ ਹੰਕਾਰ ਛੱਡ ਦਿੰਦਾ ਹੈ। ਖੁਦਾ ਦੀ ਰਜ਼ਾ ਨੂੰ ਦਿਮਾਗ ਵਿਚ ਮੰਨਦਾ ਹੈ। ਉਸ ਨੂੰ ਮਗਜ਼ ਨਾਂ ਨਾਲ ਜਾਣਿਆ ਜਾਂਦਾ ਹੈ"॥ ੩੬॥

ਚੌਪਈ- ਸੁਨਿ ਸੋ ਕਹੈਂ 'ਕੁਲਹਿ ਸਿਰ ਧਾਰੀ। ਕਿਹ ਧਾਰਨ ? ਮੁਖ ਕਰਹੁ ਉਚਾਰੀ'।
ਤਬ ਬੋਲੇ ਬੇਦੀ ਕੁਲ ਕੇਤਾ। 'ਕੁਲਹਿ ਧਰਨ ਕੋ ਸਮਝਹੁ ਹੇਤਾ ॥੩੭॥

ਇਹ ਸੁਣ ਕੇ ਉਹ ਕਹਿੰਦੇ ਹਨ, "ਕਿਸ ਕਾਰਨ ਕੁਲਾ ਸਿਰ ਤੇ ਧਾਰਨ ਕੀਤਾ ਹੈ ? ਇਸ ਬਾਰੇ ਕਹੋ।" ਤਦ ਬੇਦੀ ਕੁਲ ਦੇ ਧ੍ਵਜ ਭਾਵ ਗੁਰੂ ਜੀ ਨੇ ਬਚਨ ਕੀਤਾ, ਕੁਲਾ ਧਾਰਨ ਕਰਨ ਦਾ ਕਾਰਨ ਸਮਝੋ॥ ੩੭॥

ਛੋਟੀ ਕੁਲਹਿ ਵਡੀ ਦਸਤਾਰਾ। ਤਿਹ ਧਰਿ ਤਜਜੇ ਸਰਬ ਹੰਕਾਰਾ।
ਹਰਹੁ ਈਰਖਾ ਕਰਹੁ ਕਿਨਾਯਤ। ਯਾਦ ਖ਼ੁਦਾਇ ਰਖਹੁ ਹਰ ਸਾਯਤ ॥੩੮॥

ਕੁਲਾ ਛੋਟਾ ਹੈ ਅਤੇ ਦਸਤਾਰ ਵੱਡੀ ਹੈ। ਇਸ ਲਈ ਛੋਟੇ ਕੁਲੇ ਨੂੰ ਸਿਰ ਉਤੇ ਧਾਰਨ ਕਰਕੇ ਸਾਰਾ ਹੰਕਾਰ ਛੱਡ ਦਿੱਤਾ ਹੈ। ਈਰਖਾ ਛੱਡੋ ਅਤੇ ਸਬਰ ਕਰੋ ਅਤੇ ਖੁਦਾ ਨੂੰ ਹਰ ਘੜੀ ਯਾਦ ਰੱਖੋ॥ ੩੮॥

ਹੋਤਿ ਕੁਲਹਿ ਕੋ ਮੁਖ ਜ੍ਯੋਂ ਅੰਤਰ। ਨਿਜ ਅੰਤਰ ਕੋ ਸੋਧ ਨਿਰੰਤਰ।
ਚਾਰ ਤਰਕ ਕੀ ਕੁਲਹਿ ਬਨਾਈ। ਚਾਰੋਂ ਤਰਕ ਦੇਤਿ ਸਮਝਾਈ ॥੩੯॥

ਟੋਪੀ ਦਾ ਮੂੰਹ ਜਿਵੇਂ ਅੰਦਰਵਾਰ ਨੂੰ ਹੈ, ਇਸ ਤਰ੍ਹਾਂ ਆਪਣੇ ਅੰਤਰ-ਆਤਮੇ ਨੂੰ ਸੋਧ ਕੇ ਇਕ ਰਸ ਰਖੋ। ਚਾਰ ਟਾਕੀਆਂ ਦੀ ਟੋਪੀ ਬਣਾਈ ਹੈ ਅਤੇ ਇਹ ਚਾਰ ਟਾਕੀਆਂ ਚਾਰੇ ਤਿਆਗ ਸਮਝਾ ਰਹੀਆਂ ਹਨ॥ ੩੯॥

ਦੁਨੀ ਸੁਰਗ ਸੁਖ ਦੋਊ ਤਰਕੋ। ਮਾਨ ਜਿ ਮੋਹ ਲਿਪਾਇ ਨ ਉਰ ਕੋ'।
ਸੁਨਿ ਕਰਿ ਹਾਜੀ ਬਹੁਰ ਅਲਾਈ। 'ਖ਼ਫਨੀ ਰੀਤਿ ਕਹਹੁ ਕਜੋਂ ਪਾਈ ?' ॥੪੦॥

ਦੁਨੀਆਂ ਤੇ ਸਵਰਗ ਦਾ ਸੁਖ ਪ੍ਰਾਪਤ ਕਰਨ ਲਈ ਦੋਵੇਂ ਤਰਕ ਛੱਡੋ। ਹੰਕਾਰ ਅਤੇ ਮੋਹ ਨੂੰ ਆਪਣੇ ਹਿਰਦੇ ਵਿਚ ਨਾ ਧਾਰਨ ਕਰੋ, ਭਾਵ ਇਨ੍ਹਾਂ ਨੂੰ ਤਿਆਗੋ।" ਹਾਜੀ ਨੇ ਸੁਣ ਕੇ ਫਿਰ ਕਿਹਾ, "ਖ਼ਫਨੀ ਭਾਵ ਬਾਹਾਂ ਬਗੈਰ ਅਨਸੀਤਾ ਚੋਲਾ ਕਿਉਂ ਪਹਿਨਿਆ ਹੈ, ਇਸ ਬਾਰੇ ਦਸੋ ?"॥ ੪੦॥

ਤਬ ਸ੍ਰੀ ਗੁਰੂ ਨੈ ਬਚਨ ਬਖਾਨਾ। 'ਖ਼ਫਨੀ ਜਾਨਹੁ ਖ਼ਫਨ ਸਮਾਨਾ।
ਮੁਰਦਾ ਹੋਇ ਸੁ ਖਫਨੀ ਪਾਵੈ। ਗੁਰੂ ਗੋਰ ਕੇ ਬੀਚ ਸਮਾਵੈ ॥ ੪੧॥

ਤਦ ਸ੍ਰੀ ਗੁਰੂ ਜੀ ਨੇ ਬਚਨ ਕੀਤਾ, "ਖ਼ਫਨੀ ਨੂੰ ਖ਼ੱਫਣ ਸਮਾਨ ਸਮਝੋ। ਜਦ ਮਨੁੱਖ ਮਰ ਜਾਂਦਾ ਹੈ ਤਾਂ ਉਹ ਖ਼ਫਨੀ ਪਹਿਣਦਾ ਹੈ। ਗੁਰੂ ਗੋਰ ਦੇ ਵਿਚ ਇੰਝ ਸਮਾ ਜਾਂਦਾ ਹੈ॥ ੪੧॥

ਅੰਗ ਹਿਲਾਇ ਨ ਆਪ ਜਣਾਵੈ। ਨਿਜ ਹੁਨਰਨ ਕੋ ਰਿਦੈ ਛਪਾਵੈ।
ਕਰਿ ਕੈ ਜ਼ਾਹਰ ਐਬ ਦਿਖਾਵੈ। ਗੁਰ ਰਜਾਇ ਮੰਨੇ ਸੁਖ ਪਾਵੈ ॥੪੨॥

ਨਾ ਉਹ ਅੰਗ ਹਿਲਾਉਂਦਾ ਹੈ, ਨਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਆਪਣੇ ਹੁਨਰਾਂ ਨੂੰ ਹਿਰਦੇ ਵਿਚ ਛੁਪਾ ਲੈਂਦਾ ਹੈ। ਐਬ ਜ਼ਾਹਰ ਕਰਕੇ ਵਿਖਾਉਂਦਾ ਹੈ। ਗੁਰੂ ਦੀ ਰਜ਼ਾ ਮੰਨ ਕੇ ਸੁਖ ਪਾਉਂਦਾ ਹੈ॥ ੪੨॥

ਨਾਮ ਹਮਾਰਾ ਨਾਨਕ ਜਾਨੋ। ਮੱਕੇ ਕੋ ਅਬ ਕਿਯ ਪ੍ਰਸਥਾਨੋ।
ਸੁਨਿ ਸਭਿ ਹਾਜੀ ਮਨ ਮਹਿਂ ਚੀਨਾ। ਇਹ ਹਿੰਦੂ ਕੇ ਬੋਲ ਪ੍ਰਬੀਨਾ ॥੪੩॥

ਨਾ ਮੇਰਾ ਨਾਨਕ ਜਾਣੋ। ਹੁਣ ਮੈਂ ਮੱਕੇ ਨੂੰ ਚਲਿਆ ਹਾਂ।'' ਸਾਰੇ ਹਾਜੀਆਂ ਨੇ ਸੁਣ ਕੇ ਮਨ ਵਿਚ ਪਹਿਚਾਣ ਲਿਆ ਕਿ ਇਹ ਹਿੰਦੂਆਂ ਦੀ ਬੋਲੀ ਵਿਚ ਨਿਪੁੰਨ ਹੈ॥ ੪੩॥

ਚੌਪਈ- ਮਿਲਿ ਕਰਿ ਹਮਰੇ ਸੰਗ ਮਝਾਰੀ। ਕਾਬੇ ਚਲਜੋ ਚਹਿਤ ਮਗ ਭਾਰੀ।
ਦੇ ਜਬਾਬ ਇਸ ਕਰਹਿਂ ਨਿਰਾਲਾ। ਭਲੀ ਨ ਬਾਤ ਚਲਹਿ ਜੇ ਨਾਲਾ ॥੪੪॥

ਸਾਡੇ ਨਾਲ ਮਿਲ ਕੇ ਕਾਬੇ ਦੇ ਵੱਡੇ ਰਸਤੇ ਚਲਿਆ ਹੈ। ਜਵਾਬ ਦੇ ਕੇ ਇਸ ਨੇ ਆਪਣੇ ਆਪ ਨੂੰ ਵੱਖਰਾ ਹੀ ਕਰ ਲਿਆ ਹੈ। ਇਸ ਦੇ ਨਾਲ ਭਲੀ ਬਾਤਚੀਤ ਨਹੀਂ ਚੱਲ ਸਕਦੀ॥ ੪੪॥

ਯੋਂ ਮਸਲਤਿ ਕਰਿ ਬੋਲੇ ਬੈਨਾ। ਮੰਦ ਨ ਸਮਝਹਿਂ ਇਹ ਗੁਨ ਐਨਾ।
'ਮੱਕੇ ਕੇ ਮਗ ਅਸ ਇਕ ਥਾਨਾ। ਚਢਿ ਜਹਾਜ਼ ਪਰ ਕਰਤਿ ਪਯਾਨਾ ॥੪੫॥

ਐਸੇ ਚਤੁਰਾਈ ਦੇ ਇਸ ਬਚਨ ਕਹੇ ਹਨ, ਅਸੀਂ ਮੂਰਖ ਨਹੀਂ ਸੀ ਜਾਣਦੇ ਕਿ ਇਹ ਤਾਂ ਗੁਣਾਂ ਦੇ ਘਰ ਹਨ। ਉਨ੍ਹਾਂ ਕਿਹਾ, ''ਮੱਕੇ ਜਾਣ ਵਾਸਤੇ ਇਕ ਥਾਂ ਆਉਂਦੀ ਹੈ। ਉਥੋਂ ਸਮੁੰਦਰੀ ਜਹਾਜ਼ ਵਿਚ ਚੜ੍ਹ ਕੇ ਅੱਗੇ ਚਲੇ ਜਾਂਦੇ ਹਨ॥ ੪੫॥

ਤਹਿਂ ਜਬ ਕਲਮਾ ਦੇਤਿ ਪਢਾਈ। ਤਬ ਜਹਾਜ਼ ਪਰ ਲੇਤਿ ਚਢਾਈ।
ਹਿੰਦੂ ਨ ਕਲਮਾ ਕਰਤਿ ਉਚਾਰਾ। ਯਾਂਤੇ ਹਮ ਤੇ ਜਾਹੁ ਨਿਰਾਰਾ ॥੪੬॥

ਉਥੇ ਜਦ ਕਲਮਾ ਪੜ੍ਹਾ ਲੈਂਦੇ ਹਨ ਤਦ ਜਹਾਜ਼ ਵਿਚ ਚੜ੍ਹਾ ਲੈਂਦੇ ਹਨ। ਹਿੰਦੂ ਕਲਮਾ ਨਹੀਂ ਪੜ੍ਹਦੇ ਹਨ, ਇਸ ਕਰਕੇ ਓਥੇ ਅਸੀਂ ਇਸ ਨੂੰ ਨਿਆਰਾ ਜਾਣ ਕੇ ਸਮਝ ਲਵਾਂਗੇ'॥ ੪੬॥

ਸੁਨਿ ਕਰਿ ਸ੍ਰੀ ਮੁਖ ਸੋਂ ਮੁਸਕਾਨੇ। ਤਿਨ ਸੋਂ ਐਸੇ ਬਚਨ ਬਖਾਨੇ।
'ਜਨਮਜੋ ਜਬ, ਕੋ ਸੰਗ ਨ ਆਯੋ। ਮਰਨੇ ਕਾਲ ਨ ਸੰਗ ਸਿਧਾਯੋ ॥੪੭॥

ਹਾਜੀਆਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਉਨ੍ਹਾਂ ਨਾਲ ਇਸ ਤਰ੍ਹਾਂ ਬਚਨ ਕੀਤੇ, ''ਜਦ ਜੰਮੇ ਸੀ ਕੋਈ ਨਾਲ ਨਹੀਂ ਸੀ ਆਇਆ। ਮਰਨ ਸਮੇਂ ਵੀ ਕੋਈ ਨਾਲ ਨਹੀਂ ਜਾਂਦਾ॥ ੪੭॥

ਆਇ ਇਕੇਲਾ ਜਾਤਿ ਇਕੇਲਾ। ਯੋ ਸਮਝਹਿ ਮਨ ਹੋਤਿ ਸੁਹੇਲਾ।
ਸੁਨਿ ਕਰਿ ਬਸ ਤਹਿਂ ਰੈਨ ਬਿਤਾਈ। ਬਹੁਰੋ ਜਬ ਪ੍ਰਭਾਤ ਹ੍ਵੈ ਆਈ ॥੪੮॥

ਮਨੁੱਖ ਇਕੱਲਾ ਆਉਂਦਾ ਹੈ ਅਤੇ ਇਕੱਲਾ ਜਾਂਦਾ ਹੈ। ਇਸ ਤਰ੍ਹਾਂ ਸਮਝੋ ਕਿ ਮਨ ਹੀ ਸਹਾਈ ਹੁੰਦਾ ਹੈ।'' ਸੁਣ ਕੇ ਉਥੇ ਹੀ ਰਾਤ ਗੁਜ਼ਾਰੀ, ਬਾਅਦ ਵਿਚ ਜਦ ਸਵੇਰ ਹੋ ਗਈ॥ ੪੮॥

ਉਠਿ ਕਰਿ ਹਾਜੀ ਪੰਥ ਸਿਧਾਰੇ। ਅਪਨ ਸਾਥ ਤੇ ਪ੍ਰਭੁ ਹਟਕਾਰੇ।
ਮਰਦਾਨੇ ਸੋਂ ਬਚਨ ਬਖਾਨਾ। 'ਹਿੰਦੂ ਕੋ ਤਹਿਂ ਹੋਇ ਨ ਜਾਨਾ ॥੪੯॥

ਉਠ ਕੇ ਸਾਰੇ ਹਾਜੀ ਆਪਣੇ ਰਾਹ ਪੈ ਗਏ। ਉਨ੍ਹਾਂ ਆਪਣੇ ਨਾਲ ਲੈ ਜਾਣ ਤੋਂ ਗੁਰੂ ਜੀ ਨੂੰ ਰੋਕਿਆ। ਗੁਰੂ ਜੀ ਨੇ ਫਿਰ ਮਰਦਾਨੇ ਨੂੰ ਇਹ ਬਚਨ ਕਹੇ, ''ਕੋਈ ਹਿੰਦੂ ਉਥੇ ਜਾ ਨਹੀਂ ਸਕਦਾ॥ ੪੯॥

ਮੱਕੇ ਦੇਖਨ ਮਹਿਂ ਪ੍ਰਤਿਬੰਧਾ। ਕਹੁ ਅਬ ਕਿਹ ਬਿਧਿ ਗਮਨੋਂ ਪੰਧਾ।

ਹੁਤੇ ਤੁਰਕ ਸੇ ਪੰਥ ਪਧਾਰੇ"। ਸੁਨਿ ਮਰਦਾਨੇ ਬੈਨ ਉਚਾਰੇ॥ ੫੦॥

ਮੱਕਾ ਵੇਖਣ ਦੀ ਉਨ੍ਹਾਂ ਤੇ ਪਾਬੰਦੀ ਹੈ, ਇਹ ਦੱਸ ਹੁਣ ਕਿਸ ਤਰ੍ਹਾਂ ਉਸ ਰਸਤੇ ਚਲੀਏ। ਜਿਹੜੇ ਮੁਸਲਮਾਨ ਸਨ ਉਹ ਮੱਕੇ ਦੇ ਰਾਹ ਪੈ ਗਏ ਹਨ।" ਇਹ ਸੁਣ ਕੇ ਮਰਦਾਨੇ ਨੇ ਕਿਹਾ॥ ੫੦॥

ਚੌਪਈ- 'ਤੀਨ ਲੋਕ ਕੇ ਬਿਖੈ ਨ ਕੋਈ। ਰਾਵਰ ਕੋ ਬਰਜਹਿ ਮਗ ਜੋਈ।
ਤੁਰਕ ਜਿ ਬਪੁਰੇ ਕੌਨ ਅਗਾਰੀ। ਤੁਮਰੇ ਸਨਮੁਖ ਹ੍ਵੈਂ ਬਲ ਧਾਰੀ॥ ੫੧॥

"ਤਿੰਨਾਂ ਲੋਕਾਂ ਵਿਚ ਕੋਈ ਐਸਾ ਆਦਮੀ ਨਹੀਂ ਜਿਹੜਾ ਆਪਨੂੰ ਮੱਕੇ ਦੇ ਰਸਤੇ ਪੈਣ ਤੋਂ ਰੋਕ ਸਕੇ। ਤੁਹਾਡੇ ਅੱਗੇ ਇਹ ਤੁਰਕ ਵਿਚਾਰੇ ਕੌਣ ਹਨ, ਜਿਹੜੇ ਤੁਹਾਡੇ ਸਨਮੁਖ ਬਲ ਧਾਰ ਕੇ ਖਲੋ ਜਾਣ॥ ੫੧॥

ਕ੍ਰਿਪਾ ਧਾਰਿ ਮੁਝ ਦੇਹੁ ਦਿਖਾਈ। ਨਹਿੰ ਵਿਲਾਉ ਕੀਜੈ ਜਗ ਸਾਈਂ!'
ਸੁਨਿ ਸ੍ਰੀ ਮੁਖ ਤੇ ਬਿਗਸੇ ਨਾਥਾ। ਬੋਲਤਿ ਭੇ ਮਰਦਾਨੇ ਸਾਥਾ॥ ੫੨॥

ਕਿਰਪਾ ਕਰਕੇ ਮੈਨੂੰ ਮੱਕਾ ਵਿਖਾ ਦੇਵੋ। ਹੇ ਜਗਤ ਦੇ ਮਾਲਕ! ਹੁਣ ਟਾਲਮਟੋਲ ਨਾ ਕਰੋ।" ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਅਤੇ ਆਪਣੇ ਮੁਖ ਤੋਂ ਮਰਦਾਨੇ ਨਾਲ ਬੋਲੇ॥ ੫੨॥

'ਤੁਝਹਿ ਬਿਲੋਕਨ ਚਾਹਿ ਜਰੂਰੇ। ਗਾਉ ਸਬਦੁ ਪ੍ਰਭੁ ਕੇ ਗੁਨ ਰੂਰੇ।
ਕਰਤਿ ਸਭਿਨਿ ਕੀ ਆਸ਼ਾ ਪੂਰਨ। ਲੇ ਰਬਾਬ ਗਾਵਹੁ ਅਬ ਤੂਰਨ' ॥੫੩॥

"ਜੇ ਤੁਸੀਂ ਜ਼ਰੂਰ ਹੀ ਵੇਖਣਾ ਚਾਹੁੰਦੇ ਹੋ ਤਾਂ ਸ਼ਬਦ ਪੜ੍ਹ ਕੇ ਪ੍ਰਭੂ ਦੇ ਸੁੰਦਰ ਗੁਣ ਗਾਇਣ ਕਰੋ। ਸਾਰਿਆਂ ਦੀ ਆਸ਼ਾ ਪੂਰਨ ਕਰੋ ਅਤੇ ਰਬਾਬ ਲੈ ਕੇ ਹੁਣ ਤੁਰੰਤ ਗਾਉਣਾ ਆਰੰਭ ਕਰੋ"॥ ੫੩॥

ਸੁਨਿ ਹਰਖਯੋ ਹਿਰਦੈ ਮਰਦਾਨਾ। ਜੰਤ੍ਰ ਬਜਾਇ ਕੀਨ ਮੁਖ ਗਾਨਾ।
ਪ੍ਰੇਮ ਸੰਗ ਸੁਰ ਰਾਗ ਬਸਾਯੋ। ਰੀਝ ਰੀਝ ਊਚੀ ਧੁਨਿ ਗਾਯੋ॥ ੫੪॥

ਇਹ ਸੁਣ ਕੇ ਮਰਦਾਨਾ ਆਪਣੇ ਹਿਰਦੇ ਵਿਚ ਬੜਾ ਪ੍ਰਸੰਨ ਹੋਇਆ। ਰਬਾਬ ਵਜਾ ਕੇ ਸ਼ਬਦ ਦਾ ਗਾਇਣ ਕਰਨ ਲੱਗਾ। ਪ੍ਰੇਮ ਸੰਗ ਸੁਰ ਰਾਗ ਸਾਰੇ ਵੱਸ ਗਿਆ, ਅਤੇ ਰੀਝ ਰੀਝ ਕੇ ਬੜੀ ਉੱਚੀ ਸੁਰ ਵਿਚ ਗਾਉਣ ਲੱਗਾ॥ ੫੪॥

ਸਰਬ ਸ਼ਬਦ ਕੋ ਪਢਿ ਕਰਿ ਜਬਹੀ। ਗ੍ਰੀਵ ਨਿਵਾਇ ਨਮੋ ਕਿਯ ਤਬਹੀ।
ਸਿਰ ਊਚੋ ਕਰਿ ਨੈਨ ਪਸਾਰੇ। ਦੇਖ ਮੱਕੇ ਕੇਰ ਮੁਨਾਰੇ॥ ੫੫॥

ਜਦ ਸਾਰੇ ਸ਼ਬਦ ਦਾ ਗਾਇਣ ਕਰ ਲਿਆ ਤੇ ਸਿਰ ਨਿਵਾ ਕੇ ਤਦ ਨਮਸਕਾਰ ਕੀਤੀ। ਸਿਰ ਉੱਚਾ ਕਰਕੇ ਜਦ ਅੱਖਾਂ ਖੋਲ੍ਹੀਆਂ ਤਾਂ ਉਸ ਨੂੰ ਮੱਕੇ ਦੇ ਮੁਨਾਰੇ ਵਿਖਾਈ ਦਿੱਤੇ॥ ੫੫॥

ਬੂਝਤਿ ਭਾ 'ਇਹ ਕੌਨ ਸਥਾਨਾ ?। ਪਿਖਿ ਅਤਿ ਧੌਲਰ ਸੁੰਦਰ ਨਾਨਾ।
ਕਮਲ ਬਦਨ ਸੁਨਿ ਕਰਿ ਤਿਹ ਬੈਨਾ। ਬਿਗਸਤਿ ਬੋਲੇ ਸ੍ਰੀ ਗੁਨ ਐਨਾ ॥੫੬॥

ਮਰਦਾਨਾ ਪੁੱਛਣ ਲੱਗਾ, "ਇਹ ਕਿਹੜਾ ਸਥਾਨ ਹੈ? ਇਸ ਦੇ ਧੌਲਰ ਮੁਨਾਰੇ ਬੜੇ ਸੁੰਦਰ ਦਿਖਾਈ ਦਿੰਦੇ ਹਨ।" ਕਮਲ ਮੁਖ ਭਾਵ ਗੁਰੂ ਜੀ ਨੇ ਜਦ ਉਸਦੀ ਇਹ ਗੱਲ ਸੁਣੀ ਤਾਂ ਉਹ ਬੜੇ ਖੁਸ਼ ਹੋ ਕੇ ਬੋਲੇ॥ ੫੬॥

'ਮੱਕਾ ਆਵਾ ਜ਼ਾਰਤ ਤੇਰੀ। ਚਹਿਤ ਜੁ ਮਨ, ਉਠਿ, ਲੀਜੈ ਹੇਰੀ'।
ਹਰਖਾ ਸੁਨਿ ਕਰਿ, ਭਾ ਮਨ ਭਾਵਾ। ਹਿਤ ਦੇਖਨ ਕੇ ਚਿਤ ਲਲਚਾਵਾ ॥੫੭॥

"ਇਹ ਤੇਰਾ ਯਾਤਰਾ ਸਥਾਨ ਮੱਕਾ ਆ ਗਿਆ ਹੈ, ਜੇ ਤੇਰੇ ਮਨ ਵਿਚ ਹੈ ਉੱਠ ਕੇ ਵੇਖ ਲਵੋ।" ਗੁਰੂ ਜੀ ਦੀ ਇਹ ਗੱਲ

ਸੁਣ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਆਪਣੇ ਮਨ-ਭਾਉਂਦੇ ਅਸਥਾਨ ਨੂੰ ਵੇਖਣ ਵਾਸਤੇ ਉਸ ਦਾ ਮਨ ਲਲਚਾ ਗਿਆ॥ ੫੭॥

ਚੌਪਈ- ਮਰਦਾਨੇ ਕੇ ਚਿਤ ਕੀ ਜਾਨੀ। ਉਠਤਿ ਭਏ ਤਬ ਹੀ ਗੁਨਖਾਨੀ।
ਮੰਦ ਮੰਦ ਪਦ ਸੁੰਦਰ ਚਾਲੀ। ਬੈਠੇ ਜਾਇ ਸਮੀਪ ਦਿਵਾਲੀ॥੫੮॥

ਗੁਰੂ ਜੀ ਨੇ ਮਰਦਾਨੇ ਦੇ ਦਿਲ ਦੀ ਗੱਲ ਜਾਣ ਲਈ ਅਤੇ ਉਸੇ ਵੇਲੇ ਗੁਰੂ ਜੀ ਉੱਠ ਖਲੋਤੇ। ਹੋਲੀ-ਹੋਲੀ ਪੈਰ ਧਰਦੇ ਸੁੰਦਰ ਚਾਲ ਚਲ ਪਏ ਅਤੇ ਇਕ ਦੀਵਾਰ ਦੇ ਨੇੜੇ ਜਾ ਕੇ ਬੈਠ ਗਏ॥ ੫੮॥

ਹਾਜੀ ਬੇਖ ਕਰੇ ਤਿਹ ਥਾਏ। ਕੀਨੇ ਆਸਨ ਗੁਰੂ ਸੁਹਾਏ।
ਤਿਹ ਛਿਨ ਸਬਦ ਬਸੰਤ ਮਝਾਰਾ। ਉਚਿ ਸੁਰ ਸੋਂ ਕਿਯ ਗਾਨ ਉਚਾਰਾ॥੫੯॥

ਉਸ ਥਾਂ ਹਾਜੀਆਂ ਦਾ ਭੇਸ ਧਾਰਨ ਕਰ ਲਿਆ, ਸੁੰਦਰ ਆਸਣ ਕਰਕੇ ਬੈਠੇ ਗੁਰੂ ਜੀ ਬੜੇ ਸੋਭ ਰਹੇ ਸਨ। ਉਸ ਸਮੇਂ ਬਸੰਤ ਰਾਗ ਵਿਚ ਇਕ ਸ਼ਬਦ ਉਚੀ ਸੁਰ ਵਿਚ ਗਾ ਕੇ ਉਚਾਰਨ ਕੀਤਾ॥ ੫੯॥

*ਬਸੰਤੁ ਹਿੰਡੋਲ ਮਹਲਾ ੧ ਘਰੁ ੨*

*੧ਓ ਸਤਿਗੁਰ ਪ੍ਰਸਾਦਿ॥*

*ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ॥*
*ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥ ੧॥*
*ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ॥ ੧॥ ਰਹਾਉ॥*
*ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ॥*
*ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥ ੨॥*
*ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥*
*ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥ ੩॥*
*ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁਟਵਾਰੀ॥*
*ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ॥ ੪॥*
*ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥*
*ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥ ੫॥*
*ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥*
*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ ੬॥*
*ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ॥*
*ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ॥ ੭॥*
*ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ॥*
*ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ॥ ੮॥ ੧॥ ੮॥* (ਪੰਨਾ ੧੧੯੦)

ਨੌਂ ਖੰਡਾਂ, ਸੱਤ ਦੀਪਾਂ, ਚੌਦਾਂ ਜਹਾਨਾਂ, ਤਿੰਨਾਂ ਗੁਣਾਂ, ਚਾਰ ਯੁਗਾਂ ਅਤੇ ਉਤਪਤੀ ਦੇ ਚਾਰ ਸੋਮਿਆਂ ਨੂੰ ਸਥਾਪਨ ਕਰਕੇ ਪ੍ਰਭੂ ਨੇ ਉਨ੍ਹਾਂ ਸਾਰਿਆਂ ਨੂੰ ਆਪਣੇ ਮੰਦਰ ਵਿਚ ਬਿਠਾ ਦਿੱਤਾ ਹੈ। ਉਸ ਨੇ ਚਾਰੇ ਹੀ ਦੀਵੇ ਇਕ ਇਕ ਕਰਕੇ ਚੌਹਾਂ ਯੁਗਾਂ ਦੇ ਹੱਥ ਵਿਚ ਫੜਾ ਦਿੱਤੇ ਹਨ॥ ੧॥ ਹੇ ਮੇਰੇ ਮਿਹਰਵਾਨ ਮਾਲਕ, ਇਸ ਤਰ੍ਹਾਂ ਦੀ ਤੇਰੀ ਤਾਕਤ ਹੈ॥ ੧॥ ਠਹਿਰਾਉ॥ ਹਰ ਇਕ ਦੇ ਘਰ ਦੀ ਅੱਗ ਤੇਰੀ ਫੌਜ ਹੈ ਅਤੇ ਸੱਚੇ ਧਰਮ ਦੀ ਸਰਦਾਰੀ ਹੈ। ਧਰਤੀ ਤੇਰੀ ਦੇਗ ਹੈ ਜੋ ਜੀਵਾਂ ਨੂੰ ਇਕ ਵਾਰ ਹੀ ਮਿਲਦੀ ਹੈ, ਭਾਗ ਤੇਰਾ ਭੰਡਾਰੀ ਹੈ॥ ੨॥ ਬੇਸਬਰ ਹੋ ਕੇ ਬੰਦਾ ਮੁੜ ਮੰਗਦਾ ਹੈ ਅਤੇ ਚੰਚਲ ਮਨ ਉਸ ਨੂੰ ਖੱਜਲ ਕਰਦਾ ਹੈ। ਲਾਲਚ ਕਾਲਾ ਬੋਲਾ ਕੈਦਖਾਨਾ ਹੈ ਅਤੇ ਅਉਗੁਣ ਤੇਰੇ ਪੈਰਾਂ ਦੀਆਂ ਬੇੜੀਆਂ ਹਨ॥ ੩॥ ਦੌਲਤ ਆਪਣੇ ਮੁਦਗਰ ਨਾਲ ਸਦਾ ਹੀ ਜਿੰਦੜੀ ਨੂੰ ਮਾਰਦੀ ਹੈ ਅਤੇ ਪਾਪ ਕੋਤਵਾਲੀ ਕਰਦਾ ਹੈ। ਹੇ ਪ੍ਰਭ! ਭਾਵੇਂ ਕੋਈ ਚੰਗਾ ਹੈ, ਭਾਵੇਂ ਮਾੜਾ, ਇਨਸਾਨ ਵੈਸਾ ਹੀ ਹੈ, ਜਿਸ ਤਰ੍ਹਾਂ ਦੀ ਤੁਸੀਂ ਉਸ ਤੇ ਦ੍ਰਿਸ਼ਟੀ ਧਾਰਦੇ ਹੋ॥ ੪॥ ਆਦਿ ਪੁਰਖ ਨੂੰ ਅੱਲਾਹ ਆਖਿਆ ਜਾਂਦਾ ਹੈ ਤੇ ਹੁਣ ਸ਼ੇਖਾਂ ਦੀ ਵਾਰੀ ਆ ਗਈ ਹੈ। ਦੇਵਤਿਆਂ ਦੇ ਮੰਦਰਾਂ ਨੂੰ ਮਸੂਲ ਲੱਗਦਾ ਹੈ। ਇਹੋ ਜਿਹਾ ਦਸਤੂਰ ਚਾਲੂ ਹੋ ਗਿਆ ਹੈ॥ ੫॥ ਲੋਟੇ, ਬਾਂਗ, ਨਮਾਜ਼ਾਂ ਅਤੇ ਮੁਸੱਲੇ ਹਰ ਥਾਂ ਦਿੱਸਦੇ ਹਨ ਅਤੇ ਪ੍ਰਭੂ ਨੀਲੇ ਸਰੂਪ ਨਾਲ ਦਿੱਸਦਾ ਹੈ। ਹੇ ਇਨਸਾਨ! ਘਰ ਘਰ ਮਰਦਾਂ ਨੂੰ ਮੀਆਂ ਆਖਦੇ ਹਨ, ਤੁਹਾਡੀ ਭਾਸ਼ਾ ਵੱਖਰੀ ਹੋ ਗਈ ਹੈ॥ ੬॥ ਹੇ ਸੁਆਮੀ! ਜੇ ਤੂੰ ਮੀਰ ਨੂੰ ਧਰਤੀ ਦਾ ਰਾਜਾ ਬਣਾਉਣਾ ਚਾਹੁੰਦਾ ਹੈਂ ਤਾਂ ਮੇਰੀ ਕੀ ਮਜਾਲ ਹੈ ਕਿ ਮੈਂ ਉਜਰ ਕਰਾਂ। ਚਾਰੇ ਪਾਸਿਆਂ ਦੇ ਲੋਕ ਤੈਨੂੰ ਪਰਿਣਾਮ ਕਰਦੇ ਹਨ, ਹੇ ਪ੍ਰਭੂ ਘਰ ਘਰ ਤੇਰੀ ਸਿਫਤ ਹੋ ਰਹੀ ਹੈ॥ ੭॥ ਤੀਰਥ ਇਸ਼ਨਾਨ, ਸਿਮ੍ਰਤੀਆਂ ਪੜ੍ਹਨ ਅਤੇ ਦਾਨ ਦੇਣ ਨਾਲ ਕੁਝ ਲਾਭ ਪ੍ਰਾਪਤ ਨਹੀਂ ਹੁੰਦਾ। ਹੇ ਨਾਨਕ! ਵਡਿਆਈ ਵਾਲੇ ਨਾਮ ਦੇ ਇਕ ਘੜੀ ਸਿਮਰਨ ਦੁਆਰਾ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ॥ ੮॥ ੧॥ ੮॥

ਦੋਹਰਾ- 'ਨੌ ਖੰਡ ਔ ਸਤ ਦੀਪ ਜੋ ਚੋਦਹਿ ਪੁਰੀ, ਬਨਾਇ।
ਤੀਨ ਗੁਨਾ, ਚਹੁ ਬੇਦ, ਕਰਿ ਰਾਖੀ ਰਚਨ ਰਚਾਇ॥ ੬੦॥

ਗੁਰੂ ਜੀ ਨੇ ਕਿਹਾ, "ਨੌਂ ਖੰਡ, ਸੱਤ ਦੀਪ ਅਤੇ ਜੋ ਚੌਦਾਂ ਜਹਾਨ ਬਣਾਏ ਹਨ। ਤਿੰਨਾਂ ਗੁਣਾਂ, ਚਾਰ ਵੇਦਾਂ ਦੀ ਰਚਨਾ ਰਚ ਕੇ ਰੱਖੀ ਹੈ॥ ੬੦॥

ਚਹੁ ਜੁਗ ਕੇ ਦੀਪਕ ਚਤਰ ਕਰਤਿ ਉਜਾਲਾ ਬੇਦ।
ਬ੍ਰਹਮੇ ਕੀ ਰੱਖਯਾ ਨਮਿਤ ਮਧੁਕੈਟਭ ਦਿਯ ਛੇਦ॥ ੬੧॥

ਚਾਰ ਜੁਗਾਂ ਦੇ ਦੀਪਕ ਰੂਪੀ ਚਾਰ ਵੇਦ ਉਜਾਲਾ (ਚਾਨਣਾ) ਕਰ ਰਹੇ ਹਨ। ਬ੍ਰਹਮਾਂ ਦੀ ਰੱਖਿਆ ਵਾਸਤੇ ਮਧੁਕੈਟਭ ਨਾਮੀ ਦੈਂਤ ਨੂੰ ਤੂੰ ਮਾਰ ਦਿੱਤਾ ਹੈ॥ ੬੧॥

ਘਰ ਘਰ ਲਸ਼ਕਰ ਅਗਨਿ ਜੋ ਧਰਮ ਰਾਇ ਸਿਕਦਾਰ।
ਧਰਤੀ ਥਾਪੀ ਦੇਗ ਕਰਿ ਸਭਿਸੈ ਦੇਤਿ ਅਹਾਰ॥ ੬੨॥

ਘਰ ਘਰ ਅਗਨੀ ਰੂਪ ਫੌਜ ਹੈ ਤੇ ਧਰਮ ਰਾਇ ਦੀ ਸਰਦਾਰੀ ਹੈ। ਦੇਗ (ਲੰਗਰ) ਰੂਪੀ ਧਰਤੀ ਥਾਪੀ ਹੈ ਜੋ ਸਭ ਨੂੰ ਭੋਜਨ ਦਿੰਦੀ ਹੈ॥ ੬੨॥

ਕਰਮ ਭੰਡਾਰੀ ਸੇ ਭਏ ਜਸ ਕਰਿਹੀ ਤਸ ਦੇਜ।
ਤ੍ਰਿਸ਼ਨਾ ਮੈਂ ਮਨ ਬਿਗਰ ਕੈ ਸਦਾ ਖੁਆਰ ਰਹੇਜ॥ ੬੩॥

ਲਾਂਗਰੀ ਰੂਪੀ ਕਰਮ ਹਨ, ਜੈਸਾ ਕਰਦੇ ਹਨ ਤੈਸਾ ਦਿੰਦੇ ਹਨ। ਤ੍ਰਿਸ਼ਨਾ ਵਿਚ ਮਨ ਵਿਗੜ ਕੇ ਸਦਾ ਦੁਖੀ ਰਹਿੰਦਾ ਹੈ॥ ੬੩॥

ਬਿਨ ਸੰਤੋਖ ਤਮ ਬੰਦ ਮੈਂ ਅਉਗਣ ਪਾਪ ਕਰੰਤਿ।
ਪਰਿ ਹੈਂ ਮੁਗਦਰ ਜਮਹਿੰ ਕੇ ਹ੍ਵੈ ਸਜਾਇ ਦੁਖਵੰਤ॥ ੬੪॥

ਬਿਨਾਂ ਸੰਤੋਖ ਹਨੇਰੇ ਦੀ ਕੈਦ ਵਿਚ ਰਹਿੰਦਾ ਹੈ ਅਤੇ ਮਾੜੇ ਗੁਣ ਪਾਪ ਕਰਦੇ ਹਨ। ਜਮ ਦਾ ਮੁਦਗਰ ਵੱਜਦਾ ਹੈ ਅਤੇ ਸਜ਼ਾ ਪਾ ਕੇ ਬੜਾ ਦੁਖੀ ਹੁੰਦਾ ਹੈ॥ ੬੪॥

ਚੌਪਈ- ਫਿਰਜੋ ਸਮਾਂ ਅਬ ਔਰ ਬਿਧਿ ਸੇਖਾ ਵਾਰੀ ਆਇ।
ਆਦਿ ਪੁਰਖ ਕੋ ਅਲਹ ਕਹਿ ਦੇਵਲ ਕਰ ਲਗਵਾਇ॥ ੬੫॥

ਹੁਣ ਸਮਾਂ ਬਦਲ ਗਿਆ ਹੈ ਤੇ ਹੁਣ ਮੁਸਲਮਾਨ ਸ਼ੇਖਾਂ ਦੀ ਵਾਰੀ ਆ ਗਈ ਹੈ। ਉਹ ਆਦਿ ਪੁਰਖ ਨੂੰ ਅੱਲਾਹ ਕਹਿੰਦੇ ਹਨ ਅਤੇ ਦੇਵਤਿਆਂ ਦੇ ਮੰਦਰਾਂ ਨੂੰ ਮਸੂਲ ਲਗਵਾ ਦਿੱਤਾ ਹੈ॥ ੬੫॥

ਕੂਜਾ ਬਾਂਗ ਨਿਵਾਜ ਕੀ ਰੀਤਿ ਚਲਾਨੀ ਔਰ।
ਜੀਅਨ ਕੋ ਮੀਆਂ ਕਹੈਂ ਅਸ ਬੋਲੀ ਸਭਿ ਠੌਰ॥ ੬੬॥

ਲੋਟੇ, ਬਾਂਗ ਅਤੇ ਨਿਮਾਜ਼ ਦੀ ਹੋਰ ਹੀ ਰੀਤ ਚਲਾ ਦਿੱਤੀ ਹੈ। ਮਰਦਾਂ ਨੂੰ ਮੀਆਂ ਕਹਿੰਦੇ ਹਨ, ਇਸ ਤਰ੍ਹਾਂ ਇਨ੍ਹਾਂ ਦੀ ਭਾਸ਼ਾ ਹੀ ਵੱਖਰੀ ਹੋ ਗਈ ਹੈ॥ ੬੬॥

ਨਿਰੰਕਾਰ ਕਰਤਾਰ ਅਬ ਹ੍ਵੈ ਬੈਠਜੋ ਇਸ ਅੰਗ।
ਐਸੀ ਕੁਦਰਤ ਕਿਸ ਬਿਧੈ ਕਰਿ ਹਟਾਇ ਤੁਮ ਸੰਗ॥ ੬੭॥

ਨਿਰੰਕਾਰ ਕਰਤਾਰ ਹੁਣ ਇਸ ਪੱਖ ਵਿਚ ਹੋ ਗਿਆ ਹੈ। ਐਸੀ ਕੁਦਰਤ ਹੁਣ ਕਿਸ ਤਰ੍ਹਾਂ ਤੇਰੇ ਨਾਲੋਂ ਹਟਾਏ॥ ੬੭॥

ਮਿਲੈ ਦਿਹਾੜੀ ਮੋਹਿ ਕੋ ਚਲਿ ਆਯੋ ਤੁਮ ਪਾਸ।
ਤੀਰਥ ਸਿੰਮ੍ਰਿਤ ਪੁੰਨ ਸਭਿ ਦਿਹੁ ਹਿੰਦਨ ਸੁਖਰਾਸ॥ ੬੮॥

ਮੈਨੂੰ ਦਿਹਾੜੀ ਭਾਵ ਲਾਭ ਮਿਲੇ, ਇਸ ਲਈ ਹੇ ਪ੍ਰਭੂ! ਤੁਹਾਡੇ ਪਾਸ ਚਲ ਕੇ ਆਇਆ ਹਾਂ। ਹੇ ਸੁਖ ਰਾਸ ! ਤੀਰਥ ਇਸ਼ਨਾਨ, ਸਿਮ੍ਰਤੀਆਂ ਦਾ ਪਾਠ ਪੁੰਨ ਦਾਨ ਨਾਲ ਕੁਝ ਲਾਭ ਨਹੀਂ ਪ੍ਰਾਪਤ ਹੁੰਦਾ ਹੈ॥ ੬੮॥

ਨਾਮ ਵਡਾਈ ਦੀਜੀਏ ਮੋ ਕੋ ਸ੍ਰੀ ਕਰਤਾਰ!।
ਹਿੰਦਨ ਕੋ ਥਿਰ ਧਰਮ ਹ੍ਵੈ ਕਾਰਜ ਯਹੀ ਹਮਾਰ॥ ੬੯॥

ਹੇ ਕਰਤਾਰ ! ਮੈਨੂੰ ਨਾਮ ਦੀ ਵਡਿਆਈ ਦੇਵੋ। ਹਿੰਦੀਆਂ ਦਾ ਅਟੱਲ ਧਰਮ ਹੋਵੇ, ਇਹੀ ਮੇਰਾ ਕੰਮ ਹੈ॥'' ੬੯॥

ਇਸ ਪ੍ਰਕਾਰ ਕੇ ਸ਼ਬਦ ਸੁਨਿ ਮੱਕੇ ਬਾਸੀ ਲੋਕ।
'ਹਾਜੀ ਇਹ ਮਤਿਵਾਨ ਵਡ ਭਾਖਹਿੰ ਦਰਸ ਬਿਲੋਕਿ॥ ੭੦॥

ਇਸ ਪ੍ਰਕਾਰ ਦਾ ਸ਼ਬਦ ਸੁਣ ਕੇ ਮੱਕੇ ਦੇ ਵਾਸੀ ਲੋਕ ਵੇਖ ਕੇ ਕਹਿਣ ਲੱਗੇ, ''ਇਹ ਹਾਜੀ ਬੜੀ ਅਕਲ ਵਾਲਾ ਹੈ''॥ ੭੦॥

ਸੀਧਾ ਆਨ ਚਢਾਵਈਂ, ਕੇਤਿਕ ਕਰਹਿੰ ਸਲਾਮ।
ਬੈਸੇ ਸੁਜਸ ਬਖਾਨਹੀ 'ਹੈਂ ਬਿਸਾਲ ਗੁਨ ਧਾਮ'॥ ੭੧॥

ਕਈ ਰਸਦ ਲਿਆ ਕੇ ਚੜ੍ਹਾਉਂਦੇ ਸਨ ਅਤੇ ਕਈ ਸਲਾਮ ਕਰਦੇ ਸਨ। ਬੈਠੇ ਜੱਸ ਕਰਦੇ ਹਨ, ''ਇਹ ਵੱਡੇ ਗੁਣਾਂ ਦਾ ਘਰ ਹਨ''॥ ੭੧॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਮੱਕੇ ਮਾਰਗ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧਯਾਯ॥ ੫੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਵੰਜਵਾਂ ਅਧਿਆਇ, ਜਿਸ ਦਾ ਨਾਮ 'ਮੱਕੇ ਮਾਰਗ' ਹੈ, ਸਮਾਪਤ ਹੋਇਆ॥ ੫੭॥

# ਅਧਿਆਇ ਅਠਵਿੰਜਵਾਂ

*ਮੱਕਾ, ਜੀਵਣ ਪ੍ਰਸੰਗ।*

ਦੋਹਰਾ- ਸ੍ਰੀ ਗੁਰ ਸ਼ਬਦ ਕਮਾਇ ਜਿਨ ਜੀਤੇ ਪੰਚ ਬਿਕਾਰ।
ਤਿਨ ਸੰਤਨ ਕੋ ਬੰਦਨਾ ਸਿਰ ਚਰਨਨ ਪਰ ਧਾਰਿ॥ ੧॥

ਜਿਨ੍ਹਾਂ ਨੇ ਸ੍ਰੀ ਗੁਰੂ ਜੀ ਦੇ ਸ਼ਬਦ ਦੀ ਕਮਾਈ ਪੰਜਾਂ ਵਿਕਾਰਾਂ ਨੂੰ ਮਾਰ ਕੇ ਕੀਤੀ ਹੈ, ਤਿਨ੍ਹਾਂ ਸੰਤਾਂ ਦੇ ਚਰਨਾਂ 'ਤੇ ਸਿਰ ਧਰ ਕੇ ਮੇਰੀ ਨਮਸ਼ਕਾਰ ਹੋਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਕਬਿੱਤ- ਸੁਨੋ ਗੁਰੂ ਅੰਗਦ ਜੀ ਆਗੇ ਪੁਨ ਕਥਾ ਅਬ ਬੈਠੇ ਜਗਤੇਸ਼ ਕੋਊ ਘਟੀ ਤਿਹ ਥਾਨ ਹੈਂ।
ਦੀਨਨ ਕੇ ਦਾਨੀ ਬੋਲੇ ਬਦਨ ਤੇ ਬਾਨੀ ਤਬ 'ਦੇਖ ਮਰਦਾਨੇ ਜਾਂਕੋ ਚਾਹਿਤਿ ਮਹਾਨ ਹੈ'।
'ਸ੍ਰੀ ਪ੍ਰਭੁ ਪੁਨੀਤ ! ਇਹ ਚਾਰੋਂ ਦਿਸ ਭੀਤ ਕਰੈਂ ਕਹੂੰ ਮੈਂ ਪ੍ਰਤੀਤ, ਸਭਿ ਤੁਰਕ ਅਜਾਨ ਹੈਂ।
ਕੈਸੀ ਇਹ ਰੀਤਿ, ਕਾਂਕੋ ਪੂਜੈਂ ਕਰਿ ਪ੍ਰੀਤ ਨਰ ? ਮੋਕੋ ਤੋ ਅਨੀਤ ਸੀ ਫੁਰਤਿ ਪਾਜਵਾਨ ਹੈ ॥੨ ॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਹੁਣ ਅਗਲੀ ਕਥਾ ਸੁਣੋ, ਜਗਤ ਦੇ ਪਰਮੇਸ਼ਵਰ ਭਾਵ ਗੁਰੂ ਜੀ ਕੁਝ ਘੜੀਆਂ ਉਸ ਥਾਂ ਬੈਠੇ ਰਹੇ। ਦੀਨਨ ਦੇ ਦਾਤੇ ਆਪਣੇ ਮੁਖ ਤੋਂ ਕੁਝ ਬਚਨ ਬੋਲੇ, " ਹੇ ਮਰਦਾਨੇ ! ਵੇਖ ਲੈ, ਜਿਸ ਨੂੰ ਤੂੰ ਬਹੁਤ ਚਾਹੁੰਦਾ ਹੈਂ।" ਮਰਦਾਨੇ ਨੇ ਕਿਹਾ, "ਹੇ ਪਵਿੱਤਰ ਪ੍ਰਭੂ ਜੀ ! ਚਾਰੇ ਪਾਸੇ ਦੀਵਾਰ ਕੀਤੀ ਹੈ, ਮੈਨੂੰ ਕਿਵੇਂ ਪ੍ਰਤੀਤ ਹੋਵੇ, ਸਾਰੇ ਤੁਰਕ ਮੂਰਖ ਹਨ। ਇਹ ਕੈਸੀ ਰੀਤੀ ਹੈ, ਸਾਰੇ ਪੁਰਸ਼ ਇਸ ਨੂੰ ਪ੍ਰੀਤ ਕਰਕੇ ਇਸ ਦੀ ਪੂਜਾ ਕਿਉਂ ਕਰਦੇ ਹਨ ? ਮੈਨੂੰ ਤਾਂ ਇਹ ਸਾਰੀ ਨੀਤੀ ਰਹਿਤ ਪਾਜ ਵਾਲੀ ਗੱਲ ਲੱਗਦੀ ਹੈ"॥ ੨॥

'ਦੇਖੋ ਮੱਧ ਜਾਉ ਜੈਸੋ ਬਨਯੋ ਹੈ ਬਨਾਉ ਜਾਂਕੋ', ਬੈਨ ਸੁਨਿ ਚਲਯੋ ਮਰਦਾਨਾ ਹੁਲਸਾਇਕੈ।
ਗਯੋ ਜਬ ਪੌਰ ਤਹਾਂ ਬੈਸੇ ਹੈਂ ਮੁਜੌਰ ਕਹੈਂ "ਈਹਾਂ ਕਰਿ ਕਾਜ ਜੋਊ ਆਗੇ ਕਰੈਂ ਜਾਇਕੈ"।
'ਹੌਂ ਤੋ ਹੌਂ ਤੁਰਕ ਮੋਕੋ ਆਗੇ ਕਯੋਂਨ ਜਾਨਿ ਦੇਹੋ ? ਦਰਸ ਪਰਸ ਹਟਿ ਆਵੋਂ ਸੁਖ ਪਾਇਕੈ'।
'ਦੇਖਨ ਰਜਾਇ ਨਹੀਂ ਹਮ ਹੂੰ ਤੇ ਜਾਇ ਤਹਾਂ ਆਖੈਂ ਦੋਊ ਬਾਂਧੈਂ ਕਰ ਬੰਦੋਂ ਸੀਸ ਨਾਇਕੈ' ॥੩ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਇਸ ਦੇ ਅੰਦਰ ਜਾ ਕੇ ਵੇਖੋਂ ਅਤੇ ਜਿਸ ਤਰ੍ਹਾਂ ਦਾ ਬਣਿਆ ਹੈ, ਉਸ ਬਾਰੇ ਸਾਨੂੰ ਵੀ ਆ ਕੇ ਦੱਸੋ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨਾ ਖੁਸ਼ ਹੋ ਕੇ ਚਲਾ ਗਿਆ। ਮਰਦਾਨਾ ਜਦ ਉਥੇ ਗਿਆ ਤਾ ਉਥੇ ਬੈਠੇ ਪੁਜਾਰੀ ਕਹਿਣ ਲੱਗੇ, "ਜੋ ਕੰਮ ਕਰਨਾ ਹੈ ਇਥੇ ਕਰ ਲਾ, ਜੋ ਅੱਗੇ ਜਾ ਕੇ ਕਰਨਾ ਹੈ।" "ਮੈਂ ਤਾਂ ਤੁਰਕ ਹਾਂ, ਮੈਨੂੰ ਅੱਗੇ ਕਿਉਂ ਨਹੀ ਜਾਣ ਦਿੰਦੇ ?" ਮੈਂ ਦਰਸ਼ਨ ਕਰਕੇ ਸੁਖ ਪਾ ਕੇ ਵਾਪਿਸ ਆ ਜਾਵਾਂਗਾ।" "ਪੁਜਾਰੀਆਂ ਕਿਹਾ ਕਿ ਦੇਖਣ ਦੇਣ ਦਾ ਹੁਕਮ ਨਹੀਂ ਹੈ, ਜੇ ਉਥੇ ਜਾਣਾ ਚਾਹੁੰਦਾ ਹੈਂ ਤਾਂ ਅਸੀਂ ਤੇਰੀਆਂ ਦੋਵੇਂ ਅੱਖਾਂ ਬੰਨ੍ਹ ਦਿੰਦੇ ਹਾਂ, ਹੱਥ ਜੋੜ ਕੇ ਸਿਰ ਨਿਵਾ ਕੇ ਉਥੇ ਚਲੇ ਜਾ"॥ ੩॥

ਐਸੇ ਸੁਨਿ ਬੈਨ ਮੁਰਝਾਨੋ, ਹਟਿ ਆਯੋ ਢਿਗ, ਗੁਰੂ ਮੁਸਕਾਨੇ 'ਮਰਦਾਨੇ ਦੇਖਯੋ ਥਾਨ ਕੋ ?'
ਕਹੈ 'ਨਹੀਂ ਜਾਨ ਦੇਹਿਂ, ਕੈਸੇ ਦੇਖੋਂ ਜਾਇ ਤਹਾਂ, ਜਾਇਂ ਜਿ ਮੁਜੌਰ ਨੈਨ ਬਾਂਧੈ ਡੀਠ ਹਾਨ ਕੋ।
ਸੰਗ ਤੁਮ ਆਏ, ਬਿਨਾ ਦੇਖੇ ਇਹ ਜਾਵੈਂ ਅਬ, ਰਹੈ ਪਛੁਤਾਵੋ ਭੇਦ ਹੋਇ ਨ ਲਖਾਨ ਕੋ।
ਫੇਰ ਕਬ ਦੇਖੈਂ ਜੇ ਨ ਅਬ ਦੇਖਯੋ ਜਾਇ ਪ੍ਰਭੁ! ਮੋਕੋ ਦਿਖਰਾਇ ਪੁਨ ਕੀਜੈ ਪ੍ਰਸਥਾਨ ਕੋ ॥੪ ॥

ਐਸੇ ਬੋਲ ਸੁਣ ਕੇ ਮਾਯੂਸ ਹੋ ਗਿਆ ਅਤੇ ਵਾਪਿਸ ਗੁਰੂ ਜੀ ਪਾਸ ਆ ਗਿਆ। ਗੁਰੂ ਜੀ ਉਸ ਨੂੰ ਵੇਖ ਕੇ ਮੁਸਕਰਾਏ ਅਤੇ ਕਿਹਾ, "ਮਰਦਾਨੇ ! ਉਸ ਅਸਥਾਨ ਨੂੰ ਵੇਖ ਆਇਆ ਹੈਂ ?" ਮਰਦਾਨੇ ਨੇ ਕਿਹਾ, "ਪੁਜਾਰੀ ਅੱਗੇ ਜਾਣ ਨਹੀ ਦਿੰਦੇ, ਕਿਸ ਤਰ੍ਹਾਂ ਉਸ ਸਥਾਨ ਨੂੰ ਜਾ ਕੇ ਵੇਖਾਂ, ਜੇ ਜਾਵਾਂ ਤਾਂ ਪੁਜਾਰੀ ਅੱਖਾਂ ਬੰਨ੍ਹ ਦਿੰਦੇ ਹਨ, ਤਾਂਕਿ ਮੈਂ ਵੇਖ ਨਾ ਸਕਾਂ। ਤੁਹਾਡੇ ਨਾਲ ਆਇਆ ਹਾਂ, ਹੁਣ ਬਿਨਾਂ ਦੇਖੇ ਕਿਵੇਂ ਵਾਪਿਸ ਜਾਵਾਂਗਾ, ਇਹੋ ਪਛਤਾਵਾ ਰਹੇਗਾ ਕਿ ਭੇਦ ਦਾ ਪਤਾ ਨਾ ਲੱਗਾ। ਹੇ ਪ੍ਰਭੂ ! ਫਿਰ ਕਦ ਵੇਖਣਾ ਹੈ ਜੇ ਹੁਣ ਹੀ ਨਾ ਵੇਖ ਸਕੇ, ਮੈਨੂੰ ਇਕ ਵਾਰ ਵਿਖਾ ਦੇਵੋ, ਫਿਰ ਇਥੋਂ ਚਲੇ ਜਾਵਾਂਗੇ' ॥ ੪ ॥

ਸ੍ਵੈਯਾ- 'ਦੇਖਨ ਚਾਹਿ ਬਿਸਾਲ ਇਤੀ ਤੁਝ, ਜਾਇ ਪਿਖੋ ਅਬਕੇ ਮਰਦਾਨਾ !।
ਦੇਖ ਸਕੈਂ ਨਾ ਮੁਜਾਵਰ ਤੋਹਿ ਕੋ, ਅੰਤਰਜਾਹੁ ਨਿਸ਼ੰਕ, ਸੁਜਾਨਾ !'।
ਆਇਸ ਧਾਰਿ ਲਈ ਸਿਰ ਪੈ ਸੁਨਿ ਬੈਨ, ਵਡੋ ਮਨ ਮੈਂ ਹਰਖਾਨਾ।
ਅੰਤਰ ਤਾਂਹਿ ਪ੍ਰਵੇਸ਼ ਕਰਾ ਸਭਿ ਅੰਧ ਭਏ ਨਹਿਂ ਕਾਹੂੰ ਲਖਾਨਾ ॥ ੫ ॥

ਗੁਰੂ ਜੀ ਨੇ ਕਿਹਾ, "ਜੇ ਤੇਰੇ ਵਿਚ ਵੇਖਣ ਦੀ ਵੱਡੀ ਚਾਹਤ ਹੈ ਤਾਂ ਮਰਦਾਨੇ ! ਹੁਣ ਜਾ ਕੇ ਵੇਖ ਆਵੋ। ਪੁਜਾਰੀ ਤੈਨੂੰ ਵੇਖ ਨਹੀ ਸਕਣਗੇ, ਹੇ ਚਤਰ ਪੁਰਸ਼ ! ਅੰਦਰ ਜਾ ਕੇ ਸ਼ੰਕਾ ਰਹਿਤ ਹੋ ਕੇ ਵੇਖ !" ਗੁਰੂ ਜੀ ਦੇ ਇਹ ਬਚਨ ਸੁਣ ਕੇ, ਆਗਿਆ ਨੂੰ ਆਪਣੇ ਸਿਰ ਤੇ ਧਾਰ ਲਿਆ ਤੇ ਮਨ ਵਿਚ ਬਹੁਤ ਖੁਸ਼ ਹੋ ਕੇ ਅੰਦਰ ਚਲਾ ਗਿਆ, ਸਾਰੇ ਪੁਜਾਰੀ ਅੰਨ੍ਹੇ ਹੋ ਗਏ, ਉਸ ਨੂੰ ਕੋਈ ਵੇਖ ਨਾ ਸਕਿਆ ॥ ੫ ॥

ਅੰਤਰ ਜਾਇਕੈ ਦੇਖਤਿ ਕਜਾ-ਇਕ ਪਾਹਨ ਮੂਰਤ ਭੂਰ ਧਰੀ।
ਤੂਸ਼ਨ ਹੋ ਨਿਕਸਾ ਤਬਹੀ ਢਿਗ ਆਯੋ ਤਬੈ ਜਹਿਂ ਬੈਠੇ ਹਰੀ।
ਬੂਝਤਿ ਭੇ 'ਮਨ ਕੇ ਜੁ ਮਨੋਰਥ ਪੂਰਨ ਕੀਨ ਅਬੈ ਕੀ ਬਰੀ ?।
ਕੈਸੇ ਬਿਲੋਕਨ ਕੀਨ ਕਹੋ ?' ਮਰਦਾਨੇ ਤਬੈ ਗੁਰ ਸੋਂ ਉਚਰੀ ॥ ੬ ॥

ਅੰਦਰ ਜਾ ਕੇ ਕੀ ਵੇਖਦਾ ਕਿ ਇਕ ਪੱਥਰ ਦੀ ਵੱਡੀ ਮੂਰਤੀ ਧਰੀ ਹੋਈ ਹੈ। ਚੁੱਪ ਕਰਕੇ ਤਦ ਹੀ ਬਾਹਰ ਆ ਗਿਆ। ਤੇ ਗੁਰੂ ਜੀ ਜਿਥੇ ਬੈਠੇ ਸਨ, ਉਨ੍ਹਾਂ ਦੇ ਨੇੜੇ ਚਲਾ ਗਿਆ। ਗੁਰੂ ਜੀ ਨੇ ਪੁਛਿਆ, "ਜਿਹੜਾ ਤੇਰੇ ਮਨ ਦਾ ਮਨੋਰਥ ਸੀ ਕੀ ਇਸ ਵਾਰ ਉਹ ਪੂਰਨ ਹੋ ਗਿਆ ਹੈ ? ਕਿਸ ਤਰ੍ਹਾਂ ਦਾ ਵੇਖਿਆ ਹੈ ਸਾਨੂੰ ਦੱਸੋ ?" ਮਰਦਾਨੇ ਨੇ ਫਿਰ ਗੁਰੂ ਜੀ ਨੂੰ ਕਿਹਾ ॥ ੬ ॥

ਕਬਿੱਤ- 'ਕਛੂ ਨਹਿਂ ਤਹਾਂ ਇਕ ਪਾਹਨ ਹੈ ਲਹਾ ਵਡ ਯਾਂ ਕੋ ਜੋ ਪ੍ਰਸੰਗ ਮੋਕੋ ਭਾਖਿਕੈ ਸੁਨਾਈਏ।
ਭਯੋ ਕੈਸੇ ਥਾਨ ਜਾਂਕੀ ਮਾਨਤਾ ਮਹਾਨ ? ਨਹੀਂ ਦੇਖਤਿ ਦਰਸ,ਕਯੋਂ ਹੈ ਨੈਨ ਮੂੰਦ ਜਾਈਏ ?।
ਤੁਰਕ ਕਹਿਤਿ ਬੁਤ ਪ੍ਰਸਤੀ ਨ ਕੀਜੈ ਕਬਿ, ਯਾਂ ਕੋ ਅਭਿਖੇਕਤਿ ਹੈਂ ਸਭੈ ਸਿਰ ਨਾਈਏ।
ਜਾਨਤਿ ਹੋ ਸਭੈ ਬਿਧਿ ਦਯਾ ਕੀਜੈ ਦਯਾਨਿਧਿ ! ਰਿਧਿ ਸਿਧਿ ਦੇਨਹਾਰ ਸੰਸੇ ਕੋ ਮਿਟਾਈਏ ॥੭॥

"ਓਥੇ ਕੁਝ ਨਹੀ ਹੈ, ਇਕ ਵੱਡਾ ਪੱਥਰ ਦੇਖਿਆ ਹੈ। ਇਸ ਪੱਥਰ ਦੀ ਕੀ ਕਹਾਣੀ ਹੈ ? ਇਹ ਸਾਰਾ ਪ੍ਰਸੰਗ ਮੈਨੂੰ ਕਹਿ ਕੇ ਸੁਣਾਓ। ਉਸ ਪੱਥਰ ਦੀ ਉਸ ਥਾਂ ਪਏ ਦੀ ਏਨੀ ਮਹਾਨ ਮਾਨਤਾ ਕੈਸੇ ਹੋ ਗਈ ? ਕਿਸੇ ਨੂੰ ਵੇਖਣ ਨਹੀ ਦਿੰਦੇ, ਓਥੇ ਅੱਖਾਂ ਬੰਦ ਕਰਕੇ ਕਿਉਂ ਜਾਣਾ ਪੈਂਦਾ ਹੈ ? ਤੁਰਕ ਕਹਿੰਦੇ ਹਨ ਕਿ ਕਦੀ ਵੀ ਬੁੱਤਪ੍ਰਸਤੀ ਨਾ ਕਰੋ, ਪਰ ਇਸ ਬੁੱਤ ਨੂੰ ਸਾਰੇ ਸਿਰ ਨਿਵਾ ਕੇ ਪੂਜਦੇ ਹਨ। ਹੇ ਦਇਆਨਿਧ ! ਦਇਆ ਕਰੋ, ਤੁਸੀਂ ਤਾਂ ਸਭ ਤਰ੍ਹਾਂ ਜਾਣਦੇ ਹੋ। ਹੇ ਰਿਧੀਆਂ ਸਿਧੀਆਂ ਦੇਣਹਾਰ, ਮੇਰੇ ਸੰਸੇ ਨੂੰ ਮਿਟਾ ਦੇਵੋ ॥ ੭ ॥

ਸ੍ਰੀ ਗੁਰੂ ਅਲਾਇ 'ਪਾਜ ਰਾਖਤਿ ਦੁਰਾਇ ਇਹ,ਆਦਿ ਕੈ ਪ੍ਰਸੰਗ ਕਹੋਂ ਸੋਊ ਸੁਨਿ ਲੀਜੀਏ।
ਉਮਾ ਅਰਧੰਗ ਜਾਂਕੀ ਪੂਰਬ ਪਿਨਾਕੀ ਲਿੰਗ ਧਰਜੋ ਇਹ ਠੌਰ ਬਿਖੇ ਕਬੈ ਕੋ ਲਖੀਜੀਏ।

ਮੰਦਰ ਨਾ ਕੋਊ ਈਹਾਂ ਹੁਤੇ ਉਦਿਆਨ ਮਾਂਹਿ, ਬਨਜੋ ਜੈਸੇ ਥਾਨ ਤੈਸੋ ਉਚਰੌਂ ਸੁਨੀਜੀਏ।
ਭਯੋ ਇਸ ਦੇਸ਼ ਬੀਚ ਖੂਨਕਾਰ ਭੂਪ ਏਕ ਤੁਰਕਨ ਪੱਖ ਬਿਖੈ ਗਾਢੋਈ ਜਨੀਜੀਏ ॥੮॥

ਸ੍ਰੀ ਗੁਰੂ ਜੀ ਨੇ ਕਿਹਾ, "ਕਿਤੇ ਅਸਲ ਪਾਜ ਨਾ ਖੁੱਲ੍ਹ ਜਾਵੇ, ਇਸ ਲਈ ਪਾਜ ਰੱਖਣ ਕਾਰਨ ਇਹ ਛੁਪਾਉਂਦੇ ਹਨ। ਬਾਕੀ ਇਸ ਬਾਰੇ ਸਾਰਾ ਪ੍ਰਸੰਗ ਦੱਸਦਾ ਹਾਂ, ਉਹ ਵੀ ਸੁਣ ਲਵੋ। ਪਹਿਲਾਂ ਇਥੇ ਕੋਈ ਮੰਦਰ ਨਹੀ ਸੀ ਹੁੰਦਾ, ਸਭ ਜੰਗਲ ਹੀ ਹੁੰਦਾ ਸੀ। ਜਿਸ ਤਰ੍ਹਾਂ ਇਹ ਥਾਂ ਬਣਿਆ ਉਸ ਤਰ੍ਹਾਂ ਮੈਂ ਕਹਿੰਦਾ ਹਾਂ ਸੁਣੋ। ਇਸ ਦੇਸ਼ ਵਿਚ ਇਕ ਵੱਡਾ ਜ਼ਾਲਮ ਰਾਜਾ ਰਹਿੰਦਾ ਸੀ। ਉਹ ਬੜਾ ਕੱਟੜ ਮੁਸਲਮਾਨ ਸੀ ਸਮਝੋ॥ ੮॥

ਦੋਹਰਾ- ਮਹਾਂਦੇਵ ਕੋ ਲਿੰਗ ਤਿਨ ਦੇਖਤਿ ਰਿਸ ਉਪਜਾਇ।
ਨਿਜ ਸੇਵਕ ਕੋ ਇਵ ਕਹਜੋ-ਦੀਜੈ ਦੂਰ ਉਠਾਇ॥ ੯॥

ਮਹਾਂਦੇਵ ਦਾ ਲਿੰਗ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਇਆ। ਉਸ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਇਸ ਨੂੰ ਦੂਰ ਸੁੱਟ ਆਵੋ॥ ੯॥

ਕਬਿੱਤ- ਭੇਜੇ ਜਬ ਦਾਸ, ਭਈ ਪਾਵਕ ਪ੍ਰਕਾਸ਼ ਬਹੁ ਦੇਸ਼ ਔ ਬਿਦੇਸ਼ ਦਾਹ ਲਾਗਜੋ ਹੈ ਅਚਾਨਕੀ।
ਨੱਗਰ ਅਗਾਰ ਬੀਥੀ ਚੋਹਟੇ ਬਜਾਰ ਜਰੇ ਊਚੀ ਰਜਧਾਨੀ ਭੂਪ ਹੂੰ ਕੀ ਸਭਿ ਹਾਨਿ ਕੀ।
ਐਸੇ ਸੋ ਪ੍ਰਤਾਪ ਪੇਖਿ ਹਾਥ ਜੋਰ ਠਾਂਢ ਭਏ ਰਿਦੇ ਤੇ ਬਿਸਾਰੀ ਜੋਊ ਹੁਤੀ ਰੀਤਿ ਮਾਨ ਕੀ।
ਬੰਦੇ ਬਾਰਬਾਰ ਬਹੁ ਬਿਨਤੀ ਬਖਾਨਿ ਬਾਨੀ ਦਾਸ ਭਯੋ ਆਇ ਪਦ ਗਹੇ ਨਿਜ ਪਾਨ ਕੀ ॥੧੦॥

ਜਦ ਦਾਸ ਮੂਰਤੀ ਨੂੰ ਸੁੱਟਣ ਵਾਸਤੇ ਭੇਜੇ ਤਾਂ ਅਚਾਨਕ ਹੀ ਦੇਸ਼ਾਂ ਬਦੇਸ਼ਾਂ ਵਿਚ ਬਹੁਤ ਅੱਗ ਲੱਗ ਗਈ। ਘਰ, ਗਲੀਆਂ, ਚੌਕ, ਬਾਜ਼ਾਰ ਸਭ ਸੜ ਗਏ ਅਤੇ ਰਾਜੇ ਦੀ ਉੱਚੀ ਰਾਜਧਾਨੀ ਨੂੰ ਵੀ ਬਹੁਤ ਨੁਕਸਾਨ ਪੁੱਜਾ। ਇਸ ਤਰ੍ਹਾਂ ਦਾ ਪ੍ਰਤਾਪ ਵੇਖ ਕੇ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਹਿਰਦੇ ਵਿਚੋਂ ਸਾਰੀ ਹੰਕਾਰ ਦੀ ਰੀਤੀ ਛੱਡ ਦਿੱਤੀ। ਹੱਥ ਜੋੜ ਕੇ ਬਾਰ-ਬਾਰ ਬੇਨਤੀ ਕੀਤੀ ਅਤੇ ਸੇਵਕ ਹੋ ਗਿਆ ਅਤੇ ਆਪਣੇ ਹੱਥੀਂ ਚਰਨ ਫੜੇ॥ ੧੦॥

ਭਈ ਜਬ ਰੈਨ ਤਾਂ ਸੋਂ ਸੁਪਨੇ ਮੈਂ ਕਹੇ ਬੈਨ ਇਸੀ ਠੌਰ ਮੇਰੋ ਭਲ ਮੰਦਰ ਬਨਾਈਏ।
ਜਾਇ ਨੈਨ ਮੂੰਦ ਮੱਧ, ਹੋਇਂ ਸਭਿ ਕਾਜ ਸਿੱਧ, ਕਰੋ ਜਿ ਨ ਐਸੀ ਬਿਧਿ ਵਡੋ ਦੁਖ ਪਾਈਏ।
ਭਈ ਜਬ ਭੋਰ ਬਨਿਵਾਈ ਇਹ ਠੌਰ ਨ੍ਰਿਪ ਮੰਦਰ ਹੈ ਸੁੰਦਰ ਸਥਾਨ ਸੁਖਦਾਈਏ।
ਬਿਨਾ ਬਾਂਧੇ ਨੈਨ ਜਾਇ ਅੰਧ ਹ੍ਵੈ, ਲਖਾਇ ਨਾਂਹਿ, ਤਬ ਹੀ ਸਥਾਪਨਾ ਕੋ ਕੀਨਿ ਇਹ ਗਾਈਏ ॥੧੧॥

ਜਦ ਰਾਤ ਹੋ ਗਈ ਤੇ ਸੁਪਨੇ ਵਿਚ ਉਸ ਨੇ ਇਹ ਬਚਨ ਕਹੇ, "ਇਸ ਥਾਂ ਮੇਰਾ ਸੁੰਦਰ ਮੰਦਰ ਬਣਾਇਆ ਜਾਵੇ। ਅੱਖਾਂ ਬੰਦ ਕਰਕੇ ਅੰਦਰ ਜਾਵੇ ਤਾਂ ਸਾਰੇ ਕਾਰਜ ਸਿੱਧ ਹੋਣਗੇ, ਪਰ ਜੇ ਇਸ ਤਰ੍ਹਾਂ ਨਾ ਕੀਤਾ ਤਾਂ ਬਹੁਤ ਵੱਡਾ ਦੁੱਖ ਪਾਉਗੇ। ਜਦ ਸਵੇਰ ਹੋਈ ਤਾਂ ਇਸ ਥਾਂ ਰਾਜੇ ਨੇ ਮੰਦਰ ਬਣਾਇਆ, ਜਿਹੜਾ ਕਿ ਸੁਖ ਦੇਣ ਵਾਲਾ ਸੁੰਦਰ ਸਥਾਨ ਬਣ ਗਿਆ। ਜਿਹੜਾ ਅੱਖਾਂ ਬੰਨ੍ਹਣ ਤੋਂ ਬਗੈਰ ਅੰਦਰ ਜਾਂਦਾ ਹੈ, ਉਹ ਅੰਨ੍ਹਾ ਹੋ ਜਾਂਦਾ ਹੈ, ਕੁਝ ਵੀ ਨਹੀ ਦਿੱਸਦਾ, ਤਦ ਇਸ ਦੀ ਸਥਾਪਨਾ ਕਰਕੇ ਇਹ ਗਾਇਆ ਜਾਂਦਾ ਹੈ॥ ੧੧॥

ਸ੍ਵੈਯਾ- ਹੈ ਬਲਵਾਨ ਮਹੇਸ਼ ਬਡੋ ਬਨਿਵਾਇ ਭਲੋ ਇਹ ਥਾਨ ਮਹਾਨਾ।
ਅੰਤਰ ਮੱਜਨ ਤਾਂਹਿ ਕਰਾਵਤਿ ਆਵਤਿ ਬਾਹਰ ਨੀਰ ਢਰਾਨਾ।
ਲੈ ਕਰ ਮੈਂ ਹਜ ਆਨਿ ਕਰੈਂ ਇਹ ਜਾਨਤਿ ਹੈਂ ਸਭਿ ਦੋਖ ਮਿਟਾਨਾ"।
ਯੌਂ ਸੁਨਿ ਕੈ ਸਭਿਹੀ ਬਤਿਯਾ ਪੁਨ ਬੈਨ ਭਨੈ ਗੁਰ ਸੋਂ ਮਰਦਾਨਾ॥੧੨॥

ਸ਼ਿਵ ਜੀ ਬਹੁਤ ਵੱਡਾ ਬਲਵਾਨ ਹੈ, ਇਹ ਉਨ੍ਹਾਂ ਦਾ ਸੁੰਦਰ ਸਥਾਨ ਬਣਵਾਇਆ ਗਿਆ ਹੈ। ਸ਼ਿਵ ਜੀ ਦੇ ਬੁੱਤ ਨੂੰ ਉਥੇ ਹੀ ਇਸ਼ਨਾਨ ਕਰਵਾਉਂਦੇ ਹਨ ਅਤੇ ਬਹੁਤ ਪਾਣੀ ਬਾਹਰ ਆਉਂਦਾ ਹੈ। ਹੱਥ ਵਿਚ ਪਾਣੀ ਲੈ ਕੇ ਅੰਦਰ ਆਉਂਦੇ ਅਤੇ ਆ ਕੇ ਹੱਜ ਕਰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਅਸਥਾਨ ਸਭ ਪਾਪਾਂ ਦਾ ਨਾਸ ਕਰਦਾ ਹੈ।'' ਇਹ ਸਾਰੀਆਂ ਗੱਲਾਂ ਸੁਣ ਕੇ ਮਰਦਾਨੇ ਨੇ ਫਿਰ ਗੁਰੂ ਜੀ ਨਾਲ ਬਚਨ ਕੀਤੇ॥ ੧੨॥

'ਹੌਂ ਨਹਿਂ ਅੰਧ ਭਯੋ ਪਿਖਤੇ ਇਕ ਔਰ ਸੰਦੇਹੁ ਸੁ ਦੇਹੁ ਮਿਟਾਈ।
ਹਿੰਦੂ ਕੋ ਕਾਫਰ ਕਯੋ ਉਚਰੈਂ ਯਹਿ ਜਾਨਤਿ ਹੈਂ ਨਿਜ ਤੇ ਲਘੁਤਾਈ'।
ਸ੍ਰੀ ਗੁਰੁ ਬੈਨ ਭਨੇ ਤਬਹੀ 'ਯਹਿ ਆਪ ਹੀ ਕਾਫਰ ਔਰੇ ਬਤਾਈਂ।
ਸ੍ਰੀ ਕਰਤਾਰ ਦਯਾ ਤੁਝ ਪੈ ਨਹਿਂ ਅੰਧ ਭਯੋ ਇਹ ਠੌਰ ਦਿਖਾਈ' ॥੧੩॥

''ਮੈਂ ਵੇਖਣ ਨਾਲ ਅੰਨ੍ਹਾਂ ਨਹੀਂ ਹੋਇਆ ਹਾਂ, ਇਕ ਹੋਰ ਸੰਸਾ ਮੇਰੇ ਅੰਦਰ ਪੈਦਾ ਹੋਇਆ ਹੈ, ਉਸ ਨੂੰ ਮਿਟਾ ਦੇਵੋ। ਹਿੰਦੂ ਨੂੰ ਇਹ ਕਾਫਰ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪ ਤੋਂ ਛੋਟਾ ਸਮਝਦੇ ਹਨ।'' ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ, ''ਅਸਲ ਵਿਚ ਇਹ ਆਪ ਹੀ ਕਾਫਰ ਹਨ, ਪਰ ਹੋਰਨਾਂ ਨੂੰ ਕਾਫਰ ਕਹਿੰਦੇ ਹਨ। ਸ੍ਰੀ ਕਰਤਾਰ ਨੇ ਤੁਹਾਡੇ ਤੇ ਦਇਆ ਕੀਤੀ ਹੈ, ਤੁਸੀਂ ਅੰਨ੍ਹੇ ਨਹੀਂ ਹੋਏ ਤੇ ਇਹ ਬੁੱਤ ਤੁਸੀਂ ਵੇਖ ਲਿਆ ਹੈ''॥ ੧੩॥

ਦੋਹਰਾ- ਮਰਦਾਨਾ ਬਿਗਸਯੋ ਸੁਨਤਿ ਬੈਠਿ ਰਹੇ ਤਿਹ ਠੌਰ।
ਇਸ ਪ੍ਰਕਾਰ ਬੀਤਯੋ ਦਿਵਸ ਕਹਿਤੇ ਜਗ ਸਿਰਮੌਰ॥ ੧੪॥

ਇਹ ਸੁਣ ਕੇ ਮਰਦਾਨਾ ਬਹੁਤ ਖੁਸ਼ ਹੋਇਆ ਤੇ ਉਸ ਦਿਨ ਉਸ ਸਥਾਨ ਤੇ ਹੀ ਬੈਠੇ ਰਹੇ। ਜਗਤ ਦੇ ਸ਼੍ਰੋਮਣੀ ਭਾਵ ਗੁਰੂ ਜੀ ਦੇ ਬਚਨ ਕਰਦਿਆਂ ਹੀ ਇਸ ਤਰ੍ਹਾਂ ਸਾਰਾ ਦਿਨ ਬੀਤ ਗਿਆ॥ ੧੪॥

ਸ੍ਵੈਯਾ- ਰੈਨ ਭਈ ਪੁਨ ਆਨਿ ਜਬੈ ਤਿਹ ਥਾਨ ਬਿਖੇ ਗੁਰ ਕੀਨੋ ਹੈ ਡੇਰਾ।
ਦੰਭ ਦਹੇ ਜਿਹ ਸੋਇ ਰਹੇ ਤਿਹ ਧੌਲ ਦਿਸ਼ਾ ਕਿਯੇ ਪਾਵਨ ਪੈਰਾ।
ਜਾਮਨੀ ਜਾਮ ਰਹੀ ਜਬਹੀ ਇਕ ਜੀਵਣ ਨਾਮ ਮੁੱਲਾਂ ਤਿਨ ਹੇਰਾ।
ਫੇਰਨ ਕੋ ਬਢਨੀ ਤਹਿਂ ਆਵਤਿ ਕ੍ਰੋਧ ਕਰਾ ਬਹੁ ਬੈਨ ਕਠੋਰਾ॥੧੫॥

ਜਦ ਰਾਤ ਪੈ ਗਈ ਤਾਂ ਗੁਰੂ ਜੀ, ਜਿਸ ਨੇ ਪਖੰਡ ਦਾ ਨਾਸ ਕੀਤਾ ਹੈ, ਆਪਣਾ ਡੇਰਾ ਉਥੇ ਹੀ ਰਖਿਆ। ਗੁਰੂ ਜੀ ਨੇ ਆਪਣੇ ਪਵਿੱਤਰ ਚਰਨ ਕਾਬੇ ਦੇ ਮਹਿਲ ਦੀ ਤਰਫ ਕਰਕੇ ਸੁੱਤੇ ਪਏ ਸਨ। ਜਦ ਰਾਤ ਇਕ ਪਹਿਰ ਰਹਿ ਗਈ, ਇਕ ਜੀਵਨ ਨਾਮੀ ਮੁੱਲਾਂ ਨੇ ਉਨ੍ਹਾਂ ਨੂੰ ਵੇਖਿਆ। ਉਹ ਝਾੜੂ ਫੇਰਨ ਆਇਆ ਸੀ ਜਦ ਉਸ ਨੇ ਵੇਖਿਆ ਕਿ ਗੁਰੂ ਜੀ ਨੇ ਕਾਬੇ ਵੱਲ ਪੈਰ ਕੀਤੇ ਹਨ, ਉਸ ਨੇ ਬੜੇ ਕਠੋਰ ਸ਼ਬਦ ਬੋਲੇ॥ ੧੫॥

ਦੋਹਰਾ- ਲਾਤ ਪ੍ਰਹਾਰੀ ਪ੍ਰਭੁ ਕੋ ਜੀਵਣ ਅਤਿ ਮਤਿ ਹੀਨ।
ਬਹੁ ਬੋਲਤਿ ਦੁਰਬਚਨ ਕੋ ਔਰ ਨਰਨ ਸਮ ਚੀਨ॥ ੧੬॥

ਮੂਰਖ ਜੀਵਨ ਨੇ ਗੁਰੂ ਜੀ ਦੇ ਲੱਤ ਮਾਰੀ। ਫਿਰ ਉਥੇ ਹੋਰ ਮਨੁੱਖਾਂ ਨੂੰ ਵੇਖ ਕੇ ਉਸ ਨੇ ਕਈ ਦੁਰਬਚਨ ਕਹੇ।

ਕਬਿੱਤ- 'ਕਿਤਹੂੰ ਤੇ ਆਏ, ਕੋ ਹੈ, ਮਤ ਅਨਜਾਨ ਤੇਰੀ ? ਮੰਦਰ ਰਸੂਲ ਦਿਸ਼ ਚਰਨ ਪਸਾਰੇ ਹੈਂ।
ਕੌਨ ਹੈ ਇਮਾਨ ਤੇਰੋ, ਹਿੰਦੂ ਕੈ ਤੁਰਕ ਟੇਰੋ ? ਉਠਿ ਕੇ ਨਿਕਸ, ਦਿਨ ਤੋਹਿ ਦੁਖਵਾਰੇ ਹੈਂ।
ਐਸੇ ਥਾਨ ਕੌਨ ਕਾਜ ਆਯੋ ਤੈਂ ਨਿਲਾਜ ਦੋਰਿ ? ਜਾਨੀ ਨ ਸਿਫਤ ਜੋ ਮੁਹੰਮਦ ਬਿਸਾਰੇ ਹੈ।
ਸ੍ਰੋਨ ਸੁਨਿ ਬੈਨ ਗੁਨ ਐਨ ਗਤਿਦੇਨ ਬੋਲੇ 'ਚਲਤਿ ਚਲਤਿ ਮਗ, ਪਗ ਹਮ ਹਾਰੇ ਹੈਂ॥੧੭॥

"ਕਿਥੋਂ ਆਏ ਹੋ ? ਕੌਣ ਹੋ ? ਤੇਰੀ ਬੁਧੀ ਕਿਉਂ ਅਣਜਾਣ ਹੈ ? ਰਸੂਲ ਦੇ ਮੰਦਰ ਦੀ ਤਰਫ ਆਪਣੇ ਪੈਰ ਕਿਉਂ ਪਸਾਰੇ ਹਨ। ਤੇਰਾ ਕੌਣ ਈਮਾਨ ਹੈ, ਹਿੰਦੂ ਹੈ ਕਿ ਤੁਰਕ ਬੋਲੋ ? ਉਠ ਕੇ ਨਿਕਲ ਜਾ। ਦਿਨ ਤੇਰੇ ਵਾਸਤੇ ਬਹੁਤ ਦੁਖਦਾਇਕ ਹਨ। ਇਸ ਥਾਂ ਕਿਸ ਕੰਮ ਵਾਸਤੇ ਆਇਆ ਹੈਂ, ਇਥੋਂ ਦੌੜ ਜਾ। ਤੂੰ ਸਿਫਤ ਨਹੀਂ ਜਾਣੀ ਅਤੇ ਮੁਹੰਮਦ ਨੂੰ ਵਿਸਾਰ ਦਿੱਤਾ ਹੈ।" ਜੀਵਨ ਦੀ ਇਹ ਬਕਵਾਸ ਸੁਣ ਕੇ ਗੁਣਾਂ ਦੇ ਘਰ, ਗਤੀਦਾਤੇ ਬੋਲੇ, "ਰਾਹ ਵਿਚ ਚਲਦਿਆਂ ਮੇਰੇ ਪੈਰ ਬਹੁਤ ਥੱਕ ਗਏ ਹਨ॥ ੧੭॥

ਕਬਿੱਤ- ਚਲੇ ਪੰਥ, ਭਯੋ ਸ੍ਰਮ, ਥਾਕ ਭਏ ਬਿਹਬਲ ਕੋਊ ਸੁਧ ਰਹੀ ਨਹਿਂ, ਪੈਰ ਕਿਤ ਕੀਜੀਏ।
ਭਯੋ ਅਨਜਾਨ ਦੇਸ਼, ਯਾਂ ਤੇ ਕੀਜੈ ਥੋਰੋ ਰੋਸ। ਐਸੋ ਅਬ ਕੀਜੈ ਮਮ ਚਰਨ ਗਹੀਜੀਏ।
ਉਠਿਨੇ ਕੋ ਜੋਰ ਨਾਂਹਿ, ਯਾਂ ਤੇ ਕਹੌਂ ਤੁਝ ਪਾਹਿ, ਐਂਚੋ ਨਿਜ ਹਾਥ ਸੰਗ ਔਰੇ ਦਿਸ਼ ਕੀਜੀਏ।
ਆਏ ਪਰਦੇਸ਼ੀ, ਨਹਿਂ ਜਾਨੈਂ ਹਮ ਬਾਤ ਐਸੀ, ਜੈਸੀ ਭਾਵੈ ਤੈਸੀ ਕਰਿ ਚਿੱਤ ਮੈਂ ਨ ਖੀਝੀਏ॥੧੮॥

ਰਾਹ ਵਿਚ ਚਲਦਾ ਚਲਦਾ ਬਹੁਤ ਥੱਕ ਗਿਆ ਸੀ। ਥਕਾਵਟ ਨੇ ਮੈਨੂੰ ਵਿਆਕੁਲ ਕਰ ਦਿੱਤਾ ਸੀ, ਮੈਨੂੰ ਕੋਈ ਸੁੱਧ ਬੁੱਧ ਨਹੀ ਸੀ ਰਹੀ, ਇਸ ਕਰਕੇ ਪਤਾ ਨਹੀਂ ਲੱਗਾ ਕਿ ਪੈਰ ਕਿਸ ਪਾਸੇ ਕਰਨੇ ਹਨ। ਮੈਂ ਇਸ ਦੇਸ਼ ਤੋਂ ਅਨਜਾਣ ਸੀ, ਇਸ ਕਰਕੇ ਥੋੜਾ ਗੁੱਸਾ ਕਰੋ। ਜਿਸ ਪਾਸੇ ਤੁਸੀ ਠੀਕ ਸਮਝਦੇ ਹੋ ਉਸ ਪਾਸੇ ਮੇਰੇ ਪੈਰਾਂ ਨੂੰ ਫੜ ਕੇ ਕਰ ਦੇਵੋ। ਉਠਣ ਦੀ ਮੇਰੇ ਵਿਚ ਸਮਰੱਥਾ ਨਹੀਂ, ਇਸ ਕਰਕੇ ਤੁਹਾਡੇ ਪਾਸ ਕਹਿੰਦਾ ਹਾਂ, ਆਪਣੇ ਹੱਥਾਂ ਨਾਲ ਫੜ ਕੇ ਮੇਰੇ ਪੈਰ ਦੂਸਰੀ ਤਰਫ ਕਰ ਦੇਵੋ। ਅਸੀਂ ਪਰਦੇਸੀ ਹਾਂ, ਅਜਿਹੀਆਂ ਗੱਲਾਂ ਅਸੀਂ ਜਾਣਦੇ ਨਹੀਂ, ਜਿਸ ਤਰ੍ਹਾਂ ਤੁਸੀ ਚਾਹੁੰਦੇ ਹੋ ਉਸ ਤਰ੍ਹਾਂ ਕਰ ਦੇਵੋ ਅਤੇ ਚਿੱਤ ਵਿਚ ਖਿਝੋ ਨਹੀਂ॥ ੧੮॥

ਦੋਹਰਾ- ਜਿਤ ਦਿਸ਼ ਨਹੀਂ ਖੁਦਾਇ ਘਰ, ਤੈਂ ਜਾਨਜੋ ਮਨ ਮਾਂਹਿ।
ਕਰਹੁ ਮੁਲਾਨੇ ਤਿਤ ਦਿਸ਼ਾ ਬਰਜਤਿ ਤੁਝ ਕੋ ਨਾਂਹਿ॥ ੧੯॥

ਜਿਸ ਪਾਸੇ ਖੁਦਾ ਦਾ ਘਰ ਨਹੀਂ ਹੈ, ਤੁਸੀਂ ਆਪਣੇ ਮਨ ਵਿਚ ਜਾਣਿਆ ਹੈ। ਹੇ ਮੁਲਾਣੇ ! ਉਸ ਪਾਸੇ ਹੀ ਮੇਰੇ ਪੈਰ ਕਰ ਦੇਵੋ, ਮੈਂ ਤੁਹਾਨੂੰ ਰੋਕਦਾ ਨਹੀਂ"॥ ੧੯॥

ਕਬਿੱਤ- ਮੁੱਲਾਂ ਰਿਸ ਕੀਨੀ ਗਹਿ ਲੀਨੋ ਹੈ ਚਰਨ ਗੁਰ ਬਲ ਸੌਂ ਘਸੀਟ ਔਰ ਦਿਸ਼ਾ ਭਰਮਾਏ ਹੈਂ।
ਕਾਬਾ ਸੰਗ ਚਲਜੋ, ਨੀਰ ਨੌਕਾ ਜਿਮ ਹਲਜੋ ਤਬ ਭਯੋ ਥਿਰ ਜਾਇ ਜਿਤ ਚਰਨ ਸੁਹਾਏ ਹੈਂ।
ਹਟਜੋ ਜਬ ਦੇਖਜੋ, ਜਿਤ ਪਗ ਤਿਤ ਕਾਬਾ ਗਯੋ, ਮੂਢ ਮਤ ਬਿਸਮ, ਨ ਕਛੂ ਜਾਨ ਪਾਏ ਹੈਂ।
ਹਾਥ ਬਿਖੈ ਪਾਇ ਜਜੋਂ ਜਜੋਂ ਹੋਤਿ ਸੁ ਡੁਲਾਇਮਾਨ, ਤਜੋਂ ਤਜੋਂ ਧੌਲ ਸੰਗ ਸੁ ਮੁਨਾਰਨ ਡੁਲਾਏ ਹੈ॥੨੦॥

ਮੁੱਲਾਂ ਨੇ ਗੁੱਸਾ ਕੀਤਾ ਤੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਬੜੀ ਤਾਕਤ ਨਾਲ ਦੂਸਰੀ ਤਰਫ ਫਿਰਾਏ। ਜਿਸ ਪਾਸੇ ਚਰਨ ਘਸੀਟ ਕੇ ਲਈ ਜਾਂਦਾ ਸੀ ਕਾਬਾ ਵੀ ਪਾਣੀ ਵਿਚ ਬੇੜੀ ਵਾਂਗ ਉਧਰ ਹੀ ਚਲ ਪਿਆ, ਜਿਥੇ ਜਾ ਕੇ ਪੈਰ ਰੱਖ ਦਿੱਤੇ, ਓਥੇ ਜਾ ਕੇ ਸਥਿਰ ਹੋ ਗਿਆ। ਜਦ ਪਿਛਾਂਹ ਹੱਟ ਕੇ ਵੇਖਿਆ, ਤਾਂ ਜਿਧਰ ਗੁਰੂ ਜੀ ਦੇ ਚਰਨ ਸਨ, ਉਸ ਪਾਸੇ ਹੀ ਕਾਬਾ ਚਲਾ ਗਿਆ ਸੀ। ਮੂਰਖ ਬਹੁਤ ਹੈਰਾਨ ਹੋਇਆ ਅਤੇ ਉਸ ਨੂੰ ਕੁਝ ਪਤਾ ਨਹੀਂ ਲੱਗਦਾ ਸੀ। ਜਿਵੇਂ ਜਿਵੇਂ ਗੁਰੂ ਜੀ ਦੇ ਚਰਨ ਲੈ ਕੇ ਜਿਸ ਪਾਸੇ ਜਾਂਦਾ ਸੀ, ਉਸ ਪਾਸੇ ਹੀ ਕਾਬੇ ਦਾ ਧੌਲ ਮੁਨਾਰਿਆਂ ਸਮੇਤ ਚਲੇ ਗਿਆ ਸੀ॥ ੨੦॥

ਸ੍ਵੈਯਾ- ਲੱਜਿਤ ਹੋਇ ਗਯੋ ਤਬ ਜੀਵਣ ਭੇਦ ਕੋ ਜਾਨਤਿ ਹੈ ਨ ਗਵਾਰਾ।
ਛੋਰਿ ਦਏ ਪਦ, ਕਾਬਾ ਭਯੋ ਥਿਰ, ਮੰਦਮਤੀ ਕਿਯ ਕ੍ਰੋਧ ਅਪਾਰਾ।
ਕੋਊ ਚਲੇ ਨ ਜਬੈ ਬਸ ਤਾਂ ਛਿਨ ਪੂਰ ਕਠੋਰ ਹ੍ਵੈ ਬਚਨ ਉਚਾਰਾ।
'ਤੂਰਨ ਬਾਹਿਰ ਕੋ ਨਿਕਸੋ ਰਹਿਬੇ ਹਿਤ ਲਾਉ ਨ ਬੇਰ ਅਵਾਰਾ॥੨੧॥

ਜੀਵਨ ਫਿਰ ਬਹੁਤ ਸ਼ਰਮਿੰਦਾ ਹੋ ਗਿਆ, ਮੂਰਖ ਗਵਾਰ ਅਸਲ ਭੇਦ ਨੂੰ ਜਾਣਦਾ ਹੀ ਨਹੀ ਸੀ। ਉਸ ਨੇ ਪੈਰ ਛੱਡ ਦਿੱਤੇ, ਕਾਬਾ ਸਥਿਰ ਹੋ ਗਿਆ, ਮੂਰਖ ਮੱਤ ਵਾਲੇ ਨੇ ਬਹੁਤ ਗੁੱਸਾ ਕੀਤਾ। ਜਦ ਕੋਈ ਵੀ ਵੱਸ ਨਾ ਚਲਿਆ ਤਾਂ ਬਹੁਤ ਕਠੋਰ ਹੋ ਕੇ ਬੋਲਿਆ, "ਤੁਰੰਤ ਬਾਹਰ ਨਿਕਲ ਜਾਓ, ਰਹਿਣ ਵਾਸਤੇ ਥੋੜੀ ਦੇਰ ਵੀ ਹੋਰ ਨਾ ਲਾਓ॥ ੨੧॥

ਦੋਹਰਾ- ਸਚ ਬਤਾਉ ਤੂੰ ਕੌਨ ਹੈ? ਹਿੰਦਨ ਜੈਸੀ ਰੀਤਿ।
ਮੁਸਲਮਾਨ ਕਿਉਂ ਕਰ ਸਕੈ ਜੋ ਐਸੀ ਬਿਪਰੀਤ॥ ੨੨॥

ਸੱਚ ਦੱਸੋ ਤੁਸੀ ਕੌਣ ਹੋ ? ਤੁਹਾਡੀ ਹਿੰਦੂਆਂ ਵਰਗੀ ਰੀਤੀ ਹੈ, ਮੁਸਲਮਾਨ ਅਜਿਹੀ ਬਿਪਰੀਤੀ ਕਿਉਂ ਕਰਨਗੇ॥ ੨੨॥

ਸੁਬਹਿ ਵਖਤ ਕਿਯ ਸੈਨ ਕੋ ਜਾਨਤਿ ਨਹੀਂ ਨਿਵਾਜ।
ਕਿਹ ਤੇ ਆਇ ਗਵਾਰ ਤੂੰ ਨਹਿ ਇਮਾਨ ਕੀ ਲਾਜ॥ ੨੩॥

ਸਵੇਰ ਵੇਲੇ ਸੌਂ ਰਿਹਾ ਹੈਂ, ਨਿਮਾਜ਼ ਬਾਰੇ ਜਾਣਦਾ ਹੀ ਨਹੀਂ, ਤੂੰ ਗਵਾਰ ਇਥੇ ਕੀ ਲੈਣ ਆਇਆ ਹੈਂ, ਜਿਸ ਨੂੰ ਈਮਾਨ ਦੀ ਲਾਜ ਵੀ ਨਹੀ ਹੈ"॥ ੨੩॥

ਉਠਿ ਬੈਠੇ ਸ੍ਰੀ ਗੁਰ ਤਬਹਿ ਸੁਮਤੀ ਦੇਨਿ ਬਿਸਾਲ।
ਨੀਕੀ ਕਰਨ ਨਿਵਾਜ ਕੋ ਕਹਿ ਸ਼ਲੋਕ ਤਹਿ ਕਾਲ॥ ੨੪॥

ਗੁਰੂ ਜੀ ਫਿਰ ਜੀਵਨ ਨੂੰ ਸੁੱਮਤ ਦੇਣ ਵਾਸਤੇ ਉੱਠ ਕੇ ਬੈਠ ਗਏ। ਚੰਗੀ ਨਿਮਾਜ਼ੀ ਪੜ੍ਹਨ ਪ੍ਰਤੀ ਉਨ੍ਹਾਂ ਨੇ ਉਸ ਸਮੇਂ ਇਹ ਸਲੋਕ ਕਿਹਾ॥ ੨੪॥

*ਸ੍ਰੀ ਮੁਖਵਾਕ॥ ਮ: ੧॥*

*ਪੰਜਿ ਨਿਵਾਜਾ ਵਖਤ ਪੰਜਿ ਪੰਜਿ ਪੰਜਾ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥ ੩॥* (ਪੰਨਾ ੧੪੧)

ਪੰਜ ਨਿਮਾਜਾਂ ਹਨ, ਨਿਮਾਜਾਂ ਲਈ ਪੰਜ ਵੇਲੇ ਹਨ ਅਤੇ ਪੰਜਾਂ ਨਿਮਾਜਾਂ ਦੇ ਪੰਜ ਨਾਂ ਹਨ। ਪਹਿਲੀ ਸੱਚਾਈ, ਦੂਸਰੀ ਧਰਮ ਦੀ ਕਮਾਈ ਅਤੇ ਤੀਜੀ ਰੱਬ ਦੇ ਨਾਂ 'ਤੇ ਦਾਨ ਪੁੰਨ ਹੈ। ਚੋਥੀ ਪਵਿੱਤਰ ਸੁਰਤ ਤੇ ਮਨ ਹੈ ਅਤੇ ਪੰਜਵੀ ਖੁਦਾ ਦੀ ਕੀਰਤੀ ਤੇ ਮਹਿਮਾ ਹੈ।

ਤੂੰ ਨੇਕ ਅਮਲਾਂ ਦਾ ਕਲਮਾ ਪੜ੍ਹ ਅਤੇ ਤਦ ਹੀ ਆਪਣੇ ਆਪ ਨੂੰ ਮੁਸਲਮਾਨ ਆਖੋ। ਹੇ ਨਾਨਕ ! ਝੂਠਿਆਂ ਦੇ ਪੱਲੇ ਨਿਰਾ ਝੂਠ ਹੀ ਪਵੇਗਾ॥ ੩॥

ਕਬਿੱਤ- ਬੈਨ ਸੁਨਿ ਐਸੇ ਬਸ ਚਲਤਿ ਨ ਕੈਸੇ ਕਛੁ ਮੁੱਲਾਂ ਭਾਖੈ 'ਕਾਫਰਾ ! ਕਜੋਂ ਕੁਫਰ ਅਲਾਵਈ।
ਅੱਲਾ ਨੂੰ ਨ ਜਾਨੈਂ ਨ ਰਸੂਲ ਕੋ ਪਛਾਨੈਂ, ਕੋਊ ਆਵੈ ਅਰਬੰਗ ਅਬ ਤੋਕੋ ਮਾਰਿ ਜਾਵਈ।
ਸਾਚੋ ਮਮ ਬਾਕ ਜਾਨਿ ਤੂਰਨ ਪਯਾਨ ਕੀਜੈ ਹਾਜੀ ਬੇਖ ਧਰਜੋ ਹਾਜੀ ਢੰਗ ਨ ਦਿਸਾਵਈ।
ਭੇਦ ਸਭਿ ਜਾਨਜੋ ਹਿੰਦੂ ਜਨਮ ਪਛਾਨਜੋ ਤੇਰੋ ਆਯੋ ਕਿਹ ਕਾਜ ਨਹਿ ਸਿਦਕ ਕਮਾਵਈ ॥੨੫॥

ਗੁਰੂ ਜੀ ਦੇ ਇਹ ਬਚਨ ਸੁਣ ਕੇ, ਮੁੱਲਾਂ ਦਾ ਕੋਈ ਵੱਸ ਨਹੀਂ ਸੀ ਚਲਦਾ। ਮੁੱਲਾਂ ਨੇ ਫਿਰ ਕਿਹਾ, "ਕਾਫਰਾ ਕਿਉਂ ਝੂਠ ਬੋਲ ਰਿਹਾ ਹੈਂ ? ਨਾ ਤੂੰ ਅੱਲਾਹ ਨੂੰ ਜਾਣਦਾ ਹੈਂ ਅਤੇ ਨਾ ਹੀ ਰਸੂਲ ਨੂੰ ਪਛਾਣਦਾ ਹੈਂ, ਕੋਈ ਅੱਰਬ ਆਦਮੀ ਆ ਗਿਆ ਤਾਂ

ਹੁਣੇ ਤੈਨੂੰ ਮਾਰ ਜਾਵੇਗਾ। ਮੇਰੀ ਇਹ ਗੱਲ ਸੱਚੀ ਸਮਝ, ਤੁਰੰਤ ਇਥੋਂ ਚਲੇ ਜਾ, ਹਾਜੀਆਂ ਦਾ ਭੇਸ ਧਾਰਨ ਕੀਤਾ ਹੈ, ਪਰ ਹਾਜੀਆਂ ਵਾਲਾ ਕੋਈ ਢੰਗ ਤਰੀਕਾ ਤਾਂ ਦਿੱਸਦਾ ਨਹੀਂ'॥ ੨੫॥

ਸ੍ਵੈਯਾ- ਭੋਰ ਭਈ ਇਵ ਤਾਂਹਿ ਕੋ ਬੋਲਤਿ, ਆਵਤਿ ਭੇ ਪੁਨ ਔਰ ਮੁਲਾਨੇ।
ਪਿਖਿ ਧੌਲਰ ਆਨ ਸਥਾਨ ਭਯੋ-ਕਿਹ ਕਾਰਨ ਤੇ ? -ਉਰ ਮੈਂ ਬਿਸਮਾਨੇ।
ਮਿਲਿ ਬ੍ਰਿੰਦ ਭਏ ਇਕ ਠੌਰ ਜਬੈ ਤਬ ਜੀਵਣ ਜਾਇਕੈ ਬੈਨ ਬਖਾਨੇ।
'ਇਕ ਕਾਫਰ ਰੈਨ ਕੋ ਸੈਨ ਕਿਯੋ ਪਗ ਕਾਬੇ ਦਿਸ਼ਾ ਅਪਨੇ ਠਹਿਰਾਨੇ॥੨੬॥

ਮੁੱਲਾਂ ਜੀਵਨ ਨੂੰ ਇਸ ਤਰ੍ਹਾਂ ਬੋਲਦਿਆਂ ਸਵੇਰ ਹੋ ਗਈ ਹੈ, ਫਿਰ ਕੁਝ ਹੋਰ ਮੁਲਾਨੇ ਵੀ ਆ ਗਏ। ਉਹ ਇਹ ਵੇਖ ਕੇ ਬਹੁਤ ਹੈਰਾਨ ਹੋਏ ਕਿ ਕਾਬਾ ਕਿਸੇ ਹੋਰ ਸਥਾਨ ਤੇ ਆ ਗਿਆ ਸੀ, ਇਹ ਕੀ ਕਾਰਨ ਹੈ ? ਜਦ ਇਕ ਥਾਂ ਜਾ ਕੇ ਇਕੱਠੇ ਹੋਏ ਤਦ ਜੀਵਨ ਨੇ ਜਾ ਕੇ ਉਨ੍ਹਾਂ ਨੂੰ ਕਿਹਾ, ''ਰਾਤ ਨੂੰ ਇਕ ਕਾਫਰ ਕਾਬੇ ਵਲ ਪੈਰ ਕਰਕੇ ਸੌਂ ਗਿਆ ਸੀ॥ ੨੬॥

ਸ੍ਵੈਯਾ- ਮੈਂ ਬਹੁ ਬਾਰ ਹਟਾਇ ਰਹਯੋ ਜਬ ਮਾਨੇ ਨ ਬੈਨ ਗਹੇ ਪਗ ਦੋਊ।
ਕੀਨ ਘਸੀਟਨ ਜੋਰ ਕੇ ਸੰਗ ਕਰੇ ਦਿਸ਼ ਦੂਸਰੀ ਮੈਂ ਤਬ ਸੋਊ।
ਦੇਖਯੋ ਜਬੈ ਫਿਰ ਧੌਲਰ ਕੋ ਤਿਹ ਪੈਰ ਦਿਸ਼ਾ ਕੋ ਸਨੰਮੁਖ ਹੋਊ।
ਮੰਤ੍ਰ ਪ੍ਰਬੀਨ, ਕਿ ਜੰਤ੍ਰਨ ਕੀਨ, ਬਿਸਾਲ ਕਲਾ ਮੈਂ ਕਿਧੌਂ ਇਹ ਕੋਊ॥੨੭॥

ਮੈ ਉਸ ਨੂੰ ਬਹੁਤ ਵਾਰ ਹਟਾਉਂਦਾ ਰਿਹਾ, ਜਦ ਨਾ ਮੰਨਿਆ ਤਾਂ ਮੈਂ ਉਸ ਦੇ ਦੋਵੇਂ ਪੈਰ ਫੜ ਲਏ। ਜਦ ਮੈਂ ਸਾਰੇ ਜ਼ੋਰ ਨਾਲ ਉਸ ਦੇ ਪੈਰ ਫੜ ਕੇ ਦੂਸਰੀ ਤਰਫ ਕਰ ਦਿੱਤੇ। ਤਾਂ ਮੈਂ ਵੇਖਿਆ ਕਿ ਕਾਬਾ ਵੀ ਉਸ ਪਾਸੇ ਵੱਲ ਹੀ ਘੁੰਮ ਗਿਆ ਅਤੇ ਪੈਰਾਂ ਦੇ ਸਾਹਮਣੇ ਹੋ ਗਿਆ। ਮੰਤਰਾਂ ਵਿਚ ਨਿਪੁੰਨ, ਕੀ ਜੰਤਰ ਕੀਤਾ, ਇਹ ਤਾਂ ਕੋਈ ਵੱਡਾ ਕਰਾਮਾਤੀ ਹੈ॥ ੨੭॥

ਦੋਹਰਾ- ਤਿਹ ਕੀ ਸੁਧਿ ਨਹਿਂ ਮੋਹਿ ਕੋ ਚਲਹੁ ਪਿਖਹੁ ਅਬ ਤਾਂਹਿ।
ਹਿੰਦੂ ਜਨਮ ਕਿ ਤੁਰਕ ਕੋ ਅਬ ਲਗ ਜਾਨਯੋ ਨਾਂਹਿ'॥ ੨੮॥

ਇਸ ਬਾਰੇ ਮੈਨੂੰ ਕੋਈ ਪਤਾ ਨਹੀਂ ਹੈ, ਚਲੋ ਆਪ ਚਲ ਕੇ ਵੇਖ ਲਵੋ, ਇਹ ਹਿੰਦੂ ਹੈ ਕਿ ਮੁਸਲਮਾਨ ਮੈਂ ਹੁਣ ਤਕ ਜਾਣ ਨਹੀਂ ਸਕਿਆ''॥ ੨੮॥

ਕਬਿੱਤ- ਸੁਨਿਕੈ ਮੁਸਲਮਾਨ ਮਨ ਬਿਸਮਾਨੇ ਸਭਿ ਕਰੁਨਾ ਨਿਧਾਨ ਕੇ ਸਮੀਪ ਚਲਿ ਆਵਈ।
ਪੀਰ ਜੇ ਮੁਲਾਨੇ ਕਾਜੀ ਪੱਖ ਮੈਂ ਮਹਾਨੇ ਹੁਤੇ ਦੇਖਿ ਦੇਖਿ ਕਾਬੇ ਓਰ ਰਿਦੇ ਬਿਸਮਾਵਈ।
ਬੈਠੇ ਆਨਿ ਚਾਰੋ ਦਿਸ਼ ਬੁਜਰਕ ਬੋਲੇ ਤਬ 'ਹਿੰਦੂ ਕਿ ਤੁਰਕ ਤੁਮ ਰਹੋ ਕਿਹ ਥਾਵਈ ?।
ਰੀਤਿ ਨ ਮੁਸਲਮਾਨ ਕਾਬੇ ਦਿਸ਼ ਪੈਰ ਕੀਨੇ ਸੁਨਯੋ ਗੁਰੂ ਨਾਨਕ ਸ਼ਲੋਕ ਕੋ ਅਲਾਵਈ॥੨੯॥

ਇਹ ਸੁਣ ਕੇ ਮੁਸਲਮਾਨ ਮਨ ਵਿਚ ਬਹੁਤ ਹੈਰਾਨ ਹੋਏ ਤੇ ਸਾਰੇ ਚਲ ਕੇ ਕਿਰਪਾ ਨਿਧਾਨ ਭਾਵ ਗੁਰੂ ਜੀ ਦੇ ਨੇੜੇ ਚਲ ਕੇ ਆ ਗਏ। ਪੀਰ ਅਤੇ ਮੁਲਾਨੇ ਜਿਹੜੇ ਕਾਜ਼ੀ ਦੇ ਪੇਸ਼ੇ ਵਿਚ ਬੜੇ ਮਹਾਨ ਸਨ, ਕਾਬੇ ਨੂੰ ਵੇਖ ਵੇਖ ਆਪਣੇ ਹਿਰਦੇ ਵਿਚ ਹੈਰਾਨ ਹੋ ਰਹੇ ਸਨ। ਸਾਰੇ ਗੁਰੂ ਜੀ ਦੇ ਚਾਰ ਚੁਫੇਰੇ ਆ ਬੈਠੇ ਅਤੇ ਵੱਡੇ ਬਜ਼ੁਰਗ ਬੋਲੇ, ''ਤੁਸੀ ਹਿੰਦੂ ਹੋ ਕਿ ਤੁਰਕ ਅਤੇ ਕਿਹੜੀ ਥਾਂ ਰਹਿੰਦੇ ਹੋ ? ਮੁਸਲਮਾਨਾਂ ਵਿਚ ਤਾਂ ਇਹ ਰੀਤੀ ਨਹੀ ਕਿ ਕਾਬੇ ਵੱਲ ਪੈਰ ਕਰਨ, ਪਰ ਤੁਸੀ ਕਾਬੇ ਵਲ ਪੈਰ ਕੀਤੇ ਸਨ। ਇਹ ਸੁਣ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ॥ ੨੯॥

*ਸਲੋਕੁ ਮ: ੧॥*

*ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥*

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥

ਮਿਹਰ ਨੂੰ ਆਪਣੀ ਮਸਜਿਦ, ਸਿਦਕ ਨੂੰ ਆਪਣੀ ਨਿਮਾਜ ਪੜ੍ਹਨ ਵਾਲਾ ਮੁਸੱਲਾ, ਹੱਕ ਹਲਾਲ ਨੂੰ ਕੁਰਾਨ, ਸ਼ਰਮ ਨੂੰ ਆਪਣੀ ਸੁੰਨਤ ਅਤੇ ਸੁਘੜਪੁਣੇ ਨੂੰ ਆਪਣਾ ਰੋਜ਼ਾ ਬਣਾਓ। ਇਸ ਤਰ੍ਹਾਂ ਕਰਨ ਨਾਲ ਤੂੰ ਮੁਸਲਮਾਨ ਹੋ ਜਾਵੇਂਗਾ। ਚੰਗੇ ਆਚਰਣ ਨੂੰ ਆਪਣਾ ਕਾਬਾ, ਸੱਚ ਨੂੰ ਆਪਣਾ ਗੁਰੂ ਪੀਰ ਅਤੇ ਨੇਕ ਅਮਲਾਂ ਨੂੰ ਆਪਣਾ ਕਲਮਾ ਤੇ ਨਿਮਾਜ਼ ਬਣਾਓ॥ ੧॥

ਦੋਹਰਾ- ਰੁਕਨਦੀਨ ਕਾਜ਼ੀ ਹੁਤੋ ਸੁਨਿ ਸੋ ਬੈਨ ਅਲਾਇ।
'ਮਾਨਤਿ ਹੋ ਕੈਧੋਂ ਨਹੀਂ ਪੈਕੰਬਰ ਜਿ ਖੁਦਾਇ?'॥ ੩੦॥

ਉਥੇ ਇਕ ਰੁਕਨਦੀਨ ਨਾਮੀ ਕਾਜ਼ੀ ਸੀ, ਇਹ ਸੁਣ ਕੇ ਉਹ ਬੋਲਿਆ, "ਤੁਸੀਂ ਖੁਦਾਈ ਪੈਕੰਬਰ ਨੂੰ ਮੰਨਦੇ ਹੋ ਕਿ ਨਹੀਂ?"

ਸੈਯਾ- ਸ੍ਰੀ ਗੁਰੁ ਨਾਨਕ ਬੈਨ ਭਨੇ 'ਦਰਬਾਰ ਖੁਦਾਇ ਕੇ ਕੇਤੇ ਅਗਾਰੀ।
ਹਾਥ ਸੋ ਬਾਂਧੇ ਖਰੇ ਹੈਂ ਪੈਕੰਬਰ, ਕੇਤੇ ਹੈਂ ਪੀਰ ਔ ਸ਼ੇਖ ਸਲਾਰੀ।
ਕੇਤੇ ਅਹੈਂ ਸਿਕਦਾਰ ਤਹਾਂ, ਤਿਨ ਕੌਨ ਗਿਨੈ, ਗਿਨਤੀ ਤਿਨ ਭਾਰੀ।
ਜੇਊ ਹਦੂਰ ਖੁਦਾਇ ਰਹੈਂ, ਤਿਨ ਕੋ ਨ ਸਕੈ ਕਰਿ ਕੋ ਹਟਕਾਰੀ॥ ੩੧॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਕਿਹਾ, "ਖੁਦਾ ਦੇ ਦਰਬਾਰ ਸਾਹਮਣੇ ਬੇਅੰਤ ਪੀਰ, ਪੈਗੰਬਰ ਅਤੇ ਸ਼ੇਖ ਆਗੂ ਹੱਥ ਜੋੜ ਕੇ ਖੜੇ ਹਨ। ਬੇਅੰਤ ਓਥੇ ਸਰਦਾਰ ਖੜੇ ਹਨ, ਉਨ੍ਹਾਂ ਦੀ ਗਿਣਤੀ ਕੌਣ ਕਰੇ, ਕਿਉਂਕਿ ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜਿਹੜੇ ਖੁਦਾ ਦੇ ਹਜ਼ੂਰ ਵਿਚ ਰਹਿੰਦੇ ਹਨ, ਤਿਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ॥ ੩੧॥

ਦੋਹਰਾ- ਜਿਨਹਿ ਖੁਦਾਇ ਬਿਸਾਰਿਓ ਆਵਹਿ ਤਿਨਕੇ ਹੇਤੁ।
ਭਲੋ ਪੰਥ ਦਿਖਰਾਇਕੈ ਜਾਵਹਿ ਅਪਨ ਨਿਕੇਤੁ॥ ੩੨॥

ਜਿਨ੍ਹਾਂ ਖੁਦਾ ਵਿਸਾਰਿਆ ਹੈ, ਉਨ੍ਹਾਂ ਵਾਸਤੇ ਪੈਗੰਬਰ ਇਸ ਦੁਨੀਆਂ ਵਿਚ ਆਉਂਦੇ ਹਨ ਅਤੇ ਚੰਗਾ ਰਸਤਾ ਵਿਖਾ ਕੇ ਫਿਰ ਆਪਣੇ ਘਰ ਚਲੇ ਜਾਂਦੇ ਹਨ॥ ੩੨॥

ਅਬ ਤੁਮ ਰਾਹ ਪਿਕੰਬਰੀ ਭੂਲ ਗਏ ਮਤਿ ਮੰਦ!
ਪੱਖ ਬਾਦ ਉਰ ਮੈਂ ਧਰਜੋ ਜਾਹੁ ਨਰਕ ਜਮ ਫੰਦ॥ ੩੩॥

ਹੁਣ ਤੁਸੀਂ ਪੈਗੰਬਰੀ ਰਾਹ ਭੁੱਲ ਹੋ ਅਤੇ ਮੰਦੀ ਬੁੱਧੀ ਵਾਲੇ ਹੋ ਗਏ ਹੋ। ਪੱਖਪਾਤ ਹਿਰਦੇ ਵਿਚ ਧਾਰਨ ਕੀਤਾ ਹੈ, ਇਸ ਲਈ ਜਮਾਂ ਦੀ ਫਾਹੀ ਪਾ ਕੇ ਨਰਕਾਂ ਵਿਚ ਜਾਵੋਗੇ॥ ੩੩॥

ਅਬ ਦੇਵੋਂ ਸਮਝਾਇ ਮੈਂ ਮਾਰਗ ਭਲੇ ਬਤਾਇ।
ਜੇ ਨਹਿੰ ਮਾਨਹੁ ਤਾਂਹਿ ਕੋ ਪਰਹੁ ਨਰਕ ਮਹਿੰ ਜਾਇ'॥ ੩੪॥

ਹੁਣ ਮੈਂ ਤੁਹਾਨੂੰ ਚੰਗੇ ਮਾਰਗ ਬਾਰੇ ਦੱਸਦਾ ਹਾਂ। ਜੇ ਨਹੀਂ ਮੰਨੋਗੇ ਤਾਂ ਨਰਕਾਂ ਵਿਚ ਜਾ ਕੇ ਪਵੋਗੇ'॥ ੩੪॥

ਸੁਨਿ ਕਰਿ ਉਚੇ ਬਚਨ ਕੋ ਬੂਝਨ ਲਗੇ ਇਮਾਨ।
'ਹਿੰਦੂ ਵਡਾ ਕਿ ਤੁਰਕ ਹੈ ਕਰਿਯੇ ਆਪ ਬਖਾਨ॥ ੩੫॥

ਅਜਿਹੇ ਉੱਚੇ ਬਚਨ ਸੁਣ ਕੇ ਧਰਮ ਬਾਰੇ ਪੁੱਛਣ ਲੱਗਾ, " ਹਿੰਦੂ ਵੱਡਾ ਹੈ ਕਿ ਤੁਰਕ, ਇਸ ਬਾਰੇ ਆਪਣੇ ਵਿਚਾਰ ਬਿਆਨ ਕਰੋ॥ ੩੫॥

ਕਲਾ ਦਿਖਾਈ ਵਡੀ ਤੈਂ ਪੂਰਬ ਕਿਨਹੁ ਨ ਕੀਨਿ।

ਚਰਨ ਸੰਗ ਕਾਬਾ ਫਿਰਜੋ ਮਹਿਮਾ ਜਾਨੀ ਪੀਨ॥ ੩੬॥

ਤੁਸੀਂ ਬਹੁਤ ਵੱਡੀ ਕਰਾਮਾਤ ਵਿਖਾਈ ਹੈ, ਅਜਿਹਾ ਪਹਿਲਾਂ ਕਿਸੇ ਨਹੀਂ ਕੀਤਾ। ਤੁਹਾਡੇ ਚਰਨਾਂ ਦੇ ਸੰਗ ਕਾਬਾ ਫਿਰਿਆ ਹੈ, ਅਸੀ ਤੁਹਾਡੀ ਮਹਾਨ ਮਹਿਮਾ ਜਾਣੀ ਹੈ" ॥ ੩੬॥

ਕਬਿੱਤ- ਐਸੇ ਸੁਨਿ ਬੈਨ ਬੋਲੇ ਗੁਰੂ ਗੁਨ ਐਨ ਤਬ 'ਪੰਚ ਤੱਤ ਸਾਜੇ ਸਭਿ ਦੇਹ ਇਕ ਸਾਰ ਹੀ।
ਨੈਨ ਕਾਨ ਨਾਸਕਾ ਬਦਨ ਕੀਨੇ ਏਕ ਹੂੰ ਸੇ ਕ੍ਰਿਯਾ ਸਮ ਭਈ ਹਾਥ ਪਾਵ ਕੇ ਮਝਾਰਹੀ।
ਦੇਸ਼ਨਿ ਕੇ ਭੇਸ ਕੋ ਪ੍ਰਭਾਵ ਧਰਿ ਰਿਦੇ ਮਾਂਹਿ, ਪੱਖਬਾਦ ਗਾਢੇ ਹ੍ਵੈ ਕੇ ਝਗਰੈਂ ਗਵਾਰ ਹੀ।
ਨਾਮ ਲਿਵ ਲਾਈ ਜਾਹਿ,ਅਧਿਕ ਵਡਾਈ ਤਾਂਹਿ,ਜਾਨਿਕੈ ਸਰੂਪ ਨਿਜ ਉਧਰੈ ਸੰਸਾਰ ਹੀ॥੩੭॥

ਇਹ ਗੱਲਾਂ ਸੁਣ ਕੇ ਗੁਣਾਂ ਦੇ ਘਰ, ਗੁਰੂ ਜੀ ਬੋਲੇ, "ਸਾਰੇ ਮਨੁੱਖਾਂ ਦੇ ਸਰੀਰ ਪੰਜਾ ਤੱਤਾਂ ਦੇ ਬਣੇ ਹਨ, ਅੱਖਾਂ, ਕੰਨ, ਨਾਸਾਂ, ਮੁੱਖ ਇਕੋ ਜਿਹੇ ਬਣਾਏ ਹਨ ਅਤੇ ਹੱਥ ਪੈਰ ਇਕੋ ਜੇਹੀ ਕਿਰਿਆ ਕਰਦੇ ਹਨ। ਦੇਸ਼ਾਂ ਭੇਸਾਂ ਦਾ ਪ੍ਰਭਾਵ ਹਿਰਦੇ ਵਿਚ ਧਰ ਕੇ, ਪੱਖਪਾਤੀ ਹੋ ਕੇ ਮੂਰਖ ਝਗੜੇ ਕਰਦੇ ਹਨ। ਜਿਹੜੇ ਨਾਮ ਨਾਲ ਲਿਵ ਲਾਉਂਦੇ ਹਨ, ਉਹ ਅਧਿਕ ਵਡਿਆਈ ਪਾਉਂਦੇ ਹਨ ਅਤੇ ਇਸ ਸੰਸਾਰ ਸਾਗਰ ਤੋਂ ਉਨ੍ਹਾਂ ਦਾ ਉਧਾਰ ਵੀ ਹੋ ਜਾਂਦਾ ਹੈ॥ ੩੭॥

ਦੋਹਰਾ- ਭਲੇ ਅਮਲ ਕੀਏ ਬਿਨਾ ਜਾਂਹਿ ਨਰਕ ਕੋ ਦੋਇ।
ਦੇਹਿ ਰਹੈ ਈਹਾਂ ਪਰੀ ਜਬ ਲੇਖਾ ਤਹਿਂ ਹੋਇ॥ ੩੮॥

ਭਲੇ ਅਮਲ ਕਰਨ ਤੋਂ ਬਗੈਰ ਸਾਰੇ ਨਰਕਾਂ ਨੂੰ ਜਾਂਦੇ ਹਨ। ਉਨ੍ਹਾਂ ਦਾ ਸਰੀਰ ਇਥੇ ਪਿਆ ਹੁੰਦਾ ਹੈ ਅਤੇ ਲੇਖਾ ਧਰਮ ਰਾਜ ਪਾਸ ਹੋ ਰਿਹਾ ਹੁੰਦਾ ਹੈ॥ ੩੮॥

ਧਨ, ਕੁਟੰਬ, ਅਰ ਕਰਮ ਜੇ ਤੀਨ ਨਰਨ ਕੇ ਮੀਤ।
ਜਬ ਲੌ ਘਟ ਮੈਂ ਪ੍ਰਾਨ ਹੈਂ ਤਬ ਲੌ ਧਨ ਕੀ ਪ੍ਰੀਤਿ॥ ੩੯॥

ਧਨ, ਕੁਟੰਬ ਅਤੇ ਕਰਮ ਜਿਹੜੇ ਤਿੰਨ ਮਨੁੱਖਾਂ ਦੇ ਮਿੱਤਰ ਹਨ। ਜਦ ਤਕ ਸਰੀਰ ਵਿਚ ਪ੍ਰਾਣ ਹਨ ਤਬ ਤਕ ਧਨ ਦੀ ਪ੍ਰੀਤ ਹੈ॥ ੩੯॥

ਜਾਰਜੋ ਗਾਡਜੋ ਤਨ ਨਹੀਂ ਤਬ ਲੋ ਕੁਟੰਬ ਸਨੇਹ।
ਬਹੁਰ ਨ ਕੋਊ ਸੰਗ ਹ੍ਵੈ ਸਮਝ ਭਲੇ ਉਰ ਲੇਹਿ॥ ੪੦॥

ਜਦ ਤਕ ਸਰੀਰ ਸਾੜਿਆ ਜਾਂ ਦਫਨ ਨਹੀਂ ਕੀਤਾ ਜਾਂਦਾ ਹੈ ਤਦ ਤਕ ਕੁਟੰਬ ਦੀ ਪ੍ਰੀਤ ਹੈ। ਬਾਅਦ ਵਿਚ ਕੋਈ ਸਾਥ ਨਹੀ ਦਿੰਦਾ, ਇਹ ਗੱਲ ਭਲੇ ਹੀ ਆਪਣੇ ਮਨ ਵਿਚ ਸਮਝ ਲਵੋ॥ ੪੦॥

ਤੀਜੋ ਮਿੱਤਰ ਕਰਮ ਜੇ ਸੰਗੀ ਸਦਹੀ ਜਾਨ।
ਜਾਇ ਫਲ ਦੇਤਿ ਤਹਿਂ ਯੌ ਨ ਹੋਇ ਕਬਿ ਹਾਨ॥ ੪੧॥

ਤੀਸਰਾ ਮਿੱਤਰ ਕਰਮ ਹੈ ਜਿਹੜਾ ਸਦਾ ਹੀ ਸਾਥ ਜਾਂਦਾ ਹੈ, ਜਿਥੇ ਜਾਂਦਾ ਹੈ ਓਥੇ ਹੀ ਫਲ ਦਿੰਦਾ ਹੈ ਅਤੇ ਇਹ ਕਦੇ ਵੀ ਨਸ਼ਟ ਨਹੀਂ ਹੁੰਦਾ॥ ੪੧॥

ਤਾਂਤੇ ਸਙ ਸਦੀਵ ਜੇ ਕਰਹੁ ਸੁ ਕਰਮ ਸਪ੍ਰੀਤਿ।
ਬਾਦ ਪੱਖ ਤਜਿ ਕੈ ਸਰਬ ਲਖਹੁ ਏਕ ਹਰਿ ਮੀਤ॥ ੪੨॥

ਇਸ ਕਰਕੇ ਜਿਸ ਨੇ ਤੁਹਾਡੇ ਨਾਲ ਜਾਣਾ ਹੈ, ਓਹੀ ਕਰਮ ਪ੍ਰੀਤ ਨਾਲ ਕਰੋ, ਪੱਖਪਾਤ ਸਭ ਛੱਡ ਕੇ ਸਾਰੇ ਇਕ ਖੁਦਾ ਨੂੰ ਹੀ ਆਪਣਾ ਮਿੱਤਰ ਸਮਝੋ॥ ੪੨॥

ਕਬਿੱਤ- ਭ੍ਰਮ ਜਾਂਕੇ ਤਨ ਨਹੀਂ ਭਯੋ ਨਿਰਮਲ ਮਨ ਦਾਵੇ ਬਾਂਧੇ ਪੱਖ ਹੂੰ ਕੇ ਰਹਿਤ ਸੰਸਾਰ ਹੀ।
ਹਿੰਦੂ ਕਿ ਤੁਰਕ ਕੌਨ ਜਾਨਤਿ ਸਮਾਨ ਜੌਨ, ਭ੍ਰਮ ਕੋ ਬਿਦਾਰ ਉਰ ਦੇਖੈਂ ਏਕ ਸਾਰ ਹੀ।
ਰਾਮ ਸੋ ਰਹੀਮ ਹੈ ਅਲਾਹ ਸੋ ਅਕਾਲ ਰੂਪ, ਜਾਨਿਯੇ ਖੁਦਾਇ ਸੋਊ ਏਕ ਏਕੰਕਾਰ ਹੀ।
ਮੂਢ ਨਹੀਂ ਪਾਵੈਂ ਭੇਦ ਬਾਦ ਕੋ ਰਚਾਵੈਂ ਨਿਤ, ਪਾਇੰ ਦੁਖ ਭਾਰੀ ਜਾਇੰ ਨਰਕ ਮਝਾਰ ਹੀ ॥੪੩॥

ਜਿਸ ਦੇ ਸਰੀਰ ਵਿਚ ਕੋਈ ਭਰਮ ਨਹੀ, ਮਨ ਨਿਰਮਲ ਹੋ ਗਿਆ ਹੈ, ਉਹ ਸੰਸਾਰ ਵਿਚ ਦਾਵੇ ਪੱਖ ਤੋਂ ਰਹਿਤ ਰਹਿੰਦੇ ਹਨ। ਹਿੰਦੂ ਕਿ ਤੁਰਕ ਕੌਣ, ਜਿਹੜੇ ਬਰਾਬਰ ਜਾਣਦੇ ਹਨ, ਉਹ ਭਰਮ ਨੂੰ ਦੂਰ ਕਰਕੇ ਇਕਸਾਰ ਦੇਖਦੇ ਹਨ। ਰਾਮ ਜੋ ਰਹੀਮ ਹੈ, ਅੱਲਾਹ ਜੋ ਅਕਾਲ ਰੂਪ ਹੈ, ਇਹ ਸਮਝੋ ਓਹੋ ਖੁਦਾ ਤੇ ਓਹੋ ਏਕੰਕਾਰ ਹੈ। ਮੂਰਖ ਭੇਦ ਨਹੀ ਪਾਉਂਦੇ ਹਨ ਅਤੇ ਨਿਤ ਵਿਵਾਦ ਖੜਾ ਕਰਦੇ ਹਨ। ਉਹ ਬੜਾ ਦੁੱਖ ਪਾਉਂਦੇ ਹਨ ਅਤੇ ਅੰਤ ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੁੰਦਾ ਹੈ" ॥ ੪੩॥

ਕਬਿੱਤ- ਐਸੇ ਸੁਨਿ ਬੈਨ ਗੁਰੂ ਨਾਨਕ ਕੋ ਨਿਵੇਂ ਸਭਿ, ਐਂਚੇ ਜਜੋਂ ਪਨਚ ਕੋ ਧਨੁਖ ਨਿਵ ਜਾਤਿ ਹੈ।
ਭਏ ਮਨ ਦੀਨ ਸੋ ਖੁਦਾਇ ਦੇਹਿ ਚੀਨ, ਪਦ ਬੰਦਨਾ ਕੋ ਕੀਨਿ ਜਬ ਦੇਖੀ ਕਰਾਮਾਤ ਹੈ।
ਕਮਲ ਬਦਨ ਬਿਗਸਤਿ ਹਰਖਾਤਿ ਚਿਤ ਮੋਹ ਕੇ ਨਿਕੰਦ ਦੇਖਾ ਭਾਨੁ ਪਰਭਾਤ ਹੈ।
ਸੇਵੈਂ ਹਿਤ ਲਾਈ, ਚੰਚਰੀਕ ਜਜੋਂ ਲੁਭਾਈ, ਉਰ ਜਾਨੇ ਗਤਿਦਾਈ ਏ ਚਰਨ ਜਲਜਾਤ ਹੈਂ ॥੪੪॥

ਗੁਰੂ ਨਾਨਕ ਦੇਵ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਾਰੇ ਨਿਵ ਗਏ, ਜਿਵੇਂ ਕਮਾਨ ਦਾ ਧਾਗਾ ਖਿਚਿਆਂ ਧਨੁੱਖ ਨਿਵ ਜਾਂਦਾ ਹੈ, ਮਨ ਵਿਚ ਬੜੇ ਨਿਮਰ ਹੋ ਗਏ, ਖੁਦਾ ਦੀ ਪਹਿਚਾਣ ਜਾਣ ਗਏ, ਜਦ ਅਜਿਹੀ ਕਰਾਮਾਤ ਦੇਖੀ ਤਾਂ ਸਾਰਿਆਂ ਨੇ ਚਰਨਾਂ ਤੇ ਬੰਦਨਾਂ ਕੀਤੀ। ਕਮਲ ਬਦਨ ਭਾਵ ਗੁਰੂ ਜੀ ਨੂੰ ਖੁਸ਼ ਵੇਖ ਕੇ, ਸਾਰਿਆਂ ਦੇ ਚਿੱਤ ਖਿੜ ਉਠੇ ਅਤੇ ਉਨ੍ਹਾਂ ਵੇਖਿਆ ਮੋਹ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੂੰ ਸਵੇਰ ਦੇ ਸੂਰਜ ਵਾਂਗ ਹਨ। ਬੜੇ ਪ੍ਰੇਮ ਨਾਲ ਸੇਂਵਦੇ ਸਨ, ਭੌਰੇ ਵਾਂਗ ਲੁਭਾਇਮਾਨ ਹੋ ਰਹੇ ਸਨ, ਜਿਵੇਂ ਮੁਕਤੀਦਾਤੇ ਦੇ ਚਰਨ ਕੰਵਲ ਦੇ ਫੁੱਲ ਹੋਣ।

ਦੋਹਰਾ- ਬੀਤਜੋ ਕੇਤਿਕ ਕਾਲ ਜਬ ਰਹਿਤੇ ਤਹਾਂ ਸਥਾਨ।
ਪੂਰਨ ਕੀਨੋ ਧਜਾਇ ਅਬ ਕਥਾ ਸੁਭਗ ਸੁਖਦਾਨ॥ ੪੫॥

ਕਾਫੀ ਸਮਾਂ ਓਥੇ ਰਹਿੰਦਿਆਂ ਬੀਤ ਗਿਆ। ਹੁਣ ਮੈਂ ਚੰਗੇ ਭਾਗਾਂ ਦੇਣ ਵਾਲੀ ਅਤੇ ਸੁਖਦਾਤੀ ਕਥਾ ਦਾ ਅਧਿਆਇ ਪੂਰਨ ਕਰਦਾ ਹਾਂ॥ ੪੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਮੱਕੇ ਚਿਰਨਾ ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਮੋ ਅਧਜਾਯ॥ ੫੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਵੰਜਵਾਂ ਅਧਿਆਇ, ਜਿਸ ਦਾ ਨਾਮ 'ਮੱਕਾ ਜੀਵਨ ਪ੍ਰਸੰਗ' ਹੈ, ਸਮਾਪਤ ਹੋਇਆ॥ ੫੮॥

# ਅਧਿਆਇ ਉਣਾਠਵਾਂ

*ਮਦੀਨਾ, ਸੁਲਤਾਨਪੁਰ ਜਾਣਾ।*

ਦੋਹਰਾ- ਜਿਸ ਮਹਿਂ ਅੰਮ੍ਰਿਤੁ ਗ੍ਯਾਨ ਹੈ ਮਾਣਿਕ ਭਗਤਿ ਵਿਰਾਗ।
ਗੁਰੂ ਗ੍ਰੰਥ ਸਾਹਿਬ ਉਦਧਿ ਬੰਦੋਂ ਕਰਿ ਅਨੁਰਾਗ॥ ੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਸਮੁੰਦਰ ਨੂੰ, ਜਿਸ ਵਿਚ ਗਿਆਨ ਰੂਪ ਅੰਮ੍ਰਿਤ ਹੈ ਅਤੇ ਭਗਤੀ ਤੇ ਵੈਰਾਗ ਰੂਪੀ ਰਤਨ ਹਨ, ਮੈਂ ਉਸ ਨੂੰ ਪ੍ਰੇਮ ਨਾਲ ਨਮਸ਼ਕਾਰ ਕਰਦਾ ਹਾਂ।

*ਸ੍ਰੀ ਬਾਲਾ ਸੰਧੁਰ ਵਾਚ॥*

ਸ੍ਰੀ ਅੰਗਦ ਜੀ ਸੁਨਹੁ ਪੁਨ ਕੇਤਿਕ ਦਿਵਸ ਬਿਤਾਇ।
ਮਰਦਾਨੇ ਕੋ ਬਚ ਕਹੇ ਅਸਬਿਧਿ ਸ੍ਰੀ ਗਤਿਦਾਇ॥ ੨॥

*ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ਓਥੇ ਕਈ ਦਿਨ ਬਤੀਤ ਕਰਕੇ, ਮੁਕਤੀਦਾਤੇ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬਚਨ ਕਹੇ॥ ੨॥*

ਸੈਯਾ- 'ਚਲਿਬੇ ਜਿਤ ਚਾਹਿ ਚਲੋ ਤਿਤਕੋ' ਸੁਨਿ ਬੋਲਤਿ ਭਾ ਗੁਰੁ ਸੋਂ ਮਰਦਾਨਾ।
'ਜਿਹ ਥਾਨ ਮੈਂ ਗੋਰ ਮੁਹੰਮਦ ਹੈ ਦਿਖਰਾਵਹੁ ਮੋਹਿ ਕੋ ਸੋਊ ਮਕਾਨਾ।
ਇਹ ਕਾਬੇ ਕੋ ਪਾਜ ਤੋ ਦੇਖਿ ਲਯੋ ਅਬ ਤਾਂਹਿ ਬਿਲੋਕਨ ਚਾਹਿ ਮਹਾਨਾ।
ਇਸ ਦੇਸ਼ ਅਏ ਅਬ ਦੇਖਿ ਚਲੇਂ, ਤੁਮ ਕਾਮਨਾ ਪੂਰਨ ਹੇ ਗੁਨਖਾਨਾ!' ॥੩॥

''ਜਿਧਰ ਤੁਹਾਡੇ ਜਾਣ ਦੀ ਚਾਹ ਹੈ ਓਧਰ ਹੀ ਚਲੋ'' ਇਹ ਸੁਣ ਕੇ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ, ''ਜਿਸ ਥਾਂ ਹਜ਼ਰਤ ਮੁਹੰਮਦ ਦੀ ਕਬਰ ਹੈ, ਉਹ ਮਕਾਨ ਮੈਨੂੰ ਵਿਖਾਵੋ। ਇਸ ਕਾਬੇ ਦੇ ਪਾਜ ਤਾਂ ਵੇਖ ਲਏ ਹਨ, ਹੁਣ ਮੇਰੀ ਉਸ ਅਸਥਾਨ ਨੂੰ ਵੇਖਣ ਦੀ ਬਹੁਤ ਚਾਹਤ ਹੈ, ਇਸ ਦੇਸ਼ ਵਿਚ ਆਏ ਹਾਂ, ਇਸ ਲਈ ਉਹ ਅਸਥਾਨ ਵੀ ਵੇਖ ਚਲੀਏ। ਹੇ ਗੁਣਾਂ ਦੀ ਖਾਣ ਜੀ, ਮੇਰੀ ਕਾਮਨਾ ਪੂਰਨ ਕਰੋ।''

ਗੁਰ ਬੈਨ ਭਨੇ 'ਦਿਨ ਦ੍ਵਾਦਸ਼ ਗੈਲ ਹੈ ਗੋਰ ਮੁਹੰਮਦ ਜੁਊ ਮਕਾਨਾ'।
ਸੁਨਿ ਯੋਂ ਹਰਖਾਇ ਉਠਾ ਮਨ ਮੈਂ ਗੁਰ ਸੰਗ ਤਬੈ ਇਵ ਬੈਨ ਬਖਾਨਾ।
'ਚਲਿ ਤੂਰਨ ਜਾਇ ਪਹੂਚ ਹੈਂ ਤਾਂਹਿ, ਸਮੀਪ ਅਹੈ ਨਹਿਂ ਦੂਰ ਸਥਾਨਾ'।
ਬਿਗਸੇ ਬਦਨਾਂਬੁਜ ਤੇ ਤਬ ਹੀ ਪੁਨ ਬਾਕ ਕਹੇ ਤਿਹ ਸੋਂ ਗਤਿਦਾਨਾ॥੪॥

ਗੁਰੂ ਜੀ ਨੇ ਕਿਹਾ, ''ਉਸ ਕਬਰ ਵੱਲ ਜਾਣ ਦਾ ਰਸਤਾ ਬਾਰਾਂ ਦਿਨ ਦਾ ਹੈ, ਤਦ ਜਾ ਕੇ ਮੁਹੰਮਦ ਦੀ ਕਬਰ ਵਾਲੀ ਥਾਂ ਪਹੁੰਚਾਂਗੇ। ਇਹ ਸੁਣ ਕੇ ਮਰਦਾਨਾ ਮਨ ਵਿਚ ਹੈਰਾਨ ਹੋਇਆ। ਫਿਰ ਉਸ ਗੁਰੂ ਜੀ ਨੂੰ ਕਿਹਾ, ''ਚੱਲ ਕੇ ਤੁਰੰਤ ਓਥੇ ਪਹੁੰਚ ਜਾਵਾਂਗੇ, ਉਹ ਸਥਾਨ ਨੇੜੇ ਹੀ ਹੈ, ਬਹੁਤ ਦੂਰ ਨਹੀਂ ਹੈ।'' ਗੁਰੂ ਜੀ ਆਪਣੇ ਕਮਲ ਮੁਖ ਤੋਂ ਮੁਸਕਰਾਏ, ਫਿਰ ਮੁਕਤੀਦਾਤੇ ਭਾਵ ਗੁਰੂ ਜੀ ਨੇ ਉਸ ਨੂੰ ਇਹ ਸ਼ਬਦ ਕਹੇ॥ ੪॥

'ਦ੍ਵਾਦਸ ਬਾਸੁਰ ਮਾਰਗ ਦੂਰ ਹੈ ਤੂੰ ਉਚਰੈਂ-ਹਮਰੇ ਢਿਗ ਸੋਊ'।
'ਹੇ ਪ੍ਰਭੁ ਕੇਤੇ ਹਜ਼ਾਰ ਅਏ ਛਿਨ ਮਾਂਹਿ ਅਵਾਰ ਲਗੀ ਨਹਿਂ ਕੋਊ।

ਦੂਰ ਨ ਜਾਨਤਿ ਹੌਂ ਇਹ ਤੇ ਤਤਕਾਲ ਚਲੈਂ ਤੁਮਰੇ ਸੰਗ ਹੋਊ।
ਸ੍ਰੀ ਕਰਤਾਰ ਧਰਾ ਅਵਤਾਰ ਉਧਾਰਨ ਕੋ ਕਲਿ ਕੇ ਨਰ ਜੋਊ' ॥ ੫ ॥

''ਬਾਰਾਂ ਦਿਨ ਮਾਰਗ ਦੂਰ ਹੈ, ਤੁਸੀ ਸਾਨੂੰ ਇਸ ਤਰ੍ਹਾਂ ਹੀ ਦੱਸਿਆ ਹੈ। ''ਪਰ ਪ੍ਰਭੂ ਕਿੰਨੇ ਹਜ਼ਾਰ ਕੋਹ ਪੈਂਡਾ ਛਿਨ ਪਲ ਵਿਚ ਆ ਜਾਂਦੇ ਰਹੇ ਹਾਂ, ਕਦੀ ਵੀ ਦੇਰ ਨਹੀਂ ਲੱਗੀ ਹੈ।'' ਅਸੀ ਇਸ ਨੂੰ ਦੂਰ ਨਹੀ ਜਾਣਦੇ ਹਾਂ, ਤੁਹਾਡੇ ਨਾਲ ਤੁਰੰਤ ਚੱਲਾਂਗੇ। ਸ੍ਰੀ ਕਰਤਾਰ ਭਾਵ ਗੁਰੂ ਜੀ ਨੇ ਜਿਨ੍ਹਾਂ ਕਲਿਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਅਵਤਾਰ ਧਾਰਨ ਕੀਤਾ ਹੈ'' ॥ ੫ ॥

ਦੋਹਰਾ- 'ਮਰਦਾਨੇ ਤੇਰੋ ਕਹਜੋ ਹਮ ਨਹਿਂ ਦੇਤਿ ਹਟਾਇ।
ਨਾਮ ਮਦੀਨਾ ਜਾਹਿਂ ਕੋ ਚਲਿ ਤੁਝ ਦੇਹਿਂ ਦਿਖਾਇ' ॥ ੬ ॥

ਗੁਰੂ ਜੀ ਨੇ ਕਿਹਾ, ''ਹੇ ਮਰਦਾਨੇ ਤੇਰਾ ਕਿਹਾ ਅਸੀਂ ਕਦੀ ਮੋੜਦੇ ਨਹੀਂ, ਜਿਥੇ ਮਦੀਨਾ ਨਗਰ ਹੈ, ਉਥੇ ਚਲ ਕੇ ਤੈਨੂੰ ਵਿਖਾ ਦਿੰਦੇ ਹਾਂ'' ॥ ੬ ॥

ਕਬਿੱਤ- ਮੰਦ ਮੰਦ ਚਲੇ, ਦਿਨ ਦ੍ਵਾਦਸ਼ ਮੈਂ ਗਏ ਤਹਿਂ, ਬੈਸਿਗੇ ਨਿਕਟ ਥਾਨ ਜਾਇ ਸੁਖਦਾਨਿਯਾ।
'ਜਾਨੀਯੇ ਮਦੀਨਾ, ਮਰਦਾਨੇ ! ਅਬ ਦੇਖਿ ਆਉ, ਦੇਖਿਬੇ ਕੀ ਚਾਹਿ ਜਾਂਕੋ ਰਿਦਾ ਲਲਚਾਨਿਯਾ।
'ਦੇਹਿਂਗੇ ਹਟਾਇ, ਕੈਸੇ ਦੇਖੋ ਥਾਨ ਜਾਇ ਪ੍ਰਭੂ !' ਸੁਨਿ ਮੁਸਕਾਨੇ, ਮੁਖ ਬਚਨ ਬਖਾਨਿਯਾ।
'ਨੈਨ ਇਹਾਂ ਬਾਂਧੈਂ ਨਹੀਂ, ਤੁਰਕ ਸਰੂਪ ਤੇਰੋ, ਬਰਜੈ ਨ ਕੋਊ, ਬਿਨ ਸ਼ੰਕ ਹ੍ਵੈ ਪਜਾਨਿਯਾ ॥੭॥

ਹੋਲੀ ਹੋਲੀ ਚਲੇ ਅਤੇ ਬਾਰਾਂ ਦਿਨਾਂ ਵਿਚ ਉਥੇ ਪਹੁੰਚ ਗਏ। ਸੁਖਦਾਤੇ ਨੇੜੇ ਪਹੁੰਚ ਕੇ ਖੁਸ਼ ਹੋ ਗਏ। 'ਹੇ ਮਰਦਾਨੇ ਮਦੀਨਾ ਹੁਣ ਵੇਖ ਆਵੇ, ਜਿਸ ਨੂੰ ਵੇਖਣ ਦੀ ਚਾਹ ਨਾਲ ਤੇਰਾ ਹਿਰਦਾ ਲਲਚਾਇਆ ਹੈ'। 'ਹੇ ਪ੍ਰਭੂ ਜੀ ! ਪੁਜਾਰੀ ਵਾਪਿਸ ਮੋੜ ਦੇਣਗੇ, ਇਸ ਲਈ ਮੈਂ ਉਹ ਅਸਥਾਨ ਕਿਵੇਂ ਜਾ ਕੇ ਵੇਖਾਂ ?'' ਇਹ ਸੁਣ ਕੇ ਗੁਰੂ ਜੀ ਮੁਸਕਰਾਏ ਅਤੇ ਮੁੱਖ ਤੋਂ ਇਹ ਬਚਨ ਕੀਤਾ, ''ਇਥੇ ਅੱਖਾਂ ਨਹੀਂ ਬੰਨ੍ਹਦੇ ਹਨ, ਅਤੇ ਤੇਰਾ ਤੁਰਕ ਸਰੂਪ ਹੈ, ਤੈਨੂੰ ਕੋਈ ਨਹੀਂ ਰੋਕੇਗਾ, ਸ਼ੰਕੇ ਰਹਿਤ ਹੋ ਕੇ ਚਲਾ ਜਾ'' ॥ ੭ ॥

'ਤੁਰਕ ਇਜੇਹੇ ਭਠ ਪਏ, ਹੌਂ ਨ ਸਾਥੀ ਤਿਨ, ਤੁਮਰੇ ਚਰਨ ਕੀ ਸ਼ਰਨ ਗਹਿ ਲੀਨੀ ਹੈ'।
ਸ੍ਰੀ ਗੁਰੂ ਬਖਾਨੀ 'ਜੋ ਤੈਂ ਐਸੇ ਦ੍ਰਿਢ ਜਾਨੀ ਮਨ ਮੱਕੇ ਕੋ ਪਿਖਨ ਚਾਹਿ ਏਤੀ ਕੈਸੀ ਕੀਨੀ ਹੈ ?'।
'ਪੂਜਨ ਨ ਆਯੋ ਹੌਂ ਤੋ, ਦੇਖਨ ਕੋ ਕਾਜ ਮੇਰੋ, ਤੁਰਕ ਤਰੀਫ ਕਰੈਂ, ਜਾਨੀ ਮਤਿ ਹੀਨੀ ਹੈ'।
ਐਸੇ ਕਹਿ ਗਯੋ, ਜਾਇ ਦੇਖਤਿ ਸੋ ਭਯੋ ਗੋਰ-ਕੂਰ ਕਰੈਂ ਉਸਤਤਿ ਰਿਦੇ ਮਾਂਹਿ ਚੀਨੀ ਹੈ ॥੮॥

ਮਰਦਾਨੇ ਨੇ ਕਿਹਾ, ''ਅਜਿਹੇ ਤੁਰਕ ਭੱਠੀ ਵਿਚ ਪੈਣ, ਮੈਂ ਉਨ੍ਹਾਂ ਦਾ ਸਾਥੀ ਨਹੀ ਹਾਂ, ਮੈਂ ਤਾਂ ਕੇਵਲ ਆਪ ਦੇ ਚਰਨਾਂ ਦੀ ਸ਼ਰਨ ਫੜੀ ਹੈ।'' ਗੁਰੂ ਜੀ ਨੇ ਕਿਹਾ, ''ਜੇ ਤੂੰ ਮਨ ਵਿਚ ਇਸ ਤਰ੍ਹਾਂ ਦ੍ਰਿੜ੍ਹ ਜਾਣ ਲਿਆ ਹੈ, ਫਿਰ ਮੱਕੇ ਨੂੰ ਵੇਖਣ ਦੀ ਏਨੀ ਚਾਹਿਤ ਕਿਉਂ ਕੀਤੀ ਹੈ?''। ਮਰਦਾਨੇ ਨੇ ਉੱਤਰ ਦਿੱਤਾ, ਮੈਂ ਇਸ ਅਸਥਾਨ ਦੀ ਪੂਜਾ ਕਰਨ ਨਹੀ ਆਇਆਂ ਹਾਂ, ਕੇਵਲ ਮੈਂ ਵੇਖਣ ਵਾਸਤੇ ਆਇਆ ਹਾਂ। ਤੁਰਕ ਇਸ ਦੀ ਸਿਫਤ ਕਰਦੇ ਹਨ, ਪਰ ਮੈਂ ਤਾਂ ਇਹ ਸਮਝਦਾ ਹਾਂ ਕਿ ਤੁਰਕ ਮੱਤਹੀਣ ਹਨ।'' ਇਸ ਤਰ੍ਹਾਂ ਕਹਿਕੇ ਕਬਰ ਵੇਖਣ ਚਲਾ ਗਿਆ, ਮੁਸਲਮਾਨ ਝੂਠੀ ਉਸਤਤੀ ਕਰਦੇ ਹਨ, ਹਿਰਦੇ ਵਿਚ ਇਹ ਗੱਲ ਜਾਣ ਗਿਆ ਹੈ ॥ ੮ ॥

ਦੋਹਰਾ- ਬਹੁਰੋ ਸ੍ਰੀ ਗੁਰ ਆਪ ਉਠਿ ਪਹਿਰੇ ਪੈਰ ਖਰਾਂਵ।
ਚਾਰ ਦਿਵਾਲੀ ਅੰਤਰੇ ਗਏ ਗੋਰ ਜਿਹ ਥਾਂਵ ॥ ੯ ॥

ਫਿਰ ਗੁਰੂ ਜੀ ਆਪ ਪੈਰਾਂ ਵਿਚ ਖੜਾਵਾਂ ਪਾ ਕੇ ਉਠੇ ਅਤੇ ਚਾਰਦੀਵਾਰੀ ਦੇ ਅੰਦਰ ਗਏ, ਜਿਸ ਥਾਂ ਤੇ ਪੈਗੰਬਰ ਮੁਹੰਮਦ ਦੀ ਕਬਰ ਸੀ॥ ੯॥

ਹੁਤੇ ਮੁਲਾਨੇ ਬਹੁ ਜਹਾਂ ਬੈਸੇ ਕਰਿਹੀਂ ਸੇਵ।
ਸ੍ਰੀ ਨਾਨਕ ਕੋ ਦੇਖਿ ਕਰਿ ਬੋਲੇ, ਲਖਜੋ ਨ ਭੇਵ॥ ੧੦॥

ਜਿਥੇ ਬਹੁਤ ਸਾਰੇ ਮੁਲਾਨੇ ਬੈਠੇ ਪੂਜਾ ਕਰ ਰਹੇ ਸਨ, ਉਹ ਗੁਰੂ ਜੀ ਨੂੰ ਵੇਖ ਕੇ ਬੋਲੇ ਅਤੇ ਭੇਦ ਨਾ ਜਾਣ ਸਕੇ॥ ੧੦॥

'ਕੋ ਹੈ ਪੈਰ ਖਰਾਵ ਤੂੰ ਪਹਿਰ ਸਮੀਪਹਿ ਆਇ।
ਮਤਿ ਤੇਰੀ ਅਨਜਾਨ ਹੈ ਜ਼ਾਰਤ ਰੀਤਿ ਨ ਪਾਇ॥ ੧੧॥

ਤੂੰ ਕੌਣ ਹੈਂ ਜਿਹੜਾ ਖੜਾਵਾਂ ਪਾ ਕੇ ਗੋਰ ਦੇ ਨੇੜੇ ਆ ਗਿਆ ਹੈਂ। ਮੱਤ ਤੇਰੀ ਅਣਜਾਨ ਹੈ ਅਤੇ ਤੂੰ ਜ਼ਿਆਰਤ (ਯਾਤਰਾ) ਦੀ ਰੀਤੀ ਨੂੰ ਨਹੀਂ ਜਾਣਦਾ॥ ੧੧॥

ਅਦਬ ਮੁਹੰਮਦ ਕੋ ਨ ਕਿਯ ਏਹੁ ਰਸੂਲ ਮੁਕਾਮ।
ਪਾਛੇ ਹਟਿਜੱਯੈ ਅਬੈ'; ਸੁਨਿ ਬੋਲੇ ਗੁਨ ਧਾਮ॥ ੧੨॥

ਤੂੰ ਹਜ਼ਰਤ ਮੁਹੰਮਦ ਦੇ ਮੁਕਾਮ ਦਾ ਸਤਿਕਾਰ ਨਹੀਂ ਕੀਤਾ ਹੈ। "ਹੁਣ ਪਿਛਾਂਹ ਹੱਟ ਜਾਵੇ", ਇਹ ਸੁਣ ਕੇ ਗੁਰੂ ਜੀ ਬੋਲੇ॥ ੧੨॥

ਸਿਰੀਰਾਗੁ ਮਹਲਾ ੧ ਘਰੁ ੨॥

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥ ੧॥
ਦੁਨੀਆ ਕੈਸਿ ਮੁਕਾਮੇ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥ ੧॥ ਰਹਾਉ॥
ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥ ੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥ ੪॥
ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥ ੫॥
ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥ ੬॥
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥ ੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥ ੮॥ ੧੭॥

(ਪੰਨਾ ੬੪)

ਇਸ ਨੂੰ ਠਹਿਰਣ ਦੀ ਥਾਂ ਸਮਝ ਕੇ, ਪ੍ਰਾਣੀ ਆਪਣੇ ਮਕਾਨ ਵਿਚ ਬੈਠਾ ਹੈ, ਪਰ ਉਸ ਨੂੰ ਚੱਲਣ ਦੀ ਹਮੇਸ਼ਾਂ ਧੁਖਧੁਖੀ ਲੱਗੀ ਰਹਿੰਦੀ ਹੈ। ਜੇ ਪ੍ਰਾਣੀ ਇਨ੍ਹਾਂ ਘਰਾਂ ਵਿਚ ਸਦਾ ਰਹਿੰਦੇ ਤਾਂ ਹੀ ਇਹ ਰਹਿਣ ਦੀ ਪੱਕੀ ਜਗ੍ਹਾ ਮੰਨੀ ਜਾ ਸਕਦੀ ਹੈ॥ ੧॥ ਇਹ ਦੁਨੀਆਂ ਕਿਸ ਕਿਸਮ ਦਾ ਠਹਿਰਣ ਦਾ ਸਥਾਨ ਹੈ ? ਸ਼ਰਧਾ ਅਤੇ ਅਮਲ ਕਮਾਉਣ ਦਾ ਸਫ਼ਰ ਖਰਚ ਬੰਨ੍ਹ ਅਤੇ ਸਾਹਿਬ ਦੇ ਨਾਮ ਨਾਲ ਜੁੜਿਆ ਰਹੋ॥ ੧॥ ਠਹਿਰਾਉ॥ ਯੋਗੀ ਧਿਆਨ ਅਵੱਸਥਾ ਵਿਚ ਬੈਠਦਾ ਹੈ ਅਤੇ ਮੁੱਲਾਂ ਆਰਾਮ ਦੀ ਜਗ੍ਹਾ ਮੱਲਦਾ ਹੈ। ਬ੍ਰਾਹਮਣ ਪੁਸਤਕਾਂ ਦਾ ਅਧਿਐਨ ਕਰਦੇ ਹਨ ਅਤੇ ਸਿੱਧ ਦੇਵਤਿਆਂ ਦੇ ਮੰਦਰਾਂ ਵਿਚ ਟਿਕਦੇ ਹਨ॥ ੨॥ ਦੇਵਤੇ, ਸਿੱਧ, ਸ਼ਿਵ ਜੀ ਉਪਾਸ਼ਕ, ਸਵਰਗ ਦੇ ਗਵੱਈਏ, ਰਿਸ਼ੀ ਮੁਨੀ, ਸਾਧੂ, ਮਜ਼ਹਬੀ ਪ੍ਰਚਾਰਕ, ਰੂਹਾਨੀ ਰਹਿਬਰ ਅਤੇ ਸੈਨਾਪਤੀ ਸਮੂਹ ਵਾਰੀ ਵਾਰੀ ਤੁਰ ਗਏ ਹਨ ਅਤੇ ਬਾਕੀ ਵੀ ਕੂਚ ਕਰਨ ਦੇ ਹੁਕਮ ਅਧੀਨ ਹਨ॥ ੩॥ ਬਾਦਸ਼ਾਹ, ਖਾਨ, ਫ਼ਰਿਸ਼ਤੇ ਤੇ ਸਰਦਾਰ ਇਕ ਇਕ ਕਰਕੇ ਕੂਚ ਕਰ ਗਏ ਹਨ। ਪ੍ਰਾਣੀ ਨੂੰ ਇਕ ਦੋ ਛਿਨਾਂ ਵਿਚ ਤੁਰਨਾ

ਪਵੇਗਾ। ਹੇ ਮੇਰੇ ਦਿਲ ਇਹ ਸਮਝ ਕਿ ਤੂੰ ਵੀ ਓਥੇ ਪਹੁੰਚਣ ਵਾਲਾ ਹੈਂ॥ ੪ ॥ ਇਲਾਹੀ ਸ਼ਬਦ ਅੰਦਰ ਇੰਝ ਸਥਾਪਿਤ ਕੀਤਾ ਹੋਇਆ ਹੈ ਕਿ ਕੋਈ ਵਿਰਲਾ ਹੀ ਇਸ ਨੂੰ ਜਾਣਦਾ ਹੈ। ਨਾਨਕ ਬੇਨਤੀ ਕਰਦਾ ਹੈ, ਉਹ ਪ੍ਰਭੂ ਪਾਣੀ, ਧਰਤੀ, ਪਾਤਾਲ ਅਤੇ ਆਕਾਸ਼ ਅੰਦਰ ਰਮਿਆ ਹੋਇਆ ਹੈ॥ ੫॥ ਉਹ ਅਦ੍ਰਿਸ਼ਟ, ਅਖੋਜ, ਅਪਹੁੰਚ, ਸਰਬ ਸ਼ਕਤੀਮਾਨ ਅਤੇ ਦਰਿਆ ਦਿਲ ਸਿਰਜਣਹਾਰ ਹੈ। ਸਾਰਾ ਸੰਸਾਰ ਆਉਣ ਤੇ ਜਾਣ ਦੇ ਅਧੀਨ ਹੈ, ਕੇਵਲ ਇਕ ਦਿਆਲੂ ਮਾਲਕ ਹੀ ਸਥਾਈ ਹੈ॥ ੬ ॥ ਸਥਾਈ ਮੁਕਾਮ ਉਸ ਨੂੰ ਕਹੁ ਜਿਸ ਦੇ ਸਿਰ ਉਤੇ ਭਾਵੀ ਦਾ ਲੇਖ ਨਾ ਹੋਵੇ। ਅਕਾਸ਼ ਅਤੇ ਧਰਤੀ ਟੁਰ ਜਾਣਗੇ, ਸਥਾਈ ਸਥਿਰ ਕੇਵਲ ਉਹ ਹੀ ਹੈ॥ ੭॥ ਦਿਨ ਅਤੇ ਸੂਰਜ ਟੁਰ ਜਾਣਗੇ। ਰਾਤ ਅਤੇ ਚੰਦਰਮਾਂ ਖਤਮ ਹੋ ਜਾਣਗੇ ਅਤੇ ਲੱਖਾਂ ਤਾਰੇ ਅਲੋਪ ਹੋ ਜਾਣਗੇ। ਨਾਨਕ ਸੱਚ ਕਹਿੰਦਾ ਹੈ ਕਿ ਕੇਵਲ ਪ੍ਰਭੂ ਹੀ ਅਨੰਤ ਹੈ॥ ੮॥ ੧੭॥

ਦੋਹਰਾ- ਸਬਦ ਪਢਜੋ ਸ੍ਰੀ ਬਦਨ ਜਬ ਨਿਵੀਂ ਗੋਰ ਪਦ ਓਰ।
ਨਮਸਕਾਰ ਕਰਿ ਪੁਨ ਹਟੀ ਠਹਿਰਾਨੀ ਨਿਜ ਠੋਰ॥ ੧੩॥

ਜਦ ਗੁਰੂ ਜੀ ਨੇ ਸ਼ਬਦ ਪੜ੍ਹਿਆ ਤੇ ਕਬਰ ਗੁਰੂ ਜੀ ਦੇ ਚਰਨਾਂ ਵੱਲ ਨਿਊਂ ਗਈ। ਨਮਸ਼ਕਾਰ ਕਰਕੇ ਫਿਰ ਪਿਛਾਂਹ ਹੱਟ ਗਈ ਅਤੇ ਆਪਣੇ ਪਹਿਲੇ ਸਥਾਨ ਤੇ ਠਹਿਰ ਗਈ॥ ੧੩॥

ਮੁਲਾਂ ਸਰਬ ਬਿਲੋਕਿਕੈ ਬਿਸਮਾਨੇ ਮਨ ਮਾਂਹਿ।
ਤਨ ਖੁਦਾਇ ਸਮ ਜਾਨਿਕੈ ਨਿਵੇਂ ਚਰਨ ਚਿਤ ਚਾਹਿ॥ ੧੪॥

ਸਾਰੇ ਮੁੱਲਾ ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ। ਗੁਰੂ ਜੀ ਦਾ ਸਰੀਰ ਖੁਦਾ ਦੇ ਸਮਾਨ ਜਾਣ ਕੇ ਅਤੇ ਚਿੱਤ ਵਿਚ ਗੁਰੂ ਜੀ ਦੇ ਚਰਨਾਂ ਦੀ ਚਾਹ ਕਰਕੇ ਝੁਕ ਗਏ॥ ੧੪॥

ਅਧਿਕ ਮੁਹੰਮਦ ਸਭਿਨਿ ਤੇ ਹਮ ਉੱਮਤ ਹੈਂ ਤਾਂਹਿ।
ਗੋਰ ਨਿਵੀਂ ਤਿਹ ਅੱਗ੍ਰ ਜਹਿ, ਹਮ ਕਜੋਂ ਨਿਵੈਂ ਸੁ ਨਾਂਹਿ॥ ੧੫॥

ਹਜਰਤ ਮੁਹੰਮਦ ਸਾਰਿਆਂ ਨੂੰ ਪਿਆਰੇ ਹਨ ਅਤੇ ਅਸੀਂ ਮੁਹੰਮਦ ਸੰਪਰਦਾ ਨੂੰ ਮੰਨਣ ਵਾਲੇ ਹਾਂ। ਜਿਵੇਂ ਉਨ੍ਹਾਂ ਦੇ ਅੱਗੇ ਕਬਰ ਨਿਊਂ ਗਈ ਹੈ, ਅਸੀਂ ਉਸ ਅੱਗੇ ਕਿਉਂ ਨਾ ਨਿਵੀਏ॥ ੧੫॥

ਆਦਰ ਕਰਿ ਬਹੁ ਭਾਂਤਿ ਸੋਂ ਆਸਨ ਊਚ ਬਸਾਇ।
ਬੋਲੇ ਦ੍ਵੈ ਕਰ ਬੰਦਿਕੈ 'ਨਿਜ ਉਪਦੇਸ਼ ਬਤਾਇ'॥ ੧੬॥

ਹਰ ਪ੍ਰਕਾਰ ਨਾਲ ਆਦਰ ਕਰਕੇ, ਇਕ ਉੱਚੇ ਸਥਾਨ ਤੇ ਬਿਠਾ ਦਿੱਤਾ ਫਿਰ ਦੋਵੇਂ ਹੱਥ ਬੰਨ੍ਹ ਕੇ ਬੋਲੇ, "ਸਾਨੂੰ ਆਪਣਾ ਉਪਦੇਸ਼ ਦੇਵੋ"॥ ੧੬॥

ਸ੍ਵੈਯਾ- ਸ੍ਰੀ ਗੁਰੁ ਬੈਨ ਭਨੇ ਸੁਨਿ ਕੈ 'ਨਿਜ ਮ੍ਰਿਤੁ ਕੋ ਯਾਦ ਰਖੋ, ਨ ਭੁਲਾਹੀਂ।
ਛੋਰਿ ਬਿਕਾਰ, ਤਜੋ ਪਖਬਾਦ ਖੁਦਾਇ ਲਖੋ ਸਭਿ ਖਲਕਤ ਮਾਂਹੀ।
ਨਾਮ ਸਦਾ ਸਿਮਰੋ ਉਰ ਮੈਂ, ਜਿਹ ਤੇ ਜਮ ਦੋਜ਼ਕ ਦੇਖਹੁ ਨਾਂਹੀ।
ਲੋਕ ਦਿਖਾਵਨ ਤੇ ਮਨ ਚਾਇ ਕੈ ਸਾਚ ਕਮਾਇ ਸਭੈ ਸੁਖਪਾਹੀ'॥੧੭॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਆਪਣੀ ਮਿਰਤੂ ਨੂੰ ਸਦਾ ਯਾਦ ਰਖੋ ਅਤੇ ਕਦੀ ਵੀ ਨਾ ਭੁਲਾਵੋ, ਵਿਕਾਰਾਂ ਨੂੰ ਛੱਡ ਦੇਵੋ, ਪੱਖਪਾਤ ਨੂੰ ਤਜ ਦੇਵੋ ਅਤੇ ਸਾਰੀ ਖਲਕਤ ਵਿਚ ਕੇਵਲ ਇਕ ਖੁਦਾ ਨੂੰ ਪਹਿਚਾਣੋ। ਹਿਰਦੇ ਵਿਚ ਸਦਾ ਨਾਮ ਦਾ ਸਿਮਰਨ ਕਰੋ, ਜਿਸ ਕਰਕੇ ਤੁਸੀਂ ਜਮ ਅਤੇ ਨਰਕ ਨੂੰ ਨਹੀਂ ਵੇਖੋਗੇ। ਲੋਕ ਦਿਖਾਵੇ ਤੋਂ ਮਨ ਨੂੰ ਉੱਚਾ ਚੁੱਕ ਕੇ ਸੱਚ ਦੀ ਕਮਾਈ ਕਰਕੇ ਸੁਖ ਪ੍ਰਾਪਤ ਕਰੋ"॥ ੧੭॥

ਦੋਹਰਾ- ਸੁਨਿ ਕਰਿ ਸਭਿ ਹਰਖਾਇ ਕੈ ਜਾਚੀ ਚਰਨ ਖਰਾਵ।

ਹਿਤ ਪੂਜਨ ਕੇ ਤਹਿਂ ਰਖੀ ਹੁਤੀ ਗੋਰ ਜਿਹ ਥਾਂਵ॥ ੧੮॥

ਇਹ ਸੁਣ ਕੇ ਸਭ ਨੇ ਖੁਸ਼ ਹੋ ਕੇ ਗੁਰੂ ਜੀ ਦੇ ਚਰਨਾਂ ਦੀਆਂ ਖੜਾਵਾਂ ਮੰਗ ਲਈਆਂ ਅਤੇ ਪੂਜਾ ਹਿਤ ਉਨ੍ਹਾਂ ਨੂੰ ਕਬਰ ਦੇ ਨੇੜੇ ਰੱਖ ਲਿਆ॥ ੧੮॥

ਕੇਤਿਕ ਦਿਵਸ ਬਿਤਾਇ ਤਹਿਂ ਸ੍ਰੀ ਨਾਨਕ ਗੁਨਖਾਨ।
ਮੱਕੇ ਕੋ ਆਏ ਬਹੁਰ ਬੈਸੇ ਪੂਰਬ ਥਾਂਵ॥ ੧੯॥

ਗੁਣਾਂ ਦੀ ਖਾਨ ਭਾਵ ਗੁਰੂ ਨਾਨਕ ਜੀ ਨੇ, ਓਥੇ ਕਈ ਦਿਨ ਬਿਤਾਏ, ਫਿਰ ਮੱਕੇ ਨੂੰ ਵਾਪਿਸ ਆ ਕੇ ਆਪਣੀ ਪਹਿਲੀ ਥਾਂ ਬਿਰਾਜ ਗਏ॥ ੧੯॥

ਭੱਖਰ ਜੇ ਹਾਜੀ ਮਿਲੇ ਤਿਹ ਛਿਨ ਪਹੁੰਚੇ ਆਇ।
ਬਿਸਮੇ ਦਰਸ ਬਿਲੋਕਿ ਕੈ ਮੁਖ ਤੇ ਬਚਨ ਅਲਾਇ॥ ੨੦॥

ਹਿੰਦੋਸਤਾਨ ਵਿਚ ਭੱਖਰ, ਸਥਾਨ ਤੇ ਜਿਹੜੇ ਹਾਜੀ ਉਨ੍ਹਾਂ ਨੂੰ ਮਿਲੇ ਸਨ ਉਹ ਵੀ ਉਸ ਵੇਲੇ ਉਨ੍ਹਾਂ ਨੂੰ ਆ ਮਿਲੇ। ਦਰਸ਼ਨ ਕਰਕੇ ਉਹ ਹੈਰਾਨ ਹੋਏ ਅਤੇ ਮੁਖ ਤੋਂ ਇਹ ਸ਼ਬਦ ਕਹੇ॥ ੨੦॥

'ਕਬਿ ਕੋ ਇਹ ਹਾਜੀ ਅਯੋ ਹਮ ਛੋਰਯੋ ਪਸ਼ਚਾਤ।
ਕੈਸੇ ਪੰਥ ਉਲੰਘਯੋ ਹਿੰਦੂ ਜਨਮ ਬਖਜਾਤ'॥ ੨੧॥

"ਇਹ ਹਾਜੀ ਇਥੇ ਕਦ ਦਾ ਆਇਆ ਹੈ, ਸਾਨੂੰ ਇਹ ਪਿੱਛੇ ਛੱਡ ਆਇਆ ਹੈ। ਕਿਸ ਤਰ੍ਹਾਂ ਰਾਹ ਵਿਚ ਇਹ ਸਾਥੋਂ ਅੱਗੇ ਲੰਘ ਆਇਆ, ਇਸ ਦਾ ਹਿੰਦੂ ਜਨਮ ਪ੍ਰਗਟ ਹੈ"॥ ੨੧॥

ਹੁਤੇ ਸੁ ਬੈਠੇ ਨਰ ਤਹਾਂ ਸੋ ਬੋਲੇ ਤਿਨ ਸਾਥ।
'ਏਕ ਬਰਖ ਬੀਤਯੋ ਇਹਾਂ ਕਲਾਵਾਨ ਜਗਨਾਥ॥ ੨੨॥

ਓਥੇ ਜਿਹੜੇ ਮਨੁੱਖ ਬੈਠੇ ਸਨ, ਉਹ ਉਨ੍ਹਾਂ ਨਾਲ ਬੋਲੇ, "ਇਸ ਕਰਾਮਾਤੀ ਜਗਤ ਦੇ ਨਾਥ ਨੂੰ ਇਥੇ ਆਇਆਂ ਇਕ ਸਾਲ ਬੀਤ ਗਿਆ ਹੈ॥ ੨੨॥

ਚਰਨ ਸੰਗ ਕਾਬਾ ਫਿਰਯੋ ਤੁਰਕ ਨਿਵੇਂ ਸਭਿ ਦੇਖਿ।
ਅਹੈ ਸਰੀਰ ਖੁਦਾਇ ਕੋ ਜਗ ਉਧਾਰਿ ਹਿਤ ਬੇਖ'॥ ੨੩॥

ਇਨ੍ਹਾਂ ਦੇ ਚਰਨਾਂ ਦੇ ਨਾਲ ਕਾਬਾ ਫਿਰ ਗਿਆ ਅਤੇ ਸਾਰੇ ਤੁਰਕ ਵੇਖ ਕੇ ਨਿਉਂ ਗਏ। ਇਹ ਸਰੀਰ ਤਾਂ ਖੁਦਾ ਦਾ ਹੈ, ਜਗਤ ਦੇ ਉਧਾਰ ਲਈ ਇਹ ਭੇਖ ਧਾਰਨ ਕੀਤਾ ਹੈ"॥ ੨੩॥

ਤਿਨ ਸੁਨਿ ਮਨ ਮਹਿਮਾਂ ਲਖੀ ਕਲਾ ਪਿਖਨ ਭਾ ਚਾਵ।
'ਅਹੈ ਸਰੀਰ ਖੁਦਾਇ ਕੋ ਜਲ ਇਹਠਾਂ ਮੰਗਵਾਵ'॥ ੨੪॥

ਉਨ੍ਹਾਂ ਨੇ ਸੁਣ ਕੇ ਮਨ ਵਿਚ ਮਹਿਮਾ ਸਮਝੀ ਅਤੇ ਕਰਾਮਾਤ ਵੇਖਣ ਦੀ ਉਨ੍ਹਾਂ ਦੇ ਮਨ ਵਿਚ ਬੜੀ ਚਾਹਤ ਪੈਦਾ ਹੋਈ। ਉਨ੍ਹਾਂ ਕਿਹਾ, "ਜੇ ਇਹ ਸਰੀਰ ਖੁਦਾ ਦਾ ਹੈ, ਇਸ ਥਾਂ ਜਲ ਮੰਗਵਾਉਣਾ"॥ ੨੪॥

ਦੋਹਰਾ- ਤਿਹ ਛਿਨ ਆਸਾ ਢਿਗ ਹੁਤੋ ਲੇ ਸ੍ਰੀ ਗੁਰ ਨਿਜ ਹਾਥ।
ਕਾਬੇ ਕੇਰਿ ਦਿਵਾਰ ਮੈਂ ਹਨਯੋ ਜੋਰਕੇ ਸਾਥ॥ ੨੫॥

ਉਸ ਸਮੇਂ ਗੁਰੂ ਜੀ ਪਾਸ ਆਸਾ ਮੌਜੂਦ ਸੀ, ਉਨ੍ਹਾਂ ਆਸੇ ਨੂੰ ਆਪਣੇ ਹੱਥ ਵਿਚ ਲਿਆ ਅਤੇ ਆਸੇ ਭਾਵ ਸੋਟੇ ਨੂੰ ਜ਼ੋਰ ਨਾਲ ਕਾਬੇ ਦੀ ਦੀਵਾਰ ਵਿਚ ਮਾਰਿਆ॥ ੨੫॥

ਛੁਟੀ ਬੂੰਬ ਤਬ ਨੀਰ ਕੀ ਉਜੂ ਸਰਬ ਨੈ ਕੀਨ।
ਚਰਨ ਬੰਦਨਾਂ ਕੋ ਕਰਤਿ ਜਾਨੀ ਅਜ਼ਮਤ ਪੀਨ॥ ੨੬॥

ਤਦ ਪਾਣੀ ਦੀ ਧਾਰਾ ਵਹਿ ਤੁਰੀ ਤੇ ਉਸ ਜਲ ਨਾਲ ਸਾਰਿਆਂ ਨੇ ਉਜ਼ੂ ਕੀਤਾ। ਸਾਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕੀਤੀ ਅਤੇ ਗੁਰੂ ਜੀ ਦੀ ਭਾਰੀ ਪਵਿੱਤ੍ਰਤਾ ਨੂੰ ਜਾਣਿਆ॥ ੨੬॥

ਬੂਝਤਿ ਭੇ 'ਕਿਹ ਥਾਨ ਤੇ ਏਤੋ ਨਿਕਸਜੋ ਨੀਰ?।
ਹਮੈ ਬਤਾਵਹੁ ਭੇਦ ਸਭਿ ਤੁਮਹੋ ਗੁਨੀ ਗਹੀਰ॥ ੨੭॥

ਪੁੱਛਣ ਲੱਗੇ, "ਕਿਸ ਥਾਂ ਤੋਂ ਏਨਾ ਪਾਣੀ ਨਿਕਲਿਆ ਹੈ, ਸਾਨੂੰ ਇਹ ਸਾਰਾ ਭੇਦ ਦੱਸੋ, ਕਿਉਂਕਿ ਤੁਸੀਂ ਤਾਂ ਸਾਰੇ ਗੁਣਾਂ ਦੇ ਖਜ਼ਾਨੇ ਹੋ"॥ ੨੭॥

ਸ੍ਰੀ ਗੁਰ ਬੋਲੇ ਕਲਾਨਿਧਿ 'ਇਹ ਸ਼ਿਵਲਿੰਗ ਸਥਾਨ।
ਯਾ ਮਹਿਂ ਬਰਕਤ ਵਡੀ ਹੈ ਚਹਿਤ ਜੁ ਦੇਤਿ ਸੁ ਦਾਨ॥ ੨੮॥

ਕਲਾ ਨਿਧ ਗੁਰੂ ਜੀ ਬੋਲੇ, "ਇਹ ਸ਼ਿਵਲਿੰਗ ਵਾਲੇ ਸਥਾਨ ਤੋਂ ਨਿਕਲਿਆ ਹੈ। ਇਸ ਵਿਚ ਵੱਡੀ ਬਰਕਤ ਹੈ, ਜੋ ਚਾਹੋ ਉਹ ਹੀ ਇਹ ਦਾਨ ਦੇ ਦਿੰਦਾ ਹੈ॥ ੨੮॥

ਆਨਹਿ ਆਬ ਫਰੇਸ਼ਤੇ ਗੁਸਲ ਕਰਾਵਹਿਂ ਲਿੰਗ।
ਸੋਊ ਨਿਕਸਜੋ ਵਹਿਰ ਕੋ ਉਜੂ ਕਿਯੋ ਜਿਹ ਸੰਗ॥ ੨੯॥

ਫਿਰ ਫਰਿਸ਼ਤੇ ਆਉਣਗੇ ਤੇ ਲਿੰਗ ਨੂੰ ਇਸ਼ਨਾਨ ਕਰਵਾਉਣਗੇ। ਸੋਈ ਪਾਣੀ ਬਾਹਰ ਨਿਕਲਿਆ ਜਿਸ ਸੰਗ ਤੁਸੀਂ ਉਜ਼ੂ ਕੀਤਾ ਸੀ॥ ੨੯॥

ਭਾ ਪੈਕੰਬਰ ਤੁਮਾਰ ਜੋ ਨਾਮ ਮੁਹੰਮਦ ਜਾਂਹਿ।
ਜਿਹ ਕੀ ਤੁਮ ਉੱਮਤ ਸਭੈ ਇਹ ਠਾਂ ਤਪ ਕਿਯ ਤਾਂਹਿ॥ ੩੦॥

ਜਿਹੜਾ ਤੁਹਾਡਾ ਪੈਗੰਬਰ ਸੀ ਅਤੇ ਜਿਸ ਦਾ ਨਾਂ ਮੁਹੰਮਦ ਸੀ, ਤੁਸੀਂ ਸਾਰੇ ਜੱਸ ਉਸ ਦੀ ਸੰਪਰਦਾਇ ਦੇ ਸਦੱਸ ਹੋ, ਉਨ੍ਹਾਂ ਨੇ ਇਥੇ ਹੀ ਤਪ ਕੀਤਾ ਸੀ॥ ੩੦॥

ਬੁਜਰਕ ਕੋ ਇਸਥਾਨ ਲਖਿ ਜੋਂ ਕੋ ਕੀਨ ਅਹਾਰ।
ਕੀਨ ਬੰਦਗੀ ਅਲਹ ਕੀ ਚਿਰੰਕਾਲ ਤਪ ਧਾਰਿ॥ ੩੧॥

ਬਜ਼ੁਰਗ ਨੂੰ ਇਸ ਥਾਂ ਵੇਖ ਕੇ ਜੋ ਆਪਣਾ ਭੋਜਨ ਕਰਦਾ ਸੀ, ਉਸ ਨੇ ਧੀਰਜਵਾਨ ਹੋ ਕੇ ਇਸ ਥਾਂ ਬਹੁਤ ਲੰਮੇ ਸਮੇਂ ਤੱਕ ਬੰਦਗੀ ਕੀਤੀ॥ ੩੧॥

ਦੋਹਰਾ- ਪਾਇ ਫਰਿਸ਼ਤੇ ਕੋ ਦਰਸ ਸ਼ਕਤਿਵਾਨ ਹ੍ਵੈ ਸੋਇ।
ਪੂਰਨ ਪੈਕੰਬਰ ਭਯੋ ਜਗ ਮਹਿਂ ਪਰਗਟ ਹੋਇ'॥ ੩੨॥

ਫਰਿਸ਼ਤਿਆਂ ਨੂੰ ਉਹ ਇਥੇ ਵੇਖਦਾ ਹੈ, ਜਿਹੜਾ ਕਿ ਬੜਾ ਸ਼ਕਤੀਵਾਨ ਹੈ। ਉਹ ਜਗ ਵਿਚ ਪੂਰਨ ਪੈਗੰਬਰ ਪ੍ਰਗਟ ਹੋਏ ਸਨ"॥ ੩੨॥

ਸੁਨਿ ਕਰਿ ਸਭਿ ਹੀ ਸ੍ਰੋਨ ਮੈਂ 'ਧੰਨ ਧੰਨ ਮੁਖ ਭਾਖਿ।
ਚਰਚਾ ਕੀਨੀ ਅਧਿਕ ਹੀ ਹ੍ਰਿਦੇ ਭਾਉ ਕੋ ਰਾਖਿ॥ ੩੩॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਸਾਰਿਆਂ ਨੇ ਮੁੱਖ ਤੋਂ ਧੰਨ ਧੰਨ ਕਿਹਾ, ਅਤੇ ਮਨ ਵਿਚ ਅਧਿਕ ਪ੍ਰੇਮ ਰੱਖ ਕੇ ਬਹੁਤ ਚਰਚਾ ਕੀਤੀ॥ ੩੩॥

ਗ੍ਰੰਥ ਬਢਨ ਤੇ ਨਹਿ ਕਹੀ ਕੀਨੀ ਕਥਾ ਸਮਾਸ।
ਜਪਹਿਂ ਨਾਮ, ਪੂਜਹਿਂ ਚਰਨ, ਭਏ ਤੁਰਕ ਸਭਿ ਦਾਸ॥ ੩੪॥

ਗ੍ਰੰਥ ਵਧ ਜਾਣ ਦੇ ਡਰ ਕਰਕੇ ਮੈਂ ਕਥਾ ਸੰਖੇਪ ਵਿਚ ਸੁਣਾਈ ਹੈ। ਸਾਰੇ ਤੁਰਕ ਨਾਮ ਜਪਦੇ ਸਨ, ਗੁਰ ਚਰਨਾਂ ਦੀ ਪੂਜਾ ਕਰਦੇ ਸਨ ਅਤੇ ਸਾਰੇ ਤੁਰਕ ਸੇਵਕ ਹੋ ਗਏ॥ ੩੪॥

ਸਭਿ ਕਾਜ਼ੀ ਅਤਿ ਦੀਨ ਹ੍ਵੈ ਕਹੈਂ ਬੈਨ ਸਿਰ ਨਾਇ।
'ਦੀਜੈ ਚਰਨ ਖਰਾਂਵ ਅਬ ਹਮ ਪੂਜਹਿਂ ਚਿਤ ਲਾਇ'॥ ੩੫॥

ਸਾਰੇ ਕਾਜ਼ੀ ਨਿਮਰ ਹੋ ਕੇ ਸਿਰ ਨਿਵਾ ਕੇ ਇਹ ਬਚਨ ਕਰਦੇ ਸਨ, "ਆਪਣੇ ਚਰਨਾਂ ਦੀ ਖੜਾਂਵ ਹੁਣ ਸਾਨੂੰ ਦੇ ਜਾਓ, ਅਸੀ ਚਿੱਤ ਲਾ ਕੇ ਇਸ ਦੀ ਪੂਜਾ ਕਰਾਂਗੇ"॥ ੩੫॥

ਸ੍ਵੈਯਾ- ਦੂਸਰੀ ਕੌਂਸ ਲਈ ਧਰਿ ਕਾਬੇ ਮੈਂ ਪੂਜਤਿ ਤਾਂਹਿ ਸਭੈ ਤੁਰਕਾਨਾ।
ਹੈ ਇਹ ਆਪ ਖੁਦਾਇ ਧਰਾ ਤਨ ਲੋਕ ਉਧਾਰਨ ਯੌਂ ਮਨ ਮਾਨਾ।
ਕੀਰਤਿ ਹੋਇ ਰਹੀ ਜਿਤ ਹੀ ਤਿਤ ਉੱਜਲ ਸੋਹਤਿ ਜੌਨ੍ ਸਮਾਨਾ।
ਬੈਠੇ ਹੁਤੇ ਇਕ ਕਾਲ ਇਕੇਲੇ ਹੀ ਤਾਂ ਛਿਨ ਸ੍ਰੀ ਮੁਖ ਬੈਨ ਬਖਾਨਾ॥ ੩੬॥

ਦੂਸਰੀ ਖੜਾਂਵ ਉਨ੍ਹਾਂ ਲੈ ਕੇ ਕਾਬੇ ਵਿਚ ਧਰ ਦਿੱਤੀ, ਜਿਥੇ ਓਥੇ ਸਾਰੇ ਉਸ ਦੀ ਪੂਜਾ ਕਰਦੇ ਹਨ। ਉਹ ਕਹਿੰਦੇ ਸਨ ਖੁਦਾ ਨੇ ਆਪ ਲੋਕਾਂ ਦਾ ਉਧਾਰ ਕਰਨ ਵਾਸਤੇ ਤਨ ਧਾਰਨ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਮਨ ਵਿਚ ਮੰਨਿਆ ਸੀ। ਜਿਸ ਦੀ ਬੜੀ ਕੀਰਤੀ ਹੋ ਰਹੀ ਸੀ ਅਤੇ ਬੜੀ ਉਜਲ ਸ਼ੋਭਾ ਪਾ ਰਹੇ ਸਨ, ਉਸ ਸਮੇਂ ਉਨ੍ਹਾਂ ਦੇ ਬਰਾਬਰ ਕੋਈ ਨਹੀਂ ਸੀ। ਇਕ ਸਮੇਂ ਇਕੱਲੇ ਹੀ ਬੈਠੇ ਸਨ ਕਿ ਗੁਰੂ ਜੀ ਨੇ ਉਸ ਸਮੇਂ ਆਪਣੇ ਮੁਖ ਤੋਂ ਕੁਝ ਬਚਨ ਕਹੇ॥ ੩੬॥

ਕਬਿੱਤ- ਹੌਂਹੂ ਮਰਦਾਨਾ ਬੈਸੇ ਪਾਸ ਤਿਹ ਥਾਨਾ, ਕਹੈਂ:- 'ਆਜ ਹਮੇਂ ਯਾਦ ਕੀਨੋ ਮਨ ਸੁਸਾ ਨਾਨਕੀ।
ਚਲਜੋ ਅਬ ਚਹਿਯੇ, ਨ ਬਿਲੰਬ ਕੋ ਲਗੱਯੇ, ਸੁਧਿ ਲੀਜੈ ਬੇਗ ਜਾਇ ਕਰਿ ਪੁਰਿ ਸੁਲਤਾਨ ਕੀ'।
ਬੋਲ੍ਯੋ ਮਰਦਾਨਾ 'ਅਬ ਸੰਧਯਾ ਕਾਲ ਭਯੋ ਪ੍ਰਭੁ ! ਕੈਸੇ ਬਿਧਿ ਬਨੈ ਤਹਾਂ ਤੂਰਨ ਹੀ ਜਾਨ ਕੀ।
ਰਹੋ ਇਹ ਠੌਰ ਰੈਨ, ਭੋਰ ਕੋ ਪਯਾਨ ਕੀਜੈ, ਮਹਿਮਾ ਨ ਜਾਨਿ ਸਕੇ ਕਰੁਨਾਨਿਧਾਨ ਕੀ॥ ੩੭॥

ਉਸ ਥਾਂ ਮਰਦਾਨਾ ਉਨ੍ਹਾਂ ਦੇ ਪਾਸ ਹੀ ਬੈਠਾ ਸੀ, ਗੁਰੂ ਜੀ ਨੇ ਕਿਹਾ, "ਅੱਜ ਮੇਰੀ ਭੈਣ ਨਾਨਕੀ ਨੇ ਮੈਨੂੰ ਯਾਦ ਕੀਤਾ ਹੈ। ਮੈਂ ਹੁਣ ਚੱਲਣਾ ਚਾਹੁੰਦਾ ਹਾਂ, ਕੁਝ ਦੇਰ ਨਹੀਂ ਲੱਗਣੀ ਚਾਹੀਦੀ, ਮੈਂ ਤੁਰੰਤ ਸੁਲਤਾਨਪੁਰ ਜਾ ਕੇ ਉਨ੍ਹਾਂ ਦੀ ਸੁੱਧ ਸਾਰ ਲਵਾਂਗਾ"। ਮਰਦਾਨੇ ਨੇ ਕਿਹਾ, "ਹੇ ਪ੍ਰਭੂ ! ਹੁਣ ਤਾਂ ਸ਼ਾਮ ਦਾ ਸਮਾਂ ਹੋ ਗਿਆ ਹੈ। ਓਥੇ ਤੁਰੰਤ ਜਾਣ ਦੀ ਕਿਹੜੀ ਵਿਧੀ ਅਪਨਾਈ ਜਾਵੇਗੀ। ਰਾਤ ਇਥੇ ਹੀ ਰਹੋ, ਸਵੇਰੇ ਚੱਲ ਪੈਣਾ।" ਕਰੁਨਾਨਿਧ ਦੀ ਕੋਈ ਮਹਿਮਾ ਜਾਣ ਨਹੀਂ ਸੀ ਸਕਦਾ॥ ੩੭॥

ਦੋਹਰਾ- ਗੁਰੂ ਕਹੈਂ 'ਤੂਰਨ ਚਲੈਂ ਅਬਿ ਹੀ ਪੁਰਿ ਸੁਲਤਾਨ।
ਸੁਸਾ ਸੰਗ ਮਮ ਬਚਨ ਹੈ ਕਿਉਂ ਕਰਿ ਸਕੈਂ ਸੁ ਹਾਨ'॥ ੩੮॥

ਗੁਰੂ ਜੀ ਨੇ ਕਿਹਾ, "ਤੁਰੰਤ ਹੁਣ ਹੀ ਸੁਲਤਾਨਪੁਰ ਚਲਦੇ ਹਾਂ। ਆਪਣੀ ਭੈਣ ਨਾਲ ਮੈਂ ਇਹ ਬਚਨ ਕੀਤਾ ਹੈ ਅਤੇ ਉਸ ਬਚਨ ਨੂੰ ਮੈਂ ਕਿਵੇਂ ਮੋੜ ਸਕਦਾ ਹਾਂ"॥ ੩੮॥

ਅਸ ਕਹਿ ਗਮਨੇ ਤੁਰਤ ਹੀ ਹੁਤੇ ਜੁ ਸੰਧਯਾ ਕਾਲ।
ਘਟੀ ਨਿਸਾ ਬੀਤੀ ਜਬਹਿ ਪਹੁੰਚੇ ਨਗਰ ਕ੍ਰਿਪਾਲ॥ ੩੯॥

ਇਹ ਕਹਿ ਕੇ ਤੁਰੰਤ ਹੀ ਚਲ ਪਏ, ਉਸ ਸਮੇਂ ਸ਼ਾਮ ਹੋ ਗਈ ਸੀ। ਜਦ ਇਕ ਘੜੀ ਰਾਤ ਬੀਤੀ ਤਾਂ ਉਸੇ ਵੇਲੇ ਕਿਰਪਾਲੂ ਸੁਲਤਾਨਪੁਰ ਨਗਰ ਵਿਚ ਪਹੁੰਚ ਗਏ॥ ੩੯॥

ਕਬਿੱਤ- ਤੁਲਸਾਂ ਜੋ ਦਾਸੀ ਸੋਊ ਦੇਖਿ ਹਰਖਾਈ ਕਹੈ 'ਬਹੂ ਜੀ ! ਵਧਾਈ ਤੁਮ ਭ੍ਰਾਤ ਆਯੋ ਜਾਨਿਯੇ।
ਧਾਈ ਹਰਖਾਈ ਫਨਿਰਾਇ ਮਨਿ ਪਾਈ ਮਨੋ, ਘਰੀ ਸੁਖਦਾਈ ਸੋਊ ਭਈ ਅਪ੍ਰਮਾਨੀਯੇ।
ਦੇਖਿ ਨਿਜ ਭਾਈ ਪਦਕੰਜ ਲਪਟਾਈ ਗੁਰੂ ਹਾਥ ਸੋਂ ਉਚਾਈ ਸਨਮਾਨਤਿ ਮਹਾਨਿਯੇ।
ਬੋਲੇ ਦੁਖਦਾਹੀ 'ਕੀਨੋ ਯਾਦ ਮਨ ਮਾਂਹੀ ਯਾਂਤੇ ਆਯੋ ਤੁਮ ਪਾਹੀ ਨੀਕੇ ਰਿਦੇ ਪਹਿਚਾਂਨਿਯੇ' ॥੪੦॥

ਤੁਲਸਾਂ ਦਾਸੀ ਨੇ ਜਦ ਵੇਖਿਆ ਤਾਂ ਵੇਖਦਿਆਂ ਸਾਰ ਬਹੁਤ ਖੁਸ਼ ਹੋਈ ਅਤੇ ਕਿਹਾ, "ਬਹੂ ਜੀ ! ਵਧਾਈ ਹੋਵੇ, ਤੁਹਾਡਾ ਭਰਾ ਆਇਆ ਹੈ।" ਬੇਬੇ ਨਾਨਕੀ ਉਸ ਵੇਲੇ ਭੱਜ ਉਠੀ, ਅਤੇ ਏਨੀ ਖੁਸ਼ ਹੋਈ ਮਾਨੋ ਸ਼ੇਸ਼ਨਾਗ ਨੇ ਮਣੀ ਪ੍ਰਾਪਤ ਕਰ ਲਈ ਹੋਵੇ, ਘਰ ਵਿਚ ਉਹ ਘੜੀ ਬਹੁਤ ਹੀ ਸੁਖਦਾਇਕ ਸਮਝੀ। ਆਪਣੇ ਭਰਾ ਨੂੰ ਵੇਖ ਕੇ, ਪੈਰਾਂ ਨਾਲ ਲਿਪਟ ਗਈ, ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਨੂੰ ਉਪਰ ਚੁਕਿਆ ਅਤੇ ਬਹੁਤ ਸਨਮਾਨਿਤ ਕੀਤਾ। ਫਿਰ ਦੁੱਖਾਂ ਨੂੰ ਸਾੜਨ ਵਾਲੇ ਬੋਲੇ, "ਤੁਸੀ ਮੈਨੂੰ ਆਪਣੇ ਮਨ ਵਿਚ ਯਾਦ ਕੀਤਾ ਹੈ, ਮੈਂ ਛੇਤੀ ਹੀ ਤੁਹਾਡੇ ਪਾਸ ਆ ਗਿਆ ਹਾਂ, ਇਸ ਨੂੰ ਹਿਰਦੇ ਵਿਚ ਠੀਕ ਸਮਝੋ" ॥ ੪੦॥

ਦੋਹਰਾ- ਮੰਚ ਡਸਾਯੋ ਬੈਸਿਗੇ ਬੋਲੇ ਬਹੁਰ ਕ੍ਰਿਪਾਲ।
'ਕਹਹੁ ਸੁਸਾ ਨਿਜ ਕਾਜ ਅਬ ਪੂਰਹਿਂ ਸੋ ਤਤਕਾਲ'॥ ੪੧॥

ਪਲੰਘ ਡਾਹਿਆ ਗਿਆ, ਬਾਅਦ ਵਿਚ ਕ੍ਰਿਪਾਲੂ ਗੁਰੂ ਜੀ ਨੇ ਉਸ ਤੇ ਬੈਠ ਕੇ ਇਹ ਬਚਨ ਕਹੇ, "ਹੇ ਮੇਰੇ ਭੈਣ ਜੀ ! ਆਪਣਾ ਨਿਜੀ ਕੰਮ ਦਸੋ, ਮੈਂ ਤਤਕਾਲ ਉਸ ਨੂੰ ਪੂਰਨ ਕਰਾਂਗਾ" ॥ ੪੧॥

ਕਬਿੱਤ- ਨਾਨਕੀ ਕਹਿਤ 'ਚਿਤ ਚਾਹਿ ਦਰਸ਼ਨ ਹਿਤ ਕੀਨੋ ਚਿਤ, ਮਿਲੇ ਬਿਨ ਬਰਖ ਬਿਹਾਏ ਹੈਂ।
ਭ੍ਰਾਤ ਨੈ ਬਿਸਾਰੀ ਮੋਹਿ, ਮੈ ਕੋ ਚਾਹ ਦੇਖੋਂ ਤੋਹਿ' ਐਸੇ ਕਹਿ ਆਂਖਨ ਤੇ ਆਂਸੂਨ ਢੁਰਾਏ ਹੈਂ।
ਪੋਂਛ ਮੁਖ ਹਾਥ ਸਾਥ ਬੂਝੇ ਸੁਖ ਗਾਥ ਪੁਨ 'ਹੋਵੈਂਗੇ ਸਮੀਪ ਜਾਂਤੇ ਤੂਰਨ ਹੀ ਆਏ ਹੈਂ'।
ਭਾਖੇ ਮਰਦਾਨਾ ਯੋਂ 'ਰਜਾਦੀ ! ਸੁਨਿ ਲੀਜੇ ਹਿਤ ਤੇਰੇ ਹੀ ਹਜ਼ਾਰ ਕੋਸ ਕੇਤੇ ਤਜਿ ਧਾਏ ਹੈਂ' ॥੪੨॥

ਬੇਬੇ ਨਾਨਕੀ ਜੀ ਨੇ ਕਿਹਾ, "ਤੁਹਾਡੇ ਦਰਸ਼ਨ ਕਰਨ ਦੀ ਚਿੱਤ ਵਿਚ ਬੜੀ ਚਾਹਿਤ ਸੀ, ਮਿਲਿਆਂ ਨੂੰ ਕਈ ਸਾਲ ਬੀਤ ਗਏ ਹਨ। ਭਰਾ ਨੇ ਮੈਨੂੰ ਵਿਸਾਰ ਦਿੱਤਾ, ਮੇਰੀ ਬੜੀ ਖਾਹਿਸ਼ ਸੀ ਕਿ ਤੁਹਾਨੂੰ ਵੇਖਾਂ।" ਇਹ ਕਹਿ ਕੇ ਅੱਖਾਂ ਵਿਚੋਂ ਹੰਝੂ ਵਹਾਏ ਹਨ। ਹੱਥਾਂ ਨਾਲ ਹੰਝੂ ਪੂੰਝ ਕੇ ਫਿਰ ਸੁਖ ਸਾਂਦ ਦੀ ਗਾਥਾ ਪੁੱਛੀ, ਕਹਿਣ ਲੱਗੀ, "ਇਥੇ ਨੇੜੇ ਹੀ ਹੋਵੋਗੇ, ਜਿਹੜੇ ਤੁਰੰਤ ਹੀ ਆ ਗਏ ਹੋ।" ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਬੀਬੀ ਜੀ ! ਤੁਹਾਡੇ ਹਿਤ ਕਰਕੇ ਹਜ਼ਾਰ ਕੋਹ ਛੱਡ ਕੇ ਇਥੇ ਆਏ ਹਾਂ॥ ੪੨॥

ਕਬਿੱਤ- ਛਿਨ ਬਿਖੇ ਆਏ ਕੇਤੇ ਬਰਖ ਕੋ ਪੰਥ ਜੋਊ ਨਾਨਕ ਜੀ ਨੈਨਨ ਕੀ ਸੈਨ ਸੋਂ ਨਿਵਾਰਿਯਾ।
ਸੋਦਰੀ ਸੋਂ ਕਹੈਂ 'ਚਿਤ ਚਿਤਵਨ ਪੂਰੀ ਭਈ, ਦੀਜੈ ਅਬ ਆਇਸੁ ਬਿਲੰਬ ਕੋ ਬਿਦਾਰਿਯਾ।
ਜੀਜੇ ਆਗੇ ਬਿਨੈ ਕੀਜੈ, ਖੁਸ਼ੀ ਕਹਿ ਦੀਜੈ ਤੁਮ, ਪੰਥ ਪਰ ਠਾਂਢੇ ਹਮ ਚਹਿਤ ਪਧਾਰਿਯਾ'।
ਐਸੇ ਸੁਨਿ ਬੈਨ ਭਯੋ ਹੀਯੋ ਬਿਨ ਚੈਨ, ਬਹੁ ਰੋਦਨ ਤੇ ਨੈਨ ਕਰਿ ਆਂਸੂਨ ਕੋ ਢਾਰਿਯਾ ॥੪੩॥

ਜਿਹੜਾ ਰਾਹ ਕਈਆਂ ਸਾਲਾਂ ਦਾ ਸੀ, ਉਸ ਨੂੰ ਅਸੀਂ ਇਕ ਛਿਨ ਵਿਚ ਪਾਰ ਕਰਕੇ ਆ ਗਏ ਹਾਂ। ਗੁਰੂ ਨਾਨਕ ਜੀ ਦੇ ਨੈਣਾਂ ਦੀ ਸੈਨਿਤ ਨਾਲ ਇਹ ਸਭ ਕੁਝ ਹੋ ਗਿਆ ਹੈ।'' ਫਿਰ ਗੁਰੂ ਜੀ ਨੇ ਬੇਬੇ ਨਾਨਕੀ ਨੂੰ ਕਿਹਾ, ''ਚਿੱਤ ਦੀ ਕਾਮਨਾ ਪੂਰੀ ਹੋਈ ਹੈ, ਹੁਣ ਹੋਰ ਦੇਰੀ ਨੂੰ ਦੂਰ ਕਰਕੇ ਸਾਨੂੰ ਜਾਣ ਦੀ ਆਗਿਆ ਦੇਵੋ। ਜੀਜੇ ਅਗੇ ਸਾਡੇ ਵਲੋਂ ਬੇਨਤੀ ਕਰ ਦੇਣਾ ਅਤੇ ਦੱਸ ਦੇਣਾ ਕਿ ਅਸੀਂ ਰਾਜ਼ੀ ਖੁਸ਼ੀ ਹਾਂ, ਆਪਣੇ ਰਾਹ ਪੈ ਅਸੀਂ ਵਾਪਿਸ ਜਾਣਾ ਚਾਹੁੰਦੇ ਹਾਂ।'' ਇਹ ਗੱਲ ਸੁਣ ਕੇ ਬੇਬੇ ਨਾਨਕੀ ਬੜੀ ਬੇਚੈਨ ਹੋ ਗਈ। ਰੋ ਕੇ ਅੱਖਾਂ ਵਿਚੋਂ ਬਹੁਤ ਹੰਝੂ ਵਗਾਏ॥ ੪੩॥

ਕਬਿੱਤ- ਸਿਰੀ ਚੰਦ ਆਨਿ ਕੀਨ ਠਾਂਢੋ ਅਗਵਾਨ ਜਬ ਬੰਦੇ ਮੈਂ ਦੋ ਪਾਨ ਤਬ ਬੈਨ ਕੋ ਬਖਾਨਿਯਾ।
'ਸੋਦਰੀ ਰੁਦਨ ਬਿਲਖਾਤਿ ਹੈ ਬਦਨ, ਨਹੀਂ ਜੀਜਾ ਹੈ ਸਦਨ, ਆਜ ਰਹੋ, ਨ ਪਯਾਨਿਯਾ।
ਗੁਰੂ ਗਤਿ ਦੈਨ ਰਹੇ ਨਾਨਕੀ ਕੇ ਐਨ ਰੈਨ, ਮੇਰੇ ਬੈਨ ਸੁਨੇ ਤਬ ਸੁਖਦਾਨਿ ਮਾਨਿਯਾ।
ਕਵਲ ਬਦਨ ਸੁਠ ਗਯਾਨ ਕੋ ਸਦਨ, ਦਾਸ ਮੋਹ ਕੋ ਕਦਨ, ਦਰਸ਼ਨ ਦੋਖ ਹਾਨਿਯਾ॥੪੪॥

ਸ੍ਰੀ ਚੰਦ ਆਇਆ ਤੇ ਅੱਗੇ ਆ ਕੇ ਖਲੋ ਗਿਆ। ਤਦ ਦੋ ਹੱਥ ਜੋੜ ਕੇ ਮੈਂ ਬੋਲਿਆ, ''ਭੈਣ ਜੀ ਰੋ ਕੇ ਵਿਰਲਾਪ ਕਰ ਰਹੇ ਹਨ, ਮੁਖੋਂ ਵਿਆਕੁਲ ਹਨ, ਜੀਜਾ ਜੀ ਵੀ ਘਰ ਨਹੀਂ ਹਨ, ਇਸ ਲਈ ਅੱਜ ਇਥੇ ਰਹੋ ਅਤੇ ਨਾ ਜਾਵੋ।'' ਮੁਕਤੀਦਾਤੇ ਗੁਰੂ ਜੀ ਰਾਤ ਬੇਬੇ ਨਾਨਕੀ ਜੀ ਦੇ ਘਰ ਰਹੇ, ਮੇਰੀ ਗੱਲ ਸੁਣ ਕੇ ਸੁਖਾਂ ਦੇ ਦਾਤੇ ਕੰਵਲ ਮੁਖ, ਗਿਆਨ ਦੇ ਘਰ, ਆਪਣੇ ਦਾਸਾਂ ਦੇ ਮੋਹ ਨੂੰ ਨਾਸ਼ ਕਰਨ ਵਾਲੇ, ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪਾਂ ਦਾ ਨਾਸ਼ ਹੁੰਦਾ ਹੈ ਭਾਵ ਗੁਰੂ ਜੀ ਮੰਨ ਗਏ॥ ੪੪॥

ਆਯੋ ਹੈ ਜੈਰਾਮ, ਦੌਰ ਕੀਨੀ ਹੈ ਪ੍ਰਨਾਮ, ਗੁਰ ਹਾਥ ਸੋਂ ਉਚਾਇ ਤਾਂਕੋ ਬੰਦਨਾ ਕਰਤਿ ਹੈਂ।
ਬੂਝਤਿ ਕੁਸ਼ਲ ਬੈਸੇ ਸਾਦਰ ਸੇ ਮਿਲਿ ਨੀਕੇ ਭੋਜਨ ਕਰਾਯੋ ਸ਼ੋਕ ਮਨ ਕੇ ਹਰਤਿ ਹੈਂ।
ਖਾਇਕੇ ਅਸਨ, ਪੌਢੇ ਸੁਭਗ ਬਸਨ ਲੇਯ, ਜਾਂਕੇ ਦਰਸ਼ਨ ਭਵ ਬੰਧਨ ਟਰਤਿ ਹੈਂ।
ਡੇਢ ਜਾਮ ਜਾਮਨੀ ਤੇ ਕੀਨੋ ਇਸ਼ਨਾਨ ਨੀਰ ਜਗਤ ਉਧਾਰਿਬੇ ਕੀ ਕਾਮਨਾ ਧਰਤਿ ਹੈਂ॥੪੫॥

ਜੈ ਰਾਮ ਜਦ ਆਇਆ ਤੇ ਉਸ ਨੇ ਦੌੜ ਕੇ ਪ੍ਰਣਾਮ ਕੀਤੀ ਅਤੇ ਗੁਰੂ ਜੀ ਵੀ ਹੱਥ ਉਚੇ ਕਰਕੇ ਬੰਦਨਾ ਕਰਦੇ ਹਨ। ਆਦਰ ਨਾਲ ਮਿਲ ਕੇ ਬੈਠ ਗਏ ਅਤੇ ਸੁਖ-ਸਾਂਦ ਪੁਛੀ। ਫਿਰ ਚੰਗਾ ਭੋਜਨ ਕਰਾਇਆ ਅਤੇ ਮਨ ਦੇ ਸਾਰੇ ਦੁੱਖ ਦੂਰ ਹੋ ਗਏ ਹਨ। ਜਿਨ੍ਹਾਂ ਦੇ ਦਰਸ਼ਨ ਕਰਕੇ ਸੰਸਾਰਿਕ ਸਾਰੇ ਬੰਧਨ ਦੂਰ ਹੋ ਜਾਂਦੇ ਹਨ, ਭਾਵ ਗੁਰੂ ਜੀ ਭੋਜਨ ਖਾ ਕੇ, ਚੰਗੇ ਵਸਤਰ ਲੈ ਕੇ ਲੇਟ ਗਏ। ਜਿਨ੍ਹਾਂ ਆਪਣੇ ਹਿਰਦੇ ਜਗਤ ਦਾ ਉਧਾਰ ਕਰਨ ਦੀ ਕਾਮਨਾ ਧਾਰਨ ਕੀਤੀ ਹੈ ਭਾਵ ਗੁਰੂ ਜੀ ਨੇ ਡੇਢ ਪਹਿਰ ਰਾਤ ਰਹਿੰਦਿਆਂ ਪਾਣੀ ਨਾਲ ਇਸ਼ਨਾਨ ਕੀਤਾ॥ ੪੫॥

ਭੋਰ ਭਈ ਚਲਿਬੇ ਕੋ ਤਯਾਰ ਭਏ ਦੀਨਾਨਾਥ, ਬੋਲੇ ਮਰਦਾਨੇ ਸੋਂ 'ਰਬਾਬ ਕੰਧੇ ਲੀਜਿਯੇ'।
ਸੁਸਾ ਸੁਨਿ ਆਈ ਬਾਨੀ ਬਦਨ ਅਲਾਈ 'ਏਕ ਮਾਸ ਰਹੋ ਭਾਈ, ਮੇਰੀ ਬਿਨਤੀ ਮਨੀਜਿਯੇ।
ਰਿਦੇ ਨਿਤ ਚਾਹ, ਕੇਤੇ ਦਿਨ ਮੈਂ ਦਿਖਾਯੋ ਮੁਖ ਮੋਕੋ ਸੁਖ ਦੀਜੈ ਨਿਜ ਸਦਨ ਰਹੀਜਿਯੇ'।
ਭਾਖਤਿ ਜੈਰਾਮ 'ਐਸੋ ਕੋਨ ਤੁਮ ਕਾਮ? ਪੁਨ ਫਿਰੇ ਬਹੁ ਕਾਲ ਬਿਸਰਾਮ ਅਬ ਕੀਜਿਯੇ'॥੪੬॥

ਜਦ ਸਵੇਰ ਹੋਈ ਤਾਂ ਦੀਨਾਂ ਦੇ ਨਾਥ, ਭਾਵ ਗੁਰੂ ਜੀ ਚੱਲਣ ਲਈ ਤਿਆਰ ਹੋ ਗਏ ਅਤੇ ਮਰਦਾਨੇ ਨੂੰ ਕਹਿਣ ਲੱਗੇ, ''ਰਬਾਬ ਨੂੰ ਆਪਣੇ ਮੋਢੇ ਤੇ ਧਰ ਲਵੋ।'' ਭੈਣ ਜੀ ਇਹ ਗੱਲ ਸੁਣ ਕੇ ਆਏ ਅਤੇ ਮੁੱਖ ਤੋਂ ਬੋਲੇ, ''ਭਰਾ ਜੀ! ਮੇਰੀ ਬੇਨਤੀ ਮੰਨ ਲਵੋ ਅਤੇ ਇਥੇ ਇਕ ਮਹੀਨਾ ਰਹੋ।'' ਹਿਰਦੇ ਵਿਚ ਨਿਤ ਚਾਹ ਰਹਿੰਦੀ ਹੈ, ਕਿੰਨੇ ਚਿਰਾਂ ਬਾਅਦ ਮੈਨੂੰ ਆਪਣਾ ਮੁਖੜਾ ਵਿਖਾਇਆ ਹੈ, ਆਪਣੇ ਘਰ ਰਹਿ ਕੇ ਸਾਨੂੰ ਵੀ ਸੁਖ ਦੇਵੋ।'' ਫਿਰ ਜੈ ਰਾਮ ਨੇ ਕਿਹਾ, ''ਤੁਹਾਨੂੰ ਅਜਿਹਾ ਕਿਹੜਾ ਕੰਮ ਹੈ? ਬਹੁਤ ਲੰਮਾ ਸਮਾਂ ਸੈਰ ਕੀਤੀ ਹੈ, ਹੁਣ ਕੁਝ ਸਮਾਂ ਆਰਾਮ ਕਰ ਲਵੋ''॥ ੪੬॥

ਕਮਲ ਬਦਨ ਬੋਲੇ 'ਰਿਦਾ ਜਿਨ ਮਿਲਜੋ ਹੋਤਿ, ਸੋਈ ਸਦਾ ਮਿਲੇ ਬਿੱਥ ਕਬੈ ਨ ਲਖੀਜਿਯੇ।
ਸੁਸਾ ! ਮੋਹ ਨਾਸ਼ ਕਰਿ, ਗਯਾਨ ਕੋ ਬਿਚਾਰ ਉਰ, ਮਿਲਨ ਬਿਯੋਗ ਤਨ ਧਰਮ ਜਨੀਜਿਯੇ।
ਚਲਯੋ ਅਬ ਚਹੈਂ ਹਮ ਪੰਥ ਪਰ ਅਹੈਂ ਖਰੇ, ਦੀਜੀਏ ਰਜਾਇ, ਨਾ ਬਿਲੰਬ ਕੋ ਲਗੀਜਿਯੇ।
ਰਹੈਂ ਪੁਨ ਆਈ, ਤੁਮ ਨਿਕਟ ਸਦਾਈ, ਮਨ ਸ਼ੋਕ ਕੋ ਨਸਾਈ, ਮੇਰੋ ਬੈਨ ਮਾਨਿ ਲੀਜਿਯੇ ॥੪੭॥

ਕੰਵਲ ਮੁਖ ਭਾਵ ਗੁਰੂ ਜੀ ਬੋਲੇ, "ਹਿਰਦਾ ਜਿਨ੍ਹਾਂ ਨਾਲ ਮਿਲਿਆ ਹੋਵੇ, ਸੋਈ ਹੀ ਸਦਾ ਮਿਲਣ, ਇਹ ਫਰਕ ਕਦੀ ਵੀ ਨਾ ਜਾਣੀਏ। ਭੈਣ ਜੀ ! ਆਪਣੇ ਮਨ ਦੇ ਮੋਹ ਨੂੰ ਨਾਸ਼ ਕਰੋ, ਹਿਰਦੇ ਵਿਚ ਵਿਵੇਕ ਬੁਧੀ ਨਾਲ ਵਿਚਾਰ ਕਰੋ, ਮਿਲਣਾ ਤੇ ਵਿਛੜਨਾ ਸਰੀਰ ਦਾ ਧਰਮ ਸਮਝੀਏ। ਹੁਣ ਅਸੀਂ ਆਪਣੇ ਰਸਤੇ ਚਲਣਾ ਚਾਹੁੰਦੇ ਹਾਂ, ਇਥੇ ਖੜੇ ਹੀ ਆਗਿਆ ਦੇਵੋ, ਹੋਰ ਦੇਰ ਨਾ ਲਾਉ। ਦੁਬਾਰਾ ਤੁਹਾਡੇ ਪਾਸ ਆ ਕੇ ਸਦਾ ਲਈ ਰਹਾਂਗੇ, ਮਨ ਦੇ ਦੁੱਖ ਨੂੰ ਦੂਰ ਕਰੋ ਤੇ ਮੇਰੇ ਬਚਨ ਮੰਨ ਲਵੋ" ॥ ੪੭॥

ਨਾਨਕੀ ਅਲਾਈ : 'ਕਬ ਮਿਲੋ ਫੇਰ ਆਈ?' ਕਹੈਂ ਨਾਨਕ ਜੀ 'ਯਾਦ ਕਰੋ, ਦੇਹੁੰ ਮੈਂ ਦਿਦਾਰ ਕੋ'।
ਸੰਗ ਮਰਦਾਨਾ ਮੋਕੋ ਲੈ ਕੇ ਗੁਰ ਚਲੇ ਤਬ ਜਾਂ ਕੇ ਵਾਕ ਨੌਕਾ ਭਵ ਸਾਗਰ ਕੇ ਪਾਰ ਕੋ।
ਚਾਰ ਘਟੀ ਰੈਨ ਕੂਚ ਕੀਨੋ ਦੂਰ ਗਏ ਚਲਿ, ਭੋਰ ਭਈ ਲੰਘੇ ਕੋਸ ਪੰਚਮ ਹਜ਼ਾਰ ਕੋ।
ਠਾਂਢੇ ਹੋਇ ਬੂਝੈਂ 'ਕਹੋ ਕਹਾਂ ਹਮ ਆਏ ਅਬ ਥਾਨ ਪਹਿਚਾਨੋ ਮਨ ਕੀਜਿਯੇ ਬਿਚਾਰ ਕੋ' ॥੪੮॥

ਬੇਬੇ ਨਾਨਕੀ ਜੀ ਨੇ ਕਿਹਾ, "ਫਿਰ ਕਦ ਆ ਕੇ ਮਿਲੋਗੇ ?" ਗੁਰੂ ਨਾਨਕ ਜੀ ਨੇ ਕਿਹਾ, "ਜਦ ਵੀ ਤੁਸੀਂ ਯਾਦ ਕਰੋਗੇ, ਮੈਂ ਉਸੇ ਵੇਲੇ ਦਰਸ਼ਨ ਦੇਵਾਂਗਾ।" ਤਦ ਮੈਨੂੰ ਅਤੇ ਮਰਦਾਨੇ ਨੂੰ ਲੈ ਕੇ ਗੁਰੂ ਜੀ, ਜਿਨ੍ਹਾਂ ਦੇ ਬਚਨ ਭਵਸਾਗਰ ਨੂੰ ਪਾਰ ਕਰਨ ਵਾਸਤੇ ਬੇੜੀ ਦੇ ਸਮਾਨ ਹਨ, ਚਲ ਪਏ। ਚਾਰ ਘੜੀਆਂ ਰਾਤ ਰਹਿੰਦੀ ਕੂਚ ਕੀਤਾ ਅਤੇ ਚਲ ਕੇ ਦੂਰ ਚਲੇ ਗਏ, ਜਦ ਸਵੇਰ ਹੋਈ ਤੇ ਪੰਜ ਹਜ਼ਾਰ ਕੋਹ ਪੈਂਡਾ ਲੰਘ ਆਏ ਸੀ। ਖੜੇ ਹੋ ਕੇ ਪੁੱਛਣ ਲੱਗੇ, "ਇਹ ਦੱਸੋ ਅਸੀਂ ਹੁਣ ਕਿਸ ਸਥਾਨ ਤੇ ਆ ਗਏ ਹਾਂ। ਮਨ ਵਿਚ ਵਿਚਾਰ ਕੇ ਇਸ ਥਾਂ ਨੂੰ ਪਹਿਚਾਣੋ" ॥ ੪੮॥

ਕਬਿੱਤ-'ਆਪ ਕਰਤਾਰ ਤੁਮ ਧਰਾ ਅਵਤਾਰ ਭਵ ਸਦਾ ਹੀ ਅਪਾਰ ਹੋ ਨ ਸ਼ੇਸ਼ ਪਾਰ ਪਾਵਈ।
ਕਲੀਕਾਲ ਮੰਦਮਤਿ ਕੈਸੇ ਜਾਨੈਂ ਤੋਹਿ ਗਤਿ ਨੇਤਿ ਨੇਤਿ ਕਹੈ ਬੇਦ ਕੈਸੇ ਅੰਤ ਪਾਵਈ'।
ਬੋਲਯੋ ਮਰਦਾਨਾ 'ਏਹ ਜਾਨਯੋ ਸੋਊ ਥਾਨਾ ਜਹਾਂ ਮੱਕੇ ਕੋ ਪਯਾਨਾ ਕੀਨ ਮੋ ਕੋ ਦ੍ਰਿਸ਼ਟਾਵਈ'।
ਸੁਨਯੋ ਮੁਸ਼ਕਾਨੇ 'ਨੀਕੀ ਕੀਨ ਤੈਂ ਪਛਾਨੇ ਅਬ' ਮੇਰੀ ਦਿਸ਼ ਦੇਖਿ ਪੁਨ ਸ੍ਰੀ ਗੁਰੂ ਅਲਾਵਈ ॥੪੯॥

ਮੈਂ ਕਿਹਾ, "ਤੁਸੀਂ ਆਪ ਕਰਤਾਰ ਹੋ ਜਿਨ੍ਹਾਂ ਇਸ ਸੰਸਾਰ ਵਿਚ ਅਵਤਾਰ ਧਾਰਿਆ ਹੈ, ਤੁਸੀਂ ਸਦਾ ਹੀ ਅਪਾਰ ਹੋ, ਸ਼ੇਸ਼ਨਾਗ ਵੀ ਤੁਹਾਡਾ ਪਾਰਾਵਾਰ ਨਹੀਂ ਪਾ ਸਕਦਾ। ਤੁਹਾਡੀ ਗਤੀ ਨੂੰ ਕਲਿਜੁਗ ਦੇ ਮਾੜੀ ਮੱਤ ਵਾਲੇ ਲੋਕ ਕਿਸ ਤਰ੍ਹਾਂ ਜਾਣ ਸਕਦੇ ਹਨ। ਵੇਦ ਵੀ, 'ਬੇਅੰਤ ਹੈ, ਅਨੰਤ ਹੈ' ਕਹਿੰਦੇ ਹਨ, ਅੰਤ ਕਿਸ ਤਰ੍ਹਾਂ ਪਾ ਸਕਦੇ ਹਨ ?" ਮਰਦਾਨਾ ਬੋਲਿਆ, "ਇਹ ਤਾਂ ਉਹੀ ਥਾਂ ਹੈ ਜਿਥੋਂ ਮੱਕੇ ਨੂੰ ਗਏ ਸੀ, ਮੈਨੂੰ ਤਾਂ ਇਹ ਉਹੀ ਥਾਂ ਨਜ਼ਰ ਆਉਂਦਾ ਹੈ।" ਗੁਰੂ ਜੀ ਸੁਣ ਕੇ ਮੁਸਕਰਾ ਪਏ ਅਤੇ ਕਿਹਾ, "ਤੂੰ ਹੁਣ ਚੰਗੀ ਪਛਾਣ ਕੀਤੀ ਹੈ।" ਫਿਰ ਮੇਰੇ ਵੱਲ ਵੇਖ ਕੇ ਗੁਰੂ ਜੀ ਬੋਲੇ ॥ ੪੯॥

ਦੋਹਰਾ- 'ਚਲਨ ਚਹਿਤ ਕਿਤ ਦਿਸ਼ਾ ਕੋ ਦੀਜੇ ਅਬਹਿ ਬਤਾਇ'।
ਤਬ ਬੋਲਯੋ ਮੈਂ ਬੰਦਿ ਕਰ 'ਸੁਨਿਯੇ ਪ੍ਰਭੁ ਗਤਿਦਾਇ! ॥ ੫੦॥

"ਹੁਣ ਇਹ ਦੱਸੋ ਕਿ ਕਿਸ ਪਾਸੇ ਵੱਲ ਜਾਣਾ ਚਾਹੁੰਦੇ ਹੋ ? ਤਦ ਮੈਂ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਮੁਕਤੀਦਾਤੇ ਪ੍ਰਭੂ ਜੀ ! ਸੁਣੋ ॥ ੫੦॥

ਸ੍ਵੈਯਾ- ਹੈ ਜਿਤ ਚਾਹ ਚਲੋ ਤੁਮਰੀ ਪਸ਼ਚਾਤ ਚਲੈਂ ਸੁਨਿਯੇ ਸੁਖਦਾਨਾ!'
ਸ੍ਰੀ ਗੁਰ ਭਾਖਤਿ 'ਮੇਰੁ ਕੇ ਊਪਰ ਹੈ ਸਿਧ ਮੰਡਲੀ ਜਾਂ ਮਨ ਮਾਨਾ।
ਦੇਖਹਿਂ ਸੋ, ਤਹਿਂ ਥਾਨ ਚਲੋ' ਸੁਨਿ ਯੌਂ ਕਰ ਬੰਦਿ, ਉਠਯੋ ਮਰਦਾਨਾ।
'ਮੋਹਿ ਛੁਧਾ ਜਬ ਦੇਹੁ ਹਟਾਇ ਤਬੈ ਤੁਮਰੇ ਸੰਗ ਹੋਇ ਪਯਾਨਾ' ॥੫੧॥

ਜਿਸ ਪਾਸੇ ਤੁਸੀ ਜਾਣਾ ਚਾਹੁੰਦੇ ਹੋ, ਉਸ ਪਾਸੇ ਚਲੋ, ਅਸੀਂ ਤੁਹਾਡੇ ਪਿੱਛੇ-ਪਿੱਛੇ ਆਵਾਂਗੇ, ਹੇ ਸੁਖਦਾਤੇ ਜੀ।'' ਸ੍ਰੀ ਗੁਰੂ ਜੀ ਨੇ ਕਿਹਾ, ''ਸੁਮੇਰ ਪਰਬਤ ਉੱਤੇ ਸਿਧ ਮੰਡਲੀ ਰਹਿੰਦੀ ਹੈ, ਉਨ੍ਹਾਂ ਸਿਧਾਂ ਦੇ ਮਨ ਵਿਚ ਬੜਾ ਘੁਮੰਡ ਹੈ। ਉਨ੍ਹਾਂ ਨੂੰ ਵੇਖੀਏ, ਉਸ ਥਾਂ ਚਲੋ। ਇਹ ਸੁਣ ਕੇ ਮਰਦਾਨਾ ਹੱਥ ਜੋੜ ਕੇ ਉਠਿਆ ਅਤੇ ਕਿਹਾ, '' ਮੇਰੀ ਭੁੱਖ ਜੇ ਹਟਾ ਦੇਵੋ ਤਦ ਹੀ ਮੈਂ ਤੁਹਾਡੇ ਨਾਲ ਜਾਵਾਂਗਾ'' ॥ ੫੧॥

ਬਿਗਸੇ ਸੁਨਿ ਬੈਨ ਗੁਰੂ ਗੁਨ ਐਨ ਦਯਾ ਜਿਨ ਨੈਨ ਰਹੀ ਛਬਿ ਛਾਈ।
ਜਿਨ ਦੇਹ ਧਰੀ ਜਗ ਤਾਰਨ ਕਾਰਨ ਦੰਭ ਬਿਦਾਰਨ ਸ੍ਰੀ ਜਗਰਾਈ।
'ਮਨ ਮੈਂ ਜਿਮ ਚਾਹਤਿ ਹੋਵਹਿ ਸੋ ਬਹੁਰੋ ਦੁਖ ਭੂਖ ਨ ਪਾਇ ਕਦਾਈ'।
ਕਹਿ ਯੌਂ, ਪ੍ਰਸਥਾਨ ਕਿਯੋ ਜਬਹੀ ਤਬ ਕੰਚਨ ਕੀ ਧਰਨੀ ਤਹਿਂ ਆਈ ॥੫੨॥

ਇਹ ਗੱਲ ਸੁਣ ਕੇ ਗੁਰੂ ਜੀ, ਜਿਹੜੇ ਗੁਣਾਂ ਦਾ ਘਰ ਅਤੇ ਜਿਨ੍ਹਾਂ ਦੇ ਨੈਣਾਂ ਵਿਚ ਸਦਾ ਹੀ ਦਇਆ ਦੀ ਛਵੀ ਛਾਈ ਰਹਿੰਦੀ ਹੈ ਅਤੇ ਜਿਨ੍ਹਾਂ ਨੇ ਜੱਗ ਨੂੰ ਤਾਰਨ ਵਾਸਤੇ ਦੇਹ ਧਾਰਨ ਕੀਤੀ ਹੈ ਅਤੇ ਜਿਹੜੇ ਜੱਗ ਦੇ ਮਾਲਕ ਪਖੰਡਾਂ ਦਾ ਨਾਸ ਕਰਨ ਵਾਲੇ ਹਨ। ਗੁਰੂ ਜੀ ਨੇ ਕਿਹਾ, ''ਮਨ ਵਿਚ ਜਿਵੇਂ ਚਾਹੁੰਦਾ ਹੈਂ, ਇਸ ਤਰ੍ਹਾਂ ਹੀ ਤੈਨੂੰ ਅੱਜ ਤੋਂ ਬਾਅਦ ਕਦੇ ਵੀ ਦੁਖ ਭੁਖ ਨਹੀਂ ਲਗੇਗੀ।'' ਇਹ ਕਹਿ ਕੇ ਜਦ ਅੱਗੇ ਚਲੇ ਤਦ ਅੱਗੇ ਸੋਨੇ ਦੀ ਧਰਤੀ ਆ ਗਈ॥ ੫੨॥

ਤਾਹਿਂ ਬਿਲੋਕਤਿ ਹੀ ਹਰਖਾ ਕਰ ਬੰਦਿ ਕਹੈ ਗੁਰ ਸੋਂ ਮਰਦਾਨਾ।
'ਦੇਖਤਿ ਮੈਂ ਬਿਸਮਾਦ ਭਯੋ ਸਭਿ ਹੀ ਧਰਨੀ ਪਰ ਹੇਮ ਮਹਾਨਾ।
ਹੈਂ ਸਰਿਤਾ ਜਿਨ ਮੈਂ ਰਸ ਸੁੰਦਰ ਮਾਨਵ ਏਕ ਨਹੀਂ ਇਸ ਕਾਨਾ।
ਕੰਚਨ ਔਰਸ ਬਾਦ ਪਰਯੋ ਸਭਿ' ਯੌਂ ਸੁਨਿ ਸ੍ਰੀ ਗੁਰ ਬੈਨ ਬਖਾਨਾ ॥੫੩॥

ਉਸ ਧਰਤੀ ਨੂੰ ਵੇਖ ਕੇ ਮਰਦਾਨਾ ਬੜਾ ਖੁਸ਼ ਹੋਇਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, ''ਇਹ ਵੇਖ ਕੇ ਮੈਂ ਬਹੁਤ ਹੈਰਾਨ ਹੋਇਆ ਹਾਂ ਕਿ ਸਾਰੀ ਧਰਤੀ ਉੱਤੇ ਬਹੁਤ ਬਰਫ ਵਿਛੀ ਹੋਈ ਹੈ। ਸੁੰਦਰ ਰਸ ਵਾਲੀਆਂ ਨਦੀਆਂ ਹਨ, ਪਰ ਇਸ ਉਜਾੜ ਵਿਚ ਮਨੁੱਖ ਕੋਈ ਨਹੀਂ ਹੈ। ਸੋਨਾ ਅਤੇ ਜਲ ਸਭ ਵਿਅਰਥ ਪਿਆ ਹੈ।'' ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ॥ ੫੩॥

'ਪ੍ਰੀਤਮ ਜੋ ਕਰਤਾਰ ਕੇ ਸੇਵਕ ਪ੍ਰਾਪਤ ਹ੍ਵੈ ਤਿਨ ਕੋ ਸੁਖਦਾਈ।
ਮਾਨਵ ਔਰ ਨ ਆਇ ਸਕੈ ਤਿਨ ਪੀਵਨ ਜੋਗ ਨਹੀਂ ਗਰਬਾਈ।
ਆਪਨਾ ਆਪ ਜਨਾਉਨ ਜੇ ਨਹਿਂ, ਪੀਵਤਿ ਸੇ ਨਿਤ ਹੋ ਤ੍ਰਿਪਤਾਈ।
ਭੂਖ ਲਗੈ ਨਹਿਂ ਪਯਾਸ ਕਬੈ ਹਰਿ ਨਾਮ ਕੇ ਸੰਗ ਰਹੇ ਲਿਵਲਾਈ ॥੫੪॥

''ਜਿਹੜੇ ਕਰਤਾਰ ਦੇ ਪਿਆਰੇ ਹਨ ਅਤੇ ਜਿਨ੍ਹਾਂ ਨੂੰ ਕਰਤਾਰ ਦੀ ਸੇਵਕੀ ਪ੍ਰਾਪਤ ਹੈ, ਤਿਨ੍ਹਾਂ ਵਾਸਤੇ ਇਹ ਬੜਾ ਸੁਖਦਾਇਕ ਹੈ। ਹੋਰ ਮਨੁੱਖ ਇਥੇ ਆ ਨਹੀਂ ਸਕਦੇ, ਅਤੇ ਹੰਕਾਰੀ ਲੋਕਾਂ ਦੇ ਇਹ ਪੀਣ ਯੋਗ ਨਹੀਂ। ਜਿਹੜੇ ਆਪਣਾ ਆਪ

ਜਣਾਉਂਦੇ ਨਹੀਂ ਹਨ, ਉਹ ਨਿਤ ਤ੍ਰਿਪਤ ਹੋ ਕੇ ਪੀਂਦੇ ਹਨ। ਉਨ੍ਹਾਂ ਨੂੰ ਕਦੀ ਵੀ ਨਾ ਭੁਖ ਲਗਦੀ ਹੈ ਨਾ ਪਿਆਸ, ਸਦਾ ਹਰੀ ਦੇ ਨਾਮ ਨਾਲ ਲਿਵ ਲੱਗੀ ਰਹਿੰਦੀ ਹੈ' ॥ ੫੪ ॥

ਕਬਿੱਤ- ਸੁਨਿ ਮਰਦਾਨਾ ਮਨ ਮਾਂਹਿ ਹਰਖਾਨਾ ਤਬ ਬਚਨ ਬਖਾਨਾ ਦੇਖਿ ਕਰੁਨਾ ਨਿਧਾਨ ਕੋ।
ਆਇਸੁ ਜੋ ਪਾਊਂ ਕਰਿ ਪਾਨ ਤਿਪਤਾਊਂ ਛੁਧਾ ਪਯਾਸ ਕੋ ਮਿਟਾਊਂ ਕਰੋਂ ਨਾਸ਼ ਸਭਿ ਮਾਨ ਕੋ।
ਮੰਦ ਮੁਸਕਾਇ ਗੁਰੂ ਬਚਨ ਅਲਾਇ 'ਉਰਿ ਜਰੈਂ ਜੇ ਅਜਰ ਤਬ ਕੀਜੈ ਇਹ ਪਾਨ ਕੋ'।
'ਚਿਰੰਕਾਲ ਭਯੋ ਤੁਮ ਸੰਗ ਬਿਚਰਨ ਲਯੋ ਕੀਜੈ ਕਬਿ ਦਯਾ ਬਰ ਦੀਜਿਯੇ ਪਛਾਨ ਕੋ ॥੫੫॥

ਇਹ ਸੁਣ ਕੇ ਮਰਦਾਨਾ ਮਨ ਵਿਚ ਬੜਾ ਖੁਸ਼ ਹੋ ਗਿਆ, ਫਿਰ ਕਿਰਪਾ ਨਿਧਾਨ ਨੂੰ ਵੇਖ ਕੇ ਬਚਨ ਕੀਤਾ, "ਜੇ ਆਗਿਆ ਹੋਵੇ ਤਾਂ ਮੈਂ ਇਹ ਰਸ ਪੀ ਲਵਾਂ ਤੇ ਭੁਖ ਪਿਆਸ ਨੂੰ ਮਿਟਾ ਕੇ ਸਭ ਪ੍ਰਕਾਰ ਦੇ ਘੁਮੰਡ ਦਾ ਨਾਸ ਕਰਾਂ।" ਗੁਰੂ ਜੀ ਥੋੜਾ ਮਸਕਰਾਏ ਤੇ ਫਿਰ ਬਚਨ ਕੀਤਾ, "ਜੇ ਨਾ ਜਰੀ ਜਾਣ ਵਾਲੀ ਨੂੰ ਹਿਰਦੇ ਵਿਚ ਪਚਾ ਲਵੇਂ, ਫਿਰ ਇਸ ਨੂੰ ਪੀ ਲਵੋ।" ਮਰਦਾਨੇ ਨੇ ਕਿਹਾ, "ਕਾਫੀ ਚਿਰਾਂ ਤੋਂ ਤੁਹਾਡੇ ਨਾਲ ਫਿਰ ਰਿਹਾ ਹਾਂ, ਕਦੀ ਪਛਾਣਨ ਦਾ ਵੀ ਦਇਆ ਕਰਕੇ ਵਰ ਦੇਵੋ' ॥ ੫੫ ॥

ਸ੍ਵੈਯਾ- ਲੇ ਕਰਿ ਆਇਸ ਸ੍ਰੀ ਗੁਰ ਕੀ ਤਬ ਪੀਵਤ ਭਾ ਰਸ ਸੋ ਮਰਦਾਨਾ।
ਹੋਇ ਬਿਦੇਹ ਗਯੋ ਖਿਨ ਤਾਂ, ਦਸਵੇਂ ਦਰ ਜਾਇ ਲਗਾ ਸ਼ੁਭ ਧਯਾਨਾ।
ਜਾਮ ਸੁ ਏਕ ਖੁਲੇ ਤਿਹ ਨੈਨ, ਭਯੋ ਭਵ ਮੋਹ ਬਿਹੀਨ ਸੁਜਾਨਾ।
ਮੇਰ ਔ ਤੇਰ ਭੁਲਾਇ ਦਯੋ ਉਰਗਯਾਨ ਭਯੋ ਮਿਟ ਗਯੋ ਅੱਗਯਾਨਾ ॥੫੬॥

ਗੁਰੂ ਜੀ ਦੀ ਆਗਿਆ ਲੈ ਕੇ, ਮਰਦਾਨੇ ਨੇ ਉਹ ਰਸ ਪੀ ਲਿਆ। ਓਸੇ ਵੇਲੇ ਜੀਵਨ ਮੁਕਤ ਹੋ ਗਿਆ ਤੇ ਝਟ ਉਸ ਦਾ ਸ਼ੁਭ ਧਿਆਨ ਦਸਵੇਂ ਦੁਆਰ ਜਾ ਲੱਗਾ। ਇਕ ਘੜੀ ਬਾਅਦ ਜਦ ਅੱਖਾਂ ਖੁਲ੍ਹੀਆਂ ਤਾਂ ਚਤੁਰ ਮਰਦਾਨਾ ਸੰਸਾਰਕ ਮੋਹ ਤੋਂ ਮੁਕਤ ਹੋ ਗਿਆ। ਮੇਰੀ ਤੇਰੀ ਸਭ ਭੁੱਲ ਗਈ, ਹਿਰਦਾ ਗਿਆਨ ਨਾਲ ਭਰ ਗਿਆ ਅਤੇ ਅਗਿਆਨਤਾ ਮਿਟ ਗਈ॥ ੫੬ ॥

ਕਰ ਬਿੰਦਿ ਉਭੇ ਕਰਿ ਬੰਦਨ ਪਾਇ ਪ੍ਰਸੰਸਤਿ ਵਾਕਨ ਸੋਂ ਸਖਕੰਦੂ।
ਜਗਨਾਯਕ ਹੋ, ਗਤਿਦਾਯਕ ਪਾਯਕ, ਘਾਯਕ ਮੋਹਕੇ, ਦੰਭ ਨਿਕੰਦੂ।
ਕਰਿਯੇ ਸੁ ਖਿਮਾਂ ਬਖਸ਼ੋ ਮਨ ਔਗੁਨ, ਨਾਮ ਲਏ ਤਵ ਨਾ ਜਮ ਫੰਦੂ।
ਅਨਜਾਨਪਨੇ ਬਚ ਬੋਲੇ ਸਨੰਮੁਖ, ਪਾਲਕ ਘਾਲ ਸੰਸਾਰ ਗੁਬਿੰਦੂ !' ॥੫੭॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਗੁਰੂ ਜੀ ਪ੍ਰਤਿ ਉਸਤਤੀ ਦੇ ਸ਼ਬਦ ਕਹੇ, "ਜਗਤ ਦੇ ਨਾਇਕ ਹੋ, ਆਪਣੇ ਸੇਵਕਾਂ ਦੇ ਮੁਕਤੀ ਦਾਤੇ ਹੋ, ਮੋਹ ਨਾਸ਼ ਕਰਨ ਵਾਲੇ ਹੋ ਅਤੇ ਪਖੰਡ ਕੱਟਣ ਵਾਲੇ ਹੋ। ਖਿਮਾਂ ਕਰੋ ਅਤੇ ਮੇਰੇ ਮਨ ਦੇ ਸਾਰੇ ਔਗੁਣ ਬਖਸ਼ ਦੇਵੋ, ਤੁਹਾਡਾ ਨਾਮ ਲੈਣ ਨਾਲ ਜਮ ਦੀ ਫਾਹੀ ਨਹੀਂ ਪੈਂਦੀ। ਮੈਂ ਅਣਜਾਣਪੁਣੇ ਵਿਚ ਤੁਹਾਡੇ ਸਾਹਮਣੇ ਕਈ ਬਚਨ ਬੋਲੇ ਹਨ, ਹੇ ਜਗਤ ਦੀ ਪਾਲਣਾ ਅਤੇ ਜਗਤ ਨੂੰ ਨਾਸ਼ ਕਰਨ ਵਾਲੇ, ਪ੍ਰਮੇਸ਼ਵਰ ਸਰੂਪ ਜੀ !" ॥ ੫੭ ॥

ਸ੍ਵੈਯਾ- ਯੌਂ ਸੁਨਿ ਕੈ ਹਰਖਾਇ ਗੁਰੂ ਮੁਖ ਵਾਕ ਅਲਾਇ ਸੁਨਾਵਤਿ ਤਾਂਹੀ ॥
'ਜੋ ਤੁਮ ਬੂਝਤਿ ਹੋ ਹਮ ਸੋਂ, ਪਸ਼ਚਾਤ ਕਥਾ ਹੁਇ ਸੇ ਜਗ ਮਾਂਹੀ।
ਜੋ ਪਢਿ ਹੈਂ ਸੁਨਿ ਹੈ ਤਿਨ ਕੋ ਮਾਨਹਿ ਸੇ ਸ਼ੁਭ ਮਾਰਗ ਪਾਹੀਂ।
ਹੋਂ ਹਰਖਾਵਤਿ ਹੋਂ ਤੁਮ ਬੂਝਤਿ, ਔਰ ਬਿਚਾਰ ਕਰੋ ਕੁਛ ਨਾਂਹੀ ॥ ੫੮ ॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ ਅਤੇ ਮਰਦਾਨੇ ਨੂੰ ਸੁਣਾ ਕੇ ਉਨ੍ਹਾਂ ਨੇ ਆਪਣੇ ਮੁੱਖ ਤੋਂ ਕੁਝ ਬਚਨ ਕਹੇ, 'ਜੋ ਤੂੰ ਮੈਥੋਂ

ਪੁਛਦਾ ਹੈਂ, ਉਸ ਦੀ ਜਗਤ ਪਿਛੋਂ ਕਥਾ ਹੋਵੇਗੀ। ਜਿਹੜੇ ਉਸ ਕਥਾ ਨੂੰ ਪੜ੍ਹ ਕੇ ਸੱਚ ਮੰਨਣਗੇ, ਉਹ ਸ਼ੁਭ ਮਾਰਗ ਪ੍ਰਾਪਤ ਕਰਨਗੇ। ਤੂੰ ਪੁਛ ਕੇ ਖੁਸ਼ ਹੋ ਜਾਂਦਾ ਹੈਂ, ਪਰ ਉਸ ਉਤੇ ਹੋਰ ਵਿਚਾਰ ਨਹੀਂ ਕਰਦਾ॥ ੫੮॥

ਸੋ ਸਿਖ ਜਾਨ ਭਲੇ ਹੈਂ ਪ੍ਰਬੀਨ ਸੰਦੇਹ ਰਿਦੇ ਗੁਰ ਬੂਝਤਿ ਜੋਊ।<br>
ਸ਼ੰਕ ਤਜੈਂ ਮਨ ਹੋਇ ਨਿਸ਼ੰਕ ਬਿਨੈ ਕਰਿਕੈ ਨਿਰਸੰਸਤਿ ਹੋਊ।<br>
ਸੋ ਗੁਰ ਹੈ ਗਤਿਦਾਯਕ ਜਾਨਹੁ ਦਾਸ ਸੰਦੇਹ ਸਭੈ ਦਿਯ ਖੋਊ।<br>
ਯੋਂ ਕਰਿ ਹੋਇ ਸੁਖੀ ਪੁਨ, ਨਾਤੁਰ ਬੰਚਕ ਹੈ ਨਿਜ ਸ੍ਵਾਰਥੀ ਦੋਊ॥੫੯॥

ਉਨ੍ਹਾਂ ਸਿੱਖਾਂ ਨੂੰ ਭਲੇ ਅਤੇ ਸ੍ਰੇਸ਼ਟ ਜਾਣੋ, ਜੋ ਦਿਲ ਦਾ ਸੰਸਾ ਗੁਰੂ ਜੀ ਤੋਂ ਪੁੱਛ ਲੈਂਦੇ ਹਨ। ਸ਼ੰਕਾ ਤਜ ਕੇ ਮਨ ਸ਼ੰਕਾ ਰਹਿਤ ਹੋ ਜਾਂਦਾ ਹੈ ਅਤੇ ਬੇਨਤੀ ਕਰਕੇ ਸੰਸਾ ਰਹਿਤ ਹੋ ਜਾਂਦੇ ਹਨ। ਉਸ ਗੁਰੂ ਨੂੰ ਤੁਸੀਂ ਗਤੀਦਾਇਕ ਸਮਝੋ, ਜਿਹੜਾ ਆਪਣੇ ਸੇਵਕਾਂ ਦੇ ਸਾਰੇ ਸ਼ੰਕਿਆਂ ਨੂੰ ਦੂਰ ਕਰਦਾ ਹੈ। ਇਸ ਤਰ੍ਹਾਂ ਕਰਕੇ ਉਹ ਫਿਰ ਸੁਖੀ ਹੁੰਦਾ ਹੈ, ਨਹੀਂ ਤਾਂ ਉਹ ਠੱਗ ਹੈ ਅਤੇ ਗੁਰੂ ਤੇ ਚੇਲਾ ਦੋਵੇਂ ਮਤਲਬੀ ਹਨ॥ ੫੯॥

ਸੇਵਕ ਕੋ ਗੁਰ ਕੋ ਸਨਬੰਧ ਭਲੋ ਇਹ ਹੈ ਤੁਮ ਸੋ ਜੁ ਉਚਾਰਾ।<br>
ਬੂਝਿ ਰਿਦੇ ਸੰਦੇਹ ਸਭੈ, ਗੁਰ ਤਾਂਹਿ ਬਤਾਇ ਕੈ ਦੇਤਿ ਬਿਦਾਰਾ।<br>
ਸੇਵਕ ਬੂਝਿ, ਬਤਾਇ ਗੁਰੂ ਨਹਿਂ, ਸੋ ਗੁਰ ਤਯਾਗ, ਨ ਲਾਉ ਅਵਾਰਾ।<br>
ਤਾਂ ਢਿਗ ਤੇ ਗਤਿ ਪ੍ਰਾਪਤਿ ਹੋਤਿ ਨਾ, ਆਪ ਤਰੈ ਨਹਿਂ ਕਯੋ ਸਿਖਤਾਰਾ॥੬੦॥

ਸੇਵਕ ਅਤੇ ਗੁਰੂ ਦਾ ਭਲਾ ਸੰਬੰਧ ਇਹੀ ਹੈ ਜਿਹੜਾ ਮੈਂ ਤੁਹਾਨੂੰ ਕਿਹਾ ਹੈ। ਹਿਰਦੇ ਦੇ ਸਾਰੇ ਸ਼ੰਕੇ ਪੁਛੋ, ਗੁਰੂ ਉਨ੍ਹਾਂ ਸ਼ੰਕਿਆਂ ਬਾਰੇ ਦੱਸ ਕੇ ਉਨ੍ਹਾਂ ਦਾ ਨਿਵਾਰਨ ਕਰਦਾ ਹੈ। ਜੇ ਸੇਵਕ ਪੁੱਛੇ ਅਤੇ ਗੁਰੂ ਨਾ ਦੱਸੇ, ਉਸ ਗੁਰੂ ਨੂੰ ਛੱਡ ਦੇਵੇ, ਇਸ ਵਿਚ ਕੋਈ ਦੇਰ ਨਾ ਲਾਵੇ। ਅਜਿਹੇ ਗੁਰੂ ਪਾਸੋਂ ਗਤੀ ਪ੍ਰਾਪਤ ਨਹੀਂ ਹੁੰਦੀ, ਨਾ ਉਹ ਗੁਰੂ ਆਪ ਤਰਦਾ ਹੈ ਅਤੇ ਨਾ ਆਪਣੇ ਸਿੱਖਾਂ ਨੂੰ ਤਾਰਦਾ ਹੈ॥ ੬੦॥

ਭੂਖ ਪਿਪਾਸ ਗਈ ਤਨ ਤੇ ਪੁਨ ਤਾਂ ਦਿਨ ਤੇ ਨਹਿਂ ਸੋ ਕਬਿ ਹੋਈ।<br>
ਬੈਨ ਸੁਨੇ ਗੁਰੁ ਕੇ ਹਰਖਾ ਪਦ ਬੰਦਤਿ ਹੈ ਕਰਿ ਬੰਦਿਕੈ ਦੋਈ।<br>
ਬੂਝਨ ਤੇ ਨਿਰਸੰਸ ਭਯੋ ਮਨ ਸ਼ੰਕ ਗਵਾਇ ਰਹੀ ਨਹਿਂ ਕੋਈ।<br>
ਸ੍ਰੀ ਗੁਰ ਨਾਨਕ ਸੰਗਿ ਫਿਰਯੋ ਸਫਲੀ ਨਿਜ ਦੇਹਿ ਕੋ ਮਾਨਤਿ ਸੋਈ॥੬੧॥

ਤਨ ਤੋਂ ਭੁੱਖ ਪਿਆਰ ਦੂਰ ਹੋ ਜਾਂਦੀ ਹੈ, ਫਿਰ ਉਸ ਦਿਨ ਤੋਂ ਬਾਅਦ ਕਦੇ ਭੁੱਖ ਨਹੀਂ ਲੱਗਦੀ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਮਰਦਾਨਾ ਬਹੁਤ ਪ੍ਰਸੰਨ ਹੋਇਆ ਤੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਪੁੱਛ ਕੇ ਸੰਸਾ ਰਹਿਤ ਹੋ ਗਿਆ, ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ, ਅਤੇ ਕੋਈ ਸ਼ੰਕਾ ਨਾ ਰਹਿ ਗਈ। ਆਪਣੀ ਦੇਹ ਨੂੰ ਸਫਲ ਮੰਨ ਕੇ ਸ੍ਰੀ ਗੁਰੂ ਨਾਨਕ ਜੀ ਨਾਲ ਫਿਰਦਾ ਰਿਹਾ॥ ੬੧॥

'ਭੂਖ ਪਿਪਾਸ ਲਗੈ ਨ ਤੁਮੈਂ ਕਿਹ ਕਾਰਨ?' ਬੂਝਤਿ ਹੈ ਮਰਦਾਨਾ।<br>
'ਸਾਲ ਦੁਸਾਲ ਬਿਹਾਵਤਿ ਹੈਂ ਬਿਨ ਭੋਜਨ ਤੇ, ਨਹਿਂ ਪਾਨ ਕੁ ਪਾਨਾ।<br>
ਕੌਨ ਅਹਾਰ ਅਧਾਰ ਰਹੈਂ? ਨਿਰਧਾਰ ਕਹੋ ਮੁਝ ਕੋ ਗੁਨਖਾਨਾ!।<br>
ਹੈ ਜੁ ਸੰਦੇਹ ਰਿਦੈ ਹਮਰੇ ਇਹ ਦੇਹੁ ਮਿਟਾਇ, ਕਰੋ ਪ੍ਰਸਥਾਨਾ॥੬੨॥

ਮਰਦਾਨੇ ਨੇ ਫਿਰ ਗੁਰੂ ਜੀ ਨੂੰ ਪੁਛਿਆ, "ਤੁਹਾਨੂੰ ਭੁੱਖ ਪਿਆਸ ਕਿਉਂ ਨਹੀਂ ਲਗਦੀ? ਬਿਨਾਂ ਭੋਜਨ ਦੇ ਕਈ ਸਾਲ

ਲੰਘਾ ਦਿੰਦੇ ਹੋ ਅਤੇ ਨਾ ਹੀ ਪਾਣੀ ਪੀਂਦੇ ਹੋ। ਕਿਹੜਾ ਭੋਜਨ ਅਧਾਰ ਰਹਿੰਦਾ ਹੈ? ਹੇ ਗੁਣਾਂ ਦੀ ਖਾਨ, ਅਤੇ ਨਿਰਧਾਰ ਰਹਿਣ ਵਾਲੇ ਗੁਰੂ ਜੀ, ਮੇਰੇ ਹਿਰਦੇ ਵਿਚ ਜੋ ਸੰਦੇਹ ਹੈ, ਉਸ ਨੂੰ ਮਿਟਾ ਦੇਵੋ ਅਤੇ ਬਾਅਦ ਵਿਚ ਇਥੋਂ ਅੱਗੇ ਚਲੋ"॥ ੬੨॥

ਸ੍ਰੀ ਗੁਰ ਬੈਨ ਭਨੇ ਸੁਨਿਕੈ 'ਗੁਰੁ ਸਿੱਖ ਭਲੇ ਮਨ ਭਾਉ ਜੁ ਧਾਰੈਂ।
ਹੈ ਭਗਤੀ ਤਿਨਕੇ ਮਨ ਅੰਤਰ ਜੇ ਗੁਰੁ ਕੋ ਨਿਸ਼ਚਾ ਨ ਨਿਵਾਰੈਂ।
ਭੋਜਨ ਕੋ ਕਰਿਹੈਂ ਹਿਤ ਸੋਂ ਗੁਰੁ ਸਿੱਖਨ ਕੋ ਗੁਰੁ ਸਿੱਖ ਖੁਵਾਰੈਂ।
ਸੋ ਮੁਹਿ ਪ੍ਰਾਪਤਿ ਹੋਵਤਿ ਹੈ ਤਬ ਜਾਇ ਛੁਧਾ, ਰਹੋਂ ਤਾਂਹਿ ਅਧਾਰੈਂ॥੬੩॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਉਹ ਗੁਰ ਸਿੱਖ ਭਲੇ ਹਨ ਜੋ ਮਨ ਵਿਚ ਭਾਉ ਪ੍ਰੇਮ ਨੂੰ ਧਾਰਨ ਕਰਦੇ ਹਨ, ਉਨ੍ਹਾਂ ਦੇ ਅੰਤਰ ਮਨ ਵਿਚ ਭਗਤੀ ਪੈਦਾ ਹੁੰਦੀ ਹੈ, ਜਿਹੜੇ ਆਪਣੇ ਗੁਰੂ ਤੇ ਨਿਸ਼ਚੇ ਨੂੰ ਨਹੀ ਹਟਾਉਂਦੇ। ਭੋਜਨ ਨੂੰ ਪਿਆਰ ਨਾਲ ਛਕਦੇ ਹਨ, ਗੁਰਸਿੱਖਾਂ ਨੂੰ ਗੁਰੂ ਸਿੱਖ ਖਵਾਉਂਦੇ ਹਨ। ਉਹ ਭੋਜਨ ਮੈਨੂੰ ਪ੍ਰਾਪਤ ਹੁੰਦਾ ਹੈ, ਤਦ ਭੁਖ ਜਾਂਦੀ ਰਹਿੰਦੀ ਹੈ, ਅਤੇ ਇਸ ਦੇ ਆਸਰੇ ਮੈਂ ਰਹਿੰਦਾ ਹਾਂ॥ ੬੩॥

ਦੋਹਰਾ- ਸਾਚ ਬਚਨ ਮਮ ਜਾਨ ਇਹ ਮਰਦਾਨੇ ਮਨ ਮਾਨਿ।
ਅਸ ਕਹਿ ਗਮਨੇ ਮੇਰੁ ਕੋ ਸਿੱਧਨ ਖੋਵਨ ਮਾਨ॥ ੬੪॥

ਇਹ ਮੇਰੇ ਸੱਚੇ ਬਚਨ ਜਾਣ ਕੇ, ਹੇ ਮਰਦਾਨੇ! ਆਪਣੇ ਮਨ ਵਿਚ ਮੰਨ ਲਵੋ। ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸੁਮੇਰ ਪਰਬਤ ਵਲ ਚਲ ਪਏ ਤਾਂਕਿ ਓਥੇ ਜਾ ਕੇ ਸਿੱਧਾਂ ਦੇ ਘੁਮੰਡ ਨੂੰ ਤੋੜ ਸਕਣ॥ ੬੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸੁਲਤਾਨ ਪੁਰ ਜਾਵਨ, ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਊਨਾਹਠਮੋ ਅਧ੍ਯਾਯ॥ ੫੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਣਾਠਵਾਂ ਅਧਿਆਇ, ਜਿਸ ਦਾ ਨਾਮ "ਸੁਲਤਾਨਪੁਰ ਜਾਣਾ ਮਰਦਾਨੇ ਨਾਲ ਪ੍ਰਸੰਗ" ਹੈ, ਸਮਾਪਤ ਹੋਇਆ॥ ੫੯॥

## ਅਧਿਆਇ ਸੱਠਵਾਂ

*ਸੁਮੇਰ ਤੇ ਗੋਰਖ, ਮਛਿੰਦ੍ਰ, ਲਹੁਰੀਪਾ ਨਾਲ ਚਰਚਾ।*

ਦੋਹਰਾ- ਸ੍ਰੀ ਗੁਰ ਚਰਨ ਸਰੋਜ ਕੋ ਪ੍ਰੇਮ ਅਮੀ ਪਹਿਚਾਨ।
ਅਮਰ ਅਜਰ ਸੁਖ ਪਾਇ ਹੈਂ ਜੇ ਕਰਿਹੀ ਤਿਹ ਪਾਨ॥ ੧॥

ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਦਾ ਜੋ ਪ੍ਰੇਮ ਹੈ ਉਸ ਨੂੰ ਪਛਾਣ ਕਿ ਉਹ ਅਸਲ ਵਿਚ ਅੰਮ੍ਰਿਤ ਹੈ, ਜੋ ਉਸ ਨੂੰ ਪੀਣਗੇ ਉਹ ਅਮਰ ਅਤੇ ਅਜਰ ਸੁਖ ਪ੍ਰਾਪਤ ਕਰਨਗੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਕਬਿੱਤ- ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ, ਚਲੇ ਦੰਭ ਦਲਿਬੇ ਕੋ, ਦਲਿਨਿ ਬਿਦਾਰਿਯਾ।
ਭਗਤਿ ਕੀ ਕੇਤੁ ਪਟ ਪ੍ਰੇਮ ਕੇ ਸਮੇਤ ਕਰਿ ਕੀਰਿਤਿ ਨਿਸ਼ਾਨੋ ਘਹਿਰਾਨੋ ਘਨ ਭਾਰਿਯਾ।
ਗਜਾਨ ਕੋ ਖੜਗ ਧਰਿ, ਜੁਗਤਿ ਕਮਾਨ ਕਰਿ, ਨਾਨਾ ਦ੍ਰਿਸ਼ਟਾਂਤ ਲੀਨ ਸਿਲੀਮੁਖ ਧਾਰਿਯਾ।
ਜਹਾਂ ਦ੍ਰਿਢ ਕੋਟ ਤਹਾਂ ਕਰਾਮਾਤ ਤੋਪ ਸੰਗਿ ਢਾਹਿ ਕੇ ਮਦਾਨ ਕੀਨ ਮਿਲੇ ਅਰਿ ਹਾਰਿਯਾ॥੨॥

ਭਾਈ ਬਾਲੇ ਨੇ ਕਿਹਾ- ਜਗਤ ਜਿੱਤਣ ਲਈ ਬੇਦੀ ਕੁਲ ਦੇ ਧ੍ਰਜ ਭਾਵ ਗੁਰੂ ਜੀ ਨੇ ਆਪਣੀ ਫੌਜ ਨੂੰ ਤਿਆਰ-ਬਰ-ਤਿਆਰ ਕੀਤਾ ਅਤੇ ਪਖੰਡਾਂ ਦਾ ਨਾਸ਼ ਕਰਨ ਅਤੇ ਅਸੁਰੀ ਫੌਜਾਂ ਨੂੰ ਦੂਰ ਕਰਨ ਵਾਸਤੇ ਚਲ ਪਏ। ਉਨ੍ਹਾਂ ਦੇ ਰੱਥ ਤੇ ਭਗਤੀ ਦਾ ਝੰਡਾ ਹੈ ਅਤੇ ਝੰਡੇ ਉੱਤੇ ਜਿਹੜਾ ਕਪੜਾ ਝੂਲਦਾ ਸੀ, ਉਹ ਪ੍ਰੇਮ ਦਾ ਬਣਿਆ ਸੀ। ਪ੍ਰਭੂ ਦੇ ਜੱਸ ਦੀ ਕੀਰਤੀ ਦਾ ਧੌਂਸਾ ਵੱਜਦਾ ਹੈ, ਜਿਸ ਦੀ ਬੱਦਲ ਦੇ ਗਰਜਨ ਵਾਂਗ ਭਾਰੀ ਆਵਾਜ਼ ਹੈ। ਗਿਆਨ ਰੂਪੀ ਉਨ੍ਹਾਂ ਤਲਵਾਰ ਧਾਰਨ ਕੀਤੀ ਹੈ ਅਤੇ ਜੁਗਤੀ ਦੀ ਉਨ੍ਹਾਂ ਧਨੁਖ ਫੜੀ ਹੋਈ ਹੈ ਅਤੇ ਦ੍ਰਿਸ਼ਟਾਂਤ ਰੂਪ ਤੀਰ ਧਾਰਨ ਕੀਤੇ ਹੋਏ ਹਨ। ਜਿਥੇ ਪੱਕਾ ਕਿਲ੍ਹਾ ਹੈ ਉਸ ਨੂੰ ਕਰਾਮਾਤੀ ਤੋਪ ਨਾਲ ਢਾਹ ਕੇ ਮੈਦਾਨ ਕਰ ਦਿੱਤਾ ਹੈ, ਵੈਰੀ ਹਾਰ ਖਾ ਕੇ ਮਿਲੇ ਹਨ॥ ੨॥

**ਨਾਮ ਕੋ ਭਜਨ ਨੀਕੋ ਪਹਿਰ ਸੰਨਾਹਿ ਤਨ, ਕੋਟਕਿ ਤਰਕ ਤਰਵਾਰ ਨ ਕਟਤਿ ਹੈਂ।**
**ਨੀਵੋਂ ਮਨ ਰਾਖਨ ਸਿਪਰ ਗਹਿ ਹਾਥ ਬਿਖੈ, ਕ੍ਰੋਧ ਰੂਪ ਬਾਨ ਜਾਂਕੋ ਛੁਇ ਨ ਸਕਤਿ ਹੈਂ।**
**ਧੀਰਜ, ਸੰਤੋਖ, ਸਤਿ, ਦਾਨ, ਇਸ਼ਨਾਨ ਮਤਿ, ਦਯਾ, ਉਪਕਾਰ ਅਤਿ ਸ੍ਰਧਾ ਜੀ ਛਕਤਿ ਹੈਂ।**
**ਧਰਮ ਤੇ ਆਦਿ ਜੋਧਾ ਔਰ ਵਡੇ ਚਢੇ ਸੰਗ ਜੀਤਬੇ ਕੋ ਮੋਹ 'ਮਾਰ ਮਾਰ', ਹੀ ਰਟਤਿ ਹੈ॥੩॥**

ਸਰੀਰ ਉੱਤੇ ਨਾਮ ਦੇ ਭਜਨ ਦੀ ਚੰਗੀ ਕਵਚ ਪਹਿਨੀ ਹੋਈ ਹੈ, ਜਿਸ ਨੂੰ ਕਰੋੜਾਂ ਦਲੀਲਾਂ ਰੂਪੀ ਤਲਵਾਰਾਂ ਵੀ ਨਹੀ ਕੱਟ ਸਕਦੀਆਂ ਹਨ। ਮਨ ਨੂੰ ਨਿਮਰ ਰੱਖਣਾ ਮਾਨੋ ਹੱਥ ਵਿਚ ਢਾਲ ਫੜੀ ਹੈ, ਜਿਸ ਨੂੰ ਕ੍ਰੋਧ ਰੂਪ ਤੀਰ ਛੂਹ ਵੀ ਨਹੀ ਸਕਦੇ ਹਨ। ਧੀਰਜ, ਸੰਤੋਖ, ਸੱਚ, ਦਾਨ, ਇਸ਼ਨਾਨ, ਮਤਿ, ਦਇਆ ਅਤੇ ਭਰੋਸਾ ਮਨ ਵਿਚ ਟਿਕੇ ਹਨ। ਧਰਮ ਤੇ ਹੋਰ ਵੱਡੇ-ਵੱਡੇ ਯੋਧੇ ਮੋਹ ਨੂੰ ਜਿੱਤਣ ਲਈ ਚੜ੍ਹੇ ਹਨ ਅਤੇ ਮਾਰੋ-ਮਾਰੋ ਪੁਕਾਰਦੇ ਹਨ॥ ੩॥

**ਅੜਿੱਲ- ਇਸ ਪ੍ਰਕਾਰ ਜਬ ਚਲੇ ਮੇਰੁ ਪੈ ਜਾਨਕੋ। ਸ਼ਕਤਿ ਸਹਿਤ ਸਭਿ ਸਿੱਧ ਧਰਤਿ ਜਹਿਂ ਮਾਨ ਕੋ।**
**ਤਿਨਕੋ ਜੀਤਨ ਭਲੇ, ਬਾਤ ਇਤ ਇਉਂ ਭਈ। ਹੋ ਉਤ ਗੋਰਖ ਕੀ ਸੁਨਹੁ ਰਿਦੈ ਜਿਜੋਂ ਤਿਨ ਠਈ॥੪॥**

ਇਸ ਪ੍ਰਕਾਰ ਸੁਮੇਰ ਪਰਬਤ ਵਲ ਚਲ ਪਏ। ਸੁਮੇਰ ਪਰਬਤ ਤੇ ਸਿੱਧ ਸ਼ਕਤੀਆਂ ਸਹਿਤ ਹੰਕਾਰ ਧਾਰਨ ਕਰਕੇ ਰਹਿ ਰਹੇ ਸਨ। ਉਨ੍ਹਾਂ ਨੂੰ ਜਿੱਤਣ ਵਿਚ ਹੀ ਭਲਾ ਹੈ। ਇਸ ਪਾਸੇ ਇਸ ਤਰ੍ਹਾਂ ਹੋਈ। ਦੂਸਰੇ ਪਾਸੇ ਗੋਰਖ ਜੋਗੀ ਦਾ ਵੀ ਸੁਣ ਲਵੋ ਕਿ ਉਸ ਨੇ ਆਪਣੇ ਹਿਰਦੇ ਵਿਚ ਕਿਵੇਂ ਠਾਨੀ॥ ੪॥

**ਦੋਹਰਾ- ਭਰਥਰਿ ਪੂਰਬ ਜਬ ਮਿਲਜੋ ਸੁਨੇ ਬਚਨ ਤਤਸਾਰ।**
**ਗੋਰਖ ਢਿਗ ਗਮਨਜੋ ਤਬਹਿ ਬੰਦਜੋ ਪਦ ਸਿਰ ਧਾਰਿ॥ ੫॥**

ਭਰਥਰੀ ਜੋਗੀ ਪਹਿਲਾਂ ਗੁਰੂ ਜੀ ਨੂੰ ਜਦ ਮਿਲੇ ਸਨ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਸਾਰੇ ਬਚਨ ਸੁਣੇ ਸਨ। ਤਦ ਉਹ ਗੋਰਖ ਜੋਗੀ ਪਾਸ ਚਲੇ ਗਿਆ ਅਤੇ ਹੱਥ ਜੋੜ ਕੇ ਗੋਰਖ ਦੇ ਚਰਨਾਂ ਤੇ ਸਿਰ ਧਰ ਕੇ ਕਿਹਾ।

**ਅੜਿੱਲ- 'ਸੁਨਹੁ ਗੁਰੂ ਜੀ ਬੈਨ ਧਰਾ ਪ੍ਰਭੁ ਅਵਤਰੇ।**
**ਮਿਲਜੋ ਦੇਵਰਿਖ ਮੋਹ ਤਬੈ ਤਿਨ ਸੁਧ ਕਰੇ।**
**ਮੈਂ ਬੈਠਜੋ ਇਕ ਥਾਨ ਤਹਾਂ ਸੋ ਆਇਕੇ।**
**ਹੋ ਪ੍ਰਸ਼ਨ ਉੱਤਰ ਕਹਿ ਸਾਰ ਰਹਜੋ ਹਰਖਾਇ ਕੈ॥ ੬॥**

"ਹੇ ਗੁਰੂ ਜੀ! ਸੁਣੋ, ਪ੍ਰਭੂ ਨੇ ਆਪ ਅਵਤਾਰ ਧਾਰਿਆ ਹੈ, ਤਦ ਮੈਨੂੰ ਨਾਰਦ ਮਿਲਿਆ ਸੀ ਤੇ ਉਸ ਨੇ ਮੈਨੂੰ ਸਾਰੀ ਖ਼ਬਰ ਦਿੱਤੀ ਸੀ। ਮੈਂ ਇਕ ਥਾਂ ਬੈਠਾ ਸੀ, ਕਿ ਉਨ੍ਹਾਂ ਆ ਕੇ ਪ੍ਰਸ਼ਨ ਉੱਤਰ ਕਰਕੇ ਆਪਣੇ ਸਾਰ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ॥ ੬॥

**ਮਿਲਹੁ ਜਾਇ ਕਿਹ ਥਾਨ ਪੰਥ ਨਿਜ ਆਨਿਯੇ।**
**ਦੀਜੈ ਤਿਹ ਉਪਦੇਸ਼ ਜੋਗ ਗੁਨ ਗਾਨਿਯੇ।**

ਪੂਜਹਿ ਜਗਤ ਬਿਸਾਲ ਆਪ ਕੋ ਬਿਦਤ ਹੀ।
ਹੋ ਸੁਜਸ ਹੋਇ ਵਿਸਤਾਰ ਬ੍ਰਹਮੰਡਹਿ ਜਹਿਂ ਤਹੀਂ॥ ੭॥

ਉਸ ਨੂੰ ਕਿਸੇ ਥਾਂ ਜਾ ਕੇ ਮਿਲੋ ਅਤੇ ਆਪਣੇ ਪੰਥ ਵਿਚ ਲਿਆਵੋ। ਉਸ ਨੂੰ ਉਪਦੇਸ਼ ਦੇਵੋ ਅਤੇ ਜੋਗ ਮਤ ਦੇ ਗੁਣ ਬਿਆਨ ਕਰੋ। ਛੇਤੀ ਹੀ ਆਪ ਜੀ ਨੂੰ ਵਿਸ਼ਾਲ ਜਗਤ ਪੂਜਣ ਲੱਗ ਜਾਵੇਗਾ ਅਤੇ ਸਾਰੇ ਬ੍ਰਹਿਮੰਡ ਵਿਚ ਆਪ ਦੇ ਸ੍ਰੇਸ਼ਟ ਜੱਸ ਦਾ ਵਿਸਥਾਰ ਹੋਵੇਗਾ॥ ੭॥

ਯੌਂ ਨ ਲਖਹੁ ਮਨ ਮਾਂਹਿ ਪ੍ਰਭੂ ਕਿਉਂ ਮਗ ਪਰੇ।
ਰਾਮ, ਕ੍ਰਿਸ਼ਨ ਅਵਤਾਰ ਆਨਿ ਜਗ ਗੁਰੁ ਕਰੇ।
ਜਾਇ ਦੇਹੁ ਉਪਦੇਸ਼ ਜਹਾਂ ਮਿਲ ਜਾਵਈ।
ਹੋ ਲੇਹ ਜੋਗ ਕੋ ਧਾਰਿ ਸੁਜਸ ਜਗ ਛਾਵਈ॥ ੮॥

ਮਨ ਵਿਚ ਇਹ ਨਾ ਸਮਝੋ ਕਿ ਪ੍ਰਭੂ ਕਿਵੇਂ ਸਾਡੇ ਪੰਥ ਵਿਚ ਕਿਉਂ ਆਵੇਗਾ। ਰਾਮ ਕ੍ਰਿਸ਼ਨ ਅਵਤਾਰਾਂ ਨੇ ਵੀ ਜਗਤ ਵਿਚ ਆ ਕੇ ਗੁਰੂ ਧਾਰਨ ਕੀਤੇ ਸਨ। ਜੇ ਪ੍ਰਭੂ ਜੋਗ ਨੂੰ ਧਾਰ ਲੈਣਗੇ ਤਾਂ ਸਾਰੇ ਜਗਤ ਵਿਚ ਸ੍ਰੇਸ਼ਟ ਜੱਸ ਛਾ ਜਾਵੇਗਾ॥ ੮॥

ਦੋਹਰਾ- ਸੁਨਿ ਗੋਰਖ ਮਨ ਮਹਿਂ ਲਖੀ-ਸ਼ਕਤਿਵਾਨ ਹੈ ਕੋਇ।
ਸ੍ਰੀ ਬਿਸ਼ਨੁ ਅਵਤਾਰ ਜੋ ਅਬਿ ਕਲਿ ਮਹਿਂ ਕਜੋਂ ਹੋਇ॥ ੯॥

ਇਹ ਸੁਣ ਕੇ ਗੋਰਖ ਨੇ ਮਨ ਵਿਚ ਸਮਝਿਆ ਕਿ ਜ਼ਰੂਰ ਕੋਈ ਸ਼ਕਤੀਵਾਨ ਪੁਰਸ਼ ਹੈ। ਸ੍ਰੀ ਵਿਸ਼ਨੂੰ ਅਵਤਾਰ ਹੁਣ ਕਲਿਜੁਗ ਵਿਚ ਕਿਉਂ ਹੋਏ ਹਨ ?॥ ੯॥

ਸੋਰਠਾ- ਤਦਪਿ ਜੀਤ ਕਰ ਤਾਂਹਿ ਮੈਂ ਆਨੋ ਨਿਜ ਪੰਥ ਮੈਂ।
ਅਸਿ ਬਿਧਿ ਧਰਿ ਉਰ ਮਾਂਹਿ ਕੀਨ ਪਯਾਨਾ ਮੇਰੁ ਤੇ॥ ੧੦॥

ਤਦ ਮੈਂ ਉਸ ਨੂੰ ਜਿੱਤ ਕੇ ਆਪਣੇ ਪੰਥ ਵਿਚ ਲਿਆਉਂਦਾ ਹਾਂ। ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕਰਕੇ ਸੁਮੇਰ ਪਰਬਤ ਤੋਂ ਚਲ ਪਿਆ॥ ੧੦॥

ਉਤ ਗੋਰਖ ਯੋਂ ਕੀਨ, ਗੁਰੂ ਕਥਾ ਇਤ ਕੀ ਸੁਨਹੁ।
ਗਮਨੇ ਪ੍ਰਭੂ ਪ੍ਰਬੀਨ ਜਿਨ ਬਾਨੀ ਤੇ ਸ਼ਾਂਤਿ ਹ੍ਵੈ॥ ੧੧॥

ਓਧਰ ਗੋਰਖ ਨੇ ਇਸ ਤਰ੍ਹਾਂ ਕੀਤਾ, ਏਧਰ ਗੁਰੂ ਕਥਾ ਅਗਲੀ ਸੁਣੋ। ਨਿਪੁੰਨ ਪ੍ਰਭੂ, ਜਿਨ੍ਹਾਂ ਦੀ ਬਾਣੀ ਸੁਣ ਕੇ ਸ਼ਾਂਤੀ ਪ੍ਰਾਪਤ ਹੁੰਦੀ ਹੈ, ਅੱਗੇ ਚਲ ਪਏ॥ ੧੧॥

ਛਪਯ- ਪ੍ਰਸਥਾਨੇ ਗੁਨਖਾਨਿ ਹਨਿਨਿ ਸਭਿ ਸਿੱਧਨ ਮਾਨਾ।
ਗਏ ਹਿਮਾਚਲ ਊਰਧ ਦੇਖਿ ਬੋਲਜੋ ਮਰਦਾਨਾ।
'ਸੇਤ ਹੀ ਸੇਤ ਸਥਾਨ ਜਹਾਂ ਕਹਿਂ ਸਰਬ ਦਿਸਾਵਹਿ।
ਰਚਨਾ ਇਹ ਭਗਵੰਤ ਰਿਦੇ ਕਛੁ ਸਮਝ ਨ ਆਵਹਿ।

ਗੁਣਾਂ ਦੀ ਖਾਨ ਭਾਵ ਗੁਰੂ ਜੀ, ਸਭ ਸਿਧਾਂ ਦਾ ਹੰਕਾਰ ਤੋੜਨ ਵਾਸਤੇ ਗਏ। ਜਦ ਹਿਮਾਲਾ ਪਰਬਤ ਉਪਰ ਗਏ ਤੇ ਵੇਖ ਕੇ ਮਰਦਾਨਾ ਬੋਲਿਆ, "ਸਾਰੇ ਪਾਸੇ ਇਥੇ ਤਾਂ ਚਿੱਟਾ ਹੀ ਚਿੱਟਾ ਥਾਂ ਹੈ। ਭਗਵਾਨ ਨੇ ਇਸ ਦੀ ਕਿਉਂ ਰਚਨਾ ਕੀਤੀ ਹੈ, ਹਿਰਦੇ ਵਿਚ ਇਸ ਦੀ ਕੋਈ ਸਮਝ ਨਹੀਂ ਆਉਂਦੀ।

ਕਹੋ ਸਰਬ ਬਿਰਤੰਤ ਇਹ ਨਾਮ ਪਹਾਰ ਬਖਾਨ ਕਰਿ।

ਨਿਜ ਸ੍ਰੋਨਨ ਮੈਂ ਸੁਨਿ ਬੈਨ ਕੋ ਬੋਲੇ ਮੁਖ ਤੇ ਜਗਤ ਗੁਰੁ॥ ੧੨॥

ਪਹਾੜ ਦਾ ਨਾਂ ਦੱਸ ਕੇ ਇਹ ਸਾਰਾ ਬ੍ਰਿਤਾਂਤ ਸਾਨੂੰ ਸੁਣਾਉ। ਮਰਦਾਨੇ ਦੀ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਜਗਤ ਗੁਰੂ ਆਪਣੇ ਮੁਖ ਤੋਂ ਬੋਲੇ॥ ੧੨॥

ਦੋਹਰਾ- 'ਨਾਮ ਹਿਮਾਲੈ ਸੈਲ ਕੋ ਬਹੁਰ ਸੇਤ ਜੋ ਦੇਖ।
ਪਰੀ ਬਰਫ ਸੋ ਜਮ ਰਹੀ ਸੀਤਹਿੰ ਕਰਹਿ ਬਿਸ਼ੇਖ॥ ੧੩॥

ਇਸ ਪਹਾੜ ਦਾ ਨਾਂ ਹਿਮਾਲਾ ਪਰਬਤ ਹੈ, ਹੋਰ ਜਿਹੜਾ ਤੁਸੀਂ ਸਫੇਦੀ ਵੇਖਦੇ ਹੋ, ਇਹ ਪਹਾੜ ਉਤੇ ਬਰਫ ਪਈ ਹੈ, ਜਿਹੜੀ ਜੰਮੀ ਹੋਣ ਕਰਕੇ ਸਫੇਦ ਨਜ਼ਰ ਆਉਂਦੀ ਹੈ ਅਤੇ ਬਹੁਤ ਠੰਢ ਪੈਦਾ ਕਰਦੀ ਹੈ॥ ੧੩॥

ਸ੍ਵੈਯਾ- ਪਾਂਡਵ ਆਨ ਗਰੇ ਇਸ ਮੈਂ, ਖਗ ਜਾਵਤਿ ਯਾਂ ਪਰ ਸੋ ਗਰ ਜਾਈ।
ਏਕ ਬਚ੍ਯੋ ਧ੍ਰਮਰਾਇ ਕੋ ਤਾਤ ਨ ਆਯੋ ਇਤੈ ਸੁਰਲੋਕ ਸਿਧਾਈ।
ਸ੍ਰੀ ਕਰਤਾਰ ਦਯਾ ਤੁਝ ਪੈ ਤਨ ਖੇਦ ਨਹੀਂ ਇਹ ਠੌਰ ਦਿਖਾਈ'।
ਆਗੈ ਚਲੇ-ਸਿਰਧਾਰ ਪਹਾਰ-ਬਿਲੋਕਤਿ ਤਾਂਹਿ ਕੋ ਬਾਨੀ ਅਲਾਈ॥੧੪॥

ਇਸ ਬਰਫ ਵਿਚ ਪਾਂਡਵ ਆ ਕੇ ਗਲ ਗਏ ਸਨ, ਜੇ ਇਥੇ ਪੰਛੀ ਵੀ ਚਲਾ ਜਾਵੇ ਤਾਂ ਉਹ ਵੀ ਗਲ ਜਾਂਦਾ ਹੈ। ਇਕ ਪਾਂਡੋ ਬਚਿਆ ਸੀ, ਧਰਮਰਾਜ ਦਾ ਪੁੱਤਰ ਯੁਧਿਸ਼ਟਰ ਇਥੇ ਨਹੀਂ ਸੀ ਆਇਆ, ਉਹ ਸਿੱਧਾ ਹੀ ਦੇਵਪੁਰੀ ਚਲਾ ਗਿਆ ਸੀ। ਸ੍ਰੀ ਕਰਤਾਰ ਦੀ ਤੁਹਾਡੇ ਤੇ ਦਇਆ ਹੈ, ਤੁਹਾਡੇ ਸਰੀਰ ਨੂੰ ਇਸ ਥਾਂ ਕੋਈ ਦੁੱਖ ਨਹੀਂ ਪੁਜਿਆ ਹੈ।'' ਅੱਗੇ ਗਏ ਤਾਂ ਸਿਰ ਧਾਰ ਨਾਮੀ ਪਹਾੜ ਆਇਆ, ਉਸ ਨੂੰ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ॥ ੧੪॥

'ਗੈਲ ਨਹੀਂ ਇਹ ਸੈਲ ਕੇ ਊਪਰ ਸੀਸ ਅਧੋ ਪਦ ਊਰਧ ਹੋਊ।
ਕੋ ਨਹਿਂ ਆਇ, ਮਹਾਂ ਬਿਖਰੋ ਮਗ, ਆਵਤਿ ਸੋ ਹੁਇ ਖੇਚਰ ਜੋਊ'।
ਸੇਵਕ ਸ਼ਾਮ ਸਦਾ ਸੁਖਧਾਮ ਭਨੈਂ ਅਭਿਰਾਮ ਸੁਨੈ ਹਮ ਦੋਊ।
ਗੋਰਖ ਆਇ ਗਯੋ ਢਿਗ ਤਾਂ ਛਿਨ ਵਾਕ ਉਚਾਰਤਿ 'ਹੋ ਤੁਮ ਕੋਊ? ॥੧੫॥

''ਇਸ ਪਹਾੜ ਵਲ ਜਾਣ ਦਾ ਕੋਈ ਰਾਹ ਨਹੀ। ਇਸ ਪਹਾੜ ਦੇ ਉਤੇ ਜਾਣ ਨਾਲ ਸਿਰ ਹੇਠਾਂ ਵੱਲ ਅਤੇ ਪੈਰ ਉਪਰ ਵੱਲ ਹੋ ਜਾਂਦੇ ਹਨ। ਇਥੇ ਕੋਈ ਨਹੀਂ ਆਉਂਦਾ, ਬੜਾ ਮੁਸ਼ਕਲ ਪੈਂਡਾ ਹੈ, ਜਿਹੜਾ ਵੀ ਆਉਂਦਾ ਹੈ, ਉਹ ਬਹੁਤ ਤਕਲੀਫ ਪਾਉਂਦਾ ਹੈ।'' ਸੁਖਾਂ ਦੇ ਘਰ ਜੋ ਸੁੰਦਰ ਬਚਨ ਕਰਦੇ ਹਨ ਅਸੀਂ ਦੋਵੇਂ ਸੇਵਕ, ਭਾਵ ਬਾਲਾ ਤੇ ਮਰਦਾਨਾ ਬੜੇ ਪ੍ਰੇਮ ਨਾਲ ਸੁਣਦੇ ਹਾਂ। ਗੋਰਖ ਉਸ ਵੇਲੇ ਨੇੜੇ ਆ ਗਿਆ ਤੇ ਬੋਲਿਆ, ''ਤੁਸੀਂ ਕੌਣ ਹੋ ?॥ ੧੫॥

ਕਬਿੱਤ-ਕੌਨ ਤੁਮ ਨਾਮ? ਦੇਸ਼ ਛੋਰਿ ਆਯੋ ਕੌਨ ਨਾਮ? ਕੌਨ ਤੇਰੀ ਜਾਤ? ਕੀਓ ਕਿਤਕੋ ਪਯਾਨ ਹੈ?।
ਗੈਲ ਨ ਬਸੁੰਧਰਾ, ਪ੍ਰਕਾਸ਼ੇ ਮਾਰਤੰਡ ਨਹਿਂ, ਦੇਖੇ ਡਰ ਲਾਗੈ ਆਗੈ ਰਾਖਸ਼ ਭਯਾਨ ਹੈ।
ਕੈਸੇ ਜਾਵੋ ਆਗੇ? ਪੀਛੇ ਹਟੇ ਅਬ ਭਾਗੇ ਜਾਹੁ ਕੋ ਨ ਦੁਖ ਲਾਗੇ ਮਮ ਬਚਨ ਜੇ ਮਾਨਿ ਹੈਂ।
ਪੂਰੋ ਗੁਰੁ ਕੀਜੈ, ਇਤ ਜਾਨਿ ਨਾਮ ਲੀਜੈ ਤਬ, ਬਿਨਾ ਆਈ ਚਲੇ ਕੈਸੇ ਦੇਨ ਨਿਜ ਪ੍ਰਾਨ ਹੈ?' ॥੧੬॥

ਤੁਹਾਡਾ ਨਾਂ ਕੀ ਹੈ ? ਦੇਸ਼ ਛੱਡ ਕਿਹੜੇ ਕੰਮ ਆਏ ਹੋ ? ਤੇਰੀ ਜਾਤ ਕੀ ਹੈ ? ਹੁਣ ਕਿਥੇ ਜਾ ਰਹੇ ਹੋ ? ਪ੍ਰਿਥਵੀ ਵਾਂਗ ਇਥੇ ਸੂਰਜ ਨਹੀਂ ਚਮਕਦਾ। ਵੇਖ ਕੇ ਡਰ ਲਗਦਾ ਹੈ, ਕਿਉਂਕਿ ਇਥੇ ਭਿਆਨਕ ਰਾਕਸ਼ ਰਹਿੰਦੇ ਹਨ। ਅੱਗੇ ਕਿਸ ਤਰ੍ਹਾਂ ਜਾਵੋਗੇ ? ਮੇਰੇ ਬਚਨ ਮੰਨ ਕੇ, ਪਿੱਛੇ ਹੱਟ ਕੇ ਭੱਜ ਜਾਵੋ ਤਾਂ ਕੋਈ ਦੁੱਖ ਨਹੀਂ ਲਗੇਗਾ। ਪੂਰਾ ਗੁਰੂ ਅਪਨਾਓ, ਇਸ ਤਰ੍ਹਾਂ ਜਾਣ ਕੇ ਤਦ ਨਾਮ ਲਵੋ, ਬਿਨਾਂ ਆਈ ਦੇ ਆਪਣੇ ਪ੍ਰਾਣ ਦੇਣ ਕਿਉਂ ਚੱਲੇ ਹੋ ?''

'ਰੂਪ ਅਚਰਜ ਹਮ, ਜਾਤਿ ਤੇ ਅਜਾਤਿ ਭਏ ਦੇਸ਼ ਜਾਨਿ ਸੋਊ ਜਹਿਂ ਸਸੀ ਨਹਿਂ ਭਾਨੁ ਕੋ।
ਹਟੇ ਅਬ ਬਨੈ ਨਹਿਂ, ਜਾਵੇਂ ਜੀਅ ਮਾਂਹਿ ਜਹਿਂ ਰਿਦੇ ਜੁ ਹਮਾਰੇ ਭਯ ਭਯੋ ਸਭਿ ਹਾਨ ਕੋ।
ਦੁਖ ਸੁਖ ਜਾਨ ਸਮ, ਆਏ ਇਹ ਥਾਨ ਚਲਿ, ਗੁਰੂ ਏਕੰਕਾਰ, ਜਾਂ ਕੇ ਨਹੀਂ ਹੈ ਸਮਾਨ ਕੋ।
ਭੂਲਜੋ ਰਿਦੈ ਗੋਰਖ ਤੂੰ,ਸੁਧ ਤੇਰੀ ਗਈ ਸਭਿ,ਔਧ ਕੋ ਬਧਾਇ ਔਧ ਭਯੋ ਮਨੋ ਮਾਨ ਕੋ ॥੧੭॥

ਗੁਰੂ ਜੀ ਬੋਲੇ, "ਸਾਡਾ ਅਸਚਰਜ ਰੂਪ ਹੈ, ਜਾਤ ਤੇ ਅਜਾਤ ਹੋ ਗਏ ਹਾਂ, ਉਹੀ ਸਾਡਾ ਦੇਸ਼ ਜਾਣ ਲਵੋ ਜਿਥੇ ਨਾ ਸੂਰਜ ਹੈ ਨਾ ਚੰਦਰਮਾਂ ਹੈ। ਸਾਡਾ ਹੁਣ ਪਿਛੇ ਹਟਣਾ ਬਣਦਾ ਨਹੀਂ, ਜਿਥੇ ਜੀਅ ਕਰਦਾ ਹੈ ਜਾਂਦੇ ਹਾਂ, ਸਾਡੇ ਹਿਰਦੇ ਵਿਚ ਜੋ ਡਰ ਹੈ, ਉਸ ਡਰ ਨੂੰ ਛੱਡ ਕੇ ਜਾਵਾਂਗੇ। ਦੁਖ ਸੁਖ ਅਸੀਂ ਬਰਾਬਰ ਜਾਣਦੇ ਹਾਂ, ਇਸ ਸਥਾਨ ਤੇ ਚਲ ਕੇ ਆਏ ਹਾਂ, ਸਾਡਾ ਗੁਰੂ ਏਕੰਕਾਰ ਹੈ, ਜਿਸ ਦੇ ਕੋਈ ਬਰਾਬਰ ਨਹੀਂ ਹੈ। ਹੇ ਗੋਰਖ ਤੂੰ ਹਿਰਦੇ ਵਿਚ ਭੁੱਲ ਗਿਆ ਹੈਂ, ਤੇਰੀ ਸਾਰੀ ਸੋਝੀ ਜਾਂਦੀ ਰਹੀ ਹੈ। ਉਮਰ ਵਧਾ ਕੇ ਮਨ ਦੇ ਘੁਮੰਡ ਨੂੰ ਵਧਾ ਲਿਆ ਹੈ" ॥ ੧੭॥

ਕਬਿੱਤ-'ਮੱਲ ਮੂਤ ਦੇਹਿ ਤੇਰੀ ਮਾਨ ਲੇਹਿ ਬਾਤ ਮੇਰੀ ਕਾਇਰ ਜਜੋਂ ਧਾਮ ਬੋਲ ਬੋਲਤਿ ਨਿਲਾਜ ਹੈਂ।
ਦੇਖੋ ਜਾਇ ਆਗੇ ਕੈਸੇ ਤਹਾਂ ਦੁਖ ਲਾਗੈ ਤੋਹਿ ਐਸੇ ਹੌਂ ਹੂੰ ਜਾਨੋਂ, ਭਯ ਦੇਖਿ ਕਰਿ ਭਾਜ ਹੈਂ।
ਕੌਨ ਬੇਖ ਤੇਰਾ ਐਸੋ ਆਗੈ ਨਹਿਂ ਹੇਰਾ ਕਬਿ, ਹਠ ਤਜਾਗ ਦੀਜੈ ਮਨ ਹੋਇ ਸ਼ੁਭ ਕਾਜ ਹੈ।
ਰਾਮ ਜਦੁ ਪਤਿ ਆਦਿ ਕੀਨੋ ਜਗ ਗੁਰੂ ਆਇ,ਤੁਮ ਕਜੋਂ ਨ ਕਰੋ? ਪਰਤਾਪ ਵਡੋ ਛਾਜ ਹੈ ॥੧੮॥

ਗੋਰਖ ਨੇ ਕਿਹਾ, "ਮਲ ਮੂਤਰ ਦੀ ਤੇਰੀ ਦੇਹ ਹੈ, ਮੇਰੀ ਗੱਲ ਮੰਨ ਲੈ, ਕਾਇਰ ਜਿਵੇਂ ਘਰ ਲਾਜ ਰਹਿਤ ਬੋਲੀ ਬੋਲਦੇ ਹਨ। ਵੇਖੋ ਅੱਗੇ ਕਿਸ ਤਰ੍ਹਾਂ ਜਾਵੇਂਗੇ ਤੈਨੂੰ ਬਹੁਤ ਦੁੱਖ ਲਗੇਗਾ, ਇਸ ਨੂੰ ਹੁਣ ਹੀ ਜਾਣ ਲਵੋ, ਡਰ ਵੇਖ ਕੇ ਭੱਜ ਉਠੇਂਗਾ। ਭੇਸ ਤੇਰਾ ਕੈਸਾ ਹੈ, ਅਜਿਹਾ ਭੇਸ ਅੱਗੇ ਕਦੇ ਨਹੀਂ ਵੇਖਿਆ, ਆਪਣੇ ਮਨ ਦਾ ਹੱਠ ਛੱਡ ਦੇਵੋ, ਇਸੇ ਵਿਚ ਹੀ ਸ਼ੁਭ ਕਾਰਜ ਹੈ। ਜਦ ਰਾਮ ਜੀ ਅਤੇ ਕ੍ਰਿਸ਼ਨ ਜੀ ਆਪਣੇ ਗੁਰੂ ਧਾਰਨ ਕੀਤੇ ਸਨ, ਫਿਰ ਤੁਸੀਂ ਕਿਸੇ ਨੂੰ ਆਪਣਾ ਗੁਰੂ ਕਿਉਂ ਨਹੀਂ ਬਣਾਉਂਦੇ? ਗੁਰੂ ਧਾਰਨ ਨਾਲ ਤੁਹਾਡਾ ਵੱਡਾ ਪਰਤਾਪ ਹੋਵੇਗਾ" ॥ ੧੮॥

'ਨਾਮ ਕੇ ਪ੍ਰਤਾਪ ਸੋਂ ਪਵਿੱਤ੍ਰ ਦੇਹਿ ਭਈ ਮੇਰੀ, ਕਾਇਰ ਹੈ ਸੋਊ ਤੁਝ ਜੈਸੇ ਬਿਲਲਾਇ ਹੈਂ।
ਦੇਖਨੇ ਕੀ ਇੱਛਾ ਉਰ ਦੇਖੈਂ ਆਗੈ ਜਾਇ ਦੂਰ, ਬੋਲਿਕੈ ਡਰਾਵੈਂ ਨਹਿ ਯਾਂ ਤੇ ਹਟ ਜਾਇ ਹੈਂ।
ਬੇਖ ਏਕੰਕਾਰੀ ਨਿੱਤ ਆਦਿ ਅੰਤ ਹੋਤਿ ਸੌਤ ਤਹਾਂ ਕੀ ਪਹੂਚਿ ਨਹਿਂ ਕੈਸੇ ਸਮਝਾਇ ਹੈਂ।
ਹਠ ਕੈਸੇ ਤਜਾਗੈਂ ? ਹਠ ਹੀ ਸੇ ਸੂਰਾ ਪੂਰਾ ਹੋਇ, ਗੁਰੂ ਪੂਰਾ ਕੀਨੋ ਨਹਿਂ,ਯਾਂਤੇ ਤੂੰ ਅਲਾਇ ਹੈਂ ॥੧੯॥

ਗੁਰੂ ਜੀ ਨੇ ਕਿਹਾ, "ਨਾਮ ਦੇ ਪ੍ਰਤਾਪ ਨਾਲ ਮੇਰੀ ਦੇਹ ਪਵਿੱਤਰ ਹੋ ਗਈ ਹੈ। ਉਹ ਕਾਇਰ ਹਨ, ਜਿਹੜੇ ਤੇਰੇ ਜੈਸੇ ਵਿਰਲਾਪ ਕਰਦੇ ਹਨ। ਸਾਡੇ ਹਿਰਦੇ ਵਿਚ ਵੇਖਣ ਦੀ ਇੱਛਾ ਹੈ, ਇਸ ਲਈ ਅੱਗੇ ਦੂਰ ਤਕ ਜਾ ਕੇ ਵੇਖਾਂਗੇ। ਜੇ ਤੂੰ ਸਾਨੂੰ ਬੋਲ ਕੇ ਡਰਾਵੇਂਗਾ ਤਾਂ ਅਸੀਂ ਇਥੋਂ ਪਿਛਾਂਹ ਨਹੀਂ ਹਟਾਂਗੇ। ਸਾਡਾ ਭੇਸ ਏਕੰਕਾਰੀ ਹੈ, ਜਿਥੇ ਸਦਾ ਆਦਿ ਅੰਤ ਸੱਚ ਹੁੰਦਾ ਹੈ, ਓਥੇ ਤੂੰ ਪਹੁੰਚਿਆ ਨਹੀਂ, ਇਸ ਲਈ ਉਸ ਬਾਰੇ ਤੈਨੂੰ ਕਿਸ ਤਰ੍ਹਾਂ ਸਮਝਾਈਏ। ਹੱਠ ਕਿਵੇਂ ਛੱਡ ਦੇਈਏ, ਹੱਠ ਨਾਲ ਹੀ ਸੂਰਮਾ ਪੂਰਾ ਹੁੰਦਾ ਹੈ। ਤੂੰ ਕੋਈ ਪੂਰਨ ਗੁਰੂ ਧਾਰਨ ਨਹੀਂ ਕੀਤੇ, ਫਜ਼ੂਲ ਬੋਲੀ ਜਾਂਦਾ ਹੈਂ" ॥ ੧੯॥

ਸ੍ਵੈਯਾ- 'ਜੋਗਤੇ ਹੋਤਿ ਸਰੀਰ ਸਦਾ ਥਿਰ ਨੌਨਿਧਿ ਸਿੱਧਿ ਆਨਿ ਰਹਿਂ ਪਾਸੂ।
ਪੂਜ ਬਨੈ ਜਗ ਮੈਂ ਪ੍ਰਗਟਾਇ ਰਜਾਇ ਚਲੈ ਸਭਿ ਊਪਰ ਤਾਸੂ।
ਚਾਹਿ ਰਿਦੈ ਮਹਿਂ ਜੋ ਹੁਇ ਕਾਂਹਿ ਕੀ ਸੋ ਕਰਿ ਲੇਤਿ ਵਧੇ ਬਲ ਰਾਸੂ।
ਪੂਰਨ ਹੈ ਗੁਨ ਰੂਰਨ ਸੋਂ ਮਨ ਤੂਰਨ ਮਾਨਿ ਕੈ ਸੀਖ ਪ੍ਰਕਾਸੂ ॥੨੦॥

ਗੋਰਖ ਨੇ ਕਿਹਾ, "ਜੋਗ ਨਾਲ ਸਦਾ ਸਥਿਰ ਰਹਿੰਦਾ ਹੈ ਅਤੇ ਨੌ ਨਿਧੀਆਂ ਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਜੱਗ ਵਿਚ ਉਹ ਪੂਜਨੀਕ ਹੋ ਜਾਂਦਾ ਹੈ ਅਤੇ ਸਭ ਉਪਰ ਉਸ ਦਾ ਹੁਕਮ ਚਲਦਾ ਹੈ। ਦਿਲ ਵਿਚ ਜੋ ਵੀ ਚਾਹਤ ਹੁੰਦੀ ਹੈ, ਉਸ ਨੂੰ ਕਰ ਲੈਂਦਾ ਹੈ ਅਤੇ ਬਲ ਦੀ ਰਾਸ ਵਧਦੀ ਹੈ। ਮਨ ਸੁੰਦਰ ਗੁਣਾਂ ਨਾਲ ਪੂਰਨ ਹੋ ਜਾਂਦਾ ਹੈ, ਇਸ ਲਈ ਯਤਨ ਕਰਕੇ ਛੇਤੀ ਸਿਖਿਆ ਪ੍ਰਾਪਤ ਕਰ ਲਵੋ"॥ ੨੦॥

'ਛੋਰਿ ਦਈ ਤਨ ਹੰਤ ਹੁਤੀ ਚਿਤ ਰਾਖਨ ਕੌ ਥਿਰ ਕੌਨ ਹੈ ਕਾਮੂ।
ਜੋ ਨਿਧਿ ਸਿੱਧਿ ਸੁ ਦਾਸੀ ਭਈ ਲਿਯ ਦੇਵ ਤਰੋਵਰੁ ਸ੍ਰੀ ਹਰਿ ਨਾਮੂ।
ਮਾਨਵ ਮਾਂਹਿ ਪੁਜਾਵਨ ਕੀ ਮਨ ਬਾਸ਼ਨ ਨਾਸ਼ ਕਰੀ ਵਡਆਮੂ।
ਕਾਹਿ ਕੀ ਚਾਹਿ ਨਹੀਂ ਉਰ ਮਾਂਹਿ ਅਘਾਇ ਰਹੇ ਸੁਖ ਭਾ ਅਭਿਰਾਮੂ' ॥੨੧॥

ਗੁਰੂ ਜੀ ਬੋਲੇ, "ਮੇਰੇ ਤਨ ਵਿਚ ਜਿੰਨੀ ਵੀ ਹੰਗਤਾ ਸੀ, ਉਸ ਨੂੰ ਮੈਂ ਛੱਡ ਦਿੱਤਾ ਹੈ, ਹੁਣ ਚਿਤ ਨੂੰ ਸਥਿਰ ਰੱਖਣਾ ਮੇਰੇ ਕਿਸ ਕੰਮ ਹੈ? ਜੋ ਨਿਧੀਆਂ ਸਿਧੀਆਂ ਹਨ, ਉਹ ਤਾਂ ਮੇਰੀਆਂ ਦਾਸੀਆਂ ਹਨ, ਕਿਉਂਕਿ ਹਰੀ ਨਾਮ ਰੂਪੀ ਮੇਰੇ ਪਾਸ ਕਲਪ ਬ੍ਰਿਛ ਹੈ। ਮਨੁੱਖਾਂ ਵਿਚ ਮਨ ਦੀਆਂ ਵਾਸ਼ਨਾਵਾਂ ਵਿਨਾਸ਼ਕਾਰੀ ਵੱਡਾ ਰੋਗ ਹੈ। ਦਿਲ ਵਿਚ ਕਿਸੇ ਚੀਜ਼ ਦੀ ਚਾਹ ਨਹੀਂ ਹੈ, ਸਦਾ ਤ੍ਰਿਪਤ ਰਹਿ ਕੇ ਸੁੰਦਰ ਅਨੰਦਦਾਇਕ ਸੁਖ ਪ੍ਰਾਪਤ ਕਰਦੇ ਹਾਂ"॥ ੨੧॥

ਸ੍ਵੈਯਾ- ਗੋਰਖ ਸ੍ਰੋਨ ਸੁਨੇ ਜਬ ਬੈਨ ਲਖੀ ਮਨਮੈਂ-ਇਹ ਮਾਨਤਿ ਨਾਂਹੀ।
ਲਾਇ ਅਬੈ ਸ਼ਕਤੀ ਪਰਖੌਂ ਮੁਖ ਬੋਲ ਤਿਹੈ ਕਿਧੌਂ ਸਾਚੋ ਭੀ ਆਹੀ।
ਜਾਸ ਸਿਲਾ ਪਰ ਬੈਸੇ ਗੁਰੂ ਬਲ ਕੀਨ ਉਡਾਵਨ ਕੋ ਬਹੁ ਤਾਂਹੀ।
ਨੈਕ ਹਲੀ ਨਹਿ ਅੰਗਦ ਲਾਤ ਸੀ, ਜਾਨਜੋ ਪ੍ਰਤਾਪ ਸਹੀ ਮਨ ਮਾਂਹੀ॥੨੨॥

ਗੋਰਖ ਨੇ ਜਦ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਮਨ ਵਿਚ ਸੋਚਿਆ, ਇਹ ਤਾਂ ਮੰਨਦੇ ਨਹੀਂ ਹਨ। ਮੈਂ ਹੁਣ ਆਪਣੀ ਸ਼ਕਤੀ ਵਰਤ ਕੇ ਪਰਖਦਾ ਹਾਂ ਕਿ ਜੋ ਕੁਝ ਉਹ ਮੁੱਖ ਤੋਂ ਬੋਲਦੇ ਹਨ, ਸੱਚ ਵੀ ਹੈ ਕਿ ਨਹੀਂ। ਜਿਸ ਪੱਥਰ ਦੀ ਸਿਲ ਦੇ ਗੁਰੂ ਜੀ ਬੈਠੇ ਸਨ, ਉਸ ਨੂੰ ਉਹ ਆਪਣਾ ਬਹੁਤ ਬਲ ਵਰਤ ਕੇ ਉਡਾਉਣ ਲੱਗਾ। ਉਹ ਸਿਲ ਅੰਗਦ ਦੀ ਲੱਤ ਵਾਂਗ (ਜੋ ਰਾਵਣ ਦੇ ਦਰਬਾਰ ਵਿਚ ਕਿਸੇ ਪਾਸੋਂ ਵੀ ਚੁੱਕੀ ਨਹੀਂ ਸੀ ਗਈ) ਬਿਲਕੁਲ ਨਾ ਹਿੱਲੀ, ਇਹ ਵੇਖ ਕੇ ਉਸ ਗੁਰੂ ਜੀ ਦਾ ਪ੍ਰਤਾਪ ਆਪਣੇ ਮਨ ਵਿਚ ਜਾਣਿਆ॥ ੨੨॥

ਯੌਂ ਕਰਿ ਗੋਰਖ ਲੋਪ ਭਯੋ ਉਰ ਬੀਚ ਬਿਚਾਰਤਿ ਜਾਵਤਿ ਸੋਈ।
ਹੋਇ ਵਡੋ ਪਰਤਾਪ ਸੰਸਾਰਹਿ ਜੋ ਹਮਰੋ ਇਹ ਸੇਵਕ ਹੋਈ।
ਪੰਥ ਪ੍ਰਕਾਸ਼ ਬਿਸਾਲ ਕਰੈ ਮਮ, ਯਾ ਸਮ ਔਰ ਨ ਦੀਸਤਿ ਕੋਈ।
ਮਾਨਹਿ ਆਨ ਜਿ ਦੇਸ਼ ਮਹਾਨ ਬਨੈ ਸਭਿ ਥਾਨ ਮੈਂ ਸੇਵਕ ਲੋਈ॥੨੩॥

ਇਸ ਤਰ੍ਹਾਂ ਕਰਕੇ ਗੋਰਖ ਨਾਥ ਅਲੋਪ ਹੋ ਗਿਆ ਅਤੇ ਜਾਂਦਾ ਜਾਂਦਾ ਆਪਣੇ ਹਿਰਦੇ ਵਿਚ ਇਹ ਵਿਚਾਰ ਕਰ ਰਿਹਾ ਸੀ, ਮੇਰਾ ਸੰਸਾਰ ਵਿਚ ਵੱਡਾ ਪ੍ਰਤਾਪ ਹੋਵੇਗਾ ਜੇ ਇਹ ਮੇਰਾ ਸੇਵਕ ਹੋ ਜਾਵੇ। ਮੇਰਾ ਪੰਥ ਵਿਸ਼ਾਲ ਪ੍ਰਕਾਸ਼ਮਾਨ ਹੋਵੇਗਾ, ਇਸ ਵਰਗਾ ਹੋਰ ਕੋਈ ਨਹੀਂ ਦਿੱਸਦਾ। ਸਭ ਮਹਾਨ ਦੇਸ਼ ਮੈਨੂੰ ਆ ਕੇ ਮੰਨਣਗੇ ਅਤੇ ਸਭ ਥਾਵਾਂ ਦੇ ਲੋਕ ਮੇਰੇ ਸੇਵਕ ਹੋ ਜਾਣਗੇ॥ ੨੩॥

ਦੋਹਰਾ- ਏਕ ਗ੍ਰਾਮ ਕੋ ਭੂਪ ਜਯੋਂ ਚਹਿਤਿ ਚਤੁਰ ਦਿਸ਼ ਜੀਤ।
ਗੋਰਖ ਇੱਛਾ ਕਰਤਿ ਤਯੋਂ ਜਯੋਂ ਪ੍ਰਾਪਤਿ ਬਿੱਪ੍ਰੀਤਿ॥ ੨੪॥

ਜਿਵੇਂ ਇਕ ਪਿੰਡ ਦਾ ਰਾਜਾ ਇਹ ਚਾਹੁੰਦਾ ਹੋਵੇ ਕਿ ਚਾਰੇ ਪਾਸੇ ਜਿੱਤ ਪ੍ਰਾਪਤ ਕਰ ਲਵਾਂ, ਇਂਝ ਹੀ ਗੋਰਖ ਇੱਛਾ ਕਰਦਾ ਹੈ। ਉਲਟੀ ਮੱਤ ਵਾਲਾ ਜਿਵੇਂ ਕਿਵੇਂ ਜਿੱਤ ਪ੍ਰਾਪਤ ਕਰਨੀ ਚਾਹੁੰਦਾ ਹੈ॥ ੨੪॥

ਸੈ੍ਯਾ- ਸਿਧ ਮੰਡਲ ਮੈਂ ਪ੍ਰਗਟ੍ਯੋ ਤਬ ਜਾਇ ਰਿਦੈ ਬਹੁ ਚਿੰਤ ਉਪਾਇ ਬਿਚਾਰੇ।
ਇਤ ਸ੍ਰੀ ਗੁਰੁ ਸੋਂ ਮਰਦਾਨੇ ਤਬੈ ਹਿਤ ਬੂਝਨ ਕੇ ਮੁਖ ਵਾਕ ਉਚਾਰੇ।
'ਸਵਿਤਾ ਨਹਿਂ ਦੀਸਤਿ ਹੈ ਕਰੁਨਾਨਿਧਿ ! ਜੋ ਹਮ ਊਰਧ ਓਰ ਨਿਹਾਰੇਂ'।
ਗੁਰੁ ਭਾਖਤਿ 'ਨੀਚੇ ਕੋ ਡੀਠ ਕਰੋ ਪਸ਼ਚਾਤ ਦਿਸ਼ਾ ਹੂੰ ਕੀ ਓਰ ਪਧਾਰੇ' ॥੨੫॥

ਫਿਰ ਸਿੱਧ ਮੰਡਲੀ ਵਿਚ ਪਹੁੰਚ ਜਾਂਦਾ ਹੈ ਅਤੇ ਉਥੇ ਜਾ ਕੇ ਹਿਰਦੇ ਵਿਚ ਬੜਾ ਚਿੰਤਿਤ ਹੋ ਜਾਂਦਾ ਹੈ ਅਤੇ ਗੁਰੂ ਜੀ ਨੂੰ ਆਪਣਾ ਚੇਲਾ ਬਣਾਉਣ ਬਾਰੇ ਉਪਾਅ ਸੋਚਦਾ ਹੈ। ਉਸ ਵੇਲੇ ਮਰਦਾਨੇ ਨੇ ਗੁਰੂ ਜੀ ਪਾਸੋਂ ਪੁੱਛਣ ਵਾਸਤੇ ਮੁੱਖ ਤੋਂ ਕੁਝ ਸ਼ਬਦ ਕਹੇ। "ਹੇ ਕਿਰਪਾ ਦੇ ਖਜ਼ਾਨੇ ਭਾਵ ਗੁਰੂ ਜੀ ! ਸੂਰਜ ਨਹੀਂ ਦਿੱਸਦਾ ਹੈ ਜੋ ਅਸੀਂ ਉਪਰ ਵੱਲ ਵੇਖਦੇ ਹਾਂ।" ਗੁਰੂ ਜੀ ਨੇ ਕਿਹਾ, "ਹੇਠਾਂ ਵੱਲ ਵੇਖੋ, ਪੱਛਮ ਦਿਸ਼ਾ ਵਲ ਚਲੇ ਗਿਆ ਹੈ"॥ ੨੫॥

ਦੋਹਰਾ- 'ਕਿਤੀ ਦੂਰ ਹੈ ਧਰਾ ਤੇ ਊਚੇ ਸੂਰਜ ਚੰਦ।
ਪੁਨ ਉਡਗਨ ਕੀ ਬਾਰਤਾ ਕਹਿਯੇ ਸਭਿਹਿ ਮੁਕੰਦ!' ॥ ੨੬॥

"ਸੂਰਜ ਚੰਦ ਧਰਤੀ ਤੋਂ ਕਿੰਨੇ ਉਚੇ ਹਨ ? ਹੇ ਮੁਕਤੀਦਾਤੇ ! ਫਿਰ ਤਾਰਿਆਂ ਬਾਰੇ ਸਾਰੀ ਵਾਰਤਾ ਦੱਸੋ"॥ ੨੬॥

ਸੈ੍ਯਾ- 'ਜੋਜਨ ਲਾਖ ਲਖੋ ਉਰ ਮੇ ਧਰ ਊਚੋ ਇਤੋ ਰਵਿ ਕੋ ਰਥ ਜਾਈ।
ਹੈ ਤਿਤਨੋ ਤਿਸ ਤੇ ਸਸਿ ਊਰਧ ਤਾਰਨ ਕੀ ਮਿਰਜਾਦ ਨ ਕਾਈ।
ਊਚੇ ਅਧੋ ਤਿਨਕੇ ਪੁਰਿ ਹੈਂ ਸਭਿ ਕੇ ਸਿਰ ਊਪਰ ਧ੍ਰੂਅ ਸੁਹਾਈ।
ਬਾਰਿਕ ਪੰਚਹੀ ਸੰਮਤ ਕੋ ਹਠ ਕੀਨ ਵਡੋ ਜਿਨ ਘਾਲ ਕਮਾਈ' ॥੨੭॥

ਧਰਤੀ ਤੋਂ ਚਾਰ ਲੱਖ ਕੋਹਾਂ ਉੱਚਾ ਸੂਰਜ ਦਾ ਰੱਥ ਜਾਂਦਾ ਹੈ। ਉਸ ਤੋਂ ਉਪਰ ਏਨਾ ਹੀ ਚੰਦਰਮਾਂ ਹੈ, ਤਾਰਿਆਂ ਦੀ ਕੋਈ ਮਰਿਆਦਾ ਨਹੀਂ ਹੈ। ਉਚੇ ਨੀਵੇਂ ਇਨ੍ਹਾਂ ਦੇ ਸਥਾਨ ਹਨ ਅਤੇ ਸਾਰਿਆਂ ਦੇ ਉਪਰ ਧ੍ਰੂਅ ਤਾਰਾ ਸ਼ੋਭਾ ਪਾ ਰਿਹਾ ਹੈ। ਬਾਲਕ ਨੇ ਪੰਜ ਸਾਲ ਵੱਡਾ ਹੱਠ ਕਰਕੇ ਤਪੱਸਿਆ ਕਰਕੇ ਘਾਲ ਕਮਾਈ ਕੀਤੀ"॥ ੨੭॥

ਅੜਿੱਲ- ਸੁਨਿ ਮਰਦਾਨਾ ਕਹੈ 'ਪ੍ਰਭੂ ਇਕ ਵੇਰ ਜੀ।
ਦਰਸ਼ਨ ਕੀਜੈ ਤਾਂਹਿ ਜੁ ਸ਼ਿਖਰ ਸੁਮੇਰੁ ਜੀ।
ਬਾਲਕ ਬੈਸ ਬਿਸਾਲ ਤਪ੍ਯੋ ਤਪ ਕਠਨ ਜਿਹ।
ਹੋ ਅਬਚਲ ਪਦਵੀ ਪਾਇ ਬਸ੍ਯੋ ਸੁਖ ਥਾਨ ਮਹਿਂ'॥ ੨੮॥

ਇਹ ਸੁਣ ਕੇ ਮਰਦਾਨੇ ਨੇ ਕਿਹਾ, "ਹੇ ਪ੍ਰਭੂ ਜੀ ! ਇਕ ਵਾਰ, ਸੁਮੇਰ ਪਰਬਤ ਦੇ ਸ਼ਿਖਰ ਦੇ ਦਰਸ਼ਨ ਕਰੀਏ। ਬਾਲਕ ਨੇ ਜਿਸ ਚੋਟੀ ਉਤੇ ਬੈਠ ਕੇ ਵਿਸ਼ਾਲ ਅਤੇ ਕਠਨ ਤਪ ਕੀਤਾ, ਜਿਸ ਕਾਰਨ ਅਬਚਲ ਪਦਵੀ ਪ੍ਰਾਪਤ ਕਰਕੇ ਸੁਖੀ ਸਥਾਨ ਤੇ ਜਾ ਵੱਸਿਆ"॥ ੨੮॥

ਬਿਗਸੇ ਪੰਕਜ ਬਦਨ ਬਚਨ ਮੁਖ ਸੋਂ ਭਨ੍ਯੋ।
'ਮਰਦਾਨਾ ਕਜਾ ਕਹਿਤਿ ਰਿਦੇ ਤੁਮ ਕਿਵ ਗੁਨ੍ਯੋ।
ਆਗੈ ਚਾਹਤਿ ਚਲ੍ਯੋ ਪਿਖਨ ਧ੍ਰੂ ਥਾਨ ਕੋ।
ਹੋ ਤੁਮ ਨਿਜ ਮਨ ਕੀ ਦੇਹੁ ਚਹੋ ਕਿ ਨ ਜਾਨਕੋ ?'॥ ੨੯॥

ਕੰਵਲ ਮੁਖ ਭਾਵ ਗੁਰੂ ਜੀ ਮੁਸਕਰਾਏ ਅਤੇ ਮੁਖ ਤੋਂ ਬਚਨ ਕਹੇ, "ਹੇ ਮਰਦਾਨੇ! ਤੂੰ ਕੀ ਕਹਿੰਦਾ ਹੈਂ ਅਤੇ ਹਿਰਦੇ ਵਿਚ ਕੀ ਸੋਚਿਆ ਹੈ। ਧ੍ਰੂ ਅਸਥਾਨ ਵੇਖਣ ਵਾਸਤੇ ਅੱਗੇ ਜਾਣਾ ਚਾਹੁੰਦਾ ਹੈਂ ਆਪਣੇ ਮਨ ਦੀ ਗੱਲ ਦੱਸ, ਤੂੰ ਅੱਗੇ ਜਾਣਾ ਚਾਹੁੰਦਾ ਹੈ ਕਿ ਨਹੀਂ?"॥ ੨੯॥

ਸ੍ਰੀ ਅੰਗਦ ਜੀ ਸੁਨਹੁ ਬਚਨ ਤਬ ਮੈਂ ਕਹੇ।
ਮਰਦਾਨਾ ਜੋ ਕਹਤਿ ਸੁ ਨੀਕੀ ਬਿਧਿ ਅਹੇ।
ਜੇ ਊਰਧ ਹੈਂ ਥਾਨ ਬਸਤਿ ਜੇ ਤਿਨਹਿ ਮੈਂ।
ਹੋ ਸਭੈ ਬਿਲੋਕਨ ਚਾਹਿ ਅਧਿਕ ਮਮ ਮਨਹਿਂ ਮੈਂ॥ ੩੦॥

ਹੇ ਗੁਰੂ ਅੰਗਦ ਦੇਵ ਜੀ! ਸੁਣੋ, ਮੈਂ ਤਦ ਕੁਝ ਬਚਨ ਕਹੇ, "ਮਰਦਾਨਾ ਜੋ ਕਹਿੰਦਾ ਹੈ ਸੋ ਚੰਗੀ ਗੱਲ ਹੈ। ਜੇ ਉਪਰ ਕੋਈ ਥਾਂ ਹੈ, ਅਤੇ ਉਨ੍ਹਾਂ ਵਿਚ ਜੋ ਵੱਸਦੇ ਹਨ, ਸਾਡੀ ਉਨ੍ਹਾਂ ਸਭ ਨੂੰ ਵੇਖਣ ਦੀ ਵੱਡੀ ਖਾਹਿਸ਼ ਹੈ"॥ ੩੦॥

ਇਸ ਬਿਧਿ ਹਮ ਕੋ ਬੂਝ ਦੀਨ ਦੁਖ ਭੰਜਨੈ।
ਗਮਨੇ ਆਗੇ ਬਹੁਰ ਮਾਨ ਸਿਧ ਗੰਜਨੈ।
ਇਕ ਪਹਾਰ ਪਰ ਗਏ ਜਾਇ ਬੈਸੇ ਤਬੈ।
ਹੋ ਊਨਾ ਤਾਂਕੋ ਨਾਮ ਬਤਾਯੋ ਗੁਰੁ ਤਬੈ॥ ੩੧॥

ਦੁੱਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ, ਇਸ ਤਰ੍ਹਾਂ ਸਾਨੂੰ ਸਮਝਾਉਣ ਵਾਸਤੇ ਅਤੇ ਸਿੱਧਾਂ ਦਾ ਹੰਕਾਰ ਤੋੜਨ ਵਾਸਤੇ ਅੱਗੇ ਚਲ ਪਏ। ਤਦ ਇਕ ਪਹਾੜ ਤੇ ਜਾ ਕੇ ਬੈਠ ਗਏ। ਗੁਰੂ ਜੀ ਨੇ ਉਸ ਸਮੇਂ ਉਸ ਪਹਾੜ ਦਾ ਨਾਂ 'ਊਨਾ' ਦੱਸਿਆ॥ ੩੧॥

ਅੜਿੱਲ-ਉਤ ਗੋਰਖ ਕੀ ਸੁਨਹੁ ਬੁਲਾਏ ਸਿਧ ਸਬੈ।
ਬੈਠੇ ਮਜਲਸ ਲਾਇ ਕਿਯੇ ਆਸਨ ਤਬੈ।
ਕਿਹ ਪਰ ਹੈ ਮ੍ਰਿਗ ਚਰਮ, ਸਿੰਘ ਕੋ ਕਿਹ ਲਿਯੋ।
ਹੋ ਕਿਹ ਖਿੰਥਾ ਗਰ ਪਹਿਰ ਜਾਹਿਂ ਰੰਗ ਬਹੁ ਕਿਯੇ॥ ੩੨॥

ਉਧਰ ਗੋਰਖ ਦੀ ਸੁਣੋ, ਉਸ ਨੇ ਸਾਰੇ ਸਿੱਧਾਂ ਨੂੰ ਬੁਲਾ ਲਿਆ। ਉਹ ਆਪਣਾ ਆਪਣਾ ਆਸਣ ਬਣਾ ਕੇ ਮਜਲਸ ਲਾ ਕੇ ਬੈਠ ਗਏ। ਕਿਸੇ ਦਾ ਹਿਰਨ ਦੇ ਚੰਮ ਦਾ ਆਸਣ ਸੀ, ਕਿਸੇ ਨੇ ਸ਼ੇਰ ਦੀ ਖੱਲ ਦਾ ਆਸਣ ਬਣਾਇਆ ਸੀ, ਕਈ ਗਲ ਵਿਚ ਗੋਦੜੀ ਪਾ ਕੇ ਜਾ ਰਹੇ ਸਨ, ਕਈ ਪ੍ਰਕਾਰ ਦੇ ਰੰਗ ਉਨ੍ਹਾਂ ਧਾਰਨ ਕੀਤੇ ਹੋਏ ਸਨ॥ ੩੨॥

ਫਟਕ ਮੁਦਰਾ ਪਹਿਰ ਚੀਰ ਦ੍ਵੈ ਕਾਨਕੋ।
ਹਾਥ ਬਿਰਾਗਨਿ ਧਰੇ ਮਨਹੁ ਘਰ ਮਾਨਕੋ।
ਸ੍ਵੇਤ ਬਿਭੂਤ ਸਰੀਰ ਲਗਾਇ ਬਨਾਇਕੈ।
ਹੋ ਸਿੰਙੀ ਲੇ ਕਰ ਮਾਂਹਿ ਬਜਾਇ ਸੁਨਾਇਕੈ॥ ੩੩॥

ਦੋਵੇਂ ਕੰਨ ਚੀਰ ਕੇ ਬਲੌਰੀ ਮੁੰਦਰਾਂ ਪਹਿਨੀਆਂ ਹੋਈਆਂ ਸਨ। ਹੱਥਾਂ ਵਿਚ ਬਿਰਾਗਣਾਂ ਇੰਝ ਧਰੀਆਂ ਸਨ, ਮਾਨੋ ਹੰਕਾਰ ਦਾ ਘਰ ਸਨ। ਸਫੈਦ ਸੁਆਹ ਸਰੀਰ ਨੂੰ ਚੰਗੀ ਤਰ੍ਹਾਂ ਮਲੀ ਹੋਈ ਸੀ। ਸਿੰਙੀ ਹੱਥ ਵਿਚ ਲੈ ਕੇ ਵਜਾ ਕੇ ਸੁਣਾਉਂਦੇ ਸਨ॥ ੩੩॥

ਫਰੂਆ ਫਹੋਰੀ ਹਾਥ ਪਤਾਕਾ ਕਰ ਕਿਸੀ।

ਕਿਹ ਸੇਲੀ ਗਰ ਪਾਇ ਕੁਪੀਨਹਿ ਕਟ ਕਸੀ।
ਮੂਛੇਂ ਸ਼ਮਸ ਬਿਸਾਲ ਸੀਸ ਮੁੰਡਤਿ ਕਰੇ।
ਹੋ ਝੋਰੀ ਕੰਧੇ ਪਾਇ ਸੁ ਭਿੱਖਯਾ ਹਿਤ ਧਰੇ॥ ੩੪॥

ਕਿਸੇ ਨੇ ਆਪਣੇ ਹੱਥ ਵਿਚ ਤੂੰਬਾ, ਫੌਹੜੀ ਅਤੇ ਝੰਡੇ ਦਾ ਫਰੇਰਾ ਫੜਿਆ ਹੋਇਆ ਸੀ। ਕਿਸੇ ਨੇ ਗਲ ਵਿਚ ਸੇਲੀ ਪਾ ਕੇ, ਲੱਕ ਨਾਲ ਲੰਗੋਟੀ ਬੰਨ੍ਹੀ ਹੋਈ ਸੀ। ਮੁੱਛਾਂ ਦਾਹੜੀ ਅਤੇ ਸਿਰ ਚੰਗੀ ਤਰ੍ਹਾਂ ਮੁੰਨੇ ਹੋਏ ਸਨ। ਭਿਖਿਆ ਮੰਗਣ ਵਾਸਤੇ ਝੋਲੇ ਮੋਢਿਆਂ ਤੇ ਟੰਗੇ ਹੋਏ ਸਨ॥ ੩੪॥

ਸਰਬ ਸਕਤਿ ਕੋ ਧਰਤਿ ਗਰਬ ਉਰ ਵਧਿ ਰਹਾ।
ਛਿਨ ਮਹਿਂ ਉਡ ਕਰਿ ਜਾਇਂ ਰਿਦੈ ਤ੍ਰਿਟਿ ਹ੍ਵੈ ਜਹਾਂ।
ਅਣੂ ਸਮਾਨ ਹ੍ਵੈ ਜਾਨਿ ਪਹਾਰ ਸਮਾਨ ਕੋ।
ਹੋ ਚਹੈਂ ਚਲਾਵਹਿਂ ਅਚਲ ਉਡੇਂ ਅਸਮਾਨ ਕੋ॥ ੩੫॥

ਸਭ ਸਕਤੀਆਂ ਨੂੰ ਧਾਰ ਕੇ ਹਿਰਦੇ ਵਿਚ ਘੁਮੰਡ ਬਹੁਤ ਵਧ ਰਿਹਾ ਸੀ, ਪਲ ਵਿਚ ਉੱਡ ਕੇ ਉਥੇ ਚਲੇ ਜਾਂਦੇ ਸਨ, ਜਿਥੇ ਜਾਣ ਦੀ ਦਿਲ ਵਿਚ ਇੱਛਾ ਹੁੰਦੀ ਸੀ। ਜਿਹੜੇ ਪਹਾੜ ਸਮਾਨ ਭਾਰੇ ਸਨ ਉਹ ਨਿਕੇ ਜੇਹੇ ਕਿਣਕੇ ਬਰਾਬਰ ਹੋ ਜਾਂਦੇ ਸਨ। ਜੇ ਚਾਹੁੰਦੇ ਸਨ ਤਾਂ ਪਹਾੜਾਂ ਨੂੰ ਵੀ ਅਕਾਸ਼ ਤੇ ਉਡਾ ਦਿੰਦੇ ਸਨ॥ ੩੫॥

ਬਨਨ ਸ਼ੇਰ ਅਰ ਸਰਪ ਸਰੂਪ ਭਯਾਨ ਕੋ।
ਮਾਨਵ ਸੇਵਕ ਕਰਨ ਦਿਖਾਇ ਡਰਾਨ ਕੋ।
ਚਹੁਦਿਸ ਬੈਸੇ ਜਬਹਿ ਲਾਇ ਆਸਨ ਸਬੈ।
ਹੋ ਬੋਲਜੋ ਤਿਨ ਪ੍ਰਤਿ ਬਚਨ ਗੁਨਤਿ ਗੋਰਖ ਤਬੈ॥ ੩੬॥

ਕਦੀ ਸ਼ੇਰ ਦਾ ਰੂਪ ਧਾਰ ਲੈਂਦੇ ਸਨ ਅਤੇ ਕਦੇ ਭਿਆਨਕ ਸੱਪ ਬਣ ਜਾਂਦੇ ਸਨ। ਮਨੁੱਖਾਂ ਨੂੰ ਸੇਵਕ ਬਣਾਉਣ ਲਈ ਉਨ੍ਹਾਂ ਨੂੰ ਡਰਾਉਂਦੇ ਸਨ। ਜਦ ਚਾਰੇ ਪਾਸੇ ਆਸਣ ਲਾ ਕੇ ਸਭ ਬੈਠ ਗਏ, ਤਦ ਗੋਰਖ ਉਨ੍ਹਾਂ ਨਾਲ ਸਨਮੁਖ ਹੋ ਕੇ ਬੋਲਿਆ॥ ੩੬॥

ਕਬਿੱਤ- 'ਨਾਨਕ ਹੈ ਤਪਾ ਇਕ, ਮਲ ਮੂਤ ਦੇਹਿ ਜਾਂਕੀ, ਤੁਮਰੇ ਸਥਾਨ ਦੇਖਿਬੇ ਕੇ ਹਿਤ ਆਵਈ।
ਹੋਇ ਜੁ ਸੁਜਾਨ ਕਲਾਵਾਨ ਗੁਨਵਾਨ ਵਡੋ ਬਾਦ ਕਰੈਂ ਤਾਂਸੋਂ ਜਾਇ ਜੀਤ ਕੈ ਹਟਾਵਈ।
ਨਾਂ ਤੋ ਉਪਦੇਸ਼ ਦੈਕੈ ਚੇਲੋ ਕਰਿ ਲਜਾਵੈ ਤਾਂਕੋ, ਰਲੈ ਸਿੱਧ ਮਾਂਹੀ ਸੋ ਅਮਰ ਪਦ ਪਾਵਈ।
ਬੈਸੇ ਜੇਤੇ ਪਾਸ ਭਯੋ ਸਭਿਕੋ ਹੁਲਾਸ ਉਰ ਖਾਇਕੈ ਤਮਕ ਕੋ ਮਛਿੰਦ੍ਰ ਯੌਂ ਅਲਾਵਈ॥ ੩੭॥

ਨਾਨਕ ਨਾਮੀ ਇਕ ਤਪਾ ਹੈ, ਜਿਸ ਦੀ ਮਲਮੂਤਰ ਦੀ ਦੇਹ ਹੈ, ਤੁਹਾਡਾ ਸਥਾਨ ਵੇਖਣ ਵਾਸਤੇ ਆ ਰਿਹਾ ਹੈ। ਤੁਹਾਡੇ ਵਿਚ ਜਿਹੜਾ ਵੱਡਾ ਚਤਰ, ਕਲਾਵਾਨ ਅਤੇ ਗੁਣਵਾਨ ਹੈ, ਉਹ ਉਸ ਨਾਲ ਗੋਸ਼ਟੀ ਕਰੇ ਅਤੇ ਉਸ ਨੂੰ ਜਿੱਤ ਕੇ ਪਿਛੇ ਮੋੜ ਦੇਵੇ, ਨਹੀਂ ਤਾਂ ਉਪਦੇਸ਼ ਦੇ ਕੇ ਉਸ ਨੂੰ ਆਪਣਾ ਚੇਲਾ ਬਣਾ ਲਵੇ, ਤਾਕਿ ਉਹ ਸਿੱਧ ਮੰਡਲੀ ਵਿਚ ਆ ਕੇ ਅਮਰਪਦ ਪ੍ਰਾਪਤ ਕਰੇ। ਜਿੰਨੇ ਵੀ ਉਥੇ ਸਿੱਧ ਬੈਠੇ ਸਨ, ਉਹ ਸੁਣ ਕੇ ਬੜੇ ਪ੍ਰਸੰਨ ਹੋਏ, ਫਿਰ ਦਿਲ ਵਿਚ ਗੁੱਸਾ ਖਾ ਕੇ ਮਛਿੰਦਰ ਇਸ ਤਰ੍ਹਾਂ ਬੋਲਿਆ॥ ੩੭॥

'ਕੈਸੋ ਕੋਊ ਹੋਇ ਸਭਿ ਜੀਤੋਂ ਜਾਇ ਤਾਂਕੋ ਅਬ, ਆਵਨ ਨ ਦੇਹੋਂ ਕਿਧੋਂ ਚੇਲੋ ਕਰਿ ਲਜਾਇਹੋਂ।
ਦੇਹਿ ਕੋ ਬਨਾਉ ਬੂਝੋਂ, ਜੋਗ ਹੂੰ ਕੋ ਬਾਦ ਕਰੋਂ, ਕੈਸੇ ਕੈ ਜਬਾਬ ਦੇਹਿ ਤਾਂਹਿ ਕੋ ਹਟਾਇਹੋਂ।

ਕਿਤਹੂੰ ਤੇ ਆਯੋ ਕਿਤ ਦੇਸ਼ ਜਾਯੋ ਚਾਹੈ ਸੋਊ, ਮਨ ਕੇ ਮਨੋਰਥ ਤਾਂ ਓਰੇ ਜਿਉਂ ਬਿਲਾਇ ਹੌਂ।
ਕੀਜੈ ਨ ਅਵਾਰ, ਦੀਜੈ ਆਇਸੁ ਉਚਾਰ, ਜੀਤੋਂ, ਸਭੈ ਸਿਧ ਮੰਡਲੀ ਕੋ ਬਰ ਜਬ ਪਾਇਹੌਂ ॥੩੮॥

ਕੋਈ ਕਿਸ ਤਰ੍ਹਾਂ ਦਾ ਵੀ ਹੋਵੇ, ਮੈਂ ਹੁਣੇ ਜਾ ਕੇ ਜਿੱਤਾਂਗਾ, ਮੈਂ ਉਸ ਨੂੰ ਆਉਣ ਨਹੀਂ ਦੇਵਾਂਗਾ ਤੇ ਆਪਣਾ ਚੇਲਾ ਬਣਾ ਕੇ ਲਿਆਵਾਂਗਾ। ਦੇਹ ਦੀ ਬਣਾਵਟ ਪੁਛਾਂਗਾ, ਅਤੇ ਜੋਗ ਉਤੇ ਹੀ ਵਿਵਾਦ ਕਰਾਂਗਾ, ਕਿਸ ਤਰ੍ਹਾਂ ਉਹ ਜਵਾਬ ਦੇ ਸਕਦਾ ਹੈ, ਮੈਂ ਉਸ ਨੂੰ ਹਰਾ ਦੇਵਾਂਗਾ। ਉਹ ਕਿਥੋਂ ਆਇਆ ਹੈ ਅਤੇ ਕਿਹੜੇ ਦੇਸ਼ ਜਾਣਾ ਚਾਹੁੰਦਾ ਹੈ, ਮਨ ਦੇ ਮਨੋਰਥਾਂ ਨੂੰ ਤਾਂ ਮੈਂ ਗੜਿਆਂ ਵਾਂਗ ਗਾਲ ਦੇਵਾਂਗਾ। ਹੁਣ ਦੇਰ ਨਾ ਕਰੋ, ਮੈਨੂੰ ਆਗਿਆ ਦੇਵੋ, ਸਾਰੀ ਸਿੱਧ ਮੰਡਲੀ ਦਾ ਜਦ ਮੈਂ ਵਰ ਪਾ ਲਿਆ ਹੈ" ॥ ੩੮ ॥

ਦੋਹਰਾ- ਗੋਰਖ ਉਰ ਹੁਲਸਾਇਕੈ ਕੀਨੀ ਜਾਨ ਰਜਾਇ।
ਜਾਨੀ ਮਨ ਇਹ ਆਨਿ ਹੈ ਜਾਂਕੋ ਤੇਜ ਸੁਭਾਇ॥ ੩੯॥

ਗੋਰਖ ਨੇ ਦਿਲ ਵਿਚ ਪ੍ਰਸੰਨ ਹੋ ਕੇ, ਮਛਿੰਦਰ ਨੂੰ ਜਾਣ ਦੀ ਆਗਿਆ ਦੇ ਦਿੱਤੀ। ਉਸ ਨੇ ਮਨ ਵਿਚ ਸਮਝਿਆ ਕਿ ਮਛਿੰਦਰ ਦਾ ਬਹੁਤ ਤੇਜ ਸੁਭਾਅ ਹੈ, ਇਸ ਦਾ ਜਾਣਾ ਉਚਿਤ ਹੋਵੇਗਾ ॥ ੩੯ ॥

ਜਜੋਂ ਗਜ ਨਿਜ ਉਰ ਗਰਬ ਕਰਿ ਸਿੰਘ ਜੀਤਨੇ ਚਾਇ।
ਮ੍ਰਿਗ ਕੋ ਪਠੈ ਵੰਗਾਰ ਕੈ ਸੋ ਗਮਨਜੋ ਇਹ ਭਾਇ॥ ੪੦॥

ਜਿਵੇਂ ਹਾਥੀ ਆਪਣੇ ਹਿਰਦੇ ਵਿਚ ਘੁਮੰਡ ਕਰਕੇ ਸ਼ੇਰ ਨੂੰ ਜਿੱਤਣਾ ਚਾਹੇ। ਉਹ ਇਸ ਤਰ੍ਹਾਂ ਗਿਆ ਜਿਵੇਂ ਇਕ ਹਿਰਨ ਨੂੰ ਵੰਗਾਰ ਕੇ ਭਜਾਉਣਾ ਹੋਵੇ॥ ੪੦ ॥

ਕਬਿੱਤ- ਆਯੋ ਤਬ ਧਾਇ ਗੁਰੂ ਨਾਨਕ ਸੁਹਾਏ ਜਹਿਂ, ਬਚਨ ਅਲਾਵਾ 'ਬਾਲੇ ਆਯੋ ਕੌਨ ਕਾਜ ਕੋ? ।
ਸ਼ਕਤਿ ਸੁ ਰਾਖੋ ਕਿਧੋਂ ਨਾਂਹੀ ਮੋਸੋਂ ਵਾਕ ਕਹੋ? ਸਾਚਹੀ ਬਖਾਨੋਂ, ਇਹਾਂ ਬੋਲੀਐ ਨ ਪਾਜ ਕੋ।
ਆਗੈ ਚਲਜੋ ਚਾਹੈਂ ਜੋ ਤੂੰ, ਲੀਜੈ ਉਪਦੇਸ਼ ਹਮ, ਜੋਗ ਚਾਹੋ ਜੋਗ ਲੀਜੈ ਨਾਂਤੋ ਲੀਜੈ ਰਾਜ ਕੋ।
ਜੇ ਨ ਮਾਨੈ ਬਾਤ ਮੇਰੀ ਦੇਖੋਂ ਨ ਕੁਸ਼ਲ ਤੇਰੀ ਕਹੌਂ ਟੇਰਿ ਟੇਰਿ ਹਟਿ ਜੱਯੇ ਚਾਹੋ ਲਾਜ ਕੋ ॥੪੧॥

ਉਹ ਓਥੇ ਆ ਗਿਆ ਜਿਥੇ ਗੁਰੂ ਨਾਨਕ ਦੇਵ ਜੀ ਸ਼ੋਭਾ ਪਾ ਰਹੇ ਸਨ। ਅਤੇ ਆ ਕੇ ਕਿਹਾ, "ਹੇ ਬਾਲਕ ਤੂੰ ਕਿਸ ਕੰਮ ਆਇਆ ਹੈਂ? ਜੇ ਸ਼ਕਤੀ ਰੱਖਦੇ ਹੋ ਤਾਂ ਮੇਰੇ ਨਾਲ ਵਿਵਾਦ ਕਿਉਂ ਨਹੀਂ ਕਰਦੇ ਸੱਚ-ਸੱਚ ਕਹੋ, ਏਥੇ ਝੂਠ ਨਾ ਬੋਲਣਾ। ਜਿਹੜਾ ਤੂੰ ਅੱਗੇ ਚਲਣਾ ਚਾਹੁੰਦਾ ਹੈਂ, ਤਾਂ ਸਾਡਾ ਉਪਦੇਸ਼ ਲਵੋ, ਜੋਗ ਚਾਹੋ ਤਾਂ ਜੋਗ ਲੈ ਲਵੋ, ਨਹੀਂ ਤਾਂ ਰਾਜ ਲੈ ਲਵੋ। ਜੇ ਮੇਰੀ ਗੱਲ ਨਹੀਂ ਮੰਨੇਗਾ ਤਾਂ ਤੇਰਾ ਸੁੱਖ ਨਹੀਂ ਵੇਖਾਂਗਾ, ਮੈਂ ਪੁਕਾਰ ਪੁਕਾਰ ਕੇ ਕਹਿ ਰਿਹਾ ਹਾਂ ਜੇ ਲਾਜ ਬਚਾਉਣੀ ਚਾਹੁੰਦੇ ਹੋ ਤਾਂ ਮੁੜ ਜਾਓ" ॥ ੪੧ ॥

ਗੁਰੂ ਮੁਸਕਾਨੇ ਮੁਖ ਬਚਨ ਬਖਾਨੇ 'ਜੋਊ ਇੱਛਾ ਹੈ ਮਛਿੰਦਰਾ ! ਸੁ ਮਾਂਗ ਨਿਜ ਲੀਜੀਏ।
ਤੋਕੋ ਬਖਸ਼ਾਇ ਕਰਤਾਰ ਤੇ ਦਿਵਾਇਂ, ਪਰ ਬੋਲ ਕੇ ਕੁਬੋਲ ਬੋਲ ਹਮਸੋਂ ਨ ਖੀਝੀਏ।
ਜਹਾਂ ਲਗ ਚਾਹਿ ਤਹਾਂ ਤੀਕ ਹਮ ਜਾਹਿ, ਔਰ ਤੇਰੇ ਕਹੇ ਹਟੈਂ ਨਾਂਹਿ, ਸਾਚ ਯੌਂ ਪਤੀਜੀਏ।
ਰਾਜ ਨਹਿਂ ਲੇਊਂ, ਉਪਦੇਸ਼ ਤੋਕੋ ਦੇਊਂ, ਅਬ ਐਸੋ ਮੋਕੋ ਚੀਨ ਜੀਅ ਜਾਨਿਯੇ ਸੁ ਕੀਜੀਏ ॥੪੨॥

ਗੁਰੂ ਜੀ ਮੁਸਕਰਾਏ ਅਤੇ ਮੁੱਖ ਤੋਂ ਇਹ ਬਚਨ ਕੀਤੇ, "ਹੇ ਮਛੰਦਰ! ਜੋ ਤੇਰੀ ਇੱਛਾ, ਆਪ ਮੰਗ ਲੈ, ਤੈਨੂੰ ਕਰਤਾਰ ਤੋਂ ਬਖਸ਼ਾ ਕੇ ਦਿਵਾ ਦਿੰਦੇ ਹਾਂ। ਪਰ ਬੋਲ ਕਬੋਲ ਬੋਲ ਕੇ ਸਾਡੇ ਨਾਲ ਖਿਝ ਨਹੀਂ, ਜਿਥੋਂ ਸਾਡੀ ਚਾਹ ਹੈ, ਓਥੋਂ ਤਕ ਅਸੀਂ

ਜਾਵਾਂਗੇ, ਤੇਰੇ ਕਹਿਣ ਤੇ ਅਸੀ ਪਿਛਾਂਹ ਨਹੀ ਮੁੜਾਂਗੇ। ਇਹ ਗੱਲ ਸੱਚ ਮੰਨ ਲਵੋ ਮੈ ਤੈਥੋਂ ਰਾਜ ਨਹੀ ਲਵਾਂਗਾ, ਤੈਨੂੰ ਉਪਦੇਸ਼ ਦੇਵਾਂਗਾ, ਹੁਣ ਇਸ ਤਰ੍ਹਾਂ ਦਾ ਮੈਨੂੰ ਪਛਾਣ ਕੇ ਜੋ ਤੇਰੇ ਜੀਅ ਵਿਚ ਆਉਂਦਾ ਹੈ, ਕਰੋ'' ॥ ੪੨ ॥

ਐਸੇ ਸੁਨਿ ਬੈਨ ਰਿਸ ਕੀਨੀ ਬਿਨ ਚੈਨ ਭਏ, ਆਰੁਨ ਦੋ ਨੈਨ ਮੁਖ ਬਚਨ ਬਖਾਨਿਯਾ।
'ਕੇਤੇ ਦਿਨ ਰਾਤਿ ਸ੍ਵਾਸ, ਕੇਤੀ ਨਸਾ ਮੱਧ ਮਾਸ, ਅੰਗੁਰੀ ਕੈ ਤਾਕ ਮੁੱਖ ਕੈਸੇ ਸੰਧਿ ਜਾਨਿਯਾ।
ਕੋਠਰੀ ਕੈ, ਰੋਮ ਕੇਤੇ, ਪੱਲਵਕੈ ਤਿਲੀ ਕਹੋ, ਕਾਰਜਾ ਕੈ ਅੰਗੁਰੀ ਬਤਾਇ ਪਹਿਚਾਨਿਯਾ।
ਦੇਹੀ ਕੋ ਬ੍ਰਿਤਾਂਤ ਕਹੋ ਜੇ ਤੂੰ ਆਗੈ ਜਾਇ ਚਹੋ, ਭੂਲ ਜੈਹੈਂ, ਕਹੋ ਨਹਿਂ, ਕਰੋਂ ਤੋਰ ਹਾਨਿਯਾ ॥੪੩ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਬੜੇ ਗੁੱਸੇ ਵਿਚ ਆਇਆ ਅਤੇ ਬੇਚੈਨ ਹੋ ਗਿਆ। ਦੋਵੇਂ ਅੱਖਾਂ ਲਾਲ ਕਰਕੇ ਮੁਖ ਤੋਂ ਇਹ ਕਿਹਾ, ''ਦਿਨ ਅਤੇ ਰਾਤ ਦੇ ਕਿੰਨੇ ਸੁਆਸ ਹੁੰਦੇ ਹਨ, ਮਾਸ ਵਿਚ ਨਾੜੀਆਂ ਕਿੰਨੀਆਂ ਹੁੰਦੀਆਂ ਹਨ, ਕਿੰਨੀਆਂ ਉਂਗਲਾਂ ਹੁੰਦੀਆਂ ਹਨ, ਮੂੰਹ ਦਾ ਦਰਵਾਜ਼ਾ ਕਿਵੇਂ ਦੋ ਵਸਤੂਆਂ ਨੂੰ ਜੋੜਨ ਦੀ ਕ੍ਰਿਆ ਜਾਣਿਆ ਜਾਂਦਾ ਹੈ। ਕੋਠੜੀਆਂ ਕਿਤਨੀਆਂ ਹਨ, ਵਾਲ ਕਿੰਨੇ ਹਨ, ਤਿਲੀ ਕਿੰਨੀਆਂ ਉਂਗਲਾਂ ਹੁੰਦੀ ਹੈ ਅਤੇ ਦੱਸੋ ਕਲੇਜਾ ਕਿੰਨੀਆਂ ਉਂਗਲਾਂ ਹੁੰਦਾ ਹੈ। ਸਰੀਰ ਦਾ ਹਾਲ ਬਿਆਨ ਕਰੋ, ਜੇ ਤੁਸੀ ਅੱਗੇ ਜਾਣਾ ਚਾਹੁੰਦੇ ਹੋ, ਜੇ ਭੁੱਲ ਜਾਉਗੇ, ਕਹੋਗੇ ਨਹੀ, ਤਾਂ ਮੈਂ ਤੁਹਾਨੂੰ ਹਾਨੀ ਪਹੁੰਚਾਵਾਂਗਾ'' ॥ ੪੩ ॥

ਕਬਿੱਤ- 'ਬਿੰਸਤ ਚਤੁਰ ਹੈਂ ਹਜ਼ਾਰ ਦਿਨ ਰਾਤਿ ਸ੍ਵਾਸ, ਨੌਸੈ ਨਸ, ਕੋਠਰੀ ਬਹੱਤ੍ਰ ਪ੍ਰਮਾਨਿਯੇ।
ਅੰਗੁਰੀ ਚਤੁਰ ਮੁਖ ਤਾਕ, ਨੀਲ ਕੋਟ ਰੋਮ, ਸੋਲਾਂ ਸੈ ਹੈ ਸੰਧਿ, ਤਿਲੀ ਪੱਲਵ ਬਾਰਾਂ ਜਾਨਿਯੇ।
ਆਂਗੁਰੀ ਕਰੇ ਜੋ ਆਠ, ਐਸੋ ਦੇਹੀ ਠਾਟ ਸਭਿ, ਬੂਝਿਬੇ ਕੀ ਚਾਹਿ ਔਰ ਮੋਹੂ ਸੋਂ ਬਖਾਨਿਯੇ।
ਗਜ ਦੰਤ ਮ੍ਰਿਗ ਸਿੰਗ ਡਰੈ ਨ ਡਰਾਏ ਤਾਂਕੇ ਕੇਹਰੀ ਅਤੋਲ ਬਲ ਹੋਇ ਕੈਸੇ ਹਾਨਿਯੇ ॥੪੪ ॥

ਗੁਰੂ ਜੀ ਨੇ ਕਿਹਾ, ''ਦਿਨ ਰਾਤ ਚਾਰ ਹਜ਼ਾਰ ਸੁਆਸ ਚਲਦੇ ਹਨ, ਨੌ ਸੋ ਨਾੜਾਂ ਹਨ, ਕੋਠੜੀਆਂ ਬਹੱਤਰ ਪ੍ਰਮਾਣਿਤ ਕਰ ਲਵੋ। ਚਾਰ ਉਂਗਲੀਆਂ ਉੱਚਾ ਮੁਖ ਦਾ ਦਰਵਾਜ਼ਾ ਹੈ, ਅਸੰਖ ਰੋਮ ਹਨ, ਸੋਲਾਂ ਸੋ ਜੋੜ ਹਨ, ਤਿਲੀ ਬਾਰਾਂ ਉਂਗਲਾਂ ਲੰਮੀ ਸਮਝੋ। ਕਲੇਜਾ ਅੱਠ ਉਂਗਲਾਂ ਜਿੱਡਾ ਹੁੰਦਾ ਹੈ, ਇਸ ਤਰ੍ਹਾਂ ਦੀ ਦੇਹੀ ਦੀ ਬਣਤਰ ਹੈ। ਜੇ ਕੁਝ ਹੋਰ ਪੁਛਣਾ ਚਾਹੋ, ਆਪਣੇ ਮੂੰਹ ਨਾਲ ਕਹੋ'' ਸ਼ੇਰ ਹਾਥੀ ਦੇ ਦੰਦਾਂ ਅਤੇ ਹਿਰਨ ਦੇ ਸਿੰਗਾਂ ਤੋਂ ਡਰਾਇਆ ਡਰਦਾ ਨਹੀ, ਐਡੇ ਵੱਡੇ ਬਲਵਾਨ ਨੂੰ ਕਿਵੇਂ ਡੌਕਿਆ ਜਾ ਸਕਦਾ ਹੈ ? ॥ ੪੪ ॥

ਸਿਧਿ ਲਾਯੋ ਚਾਹੈ, ਨਹੀਂ ਲਗਤਿ ਸ਼ਕਤਿ ਕਛੂ, ਜੈਸੇ ਹੀ ਪਪੀਲਕਾ ਪਹਾਰ ਕੋ ਉਚਾਤਿ ਹੈ।
ਸਭੈ ਬਿਧਿ ਜੋਹਿ ਦੇਖਿ ਆਪ ਤੇ ਬਿਸ਼ੇਖ ਲਖਿ ਲੱਜਤਿ ਹ੍ਵੈ ਹਟਿ ਜਾਤਿ, ਰਿਦੇ ਪਛੁਤਾਤਿ ਹੈ।
ਗੋਰਖ ਕੇ ਢਿਗ ਜਾਇ ਬਚਨ ਅਲਾਇ ਐਸੇ 'ਹਮ ਤੇ ਨ ਛੋਟੇ ਜੋਊ ਮਾਨੈਂ ਹਮ ਬਾਤ ਹੈਂ।
ਊਚੇ ਅਤਿ ਬੋਲ ਬੋਲੇ ਮਨ ਤੇ ਨ ਡੋਲੇ ਕਬ, ਸਾਗਰ ਗੰਭੀਰ ਜਿਉਂ ਅਥਾਹ ਕਰਾਮਾਤ ਹੈ ॥੪੫ ॥

ਜੈਸੀਆਂ ਮਰਜ਼ੀ ਸਿਧੀਆਂ ਲਾਵ, ਗੁਰੂ ਤੇ ਅਜੇਹੀਆਂ ਸ਼ਕਤੀਆਂ ਦਾ ਕੋਈ ਪ੍ਰਭਾਵ ਨਹੀ ਹੈ, ਜਿਵੇਂ ਕੀੜੀ ਇਕ ਪਹਾੜ ਨੂੰ ਚੁਕਣਾ ਚਾਹੁੰਦੀ ਹੋਵੇ। ਸਾਰੀਆਂ ਵਿਧੀਆਂ ਅਨੁਸਾਰ ਆਪਣੇ ਆਪ ਤੋਂ ਬਹੁਤ ਵੱਡਾ ਵੇਖ ਕੇ ਲੱਜਿਤ ਹੋ ਕੇ ਪਿਛੇ ਹੱਟ ਗਿਆ ਅਤੇ ਹਿਰਦੇ ਵਿਚ ਬਹੁਤ ਪਛਤਾਉਂਦਾ ਹੈ। ਗੋਰਖ ਦੇ ਪਾਸ ਜਾ ਕੇ ਉਸ ਨੇ ਇਸ ਤਰ੍ਹਾਂ ਕਿਹਾ, ''ਸਾਥੋਂ ਉਹ ਛੋਟੇ ਨਹੀ ਹਨ, ਮੇਰੀ ਗੱਲ ਮੰਨ ਲਵੋ। ਅਤਿ ਉੱਚੇ ਉਹ ਬੋਲ ਬੋਲਦੇ ਹਨ, ਅਤੇ ਕਦੇ ਵੀ ਡੋਲਦੇ ਨਹੀ, ਸਾਗਰ ਵਾਂਗ ਗੰਭੀਰ ਹਨ ਅਤੇ ਉਨ੍ਹਾਂ ਦੀ ਕਰਾਮਾਤ ਅਥਾਹ ਹੈ'' ॥ ੪੫ ॥

ਲੁਹਿਰੀਪਾ ਬੈਸਾ ਤਹਿਂ ਬੈਨ ਸੁਨਿ ਐਸਾ ਕਹਿ, 'ਦੇਖੌਂ ਸੋਊ ਕੈਸਾ, ਮੋਕੋ ਆਇਸੁ ਉਚਾਰਿਯੇ।
ਗੋਰਖ ਪ੍ਰਸਾਦਿ ਜਾਇ ਜੀਤੋਂ ਕਰਿ ਬਾਦ ਤਿਹ' ਕਹੈਂ ਸਭਿ ਸਿੱਧ ਤਬ 'ਤੁਮਹੀ ਸਿਧਾਰਿਯੇ।

ਆਵਾ ਚਲਿ ਪਾਸ ਜਹਾਂ ਬੈਸੇ ਸੁਖਰਾਸ ਜਾਂਕੇ ਬਚਨ ਬਿਲਾਸ ਭਵ ਅਪਦਾ ਨਿਵਾਰਿਯੇ।
'ਬਾਲੇ ਹੈ ਅਦੇਸ਼',ਮੁਸਕਾਨੇ ਗੁਰ ਦੇਖਿ,'ਏਕੰਕਾਰ ਕੋ ਅਦੇਸ਼,ਆਉ ਬੈਸ ਜੋਗ ਕਾਰਿਯੇ!' ॥੪੬॥

ਓਥੇ ਜੋਗੀ ਲੁਹਿਰੀਪਾ ਬੈਠਿਆ ਸੀ, ਮਛਿੰਦਰ ਦੀਆਂ ਗੱਲਾਂ ਸੁਣ ਕੇ ਉਸ ਇਸ ਤਰ੍ਹਾਂ ਕਿਹਾ, "ਮੈਂ ਵੇਖਦਾ ਹਾਂ ਕਿਸ ਤਰ੍ਹਾਂ ਦਾ ਹੈ, ਮੈਨੂੰ ਆਗਿਆ ਦੇਵੋ, ਗੋਰਖ ਦੀ ਕਿਰਪਾ ਨਾਲ, ਉਸ ਨਾਲ ਵਿਵਾਦ ਕਰਕੇ ਜਿੱਤ ਲਵਾਂਗਾ। ਤਦ ਸਾਰੇ ਸਿੱਧ ਕਹਿਣ ਲੱਗੇ, "ਤੁਸੀਂ ਹੀ ਜਾਵੋ।" ਜੋਗੀ ਲੁਹਿਰੀਪਾ ਚਲ ਕੇ ਉਥੇ ਆ ਗਿਆ ਜਿਥੇ ਸੁੱਖਾਂ ਦੀ ਰਾਸ ਅਤੇ ਜਿਨ੍ਹਾਂ ਦੇ ਬਚਨ ਬਿਲਾਸ ਸੁਣ ਕੇ ਸੰਸਾਰ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਬੈਠੇ ਹੋਏ ਸਨ। ਉਸ ਆ ਕੇ ਕਿਹਾ, "ਹੇ ਬਾਲਕ ਆਦੇਸ" ਗੁਰੂ ਜੀ ਵੇਖ ਕੇ ਮੁਸਕਰਾ ਪਏ, "ਏਕੰਕਾਰ ਨੂੰ ਅਦੇਸ, ਹੇ ਜੋਗ ਦੇ ਕਰਨ ਵਾਲੇ ਆਉ ਬੈਠੋ"॥ ੪੬॥

'ਨਾਮ ਕੋਨ,ਧਾਮ ਕੋਨ,ਕਿਧੋ ਕਿਤ ਗੌਨ ਅਬ?,ਬੇਖ ਤੇਰੋ ਕੌਨ? ਦੇਸ਼ ਕੋਨ ਹੈ? ਬਤਾਇਯੇ।
'ਨਾਨਕ ਹੈ ਨਾਮ, ਜਹਾਂ ਅਨਹਦ ਧੁਨਿ ਧਾਮ, ਜਾਵੋਂ ਕਰਤਾਰ ਸ਼ਾਮ ਸੁਖਦ ਸੁਹਾਇਯੇ।
ਦੇਸ਼ ਹੈ ਬੇਗਮਪੁਰ, ਬੇਖ ਏਕੰਕਾਰੀ ਮੁਰ, ਬੂਝਿਬੇ ਕੀ ਚਾਹਿ ਉਰ ਔਰ ਸੋ ਅਲਾਇਯੇ।
ਆਵਤਿ ਹੋ ਧਾਇ ਧਾਇ,ਮਤਿਸਰ ਰੋਗ ਕਾਇ ਤਾਂ ਕੋ ਉਪਚਾਰ ਕੀਜੈ ਜੋਗ ਨਾ ਲਜਾਇਯੇ ॥੪੭॥

"ਤੁਹਾਡਾ ਨਾਮ ਕੀ ਹੈ ? ਤੁਹਾਡਾ ਘਰ ਕਿਥੇ ਹੈ ? ਏਥੇ ਕਿਸ ਕੰਮ ਆਇਆ ਹੈਂ ? ਤੁਹਾਡਾ ਦੇਸ਼ ਕਿਹੜਾ ਹੈ ? ਇਹ ਸਭ ਥਾਂ ਦੱਸੋ।" ਗੁਰੂ ਜੀ ਨੇ ਉਤਰ ਦਿੱਤਾ, "ਨਾਨਕ ਮੇਰਾ ਨਾਮ ਹੈ, ਜਿਥੇ ਅਨਹਦ ਧੁਨ ਵੱਜਦੀ ਹੈ, ਓਥੇ ਮੇਰਾ ਘਰ ਹੈ, ਕਰਤਾਰ ਦੀ ਸ਼ਰਨ ਸੁੱਖ ਦੇਣ ਵਾਲੀ ਹੈ। ਦੇਸ਼ ਮੇਰਾ ਬੇਗਮਪੁਰ ਹੈ, ਭੇਸ ਏਕੰਕਾਰੀ ਹੈ, ਹੋਰ ਕੁਝ ਪੁਛਣਾ ਚਾਹੁੰਦਾ ਹੈਂ ਤਾਂ ਉਹ ਵੀ ਬੋਲੋ। ਭੱਜਾ ਭੱਜਾ ਆਇਆ ਹੈਂ, ਕੀ ਤੇਰੇ ਸਰੀਰ ਵਿਚ ਕੋਈ ਰੋਗ ਹੈ, ਕੋਈ ਵਾਦ-ਵਿਵਾਦ ਕਰ ਅਤੇ ਜੋਗ ਨੂੰ ਲਾਜ ਨਾ ਲਾਓ"॥ ੪੭॥

ਕਬਿੱਤ- ਖਾਇ ਰਿਸ ਬੋਲਜੋ ਜੋਗਿ ਓਜ ਝਕਝੋਲਜੋ ਨਿਜ,'ਕੇਤੇ ਚੱਕ੍ਰ ਭੇਦੇ? ਕੇਤੀ ਪਾਂਖੁਰੀ ਹੈ ਤਾਹਿ ਕੀ?।
ਦੇਹ ਕਿੱਤੀ ਪੋਨ? ਤ੍ਰਿਪਤਾਵੈ ਧਾਰਿ ਕੋਨ? ਔਰ ਪੰਜ ਤੱਤ ਕਹੋ ਜੋ ਰਿਖੀਕ ਪੰਚ ਜਾਂਹਿ ਕੀ।
ਗੁਣ ਔ ਸੁਭਾਇ ਸਭਿ ਤੱਤਨ ਕੇ ਕਹੋ ਅਬ,ਪ੍ਰਿਥਕ ਪ੍ਰਕ੍ਰਿਤਿ ਬਿਧਿ ਸਭੈ ਦੇਹਿ ਮਾਂਹਿ ਕੀ।
ਉੱਤਰ ਬਤਾਵੋ ਤਊ ਆਰੇ ਚਲਿ ਜਾਵੋ ਤੁਮ,ਨਾਤੋ ਉਪਦੇਸ਼ ਲੀਜੈ,ਤਜੋ ਮਤਿ ਕਾਹਿ ਕੀ ॥੪੮॥

ਲੁਹਿਰੀਪਾ ਗੁੱਸਾ ਖਾ ਕੇ ਬੋਲਿਆ ਅਤੇ ਆਪਣੇ ਜੋਗ ਦੇ ਬਲ ਨੂੰ ਹਲੂਣਿਆ ਅਤੇ ਬੋਲਿਆ, "ਚੱਕਰਾਂ ਦੇ ਕਿੰਨੇ ਭੇਦ ਹਨ, ਉਸ ਦੀਆਂ ਕਿੰਨੀਆਂ ਪੰਖੜੀਆਂ ਹਨ, ਦੇਹ ਵਿਚ ਕਿੰਨੇ ਪ੍ਰਾਣ ਹਨ ? ਕਿਸ ਨੂੰ ਧਾਰਨ ਨਾਲ ਤ੍ਰਿਪਤ ਹੁੰਦੇ ਹਨ ? ਉਨ੍ਹਾਂ ਪੰਜਾਂ ਤੱਤਾਂ ਬਾਰੇ ਕਹੋ, ਜਿਸ ਦੀਆਂ ਪੰਜ ਇੰਦਰੀਆਂ ਹਨ। ਸਾਰੇ ਤੱਤਾਂ ਦੇ ਗੁਣ ਅਤੇ ਤਾਸੀਰ ਹੁਣੇ ਦੱਸੋ, ਪ੍ਰਕ੍ਰਿਤਕ ਵਿਧੀ ਅਨੁਸਾਰ ਜੋ ਦੇਹ ਵਿਚ ਹੈ, ਅੱਡੋ-ਅੱਡ ਬਿਆਨ ਕਰੋ। ਮੇਰੀਆਂ ਗੱਲਾਂ ਦਾ ਉੱਤਰ ਦੇਵੋ, ਨਹੀਂ ਤਾਂ ਏਥੋਂ ਚਲੇ ਜਾਵੋ। ਜਾਂ ਮੇਰਾ ਉਪਦੇਸ਼ ਲਵੋ ਅਤੇ ਆਪਣੀ ਮੱਤ ਨੂੰ ਛੱਡ ਦੇਵੋ"॥ ੪੮॥

'ਮੂਲ ਕੋ ਕਮਲ ਦਲ ਚਾਰ ਹੈਂ ਅਮਲ ਲਾਲ, ਨਾਭਿ ਤਲੇ ਖਟ ਦਲ ਪੀਰੇ ਰੰਗ ਜਾਨਿਯੇ।
ਨਾਭਿ ਮੈਂ ਦਸਮ ਦਲ ਨੀਲੋ ਰੰਗ ਸੋਹੈ ਜਾਂਕੋ,ਰਿਦੇ ਦਲ ਦ੍ਵਾਦਸ਼ ਕੋ ਸੇਤ ਪਹਿਚਾਨਿਯੇ।
ਕੰਠ ਕੋ ਕਮਲ ਦਲ ਸੋਲਾਂ ਹੈਂ ਅਮਲ ਭੇਦ, ਤ੍ਰਿਕੁਟੀ ਮੈਂ ਦੋਇ ਦਲ ਧਾਮ ਸੁਖਦਾਨਿਯੇ।
ਭੇਦ ਇਨ ਜਾਇ,ਖਟ ਚੱਕ੍ਰ ਜੋ ਅਲਾਇ,ਦਸ ਦ੍ਵਾਰ ਠਹਿਰਾਇ ਬਾਇ,ਐਸੀ ਬਿਧਿ ਮਾਨਿਯੇ॥੪੯॥

"ਮੂਲਾ ਧਾਰ ਚੱਕਰ ਦੀਆਂ ਪੰਖੜੀਆਂ ਚਾਰ ਹਨ। ਮੈਲ ਤੋਂ ਰਹਿਤ ਹੈ ਅਤੇ ਲਾਲ ਰੰਗ ਹੈ। ਧੁਨੀ ਹੇਠ ਛੇ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਪੀਲਾ ਰੰਗ ਹੈ। ਨਾਭ ਦੀਆਂ ਦਸ ਪੰਖੜੀਆਂ ਹਨ, ਉਨ੍ਹਾਂ ਦਾ ਨੀਲਾ ਰੰਗ ਸੋਭਦਾ ਹੈ। ਹਿਰਦੇ ਵਿਚ ਬਾਰਾਂ ਪੰਖੜੀਆਂ ਹਨ ਅਤੇ ਉਨ੍ਹਾਂ ਦਾ ਰੰਗ ਸਫੇਦ ਹੈ। ਗਲੇ ਦੇ ਕਮਲ ਦੀਆਂ ਸੋਲਾਂ ਪੰਖੜੀਆਂ ਹਨ, ਮੈਲ ਰਹਿਤ ਉਨ੍ਹਾਂ ਦਾ

ਭੇਦ ਹੈ। ਤ੍ਰਿਕੁਟੀ ਵਿਚ ਦੋ ਪੰਖੜੀਆਂ ਹਨ ਅਤੇ ਇਹ ਸੁਖਾਂ ਦਾ ਘਰ ਹੈ। ਇਨ੍ਹਾਂ ਦਾ ਭੇਦ ਜਾਣੋ, ਜੋ ਛੇ ਚੱਕਰ ਕਹਿੰਦਾ ਹੈ, ਦਸ ਦੁਆਰ ਜਾ ਕੇ ਠਹਿਰ ਜਾਂਦਾ ਹੈ, ਐਸੀ ਵਿਧੀ ਮੰਨੋ॥ ੪੯॥

ਪੌਨ ਦਸ ਸੁਨੋ ਨਾਮ ਪ੍ਰਾਨ ਹੈ, ਅਪਾਨ ਦੋਊ, ਜਾਨਿਯੇ ਸਮਾਨ, ਉਦਿਆਨ ਹੈ ਪਬਿਆਨ ਸੋ।
ਨਾਗ ਔਰ ਕੂਰਮ ਕ੍ਰਿਕਲ ਦੇਵ ਦੱਤ ਲਖੋ, ਦਸਵੀਂ ਧਨੰਜੈ ਨਾਮ ਕਰਤਿ ਬਖਾਨ ਸੋ।
ਪ੍ਰਾਣ ਰਹੈਂ ਰਿਦੈ ਮਾਂਹਿ, ਗੁਦਾ ਮੈਂ ਅਪਾਨ ਜਾਨਿ, ਨਾਭਿ ਮੈਂ ਸਮਾਨ, ਕੰਠ ਬਿਖੇ ਉਦਿਆਨ ਸੋ।
ਬਜਾਪਕ ਬਿਆਨ ਤਨ, ਨਾਗ ਉਦਗਾਰ ਕਰੈ, ਕੂਰਮ ਸੋ ਲੋਚਨ ਕੀ ਪਲਕ ਖੁਲ੍ਹਾਨ ਸੋ॥੫੦॥

ਹੇ ਜੋਗੀ ! ਸੁਣੋ, ਪ੍ਰਾਣਾਂ ਦੇ ਦਸ ਨਾਮ ਹਨ, ਇਕ ਪ੍ਰਾਣ ਦੂਸਰਾ ਅਪਾਨ ਹੈ। ਤੀਸਰਾ ਸਮਾਨ ਅਤੇ ਚੌਥਾ ਉਦਿਆਨ ਜਾਣੋ। ਪੰਜਵਾਂ ਬਿਆਨ, ਛੇਵਾਂ ਨਾਗ, ਸਤਵਾਂ ਕੂਰਮ, ਅੱਠਵਾਂ ਕ੍ਰਿਕਲ ਅਤੇ ਨਾਵਾਂ ਦੇਵਦੱਤ ਪਛਾਣ ਲਵੋ। ਦਸਵੇਂ ਦਾ ਨਾਂ ਧਨੰਜੈ ਬਿਆਨ ਕਰਦੇ ਹਨ। ਪ੍ਰਾਣ ਹਿਰਦੇ ਵਿਚ ਰਹਿੰਦਾ ਹੈ, ਅਪਾਨ ਦਾ ਗੁਦਾ ਵਿਚ ਵਾਸਾ ਹੈ। ਧੁੰਨੀ (ਨਾਭੀ) ਵਿਚ ਸਮਾਨ ਦਾ ਟਿਕਾਣਾ ਹੈ ਅਤੇ ਗਲੇ ਵਿਚ ਉਦਿਆਨ ਟਿਕਦਾ ਹੈ। ਸਾਰੇ ਸਰੀਰ ਵਿਚ ਪਬਿਆਨ ਰਹਿੰਦਾ ਹੈ, ਨਾਗ ਡਕਾਰ ਲਿਆਉਂਦਾ ਹੈ। ਕੂਰਮ ਨੇਤ੍ਰਾਂ ਵਿਚ ਪਲਕਾਂ ਖੁਲ੍ਹਵਾਣ ਦਾ ਕਾਰਜ ਕਰਦਾ ਹੈ॥ ੫੦॥

ਕਬਿੱਤ- ਕ੍ਰਿਕਲ ਉਪਾਇ ਛਿਕ, ਦੇਵਦੱਤ ਜੰਭਣੇ ਕੀ, ਮ੍ਰਿਤੁ ਭੇ ਧਨੰਜੈ ਰਹੇ, ਏਹੀ ਦਸ ਪ੍ਰਾਨ ਸੋ।
ਨਿਝਰ ਚੁਆਇ ਧਾਰਿ ਤਾਂਹੀ ਤੇ ਅਘਾਇ ਰਹੈ, ਕਹੌਂ ਅਬ ਪੰਚ ਤੱਤ ਸੁਨਿਯੇ ਸੁਜਾਨ ਸੋ।
ਖੰ ਪੌਨ ਬੰਨ੍ਹਿ ਪਾਣੀ ਛੋਨੀ ਪੰਚ ਤੱਤ ਗੁਨ:-ਸ਼ਬਦ, ਸਪਰਸ਼ ਰੂਪ, ਰਸ, ਗੰਧ ਮਾਨ ਸੋ।
ਨਭ ਕਾਨ, ਪੌਨ ਤੁਚਾ, ਪਾਵਕ ਕੀ ਨੈਨ ਜਾਨ, ਜੀਹ ਪਾਨੀ, ਘ੍ਰਾਨ ਛਿਤ ਪੰਚੈ ਇੰਦ੍ਰੀ ਗਜਾਨ ਸੋ॥੫੧॥

ਕ੍ਰਿਕਲ ਛਿਕ ਪੈਦਾ ਕਰਦਾ ਹੈ, ਦੇਵਦਤ ਉਬਾਸੀ ਲਿਆਉਂਦਾ ਹੈ, ਮ੍ਰਿਤੂ ਤੇ ਧਨੰਜੇ ਰਹਿੰਦਾ ਹੈ, ਇਹੋ ਦਸ ਪ੍ਰਾਣ ਹਨ। ਇਕ ਰਸ ਕਹਿ ਕੇ ਅੰਮ੍ਰਿਤ ਦਾ ਧਾਰ ਚੁਆਵੇ ਤਾਂ ਤ੍ਰਿਪਤ ਹੋ ਜਾਂਦਾ ਹੈ। ਹੁਣ ਮੈਂ ਪੰਜਾਂ ਤੱਤਾਂ ਬਾਰੇ ਕਹਿੰਦਾ ਹਾਂ। ਹੇ ਚੱਤਰ ਜੋਗੀ ! ਸੁਣੋ, ਅਕਾਸ਼, ਵਾਯੂ, ਅਗਨੀ, ਪਾਣੀ ਅਤੇ ਪ੍ਰਿਥਵੀ ਇਹ ਪੰਜ ਤੱਤ ਹਨ ਅਤੇ ਸ਼ਬਦ, ਸਪਰਸ਼, ਰਸ ਰੂਪ, ਸੁਗੰਧ, ਇਨ੍ਹਾਂ ਦੇ ਗੁਣ ਮੰਨ ਲਵੋ। ਅਕਾਸ਼ ਦਾ ਇੰਦਰਾ ਕੰਨ ਹੈ, ਵਾਯੂ ਦਾ ਇੰਦਰਾ ਚਮੜੀ ਹੈ ਅਤੇ ਅੱਖਾਂ ਦਾ ਇੰਦਰਾ ਅੱਖਾਂ ਜਾਣੋ, ਜੀਭ ਦਾ ਇੰਦਰਾ ਪਾਣੀ ਹੈ, ਪ੍ਰਿਥਵੀ ਦੇ ਇੰਦਰੇ ਨਾਸਾਂ ਹਨ। ਇਹ ਪੰਜਾਂ ਇੰਦਰੀਆਂ ਦਾ ਗਿਆਨ ਹੈ॥ ੫੧॥

ਏਕ ਏਕ ਤੱਤ ਤਾਂਕੀ ਪੰਚ ਹੈਂ ਪ੍ਰਕ੍ਰਿਤਿ ਭਈ ਲੋਭ ਮੋਹ ਅਹੰ ਦੁਖ ਪ੍ਰੀਤ ਨਭ ਜਾਨਿਯੇ।
ਬਲ ਕੋ ਕਰਨ ਅਰ ਧਾਵਨ ਪਸਾਰਨ ਸੰਕੋਚ, ਦੇਹ ਬਧੈ ਸੋ ਸਮੀਰ ਪਹਿਚਾਨਿਯੇ।
ਨੀਂਦ ਔ ਜੰਭਾਈ ਭੂਖ ਆਲਸ ਪਿਆਸ ਹੋਇ, ਅਗਨਿ ਕੇ ਤੱਤ ਕੀ ਪ੍ਰਕ੍ਰਿਤਿ ਇਹ ਪ੍ਰਮਾਨਿਯੇ।
ਰਕਤ, ਪਸੀਨਾ, ਪਿਤ, ਕਫ, ਬਿੰਦ, ਨੀਰ ਹੂੰ ਕੀ; ਚਾਮ, ਹਾਡ, ਮਾਸ, ਨਾੜੀ, ਰੋਮ, ਛਿਤ ਭਾਨਿਯੇ॥੫੨॥

ਇਕ ਇਕ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਹਨ, ਲੋਭ, ਮੋਹ, ਅਹੰਕਾਰ, ਦੁੱਖ ਅਤੇ ਪ੍ਰੀਤ ਅਕਾਸ਼ ਦੀਆਂ ਪ੍ਰਕ੍ਰਿਤੀਆਂ ਜਾਣੋ। ਬਲ ਦਾ ਕਰਨਾ, ਬਲ ਦਾ ਵਰਤਣਾ ਜਾਂ ਦੌੜਨਾ, ਫੈਲਣਾ, ਇਕੱਠਾ ਹੋਣਾ ਜਾਂ ਸੁੰਘੜਨਾ ਅਤੇ ਸਰੀਰ ਵਧਾਉਣਾ, ਇਹ ਵਾਯੂ ਦੀਆਂ ਪੰਜ ਪ੍ਰਕ੍ਰਿਤੀਆਂ ਹਨ। ਨੀਂਦ, ਉਬਾਸੀ, ਭੁੱਖ, ਆਲਸ ਅਤੇ ਪਿਆਸ ਅਗਨੀ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਪ੍ਰਮਾਣ ਲਵੋ। ਲਹੂ, ਪਸੀਨਾ, ਪਿੱਤ, ਬਲਗਮ (ਕਫ) ਅਤੇ ਵੀਰਜ, ਜਲ ਤੱਤ ਦੀਆਂ ਪੰਜ ਪ੍ਰਕ੍ਰਿਤੀਆਂ ਹਨ। ਚੰਮ, ਹੱਡ, ਮਾਸ, ਨਾੜੀ, ਅਤੇ ਰੋਮ ਪ੍ਰਿਥਵੀ ਦੀਆਂ ਪ੍ਰਕ੍ਰਿਤੀਆਂ ਕਹੀਆਂ ਜਾਂਦੀਆਂ ਹਨ॥ ੫੨॥

ਦੋਹਰਾ- ਪੰਜ ਤੱਤ ਕੇ ਕੋਟ ਮਹਿਂ ਪੱਚੀਸ ਹੈਂ ਪਰਕ੍ਰਿਤ।
ਜੀਉ ਬਸੇਰਾ ਤਹਿਂ ਕੀਯੋ, ਸੁਨਿ ਲੁਹਿਰੀਪਾ ਮਿੱਤ!'॥ ੫੩॥

ਪੰਜਾਂ ਤੱਤਾਂ ਦੇ ਸਰੀਰ ਵਿਚ ਪੰਝੀ ਪ੍ਰਕ੍ਰਿਤ ਹਨ। ਹੇ ਲੁਹਿਰੀਪਾ ਮਿੱਤਰ! ਸੁਣੋ, ਇਨ੍ਹਾਂ ਪੰਝੀ ਪ੍ਰਕ੍ਰਿਤਾਂ ਵਿਚ ਜੀਵ ਨੇ ਵਾਸਾ ਕੀਤਾ ਹੈ॥ ੫੩॥

ਸ੍ਵੈਯਾ- ਸ਼੍ਰੋਨ ਸੁਨੇ ਗੁਨਐਨ ਕੇ ਬੈਨ, ਭਈ ਮਨ ਚੈਨ, ਪਛਾਨੇ ਸੁਜਾਨਾ।
ਹੈ ਅਵਤਾਰ ਸਹੀ ਕਰਤਾਰ ਨਿਹਾਰਨ ਕੋ ਜਗ ਕੋ ਨ ਸਮਾਨਾ।
ਹੋਇ ਅਧੀਨ ਬਿਨੈ ਕਰਿਕੈ ਸਿਰ ਨਾਇਕੈ ਦੋਨਹੁ ਬੰਦਤਿ ਪਾਨਾ।
ਆਦਰ ਕੀਨ ਬਿਸਾਲ,ਗੁਰੂ ਉਚਰਜੋ 'ਤੁਮ ਹੋ ਸਿਧ ਜੋਗ ਕਿ ਖਾਨਾ ॥੫੪॥

ਜਦ ਲੁਹਿਰੀਪਾ ਜੋਗੀ ਨੇ ਗੁਣਾਂ ਦੇ ਘਰ ਭਾਵ ਗੁਰੂ ਜੀ ਦੇ ਸ਼ੁਭ ਬਚਨ ਆਪਣੇ ਕੰਨਾਂ ਨਾਲ ਸੁਣੇ ਤਾਂ ਉਸ ਦੇ ਮਨ ਵਿਚ ਚੈਨ ਆ ਗਿਆ ਅਤੇ ਉਸ ਗੁਰੂ ਜੀ ਦੀ ਵਿਦਵਿਤਾ ਨੂੰ ਜਾਣ ਲਿਆ। ਇਹ ਸਚਮੁਚ ਹੀ ਕਰਤਾਰ ਦਾ ਅਵਤਾਰ ਹੈ, ਜਗਤ ਵਿਚ ਇਨ੍ਹਾਂ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ। ਅਧੀਨ ਹੋ ਗਿਆ ਅਤੇ ਬੇਨਤੀ ਕਰਕੇ ਸਿਰ ਨਿਵਾ ਕੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਬਹੁਤ ਆਦਰ ਕੀਤਾ। ਇਹ ਵੇਖ ਕੇ ਗੁਰੂ ਜੀ ਨੇ ਕਿਹਾ, "ਤੂੰ ਸਿੱਧ ਜੋਗੀਆਂ ਦੀ ਖਾਨ ਹੈਂ"॥ ੫੪॥

ਸ੍ਵੈਯਾ- ਬਾਲੇ ਕੇ ਪੰਕਜ ਆਨਨ ਤੇ ਇਤਿਹਾਸ ਬਨਜੋ ਮਕਰੰਦ ਸੁਹਾਯੋ।
ਸ੍ਰੀ ਗੁਰੂ ਅੰਗਦ ਜੀ ਸੁਨਿਕੈ ਮਨ ਭੌਰ ਭਯੋ ਬਹੁਤੋ ਹੁਲਸਾਯੋ।
ਪ੍ਰੇਮ ਕੋ ਭੂਰ ਪ੍ਰਕਾਸ਼ ਕਿਯੋ ਗੁਰੂ ਨਾਨਕ ਰੂਪ ਕੋ ਧਜਾਨ ਲਗਾਯੋ।
ਹੋਇ ਬਿਦੇਹ ਗਏ ਤਿਹ ਕਾਲ ਭਲੇ ਦਸ ਦ੍ਵਾਰ ਮੈਂ ਸ੍ਵਾਸ ਟਿਕਾਯੋ ॥੫੫॥

ਭਾਈ ਬਾਲੇ ਦੇ ਕਮਲ ਮੁਖ ਤੋਂ ਬਿਆਨ ਕੀਤਾ ਗਰ ਇਤਿਹਾਸ ਸੁਗੰਧਿਤ ਹੋ ਕੇ ਬੜਾ ਸੁਹਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਨ ਇਹ ਇਤਿਹਾਸ ਸੁਣ ਕੇ ਭੌਰੇ ਵਾਂਗ ਹੋ ਗਿਆ ਅਤੇ ਉਹ ਬਹੁਤ ਅਨੰਦਿਤ ਹੋ ਗਏ। ਪ੍ਰੇਮ ਦਾ ਬਹੁਤ ਪ੍ਰਕਾਸ਼ ਹੋਇਆ ਅਤੇ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਧਿਆਨ ਲਾਇਆ। ਉਸ ਸਮੇਂ ਦੇਹ-ਰਹਿਤ ਹੋ ਗਏ ਅਤੇ ਦਸਵੇਂ ਦ੍ਵਾਰ ਆਪਣਾ ਸ੍ਵਾਸ ਟਿਕਾ ਲਿਆ॥ ੫੫॥

ਸ਼੍ਰੋਤਾ ਗਏ ਉਠ ਆਪਨੇ ਧਾਮਨ, ਰੈਨ ਬਿਤੀ ਇਕ ਦਜੋਸ ਬਿਤਾਯੋ।
ਫੇਰ ਨਿਸਾ ਭਈ ਦਜੋਸ ਚਰਜੋ ਛੁਟਕਜੋ ਨਹਿਂ ਧਜਾਨ ਅਖੰਡ ਲਗਾਯੋ।
ਖਾਨ ਨ ਪਾਨ ਨ ਨ੍ਹਾਨ ਕਿਯੋ, ਨਰ ਆਪਸ ਮੈਂ ਮਿਲਿ ਬੈਨ ਅਲਾਯੋ।
'ਸ੍ਰੀ ਗੁਰੂ ਅੰਗਦ ਜੀ ਤਜਿ ਦੇਹਿ ਗਯੋ ਕਰਤਾਰ ਕੇ ਮੱਧ ਸਮਾਯੋ' ॥੫੬॥

ਸ੍ਰੋਤੇ ਉੱਠ ਕੇ ਆਪਣੇ ਘਰਾਂ ਨੂੰ ਚਲੇ ਗਏ, ਰਾਤ ਬੀਤ ਗਈ ਅਤੇ ਇਕ ਦਿਨ ਬੀਤ ਗਿਆ। ਫਿਰ ਰਾਤ ਪੈ ਗਈ ਅਤੇ ਅਗਲਾ ਦਿਨ ਚੜ੍ਹ ਆਇਆ, ਗੁਰੂ ਜੀ ਦੀ ਸਮਾਧੀ ਨਾ ਖੁਲ੍ਹੀ, ਅਖੰਡ ਧਿਆਨ ਲੱਗਾ ਰਿਹਾ। ਨਾ ਕੁਝ ਖਾਧਾ ਪੀਤਾ ਅਤੇ ਨਾ ਹੀ ਇਸ਼ਨਾਨ ਕੀਤਾ, ਲੋਕ ਆਪਿਸ ਵਿਚ ਮਿਲ ਕੇ ਗੱਲਾਂ ਕਰਦੇ ਸਨ, "ਸ੍ਰੀ ਗੁਰੂ ਅੰਗਦ ਦੇਵ ਜੀ ਦੇਹੀ ਛੱਡ ਗਏ ਅਤੇ ਕਰਤਾਰ ਵਿਚ ਸਮਾ ਗਏ ਹਨ"॥ ੫੬॥

ਭੈ ਕਰਿ ਕੋ ਨ ਬੁਲਾਇ ਸਕੈ, ਢਿਗ ਬੈਠਿ ਰਹੇ ਨਰ ਜੋ ਤਹਿਂ ਜਾਈ।
ਸਾਤ ਨਿਸਾ ਪੁਨ ਸਾਤ ਹੀ ਬਾਸੁਰ ਬੀਤ ਗਏ ਤਨ ਸੋਝੀ ਨ ਆਈ।
ਲੋਚਨ ਕੀ ਪਲਕਾਂ ਸੁ ਜੁਟੇ ਇਕ ਆਸਨ ਬੈਠੇ ਅਡੋਲ ਸੁਹਾਈ।
ਤਾਂ ਪਦ ਪੰਕਜ ਕੋ ਮਮ ਬੰਦਨ ਸੀਸ ਨਿਵਾਇ ਕਹੌਂ ਹਿਤ ਲਾਈ ॥੫੭॥

ਡਰਦਾ ਹੋਇਆ ਕੋਈ ਬੁਲਾਉਂਦਾ ਨਹੀ ਸੀ, ਸਿੱਖ ਉਨ੍ਹਾਂ ਪਾਸ ਜਾ ਕੇ ਬੈਠ ਜਾਂਦੇ ਸਨ। ਸੱਤ ਦਿਨ ਰਾਤ ਬੀਤ ਗਏ ਤਾਂ ਫਿਰ ਸਰੀਰ ਵਿਚ ਸੋਝੀ ਆਈ। ਅੱਖਾਂ ਦੀਆਂ ਪਲਕਾਂ ਜੋੜ ਕੇ ਇਕ ਆਸਣ ਅਡੋਲ ਬੈਠੇ ਸੋਭ ਰਹੇ ਸਨ। ਤਦ ਮੈਂ ਸਿਰ ਨਿਵਾ ਕੇ ਚਰਨ ਕੰਵਲਾਂ ਤੇ ਸੀਸ ਨਿਵਾ ਕੇ ਬੜੇ ਪ੍ਰੇਮ ਨਾਲ ਕਿਹਾ॥ ੫੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ ਪ੍ਰਸੰਗ' ਬਰਨਨੰ ਨਾਮ ਸਾਠਮੋ ਅਧਯਾਯ॥ ੬੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੱਠਵਾਂ ਅਧਿਆਇ, ਜਿਸ ਦਾ ਨਾਮ ''ਸਿੱਧ ਚਰਚਾ'' ਹੈ, ਸਮਾਪਤ ਹੋਇਆ॥ ੬੦॥

## ਅਧਿਆਇ ਇਕਾਹਠਵਾਂ

*ਸਿੱਧ ਭੰਗਰ, ਕਨੀਫਾ, ਹਨੀਫਾ, ਭ੍ਰਤਰੇ, ਚਰਪਟ, ਡੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ।*

ਦੋਹਰਾ- ਸ੍ਰੀ ਗੁਰੁ ਪਗ ਹੈਂ ਸ਼ਾਂਤਿ ਸਰ ਮਨ ਮ੍ਰਿਗ ਤਿਸਹਿ ਮਿਲਾਇ।
ਕਹੁੰ ਕਥਾ ਬਰ ਪਾਵਨੀ ਜਥਾ ਮੋਰ ਮਤਿ ਆਇ॥ ੧॥

ਸ੍ਰੀ ਗੁਰੂ ਜੀ ਦੇ ਚਰਨ ਸ਼ਾਂਤੀ ਦਾ ਸਰੋਵਰ ਹਨ, ਆਪਣੇ ਮਨ ਰੂਪੀ ਮਨ ਨੂੰ ਉਸ ਵਿਚ ਪਰਵੇਸ਼ ਕਰਵਾ ਕੇ ਜਿਸ ਤਰ੍ਹਾਂ ਮੇਰੀ ਬੁੱਧੀ ਵਿਚ ਆਵੇ ਮੈਂ ਸ੍ਰੇਸ਼ਟ ਤੇ ਪਵਿੱਤਰ ਕਥਾ ਕਹਿੰਦਾ ਹਾਂ॥ ੧॥

ਸ੍ਵੈਯਾ- ਆਠਵੇਂ ਬਾਸੁਰ ਧਯਾਨ ਛੁਟਾ ਜਬ, ਦੇਹਿ ਬਿਖੈ ਤਬ ਹੀ ਸੁਧ ਆਈ।
ਲੋਚਨ ਸੁੰਦਰ ਯੌਂ ਬਿਕਸੇ ਅਰਬਿੰਦ ਪ੍ਰਫੁੱਲਤ ਜਸੇਂ ਛਬਿ ਛਾਈ।
ਮੱਜਨ ਕੋ ਕਰਿ, ਭੋਜਨ ਪਾਇ, ਅਸੀਨੇ ਹੈਂ ਆਸਨ ਪੈ ਸੁਖਦਾਈ।
ਦੇਹਿ ਸਜੈ ਤਨ ਸ਼ਾਂਤਿ ਧਰਾ, ਕਿ ਖਿਮਾ ਇਹ ਆਪਨੋ ਬੇਖ ਬਨਾਈ॥੨॥

ਜਦ ਅੱਠਵੇਂ ਦਿਨ ਸਮਾਧੀ ਖੁਲ੍ਹੀ, ਦੇਹ ਵਿਚ ਤਦ ਹੋਸ਼ ਆਈ। ਸੁੰਦਰ ਨੈਣ ਇਸ ਤਰ੍ਹਾਂ ਖਿੜੇ ਸਨ ਜਿਵੇਂ ਕਮਲ ਦਾ ਫੁੱਲ ਪ੍ਰਫੁੱਲਤ ਹੋ ਕੇ ਬੜਾ ਸੁੰਦਰ ਲਗਦਾ ਹੈ। ਇਸ਼ਨਾਨ ਕਰਕੇ, ਭੋਜਨ ਛਕਿਆ ਅਤੇ ਫਿਰ ਸੁਖਦਾਤੇ ਆ ਕੇ ਆਪਣੇ ਆਸਣ ਤੇ ਬਿਰਾਜਮਾਨ ਹੋ ਗਏ। ਸਰੀਰ ਇਸ ਤਰ੍ਹਾਂ ਸੱਜ ਰਿਹਾ ਸੀ, ਮਾਨੋ ਸ਼ਾਂਤੀ ਨੇ ਸਰੀਰ ਧਾਰਿਆ ਹੈ ਜਾਂ ਖਿਮਾਂ ਨੇ ਇਹ ਆਪਣਾ ਭੇਸ ਬਣਾ ਲਿਆ ਹੈ॥ ੨॥

ਦੋਹਰਾ- ਸ੍ਰੋਤਾ ਬਕਤਾ ਜੇ ਹੁਤੇ ਲੀਨੇ ਸਰਬ ਹਕਾਰਿ।
ਬੋਲੇ ਸ੍ਰੀ ਅੰਗਦ ਗੁਰੂ ਕਥਾ ਸੁਨਨ ਧਰਿ ਪਯਾਰ॥ ੩॥

ਜਿਹੜੇ ਸੁਣਨ ਵਾਲੇ ਅਤੇ ਬੋਲਣ ਵਾਲੇ ਸਨ, ਉਨ੍ਹਾਂ ਸਭ ਨੂੰ ਬੁਲਾ ਲਿਆ। ਗੁਰੂ ਅੰਗਦ ਦੇਵ ਜੀ ਨੇ ਸਾਰਿਆਂ ਨੂੰ ਪਿਆਰ ਨਾਲ ਕਥਾ ਸੁਣਨ ਵਾਸਤੇ ਕਿਹਾ॥ ੩॥

ਕਬਿੱਤ- ਐਸੇ ਗੁਰੂ ਭਾਖੀ 'ਬਾਲਾ ! ਕਹੋ ਅਬ ਸਾਖੀ ਇਹ, ਹੋਈ ਹੈ ਹਦੂਰ ਤੇਰੇ ਸਭੈ ਸੋ ਕਹੀਜੀਏ।
ਸੁਧਾ ਇਤਿਹਾਸ ਗੁਰੁ ਆਵਾ ਤੁਝ ਪਾਸ ਸਭਿ ਔਰ ਕੋ ਸੁਨਾਇ ਨ ਅਘਾਇ ਨਿਤ ਪੀਜਿਯੇ।
ਬਾਲਾ ਕਹੈ 'ਐਸੇ ਹੋਈ:-ਮੋਹਿ ਢਿਗ ਬੈਸੇ ਸਭਿ ਜੈਸੇ ਬਿਧਿ ਭਈ ਤੈਸੇ ਬਰਨੋਂ ਸੁਨੀਜਿਯੇ'।
ਬਾਲਾ ਯੌਂ ਅਲਾਇ ਪੈੜਾ ਲਿਖਤਿ ਬਨਾਇ, ਗੁਰੂ ਅੰਗਦ ਸੁਨਾਇ, ਸੋਊ ਤੁਮ ਸੁਨਿ ਲੀਜੀਏ॥੪॥

ਇਸ ਤਰ੍ਹਾਂ ਗੁਰੂ ਜੀ ਨੇ ਕਿਹਾ, ''ਭਾਈ ਬਾਲਾ ! ਹੁਣ ਤੁਸੀਂ ਸਾਖੀ ਸੁਣਾਓ, ਜੋ ਕੁਝ ਤੁਹਾਡੇ ਸਾਹਮਣੇ ਵਾਪਰਿਆ ਹੈ

ਉਹ ਸਭ ਕੁਝ ਕਹੋ। ਗੁਰੂ ਜੀ ਦਾ ਅੰਮ੍ਰਿਤ ਰੂਪੀ ਇਤਿਹਾਸ ਤੁਹਾਡੇ ਪਾਸ ਪਿਆ ਹੈ, ਇਹ ਹੋਰਨਾਂ ਨੂੰ ਵੀ ਸੁਣਾਵੋ, ਨਿਰਾ ਆਪ ਹੀ ਨਾ ਰੱਜ ਕੇ ਪੀਂਦੇ ਰਹੋ।'' ਭਾਈ ਬਾਲੇ ਨੇ ਕਿਹਾ, ''ਇਸ ਤਰ੍ਹਾਂ ਹੀ ਹੋਵੇਗਾ, ਮੇਰੇ ਪਾਸ ਜਿਸ ਤਰ੍ਹਾਂ ਸਭ ਬੈਠੇ ਹਨ, ਜਿਵੇਂ ਹੋਇਆ ਉਸ ਤਰ੍ਹਾਂ ਹੀ ਵਰਣਨ ਕਰਾਂਗਾ, ਸਾਰੇ ਸੁਣੋ।'' ਬਾਲਾ ਜਿਵੇਂ ਬੋਲਦਾ ਗਿਆ ਪੈੜਾ ਮੋਖਾ ਉਸ ਤਰ੍ਹਾਂ ਸੁੰਦਰ ਲਿਖਾਈ ਬਣਾ ਕੇ ਲਿਖਦਾ ਗਿਆ। ਗੁਰੂ ਅੰਗਦ ਦੇਵ ਜੋ ਸੁਣਾਉਣ ਉਹ ਵੀ ਤੁਸੀਂ ਸੁਣ ਲਵੋ॥ ੪॥

*ਸ੍ਰੀ ਬਾਲਾ ਸੰਧੁਰੁ ਵਾਚ॥*

ਦੋਹਰਾ- ਲੁਹਿਰੀਪਾ ਹਰਖਜੋ ਬਹੁਤ ਜਾਨਜੋ ਸਫਲ ਸਰੀਰ।
ਸੁਭਗ ਵਾਕ ਗੋਸ਼ਟ ਕਰੀ ਬੈਠਿ ਗੁਰੂ ਤੇ ਤੀਰ॥ ੫॥

ਜੋਗੀ ਲੁਹਿਰੀਪਾ ਬਹੁਤ ਪ੍ਰਸੰਨ ਹੋਇਆ ਅਤੇ ਇਹ ਸਮਝਿਆ ਕਿ ਉਸ ਦਾ ਜਨਮ ਸਫਲ ਹੋਇਆ ਹੈ। ਗੁਰੂ ਜੀ ਪਾਸ ਬੈਠ ਕੇ ਉਸ ਸ੍ਰੇਸ਼ਟ ਸ਼ਬਦ ਵਰਤ ਕੇ ਗੋਸ਼ਟੀ ਕੀਤੀ॥ ੫॥

ਸ੍ਵੈਯਾ- ਹੋਇ ਬਿਦਾ ਪੁਨ ਗੋਰਖ ਕੇ ਢਿਗ ਜਾਇ 'ਅਦੇਸ਼ ਅਦੇਸ਼' ਕਰੀ।
'ਪੂਰਨ ਭਾ ਅਵਤਾਰ ਸਹੀ ਭਵ ਤਾਰਨ ਕੋ ਪਗ ਧੂਰ ਤਰੀ।
ਕੋਇ ਨ ਤਾਂਹਿ ਸਮਾਨ ਲਖੋਂ ਕਿਤ ਜਾਂ ਮਿਲ ਮੱਧ ਕੁਬੁਧਿ ਟਰੀ।
ਕੋ ਨਹਿੰ ਜੀਤਨ ਕੋ ਸਮਰੱਥ' ਸੁਨੇ ਪੁਨ ਗੋਰਖ ਯੌਂ ਉਚਰੀ॥ ੬॥

ਫਿਰ ਉਹ ਉਠ ਕੇ ਗੋਰਖ ਦੇ ਪਾਸ ਪਹੁੰਚ ਗਿਆ ਅਤੇ ਓਥੇ ਜਾ ਕੇ ਉਸ ਨੂੰ 'ਅਦੇਸ਼ ਅਦੇਸ਼' ਕਿਹਾ, ''ਇਕ ਪੂਰਨ ਪ੍ਰਭੂ ਅਵਤਾਰ ਹਨ ਅਤੇ ਇਸ ਸੰਸਾਰ ਨੂੰ ਤਾਰਨ ਹਿਤ ਉਨ੍ਹਾਂ ਦੇ ਚਰਨਾਂ ਦੀ ਧੂੜੀ ਬੇੜੀ ਬਣੀ ਹੈ। ਮੈਂ ਉਨ੍ਹਾਂ ਵਰਗਾ ਕੋਈ ਨਹੀਂ ਵੇਖਿਆ, ਜਿਨ੍ਹਾਂ ਨੂੰ ਮਿਲ ਕੇ ਖੋਟੀ ਬੁਧੀ ਨਾਸ਼ ਹੋ ਗਈ ਹੈ। ਉਨ੍ਹਾਂ ਨੂੰ ਜਿੱਤਣ ਦੇ ਕੋਈ ਸਮਰੱਥ ਨਹੀਂ ਹੈ।'' ਜਦ ਗੋਰਖ ਨੇ ਉਸ ਦੀ ਇਹ ਗੱਲ ਸੁਣੀ ਤਾਂ ਉਸ ਨੇ ਇਸ ਤਰ੍ਹਾਂ ਕਿਹਾ॥ ੬॥

ਕਬਿੱਤ- 'ਬੈਸ ਢਿਗ ਐਯੇ, ਮੁਖ ਤੂਸ਼ਨ ਕਰੱਯੇ, ਨਹਿ ਔਰ ਕੋ ਸੁਨੱਯੇ, ਜੇਊ ਕਰੈਂ ਅਭਿਮਾਨ ਕੋ।
ਬਾਦ ਕੋ ਕਰਾਇ ਜਬ ਮਾਨ ਮਿਟ ਜਾਇ ਤਬ, ਜਾਨਤਿ ਸੁ ਨਹੀਂ ਅਬ ਹਮਰੇ ਸਮਾਨ ਕੋ'।
ਗੋਰਖ ਅਲਾਇ ਸਿਧ ਲੀਨੇ ਹੈਂ ਬੁਲਾਇ ਸਭਿ ਬੈਸੇ ਆਇ ਆਇਕੈ ਅਦੇਸਤਿ ਮਹਾਨ ਕੋ।
ਗੋਰਖ ਉਚਾਰੀ 'ਤੁਮ ਸਿੱਧ ਕਲਾਧਾਰੀ ਕੋਊ ਜੀਤੈ ਬਾਦਕਾਰੀ ਜਾਇ ਨਾਨਕ ਸੁਜਾਨ ਕੋ' ॥੭॥

''ਉਸ ਦੇ ਪਾਸ ਬੈਠ ਕੇ ਆ ਗਿਆ ਹੈਂ, ਹੁਣ ਮੂੰਹ ਬੰਦ ਰੱਖ, ਹੋਰਨਾਂ ਨੂੰ ਨਾ ਸੁਣਾ, ਜੀਅ ਵਿਚ ਅਭਿਮਾਨ ਕਰਦਾ ਹੈਂ। ਜਦ ਵਿਵਾਦ ਕਰਦੇ ਹੋ ਤਾਂ ਹੰਕਾਰ ਮਿੱਟ ਜਾਂਦਾ ਹੈ, ਪਰ ਇਹ ਨਹੀਂ ਜਾਣਦੇ ਕਿ ਉਹ ਸਾਡੇ ਬਰਾਬਰ ਨਹੀਂ ਹੈ।'' ਗੋਰਖ ਨੇ ਕਿਹਾ ਤੇ ਸਾਰੇ ਸਿੱਧ ਬੁਲਾ ਲਏ, ਸਭ ਗੋਰਖ ਨੂੰ 'ਅਦੇਸ਼ ਅਦੇਸ਼' ਕਰਦੇ ਆ ਕੇ ਬੈਠ ਗਏ। ਗੋਰਖ ਨੇ ਕਿਹਾ, ''ਤੁਸੀਂ ਸਾਰੇ ਕਲਾਧਾਰੀ ਭਾਵ ਕਰਾਮਾਤੀ ਸਿੱਧ ਹੋ, ਕੋਈ ਝਗੜਾਲੂ ਜਾ ਕੇ ਵਿਵਾਦ ਕਰਕੇ ਚਤੁਰ ਨਾਨਕ ਨੂੰ ਜਿੱਤ ਕੇ ਆਵੇ''॥ ੭॥

ਸ੍ਵੈਯਾ- ਯੌਂ ਸੁਨਿ ਭੰਗਰਨਾਥ ਉਠਜੋ 'ਮੁਝ ਆਇਸੁ ਦੇਹੁ ਬਿਲੋਕਹੁ ਜਾਈ।
ਕੋ ਸਮਰੱਥ ਅਰੈ ਹਮਰੇ ਸੰਗਿ ਯਾ ਕਲਿਕਾਲ ਨ ਦੇਤਿ ਦਿਖਾਈ।
ਕੈ ਤੋ ਹਟਾਇਕੈ ਪਾਛੇ ਪਠਾਇ ਹੋਂ ਨਾਤੁਰ ਆਨੌਂਗੋ ਪਾਇ ਲਗਾਈ।
ਤਾਰਨ ਤੋਰਨ ਕੀ ਸ਼ਕਤੀ ਮਮ, ਕੋ ਬਪੁਰਾ ਨਰ ਧੀਰ ਧਰਾਈ' ॥ ੮॥

ਇਹ ਸੁਣ ਕੇ ਭੰਗਰ ਨਾਥ ਉਠਿਆ, ''ਮੈਨੂੰ ਆਗਿਆ ਦੇਵੋ ਮੈਂ ਉਸ ਨੂੰ ਜਾ ਕੇ ਵੇਖਦਾ ਹਾਂ। ਕੋਈ ਸਮਰੱਥ ਮੇਰੇ ਨਾਲ ਅੜੇ, ਇਸ ਕਲਿਜੁਗ ਵਿਚ ਮੈਨੂੰ ਤਾਂ ਕੋਈ ਵਿਖਾਈ ਨਹੀਂ ਦਿੰਦਾ। ਜਾਂ ਤਾਂ ਹਟਾ ਕੇ ਪਿਛੇ ਭੇਜ ਦੇਵਾਂਗਾ ਜਾਂ ਫਿਰ ਆਪ ਪੈਰਾਂ

ਤੇ ਡਿੱਗ ਕੇ ਆਵਾਂਗਾ। ਮੇਰੇ ਵਿਚ ਤਾਰੇ ਤੋੜਨ ਦੀ ਸ਼ਕਤੀ ਹੈ, ਮੇਰੇ ਸਾਹਮਣੇ ਕਿਹੜਾ ਵਿਚਾਰਾ ਨਰ ਧੀਰਜ ਧਾਰਨ ਕਰਦਾ ਹੈ'॥ ੮॥

ਸ੍ਵੈਯਾ- ਗੋਰਖ ਆਇਸੁ ਦੇਤਿ ਭਯੋ 'ਤੁਮ ਜੀਤਹੁ ਜਾਇਕੈ ਬਾਦ ਉਚਾਰੋ।
ਬੋਲਨ ਮੈਂ ਸਭਿ ਭਾਂਤਿ ਪ੍ਰਬੀਨ ਹੋ ਪੰਥ ਮੈਂ ਆਨਹੁ ਜੈਸ ਨਿਹਾਰੋ।
ਸ੍ਰੋਨ ਪ੍ਰਸੰਸ ਸੁਨੀ ਗਰਬਜੋ ਉਰ ਭੰਗਰ ਤੂਰਨ ਕੀਨ ਪਧਾਰੋ।
ਮੂਰਖ ਭੇਦ ਨ ਜਾਨਤਿ ਯੋਂ-ਨਿਗਮਾਗਮ ਕੋ ਇਹ ਰੂਪ ਅਧਾਰੋ॥ ੯॥

ਗੋਰਖ ਨੇ ਉਸ ਨੂੰ ਇਜਾਜ਼ਤ ਦੇ ਦਿੱਤੀ ਅਤੇ ਕਿਹਾ, "ਤੁਸੀਂ ਜਾ ਕੇ ਵਿਵਾਦ ਕਰਕੇ ਉਸ ਨੂੰ ਜਿੱਤੋ। ਤੁਸੀਂ ਬੋਲਣ ਵਿਚ ਭਲੀ ਭਾਂਤ ਨਿਪੁੰਨ ਹੋ, ਉਸ ਨੂੰ ਆਪਣੇ ਪੰਥ ਵਿਚ ਲਿਆਵੋ ਜਿਸ ਤਰ੍ਹਾਂ ਵੀ ਹੋਵੇ।" ਭੰਗਰ ਨਾਥ ਆਪਣੀ ਪ੍ਰਸੰਸਾ ਸੁਣ ਕੇ ਹਿਰਦੇ ਵਿਚ ਅਹੰਕਾਰ ਭਰ ਕੇ ਤੁਰਤ ਚਲਾ ਗਿਆ। ਮੂਰਖ ਇਹ ਭੇਦ ਨਹੀਂ ਸੀ ਜਾਣਦਾ ਕਿ ਗੁਪਤ ਪ੍ਰਗਟ ਦੇ ਇਹ ਗੁਰੂ ਨਾਨਕ ਦੇਵ ਜੀ ਹੀ ਆਧਾਰ ਹਨ॥ ੯॥

ਸ੍ਵੈਯਾ- ਸ੍ਰੀ ਗੁਰੁ ਜੀ ਗਮਨੇ ਇਤ ਆਗੇ ਕੋ ਮੰਦ ਹੀ ਮੰਦ ਸੁ ਚਾਲ ਸੁਹਾਈ।
ਊਚੇ ਗਏ ਜਬ ਹੀ ਬਹੁਤੇ ਮਰਦਾਨੇ ਤਬੈ ਮੁਖ ਬਾਨੀ ਅਲਾਈ।
'ਦੇਖਿ ਰਹਜੋ ਨਿਜ ਲੋਚਨ ਸੰਗਿ ਮਯੰਕ ਅਬੈ ਨਹਿਂ ਦੇਤਿ ਦਿਖਾਈ।
ਊਪਰ ਹੈ ਕਿ ਨਹੀਂ ਇਸ ਥਾਨ ਕਹਾਂ ਲਗ ਜਾਵਹੁ ਦੇਹੁ ਬਤਾਈ ?' ॥੧੦॥

ਗੁਰੂ ਜੀ ਹੌਲੀ-ਹੌਲੀ ਸੁੰਦਰ ਚਾਲ ਅੱਗੇ ਵੱਲ ਜਾ ਰਹੇ ਸਨ, ਜਦ ਬਹੁਤ ਉੱਚੇ ਚਲੇ ਗਏ ਤੇ ਮਰਦਾਨੇ ਮੁਖ ਤੋਂ ਇਹ ਸ਼ਬਦ ਕਹੇ, "ਮੈਂ ਅੱਖੀਆਂ ਨਾਲ ਵੇਖ ਰਿਹਾ ਹਾਂ ਚੰਦ ਹੁਣ ਕਿਤੇ ਵੀ ਵਿਖਾਈ ਨਹੀਂ ਦਿੰਦਾ। ਉਪਰ ਹੈ ਕਿ ਨਹੀਂ, ਇਸ ਥਾਂ ਕਿਥੇ ਚਲਾ ਜਾਂਦਾ ਹੈ, ਸਾਨੂੰ ਇਸ ਬਾਰੇ ਦੱਸੋ ਜੀ?"॥ ੧੦॥

ਸੁਨਿ ਕੈ ਗੁਨਐਨ ਭਨੇ ਮੁਖ ਬੈਨ 'ਰਹਜੋ ਪਤਿਰੈਨ ਸੁ ਨੀਚੇ ਹਮਾਰੇ।
ਜੁਗ ਸੂਰਜ ਚੰਦ ਪ੍ਰਕਾਸ਼ਕ ਜੋ ਜਗ, ਨੈਨ ਤਰੇ ਕਰਿ ਲੇਹੁ ਨਿਹਾਰੇ।
ਪੁਨ ਔਰ ਸਥਾਨ ਜੁ ਬੂਝਤਿ ਊਪਰ ਹੈਂ ਬਹੁ ਰੂਰੇ ਅਨੇਕ ਪ੍ਰਕਾਰੇ।
ਜਹਿਂ ਮੇਰੁ ਕੋ ਸ਼ੇਖਰ, ਸਿੱਧ ਰਹੈਂ ਤਹਿਂ, ਹੈ ਸ਼ਕਤੀ ਜਿਨ ਬੀਚ ਉਦਾਰੇ॥੧੧॥

ਇਹ ਸੁਣ ਕੇ ਗੁਣਾਂ ਦੇ ਘਰ ਬੋਲੇ, "ਰਾਤ ਦਾ ਪਤੀ ਭਾਵ ਚੰਦਰਮਾਂ ਸਾਡੇ ਹੇਠਾਂ ਹੈ। ਦੋਵੇਂ ਸੂਰਜ ਚੰਦ ਜਿਹੜੇ ਜੱਗ ਨੂੰ ਪ੍ਰਕਾਸ਼ਿਤ ਕਰਦੇ ਹਨ ਅੱਖਾਂ ਹੇਠਾਂ ਵੱਲ ਕਰਕੇ ਵੇਖ ਲਵੋ, ਫਿਰ ਹੋਰ ਥਾਵਾਂ ਬਾਰੇ ਜਿਹੜਾ ਪੁੱਛਦਾ ਹੈਂ ਉਹ ਸਾਰੇ ਉਪਰ ਹਨ ਅਤੇ ਬੜੇ ਸੁੰਦਰ ਹਨ ਅਤੇ ਅਨੇਕ ਪ੍ਰਕਾਰ ਦੇ ਹਨ। ਜਿਥੇ ਸੁਮੇਰ ਪਰਬਤ ਦਾ ਸਿਖਰ ਹੈ ਓਥੇ ਸਿੱਧ ਰਹਿੰਦੇ ਹਨ। ਉਨ੍ਹਾਂ ਵਿਚ ਵੱਡੀਆਂ ਸ਼ਕਤੀਆਂ ਹਨ॥ ੧੧॥

ਕਾਕ ਭਸੁੰਡ ਤੇ ਆਦਿ ਰਿਖੀਸੁਰ ਤਾਂ ਦਰਸੋ ਸੁਨਿਯੇ ਮਰਦਾਨਾ!।
ਧ੍ਰੂ ਪ੍ਰਹਿਲਾਦ ਵਡੇ ਜਨ ਦੱਤ ਸੁ ਊਰਧ ਸੋਹਤਿ ਸੁੰਦਰ ਥਾਨਾ।
ਮੰਦਹਿ ਮੰਦ ਚਲੈਂ ਤਹਿਂ ਕੋ, ਮਨ ਸਿੱਧਨ ਕੇ ਬਹੁਤਾ ਅਭਿਮਾਨਾ।
ਦੇਹਿਂ ਮਿਟਾਇ ਭਲੇ ਮਗ ਪਾਇ ਬਖਾਨਤਿ ਤਾ ਛਿਨ ਯੋਂ ਗਤਿਦਾਨਾ॥੧੨॥

ਹੇ ਮਰਦਾਨੇ! ਸੁਣੋ, ਉਪਰ ਚੱਲ ਕੇ ਕਾਕ ਭਸੁੰਡ ਤੇ ਆਦਿ ਰਿਸ਼ੀਆਂ ਮੁੰਨੀਆਂ ਦੇ ਦਰਸ਼ਨ ਕਰੋ। ਧ੍ਰੂ, ਪ੍ਰਹਿਲਾਦ ਜਿਹੜੇ ਵੱਡੇ ਲੋਕ ਦਾਨੀ ਸਨ ਉਹ ਉਪਰ ਸੁੰਦਰ ਸਥਾਨਾਂ ਤੇ ਬੜੇ ਸ਼ੋਭ ਰਹੇ ਹਨ। ਹੌਲੀ-ਹੌਲੀ ਉਪਰ ਵੱਲ ਚਲੀਏ, ਸਿੱਧਾਂ

ਦੇ ਮਨ ਬੜੇ ਹੰਕਾਰੀ ਹੋ ਗਏ ਹਨ, ਚੰਗੇ ਰਾਹ ਚੱਲ ਕੇ ਉਨ੍ਹਾਂ ਦੇ ਭਰਮ ਨੂੰ ਮਿਟਾ ਦੇਈਏ।" ਮੁਕਤੀ ਦਾਤੇ ਜਦ ਉਸ ਵੇਲੇ ਇਹ ਕਹਿ ਰਹੇ ਸਨ ਤਾਂ॥ ੧੨ ॥

ਕਬਿੱਤ- ਭੰਗਰ ਸੁ ਆਇ ਮੁਖ ਬਚਨ ਅਲਾਇ 'ਮਾਈ ਮੂੰਡੇ ! ਕਹਾਂ ਜਾਇ ? ਤੋਹਿ ਗਮਤਾ ਨ ਜਾਨਿ ਕੋ।
ਆਗੈ ਦੁਖ ਪਾਇ ਜੈ ਹੈਂ ਪ੍ਰਾਨ ਕੋ ਗਵਾਇ, ਕੋਊ ਸਕੈ ਨ ਬਚਾਇ, ਹਠ ਕੀਜੈ ਨਹਿਂ ਮਾਨ ਕੋ।
ਆਗੈ ਚਲਿਬੇ ਕੀ ਚਾਹਿ ਗੋਰਖ ਕੋ ਗੁਰੂ ਕਰੋ ਸੇਵਕ ਹੈਂ ਜਾਕੇ ਬਹੁ ਦੇਤਿ ਮਨ ਗਜਾਨ ਕੋ।
ਪਾਛੈ ਹਟਿ ਜੱਯੈ, ਨਾਂਤੋ ਗੁਰੂ ਕਰਿ ਲੱਯੈ ਅਬ, ਦੋ ਮੈਂ ਏਕ ਕੱਯੈ ਜੇ ਤੂੰ ਚਾਹੈਂ ਨਿਜ ਪ੍ਰਾਨ ਕੋ ॥੧੩ ॥

ਓਥੇ ਭੰਗਰ ਨਾਥ ਆ ਗਿਆ ਅਤੇ ਕਹਿਣ ਲੱਗਾ, "ਹੇ ਬਾਲਕ ! ਕਿਥੇ ਜਾ ਰਹੇ ਹੋ ? ਤੁਹਾਨੂੰ ਉਪਰ ਨਹੀਂ ਜਾਣਾ ਚਾਹੀਦਾ। ਅੱਗੇ ਜਾ ਕੇ ਬਹੁਤ ਦੁੱਖ ਪਾਉਗੇ ਅਤੇ ਪ੍ਰਾਣ ਵੀ ਗਵਾਉਗੇ, ਤੁਹਾਨੂੰ ਕੋਈ ਬਚਾਅ ਨਹੀਂ ਸਕੇਗਾ, ਮਨ ਵਿਚ ਏਨਾ ਹੱਠ ਨਾ ਕਰੋ। ਜੇ ਅੱਗੇ ਚੱਲਣ ਦੀ ਚਾਹ ਹੈ ਤਾਂ ਗੋਰਖ ਨੂੰ ਆਪਣਾ ਗੁਰੂ ਬਣਾਉ, ਉਸ ਦੇ ਜਿਹੜੇ ਸੇਵਕ ਹਨ ਉਹ ਮਨ ਨੂੰ ਬਹੁਤ ਗਿਆਨ ਦਿੰਦੇ ਹਨ। ਪਿਛੇ ਹੱਟ ਜਾਵੇ, ਨਹੀਂ ਤਾਂ ਹੁਣ ਗੁਰੂ ਬਣਾ ਲਵੇ, ਮੈਂ ਦੋ ਗੱਲਾਂ ਕਹੀਆਂ ਹਨ, ਇਨ੍ਹਾਂ ਵਿਚੋਂ ਕਿਸੇ ਇਕ ਨੂੰ ਆਪਣੇ ਪ੍ਰਾਣਾਂ ਨੂੰ ਬਚਾਉਣ ਵਾਸਤੇ ਅਪਨਾ ਲਵੇਂ'॥ ੧੩ ॥

ਕਬਿੱਤ- 'ਮਨਸਾ ਹੈ ਮਾਈ ਤਾਂ ਕੋ ਮੂੰਡ ਹੈ ਮੂੰਡਾਈ, ਪੁਨ ਮਾਈ ਹੂੰ ਕੀ ਮਾਈ ਸੰਗ ਤਜਾ, ਨ ਸੰਭਾਰਿਯਾ।
ਦੂਖ ਤਾਂਕੋ ਹੋਇ ਭੂਲੇ ਪੰਥ ਫਿਰੈਂ ਜੋਇ, ਮਾਨ ਤੁਮਰੇ ਕੋ ਖੋਇ ਲੇਊਂ ਮਾਰਗ ਨਿਹਾਰਿਯਾ।
ਗੋਰਖ ਬਿਲੋਕਯੋ ਤੇਰੋ, ਔਧ ਹੈ ਵਧਾਈ ਬਾਦ, ਬਾਦ ਕੋ ਰਚਾਵੈ ਨਹਿ ਮਾਨ ਕੋ ਨਿਵਾਰਿਯਾ।
ਖੋਯੋ ਨਿਜ ਗਜਾਨ, ਕੈਸੇ ਦੇਹੁ ਗਤਿ ਆਨ, ਦੰਭ ਧਾਰੇ ਸਨਮਾਨ ਹਿਤ, ਲੋਕਨ ਭੁਲਾਰਿਯਾ ॥੧੪ ॥

ਗੁਰੂ ਜੀ ਨੇ ਬਚਨ ਕੀਤਾ, "ਜੇ ਕਾਮਨਾ ਤੇਰੀ ਮਾਂ ਹੈ ਤਾਂ ਫਿਰ ਸਿਰ ਕਿਉਂ ਮੁਨਾਇਆ ਹੈ, ਫਿਰ ਤ੍ਰਿਸ਼ਨਾਂ ਦੀ ਮਾਂ, ਮਾਇਆ ਦਾ ਸਾਥ ਛੱਡਿਆ ਸੰਭਾਲਿਆ ਨਹੀ। ਦੁੱਖ ਤੈਨੂੰ ਹੋਵੇਗਾ ਜਿਹੜੇ ਭੁੱਲੇ ਰਾਹ ਪਿਆ ਹੈਂ। ਤੇਰੇ ਹੰਕਾਰ ਦਾ ਨਾਸ਼ ਕਰ ਦੇਵੂੰ ਅਤੇ ਨਵਾਂ ਮਾਰਗ ਦਿਖਾਵਾਂਗਾ। ਤੇਰੇ ਗੋਰਖ ਨੂੰ ਮੈਂ ਵੇਖਿਆ ਹੈ, ਜਿਸ ਨੇ ਵਿਅਰਥ ਉਮਰ ਵਧਾਈ ਹੋਈ ਹੈ। ਉਹ ਝਗੜੇ ਪੈਦਾ ਕਰਦਾ ਹੈ ਤੇ ਆਪਣੇ ਹੰਕਾਰ ਦਾ ਨਿਵਾਰਨ ਨਹੀਂ ਕਰਦਾ। ਉਸ ਆਪਣਾ ਗਿਆਨ ਗਵਾ ਦਿੱਤਾ ਹੈ, ਉਸ ਦੀ ਦੇਹ ਕਿਵੇਂ ਗਤੀ ਪ੍ਰਾਪਤ ਕਰੇਗੀ। ਮਾਨ ਸਨਮਾਨ ਹਿਤ ਉਸ ਨੇ ਪਖੰਡ ਧਾਰਨ ਕੀਤਾ ਹੈ ਅਤੇ ਲੋਕਾਂ ਨੂੰ ਭੁਲੇਖੇ ਵਿਚ ਰੱਖ ਰਿਹਾ ਹੈ॥ ੧੪ ॥

ਕਾਨ ਕੋ ਛਿਦਾਇ ਮੁੰਦਾ ਫਟਕ ਬਨਾਇ, ਸੇਲੀ ਅੰਗ ਹੂੰ ਮੈਂ ਪਾਇ, ਬੇਖ ਦੰਭ ਕੇ ਨਿਧਾਨ ਹੋ।
ਭਸਮ ਲਗਾਇ ਪਟ ਭਗਵੇ ਰੰਗਾਇ ਝੋਲੀ ਲੀਨੀ ਹੈ ਸਿਵਾਇ ਨਿਜ ਮਾਨਤਿ ਮਹਾਨ ਹੋ।
ਜੋਗ ਕੀ ਜੁਗਤਿ ਨਹਿਂ ਜਾਨੀ ਤੈਂ ਬਿਮਤ ਨਿਜ ਜੋਗੀ ਹੋ ਕਹਿਤ, ਜੋਗ ਹੂੰ ਤੇ ਅਨਜਾਨ ਹੋ।
ਔਧ ਹੈ ਵਧਾਈ ਕੂਰ, ਪੰਥ ਸ਼ੁਭ ਰਹਯੋ ਦੂਰ, ਸਹਿਜ ਸਰੂਪ ਕੇ ਹਦੂਰ ਕਿਵ ਜਾਨਿ ਹੋ ?' ॥੧੫ ॥

ਕੰਨਾਂ ਨੂੰ ਵਿੰਨ੍ਹਾ ਕੇ ਮੁੰਦਰਾਂ ਪਾਈਆਂ ਹੋਈਆਂ ਹਨ, ਸਰੀਰ ਤੇ ਸੇਲੀ ਪਹਿਨੀ ਹੋਈ ਹੈ ਅਤੇ ਭੇਸ ਪਖੰਡ ਦਾ ਖਜ਼ਾਨਾ ਹੈ। ਭਸਮ ਸਰੀਰ ਨੂੰ ਮਲੀ ਹੋਈ ਹੈ ਅਤੇ ਗਲ ਭੰਗਵੇ ਕਪੜੇ ਰੰਗਾ ਕੇ ਪਾਏ ਹਨ, ਇਕ ਝੋਲੀ ਸਿਵਾ ਕੇ ਮੋਢੇ ਨਾਲ ਲਟਕਾਈ ਹੈ ਅਤੇ ਆਪਣੇ ਆਪ ਨੂੰ ਮਹਾਨ ਮੰਨਦਾ ਹੈ। ਜੋਗ ਦੀ ਜੁਗਤੀ ਨਹੀਂ ਜਾਣਦਾ ਹੈ ਤੇ ਆਪਣੇ ਆਪ ਨੂੰ ਜੋਗੀ ਕਹਿੰਦਾ ਹੈ, ਜਿਹੜਾ ਕਿ ਜੋਗ ਤੋਂ ਹੀ ਅਨਜਾਣ ਹੈ। ਉਮਰ ਬਹੁਤ ਵਧਾਈ ਹੈ, ਸ਼ੁਭ ਪੰਥ ਤੋਂ ਦੂਰ ਰਹਿੰਦਾ ਹੈ, ਸਹਿਜ ਸਰੂਪ ਦੇ ਸਾਹਮਣੇ ਕਿਵੇਂ ਜਾਵੇਗਾ ?"॥ ੧੫ ॥

ਸ੍ਵੈਯਾ- ਯੌਂ ਸੁਨਿ ਕ੍ਰੁਸ਼ਨ ਹੋਤਿ ਭਯੋ ਪੁਨ ਭੰਗਰ ਨਾਥ ਨ ਬਾਨੀ ਅਲਾਈ।
ਲੋਪ ਭਯੋ ਪ੍ਰਗਟਯੋ ਢਿਗ ਗੋਰਖ ਬੈਠ ਗਯੋ ਨਿਜ ਆਸਨ ਲਾਈ।

ਆਗੈ ਚਲੇ ਤਹਿਂ ਤੇ ਗੁਰ ਨਾਨਕ ਹੈਂ ਬਿਖਰੇ ਗਿਰ ਪੰਥ ਨ ਪਾਈ।
ਊਨਾ ਪਹਾਰ ਕੇ ਜਾਇਕੈ ਸ਼ੇਖਰ ਬੈਸਿ ਗਏ ਸੁਠ ਰੂਪ ਸੁਹਾਈ॥ ੧੬ ॥

ਇਹ ਸੁਣ ਕੇ ਭੰਗਰ ਨਾਥ ਚੁਪ ਹੋਇਆ ਰਿਹਾ, ਅਤੇ ਕੁਝ ਨਾ ਬੋਲਿਆ। ਫਿਰ ਅਲੋਪ ਹੋ ਗਿਆ ਅਤੇ ਗੋਰਖ ਦੇ ਪਾਸ ਜਾ ਕੇ ਪ੍ਰਗਟ ਹੋਇਆ ਅਤੇ ਆਸਣ ਲਾ ਕੇ ਗੋਰਖ ਦੇ ਪਾਸ ਬੈਠ ਗਿਆ। ਉਸ ਥਾਂ ਤੋਂ ਗੁਰੂ ਨਾਨਕ ਦੇਵ ਜੀ ਅੱਗੇ ਚਲ ਪਏ, ਕਠਨ ਪਹਾੜ ਸਨ, ਇਸ ਲਈ ਰਾਹ ਨਹੀਂ ਸੀ ਲੱਭ ਰਿਹਾ। ਊਨਾ ਨਾਮੀ ਪਹਾੜ ਦੀ ਚੋਟੀ ਤੇ ਜਾ ਕੇ ਬੈਠ ਗਏ, ਸੁੰਦਰ ਰੂਪ ਬੜਾ ਸ਼ੋਭ ਰਿਹਾ ਸੀ॥ ੧੬ ॥

ਕਬਿੱਤ- ਬੈਠਿ ਘਟੀ ਤੀਨ, ਮੁਸਕਾਨੇ ਹੈਂ ਪ੍ਰਬੀਨ, ਗੁਰੁ ਬੂਝੇ ਮਰਦਾਨਾ 'ਕੈਸੇ ਕੀਨੋ ਮੁਸਕਾਵਨੋ?'।
ਪ੍ਰਭੁ ਬੈਨ ਕਹਜੋ 'ਜੋਗੀ ਆਵਤੋ ਹੈ ਲਹਜੋ ਏਕ ਮਾਨ ਮਨ ਦਹਜੋ ਹਮੇ ਦੇਖਿ ਕਰਿ ਆਵਨੋ।
ਭੇਜਤਿ ਚਢਤਿ ਕਰਿ ਗੋਰਖ ਜੋ ਹਮ ਪਰ ਮਤਸਰ ਉਰ ਧਰਿ ਹੋਇ ਨ ਲਜਾਵਨੋ'।
ਕਹੇ ਮਰਦਾਨਾ 'ਯਾਂਕੋ ਮਾਰੋਂ ਚੱਡੇ ਗਾਟੇ ਕਰਿ, ਨੈਕ ਮੋਕੋ ਕੀਜੇ ਨਿਜ ਆਇਸੁ ਅਲਾਵਨੋ॥੧੭॥

ਤਿੰਨ ਘੜੀਆਂ ਉਥੇ ਬੈਠੇ ਰਹੇ, ਫਿਰ ਗੁਰੂ ਜੀ ਮੁਸਕਰਾਏ। ਮਰਦਾਨੇ ਨੇ ਜਦ ਗੁਰੂ ਜੀ ਦੀ ਮੁਸਕਰਾਹਟ ਵੇਖੀ ਤਾਂ ਪੁਛਿਆ, "ਹੇ ਪ੍ਰਭੂ ! ਕਿਵੇਂ ਮੁਸਕਰਾਏ ਹੋ ?" ਪ੍ਰਭੂ ਨੇ ਬਚਨ ਕੀਤਾ, "ਇਕ ਜੋਗੀ ਆਉਂਦਾ ਡਿੱਠਾ ਹੈ, ਜਿਸ ਦਾ ਮਨ ਹੰਕਾਰ ਨਾਲ ਸੜਿਆ ਹੋਇਆ ਹੈ, ਜਿਸ ਨੂੰ ਵੇਖ ਕੇ ਹਾਸਾ ਆਇਆ ਹੈ। ਗੋਰਖ ਨੇ ਸਾਡੇ ਉੱਤੇ ਚੜ੍ਹਾਈ ਕਰਾ ਕੇ ਇਕ ਜੋਗੀ ਭੇਜਿਆ ਹੈ, ਪਰ ਮੂਰਖ ਨੂੰ ਆਪਣੇ ਦਿਲ ਵਿਚ ਸਮਝ ਕੇ ਸ਼ਰਮ ਨਹੀਂ ਆਉਂਦੀ ਹੈ।" ਮਰਦਾਨੇ ਕਿਹਾ, "ਉਸ ਦੀਆਂ ਲੱਤਾਂ ਦੇ ਜੋੜ ਵਿਚ ਹੱਥ ਪਾ ਕੇ ਧੌਣ (ਗਰਦਨ) ਭਾਰ ਸੁੱਟ ਕੇ ਮਾਰ ਦੇਵੇ, ਨਹੀਂ ਤਾਂ ਮੈਨੂੰ ਆਪਣੀ ਆਗਿਆ ਬਖਸ਼ੋ॥ ੧੭॥

ਦੋਹਰਾ- ਲੇਨਿ ਦੇਨਿ ਇਨ ਕੋ ਨਹੀਂ ਆਵਤ ਰੋਸ ਬਢਾਇ।
ਇਕ ਕੋ ਜਬਹੀ ਮਾਰਹੋਂ ਸਭਿਹੀ ਕੋ ਮਤਿ ਆਇ॥ ੧੮ ॥

ਇਨ੍ਹਾਂ ਨਾਲ ਕੋਈ ਲੈਣ ਦੇਣ ਨਹੀਂ, ਫਿਰ ਵੀ ਬੜੇ ਕ੍ਰੋਧ ਵਧਾ ਕੇ ਆਉਂਦੇ ਹਨ। ਜੇ ਇਕ ਨੂੰ ਮਾਰ ਦੇਵਾਂਗੇ ਤਾਂ ਬਾਕੀਆਂ ਨੂੰ ਮੱਤ ਆ ਜਾਵੇਗੀ॥ ੧੮॥

ਸੋਰਠਾ- ਗਰੂਓ ਗਰਬ ਗਵਾਰੁ ਗੁਨਹਿਂ ਨ ਆਪ ਸਮਾਨ ਕੋ।
ਦੀਜੈ ਸਕਲ ਬਿਦਾਰਿ ਬਹੁਰ ਨ ਬੈਨ ਬਖਾਨ ਕੋ'॥ ੧੯ ॥

ਮੂਰਖ ਗੰਵਾਰ ਵੱਡੇ ਹੰਕਾਰੀ ਹਨ, ਕਿਸੇ ਨੂੰ ਆਪਣੇ ਬਰਾਬਰ ਨਹੀਂ ਜਾਣਦੇ, ਸਾਰਿਆਂ ਦਾ ਨਾਸ਼ ਕਰ ਦੇਵੋ, ਤਾਂਕਿ ਦੁਬਾਰਾ ਸਾਡੇ ਪਾਸ ਆ ਕੇ ਬਕਵਾਸ ਨਾ ਕਰਨ"॥ ੧੯॥

ਕਬਿੱਤ- ਸ੍ਰੀ ਗੁਰੂ ਅਲਾਈ 'ਨਹਿਂ ਹਾਥ ਕੀ ਲਰਾਈ, ਇਹਾਂ ਬੈਨ ਚਤੁਰਾਈ, ਕਰੈਂ ਬਾਦ ਸਿੱਧ ਆਵਈ'।
ਬੋਲਤਿ ਪਰਸਪਰ ਆਵਾ ਤਬ ਜੋਗੀ ਸੋਊ ਨਾਮ ਹੈ ਕਨੀਫਾ ਐਸੇ ਵਾਕ ਕੋ ਅਲਾਵਈ।
'ਆਗੇ ਈਹਾਂ ਆਏ, ਕੈਧੌਂ ਪੂਰਬ ਹੀ ਆਏ ਤੁਮ? ਕੌਨੈ ਥਾਨ ਤੀਕ ਅਬ ਚਲਿ ਕਰਿ ਜਾਵਈ?
ਕੌਨ ਨਾਮ ਤੇਰੋ? ਖੋਵੋਂ ਮਾਨ ਜੋ ਘਨੇਰੋ ਕੀਨੋ ਲੀਜੈ ਉਪਦੇਸ਼ ਮੇਰੋ, ਨੀਕੇ ਹੋਂ ਸੁਨਾਵਈ' ॥੨੦॥

ਗੁਰੂ ਜੀ ਨੇ ਕਿਹਾ, "ਇਹ ਹੱਥਾਂ ਦੀ ਲੜਾਈ ਨਹੀਂ, ਏਥੇ ਸ਼ਬਦਾਂ ਦੀ ਚਤੁਰਾਈ ਹੈ, ਸਿੱਧ ਵਾਦ-ਵਿਵਾਦ ਕਰਨ ਆਉਂਦੇ ਹਨ।" ਜਦ ਇਸ ਤਰ੍ਹਾਂ ਦੀ ਗੱਲ ਬਾਤ ਹੋ ਰਹੀ ਸੀ ਤਦ ਇਕ ਕਨੀਫਾ ਨਾਮੀ ਜੋਗੀ ਆਇਆ ਤੇ ਉਹ ਇਸ ਤਰ੍ਹਾਂ ਬੋਲਿਆ, "ਕੀ ਪਹਿਲਾਂ ਵੀ ਕਦੀ ਏਥੇ ਆਏ ਹੋ ? ਜਾਂ ਪਹਿਲੀ ਵਾਰ ਹੀ ਤੁਸੀਂ ਆਏ ਹੋ ? ਹੁਣ ਕਿੱਥੋਂ ਤਕ ਚੱਲ ਕੇ ਜਾਵੋਗੇ ? ਤੁਹਾਡਾ ਕੀ ਨਾਂ ਹੈ, ਉਸ ਘੁਮੰਡ ਨੂੰ ਛੱਡ ਦੇਵੋ, ਜਿਹੜਾ ਤੁਸੀਂ ਬਹੁਤ ਕੀਤਾ ਹੈ, ਮੇਰਾ ਉਪਦੇਸ਼ ਲਵੋ, ਚੰਗੀ ਤਰ੍ਹਾਂ ਮੈਂ ਸੁਣਾਉਂਦਾ ਹਾਂ"॥ ੨੦॥

'ਆਗੇ ਹਮ ਆਏ ਤਊ ਗੈਲ ਅਬ ਜਾਏਂ' ਦੇਖੇ ਬਿਨਾ ਸੁਨੇ ਕਹੋ ਕੋਊ ਐਸੇ ਚਲਿ ਜਾਤਿ ਹੈ ?।
ਨਾਨਕ ਹੈ ਨਾਮ, ਉਪਦੇਸ਼ ਤਮ ਹਾਂਨ ਜੋਊ ਸੋਊ ਕਹੋ ਆਨਿ ਕਰਿ, ਐਸੇ ਬਰਰਾਤਿ ਹੈ।
ਦੇਖਿਬੇ ਨਿਰੰਜਨ ਕੀ ਚਾਹਿ ਉਰ ਲਾਗੀ ਮੋ ਕੋ ਤਾਂਹੀ ਕੇ ਤਖ਼ਤ ਬਿਨ ਮਨ ਨ ਠਹਿਰਾਤ ਹੈ।
ਕੈਸੇ ਮਤਿ ਤੋਹਿ ਕਹਿ ਦੀਜੈ ਸਭਿ ਪਾਸ ਮੋਹਿ?' ਸੁਨਿਕੈ ਕਨੀਫਾ ਤਬ ਬਚਨ ਕਹਾਤਿ ਹੈ ॥੨੧॥

'ਜਿਸ ਰਸਤੇ ਪਹਿਲਾਂ ਅਸੀਂ ਆਏ ਸੀ, ਉਸ ਰਸਤੇ ਹੁਣ ਔਰੇ ਜਾਵਾਂਗੇ। ਵੇਖੇ ਸੁਣੇ ਬਿਨਾਂ ਦੱਸੋ ਕੋਈ ਕਿਵੇਂ ਚਲੇ ਜਾਵੇਗਾ? ਮੇਰਾ ਨਾਮ ਨਾਨਕ ਹੈ, ਜੇ ਤੇਰੇ ਪਾਸ ਹਨੇਰਾ ਦੂਰ ਕਰਨ ਵਾਲਾ ਕੋਈ ਉਪਦੇਸ਼ ਹੈ ਤਾਂ ਕਹੋ, ਐਵੇਂ ਕਿਉਂ ਬੁੜਬੁੜਾਉਂਦਾ ਹੈਂ ? ਮੇਰੇ ਮਨ ਵਿਚ ਪ੍ਰਭੂ ਦੇ ਦਰਸ਼ਨ ਕਰਨ ਦੀ ਚਾਹ ਹੈ, ਉਸ ਦੇ ਤਖ਼ਤ ਨੂੰ ਵੇਖਣ ਬਗੈਰ ਮਨ ਠਹਿਰਦਾ ਨਹੀਂ ਹੈ, ਤੇਰਾ ਕੀ ਮੱਤ ਹੈ। ਮੇਰੇ ਪਾਸ ਕਹਿ ਦੇਵੋ।'' ਇਹ ਸੁਣ ਕੇ ਕਨੀਫੇ ਨੇ ਕਿਹਾ॥ ੨੧॥

ਕਬਿੱਤ-'ਕਾਨ ਕੋ ਛਿ।ਦਾਵੈ,ਮੁੰਦ੍ਰਾ ਫਟਕ ਬਨਾਵੈ ਔਰ ਖਿੰਥਾ ਗਰ ਪਾਵੈ ਜੋਗ ਰੀਤਿ ਸਭਿ ਲੀਜਿਯੇ।
ਸਿੱਧਨ ਮੈ ਅੱਯੈ ਨਿਜ ਮਤ ਦੂਰ ਕੱਯੈ, ਭੀਖ ਮਾਂਗ ਮਾਂਗ ਖੱਯੈ, ਤਨ ਭਸਮ ਲਗੀਜਿਯੇ।
ਜਰਾ ਦੁਖ ਜਾਇ,ਪੋਹੈ ਕਾਲ ਨਹਿਂ ਆਇ ਤੋਹਿ,ਨਾਮ ਪ੍ਰਗਟਾਇ ਜਗ,ਐਸੀ ਬਿਧਿ ਕੀਜਿਯੇ।
ਜੀਅ ਮੈਂ ਬਿਚਾਰਿ ਕਰਿ ਲੀਜੈ ਮਤ ਧਾਰਿ ਬਰ,ਹੋਇਕੈ ਅਮਰ ਜਸੁ ਸੁਧਾ ਕਯੋਂ ਨ ਪੀਜਿਯੇ ॥੨੨॥

''ਕੰਨਾਂ ਨੂੰ ਵਿੰਨ੍ਹਾਵੇ, ਬਲੌਰੀ ਮੁੰਦਰਾਂ ਪਾਵੇ, ਖਿੰਥਾ (ਗੋਦੜੀ) ਗਲ ਪਾ ਕੇ ਜੋਗ ਰੀਤੀ ਸਾਰੀ ਅਪਨਾਅ ਲਵੇ। ਸਿੱਧਾਂ ਵਿਚ ਆਉ, ਆਪਣਾ ਮੱਤ ਦੂਰ ਕਰੇ, ਭਿਖਿਆ ਮੰਗ ਮੰਗ ਕੇ ਖਾਵੇ ਅਤੇ ਸਰੀਰ ਤੇ ਸਵਾਹ ਮਲ ਲਵੇ। ਬੁਢੇਪੇ ਦਾ ਦੁੱਖ ਜਾਵੇ, ਤੁਹਾਨੂੰ ਕਾਲ ਆ ਕੇ ਨਹੀਂ ਪੋਹੇਗਾ, ਜੱਗ ਵਿਚ ਤੁਹਾਡਾ ਨਾਂ ਪ੍ਰਗਟ ਹੋਵੇਗਾ, ਇਸ ਤਰ੍ਹਾਂ ਕਰੋ। ਆਪਣੇ ਜੀਅ ਵਿਚ ਵਿਚਾਰ ਕਰ ਲਵੋ, ਸ੍ਰੇਸ਼ਟ ਮੱਤ ਧਾਰਨ ਕਰੋ। ਅਮਰ ਹੋ ਕੇ ਅੰਮ੍ਰਿਤ ਰੂਪੀ ਜੱਸ ਕਿਉਂ ਨਹੀਂ ਪੀਂਦੇ?'' ॥੨੨॥

'ਮੋਹ ਮਾਨ ਚੀਰ ਕਾਨ,ਮੁੰਦ੍ਰਾ ਹੈ ਗਰੀਬੀ ਗਯਾਨ, ਧਯਾਨ ਕੀ ਸਰੀਰ ਖਿੰਥਾ ਸਦਾ ਜੋ ਅਨਾਸ਼ ਹੈ।
ਭਸਮ ਸੰਤੋਖ, ਭੀਖ ਲੀਨੀ ਸੁੰਨ ਮੰਡਲ ਕੀ, ਨਾਮ ਲਿਵ ਲਾਗੀ ਜਾਂਮੈਂ ਦੇਖਯੋ ਸੁਖ ਰਾਸ ਹੈ।
ਕਾਲ ਹੈ ਪਲਾਯੋ, ਗੁਰ ਸ਼ਬਦ ਕਮਾਯੋ, ਸਭਿ ਜਰਾ ਯੌਂ ਮਿਟਾਯੋ ਹਰਿ ਰੂਪ ਮੈਂ ਨਿਵਾਸ ਹੈ'।
ਸ੍ਰੀ ਗੁਰੂ ਉਚਾਰੀ 'ਸੁਨੋ ਸਿੱਧ ਦੰਭ ਧਾਰੀ ਭਾਰੀ ਜਾਨਿਯੇ ਕਮਾਯੋ, ਜੋਗ ਐਸੋ ਹਮ ਪਾਸ ਹੈ' ॥੨੩॥

ਗੁਰੂ ਜੀ ਨੇ ਕਿਹਾ, ''ਮੋਹ ਹੰਕਾਰ ਕੰਨਾਂ ਨੂੰ ਛੇਦਣਾ ਹੈ, ਗਰੀਬੀ ਗਿਆਨ ਮੁੰਦਰਾਂ ਹਨ, ਧਿਆਨ ਦੀ ਸਰੀਰ ਤੇ ਗੋਦੜੀ ਪਾਵੇ ਜਿਹੜੀ ਸਦਾ ਨਾਸ਼ ਰਹਿਤ ਹੈ। ਭਸਮ ਸੰਤੋਖ ਦੀ ਮਲੇ, ਭਿਖਿਆ ਸੁੰਨ ਮੰਡਲ ਦੀ ਲਵੇ, ਨਾਮ ਨਾਲ ਲਿਵ ਲਾਵੇ, ਜਿਸ ਨਾਲ ਸੁਖਾਂ ਦੀ ਰਾਸ ਦਿਖਾਈ ਦਿੰਦੀ ਹੈ। ਜਿਹੜਾ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ, ਉਸ ਦਾ ਕਾਲ ਵੀ ਦੌੜ ਜਾਂਦਾ ਹੈ। ਸਭ ਬੁਢੇਪੇ ਇਸ ਤਰ੍ਹਾਂ ਮਿਟ ਜਾਂਦੇ ਹਨ ਅਤੇ ਉਸ ਮਨੁੱਖ ਦਾ ਹਰੀ ਦੇ ਰੂਪ ਵਿਚ ਨਿਵਾਸ ਹੋ ਜਾਂਦਾ ਹੈ।'' ਗੁਰੂ ਜੀ ਨੇ ਬਚਨ ਉਚਾਰਨ ਕੀਤੇ, ''ਹੇ ਸਿੱਧ ਪਖੰਡਧਾਰੀ ! ਸੁਣੋ, ਇਹ ਸਮਝ ਲਵੋ, ਭਾਰੀ ਕਮਾਈ ਵਾਲਾ ਜੋਗ ਸਾਡੇ ਪਾਸ ਹੈ'' ॥ ੨੩॥

ਸ੍ਵੈਯਾ- ਯੌਂ ਸੁਨਿ ਕੈ ਸੋਊ ਜਾਤਿ ਭਯੋ, ਉਰ ਬੀਚ ਬਿਚਾਰ ਕੈ, ਪੂਰਨ ਜਾਨਾ।
'ਸ਼ੇਖਰ ਮੇਰੁ ਚਲੋ ਗੁਰੁ ਜੀ!' ਕਰਬੰਦਿ ਕਹੈ ਤਬਹੀ ਮਰਦਾਨਾ।
ਸ੍ਰੀ ਪ੍ਰਭੁ ਬੈਨ ਭਨੇ ਤਿਹ ਸੋਂ 'ਗਮਨੈਂ ਮੰਦ ਮੰਦ ਪਿਖੈਂ ਸੁਖ ਥਾਨਾ।
ਸਿੱਧਨ ਕੇ ਅਵਿਲੋਕਹੁ ਕੌਤਕ ਆਵਤਿ ਹੈਂ ਜਿਨਕੇ ਬਹੁ ਮਾਨਾ' ॥੨੪॥

ਇਹ ਸੁਣ ਕੇ ਕਨੀਫਾ ਜੋਗੀ ਓਥੋਂ ਚਲਾ ਗਿਆ। ਦਿਲ ਵਿਚ ਵਿਚਾਰ ਕੇ ਉਸ ਗੁਰੂ ਜੀ ਨੂੰ ਪੂਰਨ ਜਾਣਿਆ। ਤਦ

ਮਰਦਾਨੇ ਨੇ ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਹੁਣ ਸੁਮੇਰ ਪਰਬਤ ਦੀ ਚੋਟੀ ਤੇ ਚਲੋ।" ਸ੍ਰੀ ਪ੍ਰਭੂ ਭਾਵ ਗੁਰੂ ਜੀ ਨੇ ਬਚਨ ਕੀਤੇ, "ਹੌਲੀ ਹੌਲੀ ਚਲਦੇ ਹਾਂ, ਉਸ ਸੁੱਖ ਸਥਾਨ ਨੂੰ ਜਾ ਕੇ ਵੇਖੀਏ। ਸਿੱਧਾਂ ਦੇ ਕੌਤਕਾਂ ਨੂੰ ਵੇਖੋ ਜਿਨ੍ਹਾਂ ਕਰਕੇ ਉਹ ਏਨਾ ਹੰਕਾਰ ਕਰਦੇ ਹਨ"॥ ੨੪॥

ਕਬਿੱਤ- ਆਯੋ ਹੈ ਹਨੀਫਾ ਅਵਿਲੋਕਤਿ ਹੀ ਬੋਲਜੋ ਬੈਨ 'ਬਾਲ ਹੈ ਅਦੇਸ' ਸੁਨਿ ਸ੍ਰੀ ਗੁਰੂ ਭਨਤਿ ਹੈਂ।
'ਅਦੇਸ ਏਕੰਕਾਰ ਕੋ ਹਨੀਫਾ ! ਆਉ ਬੈਸ', ਬਿਸਮਾਦਜੋ ਸੁਨਿ ਸੋਊ, ਗਟੀ ਮਨ ਮੈ ਗਿਨਤਿ ਹੈ।
ਬੂਝਤਿ ਭਾ 'ਪੂਰਬ ਹੀ ਮੇਲ ਮੇਰੋ ਤੇਰੋ ਭਯੋ, ਨਾਮ ਜੋ ਹਨੀਫਾ ਆਗੇ ਕੈਸੇ ਕੈ ਜਨਤਿ ਹੈ?।
ਕਾਹੂ ਨੇ ਬਤਾਯੋ, ਕਿਧੌਂ ਤੀਨਕਾਲ ਗਜਾਤਾ ਤੁਮੈ? ਭਯੋ ਹੈ ਸੰਦੇਹ ਮੇਰੇ, ਕਹਜੋ ਸੋ ਬਨਤਿ ਹੈ ॥੨੫॥

ਫਿਰ ਹਨੀਫਾ ਨਾਮੀ ਸਿੱਧ ਆਇਆ ਅਤੇ ਗੁਰੂ ਜੀ ਨੂੰ ਵੇਖਦਿਆਂ ਹੀ ਬੋਲਿਆ, "ਹੇ ਬਾਲਕ ! ਅਦੇਸ਼ ਹੈ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਹੇ ਹਨੀਫਾ ! ਏਕੰਕਾਰ ਨੂੰ ਅਦੇਸ਼, ਆਉ ਬੈਠੋ।" ਇਹ ਸੁਣ ਕੇ ਹਨੀਫਾ ਸਿੱਧ ਬੜਾ ਖੁਸ਼ ਹੋਇਆ ਅਤੇ ਮਨ ਵਿਚ ਗਿਣਤੀਆਂ ਗਿਣਨ ਲੱਗਾ। ਹਨੀਫਾ ਪੁਛਣ ਲੱਗਾ, "ਪਹਿਲੀ ਵਾਰ ਮੇਰਾ ਤੁਹਾਡਾ ਮੇਲ ਹੋਇਆ ਹੈ, ਮੇਰਾ ਨਾਂ ਹਨੀਫਾ ਪਹਿਲਾਂ ਕਿਵੇਂ ਜਾਣਦੇ ਹੋ ? ਇਹ ਕਿਉਂ ਨਹੀਂ ਦੱਸਿਆ ਕਿ ਤੁਹਾਨੂੰ ਭੂਤ, ਭਵਿਖ, ਵਰਤਮਾਨ ਤਿੰਨਾਂ ਕਾਲਾਂ ਦਾ ਗਿਆਨ ਹੈ ? ਮੈਨੂੰ ਸੰਦੇਹ ਹੋ ਗਿਆ ਹੈ, ਜੋ ਬਣਦਾ ਹੈ ਕਹੋ"॥ ੨੫॥

ਦੋਹਰਾ- ਸ੍ਰੀ ਗੁਰੂ ਬੋਲੇ ਬਚਨ ਪੁਨ 'ਸੁਨਹੁ ਆਪਨੀ ਬਾਤ।
ਕੰਕਕਰਣ ਤਵ ਪਿਤਾ ਕੋ ਨਾਮ ਹੁਤੋ ਬੱਖਜਾਤ॥ ੨੬॥

ਸ੍ਰੀ ਗੁਰੂ ਜੀ ਨੇ ਫਿਰ ਬਚਨ ਕੀਤੇ, "ਆਪਣੀ ਗੱਲ ਸੁਣੋ ! ਤੁਹਾਡੇ ਪਿਤਾ ਕੰਕਕਰਣ ਦਾ ਨਾਂ ਬਹੁਤ ਮਸ਼ਹੂਰ ਸੀ।

ਨਗਰ ਸੀਲਪੁਰ ਕੇ ਬਿਖੈ ਕਰਤੇ ਰਾਜ ਬਿਸਾਲ।
ਬਿਤੀ ਔਧ ਤਵ ਪਿਤਾ ਕੀ ਪਰਜੋ ਕਾਲ ਕੇ ਜਾਲ॥ ੨੭॥

ਉਹ ਸੀਲਪੁਰ ਨਗਰ ਵਿਚ ਰਾਜ ਕਰਦਾ ਸੀ। ਜਦ ਤੁਹਾਡੇ ਪਿਤਾ ਦੀ ਉਮਰ ਪੁੱਗ ਗਈ ਤਾਂ ਉਨ੍ਹਾਂ ਦੀ ਮੌਤ ਹੋ ਗਈ।

ਕਬਿੱਤ- ਬਰਖ ਸਪਤ ਦਸ ਬੈਸ ਹੁਤੀ ਤੇਰੀ ਤਬ ਤਾਂਕੇ ਪਾਛੈ ਦੇਸ਼ ਰਾਜ ਕੋਸ਼ ਸਭਿ ਲਯੋ ਹੈ।
ਏਕ ਦਿਨ ਮਾਂਹਿ ਤੈਂ ਅਰੂਢ ਭਯੋ ਬਾਜ ਪਰ ਮਨ ਕੇ ਹੁਲਾਸ ਸੌਂ ਅਖੇਰ ਬ੍ਰਿਤਿ ਗਯੋ ਹੈ।
ਬਨ ਮੈਂ ਬਿਚਰ ਬਹੁ ਜੀਵਨ ਕੋ ਘੇਰਿ ਕਰਿ ਸੂਕਰ ਬਿਹੰਗ ਮ੍ਰਿਗ ਘਾਤ ਤੈਨੇ ਕਯੋ ਹੈ।
ਹਟਜੋ ਜਬ ਧਾਮ ਓਰ ਗੋਰਖ ਮਿਲਾਪ ਕੀਨੋ, ਹਨੇ ਜੀਵ ਦੇਖਿ ਤਿਨ ਬਚਨ ਸੁਨਾਯੋ ਹੈ ॥੨੮॥

ਤੇਰੀ ਉਸ ਸਮੇਂ ਸਤਾਰਾਂ ਸਾਲ ਦੀ ਉਮਰ ਸੀ, ਤੂੰ ਪਿਛੋਂ ਦੇਸ਼, ਰਾਜ ਅਤੇ ਖਜ਼ਾਨਾ ਸਭ ਕੁਝ ਸੰਭਾਲ ਲਿਆ। ਇਕ ਦਿਨ ਤੂੰ ਘੋੜੇ ਉਤੇ ਚੜ੍ਹ ਕੇ ਮਨ ਦੀ ਪ੍ਰਸੰਨਤਾ ਲਈ ਸ਼ਿਕਾਰ ਖੇਡਣ ਗਿਆ। ਜੰਗਲ ਵਿਚ ਫਿਰ ਕੇ ਬਹੁਤ ਜੀਵਾਂ ਨੂੰ ਘੇਰ ਕੇ, ਸੂਰ, ਪੰਛੀ ਅਤੇ ਹਿਰਨਾਂ ਨੂੰ ਮਾਰ ਲਿਆ। ਜਦ ਘਰ ਨੂੰ ਵਾਪਿਸ ਆ ਰਿਹਾ ਸੀ ਤੇਰਾ ਗੋਰਖ ਨਾਲ ਮਿਲਾਪ ਹੋਇਆ, ਮਾਰੇ ਹੋਏ ਜੀਵਾਂ ਨੂੰ ਵੇਖ ਕੇ ਗੋਰਖ ਨੇ ਇਹ ਬਚਨ ਸੁਣਾਇਆ ਹੈ॥ ੨੮॥

ਸ੍ਵੈਯਾ- ਹੈ ਮਨ ਤੇਰੋ ਬਿਹੀਨ ਦਯਾ, ਬਨ ਜੀਵ ਹਨੇ ਰਸਨਾ ਹਿਤ ਸਾਦੂ।
ਤੈਸੇ ਹਨੈਂ ਤੁਮਰੇ ਤਨ ਕੋ ਇਹ, ਕਜੋਂ ਨਿਜ ਆਵ ਗਵਾਵਤਿ ਬਾਦੂ।
ਯੋਂ ਸੁਨਿਕੈ ਮਨ ਮੈਂ ਗੁਨਿਕੈ ਤੁਵ ਕੀਨ ਬਿਨੈ ਮ੍ਰਿਤੁ ਭਾ ਡਰ ਜਾਦੂ।
ਗੋਰਖ ਕੇ ਪਦ ਕੋ ਗਹਿ ਕੈ ਤਬ ਚਾਹਿਤ ਭਾ ਤਿਹ ਭੂਰ ਪ੍ਰਸਾਦੂ ॥੨੯॥

ਤੇਰਾ ਮਨ ਦਇਆ ਰਹਿਤ ਹੈ, ਤੂੰ ਜੰਗਲ ਦੇ ਜੀਵਾਂ ਨੂੰ ਆਪਣੀ ਜੀਭ ਦੇ ਸਵਾਦ ਹਿਤ ਮਾਰਿਆ ਹੈ। ਇਸ ਤਰ੍ਹਾਂ ਹੀ

ਇਹ ਜੀਵ ਤੇਰੇ ਸਰੀਰ ਦਾ ਨਾਸ਼ ਕਰਨਗੇ, ਤੂੰ ਆਪਣੀ ਆਯੂ ਕਿਉਂ ਗਵਾ ਰਿਹਾ ਹੈਂ। ਇਹ ਗੱਲ ਸੁਣ ਕੇ, ਮਨ ਵਿਚ ਵਿਚਾਰ ਕੀਤੀ ਅਤੇ ਮੌਤ ਦੇ ਭੈਅ ਨੂੰ ਯਾਦ ਕਰਕੇ ਤੂੰ ਗੋਰਖ ਪਾਸ ਬੇਨਤੀ ਕੀਤੀ। ਗੋਰਖ ਦੇ ਪੈਰ ਫੜ ਕੇ ਤਦ ਤੂੰ ਬਹੁਤ ਕਿਰਪਾ ਚਾਹੁੰਦਾ ਸੀ॥ ੨੯॥

ਕਬਿੱਤ- ਨਾਥ ! ਕੀਜੈ ਦਾਯਾ ਜਿਵ ਰਹੈ ਥਿਰ ਕਾਯਾ-ਸੁਨਿ ਗੋਰਖ ਅਲਾਯਾ-ਜੇ ਤੂੰ ਜੋਗ ਕੋ ਕਮਾਵਈ।
ਮੂੰਡ ਕੋ ਮੁੰਡੱਯੈ, ਨਿਜ ਗੋਤ ਕੋ ਲਜੱਯੈ, ਤਊ ਥਿਰ ਪਦ ਪੱਯੈ, ਨਾ ਤੋ ਦੇਹਿ ਬਿਨਸਾਵਈ।
ਸੁਨੇ ਬੈਨ ਐਸ ਸੀਸ ਪਾਗ ਤਾਰ ਬੈਸ ਕਹਜੋ-ਮੂੰਡੀਏ ਜੀ ਮੂੰਡ ਜਾਂ ਤੇ ਥਿਰਪਦ ਪਾਵਈ।
ਗੋਰਖ ਨੇ ਕਾਨ ਪਾਰ ਮੂੰਡਯੋ ਹੈ ਸਵਾਰ ਤੇ ਕੋ, ਤਬਹੂੰ ਕੋ ਭਯੋ ਸਿੱਧ ਭਸਮ ਲਗਾਵਈ ॥੩੦॥

ਤੂੰ ਕਿਹਾ, "ਹੇ ਨਾਥ ! ਮੇਰੇ ਤੇ ਦਇਆ ਕਰੋ, ਜਿਸ ਨਾਲ ਮੇਰਾ ਸਰੀਰ ਸਥਿਰ ਰਹਿ ਸਕੇ।" ਇਹ ਸੁਣ ਕੇ ਗੋਰਖ ਨੇ ਕਿਹਾ, "ਤੂੰ ਜੋਗ ਦੀ ਕਮਾਈ ਕਰ। ਆਪਣੇ ਸਿਰ ਨੂੰ ਮੁੰਨਵਾ ਦੇਵੇਂ, ਆਪਣੀ ਗੋਤ ਨੂੰ ਭੁਲ ਜਾਓ, ਤਾਂ ਤੂੰ ਸਥਿਰ ਪਦਵੀ ਪਾਵੇਂਗਾ ਅਤੇ ਤੇਰੇ ਸਰੀਰ ਦਾ ਨਾਸ਼ ਨਹੀਂ ਹੋਵੇਗਾ।" ਤੂੰ ਇਹ ਬੋਲ ਸੁਣ ਕੇ, ਆਪਣੇਂ ਸਿਰ ਤੋਂ ਪਗੜੀ ਉਤਾਰ ਦਿੱਤੀ ਅਤੇ ਬੈਠ ਕੇ ਕਿਹਾ, "ਮੇਰਾ ਸਿਰ ਮੁੰਨੀਏ ਜੀ, ਸਿਰ ਮੁੰਨਾਉਣ ਨਾਲ ਜੇ ਸਥਿਰ ਪਦਵੀ ਪ੍ਰਾਪਤ ਹੁੰਦੀ ਹੈ।" ਗੋਰਖ ਨੇ ਤੇਰੇ ਕੰਨ ਪਾੜ ਦਿੱਤੇ ਅਤੇ ਤੇਰਾ ਸਿਰ ਚੰਗੀ ਤਰ੍ਹਾਂ ਸਵਾਰ ਕੇ ਮੁੰਨ ਦਿੱਤਾ, ਤਦ ਤੂੰ ਭਸਮ ਮਲ ਕੇ ਸਿੱਧ ਬਣ ਗਿਆ" ॥ ੩੦॥

ਸੋਰਠਾ- ਸੁਨਿ ਕਰਿ ਬਿਸਮੈ ਹੋਇ, ਪਤੇ ਬਤਾਏ ਸਰਬ ਜਬ।
ਭਰਮ ਰਿਦੇ ਤੇ ਖੋਇ ਜਾਨੇ ਸ੍ਰੀ ਅਵਤਾਰ ਹਰਿ॥ ੩੧॥

ਇਹ ਸੁਣ ਕੇ ਹਨੀਫਾ ਸਿੱਧ ਬਹੁਤ ਖੁਸ਼ ਹੋਇਆ, ਜਦ ਉਸ ਨੂੰ ਗੁਰੂ ਜੀ ਨੇ ਉਸ ਦੇ ਜੀਵਨ ਦਾ ਸਾਰਾ ਹਾਲ ਦੱਸ ਦਿਤਾ। ਆਪਣੇ ਦਿਲ ਦੇ ਸਾਰੇ ਭਰਮ ਛੱਡ ਕੇ ਉਸ ਨੇ ਗੁਰੂ ਜੀ ਨੂੰ ਹਰੀ ਦਾ ਅਵਤਾਰ ਜਾਣਿਆ॥ ੩੧॥

ਲਖਿ ਨਿਜ ਸਫਲ ਸਰੀਰ-ਭਯੋ ਦਰਸ ਜਗਦੀਸ਼ ਕੋ।
ਲੇਨੇ ਪਤੋ ਗਹੀਰ ਬਹੁਰ ਹਨੀਫਾ ਬੋਲਿਓ॥ ੩੨॥

ਜਗਤ ਦੇ ਈਸ਼ਵਰ ਦੇ ਦਰਸ਼ਨ ਕਰਕੇ ਉਸ ਆਪਣੇ ਸਰੀਰ ਨੂੰ ਸਫਲ ਹੋਇਆ ਜਾਣਿਆ। ਹੋਰ ਡੂੰਘਾ ਪਤਾ ਲੈਣ ਹਿਤ ਹਨੀਫਾ ਸਿੱਧ ਫਿਰ ਬੋਲਿਆ॥ ੩੨॥

ਦੋਹਰਾ- 'ਕੌਨ ਥਾਨ ਮੂੰਡਯੋ ਮੁਝੈ ਸੋ ਤੁਮ ਦੇਹੁ ਬਤਾਇ।
ਜਾਨੌਂ ਮੈਂ ਅਵਤਾਰ ਤਬ ਭਵ ਤਾਰਨ ਹਿਤ ਆਇ' ॥ ੩੩॥

"ਗੋਰਖ ਨੇ ਕਿਸ ਥਾਂ ਮੇਰਾ ਸਿਰ ਮੁੰਨਿਆ ਸੀ, ਇਹ ਮੈਨੂੰ ਦੱਸੋ ਜੀ। ਫਿਰ ਮੈਂ ਇਹ ਸਮਝਾਂਗਾ ਕਿ ਤੁਸੀਂ ਇਸ ਸੰਸਾਰ ਨੂੰ ਤਾਰਨ ਹਿਤ ਆਏ ਹੋ" ॥ ੩੩॥

ਕਬਿੱਤ- ਬੋਲੇ ਹੈਂ ਕ੍ਰਿਪਾਲ 'ਲੁੰਡੇ ਪੀਪਲ ਕੇ ਤਲੇ ਬੈਠਿ ਮੂੰਡ ਤੇਰੋ ਮੂੰਡ, ਸੰਗ ਲੀਨੋ ਹੈ ਰਲਾਇਕੈ।
ਰਾਜ, ਦੇਸ਼, ਕੋਸ਼, ਦਾਸੀ, ਦਾਸ, ਸੁਤ, ਨਾਰੀ, ਸੈਨਾ, ਛੋਰਿ ਦੀਨੀ ਸੋਜ, ਨਹਿੰ ਲੀਨੀ ਸੁਧ ਜਾਇਕੈ।
ਐਸੇ ਸੁਨਿ ਬੈਨ ਗੁਨ ਐਨ ਕੇ ਭੀ ਚੈਨ ਮਨ, ਬੰਦੇ ਗਤਿ ਦੈਨ ਪਦ ਦੋਨੋ ਸੀਸ ਨਾਇਕੈ।
ਹੀਨ ਨਿਜ ਜਾਨ ਕੀਨੋ ਮੇਰੁ ਕੋ ਪਯਾਨ, ਨੀਕੇ ਬਚਨ ਬਖਾਨ ਗਯੋ ਰਿਦੇ ਸੁਖ ਪਾਇਕੈ ॥੩੪॥

ਕ੍ਰਿਪਾਲੂ ਗੁਰੂ ਜੀ ਨੇ ਬਚਨ ਕੀਤੇ, "ਲੁੰਡੇ ਪਿੱਪਲ ਥੱਲੇ ਬੈਠ ਕੇ ਗੋਰਖ ਨੇ ਤੇਰਾ ਸਿਰ ਮੁੰਨ ਕੇ ਤੈਨੂੰ ਆਪਣੇ ਨਾਲ ਰਲਾ ਲਿਆ ਸੀ। ਤੂੰ ਰਾਜ, ਦੇਸ਼, ਖਜ਼ਾਨਾ, ਦਾਸੀ, ਦਾਸ, ਪੁਤਰ, ਨਾਰੀ, ਸੈਨਾ, ਸਭ ਸਮੱਗਰੀ ਛੱਡ ਦਿੱਤੀ ਅਤੇ ਫਿਰ ਮੁੜ ਜਾ ਕੇ ਉਨ੍ਹਾਂ ਦੀ ਖ਼ਬਰ ਸਾਰ ਨਹੀਂ ਲਈ ਹੈ।" ਗੁਣਾਂ ਦੇ ਘਰ ਭਾਵ ਗੁਰੂ ਜੀ ਦੇ ਅਜੇਹੇ ਬਚਨ ਸੁਣ ਕੇ ਹਨੀਫੇ ਸਿੱਧ ਦੀ ਤਸੱਲੀ

ਹੋ ਗਈ। ਉਸ ਦੋਵੇਂ ਹੱਥ ਜੋੜ ਕੇ ਸੀਸ ਨਿਵਾ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਆਪਣੇ ਆਪ ਨੂੰ ਮਸਕੀਨ ਜਾਣ ਕੇ ਸੁਮੇਰ ਪਰਬਤ ਵਲ ਚਲਾ ਗਿਆ। ਹਿਰਦੇ ਵਿਚ ਸੁੱਖ ਪਾ ਕੇ ਚੰਗੇ ਬਚਨ ਕਹਿ ਕੇ ਗਿਆ॥ ੩੪॥

ਦੋਹਰਾ- ਗੋਰਖ ਕੇ ਢਿਗ ਜਾਇਕੈ ਉਸਤਤਿ ਕੀਨਿ ਬਖਾਨ।
'ਕਲਾਵਾਨ ਸਰਬੱਗ ਸੋ ਮਹਿਮਾ ਜਾਂਹਿ ਮਹਾਂਨ'॥ ੩੫॥

ਗੋਰਖ ਪਾਸ ਜਾ ਕੇ ਉਸ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ ਅਤੇ ਕਿਹਾ, "ਗੁਰੂ ਜੀ ਸਭ ਪੱਖੋਂ ਕਲਾਵਾਨ ਹਨ ਅਤੇ ਉਨ੍ਹਾਂ ਦੀ ਮਹਿਮਾ ਮਹਾਨ ਹੈ"॥ ੩੫॥

ਕਬਿੱਤ- ਗੋਰਖ ਬੁਲਾਇ ਸਿੱਧ ਭੂਤਵੇ ਸੁਨਾਇ ਕਹ੍ਯੋ 'ਤਾਂਕੋ ਸਮਝਾਇ ਉਪਦੇਸ਼ ਦੇਹੁ ਜਾਈਏ'।
ਆਵਾ ਸੁਨਿ ਧਾਇ ਗੁਰੂ ਨਾਨਕ ਸੁਹਾਇਂ ਜਹਿਂ, ਬਚਨ ਅਲਾਇ 'ਬਾਲੇ ਹਠ ਕੋ ਗਵਾਈਏ।
ਚਰਨ ਲਗਾਇ ਗੁਰੂ ਗੋਰਖ ਕਰਾਇ ਤੇਰੋ ਮਰਨ ਮਿਟਾਇਂ, ਐਸੇ ਪਦ ਕ੍ਯੋਂ ਨ ਪਾਈਏ।
ਪਹੁੰਚਿਓ ਤੂੰ ਆਇ, ਨਹਿਂ ਛੂਛਾ ਹਟਿ ਜਾਇ ਅਬ, ਯਾਂਤੇ ਕਹੌਂ ਤੋਹਿ, ਜੀਅ ਹੋਇ ਜੋ ਸੁਨਾਈਏ'॥੩੬॥

ਗੋਰਖ ਨੇ ਸਿੱਧਾਂ ਨੂੰ ਬੁਲਾਇਆ ਅਤੇ ਭੂਤਵੇ ਨਾਂ ਦੇ ਸਿੱਧ ਨੂੰ ਸੁਣਾ ਕੇ ਕਿਹਾ, "ਉਨ੍ਹਾਂ ਨੂੰ ਸਮਝਾ ਕੇ ਉਪਦੇਸ਼ ਦੇਵੋ।" ਇਹ ਸੁਣ ਕੇ ਉਹ ਭੱਜਾ-ਭੱਜਾ ਆਇਆ, ਜਿਥੇ ਗੁਰੂ ਨਾਨਕ ਦੇਵ ਜੀ ਸ਼ੋਭਾ ਪਾ ਰਹੇ ਸਨ। ਆ ਕੇ ਬੋਲਿਆ, "ਹੇ ਬਾਲਕ! ਹੱਠ ਨੂੰ ਛੱਡ ਦੇਵੋ। ਤੇਰਾ ਗੁਰੂ ਗੋਰਖ ਕਰਵਾ ਕੇ, ਉਸ ਦੇ ਚਰਨਾਂ ਨਾਲ ਲਾ ਕੇ ਤੇਰੀ ਮੌਤ ਨੂੰ ਖਤਮ ਕਰਦੇ ਹਾਂ, ਅਜੇਹੀ ਪਦਵੀ ਕਿਉਂ ਨਹੀਂ ਪਾਉਂਦੇ? ਏਥੋਂ ਤਕ ਪਹੁੰਚ ਗਿਆ ਹੈਂ, ਹੁਣ ਖਾਲੀ ਨਾ ਵਾਪਿਸ ਮੁੜੇ, ਜੋ ਤੁਹਾਡੇ ਦਿਲ ਵਿਚ ਹੋਵੇ, ਉਹ ਮੈਨੂੰ ਸੁਣਾ ਕੇ ਕਹੋ"॥ ੩੬॥

ਸ੍ਰੀ ਗੁਰੂ ਕਹਤਿ ਬੈਨ 'ਛੂਛਾ ਸੋ ਰਹਤਿ ਜੋਊ ਨਾਮ ਨ ਜਪਤਿ, ਦੁੱਖ ਪਾਇ ਜਮ ਤ੍ਰਾਸ ਕੋ।
ਮਾਨ ਕੋ ਮਿਟਾਇ, ਸਭੈ ਚਰਨ ਲਗਾਇਂ ਅਬ, ਨਹੀਂ ਹਟ ਜਾਹਿਂ ਹਮ ਆਵੈਂ ਤੁਮ ਪਾਸ ਕੋ।
ਜਨਮ ਮਰਨ ਕੋ ਅਤੰਕ ਮਨ ਮਾਨੇ ਸੋਊ, ਦੇਹਿ ਬਿਖੈ ਹੰਤਾ ਅਤਿ ਧਾਰ੍ਯੋ ਅੱਭਿਆਸ ਕੋ।
ਰੰਚਕ ਸਨੇਹ ਗਜਾਨੀ ਕਰੇ ਨਹਿਂ ਦੇਹਿ ਬਿਖੈ:-ਰਹੇ ਤੇ ਹਰਖ ਨਹੀਂ, ਸ਼ੋਕ ਨ ਬਿਨਾਸ਼ ਕੋ'॥੩੭॥

ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਖਾਲੀ ਤਾਂ ਉਹ ਰਹਿੰਦਾ ਹੈ ਜਿਹੜਾ ਨਾਮ ਨਹੀਂ ਜਪਦਾ ਹੈ ਅਤੇ ਜਮਾਂ ਦਾ ਭੈਅ ਕਰਕੇ ਦੁੱਖ ਪਾਉਂਦਾ ਹੈ। ਹੁਣ ਸਾਰਿਆਂ ਦੇ ਹੰਕਾਰ ਨੂੰ ਮਿਟਾਵਾਂਗਾ, ਸਾਰਿਆਂ ਨੂੰ ਆਪਣੇ ਚਰਨੀਂ ਲਾਵਾਂਗਾ, ਮੈਂ ਹੁਣ ਪਿਛੇ ਨਹੀਂ ਮੁੜਾਂਗਾ, ਬਲਕਿ ਤੁਹਾਡੇ ਪਾਸ ਆਵਾਂਗਾ। ਜਨਮ ਮਰਨ ਦਾ ਡਰ ਸੋਈ ਮਨ ਮੰਨਦਾ ਹੈ, ਜਿਸ ਨੇ ਸਰੀਰ ਵਿਚ ਮਾਰਨ ਵਾਲੇ ਨੂੰ ਅਤਿ ਧਾਰਨ ਕਰਕੇ ਅਭਿਆਸ ਕੀਤਾ ਹੈ। ਗਿਆਨਵਾਨ ਆਪਣੀ ਦੇਹ ਨਾਲ ਰਤੀ ਭਰ ਵੀ ਮੋਹ ਨਹੀਂ ਕਰਦਾ ਹੈ, ਉਹ ਖੁਸ਼ੀ ਗਮੀ ਦਾ ਨਾਸ਼ ਕਰਕੇ ਇਸ ਦੁਨੀਆਂ ਵਿਚ ਵਿਚਰਦਾ ਹੈ"॥ ੩੭॥

ਦੋਹਰਾ- ਸੁਨਿਕੈ ਜਾਨੇ ਗਜਾਨ ਘਨ ਗਮਨ੍ਯੋ ਨਿਜ ਅਸਥਾਨ।
ਗੋਰਖ ਕੇ ਢਿਗ ਬੈਠਿਕੈ ਕੀਨ ਬ੍ਰਿਤੰਤ ਬਖਾਨ॥ ੩੮॥

ਭੂਤਵੇ ਸਿੱਧ ਗੁਰੂ ਜੀ ਦੇ ਬਚਨ ਸੁਣ ਕੇ ਇਹ ਸਮਝ ਗਿਆ ਕਿ ਗੁਰੂ ਜੀ ਵੱਡੇ ਗਿਆਨਵਾਨ ਹਨ, ਇਸ ਲਈ ਉਹ ਆਪਣੇ ਅ.ਸਥਾਨ ਵੱਲ ਚਲਾ ਗਿਆ। ਗੋਰਖ ਦੇ ਪਾਸ ਬੈਠ ਕੇ ਉਸ ਸਾਰਾ ਬ੍ਰਿਤਾਂਤ ਬਿਆਨ ਕੀਤਾ॥ ੩੮॥

ਤਿਹ ਤੂਸ਼ਨ ਕਰਿਵਾਇਕੈ ਗੋਰਖ ਆਇਸੁ ਦੀਨ।
'ਹੈ ਕੋ ਸਿਧ ਸਮਰੱਥ ਜੋ ਜੀਤਹਿ ਬਚਨ ਪ੍ਰਬੀਨ'॥ ੩੯॥

ਉਸ ਨੂੰ ਚੁਪ ਕਰਵਾ ਕੇ ਗੋਰਖ ਨੇ ਇਸ ਤਰ੍ਹਾਂ ਹੁਕਮ ਕੀਤਾ, "ਕੋਈ ਸਮਰੱਥ ਸਿੱਧ ਹੈ ਜਿਹੜਾ ਬਚਨਾਂ ਦੇ ਪ੍ਰਬੀਨ ਭਾਵ ਗੁਰੂ ਜੀ ਨੂੰ ਜਿੱਤੇ" ॥ ੩੯ ॥

ਚਰਪਟ ਕਰਿ ਉਰ ਤਮਕ ਕੋ ਆਵਾ ਗੁਰੁ ਕੇ ਪਾਸ।
ਬੈਠਜੋ ਤਬਹਿ ਸਮੀਪ ਹੈ ਕੀਨੇ ਬਚਨ ਪ੍ਰਕਾਸ਼॥ ੪੦॥

ਚਰਪਟ ਗੁੱਸਾ ਖਾ ਕੇ ਗੁਰੂ ਜੀ ਦੇ ਪਾਸ ਆਇਆ। ਗੁਰੂ ਜੀ ਪਾਸ ਬੈਠ ਕੇ ਉਸ ਨੇ ਪੁਛਿਆ॥ ੪੦॥

ਸ੍ਵੈਯਾ- 'ਆਸਨ ਬੈਸਨ ਹੈ ਕਿਹ ਠਾਂ ? ਤਵ ਭੋਜਨ ਕੌਨ? ਅਚੋ ਜੁ ਅਧਾਰਾ।
ਸੇਜ ਡਸਾਇ ਕਹਾਂ ਬਿਸਰਾਮ ਕੀ ? ਕੌਨ ਦੁਕੂਲ ਸਰੀਰ ਪੈ ਧਾਰਾ ?'।
'ਆਸਨ ਬੈਸਨ ਦੇਹ ਕੇ ਭੀਤਰ, ਨਾਮ ਸੁ ਭੋਜਨ ਜਾਨਿ ਹਮਾਰਾ।
ਚੀਰ ਖਿਮਾ ਤਨ ਪੈ ਪਹਿਰੇ, ਸੁਠ ਸੇਜ ਡਸੀ ਦਸਵੇਂ ਬਰ ਦ੍ਵਾਰਾ' ॥੪੧॥

"ਤੁਹਾਡਾ ਆਸਣ ਬੈਠਣ ਕਿਸ ਥਾਂ ਹੈ ? ਤੁਹਾਡਾ ਭੋਜਨ ਕੀ ਹੈ ? ਜਿਸ ਨੂੰ ਖਾ ਕੇ ਤੁਹਾਡਾ ਜੀਵਨ ਨਿਰਬਾਹ ਹੁੰਦਾ ਹੈ। ਆਰਾਮ ਕਰਨ ਲਈ ਕਿਥੇ ਸੇਜ ਵਿਛਾਈ ਹੈ ? ਕਿਹੜਾ ਕਪੜਾ ਤੁਸੀਂ ਸਰੀਰ ਤੇ ਧਾਰਨ ਕੀਤਾ ਹੋਇਆ ਹੈ ?" ਗੁਰੂ ਜੀ ਨੇ ਉਤਰ ਦਿੱਤਾ, "ਆਸਣ ਬੈਸਣ ਮੇਰੇ ਸਰੀਰ ਦੇ ਅੰਦਰ ਹਨ। ਪ੍ਰਭੂ ਦਾ ਨਾਮ ਮੇਰਾ ਭੋਜਨ ਜਾਣ ਲਵੋ। ਖਿਮਾਂ ਦੇ ਮੈਂ ਕਪੜੇ ਪਾਏ ਹੋਏ ਹਨ। ਸੁੰਦਰ ਸੇਜ ਮੈਂ ਸ੍ਰੇਸ਼ਟ ਦਸਵੇਂ ਦਵਾਰ ਵਿਛਾਈ ਹੋਈ ਹੈ" ॥ ੪੧॥

ਕਬਿੱਤ- ਚਰਪਟ ਖਟਪਟ ਮਿਟੀ ਘਟਪਟ, ਤਟ ਗੋਰਖ ਕੇ ਸਟਪਟ ਬੈਠਿਕੇ ਉਚਾਰੀਯਾ।
'ਪੂਰਨ ਬਿਕਟ, ਨਹਿਂ ਜਾਨੋ ਤਾਂ ਕੋ ਘਟ ਕੈਸੇ, ਕੋਊ ਬਿਧ ਲਟੈ ਨਹਿਂ, ਟਰਤਿ ਨ ਟਾਰੀਯਾ'।
ਭੰਗਰ ਸੁਨਤਿ ਮਨ ਖਾਇਕੈ ਤਮੱਕ ਕਹੈ 'ਕੈਸੋ ਮਾਈਮੁੰਡਾ ਦੇਹੁ ਆਇਸ ਨਿਹਾਰੀਯਾ'।
ਖਿਨ ਮਾਂਹਿ ਆਇ ਬੈਠਿ ਬਚਨ ਅਲਾਇ ਤਿਨ 'ਬਿਨਾ ਦੂਧ ਬਾਰਿਕ ਕੋ ਕੈਸੇ ਪ੍ਰਿਤਪਾਰੀਯਾ॥੪੨॥

ਚਰਪਟ ਦੇ ਹਿਰਦੇ ਦੇ ਪੜਦੇ ਦੀ ਖਟਪਟੀ ਮਿੱਟ ਗਈ। ਛੇਤੀ ਹੀ ਗੋਰਖ ਦੇ ਪਾਸ ਬੈਠ ਕੇ ਬੋਲਿਆ, "ਉਹ ਪੂਰਨ ਅਤੇ ਅਜਿੱਤ ਹਨ, ਉਨ੍ਹਾਂ ਨੂੰ ਕਿਸੇ ਦਲੀਲ ਨਾਲ ਕੱਟਿਆ ਨਹੀਂ ਜਾ ਸਕਦਾ। ਉਸ ਨੂੰ ਕਿਸ ਤਰ੍ਹਾਂ ਵੀ ਘੱਟ ਨਾ ਸਮਝੋ। ਕਿਸੇ ਵਿਧੀ ਨਾਲ ਨਿਰੁੱਤਰ ਨਹੀ ਹੁੰਦਾ ਅਤੇ ਹਟਾਇਆਂ ਹੱਟਦਾ ਨਹੀ।" ਭੰਗਰ ਸਿੱਧ ਨੇ ਜਦ ਇਹ ਸੁਣਿਆ ਤਾਂ ਗੁੱਸੇ ਵਿਚ ਆ ਕੇ ਕਿਹਾ, "ਉਹ ਮਾਈਮੁੰਡਾ ਕਿਸ ਤਰ੍ਹਾਂ ਦਾ ਹੈ, ਮੈਨੂੰ ਆਗਿਆ ਦੇਵੋ ਮੈਂ ਉਸ ਨੂੰ ਜਾ ਕੇ ਵੇਖਦਾ ਹਾਂ।" ਉਹ ਝੱਟ ਆ ਕੇ ਗੁਰੂ ਜੀ ਪਾਸ ਬੈਠ ਗਿਆ ਅਤੇ ਬੋਲਿਆ, "ਦੁੱਧ ਤੋਂ ਬਗੈਰ ਬੱਚੇ ਦੀ ਕਿਵੇਂ ਪਾਲਣਾ ਕੀਤੀ ਹੈ॥ ੪੨ ॥

ਦੋਹਰਾ- ਕੌਨ ਨਾਮ? ਕਿਤ ਜਾਹੁਗੇ? ਰਹੋ ਕੌਨ ਸੇ ਦੇਸ਼?।
ਭੰਗਰ ਬੂਝੈ ਤੋਹਿ ਕੋ ਕੌਨ ਤੁਮਾਰਾ ਭੇਸ?'॥ ੪੩॥

ਤੁਹਾਡਾ ਕੀ ਨਾਮ ਹੈ? ਕਿਥੇ ਜਾਵੋਗੇ ? ਕਿਹੜੇ ਦੇਸ਼ ਰਹਿੰਦੇ ਹੋ। ਭੰਗਰ ਤੁਹਾਨੂੰ ਪੁਛਦਾ ਹੈ ਕਿ ਤੁਹਾਡਾ ਭੇਸ ਕੈਸਾ ਹੈ ?" ॥ ੪੩ ॥

ਸ੍ਵੈਯਾ- 'ਭੋਂਦੂ ! ਸੁਨੋ ਹਮ ਨਾਨਕ ਨਾਮ, ਲਗੀ ਲਿਵ ਤੇ ਉਰ ਬਾਰਿਕ ਪਾਰਾ।
ਕਾਜ ਜਹਾਂ ਤਹਿਂ ਜਾਵਹਿਂਗੇ, ਨਗਰੀ ਸ਼ਿਵਦੇਸ ਪਛਾਨ ਹਮਾਰਾ।
ਭੂਲੇ ਸੁ ਗੋਰਖ ਉੱਤਮ ਪੰਥ ਤੇ ਔਧ ਵਧਾਇ ਕੈ ਮਾਨ ਅਪਾਰਾ।
ਯੌਂ ਸੁਨਿ ਭੰਗਰ ਲੱਜਤਿ ਹੋਇ ਸੁਮੇਰੁ ਪੈ ਜਾਇ ਕੈ ਬੈਨ ਉਚਾਰਾ ॥੪੪॥

ਗੁਰੂ ਜੀ ਨੇ ਬਚਨ ਕੀਤਾ, "ਹੇ ਭੋਂਦੂ ! ਸੁਣੋ, ਮੇਰਾ ਨਾਮ ਨਾਨਕ ਹੈ। ਪ੍ਰਭੂ ਨਾਲ ਲਿਵ ਲਾ ਕੇ ਬਾਲਕ ਨੂੰ ਪਾਲਿਆ

ਹੈ। ਜਿਥੇ ਜਿਥੇ ਅਸੀਂ ਕੋਈ ਕਾਰਜ ਕਰਨਾ ਹੈ, ਉਥੇ ਜਾਵਾਂਗੇ, ਕਲਿਆਨ ਰੂਪ ਸਾਡਾ ਨਗਰ ਪਛਾਣ ਲਵੋ। ਤੁਹਾਡੇ ਗੋਰਖ ਉਤਮ ਪੰਥ ਨੂੰ ਭੁੱਲ ਗਏ ਹਨ, ਉਮਰ ਵਧਾ ਕੇ ਵੱਡਾ ਹੰਕਾਰੀ ਹੋ ਗਿਆ ਹੈ।" ਇਹ ਸੁਣ ਕੇ ਭੰਗਰ ਸ਼ਰਮਿੰਦਾ ਹੋ ਗਿਆ ਅਤੇ ਸੁਮੇਰ ਪਰਬਤ ਤੇ ਜਾ ਕੇ ਉਹ ਬੋਲਿਆ ॥ ੪੪॥

ਸ੍ਵੈਯਾ- 'ਕੋ ਜੁਗਤੀ ਕਰਿ ਨਾ ਅਟਕੈ ਤਤਕਾਲ ਹੀ ਉੱਤਰ ਦੇਤਿ ਬਤਾਈ'।
ਸੰਘਰ ਬੋਲ ਉਠਜੋ ਸੁਨਿ ਕੇ 'ਕਰ ਬਾਦ ਕੋ ਮੈਂ ਤਿਹ ਰੋਕਹੁਂ ਜਾਈ'।
ਗੋਰਖ ਆਇਸੁ ਲੇਯ ਤਬੈ ਕਰਿ ਰੋਸ ਚਲਜੋ ਗੁਰ ਕੇ ਢਿਗ ਧਾਈ।
ਜਯੋਂ ਬਿਨਤਾਸੁਤ ਕੋ ਚਹਿ ਜੀਤਨ ਪੰਨਗ ਬਾਰ ਹੀ ਬਾਰ ਸਿਧਾਈ॥੪੫॥

"ਕਿਸੇ ਦਲੀਲ ਅੱਗੇ ਵੀ ਅਟਕਦਾ ਨਹੀਂ ਅਤੇ ਫੋਰਨ ਉੱਤਰ ਦੇ ਦਿੰਦਾ ਹੈ।" ਇਹ ਸੁਣ ਕੇ ਸੰਘਰ ਬੋਲ ਉਠਿਆ, ਮੈਂ ਝਗੜਾ ਕਰਕੇ ਉਸ ਨੂੰ ਰੋਕਦਾ ਹਾਂ।" ਗੋਰਖ ਪਾਸੋਂ ਆਗਿਆ ਲੈ ਕੇ ਅਤੇ ਮਨ ਵਿਚ ਰੋਸ ਭਰ ਕੇ ਗੁਰੂ ਜੀ ਪਾਸ ਤੁਰੰਤ ਪਹੁੰਚ ਗਿਆ। ਉਹ ਓਥੇ ਇੰਝ ਗਿਆ ਜਿਵੇਂ ਗਰੜ ਨੂੰ ਜਿੱਤਣ ਵਾਸਤੇ ਸੱਪ ਬਾਰ ਬਾਰ ਜਾਂਦੇ ਹਨ॥ ੪੫॥

ਦੋਹਰਾ- ਗਏ ਅਗਾਰੀ ਕੋ ਗੁਰੂ ਗਿਰ ਮੀਨਾ ਜਿਹ ਨਾਮ।
ਬੈਸੇ ਆਸਨ ਲਾਇ ਤਹਿਂ ਹਨਨ ਮਾਨ ਸਿਧ ਕਾਮ॥ ੪੬॥

ਜਿਸ ਪਹਾੜ ਦਾ ਨਾਂ ਮੀਨਾ ਸੀ, ਉਥੇ ਉਹ ਗੁਰੂ ਜੀ ਦੇ ਅੱਗੇ ਪਹੁੰਚ ਗਿਆ। ਗੁਰੂ ਜੀ ਓਥੇ ਆਸਣ ਲਾ ਕੇ ਸਿੱਧਾਂ ਦਾ ਹੰਕਾਰ ਨਾਸ਼ ਕਰਨ ਵਾਸਤੇ ਬੈਠੇ ਸਨ॥ ੪੬॥

ਸੰਘਰ ਬੋਲਜੋ ਆਨਿਕੈ 'ਬਾਲੇ! ਹੈ ਆਦੇਸ਼'।
ਸੁਨਿ ਤੂਸ਼ਨ ਮੁਖ ਤੇ ਰਹੇ ਮੁਸਕਾਨੇ ਜਗਤੇਸ਼॥ ੪੭॥

ਸੰਘਰ ਆ ਕੇ ਬੋਲਿਆ, "ਹੇ ਬਾਲਕ! ਆਦੇਸ਼ ਹੈ।" ਇਹ ਸੁਣ ਕੇ ਗੁਰੂ ਜੀ ਚੁਪ ਰਹੇ, ਪਰ ਆਪਣੇ ਮੁੱਖ ਤੋਂ ਮੁਸਕਰਾਏ॥ ੪੭॥

ਸੋਰਠਾ- ਰਿਸ ਮੈਂ ਸੰਘਰ ਹੋਇ ਅਸ ਬਿਧਿ ਬਚਨ ਅਲਾਵਹੀ।
'ਉੱਤਰ ਦੇਤਿ ਨ ਕੋਇ ਮਾਈ ਮੂੰਡਾ ਹਸਤਿ ਹੈ'॥ ੪੮॥

ਗੁੱਸੇ ਵਿਚ ਆ ਕੇ ਸੰਘਰ ਇਸ ਤਰ੍ਹਾਂ ਬੋਲਿਆ, "ਉੱਤਰ ਕੋਈ ਦਿੰਦਾ ਨਹੀਂ ਤੇ ਮਾਈ ਮੂੰਡਾ ਹੱਸਦਾ ਹੈ"॥ ੪੮॥

ਕਬਿੱਤ- 'ਮਾਈ ਮੂੰਡਾ ਗੋਰਖ ਹੈ ਧਿੱਖਣਾ ਨ ਦੀਨੀ ਤੋਹਿ, ਕਾਨ ਪਾਰ ਮੁੰਦ੍ਰਾ ਪਾਇ ਬਿਮਤਿ ਬਨਾਯੋ ਹੈ।
ਮੂੰਡ ਕੋ ਮੁਡਾਇ ਨਿਜ ਗੋਤ ਕੋ ਲਜਾਇ, ਤਨ ਭਸਮ ਲਗਾਇ ਬਾਦ ਜਨਮ ਗਵਾਯੋ ਹੈ।
ਜੈਸੇ ਨੀਰ ਭੇਕ ਨਹਿਂ ਕਮਲ ਕੀ ਸਾਰ ਜਾਨੈ ਜੁਗੀਆ ਕਹਾਏ ਨਿਜ ਜੋਗ ਕੋ ਲਜਾਯੋ ਹੈ'।
ਸੰਘਰ ਸੁਨਤਿ ਸ੍ਰੂਤ ਹੋਇ ਕੈ ਲੱਜਤਿ ਮਤਿ ਸੰਸੈ ਧਾਰ ਚਿੱਤ ਐਸੇ ਬਚਨ ਅਲਾਯੋ ਹੈ॥੪੯॥

ਗੁਰੂ ਜੀ ਨੇ ਬਚਨ ਕੀਤਾ, "ਮਾਈ ਮੂੰਡਾ ਗੋਰਖ ਹੈ ਜਿਸ ਤੈਨੂੰ ਬੋਲਣ ਦੀ ਵੀ ਸਿਖਿਆ ਨਹੀਂ ਦਿੱਤੀ। ਕੰਨ ਪਾੜ ਕੇ ਮੁੰਦਰਾਂ ਪਾ ਕੇ ਤੈਨੂੰ ਮੂਰਖ ਬਣਾਇਆ ਹੈ। ਸਿਰ ਮੁੰਨਾ ਕੇ ਆਪਣੀ ਕੁਲ ਨੂੰ ਲਾਜ ਲਾਈ ਹੈ, ਸਰੀਰ ਨੂੰ ਭਸਮ ਮਲ ਕੇ ਆਪਣੇ ਜਨਮ ਨੂੰ ਗਵਾਇਆ ਹੈ। ਜਿਸ ਤਰ੍ਹਾਂ ਜਲ ਵਿਚ ਡੱਡੂ ਕਮਲ ਫੁੱਲ ਦੀ ਸਾਰ ਨਹੀਂ ਜਾਣਦਾ ਹੈ, ਉਸ ਤਰ੍ਹਾਂ ਤੁਸੀਂ ਜੋਗੀ ਕਹਾ ਕੇ ਆਪਣੇ ਜੋਗ ਨੂੰ ਲਾਜ ਲਾਉਂਦੇ ਹੋ।" ਸੰਘਰ ਗੁਰੂ ਜੀ ਦੇ ਇਹ ਬਚਨ ਕੰਨਾਂ ਨਾਲ ਸੁਣ ਕੇ ਸ਼ਰਮਿੰਦਾ ਹੋ ਗਿਆ ਅਤੇ ਮੱਤ ਵਿਚ ਸੰਸਾ ਧਾਰਨ ਕਰਕੇ ਇਸ ਤਰ੍ਹਾਂ ਬੋਲਿਆ ਹੈ॥ ੪੯॥

ਕਬਿੱਤ- 'ਕੌਨ ਹੈ ਜੁਗਤ ਜਾਂਤੇ ਕ੍ਰੋਧ ਹੂੰ ਕੋ ਜੀਤ ਲੀਜੈ, ਹੋਇ ਕੈ ਅਤੀਤ ਕੈਸੇ ਕਾਮ ਕੋ ਗਵਾਈਏ?।
ਸੀਸ ਕਾਲ ਟਰੈ ਕੈਸੇ ? ਲੋਭ ਪਰਹਰੈ ਉਰ, ਕੌਨ ਸੀ ਜੁਗਤ ਤੇ ਅਮਰਪਦ ਜਾਈਏ?।
ਮਾਯਾ ਤਜਿ ਕੈਸੇ ਕਰਿ ? ਜੱਗ ਮੈਂ ਰਹਾਇ ਨਰ, ਬੂਝਜੋ ਹੈ ਸੰਦੇਹਿ ਤੇ ਕੋ ਉੱਤਰ ਸੁਨਾਈਏ।
ਐਸੇ ਸੁਨਿ ਬੈਨ ਗਤਿਦੈਨ ਗੁਨਐਨ ਗੁਰੂ ਜਾਂਹੀ ਕੀ ਸ਼ਰੰਨ ਤੇ ਸਰਬ ਸੁਖ ਪਾਈਏ ॥੫੦॥

"ਕਿਹੜੀ ਐਸੀ ਜੁਗਤੀ ਹੈ ਜਿਸ ਨਾਲ ਕ੍ਰੋਧ ਨੂੰ ਜਿੱਤਿਆ ਜਾ ਸਕਦਾ ਹੈ ? ਕਾਮ ਤੇ ਕਾਬੂ ਪਾ ਕੇ ਕੋਈ ਅਤੀਤ ਕਿਵੇਂ ਹੋ ਸਕਦਾ ਹੈ ? ਸਿਰ ਤੋਂ ਮੌਤ ਕਿਵੇਂ ਟਾਲੀ ਜਾ ਸਕਦੀ ਹੈ ? ਹਿਰਦੇ ਵਿਚੋਂ ਲੋਭ ਕਿਵੇਂ ਦੂਰ ਹੋਵੇ ? ਕਿਸ ਜੁਗਤ ਨਾਲ ਅਮਰਪਦ ਦੀ ਪ੍ਰਾਪਤੀ ਹੋ ਸਕਦੀ ਹੈ ? ਮਾਇਆ ਛੱਡ ਕੇ ਕਿਸ ਤਰ੍ਹਾਂ ਮਨੁੱਖ ਜੱਗ ਵਿਚ ਰਹਿ ਸਕਦਾ ਹੈ, ਇਹ ਮੇਰੇ ਸ਼ੰਕੇ ਹਨ ਜਿਹੜੇ ਤੁਹਾਥੋਂ ਪੁੱਛੇ ਹਨ, ਇਨ੍ਹਾਂ ਦਾ ਉੱਤਰ ਦੇਵੋ।" ਇਹ ਗੱਲ ਸੁਣ ਕੇ ਮੁਕਤੀਦਾਤੇ, ਗੁਣਾਂ ਦੇ ਘਰ ਗੁਰੂ ਜੀ, ਜਿਨ੍ਹਾਂ ਦੀ ਸ਼ਰਨ ਵਿਚ ਆਉਣ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਨੇ ਬਚਨ ਕਹੇ॥ ੫੦॥

'ਸ਼ਾਂਤਿ ਰੋਸ ਜੀਤ, ਤਜਿ ਤ੍ਰਿਗੁਨ ਅਤੀਤ ਹੋਇ, ਗੁਰੂ ਮੁਖ ਪਾਇ ਗਜਾਨ ਕਾਮ ਕੋ ਗਵਾਈਯੇ।
ਨਾਮ ਲਿਵ ਕਾਲ ਟਰੈ, ਲੋਭ ਤੇ ਸੰਤੋਖ ਧਰੈ, ਧਜਾਨ ਹਰਿ ਕਰੈ ਤੇ ਅਮਰ ਪਦ ਜਾਈਯੇ।
ਸੰਤਨ ਕੀ ਸੰਗਤ ਕੈ ਮਾਯਾ ਤੇ ਅਲੇਪ ਰਹੈ, ਬਿਖੈ ਬਿਖ ਜਾਨਿਕੈ ਰਿਦੇ ਤੇ ਬਿਸਰਾਈਯੇ।
ਭਾਉ ਸੋਂ ਭਗਤਿ ਇਹ ਉੱਤਮ ਜੁਗਤਿ ਵਡੀ, ਮਾਨ ਮੋਹ ਤਜਾਗਕੈ ਨਿਰਾਲਮ ਰਹਾਈਯੇ ॥੫੧॥

"ਗੁੱਸੇ ਨੂੰ ਸ਼ਾਂਤੀ ਨਾਲ ਜਿੱਤੀਏ, ਤਿੰਨ ਗੁਣ ਛੱਡ ਕੇ ਮਨੁੱਖ ਅਤੀਤ ਹੋ ਜਾਂਦਾ ਹੈ। ਗੁਰੂ ਦੇ ਮੁੱਖ ਤੋਂ ਗਿਆਨ ਪਾ ਕੇ ਕਾਮ ਨੂੰ ਗਵਾਇਆ ਜਾ ਸਕਦਾ ਹੈ। ਨਾਮ ਨਾਲ ਲਿਵ ਲਾਉਣ ਨਾਲ ਕਾਲ ਦੂਰ ਰਖਿਆ ਜਾ ਸਕਦਾ ਹੈ, ਭਾਵ ਸਰੀਰ ਮਰਨ ਨਾਲ ਵੀ ਲਿਵ ਨਹੀਂ ਮਰਦੀ। ਸੰਤੋਖ ਧਾਰਨ ਨਾਲ ਲੋਭ ਖਤਮ ਹੋ ਜਾਂਦਾ ਹੈ। ਹਰੀ ਦਾ ਧਿਆਨ ਕਰਨ ਨਾਲ ਅਮਰਪਦ ਪ੍ਰਾਪਤ ਹੁੰਦਾ ਹੈ। ਸੰਤਾਂ ਦੀ ਸੰਗਤ ਕਰਕੇ ਮਾਇਆ ਤੋਂ ਨਿਰਲੇਪ ਰਹੋ, ਵਿਸ਼ਿਆਂ ਨੂੰ ਜ਼ਹਿਰ ਸਮਝ ਕੇ ਹਿਰਦੇ ਵਿਚੋ ਵਿਸਾਰੀਏ। ਪ੍ਰੇਮ ਨਾਲ ਕੀਤੀ ਹੋਈ ਭਗਤੀ ਇਕ ਵੱਡੀ ਅਤੇ ਉੱਤਮ ਜੁਗਤੀ ਹੈ। ਹੰਕਾਰ ਅਤੇ ਮੋਹ ਨੂੰ ਛੱਡ ਕੇ ਨਿਰਾਲਮ ਰਹੀਏ' ॥ ੫੧ ॥

ਸ੍ਵੈਯਾ- ਸੰਘਰ ਸ਼੍ਰੋਨ ਸੁਨੇ ਸੁਭ ਬੈਨ ਭਈ ਮਨ ਚੈਨ ਸੁਮੇਰੁ ਸਿਧਾਯੋ।
ਆਯੋ ਸੰਭਾਲਕਾ ਸਿੱਧ ਤਬੈ ਗੁਰ ਕੇ ਢਿਗ ਬੈਠਿਕੇ ਵਾਕ ਅਲਾਯੋ।
'ਕਜੋਂ ਬਿਵਹਾਰ ਤਜਜੋ ਜਗ ਕੋ ਤੁਮ ਕੈਸੇ ਉਦਾਸੀ ਬਿਖੈ ਮਨ ਲਾਯੋ।
ਹੋਤਿ ਨ ਪੂਰਨ ਕਾਜ ਕਬੈ ਬਿਨ ਜੋਗ ਕਰੇ ਜੁ ਚਹੋ ਉਰ ਪਾਯੋ ॥ ੫੨ ॥

ਸੰਘਰ ਨੇ ਆਪਣੇ ਕੰਨਾਂ ਨਾਲ ਜਦ ਗੁਰੂ ਜੀ ਦੇ ਸ਼ੁਭ ਬਚਨ ਸੁਣੇ ਤਾਂ ਉਸ ਦੇ ਮਨ ਨੂੰ ਚੈਨ ਆ ਗਿਆ ਤੇ ਸੁਮੇਰ ਪਰਬਤ ਵੱਲ ਚਲੇ ਗਿਆ। ਫਿਰ ਸੰਭਾਲਕਾ ਨਾਮੀ ਸਿੱਧ ਗੁਰੂ ਜੀ ਪਾਸ ਬੈਠ ਕੇ ਬੋਲਿਆ, "ਕਿਸ ਕਾਰਨ ਤੁਸੀਂ ਜੱਗ ਨੂੰ ਛੱਡਿਆ ਹੈ ਤੇ ਕਿਸ ਤਰ੍ਹਾਂ ਤੁਸੀਂ ਉਦਾਸੀ ਨਾਲ ਆਪਣਾ ਮਨ ਲਾਇਆ ਹੈ। ਜੋਗ ਕਰਨ ਤੋਂ ਬਗੈਰ ਕੋਈ ਕਾਰਜ ਨਹੀਂ ਹੁੰਦਾ। ਜੋਗ ਕਰਕੇ ਜੋ ਹਿਰਦੇ ਵਿਚ ਚਾਹਿਆ ਹੈ ਸੋ ਪਾਇਆ ਹੈ" ॥ ੫੨ ॥

ਦੋਹਰਾ- ਸੁਨਿ ਬੋਲੇ ਪੰਕਜ ਬਦਨ 'ਜਿਹ ਅਲੰਬ ਹੈ ਜੋਗ।
ਸੋ ਨੀਕੀ ਬਿਧਿ ਸੋਂ ਗਹਜੋ ਕਬਹਿ ਨ ਕਰੋਂ ਬਿਯੋਗ॥ ੫੩ ॥

ਇਹ ਸੁਣ ਕੇ ਕੰਵਲ ਮੁਖ ਭਾਵ ਗੁਰੂ ਜੀ ਨੇ ਬਚਨ ਕੀਤਾ, "ਜੋਗ ਦਾ ਜਿਹੜਾ ਆਸਰਾ ਹੈ, ਉਸ ਨੂੰ ਚੰਗੀ ਤਰ੍ਹਾਂ ਪਕੜ ਲਵੋ ਅਤੇ ਕਦੇ ਵੀ ਇਸ ਨੂੰ ਤਿਆਗਣਾ ਨਹੀ ਹੈ॥ ੫੩॥

ਜਗ ਬਿਵਹਾਰ ਉਦਾਸ ਮੈਂ ਸਦਾ ਨਾਮ ਲਿਵ ਏਕ।
ਸਰਬ ਕਾਜ ਪੂਰਨ ਕਰਤਿ ਜਿਸ ਤੇ ਹੋਤਿ ਬਿਬੇਕ'॥ ੫੪॥

ਜੱਗ ਵਿਵਹਾਰ ਉਦਾਸੀ ਵਿਚ ਸਦਾ ਪ੍ਰਭੂ ਦੇ ਇਕ ਨਾਮ ਨਾਲ ਲਿਵ ਲੱਗੀ ਰਹਿੰਦੀ ਹੈ। ਸਾਰੇ ਕਾਰਜ ਪੂਰੇ ਹੁੰਦੇ ਹਨ, ਜਿਸ ਨਾਲ ਬਿਬੇਕ ਪੈਦਾ ਹੁੰਦਾ ਹੈ"॥ ੫੪॥

ਸੋਰਠਾ- ਸੁਨਿ ਸੰਭਾਲਕਾ ਸਾਰ ਗਮਨਜੋ ਸ਼ਿਖਰ ਸੁਮੇਰੁ ਪੈ।
ਕੀਨ ਬ੍ਰਿਤੰਤ ਉਚਾਰਿ, ਧਜਾਯ ਭਯੋ ਪੂਰਣ ਅਬੈ॥ ੫੫॥

ਗੁਰੂ ਜੀ ਦੇ ਬਚਨਾਂ ਦੀ ਸਾਰ ਨੂੰ ਸੁਣ ਕੇ ਸੰਭਾਲਕਾ ਸਿੱਧ ਸੁਮੇਰ ਪਰਬਤ ਦੀ ਚੋਟੀ ਤੇ ਚਲਾ ਗਿਆ। ਉਸ ਨੇ ਸਾਰਾ ਬ੍ਰਿਤਾਂਤ ਉਚਾਰਨ ਕਰਕੇ ਗੋਰਖ ਨੂੰ ਸੁਣਾਇਆ। ਹੁਣ ਅਧਿਆਇ ਪੂਰਨ ਹੋ ਗਿਆ ਹੈ॥ ੫੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਇਕਾਹਠਮੋ ਅਧਜਾਯ॥ ੬੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕਾਹਠਵਾਂ ਅਧਿਆਇ, ਜਿਸ ਦਾ ਨਾਮ "ਸਿੱਧ ਝੰਗਰ, ਕਨੀਫਾ, ਹਨੀਫਾ, ਭੂਤਰੇ, ਚਰਪਟ, ਡੰਗਰ, ਸੰਗਰ ਅਤੇ ਸੰਭਾਲਕਾ ਨਾਲ ਚਰਚਾ" ਹੈ, ਸਮਾਪਤ ਹੋਇਆ॥ ੬੧॥

## ਅਧਿਆਇ ਬਾਹਠਵਾਂ

*ਸਿੱਧ ਗੋਪੀ ਚੰਦ, ਈਸ਼ਰਨਾਥ, ਲੰਗਰ, ਮੰਗਲ ਨਾਥ, ਸੰਭੂ ਨਾਥ ਨਾਲ ਚਰਚਾ।*

ਕਬਿੱਤ- ਬੰਦਤਿ ਗੋਬਿੰਦ ਸਿੰਘ ਪਦ ਅਰਬਿੰਦ, ਦੁਖ ਦੁੰਦ ਕੋ ਨਿਕੰਦ ਗੁਰੂ ਮੇਰੋ ਈ ਮੁਕੰਦ ਹੈ।

ਪਾਪਾਂ, ਦੁੱਖਾਂ ਨੂੰ ਦੂਰ ਕਰਨਹਾਰੇ ਗੁਰੂ ਗੋਬਿੰਦ ਸਿੰਘ ਜੀ ਮੇਰੇ ਮੁਕਤੀਦਾਤੇ ਹਨ, ਉਨ੍ਹਾਂ ਦੇ ਚਰਨਾਂ ਕਮਲਾਂ ਪਰ ਨਮਸ਼ਕਾਰ ਕਰਦਾ ਹਾਂ।

*ਸ੍ਰੀ ਬਾਲਾ ਸੰਧੁਰ ਵਾਚ॥*

ਗੋਰਖ ਬਿਚਾਰ, ਸਿੱਧ ਲੀਨੇ ਹੈਂ ਹਕਾਰਿ ਸਭਿ, ਆਇਸੁ ਉਚਾਰ ਤਬ ਭੇਜਜੋ ਗੋਪੀ ਚੰਦ ਹੈ।
ਆਵਤਿ ਹੀ ਦੇਖਿ ਕਰਿ ਕਹੀ ਹੈ 'ਅਦੇਸ', 'ਏਕੰਕਾਰ ਕੋ ਅਦੇਸ਼' ਸੁਨਿ ਭਾਖੀ ਸੁਖਕੰਦ ਹੈ।
ਆਇ ਢਿਗ ਬੈਸਿ ਉਰ ਹਰਖ ਬਿਸ਼ੇਖ ਜੈਸੇ ਮਾਰਤੰਡ ਦੇਖਿ ਬਿਗਸਾਤਿ ਅਰਬਿੰਦ ਹੈ॥੧॥

*ਭਾਈ ਬਾਲੇ ਨੇ ਕਿਹਾ-* ਗੋਰਖ ਨੇ ਵਿਚਾਰ ਕਰਕੇ ਸਾਰੇ ਸਿੱਧ ਬੁਲਾ ਲਏ ਹਨ, ਆਗਿਆ ਦੇ ਕੇ ਫਿਰ ਗੋਪੀ ਚੰਦ ਨੂੰ ਭੇਜਿਆ ਹੈ। ਆਉਂਦਿਆਂ ਹੀ ਵੇਖ ਕੇ ਕਿਹਾ ਹੈ 'ਆਦੇਸ਼' ਸੁਖਦਾਤੇ ਗੁਰੂ ਜੀ ਨੇ ਸੁਣ ਕੇ ਉੱਤਰ ਦਿੱਤਾ ਹੈ, "ਏਕੰਕਾਰ ਨੂੰ ਆਦੇਸ਼" ਗੋਪੀ ਚੰਦ ਆ ਕੇ ਨੇੜੇ ਬੈਠ ਗਿਆ ਅਤੇ ਗੁਰੂ ਜੀ ਨੂੰ ਵੇਖ ਕੇ ਇੰਝ ਖਿੜ ਗਿਆ ਜਿਵੇਂ ਸੂਰਜ ਨੂੰ ਵੇਖ ਕੇ ਕੰਵਲ ਦਾ ਫੁੱਲ ਖਿੜ ਉਠਦਾ ਹੈ॥ ੧॥

'ਕੋਨ ਧਜਾਨੀ ? ਕੋਨ ਗਜਾਨੀ ? ਕੋਨ ਇਸ਼ਨਾਨੀ ? ਪੁਨ ਨਿਰਮਲ ਕੋਨ ? ਮੋਹਿ ਤਪਾ ਜੀ! ਬਤਾਈਯੇ।
ਕੋਨ ਸੁ ਜੁਗਤਿ ਜਾਂਤੇ ਦੀਪਕ ਦਿਪਤਿ ਹੋਤਿ ? ਗੈਲ ਕੋਨ ਚਲਤਿ ਸੁ ਠਾਕ ਨਹੀਂ ਪਾਈਯੇ?।

**ਕੌਨ ਘਰ ਐਸੋ ਸੁਖ ਪਾਇ ਜਹਾਂ ਬੈਸੇ ਨਿਤ? ਪਾਇ ਕੈ ਸਥਿਤ ਕੋ ਨ ਬਹੁਰ ਡੁਲਾਈਯੇ।**
**ਦੰਭ ਕੋ ਨਿਕੰਦ ਗੁਰ ਕਿੰਕਰ ਮੁਕੰਦ ਸੁਨਿ ਬੋਲੇ ਗੋਪੀ ਚੰਦ ਸੋਂ ਅਨੰਦ ਕੰਦ ਦਾਈਯੇ॥ ੨॥**

ਗੋਪੀ ਚੰਦ ਨੇ ਪੁਛਿਆ ਹੈ, "ਧਿਆਨੀ ਕੌਣ ਹੈ ? ਗਿਆਨੀ ਕੌਣ ਹੈ ? ਇਸ਼ਨਾਨੀ ਕੌਣ ਹੈ ? ਅਤੇ ਨਿਰਮਲ ਕੌਣ ਹੈ? ਹੇ ਤਪਾ ਜੀ ! ਮੈਨੂੰ ਇਸ ਬਾਰੇ ਦੱਸੋ। ਉਹ ਕਿਹੜੀ ਜੁਗਤੀ ਹੈ ਜਿਸ ਨਾਲ ਦੀਪਕ ਜਗਦਾ ਹੈ ? ਉਹ ਕਿਹੜਾ ਰਾਹ ਹੈ ਜਿਸ ਵਿਚ ਚਲਦਿਆਂ ਕੋਈ ਰੁਕਾਵਟ ਨਹੀਂ ਪੈਂਦੀ ? ਉਹ ਕਿਹੜਾ ਘਰ ਹੈ ਜਿਥੇ ਬੈਠਣ ਨਾਲ ਸਦਾ ਸੁੱਖ ਪ੍ਰਾਪਤ ਹੁੰਦਾ ਹੈ ? ਅਤੇ ਸਥਿਰਤਾ ਪਾ ਕੇ ਬਾਅਦ ਵਿਚ ਮਨੁੱਖ ਡੋਲਦਾ ਨਹੀਂ ਹੈ।" ਪਖੰਡਾਂ ਦਾ ਨਾਸ ਕਰਨ ਵਾਲੇ, ਦਾਸਾਂ ਦੇ ਮੁਕਤੀਦਾਤੇ ਅਨੰਦਦਾਤੇ ਭਾਵ ਗੁਰੂ ਜੀ ਨੇ ਗੋਪੀ ਚੰਦ ਨਾਲ ਇਸ ਤਰ੍ਹਾਂ ਬਚਨ ਕੀਤੇ॥ ੨॥

**'ਸੁਰਤਿ ਨ ਖੋਵੈ ਧਯਾਨੀ, ਗੁਰਮੁਖਿ ਗਯਾਨੀ ਹੋਵੈ, ਨਿਰਮਲ ਸੋਈ ਗੁਰਬਾਨੀ ਹੇਤ ਲਾਵਈ।**
**ਅਠਸਠ ਤੀਰਥ ਸ਼ਨਾਨੀ ਤੁਮ ਜਾਨੋ ਸੋਊ ਸ਼ਰਧਾ ਸਮੇਤ ਗੁਰੂ ਦਰਸ਼ਨ ਪਾਵਈ।**
**ਸੀਧੋ ਜੋ ਕਮਲ ਹੋਤਿ ਜਾਗੇ ਤਬ ਦੀਪ ਜੋਤਿ, ਭਾਵੀ ਮਨਮਾਨੈ ਗੈਲ ਠਾਕ ਬਿਨ ਜਾਵਈ।**
**ਤ੍ਰਿਕੁਟੀ ਕੋ ਭੇਦਿ ਸੁਖ ਪਾਵਤਿ ਅਛੇਦ ਨਿਤ ਹੋਇ ਹੈ ਸਥਿਤ ਨਹੀਂ ਬਹੁਰ ਡੁਲਾਵਈ ॥੩॥**

"ਜਿਹੜਾ ਆਪਣੀ ਸੁਰਤ ਨਹੀ ਭੁੱਲਦਾ ਉਹ ਧਿਆਨੀ ਹੁੰਦਾ ਹੈ, ਜਿਹੜਾ ਆਪਣੇ ਗੁਰੂ ਦੀ ਆਗਿਆ ਅਨੁਸਾਰ ਚਲਦਾ ਹੈ, ਉਹ ਗਿਆਨੀ ਹੁੰਦਾ ਹੈ। ਜਿਹੜਾ ਗੁਰਬਾਣੀ ਨਾਲ ਪਿਆਰ ਕਰਦਾ ਹੈ, ਉਹ ਨਿਰਮਲ ਹੋ ਜਾਂਦਾ ਹੈ। ਉਹ ਮਨੁੱਖ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲੈਂਦਾ ਹੈ, ਜਿਹੜਾ ਸ਼ਰਧਾ ਨਾਲ ਆਪਣੇ ਗੁਰੂ ਦੇ ਦਰਸ਼ਨ ਪਾਉਂਦਾ ਹੈ। ਜਦ ਕਮਲ ਸਿੱਧਾ ਹੋ ਜਾਂਦਾ ਹੈ, ਭਾਵ ਇਕ ਪਹਿਰ ਰਾਤ ਰਹਿੰਦਿਆਂ ਜਿਹੜਾ ਜਾਗੇ ਤਾਂ ਪ੍ਰਭੂ ਨਾਲ ਲਿਵ ਲਾਉਣ ਨਾਲ ਉਸ ਦੇ ਮਨ ਦਾ ਦੀਪਕ ਜਗ ਪੈਂਦਾ ਹੈ। ਜਿਹੜਾ ਭਾਣੇ ਨੂੰ ਆਪਣੇ ਮਨ ਵਿਚ ਮੰਨੇ ਉਸ ਦਾ ਰਾਹ ਰੁਕਾਵਟ ਬਗੈਰ ਹੋ ਜਾਂਦਾ ਹੈ। ਜਿਹੜਾ ਤ੍ਰਿਕੁਟੀ ਦਾ ਭੇਦ ਪਾ ਲੈਂਦਾ ਹੈ, ਉਹ ਸਦਾ ਸੁੱਖ ਪਾਉਂਦਾ ਹੈ, ਉਹ ਛੇਦ ਰਹਿਤ ਅਤੇ ਸਥਿਰ ਹੋ ਜਾਂਦਾ ਹੈ, ਫਿਰ ਕਦੀ ਨਹੀ ਡੋਲਦਾ ਹੈ" ॥ ੩॥

**ਕਬਿੱਤ- ਗੋਪੀ ਚੰਦ ਹਾਥ ਬੰਦ ਬੋਲਜੋ ਸੁਖਕੰਦ ਸੰਗ 'ਚਲੋ ਸਿੱਧ ਮੰਡਲੀ ਮੈਂ ਦਰਸ਼ਨ ਦੀਜਿਯੇ।**
**ਹੋਹਿਗੇ ਅਨੰਦ ਤੇਰੇ ਪਦ ਅਰਬਿੰਦ ਪਿਖਿ ਦੋਖ ਕੇ ਨਿਕੰਦ ! ਬੈਨ ਸੁਨੀਏ ਕਹੀਜਿਯੇ'।**
**ਗੁਰੂ ਕਹਜੋ 'ਮੰਦ ਮੰਦ ਆਵੈਂ ਹਮ ਪੰਥ ਮਾਂਹਿ, ਚਲੋ ਗੋਪੀ ਚੰਦ ਸੁਧ ਸਿੱਧਨ ਭਨੀਜਿਯੇ'।**
**ਕਰਿ ਪਦ ਬੰਦਨ ਕੋ ਗਯੋ ਗਿਰ ਕੰਚਨ ਪੈ 'ਗੋਰਖ ਜੀ ! ਨਾਨਕ ਕੀ ਸੁਧ ਮੋ ਤੇ ਲੀਜਿਯੇ'॥੪॥**

ਗੋਪੀ ਚੰਦ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, "ਸਿੱਧ ਮੰਡਲੀ ਵਿਚ ਚਲੋ ਤੇ ਦਰਸ਼ਨ ਦੇਵੋ। ਤੁਹਾਡੇ ਚਰਨ ਕੰਵਲਾਂ ਨੂੰ ਵੇਖ ਕੇ ਸਾਰੇ ਅਨੰਦਿਤ ਹੋ ਜਾਣਗੇ। ਹੇ ਪਾਪਾਂ ਦਾ ਨਾਸ ਕਰਨ ਵਾਲੇ ! ਕੁਝ ਬਚਨ ਕਰੋ।" ਗੁਰੂ ਜੀ ਨੇ ਫੁਰਮਾਇਆ, "ਅਸੀਂ ਰਸਤੇ ਰਸਤੇ ਹੌਲੀ ਹੌਲੀ ਚਲ ਕੇ ਆਉਂਦੇ ਹਾਂ। ਹੇ ਗੋਪੀ ਚੰਦ ! ਤੁਸੀਂ ਚਲੋ ਅਤੇ ਸਿੱਧਾਂ ਨੂੰ ਖਬਰ ਦੇਵੋ।" ਗੋਪੀ ਚੰਦ ਚਰਨ ਬੰਦਨਾ ਕਰਕੇ ਸੁਮੇਰ ਪਰਬਤ ਦੀ ਚੋਟੀ ਤੇ ਚਲਾ ਗਿਆ ਅਤੇ ਜਾ ਕੇ ਗੋਰਖ ਨੂੰ ਕਿਹਾ, "ਹੇ ਗੋਰਖ ਜੀ ! ਗੁਰੂ ਨਾਨਕ ਬਾਰੇ ਖਬਰ ਮੈਥੋਂ ਲਵੋ॥ ੪॥

**ਸ੍ਵੈਯਾ- ਪੂਜਨ ਜੋਗ ਹੀ ਜਾਨਹੁ ਤਾਂਹਿ ਕੋ, ਆਵਤਿ ਆਪ ਹੀ ਜਾਤਿ ਨ ਆਨਾ।**
**ਹੈ ਕਲਿਕਾਲ ਭਯਾਨ ਮਹਾਂ ਨਰ ਤਾਰਨ ਕੋ ਅਵਤਾਰ ਪਛਾਨਾ'।**
**ਗੋਰਖ ਬੈਨ ਭਨੇ ਸੁਨਿਕੈ 'ਤਿਹ ਜਾਨਤਿ ਹੌਂ ਨਹਿੰ ਮੋਹਿ ਅਜਾਨਾ।**
**ਸਿੱਧਨ ਮੈਂ ਵਡ ਮਾਨ ਹੁਤੋ ਤਿਸ ਨਾਸ਼ਨ ਕੇ ਹਿਤ ਤੂਸ਼ਨ ਠਾਨਾ' ॥੫॥**

ਉਨ੍ਹਾਂ ਨੂੰ ਪੂਜਣ ਯੋਗ ਹੀ ਸਮਝੋ, ਉਹ ਆਪ ਹੀ ਏਥੇ ਆ ਰਹੇ ਹਨ, ਕਿਸੇ ਹੋਰ ਥਾਂ ਨਹੀਂ ਜਾਣਗੇ। ਇਸ ਮਹਾਂ ਭਿਆਨਕ ਕਲਿਜੁਗ ਵਿਚ ਮਨੁੱਖਾਂ ਨੂੰ ਤਾਰਨ ਵਾਸਤੇ ਉਨ੍ਹਾਂ ਅਵਤਾਰ ਧਾਰਿਆ ਹੈ।" ਇਹ ਸੁਣ ਕੇ ਗੋਰਖ ਨੇ ਕਿਹਾ, "ਮੈਂ ਇਹ ਸਭ ਕੁਝ ਜਾਣਦਾ ਹਾਂ, ਮੈਂ ਇਸ ਤੋਂ ਅਣਜਾਣ ਨਹੀਂ ਹਾਂ। ਸਿੱਧਾਂ ਵਿਚ ਵੱਡਾ ਹੰਕਾਰ ਹੋ ਗਿਆ ਸੀ, ਉਸ ਹੰਕਾਰ ਨੂੰ ਨਾਸ਼ ਕਰਨ ਵਾਸਤੇ ਮੈਂ ਚੁਪ ਕਰ ਰਿਹਾ ਹਾਂ" ॥ ੫॥

ਈਸ਼ੁਰ ਨਾਥ ਸਮੀਪ ਬੁਲਾਇਕੈ ਗੋਰਖ ਨਾਥ ਨੈ ਆਇਸੁ ਦੀਨੀ।
'ਜਾਹੁ ਤਪੇ ਢਿਗ ਤਾਂਹਿ ਬਿਲੋਕਹੁ ਬਾਦ ਬਿਖੇ ਮਤਿ ਜਾਂਹਿ ਪ੍ਰਬੀਨੀ।
ਪਾਛੇ ਕੋ ਜੀਤਕੈ ਦੇਹੁ ਹਟਾਇ ਲਖੋਂ ਸਭਿ ਤੇ ਤਵ ਬੁੱਧਿ ਕੋ ਪੀਨੀ।
ਨਾਤੁਰ ਆਪਨੋ ਦੇ ਉਪਦੇਸ਼ ਸਿਖਾਵਹੁ ਜੋਗ ਕੀ ਰੀਤਿ ਜਿ ਕੀਨੀ' ॥੬॥

ਫਿਰ ਈਸ਼ੁਰ ਨਾਥ ਨੂੰ ਪਾਸ ਬੁਲਾ ਕੇ, ਗੋਰਖ ਨਾਥ ਨੇ ਆਗਿਆ ਕੀਤੀ, "ਤਪੇ ਦੇ ਪਾਸ ਜਾਵੇਂ ਤੇ ਉਸ ਨੂੰ ਪਰਖੇਂ, ਜਿਸ ਦੀ ਵਾਦ-ਵਿਵਾਦ ਵਿਚ ਬੁੱਧੀ ਬੜੀ ਸ੍ਰੇਸ਼ਟ ਹੈ। ਜੇ ਉਸ ਨੂੰ ਜਿੱਤ ਕੇ ਪਿਛੇ ਹਟਾ ਦੇਵੇਂ ਤਾਂ ਸਮਝਾਂਗਾ ਕਿ ਤੇਰੀ ਬੁੱਧੀ ਸਭ ਤੋਂ ਸ੍ਰੇਸ਼ਟ ਹੈ, ਨਹੀਂ ਤਾਂ ਆਪਣਾ ਉਪਦੇਸ਼ ਦੇ ਕੇ ਉਸ ਨੂੰ ਜੋਗ ਦੀ ਰੀਤੀ ਸਿਖਾਵੇਂ" ॥ ੬॥

ਕਬਿੱਤ- ਆਇਸੁ ਕੋ ਪਾਇ ਤਾਤਕਾਲ ਗਯੋ ਆਇ ਜਹਾਂ ਬੈਠੇ ਸੁਖਦਾਇ ਸੋਹੈਂ ਊਚੇ ਗਿਰ ਸ੍ਰਿੰਗ ਹੈਂ।
ਉਚਰ 'ਅਦੇਸ਼' ਕੋ ਸਮੀਪ ਗਯੋ ਬੈਸਿ ਤਬ 'ਪ੍ਰਭੁ ਕੋ ਆਦੇਸ਼' ਗੁਰੂ ਕਹੀ ਤਿਹ ਸੰਗ ਹੈ।
'ਕੌਨ ਦੇਸ਼ ਛੋਰਿ ? ਆਏ, ਕਹਾਂ ਕੋ ਸਿਧਾਏ ਅਬ, ਕਹੋ ਤੁਮ ਕੌਨ ? ਮੋਹਿ ਬੂਝਨ ਉਮੰਗ ਹੈ।
ਗੋਰਖ ਪੈ ਚਲੋ, ਉਪਦੇਸ਼ ਲੀਜੈ ਭਲੋ ਆਪ, ਸਭੈ ਮਤ ਬੇਖ ਤੇ ਸੁ ਜੋਗ ਈ ਉਤੰਗ ਹੈ' ॥੭॥

ਆਗਿਆ ਪਾ ਕੇ ਈਸ਼ੁਰ ਨਾਥ ਤੁਰੰਤ ਓਥੇ ਚਲੇ ਗਿਆ, ਜਿਥੇ ਪਹਾੜ ਦੀ ਚੋਟੀ ਉਤੇ ਬੈਠੇ ਸੁੱਖਾਂ ਦੇ ਦਾਤੇ ਗੁਰੂ ਜੀ ਸ਼ੋਭ ਰਹੇ ਸਨ। 'ਆਦੇਸ਼' ਕਹਿ ਕੇ ਉਹ ਗੁਰੂ ਜੀ ਪਾਸ ਬੈਠ ਗਿਆ। ਤਦ ਗੁਰੂ ਜੀ ਨੇ ਉਸ ਨੂੰ ਕਿਹਾ, "ਪ੍ਰਭੂ ਨੂੰ ਆਦੇਸ਼" "ਕਿਹੜਾ ਦੇਸ਼ ਛੱਡ ਕੇ ਆਏ ਹੋ? ਹੁਣ ਕਿਥੇ ਜਾ ਰਹੇ ਹੋ? ਇਹ ਦੱਸੋ ਤੁਸੀਂ ਕੌਣ ਹੋ? ਇਹ ਪੁਛਣ ਦੀ ਮੇਰੀ ਖਾਹਿਸ਼ ਹੈ। ਗੋਰਖ ਪਾਸ ਚਲੋ, ਉਸ ਪਾਸੋਂ ਭਲਾ ਉਪਦੇਸ਼ ਲਵੋ, ਸਭ ਮੱਤਾਂ ਵਿਚ ਜੋਗ ਮੱਤ ਹੀ ਸਭ ਤੋਂ ਉੱਚਾ ਹੈ" ॥ ੭॥

'ਦੇਹਿ ਪੰਚ ਤੱਤ ਕੀ ਹੈ ਪੂਛੇ ਕੌਨ ਪੰਚ ਬਿਖੈ ਸੋਊ ਤਤ ਦੇਹਿ ਮੈਂ ਬਿਚਾਰ ਕੈ ਬਖਾਨਿਯੇ।
ਜੇ ਤੂੰ ਪੂਛੇ ਆਤਮਾ ਕੋ ਆਤਮ ਤੌਂ ਪੂਰਨ ਹੈ ਅੰਤਰ ਵਹਿਰ ਦਿਸ਼ ਬਿਦਿਸ਼ ਮੈਂ ਜਾਨਿਯੇ।
ਆਵਨ ਔ ਜਾਨੋ ਤੌ ਬਨਤਿ ਊਨੋ ਹੋਤਿ ਕਹੂੰ, ਜਹਾਂ ਤਹਾਂ ਏਕ ਹੀ ਬਿਬੇਕ ਤੇ ਪਛਾਨਿਯੇ।
ਯਾਂਤੇ ਤਵ ਬੂਝਨੋ ਅਕਾਰਥ ਹੀ ਚੀਨ ਮਨ, ਗੋਰਖ ਤੇ ਸੀਖ ਪੁਨ ਪ੍ਰਸ਼ਨ ਕੋ ਠਾਨਿਯੇ' ॥੮॥

ਗੁਰੂ ਜੀ ਨੇ ਕਿਹਾ, "ਮਨੁੱਖੀ ਦੇਹ ਪੰਜਾਂ ਤੱਤਾਂ ਦੀ ਬਣੀ ਹੋਈ ਹੈ, ਇਨ੍ਹਾਂ ਪੰਜਾਂ ਤੱਤਾਂ ਵਿਚ ਜਿਹੜੇ ਤੱਤ ਹਨ, ਉਹੀ ਤੱਤ ਦੇਹ ਵਿਚ ਹਨ, ਇਨ੍ਹਾਂ ਨੂੰ ਵਿਚਾਰ ਕੇ ਬਿਆਨ ਕਰੋ। ਜੇ ਤੂੰ ਪੁਛੇਂ ਆਤਮਾ ਬਾਰੇ ਤਾਂ ਆਤਮਾ ਤਾਂ ਪੂਰਨ ਹੈ, ਅੰਦਰ ਬਾਹਰ ਹਰ ਪਾਸੇ ਇਸ ਨੂੰ ਸਮਝੋ। ਆਉਣਾ ਜਾਣਾ ਤਾਂ ਬਣਿਆ ਹੈ, ਕਿਤੇ ਘੱਟ ਵੀ ਹੋ ਸਕਦਾ ਹੈ, ਪਰ ਹਰ ਥਾਂ ਇਸ ਨੂੰ ਇਕ ਹੀ ਗਿਆਨ ਨਾਲ ਪਛਾਣਿਆ ਜਾਂਦਾ ਹੈ। ਤੇਰੇ ਪਾਸੋਂ ਪੁੱਛਣਾ ਮਨ ਵਿਚ ਇਕਾਰਥ ਹੀ ਸਮਝੋ, ਗੋਰਖ ਪਾਸੋਂ ਪੁੱਛ ਕੇ ਫਿਰ ਪ੍ਰਸ਼ਨ ਦਾ ਉੱਤਰ ਦੇਵੋ" ॥ ੮॥

ਸ੍ਵੈਯਾ- ਸੁਨਿ ਈਸ਼ੁਰਨਾਥ ਲਜਾਇ ਰਹਜੋ ਗਿਰ ਮੇਰੁ ਗਯੋ, ਨਹਿਂ ਬਾਨੀ ਅਲਾਈ।
'ਪਰਿਪੂਰਨ ਆਤਮ ਗਯਾਨ ਬਿਖੇ ਚਰਚਾ ਕਰਿਕੈ ਨਹਿਂ ਜਿਤਯੋ ਸੁ ਜਾਈ'।
ਮਨ ਲੰਗਰ ਰੋਸ ਕਿਯੋ ਸੁਨਿਕੈ ਕਹਿ 'ਗੋਰਖ ਜੀ ! ਮੁਝ ਦੇਹੁ ਰਜਾਈ।
ਅਵਿਲੋਕਹੁਂ ਕੈਸੇ ਕੈ ਬੋਲਤਿ ਹੈ, ਤਿਹ ਆਨਤਿ ਹੌਂ ਤੁਮਰੀ ਸ਼ਰਨਾਈ' ॥੯॥

ਇਹ ਸੁਣ ਈਸ਼ਰ ਨਾਥ ਸ਼ਰਮਿੰਦਾ ਹੋ ਗਿਆ, ਸੁਮੇਰ ਪਰਬਤ ਤੇ ਵਾਪਿਸ ਚਲਾ ਗਿਆ ਤੇ ਇਸ ਤਰ੍ਹਾਂ ਬੋਲਿਆ, "ਆਤਮ ਗਿਆਨ ਵਿਚ ਉਹ ਨਿਪੁੰਨ ਹੈ, ਵਿਵਾਦ ਕਰਕੇ ਉਹ ਜਿੱਤਿਆ ਨਹੀ ਜਾ ਸਕਦਾ।" ਫਿਰ ਲੰਗਰ ਨਾਮੀ ਸਿੱਧ ਨੇ ਇਹ ਸੁਣ ਕੇ ਬੜਾ ਗੁੱਸਾ ਕੀਤਾ ਤੇ ਕਿਹਾ, "ਗੋਰਖ ਜੀ ! ਮੈਨੂੰ ਆਗਿਆ ਦੇਵੋ, ਮੈਂ ਵੇਖਾਂ ਉਹ ਕਿਵੇਂ ਬੋਲਦਾ ਹੈ, ਮੈਂ ਉਸ ਨੂੰ ਤੁਹਾਡੀ ਸ਼ਰਨ ਵਿਚ ਲਿਆਉਂਦਾ ਹਾਂ"॥ ੯॥

ਕਬਿੱਤ- ਆਇਸੁ ਕੋ ਪਾਇ, ਗੁਰੂ ਗੋਰਖ ਮਨਾਇ ਮਨ, ਚਲਜੋ ਤਬ ਧਾਇ, ਚਾਇ ਜੀਤਨੇ ਕੋ ਧਾਰਿਕੈ।
ਬੇਦੀ ਕੁਲਦੀਪ ਹੂੰ ਕੇ ਬੈਠਜੋ ਹੈ ਸਮੀਪ ਆਇ, ਕੀਨੀ ਹੈ 'ਅਦੇਸ' ਮੁਖ ਬਚਨ ਉਚਾਰਿਕੈ।
'ਚਲੀਏ ਸੁਮੇਰੁ ਪਰ ਲੀਜੈ ਉਪਦੇਸ਼ ਬਰ, ਸੀਸ ਮ੍ਰਿਤੁ ਜੌਨ ਡਰ ਦੀਜੈ ਨਿਜ ਟਾਰਿਕੈ।
ਜਾਗੈ ਵਡਭਾਗ ਜੇ ਤੂੰ ਜੋਗ ਅਨੁਰਾਗ ਕਰੈਂ, ਧੁਨਿ ਸੰਗ ਲਾਗੈ ਲਾਗ, ਹਠ ਦੇਹੁ ਡਾਰਿਕੈ' ॥੧੦॥

ਆਗਿਆ ਪ੍ਰਾਪਤ ਕਰਕੇ ਅਤੇ ਗੁਰੂ ਗੋਰਖ ਦਾ ਮਨ ਵਿਚ ਸਿਮਰਨ ਕਰਕੇ ਬੜੀ ਤੇਜ਼ ਰਫਤਾਰ ਨਾਲ ਚੱਲ ਪਿਆ। ਮਨ ਵਿਚ ਜਿੱਤਣ ਦੀ ਚਾਹਤ ਧਾਰਨ ਕੀਤੀ ਹੋਈ ਸੀ। ਬੇਦੀ ਕੁਲ ਦੇ ਦੀਪ ਭਾਵ ਗੁਰੂ ਜੀ ਪਾਸ ਆ ਕੇ ਬੈਠ ਗਿਆ ਅਤੇ ਮੁਖ ਤੋਂ 'ਆਦੇਸ਼' ਸ਼ਬਦ ਦਾ ਉਚਾਰਨ ਕੀਤਾ। ਲੰਗਰ ਸਿੱਧ ਨੇ ਕਿਹਾ, "ਸੁਮੇਰ ਪਰਬਤ ਤੇ ਚਲੋ ਅਤੇ ਸ੍ਰੇਸ਼ਟ ਉਪਦੇਸ਼ ਲਵੋ ਅਤੇ ਸਿਰ ਉਤੇ ਮੌਤ ਦੇ ਡਰ ਨੂੰ ਦੂਰ ਕਰਵਾ ਲਵੋ। ਤੇਰੇ ਵੱਡੇ ਭਾਗ ਜਾਗ ਪੈਣ ਜੇ ਤੂੰ ਜੋਗ ਨਾਲ ਪ੍ਰੇਮ ਕਰੇਂ, ਧੁੰਨ ਨਾਲ ਲਗਨ ਲਾਓ ਤੇ ਹੱਠ ਨੂੰ ਛੱਡ ਦੇਵੋ"॥ ੧੦॥

ਕਬਿੱਤ- ਬੋਲੇ ਦੀਨਾਨਾਥ ਸਿੱਧ ਲੰਗਰ ਕੇ ਸਾਥ ਤਬ 'ਕੌਨ ਸੀ ਵਸਤੁ ਮਰੈ ਦੀਜੈ ਸੋ ਬਤਾਇਕੈ।
ਦੇਹਿ ਪੰਜ ਭੂਤ ਕੀ ਹੈ ਪੰਚੋਂ ਮੈਂ ਨ ਮਰੈ ਕੋਊ, ਜੇ ਕੋ ਮਰਿ ਜਾਤਿ ਤਾਂ ਕੋ ਦੀਜਿਯੇ ਸੁਨਾਇਕੈ।
ਆਤਮਾ ਤੋ ਨਿੱਤ, ਕਬ ਹੋਤਿ ਨਹੀਂ ਮ੍ਰਿਤੁ ਤਾਂਕੀ, ਭਯੋ ਜੀਵ ਸੱਤ ਚਿਦਾਨੰਦ ਕੋ ਭੁਲਾਇਕੈ।
ਬਾਦ ਹੈ ਕਹਿਨ ਤੇਰੋ ਭਯੋ ਮ੍ਰਿਤੁ ਕੌਨ ਹੇਰੋ, ਉੱਤਰ ਨ ਆਇ, ਪੂਛ ਗੋਰਖ ਕੋ ਜਾਇਕੈ' ॥੧੧॥

ਤਦ ਦੀਨਾਂ ਦੇ ਨਾਥ ਗੁਰੂ ਜੀ ਨੇ ਲੰਗਰ ਸਿੱਧ ਨੂੰ ਕਿਹਾ, "ਉਹ ਕਿਹੜੀ ਵਸਤੂ ਹੈ ਜਿਹੜੀ ਮਰ ਜਾਂਦੀ ਹੈ, ਇਹ ਮੈਨੂੰ ਦੱਸੋ। ਦੇਹੀ ਪੰਜਾਂ ਤੱਤਾਂ ਦੀ ਹੈ, ਪੰਜਾਂ ਵਿਚੋਂ ਕੋਈ ਨਹੀ ਮਰਦਾ, ਜੇ ਕੋਈ ਮਰ ਜਾਂਦਾ ਹੈ ਤਾਂ ਉਹ ਮੈਨੂੰ ਸੁਣਾ ਕੇ ਦੱਸੋ। ਆਤਮਾ ਤਾਂ ਅਮਰ ਹੈ, ਇਸ ਦੀ ਕਦੇ ਮੌਤ ਨਹੀ ਹੁੰਦੀ, ਇਹ ਜੀਵ ਸਤ, ਚਿਤ ਅਤੇ ਅਨੰਦ ਨੂੰ ਭੁਲਾ ਕੇ ਬਣ ਗਿਆ ਹੈ। ਤੈਨੂੰ ਕਹਿਣਾ ਹੀ ਫਜ਼ੂਲ ਹੈ, ਮ੍ਰਿਤੂ ਨੂੰ ਕਿਸੇ ਨੇ ਵੇਖਿਆ ਹੈ, ਉੱਤਰ ਤੈਨੂੰ ਆਉਂਦਾ ਨਹੀ, ਇਸ ਲਈ ਗੋਰਖ ਨੂੰ ਜਾ ਕੇ ਪੁੱਛ"॥ ੧੧॥

ਸ੍ਵੈਯਾ- ਲੰਗਰ ਤੂਸ਼ਨ ਹੋਇ ਗਯੋ ਬਿਰਤੰਤ ਸੁਮੇਰੁ ਪੈ ਜਾਇ ਸੁਨਾਵਾ।
ਗੋਰਖ ਨੈ ਤਬ ਆਇਸੁ ਦੇ ਕਰਿ ਮੰਗਲਨਾਥ ਸਮੀਪ ਬੁਲਾਵਾ।
ਕੀਨ ਵਡੋ ਸਨਮਾਨ ਬਿਠਾਇਕੈ ਆਨਨ ਤੇ ਇਵ ਬੈਨ ਅਲਾਵਾ।
'ਹਾਰਿਕੈ ਆਵਤਿ ਸਿੱਧ ਸਭੈ ਅਬ ਜਾਨੋ ਤੁਮਾਰੁ ਬਨੈ ਤਿਹ ਥਾਵਾ ॥੧੨॥

ਲੰਗਰ ਸਿੱਧ ਚੁਪ ਹੋ ਗਿਆ ਤੇ ਸਾਰਾ ਬ੍ਰਿਤਾਂਤ ਸੁਮੇਰ ਪਰਬਤ ਤੇ ਜਾ ਕੇ ਸੁਣਾਇਆ। ਗੋਰਖ ਨੇ ਫਿਰ ਆਗਿਆ ਦੇ ਕੇ ਮੰਗਲ ਨਾਥ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਪਾਸ ਬਿਠਾ ਕੇ ਬੜਾ ਸਨਮਾਨ ਕੀਤਾ, ਫਿਰ ਮੁਖ ਤੋਂ ਇਹ ਸ਼ਬਦ ਕਹੇ, "ਸਾਰੇ ਸਿੱਧ ਹਾਰ ਕੇ ਆ ਗਏ ਹਨ, ਸੁਣ ਤੇਰਾ ਓਥੇ ਜਾਣਾ ਬਣਦਾ ਹੈ"॥ ੧੨॥

ਸ੍ਵੈਯਾ- ਮੰਗਲ ਨਾਥ ਨੇ ਬੂਝਨ ਕੀਨ 'ਪਠੋ ਕਿਹ ਹੇਤ ਕੋ? ਦੇਹੁ ਬਤਾਈ।
ਰੂਪ ਸੁਭਾਇ ਬਿਲੋਕਨ ਕੋ ਤਿਹ, ਕੈਧੋਂ ਕਹੋ ਉਪਦੇਸ਼ਨ ਤਾਈਂ?'।

ਗੋਰਖ ਯੌਂ ਸੁਨਿਕੈ ਮਨ ਮਾਂਹਿ ਬਿਚਾਰਿ ਕੈ ਬਾਨੀ ਸੁ ਐਸ ਅਲਾਈ।
'ਜਜੋਂ ਤੁਮਰੇ ਮਨ ਮੈਂ ਅਭਿਲਾਖ ਬਿਲੋਕਹੁ ਤਾਂ ਬਿਧਿ ਸੋਂ ਅਬ ਜਾਈ' ॥੧੩॥

ਮੰਗਲ ਨਾਥ ਨੇ ਫਿਰ ਪੁਛਿਆ, "ਕਿਸ ਕਾਰਨ ਮੈਨੂੰ ਭੇਜ ਰਹੇ ਹੋ ? ਇਹ ਤਾਂ ਦੱਸੋ। ਕੀ ਉਸ ਦੇ ਰੂਪ ਅਤੇ ਸੁਭਾਅ ਦੀ ਪਰਖ ਕਰਨੀ ਹੈ ਜਾਂ ਉਸ ਨੂੰ ਉਪਦੇਸ਼ ਦੇਣਾ ਹੈ ?" ਇਹ ਸੁਣ ਕੇ, ਗੋਰਖ ਨੇ ਮਨ ਵਿਚ ਵਿਚਾਰ ਕਰਕੇ ਇਸ ਤਰ੍ਹਾਂ ਬਾਣੀ ਕਹੀ, "ਜਿਵੇਂ ਤੇਰੇ ਮਨ ਦੀ ਅਭਿਲਾਸ਼ਾ ਹੈ, ਹੁਣ ਜਾ ਕੇ ਉਸ ਦੀ ਪਰਖ ਕਰੋ" ॥ ੧੩ ॥

ਸੈਯਾ- ਮੰਗਲ ਬੋਲਤਿ 'ਹੇ ਗੁਰੂ ਗੋਰਖ! ਪੂਰਨ ਹੋ ਜੁਗੀਆ ਸਭਿ ਲਾਯਕ।
ਸੋ ਸਭਿ ਹੀ ਬਿਧਿ ਪੂਰਨ ਨਾਨਕ ਜਾਇ ਸ਼ਰੰਨ ਤਿਸੈ ਗਤਿ ਦਾਇਕ।
ਖੋਜਿਬੋ ਦੇਖਿਬੋ ਕਜਾ ਤਿਹਕੋ ਸੁਰ ਨਾਯਕ ਨਾਯਕ, ਸੰਤ ਸਹਾਯਕ।
ਏਕ ਦੁਬਾਰਹਿ ਖੋਜ ਪਿਖਾ ਪੁਨ ਖੋਜੇ ਕੋ ਖੋਜਨ ਰੀਤਿ ਨ ਲਾਯਕ ॥੧੪॥

ਮੰਗਲ ਬੋਲਿਆ, "ਹੇ ਗੁਰੂ ਗੋਰਖ! ਜਿਵੇਂ ਤੁਸੀਂ ਪੂਰਨ ਜੋਗੀ ਅਤੇ ਹਰ ਤਰ੍ਹਾਂ ਲਾਇਕ ਹੋ, ਉਸ ਤਰ੍ਹਾਂ ਨਾਨਕ ਵੀ ਸਭ ਤਰ੍ਹਾਂ ਪੂਰਨ ਹੈ, ਮੁਕਤੀਦਾਤੇ ਦੀ ਜਾ ਕੇ ਸ਼ਰਨ ਲੈ ਲਵੇ। ਉਸ ਦਾ ਖੋਜਣਾ, ਦੇਖਣਾ ਕੀ ਹੈ, ਗੁਰੂ ਜੀ ਤਾਂ ਇੰਦਰ ਅਥਵਾ ਵਿਸ਼ਨੂੰ ਦੇ ਸਵਾਮੀ ਹਨ। ਇਕ ਵਾਰ ਜਿਸ ਨੂੰ ਪਰਖ ਲਿਆ ਅਤੇ ਵੇਖ ਲਿਆ ਹੈ, ਉਸ ਨੂੰ ਦੁਬਾਰਾ ਖੋਜਣਾ, ਖੋਜਣ ਦੀ ਰੀਤੀ ਅਨੁਸਾਰ ਨਹੀ ਹੈ॥ ੧੪ ॥

ਸੈਯਾ- ਆਇਸ ਨਾਂਹਿ ਉਲੰਘਹੋਂ ਤੋਰ, ਕਹੋ, ਤਿਹ ਜਾਇਕੈ ਲਜਾਊਂ ਹਕਾਰੀ।
ਜਾਂ ਕੇ ਮਿਲੇ ਤੇ ਕ੍ਰਿਤਾਰਥ ਹੋਇਗੋ ਜਾਇ ਪਿਖੇਂ ਮਨ ਆਲਸ ਟਾਰੀ'।
'ਮੰਗਲਨਾਥ ਜੀ! ਆਨਹੁ ਤਾਂ ਬਿਧਿ ਲੇ ਉਪਦੇਸ਼ ਹਮਾਰ ਜੁ ਧਾਰੀ।
ਆਵਹਿ ਮਾਰਗ ਸਿੱਧਨ ਕੇ ਭਵ ਮੈਂ ਪਰਕਾਸ਼ ਵਡੋ ਜਸੁ ਕਾਰੀ' ॥੧੫॥

ਤੇਰੇ ਹੁਕਮ ਦੀ ਉਲੰਘਣਾ ਨਹੀ ਕਰਾਂਗਾ, ਜੇ ਕਹੋ ਤਾਂ ਮੈਂ ਉਨ੍ਹਾਂ ਨੂੰ ਬੁਲਾ ਲਿਆਉਂਦਾ ਹਾਂ। ਜਾ ਕੇ ਮਿਲਣ ਨਾਲ ਕ੍ਰਿਤਾਰਥ ਹੋਵੇਗਾ ਅਤੇ ਦਰਸ਼ਨ ਕਰਨ ਨਾਲ ਮਨ ਦਾ ਆਲਸ ਦੂਰ ਹੋਵੇਗਾ।" ਗੋਰਖ ਨੇ ਕਿਹਾ, "ਮੰਗਲ ਨਾਥ ਜੀ! ਐਸ ਵਿਧੀ ਨਾਲ ਲਿਆਵੋ ਕਿ ਆ ਕੇ ਸਾਡਾ ਉਪਦੇਸ਼ ਧਾਰਨ ਕਰੇ। ਜੇ ਉਹ ਸਿੱਧਾਂ ਦੇ ਮਾਰਗ ਵਿਚ ਆ ਜਾਵੇ ਤਾਂ ਸੰਸਾਰ ਵਿਚ ਉਸ ਦੀ ਕੀਰਤੀ ਦਾ ਵੱਡਾ ਪ੍ਰਕਾਸ਼ ਹੋਵੇ" ॥ ੧੫ ॥

ਮੰਗਲਨਾਥ ਕਹੈ ਪੁਨ ਬੈਨ ਕੋ 'ਯੌਂ ਨ ਬਨੈ ਜਿਵ ਚਾਹਿ ਤੁਮਾਰੀ।
ਜੇ ਹਮ ਤੇ ਲਘੁ ਹੋਵਹਿ ਸੋ, ਤਬ ਲੇ ਉਪਦੇਸ਼ ਭਲੋ ਅਧਿਕਾਰੀ।
ਹੋਇ ਜੁ ਦੀਰਘ ਕੈਸੇ ਬਨੈ ਬਿਧਿ ? ਹੈ ਬਿਪਰੀਤਿ ਸੀ ਰੀਤਿ ਬਿਚਾਰੀ।
ਜਜੋਂ ਪਟਬੀਜਨ ਕੇ ਪਰਕਾਸ਼ ਤੇ ਭਾਨੁ ਛਪਾਵਤਿ ਸੁੱਧ ਬਿਸਾਰੀ।' ॥੧੬॥

ਮੰਗਲ ਨਾਥ ਨੇ ਫਿਰ ਕਿਹਾ, "ਇਸ ਤਰ੍ਹਾਂ ਨਹੀ ਹੋਣਾ ਜਿਵੇਂ ਤੁਹਾਡੀ ਚਾਹਤ ਹੈ। ਜੇ ਸਾਡੇ ਨਾਲੋਂ ਛੋਟਾ ਹੋਵੇ ਤਦ ਉਹ ਤੁਹਾਥੋਂ ਭਲਾ ਅਧਿਕਾਰੀ ਹੋ ਕੇ ਉਪਦੇਸ਼ ਲੈ ਲਵੇ। ਜਿਹੜਾ ਸਾਥੋਂ ਬਹੁਤ ਵੱਡਾ ਹੋਵੇ, ਉਹ ਕਿਸ ਤਰ੍ਹਾਂ ਤੁਹਾਡਾ ਉਪਦੇਸ਼ ਲੈ ਲਵੇਗਾ ? ਤੁਸੀਂ ਤਾਂ ਇਹ ਉਲਟੀ ਰੀਤੀ ਵਿਚਾਰੀ ਹੈ। ਜਿਵੇਂ ਸੂਰਜ ਦੇ ਪ੍ਰਕਾਸ਼ ਤੋਂ ਜੁਗਨੂ ਅਣਜਾਣ ਹੋਵੇ" ॥ ੧੬ ॥

ਗੋਰਖ ਬੈਨ ਭਨੇ ਸੁਨਿਕੈ 'ਤੁਮ ਹੈ ਸਮਝੀ ਮਤਿ ਸਿੱਧਨ ਨਜਾਰੇ।
ਧੰਨ ਤੁਮੈ ਸੁਭ ਜੋਗ ਕੇ ਲਾਯਕ ਹੈ ਮਨ ਤੇ ਜਿਨ ਮਾਨ ਬਿਸਾਰੇ।

ਜਾਨਿ ਲਯੋ ਸਭਿ ਨਾਨਕ ਭੇਦ ਕੋ ਜੈਸੇ ਅਹੇ ਤੁਮ ਤੈਸੇ ਉਚਾਰੇ।
ਮਾਨ ਕੇ ਬਾਨ ਬਿਧੇ ਸਭਿ ਸਿੱਧ, ਕਰੋ ਬਿਧਿ ਸੋ ਅਭਿਲਾਖ ਜੁ ਥਾਰੇ ॥੧੭॥

ਇਹ ਸੁਣ ਕੇ ਗੋਰਖ ਨੇ ਕਿਹਾ, "ਤੁਸੀਂ ਸਿੱਧਾਂ ਦੀ ਨਿਆਰੀ ਮੱਤ ਸਮਝੀ ਹੈ, ਤੁਸੀਂ ਧੰਨ ਹੋ ਅਤੇ ਸ਼ੁਭ ਯੋਗ ਦੇ ਲਾਇਕ ਹੋ, ਜਿਸ ਨੇ ਆਪਣੇ ਮਨ ਦੇ ਹੰਕਾਰ ਨੂੰ ਤਿਆਗ ਦਿੱਤਾ ਹੈ। ਤੁਸੀਂ ਗੁਰੂ ਨਾਨਕ ਦੇ ਭੇਦ ਨੂੰ ਜਾਣ ਲਿਆ ਹੈ, ਜਿਸ ਤਰ੍ਹਾਂ ਦੇ ਉਹ ਹਨ, ਉਸ ਤਰ੍ਹਾਂ ਦੇ ਤੁਸੀਂ ਦੱਸੇ ਹਨ। ਉਨ੍ਹਾਂ ਹੰਕਾਰ ਦੇ ਤੀਰਾਂ ਨਾਲ ਸਭ ਸਿੱਧਾਂ ਨੂੰ ਵਿੰਨ੍ਹ ਦਿੱਤਾ ਹੈ। ਜੋ ਤੁਹਾਡੀ ਅਭਿਲਾਸ਼ਾ ਹੈ ਉਸ ਤਰ੍ਹਾਂ ਹੀ ਕਰੋ" ॥ ੧੭॥

ਦੋਹਰਾ- ਕੇਤਿਕ ਸਮਝਯੋ ਭਰਥਰੀ ਗੋਪੀ ਚੰਦ ਸੁਜਾਨ।
ਘੁੱਘੂ ਨਾਥ ਨ ਬੋਲਈ ਮੰਗਲਨਾਥ ਮਹਾਨ॥ ੧੮॥

ਭਰਥਰੀ ਅਤੇ ਚਤੁਰ ਗੋਪੀ ਚੰਦ ਉਸ ਨੂੰ ਸਮਝ ਗਏ ਸਨ, ਘੁਘੂ ਨਾਥ ਬੋਲਿਆ ਨਹੀਂ ਸੀ ਅਤੇ ਮੰਗਲ ਨਾਥ ਮਹਾਨ ਸੀ॥ ੧੮॥

ਦੋਹਰਾ- 'ਖੇਸੂ ਪੇਸੂ ਔਰ ਹੈਂ ਨਹਿ ਗਿਨਤੀ ਤਿਨ ਕੋਇ'।
ਗੋਰਖ ਅਸ ਬਿਧਿ ਬੈਨ ਕਹਿ ਬੈਸਯੋ ਤੂਸ਼ਨ ਹੋਇ॥ ੧੯॥

"ਖੇਸੂ ਪੇਸੂ ਕੋਈ ਹੋਰ ਹਨ ਜਿਨ੍ਹਾਂ ਦੀ ਕੋਈ ਗਿਣਤੀ ਨਹੀਂ।" ਇਸ ਤਰ੍ਹਾਂ ਕਹਿ ਕੇ ਗੋਰਖ ਨਾਲ ਬੈਠ ਗਿਆ ਅਤੇ ਚੁੱਪ ਹੋ ਗਿਆ॥ ੧੯॥

ਉਤ ਯੋਂ ਕਰਤਿ ਬਿਚਾਰ ਕੋ, ਇਤ ਸ੍ਰੀ ਨਾਨਕ ਸੰਗ।
ਬੋਲਯੋ ਮਰਦਾਨਾ ਤਬੈ 'ਚਢਿਯੇ ਮੇਰੁ ਉਤੰਗ'॥ ੨੦॥

ਓਧਰ ਸਿੱਧ ਇਸ ਤਰ੍ਹਾਂ ਵਿਚਾਰ ਕਰ ਰਹੇ ਸਨ, ਏਧਰ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ, "ਛੇਤੀ ਸੁਮੇਰ ਪਰਬਤ ਉੱਤੇ ਚੜ੍ਹੀਏ"॥ ੨੦॥

'ਕਿਤਕ ਕਾਲ ਅਵਿਲੋਕਿਯੇ ਗਮਨੈਂ ਬਹੁਰ ਸੁਮੇਰੁ।
ਰਹੇ ਸਿੱਧ ਆਵਨ ਕਹੂ ਬਾਦਹਿ ਮਾਨ ਘਨੇਰ'॥ ੨੧॥

ਗੁਰੂ ਜੀ ਨੇ ਕਿਹਾ, "ਕੁਝ ਸਮਾਂ ਹੋਰ ਵੇਖ ਲਵੋ, ਫਿਰ ਸੁਮੇਰ ਪਰਬਤ ਵੱਲ ਚੱਲਾਂਗੇ। ਸਿੱਧ ਵੱਡੇ ਹੰਕਾਰ ਨਾਲ ਭਰੇ ਝਗੜਾ ਕਰਨ ਆਉਂਦੇ ਹਨ"॥ ੨੧॥

ਸ੍ਵੈਯਾ- ਆਯੋ ਹੈ ਮੰਗਲ ਨਾਥ ਤਬੈ ਢਿਗ ਬੈਠ 'ਅਦੇਸ' ਕਹੀ ਕਰ ਬੰਦੂ।
ਦ੍ਵੈ ਦਿਸ਼ ਪਾਇਨ ਕੋ ਪਰਸੇ ਕਰ, ਕੀਨ ਵਡੋ ਸਨਮਾਨ ਮੁਕੰਦੂ।
ਪ੍ਰੀਤ ਬਧੀ ਅਵਿਲੋਕਤਿ ਲੋਚਨ ਮਾਨਯੋ ਰਿਦੇ ਮਹਿਂ ਭੂਰ ਅਨੰਦੂ।
ਯੋਂ ਹਰਖੇ ਮਿਲਿ ਆਪਸ ਮੈਂ ਜਿਵ ਜਾਇ ਬਭੀਖਨ ਸੋਂ ਰਘੁਨੰਦੂ॥੨੨॥

ਤਦ ਉਥੇ ਮੰਗਲ ਨਾਥ ਆ ਗਿਆ ਅਤੇ ਹੱਥ ਜੋੜ 'ਆਦੇਸ' ਕਹਿ ਕੇ ਗੁਰੂ ਜੀ ਪਾਸ ਬੈਠ ਗਿਆ। ਉਸ ਗੁਰੂ ਜੀ ਦੇ ਦੋਹਾਂ ਚਰਨਾਂ ਨੂੰ ਪਰਸ ਕੇ ਬੜਾ ਆਦਰ ਸਨਮਾਨ ਕੀਤਾ। ਗੁਰੂ ਜੀ ਦੇ ਦਰਸ਼ਨ ਕਰਕੇ ਉਸ ਦੇ ਮਨ ਵਿਚ ਪ੍ਰੀਤ ਬੜੀ ਵਧੀ ਅਤੇ ਹਿਰਦੇ ਵਿਚ ਬਹੁਤ ਅਨੰਦ ਆਇਆ। ਆਪਸ ਵਿਚ ਮਿਲ ਕੇ ਇੰਞ ਪ੍ਰਸੰਨ ਹੋਏ ਜਿਵੇਂ ਬਭੀਖਨ ਸ੍ਰੀ ਰਾਮ ਚੰਦਰ ਨੂੰ ਮਿਲਿਆ ਹੋਵੇ॥ ੨੨॥

ਮੰਗਲ ਨਾਥ ਨੇ ਬੈਨ ਭਨੇ 'ਕਿਰਤਾਰਥ ਭਾ ਅਵਿਲੋਕਤਿ ਰੂਪਾ।
ਜਾਨਤਿ ਹੌਂ ਨਿਜ ਭਾਗ ਮਹਾਨ ਮਿਲਾ ਪ੍ਰਭੁ ਕੋ ਅਵਤਾਰ ਅਨੂਪਾ।
ਆਜ ਭਯੋ ਸਫਲਾ ਸਭਿ ਜੋਗ ਭੇ ਗੋਚਰ ਧਯਾਨਹਿ ਕੇ ਅਨਰੂਪਾ।
ਸੰਤ ਸਹਾਯਕ, ਦੰਭਨ ਘਾਯਕ, ਹੋ ਗਤਿਦਾਯਕ ਜੋ ਭਵ ਕੂਪਾ ॥੨੩॥

ਮੰਗਲ ਨਾਥ ਬੋਲਿਆ, "ਆਪ ਦਾ ਰੂਪ ਵੇਖ ਕੇ ਮੈਂ ਕਿਰਤਾਰਥ ਹੋ ਗਿਆ ਹਾਂ। ਮੈਂ ਆਪਣੇ ਚੰਗੇ ਭਾਗ ਸਮਝਦਾ ਹਾਂ, ਮੈਨੂੰ ਅਨੂਪਮ ਪ੍ਰਭੂ ਦਾ ਅਵਤਾਰ ਮਿਲਿਆ ਹੈ। ਅੱਜ ਮੇਰਾ ਜੋਗ ਸਫਲ ਹੋਇਆ ਹੈ, ਜਿਸ ਰੂਪ ਦਾ ਮੈਂ ਧਿਆਨ ਕਰਦਾ ਸੀ, ਉਹੀ ਰੂਪ ਦਿੱਸ ਪਿਆ ਹੈ। ਤੁਸੀਂ ਸੰਤ ਸਹਾਇਕ, ਪਖੰਡਾਂ ਦਾ ਨਾਸ਼ ਕਰਨ ਵਾਲੇ ਅਤੇ ਸੰਸਾਰ ਰੂਪੀ ਖੂਹ ਵਿਚੋਂ ਮਨੁੱਖਾਂ ਨੂੰ ਮੁਕਤੀ ਦੇਣ ਵਾਲੇ ਹੋ" ॥ ੨੩॥

ਸ੍ਵੈਯਾ- ਸ੍ਰੀ ਗੁਰੂ ਭਾਖਤਿ 'ਧੰਨ ਤੁਮੈਂ ਸਭਿ ਸਿੱਧਨ ਤੇ ਅਤਿ ਉੱਤਮ ਰੀਤੀ।
ਤੋਹਿ ਸਮਾਨ ਲਖੋਂ ਨਹਿਂ ਆਨ ਕਿਯੋ ਮਨ ਮਾਨਹਿ ਤੇ ਵਿੱਪ੍ਰੀਤੀ।
ਬੋਲਿ ਗਿਰਾ ਮਧੁਰੀ ਹਰਖਾਵਤਿ ਮਾਨੋ ਸੁਧਾ ਨਮਤਾ ਤੁਮ ਪੀਤੀ।
ਮਾਨਸ ਦੇਹਿ ਕੋ ਲਾਭ ਯਹੀ ਤਜਿ ਮਾਨ ਕਰੈ ਪਦ ਸੰਤਨ ਪ੍ਰੀਤੀ ॥੨੪॥

ਗੁਰੂ ਜੀ ਨੇ ਬਚਨ ਕੀਤਾ, "ਤੁਸੀਂ ਧੰਨ ਹੋ, ਸਾਰੇ ਸਿਧਾਂ ਨਾਲੋਂ ਤੁਹਾਡੀ ਉੱਤਮ ਰੀਤੀ ਹੈ, ਤੁਹਾਡੇ ਵਰਗਾ ਵੇਖਿਆ ਨਹੀਂ ਜਿਸ ਆਪਣੇ ਮਨ ਨੂੰ ਹੰਕਾਰ ਤੋਂ ਉਲਟਾ ਕੀਤਾ ਹੈ ਭਾਵ ਵੱਡੀ ਨਿੰਮ੍ਰਤਾ ਧਾਰੀ ਹੈ। ਤੁਹਾਡੇ ਮਿੱਠੇ ਬੋਲ ਪ੍ਰਸੰਨਤਾ ਭਰਪੂਰ ਹਨ, ਮਾਨੋ ਤੁਸੀਂ ਨਿੰਮ੍ਰਤਾ ਦਾ ਅੰਮ੍ਰਿਤ ਪੀਤਾ ਹੋਵੇ। ਮਾਨਸ ਦੇਹੀ ਨੂੰ ਇਹੋ ਲਾਭ ਹੈ, ਕਿ ਹੰਕਾਰ ਨੂੰ ਛੱਡ ਕੇ ਸੰਤਾਂ ਦੇ ਚਰਨਾਂ ਨਾਲ ਪ੍ਰੀਤੀ ਲਾ ਲਵੇ" ॥ ੨੪॥

ਸ੍ਵੈਯਾ- ਮੰਗਲ ਨਾਥ ਨੇ ਸ੍ਰੋਨ ਸੁਨੇ ਕਰਿ ਨੀਚੇ ਕੋ ਲੋਚਨ ਬਾਨੀ ਅਲਾਈ।
'ਰਾਵਰ ਕੀ ਕਰੁਨਾ ਹੁਇ ਜਾਂ ਪਰ ਤਾਂਹੂ ਭਲੇ ਮਤਿ ਦੇਹੁ ਬੁਝਾਈ।
ਸੰਤਨ ਕੋ ਗੁਨ ਮਾਨ ਮਿਟਾਵਨ, ਮਾਧੁਰਤਾ ਸੰਗ ਬੈਨ ਕਹਾਈ।
ਮੇਰੁ ਚਲੋ ਸਿਧ ਮੰਡਲੀ ਮੈਂ ਦਰਸ਼ਨ ਕੋ ਦੇਹੁ ਸਭੈ ਸੁਖ ਪਾਈ॥ ੨੫॥

ਮੰਗਲ ਨਾਥ ਨੇ ਇਹ ਬਚਨ ਸੁਣੇ ਤਾਂ ਅੱਖਾਂ ਨੀਵੀਆਂ ਕਰਕੇ ਇੰਝ ਬੋਲਿਆ, "ਆਪ ਦੀ ਜਿਸ ਉੱਤੇ ਕਿਰਪਾ ਹੋਵੇ, ਉਸ ਨੂੰ ਭਲੀ ਮੱਤ ਸਮਝਾ ਦਿੰਦੇ ਹੋ। ਸੰਤਾਂ ਦਾ ਇਹ ਗੁਣ ਹੈ ਕਿ ਉਹ ਹੰਕਾਰ ਨੂੰ ਖਤਮ ਕਰ ਦਿੰਦੇ ਹਨ ਅਤੇ ਸ਼ਹਿਦ ਵਰਗੀ ਮਿੱਠੀ ਬਾਣੀ ਕਰ ਦਿੰਦੇ ਹਨ। ਸੁਮੇਰ ਪਰਬਤ ਤੇ ਚਲੋ ਅਤੇ ਸਿੱਧ ਮੰਡਲੀ ਨੂੰ ਦਰਸ਼ਨ ਦੇਵੋ, ਤਾਕਿ ਸਾਰੇ ਸੁੱਖ ਪ੍ਰਾਪਤ ਕਰਨ॥ ੨੫॥

ਸ੍ਵੈਯਾ- ਜੇ ਨ ਚਲੋ ਤਿਹਠਾਂ ਤੁਮ ਹੀ ਭੁਗੁਤਾਵਨ ਕੋ ਕਛੁ ਲ੍ਯਾਵਹੁ ਜਾਈ'।
ਆਨਨ ਤੇ ਬਿਗਸੇ ਗੁਰ ਬੋਲਤਿ 'ਭਾਉ ਪਿਖਾ ਤੁਮ ਤੇ ਤ੍ਰਿਪਤਾਈ।
ਖਾਨੇ ਕੀ ਚਾਹਿ ਨ ਔਰ ਰਹੀ ਮਿਲਿ ਵਾਕ ਅਲਾਇ ਰਹੇ ਹਰਖਾਈ।
ਮੰਗਲਨਾਥ ! ਚਲੋ ਤੁਮ ਅੱਗ੍ਰਜ ਆਵਤਿ ਹੌਂ ਨ ਬਿਲੰਬਹਿ ਕਾਈ ॥੨੬॥

ਜੇ ਤੁਸੀਂ ਓਥੇ ਜਾਣਾ ਨਹੀਂ ਚਾਹੁੰਦੇ ਤਾਂ ਮੈਂ ਤੁਹਾਨੂੰ ਛਕਾਵਣ ਲਈ ਕੁਝ ਲਿਆਉਂਦਾ ਹਾਂ।" ਗੁਰੂ ਜੀ ਮੁੱਖ ਤੋਂ ਮੁਸਕਰਾਏ ਅਤੇ ਕਿਹਾ, "ਤੁਹਾਡਾ ਪ੍ਰੇਮ ਵੇਖ ਕੇ ਹੀ ਤ੍ਰਿਪਤ ਹੋ ਗਏ ਹਾਂ। ਖਾਣ ਦੀ ਹੋਰ ਚਾਹ ਨਹੀਂ ਰਹੀ ਹੈ, ਜਿਹੜੇ ਤੁਸੀਂ ਸ਼ਬਦ ਬੋਲੇ

ਹਨ, ਉਨ੍ਹਾਂ ਨੂੰ ਸੁਣ ਕੇ ਚਿਤ ਬੜਾ ਪ੍ਰਸੰਨ ਹੋਇਆ ਹੈ। ਹੇ ਮੰਗਲ ਨਾਥ ! ਤੁਸੀਂ ਅੱਗੇ ਚਲੋ, ਅਸੀਂ ਵੀ ਛੇਤੀ ਆਉਂਦੇ ਹਾਂ, ਹੋਰ ਦੇਰ ਨਹੀਂ ਲਾਉਂਦੇ'' ॥ ੨੬ ॥

ਸੋਰਠਾ- ਸ੍ਰੀ ਗੁਰੁ ਕੋ ਹਰਖਾਇ ਆਪ ਹਰਖ ਉਰ ਬਹੁਤ ਕਰਿ।
ਬੰਦਨਿ ਕਰਿ ਸਿਰਨਾਇ ਮੰਗਲ ਗਯੋ ਸੁਮੇਰੁ ਪੈ॥ ੨੭॥

ਸ੍ਰੀ ਗੁਰੂ ਜੀ ਨੂੰ ਖੁਸ਼ ਕਰਕੇ ਅਤੇ ਆਪ ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਮੰਗਲ ਨਾਥ ਸਿਰ ਨਿਵਾ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕਰ ਕੇ ਸੁਮੇਰ ਪਰਬਤ ਦੀ ਚੋਟੀ ਵੱਲ ਚਲਾ ਗਿਆ॥ ੨੭॥

ਮਰਹਟੀ ਛੰਦ- ਬੂਝੈ ਮਰਦਾਨਾ 'ਪ੍ਰਭੁ ਸੁਜਾਨਾ! ਇਹ ਜੋਗੀ ਜੋ ਆਇ।
ਕੋਮਲ ਮੁਖ ਬੈਨਾ ਮਨ ਮਹਿਂ ਚੈਨਾ ਜਿਹ ਕੋ ਸੁਭਗ ਸੁਭਾਇ।
ਬਹੁ ਭਾਉ ਸੁ ਕੀਨੋ ਤਵ ਜਸ ਚੀਨੋਂ ਨਹੀਂ ਉਚਾਰਾ ਬਾਦ।
ਮਿਲਿ ਕਰਿ ਹਰਿਖਾਯੋ ਉਰ ਸੁਖ ਪਾਯੋ ਕਰਜੋ ਤੁਮੈ ਅਹਿਲਾਦ' ॥੨੮ ॥

ਮਰਦਾਨਾ ਪੁੱਛਣ ਲੱਗਾ, ''ਹੇ ਚਤੁਰ ਪ੍ਰਭੂ ਜੀ ! ਇਹ ਜਿਹੜਾ ਜੋਗੀ ਆਇਆ ਸੀ, ਇਸ ਨੇ ਮੁਖ ਤੋਂ ਕੋਮਲ ਬਚਨ ਕਹੇ, ਇਸ ਦੇ ਮਨ ਵਿਚ ਵੀ ਚੈਨ ਹੈ ਅਤੇ ਇਸ ਦਾ ਸੁਭਾਅ ਵੀ ਬਹੁਤ ਚੰਗਾ ਹੈ। ਬੜੇ ਪ੍ਰੇਮ ਨਾਲ ਇਸ ਨੇ ਤੁਹਾਡਾ ਜੱਸ ਕੀਤਾ ਹੈ ਅਤੇ ਕੋਈ ਵਿਵਾਦ ਉਚਾਰਨ ਨਹੀਂ ਕੀਤਾ, ਮਿਲ ਕੇ ਬੜਾ ਖੁਸ਼ ਹੋਇਆ ਹੈ ਅਤੇ ਆਪਣੇ ਹਿਰਦੇ ਵਿਚ ਸੁਖ ਪਾਇਆ ਹੈ ਅਤੇ ਤੁਹਾਨੂੰ ਵੀ ਪ੍ਰਸੰਨ ਕੀਤਾ ਹੈ'' ॥ ੨੮ ॥

ਮਰਹਟੀ ਛੰਦ- ਗੁਰੁ ਵਾਕ ਬਖਾਨੇ 'ਸੁਨਿ ਮਰਦਾਨੇ ਇਕ ਜੈਸੇ ਸਭਿ ਨਾਂਹਿ।
ਧਾਰੈਂ ਬਹੁ ਬੇਖਾ ਦੰਭ ਬਿਸ਼ੇਖਾ ਨਹਿ ਕੋ ਕਰਮ ਕਮਾਹਿਂ।
ਪੂਰਨ ਮਧ ਕੋਟਾ ਤਿਨ ਨਹਿਂ ਤੋਟਾ ਜਜੋਂ ਬਾਹਰ ਤਜੋਂ ਅੰਤਰ।
ਕਰੁਨਾ ਕਰਤਾਰੈਂ ਜਿਹ ਪਰ ਧਾਰੈਂ ਤਿਹ ਧੌਂ ਸੁਮਤਿ ਨਿਰੰਤਰ' ॥੨੯ ॥

ਗੁਰੂ ਜੀ ਨੇ ਬਚਨ ਕੀਤਾ, ''ਮਰਦਾਨੇ ! ਸੁਣ, ਸਾਰੇ ਇਕ ਜੈਸੇ ਨਹੀਂ ਹੁੰਦੇ। ਬਹੁਤ ਭੇਸ ਧਾਰਨ ਕਰਦੇ ਹਨ ਅਤੇ ਵੱਡੇ ਵੱਡੇ ਪਖੰਡ ਕਰਦੇ ਹਨ ਤੇ ਕੋਈ ਕਰਮ ਨਹੀਂ ਕਮਾਉਂਦੇ ਹਨ। ਕ੍ਰੋੜਾਂ ਵਿਚ ਪੂਰਾ ਕੋਈ ਇਕ ਹੁੰਦਾ ਹੈ, ਉਸ ਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ, ਜਿਸ ਤਰ੍ਹਾਂ ਦਾ ਉਹ ਬਾਹਰ ਹੁੰਦਾ ਹੈ, ਉਸ ਤਰ੍ਹਾਂ ਹੀ ਅੰਦਰ ਹੁੰਦਾ ਹੈ। ਪ੍ਰਭੂ ਦੀ ਜਿਸ ਤੇ ਕਿਰਪਾ ਕਰਦੇ ਹਨ ਉਸ ਨੂੰ ਸ੍ਰੇਸ਼ਟ ਅਤੇ ਬਖਸ਼ ਕੇ ਇਕ-ਰਸ ਕਰ ਦਿੰਦੇ ਹਨ'' ॥ ੨੯॥

ਦੋਹਰਾ- ਮਰਦਾਨਾ ਪੁਨ ਬਚ ਕਹੈ 'ਚਲੀਏ ਅਬਹਿ ਸੁਮੇਰੁ।
ਸਭਿ ਸਿੱਧਨ ਕੋ ਦੇਖੀਏ ਕਿਉਂ ਕੀਨੀ ਪ੍ਰਭੁ ਦੇਰ'॥ ੩੦॥

ਮਰਦਾਨੇ ਨੇ ਫਿਰ ਕਿਹਾ, ''ਹੁਣ ਸੁਮੇਰ ਪਰਬਤ ਵੱਲ ਚਲੀਏ। ਹੇ ਪ੍ਰਭੂ ਜੀ ! ਸਭ ਸਿੱਧਾਂ ਨੂੰ ਜਾ ਕੇ ਵੇਖੀਏ, ਕਿਉਂ ਏਨੀ ਦੇਰ ਕੀਤੀ ਹੈ ?'' ॥ ੩੦॥

ਸੋਰਠਾ- ਬੋਲੇ ਬਹੁਰ ਕ੍ਰਿਪਾਲ 'ਏਕ ਸਿੱਧ ਆਵਨ ਰਹਜੋ।
ਜਿਹ ਮਨ ਮਾਨ ਬਿਸਾਲ ਸ਼ੰਭੁਨਾਥ ਤਿਹ ਨਾਮ ਹੈ'॥ ੩੧॥

ਕ੍ਰਿਪਾਲੂ ਗੁਰੂ ਜੀ ਨੇ ਕਿਹਾ, ''ਹਾਲੇ ਇਕ ਸਿੱਧ ਆਉਣ ਤੋਂ ਰਹਿ ਗਿਆ ਹੈ, ਜਿਸ ਦਾ ਮਨ ਹੰਕਾਰ ਨਾਲ ਭਰਿਆ ਪਿਆ ਹੈ, ਉਸ ਦਾ ਨਾਂ ਸ਼ੰਭੂਨਾਥ ਹੈ'' ॥ ੩੧॥

ਅੜਿਲ-ਸੁਨਿ ਮਰਦਾਨੇ ਸ਼੍ਰੋਨ ਸੁ ਬੈਨ ਬਖਾਨਿ ਹੈ। 'ਮੰਗਲ ਤੇ ਸੁ ਬਿਸਾਲ ਕਿਧੌਂ ਸਮਾਨ ਹੈ।
ਅਬਹਿ ਉਡੀਕਤਿ ਜਾਂਹਿ ਕਹੋ ਤਿਹ ਗਾਥ ਜੋ। ਹੋ ਬੋਲੇ ਉੱਤਰ ਦੇਨਿ ਜਗਤ ਕੇ ਨਾਥ ਜੋ॥੩੨॥

ਮਰਦਾਨਾ ਇਹ ਸੁਣ ਕੇ ਕਹਿੰਦਾ ਹੈ, "ਮੰਗਲ ਤੋਂ ਉਹ ਵੱਡਾ ਜਾਂ ਬਰਾਬਰ ਹੈ, ਜਿਸ ਨੂੰ ਹੁਣ ਉਡੀਕ ਰਹੇ ਹੋ, ਉਸ ਦੀ ਗਾਥਾ ਸੁਣਾਓ।" ਫਿਰ ਜਗਤ ਦੇ ਨਾਥ ਭਾਵ ਗੁਰੂ ਜੀ ਉੱਤਰ ਦੇਣ ਵਾਸਤੇ ਬੋਲੇ॥ ੩੨॥

ਸ੍ਵੈਯਾ- 'ਗੋਰਖ ਨਾਥ ਤੇ ਆਦਿ ਜੇ ਸਿੱਧ ਹੈਂ ਮੰਗਲਨਾਥ ਸਭੈ ਤੇ ਮਹਾਨਾ।
ਭੇਖ ਧਰਾ ਤਨ ਸਿੱਧਨ ਕੋ ਤਿਨ ਤੇ ਇਹਕੋ ਪਦ ਊਚ ਸੁਜਾਨਾ।
ਜੇ ਮਨ ਬੀਚ ਬਿਕਾਰ ਅਜੈ ਸਭਿ ਜੀਤ ਭਲੇ ਤਿਨ ਖੋਜ ਮਿਟਾਨਾ।
ਪੂਰਨ ਸੰਤ, ਨਸਾਇ ਕੈ ਆਪ ਕੋ ਮਾਨ ਬਿਹੀਨ ਭਯੋ ਸੁਖ ਮਾਨਾ' ॥੩੩॥

ਗੁਰ ਜੀ ਨੇ ਬਚਨ ਕੀਤਾ, "ਗੋਰਖ ਨਾਥ ਤੇ ਹੋਰ ਜਿਹੜੇ ਸਿੱਧ ਹਨ, ਉਨ੍ਹਾਂ ਵਿਚ ਮੰਗਲ ਨਾਥ ਸਭ ਤੋਂ ਸ੍ਰੇਸ਼ਟ ਹੈ, ਉਸ ਸਿੱਧਾਂ ਵਾਲਾ ਭੇਸ ਧਾਰਨ ਕੀਤਾ ਹੈ, ਉਨ੍ਹਾਂ ਨਾਲੋਂ ਇਸ ਸੁਜਾਨ ਪੁਰਖ ਦੀ ਪਦਵੀ ਉੱਚੀ ਹੈ। ਜਿਹੜੇ ਮਨ ਵਿਚ ਅਜਿੱਤ ਵਿਕਾਰ ਹਨ, ਉਨ੍ਹਾ ਸਭ ਨੂੰ ਇਸ ਭਲੇ ਜਿੱਤ ਲਿਆ ਹੈ, ਤਿੰਨਾਂ ਨੂੰ ਖੋਜ ਕੇ ਮਿਟਾ ਦਿੱਤਾ ਹੈ। ਪੂਰਨ ਸੰਤ ਹੈ, ਆਪਾ ਭਾਵ ਨੂੰ ਖਤਮ ਕਰ ਦਿੱਤਾ ਹੈ ਅਤੇ ਹੰਕਾਰਹੀਣ ਹੋ ਕੇ ਸੁਖੀ ਹੋ ਗਿਆ ਹੈ" ॥ ੩੩॥

ਮਰਹਟੀ ਛੰਦ-ਬੂਝੇ ਮਰਦਾਨਾ, ਊਚ ਬਖਾਨਾ 'ਕਿਉਂ ਗੋਰਖ ਗੁਰੂ ਕੀਨ।
ਜੋ ਨਿਜ ਤੇ ਲਘੁ ਕਸ ਭਾ ਤਿਹ ਸਿਖ? ਕਸ ਬੇਖ ਸਿੱਧ ਕੋ ਲੀਨ?'।
ਸ੍ਰੀ ਗੁਰੁ ਕਹਿ ਵਾਕਾ 'ਮਿਲਯੋ ਜੁ ਪ੍ਰਾਕਾ ਗੋਰਖ ਇਹ ਕੋ ਆਇ।
ਗੁਰ ਯਾਂ ਤੇ ਕੀਨੋ ਬੇਖਹਿ ਲੀਨੋ ਪਦ ਊਚੋ ਇਹ ਪਾਇ' ॥ ੩੪॥

ਮਰਦਾਨੇ ਪੁਛਿਆ, "ਜੇ ਉਹ ਗੋਰਖ ਨਾਲੋਂ ਉੱਚਾ ਹੈ ਫਿਰ ਗੋਰਖ ਨੂੰ ਗੁਰੂ ਕਿਉਂ ਕੀਤਾ ਹੈ?, ਜਿਹੜਾ ਆਪਣੇ ਆਪ ਤੋਂ ਛੋਟਾ ਹੋਵੇ, ਉਸ ਦਾ ਉਹ ਸਿੱਖ ਕਿਵੇਂ ਹੋ ਗਿਆ? ਕਿਸ ਕਰਕੇ ਉਸ ਨੇ ਸਿੱਧ ਭੇਸ ਧਾਰਨ ਕੀਤਾ ਹੈ?" ਸ੍ਰੀ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਇਸ ਨੂੰ ਗੋਰਖ ਆ ਕੇ ਮਿਲਿਆ, ਉਸ ਨੂੰ ਇਸ ਨੇ ਗੁਰੂ ਬਣਾ ਲਿਆ ਅਤੇ ਸਿੱਧਾਂ ਵਾਲਾ ਭੇਸ ਧਾਰਨ ਕਰ ਲਿਆ, ਫਿਰ ਇਸ ਉੱਚੀ ਪਦਵੀ ਪਾ ਲਈ" ॥ ੩੪॥

ਕਬਿੱਤ- ਐਸੇ ਇਤ ਨਾਨਕ ਜੀ ਬਚਨ ਉਚਾਰੇ ਉਤ ਗੋਰਖ ਬੁਲਾਇ ਸ਼ੰਭੂਨਾਥ ਕੋ ਪਠਾਯੋ ਹੈ।
ਫਰੂਆ ਬੈਰਾਗਣ ਦੁ ਲੀਨੇ ਹਾਥ ਮਾਂਹਿ ਜਿਨ ਮੁੰਦ੍ਰਾ ਹੈ ਫਟਕ ਏਕ ਕਾਨ ਪਾਰ ਪਾਯੋ ਹੈ।
ਹੀਏ ਮੈ ਹੁਲਾਸ ਆਯੋ ਪਾਸ ਸੁਖਰਾਸ ਦੌਰਿ 'ਬਾਲੇ! ਹੈ ਅਦੇਸ਼' ਐਸੇ ਬਚਨ ਅਲਾਯੋ ਹੈ।
'ਪ੍ਰਭੂ ਕੋ ਅਦੇਸ਼; ਸ਼ੰਭੂਨਾਥ ਆਉ ਬੈਸਿ ਢਿਗ' ਸੁਨਯੋ ਸ਼੍ਰੋਨ ਮਾਂਹੀ ਪੁਨ ਬੈਨ ਕੋ ਸੁਨਾਯੋ ਹੈ॥੩੫॥

ਏਧਰ ਗੁਰੂ ਨਾਨਕ ਜੀ ਨੇ ਅਜੇਹੇ ਬਚਨਾਂ ਦਾ ਉਚਾਰਨ ਕੀਤਾ ਹੈ ਓਧਰ ਗੋਰਖ ਨੇ ਸ਼ੰਭੂਨਾਥ ਨੂੰ ਬੁਲਾ ਕੇ ਭੇਜਿਆ ਹੈ। ਤੂਨਾ ਅਤੇ ਬੈਰਾਗਣ ਉਸ ਹੱਥ ਵਿਚ ਫੜੇ ਹਨ, ਤੇ ਬਲੌਰੀ ਮੁੰਦਰਾਂ ਇਕ ਕੰਨ ਪਾੜ ਕੇ ਪਾਈਆਂ ਹਨ। ਗੁਰੂ ਜੀ ਦੇ ਪਾਸ ਆ ਕੇ ਉਸ ਦੇ ਹਿਰਦੇ ਵਿਚ ਖੁਸ਼ੀ ਭਰ ਗਈ, ਨੇੜੇ ਹੋ ਕੇ ਬੋਲਿਆ, "ਹੇ ਬਾਲਕ! ਆਦੇਸ਼ ਹੈ।" ਗੁਰੂ ਨੇ ਕਿਹਾ, "ਪ੍ਰਭੂ ਨੂੰ ਆਦੇਸ਼, ਹੇ ਸ਼ੰਭੂਨਾਥ ਆਉ ਮੇਰੇ ਪਾਸ ਬੈਠ ਜਾਵੋ"। ਜਦ ਸ਼ੰਭੂਨਾਥ ਨੇ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਕਿਹਾ॥੩੫॥

ਕਬਿੱਤ- 'ਗੋਰਖ ਕੇ ਚੇਲੇ ਹੋਇ ਮੁੰਦ੍ਰਾ ਕਾਨ ਪਾਵੈ ਅੰਗ ਭਸਮ ਲਗਾਵੈਂ ਕੋਊ ਬਿਘਨ ਨ ਲਾਗਈ।
ਬਿਗਸੈ ਕਮਲ ਜੋ ਪ੍ਰਕਾਸ਼ੇ ਦੀਪ ਜੋਤਿ ਉਰ, ਸੁੰਨ ਮਗ ਜਾਵੈ ਤਨ ਹੂੰ ਤੇ ਮ੍ਰਿਤੁ ਭਾਗਈ।

ਫਰੂਆ ਗਹੀਜੈ ਹਾਥ, ਹੋਈਐ ਸਨਾਥ ਅਬ, ਖੁਸ਼ੀ ਜਿਤ ਜਾਵੈ, ਤਿਤ ਕੋਊ ਨਹਿਂ ਠਾਗਈ।
ਭਲੀ ਬਨੀ ਤੇਰੀ ਜੋ ਤੂੰ ਮਾਨ ਲੇਹਿਂ ਬਾਤ ਮੇਰੀ ਰਿੱਧਿ ਸਿੱਧਿ ਚੇਰੀ ਮਤ ਗੋਰਖ ਕੇ ਪਾਗਈ ॥੩੬॥

"ਗੋਰਖ ਦੇ ਚੇਲੇ ਹੋ ਜਾਵੇ, ਬਲੌਰੀ ਮੁੰਦਰਾਂ ਕੰਨਾਂ ਵਿਚ ਪਾ ਲਵੇ, ਅੰਗਾਂ ਤੇ ਭਸਮ ਮਲ ਲਵੇ, ਕੋਈ ਵਿਘਨ ਨਹੀਂ ਲਗੇਗਾ। ਜਿਵੇਂ ਕਮਲ ਖਿੜਦਾ ਹੈ, ਇਸ ਤਰ੍ਹਾਂ ਹਿਰਦੇ ਵਿਚ ਦੀਪਕ ਜੋਤ ਪ੍ਰਕਾਸ਼ਮਾਨ ਹੁੰਦੀ ਹੈ। ਸੁੰਨ ਸਮਾਧੀ ਦੇ ਰਾਹ ਜਾਣੇ ਤਾਂ ਤਨ ਤੋਂ ਮ੍ਰਿਤੂ ਦੌੜ ਜਾਵੇਗੀ। ਠੂਠਾ ਹੱਥ ਵਿਚ ਫੜ ਲਵੇ, ਹੋਵੇ ਸਨਾਥ ਹੁਣ, ਖੁਸ਼ੀ ਨੂੰ ਜਿੱਤ ਜਾਵੇ, ਤੁਹਾਨੂੰ ਕੋਈ ਰੋਕੇਗਾ ਨਹੀਂ। ਤੇਰਾ ਇਸ ਵਿਚ ਭਲਾ ਹੋਵੇਗਾ, ਜੇ ਤੂੰ ਮੇਰੀ ਗੱਲ ਮੰਨ ਲਵੇਂਗਾ। ਗੋਰਖ ਨੂੰ ਪ੍ਰੇਮ ਕਰਨ ਨਾਲ ਸਭ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਣਗੀਆਂ" ॥ ੩੬॥

ਕਬਿੱਤ-'ਗੋਰਖ ਕੋ ਦਾਸ ਕਰਿ, ਸਭਿਹੂੰ ਕੋ ਮਾਨ ਹਰਿ ਭਸਮ ਨ ਲਾਵੋਂ, ਨਹਿਂ ਕਾਨ ਕੋ ਛਿਦਾਵਈ।
ਫਰੂਆ ਜੋ ਧਾਰੀ ਤਾਂਕੋ ਨਾਮ ਹੈ ਭਿਖਾਰੀ ਜਗ, ਮ੍ਰਿਤੁ ਹੈ ਬਿਦਾਰੀ ਨਹਿਂ ਨੇਰੇ ਕਬ ਆਵਈ।
ਰਿੱਧਿ ਸਿੱਧਿ ਸਦਾ ਆਗੇ, ਦੇਹਿਂ ਤਾਂਕੋ ਜੇ ਕੋ ਮਾਂਗੇ, ਚਾਹੈਂ ਤਹਾਂ ਜਾਇਂ ਨਹਿਂ ਕੋਊ ਅਟਕਾਵਈ।
ਬਿਘਨ ਬਿਨਾਸ਼ਨ ਸੁ ਆਸਨ ਹੈ ਸੁੰਨ ਬਿਖੈ' ਸ਼ੰਭੂਨਾਥ ਸੁਨੇ ਸ੍ਰੋਨ ਬੈਨ ਕੋ ਅਲਾਵਈ॥੩੭॥

ਗੁਰੂ ਜੀ ਨੇ ਬਚਨ ਕੀਤਾ, "ਗੋਰਖ ਨੂੰ ਆਪਣਾ ਸੇਵਕ ਬਣਾਵਾਂਗਾ, ਸਾਰਿਆਂ ਦਾ ਹੰਕਾਰ ਤੋੜਾਂਗਾ, ਭਸਮ ਨਹੀਂ ਮਲਾਂਗਾ, ਕੰਨਾਂ ਨੂੰ ਨਹੀਂ ਪੜਵਾਵਾਂਗਾ। ਜਿਹੜੇ ਠੂਠਾ ਫੜਦੇ ਹਨ, ਉਨ੍ਹਾਂ ਨੂੰ ਜਗਤ ਵਿਚ ਭਿਖਾਰੀ ਕਹਿੰਦੇ ਹਨ। ਅਸੀਂ ਮ੍ਰਿਤੂ ਦੂਰ ਕੀਤੀ ਹੈ, ਉਹ ਹੁਣ ਨੇੜੇ ਨਹੀਂ ਆ ਸਕਦੀ। ਰਿਧੀਆਂ ਸਿਧੀਆਂ ਸਦਾ ਸਾਡੇ ਅੱਗੇ ਹਨ, ਜੇ ਕੋਈ ਮੰਗਦਾ ਹੈ, ਅਸੀਂ ਉਸ ਨੂੰ ਦੇ ਦਿੰਦੇ ਹਾਂ, ਜਿਥੇ ਚਾਹੀਏ ਜਾਂਦੇ ਹਾਂ, ਸਾਨੂੰ ਕੋਈ ਰੋਕ ਨਹੀਂ ਸਕਦਾ। ਵਿਘਨਾਂ ਨੂੰ ਨਾਸ਼ ਕਰਨ ਵਾਲਾ ਸਾਡਾ ਸੁੰਨ ਵਿਖੇ ਆਸਣ ਹੈ।" ਗੁਰੂ ਜੀ ਜੋ ਬਚਨ ਕਰ ਰਹੇ ਸਨ, ਸ਼ੰਭੂਨਾਥ ਉਨ੍ਹਾਂ ਨੂੰ ਸੁਣ ਕੇ ਬੋਲਿਆ॥ ੩੭॥

ਕਬਿੱਤ-'ਵਡੋਈ ਹੰਕਾਰੀ ਕਹਾਂ ਨਦਰ ਤੁਮਾਰੀ, ਕਛੁ ਔਰੀ ਬੌਰੀ ਬਾਤੈਂ ਮੁਖ ਕਾਹੇ ਕੋ ਬਕਤਿ ਹੈ।
ਜਤੀ, ਨਾਥ, ਸਿੱਧ ਸਭਿ ਬੀਚ ਹੈ ਪ੍ਰਸਿੱਧ ਐਸੋ ਗੋਰਖ ਕੋ ਜਾਨੈ ਨਹੀਂ ਕੈਸੀਐ ਸ਼ਕਤਿ ਹੈ।
ਸਿੱਧ ਸਾਧ ਨਿੰਦੇ ਤੁਮ ਭਯੋ ਕੌਨ ਬਿੰਦੇ ਕੈਸੇ ਬੋਲੈਂ ਮਾਟੀ ਗੰਦੇ ? ਨਿਜ ਮਾਨ ਮੈਂ ਛਕਤਿ ਹੈਂ।
ਕੌਨ ਤੂੰ ਵਡਾਈ ਪਾਇ ਜਗ ਜੂਨਿ ਆਇ ਜਾਇ, ਗੁਰੂ ਬਿਨਾ ਇਸਥਿਰ ਕੋਊ ਨ ਟਿਕਤਿ ਹੈ ॥੩੮॥

"ਤੂੰ ਬੜਾ ਹੀ ਹੰਕਾਰੀ ਹੈਂ, ਤੇਰੀ ਨਜ਼ਰ ਕਿਥੇ ਹੈ, ਐਰਾ ਗੈਰਾ ਗੱਲਾਂ ਮੂੰਖ ਤੋਂ ਕਿਉਂ ਬੋਲ ਰਿਹਾ ਹੈਂ। ਜਤੀ ਸਤੀ, ਸਿੱਧ ਸਭ ਜੱਗ ਵਿਚ ਪ੍ਰਸਿੱਧ ਹਨ। ਤੂੰ ਜਾਣਦਾ ਨਹੀਂ ਐਸੇ ਗੋਰਖ ਪਾਸ ਕਿੰਨੀ ਸ਼ਕਤੀ ਹੈ। ਸਿੱਧ ਸਾਧ ਸਾਰਿਆਂ ਦੀ ਨਿੰਦਾ ਕਰਦਾ ਹੈਂ, ਤੂੰ ਕਿਸ ਅਸਲ ਤੋਂ ਪੈਦਾ ਹੋਇਆ ਹੈਂ। ਕਿਸ ਤਰ੍ਹਾਂ ਦੇ ਦੁਰਬਚਨ ਤੂੰ ਬੋਲਦਾ ਹੈਂ ? ਨਿਜੀ ਮਾਨ ਨਾਲ ਤੂੰ ਭਰਿਆ ਹੈਂ। ਕਿਹੜੀ ਤੂੰ ਵਡਿਆਈ ਪਾਈ ਹੈ, ਜਗਤ ਦੀਆਂ ਜੂਨਾਂ ਵਿਚ ਭਟਕਦਾ ਫਿਰਦਾ ਹੈਂ। ਗੁਰੂ ਬਿਨਾਂ ਸਾਰੇ ਅਸਥਿਰ ਰਹਿੰਦੇ ਹਨ ਅਤੇ ਕੋਈ ਵੀ ਟਿਕਦਾ ਨਹੀਂ' ॥ ੩੮॥

ਕਬਿੱਤ-'ਜਾਨੋ ਤੇਰੇ ਗੋਰਖ ਕੀ ਆਦਿ ਸ਼ਿਵਬਿੰਦ ਹੂੰ ਤੇ ਨਦਰ ਹਮਾਰੀ ਏਕੰਕਾਰ ਪੈ ਲਗਤਿ ਹੈ।
ਸੰਤ ਸਾਧ ਸੌਦਰ ਬਿਲੋਕੇ ਮੋਦ ਹੋਤਿ, ਕਹੋ ਗੰਦੇ ਕੈ ਅਮਲ, ਪੰਜ ਤੱਤ ਕੋ ਜਗਤ ਹੈ।
ਏਕ ਹੂੰ ਸੀ ਦੇਹਿ ਸਭਿ ਏਕਹੀ ਕੇ ਕੀਏ ਨਰ ਮਾਨ ਕੀਨੇ ਹਾਨ ਪੁਰਸ਼ੋਤਮ ਭਗਤ ਹੈ।
ਸਿੱਧ ਔਰੇ ਬੌਰੇ ਮਾਨ ਕੀਨੇ ਸਭਿ ਹੋਰੇ ਗੋਰੇ, ਗੁਰੂ ਬਿਨਾ ਕਹੋ ਪ੍ਰੇਮ ਕੈਸੇ ਕੈ ਪਗਤਿ ਹੈ' ॥੩੯॥

ਗੁਰੂ ਜੀ ਨੇ ਉੱਤਰ ਦਿੱਤਾ, "ਜਾਣਦਾ ਹਾਂ ਕਿ ਤੇਰੇ ਗੋਰਖ ਦੀ ਉਪਜ ਸ਼ਿਵਜੀ ਦੇ ਬਿੰਦ ਤੋਂ ਹੋਈ ਹੈ, ਸਾਡੀ ਨਜ਼ਰ ਏਕੰਕਾਰ ਤੇ ਲੱਗੀ ਹੈ। ਸੰਤਾਂ ਸਾਧਾਂ ਦੇ ਜੋ ਦਰਸ਼ਨ ਕਰਦਾ ਹੈ, ਉਹ ਅਨੰਦਮਈ ਹੋ ਜਾਂਦਾ ਹੈ। ਗੰਦੇ ਹਨ ਕਿ ਮੈਲ-ਰਹਿਤ

ਹਨ. ਸਾਰਾ ਜਗਤ ਹੀ ਪੰਜਾਂ ਤੱਤਾਂ ਦਾ ਬਣਿਆ ਹੈ। ਇਕੋ ਜੇਹੀ ਸਭ ਦੀ ਦੇਹ ਹੈ ਅਤੇ ਇਕ ਨੇ ਹੀ ਸਭ ਨੂੰ ਪੈਦਾ ਕੀਤਾ ਹੈ, ਜਿਹੜਾ ਕਰਤਾਰ ਦਾ ਭਗਤ ਹੈ, ਉਸ ਹੰਕਾਰ ਨੂੰ ਖਤਮ ਕੀਤਾ ਹੈ। ਸਿੱਧ ਅਤੇ ਥੋਰੇ ਹੰਕਾਰ ਕਰਦੇ ਹਨ ਅਤੇ ਹੰਕਾਰ ਨੇ ਸਭ ਵੱਡੇ ਹੋਲੇ ਕੀਤੇ ਹਨ। ਗੁਰੂ ਬਿਨਾ ਦੱਸੋ ਪ੍ਰੇਮ ਵਿਚ ਕਿਵੇਂ ਡੁਬਿਆ ਜਾ ਸਕਦਾ ਹੈ ?" ॥ ੩੯॥

ਕਬਿੱਤ- 'ਜੋਗ ਕੀ ਜੁਗਤਿ ਕਰਿ ਪਾਈਐ ਮੁਕਤਿ ਕੈਸੇ? ਜੋਗੀ ਜਤੀ ਹੂੰ ਕੋ ਨਿਜ ਨਦਰ ਨ ਲਜਾਵਈ।
ਯਾਂਤੇ ਕੋ ਬਿਸਾਲ? ਸਭਿ ਹੀ ਤੇ ਅਤਿ ਉਤਮ ਹੈਂ, ਯਾਹੂੰ ਕੋ ਨਿਖੇਧ ਵਡੋ ਕਾਹਿਂ ਠਹਿਰਾਵਈ।
ਨੀਕੋ ਉਪਦੇਸ਼ ਮਤ ਧਾਰੋ ਜੋਗ ਬੇਸ, ਚਲੇ ਗੋਰਖ ਕੇ ਢਿਗ ਤੇ ਅਮਰ ਪਦ ਪਾਵਈ।
ਪ੍ਰਗਟੋਗੇ ਜਗ, ਜਰਾ ਜਾਇਗੋ ਅਲਗ, ਜੈਸੇ ਸੂਰ ਦੇਖਿ ਸੰਘਰ ਮੈਂ ਕਾਇਰ ਪਲਾਵਈ ॥੪੦॥

"ਜੋਗ ਦੀ ਜੁਗਤੀ ਕਰਕੇ ਮੁਕਤੀ ਕੈਸੇ ਪਾਈਦੀ ਹੈ ? ਜੋਗੀ ਅਤੇ ਜਤੀ ਨੂੰ ਆਪਣੀ ਨਜ਼ਰ ਵਿਚ ਨਹੀ ਲਿਆਉਂਦੇ। ਇਨ੍ਹਾਂ ਵਿਚ ਕਿਹੜਾ ਵੱਡਾ ਹੈ। ਜੋਗੀ ਸਭ ਤੋਂ ਉੱਤਮ ਹਨ, ਉਨ੍ਹਾਂ ਨੂੰ ਤੁਸੀਂ ਵੱਡੇ ਨਖਿਧ ਕਿਉਂ ਠਹਿਰਾਉਂਦੇ ਹੋ। ਸੁੰਦਰ ਅਤੇ ਚੰਗਾ ਉਪਦੇਸ਼ ਸੁਣੋ, ਜੋਗ ਮੱਤ ਧਾਰਨ ਕਰੋ, ਗੋਰਖ ਦੇ ਪਾਸ ਚਲੋ ਤੇ ਅਮਰ ਪਦਵੀ ਪਾਵੋ। ਜਗਤ ਵਿਚ ਮਸ਼ਹੂਰ ਹੋਵੋਗੇ, ਬੁਢੇਪਾ ਇੰਝ ਜਾਂਦਾ ਰਹੇਗਾ, ਜਿਵੇਂ ਸੂਰਮੇ ਨੂੰ ਵੇਖ ਕੇ ਸੰਗਰਾਮ ਵਿਚ ਕਾਇਰ ਭੱਜ ਜਾਂਦਾ ਹੈ" ॥ ੪੦॥

ਕਬਿੱਤ- 'ਨਾਮ ਬਿਨਾ ਜੋਗ ਪੂਰੋ ਕਬਹੂੰ ਨ ਹੋਤਿ, ਯਾਂਤੇ ਨਾਮ ਲਿਵਲਾਈ ਜਾਂਤੇ ਵਡੋ ਨਹਿਂ ਆਨ ਕੋ।
ਪਤਿਤ ਉਧਾਰੇ ਜਨ ਹੇਤ ਦੈਤ ਮਾਰੇ ਜਿਨ, ਨਾਮ ਉਰ ਧਾਰੇ ਮੋਹ ਨਾਸ਼, ਦੇਤਿ ਗਜਾਨ ਕੋ।
ਜਨਮੇ ਨ ਮਰੈ, ਕਾਲ ਸੀਸ ਹੂੰ ਤੇ ਟਰੈ, ਦੇਤਿ ਸਹਿਜ ਸਰੂਪ, ਜਾਂਕੇ ਨਹੀਂ ਹੈ ਸਮਾਨ ਕੋ।
ਨਾਮ ਬਿਨਾ ਸਾਧਨ ਜੇ ਤੇਊ ਪਦਬੰਧਨ ਹੈਂ, ਨਾਮ ਹੀ ਮੁਕੰਦ ਔਰ ਆਨਿ ਨਹਿਂ ਜਾਨਿ ਕੋ ॥੪੧॥

ਗੁਰੂ ਜੀ ਨੇ ਬਚਨ ਕੀਤਾ, "ਨਾਮ ਬਿਨਾਂ ਜੋਗ ਕਦੇ ਵੀ ਪੂਰਾ ਨਹੀਂ ਹੁੰਦਾ, ਇਸ ਕਰਕੇ ਨਾਮ ਨਾਲ ਲਿਵ ਲਾਵੋ, ਜਿਸ ਨਾਮ ਤੋਂ ਵੱਡਾ ਹੋਰ ਕੁਝ ਨਹੀ ਹੈ। ਜਿਸ ਪ੍ਰਭੂ ਨੇ ਆਪਣੇ ਦਾਸਾਂ ਵਾਸਤੇ ਦੈਂਤ ਮਾਰੇ, ਉਸ ਪ੍ਰਭੂ ਦਾ ਨਾਮ ਹਿਰਦੇ ਵਿਚ ਧਾਰਨ ਨਾਲ ਮੋਹ ਦਾ ਨਾਸ਼ ਹੁੰਦਾ ਹੈ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਅਤੇ ਮੌਤ ਸਿਰ ਤੋਂ ਦੂਰ ਹੋ ਜਾਂਦੀ ਹੈ, ਸਹਿਜ ਸਰੂਪ ਹੋ ਜਾਂਦਾ ਹੈ, ਜਿਸ ਦੇ ਬਰਾਬਰ ਕੋਈ ਨਹੀਂ ਹੈ। ਨਾਮ ਬਿਨਾਂ ਜੇ ਕੋਈ ਸਾਧਨ ਹੈ ਤਾਂ ਉਹ ਪੈਰਾਂ ਨੂੰ ਬੰਨ੍ਹਣ ਵਾਲੀਆਂ ਬੇੜੀਆਂ ਹਨ। ਨਾਮ ਹੀ ਮੁਕਤੀਦਾਤਾ ਹੈ, ਹੋਰ ਦੂਸਰਾ ਕੋਈ ਨਾ ਜਾਣੋ" ॥ ੪੧॥

ਕਬਿੱਤ- 'ਸਮਝੈ ਨ ਸਮਝਾਯੋ, ਕੌਨ ਤੋਸੋ ਬਾਦ ਕਰੈ' ਐਸੇ ਕਹਿ ਸ਼ੰਭੂਨਾਥ ਮੇਰੁ ਪੈ ਸਿਧਾਯੋ ਹੈ।
ਗੋਰਖ ਨੇ ਬੂਝਯੋ 'ਕੈਸੇ ਬੈਨ ਤਿਨ ਕਹੇ ਸੁਨੇ? ਮਾਨੇ ਉਪਦੇਸ਼? ਕਿਧੌਂ ਮਨ ਮੈਂ ਨ ਲਯਾਯੋ ਹੈ'।
'ਨਾਥ ਸੁਨੋ ਔਰੀ ਬੌਰੀ ਬਾਤੇਂ ਹੈ ਬਕਤਿ ਸੋਊ, ਕਾਂਕੋ ਉਪਦੇਸ਼ ਨਹੀਂ ਮਾਨਤਿ ਮਨਾਯੋ ਹੈ'।
ਗੋਰਖ ਹਸਤਿ ਤਬ ਮੰਗਲ ਕੀ ਦਿਸ਼ ਦੇਖਿ ਸਭੈ ਕੋ ਸੁਨਾਇ ਮੁਖ ਬਚਨ ਅਲਾਯੋ ਹੈ ॥੪੨॥

ਸ਼ੰਭੂਨਾਥ ਨੇ ਕਿਹਾ, "ਸਮਝਾਇਆ ਸਮਝਦਾ ਨਹੀ, ਕੌਣ ਤੇਰੇ ਨਾਲ ਵਿਵਾਦ ਕਰੇ", ਇਹ ਕਹਿ ਕੇ ਸ਼ੰਭੂਨਾਥ ਸੁਮੇਰ ਪਰਬਤ ਵੱਲ ਚਲਾ ਗਿਆ। ਗੋਰਖ ਨੇ ਪੁਛਿਆ, "ਉਨ੍ਹਾਂ ਕਿਸ ਤਰ੍ਹਾਂ ਬਚਨ ਕਹੇ ਅਤੇ ਸੁਣੇ ? ਕੀ ਤੇਰਾ ਉਪਦੇਸ਼ ਮੰਨਿਆ ਹੈ ? ਕਿ ਮਨ ਵਿਚ ਨਹੀ ਲਿਆਇਆ ਹੈ।" ਸ਼ੰਭੂਨਾਥ ਨੇ ਕਿਹਾ, "ਹੇ ਨਾਥ ਜੀ ! ਸੁਣੋ, ਉਹ ਐਵੇਂ ਔਰੀਆਂ ਬੌਰੀਆਂ ਗੱਲਾਂ ਕਰਦਾ ਹੈ। ਉਪਦੇਸ਼ ਨਹੀਂ ਮੰਨਦਾ ਹੈ। ਮੈਂ ਬਹੁਤ ਮਨਾਇਆ ਹੈ। ਗੋਰਖ ਫਿਰ ਮੰਗਲ ਵੱਲ ਵੇਖ ਕੇ ਹੱਸਦਾ ਹੈ। ਫਿਰ ਸਭ ਨੂੰ ਸੁਣਾਉਣ ਵਾਸਤੇ ਉਸ ਆਪਣੇ ਮੁੱਖ ਤੋਂ ਬਚਨ ਕਹੇ॥ ੪੨॥

ਸ੍ਵੈਯਾ- 'ਮੰਗਲਨਾਥ ਸੁਨੋ ਇਸ ਬੈਨ ਕੋ, ਕੂਰ ਕਹੈ ਕਿਧੌਂ ਸਾਚ ਅਲਾਈ?।
ਭਾਖਤਿ ਹੋ ਤੁਮ ਔਰ ਬਿਧੀ, ਹਮ ਕੋ ਬਿਧਿ ਜਾਨਹਿ? ਦੇਹੁ ਬਤਾਈ'।

ਮੰਗਲ ਭਾਖਤਿ 'ਆਪਨੇ ਪੰਥ ਕੀ ਹੀਨਤਾ ਕੈਸੇ ਕਹੀ ਨਹਿੰ ਜਾਈ।
ਸਾਚ ਕੋ ਕੂਰ ਕਹੈਂ ਜਗ ਜੇ ਨਰ ਪੁੰਜ ਲਗੈਂ ਅਘ ਪੁੰਨ ਪਲਾਈ ॥੪੩॥

"ਮੰਗਲ ਨਾਥ! ਇਸ ਦੀ ਗੱਲ ਸੁਣੋ, ਕੀ ਇਹ ਝੂਠ ਬੋਲਦਾ ਹੈ ਕਿ ਸੱਚ ਕਹਿੰਦਾ ਹੈ ? ਤੂੰ ਕੁਝ ਹੋਰ ਤਰ੍ਹਾਂ ਕਹਿੰਦਾ ਹੈਂ। ਅਸੀਂ ਕਿਸ ਤਰ੍ਹਾਂ ਜਾਣੀਏ, ਸਾਨੂੰ ਦੱਸੋ।" ਮੰਗਲ ਨੇ ਕਿਹਾ, "ਆਪਣੇ ਪੰਥ ਦੀ ਛੁਟਿਆਈ ਕਹੀ ਨਹੀਂ ਜਾਂਦੀ, ਜਿਹੜੇ ਮਨੁੱਖ ਸੱਚ ਨੂੰ ਝੂਠ ਕਹਿੰਦੇ ਹਨ, ਉਨ੍ਹਾਂ ਨੂੰ ਸਾਰੇ ਪਾਪ ਲਗਦੇ ਹਨ ਅਤੇ ਪੁੰਨ ਨਾਸ਼ ਹੋ ਜਾਂਦੇ ਹਨ॥ ੪੩॥

ਦੋਹਰਾ- ਸਭਿ ਆਗਮ ਸਭਿ ਮਤਿ ਜਿਤੇ ਭਾਖਤਿ ਸਭਿਹਿ ਪੁਰਾਨ।
ਸਾਚ ਸਮਾਨ ਨ ਪੁੰਨ ਕੋ ਪਾਪ ਨ ਝੂਠ ਸਮਾਨ॥ ੪੪॥

ਸਭ ਸ਼ਾਸਤਰ, ਸਭ ਮੱਤ ਅਤੇ ਸਭੇ ਪੁਰਾਣ ਇਹ ਕਹਿੰਦੇ ਹਨ ਕਿ ਸੱਚ ਬਰਾਬਰ ਕੋਈ ਪੁੰਨ ਨਹੀਂ ਅਤੇ ਝੂਠ ਬਰਾਬਰ ਕੋਈ ਪਾਪ ਨਹੀਂ॥ ੪੪॥

ਕਬਿੱਤ- ਕਹੌਂ ਨਹਿੰ ਕੈਸਾ, ਉਹ ਹੈ ਸੁ ਜੈਸਾ ਤੈਸਾ, ਜਬ ਆਵੈਗੋ ਨਿਕਟਿ ਤਬ ਦੇਖਿ ਲੀਜੈ ਤਾਂਹਿਕੋ'।
ਸ਼ੰਭੂਨਾਥ ਕ੍ਰੋਧ ਕਰਿ ਗੋਰਖ ਸੋਂ ਕਹੈ 'ਇਹ ਗੋਪ ਪੱਖ ਰਾਖਤਿ ਸੁ ਨਾਨਕ ਕੇ ਰਾਹਿ ਕੋ।
ਜਾਨਜੋ ਜੇ ਵਡੇਰੋ ਅਬ ਚੇਲੋ ਜਾਇ ਹੋਵੈ ਤਾਂਕੋ, ਸਿੱਧ ਬੇਖ ਤਜੈ ਈਹਾਂ ਬਰਜਤਿ ਨਾਂਹਿ ਕੋ।
ਹੌਂ ਤੋ ਦੇਖਿ ਲੀਨੋ ਜਾਇ, ਭਲੀ ਬਿਧਿ ਬਾਦ ਕੀਨੋ, ਚੀਨਜੋ ਹਮ ਜੈਸੇ ਕਹਜੋ ਤੈਸੇ ਭੇਦ ਵਾਹਿ ਕੋ ॥੪੫॥

ਪਹਿਲਾਂ ਹੀ ਇਹ ਨਾ ਕਹੋ ਉਹ ਕੈਸਾ ਹੈ, ਉਹ ਜੈਸਾ ਤੈਸਾ ਹੈ, ਜਦ ਤੁਹਾਡੇ ਪਾਸ ਆਉਣਗੇ ਉਨ੍ਹਾਂ ਨੂੰ ਵੇਖ ਲੈਣਾ।" ਸ਼ੰਭੂਨਾਥ ਨੇ ਕ੍ਰੋਧ ਵਿਚ ਆ ਕੇ ਗੋਰਖ ਨੂੰ ਕਿਹਾ, "ਨਾਨਕ ਦੇ ਪੰਥ ਵਾਸਤੇ ਇਹ ਗੁੱਝਾ ਪੱਖ ਰੱਖਦਾ ਹੈ। ਜਿਹੜੇ ਉਸ ਨੂੰ ਵੱਡਾ ਜਾਣਦੇ ਹਨ, ਹੁਣ ਜਾ ਕੇ ਉਸ ਦੇ ਚੇਲੇ ਹੋ ਜਾਣ, ਸਿੱਧ ਭੇਸ ਛੱਡ ਦੇਣ, ਉਨ੍ਹਾਂ ਨੂੰ ਕੋਈ ਰੋਕਦਾ ਨਹੀਂ। ਮੈਂ ਤਾਂ ਉਸ ਨੂੰ ਜਾ ਕੇ ਵੇਖ ਲਿਆ ਹੈ, ਚੰਗੀ ਤਰ੍ਹਾਂ ਵਿਵਾਦ ਕੀਤਾ ਹੈ, ਜਿਸ ਤਰ੍ਹਾਂ ਦਾ ਮੈਂ ਉਸ ਨੂੰ ਸਮਝਿਆ ਹੈ, ਉਸ ਤਰ੍ਹਾਂ ਆ ਕੇ ਦੱਸ ਦਿੱਤਾ ਹੈ" ॥ ੪੫॥

ਮੰਗਲ ਕਹਿਤ 'ਸੁਨ ਸ਼ੰਭੂਨਾਥ ! ਤੇਰੇ ਕਹੇ ਹੋਤਿ ਨਹਿੰ ਘਾਟ ਭਾਨੁ ਉਲੂ ਜਿਵ ਜਾਨਿਯੇ।
ਜੋਗੀ ਜੋਗ ਨਾਂਹੀ, ਹੋਇ ਭਲੋ ਤਾਂਕੋ ਬੁਰੇ ਭਾਖੈ, ਬੂਝੈ ਦੇਖ ਸਿੱਧਨ ਕੋ ਕੈਸੇ ਕੈ ਬਖਾਨਿਯੇ।
ਚੇਲੇ ਹੋਇਂ ਵਾਰ ਵਾਰ, ਗਹੀਐ ਰੇਨਾਰ ਤਾਂਕੀ, ਸੰਤ ਆਗੇ ਸੰਤ ਨਿਵੈ, ਚੋਰ ਚੋਰ ਮਾਨਿਯੇ।
ਹੋਇ ਜੋ ਹੰਕਾਰੀ ਮਨ ਨਿਵੈ ਨ ਬਿਕਾਰੀ ਕਬ, ਐਸੀ ਬਾਤ ਕੀਏ ਜੋਗ ਪੂਰੇ ਨ ਪਛਾਨਿਯੇ' ॥੪੬॥

ਮੰਗਲ ਨੇ ਕਿਹਾ, "ਹੇ ਸ਼ੰਭੂਨਾਥ ! ਸੁਣ, ਤੇਰੇ ਕਹਿਣ ਨਾਲ ਸੂਰਜ ਘੱਟ ਨਹੀਂ ਹੋ ਜਾਣਾ, ਜਿਵੇਂ ਉਲੂ ਦਿਨ ਸਮੇਂ ਹਨੇਰੇ ਵਿਚ ਬੈਠ ਕੇ ਸਮਝਦਾ ਹੈ ਕਿ ਸੂਰਜ ਦੀ ਲੋਅ ਘਟ ਗਈ ਹੈ। ਇਕ ਜੋਗੀ ਵਾਸਤੇ ਯੋਗ ਨਹੀਂ ਕਿ ਉਹ ਭਲੇ ਪੁਰਸ਼ ਨੂੰ ਬੁਰਾ ਆਖੇ, ਸਿੱਧਾਂ ਨੂੰ ਪੁੱਛ ਕੇ ਵੇਖ ਲਵੋ, ਉਨ੍ਹਾਂ ਦੀ ਕੀ ਰਾਏ ਹੈ। ਅਸੀਂ ਤਾਂ ਵਾਰ ਵਾਰ ਉਨ੍ਹਾਂ ਦੇ ਚੇਲੇ ਹੋਣਾ ਚਾਹੁੰਦੇ ਹਾਂ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਨੀ ਚਾਹੁੰਦੇ ਹਾਂ। ਸੰਤ ਦੇ ਅੱਗੇ ਸੰਤ ਝੁਕਦਾ ਹੈ ਅਤੇ ਚੋਰ ਚੋਰ ਨੂੰ ਮੰਨਦਾ ਹੈ। ਜਿਸ ਦਾ ਮਨ ਹੰਕਾਰੀ ਹੁੰਦਾ ਹੈ ਉਹ ਵਿਕਾਰੀ ਕਦੇ ਝੁਕਦਾ ਨਹੀਂ, ਐਸੀ ਗੱਲ ਕਰਕੇ ਜੋਗ ਪੂਰਾ ਨਹੀਂ ਜਾਣਿਆ ਜਾਂਦਾ ਹੈ" ॥ ੪੬॥

ਕਬਿੱਤ- ਸ਼ੰਭੂਨਾਥ ਲੱਜਤਿ ਹ੍ਵੈ ਸਿੱਧਨ ਸੋਂ ਬੂਝੈ ਤਬ, 'ਕੈਸੀ ਬਿਧਿ ਦੇਖਾ ਤੁਮ? ਸਭਿ ਹੀ ਬਤਾਈਏ'।
ਗੋਰਖ ਕਹਤਿ 'ਤੁਮ ਰਾਰ ਪਾਈ ਘਰ ਮਾਂਹਿ, ਹਾਰ ਆਏ ਤਾਂਤੇ ਨਹਿੰ ਬਾਦ ਕੋ ਅਲਾਈਏ।
ਕਾਹੂੰ ਕੀ ਸ਼ਰੀਕਤ ਨ ਕੀਜੈ ਮਨ ਮਾਨ ਧਰਿ, ਤੇ ਤੇ ਲਘੁ ਹੋਇ ਜਾਇ ਤਾਂਹਿ ਕੋ ਹਟਾਈਏ।
ਤੁਮ ਤੇ ਬਿਸਾਲ ਜੀਤ ਲੀਨੇ ਤਾਤਕਾਲ ਤਿਨ, ਅਬ ਲੋ ਨ ਜਾਨਜੋ ਔਰ ਕੈਸੇ ਕੈ ਜਨਾਈਏ ॥੪੭॥

ਸ਼ੰਭੂਨਾਥ ਸ਼ਰਮਿੰਦਾ ਹੋ ਕੇ ਤਦ ਸਿੱਧਾਂ ਨੂੰ ਪੁਛਣ ਲੱਗਾ, "ਤੁਸੀ ਕਿਸ ਤਰ੍ਹਾਂ ਦਾ ਵੇਖਿਆ? ਸਾਰੇ ਹੀ ਦੱਸੋ।" ਗੋਰਖ ਕਹਿਣ ਲੱਗਾ, "ਹੁਣ ਘਰ ਵਿਚ ਝਗੜਾ ਕਿਉਂ ਪਾਉਂਦਾ ਹੈਂ, ਉਨ੍ਹਾਂ ਪਾਸੋਂ ਹਾਰ ਕੇ ਆ ਗਿਆ ਹੈਂ, ਉਨ੍ਹਾਂ ਨਾਲ ਵਿਵਾਦ ਨਹੀਂ ਕਰ ਸਕਿਆ। ਮਨ ਵਿਚ ਹੰਕਾਰ ਧਾਰਨ ਕਰਕੇ ਕਿਸੇ ਦੀ ਬਰਾਬਰੀ ਨਾ ਕਰੋ, ਜੇ ਤੇਰੇ ਤੋਂ ਛੋਟਾ ਹੋਵੇ ਤਾਂ ਹੀ ਉਸ ਨੂੰ ਪਿਛੇ ਮੋੜੋ। ਤੇਰੇ ਨਾਲੋਂ ਵੱਡੇ-ਵੱਡੇ ਉਸ ਤੁਰੰਤ ਜਿੱਤ ਲਏ, ਜਿਹੜਾ ਹੁਣ ਤਕ ਨਹੀਂ ਸਮਝ ਸਕਿਆ, ਹੋਰ ਤੈਨੂੰ ਕਿਸ ਤਰ੍ਹਾਂ ਸਮਝਾਈਏ॥ ੪੭॥

ਕਬਿੱਤ- ਸਿੱਧ ਸਾਧ ਹੂੰ ਕੋ ਬਾਤ ਐਸੀ ਕਰੀ ਚਾਹੀਏ ਜੋ ਉਚੇ ਸਭਿ ਜਾਨੈ ਨੀਚੋ ਆਪ ਮਨ ਕੀਜਿਯੇ।
ਹੌਂ ਹੀ ਗਯਾਨੀ,ਧਯਾਨੀ,ਵਡਗੁਨੀ,ਹੌਂ ਸੁਜਾਨੀ-ਜੇਊ ਐਸੇ ਮਨ ਮਾਨੀ ਸੋ ਤਯਾਗ ਮਤਿ ਦੀਜਿਯੇ।
ਸੰਤ ਸਾਧ ਦੀਰਘ ਹੈਂ, ਦੀਰਘ ਤੇ ਦੀਰਘ ਹੈਂ,ਮਾਨ ਕੋ ਬਿਦਾਰੀ ਸੁ ਨਿਰੰਜਨ ਲਹੀਜਿਯੇ।
ਸੁਨੇ ਪਰ ਗੁਨ ਨਹੀਂ ਕੀਜੇ ਮਤਸਰ ਮਨ,ਤਾਂਕੋ ਜਸ ਅਗਨਿ ਮੈਂ ਤਨ ਨ ਫੁਕੀਜਿਯੇ ॥੪੮॥

ਸਿੱਧ ਸਾਧ ਦੀ ਐਸੀ ਗੱਲ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਸਭ ਉੱਚਾ ਸਮਝਣ ਅਤੇ ਆਪਣੇ ਮਨ ਨੂੰ ਨੀਵਾਂ ਕਰ ਲਵੇ। ਮੈਂ ਹੀ ਗਿਆਨੀ ਹਾਂ, ਮੈਂ ਹੀ ਧਿਆਨੀ ਹਾਂ, ਮੈਂ ਹੀ ਵੱਡਗੁਣੀ ਅਤੇ ਚਤੁਰ ਹਾਂ, ਜਿਹੜੀ ਐਸੀ ਮੱਤ ਮਨ ਵਿਚ ਮੰਨੀ ਹੈ, ਇਸ ਨੂੰ ਛੱਡ ਦੇਵੋ। ਸੰਤ ਸਾਧ ਮਹਾਨ ਹਨ, ਮਹਾਨਾਂ ਤੋਂ ਵੀ ਮਹਾਨ ਹਨ, ਹੰਕਾਰ ਨੂੰ ਦੂਰ ਕਰਕੇ ਪ੍ਰਭੂ ਨੂੰ ਪ੍ਰਾਪਤ ਕਰੋ। ਪਰਾਏ ਗੁਣ ਸੁਣ ਕੇ ਮਨ ਵਿਚ ਈਰਖਾ ਨਾ ਕਰੋ ਤੇ ਉਸ ਦਾ ਜੱਸ ਵੇਖ ਕੇ ਆਪਣੇ ਸਰੀਰ ਨੂੰ ਹਸਦ ਦੀ ਅਗਨੀ ਵਿਚ ਨਾ ਸਾੜੀਏ"॥ ੪੮॥

ਸੈਯਾ- ਹੋਇ ਗਯੋ ਤਬ ਗੋਰਖ ਤੂਸ਼ਨ, ਬੈਨ ਸੁਨੇ ਸ਼ੰਭੁਨਾਥ ਲਜਾਵਾ।
ਜੋ ਰਿਸ ਪਾਵਕ ਬੀਚ ਰਿਦੈ ਮਨ ਜਾਰਤਿ ਭਾ ਨਹਿ ਬੈਨ ਅਲਾਵਾ।
ਮੰਗਲਨਾਥ ਵਡੋ ਬਿਗਸਾ ਤਬ ਭਾਨੁ ਉਗੇ ਜਿਵ ਕੰਜ ਸੁਹਾਵਾ।
ਸ੍ਰੀ ਗੁਰੂ ਨਾਨਕ ਭੇਦ ਜਿ ਜਾਨਤਿ ਦੇਖਿ ਹਸੀ ਕਰਿ ਹੈਂ ਮੁਸਕਾਵਾ॥੪੯॥

ਇਹ ਕਹਿ ਕੇ ਗੋਰਖ ਚੁਪ ਹੋ ਗਿਆ, ਉਨ੍ਹਾਂ ਦੇ ਬਚਨ ਸੁਣ ਕੇ ਸ਼ੰਭੂਨਾਥ ਸ਼ਰਮਿੰਦਾ ਹੋ ਗਿਆ। ਜੋ ਗੁੱਸੇ ਦੀ ਅਗਨੀ ਹਿਰਦੇ ਵਿਚ ਸੀ, ਉਹ ਮਨ ਨੂੰ ਸਾੜਨ ਲੱਗੀ, ਫਿਰ ਕੁਝ ਨਾ ਬੋਲਿਆ। ਮੰਗਲ ਨਾਥ ਬੜਾ ਖੁਸ਼ ਹੋਇਆ ਜਿਵੇਂ ਸੂਰਜ ਦੇ ਚੜ੍ਹਨ ਨਾਲ ਕੰਵਲ ਫੁੱਲ ਖਿੜ ਉੱਠਦਾ ਹੈ। ਸ੍ਰੀ ਗੁਰੂ ਨਾਨਕ ਦੇ ਭੇਦ ਨੂੰ ਜਿਹੜੇ ਜਾਣਦੇ ਸਨ, ਉਹ ਮੰਗਲ ਨਾਥ ਨੂੰ ਹੱਸਦਾ ਵੇਖ ਕੇ ਮੁਸਕਰਾ ਪਏ॥ ੪੯॥

ਕਬਿੱਤ- ਗੋਪੀਚੰਦ ਭਾਖੇ 'ਸੁਨੋ ਮੰਗਲ ਮਹਾਨ ਜੋਗੀ ! ਸਿੱਧ ਸਾਧ ਹੂੰ ਕੋ ਐਸੀ ਰੀਤਿ ਨਹੀਂ ਚਾਹੀਯੇ।
ਸੰਤ ਜੋ ਅਤੀਤ ਤਾਂਕੀ ਨਿੰਦਾ ਕੋ ਬਖਾਨ ਕਰੈ,ਲੈਕੇ ਅਨਮੋਲੇ ਪਾਪ ਸੀਸ ਨ ਚਢਾਈਯੇ।
ਚਰਚਾ ਜੇ ਕੀਜੇ ਕ੍ਰੋਧ ਰਿਦੇ ਤੇ ਨਿਵਾਰ ਦੀਜੇ,ਸੁਭ ਵਾਕ ਸੁਨੈ ਸੁਭ ਤਾਂਹਿਕੋ ਸੁਨਾਈਯੇ।
ਆਵੈਂ ਹਾਰਿ ਹਾਰਿ,ਕਰੈਂ ਨਿੰਦਾ ਕੋ ਉਚਾਰਿ,ਪੁਨ ਲਾਜ ਬਿਨ ਜੀਵੈਂ ਨਿਜ ਜੋਗ ਕੋ ਲਜਾਈਯੇ ॥੫੦॥

ਗੋਪੀਚੰਦ ਨੇ ਕਿਹਾ, "ਹੇ ਮੰਗਲ ਮਹਾਨ ਜੋਗੀ! ਸੁਣੋ, ਸਿੱਧਾਂ ਸਾਧਾਂ ਵਾਸਤੇ ਐਸੀ ਰੀਤੀ ਨਹੀਂ ਅਪਨਾਉਣੀ ਚਾਹੀਦੀ, ਸੰਤ ਜੋ ਅਤੀਤ ਹੈ ਉਸ ਦੀ ਜਿਹੜਾ ਵੀ ਨਿੰਦਿਆ ਕਰਦਾ ਹੈ, ਉਹ ਅਨਮੋਲ ਪਾਪ ਆਪਣੇ ਸਿਰ 'ਤੇ ਚੜ੍ਹਾ ਲੈਂਦੇ ਹਨ। ਜੇ ਚਰਚਾ ਕਰਨੀ ਹੋਵੇ ਤਾਂ ਆਪਣੇ ਹਿਰਦੇ ਵਿਚੋਂ ਕ੍ਰੋਧ ਕੱਢ ਦੇਵੋ, ਸ਼ੁਭ ਵਾਕ ਸੁਣੀਏ ਤੇ ਸ਼ੁਭ ਵਾਕ ਸੁਣਾਈਏ, ਹਾਰ ਖਾ ਕੇ ਆਉਂਦੇ ਹਨ ਤੇ ਫਿਰ ਨਿੰਦਿਆ ਕਰਕੇ ਫਿਰ ਲਾਜ ਬਿਨਾਂ ਜੀਉਂਦੇ ਹਨ ਅਤੇ ਜੋਗ ਨੂੰ ਲਾਜ ਲਾਉਂਦੇ ਹਨ"॥ ੫੦॥

ਸੈਯਾ- ਮੰਗਲਨਾਥ ਕਹੈ 'ਸਤਿ ਭਾਖਤਿ, ਐਸੇ ਕਰੈ ਸਿਧ ਸਾਧਿਕ ਜੋਈ।
ਹੋਇ ਨਿਰੰਜਨ ਕੀ ਕਰੁਨਾ ਤਬ ਪਾਵਤਿ ਯਾ ਗਤਿ ਔਰ ਨ ਕੋਈ।

**ਮਾਨ ਰਹੈ ਮਨ ਮਾਨ ਘਨੋ ਨਹਿਂ ਜਾਨਤਿ ਆਨ ਸਮਾਨ ਜਿ ਹੋਈ।**
**ਜੋਗ ਤੇ ਹੀਨ ਰਹੈ ਨਰ, ਤੇ ਮਹਿਮਾ ਨਹਿਂ ਮਾਨਹਿ ਸੰਤਨ ਸੋਈ' ॥੫੧॥**

ਮੰਗਲ ਨਾਥ ਨੇ ਕਿਹਾ, "ਤੁਸੀ ਸੱਚ ਕਹਿੰਦੇ ਹੋ, ਜਿਹੜਾ ਇਸ ਤਰ੍ਹਾਂ ਕਰਦਾ ਹੈ, ਉਹੀ ਪੂਰਾ ਸਿੱਧ ਹੈ, ਫਿਰ ਪ੍ਰਭੂ ਦੀ ਕਿਰਪਾ ਪ੍ਰਾਪਤ ਹੁੰਦੀ ਹੈ ਤੇ ਐਸੀ ਗਤੀ ਪਾਉਂਦਾ ਹੈ, ਜਿਹੜੀ ਹੋਰ ਕਿਸੇ ਨੂੰ ਨਸੀਬ ਨਹੀ ਹੁੰਦੀ। ਜਿਹੜਾ ਮਨੁੱਖ ਬਹੁਤ ਹੰਕਾਰ ਕਰਦਾ ਹੈ, ਅਤੇ ਆਪਣੇ ਬਰਾਬਰ ਹੋਰ ਕਿਸੇ ਨੂੰ ਨਹੀਂ ਜਾਣਦਾ, ਉਹ ਮਨੁੱਖ ਜੋਗ ਤੋਂ ਬਿਨਾਂ ਰਹਿੰਦਾ ਹੈ ਤੇ ਸੰਤਾਂ ਦੀ ਮਹਿਮਾ ਨਹੀ ਮੰਨਦਾ ਹੈ" ॥ ੫੧॥

ਦੋਹਰਾ- **ਇਸ ਬਿਧਿ ਕਰਤਿ ਸੁਮੇਰੁ ਪਰ ਸਰਬ ਸਿੱਧ ਮਿਲਿ ਬਾਦ।**
**ਭਯੋ ਧਜਾਯ ਪੂਰਨ ਅਬੈ ਸ੍ਰੀ ਸਤਿਗੁਰੂ ਪ੍ਰਸਾਦਿ॥ ੫੨॥**

ਇਸ ਤਰ੍ਹਾਂ ਸੁਮੇਰ ਪਰਬਤ ਉੱਤੇ ਬੈਠ ਕੇ ਸਾਰੇ ਸਿੱਧ ਚਰਚਾ ਕਰ ਰਹੇ ਸਨ। ਹੁਣ ਸਤਿਗੁਰੂ ਜੀ ਦੀ ਕਿਰਪਾ ਨਾਲ ਅਧਿਆਇ ਖਤਮ ਹੁੰਦਾ ਹੈ॥ ੫੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਬਾਹਠਮੋਂ ਧਜਾਇ॥ ੬੨॥*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਾਹਠਵਾਂ ਅਧਿਆਇ, ਜਿਸ ਦਾ ਨਾਮ "ਸਿੱਧ ਗੋਪੀ ਚੰਦ, ਈਸ਼ਰਨਾਥ, ਲੰਗਰ, ਮੰਗਲ ਨਾਥ, ਸੰਤੂ ਨਾਥ ਨਾਲ ਚਰਚਾ" ਸਮਾਪਤ ਹੋਇਆ॥ ੬੨॥

## ਅਧਿਆਇ ਤ੍ਰੇਹਠਵਾਂ

*ਸਿੱਧਾਂ ਨਾਲ ਚਰਚਾ, ਕੌਂਸ, ਤਾਲ ਤੋਂ ਪਾਣੀ।*

ਦੋਹਰਾ- **ਚਿਰੰਕਾਲ ਤਰੁ ਮਨ ਸੁਸ਼ਕ ਸ੍ਰੀ ਗੁਰੁ ਪਗ ਜਲ ਪ੍ਰੇਮ।**
**ਸੀਂਚ ਭਲੇ ਕਰਿਕੇ ਹਰਜੋ ਕਹੌਂ ਕਥਾ ਦੇ ਖੇਮ॥ ੧॥**

ਮਨ ਰੂਪੀ ਬੂਟੇ ਨੂੰ, ਜੋ ਚਿਰਾਂ ਤੋਂ ਕੁਮਲਾ ਰਿਹਾ ਹੈ, ਸ੍ਰੀ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਰੂਪੀ ਜਲ ਨਾਲ ਚੰਗੀ ਤਰ੍ਹਾਂ ਸਿੰਜ ਕੇ ਤੇ ਹਰਿਆਂ ਕਰਕੇ ਕੁਸ਼ਲਤਾ ਦਾਤੀ ਅਗਲੀ ਕਥਾ ਕਹਿੰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਅੜਿਲ- **ਤਬ ਗੋਰਖ ਨੇ ਬੋਲਿ ਭਰਥਰੀ ਸੋਂ ਕਹੀ। 'ਜਾਵਹੁ ਤੁਮ ਅਬ ਤਹਾਂ ਆਨ ਇਹਨਾਂ ਸਹੀ।**
**ਸਰਬ ਸਿੱਧ ਸੋਂ ਮਿਲੈ ਜਬੈ ਚਲਿ ਆਇ ਹੈਂ। ਹੋ ਲੇਹਿਂ ਦਰਸ ਕੋ ਦੇਹਿਂ ਭਲੇ ਸੁਖ ਪਾਇ ਹੈਂ' ॥੨॥**

ਤਦ ਗੋਰਖ ਨੇ ਭਰਥਰੀ ਨੂੰ ਬੁਲਾ ਕੇ ਕਿਹਾ, "ਹੁਣ ਤੁਸੀਂ ਓਥੇ ਜਾਵੋ ਤੇ ਗੁਰੂ ਜੀ ਨੂੰ ਏਥੇ ਲੈ ਆਵੋ। ਸਾਰੇ ਸਿੱਧਾਂ ਨੂੰ ਆ ਕੇ ਮਿਲਣ ਜਦ ਹੁਣ ਚੱਲ ਕੇ ਆਏ ਹਨ। ਉਹ ਸਾਰੇ ਉਨ੍ਹਾਂ ਦੇ ਦਰਸ਼ਨ ਕਰਕੇ ਚੰਗਾ ਸੁੱਖ ਪ੍ਰਾਪਤ ਕਰਨਗੇ" ॥੨॥

**ਕਹਿਤਿ ਭਰਥਰੀ ਬੈਨ 'ਮਿਲਜੋ ਜਬ ਆਦਿ ਹੀ। ਸੁਨਜੋ ਤਬੈ ਸੁਭ ਤੱਤ ਭਯੋ ਅਹਿਲਾਦ ਹੀ।**
**ਅਬ ਤੁਮ ਆਇਸ ਮਾਨਿ ਜਾਇ ਮੈਂ ਆਨਿਹੌਂ। ਹੋ ਬੰਦਿ ਅਗਾਰੀ ਹਾਥ ਬਿਨੰਤਿ ਬਖਾਨ ਹੌਂ ॥੩॥**

ਭਰਥਰੀ ਨੇ ਬਚਨ ਕਹੇ, "ਜਦ ਉਹ ਮੈਨੂੰ ਪਹਿਲਾਂ ਮਿਲੇ ਸਨ ਤਾਂ ਮੈਂ ਉਨ੍ਹਾਂ ਦੇ ਸ਼ੁਭ ਸਿਧਾਂਤ ਸੁਣ ਕੇ ਬਹੁਤ ਪ੍ਰਸੰਨ ਹੋਇਆ ਸੀ। ਹੁਣ ਤੁਹਾਡੀ ਆਗਿਆ ਪਾ ਕੇ ਮੈਂ ਉਨ੍ਹਾਂ ਪਾਸ ਜਾਂਦਾ ਹਾਂ। ਉਨ੍ਹਾਂ ਸਾਹਮਣੇ ਜਾ ਕੇ ਹੱਥ ਜੋੜ ਕੇ ਬੇਨਤੀ ਕਰਾਂਗਾ" ॥ ੩॥

**ਅਸ ਕਹਿ ਆਇ ਹਦੂਰ 'ਅਦੇਸ' ਬਖਾਨਿਯਾ। ਹਰਖ ਧਾਰਿ ਉਰ ਮਿਲਯੋ ਜੋਰਿ ਕਰਿ ਪਾਨਿਯਾ।**
**'ਚਲਿਯੇ ਦੀਨ ਦਯਾਲ ! ਮੇਰੁ ਕੇ ਊਪਰੇ। ਹੋ ਦਰਸ ਚਹਤਿ ਸਭਿ ਸਿੱਧ ਉਡੀਕਤਿ ਹਿਤ ਧਰੇ ॥੪॥**

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਗਿਆ ਅਤੇ 'ਅਦੇਸ' ਬੋਲਿਆ। ਦਿਲ ਵਿਚ ਬੜਾ ਪ੍ਰਸੰਨ ਹੋ ਕੇ ਹੱਥ ਜੋੜ ਕੇ ਗੁਰੂ ਜੀ ਨੂੰ ਮਿਲਿਆ। ਦੀਨ ਦਿਆਲ ਗੁਰੂ ਜੀ ਫਿਰ ਸੁਮੇਰ ਪਰਬਤ ਵਲ ਚਲ ਪਏ, ਜਿਥੇ ਸਾਰੇ ਸਿਧ ਪ੍ਰਸੰਨ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਡੀਕ ਰਹੇ ਸਨ॥ ੪॥

**ਬੋਲੇ ਪੰਕਜ ਨੈਨ ਕੀਨਿ ਸਨਮਾਨਿਯਾ। 'ਧੰਨ ਭਰਥਰੀ ਤੁਮੇ ਜੋਗਰਸ ਜਾਨਿਯਾ।**
**ਚੰਦ ਬਦਨ ਤ੍ਰਿਯ ਤਜੀ ਦੇਸ਼ ਧਨ ਰਾਜ ਜੋ। ਹੋ ਜਨਮ ਸਵਾਰਯੋ ਰਤਨ ਤਯਾਗ ਜਗ ਲਾਜ ਜੋ ॥੫॥**

ਕੰਵਲ ਨੈਨ ਭਾਵ ਗੁਰੂ ਜੀ ਨੇ ਉਸ ਦਾ ਬੜਾ ਸਨਮਾਨ ਕੀਤਾ ਤੇ ਬੋਲੇ, "ਹੇ ਭਰਥਰੀ ! ਤੂੰ ਧੰਨ ਹੈਂ, ਤੂੰ ਜੋਗ ਦੇ ਰਸ ਭਾਵ ਸਾਰ ਨੂੰ ਜਾਣ ਲਿਆ ਹੈ। ਚੰਦਰ ਮੁਖ ਇਸਤਰੀ ਛੱਡੀ ਅਤੇ ਦੇਸ, ਧਨ ਅਤੇ ਰਾਜ ਨੂੰ ਤਿਆਗ ਦਿੱਤਾ। ਜੱਗ ਦੀ ਲਾਜ ਛੱਡ ਕੇ ਆਪਣਾ ਜਨਮ ਸਵਾਰ ਲਿਆ ਹੈ॥ ੫॥

**ਪ੍ਰਿਥਮ ਮੇਰੁ ਪਰ ਆਪ ਜਾਇ ਸੁਧਿ ਦੀਜਿਯੇ। ਹਮਰੀ ਸਿੱਧਨ ਸਰਬ-ਅਦੇਸ਼-ਭਨੀਜਿਯੇ।**
**ਆਵਤਿ ਹੈਂ ਪਸ਼ਚਾਤ ਨ ਬਿਲਮ ਲਗਾਵਹੀਂ। ਹੋ ਦਰਸ਼ਨ ਪਰਸਨ ਕਰਹਿਂ ਭਲੇ ਮਨ ਭਾਵਹੀ ॥੬॥**

ਪਹਿਲਾਂ ਸੁਮੇਰ ਪਰਬਤ ਤੇ ਜਾ ਕੇ ਆਪ ਖਬਰ ਦੇਵੋ ਅਤੇ ਸਾਰੇ ਸਿੱਧਾਂ ਨੂੰ ਸਾਡੇ ਵਲੋਂ 'ਨਮਸ਼ਕਾਰ' ਕਹੋ। ਅਸੀਂ ਤੁਹਾਡੇ ਬਾਅਦ ਆਉਂਦੇ ਹਾਂ, ਦੇਰ ਨਹੀਂ ਲਾਵਾਂਗੇ। ਓਥੇ ਜਾ ਕੇ ਦਰਸ਼ਨ ਪਰਸ਼ਨ ਕਰਕੇ ਸਾਡੇ ਮਨ ਨੂੰ ਬੜਾ ਅਨੰਦ ਆਵੇਗਾ"॥ ੬॥

**ਸੁਨਿਕੈ ਭਰਥਰਿ ਗਯੋ ਰਿਦੇ ਹਰਖਾਇਕੈ। ਸਭਿ ਸੌਂ ਕਹੀ 'ਅਦੇਸ' ਰੁਚਿਰ ਗੁਨ ਗਾਇਕੈ।**
**ਆਵਤਿ ਮਮ ਪਸ਼ਚਾਤ ਕਹਿਤ ਨਹਿਂ ਦੇਰ ਕੋ। ਹੋ ਜਿਨਹਿਂ ਬਿਲੋਕਨ ਚਾਹਿ ਜੁ ਸ਼ਿਖਰ ਸੁਮੇਰ ਕੋ ॥੭॥**

ਇਹ ਸੁਣ ਕੇ ਭਰਥਰੀ ਦਿਲ ਵਿਚ ਬਹੁਤ ਖੁਸ਼ ਹੋ ਕੇ ਚਲੇ ਗਿਆ। ਸੁੰਦਰ ਗੁਣ ਗਾਇਣ ਕਰਕੇ ਸਭ ਨੂੰ 'ਅਦੇਸ' ਕਹੀ। "ਮੇਰੇ ਪਿਛੋਂ ਆ ਰਹੇ ਹਨ, ਕਹਿੰਦੇ ਸਨ, ਦੇਰੀ ਨਹੀਂ ਲਾਵਾਂਗੇ। ਉਹ ਸੁਮੇਰ ਪਰਬਤ ਦੀ ਚੋਟੀ ਨੂੰ ਵੇਖਣਾ ਚਾਹੁੰਦੇ ਹਨ"॥ ੭॥

**ਕਬਿੱਤ- ਨਾਨਾ ਭਾਂਤਿ ਆਪਸ ਮੈਂ ਕਰਤਿ ਬਿਚਾਰ ਸਿੱਧ, ਇਤੈ ਮਰਦਾਨਾ ਬੈਨ ਮੁੱਖ ਸੌਂ ਕਹਿਤ ਹੈ।**
**'ਸ੍ਰੀ ਪ੍ਰਭੁ ਮੁਕੰਦ ! ਦੁਖ ਦੁੰਦ ਕੇ ਨਿਕੰਦ ! ਅਬ ਦੇਖੀਏ ਸੁਮੇਰੁ ਜਹਾਂ ਗੋਰਖ ਰਹਿਤ ਹੈ।**
**ਬੇਦੀ ਬੰਸ ਤਾਲ ਕੇ ਕਮਲ ਸੁਨਿ ਬੋਲੇ ਤਬੈ 'ਚਲੋ ਮਰਦਾਨਾ ਦੇਖਿ, ਦੇਖਯੋ ਜੁ ਚਹਤਿ ਹੈ।**
**ਐਸੇ ਕਹਿ ਗਏ ਹੈਂ ਸੁਮੇਰੁ ਪਰ ਤਾਤਕਾਲ ਜਹਾਂ ਸਿੱਧ ਮੰਡਲੀ ਸੁ ਗੋਰਖ ਸਹਤ ਹੈ ॥੮॥**

ਸਿੱਧ ਆਪਣੇ ਮਨ ਵਿਚ ਕਈ ਪ੍ਰਕਾਰ ਦੀਆਂ ਵਿਚਾਰਾਂ ਕਰਦੇ ਹਨ। ਏਧਰ ਮਰਦਾਨਾਂ ਮੁੱਖ ਤੋਂ ਕੁਝ ਸ਼ਬਦ ਕਹਿੰਦਾ ਹੈ, "ਹੇ ਸ੍ਰੀ ਪ੍ਰਭੂ, ਮੁਕਤੀਦਾਤੇ ! ਦੁੱਖਾਂ ਅਤੇ ਪਾਪਾਂ ਦਾ ਨਾਸ ਕਰਨ ਵਾਲੇ ! ਹੁਣ ਸੁਮੇਰ ਪਰਬਤ ਵੇਖੀਏ ਜਿੱਥੇ ਗੋਰਖ ਰਹਿੰਦਾ ਹੈ।" ਬੇਦੀਬੰਸ ਸਰੋਵਰ ਦੇ ਕਮਲ ਭਾਵ ਗੁਰੂ ਜੀ ਤਦ ਬੋਲੇ, "ਚਲੋ ਮਰਦਾਨਾ ਉਹ ਸਥਾਨ ਵੇਖੋ, ਜਿਹੜਾ ਤੁਸੀਂ ਵੇਖਣਾ ਚਾਹੁੰਦੇ ਹੋ। ਇਹ ਕਹਿ ਕੇ ਤੁਰੰਤ ਸੁਮੇਰ ਪਰਬਤ ਤੇ ਚਲੇ ਗਏ ਜਿਥੇ ਸਿੱਧ ਮੰਡਲੀ ਗੋਰਖ ਦੇ ਨਾਲ ਰਹਿੰਦੀ ਸੀ॥ ੮॥

**ਕਬਿੱਤ- ਕਰੈਂ ਨਿਜ ਗਜਾਨ ਕੋ ਬਖਾਨ ਜਿਹ ਥਾਨ ਬੈਸੇ ਨਾਨਕ ਜੀ ਜਾਇਕੈ 'ਅਦੇਸ' ਹੈ ਉਚਾਰਿਯਾ।**
**ਗੋਰਖ ਕਹਤਿ 'ਆਦਿ ਪੁਰਖ ਅਦੇਸ਼ ਬਾਲੇ ! ਆਉ ਬੈਠਿ ਮੇਰੇ ਢਿਗ' ਅਤਿ ਸਤਿਕਾਰਿਯਾ।**

ਮਨ ਮੈਂ ਬਿਚਾਰੈ-ਮਤ ਹਮਰੋ ਜਿ ਧਾਰੈ ਇਹ, ਜਗਤ ਬਿਥਾਰੈ ਜਸ ਭੂਰ ਹੀ ਪੁਜਾਰਿਯਾ।
ਐਸੇ ਭਰਥਰੀ ਸੰਗ ਬੋਲਜੋ 'ਲਜਾਉ ਪਜਾਲਾ ਜਾਇ, ਨਾਨਕ ਕੋ ਦੇਹੁ ਲਿਵਲਾਗੈ ਮਤਵਾਰਿਯਾ ॥੯॥

ਜਿਸ ਥਾਂ ਸਿੱਧ ਆਪਣੇ ਗਿਆਨ ਦੀ ਚਰਚਾ ਕਰ ਰਹੇ ਸਨ, ਗੁਰੂ ਜੀ 'ਅਦੇਸ' ਕਹਿ ਕੇ ਓਥੇ ਜਾ ਬੈਠੇ। ਗੋਰਖ ਨੇ ਕਿਹਾ, "ਆਦਿ ਪੁਰਖ ਅਦੇਸ ਬਾਲਕੇ ! ਆਉ ਮੇਰੇ ਪਾਸ ਬੈਠੋ" ਅਤੇ ਬੜਾ ਸਤਿਕਾਰ ਕੀਤਾ। ਗੋਰਖ ਮਨ ਵਿਚ ਵਿਚਾਰ ਕਰਦਾ ਹੈ ਕਿ ਜੇ ਇਹ ਸਾਡੀ ਮੱਤ ਧਾਰਨ ਕਰ ਲਵੇ ਤਾਂ ਜਗਤ ਵਿਚ ਸਾਡੀ ਬਹੁਤ ਪੂਜਾ ਵਧਾ ਦੇਵੇਗਾ। ਭਰਥਰੀ ਨੂੰ ਫਿਰ ਗੋਰਖ ਨੇ ਕਿਹਾ, "ਜਾ ਕੇ ਪਿਆਲਾ ਲਿਆਵੇ ਅਤੇ ਨਾਨਕ ਨੂੰ ਦੇਵੇ, ਤਾਂਕਿ ਇਨ੍ਹਾਂ ਦੀ ਲਿਵ ਲੱਗ ਜਾਏ ਤੇ ਇਹ ਮਸਤ ਹੋ ਜਾਣ" ॥ ੯॥

ਕਬਿੱਤ- ਆਨਜੋ ਤਬ ਧਾਇ ਗੁਰੂ ਅੱਗ੍ਰਜ ਬਨਾਇ ਰਾਖਜੋ 'ਹੂਜੈ ਮਤਵਾਲਾ ਬਾਲੇ ! ਯਾਂਕੋ ਅਬ ਪੀਜੀਏ।
ਸ੍ਰੀ ਗੁਰੂ ਬਖਾਨੀ 'ਇਹ ਕੈਸੇ ਆਨਜੋ ਪਾਨੀ ਤੁਮ?' ਗੋਰਖ ਕਹਤਿ 'ਪੀਵ ਲਿਵ ਕੋ ਲਗੀਜੀਏ।
ਸੀਸ ਹੂੰ ਤੇ ਕਾਲ ਟਰੈ, ਭੂਖ ਪਜਾਸ ਦੋਊ ਹਰੈ, ਤੀਨੋ ਤਾਪ ਨਾਸ਼ ਕਰੈ, ਚੋਥੇ ਪਦ ਭੀਜੀਏ।
ਬਿਸਰੈ ਜੁ ਮੇਰੀ ਤੇਰੀ, ਰਿਧਿ ਸਿਧਿ ਹੋਇ ਚੇਰੀ, ਸੁਨੀਏ ਘਨੇਰੀ ਧੁਨਿ, ਅਮਰ ਹੁਵੀਜੀਏ' ॥੧੦॥

ਭਰਥਰੀ ਪਿਆਲਾ ਲੈ ਕੇ ਆਇਆ ਅਤੇ ਬਣਾ ਕੇ ਗੁਰੂ ਜੀ ਦੇ ਸਾਹਮਣੇ ਰੱਖ ਦਿੱਤਾ। "ਹੇ ਬਾਲਕੇ ! ਇਸ ਨੂੰ ਪੀ ਕੇ ਮਤਵਾਲੇ ਹੋ ਜਾਵੋ।" ਸ੍ਰੀ ਗੁਰੂ ਜੀ ਨੇ ਬਚਨ ਕੀਤਾ, "ਇਹ ਕਿਸ ਤਰ੍ਹਾਂ ਦਾ ਪਾਣੀ ਤੁਸੀਂ ਲਿਆਂਦਾ ਹੈ ?" ਗੋਰਖ ਨੇ ਕਿਹਾ, "ਪੀ ਕੇ ਲਿਵ ਲੱਗ ਜਾਵੇਗੀ। ਸਿਰ ਤੋਂ ਮੌਤ ਦੂਰ ਹੋ ਜਾਵੇਗੀ, ਭੁੱਖ ਪਿਆਸ ਦੋਵੇਂ ਖਤਮ ਹੋ ਜਾਣਗੇ, ਤਿੰਨਾ ਤਾਪਾਂ ਦਾ ਨਾਸ ਹੋ ਜਾਵੇਗਾ। ਚੋਥਾ ਪਦ ਪ੍ਰਾਪਤ ਹੋ ਜਾਵੇਗਾ। ਤੇਰੀ ਮੇਰੀ ਵਿਸਰ ਜਾਵੇਗੀ, ਰਿੱਧੀਆਂ ਸਿੱਧੀਆਂ ਤੁਹਾਡੀਆਂ ਸੇਵਕ ਹੋ ਜਾਣਗੀਆਂ, ਅਨਹਦ ਧੁੰਨੀ ਤੁਹਾਨੂੰ ਸੁਣਾਈ ਦੇਵੇਗੀ ਤੇ ਅਮਰ ਹੋ ਜਾਉਗੇ" ॥ ੧੦॥

ਸ੍ਵੈਯਾ- ਸ੍ਰੀ ਗੁਰ ਬੂਝਤਿ 'ਕੌਨ ਬਿਧੀ ਤੁਮ ਕਾਢ ਲਯੋ ਮਦ ਦੇਹੁ ਬਤਾਈ?'।
ਭੰਗਰ ਭਾਖੈ 'ਕਰੀ ਭਠਿਯਾ ਛਿਤ ਲਾਹਣ ਕੋ ਕਰਿ ਕੈ ਕਸ ਪਾਈ।
ਪਾਵਕ ਜਾਰਿਕੈ ਲਾਇ ਨਲੀ ਘਟ ਤੇ ਮਦ ਕੀ ਸੁਭ ਧਾਰ ਚੁਆਈ।
ਪੀਵਤਿ ਹੀ ਦੁਖ ਸੁਖ ਸਮਾਨ, ਲਗੀ ਲਿਵ ਜੋ ਕਬਿ ਡੋਲ ਨ ਜਾਈ' ॥੧੧॥

ਸ੍ਰੀ ਗੁਰੂ ਜੀ ਨੇ ਪੁਛਿਆ, "ਤੁਸੀ ਕਿਸ ਵਿਧੀ ਨਾਲ ਸ਼ਰਾਬ ਕੱਢਦੇ ਹੋ, ਇਹ ਮੈਨੂੰ ਦੱਸੋ।" ਭੰਗਰ ਨੇ ਕਿਹਾ, "ਧਰਤੀ ਤੇ ਭੱਠੀ ਬਣਾ ਕੇ ਉਸ ਵਿਚ ਲਾਹਣ ਨੂੰ ਪਾਇਆ ਅਤੇ ਵਿਚ ਸੱਕ ਪਾ ਦਿੱਤਾ। ਅੱਗ ਬਾਲ ਕੇ ਘੜੇ ਨਾਲ ਨਾਲੀ ਲਾ ਕੇ ਸ਼ੁਭ ਸ਼ਰਾਬ ਦੀ ਧਾਰ ਚੁਆਈ ਹੈ, ਪੀਂਦਿਆਂ ਹੀ ਦੁੱਖ-ਸੁੱਖ ਬਰਾਬਰ ਹੋ ਜਾਂਦੇ ਹਨ, ਐਸੀ ਲਿਵ ਲੱਗ ਜਾਂਦੀ ਹੈ ਕਿ ਮਨੁੱਖ ਫਿਰ ਕਦੀ ਡੋਲਦਾ ਹੀ ਨਹੀਂ" ॥ ੧੧॥

ਦੋਹਰਾ- ਕਮਲ ਬਦਨ ਸਭਿ ਸੁਖ ਸਦਨ ਸੁਨਿ ਕਰਿ ਤਿਨ ਅਸ ਬੈਨ।
ਬੋਲੇ ਮਦ ਕੀ ਜੁਗਤਿ ਸੋ ਜੋ ਦਾਸਨ ਗਤਿ ਦੈਨ॥ ੧੨॥

ਕਮਲ ਮੁੱਖ, ਸੁੱਖਾਂ ਦੇ ਘਰ ਗੁਰੂ ਜੀ ਨੇ ਉਨ੍ਹਾਂ ਦੀ ਇਹ ਬਾਣੀ ਸੁਣ ਕੇ ਅਸਲ ਸ਼ਰਾਬ ਦੀ ਜੁਗਤੀ ਬਾਰੇ ਬਚਨ ਕੀਤੇ॥ ੧੨॥

ਦੋਹਰਾ- ਅਸ ਪ੍ਰਕਾਰ ਕੇ ਬਚਨ ਸੁਨਿ ਸਿੱਧ ਸਰਬ ਤਿਹ ਕਾਲ॥
ਨਿਜ ਮਤਿ ਕੇ ਅਨੁਸਾਰ ਹ੍ਵੈ ਬੋਲੇ ਪਰਮ ਰਸਾਲ॥ ੧੩॥

ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਸਿੱਧ ਉਸ ਸਮੇਂ ਆਪਣੇ ਨਿਜੀ ਮੱਤ ਅਨੁਸਾਰ ਅਤੀ ਰਸੀਲੇ ਹੋ ਕੇ ਕੁਝ ਬਚਨ ਬੋਲੇ॥ ੧੩॥

ਦੋਹਰਾ- ਸੁਨਿ ਸਿਧਨ ਕੇ ਮਤਨਿ ਕੋ ਸ੍ਰੀ ਗੁਰੁ ਸੂਰਜ ਗਜਾਨ॥
ਭਨੇ ਬਚਨ ਤਿਹ ਪ੍ਰਤਿ ਤਬੈ ਨਿਜ ਮਤ ਕਰੁਨਾ ਖਾਨ॥ ੧੪॥

ਸਿੱਧਾਂ ਦੇ ਮੱਤ ਸੁਣ ਕੇ ਗਿਆਨ ਦੇ ਸੂਰਜ ਭਾਵ ਗੁਰੂ ਜੀ ਨੇ ਸਿੱਧਾਂ ਬਾਰੇ ਕੁਝ ਬਚਨ ਕੀਤੇ॥ ੧੪॥

*ਸ੍ਰੀ ਮੁਖਵਾਕ ॥ ਮ: ੧॥*

*ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥ ਕੰਨ ਪੜਾਇ ਕਿਆ ਖਾਜੈ ਭੁਗਤਿ॥*
*ਆਸਤਿ ਨਾਸਤਿ ਏਕੋ ਨਾਉ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥*
*ਧੂਪ ਛਾਵ ਜੇ ਸਮ ਕਰਿ ਸਹੈ॥ ਤਾ ਨਾਨਕੁ ਆਖੈ ਗੁਰੁ ਕੋ ਕਹੈ॥*
*ਛਿਅ ਵਰਤਾਰੇ ਵਰਤਹਿ ਪੂਤ॥ ਨਾ ਸੰਸਾਰੀ ਨਾ ਅਉਧੂਤ॥*
*ਨਿਰੰਕਾਰਿ ਜੋ ਰਹੈ ਸਮਾਇ॥ ਕਾਹੇ ਭੀਖਿਆ ਮੰਗਣਿ ਜਾਇ॥ ੭॥* (੯੫੩)

ਪਾਪ ਨੂੰ ਕਿਸ ਤਰ੍ਹਾਂ ਜੜ੍ਹੋਂ ਪੁਟਿਆ ਜਾ ਸਕਦਾ ਹੈ ? ਜੀਵਨ ਦੇ ਅਸਲੀ ਮਾਰਗ ਦਾ ਕਿਵੇਂ ਪਤਾ ਲੱਗਦਾ ਹੈ ? ਕੰਨ ਪੜਵਾ ਕੇ ਰੋਟੀ ਖਾਣ ਦਾ ਕੀ ਲਾਭ ਹੈ। ਦੁਨੀਆਂ ਦੀ ਹੋਂਦ ਅਤੇ ਅਣਹੋਂਦ ਵਿਚ ਇਕ ਨਾਮ ਹੀ ਸਥਿਰ ਰਹਿੰਦਾ ਹੈ। ਉਹ ਕਿਹੜਾ ਅੱਖਰ ਹੈ ਜਿਸ ਦੁਆਰਾ ਮਨ ਸਥਿਰ ਰਹਿੰਦਾ ਹੈ। ਜੇ ਇਨਸਾਨ ਧੁੱਪ ਛਾਂ ਭਾਵ ਦੁੱਖ-ਸੁੱਖ ਨੂੰ ਇਕ ਸਮਾਨ ਸਹਾਰਦਾ ਹੈ, ਕੇਵਲ ਤਦ ਹੇ ਨਾਨਕ ! ਉਹ ਵਿਸ਼ਾਲ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ ਸਕਦਾ ਹੈ। ਚੇਲੇ ਹੋ ਕੇ ਲੋਕ ਛੇ ਭੇਖਾਂ ਅੰਦਰ ਪਰਵਿਰਤ ਹੁੰਦੇ ਹਨ। ਉਹ ਨਾ ਸੱਚੇ ਦੁਨੀਆਂ ਦਾਰ ਹੁੰਦੇ ਹਨ ਅਤੇ ਨਾ ਹੀ ਸੱਚੇ ਤਿਆਗੀ ਬਣਦੇ ਹਨ। ਜੋ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ ਉਸ ਨੂੰ ਭਿਖਿਆ ਮੰਗਣ ਦੀ ਕੀ ਲੋੜ ਹੈ॥ ੭॥

ਦੋਹਰਾ- ਸੁਨਿ ਕੈ ਸਿਧ ਤੂਸ਼ਨ ਭਏ ਬੋਲੇ ਬਹੁਰ ਨ ਕੋਇ।
ਚਰਚਾ ਮੈਂ ਹਾਰਤਿ ਨਹੀਂ-ਸਮਝਤਿ ਭੇ ਮਨ ਸੋਇ॥ ੧੫॥

ਗੁਰੂ ਜੀ ਦਾ ਸ਼ਬਦ ਸੁਣ ਕੇ ਸਾਰੇ ਸਿੱਧ ਖ਼ਾਮੋਸ਼ ਹੋ ਗਏ, ਫਿਰ ਕੋਈ ਨਾ ਬੋਲਿਆ। ਇਹ ਚਰਚਾ ਵਿਚ ਹਾਰ ਨਹੀ ਸਕਦੇ, ਸਾਰੇ ਮਨ ਵਿਚ ਇਹ ਸਮਝ ਰਹੇ ਸਨ॥ ੧੫॥

ਸੋਰਠਾ- ਜੋ ਅਤਿ ਉੱਤਮ ਨਾਥ ਮਗਨ ਧਜਾਨ ਮਹਿਂ ਤਬ ਰਹੇ।
ਬੋਲੇ ਤਿਨਕੇ ਸਾਥ ਸ੍ਰੀ ਗੁਰੁ ਮੋਦ ਬਧਾਇਕੈ॥ ੧੬॥

ਜਿਥੇ ਅਤੀ ਉੱਤਮ ਨਾਥ ਬੈਠੇ ਸਨ, ਓਥੇ ਗੁਰੂ ਜੀ ਧਿਆਨ ਵਿਚ ਮਗਨ ਹੋ ਗਏ। ਗੁਰੂ ਜੀ ਉਨ੍ਹਾਂ ਨਾਲ ਪ੍ਰਸੰਨਤਾ ਵਧਾ ਕੇ ਬੋਲੇ॥ ੧੬॥

ਕਬਿੱਤ- 'ਆਸਨ ਕੋ ਲਾਇ ਬੈਸਜੋ ਆਸ ਨ ਰਿਦੇ ਕੇ ਬੀਚ' ਐਸੇ ਘੁਘੂ ਨਾਥ ਸੰਗ ਬੋਲੇ ਹੈਂ ਸੁਨਾਇਕੈ।
ਮੋਨ ਕੈਸੇ ਸਾਧੀ ? ਕੌਨ ਮਤ ਕੇ ਅਰਾਧੀ ਤੁਮ ? ਉੱਤਰ ਨ ਕਹਜੋ ਸੁਨਜੋ ਮਨ ਤੇ ਉਠਾਇ ਕੈ।
ਆਛੇ ਲਾਗੇ ਦਰਸ਼ਨ, ਮਰਮ ਨ ਜਾਨਜੋ ਜਾਇ, ਬੋਲੇ ਬਿਨ ਕੈਸੇ ਜਾਨੈਂ ਕਹਿਯੇ ਬੁਝਾਇਕੈ'।
ਬੋਲਜੋ ਗੁਰੁ ਨਾਨਕ ਸੋਂ ਬਚਨ ਬਿਲਾਸ ਨੀਕੇ ਜਾਨਿ-ਅਵਤਾਰ-ਰਿਦੇ ਬਹੁ ਹਰਖਾਇਕੈ॥੧੭॥

ਘੁਘੂਨਾਥ ਸੁਣਾ ਕੇ ਬੋਲਿਆ, "ਆਸਣ ਲਾ ਕੇ ਬੈਠੇ ਹੋ, ਹਿਰਦੇ ਵਿਚ ਕੋਈ ਆਸ਼ਾ ਨਹੀ ਹੈ ? ਚੁਪ ਕਿਵੇਂ ਧਾਰਨ ਕੀਤੀ ਹੈ ? ਕਿਹੜੇ ਮੱਤ ਅਨੁਸਾਰ ਤੁਸੀ ਅਰਾਧਨਾ ਕਰਦੇ ਹੋ ? ਮਨ ਵਿਚ ਸੋਚ ਕੇ ਕੋਈ ਉੱਤਰ ਕਹਿੰਦੇ ਸੁਣਦੇ ਨਹੀਂ। ਦਰਸ਼ਨ ਬੜੇ ਚੰਗੇ ਲੱਗਦੇ ਹਨ, ਭੇਦ ਜਾਣਿਆ ਨਹੀ ਜਾ ਸਕਦਾ, ਬੋਲਣ ਤੋਂ ਬਗੈਰ ਕਿਵੇਂ ਜਾਣਾਂਗੇ, ਸਮਝਾ ਕੇ ਕਹੋ।"

ਘੁਘੂਨਾਥ ਨੇ ਗੁਰੂ ਨਾਨਕ ਜੀ ਨਾਲ ਬਚਨ ਬਿਲਾਸ ਕੀਤਾ, ਇਕ ਚੰਗੇ ਅਵਤਾਰ ਜਾਣ ਕੇ ਹਿਰਦੇ ਵਿਚ ਬਹੁਤ ਖੁਸ਼ ਹੋਇਆ॥ ੧੭॥

'ਸਿੱਧ ਨਾਥ ਜਤੀ ਕੋਊ ਨਾਮ ਨ ਧਰਾਵੋਂ ਜਗ, ਊਚੇ ਨੀਚੇ ਪਦ ਤਜਿ ਸਿੰਙੀ ਨ ਬਜਾਇ ਹੋਂ।
ਡਿੰਭ ਨ ਦਿਖਾਵੋਂ, ਨਹਿ ਮਾਨ ਕੋ ਬਧਾਵੋਂ, ਦੁਖ ਸੁਖ ਕੋ ਮਿਟਾਵੋਂ, ਦ੍ਵੈਤ ਮਨ ਤੇ ਭੁਲਾਇ ਹੋਂ।
ਉਸਤਤਿ ਨਿੰਦਾ ਤਜਿ, ਹੋਇਕੇ ਅਚਿੰਤ ਨਿੱਤ, ਗੁਰੂ ਨ ਕਹਾਇ ਕੈ, ਨ ਚੇਲਾ ਪਾਇ ਲਾਇ ਹੋਂ।
ਏਕੰਕਾਰ ਖੇਲ, ਸ਼ਿਵ ਸ਼ਕਤੀ ਨ ਮੇਲ ਕੋਊ, ਬੋਲ ਹੋਂ ਬਿਸਾਰ ਕਰਿ ਕਛੂ ਨ ਅਲਾਇ ਹੋਂ ॥੧੮॥

ਗੁਰੂ ਜੀ ਨੇ ਕਿਹਾ, "ਸਿੱਧ, ਨਾਥ, ਜਤੀ ਆਦਿ ਕੋਈ ਵੀ ਨਾਮ ਜੱਗ ਵਿਚ ਧਰਾਇਆ ਨਹੀਂ ਹੈ, ਨੀਵੀਆਂ ਉਚੀਆਂ ਪਦਵੀਆਂ ਛੱਡ ਕੇ ਮੈਂ ਸਿੰਗੀ ਨਹੀਂ ਵਜਾਉਂਦਾ ਹਾਂ। ਮੈਂ ਕੋਈ ਪਖੰਡ ਨਹੀਂ ਕਰਦਾ ਹਾਂ, ਨਾ ਹੀ ਮੈਂ ਹੰਕਾਰ ਨੂੰ ਵਧਾਉਂਦਾ ਹਾਂ, ਦੁੱਖ ਸੁੱਖ ਨੂੰ ਮਿਟਾ ਕੇ ਦ੍ਵੈਤ ਮਨ ਵਿਚੋਂ ਭੁਲਾ ਦਿੱਤਾ ਹੈ। ਉਸਤਤਿ ਨਿੰਦਿਆ ਛੱਡ ਦਿੱਤੀ ਹੈ, ਸਦਾ ਚਿੰਤਾ ਰਹਿਤ ਰਹਿੰਦਾ ਹਾਂ, ਗੁਰੂ ਨਾ ਕਹਾ ਕੇ, ਕਿਸੇ ਚੇਲੇ ਨੂੰ ਪੈਰੀਂ ਨਹੀਂ ਲਾਉਂਦਾ ਹਾਂ। ਸਭ ਏਕੰਕਾਰ ਦੀ ਖੇਡ ਹੈ। ਈਸ਼ਵਰ ਤੇ ਸ਼ਕਤੀ ਮਾਇਆ ਦਾ ਕੋਈ ਮੇਲ ਨਹੀਂ ਭਾਵ ਸਾਰੇ ਬ੍ਰਹਮ ਹੀ ਨਜ਼ਰ ਆ ਰਿਹਾ ਹੈ, ਮੈਂ ਬੋਲਣਾ ਭੁਲਾ ਕੇ, ਚੁੱਪ ਹਾਂ" ॥੧੮॥

ਉਠੇ ਤਬ ਧਾਇ, ਕਰ ਚਰਨ ਲਗਾਇ ਮਿਲੇ, ਰਿਦੇ ਹਰਖਾਇ ਦੋਊ ਬਹੁ ਸੁਖ ਪਾਇ ਕੈ।
ਬੈਸੇ ਪੁਨ ਨਾਨਕ ਜੀ ਨਾਗਰ ਉਜਾਗਰ ਜੇ ਬੋਲੇ ਚੰਬਾਨਾਥ ਸੰਗ ਮੁੱਖ ਮੁਸਕਾਇਕੈ।
'ਕੌਨ ਗ੍ਰਿਹ ਰਹੋ? ਕੌਨ ਮਤਾ ਤੁਮ ਕਹੋ? ਨਿਜ-ਤੂਸ਼ਨ ਮਿਟਾਇ ਭੇਦ ਦੀਜਿਯੇ ਜਨਾਇਕੈ।
ਸਿੱਧ ਸਭਿ ਬੋਲੇ, ਆਪ ਰਹੇ ਅਨਬੋਲੇ, ਮਨ ਮਰਮ ਨ ਜਾਨਜੇ ਜਾਇ, ਭਾਖਜੇ ਹੈ ਸੁਨਾਇਕੈ ॥੧੯॥

ਇਹ ਸੁਣ ਕੇ ਘੁਘੂ ਨਾਥ ਤੇ ਚੰਬਾ ਨਾਥ ਤੁਰੰਤ ਉਠੇ ਤੇ ਧਾ ਕੇ ਗੁਰੂ ਜੀ ਦੇ ਚਰਨਾਂ ਤੇ ਹੱਥ ਧਰ ਕੇ ਮਿਲੇ, ਹਿਰਦੇ ਵਿਚ ਖੁਸ਼ ਹੋ ਕੇ ਦੋਵਾਂ ਨੇ ਬੜਾ ਸੁਖ ਪਾਇਆ। ਫਿਰ ਗੁਰੂ ਜੀ ਬੈਠ ਗਏ, ਜਿਨ੍ਹਾਂ ਦੀ ਮਹਾਨ ਚਤੁਰਾਈ ਸਾਰੇ ਉਜਾਗਰ ਹੋ ਗਈ ਸੀ। ਫਿਰ ਮੁਸਕਰਾ ਕੇ ਚੰਬਾ ਨਾਥ ਨਾਲ ਬੋਲੇ, "ਕਿਸ ਘਰ ਰਹਿੰਦੇ ਹੋ ? ਕਿਹੜਾ ਤੁਹਾਡਾ ਮੱਤ ਹੈ? ਆਪਣੀ ਚੁੱਪ ਨੂੰ ਤੋੜ ਕੇ ਭੇਦ ਬਾਰੇ ਸਾਨੂੰ ਜਾਣੂ ਕਰੋ। ਸਾਰੇ ਸਿੱਧ ਬੋਲੇ ਸਨ, ਪਰ ਜੇ ਤੁਸੀਂ ਚੁੱਪ ਰਹੇ, ਮਨ ਦਾ ਭੇਦ ਜਾਣਿਆ ਨਹੀਂ ਜਾ ਸਕਦਾ, ਸਾਨੂੰ ਸੁਣਾ ਕੇ ਦੱਸੋ" ॥ ੧੯॥

'ਬੋਲੈ ਬੋਲਹਾਰ ਕੋਊ ਤੋਲੈ ਤੋਲਹਾਰ ਜੋਊ, ਖੇਲੈ ਖੇਲਹਾਰ, ਨਹੀਂ ਹਮੈਂ ਕਛੁ ਕਾਜ ਹੈ।
ਗਾਵੈ ਗਾਨਹਾਰ, ਅਟਕਾਵੈ ਅਟਕਾਨਹਾਰ, ਜਾਵੈ ਜਾਨਹਾਰ, ਪੁਨ ਭਾਜਹਾਰ ਭਾਜ ਹੈ।
ਰਾਵਨ ਨ ਰਾਮ, ਦੇਵ ਦਾਨਵ ਨ ਨਾਮ ਕੋਊ, ਏਕ ਹੀ ਕੋ ਖੇਲ ਸਭਿ ਏਕ ਹੀ ਬਿਰਾਜ ਹੈ।
ਦੀਸੈ ਜੁ ਪਸਾਰਾ ਸਭਿ ਏਕ ਨੈ ਬਿਥਾਰਾ, ਹਮ ਰਿਦੇ ਯੌਂ ਬਿਚਾਰਾ ਜਾਂਤੇ ਪਾਯੋ ਸੁਖਰਾਜ ਹੈ ॥੨੦॥

ਗੁਰੂ ਜੀ ਨੇ ਕਿਹਾ, "ਬੋਲਦਾ ਹੈ ਬੋਲਣ ਵਾਲਾ, ਤੋਲਦਾ ਹੈ ਤੋਲਣ ਵਾਲਾ, ਖੇਡਣ ਵਾਲਾ ਖੇਡਦਾ ਹੈ, ਸਾਡਾ ਇਨ੍ਹਾਂ ਨਾਲ ਕੋਈ ਕੰਮ ਨਹੀਂ ਹੈ। ਗਾਉਣ ਵਾਲਾ ਗਾਉਂਦਾ ਹੈ, ਅਟਕਾਉਣ ਵਾਲਾ ਅਟਕਾਉਂਦਾ ਹੈ, ਜਾਣ ਵਾਲਾ ਜਾਂਦਾ ਹੈ, ਤੇ ਭੱਜਣ ਵਾਲਾ ਭੱਜਦਾ ਹੈ। ਨਾ ਕੋਈ ਰਾਵਣ ਹੈ ਨਾ ਰਾਮ ਹੈ, ਨਾ ਕੋਈ ਦੇਵਤਾ ਹੈ ਨਾ ਕੋਈ ਦੈਂਤ ਹੈ, ਇਕ ਦੀ ਸਾਰੀ ਖੇਡ ਹੈ, ਤੇ ਇਕ ਹੀ ਸਾਰੇ ਬਿਰਾਜ ਰਿਹਾ ਹੈ। ਦੇਸ਼ਾਂ ਦੇ ਜੋ ਪਸਾਰੇ ਹਨ, ਸਭ ਇਕ ਨੇ ਹੀ ਵਿਸਥਾਰੇ ਹਨ, ਮੈਂ ਹਿਰਦੇ ਵਿਚ ਇੰਝ ਵਿਚਾਰਿਆ ਹੈ, ਇਸ ਕਰਕੇ ਸੁਖ ਪਾਇਆ ਹੈ"॥ ੨੦॥

ਮਿਲੇ ਹਰਖਾਇ ਸੁਖ ਪਾਇ ਸੀਸਨਾਇ ਕਰਿ, ਭ੍ਰਮ ਕੋ ਮਿਟਾਇ, ਏਤੇ ਭਏ ਅਹਿਲਾਦ ਸੋਂ।
ਗੋਪੀਚੰਦ ਘੁਘੂਨਾਥ ਚੰਬਾ ਨਾਥ ਮੰਗਲ ਤੇ ਰਿਦੇ ਮੈਂ ਅਨੰਦ ਭਏ ਭਰਥਰੀ ਆਦਿ ਸੋਂ।

ਹਾਥ ਬੰਦ ਕਹੈਂ 'ਤੁਮ ਈਸ਼ੁਰ ਮੁਕੰਦ ਹੋ ਜੀ, ਧਰਾ ਹੈ ਨਿਰੰਜਨ ਸਰੂਪ ਪਰਮਾਦਿ ਸੋਂ।
ਕੀਨੋ ਹੈ ਨਿਹਾਲ ਹਮੈਂ, ਦੀਨੋ ਹੈ ਦਿਦਾਰ ਆਨਿ, ਪਾਈ ਬਿਨ ਸੰਸੈ ਗਤਿ, ਤੁਮਰੇ ਪ੍ਰਸਾਦ ਸੋਂ ॥੨੧॥

ਸਿੱਧ, ਸਿਰ ਨਿਵਾ ਕੇ ਮਿਲੇ ਅਤੇ ਖੁਸ਼ ਹੋ ਕੇ ਸੁਖ ਪਾਇਆ ਅਤੇ ਭਰਮ ਨੂੰ ਮਿਟਾ ਕੇ ਬਹੁਤ ਪ੍ਰਸੰਨ ਹੋਏ। ਗੋਪੀ ਚੰਦ, ਘੁੱਘੂਨਾਥ, ਚੰਬਾ ਨਾਥ, ਮੰਗਲ, ਭਰਥਰੀ ਆਦਿ ਮਿਲ ਕੇ ਹਿਰਦੇ ਵਿਚ ਬੜੇ ਅਨੰਦਿਤ ਹੋਏ। ਹੱਥ ਜੋੜ ਕੇ ਕਹਿੰਦੇ ਹਨ, "ਗੁਰੂ ਜੀ! ਤੁਸੀਂ ਈਸ਼ਵਰ ਮੁਕਤੀਦਾਤੇ ਹੋ, ਲੋਕਾਂ ਦੇ ਭਲੇ ਵਾਸਤੇ ਤੁਸੀਂ ਨਿਰੰਜਨ ਸਰੂਪ ਧਾਰਨ ਕੀਤਾ ਹੈ। ਸਾਨੂੰ ਤੁਸੀਂ ਬਹੁਤ ਨਿਹਾਲ ਕੀਤਾ ਹੈ, ਸਾਨੂੰ ਆ ਕੇ ਦਰਸ਼ਨ ਦਿੱਤੇ ਹਨ, ਤੁਹਾਡੀ ਕਿਰਪਾ ਨਾਲ ਅਸੀਂ ਸੰਸੇ ਰਹਿਤ ਗਤੀ ਪ੍ਰਾਪਤ ਕੀਤੀ ਹੈ"॥ ੨੧॥

ਕੇਤੇ ਹਰਖਤਿ ਭਏ, ਕੇਤੇ ਈ ਸਮਾਨ ਰਹੇ, ਕੇਊ ਰਿਸ ਖਾਇ ਬੈਨ ਕ੍ਰੋਧ ਸੋਂ ਉਚਾਰਿਯਾ।
'ਦੇਖੈਂ ਤੇਰੀ ਕਲਾ, ਤੂ ਤੋ ਬੋਲਤਿ ਹੈਂ ਬੋਲ ਊਚੇ', ਐਸੇ ਕਹੇ ਕਲਾ ਆਪ ਆਪਨੀ ਦਿਖਾਰਿਯਾ।
ਗੋਪੀਚੰਦ ਕਹੈ 'ਸੁਨੋ ਮੰਗਲ ਮਹਾਨ ਜੋਗੀ, ਕਰੈਂ ਬਾਦ ਮੰਦਮਤਿ ਭੇਦ ਨ ਬਿਚਾਰਿਯਾ।
ਬਚਨ ਬਿਚਾਰਿਕੈ ਉਚਾਰਤਿ ਨ ਸੁਨੈਂ ਸ੍ਰੋਨ, ਬਾਜੀਗਰ ਰੀਤਿ ਜਿਵ ਹੀਤ ਉਰ ਧਾਰਿਯਾ ॥੨੨॥

ਕਈ ਪ੍ਰਸੰਨ ਹੋਏ, ਕਈ ਮਾਨ ਸਹਿਤ ਰਹੇ ਅਤੇ ਕਈ ਰੋਸ ਖਾ ਕੇ ਕ੍ਰੋਧ ਭਰੇ ਸ਼ਬਦਾਂ ਦਾ ਉਚਾਰਨ ਕਰ ਰਹੇ ਸਨ, "ਤੇਰੀ ਕਰਮਾਤ ਵੇਖੀਏ, ਤੂੰ ਤਾਂ ਬਹੁਤ ਉਚੇ ਬੋਲ ਬੋਲਦਾ ਹੈਂ" ਇਸ ਤਰ੍ਹਾਂ ਕਹਿੰਦੇ ਸਨ ਕਿ ਆਪ ਆਪਣੀ ਕਲਾ ਵਿਖਾ। ਗੋਪੀ ਚੰਦ ਨੇ ਕਿਹਾ, "ਹੇ ਮੰਗਲ ਮਹਾਨ ਜੋਗੀ! ਭੈੜੀ ਮੱਤ ਵਾਲੇ ਝਗੜਾ ਕਰ ਰਹੇ ਹਨ ਤੇ ਅਸਲ ਭੇਦ ਨੂੰ ਨਹੀਂ ਵਿਚਾਰਦੇ। ਬਚਨ ਵਿਚਾਰ ਕੇ ਉਚਾਰਦੇ ਨਹੀਂ ਅਤੇ ਨਾ ਕੰਨੀ ਸੁਣਦੇ ਹਨ, ਮਾਨੋ ਬਾਜੀਗਰ ਦੇ ਤਰੀਕੇ ਨਾਲ ਇਨ੍ਹਾਂ ਨੇ ਚਿੱਤ ਵਿਚ ਹਿਤ ਧਾਰਨ ਕੀਤਾ ਹੈ"॥ ੨੨॥

ਸੋਰਠਾ- ਬੋਲਜੋ ਮੰਗਲਨਾਥ 'ਜੁ ਕੁਛੁ ਕਰਤਿ ਹੈ ਕਰਨ ਦਿਹੁ।
ਸਭਿ ਤੇ ਵਡ ਜਗ ਨਾਥ ਕਰਹਿਂ ਮਾਨ ਕੋ ਹਾਨ ਮਨ॥ ੨੩॥

ਮੰਗਲ ਨਾਥ ਨੇ ਕਿਹਾ, "ਜੋ ਕੁਝ ਕਰਦੇ ਹਨ, ਕਰਨ ਦੇਵੋ। ਸਭ ਤੋਂ ਵੱਡੇ ਜਗਤ ਦੇ ਨਾਥ ਇਨ੍ਹਾਂ ਦੇ ਮਨ ਵਿਚੋਂ ਹੰਕਾਰ ਦਾ ਨਾਸ਼ ਕਰਨਗੇ॥ ੨੩॥

ਕਬਿੱਤ- ਇਨ ਤੇ ਨ ਲਘੁ ਸੋਊ ਹਾਰੇ ਕਿਤ ਬਿਧਿ ਨਹੀਂ, ਲੱਜਤਿ ਹ੍ਵੈ ਹਟੈਂ ਸਭਿ, ਮਾਨ ਹੈ ਬਿਸ਼ੇਖਿਯੇ।
ਬਲ ਕੋ ਲਗਾਇ, ਬਾਨ ਪਾਹਨ ਚਲਾਇ ਜੈਸੇ ਤੈਸੇ ਗੋਪੀਚੰਦ ਤੁਮ ਕੌਤਕ ਕੋ ਦੇਖਿਯੇ।
ਭੰਗਰ, ਸੁਰਤ ਸਿੱਧ, ਝੰਗਰ, ਨਿਰਤ ਸਿੱਧ, ਲੰਗਰ, ਕਨਕ, ਸ਼ੰਭੂਨਾਥ ਕੇਤੇ ਲੇਖਿਯੇ।
ਰਿਦੇ ਰਿਸ ਖਾਈ ਮਿਰਗਾਨੀ ਜੇ ਉਡਾਈ ਸਭਿ ਕਾਹੂੰ ਨੈ ਬਿਰਾਗਣਿ ਚਲਾਈ ਨਭ ਪੇਖਿਯੇ॥੨੪॥

ਗੁਰੂ ਜੀ ਇਨ੍ਹਾਂ ਤੋਂ ਛੋਟੇ ਨਹੀਂ ਹਨ, ਉਹ ਕਦੇ ਹਾਰ ਨਹੀਂ ਸਕਦੇ, ਇਹ ਜਿਹੜੇ ਵੱਡੇ ਹੰਕਾਰੀ ਹਨ, ਸ਼ਰਮਿੰਦੇ ਹੋ ਕੇ ਪਿਛਾਂਹ ਹੱਟ ਜਾਣਗੇ, ਹੇ ਗੋਪੀਚੰਦ! ਤੁਸੀਂ ਕੌਤਕ ਵੇਖੋ, ਪੱਥਰ ਨੂੰ ਤੀਰ ਮਾਰਨ ਵਾਂਗ ਸਿੱਧ ਆਪਣੀ ਸ਼ਕਤੀ ਦੱਸਣਗੇ। ਤੰਗਰ, ਸੁਰਤ ਸਿੱਧ, ਝੰਗਰ, ਨਿਰਤ ਸਿੱਧ, ਲੰਗਰ, ਕਨਕ, ਸੰਭੂਨਾਥ ਆਦਿ ਸਿੱਧ ਵੇਖ ਲਵੋ। ਗੁੱਸੇ ਵਿਚ ਆ ਕੇ, ਕਿਸੇ ਮ੍ਰਿਗ ਦੀ ਖੱਲ, ਕਿਸੇ ਬਿਰਾਗਣ, ਕਿਸੇ ਨੇ ਕੁਝ ਅਕਾਸ਼ ਵਿਚ ਛੱਡ ਦਿੱਤੀਆਂ ਹਨ, ਤੁਸੀਂ ਇਨ੍ਹਾਂ ਨੂੰ ਵੇਖੋ॥ ੨੪॥

ਸਿੰਙੀ ਕੋ ਬਜਾਇ, ਹਾਥ ਤਜਾਗ ਕੈ ਭ੍ਰਮਾਇ ਡੰਡਾ, ਸੇਜ ਸਭਿ ਆਪਨੀ ਅਕਾਸ਼ ਮੈ ਉਡਾਈਯਾ।
ਮੁੰਦਾ ਪੁਨ ਫਰੂਆ ਜੇ ਸੁੰਕਤੀ ਵਿਰਤਿ ਕੇਤੀ ਜੇਤੋ ਜੇਤੋ ਜੋਰ ਤੇਤੋ ਤਹਾਂ ਸਭਿ ਲਾਈਯਾ।

ਰਿਦੈ ਗਰਬਾਇ ਨਿਜ ਸ਼ਕਤਿ ਲਗਾਇ ਸਿੱਧ ਪੰਖੀ ਜਯੋਂ ਫਿਰਤਿ, ਅਸਮਾਨ ਰਹਯੋ ਛਾਈਯਾ।
ਨਾਨਕ ਜੀ ਤੂਸ਼ਨ ਕੋ ਧਾਰਿ ਕਰਿ ਬੈਸ ਰਹੇ ਦੇਖਤਿ ਤਮਾਸ਼ੋ ਪੈ ਨ ਵਾਕ ਕੋ ਅਲਾਈਯਾ॥੨੫॥

ਸਿੰਗੀ ਵਜਾ ਕੇ ਹੱਥੋਂ ਛੱਡ ਕੇ ਡੰਡੇ ਨੂੰ ਭਵਾਉਂਦੇ ਹਨ। ਆਪਣੀ ਸਾਰੀ ਸਮੱਗਰੀ ਉਨ੍ਹਾਂ ਅਕਾਸ਼ ਵਿਚ ਉਡਾਅ ਦਿੱਤੀ ਹੈ। ਮੁੰਦਰਾਂ ਤੇ ਠੂਠੇ ਸੂਕਦੇ ਫਿਰਦੇ ਹਨ, ਜਿੰਨਾ ਕਿਸ ਵਿਚ ਜ਼ੋਰ ਹੈ, ਉਤਨਾ ਜ਼ੋਰ ਹੀ ਉਹ ਲਾ ਦਿੱਤਾ ਹੈ। ਹਿਰਦੇ ਵਿਚ ਹੰਕਾਰ ਕਰਕੇ ਆਪਣੀ ਸਾਰੀ ਸ਼ਕਤੀ ਲਾ ਕੇ ਪੰਛੀਆਂ ਵਾਂਗ ਸਿੱਧਾ ਅਸਮਾਨ ਵਿਚ ਫਿਰ ਰਹੇ ਹਨ। ਗੁਰੂ ਨਾਨਕ ਦੇਵ ਜੀ ਚੁਪ ਧਾਰ ਕੇ ਬੈਠ ਰਹੇ, ਸਾਰਾ ਤਮਾਸ਼ਾ ਵੇਖ ਕੇ ਉਨ੍ਹਾਂ ਕੋਈ ਬਚਨ ਨਹੀਂ ਕੀਤਾ ਹੈ॥ ੨੫॥

ਜਾਨਯੋ ਸਭਿ ਸਿੱਧ-ਅਬ ਡਰਯੋ ਉਰ ਮਾਂਹਿ ਇਹ, ਦੂਨੋ ਗਰਬਾਇ ਚਾਇ ਚਿੱਤ ਮੈਂ ਬਢਾਯੋ ਹੈ।
ਆਇਕੈ ਨਿਕਟਿ ਬੋਲੈਂ ਬਚਨ ਬਿਕਟ ਤਬ 'ਦੇਖਿ ਸਭਿ ਸਿੱਧਨ ਕੀ ਸਿਧਿ ਜੋ ਲਗਾਯੋ ਹੈ।
ਸੀਖ ਲੀਨੇ ਬੋਲ ਮੇਰੇ ਤੇਰੇ ਪਾਸ ਬੈਸ ਕਰਿ, ਤਪਾ ਕੇ ਕਹਾਇ ਜਗ ਰਿਦੈ ਗਰਬਾਯੋ ਹੈ।
ਮਾਨਤਿ ਨ ਬਾਤ ਸਮਝਾਯੋ ਭਲੀ ਭਾਂਤਿ, ਅਬ ਦੇਖੀ ਕਰਾਮਾਤ ਤੋਹਿ ਤੂਸ਼ਨ ਕਰਾਯੋ ਹੈ॥੨੬॥

ਸਾਰੇ ਸਿੱਧਾਂ ਨੇ ਜਾਣ ਲਿਆ, ਹੁਣ ਹਿਰਦੇ ਵਿਚ ਬਹੁਤ ਡਰਦੇ ਹਨ। ਦੂਗਣਾ ਹੰਕਾਰ ਚਿਤ ਵਿਚ ਵਧਾਇਆ ਹੈ। ਗੁਰੂ ਜੀ ਦੇ ਨੇੜੇ ਆ ਕੇ ਡਰਾਉਣੇ ਸ਼ਬਦ ਬੋਲਦੇ ਹਨ, "ਸਿੱਧਾਂ ਦੀ ਸਿੱਧੀ ਵੇਖ ਲਵੋ ਜੋ ਉਨ੍ਹਾਂ ਨੇ ਵਿਖਾਈ ਹੈ। ਤੇਰੇ ਪਾਸ ਬੈਠਦੇ ਹਾਂ, ਮੇਰੇ ਬੋਲ ਸਿੱਖ ਲਵੋ, ਤਪਾ ਕਹਾਉਂਦਾ ਹੈਂ ਅਤੇ ਹਿਰਦੇ ਵਿਚ ਬੜਾ ਹੰਕਾਰ ਕਰਦਾ ਹੈਂ। ਅਸੀ ਤੈਨੂੰ ਚੰਗੀ ਤਰ੍ਹਾਂ ਸਮਝਾਇਆ ਸੀ, ਤੂੰ ਸਾਡੀ ਗੱਲ ਮੰਨੀ ਨਹੀਂ, ਹੁਣ ਤੇਰੀ ਕਰਾਮਾਤ ਵੇਖ ਲਈ ਹੈ, ਚੁੱਪ ਕਰਵਾ ਕੇ ਬਿਠਾ ਦਿੱਤਾ ਹੈ॥ ੨੬॥

ਅਜਹੂੰ ਲੋ ਸਿੱਧ ਬੇਖ ਲੇਹੁ ਨਿਰਵਾਰੋ ਹਠ ਗੋਰਖ ਕੇ ਚੇਲੇ ਹੋਇ ਮੁੰਦਾ ਕਾਨ ਪਾਈਯੇ।
ਸਭਿ ਕੇ ਸਮਾਨ ਬਨ ਜੋਗ ਕੋ ਨਿਧਾਨ ਹੋਵੈ, ਬਚਨ ਕੋ ਮਾਨਿ ਕੈ ਬਿਭੂਤ ਤਨ ਲਾਈਯੇ।
ਜਰਾ ਦੁਖ ਜਾਹਿ, ਰਹੋ ਸਿੱਧਨ ਕੇ ਮਾਂਹਿ ਸਦਾ, ਕਲਾਵਾਨ ਹੋਇਕੈ ਜਗਤ ਤੇ ਪੁਜਾਈਯੇ।
ਕੈਤੋ ਚੇਲੋ ਹੁੱਜੈ, ਨਾਤੋ ਸ਼ਕਤਿ ਦਿਖੱਯੈ ਅਬ, ਦੋ ਮੈਂ ਏਕ ਕੱਯੈ, ਨਿਜ ਪ੍ਰਾਨ ਕੋ ਬਚਾਈਯੇ'॥੨੭॥

ਅੱਜ ਹੀ ਸਿੱਧਾਂ ਵਾਲਾ ਭੇਸ ਧਾਰਨ ਕਰ ਲਵੋ, ਹਠ ਛੱਡੋ, ਗੋਰਖ ਦੇ ਚੇਲੇ ਹੋ ਕੇ ਕੰਨਾਂ ਵਿਚ ਮੁੰਦਰਾਂ ਪਾ ਲਵੋ। ਸਭ ਵਰਗਾ ਬਣ ਕੇ ਜੋਗ ਦਾ ਖਜ਼ਾਨਾ ਬਣੋ, ਸਾਡੀ ਗੱਲ ਮੰਨ ਕੇ ਤਨ ਤੇ ਸਵਾਹ ਮਲ ਲਵੋ। ਬੁਢੇਪੇ ਦਾ ਦੁੱਖ ਜਾਂਦਾ ਰਹੇਗਾ, ਸਦਾ ਸਿੱਧਾਂ ਦੇ ਵਿਚ ਰਹੋ, ਕਲਾਵਾਨ ਹੋ ਕੇ ਜਗਤ ਤੋਂ ਪੂਜਾ ਕਰਵਾਉ। ਜਾਂ ਤਾਂ ਚੇਲਾ ਹੋ ਜਾ, ਨਹੀਂ ਤਾਂ ਆਪਣੀ ਸ਼ਕਤੀ ਦਿਖਾਉ, ਆਪਣੇ ਪ੍ਰਾਣ ਬਚਾਉਣ ਵਾਸਤੇ ਦੋਵਾਂ ਵਿਚੋਂ ਇਕ ਕੰਮ ਕਰੋ"॥ ੨੭॥

ਸੁਨੇ ਅਸ ਬੈਨ, ਮੁਸਕਾਨੇ ਗਤਿ ਦੈਨ ਸਭਿ ਸ਼ਕਤਿ ਕੇ ਐਨ, ਬੋਲੇ ਸਹਜ ਸੁਭਾਇਕੈ।
'ਕੋਸ ਤੂੰ ਹਮਾਰੀ ! ਅਬ ਹੋਈਯੇ ਅਕਾਸ਼ ਚਾਰੀ, ਆਨ ਤੂੰ ਉਤਾਰੀ, ਨਿਜ ਬਲ ਦਿਖਰਾਇਕੈ'।
ਸੁਨੇ ਜਬ ਵਾਕ ਤਾਤਕਾਲ ਅਸਮਾਨ ਗਈ, ਸਿੱਧਨ ਕੀ ਸ਼ਕਤਾ ਜੁ ਦਈ ਬਿਚਲਾਇਕੈ।
ਜੈਸੇ ਹ੍ਵੈ ਬਟੇਰਾ ਤਿਹ ਪਾਛੈ ਬਾਜ ਛੋਰਾ, ਤੈਸੇ ਤਰੇ ਸਭਿ ਕਰੇ, ਰਹੀ ਊਪਰ ਸੁਹਾਇਕੈ॥੨੮॥

ਇਸ ਤਰ੍ਹਾਂ ਦੇ ਸ਼ਬਦ ਸੁਣ ਕੇ, ਮੁਕਤੀਦਾਤੇ ਮੁਸਕਰਾਏ, ਸਾਰੀਆਂ ਸ਼ਕਤੀਆਂ ਦੇ ਘਰ, ਸਹਿਜ ਸੁਭਾਅ ਬੋਲੇ, "ਸਾਡੀ ਇਕ ਖੜਾਵ ਹੁਣ ਹਵਾ ਵਿਚ ਵਿਚਰਨ ਵਾਲੀ ਹੈ, ਹੁਣ ਆਪਣਾ ਬਲ ਵਿਖਾ ਕੇ ਇਸ ਨੂੰ ਉਤਾਰ ਕੇ ਥੱਲੇ ਲਿਆਵੋ।" ਜਦ ਇਹ ਵਾਕ ਸੁਣੇ ਤਾਂ ਖੜਾਵ ਤੁਰੰਤ ਅਸਮਾਨ ਵਿਚ ਚਲੇ ਗਈ। ਸਿੱਧਾਂ ਦੀਆਂ ਸਾਰੀਆਂ ਸ਼ਕਤੀਆਂ ਖਿੰਡਾ ਦਿੱਤੀਆਂ। ਜਿਵੇਂ ਬਟੇਰੇ ਦੇ ਪਿਛੇ ਬਾਜ਼ ਛੱਡਿਆ ਹੋਵੇ, ਇਸ ਤਰ੍ਹਾਂ ਸਭ ਹੇਠਾਂ ਹੀ ਰਹੇ ਤੇ ਖੜਾਵ ਉਪਰ ਸੋਭਾ ਪਾ ਰਹੀ ਸੀ॥ ੨੮॥

ਕਬਿੱਤ- ਕਾਇਰ ਪੈ ਸੂਰ ਔਰ ਕੁਰੰਗ ਸ਼ਾਰਦੂਰ ਜੈਸੇ, ਹੋਇ ਨਾਗ ਭੂਰ ਤਾਂਪੈ ਖਗਪਤਿ ਜਾਤਿ ਹੈ।
ਲੱਛ ਪਰ ਬਾਨ, ਅਗਜਾਨ ਪੈ ਸੁ ਗਜਾਨ ਜੈਸੇ, ਕਰੁਨਾ ਨਿਧਾਨ ਸੰਤ ਦੋਖੀ ਪੈ ਰਿਸਾਤ ਹੈ।
ਪਾਪਨ ਪੈ ਨਾਂਮ ਜਾਪ, ਦ੍ਵੈਤ ਪੈ ਭਗਤਿ ਜੈਸੇ, ਅਜਾ ਕੇ ਨਿਕਟ ਬ੍ਰਿਕ ਜਾਤਿ, ਨ ਡਰਾਤ ਹੈ।
ਤੈਸੇ ਕੌਸ ਧਾਇ ਬਿਚਲਾਇ ਕੈ ਸ਼ਕਤਿ ਸਭਿ, ਮਾਰ ਮਾਰ ਡਾਰੈ ਕੋਊ ਧੀਰ ਨ ਧਰਾਤਿ ਹੈ ॥੨੯॥

ਜਿਵੇਂ ਸੂਰਮਾ ਕਾਇਰ ਉੱਤੇ, ਸ਼ੇਰ ਹਿਰਨ ਉੱਤੇ ਅਤੇ ਸੱਪ ਉੱਤੇ ਗਰੜ ਭਾਰੂ ਹੈ, ਨਿਸ਼ਾਨੇ ਤੇ ਜਿਵੇਂ ਤੀਰ, ਅਗਿਆਨ ਤੇ ਗਿਆਨ ਅਤੇ ਕਿਰਪਾਲੂ ਪਰਮੇਸ਼ਵਰ ਸੰਤ ਦੋਖੀਆਂ ਦਾ ਨਾਸ਼ ਕਰਦਾ ਹੈ। ਜਿਵੇਂ ਪਾਪਾਂ ਉੱਤੇ ਨਾਮ ਦਾ ਜਾਪ, ਦ੍ਵੈਤ ਉੱਤੇ ਭਗਤੀ, ਬੱਕਰੀ ਨਜ਼ਦੀਕ ਬਘਿਆੜ ਜਾ ਕੇ ਡਰਦਾ ਨਹੀ, ਉਸ ਤਰ੍ਹਾਂ ਖੜਾਵਾਂ ਨੇ ਜਾ ਕੇ ਸਾਰੀਆਂ ਸ਼ਕਤੀਆਂ ਨੂੰ ਵੇਖ ਕਰਕੇ ਸਿੱਧਾਂ ਨੂੰ ਮਾਰ-ਮਾਰ ਸੁੱਟ ਦਿੱਤਾ, ਕੋਈ ਧੀਰਜ ਨਹੀ ਧਰਦਾ ਸੀ॥ ੨੯॥

ਜਾਂਕੀ ਜਾਂਕੀ ਸ਼ਕਤਿ ਥੀ ਤਾਂਕੇ ਆਗੇ ਜਾਇ ਪਰੀ, ਨੀਚੇ ਨੈਨ ਲੱਜਤਿ ਹ੍ਵੈ ਊਚੇ ਨ ਨਿਹਾਰੀਯਾ।
ਰਾਰ ਮੈਂ ਪਰਾਜੈ ਹੋਇ ਸੂਰ ਜਿਉਂ ਲਜਾਇ ਜਾਤਿ ਭਏ ਮੁਖ ਤੂਸ਼ਨ ਨ ਬੈਨ ਕੋ ਉਚਾਰੀਯਾ।
ਗੋਪੀ ਚੰਦ, ਭਰਥਰੀ, ਮੰਗਲ ਤੇ ਆਦਿ ਜੇਤੇ ਹੀਯ ਮੈਂ ਹੁਲਾਸੇ ਹਸੈਂ ਦੇਵੈਂ ਕਰ ਤਾਰੀਯਾ।
ਐਸੀ ਹੋਇ ਬਿਨ ਨਹੀਂ ਰਹਿਤ ਬਿਕਲ ਮਨ ਜੈਸੀ ਬਿਧਿ ਜੋਗ ਹੁਤੇ ਤੈਸੇ ਈ ਦਿਖਾਰੀਯਾ ॥੩੦॥

ਜਿਸ ਜਿਸ ਦੀ ਸ਼ਕਤੀ ਸੀ ਉਸ ਦੇ ਅੱਗੇ ਜਾ ਪਈ,- ਸਿੱਧਾਂ ਨੇ ਸ਼ਰਮ ਨਾਲ ਨੈਣ ਨੀਵੇਂ ਕੀਤੇ ਹੋਏ ਸਨ, ਕਿਸੇ ਨੇ ਉਪਰ ਵੱਲ ਨਾ ਵੇਖਿਆ, ਝਗੜੇ ਵਿਚ ਸਾਰਿਆਂ ਦੀ ਹਾਰ ਹੋਈ, ਸੂਰਮੇਂ ਲਜਿਤ ਹੋ ਕੇ ਜਾ ਰਹੇ ਸਨ, ਸਾਰੇ ਚੁੱਪ ਸਨ, ਮੁਖ ਤੋਂ ਕੋਈ ਵੀ ਬੋਲ ਨਹੀ ਸੀ ਰਿਹਾ। ਗੋਪੀ ਚੰਦ ਭਰਥਰੀ, ਮੰਗਲ ਆਦਿ ਜਿੰਨੇ ਵੀ ਸਨ, ਬੜੇ ਪ੍ਰਸੰਨ ਹੋ ਕੇ ਹੱਸ ਰਹੇ ਸਨ ਅਤੇ ਹੱਥਾਂ ਨਾਲ ਤਾਲੀਆਂ ਮਾਰ ਰਹੇ ਸਨ। ਏਨੀ ਹੋਣ ਤੋਂ ਬਗੈਰ ਸਿੱਧਾਂ ਦੇ ਚੰਚਲ ਮਨ ਟਿਕਦੇ ਨਹੀ ਸਨ। ''ਜੈਸੀ ਵਿਧੀ ਲਾਇਕ ਜੋਗੀ ਸਨ, ਤੈਸੀ ਹੀ ਗੁਰੂ ਜੀ ਨੇ ਕਰ ਵਿਖਾਈ''॥ ੩੦॥

ਸ੍ਵੈਯਾ- ਮੰਗਲ ਭਾਖਤਿ 'ਗੋਰਖ ਨਾਥ ਜੀ! ਦੇਖਜੋ ਤਪਾ ਤੁਮ ਕੈਸੋ ਹੈ ਸੋਊ।
ਬਾਦ ਸੋ ਰਾਰ ਕਰੀ ਤਿਹ ਸੌਂ ਜਿਨ ਲੱਜਤਿ ਭੇ ਨਹਿਂ ਬੋਲਤਿ ਕੋਊ।
ਆਪਨੇ ਮਾਨ ਮੈਂ ਫੂਲਤਿ ਕਾਇਰ ਜੋ ਲਗ ਸੂਰ ਨ ਸਾਮੁਹਿ ਹੋਊ।
ਤਾਰੇ ਪ੍ਰਕਾਸ਼ ਕਰੈਂ ਤਮ ਮੈਂ ਰਵਿ ਹੋਤਿ ਉਦੈ ਪੁਨ ਨਾ ਪ੍ਰਗਟੋਊ' ॥੩੧॥

ਮੰਗਲ ਨੇ ਕਿਹਾ, ''ਹੇ ਗੋਰਖ ਨਾਥ ਜੀ! ਤਪਾ ਤੁਸੀਂ ਵੇਖਿਆ ਹੈ, ਕਿਸ ਤਰ੍ਹਾਂ ਦਾ ਹੈ, ਵਿਵਾਦ ਕਰਕੇ ਉਸ ਨਾਲ ਝਗੜਾ ਕੀਤਾ, ਉਹ ਹੁਣ ਏਨੇ ਸ਼ਰਮਿੰਦੇ ਹੋ ਗਏ ਹਨ ਕਿ ਕੋਈ ਬੋਲਦਾ ਹੀ ਨਹੀ। ਕਾਇਰ ਆਪਣੇ ਹੰਕਾਰ ਨਾਲ ਫੁੱਲੇ ਹੋਏ ਸਨ, ਜਿਨ੍ਹਾਂ ਦੇ ਸਾਹਮਣੇ ਕੋਈ ਸੂਰਮਾ ਨਹੀਂ ਹੁੰਦਾ। ਹਨੇਰੇ ਵਿਚ ਤਾਰੇ ਪ੍ਰਕਾਸ਼ ਕਰਦੇ ਹਨ, ਪਰ ਜਦ ਸੂਰਜ ਚੜ੍ਹਦਾ ਹੈ ਤਾਂ ਫਿਰ ਨਜ਼ਰ ਨਹੀ ਆਉਂਦੇ''॥ ੩੧॥

ਸ੍ਵੈਯਾ- ਗੋਰਖ ਬੈਨ ਭਨੇ ਸੁਨਿ ਕੈ 'ਤੁਮ ਭਾਖਤਿ ਸੌਤਿ ਬੇ ਕੂਰ ਨ ਰਾਈ'।
ਖਿੰਬੜਾ ਆਇ ਗੁਰੂ ਢਿਗ ਤਾਂ ਛਿਨ ਬੈਠ ਗਯੋ ਮੁਖ ਬਾਨੀ ਅਲਾਈ।
'ਜੋਗ ਬਿਨਾ ਮਨ ਸੁੱਧ ਨ ਹੋਵਤਿ ਆਰਸੀ ਜਜੋਂ ਨਹਿਂ ਛਾਰ ਮਲਾਈ।
ਸਾਧਨ ਕੀਨੋ ਹੈ ਕੌਨ ਸੋ ਜੋਗ? ਭਲੀ ਬਿਧਿ ਸੋਂ ਮੁਝ ਦੇਹੁ ਬਤਾਈ' ॥੩੨॥

ਇਹ ਸੁਣ ਕੇ ਗੋਰਖ ਨੇ ਕਿਹਾ, ''ਤੁਸੀਂ ਠੀਕ ਹੀ ਕਹਿੰਦੇ ਸੀ, ਉਸ ਵਿਚ ਰਾਈ ਭਰ ਝੂਠ ਨਹੀ ਸੀ। ਖਿੰਬੜਾ ਨਾਮੀ ਸਿੱਧ ਗੁਰੂ ਜੀ ਪਾਸ ਆ ਕੇ ਬੈਠ ਗਿਆ ਤੇ ਬੋਲਿਆ, ''ਜੋਗ ਬਿਨਾਂ ਮਨ ਸ਼ੁੱਧ ਨਹੀ ਹੁੰਦਾ, ਜਿਵੇਂ ਸੁਆਹ ਦੇ ਮਲੇ ਬਗੈਰ ਜੋਗ ਨਹੀਂ ਹੁੰਦਾ। ਤੁਸੀਂ ਕਿਸ ਸਾਧਨ ਰਾਹੀ ਜੋਗ ਕੀਤਾ ਹੈ? ਇਹ ਭਲੀ ਵਿਧੀ ਮੈਨੂੰ ਵੀ ਦੱਸ ਦੇਵੋ''॥ ੩੨॥

ਕਬਿੱਤ- ਸ੍ਰੀ ਗੁਰੂ ਕਹਤਿ 'ਪ੍ਰਾਣਾਯਾਮ ਕੇ ਕਰਮ ਤੀਨ:-ਪੂਰਕ ਹੈ, ਕੁੰਭਕ, ਔ ਰੇਚਕ, ਬਖਾਨਿਯੇ।
ਸੁਨਿਕੈ ਭਗਤਿ ਭਾਉ ਪੂਰਕ ਕੋ ਕੀਨੋ ਨੀਕੇ, ਨਾਮ ਲਿਵਲਾਈ ਨੀਤ ਕੁੰਭਕ ਪ੍ਰਮਾਨਿਯੇ।
ਤਜੇ ਹੈਂ ਬਿਕਾਰ ਮਨ, ਰੇਚਕ ਬਿਚਾਰ ਲੀਜੇ ਕਲੀਕਾਲ ਬਿਖੈ ਐਸੋ ਜੋਗ ਗਤਿਦਾਨਿਯੇ।
ਖਿੰਬੜਾ ਸੁਨਤਿ ਹਰਿਖਾਇ ਲਪਟਾਇ ਪਗ 'ਤੂੰ ਹੈਂ ਕਰਤਾਰ ਅਵਤਾਰ ਦੰਭ ਹਾਨਿਯੇ ॥੩੩॥

ਸ੍ਰੀ ਗੁਰੂ ਜੀ ਨੇ ਕਿਹਾ, "ਪ੍ਰਾਣਾਯਾਮ ਦੇ ਤਿੰਨ ਕਰਮ ਹਨ, ਪੂਰਕ, ਕੁੰਭਕ ਅਤੇ ਰੇਚਕ ਕਹੇ ਜਾਂਦੇ ਹਨ। ਸਫਲ ਪੂਰਕ ਪ੍ਰਭ ਧੁਨੀ ਸੁਣ ਕੇ ਚੰਗੀ ਪ੍ਰੇਮਾ ਭਗਤੀ ਜਾਗ ਪੈਂਦੀ ਹੈ। ਕੁੰਭਕ ਪ੍ਰਾਣਾਯਾਮ ਕਰਨ ਨਾਲ ਪ੍ਰਭੂ ਦੇ ਨਾਮ ਵਿਚ ਲਿਵ ਲੱਗ ਜਾਂਦੀ ਹੈ, ਇਹ ਪੱਕੀ ਗੱਲ ਮੰਨ ਲਵੋ। ਰੇਚਕ ਪ੍ਰਾਣਾਯਾਮ ਕਰਨ ਨਾਲ ਮਨ ਦੇ ਸਾਰੇ ਵਿਕਾਰ ਮੁੱਕ ਜਾਂਦੇ ਹਨ, ਇਹ ਵਿਚਾਰ ਲਵੋ। ਕਲਿਜੁਗ ਵਿਚ ਐਸੇ ਜੋਗ ਗਤੀਦਾਇਕ ਹੁੰਦੇ ਹਨ।" ਖਿੰਬੜਾ ਇਹ ਸੁਣ ਕੇ ਬੜਾ ਖੁਸ਼ ਹੋਇਆ ਅਤੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ ਅਤੇ ਕਿਹਾ, "ਤੁਸੀਂ ਕਰਤਾਰ ਦੇ ਅਵਤਾਰ ਹੋ ਅਤੇ ਸਾਰੇ ਪਖੰਡਾਂ ਦਾ ਨਾਸ ਕਰਨ ਵਾਲੇ ਹੋ"॥ ੩੩॥

ਊਰਮ ਬਹੁਰ ਆਯੋ ਧੂਰਮ ਹੈ ਸੰਗ ਜਾਂਕੇ, ਬੂਝੇਂ 'ਮਨ ਬਾਸ ਕਹਾਂ, ਪੌਨ ਰਹੈ ਥਾਨ ਕੋ।
ਕੌਨ ਹੈ ਨਰੇਸ਼ ? ਕੌਨ ਸਚਿਵ ? ਬਤਾਇ ਮੋਹਿ, ਕੈਸੇ ਪਰੈ ਬੰਧ ? ਕੈਸੇ ਕੰਧ ਨਹਿ ਹਾਨ ਕੋ ?।
ਕੋ ਹੈ ਗੁਰੂ ? ਚੇਲੋ ਕੌਨ ? ਸੁਖਦਾਈ ਭੌਨ ਕੌਨ ? ਮਾਯਾ ਮੋਹ ਟੂਟੈ ਕੈਸੇ ? ਕਰੀਏ ਬਖਾਨ ਕੋ।
ਲੇਹੁ ਸੀਖ ਗੋਰਖ ਕੀ, ਮਾਨੀਏ ਬਚਨ ਮਮ, ਪਾਈਐ ਪਰਮਪਦ ਜਾਂਕੇ ਨ ਸਮਾਨ ਕੋ' ॥੩੪॥

ਫਿਰ ਊਰਮ ਸਿੱਧ ਆਪਣੇ ਸਾਥੀ ਧੂਰਮ ਨੂੰ ਨਾਲ ਲੈ ਕੇ ਆਇਆ ਅਤੇ ਪੁਛਣ ਲੱਗੇ, "ਮਨ ਦਾ ਕਿੱਥੇ ਵਾਸ ਹੈ ? ਪੌਣ ਕਿਸ ਥਾਂ ਰਹਿੰਦੀ ਹੈ ? ਰਾਜਾ ਕੌਣ ਹੈ ਤੇ ਉਸ ਦਾ ਮੰਤਰੀ ਕੌਣ ਹੈ, ਇਹ ਸਾਨੂੰ ਦੱਸੋ ਕਿ ਫਾਹੀ ਕਿਵੇਂ ਪੈਂਦੀ ਹੈ ? ਹਾਨੀ ਦਾ ਨਾਸ ਕਿਵੇਂ ਹੋਵੇ ? ਗੁਰੂ ਕੌਣ ਹੈ, ਚੇਲਾ ਕੌਣ ਹੈ, ਸੁਖਦਾਈ ਭਵਨ ਕਿਹੜਾ ਹੈ, ਮਾਇਆ ਮੋਹ ਕਿਵੇਂ ਖਤਮ ਹੁੰਦਾ ਹੈ, ਇਸ ਬਾਰੇ ਸਾਨੂੰ ਦੱਸੋ। ਗੋਰਖ ਦੀ ਸਿੱਖਿਆ ਲਵੋ, ਮੇਰੀ ਗੱਲ ਮੰਨੋ, ਉਸ ਬਰਾਬਰ ਪਰਮ ਪਦ ਪਾਓ" ॥ ੩੪॥

'ਰਿਦੇ ਮਨ ਬਾਸ ਜਾਨਿ, ਨਾਭਿ ਬਿਖੈ ਪੌਨ ਥਾਨ, ਮਨ ਹੈ ਨਰੇਸ਼, ਪ੍ਰਾਨ ਸਚਿਵ ਬਖਾਨਿਯੇ।
ਬਿਖੈ ਕੇ ਬਿਕਾਰ ਰਚਿ ਬੰਧਨ ਪਰਤਿ ਜੀਉ, ਦਸੈਂ ਦਰ ਪੌਨ ਰਹੈ, ਕੰਧ ਨਹਿ ਹਾਨਿਯੇ।
ਗੁਰੂ ਹੈ ਸ਼ਬਦ ਧੁਨਿ, ਚੇਲਾ ਹੈ ਸੁਰਤਿ ਤਿਹ, ਧਾਮ ਸੁਖਦਾਈ ਤੁਰੀ ਪਦਵੀ ਪ੍ਰਮਾਨਿਯੇ।
ਗਯਾਨ ਹੋਇ ਆਵੈ ਮਾਯਾ ਮੋਹ ਟੂਟ ਜਾਵੈ ਤਬ, ਦੇਵੋਂ ਸੀਖ ਸਿੱਧਨ ਸਭਿਨਿ ਪਹਿਚਾਨਿਯੇ ॥੩੫॥

"ਮਨ ਦਾ ਹਿਰਦੇ ਵਿਚ ਵਾਸਾ ਜਾਣੋ, ਧੁੰਨੀ ਵਿਚ ਹਵਾ ਰਹਿੰਦੀ ਹੈ, ਮਨ ਰਾਜਾ ਹੈ ਅਤੇ ਪ੍ਰਾਣ ਮੰਤਰੀ ਹੈ। ਵਿਸ਼ੇ ਵਿਕਾਰਾਂ ਵਿਚ ਰਚ ਕੇ ਜੀਉ ਬੰਧਨਾਂ ਵਿਚ ਪੈਂਦਾ ਹੈ, ਦਸਵੇਂ ਦੁਆਰ ਪੌਣ ਰਹੇ ਤਾਂ ਸਰੀਰ ਦਾ ਨਾਸ਼ ਨਹੀਂ ਹੁੰਦਾ। ਸ਼ਬਦ ਗੁਰੂ ਹੈ ਅਤੇ ਸੁਰਤ ਇਸ ਦਾ ਚੇਲਾ ਹੈ। ਸੁਖਦਾਈ ਘਰ ਤੁਰੀਆ ਪਦ ਸਮਝ ਲਓ। ਜਦ ਮਨ ਅੰਦਰ ਗਿਆਨ ਹੋ ਜਾਂਦਾ ਹੈ ਤਾਂ ਮਾਇਆ ਦਾ ਮੋਹ ਟੁੱਟ ਜਾਂਦਾ। ਮੈਂ ਸਾਰੇ ਸਿੱਧਾਂ ਨੂੰ ਇਹ ਸਿੱਖਿਆ ਦਿੰਦਾ ਹਾਂ, ਤੁਸੀਂ ਪਹਿਚਾਣ ਲਵੋ" ॥ ੩੫॥

ਸ੍ਵੈਯਾ- ਧੰਗਰ ਪੂਛਤਿ ਸ੍ਰੀ ਗੁਰ ਸੋਂ 'ਤੁਝ ਕੌਨ ਪਿਤਾ, ਕਹੁ ਕੋ ਮਹਿਤਾਰੀ?।
ਜੋਗੀ ਕਿ ਭੋਗੀ ਕਿ ਸੋਗੀ ਕਿਧੋਂ ਹਰਖੀ ਰਹਿ ਹੋ? ਕਹੁ ਸਾਚ ਉਚਾਰੀ।
ਕੋ ਪਰਕਾਸ਼ ਜੰਜਾਰ ਮਿਟਾ, ਪੁਨ ਕਾਹਿਤੇ ਉੱਜਲ ਬੁੱਧਿ ਤੁਮਾਰੀ?।
ਗੋਰਖ ਕੇ ਉਪਦੇਸ਼ ਲੀਏ ਜਗ ਦੇਹਿ ਅਜੀਤ ਰਹੇ ਨਹਿ ਹਾਰੀ' ॥੩੬॥

ਧੰਗਰ ਸਿੱਧ ਨੇ ਗੁਰੂ ਜੀ ਨੂੰ ਪੁਛਿਆ, "ਤੁਹਾਡਾ ਕੌਣ ਪਿਤਾ ਹੈ ? ਅਤੇ ਕੌਣ ਮਾਤਾ ਹੈ ? ਕੀ ਜੋਗੀ ਹੋ, ਭੋਗੀ ਹੋ,

ਜੋਗੀ ਹੋ ਕਿ ਪ੍ਰਸੰਨ ਰਹਿਣ ਵਾਲੇ ਹੋ, ਸਾਨੂੰ ਸੱਚੀ ਗੱਲ ਦੱਸੋ। ਕਿਸ ਪ੍ਰਕਾਸ਼ ਨਾਲ ਦੁਨੀਆਂ ਦੇ ਜੰਜਾਲ ਮਿਟ ਜਾਂਦੇ ਹਨ, ਕਿਸ ਕਾਰਨ ਤੁਹਾਡੀ ਬੁੱਧੀ ਏਨੀ ਉੱਜਲ ਹੈ? ਗੋਰਖ ਦਾ ਉਪਦੇਸ਼ ਲਵੋ, ਜਗਤ ਵਿਚ ਤੁਹਾਡੀ ਦੇਹ ਅਜਿਤ ਰਹੇਗੀ, ਕਦੇ ਹਾਰੇਗੀ ਨਹੀਂ'॥ ੩੬॥

ਪੰਕਜ ਲੋਚਨ ਬੈਨ ਕਹੇ 'ਪਿਤ ਮੋਹਿ ਸੰਤੋਖ, ਖਿਮਾ ਸ਼ੁਭ ਮਾਈ।
ਭੋਗ ਮੈਂ ਜੋਗ ਨ ਸੋਗ ਕਰਉਂ, ਹਰਖੋਂ ਨਹਿੰ, ਨੀਰ ਜਿਉਂ ਕੰਜ ਰਹਾਈ।
ਜੰਜਾਰ-ਉਂਕਾਰ ਪ੍ਰਕਾਸ਼ ਮਿਟੇ, ਗੁਰ ਕੋ ਮਿਲ ਉੱਜਲ ਬੁੱਧਿ ਸੁਹਾਈ।
ਗੋਰਖ ਤੇ ਸੰਗ ਐ ਸਭਿ ਹੀ ਸਿੱਧ ਦੇਵਹੁਗੋ ਉਪਦੇਸ਼ ਬਨਾਈ'॥ ੩੭॥

ਕਮਲ ਨੈਣ ਭਾਵ ਗੁਰੂ ਜੀ ਨੇ ਬਚਨ ਕੀਤੇ, "ਸੰਤੋਖ ਮੇਰਾ ਪਿਤਾ ਹੈ ਅਤੇ ਖਿਮਾਂ ਮੇਰੀ ਮਾਤਾ ਹੈ। ਗ੍ਰਹਿਸਤ ਵਿਚ ਜੋਗੀ ਹਾਂ, ਪਰ ਗ੍ਰਹਿਸਤੀ ਨੂੰ ਸੋਗ ਪੈਂਦੇ ਹਨ, ਪਰ ਅਸੀਂ ਸੋਗ ਨਹੀਂ ਕਰਦੇ। ਗ੍ਰਹਿਸਤੀ ਨੂੰ ਧਨ, ਇਸਤਰੀ, ਇਜ਼ਤ ਅਤੇ ਤਾਕਤ ਦੀ ਖੁਸ਼ੀ ਹੁੰਦੀ ਹੈ, ਉਹ ਖੁਸ਼ੀ ਅਸੀਂ ਨਹੀਂ ਕਰਦੇ, ਅਸੀਂ ਦੁਨੀਆਂ ਵਿਚ ਕੰਵਲ ਵਾਂਗ ਨਿਰਲੇਪ ਰਹਿੰਦੇ ਹਾਂ। ਓਂਕਾਰ ਦੇ ਪ੍ਰਕਾਸ਼ ਨਾਲ ਸਾਰੇ ਜੰਜਾਲ ਮਿਟ ਜਾਂਦੇ ਹਨ। ਗੁਰੂ ਨੂੰ ਮਿਲ ਕੇ ਉੱਜਲ ਬੁੱਧੀ ਸੋਭਦੀ ਹੈ। ਗੋਰਖ ਅਤੇ ਸਾਰੇ ਸੰਗੀ ਸਿੱਧਾਂ ਨੂੰ ਮੈਂ ਚੰਗੀ ਤਰ੍ਹਾਂ ਉਪਦੇਸ਼ ਦੇਵਾਂਗਾ"॥ ੩੭॥

ਦੋਹਰਾ- ਪੁਨ ਗੋਰਖ ਸਮਝੀ ਰਿਦੈ-ਅਧਿਕ ਬਿਭੂਤ ਦਿਖਾਇ।
ਆਨੌਂ ਨਿਜ ਮਾਰਗ ਵਿਖੈ ਮਾਨਿਹ ਮਨਿਹ ਲੁਭਾਇ॥ ੩੮॥

ਗੋਰਖ ਨੇ ਫਿਰ ਹਿਰਦੇ ਵਿਚ ਸਮਝ ਕੇ, ਵਾਧੂ ਸਵਾਹ ਆਪਣੇ ਸਰੀਰ ਨੂੰ ਮਲ ਲਈ ਅਤੇ ਇਹ ਸੋਚਿਆ ਕਿ ਮੈਂ ਗੁਰੂ ਨਾਨਕ ਜੀ ਨੂੰ ਮਨਾ ਕੇ ਆਪਣੇ ਪੰਥ ਵਿਚ ਲੈ ਆਵਾਂਗਾ, ਅਤੇ ਮਨ ਹੀ ਮਨ ਵਿਚ ਬੜਾ ਲਲਚਾਇਆ॥ ੩੮॥

ਖੱਪਰ ਦਿੱਤਾ ਨਾਥ ਨੇ 'ਬਾਲੇ! ਤਾਲ ਬਿਲੋਕਿ।
ਪਾਨੀ ਆਨਹੁ ਤਹਾਂ ਤੇ ਹੂਜੇ ਸਦਾ ਅਸ਼ੋਕ'॥ ੩੯॥

ਗੋਰਖ ਨਾਥ ਨੇ ਗੁਰੂ ਜੀ ਨੂੰ ਇਕ ਖੱਪਰ ਦਿੱਤਾ ਅਤੇ ਕਿਹਾ, "ਬਾਲਕੇ ! ਔਹ ਸਰੋਵਰ ਵੇਖੋ। ਓਥੋਂ ਪਾਣੀ ਲਿਆਵੇਂ ਤੇ ਸਦਾ ਲਈ ਦੁਖ-ਰਹਿਤ ਹੋ ਜਾਵੇਂ"॥ ੩੯॥

ਲੇ ਕਰਿ ਗਮਨੇ ਤਾਲ ਢਿਗ ਮਾਣਿਕ ਲਾਲ ਬਿਸਾਲ।
ਪੂਰਨ ਸਰ ਅਵਿਲੋਕ ਕੈ ਠਾਂਢੇ ਰਹੇ ਕ੍ਰਿਪਾਲ॥ ੪੦॥

ਗੁਰੂ ਜੀ ਖੱਪਰ ਲੈ ਕੇ ਸਰੋਵਰ ਦੇ ਨੇੜੇ ਗਏ ਅਤੇ ਵੇਖਿਆ ਉਸ ਵਿਚ ਬੇਅੰਤ ਰਤਨ ਜਵਾਹਰ ਸਨ। ਸਾਰੇ ਸਰੋਵਰ ਨੂੰ ਵੇਖ ਕੇ ਗੁਰੂ ਜੀ ਕਿਨਾਰੇ 'ਤੇ ਖੜੇ ਰਹੇ॥ ੪੦॥

ਜਗਮਗ ਜਗਮਗ ਕਰਤਿ ਹੈਂ ਤਹਾਂ ਜਵਾਹਿਰ ਭੂਰ।
ਗੋਰਖ ਕੋ ਛਲ ਜਾਨਿਕੈ ਹਟਿ ਆਏ ਜਗ ਮੂਰ॥ ੪੧॥

ਓਥੇ ਬਹੁਤ ਹੀਰੇ ਜਵਾਹਰਾਤ ਜਗਮਗ ਕਰਦੇ ਚਮਕ ਰਹੇ ਸਨ। ਗੋਰਖ ਦਾ ਇਹ ਛਲ ਸਮਝ ਕੇ ਜੱਗ ਦੇ ਮੂਲ ਭਾਵ ਗੁਰੂ ਜੀ ਵਾਪਿਸ ਆ ਗਏ॥ ੪੧॥

ਕਹਜੋ ਆਨ 'ਤਹਿਂ ਨੀਰ ਨਹਿਂ ਖੱਪਰ ਲੇਹੁ ਸਮ੍ਹਾਲ'।
ਬੈਠੇ ਬਹੁਰ ਸਮੀਪ ਹ੍ਵੈ ਸ੍ਰੀ ਗੁਰ ਦੀਨ ਦਯਾਲ॥ ੪੨॥

ਆ ਕੇ ਕਿਹਾ, "ਓਥੇ ਪਾਣੀ ਨਹੀ ਹੈ, ਇਹ ਆਪਣਾ ਖੱਪਰ ਸੰਭਾਲ ਲਵੇ' ਤੇ ਫਿਰ ਗੁਰੂ ਜੀ ਗੋਰਖ ਦੇ ਨੇੜੇ ਬੈਠ ਗਏ॥ ੪੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਚਰਚਾ' ਪ੍ਰਸੰਗ ਬਰਨਨੰ ਨਾਮ ਤ੍ਰੇਹਠਮੋ ਅਧ੍ਯਾਯ॥ ੬੩॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤ੍ਰੇਹਠਵਾਂ ਅਧਿਆਇ, ਜਿਸ ਦਾ ਨਾਮ "ਸਿੱਧਾਂ ਨਾਲ ਚਰਚਾ, ਕੌਸ, ਤਾਲ ਤੇ ਪਾਣੀ" ਹੈ, ਸਮਾਪਤ ਹੋਇਆ॥ ੬੩॥

# ਅਧਿਆਇ ਚੌਹਠਵਾਂ

*ਸਿੱਧਾਂ ਤੋਂ ਵਿਦਾ ਹੋਣਾ।*

ਦੋਹਰਾ- ਮਨ ਮੂਖਕ ਬਿਲ ਬਾਸ਼ਨਾ ਪਕਰੈਂ ਕੌਨ ਉਪਾਇ॥
ਪਾਰਦ ਸ੍ਰੀ ਗੁਰੁ ਪ੍ਰੇਮ ਪਗ ਪਜਾਵਹੁ ਹ੍ਵੈ ਥਿਰ ਥਾਇ॥ ੧॥

ਮਨ ਮਾਨੋ ਚੂਹਾ ਹੈ ਜੋ ਵਾਸ਼ਨਾ ਰੂਪੀ ਖੁੱਡ ਵਿਚ ਭੌਂਜਿਆ ਫਿਰਦਾ ਹੈ। ਇਸ ਨੂੰ ਕਿਸ ਉਪਾਅ ਨਾਲ ਫੜੀਏ ? ਸ੍ਰੀ ਗੁਰੂ ਜੀ ਦੇ ਚਰਨਾਂ ਦਾ ਪ੍ਰੇਮ ਪਾਰੇ ਵਾਂਗੂੰ ਭਾਰਾ ਹੈ, ਇਸ ਨੂੰ ਮਨ ਰੂਪੀ ਚੂਹੇ ਨੂੰ ਪਿਲਾ ਦੇਵੇ, ਤਾਂਕਿ ਇਹ ਟਿਕ ਕੇ ਇਕ ਥਾਂ ਬੈਠ ਜਾਵੇ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਪਚਹਾਰੇ ਸਭਿ ਹੀ ਜਬੈ ਕਿਹ ਬਿਧਿ ਜੀਤ ਨ ਪਾਇ।
ਗੋਰਖ ਚਿੰਤਾਤੁਰ ਭਯੋ-ਹੋਵਤਿ ਬਾਦ ਉਪਾਇ॥ ੨॥

ਭਾਈ ਬਾਲੇ ਨੇ ਕਿਹਾ- ਜਦ ਗੋਰਖ ਨੇ ਕਈ ਪ੍ਰਕਾਰ ਦੇ ਚਾਰੇ ਕੀਤੇ, ਪਰ ਉਹ ਗੁਰੂ ਜੀ ਨੂੰ ਜਿੱਤ ਨਾ ਸਕੇ, ਤਾਂ ਉਹ ਬੜੇ ਚਿੰਤਿਤ ਹੋ ਗਏ, ਕਿਉਂਕਿ ਸਾਰੇ ਯਤਨ ਵਿਅਰਥ ਜਾਂਦੇ ਰਹੇ ਸਨ॥ ੨॥

ਚੌਪਈ- ਬਹੁਰੋ ਸਰਬ ਸਿੱਧ ਮਿਲਿ ਆਏ। ਜੇ ਸ਼ਕਤਿਨਿ ਜੁਤਿ ਹੁਤੇ ਪਲਾਏ।
ਗੋਰਖ ਜਹਿਂ ਬੇਦੀ ਕੁਲਦੀਪਾ। ਬੈਸੇ ਸਭਿ ਤਹਿਂ ਹੋਇ ਸਮੀਪਾ॥ ੩॥

ਫਿਰ ਸਾਰੇ ਸਿੱਧ ਮਿਲ ਕੇ ਆਏ, ਜੋ ਸ਼ਕਤੀਆਂ ਵਾਲੇ ਭੱਜ ਗਏ ਸਨ ਮੁੜ ਆ ਗਏ। ਗੋਰਖ ਅਤੇ ਗੁਰੂ ਜੀ ਜਿਥੇ ਬੈਠੇ ਸਨ, ਸਾਰੇ ਓਥੇ ਨੇੜੇ ਹੋ ਕੇ ਬੈਠ ਗਏ॥ ੩॥

ਕਿਤਕ ਦੇਰਿ ਤੂਸ਼ਨ ਹੀ ਰਹੇ। ਪੁਨ ਬਿਚਾਰ ਗੋਰਖ ਬਚ ਕਹੇ।
'ਮਾਨਹੁ ਮਨ ਮੈਂ ਬਾਨੀ ਮੋਰੀ। ਸੁਨਹੁ ਕਾਨ ਦੇ ਕਹੋਂ ਬਹੋਰੀ॥ ੪॥

ਕਾਫੀ ਦੇਰ ਤਕ ਉਹ ਚੁਪ ਬੈਠ ਰਹੇ, ਫਿਰ ਵਿਚਾਰ ਕੇ ਗੋਰਖ ਨੇ ਕਿਹਾ, "ਆਪਣੇ ਮਨ ਵਿਚ ਮੇਰੀ ਗੱਲ ਮੰਨੋ, ਕੰਨ ਦੇ ਕੇ ਸੁਣੋ, ਜੋ ਮੈਂ ਕਹਿੰਦਾ ਹਾਂ॥ ੪॥

ਸਭਿ ਸਿੱਧਨ ਕੋ ਅਧਿਪਤ ਬਨਿਯੇ। ਸਭਿ ਪਰ ਨਿਜ ਆਦਿਸ ਕੋ ਭਨਿਯੇ।
ਮੁੰਦਾ ਪਹਿਰੋ ਝੋਲੀ ਲੀਜੈ। ਅੰਗ ਬਿਭੂਤ ਮਲਨ ਕੋ ਕੀਜੈ॥ ੫॥

ਸਾਰੇ ਸਿੱਧਾਂ ਦੇ ਮਾਲਕ ਬਣੋ, ਸਾਰਿਆਂ ਉਤੇ ਆਪਣਾ ਹੁਕਮ ਚਲਾਉ, ਮੁੰਦਰਾਂ ਪਹਿਨ ਲਵੇ, ਅਤੇ ਝੋਲੀ ਲੈ ਲਵੇ ਅਤੇ ਸਰੀਰ ਉਤੇ ਸਵਾਹ ਮਲ ਲਵੇ॥ ੫॥

ਖਿੰਥਾ ਅਪਨੀ ਦੇਹਿ ਹੰਢਾਵੇ। ਸਿੱਧ ਜਮਾਤੀ ਮਹਿ ਅਬ ਆਵੇ।
ਲੇਹੁ ਭੰਡਾਰਾ ਹਮ ਤੇ ਖਾਵੇ। ਸਿੰਙੀ ਮੁਖ ਤੇ ਨਾਦ ਬਜਾਵੇ॥ ੬॥

ਆਪਣੇ ਸਰੀਰ ਤੇ ਖਿੰਥਾ ਧਾਰਨ ਕਰ ਲਵੇ ਅਤੇ ਸਿੱਧ ਜਮਾਤ ਵਿਚ ਆ ਜਾਵੇ। ਸਾਡੇ ਪਾਸੋਂ ਭੰਡਾਰਾ ਲੈ ਕੇ ਛੱਕੇ ਅਤੇ ਮੁੱਖ ਤੋਂ ਸਿੰਙੀ ਨਾਦ ਵਜਾਵੇ॥ ੬॥

ਦੋਹਰਾ- ਹਾਥ ਬਿਖੈ ਡੰਡਾ ਗਹੋ ਕਰਿ ਸਿੱਧਨ ਪਰਤੀਤ।
ਮਹਾਂ ਸ਼ਕਤਿ ਕੋ ਪਾਇ ਹੋ, ਯੋਂ ਸਗਲਾ ਜਗ ਜੀਤ॥ ੭॥

ਹੱਥ ਵਿਚ ਡੰਡਾ ਫੜ ਲਵੇ ਅਤੇ ਸਿੱਧਾਂ ਉਤੇ ਨਿਸ਼ਚਾ ਕਰੋ। ਮਹਾਂ ਸ਼ਕਤੀ ਨੂੰ ਪ੍ਰਾਪਤ ਕਰਕੇ ਸਾਰਾ ਜਗ ਜਿੱਤ ਲਵੇ॥ ੭॥

ਚੌਪਈ- ਮਿਲ 'ਆਦੇਸ' ਕਹੋ 'ਆਦੇਸੋ'। ਨਾਥ ਨਾਮ ਹੁਇ ਜੁਗੁ ਜੁਗ ਬੈਸੋ।
ਜੋਗ ਸੰਜੋਗੀ ਮਹਿਂ ਸੁਖ ਪਾਵਹੁ। ਇਕ ਮਾਈ ਕੇ ਪੂਤ ਕਹਾਵਹੁ॥ ੮॥

ਮਿਲ ਕੇ ਆਦੇਸ਼, ਆਦੇਸ਼ ਕਹੋ, ਅਤੇ ਨਾਥ ਨਾਮ ਰਖਾ ਕੇ ਜੁਗਾ ਜੁਗਾਂ ਤਕ ਬੈਠੋ। ਜੋਗੀਆਂ ਦੇ ਇਕੱਠ ਵਿਚ ਸੁਖ ਪਾਵੋ ਅਤੇ ਇਕ ਮਾਂ ਦੇ ਪੁੱਤਰ ਕਹਾਵੋ॥ ੮॥

ਜੋਗ ਜੁਗਤਿ ਕੇ ਚੇਲੇ ਮਾਨੀ। ਸਭਿ ਦਿਵਾਨ ਤੁਮ ਸੇਵਕ ਥਾਨੀ।
ਤੁਮ ਤੇ ਊਪਰ ਹੋਇ ਨ ਆਨਾ। ਸਭਿ ਮਹਿਂ ਬੈਸਹੁ ਹ੍ਵੈ ਪਰਧਾਨਾ॥ ੯॥

ਜੋਗ ਜੁਗਤੀ ਦੇ ਚੇਲੇ ਮੰਨੇ ਜਾਂਦੇ ਹਨ। ਸਾਰੀਆਂ ਸਭਾਵਾਂ ਦੇ ਮੈਂਬਰ ਤੁਹਾਡੇ ਸੇਵਕਾਂ ਦੀ ਥਾਂ ਹੋਣਗੇ। ਤੁਹਾਡੇ ਉਪਰ ਕੋਈ ਨਹੀਂ ਹੋਵੇਗਾ, ਤੁਸੀਂ ਸਭ ਸਭਾਵਾਂ ਦੇ ਪ੍ਰਧਾਨ ਹੋਵੋਗੇ॥ ੯॥

ਦੋਹਰਾ- ਲੋਇ ਲੋਇ ਆਸਨ ਕਰਹੁ ਸਰਬ ਕਰਾਇ ਭੰਡਾਰ।
ਹੁਕਮ ਮਨਾਵਹੁ ਜਹਾਂ ਤਹਿਂ ਅਸ ਬਿਧਿ ਕੀਜੈ ਕਾਰ'॥ ੧੦॥

ਸਾਰੇ ਲੋਕਾਂ ਵਿਚ ਆਸਣ ਕਰੋ, ਅਤੇ ਸਾਰੇ ਜਾ ਕੇ ਕੇ ਭੰਡਾਰੇ ਕਰਾਓ, ਜਿੱਥੇ ਕਿੱਥੇ ਆਪਣਾ ਹੁਕਮ ਮਨਾਵੇ, ਇਸ ਤਰ੍ਹਾਂ ਕਾਰਜ ਕਰੋ'॥ ੧੦॥

ਸੋਰਠਾ- ਸੁਨਿ, ਗੁਰ ਗਿਰਾ ਅਲਾਇ 'ਕਰਨੋ ਰਹਜੋ ਨ ਹਮਹਿਂ ਕਛੁ।
ਪੂਰਬ ਬਨਜੋ ਬਨਾਇ ਅਬ ਨਵੀਨ ਕ੍ਰਿਤ ਕਜਾ ਕਰਹਿਂ'॥ ੧੧॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਅਸੀਂ ਕੁਝ ਨਹੀਂ ਕਰਨਾ ਹੈ। ਪਹਿਲਾਂ ਹੀ ਜੋ ਬਣੇ ਬਣਾਏ ਹਾਂ ਹੁਣ ਨਵੀਂ ਕਿਰਤ ਕਿਉਂ ਕਰੀਏ"॥ ੧੧॥

*ਸ੍ਰੀ ਮੁਖਵਾਕ*

*ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥*
*ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥*
*ਆਦੇਸੁ ਤਿਸੈ ਆਦੇਸੁ॥*

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੮॥
ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੯॥
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੦॥

ਸੰਤੋਖ ਨੂੰ ਆਪਣੀਆਂ ਮੁੰਦਰਾਂ, ਸ਼ਰਮ ਨੂੰ ਆਪਣਾ ਮੰਗਣ ਵਾਲਾ ਖੱਪਰ ਤੇ ਝੋਲੀ ਅਤੇ ਪ੍ਰਭੂ ਦੇ ਸਿਮਰਨ ਨੂੰ ਆਪਣੀ ਸੁਆਹ ਬਣਾਉ। ਮੌਤ ਦਾ ਖਿਆਲ ਤੇਰੀ ਖੱਫਨੀ ਹੋਵੇ, ਕੁਮਾਰੀ ਕੰਨਿਆ ਦੇ ਸਰੀਰ ਵਰਗੀ ਤੁਹਾਡੀ ਪਵਿੱਤ੍ਰਤਾ ਹੋਵੇ ਅਤੇ ਵਾਹਿਗੁਰੂ ਵਿਚ ਭਰੋਸਾ ਤੇਰਾ ਸੋਟਾ ਹੋਵੇ। ਸਾਰਿਆਂ ਨਾਲ ਭਾਈਚਾਰੇ ਨੂੰ ਆਪਣਾ ਭੇਖ ਬਣਾ ਅਤੇ ਆਪਣੇ ਆਪ ਨੂੰ ਜਿੱਤਣਾ ਜਗਤ ਜਿੱਤਣਾ ਸਮਝੋ। ਮੇਰੀ ਉਸ ਪ੍ਰਭੂ ਨੂੰ ਨਮਸ਼ਕਾਰ ਹੈ, ਉਹ ਆਦਿ, ਪਵਿੱਤਰ, ਆਰੰਭ ਰਹਿਤ, ਅਵਿਨਾਸ਼ੀ ਅਤੇ ਸਾਰੇ ਜੁਗਾਂ ਅੰਦਰ ਉਸ ਦਾ ਇਕੋ ਹੀ ਵੇਸ ਹੈ॥੨੮॥

ਬ੍ਰਹਮ ਗਿਆਨ ਨੂੰ ਆਪਣਾ ਭੋਜਨ ਅਤੇ ਰਹਿਮ ਨੂੰ ਆਪਣਾ ਭੰਡਾਰੀ ਬਣਾ, ਅਤੇ ਅਨਹਦ ਰਾਗ ਨੂੰ ਜਿਹੜਾ ਹਰ ਦਿਲ ਅੰਦਰ ਵੱਜਦਾ ਹੈ, ਸੁਣ। ਪ੍ਰਭੂ ਨਾਥਾਂ ਦਾ ਨਾਥ ਹੈ, ਸਾਰੀ ਦੁਨੀਆਂ ਉਸ ਦੇ ਅਧੀਨ ਹੈ। ਰਿੱਧੀਆਂ ਸਿੱਧੀਆਂ ਹੋਰਾਂ ਲਈ ਸਵਾਦ ਹਨ। ਮਿਲਾਪ ਅਤੇ ਵਿਛੋੜਾ ਦੋਵੇਂ ਸੰਸਾਰ ਦਾ ਕੰਮ ਚਲਾਉਂਦੇ ਹਨ ਅਤੇ ਭਾਗਾਂ ਦੁਆਰਾ ਬੰਦਾ ਆਪਣਾ ਹਿੱਸਾ ਪ੍ਰਾਪਤ ਕਰਦਾ ਹੈ, ਮੇਰੀ ਉਸ ਪ੍ਰਭੂ ਨੂੰ ਨਮਸਕਾਰ ਹੈ। ਉਹ ਆਦਿ, ਪਵਿੱਤਰ, ਆਰੰਭ ਰਹਿਤ ਅਵਿਨਾਸ਼ੀ ਅਤੇ ਸਾਰੇ ਜੁਗਾਂ ਅੰਦਰ ਉਸ ਦਾ ਇਕੋ ਵੇਸ ਹੈ॥ ੨੯॥

ਵਿਲੱਖਣ ਪ੍ਰਭੂ ਨੇ ਉਤਪਤੀ ਕਰਕੇ ਤਿੰਨ ਮੰਨੇ ਹੋਏ ਮੁਰੀਦ ਸਥਾਪਤ ਕੀਤੇ ਹਨ। ਇਕ ਸੰਸਾਰ ਰਚਣ ਵਾਲਾ, ਇਕ ਭੰਡਾਰੀ ਅਤੇ ਇਕ ਨੂੰ ਵਿਨਾਸ ਵਾਸਤੇ ਬਣਾਇਆ ਹੈ। ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ, ਉਸ ਤਰ੍ਹਾਂ ਉਹ ਹੁਕਮ ਕਰਦਾ ਹੈ ਅਤੇ ਓਸੇ ਤਰ੍ਹਾਂ ਉਨ੍ਹਾਂ ਨੂੰ ਚਲਾਉਂਦਾ ਹੈ। ਉਹ ਸਭ ਨੂੰ ਵੇਖਦਾ ਹੈ, ਪਰ ਉਸ ਨੂੰ ਕੋਈ ਵੇਖ ਨਹੀ ਸਕਦਾ। ਇਹ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਹੈ। ਨਮਸਕਾਰ, ਮੇਰੀ ਨਮਸਕਾਰ ਹੈ ਉਹ ਪ੍ਰਭੂ ਨੂੰ, ਜਿਹੜਾ ਆਦਿ ਹੈ, ਪਵਿੱਤਰ ਹੈ, ਆਰੰਭ ਰਹਿਤ ਹੈ, ਅਵਿਨਾਸ਼ੀ ਹੈ ਅਤੇ ਸਾਰੇ ਜੁਗਾਂ ਵਿਚ ਉਸ ਦਾ ਇਕ ਹੀ ਵੇਸ ਹੈ॥ ੩੦॥

ਚੌਪਈ- ਗੁਰ ਕੇ ਬਚਨ ਸੁਨੇ ਗੋਰਖ ਜਬ। ਪੁਨ ਬੂਝਨ ਹਿਤ ਬੋਲਤਿ ਭਾ ਤਬ।
'ਕਿਉਂ ਕਰਿ ਤੁਮ ਇਹ ਠਾਂ ਚਲਿ ਆਏ?। ਕੌਨ ਮਨੋਰਥ ਦੇਹੁ ਬਤਾਏ? ॥੧੨॥

ਜਦ ਗੋਰਖ ਨੇ ਗੁਰੂ ਦੇ ਬਚਨ ਸੁਣੇ, ਫਿਰ ਪੁੱਛਣ ਲਈ ਬੋਲਿਆ, ''ਤੁਸੀਂ ਏਥੇ ਚਲ ਕੇ ਕਿਉਂ ਆਏ ਸੀ? ਤੁਹਾਡਾ ਕੀ ਮਨੋਰਥ ਹੈ, ਇਹ ਸਾਨੂੰ ਦੱਸੋ ?॥ ੧੨॥

ਸੋ ਮੈਂ ਕਰੋਂ ਸਪੂਰਨ ਤੁਮਰੇ। ਸਾਚ ਬਚਨ ਇਹ ਮਾਨੋ ਹਮਰੋ'।
ਸ੍ਰੀ ਗੁਰ ਕਹੈਂ 'ਮਨੋਰਥ ਮੇਰੇ। ਸਤਿਗੁਰੁ ਪੂਰੇ ਹੈਂ ਇਕ ਬੇਰੇ॥ ੧੩॥

ਤਾਂਕਿ ਮੈਂ ਤੁਹਾਨੂੰ ਸੰਪੂਰਣ ਕਰ ਸਕਾਂ। ਸਾਡੇ ਸੱਚੇ ਬਚਨਾਂ ਨੂੰ ਮੰਨੋ।" ਗੁਰੂ ਜੀ ਨੇ ਕਿਹਾ, "ਮੇਰਾ ਮਨੋਰਥ ਤੁਹਾਨੂੰ ਪੂਰੇ ਸਤਿਗੁਰ ਦੇ ਲੜ ਲਾਉਣਾ ਹੈ॥ ੧੩॥

ਦੀਖਜਾ ਲੀਜੈ ਜੇ ਤੁਮ ਚਾਹੀ। ਪੂਰੇ ਮੈਂ ਚਿਤਵੋ ਮਨ ਮਾਂਹੀ।
ਜੇ ਮਾਂਗੋ, ਹਮ ਢਿਗ ਕਰਤਾਰਾ। ਤੁਝਹਿ ਦਿਵਾਵਹਿਂ, ਕਰਹੁ ਉਚਾਰਾ॥੧੪॥

ਜੇ ਤੁਸੀ ਚਾਹੁੰਦੇ ਹੋ ਮੇਰੇ ਪਾਸੋਂ ਮੰਤਰ ਲਵੋ, ਜੋ ਤੁਸੀ ਚਾਹੋਂ ਮੈਂ ਪੂਰਾ ਕਰਾਂਗਾ। ਜੋ ਮੰਗੋਗੇ, ਮੈਂ ਕਰਤਾਰ ਪਾਸੋਂ ਲੈ ਕੇ ਤੁਹਾਨੂੰ ਦੇ ਦੇਵਾਂਗਾ, ਤੁਸੀਂ ਇਕ ਵਾਰ ਉਚਾਰਨ ਕਰੋ" ॥ ੧੪॥

ਦੋਹਰਾ- ਸੁਨਿ ਤੂਸ਼ਨ ਗੋਰਖ ਭਯੋ ਬੋਲਜੋ ਬਚਨ ਨ ਕੋਇ।
ਰਿਦੈ ਮਨੋਰਥ ਮਿਟ ਗਯੋ ਜਲ ਤਰੰਗ ਜਜੋਂ ਸੋਇ॥ ੧੫॥

ਇਹ ਸੁਣ ਕੇ ਗੋਰਖ ਚੁਪ ਹੋ ਗਿਆ ਅਤੇ ਕੁਝ ਵੀ ਨਾ ਬੋਲਿਆ। ਹਿਰਦੇ ਦਾ ਮਨੋਰਥ ਇੰਞ ਮਿਟ ਗਿਆ ਜਿਵੇਂ ਪਾਣੀ ਦੀ ਲਹਿਰ ਮਿਟ ਜਾਂਦੀ ਹੈ॥ ੧੫॥

ਚੌਪਈ- ਬਾਨੀ ਮੰਗਲ ਨਾਥ ਅਲਾਈ। 'ਗੋਰਖ ਨਾਥ ਸੁਨਹੁ ਸਿਧ ਰਾਈ!।
ਨਾਨਕ ਕੋ ਦੀਨੋ ਉਪਦੇਸ਼ਾ। ਤੁਮਰੋ ਭਲੋ ਲਿਯੋ ਹੈ ਬੇਸਾ॥ ੧੬॥

ਫਿਰ ਮੰਗਲ ਨਾਥ ਨੇ ਕਿਹਾ, "ਹੇ ਗੋਰਖ ਨਾਥ! ਸਿੱਧਾਂ ਦੇ ਰਾਜੇ! ਸੁਣੋ, ਤੁਸੀ ਗੁਰੂ ਨਾਨਕ ਜੀ ਨੂੰ ਉਪਦੇਸ਼ ਦਿੰਦੇ ਸੀ, ਉਨ੍ਹਾਂ ਤੁਹਾਡੇ ਭਲੇ ਵਾਸਤੇ ਇਹ ਭੇਸ ਧਾਰਨ ਕੀਤਾ ਹੈ"॥ ੧੬॥

ਗੋਰਖ ਭਾਖੈ 'ਪਰਖੋਂ ਤਾਂਹੀ। ਘਟ ਛੂਛਾ ਕੇ ਪੂਰੇ ਆਹੀ।
ਤੁਮਰੋ ਸੌਤਿ ਬਚਨ ਮੈਂ ਜਾਨਾ। ਜਸ ਉਚਰਜੋ ਤੈਸਾ ਪਹਿਚਾਨਾ॥੧੭॥

ਗੋਰਖ ਨੇ ਕਿਹਾ, "ਮੈਂ ਤਾਂ ਪਰਖ ਕਰਨਾ ਚਾਹੁੰਦਾ ਸੀ ਕਿ ਹਿਰਦਾ ਖਾਲੀ ਹੈ ਜਾਂ ਭਰਿਆ ਹੋਇਆ ਹੈ। ਤੁਹਾਡੇ ਸੱਚੇ ਬਚਨ ਮੈਂ ਸਮਝ ਗਿਆ ਹਾਂ, ਜਿਸ ਤਰ੍ਹਾਂ ਤੁਸੀਂ ਕਹਿੰਦੇ ਸੀ, ਵੈਸਾ ਹੀ ਪਹਿਚਾਣ ਲਿਆ ਹੈ॥ ੧੭॥

ਪੂਰਨ ਪੁਰਖ ਗਜਾਨ ਘਨ ਰੂਪਾ। ਰਹਿਤ ਕਹਿਤ ਕੇ ਸਹਿਤ ਅਨੂਪਾ।
ਸ੍ਰੀ ਨਾਨਕ ਚਰਚਾ ਕਰਿ ਐਸੇ। ਕੇਤਿਕ ਕਾਲ ਰਹੇ ਤਹਿਂ ਬੈਸੇ॥੧੮॥

ਇਹ ਪੂਰਨ ਪੁਰਖ ਅਤੇ ਇਕ ਰਸ ਗਿਆਨ ਸਰੂਪ ਹਨ, ਇਨ੍ਹਾਂ ਦੀ ਰਹਿਣੀ ਕਹਿਣੀ ਬੜੀ ਸੁੰਦਰ ਹੈ, ਜਿਸ ਦਾ ਕੋਈ ਸਾਨੀ ਨਹੀਂ ਹੋ ਸਕਦਾ। ਸ੍ਰੀ ਨਾਨਕ ਦੇਵ ਜੀ ਓਥੇ ਇਸ ਤਰ੍ਹਾਂ ਚਰਚਾ ਕਰਦੇ ਕਾਫੀ ਸਮਾਂ ਓਥੇ ਟਿਕੇ ਰਹੇ॥ ੧੮॥

ਦੋਹਰਾ- ਮਰਦਾਨਾ ਬੂਝਤਿ ਭਯੋ 'ਅੱਗ੍ਰਜ ਚਲੋ ਕਿ ਨਾਂਹਿ।
ਆਨ ਸਥਾਨ ਬਿਲੋਕੀਏ ਜੇ ਰਾਵਰਿ ਉਰ ਚਾਹਿ'॥ ੧੯॥

ਮਰਦਾਨੇ ਨੇ ਫਿਰ ਪੁੱਛਿਆ, "ਅੱਗੇ ਚਲਨਾ ਹੈ ਕਿ ਨਹੀ ਕੋਈ ਹੋਰ ਥਾਂ ਵੇਖੀਏ, ਜਿਸ ਨੂੰ ਵੇਖਣਾ ਆਪ ਜੀ ਚਾਹੁੰਦੇ ਹੋ॥ ੧੯॥

ਚੌਪਈ- ਸੁਨੀਏ ਸ੍ਰੀ ਅੰਗਦ ਗਤਿਦਾਈ। ਸੁਨਿ ਗੁਰ ਮੁਝ ਸੋਂ ਗਿਰਾ ਅਲਾਈ।
'ਤੁਮਰੇ ਮਨ ਮਹਿਂ ਕਿਤ ਬਿਧਿ ਬਾਲਾ ?'। ਮੈਂ ਤਬ ਬੋਲਜੋ ਪ੍ਰਭੁ ਕ੍ਰਿਪਾਲਾ!॥੨੦॥

ਹੇ ਮੁਕਤੀਦਾਤੇ, ਸ੍ਰੀ ਗੁਰੂ ਅੰਗਦ ਦੇਵ ਜੀ! ਸੁਣੋ, ਗੁਰੂ ਜੀ ਨੇ ਮੇਰੇ ਨਾਲ ਬਚਨ ਕੀਤਾ, "ਹੇ ਬਾਲਾ! ਤੇਰੇ ਮਨ ਵਿਚ ਕਿਸ ਤਰ੍ਹਾਂ ਹੈ?" ਮੈਂ ਫਿਰ ਕ੍ਰਿਪਾਲੂ ਪ੍ਰਭੂ ਨੂੰ ਕਿਹਾ॥ ੨੦॥

ਹੌਂ ਰਾਵਰ ਕੇ ਨਿਤ ਅਨੁਸਾਰੀ। ਜਿਉਂ ਉਰ ਮਹਿਂ ਤਿਉਂ ਕੀਜੈ ਕਾਰੀ।

ਅਸ ਬਿਧਿ ਕਰਤਿ ਪਰਸਪਰ ਬੈਨਾ। ਬੈਸੇ ਤਹਿਂਵਾ ਪੰਕਜ ਨੈਨਾ ॥੨੧॥

ਅਸੀਂ ਤਾਂ ਸਦਾ ਆਪ ਦੇ ਅਨੁਸਾਰ ਚਲਦੇ ਹਾਂ, ਜਿਵੇਂ ਤੁਹਾਡੇ ਦਿਲ ਵਿਚ ਹੈ, ਉਸ ਤਰ੍ਹਾਂ ਹੀ ਕਰੋ।'' ਇਸ ਤਰ੍ਹਾਂ ਨਿੱਤ ਬਚਨ ਕਰਦੇ ਹੋਏ, ਗੁਰੂ ਜੀ ਉਸ ਥਾਂ ਬੈਠੇ ਰਹੇ॥ ੨੧॥

ਪ੍ਰਾਨਨਾਥ ਜੋਗੀ ਤਬ ਆਯੋ। ਬੈਠ ਸਮੀਪ 'ਅਦੇਸ਼' ਅਲਾਯੋ।
'ਅਸਨ ਬਸਨ ਲੀਜੈ ਜੋ ਚਾਹੀ। ਛੁਧਾ ਨ ਬਜਾਪੈ ਕਬ ਤਨ ਮਾਂਹੀ ॥੨੨॥

ਫਿਰ ਪ੍ਰਾਨਨਾਥ ਜੋਗੀ ਆਇਆ, ਨੇੜੇ ਬੈਠ ਕੇ ਉਸ ਨਮਸ਼ਕਾਰ ਕਹੀ। ''ਜੋ ਕਪੜੇ ਭੋਜਨ ਤੁਸੀਂ ਚਾਹੁੰਦੇ ਹੋ, ਲੈ ਲਵੋ। ਕਿਤੇ ਸਰੀਰ ਵਿਚ ਭੁਖ ਨਾ ਸਤਾਵੇ॥ ੨੨॥

ਦੋਹਰਾ- ਨੰਗੇ ਕਬੈ ਨ ਹੋਵਈ ਪਹਿਰ ਦੁਕੂਲ ਅਮੋਲ।
ਅਸ ਬਿਧਿ ਸੁਨਿਕੈ ਬੈਨ ਤਿਹ ਬੋਲੇ ਅਚਲ ਅਤੋਲ॥ ੨੩॥

ਕਦੇ ਵੀ ਨੰਗੇ ਨਾ ਹੋਵੋ, ਅਮੋਲ ਸੁੰਦਰ ਕਪੜੇ ਪਹਿਣ ਲਵੋ।'' ਇਹ ਸੁਣ ਕੇ ਸਥਿਰ ਅਤੇ ਤੋਲੇ ਨਾ ਜਾ ਸਕਣ ਵਾਲੇ ਗੁਰੂ ਜੀ ਬੋਲੇ।

ਚੌਪਈ- 'ਨੀਕੋ ਕੀਨ ਸੰਤੋਖੰ ਅਸਨਾ। ਰੂਰੋ ਸਾਦ ਨਾਮ ਜਪ ਰਸਨਾ।
ਬਸਨ ਜਿ ਭਾਉ ਭਗਤਿ ਕੇ ਲੀਨੇ। ਨਹੀਂ ਪੁਰਾਤਨ, ਨੀਤ ਨਵੀਨੇ ॥੨੪॥

''ਅਸੀਂ ਸੰਤੋਖ ਦਾ ਬਹੁਤ ਸੁੰਦਰ ਵਸਤਰ ਪਹਿਨਿਆ ਹੋਇਆ ਹੈ ਅਤੇ ਸੁੰਦਰ ਤੇ ਸਵਾਦੀ ਪ੍ਰਭੂ ਦੇ ਨਾਮ ਦਾ ਜਪ ਜੀਭ ਨਾਲ ਛਕਿਆ ਹੈ। ਕਪੜੇ ਅਸੀਂ ਪ੍ਰੇਮ ਭਗਤੀ ਦੇ ਪਹਿਣੇ ਹੋਏ ਹਨ, ਜਿਹੜੇ ਸਦਾ ਨਵੇਂ ਰਹਿੰਦੇ ਹਨ ਅਤੇ ਕਦੇ ਪੁਰਾਣੇ ਨਹੀਂ ਹੁੰਦੇ॥ ੨੪

ਅਤਿ ਸੁੰਦਰ ਸ਼ੋਭਾ ਯੁਗ ਲੋਕਾ। ਭੂਖ ਨਗਨ ਤੇ ਸਦਾ ਅਸ਼ੋਕਾ।
ਪ੍ਰਾਨਨਾਥ ਸੁਨਿ ਪ੍ਰੇਮ ਉਮੰਗਾ। ਉਦਤਜੋ ਚਰਨ ਗਹਿਨ ਹਿਤ ਸੰਗਾ ॥੨੫॥

ਦੋਵਾਂ ਲੋਕਾਂ ਵਿਚ ਸਾਡੀ ਸੁੰਦਰ ਸ਼ੋਭਾ ਹੈ, ਭੁੱਖ ਨੰਗ ਤੋਂ ਅਸੀਂ ਸਦਾ ਹੀ ਦੁੱਖ ਰਹਿਤ ਰਹਿੰਦੇ ਹਾਂ।'' ਪ੍ਰਾਨ ਨਾਥ ਇਹ ਸੁਣ ਕੇ ਪ੍ਰੇਮ ਮਈ ਉਤਸ਼ਾਹ ਨਾਲ ਭਰ ਗਿਆ ਅਤੇ ਗੁਰੂ ਜੀ ਦੇ ਚਰਨ ਫੜਨ ਵਾਸਤੇ ਉਠਿਆ॥ ੨੫॥

ਸ੍ਰੀ ਨਾਨਕ ਬਹੁ ਭਾਉ ਜਿ ਦੇਖਾ। ਤਿਹ ਕੋ ਆਦਰ ਕੀਨ ਬਿਸ਼ੇਖਾ।
ਪਗ ਲੌ ਸਿਰ ਨਹਿ ਜਾਵਨ ਦੀਨੋ। ਕਰ ਮੈਂ ਲੇਯ ਅੰਕ ਭਰਿ ਲੀਨੋ ॥੨੬॥

ਗੁਰੂ ਨਾਨਕ ਦੇਵ ਜੀ ਨੇ ਜਦ ਉਸ ਦੀ ਪ੍ਰੇਮ ਭਾਵਨਾ ਨੂੰ ਵੇਖਿਆ ਤਾਂ ਉਸ ਦਾ ਬੜਾ ਆਦਰ ਕੀਤਾ। ਆਪਣੇ ਚਰਨਾਂ ਤਕ ਉਸ ਦਾ ਸਿਰ ਨਾ ਜਾਣ ਦਿੱਤਾ, ਹੱਥਾਂ ਨਾਲ ਫੜ ਕੇ ਉਸ ਨੂੰ ਆਪਣੇ ਗਲੇ ਨਾਲ ਲਾ ਲਿਆ॥ ੨੬॥

ਦੋਹਰਾ- ਮਿਲੇ ਪਰਸਪਰ ਹਰਖ ਕਰਿ ਪ੍ਰਾਨਨਾਥ ਕਹਿ ਬੈਨ।
'ਭਯੋ ਨਿਰੰਜਨ ਕੋ ਦਰਸ ਹਮਹਿ ਸਰਬ ਗੁਨ ਐਨ॥ ੨੭॥

ਗੁਰੂ ਜੀ ਜਦ ਉਸ ਨੂੰ ਬੜੇ ਆਦਰ ਨਾਲ ਮਿਲੇ ਤਾਂ ਉਸ ਨੇ ਬੜਾ ਖੁਸ਼ ਹੋ ਕੇ ਕਿਹਾ, ''ਮੈਨੂੰ ਤਾਂ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ, ਤੁਸੀਂ ਸਭ ਗੁਣਾਂ ਦੇ ਘਰ ਹੋ॥ ੨੭॥

ਚੌਪਈ- ਤੁਮ ਤੇ ਬਿਦਤਿ ਆਪ ਕਰਤਾਰਾ। ਕਲਿ ਨਰ ਤਾਰਨ ਤੇ ਤਨ ਧਾਰਾ।
ਜਿਨ ਤੁਮ ਕੋ ਨਹਿ ਐਸੇ ਜਾਨਾ। ਸੋ ਜੋਗੀ ਨਹਿ, ਅਤਿ ਅਗਜਾਨਾ ॥੨੮॥

ਤੁਸੀਂ ਤਾਂ ਆਪ ਕਰਤਾਰ ਹੋ, ਜਿਹੜੇ ਕਲਿਜੁਗ ਵਿਚ ਜੀਵਾਂ ਨੂੰ ਤਾਰਨ ਵਾਸਤੇ ਅਵਤਾਰ ਧਾਰਿਆ ਹੈ। ਜਿਸ ਨੇ ਤੁਹਾਨੂੰ ਇਸ ਤਰ੍ਹਾਂ ਨਹੀਂ ਜਾਣਿਆ, ਉਹ ਜੋਗੀ ਨਹੀਂ ਹੈ, ਅਗਿਆਨੀ ਹੈ"॥ ੨੮॥

ਚੌਪਈ- ਬੰਦੈ ਹਾਥ ਰਿਦੇ ਅਨੁਰਾਗਾ। 'ਅਹੈਂ ਧੰਨ ਹਮਰੇ ਵਡ ਭਾਗਾ।
ਜਿਹ ਕਰਿ ਤੁਮਰਾ ਦਰਸ਼ਨ ਪਾਯਾ। ਮੋਕੋ ਤਾਰਨ ਇਹ ਠਾਂ ਆਯਾ॥੨੯॥

ਦੋਵੇਂ ਹੱਥ ਜੁੜੇ ਹੋਏ ਹਨ, ਦਿਲ ਪ੍ਰੇਮ ਨਾਲ ਭਰਿਆ ਹੈ ਅਤੇ ਮੁਖ ਨਾਲ ਕਹਿੰਦਾ ਹੈ, "ਮੇਰੇ ਬੜੇ ਵੱਡੇ ਭਾਗ ਹਨ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ। ਮੈਨੂੰ ਤਾਰਨ ਵਾਸਤੇ ਤੁਸੀਂ ਇਥੇ ਆਏ ਹੋ॥ ੨੯॥

ਮੈਂ ਜੋ ਕੀਨ ਜੋਗ ਚਿਰਕਾਲਾ। ਤਾਂਕੋ ਫਲ ਅਬ ਮਿਲਯੋ ਬਿਸਾਲਾ।
ਸ੍ਰੀ ਗੁਰ ਕਹੈਂ 'ਧੰਨ ਤੁਮ ਜੋਗੀ। ਮਾਨ ਰੋਗ ਤੇ ਰਹਿਤ ਅਰੋਗੀ॥੩੦॥

ਮੈਂ ਜੋ ਲੰਮੇ ਸਮੇਂ ਤੱਕ ਜੋਗ ਕਮਾਇਆ ਸੀ, ਉਸ ਦਾ ਮੈਨੂੰ ਹੁਣ ਵਡਾ ਫਲ ਮਿਲਿਆ ਹੈ।" ਗੁਰੂ ਜੀ ਨੇ ਕਿਹਾ, "ਹੇ ਜੋਗੀ! ਤੁਸੀਂ ਧੰਨ ਹੋ। ਹੰਕਾਰ ਰੋਗ ਤੋਂ ਰਹਿਤ ਹੋ ਕੇ ਅਰੋਗ ਹੋ ਗਏ ਹੋ॥ ੩੦॥

ਦੋਹਰਾ- ਦਯਾ ਨਿਰੰਜਨ ਤੋਹਿ ਪਰ ਹੈ ਸਭਿ ਤੇ ਅਧਿਕਾਇ'।
ਕਹੇ ਸੁਨੇ ਇਵ ਬੈਨ ਯੁਗ ਮਿਲਿ ਕਰਿ ਭੇ ਹਰਖਾਇ॥ ੩੧॥

ਪ੍ਰਭੂ ਦੀ ਤੁਹਾਡੇ ਤੇ ਸਾਰਿਆਂ ਨਾਲੋਂ ਜ਼ਿਆਦਾ ਦਇਆ ਹੈ।" ਦੋਵੇਂ ਇਸ ਤਰ੍ਹਾਂ ਬਚਨ ਕਰਕੇ ਬਹੁਤ ਖੁਸ਼ ਹੋਏ॥ ੩੧॥

ਚੌਪਈ- ਮੰਗਲ ਬੂਝਤਿ ਭਾ ਤਿਹ ਸਾਥਾ। 'ਕਸ ਸ੍ਰੀ ਨਾਨਕ? ਪ੍ਰਾਨੰ ਨਾਥਾ!'।
ਕਹਿਨ ਲਗਯੋ ਮੈਂ ਅਸ ਪਹਿਚਾਨਾ। ਦਰਸ ਨਿਰੰਜਨ ਕੋ ਮਨ ਮਾਨਾ॥੩੨॥

ਉਸ ਨੂੰ ਮੰਗਲ ਨਾਥ ਪੁਛਣ ਲੱਗਾ, ਹੇ ਪ੍ਰਾਨ ਨਾਥ! ਸ੍ਰੀ ਗੁਰੂ ਨਾਨਕ ਜੀ ਕੈਸੇ ਹਨ? ਪ੍ਰਾਨ ਨਾਥ ਕਹਿਣ ਲੱਗਾ, "ਮੈਂ ਤਾਂ ਇਸ ਤਰ੍ਹਾਂ ਪਹਿਚਾਨਿਆ ਹੈ ਜਿਵੇਂ ਪ੍ਰਭੂ ਦੇ ਦਰਸ਼ਨ ਹੋ ਗਏ ਹਨ, ਮੇਰਾ ਮਨ ਇਸ ਤਰ੍ਹਾਂ ਮੰਨਿਆ ਹੈ॥ ੩੨॥

ਪੂਰਬ ਮਿਲਿ ਤੁਮ ਜੈਸੇ ਕਹਾ। ਕੂਰ ਨ ਰਾਈ ਤੈਸੋ ਅਹਾ।
ਪ੍ਰਾਨਨਾਥ ਮਿਲਿ ਕਰਿ ਜਬ ਗਯੋ। ਮਰਦਾਨਾ ਤਬ ਬੋਲਤਿ ਭਯੋ॥੩੩॥

ਪਹਿਲਾਂ ਜਿਵੇਂ ਤੁਸੀਂ ਮੈਨੂੰ ਮਿਲ ਕੇ ਕਿਹਾ ਸੀ, ਉਸ ਵਿਚ ਰਾਈ ਭਰ ਵੀ ਝੂਠ ਨਹੀਂ, ਬਿਲਕੁਲ ਉਸ ਤਰ੍ਹਾਂ ਹੀ ਹੈ।" ਜਦ ਪ੍ਰਾਨ ਨਾਥ ਮਿਲ ਕੇ ਚਲੇ ਗਿਆ ਤਦ ਮਰਦਾਨਾ ਬੋਲਿਆ॥ ੩੩॥

'ਇਸ ਜੋਗੀ ਕੋ ਭਲੋ ਸੁਭਾਏ। ਅਤਿ ਕੋਮਲ ਜਿਹ ਬੈਨ ਅਲਾਏ।
ਦਰਸ ਬਿਲੋਕਤਿ ਹਰਖਾ ਐਸੇ। ਬਿਛਰਯੋ ਮੀਤ ਮਿਲਤਿ ਹੈ ਜੈਸੇ'॥੩੪॥

"ਇਸ ਜੋਗੀ ਦਾ ਬੜਾ ਭਲਾ ਸੁਭਾਅ ਹੈ, ਇਸ ਨੇ ਅਤਿ ਕੋਮਲ ਬਚਨ ਕਹੇ ਹਨ। ਦਰਸ਼ਨ ਕਰਕੇ ਉਹ ਏਨਾ ਖੁਸ਼ ਹੋਇਆ ਹੈ ਜਿਵੇਂ ਇਕ ਵਿਛੜਿਆ ਮਿੱਤਰ ਮਿਲਦਾ ਹੈ"॥ ੩੪॥

ਦੋਹਰਾ- ਸ੍ਰੀ ਗੁਰੁ ਬੋਲੇ 'ਜਾਸ ਪਰ ਹੈ ਕਰੁਨਾ ਕਰਤਾਰ।
ਤਿਸ ਮਹਿਂ ਅਸ ਗੁਨ ਹੋਵਈਂ, ਲਖਹਿਂ ਨ ਔਰ ਗਵਾਰ॥ ੩੫॥

ਸ੍ਰੀ ਗੁਰੂ ਜੀ ਬੋਲੇ, "ਜਿਸ ਉੱਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਸ ਵਿਚ ਅਜਿਹੇ ਗੁਣ ਹੁੰਦੇ ਹਨ, ਦੂਸਰੇ ਮੂਰਖ ਨਹੀਂ ਸਮਝ ਸਕਦੇ॥ ੩੫॥

ਚੌਪਈ- ਸਭਿ ਨਾਥਨ ਮਹਿਂ ਸ੍ਰੇਸ਼ਟ ਨਾਥਾ। ਇਹ ਸਮਾਨ ਕਿਹ ਅਪਰ ਨ ਗਾਥਾ।
ਗੁਰ ਸੋਂ ਬੂਝਤਿ ਭਾ ਮਰਦਾਨਾ। 'ਨਾਥ ਨਾਮ ਸਭਿ ਕਰਹੁ ਬਖਾਨਾ॥੩੬॥

ਸਾਰੇ ਨਾਥਾਂ ਵਿਚ ਇਹ ਸ੍ਰੇਸ਼ਟ ਨਾਥ ਹੈ, ਇਸ ਵਰਗਾ ਕੋਈ ਹੋਰ ਨਹੀਂ ਹੈ।'' ਫਿਰ ਮਰਦਾਨਾ ਗੁਰੂ ਜੀ ਨੂੰ ਪੁੱਛਣ ਲੱਗਾ, ''ਸਾਰੇ ਨਾਥਾਂ ਦੇ ਨਾਂ ਬਿਆਨ ਕਰੋ॥ ੩੬॥

ਚੌਪਈ- ਜਿਤਨੇ ਜਤੀ ਕਹਹੁ ਤਿਨ ਨਾਮੂ। ਕਿਤਨੇ ਸਿੱਧ ਭੇਦ ਸੁਖ ਧਾਮੂ !'।
ਸ੍ਰੀ ਗੁਰੂ ਭਨੈਂ 'ਸਿੱਧ ਹੈਂ ਜੇਤੇ। ਨਾਥ ਨਾਮ ਕਹਿਲਾਵਹਿਂ ਤੇਤੇ॥ ੩੭॥

ਜਿੰਨ ਜਤੀ ਹਨ, ਉਨ੍ਹਾਂ ਦੇ ਨਾਂ ਦੱਸੋ, ਹੇ ਸੁਖਾਂ ਦੇ ਘਰ ਸਿੱਧਾਂ ਵਿਚ ਕਿੰਨੇ ਭੇਦ ਹਨ?'' ਗੁਰੂ ਜੀ ਨੇ ਕਿਹਾ, ''ਜਿੰਨੇ ਸਿੱਧ ਹਨ, ਸਾਰੇ ਨਾਥ ਨਾਮ ਨਾਲ ਜਾਣੇ ਜਾਂਦੇ ਹਨ॥ ੩੭॥

ਇਨ ਮਹਿਂ ਨੌ ਜਿ ਨਾਥ ਸੁਭ ਜਾਨੂ। ਸੋ ਮੈਂ ਤੁਝ ਸੋਂ ਕਰਤਿ ਬਖਾਨੂ।
ਪ੍ਰਾਣ ਨਾਥ,ਇਕ ਗੋਪੀ ਚੰਦ। ਸੁਰਤਿ ਨਾਥ ਜਿਨ ਨਹਿਂ ਜਮ ਫੰਧ॥੩੮॥

ਇਨ੍ਹਾਂ ਵਿਚ ਨੌਂ ਨਾਥਾਂ ਨੂੰ ਸ਼ੁਭ ਸਮਝੋ। ਉਨ੍ਹਾਂ ਦੇ ਨਾਂ ਮੈਂ ਤੁਹਾਨੂੰ ਦੱਸਦਾ ਹਾਂ। ਇਹ ਨੌਂ ਸਿਧ ਹਨ, ਪ੍ਰਾਣ ਨਾਥ, ਗੋਪੀ ਚੰਦ ਅਤੇ ਸੁਰਤਿ ਨਾਥ ਜਿਹੜੇ ਜਮਾਂ ਦੀ ਫਾਹੀ ਤੋਂ ਰਹਿਤ ਹਨ॥ ੩੮॥

ਦੋਹਰਾ- ਗੋਰਖਨਾਥ ਮਛਿੰਦ੍ਰ ਪੁਨ, ਮੰਗਲਨਾਥ ਮਹਾਨ।
ਚਰਪਟ, ਚੰਬਾਨਾਥ ਹੈ ਘੁਘੂਨਾਥ ਸੁਜਾਨ॥ ੩੯॥

ਫਿਰ ਗੋਰਖ ਨਾਥ, ਮਛਿੰਦਰ ਅਤੇ ਮੰਗਲ ਨਾਥ ਬਹੁਤ ਮਹਾਨ ਹਨ, ਚਰਪਟ ਨਾਥ, ਚੰਬਾ ਨਾਥ ਅਤੇ ਘੁਘੂਨਾਥ ਬੜੇ ਚਤੁਰ ਹਨ॥ ੩੯॥

ਚੌਪਈ- ਅਬ ਜੇ ਜਤੀ ਸੁਨਹੁ ਦੇ ਕਾਨਾ। ਲਛਮਨ, ਗੋਰਖ ਅਰ ਹਨੁਮਾਨਾ।
ਭੀਸ਼ਮ, ਭੈਰਉ ਦੱਤ ਪਛਾਨੋ। ਚੌਰਾਸੀ ਸਭਿ ਸਿੱਧ ਬਖਾਨੋ॥ ੪੦॥

ਹੁਣ ਜਿਹੜੇ ਜਤੀ ਹਨ ਉਨ੍ਹਾਂ ਦੇ ਨਾਂ ਆਪਣੇ ਕੰਨਾ ਨਾਲ ਸੁਣੋ। ਇਹ ਹਨ ਲਛਮਣ, ਗੋਰਖ, ਹਨੂੰਮਾਨ, ਭੀਸ਼ਮ, ਭੈਰਉ ਅਤੇ ਦੱਤ ਹਨ। ਸਾਰੇ ਸਿੱਧ ਚੌਰਾਸੀ ਹਨ॥ ੪੦॥

ਸੂਰਸਿੱਧ, ਲੁਹਿਰੀਪਾ, ਭੰਗਰ। ਹਾਜੀ ਰਤਨ, ਖਿੰਥੜਾ, ਝੰਗਰ।
ਕੇਵਲ ਕਰਨ,ਜਾਲਿਕਾ,ਸੰਗਰ। ਸਮਰਥ,ਨਿਰਤ,ਬਿਮਲਕਾ,ਲੰਗਰ॥੪੧॥

ਬਾਕੀ ਸਿੱਧਾਂ ਦੇ ਨਾਂ ਹਨ, ਸੂਰਸਿੱਧ, ਲੁਹਿਰੀਪਾ, ਹਾਜੀ ਰਤਨ, ਖਿੰਥੜਾ, ਝੰਗਰ, ਕੇਵਲ ਕਰਨ, ਜਾਲਿਕਾ, ਸੰਗਰ, ਸਮਰਥ, ਨਿਰਤ, ਬਿਮਲਕਾ ਅਤੇ ਲੰਗਰ॥ ੪੧॥

ਪੂਰਨ ਨਾਸਿਕ, ਔਘੜ, ਊਰਮ। ਭਰਥਰਿ, ਈਸ਼ੁਰ, ਪਰਬਤ, ਧੂਰਮ।
ਜੋਤਿ ਮਗਨ, ਸਿਧਸੈਨ, ਹਨੀਫਾ। ਰਾਇਐਨ, ਪਤਿਪ੍ਰਾਨ, ਕਨੀਫਾ॥੪੨॥

ਪੂਰਨ, ਨਾਸਿਕ, ਔਘੜ, ਊਰਮ, ਭਰਥਰੀ, ਈਸੁਰ, ਪਰਬਤ, ਧੂਰਮ, ਜੋਤਿਮਗਨ, ਸਿਧਸੈਨ, ਹਨੀਫਾ, ਰਾਇਐਨ, ਪਤਿਪ੍ਰਾਨ ਅਤੇ ਕਨੀਫਾ॥ ੪੨॥

ਬਿਮਲ ਜੋਤਿ, ਸੀਤਲ ਜਲ, ਗਿਰਵਰ। ਚਤੁਰਬੈਨ, ਮੁਕਤੀਸ਼ਰ, ਗਿਰਧਰ।
ਸੂਰਐਨ, ਗਿਰਬੋਧ, ਪਲਕ ਨਿਧਿ। ਸੰਭੂ, ਮਗਨਧਾਰ, ਕਨਕਾ ਸਿਧ॥੪੩॥

ਬਿਮਲ ਜੋਤਿ, ਸੀਤਲ ਜਲ, ਗਿਰਵਰ, ਚਤੁਰਬੈਨ, ਮੁਕਤੀਸ਼ਰ, ਗਿਰਧਰ, ਸੂਰਐਨ, ਗਿਰਬੋਧ, ਪਲਕ ਨਿਧਿ, ਸੰਭੂ, ਮਗਨਧਾਰ ਅਤੇ ਕਨਕਾ ਸਿਧ॥ ੪੩॥

ਚੌਪਈ- ਗੌਨਗੁਆਲ, ਕਾਲਿੰਦ੍ਰੇ, ਦਰਸ਼ਨ। ਚਲਨਜੋਤਿ, ਤੁਲਸਾਂ, ਗੋਵਰਧਨ।
ਕੇਵਲਕਰਮੀ, ਕਲਾਬਿਲਾਸੀ। ਭੂਤਵੇ, ਕੇਸਕਰਨ, ਕ੍ਰਮਨਾਸੀ॥ ੪੪॥

ਗੋਨਗੁਆਲ, ਕਾਲਿੰਦ੍ਰੇ, ਦਰਸ਼ਨ, ਚਲਨਜੋਤਿ, ਤੁਲਸਾਂ, ਗੋਵਰਧਨ, ਕੇਵਲਕਰਮੀ, ਕਲਾਬਿਲਾਸੀ, ਤ੍ਰਤਵੇ, ਕੇ ਸਕਰਨ, ਕ੍ਰਮਨਾਸੀ॥ ੪੪॥

ਸੰਘਰ, ਕਿਸਨਕੁਆਰ, ਅਸਰਨਿਧ। ਪਲਕਾ, ਰਾਮ ਕੁਮਾਰ, ਰਾਮ ਸਿੱਧ।
ਮੀਰਹੁਸੈਨੀ, ਆਪੰਰੂਪੀ। ਮੀਰ ਜੰਬੀਲ, ਕਲੇ ਸੰਧੂਪੀ॥ ੪੫॥

ਸੰਘਰ, ਕਿਸਨਕੁਆਰ, ਅਸਰਨਿਧ, ਪਲਕਾ, ਰਾਮ ਕੁਮਾਰ, ਰਾਮ ਸਿੱਧ, ਮੀਰ ਹੁਸੈਨੀ, ਆਪੰਰੂਪੀ, ਮੀਰ ਜੰਬੀਲ, ਅਤੇ ਕਲੇਸੰਧੂਪੀ॥ ੪੫॥

ਜੋਗਹਰੇ, ਖੁਲਾਸ, ਕਸਧੂਪੀ। ਕੇਵਲਕਰਮੀ, ਜੋਗ ਅਨੂਪੀ।
ਮੂਲ ਮੰਤ੍ਰੀ, ਕਿਦਾਰ, ਇਕ ਰੰਗੀ। ਨਾਸਿਕਾ, ਸਿਲਸਿਲਾ ਤੁਰਤਰੰਗੀ॥੪੬॥

ਜੋਗਹਰੇ, ਖੁਲਾਸ, ਕਸਧੂਪੀ, ਕੇਵਲਕਰਮੀ, ਜੋਗ ਅਨੂਪੀ, ਮੂਲ ਮੰਤ੍ਰੀ, ਕਿਦਾਰ, ਇਕ ਰੰਗੀ, ਨਾਸਿਕਾ, ਸਿਲਸਿਲਾ ਅਤੇ ਤੁਰਤਰੰਗੀ॥ ੪੬॥

ਕੇਲੰਕਲ, ਕੂਨਜੋਗ, ਬਚਿੱਤ੍ਰਾ। ਈਸ਼ਰਪ੍ਰੰਗੀ, ਯੋਗਪਵਿਤ੍ਰਾ।
ਸੰਭਾਲਕਾ, ਬਿਹੰਗਮ, ਜੋਗੀ। ਬ੍ਰਹਮੰਜੋਗੀ, ਬ੍ਰਹਮੰਭੋਗੀ॥ ੪੭॥

ਕੇਲੰਕਲ, ਕੂਨਜੋਗ, ਬਚਿੱਤ੍ਰਾ, ਈਸ਼ਰਪ੍ਰੰਗੀ, ਯੋਗਪਵਿਤ੍ਰਾ, ਸੰਭਾਲਕਾ, ਬਿਹੰਗਮ, ਜੋਗੀ, ਬ੍ਰਹਮੰਜੋਗੀ ਅਤੇ ਬ੍ਰਹਮੰਭੋਗੀ॥ ੪੭॥

ਸਰਸੁਤੀ, ਬਿਸਨਪਤੀ, ਗੰਧਾਰੀ। ਵਾਸੀਗੁਫਾ, ਬ੍ਰਹਮ ਬ੍ਰਤਧਾਰੀ।
ਮੁਗਲ ਜੋਗ, ਚੌਰਾਸੀ ਗਿਨਿਯੇ। ਸਰਬ ਨਾਮ ਸਿਧਨ ਕੇ ਜਨਿਯੇ॥੪੮॥

ਸਰਸੁਤੀ, ਬਿਸਨਪਤੀ, ਗੰਧਾਰੀ, ਵਾਸੀਗੁਫਾ, ਬ੍ਰਹਮ ਬ੍ਰਤਧਾਰੀ ਅਤੇ ਮੁਗਲ ਜੋਗ, ਇਹ ਸਾਰੇ ਚੌਰਾਸੀ ਗਿਣ ਲਵੋ। ਇਹ ਸਾਰੇ ਸਿੱਧਾਂ ਦੇ ਨਾਮ ਜਾਣ ਲਵੋ'॥ ੪੮॥

ਮਰਦਾਨਾ ਸੁਨਿ ਬੂਝਤਿ ਭਾ ਤਬ। 'ਤੁਮ ਜੋ ਕਹੇ ਸੁ ਜਾਨੇ ਮੈਂ ਸਭਿ।
ਏਕ ਸੰਦੇਹ ਨਿਵਾਰਨ ਕੀਜੈ। ਬਹੁਰੋ ਚਲਨ ਗੈਲ ਪਗ ਦੀਜੈ॥ ੪੯॥

ਇਹ ਸੁਣ ਕੇ ਮਰਦਾਨਾ ਪੁੱਛਣ ਲੱਗਾ, "ਜਿਹੜੇ ਤੁਸੀਂ ਕਹੇ ਮੈਂ ਸਾਰੇ ਜਾਣ ਲਏ ਹਨ, ਪਰ ਇਕ ਸ਼ੰਕੇ ਦਾ ਨਿਵਾਰਨ ਕਰੋ। ਫਿਰ ਰਾਹ ਪੈ ਕੇ ਚਰਨਾਂ ਨੂੰ ਚਲਨ ਦੇਵੋ॥ ੪੯॥

ਦੋਹਰਾ- ਭੋਗ ਨ ਕੀਨੋ ਨਾਰਿ ਸੋਂ ਐਸੇ ਲੋਕ ਅਨੇਕ।
ਖਸ਼ਟ ਜਤੀ ਤੁਮ ਕਿਉਂ ਕਹੈ ਮੁਝ ਸੰਸੈ ਭਾ ਏਕ'॥ ੫੦॥

ਜਿਨ੍ਹਾਂ ਨਾਰੀ ਨਾਲ ਭੋਗ ਨਹੀਂ ਕੀਤਾ, ਐਸੇ ਤਾਂ ਅਨੇਕ ਲੋਕ ਹਨ, ਖਸ਼ਟ ਜਤੀ ਤੁਸੀਂ ਕਿਉਂ ਕਹੇ, ਮੈਨੂੰ ਇਸ ਦਾ ਸ਼ੰਕਾ ਹੈ"॥ ੫੦॥

ਚੌਪਈ- ਸੁਨਿ ਸ੍ਰੀ ਗੁਰੂ ਨੈ ਬਚਨ ਉਚਾਰੇ 'ਨਹੀਂ ਜਤੀ ਜੋ ਤੋਹਿ ਬਿਚਾਰੇ।
ਸਰਬ ਰਿਖੀਕ ਬਿੰਦ ਦ੍ਰਵ ਜਾਵੈ। ਜਤੀ ਸੋਇ ਕਿਤ ਤੇ ਨ ਗਵਾਵੈ॥੫੧॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, "ਜੋ ਤੂੰ ਵਿਚਾਰੇ ਹਨ ਉਹ ਜਤੀ ਨਹੀਂ ਹਨ। ਸਾਰੇ ਇੰਦ੍ਰਿਆਂ ਤੋਂ ਵੀਰਜ ਵਹਿ ਜਾਂਦਾ ਹੈ। ਜਤੀ ਸੋਈ ਹੈ ਜਿਹੜਾ ਕਿਸੇ ਇੰਦਰ ਤੋਂ ਵੀ ਵੀਰਜ ਨਾ ਗਵਾਵੇ॥ ੫੧॥

ਨੈਨ ਰੂਪ ਪਿਖਿ ਰਹਜੋ ਲੁਭਾਈ। ਤਾਂਹੀ ਸਮੇ ਨੈਨ ਦਰ ਜਾਈ।

ਤ੍ਰਿਯ ਰਸ ਸੁਨਹਿ ਜਬਹਿ ਦੇ ਕਾਨਾ। ਜਾਇ ਸ੍ਰਵਨ ਦਰ ਬਿੰਦ ਲੁਭਾਨਾ॥੫੨॥

ਨੈਣ ਰੂਪ ਵੇਖ ਕੇ ਲੁਭਾਇਮਾਨ ਹੋ ਜਾਂਦੇ ਹਨ, ਓਸੇ ਸਮੇਂ ਵੀਰਜ ਨੈਣਾਂ ਦੁਆਰੇ ਰਾਹੀਂ ਨਿਕਲ ਜਾਂਦਾ ਹੈ। ਇਸਤਰੀ ਰਸ ਜਦ ਕੰਨਾਂ ਨਾਲ ਸੁਣਦਾ ਹੈ। ਤਾਂ ਲੁਭਾਇਮਾਨ ਹੋ ਕੇ ਵੀਰਜ ਕੰਨਾਂ ਦੁਆਰੇ ਨਿਕਲ ਜਾਂਦਾ ਹੈ॥ ੫੨॥

ਮੁਖ ਤੇ ਤਰੁਨੀ ਰਸ ਕੀ ਬਾਤਾ। ਤਿਹ ਸੋਂ ਲਾਇ ਕਰਤਿ ਯੋਂ ਜਾਤਾ।
ਕਰਹਿ ਸਪਰਸ਼ ਅੰਗਨਾ ਅੰਗਾ। ਤਿਹ ਬਿਧਿ ਜਾਵਹਿ ਬਿੰਦ ਨਿਸੰਗਾ॥੫੩॥

ਮੁਖ ਤੋਂ ਇਸਤਰੀ ਰਸ ਦੀਆਂ ਗੱਲਾਂ ਕਰਦਾ ਹੈ, ਪਿਆਰ ਨਾਲ ਇੰਝ ਕਰਦਾ ਹੈ। ਇਸਤਰੀ ਦੇ ਅੰਗਾ ਨਾਲ ਆਪਣੇ ਨੂੰ ਲਾਉਂਦਾ ਹੈ, ਇਸ ਢੰਗ ਨਾਲ ਬੀਰਜ ਨਿਸੰਗ ਬਹਿ ਜਾਂਦਾ ਹੈ॥ ੫੩॥

ਦੋਹਰਾ- ਅਸ਼ਟ ਬਿਧਿਨ ਕੋ ਭੋਗ ਹੈ ਤਿਨ ਤੇ ਜੋ ਵਿਪਰੀਤਿ।
ਪੂਰਨ ਜਤੀ ਸੁ ਜਾਨਿਯੇ ਲੀਨ ਕਾਮ ਤਿਹ ਜੀਤ॥ ੫੪॥

ਅੱਠ ਤਰ੍ਹਾਂ ਦੇ ਭੋਗ ਹਨ, ਉਨ੍ਹਾਂ ਦੇ ਜੋ ਵਿਰੁਧ ਹਨ ਉਨ੍ਹਾਂ ਨੂੰ ਪੂਰਨ ਸ੍ਰੇਸ਼ਟ ਜਤੀ ਜਾਣੀਏ, ਉਹ ਕਾਮ ਨੂੰ ਜਿੱਤ ਲੈਂਦੇ ਹਨ॥ ੫੪॥

ਚੌਪਈ- ਖਸ਼ਟ ਜਤੀ ਹੈਂ ਔਰ ਨ ਕੋਈ'। ਸੁਨਿ ਕਰਿ ਨਿਰਸੰਸੈ ਤਾ ਹੋਈ।
ਪੁਨ ਮਰਦਾਨਾ ਬਚਨ ਅਲਾਵੈ। 'ਅੱਗ੍ਰਜ ਚਲਿਯੇ ਜੇ ਤੁਧ ਭਾਵੈ॥੫੫॥

ਛੇ ਜਤੀ ਹਨ, ਹੋਰ ਕਈ ਨਹੀਂ ਹੈ।'' ਇਹ ਸੁਣ ਕੇ ਮਰਦਾਨਾ ਸੰਸਾ-ਰਹਿਤ ਹੋ ਗਿਆ। ਪਰ ਮਰਦਾਨੇ ਨੇ ਕਿਹਾ, ''ਜੇ ਤੁਹਾਨੂੰ ਚੰਗਾ ਲੱਗਦਾ ਹੈ ਤਾਂ ਹੁਣ ਅੱਗੇ ਚਲੀਏ॥ ੫੫॥

ਇਨ ਤੇ ਊਚੇ ਥਾਨ ਬਿਸ਼ੇਖਾ। ਤਿਨ ਕੋ ਚਾਹਤਿ ਹੋਂ ਮੈਂ ਦੇਖਾ।
ਸ੍ਰੀ ਗੁਰੁ ਕਹੈਂ 'ਬਿਲੰਬ ਨ ਕੋਈ। ਚਲਿ ਦੇਖਹੁ ਦੇਖਨ ਹਿਤ ਜੋਈ'॥੫੬॥

ਇਸ ਤੋਂ ਉਚੇ ਵੀ ਕਈ ਸਥਾਨ ਹਨ, ਮੈਂ ਉਨ੍ਹਾਂ ਸਥਾਨਾਂ ਨੂੰ ਵੇਖਣਾ ਚਾਹੁੰਦਾ ਹਾਂ।'' ਗੁਰੂ ਜੀ ਨੇ ਕਿਹਾ, ''ਇਸ ਵਿਚ ਕੋਈ ਦੇਰੀ ਨਹੀਂ ਹੈ, ਚਲ ਕੇ ਵੇਖੋ, ਜੋ ਤੁਸੀਂ ਵੇਖਣਾ ਚਾਹੁੰਦੇ ਹੋ''॥ ੫੬॥

ਅਸ ਕਹਿ ਕਰਿ ਸ੍ਰੀ ਗੁਰੁ ਸੁਖਕਾਰੀ। ਗਮਨ ਹੇਤ ਪੁਨ ਕੀਨੀ ਤਯਾਰੀ।
ਪਿਖਿ ਕਰਿ ਗੋਪੀਚੰਦ ਬਖਾਨਾ। 'ਮੰਗਲਨਾਥ! ਸੁਨਹੁ ਦੇ ਕਾਨਾ॥੫੭॥

ਇਹ ਕਹਿ ਕੇ ਸੁਖਕਾਰੀ ਗੁਰੂ ਜੀ ਨੇ ਚੱਲਣ ਦੀ ਤਿਆਰੀ ਕਰ ਦਿੱਤੀ। ਇਹ ਵੇਖ ਕੇ ਗੋਪੀ ਚੰਦ ਨੇ ਕਿਹਾ, ''ਹੇ ਮੰਗਲ ਨਾਥ! ਮੇਰੀ ਗੱਲ ਕੰਨ ਲਾ ਕੇ ਸੁਣੋ॥ ੫੭॥

ਨਾਨਕ ਤਪਾ ਚਲਨਿ ਭੇ ਤਯਾਰੂ। ਚਲਹੁ ਆਪ ਕੀਜੈ ਸਤਿਕਾਰੂ।
ਜੇ ਤੁਮ ਕਹੋ ਰਹੈਂ ਇਹ ਥਾਈਂ। ਯਾਂਤੇ ਨੀਕੀ ਅਪਰ ਨ ਕਾਈ॥੫੮॥

ਗੁਰੂ ਨਾਨਕ ਤਪਾ ਚਲਣ ਵਾਸਤੇ ਤਿਆਰ ਹੋ ਗਿਆ ਹੈ, ਚਲੋ ਆਪ ਚਲ ਕੇ ਉਨ੍ਹਾਂ ਦਾ ਸਤਿਕਾਰ ਕਰੀਏ। ਜੇ ਤੁਸੀਂ ਕਹੋ ਤਾਂ ਇਸ ਥਾਂ ਰਹਿ ਪੈਣ, ਇਸ ਤੋਂ ਚੰਗਾ ਹੋਰ ਕੋਈ ਥਾਂ ਨਹੀਂ ਹੈ॥ ੫੮॥

ਚੌਪਈ- ਜਿਨ ਕੇ ਬਚਨ ਗਯਾਨ ਮਹਿਂ ਭੀਨੇ। ਹੁਇਂ ਸਨਾਥ ਤਿਹ ਸੰਗਤਿ ਕੀਨੇ।
ਕਹਤਿ ਪਰਸਪਰ ਬਚਨ ਬਿਲਾਸੂ। ਚਲਿ ਆਏ ਸ੍ਰੀ ਗੁਰੁ ਕੇ ਪਾਸੂ॥੫੯॥

ਜਿਨ੍ਹਾਂ ਦੇ ਬਚਨ ਗਿਆਨ ਨਾਲ ਭਿੱਜੇ ਹੋਏ ਹਨ, ਉਨ੍ਹਾਂ ਦੀ ਸੰਗਤ ਕਰਕੇ ਸਭ ਸੁਨਾਥ ਹੋ ਜਾਂਦੇ ਹਨ, ਇਸ ਤਰ੍ਹਾਂ ਬਚਨ ਬਿਲਾਸ ਕਰਦੇ ਦੋਵੇਂ ਚਲ ਕੇ ਗੁਰੂ ਜੀ ਦੇ ਪਾਸ ਆ ਗਏ॥ ੫੯॥

ਘੁੱਘੂਨਾਥ ਸੁ ਮੰਗਲਨਾਥਾ। ਪ੍ਰਾਨਨਾਥ ਆਵਾ ਹਿਤ ਸਾਥਾ।
ਭਰਥਰਿ ਗੋਪੀਚੰਦ ਸੁਜਾਨਾ। ਬੈਠਿ ਸਮੀਪਹਿ ਪ੍ਰੇਮ ਮਹਾਨਾ॥ ੬੦ ॥

ਘੁੱਘੂਨਾਥ ਤੇ ਸ੍ਰੇਸ਼ਟ ਮੰਗਲਨਾਥ ਅਤੇ ਪ੍ਰਾਨਨਾਥ ਬੜੇ ਪਿਆਰ ਨਾਲ ਆਏ। ਭਰਥਰੀ ਅਤੇ ਚਤੁਰ ਗੋਪੀ ਚੰਦ ਨੇ ਗੁਰੂ ਜੀ ਦੇ ਕੋਲ ਬੈਠ ਕੇ ਮਹਾਨ ਪ੍ਰੇਮ ਕੀਤਾ॥ ੬੦ ॥

ਹਾਥ ਬੰਦਿ ਕੈ ਬਚਨ ਅਲਾਏ। 'ਰਹੋ ਇਹਾਂ, ਕਿਉਂ ਤਪਾ! ਸਿਧਾਏ ?
ਸਿੱਧ ਮੰਡਲੀ ਕਰਹੁ ਸਨਾਥਾ। ਬੈਸੇ ਕਰਹੁ ਨਿਰੰਜਨ ਗਾਥਾ॥ ੬੧ ॥

ਹੱਥ ਜੋੜ ਕੇ ਬੋਲੇ, "ਹੇ ਤਪਾ ਜੀ! ਏਥੇ ਰਹੋ, ਕਿਉ ਜਾਂਦੇ ਹੋ ? ਸਿੱਧ ਮੰਡਲੀ ਨੂੰ ਨਿਹਾਲ ਕਰੋ ਅਤੇ ਬੈਠ ਕੇ ਪ੍ਰਭੂ ਦੀ ਕਥਾ ਕਰੋ॥ ੬੧ ॥

ਦੋਹਰਾ- ਨਹਿੰ ਤੁਮ ਕੋ ਜੰਜਾਰ ਕਛੁ, ਰਹਜੋ ਨ ਕੋਊ ਕਾਜ।
ਦਰਸ਼ਨ ਦੀਜੈ ਲੀਜਿਯੇ ਰਹਉ ਸੁਮੇਰੁ ਬਿਰਾਜ'॥ ੬੨ ॥

ਤੁਹਾਨੂੰ ਕੋਈ ਜੰਜਾਲ ਵੀ ਨਹੀਂ ਹੈ, ਕਿਸ ਕਾਰਨ ਰਹਿੰਦੇ ਨਹੀਂ ਹੋ ? ਸੁਮੇਰ ਪਰਬਤ ਤੇ ਬਿਰਾਜ ਕੇ ਦਰਸ਼ਨ ਦਿੰਦੇ ਲੈਂਦੇ ਰਹੋ"॥ ੬੨ ॥

ਚੌਪਈ- ਸ੍ਰੀ ਨਾਨਕ ਸੁਨਿ ਬੈਨ ਉਚਾਰਾ। 'ਔਰ ਨਹੀਂ ਕੋ ਹਮੈਂ ਜੰਜਾਰਾ।
ਦਰਸ਼ਨ ਸੰਤਨ ਕੋ ਹਿਤ ਮੇਰੇ। ਜਿਨ ਸੰਗਤਿ ਮਹਿਂ ਸਭਿ ਸੁਖ ਹੇਰੇ॥ ੬੩ ॥

ਗੁਰੂ ਨਾਨਕ ਜੀ ਨੇ ਸੁਣ ਕੇ ਬਚਨ ਕੀਤਾ, "ਸਾਨੂੰ ਹੋਰ ਕੋਈ ਜੰਜਾਲ ਨਹੀਂ ਹੈ। ਮੇਰਾ ਹਿਤ ਕੇਵਲ ਸੰਤਾਂ ਦੇ ਦਰਸ਼ਨ ਕਰਨ ਵਿਚ ਹੈ, ਜਿਨ੍ਹਾਂ ਦੀ ਸੰਗਤ ਵਿਚ ਸਭ ਸੁੱਖ ਪ੍ਰਾਪਤ ਹੁੰਦੇ ਹਨ॥ ੬੩ ॥

ਆਸਨ ਬੈਸਨ ਹਮ ਤੇ ਛੂਟਾ। ਸਤਿਗੁਰੁ ਪਰਸਤਿ ਬੰਧਨ ਤੂਟਾ।
ਨਿਰੰਕਾਰ ਪਰ ਡੀਠ ਹਮਾਰੀ। ਛੂਟ ਗਈ ਸਭਿ ਅਪਨੀ ਧਾਰੀ॥ ੬੪ ॥

ਸਾਡਾ ਕਿਸੇ ਇਕ ਥਾਂ ਤੇ ਟਿਕ ਕੇ ਬੈਠਣਾ ਖਤਮ ਹੋ ਗਿਆ ਹੈ, ਸਤਿਗੁਰੂ ਦਾ ਸਿਮਰਨ ਕਰਨ ਨਾਲ ਸਭ ਬੰਧਨ ਟੁੱਟ ਗਏ ਹਨ। ਇਕ ਨਿਰੰਕਾਰ ਤੇ ਸਾਡੀ ਓਟ ਹੈ। ਮਨ ਦੀ ਸਾਰੀ ਹਉਮੈਂ ਤੋਂ ਛੁਟਕਾਰਾ ਹੋ ਗਿਆ ਹੈ॥ ੬੪ ॥

ਨਹੀਂ ਦ੍ਰਿਸ਼ਟਿ ਜਾਵਹਿ ਕਿਤ ਆਨਾ। ਅਟਕੀ ਸ੍ਰੀ ਕਰਤਾਰ ਸਥਾਨਾ।
ਤਿਹ ਪਗ ਲਗਜੋ ਪ੍ਰੇਮ ਮਨ ਮੇਰੇ। ਸ਼ਾਂਤਿ ਨ ਆਵਤਿ ਤਿਨ ਬਿਨ ਹੇਰੇ'॥ ੬੫ ॥

ਸਾਡੀ ਦ੍ਰਿਸ਼ਟੀ ਕਿਸੇ ਹੋਰ ਥਾਂ ਨਹੀਂ ਜਾਂਦੀ ਹੈ, ਇਹ ਕੇਵਲ ਇਕ ਕਰਤਾਰ ਉੱਤੇ ਹੀ ਟਿਕੀ ਹੋਈ ਹੈ। ਮੇਰਾ ਮਨ ਕਰਤਾਰ ਦੇ ਚਰਨਾਂ ਨਾਲ ਜੁੜਿਆ ਹੋਇਆ ਹੈ, ਪ੍ਰਭੂ ਨੂੰ ਵੇਖਣ ਤੋਂ ਬਗੈਰ ਸ਼ਾਂਤੀ ਨਸੀਬ ਨਹੀਂ ਹੁੰਦੀ ਹੈ"॥ ੬੫ ॥

ਦੋਹਰਾ- ਬੋਲਜੋ ਮੰਗਲਨਾਥ ਤਬ 'ਰਾਵਰ ਹੀ ਕਰਤਾਰ।
ਤੁਮਰੋ ਦਰਸ ਦੁਲੰਭ ਹੈ ਹਮ ਯੌਂ ਕਰਤਿ ਉਚਾਰ॥ ੬੬ ॥

ਫਿਰ ਮੰਗਲ ਨਾਥ ਬੋਲਿਆ, "ਆਪ ਹੀ ਤਾਂ ਕਰਤਾਰ ਹੋ। ਤੁਹਾਡੇ ਦਰਸ਼ਨ ਦੁਰਲੱਭ ਹਨ, ਅਸੀਂ ਇਸ ਤਰ੍ਹਾਂ ਉਚਾਰਨ ਕਰਦੇ ਹਾਂ॥ ੬੬ ॥

ਚੌਪਈ- ਤੁਮ ਸਮੀਪ ਜੋ ਬੀਤਹਿ ਕਾਲਾ। ਸੋ ਹਮ ਜਾਨਹਿਂ ਸਫਲ ਬਿਸਾਲਾ।

ਕਰੁਨਾ ਕਰਿ ਕੁਛ ਕਾਲ ਰਹੀਜੈ। ਪੁਨ ਜਾਵਨ ਕੀ ਇੱਛਾ ਕੀਜੈ' ॥੬੭॥

ਜਿਹੜਾ ਸਮਾਂ ਤੁਹਾਡੇ ਨੇੜੇ ਰਹਿ ਕੇ ਬੀਤੇਗਾ, ਉਸ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਅਤੀ ਸਫਲ ਸਮਾਂ ਸਮਝਾਂਗੇ। ਕਿਰਪਾ ਕਰਕੇ ਕੁਝ ਵਕਤ ਹੋਰ ਏਥੇ ਰਹੋ, ਫਿਰ ਜਾਣ ਦੀ ਇੱਛਾ ਕਰਨਾ ਜੀ' ॥ ੬੭॥

ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਤੁਮ ਸਭਿ ਮੇਰੇ ਪ੍ਰਾਨਨ ਪ੍ਯਾਰੇ।
ਹੋਇ ਮੇਲ ਪੁਨ ਕੇਤਿਕ ਕਾਲਾ। ਅਬ ਜਾਵਨ ਕੋ ਕਾਜ ਬਿਸਾਲਾ ॥੬੮॥

ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਉਚਾਰਿਆ, "ਤੁਸੀਂ ਸਾਰੇ ਮੇਰੇ ਪ੍ਰਾਣਾਂ ਨਾਲੋਂ ਵੀ ਪਿਆਰੇ ਹੋ, ਕੁਝ ਸਮੇਂ ਬਾਅਦ ਸਾਡਾ ਫਿਰ ਮੇਲ ਹੋਵੇਗਾ। ਹੁਣ ਅਸੀਂ ਇਕ ਵੱਡੇ ਕਾਰਜ ਵਾਸਤੇ ਜਾਣਾ ਹੈ॥ ੬੮॥

ਕਰਹੁ ਦਯਾ ਆਇਸ ਅਬ ਦੀਜੈ। ਹੌਂ ਗਮਨੌਂ ਨਿਜ ਖੁਸ਼ੀ ਸੁ ਕੀਜੈ'।
ਮੰਗਲ ਆਦਿ ਸਰਬ ਸਿਧ ਭਾਖੈਂ। 'ਦੇਖਹੁ ਤਪਾ ! ਜਹਾਂ ਤੁਮ ਕਾਂਖੈ ॥੬੯॥

ਹੁਣ ਦਇਆ ਕਰੋ ਅਤੇ ਜਾਣ ਦੀ ਆਗਿਆ ਦੇਵੋ, ਤਾਂਕਿ ਅਸੀਂ ਆਪਣੀ ਖੁਸ਼ੀ ਅਨੁਸਾਰ ਘੁੰਮੀਏ ਫਿਰੀਏ।" ਮੰਗਲ ਆਦਿ ਸਾਰੇ ਸਿਧ ਕਹਿਣ ਲੱਗੇ, "ਵੇਖੋ ਤਪਾ ਜੀ ! ਜਿਥੇ ਤੁਹਾਡੀ ਇੱਛਾ ਹੈ, ਜਾਵੋ ਜੀ॥ ੬੯॥

ਦੋਹਰਾ- ਖੁਸ਼ੀ ਨਿਰੰਜਨ ਕੀ ਸਦਾ ਖੇਲਹੁ ਜਿਤ ਹੁਇ ਚਾਹਿ।
ਸਭਿ ਤੁਮਰੇ ਅਸਥਾਨ ਹੈਂ ਦੂਸਰ ਦੀਸਤਿ ਨਾਂਹਿ' ॥ ੭੦॥

ਆਪ ਪਰਮਾਤਮਾ ਦੀ ਖੁਸ਼ੀ ਹੈ, ਜਿਵੇਂ ਆਪ ਜੀ ਦੀ ਮਰਜ਼ੀ ਹੋਵੇ ਉਂਝ ਹੀ ਕਰੋ ਜੀ। ਸਭ ਤੁਹਾਡੇ ਹੀ ਸਥਾਨ ਹਨ, ਤੁਹਾਡੇ ਵਰਗਾ ਦੂਸਰਾ ਹੋਰ ਕੋਈ ਦਿੱਸਦਾ ਨਹੀਂ ਹੈ ਜੀ' ॥ ੭੦॥

ਚੌਪਈ- ਠਾਂਢੇ ਹ੍ਵੈ ਕਰਿ ਪੰਕਜ ਬਦਨਾ। ਬਿਦਾ ਹੋਨਿ ਲਾਗੈ ਸੁਖ ਸਦਨਾ।
ਮਿਲਿ ਸਭਿ ਸੋਂ 'ਆਦੇਸ਼' ਅਲਾਈ। ਕਰਹਿਂ ਪ੍ਰੇਮ ਹਿਰਦੈ ਜਗਰਾਈ ॥੭੧॥

ਕੰਵਲ ਮੁਖ ਭਾਵ ਗੁਰੂ ਜੀ ਖੜੇ ਹੋ ਗਏ ਤੇ ਸੁਖਾਂ ਦੇ ਘਰ ਵਿਦਾ ਹੋਣ ਲੱਗੇ, ਸਾਰਿਆਂ ਨੂੰ ਮਿਲ ਕੇ 'ਅਦੇਸ਼' ਕਹੀ, ਜਗਤ ਦੇ ਸਵਾਮੀ ਹਿਰਦੇ ਵਿਚ ਬੜਾ ਪ੍ਰੇਮ ਕਰਦੇ ਹਨ॥ ੭੧॥

ਮੰਗਲ, ਪ੍ਰਾਨਨਾਥ, ਲੁਹਿਰੀਪਾ। ਚਲਿ ਕਰਿ ਆਏ ਸਰਬ ਸਮੀਪਾ।
ਗੋਪੀਚੰਦ ਆਦਿ ਹੈਂ ਜੇਤੇ। ਮਿਲਿ ਕਰਿ ਹਰਖੇ ਜੇ ਗੁਰੁ ਬੇਤੇ॥ ੭੨॥

ਮੰਗਲ ਨਾਥ, ਪ੍ਰਾਨਨਾਥ, ਲੁਹਿਰੀਪਾ ਸਾਰੇ ਚੱਲ ਕੇ ਗੁਰੂ ਜੀ ਪਾਸ ਆਏ। ਗੋਪੀ ਚੰਦ ਆਦਿ ਜਿੰਨੇ ਵੀ ਗੁਰੂ ਜੀ ਦੇ ਅਸਲ ਰੂਪ ਨੂੰ ਪਛਾਣਨ ਵਾਲੇ ਸਨ, ਮਿਲ ਕੇ ਬਹੁਤ ਪ੍ਰਸੰਨ ਹੋਏ॥ ੭੨॥

ਚੌਪਈ- ਦੇਖਹਿਂ ਚੰਦ੍ਰਬਦਨ ਕੀ ਓਰਾ। ਸਭਿ ਨੈ ਲੋਚਨ ਕੀਨ ਚਕੋਰਾ।
ਬੰਦਨ ਕਰਹਿਂ ਚਰਨ ਅਰਬਿੰਦਾ। ਮਨ ਅਪਨੇ ਜਿਨ ਕੀਨ ਮਲਿੰਦਾ ॥੭੩॥

ਸਾਰੇ ਚੰਦਰ ਮੁਖ ਭਾਵ ਗੁਰੂ ਜੀ ਵਲ ਵੇਖ ਰਹੇ ਸਨ, ਸਾਰਿਆਂ ਨੇ ਆਪਣੇ ਨੈਣ ਚਕੋਰ ਵਾਂਗ ਗੁਰੂ ਜੀ ਦੇ ਮੁਖ ਵੱਲ ਲਾਏ ਸਨ। ਗੁਰੂ ਜੀ ਦੇ ਚਰਨ ਕੰਵਲ ਤੇ ਮੱਥੇ ਟੇਕ ਰਹੇ ਸਨ, ਜਿਨ੍ਹਾਂ ਆਪਣੇ ਮਨ ਭੌਰੇ ਵਾਂਗ ਬਣਾਏ ਹੋਏ ਸਨ॥ ੭੩॥

ਸਾਦਰ ਕੇ ਬਚ ਸੁਨੇ ਸੁਨਾਏ। ਅੱਗ੍ਰਜ ਸੰਗ ਚਲੇ ਪਹੁੰਚਾਏ।
ਕਰਤਿ ਪ੍ਰੇਮ ਸਭਿ ਸਿੱਧ ਹਟਾਏ। ਆਗੇ ਪੁਨ ਸ੍ਰੀ ਗੁਰੂ ਸਿਧਾਏ ॥੭੪॥

ਆਦਰ ਦੇ ਸ਼ਬਦ ਸੁਣੇ ਅਤੇ ਸੁਣਾਏ, ਗੁਰੂ ਜੀ ਨੂੰ ਤੋਰਨ ਵਾਸਤੇ ਨਾਲ ਚੱਲ ਪਏ। ਗੁਰੂ ਜੀ ਨੇ ਪਿਆਰ ਕਰਕੇ ਸਭ ਨੂੰ ਪਿਛੇ ਮੋੜ ਦਿੱਤਾ। ਗੁਰੂ ਜੀ ਫਿਰ ਅੱਗੇ ਚਲੇ ਗਏ॥ ੭੪॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸਿੱਧਨ ਤੇ ਬਿਦਾ ਹੋਨ' ਪ੍ਰਸੰਗ ਬਰਨਨੰ ਨਾਮ ਚੌਹਠਮੋ ਅਧਯਾਯ॥ ੬੪॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਚੌਹਠਵਾਂ ਅਧਿਆਇ, ਜਿਸ ਦਾ ਨਾਮ "ਸਿੱਧਾਂ ਤੋਂ ਵਿਦਾ ਹੋਣਾ" ਹੈ ਸਮਾਪਤ ਹੋਇਆ॥ ੬੪॥

## ਅਧਿਆਇ ਪੈਂਹਠਵਾਂ

*ਕਾਕ ਭਸੁੰਡਿ ਦੱਤਾ ਤ੍ਰੇਯ।*

ਦੋਹਰਾ- ਰਿਦੈ ਪਦਾਰਥ ਚਾਹਿਂ ਜੇ ਸਤਿਗੁਰੁ ਚਰਨ ਸਰੇਉ।
ਜੀਵਤਿ ਪਾਵਹੁ ਸਰਬ ਸੁਖ ਅੰਤ ਮੁਕਤਿ ਕੋ ਲੇਉ॥ ੧॥

ਜੇ ਹਿਰਦੇ ਵਿਚ ਕੋਈ ਪਦਾਰਥ ਵੀ ਪਾਉਣਾ ਚਾਹੁੰਦੇ ਹੋ ਤਾਂ ਸਤਿਗੁਰੂ ਜੀ ਦੇ ਚਰਨ ਸੇਵਨ ਕਰੋ। ਚਰਨ ਸੇਵਨ ਕਰਨ ਨਾਲ ਜੀਊਂਦਿਆਂ ਹੀ ਸਾਰੇ ਸੁੱਖ ਪ੍ਰਾਪਤ ਹੋਣਗੇ ਅਤੇ ਅੰਤ ਨੂੰ ਮੁਕਤੀ ਪ੍ਰਾਪਤ ਹੋਵੇਗੀ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਅੱਗ੍ਰਜ ਗਮਨੇ ਸ੍ਰੀ ਗੁਰੂ ਗਏ ਏਕ ਅਸਥਾਨ।
ਕਾਕ ਭਸੁੰਡ ਬੈਠੇ ਜਹਾਂ ਪੰਖਨ ਬਿਖੇ ਮਹਾਨ॥ ੨॥

ਭਾਈ ਬਾਲੇ ਨੇ ਕਿਹਾ- ਗੁਰੂ ਜੀ ਅੱਗੇ ਚਲ ਕੇ ਇਕ ਅਸਥਾਨ ਤੇ ਪਹੁੰਚੇ, ਓਥੇ ਬਿਹੰਗਮਾਂ ਵਿਚ ਮਹਾਨ, ਕਾਕ ਭਸੁੰਡ ਬੈਠੇ ਸਨ॥ ੨॥

ਚੌਪਈ- ਬਹੁ ਬਿਹੰਗ ਹੈਂ ਅਨਗਨ ਜਹਿਂਵਾ। ਕਾਕਾ ਭਸੁੰਡ ਬਿਰਾਜੈ ਤਹਿਂਵਾ।
ਬੈਸਜੇ ਆਪ ਸਭਿਨਿਕੇ ਮਾਂਹੀ। ਉਚਰਤਿ ਕਥਾ ਪ੍ਰੇਮ ਉਰ ਜਾਂਹੀ॥ ੩॥

ਜਿਥੇ ਅਣਗਿਣਤ ਬਿਹੰਗਮ ਸਾਧੂ ਰਹਿੰਦੇ ਸਨ, ਓਥੇ ਕਾਕ ਭਸੁੰਡ ਬਿਰਾਜ ਰਹੇ ਸਨ। ਕਾਕ ਭਸੁੰਡ ਸਾਰੇ ਸਾਧੂਆਂ ਦੇ ਵਿਚਕਾਰ ਬੈਠਾ ਸੀ ਜਿਸ ਦੇ ਹਿਰਦੇ ਵਿਚ ਬਹੁਤ ਪ੍ਰੇਮ ਹੈ, ਉਹ ਵਡਾ ਬਿਹੰਗਮ ਕਥਾ ਦਾ ਉਚਾਰਨ ਕਰ ਰਿਹਾ ਸੀ॥ ੩॥

ਸੁਨਹਿ ਪ੍ਰੀਤਿ ਸੋਂ ਸਭ ਬਿਹੰਗਾ। ਭਗਤਿ ਕਰਤਿ ਜਿਨ ਪ੍ਰੇਮ ਉਮੰਗਾ।
ਬੈਸੇ ਜਾਇ ਤਹਾਂ ਸੁਖਕਾਰੀ। ਮੈਂ ਮਰਦਾਨਾ ਜਿਨ ਸੰਗਾਰੀ॥ ੪॥

ਸਾਰੇ ਬਿਹੰਗਮ ਸਾਧੂ ਬੜੇ ਪ੍ਰੇਮ ਨਾਲ ਕਥਾ ਸੁਣ ਰਹੇ ਸਨ। ਜਿਨ੍ਹਾਂ ਵਿਚ ਭਗਤੀ ਕਰਨ ਬਾਰੇ ਬੜਾ ਪ੍ਰੇਮ ਅਤੇ ਉਤਸ਼ਾਹ ਸੀ। ਸੁਖਕਾਰੀ ਓਥੇ ਜਾ ਕੇ ਬੈਠ ਗਏ, ਮੈਂ (ਭਾਈ ਬਾਲਾ) ਅਤੇ ਮਰਦਾਨਾ ਉਨ੍ਹਾਂ ਦੇ ਨਾਲ ਸੀ॥ ੪॥

ਕਥਾ ਕਰਨ ਤੇ ਹਟਿਗਾ ਜਬਹੀ। ਤਿਹ ਬੰਦਤਿ ਭੇ ਮਿਲ ਖਗ ਸਭਿਹੀ।
ਬਹੁਰੋ ਕੇਤਿਕ ਕਾਲ ਬਿਤਾਵਾ। ਸਬਦ ਤਬਹਿ ਮਰਦਾਨੇ ਗਾਵਾ॥ ੫॥

ਜਦ ਕਾਕ ਭਸੁੰਡ ਕਥਾ ਕਰਨ ਤੋਂ ਹਟਿਆ, ਤਦ ਸਾਰੇ ਬਿਹੰਗਮ ਸਾਧੂਆਂ ਨੇ ਮਿਲ ਕੇ ਉਸ ਨੂੰ ਬੰਦਨਾਂ ਕੀਤੀ। ਫਿਰ ਕਾਫੀ ਸਮਾਂ ਜਦ ਬੀਤ ਗਿਆ ਤਦ ਮਰਦਾਨੇ ਨੇ ਇਕ ਸ਼ਬਦ ਦਾ ਗਾਇਨ ਕੀਤਾ॥ ੫॥

ਦੋਹਰਾ- ਸੁਨਤਿ ਸਬਦ ਭਾ ਪ੍ਰੇਮ ਤਿਹ ਜਨੁ ਰਾਕਾਸਸਿ ਦੇਖਿ।
ਬਧਯੋ ਅਨੰਦੋਦਧਿ ਅਧਿਕ ਲਗੀ ਸਮਾਧਿ ਬਿਸ਼ੇਖ॥ ੬॥

ਗੁਰੂ ਜੀ ਦਾ ਸ਼ਬਦ ਸੁਣ ਕੇ ਕਾਕ ਭਸੰਡ ਪ੍ਰੇਮ ਨਾਲ ਭਰ ਗਿਆ, ਜਿਵੇਂ ਪੂਰਨਮਾਸ਼ੀ ਦੇ ਚੰਦ੍ਰਮਾਂ ਨੂੰ ਵੇਖ ਕੇ ਸਾਗਰ ਦਾ ਅਨੰਦ ਵਧਦਾ ਹੈ, ਅਤੇ ਕਾਕ ਭਸੁੰਡ ਦੀ ਗਹਿਰੀ ਸਮਾਧੀ ਲੱਗ ਗਈ॥ ੬॥

ਚੌਪਈ- ਗਾਯੋ ਕਿਤਿਕ ਕਾਲ ਮਰਦਾਨੇ। ਪੁਨ ਤੂਸ਼ਨਿ ਬੈਸਯੋ ਤਿਹ ਥਾਨੇ।
ਲੋਚਨ ਕਾਕ ਭਸੁੰਡ ਉਘਾਰੇ। ਮਧੁਰ ਮ੍ਰਿਦੁਲ ਮੁਖ ਬਚਨ ਉਚਾਰੇ॥੭॥

ਮਰਦਾਨਾ ਕਾਫ਼ੀ ਸਮੇਂ ਤਕ ਸ਼ਬਦ ਦਾ ਗਾਇਨ ਕਰਦਾ ਰਿਹਾ। ਫਿਰ ਚੁੱਪ ਕਰਕੇ ਬੈਠ ਗਿਆ। ਕਾਕ ਭੁਸੰਡ ਨੇ ਆਪਣੇ ਨੇਤਰ ਖੋਲ੍ਹੇ ਅਤੇ ਮੁੱਖ ਤੋਂ ਮਿੱਠੇ ਅਤੇ ਕੋਮਲ ਬਚਨਾਂ ਦਾ ਉਚਾਰਨ ਕੀਤਾ॥ ੭॥

ਚੌਪਈ- 'ਕਿਹ ਕੋ ਏਹੁ ਸ਼ਬਦ ਤੈਂ ਗਾਂਵਾ। ਮਹਾਂ ਮੋਹ ਬਨ ਕੋ ਜਯੋਂ ਦਾਵਾ।
ਜਿਹਕੇ ਸੁਨਤਯੋਂ ਪ੍ਰੇਮ ਉਮੰਗਾ। ਰਾਗ ਬਿਖੈ ਗਾਯੋ ਹਿਤ ਸੰਗਾ॥ ੮॥

ਕਿਸਦਾ ਤੂੰ ਇਹ ਸ਼ਬਦ ਗਾਇਆ ਹੈ, ਮਹਾਂ ਮੋਹ ਦੇ ਵਣ ਵਾਸਤੇ ਜੋ ਦਾਵਾਨਲ ਅਗਨੀ ਸਮਾਨ ਹੈ। ਜਿਸ ਦੇ ਸੁਣਨ ਨਾਲ ਪ੍ਰੇਮ-ਮਈ ਉਤਸ਼ਾਹ ਵਧਿਆ ਹੈ, ਬੜੇ ਪ੍ਰੇਮ ਨਾਲ ਤੂੰ ਰਾਗ ਵਿਚ ਗਾਇਆ ਹੈ॥ ੮॥

ਤਿਹ ਕੋ ਨਾਮ ਬਤਾਵਹੁ ਮੋਹੀ। ਭਗਤਿ ਰੰਗਿ ਮਹਿ ਰੰਗਯੋ ਹੋਹੀ।
ਸੁਨਿ ਮਰਦਾਨੇ ਬਚਨ ਬਖਾਨਾ। 'ਸ੍ਰੀ ਨਾਨਕ ਪ੍ਰਭੁ ਸਭਿ ਗੁਨਖਾਨਾ॥੯॥

ਮੈਨੂੰ ਸ਼ਬਦ ਦੇ ਲਿਖਾਰੀ ਦਾ ਨਾਂ ਦੱਸੋ। ਉਹ ਭਗਤੀ ਰੰਗ ਵਿਚ ਬੜਾ ਰੰਗਿਆ ਹੋਵੇਗਾ। ਮਰਦਾਨੇ ਇਹ ਸੁਣ ਕੇ ਕਿਹਾ, "ਇਹ ਸ਼ਬਦ, ਗੁਣਾਂ ਦੀ ਖਾਨ ਸ੍ਰੀ ਨਾਨਕ ਪ੍ਰਭੂ ਜੀ ਦਾ ਲਿਖਿਆ ਹੋਇਆ ਹੈ॥ ੯॥

ਇਨ ਕੋ ਸਬਦ ਅਹੈ ਜੋ ਗਾਵਾ। ਨਿਰੰਕਾਰ ਅਵਤਾਰ ਸੁਹਾਵਾ।
ਕਾਕ ਭਸੁੰਡ ਸੁਨਯੋ ਇਵ ਕਾਨਾ। ਤੂਰਨ ਆਇ ਚਰਨ ਲਪਟਾਨਾ॥੧੦॥

ਇਹ ਸ਼ਬਦ ਜਿਸ ਦਾ ਗਾਇਨ ਕੀਤਾ ਹੈ, ਇਨ੍ਹਾਂ ਦੀ ਹੀ ਰਚਨਾ ਹੈ। ਇਹ ਨਿਰੰਕਾਰ ਦੇ ਅਵਤਾਰ ਵਜੋਂ ਸੋਭਾ ਪਾ ਰਹੇ ਹਨ। ਜਦ ਕਾਕ ਭਸੁੰਡ ਨੇ ਆਪਣੇ ਕੰਨਾਂ ਨਾਲ ਨਾਂ ਸੁਣਿਆ ਤਾਂ ਤੁਰਤ ਆ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਿਆ॥ ੧੦॥

ਤਿਹਕੋ ਪਿਖ ਪੰਖੀ ਸਭਿ ਆਏ। ਬੰਦਹਿਂ ਚਰਨ ਕਮਲ ਸੁਖ ਪਾਏ।
ਕਾਕ ਭਸੁੰਡ ਜੋਰ ਜੁਗ ਹਾਥਾ। ਬੋਲਯੋ ਬਚਨ ਪ੍ਰਭੂ ਕੇ ਸਾਥਾ॥ ੧੧॥

ਉਨ੍ਹਾਂ ਨੂੰ ਵੇਖ ਕੇ ਸਾਰੇ ਬਿਹੰਗਮ ਸਾਧੂ ਆਏ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਸਭ ਨੇ ਸੁੱਖ ਪ੍ਰਾਪਤ ਕੀਤਾ। ਕਾਕ ਭੁਸੁੰਡ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨਾਲ ਇਸ ਤਰ੍ਹਾਂ ਬਚਨ ਕੀਤੇ॥ ੧੧॥

'ਇਹ ਸੁਧ ਮੋਕੋ ਹੁਤੀ ਅਗਾਰੀ। ਪ੍ਰਗਟੈ ਹਰਿ ਕਲਿ ਕਾਲ ਮਝਾਰੀ।
ਜਾਉਂ ਬਿਲੋਕਨ ਰੂਪ ਕ੍ਰਿਪਾਲਾ। ਯਹੀ ਚਾਹਿ ਥੀ ਰਿਦੇ ਬਿਸਾਲਾ॥੧੨॥

'ਇਹ ਖਬਰ ਮੈਨੂੰ ਪਹਿਲਾ ਹੀ ਮਿਲ ਚੁਕੀ ਹੈ ਕਿ ਕਲਿਜੁਗ ਵਿਚ ਹਰੀ ਨੇ ਅਵਤਾਰ ਧਾਰਿਆ ਹੈ। ਮੇਰੇ ਹਿਰਦੇ ਵਿਚ ਇਹੋ ਵੱਡੀ ਚਾਹ ਸੀ ਕਿ ਕਿਸੇ ਤਰ੍ਹਾਂ ਕ੍ਰਿਪਾਲੂ ਪ੍ਰਭੂ ਦੇ ਜਾ ਕੇ ਦਰਸ਼ਨ ਕਰਾਂ॥ ੧੨॥

ਦੈਵਯੋਗ ਤੇ ਆਇ ਸਮੀਪਾ। ਦੀਨ ਦਰਸ ਬੇਦੀ ਕੁਲਦੀਪਾ।।
ਕੀਨ ਮਨੋਰਥ ਪੂਰਨ ਮੇਰਾ। ਲੋਚਨ ਸੰਗ ਰੂਪ ਤਵ ਹੇਰਾ॥ ੧੩॥

ਸਬੰਬ ਨਾਲ ਮੇਰੇ ਪਾਸ ਆਏ ਹਨ। ਬੇਦੀ ਕੁਲ ਦੇ ਦੀਪਕ ਨੇ ਮੈਨੂੰ ਦਰਸ਼ਨ ਦਿੱਤੇ ਹਨ। ਮੇਰਾ ਮਨੋਰਥ ਪੂਰਾ ਕੀਤਾ ਹੈ, ਆਪਣੀਆਂ ਅੱਖਾਂ ਨਾਲ ਇਨ੍ਹਾਂ ਦਾ ਰੂਪ ਵੇਖਿਆ ਹੈ॥ ੧੩॥

ਕਲੀ ਕਾਲ ਮਤਿ ਮੰਦ ਬਿਮੂਢਾ। ਧਰਮ ਭ੍ਰਿਸ਼ਟਿ ਤੇ ਮੋਹ ਅਰੂਢਾ।
ਤਿਨਕੋ ਦੇਨੇ ਹੇਤ ਸੁਪੰਥਾ। ਖੋਵਨ ਰਿਦੇ ਕੁਮਤਿ ਕੀ ਗ੍ਰੰਥਾ॥ ੧੪॥

ਕਲਿਜੁਗ ਵਿਚ ਲੋਕ ਮੱਤਹੀਣ ਅਤੇ ਮੂਰਖ ਹੋ ਗਏ ਹਨ। ਮੋਹ ਵਿਚ ਪੈ ਕੇ ਲੋਕਾਂ ਦੇ ਧਰਮ ਭ੍ਰਿਸ਼ਟ ਹੋ ਗਏ ਹਨ। ਉਨ੍ਹਾਂ ਲੋਕਾਂ ਨੂੰ ਸਿੱਧੇ ਰਾਹ ਪਾਉਣ ਵਾਸਤੇ ਅਤੇ ਉਨ੍ਹਾਂ ਦੇ ਹਿਰਦਿਆਂ ਵਿਚੋਂ ਖੋਟੀ ਬੁੱਧੀ ਦੀ ਗੰਢ ਨੂੰ ਦੂਰ ਕਰਨ ਵਾਸਤੇ ਆਏ ਹੋ॥ ੧੪॥

ਧਰ ਪਰ ਨਰ ਸਰੀਰ ਕੋ ਧਾਰਾ। ਤੀਨ ਲੋਕ ਕੇ ਤੁਮ ਆਧਾਰਾ।
ਆਇ ਜਿ ਗਾਵਹਿ ਚਰਨਨ ਸ਼ਰਨਾ। ਕਯੋਂ ਨ ਤਰੈ ਜਗ ਜਨਮ ਰੁ ਮਰਨਾ॥੧੫॥

ਇਸ ਧਰਤੀ ਉੱਤੇ ਮਨੁੱਖੀ ਸਰੀਰ ਧਾਰਨ ਕੀਤਾ ਹੈ, ਤੁਸੀਂ ਤਿੰਨਾਂ ਲੋਕਾਂ ਦਾ ਆਧਾਰ ਹੋ। ਜਿਹੜਾ ਵੀ ਤੁਹਾਡੇ ਚਰਨਾਂ ਦੀ ਸ਼ਰਨ ਵਿਚ ਆਵੇਗਾ, ਉਹ ਜੱਗ ਵਿਚ ਕਿਉਂ ਨਹੀਂ ਤਰੇਗਾ ਅਤੇ ਉਸ ਦਾ ਜਨਮ ਮਰਨ ਕਿਉਂ ਨਹੀਂ ਖ਼ਤਮ ਹੋਵੇਗਾ ॥ ੧੫॥

ਕਰਹਿ ਬਚਨ ਤੁਮਰੇ ਜੁ ਕਮਾਵਨ। ਸੇ ਨਰ ਤੀਰਥ ਕਰਿਹੈਂ ਪਾਵਨ।
ਜਿਸ ਮਹਿਂ ਸ਼ਕਤਿ ਗਜਾਨ ਕੀ ਰਾਖੀ। ਤਿਹ ਪਢਿ ਕਯੋਂ ਨ ਹੋਇ ਗਤਿ ਕਾਂਖੀ॥੧੬॥

ਜਿਹੜਾ ਤੁਹਾਡੇ ਬਚਨਾਂ ਦੀ ਕਮਾਈ ਕਰਦਾ ਹੈ, ਉਹ ਮਨੁੱਖ ਪਵਿੱਤਰ ਤੀਰਥਾਂ ਦਾ ਫਲ ਪ੍ਰਾਪਤ ਕਰਦਾ ਹੈ। ਜਿਸ ਵਿਚ ਗਿਆਨ ਦੀ ਸ਼ਕਤੀ ਰੱਖੀ ਹੋਈ ਹੈ, ਉਸ ਨੂੰ ਪੜ੍ਹ ਕੇ ਮੁਕਤੀ ਦੀ ਇੱਛਾ ਵਾਲਾ ਕਿਉਂ ਨਾ ਹੋਵੇਗਾ?'' ॥ ੧੬॥

ਦੋਹਰਾ- ਸ੍ਰੀ ਨਾਨਕ ਬੋਲੇ ਤਬਹਿ 'ਸਭਿ ਗੁਨ ਮੈਂ ਪਰਧਾਨ।
ਭਗਤਿ ਨਿਰੰਤਰ ਕਰਤਿ ਹੋ, ਸ਼੍ਰੋਤਨ ਬਿਖੈ ਮਹਾਨ॥ ੧੭॥

ਫਿਰ ਗੁਰੂ ਨਾਨਕ ਜੀ ਬੋਲੇ, ''ਤੁਸੀਂ ਸਭ ਗੁਣਾਂ ਵਿਚ ਵੱਡੇ ਹੋ, ਹਰ ਵੇਲੇ ਭਗਤੀ ਕਰਦੇ ਰਹਿੰਦੇ ਹੋ, ਸੁਣਨ ਵਾਲਿਆਂ ਵਿਚ ਮਹਾਨ ਹੋ'' ॥ ੧੭॥

'ਸਤਿਗੁਰ ਦੀਨਾ ਨਾਥ ਜੀ! ਕੀਜੈ ਮੋਹਿ ਸਹਾਇ।
ਸ਼੍ਰੋਤੇ ਕਿਸ ਪਰਕਾਰ ਕੇ? ਦੀਜੈ ਮੋਹਿ ਬਤਾਇ॥ ੧੮॥

ਇਹ ਸੁਣ ਕੇ ਕਾਕ ਭਸੁੰਡ ਬੋਲਿਆ, ''ਹੇ ਸਤਿਗੁਰੂ ਦੀਨਾ ਨਾਥ ਜੀ, ਮੇਰੀ ਸਹਾਇਤਾ ਕਰੋ। ਸ਼੍ਰੋਤੇ ਕਿੰਨੇ ਪ੍ਰਕਾਰ ਦੇ ਹੁੰਦੇ ਹਨ, ਮੈਨੂੰ ਇਹ ਦੱਸੋ ਜੀ'' ॥ ੧੮॥

ਚੌਪਈ- 'ਸ਼੍ਰੋਤਾ ਜਗ ਮਹਿ ਪੰਚ ਪ੍ਰਕਾਰਾ। ਸੋ ਹੌਂ ਤੁਮ ਸੋਂ ਕਰੌਂ ਉਚਾਰਾ।
ਰਾਗ ਰਾਗਨੀ ਸਮਝਹਿਂ ਏਕਾ। ਦੂਜੇ ਸੁਰ ਕੈ ਲਖੈਂ ਬਿਬੇਕਾ॥ ੧੯॥

ਗੁਰੂ ਜੀ ਨੇ ਬਚਨ ਕੀਤਾ, ''ਇਸ ਜੱਗ ਵਿਚ ਸਰੋਤੇ ਪੰਜ ਪ੍ਰਕਾਰ ਦੇ ਹੁੰਦੇ ਹਨ। ਜਿਹੜੇ ਜਿਹੜੇ ਹਨ, ਉਹ ਮੈਂ ਬਿਆਨ ਕਰਦਾ ਹਾਂ। ਇਕ ਪ੍ਰਕਾਰ ਦੇ ਉਹ ਸ਼੍ਰੋਤੇ ਹੁੰਦੇ ਹਨ ਜਿਹੜੇ ਰਾਗ ਰਾਗਣੀਆਂ ਨੂੰ ਜਾਣਦੇ ਹਨ। ਦੂਸਰੀ ਪ੍ਰਕਾਰ ਦੇ ਸਰੋਤੇ ਸੁਰ ਦੇ ਗਿਆਨ ਨੂੰ ਪਹਿਚਾਣਦੇ ਹਨ॥ ੧੯॥

ਤੀਜੋ ਤਾਲ ਸੁਨਹਿਂ ਹਿਤ ਦੇਯਾ। ਚਤੁਰਥ ਬਾਦਿਤ ਤੇ ਰਸ ਲੇਯਾ।
ਪੰਚਮ ਸ਼ਬਦ ਅਰਥ ਕੋ ਚੀਨਾ। ਤਾਤਪਰਜ ਸਮਝੰਤਿ ਪ੍ਰਬੀਨਾ॥੨੦॥

ਤੀਸਰੀ ਪ੍ਰਕਾਰ ਦੇ ਸਰੋਤੇ ਪ੍ਰੇਮ ਨਾਲ ਰਾਗ ਦੇ ਤਾਲ ਨੂੰ ਸੁਣਦੇ ਹਨ ਅਤੇ ਚੌਥੀ ਪ੍ਰਕਾਰ ਦੇ ਸਰੋਤੇ ਵਾਜੇ ਤੋਂ ਰਸ ਲੈਂਦੇ ਹਨ। ਪੰਜਵੇਂ ਪ੍ਰਕਾਰ ਦੇ ਸਰੋਤੇ ਸ਼ਬਦ ਅਰਥ ਨੂੰ ਸਮਝਦੇ ਹਨ। ਜਿਹੜੇ ਚਤੁਰ ਮਨੁਖ ਹਨ ਉਹ ਸ਼ਬਦ ਦੀ ਸਾਰ ਨੂੰ ਸਮਝਦੇ ਹਨ॥ ੨੦॥

ਸੋ ਸਭਿਹਿਨਿ ਤੇ ਲਖਹੁ ਮਹਾਨਾ। ਅਰਥ ਸਮਝਿਕੈ ਗੁਨਤਿ ਸੁਜਾਨਾ।
ਯਾਂਤੇ ਹੋ ਸਭਿ ਬਿਖੇ ਵਡੇਰੇ। ਸਮਝ ਅਰਥ ਸੁਖ ਪਾਇ ਘਨੇਰੇ॥ ੨੧॥

ਇਸ ਲਈ ਉਨ੍ਹਾਂ ਸਭ ਨੂੰ ਮਹਾਨ ਅਤੇ ਚਤੁਰ ਸਮਝੋ ਜਿਹੜੇ ਅਰਥ ਸਮਝ ਕੇ ਉਸ 'ਤੇ ਵਿਚਾਰ ਕਰਦੇ ਹਨ। ਉਹ ਹਰ ਥਾਂ ਵੱਡੇ ਹਨ ਅਤੇ ਅਰਥ ਸਮਝ ਕੇ ਵੱਡਾ ਸੁਖ ਪ੍ਰਾਪਤ ਕਰਦੇ ਹਨ॥ ੨੧॥

ਪ੍ਰੇਮ ਭਗਤਿ ਮਹਿਂ ਨਿਤ ਮਨ ਲੀਨਾ। ਚਿਰੰਜੀਵ ਹੋ ਅਧਿਕ ਪ੍ਰਬੀਨਾ।
ਅਰਥ ਬਿਚਾਰਹਿ ਜੋ ਹਿਤ ਲਾਏ। ਸੋ ਸ਼੍ਰੋਤਾ ਰਸ ਸੋਂ ਤ੍ਰਿਪਤਾਏ॥ ੨੨॥

ਸਦਾ ਉਨ੍ਹਾਂ ਦਾ ਮਨ ਪ੍ਰੇਮ ਭਗਤੀ ਵਿਚ ਲੱਗਾ ਰਹਿੰਦਾ ਹੈ ਅਤੇ ਚਿਰੰਜੀਵ ਹੋ ਕੇ ਪੂਰਨ ਨਿਪੁੰਨ ਹੋ ਜਾਂਦੇ ਹਨ। ਜੋ ਪ੍ਰੇਮ ਨਾਲ ਅਰਥਾਂ ਤੇ ਵਿਚਾਰ ਕਰਦੇ ਹਨ, ਉਹ ਸਰੋਤੇ ਅੰਮ੍ਰਿਤ ਰਸ ਨਾਲ ਤ੍ਰਿਪਤ ਹੋ ਜਾਂਦੇ ਹਨ॥ ੨੨॥

ਔਰ ਜਿ ਸ਼੍ਰੋਤਾ ਚਾਰ ਪ੍ਰਕਾਰੀ। ਛੀਲਰ ਖਾਨ ਬਿਖੈ ਹਿਤ ਧਾਰੀ।
ਫੋਕਟ ਕੇ ਰਸ ਮਹਿਂ ਫਸ ਗਏ। ਅੰਤਰ ਰਸ ਨਹਿਂ ਚੀਨਤਿ ਭਏ॥ ੨੩॥

ਹੋਰ ਜਿਹੜੇ ਚਾਰ ਪ੍ਰਕਾਰ ਦੇ ਸਰੋਤੇ ਹਨ, ਉਨ੍ਹਾਂ ਦਾ ਕੇਵਲ ਛਿੱਲੜ ਖਾਣ ਤਕ ਹੀ ਸਨੇਹ ਹੈ। ਫੋਕੇ ਰਸਾਂ ਵਿਚ ਫਸ ਗਏ ਹਨ, ਅੰਤਰਮੁਖੀ ਅੰਮ੍ਰਿਤ ਰਸ ਨੂੰ ਪਛਾਣਦੇ ਹੀ ਨਹੀਂ॥ ੨੩॥

ਸਤਿ ਸੰਗਤਿ ਕੋ ਰਸ ਤੁਮ ਚੀਨੋ। ਵਡ ਚਿਰੰਜੀਵੀ ਪਦ ਕੋ ਲੀਨੋ।
ਸੁਨਿ ਇਵ ਸ਼੍ਰੋਨ ਵਿਖੈ ਮਰਦਾਨਾ। ਹਿਤ ਬੂਝਨ ਕੇ ਬਚਨ ਬਖਾਨਾ॥ ੨੪॥

ਸਤਿਸੰਗਤ ਦੇ ਰਸ ਨੂੰ ਤੁਸੀ ਜਾਣਦੇ ਹੋ ਅਤੇ ਵੱਡਾ ਚਿਰੰਜੀਵੀ ਪਦਾ ਪਾਇਆ ਹੈ।'' ਇਹ ਸੁਣ ਕੇ ਮਰਦਾਨਾ ਬੋਲਿਆ, ਪੁਛਣ ਵਾਸਤੇ ਉਸ ਕਿਹਾ॥ ੨੪॥

'ਰਿਖਿ ਜੀ! ਉਚਰੋ ਬੈਸ ਪ੍ਰਮਾਨੇ। ਤੁਮ ਦੇਖਤਿ ਜੁਗ ਕਿਤਿਕ ਬਿਹਾਨੇ?'।
ਕਾਕ ਭਸੁੰਡ ਬਚਨ ਤਬ ਕਹੈ। 'ਅਪ੍ਰਮਾਨ ਬੈਸ ਮਮ ਅਹੈ॥ ੨੫॥

''ਹੇ ਰਿਖੀ ਜੀ! ਮੈਨੂੰ ਇਹ ਦੱਸੋ, ਏਥੇ ਬੈਠ ਕੇ ਤੁਸੀ ਕਿੰਨੇ ਜੁਗ ਵੇਖੇ ਅਤੇ ਬਤੀਤ ਕੀਤੇ ਹਨ?'' ਤਦ ਕਾਕ ਭਸੁੰਡ ਨੇ ਕਿਹਾ, ''ਮੈਂ ਏਥੇ ਬੈਠ ਕੇ ਪ੍ਰਮਾਣ ਰਹਿਤ ਭਾਵ ਬਹੁਤ ਆਯੂ ਬਤੀਤ ਕੀਤੀ ਹੈ॥ ੨੫॥

ਦੋਹਰਾ- ਜੁਗ ਸਹੰਸ੍ਰ ਬੀਤੈਂ ਜਬਹਿ ਏਕ ਦਿਵਸ ਬਿਧਿ ਹੋਇ।
ਤਿਹ ਕੇ ਸਮ ਪੁਨ ਰੈਨ ਹ੍ਵੈ ਮਾਸਹਿ ਇਹ ਬਿਧਿ ਜੋਇ॥ ੨੬॥

ਹਜ਼ਾਰ ਜੁਗ ਬੀਤਣ ਨਾਲ, ਬ੍ਰਹਮਾ ਦਾ ਇਕ ਦਿਨ ਹੁੰਦਾ ਹੈ। ਉਸ ਦੇ ਬਰਾਬਰ ਰਾਤ ਹੁੰਦੀ ਹੈ ਅਤੇ ਮਹੀਨਾ ਵੀ ਇਸ ਤਰ੍ਹਾਂ ਜਾਣੋ॥ ੨੬॥

ਚੌਪਈ- ਇਸ ਪ੍ਰਕਾਰ ਕੇ ਸਹਸ ਬਰਖ ਜਬ। ਬੀਤੇ ਬੈਸ ਬਿਧਾਤੇ ਕੀ ਤਬ।
ਮੁਝ ਦੇਖਤਿ ਕੇਤੇ ਬਿਧਿ ਮਰੇ। ਕਈ ਬਾਰ ਜਗ ਪਰਲੈ ਕਰੇ॥ ੨੭॥

ਇਸ ਪ੍ਰਕਾਰ ਦੇ ਜਦ ਸੌ ਸਾਲ ਬੀਤ ਜਾਂਦੇ ਹਨ ਤਾਂ ਬ੍ਰਹਮਾ ਦੀ ਏਨੀ ਉਮਰ ਹੁੰਦੀ ਹੈ। ਮੇਰੇ ਵੇਖਦਿਆਂ ਕਈ ਬ੍ਰਹਮਾ ਮਰ ਗਏ ਹਨ। ਕਈ ਵਾਰ ਜਗ ਵਿਚ ਪਰਲੋ ਆਈ ਹੈ॥ ੨੭॥

ਪੁਨ ਬਿਧਿ ਜਨਮ ਜਗਤ ਉਪਜਾਵੈ। ਜੜ੍ਹ ਜੰਗਮ ਸੁਰ ਅਸੁਰ ਬਨਾਵੈ।
ਨਾਨਾ ਬਿਧਿ ਕੀ ਰਚਨ ਰਚਾਇ। ਐਸੇ ਬਿਧਿ ਬਿਨਸੈ ਉਪਜਾਇ॥੨੮॥

ਫਿਰ ਬ੍ਰਹਮਾ ਜਨਮ ਲੈ ਕੇ ਜਗਤ ਦੀ ਸਿਰਜਣਾ ਕਰਦਾ ਹੈ, ਜੜ੍ਹ ਜੰਗਮ, ਦੇਵਤੇ ਅਤੇ ਦੈਂਤ ਬਣਾਉਂਦਾ ਹੈ। ਕਈ ਪ੍ਰਕਾਰ ਰਚਨਾ ਰਚਾਉਂਦਾ ਹੈ। ਇਸ ਤਰ੍ਹਾਂ ਕਦੀ ਸਭ ਕੁਝ ਨਸ਼ਟ ਹੋ ਜਾਂਦਾ ਹੈ ਅਤੇ ਫਿਰ ਨਵੀ ਦੁਨੀਆਂ ਦੀ ਸਿਰਜਣਾ ਹੋ ਜਾਂਦੀ ਹੈ॥ ੨੮॥

ਚੌਪਈ- ਹਮਰੇ ਦੇਖਤਿ ਕੇਤੇ ਗਏ। ਬਹੁਰ ਬਹੁਰ ਜਗ ਉਪਜਤਿ ਭਏ।
ਬੈਠ ਇਹਾਂ ਮੈਂ ਹਰਿ ਗੁਨ ਗਾਵੋਂ। ਧਯਾਨ ਧਰੋਂ ਉਰ ਬਹੁ ਸੁਖ ਪਾਵੋਂ॥੨੯॥

ਇਸ ਤਰ੍ਹਾਂ ਮੇਰੇ ਵੇਖਦਿਆਂ ਵੇਖਦਿਆਂ ਕਈ ਵਾਰ ਜਗ ਦਾ ਖ਼ਾਤਮਾ ਹੋਇਆ ਅਤੇ ਦੁਬਾਰਾ ਦੁਬਾਰਾ ਜਗਤ ਫਿਰ ਉਪਜਦਾ ਰਿਹਾ। ਮੈਂ ਏਥੇ ਬੈਠਾ ਹਰੀ ਦੇ ਗੁਣ ਗਾਉਂਦਾ ਰਿਹਾ ਹਾਂ, ਉਸ ਦਾ ਧਿਆਨ ਧਰ ਕੇ ਬੜਾ ਸੁਖ ਪਾਉਂਦਾ ਹਾਂ॥ ੨੯॥

ਦੋਹਰਾ- ਮਰਦਾਨਾ ਬਿਸਮਜੋ ਸੁਨਤਿ ਤੂਸ਼ਨ ਭਾ ਤਿਹ ਕਾਲ।
ਬੂਝਨ ਹਿਤ ਮੈਂ ਬੋਲਿਓ ਸੁਨਿ ਸ੍ਰੀ ਅੰਗਦ ਦਯਾਲੁ॥ ੩੦॥

ਮਰਦਾਨਾ ਇਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਫਿਰ ਚੁਪ ਕਰ ਰਿਹਾ। ਪੁਛਣ ਲਈ ਫਿਰ ਮੈਂ ਬੋਲਿਆ, ਹੇ ਦਿਆਲੂ ਗੁਰੂ ਅੰਗਦ ਦੇਵ ਜੀ! ਸੁਣੋ॥ ੩੦॥

ਚੌਪਈ- 'ਹਰਿ ਭਗਤਿਨ ਕੇ ਬਿਖੈ ਮਹਾਨੇ। ਮੋਹ ਨਾਸ਼ ਭਾ ਆਤਮ ਗਯਾਨੇ।
ਸਭਿ ਬਿਧਿ ਸਭਿ ਮਹਿ ਦੀਰਘ ਤੁਮ ਹੋ। ਕੈਸੇ ਪ੍ਰਾਪਤਿ ਕਾਕ ਜਨਮ ਹੋ?॥੩੧॥

"ਹਰੀ ਦੇ ਭਗਤਾਂ ਵਿਚ ਤੁਸੀਂ ਮਹਾਨ ਹੋ, ਮੋਹ ਦਾ ਨਾਸ਼ ਕਰਕੇ ਤੁਸੀਂ ਆਤਮ ਗਿਆਨ ਪ੍ਰਾਪਤ ਕੀਤਾ ਹੈ। ਹਰ ਵਿਧੀ ਅਨੁਸਾਰ ਤੁਸੀਂ ਸਭ ਤੋਂ ਵੱਡੇ ਹੋ। ਕਾਕ ਦਾ ਜਨਮ ਤੁਸੀਂ ਕਿਵੇਂ ਪ੍ਰਾਪਤ ਕੀਤਾ? ॥ ੩੧॥

ਮੁਝ ਮਨ ਬਿਖੈ ਸੰਦੇਹ ਮਹਾਨਾ। ਉੱਤਰ ਦੀਜੈ ਭੋ ਗੁਨਵਾਨਾ!'।
ਬਾਨੀ ਕਾਕ ਭਸੁੰਡ ਅਲਾਈ। 'ਸੁਨਿ ਜਿਉਂ ਬਾਇਸ ਦੇਹੀ ਪਾਈ॥੩੨॥

ਮੇਰੇ ਮਨ ਵਿਚ ਇਕ ਵੱਡਾ ਸੰਦੇਹ ਹੈ। ਹੇ ਗੁਣਵਾਨ! ਮੈਨੂੰ ਉੱਤਰ ਦੇਵੋ ਜੀ। ਇਹ ਸੁਣ ਕਾਕ ਭਸੁੰਡ ਬੋਲਿਆ, "ਸੁਣੋ ਜਿਵੇਂ ਮੈਂ ਬਾਈ ਦੇਹਾ ਪ੍ਰਾਪਤ ਕੀਤੀਆਂ॥ ੩੨॥

ਦੋਹਰਾ- ਏਕ ਜਨਮ ਮੈਂ ਸੂਦਰ ਭਾ ਸ਼ਿਵ ਸੇਵਾ ਮਨ ਲਾਇ।
ਕਰੋਂ ਬਿਸ਼ਨੁ ਸੋਂ ਦ੍ਰੋਹ ਤਬ, ਬਿਨੁ ਭਵ ਜਾਨ ਨ ਕਾਇ॥ ੩੩॥

ਇਕ ਜਨਮ ਵਿਚ ਮੈਂ ਸੂਦਰ ਸੀ, ਮੈਂ ਸ਼ਿਵਜੀ ਦੀ ਮਨ ਲਾ ਕੇ ਸੇਵਾ ਕੀਤੀ। ਤਦ ਵਿਸ਼ਨੂੰ ਨਾਲ ਮੈਂ ਦ੍ਵੈਖ ਰੱਖਦਾ ਸੀ। ਸ਼ਿਵਜੀ ਬਗੈਰ ਮੈਂ ਹੋਰ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ। ੩੩॥

ਚੌਪਈ- ਰਹੋਂ ਅਯੁੱਧਯਾ ਪੁਰਿ ਕੇ ਮਾਂਹੀ। ਭਾ ਦੁਰਭਿੱਖ ਕਾਲ ਇਕ ਤਾਂਹੀ।
ਉਠਿ ਕਰਿ ਤਹਿਂ ਤੇ ਗਯੋ ਉਜੈਨਾ। ਰਹੈ ਬਿੱਪ੍ਰ ਤਹਿਂ ਇਕ ਮਨ ਚੈਨਾ॥੩੪॥

ਮੈਂ ਅਯੁਧਿਆ ਨਗਰੀ ਵਿਚ ਰਹਿ ਰਿਹਾ ਸੀ। ਇਕ ਸਮੇਂ ਬੜਾ ਭਿਆਨਕ ਕਾਲ ਪਿਆ। ਮੈਂ ਓਥੋਂ ਉੱਠ ਕੇ ਉਜੈਨ ਚਲਾ ਗਿਆ। ਓਥੇ ਬ੍ਰਾਹਮਣ ਬੜੇ ਅਮਨ ਚੈਨ ਨਾਲ ਰਹਿ ਰਹੇ ਸਨ॥ ੩੪॥

ਦ੍ਵੈਤ ਬਾਸ਼ਨਾ ਜਿਨ ਸਭਿ ਨਾਸ਼ੀ। ਗੁਰੂ ਕੀਯੋ ਮੈਂ ਸੋ ਪੁਰਿ ਬਾਸੀ।

ਬਿਸ਼ਨੁ ਭਗਤਿ ਕਹਿਕੈ ਸੁ ਦ੍ਰਿੜਾਵੈ। ਸੁਨਿ ਮੇਰੋ ਹਿਰਦਾ ਜਰਿ ਜਾਵੈ॥੩੫॥

ਉਨਾਂ ਨੇ ਦ੍ਵੈਤ ਅਤੇ ਵਾਸ਼ਨਾ ਦਾ ਨਾਸ ਕੀਤਾ ਹੋਇਆ ਸੀ। ਮੈਂ ਉਸ ਨਗਰ ਦੇ ਇਕ ਬ੍ਰਹਮਣ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਉਹ ਮੈਨੂੰ ਵਿਸ਼ਨੂੰ ਭਗਤੀ ਦ੍ਰਿੜ ਕਰਾਉਂਦਾ ਸੀ ਜਿਸ ਨੂੰ ਸੁਣ ਕੇ ਮੇਰਾ ਹਿਰਦਾ ਸੜ ਜਾਂਦਾ ਸੀ॥ ੩੫॥

ਭਵ ਕੀ ਭਗਤਿ ਸਦਾ ਉਰ ਭਾਊ। ਬਿਸ਼ਨੁ ਨਾਮ ਸੁਨਿ ਮਨ ਖੁਨਸਾਊਂ।
ਹਠ ਕਰਿ ਤਿਹ ਕੇ ਬਚਨ ਬਹੋਰੋਂ। ਜੋ ਕੁਛ ਕਹੈ ਸੁ ਸੁਨਜੋ ਨ ਲੋਰੋਂ॥੩੬॥

ਮੇਰਾ ਸਦਾ ਹੀ ਸ਼ਿਵ ਜੀ ਦੀ ਭਗਤੀ ਨਾਲ ਪ੍ਰੇਮ ਸੀ। ਵਿਸ਼ਨੂੰ ਦਾ ਨਾਂ ਸੁਣ ਕੇ ਮੈਂ ਮਨ ਵਿਚ ਖਿਝਦਾ ਸੀ। ਹੱਠ ਕਰਕੇ ਉਸ ਦਾ ਬਚਨ ਮੋੜ ਦਿੰਦਾ ਸੀ। ਜੋ ਕੁਝ ਉਹ ਕਹਿੰਦਾ ਸੀ, ਉਸ ਨੂੰ ਮੈਂ ਸੁਣਨਾ ਨਹੀਂ ਚਾਹੁੰਦਾ ਸੀ॥ ੩੬॥

ਦੋਹਰਾ- ਅਨਿਕ ਭਾਂਤਿ ਉਪਦੇਸ਼ਹੀ ਕੈਸੇ ਮਾਨੋਂ ਨਾਂਹਿ।
ਗਰਬਾਵੋਂ ਸਭਿ ਸਮਝ ਲਘੁ ਦੰਭ ਬਿਖੈ ਬਹੁ ਚਾਹਿ॥ ੩੭॥

ਅਨੇਕ ਢੰਗ ਨਾਲ ਉਹ ਮੈਨੂੰ ਉਪਦੇਸ਼ ਕਰਦਾ ਸੀ, ਪਰ ਮੈਂ ਕਿਸੇ ਤਰ੍ਹਾਂ ਵੀ ਮੰਨਦਾ ਨਹੀਂ ਸੀ। ਮੈਂ ਬੜਾ ਹੰਕਾਰੀ ਹੋ ਗਿਆ ਸੀ ਅਤੇ ਸਭ ਨੂੰ ਆਪਣੇ ਆਪ ਤੋਂ ਛੋਟਾ ਸਮਝਦਾ ਸੀ ਅਤੇ ਪਖੰਡ ਨਾਲ ਮੇਰਾ ਬੜਾ ਪਿਆਰ ਸੀ॥ ੩੭॥

ਚੌਪਈ- ਸ਼ਿਵ ਮੰਦਰ ਬੈਸਾ ਇਕ ਕਾਲਾ। ਤਿਹ ਛਿਨ ਆਵਾ ਗੁਰੂ ਕ੍ਰਿਪਾਲਾ।
ਉਠਿ ਕਰਿ ਤਬ ਨ ਕੀਨ ਸਨਮਾਨਾ। ਸਿਰ ਨ ਨਿਵਾਯੋ ਗਰਬ ਮਹਾਨਾ॥੩੮॥

ਇਕ ਸਮੇਂ ਮੈਂ ਸ਼ਿਵ ਮੰਦਰ ਵਿਚ ਬੈਠਾ ਸੀ। ਉਸ ਸਮੇਂ ਮੇਰੇ ਕ੍ਰਿਪਾਲੂ ਗੁਰੂ ਓਥੇ ਆਇਆ। ਮੈਂ ਉੱਠ ਕੇ ਉਸ ਦਾ ਸਨਮਾਨ ਨਾ ਕੀਤਾ, ਸਿਰ ਨਾ ਨਿਵਾਇਆ ਅਤੇ ਵੱਡਾ ਹੰਕਾਰੀ ਹੋ ਕੇ ਬੈਠਾ ਰਿਹਾ॥ ੩੮॥

ਮਾਨ ਅਮਾਨ ਏਕਸਮ ਤਾਂਕੇ। ਹਰਖ ਸੋਗ ਹਿਰਦੇ ਨਹਿਂ ਜਾਂਕੇ।
ਸਮ ਦਰਸੀ ਨਹਿਂ ਬੋਲਜੋ ਸੋਈ। ਗਿਰਾ ਗਿਰੀਸ਼ ਭੌਨ ਤੇ ਹੋਈ॥੩੯॥

ਉਸ ਵਾਸਤੇ ਆਦਰ ਅਨਾਦਰ ਬਰਾਬਰ ਹੀ ਸੀ। ਉਸ ਦੇ ਹਿਰਦੇ ਵਿਚ ਖ਼ੁਸ਼ੀ ਗ਼ਮੀ ਸਮਾਨ ਸਨ। ਸਮਾਨ ਦ੍ਰਿਸ਼ਟੀ ਵਾਲਾ ਹੋਣ ਕਰਕੇ ਉਹ ਕੁਝ ਨਾ ਬੋਲਿਆ। ਸ਼ਿਵ ਜੀ ਦੇ ਮੰਦਰ ਤੋਂ ਬਾਣੀ ਹੋਈ॥ ੩੯॥

ਦੁਸ਼ਟ ! ਨਰਕ ਅਬ ਪਰਿਯੋ ਜਾਈ। ਬਹੁਰ ਤ੍ਰਿਗਦ ਬਹੁ ਜੋਨਿ ਭ੍ਰਮਾਈ।
ਭੋਗ ਅਵੱਗਜਾ ਕੋ ਦੁਖ ਭਾਰੀ। ਜਗ ਦੰਭੀ ਤੂੰ ਰਿਦੇ ਹੰਕਾਰੀ॥੪੦॥

ਹੇ ਦੁਸ਼ਟ ! ਹੁਣ ਨਰਕਾਂ ਵਿਚ ਜਾ ਕੇ ਪਵੇਂ ਅਤੇ ਬਾਰ ਬਾਰ ਜਨਮਾਂ ਵਿਚ ਭਰਮਦਾ ਫਿਰ। ਨਿਰਾਦਰ ਕਰਨ ਦਾ ਭਾਰੀ ਦੁੱਖ ਭੋਗੇਂ। ਤੂੰ ਇਸ ਜਗਤ ਵਿਚ ਵੱਡਾ ਪਖੰਡੀ ਅਤੇ ਹੰਕਾਰੀ ਹੈਂ॥ ੪੦॥

ਦੋਹਰਾ- ਕਰੈਂ ਬਿਸ਼ਨੁ ਸੋਂ ਦ੍ਰੋਹ ਤੂੰ, ਗੁਰੂ ਨਿਰਾਦਰ ਕੀਨ।
ਯਾਂਤੇ ਯਮ ਡੰਡਾ ਸਹੋ, ਹੋਵਹੁ ਕਸ਼ਟ ਅਧੀਨ॥ ੪੧॥

ਗੁਰੂ ਦਾ ਨਿਰਾਦਰ ਕਰਕੇ ਤੂੰ ਵਿਸ਼ਨੂੰ ਨਾਲ ਧਰੋਹ ਕੀਤਾ ਹੈ। ਹੁਣ ਜਮਾਂ ਦੇ ਡੰਡੇ ਨੂੰ ਸਹਿਣ ਕਰੇਂ ਅਤੇ ਕਸ਼ਟ ਅਧੀਨ ਹੋ ਜਾਵੇਂ॥ ੪੧॥

ਚੌਪਈ- ਸੁਨਜੋ ਸ੍ਰਾਪ ਜਬ ਜੋ ਗੁਰੁ ਮੇਰਾ। ਭਈ ਦਯਾ ਤਿਹ ਸ਼ੰਭੁ ਨਿਹੋਰਾ।
ਅਨਿਕ ਭਾਂਤਿ ਕੀ ਉਸਤਤਿ ਠਾਨੀ। ਚੰਦ੍ਰ ਚੂੜ ਬੋਲੇ ਪੁਨ ਬਾਨੀ॥੪੨॥

ਜਦ ਮੇਰੇ ਗੁਰੂ ਨੇ ਇਹ ਸਰਾਪ ਸੁਣਿਆ ਤਾਂ ਉਸ ਦੇ ਮਨ ਵਿਚ ਦਇਆ ਆ ਗਈ ਤੇ ਉਸ ਸ਼ਿਵ ਜੀ ਅੱਗੇ ਬੇਨਤੀ ਕੀਤੀ। ਕਈ ਪ੍ਰਕਾਰ ਸ਼ਿਵ ਜੀ ਦੀ ਉਸਤਤ ਕੀਤੀ। ਫਿਰ ਸ਼ਿਵ ਜੀ ਨੇ ਕਿਹਾ॥ ੪੨॥

ਹੇ ਦਿਜ ! ਤੋਰ ਦਯਾ ਕਰ ਯਾਂਕੇ। ਸਰਬ ਜਨਮ ਕੀ ਸੁਧਿ ਰਹਿ ਤਾਂ ਕੇ।
ਬ੍ਰਿਥਾ ਨ ਸ੍ਰਾਪ ਹੋਤਿ ਹੈ ਮੋਰਾ। ਸਹੈ ਨਰਕ ਮਹਿਂ ਇਹ ਦੁਖ ਘੋਰਾ ॥੪੩॥

ਹੇ ਬ੍ਰਾਹਮਣ ! ਤੁਹਾਡੀ ਦਇਆ ਕਰਕੇ, ਇਸ ਨੂੰ ਸਾਰੇ ਜਨਮਾਂ ਦੀ ਸੋਝੀ ਰਹੇਗੀ। ਮੇਰਾ ਸਰਾਪ ਕਦੇ ਵਿਅਰਥ ਨਹੀਂ ਜਾਂਦਾ ਹੈ। ਨਰਕ ਵਿਚ ਪੈ ਕੇ ਇਹ ਭਾਰੀ ਦੁੱਖ ਸਹਿਣ ਕਰੇਗਾ॥ ੪੩॥

ਚੌਪਈ- ਪਰਜੇਤਬਹਿ ਮੈਂ ਨਰਕ ਮਝਾਰੀ। ਮਿਲੀ ਸ਼ਾਸਨਾ ਮੋਕੋ ਭਾਰੀ।
ਗਰ ਕੈ ਬਿਖੈ ਪਰੀ ਜਮਫਾਸਾ। ਬਿਤਜੋ ਕਾਲ ਕਿਤ ਤਬਹਿ ਨਿਕਾਸਾ ॥੪੪॥

ਤਦ ਮੈਂ ਨਰਕਾਂ ਵਿਚ ਪੈ ਗਿਆ, ਮੈਨੂੰ ਭਾਰੀ ਸਜ਼ਾ ਮਿਲੀ, ਗਲੇ ਵਿਚ ਜਮਾਂ ਦੀ ਫਾਂਸੀ ਪੈ ਗਈ। ਜਦ ਸਮਾਂ ਬੀਤ ਗਿਆ ਤਾਂ ਮੈਨੂੰ ਨਰਕਾਂ ਵਿਚੋਂ ਬਾਹਰ ਕਢਿਆ॥ ੪੪॥

ਦੋਹਰਾ- ਚੌਰਾਸੀ ਲਖ ਜੋਨਿ ਪੁਨ ਭਰਮਜੋ ਸਭਿ ਕੇ ਮਾਂਹਿ।
ਅਸ ਸਰੀਰ ਨਹਿਂ ਕੋ ਰਹਜੋ ਜਿਹ ਮੈਂ ਜਨਮਜੋ ਨਾਂਹਿ॥ ੪੫॥

ਫਿਰ ਮੈਂ ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚ ਭਰਮਿਆ। ਕੋਈ ਵੀ ਜੂਨ ਨਾ ਰਹੀ ਜਿਸ ਵਿਚ ਮੈਂ ਜਨਮ ਨਹੀਂ ਸੀ ਲਿਆ॥ ੪੫॥

ਚੌਪਈ- ਬਹੁਰੋ ਬਿੱਪ੍ਰ ਜਨਮ ਕੋ ਪਾਵਾ। ਸਗੁਣ ਉਪਾਸਨ ਮਹਿਂ ਮਨ ਲਾਵਾ।
ਸਰਬ ਜਨਮ ਕੀ ਸੁਧਿ ਮੁਹਿ ਰਹੀ। ਸ਼ਿਵ ਕੇ ਸ੍ਰਾਪ ਸੁ ਬਰ ਭਾ ਸਹੀ ॥੪੬॥

ਫਿਰ ਮੈਨੂੰ ਬ੍ਰਾਹਮਣ ਦੀ ਜੂਨ ਪ੍ਰਾਪਤ ਹੋਈ। ਚੰਗੇ ਗੁਣਾਂ ਵਾਲੀ ਉਪਾਸ਼ਨਾਂ ਵਿਚ ਮੈਂ ਮਨ ਲਾਇਆ। ਮੈਨੂੰ ਸਾਰੇ ਜਨਮਾਂ ਦੀ ਸੋਝੀ ਰਹੀ। ਸ਼ਿਵ ਜੀ ਦਾ ਸਰਾਪ ਅਤੇ ਵਰ ਸਹੀ ਸਾਬਤ ਹੋਏ॥ ੪੬॥

ਏਕ ਦਿਵਸ ਲੋਮਸ ਰਿਖਿ ਪਾਹੀ। ਬੈਠਜੋ ਸੁਨਨ ਬਚਨ ਚਿਤ ਚਾਹੀ।
ਅਪਨ ਮਨੋਰਥ ਮੈਂ ਜੁ ਸੁਨਾਵਾ। ਤਿਹ ਨਿਰਗੁਣ ਉਪਦੇਸ਼ ਅਲਾਵਾ ॥੪੭॥

ਇਕ ਦਿਨ ਮੈਂ ਲੋਮਸ ਨਾਮੀ ਰਿਖੀ ਦੇ ਪਾਸ ਗਿਆ। ਉਸ ਦੇ ਬਚਨ ਸੁਣਨ ਵਾਸਤੇ ਮੈਂ ਉਸ ਦੇ ਪਾਸ ਬੈਠ ਗਿਆ। ਜਦ ਉਸ ਨੂੰ ਮੈਂ ਆਪਣਾ ਮਨੋਰਥ ਸੁਣਾਇਆ ਤਾਂ ਉਸ ਨੇ ਮੈਨੂੰ ਨਿਰਗੁਣ ਉਪਦੇਸ ਦਿੱਤਾ॥ ੪੭॥

ਮਮ ਹਿਰਦੇ ਮਹਿਂ ਰੁਚੈ ਨ ਕੋਊ। ਬਹੁਤ ਭਾਂਤਿ ਸਮਝਾਵਤਿ ਸੋਊ।
ਬੂਝੋਂ ਸਗੁਣਹਿ ਬਾਰੰਬਾਰੂ। ਨਿਰਗੁਣਹਿ ਤਰਕਤਿ ਬਚਨ ਉਚਾਰੂੰ ॥੪੮॥

ਮੇਰੇ ਹਿਰਦੇ ਵਿਚ ਉਸ ਦਾ ਉਪਦੇਸ਼ ਸੁਣਨ ਦੀ ਕੋਈ ਰੁਚੀ ਨਹੀਂ ਸੀ। ਉਸ ਨੇ ਮੈਨੂੰ ਬਹੁਤ ਭਾਂਤ ਸਮਝਾਇਆ। ਮੈਂ ਉਸ ਸਰਗੁਣ ਬਾਬਤ ਬਾਰ-ਬਾਰ ਪੁੱਛਦਾ ਸੀ। ਨਿਰਗੁਣ ਵਿਚ ਮੈਂ ਤਰਕ ਦੇ ਬਚਨ ਬੋਲਦਾ ਸੀ॥ ੪੮॥

ਮਮ ਮਤਿ ਲਖਿ ਲੋਮਸ ਵਿਪਰੀਤੀ। ਕਰਿ ਕਛੁ ਰਿਸ, ਬੋਲਜੋ ਅਸ ਰੀਤੀ।
ਪੱਛਨ ਸਹਿਤ ਬੋਲ ਹੈਂ ਤੇਰੇ। ਬਾਰ ਬਾਰ ਮੋਰਤਿ ਬਚ ਮੇਰੇ॥ ੪੯॥

ਮੇਰੇ ਮਤ ਨੂੰ ਵੇਖ ਕੇ ਲੋਮਸ ਮੇਰੇ ਬਰਖਿਲਾਫ ਭਾਵ ਉਲਟ ਹੋ ਗਿਆ। ਗੁੱਸੇ ਵਿਚ ਆ ਕੇ ਉਹ ਇਸ ਰੀਤੀ ਨਾਲ ਬੋਲਿਆ। ਤੇਰੇ ਬੋਲ ਪੰਛੀਆਂ ਵਾਂਗ ਤਰਕ ਰਹਿਤ ਹਨ। ਤੂੰ ਬਾਰ-ਬਾਰ ਮੇਰੇ ਬਚਨਾਂ ਨੂੰ ਮੋੜਦਾ ਹੈਂ॥ ੪੯॥

ਦੋਹਰਾ- ਅਧਿਕਾਰੀ ਹੈਂ ਜਾਨਿਕੈ ਉਪਦੇਸ਼ਤਿ ਥੋ ਤੋਹਿ ਹੋਹੁ।
ਅਧਮ ਖਗ ਸਭਿਨਿ ਤੇ ਸਹਹੁ ਸ੍ਰਾਪ ਅਬ ਮੋਹਿ॥ ੫੦॥

ਤੈਨੂੰ ਉਪਦੇਸ਼ ਦੇਣ ਜੋਗ ਜਗਿਆਸੂ ਸਮਝ ਕੇ, ਤੈਨੂੰ ਉਪਦੇਸ਼ ਦਿੱਤਾ ਸੀ। ਸਭ ਤੋਂ ਨੀਵਾਂ ਪੰਛੀ ਬਣ ਜਾਓ, ਹੁਣ ਮੇਰਾ ਇਹ ਸਰਾਪ ਸਹਿਣ ਕਰੋ॥ ੫੦॥

ਚੌਪਈ- ਬਾਇਸ ਦੇਹਿ ਤਬਹਿ ਮਮ ਭਈ। ਹਾਥ ਬੰਦਿਕੈ ਉਸਤਤਿ ਕਈ।
ਸੌਤਿ ਸ੍ਰਾਪ ਹੋਵਹਿ ਰਿਖਿ ਤੇਰਾ। ਮੁਝਕੋ ਲਖਹੁ ਆਪਨੋ ਚੇਰਾ॥ ੫੧॥

ਸਰਾਪ ਕਾਰਨ ਮੈਨੂੰ ਕਾਂ ਦੀ ਦੇਹ ਪ੍ਰਾਪਤ ਹੋਈ। ਮੈਂ ਹੱਥ ਜੋੜ ਕੇ ਉਸਤਤ ਕੀਤੀ। ਹੇ ਰਿਖੀ ਤੇਰਾ ਸਰਾਪ ਸੱਚਾ ਹੋਵੇ, ਮੈਨੂੰ ਆਪਣਾ ਸੇਵਕ ਸਮਝੋ॥ ੫੧॥

ਕ੍ਰਿਪਾ ਦ੍ਰਿਸ਼ਟਿ ਅਬ ਮੋ ਪਰ ਕੀਜੈ। ਅਸ ਪ੍ਰਕਾਰ ਕੇ ਬਰ ਇਕ ਦੀਜੈ।
ਰਹੈ ਗਿਆਨ ਮੇਰੇ ਉਰ ਮਾਂਹੀ। ਬਾਇਸ ਬਪੁ ਧਰਿ ਬਿਸਰੌਂ ਨਾਂਹੀ॥੫੨॥

ਹੁਣ ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕਰੋ। ਇਸ ਪ੍ਰਕਾਰ ਇਕ ਵਰ ਵੀ ਮੈਨੂੰ ਦੇਵੋ। ਮੇਰੇ ਹਿਰਦੇ ਵਿਚ ਪੂਰਨ ਸੋਝੀ ਰਹੇ। ਕਾਂ ਦਾ ਸਰੀਰ ਧਾਰਨ ਕਰਕੇ ਮੈਂ ਪਿਛਲੇ ਜਨਮਾਂ ਦੇ ਗਿਆਨ ਨੂੰ ਨਾ ਵਿਸਰਾਂ॥ ੫੨॥

ਸੁਨਿ ਲੋਮਸ ਰਿਖਿ ਭਯੋ ਕ੍ਰਿਪਾਲਾ। ਮੁਖ ਤੇ ਬੋਲਯੋ ਬਚਨ ਰਸਾਲਾ।
ਹੋਵਹਿ ਸਦਾ ਰਿਦੇ ਤਵ ਗਿਆਨਾ। ਆਤਮ ਰੂਪ ਲਖਹਿਂ ਸੁਖ ਥਾਨਾ॥੫੩॥

ਇਹ ਸੁਣ ਕੇ ਲੋਮਸ ਰਿਖੀ ਕ੍ਰਿਪਾਲੂ ਹੋ ਗਿਆ ਅਤੇ ਮੁੱਖ ਤੋਂ ਸੁੰਦਰ ਬਚਨ ਬੋਲਿਆ। ਤੇਰੇ ਹਿਰਦੇ ਵਿਚ ਸਦਾ ਗਿਆਨ ਰਹੇਗਾ। ਆਤਮ ਰੂਪ ਪਹਿਚਾਣ ਕੇ ਸੁਖ ਪਾਵੇਂਗਾ॥ ੫੩॥

ਤੁਝ ਪਰ ਹੈ ਕਰੁਨਾ ਅਬ ਮੋਰੀ। ਇਕ ਬਰ ਦੇਵੌਂ ਔਰ ਬਹੋਰੀ।
ਮ੍ਰਿੱਤੁ ਹੋਇ ਜਬ ਕਰਿ ਚਿਤ ਚਾਹੀ। ਬਿਨ ਚਾਹੇ ਮ੍ਰਿੱਤੁ ਹ੍ਵੈ ਕਬ ਨਾਂਹੀ॥੫੪॥

ਤੇਰੇ ਉੱਤੇ ਮੇਰੀ ਪੂਰਨ ਕਿਰਪਾ ਹੈ। ਇਕ ਵਰ ਤੈਨੂੰ ਮੈਂ ਹੋਰ ਦਿੰਦਾ ਹਾਂ। ਜਦ ਚਾਹੇਂਗਾ ਤਾਂ ਤੇਰੀ ਮ੍ਰਿਤੂ ਹੋਵੇਗੀ, ਚਾਹਤ ਤੋਂ ਬਗੈਰ ਤੇਰੀ ਕਦੀ ਮ੍ਰਿਤੂ ਨਹੀ ਹੋਵੇਗੀ॥ ੫੪॥

ਸੋਰਠਾ- ਸੁਨਿ ਤਿਹ ਕੇ ਅਸ ਬੈਨ ਹਰਖਤਿ ਆਵਾ ਥਾਨ ਇਹ।
ਭੀ ਬਿਸਾਲ ਮਨ ਚੈਨ ਨਹਿਂ ਤਯਾਗੌਂ ਅਬ ਦੇਹਿ ਕੋ॥ ੫੫॥

ਉਸ ਦੇ ਅਜੇਹੇ ਬਚਨ ਸੁਣ ਮੈਂ ਖੁਸ਼ ਹੋ ਗਿਆ ਅਤੇ ਇਸ ਅਸਥਾਨ ਵਿਖੇ ਆ ਗਿਆ। ਮਨ ਵਿਚ ਵਿਸ਼ਾਲ ਸ਼ਾਂਤੀ ਪ੍ਰਾਪਤ ਹੋਈ ਕਿ ਹੁਣ ਮੈਂ ਆਪਣੀ ਦੇਹ ਨਹੀ ਤਿਆਗਾਂਗਾ॥ ੫੫॥

ਪ੍ਰੇਮ ਭਗਤਿ ਰਸ ਆਇ ਕਾਕ ਜਨਮ ਕੋ ਪਾਇਕੈ।
ਨਹਿਂ ਤਜਿਓ ਅਬ ਜਾਇ ਰਹੌਂ ਸਦਾ ਆਨੰਦ ਮਨ॥ ੫੬॥

ਕਾਂ ਜਨਮ ਪਾ ਕੇ ਮੈਂ ਪ੍ਰੇਮ ਭਗਤੀ ਰਸ ਵਿਚ ਆ ਗਿਆ। ਇਹ ਹੁਣ ਛੱਡਿਆ ਨਹੀ ਜਾ ਸਕਦਾ, ਇਸ ਲਈ ਸਦਾ ਮਨ ਵਿਚ ਅਨੰਦਮਈ ਰਹਿੰਦਾ ਹਾਂ॥ ੫੬॥

ਚੌਪਈ- ਅਸ ਪ੍ਰਕਾਰ ਸਭਿ ਕਥਾ ਸੁਨਾਈ। ਚਲਿਨੇ ਤਯਾਰ ਭਏ ਜਗਰਾਈ।
ਕਰੀ ਪਰਸਪਰ ਦੁਹ ਦਿਸ਼ਿ ਬੰਦਨ। ਅੱਗ੍ਰਜ ਗਮਨੇ ਦੋਖ ਨਿਕੰਦਨ॥੫੭॥

ਕਾਕ ਭਸੁੰਡ ਨੇ ਇਸ ਪ੍ਰਕਾਰ ਸਾਰੀ ਕਥਾ ਸੁਣਾਈ ਅਤੇ ਜਗਤ ਦੇ ਸਵਾਮੀ ਭਾਵ ਗੁਰੂ ਜੀ ਚਲਣ ਵਾਸਤੇ ਤਿਆਰ ਹੋ ਗਏ। ਦੋਹਾਂ ਨੇ ਇਕ ਦੂਸਰੇ ਨੂੰ ਯੋਗ ਬੰਦਨਾ ਕੀਤੀ ਅਤੇ ਪਾਪਾਂ ਦਾ ਨਾਸ ਕਰਨ ਵਾਲੇ ਭਾਵ ਗੁਰੂ ਜੀ ਅੱਗੇ ਚਲ ਪਏ॥ ੫੭॥

ਜਿਹਨਾਂ ਦੱਤਾਤ੍ਰੇਯ ਸੁਜਾਨਾ। ਹਾਥ ਆਮਲਕ ਆਤਮ ਗਿਆਨਾ।
ਜਿਨ ਕੀਨੋ ਸਭਿ ਜਗ ਸੰਨਯਾਸਾ। ਭਾ ਬਿਰਕਤ ਬਹੁ ਫਿਰਯੋ ਉਦਾਸਾ॥੫੮॥

ਜਿਥੇ ਚਤੁਰ ਦੱਤਾਤ੍ਰੇਅ ਰਹਿੰਦਾ ਸੀ, ਜਿਸ ਤਰ੍ਹਾਂ ਹੱਥ ਵਿਚ ਆਂਵਲਾ ਹੁੰਦਾ ਹੈ, ਉਸ ਤਰ੍ਹਾਂ ਉਸ ਪਾਸ ਆਤਮ ਗਿਆਨ ਸੀ। ਜਿਸ ਨੇ ਸਾਰੇ ਜਗਤ ਨੂੰ ਸੰਨਿਆਸੀ ਬਣਾ ਦਿੱਤਾ ਸੀ ਅਤੇ ਪਿਆਰ ਰਹਿਤ ਹੋ ਕੇ ਉਦਾਸੀਨ ਹੋ ਕੇ ਬਹੁਤ ਘੁੰਮਿਆ ਫਿਰਿਆ ਸੀ॥ ੫੮ ॥

ਬਿੰਸਤ ਚਤੁਰ ਗੁਰੂ ਜਿਨ ਕੀਨੇ। ਏਕੰਕਾਰ ਰੰਗ ਮਹਿੰ ਭੀਨੇ।
ਤ੍ਰਿਣ ਸਮ ਤੀਨ ਲੋਕ ਸੁਖ ਤਜਾਗਾ। ਸਦਾ ਬ੍ਰਹਮ ਸੁਖ ਸੋਂ ਅਨੁਰਾਗਾ ॥੫੯ ॥

ਜਿਸ ਨੇ ਆਪਣੇ ਚਵੀ ਗੁਰੂ ਬਣਾਏ ਸਨ ਅਤੇ ਏਕੰਕਾਰ ਰੰਗ ਵਿਚ ਭਿਜਿਆ ਹੋਇਆ ਸੀ। ਤਿਨਕੇ ਵਾਂਗ ਤਿੰਨਾ ਲੋਕਾਂ ਦੇ ਸੁਖ ਨੂੰ ਛੱਡ ਦਿੱਤਾ ਸੀ ਅਤੇ ਸਦਾ ਹੀ ਬ੍ਰਹਮ ਸੁਖ ਨਾਲ ਪ੍ਰੇਮ ਕੀਤਾ ਸੀ॥ ੫੯ ॥

ਪਰਮ ਤੱਤ ਬੇਤਾ ਰਸ ਲੀਨਾ। ਮਹਾਂ ਮੁਨੀ ਗੁਨ ਗੁਨਹਿ ਪ੍ਰਬੀਨਾ।
ਤਿਹ ਕੇ ਨਿਕਟ ਜਾਤਿ ਭੇ ਠਾਂਢੇ । ਸੋ ਪੌਢਜੋ ਉਰ ਆਨੰਦ ਬਾਢੇ ॥੬੦ ॥

ਜਿਸ ਪਰਮ ਤੱਤ ਗਿਆਨ ਦਾ ਰਸ ਪ੍ਰਾਪਤ ਕੀਤਾ ਸੀ। ਮਹਾਂ ਮੁਨੀ ਅਤੇ ਹਰ ਪ੍ਰਕਾਰ ਦੇ ਗਿਆਨ ਵਿਚ ਨਿਪੁੰਨ ਸੀ। ਗੁਰੂ ਜੀ ਉਸ ਦੇ ਨੇੜੇ ਜਾ ਕੇ ਖੜੇ ਹੋ ਗਏ। ਉਹ ਮਨ ਵਿਚ ਅਨੰਦ ਵਧਾ ਕੇ ਲੇਟਿਆ ਹੋਇਆ ਸੀ॥੬੦ ॥

ਲੋਚਨ ਮੁੰਦ੍ਰਿਤ ਤੂਸ਼ਨ ਠਾਨੀ। ਅੰਤਰ ਰਸ ਕੋ ਰਸਿਕ ਗਿਆਨੀ।
ਤਿਹ ਬਿਲੋਕਿ ਬੋਲਜੋ ਮਰਦਾਨਾ। 'ਹੇ ਪ੍ਰਭੁ ! ਪੌਢਾ ਕੌਨ ਮਹਾਨਾ ? ॥੬੧ ॥

ਅੱਖਾਂ ਬੰਦ ਸਨ ਅਤੇ ਚੁੱਪ ਪਿਆ ਸੀ। ਅੰਤਰ ਰਸ ਦਾ ਰਸਿਕ ਗਿਆਨੀ ਸੀ। ਉਸ ਨੂੰ ਵੇਖ ਕੇ ਮਰਦਾਨਾ ਬੋਲਿਆ, "ਹੇ ਪ੍ਰਭੂ ! ਇਹ ਕੌਣ ਮਹਾਨ ਲੇਟਿਆ ਹੋਇਆ ਹੈ ? ॥ ੬੧ ॥

ਵਡ ਉਨਮੱਤ ਦੇਹਿ ਜਿਹ ਭਾਰੀ। ਪਰਜੋ ਅਡੋਲ ਮਸ਼ਟ ਮੁਖ ਧਾਰੀ।
ਇਸ ਬੁਲਾਇ ਕੈ ਬੋਲ ਸੁਨੀਜੈ। ਬਹੁਰੋ ਅਪਨੋ ਗਜਾਨ ਭਨੀਜੈ ॥੬੨ ॥

ਬੜਾ ਮਸਤ ਹੈ, ਅਤੇ ਸਰੀਰ ਇਸ ਦਾ ਬਹੁਤ ਭਾਰਾ ਹੈ। ਮੁੱਖ ਵਿਚ ਖਾਮੋਸ਼ੀ ਧਾਰਨ ਕਰਕੇ ਅਡੋਲ ਪਿਆ ਹੈ, ਇਸ ਨੂੰ ਬੁਲਾ ਕੇ ਇਸ ਦੇ ਬੋਲ ਸੁਣੀਏ, ਫਿਰ ਬਾਅਦ ਵਿਚ ਆਪਣਾ ਗਿਆਨ ਕਹੋ" ॥ ੬੨ ॥

ਸ੍ਰੀ ਗੁਰੂ ਕਹੈਂ 'ਸੁਨਹੁ ਮਰਦਾਨਾ !। ਇਹ ਹੈ ਦੱਤਾਤ੍ਰੇਯ ਮਹਾਨਾ।
ਜਗ ਮਹਿ ਭਯੋ ਵਡੋ ਅਵਧੂਤਾ। ਸਦਾ ਸਥਿਰ ਜਿਹ ਕੀ ਮਤਿ ਪੂਤਾ ॥੬੩ ॥

ਗੁਰੂ ਜੀ ਨੇ ਕਿਹਾ, "ਹੇ ਮਰਦਾਨੇ ! ਸੁਣ, ਇਹ ਮਹਾਨ ਦੱਤਾਤ੍ਰੇਅ ਹੈ। ਜੱਗ ਵਿਚ ਇਹ ਬੜਾ ਵੱਡਾ ਅਵਧੂਤ ਹੈ। ਸਦਾ ਹੀ ਸਥਿਰ ਰਹਿੰਦਾ ਹੈ ਅਤੇ ਪਵਿੱਤਰ ਬੁੱਧੀ ਵਾਲਾ ਹੈ॥ ੬੩ ॥

ਸਦਾ ਬਿਦੇਹੀ ਰਹਿਤਿ ਅਡੋਲਾ। ਪਾਯੋ ਆਤਮ ਅਨੰਦ ਅਤੋਲਾ।
ਸ੍ਰੀ ਅੰਗਦ ਜੀ ਸੁਨਹੁ ਕਹਾਨੀ। ਮੈਂ ਬਿਲੋਕਿ ਪੁਨ ਬੋਲਜੋ ਬਾਨੀ ॥੬੪ ॥

ਸਦਾ ਬਿਦੇਹੀ ਹੋ ਕੇ ਅਡੋਲ ਰਹਿੰਦਾ ਹੈ ਅਤੇ ਇਸ ਨੇ ਭਾਰੀ ਆਤਮ ਆਨੰਦ ਪਾਇਆ ਹੈ।" ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਕਹਾਣੀ ਸੁਣੋ, ਮੈਂ ਉਸ ਨੂੰ ਵੇਖ ਕੇ ਕਿਹਾ॥ ੬੪ ॥

ਚੌਪਈ- 'ਸ੍ਰੀ ਗੁਰ ! ਹਮਨੈ ਸੁਨਜੋ ਸੁ ਨਾਮਾ। ਦਤਾਤ੍ਰੇਯ ਭਾ ਜਗ ਅਭਿਰਾਮਾ।
ਤੁਮ ਕਰੁਨਾ ਤੇ ਲੋਚਨ ਦੇਖਾ। ਪਰਮਹੰਸ ਅਵਧੂਤ ਵਿਸ਼ੇਖਾ॥ ੬੫ ॥

ਹੇ ਗੁਰੂ ਜੀ ! ਅਸੀਂ ਇਹ ਨਾਮ ਸੁਣਿਆ ਹੈ। ਦਤਾਤ੍ਰੇਅ ਇਸ ਜਗਤ ਵਿਚ ਬੜੀ ਸੁੰਦਰ ਸ਼ੋਭਾ ਵਾਲਾ ਹੋਇਆ ਹੈ। ਤੁਹਾਡੀ ਕਿਰਪਾ ਕਰਕੇ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ, ਇਹ ਗਿਆਨਵਾਨ ਵੱਡਾ ਸੰਨਿਆਸੀ ਹੈ॥ ੬੫ ॥

ਅਬ ਇਹ ਬਦਨ ਬੁਲਾਯਾ ਚਹਿਯੇ। ਗਜਾਨ ਬਚਨ ਕੋ ਸੁਨਿਯੇ ਕਹਿਯੇ।

ਬੋਲੇ ਤੇ ਮਤ ਹੋਇ ਲਖਾਈ। ਤੂਸ਼ਨ ਤੇ ਨਹਿਂ ਜਾਨਜੇ ਜਾਈ' ॥ ੬੬ ॥

ਹੁਣ ਇਸ ਨੂੰ ਮੁੱਖ ਤੋਂ ਬੁਲਾਉਣਾ ਚਾਹੀਦਾ ਹੈ। ਇਸ ਨਾਲ ਗਿਆਨ ਦੇ ਬਚਨ ਸੁਣੋ ਅਤੇ ਕਹੋ। ਇਹ ਬੋਲੇਗਾ ਤਾਂ ਇਸ ਦੀ ਮਤ ਬਾਰੇ ਪਤਾ ਲਗੇਗਾ। ਚੁਪ ਹੋਣ ਤੇ ਕੁਝ ਨਹੀਂ ਜਾਣਿਆ ਜਾਣਾ'' ॥ ੬੬ ॥

ਸੈਯਾ- ਸ੍ਰੀ ਗੁਰ ਬੈਨ ਭਨੇ ਤਬ ਹੀ 'ਤੁਮ ਹੋਤਿ ਸਰੀਰ ਤੇ ਬੋਲਤਿ ਨਾਂਹੀ।
ਜੌ ਲਗ ਦੇਹਿ, ਨਿਰਾਸ ਨ ਤੌ ਲਗ, ਯੌਂ ਸੁਨਿਕੈ ਸਮਝੋ ਮਨ ਮਾਂਹੀ।
ਖੋਲਹੁ ਨੈਨ ਰਖੋ ਮਨ ਕੋ ਥਿਰ ਔਰ ਬਿਲੋਕ ਨ ਚਿੱਤ ਡੁਲਾਹੀ।
ਏਕ ਹੀ ਬਜਾਪਕ ਹੈ ਸਭਿ ਮੈਂ ਕਰਤਾਰ ਬਿਨਾ ਘਟ ਕੋ ਨਹਿਂ ਆਹੀ' ॥੬੭॥

ਸ੍ਰੀ ਗੁਰੂ ਜੀ ਨੇ ਤਦ ਬਚਨ ਕੀਤੇ, ''ਤੂੰ ਸਰੀਰ ਦੇ ਹੁੰਦਿਆਂ ਬੋਲਦਾ ਨਹੀਂ, ਜਦ ਤਕ ਦੇਹ ਹੈ ਤਦ ਤਕ ਨਿਰਾਸ਼ ਨਾ ਹੋ। ਇਸ ਤਰ੍ਹਾਂ ਸੁਣ ਕੇ ਮਨ ਵਿਚ ਸਮਝੋ। ਆਪਣੀਆਂ ਅੱਖਾਂ ਖੋਲ੍ਹੋ, ਮਨ ਨੂੰ ਸਥਿਰ ਕਰਕੇ ਅਤੇ ਚਿੱਤ ਨੂੰ ਅਡੋਲ ਕਰਕੇ ਵੇਖੋ। ਸਭ ਵਿਚ ਇਕ ਕਰਤਾਰ ਹੀ ਵਿਆਪਕ ਹੈ, ਉਸ ਤੋਂ ਬਗੈਰ ਹੋਰ ਕੋਈ ਨਹੀਂ ਹੈ'' ॥ ੬੭ ॥

ਸੈਯਾ- ਦੱਤ ਕਹੈ 'ਕਛੁ ਕਾਜ ਨਹੀਂ ਜਗ, ਬੋਲਨ ਕੋ ਨਹਿਂ ਮੋਹਿ ਸੁਭਾਊ।
ਆਸ ਕੋ ਛੋਰਿ ਨਿਰਾਸ ਭਯੋ, ਮਨ ਕੀਨ ਸਦਾ ਥਿਰ ਨਾਂਹਿ ਡੁਲਾਊ।
ਪੂਰਨ ਭੀ ਕਰੁਨਾ ਹਮ ਪੈ, ਉਰ ਬੀਚ ਬਸਜੋ ਤਿਹ ਸੋਂ ਲਿਵ ਲਾਊਂ।
ਰੋਮਹਿ ਰੋਮ ਰਚਜੋ ਸੁ ਭਲੀ ਬਿਧਿ,ਕਜੋਂ ਰਸਨਾ ਅਬ ਬੈਨ ਅਲਾਊਂ' ॥੬੮॥

ਇਹ ਸੁਣ ਕੇ ਦੱਤਾਤ੍ਰੇਅ ਨੇ ਕਿਹਾ, ''ਮੈਨੂੰ ਜੱਗ ਨਾਲ ਕੋਈ ਕੰਮ ਨਹੀਂ ਹੈ, ਬੋਲਣ ਦਾ ਮੇਰਾ ਸੁਭਾਅ ਨਹੀਂ ਹੈ। ਸਭ ਆਸਾਂ ਛੱਡ ਕੇ ਨਿਰਾਸ਼ ਹੋ ਗਿਆ ਹਾਂ। ਮਨ ਨੂੰ ਸਦਾ ਥਿਰ ਕੀਤਾ ਹੈ ਮੈਂ ਕਦੇ ਵੀ ਡੋਲਦਾ ਨਹੀਂ ਹਾਂ। ਮੇਰੇ ਤੇ ਪੂਰਨ ਕਿਰਪਾ ਹੋਈ ਹੈ, ਮੇਰੇ ਹਿਰਦੇ ਵਿਚ ਜੋ ਵੱਸਦਾ ਹੈ ਉਸ ਨਾਲ ਮੈਂ ਲਿਵ ਲਾਉਂਦਾ ਹਾਂ। ਪ੍ਰਭੂ ਚੰਗੀ ਤਰ੍ਹਾਂ ਮੇਰੇ ਰੋਮ ਰੋਮ ਵਿਚ ਰਚਿਆ ਹੋਇਆ ਹੈ ਇਸ ਲਈ ਕਿਸ ਕਾਰਨ ਹੁਣ ਮੈਂ ਬਚਨਾਂ ਦਾ ਉਚਾਰਨ ਕਰਾਂ'' ॥ ੬੮ ॥

ਚੌਪਈ- ਸੁਨਿ ਤਿਹ ਮਤ ਕੋ ਸ੍ਰੀ ਗੁਰ ਬੋਲੇ। 'ਧੰਨ ਤੁਮੇ ਮਨ ਰਹਿਤਿ ਅਡੋਲੇ।
ਆਤਮ ਗਜਾਨ ਉਦਧਿ ਕੇ ਮਾਂਹੀ। ਰਹਉ ਮੀਨ ਜਿਉਂ ਮਗਨ ਸਦਾ ਹੀ ॥੬੯॥

ਦੱਤਾਤ੍ਰੇਅ ਦੇ ਮਤ ਨੂੰ ਸੁਣ ਕੇ ਗੁਰੂ ਜੀ ਬੋਲੇ, ''ਤੁਸੀਂ ਧੰਨ ਹੋ, ਜਿਹੜਾ ਸਦਾ ਅਡੋਲ ਰਹਿੰਦੇ ਹੋ। ਆਤਮ ਗਿਆਨ ਨੂੰ ਤੁਸੀਂ ਹਿਰਦੇ ਵਿਚ ਵਸਾਇਆ ਹੈ, ਜਿਸ ਕਰਕੇ ਸਦਾ ਹੀ ਮਨ ਵਿਚ ਮਗਨ ਰਹਿੰਦੇ ਹੋ ॥ ੬੯ ॥

ਕੁੰਡਲ ਕਟਕਾਦਿਕ ਲੰਕਾਰਾ। ਸਭਿ ਕੂਰੇ ਉਰ ਬੀਚ ਬਿਚਾਰਾ।
ਜੋ ਕੰਚਨ ਹੈ ਸਰਬ ਅਧਾਰਾ। ਸੋ ਸਾਚੋ ਨੀਕੀ ਬਿਧਿ ਧਾਰਾ ॥ ੭੦ ॥

ਬਲੇਰੀ ਕੁੰਡਲ, ਕੜੇ ਅਤੇ ਗਹਿਣਿਆਂ ਆਦਿ ਨੂੰ ਮਨ ਵਿਚ ਕੂੜ ਸਮਝਦੇ ਹੋ। ਜੋ ਅਸਲ ਸੋਨਾ ਹੈ ਉਸ ਨੂੰ ਸਰਬ ਆਧਾਰ ਬਣਾਇਆ ਹੈ ਅਤੇ ਉਸ ਨੂੰ ਸੱਚੀ ਅਤੇ ਚੰਗੀ ਵਿਧੀ ਅਨੁਸਾਰ ਧਾਰਨ ਕੀਤਾ ਹੈ'' ॥ ੭੦ ॥

ਅਸ ਕਹਿ ਕਰਿ ਮਿਲਿ ਆਪਸ ਮਾਂਹੀ। ਹਰਖਤਿ ਭੇ ਦੁਹਿਦਿਸ਼ ਸੁਖ ਪਾਹੀ।
ਕੇਤਿਕ ਕਾਲ ਬੈਠਿ ਤਿਹ ਪਾਸਾ। ਚਲਿਨੇ ਤਜਾਰ ਭਏ ਸੁਖ ਰਾਸਾ ॥੭੧॥

ਇਸ ਤਰ੍ਹਾਂ ਕਹਿ ਕੇ ਆਪਸ ਵਿਚ ਮਿਲੇ, ਪ੍ਰਸੰਨ ਹੋ ਕੇ ਦੋਹਾਂ ਧਿਰਾ ਨੇ ਸੁਖ ਪ੍ਰਾਪਤ ਕੀਤਾ। ਕਾਫੀ ਸਮਾਂ ਉਨ੍ਹਾਂ ਦੇ ਪਾਸ ਬੈਠ ਕੇ, ਸੁੱਖਾਂ ਦੀ ਰਾਸ ਚੱਲਣ ਲਈ ਤਿਆਰ ਹੋ ਗਏ ॥ ੭੧ ॥

ਕਰਿ ਬੰਦਨ ਕੋ ਸੀਸ ਨਿਵਾਏ। ਆਗੇ ਸ੍ਰੀ ਗੁਰ ਬਹੁਰ ਸਿਧਾਏ।

ਕਮਲ ਬਦਨ ਸੁਖ ਸਦਨ ਸੁਹਾਵਨ। ਪੂਰਨ ਧਜਾਇ ਭਯੋ ਮਨ ਭਾਵਨ ॥੭੨॥

ਦੱਤਾਤ੍ਰੇਅ ਨੇ ਹੱਥ ਜੋੜ ਕੇ ਸਿਰ ਨਿਵਾਇਆ ਤੇ ਗੁਰੂ ਜੀ ਫਿਰ ਅੱਗੇ ਚਲ ਪਏ। ਕਮਲ ਮੁੱਖ, ਸੁਖਾਂ ਦੇ ਘਰ ਭਾਵ ਗੁਰੂ ਜੀ ਬੜੇ ਸੋਭ ਰਹੇ ਸਨ। ਮਨ ਭਾਉਂਦਾ ਅਧਿਆਇ ਹੁਣ ਪੂਰਨ ਹੋਇਆ॥ ੭੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਕਾਕ ਭਸੁੰਡ, ਦੱਤਾਤ੍ਰੇਯ ਪ੍ਰਸੰਗ ਬਰਨਨੰ ਨਾਮ ਪੈਸਠਮੋਂ ਅਧਯਾਯ॥ ੬੫॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਪੈਂਹਠਵਾਂ ਅਧਿਆਇ, ਜਿਸ ਦਾ ਨਾਮ 'ਕਾਕ ਭਸੁੰਡ ਦੱਤਾ ਤ੍ਰੇਯ' ਹੈ, ਸਮਾਪਤ ਹੋਇਆ॥ ੬੫॥

## ਅਧਿਆਇ ਛਿਆਹਠਵਾਂ

*ਪ੍ਰਹਿਲਾਦ।*

ਦੋਹਰਾ- ਸ੍ਰੀ ਗੁਰ ਚਰਨ ਸ਼ਰੰਨ ਪਰ, ਜਨਮ ਮਰਨ ਹਰਿ ਪੀਰ।
ਜਜੋਂ ਪਾਰਸ ਰੰਕਹਿ ਮਿਲੈ, ਦਾਦਿਰ ਰਹੈ ਨ ਤੀਰ॥ ੧॥

ਹੇ ਮਨ! ਸ੍ਰੀ ਗੁਰੂ ਦੇ ਚਰਨਾਂ ਦੀ ਸ਼ਰਨ ਫੜੋ ਤੇ ਜਨਮ ਮਰਨ ਦੀ ਪੀੜਾ ਨੂੰ ਦੂਰ ਕਰਾ ਲਵੋ, ਜਿਸ ਤਰ੍ਹਾਂ ਗਰੀਬ ਨੂੰ ਜੇ ਪਾਰਸ ਮਿਲ ਜਾਵੇ ਤਾਂ ਗਰੀਬੀ ਉਸ ਦੇ ਨੇੜੇ ਨਹੀਂ ਆਉਂਦੀ ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਅੱਗ੍ਰਜ ਸ੍ਰੀ ਗੁਰ ਕੀਨ ਪਯਾਨੰ। ਅਲਲਾਚੀਨ ਬਿਹੰਗ ਜਿਹ ਥਾਨੰ।
ਗਜਨ ਗਹਿਤਿ ਜੋ ਨਿਜ ਪਗ ਚੂੰਚੇ। ਲੇਕਰਿ ਉਡ ਜਾਵਹਿ ਨਭ ਊਚੇ॥੨॥

*ਭਾਈ ਬਾਲੇ ਨੇ ਕਿਹਾ-* ਸ੍ਰੀ ਗੁਰੂ ਜੀ ਅੱਗੇ ਚੱਲ ਪਏ, ਜਿਥੇ ਅਲਲਾਚੀਨ ਬਿਹੰਗ ਰਹਿੰਦਾ ਸੀ। ਜਿਹੜਾ ਆਪਣੀ ਚੁੰਝ ਤੇ ਪੈਰਾਂ ਨਾਲ ਹਿਰਨ ਜੇਹੇ ਜਾਨਵਰਾਂ ਨੂੰ ਵੀ ਫੜ ਕੇ ਚੁੱਕ ਕੇ ਲੈ ਜਾਂਦਾ ਸੀ॥ ੨॥

ਜਿਨ ਕੋ ਦੀਰਘ ਦੇਹਿ ਅਕਾਰਾ। ਜੁਗ ਪੰਖਨ ਕੋ ਵਡ ਵਿਸਤਾਰਾ।
ਹੁਤੇ ਜਹਾਂ ਪਹੁਚੇ ਸੁਖਰਾਸਾ। ਕਰਤਿ ਤਹਾਂ ਪ੍ਰਹਲਾਦ ਸੁ ਬਾਸਾ॥ ੩॥

ਉਸ ਦੀ ਦੇਹ ਦਾ ਆਕਾਰ ਬਹੁਤ ਵੱਡਾ ਸੀ, ਉਹ ਆਪਣੇ ਦੋਵਾਂ ਖੰਭਾਂ ਨੂੰ ਬੜੀ ਦੂਰ ਤਕ ਫੈਲਾਅ ਲੈਂਦਾ ਸੀ। ਜਿਥੇ ਸੁਖਾਂ ਦੀ ਰਾਸ ਭਾਵ ਗੁਰੂ ਜੀ ਪਹੁੰਚੇ ਸਨ, ਓਥੇ ਪ੍ਰਹਲਾਦ ਰਹਿੰਦਾ ਸੀ॥ ੩॥

ਲੋਚਨ ਮੁੰਦ੍ਰਿਤ ਬੈਠਯੋ ਜਹਿੰਵਾ। ਚਲਿ ਸ੍ਰੀ ਨਾਨਕ ਪਹੁਚੇ ਤਹਿੰਵਾ।
'ਸ੍ਰੀ ਕਰਤਾਰੰ ਸ੍ਰੀ ਕਰਤਾਰਾ'। ਊਚੀ ਧੁਨਿ ਸੋਂ ਕੀਨ ਉਚਾਰਾ॥ ੪॥

ਜਿਥੇ ਉਹ ਅੱਖਾਂ ਬੰਦ ਕਰਕੇ ਬੈਠੇ ਸਨ, ਗੁਰੂ ਨਾਨਕ ਜੀ ਉਥੇ ਪਹੁੰਚ ਗਏ। ਗੁਰੂ ਜੀ ਨੇ ਜਾ ਕੇ, ਸ੍ਰੀ ਕਰਤਾਰ! ਸ੍ਰੀ ਕਰਤਾਰ! ਬੜੀ ਉਚੀ ਧੁਨੀ ਵਿਚ ਉਚਾਰਨ ਕੀਤਾ॥ ੪॥

ਛੁਟਯੋ ਧਯਾਨ ਜਬ ਪ੍ਰਭੁ ਕੋ ਦੇਖਾ। ਮਨ ਮਹਿੰ ਬਿਸਮਤਿ ਭਯੋ ਬਿਸ਼ੇਖਾ।
ਬੂਝਯੋ 'ਕੌਨ, ਕਹਾ ਤੇ ਆਏ? ਇਹ ਠਾਂ ਤੁਮ ਕੋ ਕੌਨ ਲਿਆਏ? ॥੫॥

ਜਦ ਉਸ ਪ੍ਰਭੂ ਭਾਵ ਗੁਰੂ ਜੀ ਨੂੰ ਵੇਖਿਆ ਤਾਂ ਉਸ ਦੀ ਸਮਾਧੀ ਖੁੱਲ੍ਹ ਗਈ ਅਤੇ ਮਨ ਵਿਚ ਬੜਾ ਪ੍ਰਸੰਨ ਹੋਇਆ। ਪੁਛਿਆ, "ਤੁਸੀ ਕੌਣ ਹੋ ਅਤੇ ਕਿਥੋਂ ਆਏ ਹੋ, ਇਸ ਥਾਂ ਤੁਹਾਨੂੰ ਕੌਣ ਲਿਆਇਆ ਹੈ ? ॥ ੫ ॥

ਨਰ ਕੀ ਨਹੀਂ ਗੰਮਤਾ ਈਹਾਂ। ਆਗੇ ਜਾਵਨ ਕਿਹ ਠਾਂ ਪ੍ਰੀਹਾ ?'
ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਤਿਹ ਸੋਂ ਬੋਲੇ ਪੰਕਜ ਨੈਨਾ ॥ ੬ ॥

ਏਥੇ ਕੋਈ ਮਨੁੱਖ ਨਹੀ ਆ ਸਕਦਾ ਹੈ, ਅੱਗੇ ਤੁਸੀ ਕਿਸ ਥਾਂ ਜਾ ਰਹੇ ਹੋ ?" ਇਸ ਪ੍ਰਕਾਰ ਦੀ ਗੱਲ ਸੁਣ ਕੇ, ਕਮਲ ਨੈਣ ਭਾਵ ਗੁਰੂ ਜੀ ਉਸ ਨੂੰ ਬੋਲੇ॥ ੬ ॥

'ਸਿਮਰਜੋ ਨਾਮ ਜੁ ਤੁਮ ਬਿਧਿ ਨੀਕੀ। ਸ਼ਰਧਾ ਧਰੀ ਅਧਿਕ ਨਿਜ ਜੀ ਕੀ।
ਨਿਸ ਬਾਸੁਰ ਭੈ ਸਰਬ ਨਿਵਾਰਾ। ਏਕ ਨਾਮ ਕੋ ਕੀਨ ਉਚਾਰਾ ॥ ੭ ॥

"ਜਿਹੜਾ ਤੂੰ ਚੰਗੀ ਵਿਧੀ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਸੀ ਅਤੇ ਆਪਣੇ ਦਿਲ ਵਿਚ ਬੜੀ ਸ਼ਰਧਾ ਧਾਰਨ ਕੀਤੀ ਸੀ। ਦਿਨ ਰਾਤ ਸਭ ਡਰ ਭੈਅ ਛੱਡ ਕੇ, ਇਕ ਨਾਮ ਦਾ ਉਚਾਰਨ ਕੀਤਾ ਸੀ॥ ੭॥

ਚੌਪਈ- ਰੱਖਯਾ ਕਰੀ ਤੋਹਿ ਜਿਨ ਰੂਰੀ। ਦੋਖੀ ਮਾਰ ਬਿਦਾਰੇ ਦੂਰੀ।
ਹਮ ਉਪਾਸਕੀ ਤਿਸੀ ਨਾਮ ਕੇ। ਗੁਣ ਸਿਮਰਹਿਂ ਸਦ ਸੁਖ ਨਿਧਾਨ ਕੇ ॥ ੮ ॥

ਤੁਹਾਡੀ ਜਿਸ ਨੇ ਸੁੰਦਰ ਰਖਿਆ ਕੀਤੀ ਸੀ ਅਤੇ ਦੋਖੀਆਂ ਨੂੰ ਮਾਰ ਕੇ ਦੂਰ ਕੀਤਾ ਸੀ। ਅਸੀਂ ਵੀ ਓਸੇ ਦੇ ਨਾਮ ਦੇ ਉਪਾਸਕ ਹਾਂ। ਅਸੀ ਸਦਾ ਉਸ ਸੁਖਾਂ ਦੇ ਖਜ਼ਾਨੇ ਦੇ ਗੁਣਾਂ ਦਾ ਸਿਮਰਨ ਕਰਦੇ ਹਾਂ॥ ੮ ॥

ਤਿਹ ਕੀ ਸ਼ਕਤਿ ਧਰਿਹਂ ਨਿਜ ਪਾਹੂ। ਆਏ ਤੁਮ ਦਰਸ਼ਨ ਕੀ ਚਾਹੂ।
ਸੁਨਤਿ ਪ੍ਰਹਲਾਦ ਬਚੰਨ ਉਚਰਾ। 'ਕੋ ਬਾਸਨ ਧੋਇ ਉੱਜਲ ਕਰਾ ? ॥ ੯ ॥

ਉਸ ਦੀ ਸ਼ਕਤੀ ਆਪਣੇ ਪਾਸ ਰੱਖੀ ਹੈ। ਏਥੇ ਤੁਹਾਡੇ ਦਰਸ਼ਨਾਂ ਦੀ ਚਾਹਤ ਕਰਕੇ ਆਏ ਹਾਂ।" ਇਹ ਸੁਣ ਕੇ ਪ੍ਰਹਲਾਦ ਨੇ ਕਿਹਾ, "ਵਾਸਨਾ ਨੂੰ ਧੋ ਕੇ ਕਿਵੇਂ ਉੱਜਲ ਕੀਤਾ ਹੈ ? ॥ ੯ ॥

ਕਾਂਕੋ ਦੂਧ ਚੋਇ ਕਰਿ ਲੀਨਾ ?। ਕੌਨ ਤਾਵ ਸੋਂ ਤਾਵਨ ਕੀਨਾ ?।
ਕੌਨ ਸਮਾਇਨ ਤਾਂ ਮਹਿਂ ਪਾਯਾ। ਕੌਨ ਥਾਨ ਦਧਿ ਰਾਖਿ ਜਮਾਯਾ? ॥ ੧੦ ॥

ਕਿਸ ਤਰ੍ਹਾਂ ਤੁਸੀ ਦੁੱਧ ਚੋ ਲਿਆ ਹੈ ? ਕਿਸ ਸੇਕ ਨਾਲ ਇਸ ਨੂੰ ਗਰਮ ਕੀਤਾ ਹੈ ? ਇਸ ਵਿਚ ਕਿਹੜੀ ਜਾਗ ਪਾਈ ਹੈ ? ਕਿਸ ਥਾਂ ਰੱਖ ਕੇ ਦਹੀਂ ਨੂੰ ਜਮਾਇਆ ਹੈ ? ॥ ੧੦ ॥

ਕਿਸ ਬਿਧਿ ਮਥਿਕੈ ਕਾਢਜੋ ਮਾਖਨ ?। ਪੁਨ ਕੈਸੇ ਕੀਨੋ ਤੁਮ ਚਾਖਨ ?।
ਕਹਿਯੇ ਸਭਿ ਮੋ ਕੋ ਬੀਚਾਰਾ। ਜਿਹ ਬਿਧਿ ਕੀਨੀ ਨੀਕੀ ਕਾਰਾ ॥ ੧੧ ॥

ਕਿਸ ਤਰ੍ਹਾਂ ਰਿੜਕ ਕੇ ਮੱਖਣ ਕੱਢਿਆ ਹੈ, ਫਿਰ ਕਿਸ ਤਰ੍ਹਾਂ ਇਸ ਮੱਖਣ ਨੂੰ ਚਖਿਆ ਹੈ ? ਮੈਨੂੰ ਵਿਚਾਰ ਕੇ ਸਭ ਕੁਝ ਦੱਸੋ, ਜਿਸ ਵਿਧੀ ਅਨੁਸਾਰ ਇਹ ਚੰਗੀ ਕਾਰ ਕੀਤੀ ਹੈ॥ ੧੧ ॥

ਦੋਹਰਾ- ਬੋਲੇ ਸ੍ਰੀ ਨਾਨਕ ਤਬੈ 'ਤਨ ਬਾਸਨ ਕੋ ਧੋਇ।
ਧੇਨੁ ਖਿਮਾ ਕੇ ਪਾਸ ਤੇ ਦੂਧ ਸੰਤੋਖਹਿ ਚੋਇ॥ ੧੨ ॥

ਸ੍ਰੀ ਗੁਰੂ ਨਾਨਕ ਜੀ ਬੋਲੇ, "ਤਨ ਵਾਸ਼ਨਾਂ ਨੂੰ ਇਸ ਤਰ੍ਹਾਂ ਧੋਤਾ ਹੈ। ਖਿਮਾ ਰੂਪ ਗਾਂ ਦੇ ਪਾਸੋਂ ਸੰਤੋਖ ਰੂਪੀ ਦੁੱਧ ਚੋਇਆ ਹੈ॥ ੧੨ ॥

ਚੌਪਈ- ਤਨ ਤਾਪਨ ਕੋ ਤਾਵਨ ਤਾਯਾ। ਗੁਰ ਉਪਦੇਸ਼ ਸਮਾਇਨ ਪਾਯਾ।

ਸਤਿ ਸੰਗਤ ਮਹਿਂ ਭਲੋ ਸਥਾਨਾ। ਰਾਖਿ ਜਮਾਯੋ ਤਹਾਂ ਸੁਜਾਨਾ! ॥ ੧੩ ॥

ਤਨ ਦੇ ਤਾਪ ਨਾਲ ਦੁੱਧ ਨੂੰ ਗਰਮ ਕੀਤਾ ਹੈ ਅਤੇ ਉਸ ਵਿਚ ਗੁਰੂ ਉਪਦੇਸ਼ ਦੀ ਜਾਗ ਪਾਈ ਹੈ। ਸਤਿਸੰਗਤ ਵਿਚ ਭਲੇ ਸਥਾਨ ਤੇ ਰੱਖ ਕੇ ਇਸ ਨੂੰ ਜਮਾਇਆ ਹੈ॥ ੧੩॥

ਮਨ ਬਿਚਾਰ ਕੀ ਮਥਨੀ ਕਰਿਕੈ। ਆਪਾ ਤਜਿਨ ਮਥਯੋ ਹਿਤ ਧਰਿਕੈ।
ਭਾਣਾ ਮਨਨ ਚਾਖ ਕਰਿ ਸਾਦਾ। ਤ੍ਰਿਪਤ ਭਏ ਸ੍ਰੀ ਗੁਰੂ ਪ੍ਰਸਾਦਾ ॥੧੪ ॥

ਮਨ ਵਿਚਾਰ ਦੀ ਮਧਾਣੀ ਬਣਾ ਕੇ, ਆਪਾ ਛੱਡਣ ਹਿਤ ਧਾਰ ਕੇ ਇਸ ਦਹੀ ਨੂੰ ਰਿੜਕਿਆ ਹੈ। ਭਾਣਾ ਮੰਨਣ ਦਾ ਚੱਖ ਕੇ ਸਵਾਦ ਵੇਖਿਆ ਹੈ ਤੇ ਗੁਰੂ ਦੀ ਕਿਰਪਾ ਨਾਲ ਤ੍ਰਿਪਤ ਹੋ ਗਏ ਹਾਂ'॥ ੧੪॥

ਚੌਪਈ- ਸੁਨਿ ਪ੍ਰਹਲਾਦ ਭਗਤਿ ਅਸ ਬਾਨੀ। ਬੰਦਨ ਕੀਨਿ ਜੋਰ ਜੁਗ ਪਾਨੀ।
ਤਿਹ ਕੋ ਪ੍ਰੇਮ ਦੇਖਿ ਸੁਖਧਾਮਾ। ਆਪ ਕਰੀ ਤਿਹ ਚਰਨ ਪ੍ਰਣਾਮਾ ॥੧੫ ॥

ਇਸ ਤਰ੍ਹਾਂ ਦੀ ਬਾਣੀ ਸੁਣ ਕੇ, ਪ੍ਰਹਿਲਾਦ ਭਗਤ ਨੇ ਦੋ ਹੱਥ ਜੋੜ ਕੇ ਨਮਸਕਾਰ ਕੀਤੀ। ਉਸ ਦਾ ਪ੍ਰੇਮ ਵੇਖ ਕੇ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ ਆਪ ਉਸ ਦੇ ਚਰਨਾਂ 'ਤੇ ਪ੍ਰਣਾਮ ਕੀਤੀ॥ ੧੫॥

ਦੁਹਿ ਦਿਸ਼ਿ ਹੋਵਾ ਹਰਖ ਬਿਸਾਲਾ। ਕਹਿਤਿ ਬਚਨ ਪ੍ਰਹਲਾਦ ਰਸਾਲਾ।
'ਤੁਮ ਅਵਤਾਰ ਭਏ ਜਗ ਮਾਂਹੀ। ਜਯੋਂ ਨਰਸਿੰਘ ਭਏ ਮਮ ਚਾਹੀ ॥੧੬ ॥

ਦੋਵੇਂ ਮਿਲ ਕੇ ਬਹੁਤ ਖੁਸ਼ ਹੋਏ। ਪ੍ਰਹਿਲਾਦ ਨੇ ਬੜਾ ਸੁੰਦਰ ਬਚਨ ਕੀਤਾ, "ਤੁਸੀਂ ਜੱਗ ਵਿਚ ਅਵਤਾਰ ਹੋ, ਜਿਵੇਂ ਨਰਸਿੰਘ ਨੇ ਮੈਨੂੰ ਬਚਾਉਣ ਵਾਸਤੇ ਅਵਤਾਰ ਧਾਰਿਆ ਸੀ॥ ੧੬॥

ਜਬ ਜਗ ਸੰਤ ਦੁਖਹਿਂ ਕਿਹ ਰੀਤੀ। ਬਹੁਰੋ ਧਰਮ ਹੋਤਿ ਬਿਪਰੀਤੀ।
ਤਬ ਤਨ ਧਰਿ ਸੰਕਟ ਜਨ ਖਾਪੂ। ਜਗ ਮਹਿਂ ਦੇਹਿ ਧਰਮ ਕੋ ਥਾਪੂ ॥੧੭ ॥

ਜਦ ਜਗਤ ਵਿਚ ਸੰਤ ਕਿਸੇ ਰੀਤੀ ਨਾਲ ਦੁੱਖੀ ਹੋ ਜਾਂਦੇ ਹਨ ਤਾਂ ਫਿਰ ਬਾਅਦ ਵਿਚ ਧਰਮ ਉਲਟ ਜਾਂਦਾ ਹੈ। ਫਿਰ ਪ੍ਰਭੂ ਤਨ ਧਾਰ ਕੇ ਲੋਕਾਂ ਦੇ ਸੰਕਟ ਨੂੰ ਨਾਸ਼ ਕਰਨ ਹਿਤ ਜਗਤ ਵਿਚ ਆ ਕੇ ਧਰਮ ਨੂੰ ਦੁਬਾਰਾ ਸਥਾਪਤ ਕਰਦੇ ਹਨ॥ ੧੭॥

ਕਰਿ ਉਸਤਤਿ ਪੁਨ ਕਿਯ ਪਦ ਬੰਦਨ। ਦਰਸ਼ਨ ਕਰਿਹੀ ਦੋਖ ਨਿਕੰਦਨ।
ਸ੍ਰੀ ਅੰਗਦ ਜੀ ਸੁਨਿ ਹਿਤ ਸਾਥਾ। ਮੈਂ ਬੂਝਤਿ ਭਾ ਬਹੁਰੋ ਗਾਥਾ ॥੧੮ ॥

ਉਸਤਤ ਕਰਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ। ਦਰਸ਼ਨ ਕਰਕੇ ਪਾਪਾਂ ਦਾ ਨਾਸ਼ ਹੋ ਗਿਆ। ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਪ੍ਰੇਮ ਨਾਲ ਸੁਣੋ! ਮੈਂ ਫਿਰ ਪ੍ਰਹਿਲਾਦ ਪਾਸੋਂ ਉਸ ਦੇ ਜੀਵਨ ਦੀ ਗਾਥਾ ਬਾਰੇ ਪੁਛਿਆ॥ ੧੮॥

'ਅਪਨੀ ਕਥਾ ਸਨਾਵਹੁ ਸਾਰੀ। ਜਯੋਂ ਪ੍ਰਭੁ ਰੱਖਯਾ ਕੀਨਿ ਤੁਮਾਰੀ।
ਸਰਬ ਜਗਤ ਮਹਿਂ ਬਿਦਤ ਕਹਾਨੀ। ਸੋ ਨਿਜ ਮੁਖ ਤੇ ਕਰਹੁ ਬਖਾਨੀ ॥੧੯ ॥

"ਆਪਣੀ ਸਾਰੀ ਕਥਾ ਸੁਣਾਵੋ, ਜਿਵੇਂ ਪ੍ਰਭੂ ਨੇ ਤੁਹਾਡੀ ਰੱਖਿਆ ਕੀਤੀ ਸੀ। ਸਾਰੇ ਜੱਗ ਵਿਚ ਇਹ ਕਹਾਣੀ ਮਸ਼ਹੂਰ ਹੈ, ਉਹ ਸਾਰੀ ਕਹਾਣੀ ਆਪਣੇਂ ਮੁੱਖ ਤੋਂ ਬਿਆਨ ਕਰੋ"॥ ੧੯॥

ਜਬ ਮਮ ਬੈਨ ਸੁਨੇ ਅਸ ਕਾਨਾ। ਬੋਲਯੋ ਤਬ ਪ੍ਰਹਲਾਦ ਸੁਜਾਨਾ:
'ਪੂਰਬ ਏਕ ਸਮੈਂ ਜਗਨਾਹੂ। ਧਾਰਤਿ ਭੇ ਅਵਤਾਰ ਬਰਾਹੂ॥ ੨੦॥

ਜਦ ਉਸ ਮੇਰੇ ਬਚਨ ਆਪਣੇ ਕੰਨਾਂ ਨਾਲ ਸੁਣੇ ਤਾਂ ਚਤੁਰ ਪ੍ਰਹਿਲਾਦ ਬੋਲਿਆ, ''ਪਹਿਲਾਂ ਇਕ ਸਮੇਂ ਜਗਤ ਦੇ ਸਵਾਮੀ ਨੇ ਸੂਰ ਦਾ ਅਵਾਤਰ ਧਾਰਿਆ ਸੀ॥ ੨੦॥

ਮਮ ਪਿਤਭ੍ਰਾਤਾ ਛਿਤ ਕੋ ਲੀਨੇ। ਗਯੋ ਰਸਾਤਲ ਗਰਬਤਿ ਪੀਨੇ।
ਤਿਹ ਕੋ ਮਾਰਿ,ਲੀਨਿ ਤਬ ਛੋਨੀ। ਅਸਥਾਪਨ ਕੀਨੀ ਜਗ ਜੋਨੀ ॥੨੧॥

ਮੇਰੇ ਪਿਤਾ ਦੇ ਭਰਾ ਭਾਵ ਚਾਚੇ ਨੇ ਧਰਤੀ ਨੂੰ ਫੜ ਲਿਆ ਤੇ ਪਾਤਾਲ ਦੇ ਸੱਤਾਂ ਲੋਕਾਂ ਵਿਚੋਂ ਛੇਵੇਂ ਲੋਕ ਚਲਾ ਗਿਆ। ਉਸ ਆਪਣੀ ਤਾਕਤ ਦਾ ਬੜਾ ਘੁਮੰਡ ਕੀਤਾ। ਸੂਰ ਦੇ ਅਵਤਾਰ ਨੇ ਉਸ ਨੂੰ ਮਾਰ ਕੇ ਧਰਤੀ 'ਛੁਡਵਾ ਲਈ ਤੇ ਜਗਤ ਦੇ ਕਾਰਨ ਪ੍ਰਭੂ ਨੇ ਉਸ ਨੂੰ ਫਿਰ ਸਥਾਪਨ ਕਰ ਦਿੱਤਾ॥ ੨੧॥

ਚੌਪਈ- ਜਬ ਤਿਹ ਮਰਨ ਸੁਨਜੋ ਪਿਤ ਮੇਰੇ। ਭ੍ਰਾਤ ਸ਼ੋਕ ਮਹਿਂ ਦੁਖਿਤਿ ਘਨੇਰੇ।
ਹਿਰਦੈ ਕੀਨ ਬਹੁਰ ਵਡ ਕ੍ਰੋਧਾ। ਲੇਉਂ ਬੈਰ ਕਰਿ ਬਿਸ਼ਨੁ ਬਿਰੋਧਾ ॥੨੨॥

ਜਦ ਉਸ ਦੇ ਮਰਨ ਬਾਰੇ ਮੇਰੇ ਪਿਤਾ ਨੇ ਸੁਣਿਆ ਤਾਂ ਉਨ੍ਹਾਂ ਭਰਾ ਦੇ ਮਰਨ ਦਾ ਬਹੁਤ ਦੁੱਖ ਮੰਨਾਇਆ। ਹਿਰਦੇ ਵਿਚ ਬਹੁਤ ਵੱਡਾ ਕ੍ਰੋਧ ਕੀਤਾ ਅਤੇ ਮਨ ਵਿਚ ਧਾਰਿਆ ਕਿ ਵਿਸ਼ਨੂੰ ਦਾ ਵਿਰੋਧ ਕਰਕੇ ਉਸ ਤੋਂ ਬਦਲਾ ਲਵਾਂਗਾ॥ ੨੨॥

ਨਿਜ ਦਸਨਨ ਸੋਂ ਅਧਰਨ ਕਾਟੇ। ਕਹਿਤਿ ਭਯੋ ਭ੍ਰਿੱਤਨ ਸਨ ਡਾਂਟੇ।
ਹਨਜੋ ਬਿਸ਼ਨੁ ਨੈ ਭ੍ਰਾਤਾ ਮੋਰਾ। ਜਿਹ ਕੋ ਹੁਤੋ ਤੇਜ ਵਡ ਘੋਰਾ ॥੨੩॥

ਆਪਣੇਂ ਦੰਦਾਂ ਨਾਲ ਆਪਣੇ ਬੁਲ੍ਹਾਂ ਨੂੰ ਕੱਟਿਆ ਅਤੇ ਆਪਣੇ ਭਿਤਰਾਂ ਨੂੰ ਕਹਿਣ ਲੱਗਾ, ਵਿਸ਼ਨੂੰ ਨੇ ਮੇਰੇ ਭਰਾ ਨੂੰ ਮਾਰਿਆ ਹੈ। ਜਿਸ ਦਾ ਬੜਾ ਭਿਆਨਕ ਤੇਜ ਅਤੇ ਪ੍ਰਤਾਪ ਸੀ॥ ੨੩॥

ਯੱਦਜਪਿ ਸਮ ਹੈ ਅਹਿਰਿਪੁਕੇਤੂ। ਕਰਤਿ ਬਿਖਮਤਾ ਭਗਤਨ ਹੇਤੂ।
ਗਤਿ ਲਜਾ,ਬਹੁ ਕਪਟ ਪ੍ਰਬੀਨਾ। ਅਪਨੇ ਸਿਮਰਨ ਕੇ ਹਿਤ ਭੀਨਾ ॥੨੪॥

ਜੇ ਗਰੜ ਦੀ ਧੁਜਾ ਵਾਲਾ ਵਿਸ਼ਨੂੰ ਸਮਦ੍ਰਿਸਟੀ ਵਾਲਾ ਹੈ ਤਾਂ ਭਗਤਾਂ ਦੀ ਸਹਾਇਤਾ ਕਰਕੇ ਸਮਦ੍ਰਿਸ਼ਟਤਾ ਵਾਲਾ ਨਹੀ ਰਹਿੰਦਾ। ਉਸ ਦੀ ਗਤੀ ਨਿਲੱਜ ਹੈ ਅਤੇ ਉਹ ਖੋਟ ਵਿਚ ਨਿਪੁੰਨ ਹੈ। ਆਪਣੇ ਸਿਮਰਨ ਦੇ ਹਿਤ ਵਿਚ ਭਿਜਿਆ ਹੋਇਆ ਹੈ॥ ੨੪॥

ਛਲ ਕਰਿ ਸੂਕਰ ਧਾਰਿ ਸਰੂਪਾ। ਹਨਜੋ ਸਹੋਦਰ ਮਮ ਸੁਖਰੂਪਾ।
ਦਿਜ ਸੁਰ ਕਾਰਨ ਤਿਹ ਨੈ ਮਾਰਾ। ਅਬੈ ਕਿਯੇ ਤੇ ਜਗਤ ਮਝਾਰਾ ॥੨੫॥

ਛਲ ਕਰਕੇ ਸੂਰ ਦਾ ਸਰੂਪ ਧਾਰਨ ਕਰਕੇ, ਮੇਰੇ ਭਰਾ ਸੁੱਖਾਂ ਦੇ ਰੂਪ ਨੂੰ ਮਾਰ ਦਿੱਤਾ ਹੈ। ਬ੍ਰਾਹਮਣਾਂ ਅਤੇ ਦੇਵਤਿਆਂ ਕਾਰਨ ਉਸ ਮੇਰੇ ਭਰਾ ਨੂੰ ਮਾਰਿਆ ਹੈ। ਹੁਣ ਬ੍ਰਾਹਮਣ ਤੇ ਦੇਵਤੇ ਜੱਗ ਵਿਚ ਕਿਵੇਂ ਰਹਿ ਸਕਣਗੇ?॥ ੨੫॥

ਅਬ ਤੁਮ ਜਾਹੁ ਖੋਜਿ ਜਗ ਸਾਰੇ। ਦਿਜ ਮੁਨਿ ਧੇਨੁ ਸਕਲ ਸੰਘਾਰੋ।
ਜਹਿਂ ਜਹਿਂ ਦੇਖੋ ਬਿਸ਼ਨੁ ਉਪਾਸਨ। ਤਹਿਂ ਤਹਿਂ ਕੀਜੈ ਬੇਗ ਬਿਨਾਸ਼ਨ ॥੨੬॥

ਉਸ ਆਪਣੇ ਸੇਵਕਾਂ ਨੂੰ ਕਿਹਾ ਕਿ ਹੁਣ ਤੁਸੀਂ ਜਗ ਵਿਚ ਜਾਵੋ ਅਤੇ ਬ੍ਰਾਹਮਣ, ਮੁਨੀ ਅਤੇ ਗਊਆਂ ਚੁਣ ਚੁਣ ਕੇ ਮਾਰ ਦੇਵੋ। ਜਿਥੇ ਜਿਥੇ ਵਿਸ਼ਨੂੰ ਦਾ ਉਪਾਸ਼ਕ ਵੇਖੋ, ਓਥੇ ਜਾ ਕੇ ਤੁਰੰਤ ਉਸ ਦਾ ਨਾਸ ਕਰ ਦੇਵੋ॥ ੨੬॥

ਅਸ ਸੁਨਿ ਆਇਸੁ ਤਬਹਿ ਭੁਵਾਲਾ। ਧਾਏ ਦੈਂਤ ਵਡੇ ਬਿਕਰਾਲਾ।
ਤਿਨ ਕੇ ਨਾਮ ਕਹੌਂ ਸੁਨਿ ਸੋਊ। ਦ੍ਵੈਸਿਰ, ਸੰਬਰ, ਨਮੁਚੀ ਜੋਊ ॥੨੭॥

ਆਪਣੇ ਰਾਜੇ ਦੀ ਇਸ ਤਰ੍ਹਾਂ ਆਗਿਆ ਸੁਣ ਕੇ, ਵੱਡੇ ਵੱਡੇ ਵਿਕਰਾਲ ਦੈਂਤ ਭੱਜ ਉਠੇ, ਉਨ੍ਹਾਂ ਦੇ ਮੈਂ ਨਾਂ ਕਹਿੰਦਾ ਹਾਂ ਸੁਣੋ। ਦ੍ਰੈਸਿਰ, ਸੰਬਰ, ਨਮੂਚੀ ਬੜੇ ਸੂਰਬੀਰ ਸਨ॥ ੨੭॥

ਤੀਨਨੈਨ, ਪੁਨ ਇਲਵਲ, ਪਾਕਾ। ਸਕੁਨਿ, ਪਲੋਮਨ ਅਤਿ ਬਲ ਜਾਂਕਾ।
ਬਿੱਪ੍ਰਚਿਤ ਤੇ ਆਦਿ ਅਪਾਰਾ। ਸੁਨਿ ਰਜਾਇ ਗੇ ਜਗਤ ਮਝਾਰਾ॥੨੮॥

ਤੀਨਨੈਨ, ਇਲਵਲ, ਪਾਕਾ, ਸੁਕਨੀ ਅਤੇ ਪਲੋਮਨ ਜਿਹੜੇ ਅਤਿ ਬਲਵਾਨ ਸਨ। ਬਿਪ੍ਰਚਿਤ ਤੇ ਹੋਰ ਜਿਹੜੇ ਬੜੇ ਮਹਾਨ ਦੈਂਤ ਸਨ, ਇਹ ਸੁਣ ਕੇ ਜਗਤ ਵਿਚ ਚਲੇ ਗਏ॥ ੨੮॥

ਚੌਪਈ- ਮੁਨਿਵਰ ਬਿੱਪ੍ਰ ਬ੍ਰਿੰਦ ਜਹਿਂ ਰਹਿਹੀਂ। ਕਰਹਿਂ ਉਪੱਦ੍ਰਵ ਮਿਲਿ ਕਰਿ ਤਹਿਂ ਹੀ।
ਗ੍ਰਾਮ ਨਗਰ ਕੋ ਅਗਨਿ ਲਗਾਵੈਂ। ਮਾਰਹਿਂ ਬਿੱਪ੍ਰ ਧੇਨੁ ਜਹਿ ਪਾਵੈਂ॥੨੯॥

ਸ੍ਰੇਸ਼ਟ ਮੁਨੀਆਂ ਅਤੇ ਬ੍ਰਾਹਮਣਾਂ ਦੇ ਜਿਹੜੇ ਸਮੂਹ ਜਿਥੇ ਜਿਥੇ ਰਹਿ ਰਹੇ ਸਨ, ਉਨ੍ਹਾਂ ਉਤੇ ਮਿਲ ਕੇ ਜ਼ੁਲਮ ਕਰਨ ਲੱਗੇ। ਪਿੰਡਾਂ ਅਤੇ ਨਗਰਾਂ ਨੂੰ ਅੱਗ ਲਾ ਦਿੰਦੇ ਸਨ, ਜਿਥੇ ਵੀ ਬ੍ਰਾਹਮਣ ਅਤੇ ਗਾਵਾਂ ਵੇਖਦੇ ਸਨ, ਓਥੇ ਹੀ ਮਾਰ ਦਿੰਦੇ ਸਨ॥ ੨੯॥

ਦੀਨੋ ਅਸ ਪ੍ਰਕਾਰ ਬਹੁ ਤ੍ਰਾਸਾ। ਭਾਜੇ ਮੁਨਿ ਦਿਜ ਤਜੇ ਨਿਵਾਸਾ।
ਮੰਦਰ ਢਾਹਿ ਮਿਲਾਵਹਿਂ ਧੂਰੀ। ਜੱਗ ਹੋਮ ਤਪ ਕਿਯ ਸਭਿ ਦੂਰੀ॥੩੦॥

ਇਸ ਪ੍ਰਕਾਰ ਲੋਕਾਂ ਨੂੰ ਬਹੁਤ ਭੈਭੀਤ ਕਰ ਦਿੱਤਾ, ਮੁਨੀ ਅਤੇ ਬ੍ਰਾਹਮਣ ਆਪਣੇ ਘਰ ਛੱਡ ਕੇ ਭੱਜ ਗਏ। ਮੰਦਰ ਢਾਹ ਕੇ ਮਿੱਟੀ ਵਿਚ ਮਿਲਾ ਦਿੱਤੇ ਅਤੇ ਜਗਤ ਵਿਚ ਹੋਮ ਤਪ ਆਦਿ ਦੂਰ ਕਰ ਦਿੱਤੇ॥ ੩੦॥

ਬ੍ਯਾਕੁਲ ਭਈ ਪ੍ਰਜਾ ਤਬ ਭਾਰੀ। ਗਿਰੇ ਸੁਰਗ ਤੇ ਜੇ ਸੁਰ ਝਾਰੀ।
ਅਪਰ ਬੇਖ ਧਰਿ ਛਿਤ ਮਹਿਂ ਰਹਹੀਂ। ਜੱਗ ਹੋਮ ਕੋ ਨਾਮ ਨ ਕਹਿਹੀਂ॥੩੧॥

ਪਰਜਾ ਤਦ ਬਹੁਤ ਵਿਆਕੁਲ ਹੋ ਗਈ। ਦੇਵਤਿਆ ਦੇ ਸਮੂਹ ਸਵਰਗ ਤੋਂ ਡਿੱਗ ਪਏ। ਹੋਰ ਭੇਸ ਧਾਰਨ ਕਰਕੇ ਧਰਤੀ ਤੇ ਲੁਕ ਕੇ ਰਹਿਣ ਲੱਗੇ। ਕੋਈ ਵੀ ਯੱਗ ਜਾਂ ਹੋਮ ਦਾ ਨਾਂ ਨਹੀਂ ਸੀ ਲੈਂਦਾ॥ ੩੧॥

ਦੋਹਰਾ- ਹਿਰਨਕਸ਼ਪ ਮਮ ਪਿਤਾ ਤਬ ਗਯੋ ਕਰਨ ਤਪ ਹੇਤ।
ਜੀਤੋਂ ਦਿਗ ਦਿਗਪਾਲ ਯੁਤ ਯਹਿ ਸੰਕਲਪ ਸਮੇਤ॥ ੩੨॥

ਮੇਰੇ ਪਿਤਾ ਹਿਰਨਾਕਸ਼ਪ ਫਿਰ ਤਪ ਕਰਨ ਚਲੇ ਗਏ। ਉਨ੍ਹਾਂ ਦੇ ਮਨ ਵਿਚ ਇਹ ਸੰਕਲਪ ਸੀ ਕਿ ਦਸ਼ਾ ਦਿਸ਼ਾਵਾਂ ਦੇ ਪਾਲਣ ਕਰਨ ਵਾਲੇ ਦੇਵਤਿਆਂ ਨੂੰ ਜਿੱਤ ਲਵਾਂ॥ ੩੨॥

ਚੌਪਈ- ਦ੍ਰਿੜ ਵਿਚਾਰ ਯੋਂ ਕਰਿ ਉਰ ਆਪੂ। ਲਗਯੋ ਕਰਨ ਤਪ ਸਹਤਿ ਸੰਤਾਪੂ।
ਮੰਦਰ ਗਿਰ ਦ੍ਰੋਣੀ ਪਰ ਠਾਢਾ। ਮਹਾਂ ਉੱਗ੍ਰ ਤਪ ਸੋਂ ਹਿਤ ਬਾਢਾ॥੩੩॥

ਆਪਣੇ ਹਿਰਦੇ ਵਿਚ ਇਸ ਤਰ੍ਹਾਂ ਦਾ ਦ੍ਰਿੜ੍ਹ ਵਿਚਾਰ ਬਣਾ ਕੇ, ਵੱਡੀ ਕਠਨਾਈ ਵਾਲਾ ਤਪ ਕਰਨ ਲੱਗਾ। ਮੰਦਰਾਚਲ ਪਹਾੜ ਦੀ ਚੋਟੀ ਤੇ ਖੜਾ ਹੋ ਗਿਆ ਅਤੇ ਮਹਾਨ ਕਸ਼ਟਮਈ ਤੱਪ ਕਰਨ ਲਈ ਪ੍ਰੇਮ ਵਧਾਇਆ॥ ੩੩॥

ਊਰਧ ਬਾਹੁ, ਜਟਾ ਸਮ ਭਾਨਾ। ਛਿਤ ਪਰ ਪਗ ਅੰਗੁਸ਼ਟ ਟਿਕਾਨਾ।
ਤਿਹ ਅਲੰਬ ਠਾਂਢੋ ਕਿਤ ਕਾਲਾ। ਕੀਨ ਕਠਨ ਤਪ ਜਬਹਿ ਬਿਸਾਲਾ॥੩੪॥

ਉਪਰ ਬਾਹਾਂ ਸਨ, ਅਤੇ ਸੂਰਜ ਦੀਆਂ ਕਿਰਨਾਂ ਵਾਂਗ ਜਟਾਂ ਸਨ। ਧਰਤੀ ਤੇ ਪੈਰ ਦਾ ਅੰਗੂਠਾ ਟਿਕਾਇਆ ਸੀ। ਉਸ ਦੇ ਆਸਰੇ ਲੰਮੇ ਸਮੇਂ ਤਕ ਖੜਾ ਰਿਹਾ। ਜਦ ਕਠਨ ਅਤੇ ਵਿਸ਼ਾਲ ਤੱਪ ਕੀਤਾ॥ ੩੪॥

ਜਟ ਤੇ ਅਗਨਿ ਧੂਮ ਪਰਕਾਸਾ। ਪਸਰ ਪਰਯੋ ਸੋ ਚਹੁਦਿਸ ਪਾਸਾ।

ਅਧੁ ਊਰਧ ਸਭਿ ਜਗਤ ਮਝਾਰੀ। ਤਿਹ ਤੇ ਬ੍ਯਾਕੁਲ ਸੁਰ ਨਰ ਭਾਰੀ॥੩੫॥

ਤਾਂ ਜਟਾਂ ਵਿਚੋਂ ਅੱਗ ਤੇ ਧੂੰਏਂ ਦਾ ਪ੍ਰਕਾਸ਼ ਹੋਇਆ, ਜਿਹੜਾ ਚਾਰ-ਚੁਫੇਰੇ ਫੈਲ ਗਿਆ। ਹੇਠਾਂ ਉਪਰ ਸਾਰੇ ਜਗਤ ਵਿਚ ਛਾ ਗਿਆ, ਜਿਸ ਨਾਲ ਦੇਵਤੇ ਅਤੇ ਸਾਰੇ ਮਨੁੱਖ ਬਹੁਤ ਵਿਆਕੁਲ ਹੋ ਗਏ॥ ੩੫॥

ਛੁਭਤਿ ਸਿੰਧ, ਤਾਰਾਗਣ ਗਿਰਹੀ। ਦਹਿਦਿਸ਼ ਪ੍ਰਲਯ ਜ੍ਵਾਲ ਜਨੁ ਜਰਿਹੀ।
ਦੀਪ ਸਹਤ ਛਿਤ ਸਰਬ ਬਿਸਾਲਾ। ਸੈਲ ਸੰਪੂਰਨ ਭਾ ਭੂਚਾਲਾ॥੩੬॥

ਸਮੁੰਦਰ ਵਿਚ ਤੂਫਾਨ ਆ ਗਿਆ, ਤਾਰੇ ਧਰਤੀ ਤੇ ਡਿੱਗਣ ਲੱਗੇ ਮਾਨੋਂ ਚਾਰ-ਚੁਫੇਰੇ ਪਰਲੋ ਦੀ ਅਗਨੀ ਬਲ ਰਹੀ ਸੀ। ਦੀਪਾਂ ਸਮੇਤ ਪ੍ਰਿਥਵੀ ਅਤੇ ਸਾਰੇ ਪਹਾੜਾਂ ਵਿਚ ਭਾਰੀ ਭੂਚਾਲ ਆਏ॥ ੩੬॥

ਵਡੋ ਤ੍ਰਾਸ ਧਰਿ ਉਰ ਸੁਰ ਸਾਰੇ। ਕਮਲਾਸਨ ਕੇ ਪਾਸ ਪਧਾਰੇ।
ਬੰਦਨ ਕਰਿ ਨਿਜ ਬਿਨੈ ਸੁਨਾਈ। ਕਸ ਨਚਿੰਤ ਤੁਮ ? ਲੋਕ ਨਰਾਈ ! ॥੩੭॥

ਸਾਰੇ ਦੇਵਤੇ ਦਿਲ ਵਿਚ ਬਹੁਤ ਡਰ ਗਏ ਤੇ ਇਕੱਠੇ ਹੋ ਕੇ ਬ੍ਰਹਮਾ ਦੇ ਪਾਸ ਗਏ। ਹੱਥ ਜੋੜ ਕੇ ਆਪਣੀ ਬੇਨਤੀ ਸੁਣਾਈ। 'ਹੇ ਲੋਕਾਈ ਦੇ ਨਰੇਸ਼ ! ਤੁਸੀ ਨਿਸਚਿੰਤ ਕਿਉਂ ਬੈਠੇ ਹੋ ? ॥ ੩੭॥

ਹਿਰਨਕਸ਼ਪ ਤਪ ਕਰਤਿ ਕਠੋਰਾ। ਜਗ ਮਹਿਂ ਭੈ ਪਸਰਯੋ ਚਹੁੰ ਓਰਾ।
ਇਕ ਛਿਨ ਧੀਰ ਨ ਰਹਿਤ ਹਮਾਰੀ। ਤਿਹ ਉਪਸ਼ਮ ਕੋ ਕਰਹੁ ਬਿਚਾਰੀ॥੩੮॥

ਹਿਰਨਾਕਸ਼ਪ ਕਠੋਰ ਤੱਪ ਕਰ ਰਿਹਾ ਹੈ। ਜੱਗ ਵਿਚ ਚਾਰੇ ਪਾਸੇ ਭੈ ਪਸਰ ਗਿਆ ਹੈ। ਇਕ ਛਿਨ ਵੀ ਸਾਡਾ ਧੀਰਜ ਨਹੀਂ ਰਿਹਾ ਹੈ, ਭਾਵ ਅਸੀ ਧੀਰਜ-ਰਹਿਤ ਹੋ ਗਏ ਹਾਂ। ਉਸ ਦੀ ਨਵਿਰਤੀ ਦਾ ਕੋਈ ਉਪਾਅ ਵਿਚਾਰੋ॥ ੩੮॥

ਲੋਕ ਤੁਮਾਰ ਨ ਨਾਸਹਿਂ ਜਾਵਦ। ਆਪ ਉਪਾਇ ਕਰਹੁ ਕੋ ਤਾਵਦ।
ਹਮ ਸੁਧ ਸੁਨੀ ਕਾਨ ਜਗ ਮਾਂਹੂ। ਲੇਨਿ ਬ੍ਰਹਮਪੁਰਿ ਕੀ ਤਿਹ ਚਾਹੂ॥੩੯॥

ਕਿਤੇ ਤੁਹਾਡੀ ਲੋਕਾਈ ਖਤਮ ਨਾ ਹੋ ਜਾਵੇ, ਇਸ ਲਈ ਉਸ ਦਾ ਆਪ ਕੋਈ ਉਪਾਅ ਕਰੋ। ਜਦ ਅਸੀ ਆਪਣੇ ਕੰਨਾ ਨਾਲ ਜਗਤ ਵਿਚ ਐਸੀ ਖਬਰ ਸੁਣੀ ਹੈ ਕਿ ਉਸ ਨੂੰ ਬ੍ਰਹਮਪੁਰ ਲੈਣ ਦੀ ਚਾਹਤ ਹੈ॥ ੩੯॥

ਪਾਪ ਪੁੰਨ ਕੋ ਭੇਦ ਮਿਟਾਊ। ਅਪਰ ਰੀਤਿ ਜਗ ਬੀਚ ਚਲਾਊ।
ਅਸ ਪ੍ਰਕਾਰ ਜੋ ਹੋਇ ਕਦਾਪੀ। ਮਿਟੇ ਬੇਦ ਬਿਧਿ ਪੁੰਨਿ ਰੁ ਪਾਪੀ॥੪੦॥

ਕਿਰਪਾ ਕਰਕੇ ਪੁੰਨ ਪਾਪ ਦੇ ਸਭ ਭੇਦ ਮਿਟਾਵੋ ਤੇ ਪਹਿਲੀ ਰੀਤੀ ਜਗਤ ਵਿਚ ਚਲਾਵੋ। ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਕਿਸੇ ਵੇਲੇ ਪੁੰਨੀ ਅਤੇ ਪਾਪੀਆ ਦੀ ਵਿਧੀ ਖਤਮ ਹੋ ਜਾਵੇਗੀ॥ ੪੦॥

ਅਬ ਜਸ ਉਚਿਤ ਆਪ ਤਸ ਕਰੀਏ। ਨਾਥ ! ਜਗਤ ਸੰਕਟ ਪਰਹਰੀਏ।
ਗੋ, ਦ੍ਵਿਜ, ਧੇਨੁ, ਜਿ ਸੰਤ ਮਹਾਨਾ। ਕਰਨਹਾਰ ਸਭਿ ਕੇ ਕਲਿਆਨਾ॥੪੧॥

ਹੁਣ ਜਿਸ ਤਰ੍ਹਾਂ ਠੀਕ ਸਮਝੋ ਉਸ ਤਰ੍ਹਾਂ ਕਰੋ। ਹੇ ਜਗਤ ਦੇ ਨਾਥ ! ਜਗਤ ਦੇ ਸੰਕਟ ਨੂੰ ਦੂਰ ਕਰੋ। ਧਰਤੀ ਤੇ ਜਿਹੜੇ ਬ੍ਰਾਹਮਣ, ਗਊਆਂ ਅਤੇ ਮਹਾਨ ਸੰਤ ਹਨ ਤੁਸੀਂ ਸਭ ਦਾ ਕਲਿਆਨ ਕਰਨ ਵਾਲੇ ਹੋ॥ ੪੧॥

ਸਗਰੇ ਕਰਮ ਧਰਮ ਕੇ ਸੇਤੂ। ਤੁਮ ਭੂਤਨ ਕੇ ਕਰਤਾ ਹੇਤੂ।
ਸੁਨਿ ਬਿਰੰਚ ਅਮਰਨ ਕੀ ਬਾਨੀ। ਨਿਜ ਹਿਤ ਕੀ ਲਖਿ ਕਰਿ ਸਨਮਾਨੀ॥੪੨॥

ਤੁਸੀ ਸਾਰੇ ਕਰਮਾ ਧਰਮਾਂ ਦਾ ਆਸਰਾ ਹੋ। ਤੁਸੀ ਹੀ ਜੀਵਾਂ ਨੂੰ ਸੁਖੀ ਕਰਨ ਵਾਲੇ ਹੋ। ਬ੍ਰਹਮਾ ਨੇ ਦੇਵਤਿਆਂ ਦੀ ਗੱਲਬਾਤ ਨੂੰ ਸੁਣਿਆ ਤੇ ਆਪਣੇ ਹਿਤ ਦੀ ਜਾਣ ਕੇ ਆਦਰ ਕੀਤਾ॥ ੪੨॥

ਗਮਨਜੋ ਦੈਤ ਰਾਜ ਕੇ ਪਾਸਾ। ਕਰਤਿ ਕਠਨ ਥੋ ਤਪ ਜਿਹ ਆਸਾ।
ਸੋ ਤਿਹ ਠਾਂ ਨਹਿਂ ਦੇਤਿ ਦਿਖਾਈ। ਤ੍ਰਿਣ ਤਰੁ ਲਤਾ ਦੇਹਿ ਸਭਿ ਛਾਈ ॥੪੩ ॥

ਉਹ ਉਸੇ ਵੇਲੇ ਦੈਂਤਾਂ ਦੇ ਰਾਜੇ ਭਾਵ ਹਿਰਨਾਕਸ਼ਪ ਪਾਸ ਗਿਆ, ਜਿਸ ਪਾਸੇ ਉਹ ਕਠਨ ਤੱਪ ਕਰ ਰਿਹਾ ਸੀ। ਪਰ ਹਿਰਨਾਕਸ਼ਪ ਓਥੇ ਦਿਖਾਈ ਨਹੀਂ ਸੀ ਦਿੰਦਾ। ਘਾਹ, ਬ੍ਰਿਛਾਂ ਅਤੇ ਵੇਲਾਂ ਨਾਲ ਦੇਹੀ ਢੱਕੀ ਹੋਈ ਸੀ॥ ੪੩ ॥

ਭੇਦਿ ਸਰੀਰ ਕੁਸ਼ਾ ਕੋ ਬਜੂਹਾ। ਬੇਨ ਬ੍ਰਿੱਛ ਕੇ ਖਰੇ ਸਮੂਹਾ।
ਬਾਂਬੀ ਜਿਹ ਕੇ ਤਨ ਚਹੁੰ ਓਰੇ। ਅਸਥਿ ਮਾਤ੍ਰ ਰਹਿਗੇ ਤਹਿਂ ਜੋਰੇ ॥੪੪ ॥

ਭਾਰੀ ਦੱਭ ਸਮੂਹ ਨਾਲ ਸਰੀਰ ਵਿੰਨ੍ਹਿਆਂ ਹੋਇਆ ਸੀ। ਬਾਂਸ ਦੇ ਰੁੱਖਾਂ ਦੇ ਝੁੰਡ ਖੜੇ ਸਨ। ਉਸ ਦੇ ਚਾਰੇ ਪਾਸੇ ਸਿਉਂਕ ਦੀ ਮਿੱਟੀ ਦੀ ਵਰਮੀ ਬਣੀ ਹੋਈ ਸੀ। ਸਰੀਰ ਦੇ ਸਾਰੇ ਜੋੜ ਹੱਡੀਆਂ ਮਾਤਰ ਰਹਿ ਗਏ ਸਨ॥ ੪੪ ॥

ਤੁਚਾ, ਮੇਦ, ਸ਼ੋਨਤ, ਪੁਨ ਮਾਸੂ। ਭਖਿਗੀ ਸਭਿ ਪਪੀਲਕਾ ਤਾਸੂ।
ਯੌਂ ਬਾਂਬੀ ਤ੍ਰਿਨ ਮਾਂਹਿ ਪ੍ਰਕਾਸ਼ੇ। ਮਨਹੁ ਮੇਘ ਮੈਂ ਦਿਨਕਰ ਭਾਸੇ ॥੪੫ ॥

ਚਮੜੀ, ਮਿੱਝ, ਲਹੂ ਅਤੇ ਮਾਸ ਨੂੰ ਕੀੜੀਆਂ ਖਾ ਗਈਆਂ ਸਨ। ਹਿਰਨਾਕਸ਼ਪ ਸਿਉਂਕ ਦੀ ਮਿਟੀ ਅਤੇ ਘਾਹ ਫੂਸ ਵਿਚ ਇੰਝ ਪ੍ਰਕਾਸ਼ ਰਿਹਾ ਸੀ ਜਿਵੇਂ ਬੱਦਲਾਂ ਵਿਚ ਸੂਰਜ ਦਿਖਾਈ ਦਿੰਦਾ ਹੈ॥ ੪੫॥

ਤਪ ਕਠਨੀ ਅਵਲੋਕ ਬਿਧਾਤਾ। ਬਿਸਮਜੋ ਰਿਦੈ ਨ ਕਛੁ ਕਹਿ ਜਾਤਾ।
ਊਚੇ ਸੁਰ ਸੋਂ ਗਿਰਾ ਉਚਾਰੀ। ਉਠਿ ਸੁਤ ! ਜਗੇ ਸੁਕ੍ਰਿਤ ਫਲ ਭਾਰੀ ॥੪੬ ॥

ਜਦ ਬ੍ਰਹਮਾ ਨੇ ਕਠਨ ਤਪਸਿਆ ਨੂੰ ਵੇਖਿਆ, ਤਾਂ ਹਿਰਦੇ ਵਿਚ ਏਨੇ ਪ੍ਰਸੰਨ ਹੋਏ ਕਿ ਕੁਝ ਕਿਹਾ ਨਹੀਂ ਜਾ ਸਕਦਾ। ਬ੍ਰਹਮਾ ਨੇ ਬੜੀ ਉੱਚੀ ਆਵਾਜ਼ ਦਿੱਤੀ, "ਪੁੱਤਰ! ਉਠੋ, ਤੁਹਾਡੇ ਭਾਗ ਜਾਗ ਪਏ ਹਨ ਅਤੇ ਤੁਹਾਨੂੰ ਭਾਰੀ ਫਲ ਪ੍ਰਾਪਤ ਹੋਵੇਗਾ।"॥ ੪੬॥

ਪੂਰਬ ਤਪ ਨ ਕੀਨ ਅਸ ਕਾਂਹੀ। ਆਗੇ ਕੋ ਨ ਕਰੈ ਜਗ ਮਾਂਹੀ।
ਦਿਬਜ ਬਰਖ ਸ਼ਤ ਨੀਰ ਬਿਹੀਨਾ। ਪ੍ਰਾਨ ਰਖੇ ਬਿਨ ਅਸਨ ਪ੍ਰਬੀਨਾ ! ॥੪੭ ॥

ਪਹਿਲਾਂ ਐਸਾ ਤਪ ਕਿਸੇ ਨਹੀਂ ਸੀ ਕੀਤਾ ਅਤੇ ਨਾ ਜੱਗ ਵਿਚ ਹੋਰ ਕੋਈ ਐਸਾ ਤਪ ਕਰੇਗਾ। ਸੌ ਦਿਬ ਵਰਸ਼ (ਪ੍ਰਿਥਵੀ ਦੇ ੩੧੧੦੪੦੦੦੦੦੦੦ ਸਾਲ ਦਾ ਇਕ ਦਿਬ ਵਰਸ਼ ਹੁੰਦਾ ਹੈ) ਬਿਨਾਂ ਪਾਣੀ ਅਤੇ ਭੋਜਨ ਦੇ ਪ੍ਰਾਣ ਰੱਖੇ॥ ੪੭॥

ਤਪ ਅਵਿਲੋਕ ਕਠਨ ਵਡ ਤੇਰੋ। ਹਿਰਦੈ ਰਹੇ ਨ ਧੀਰਜ ਮੇਰੋ।
ਤਪ ਪ੍ਰਭਾਵ ਤੇ ਜੀਤਾ ਮੋਹੀ। ਉਠਿ ਜਾਚਹੁ, ਬੰਛਤਿ ਦਿਉਂ ਤੋਹੀ ॥੪੮ ॥

ਬ੍ਰਹਮਾ ਨੇ ਕਿਹਾ, "ਤੇਰਾ ਕਠਨ ਤਪ ਵੇਖ ਕੇ ਮੇਰੇ ਹਿਰਦੇ ਵਿਚ ਧੀਰਜ ਨਹੀਂ ਰਿਹਾ। ਤੇਰੇ ਤਪ ਦੇ ਪ੍ਰਭਾਵ ਨੇ ਮੈਨੂੰ ਜਿੱਤ ਲਿਆ ਹੈ। ਹੁਣ ਉਠੋ ਤੇ ਮੂੰਹ ਮੰਗਿਆ ਵਰ ਮੰਗ ਲਵੋ॥ ੪੮॥

ਲਖਿ ਅਮੋਘ ਮਮ ਦਰਸ਼ਨ ਜੋਈ। ਦੇਉਂ ਅਦੇਉਂ ਵਸਤੁ ਜੇ ਹੋਈ।
ਅਸ ਕਹਿ ਤਿਨ ਤਨ ਕੇ ਤ੍ਰਿਨ ਟਾਰੇ। ਲੇ ਕਰਿ ਮਹਿਂ ਜਲ ਅੰਜੁਲ ਡਾਰੇ ॥੪੯ ॥

ਮੇਰੇ ਦਰਸ਼ਨਾਂ ਨੂੰ ਸਫਲ ਜਾਣੋ, ਨਾ ਦੇਣ ਵਾਲੀ ਵਸਤ ਵੀ ਜੇ ਹੋਵੇਗੀ ਤਾਂ ਉਹ ਵੀ ਦੇਵਾਂਗਾ। ਇਹ ਕਹਿ ਕੇ ਬ੍ਰਹਮਾ ਨੇ ਉਸ ਦੇ ਸਰੀਰ ਉੱਤੋਂ ਮਿੱਟੀ ਅਤੇ ਘਾਹ ਫੂਸ ਨੂੰ ਹਟਾ ਦਿੱਤਾ। ਹੱਥ ਵਿਚ ਪਾਣੀ ਦੇ ਬੁਕ ਭਰ ਭਰ ਉਸ ਉਤੇ ਪਾਏ॥੪੯॥

ਪ੍ਰਗਟਜੋ ਤਬ ਪ੍ਰਚੰਡ ਬਲ ਕਰਿਕੈ। ਬੱਜ੍ਰ ਸਮਾਨ ਨਿਠੁਰ ਤਨ ਧਰਿਕੈ।
ਹੇਮ ਤਪਤ ਕੇ ਕ੍ਰਾਂਤਿ ਸਮਾਨਾ। ਮਨਹੁ ਦੂਸਰੋ ਭਯੋ ਕ੍ਰਿਸਾਨਾ ॥੫੦ ॥

ਫਿਰ ਹਿਰਨਾਕਸ਼ਪ ਪ੍ਰਚੰਡ ਬਲ ਧਾਰਨ ਕਰਕੇ ਪ੍ਰਗਟ ਹੋਇਆ। ਤਨ ਬਜਰ ਵਾਂਗ ਕਠੋਰ ਹੋ ਗਿਆ। ਤਪਦੇ ਸੋਨੇ ਦੀ ਸੁੰਦਰਤਾ ਵਰਗਾ ਹੋ ਗਿਆ, ਮਾਨੋ ਦੂਸਰਾ ਅਗਨੀ ਦੇਵਤਾ ਪ੍ਰਗਟ ਹੋਇਆ ਹੋਵੇ॥ ੫੦॥

ਚੌਪਈ- ਅੱਗ੍ਰਜ ਦੇਖਯੋ ਬ੍ਰਹਮਾ ਠਾਂਢਾ। ਹਿਰਦੇ ਅਤਿਸ਼ੈ ਆਨੰਦ ਬਾਢਾ।
ਬੰਦਨ ਕੀਨਿ ਹਾਥ ਦ੍ਵੈ ਜੋਰੀ। ਉਸਤਤਿ ਲਾਗੋ ਕਰਨ ਬਹੋਰੀ॥੫੧॥

ਆਪਣੇ ਅੱਗੇ ਬ੍ਰਹਮਾ ਨੂੰ ਖੜਾ ਵੇਖ ਕੇ ਹਿਰਦੇ ਵਿਚ ਬੜਾ ਅਨੰਦ ਵਧਿਆ। ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਬੜੀ ਉਸਤਤ ਕਰਨ ਲੱਗ ਗਿਆ॥ ੫੧॥

ਨਮੋ ਨਮੋ ਤਵ ਜਾਨਮਰਾਲਾ। ਨਮੋ ਨਮੋ ਚਹੁ ਬਦਨ ਕ੍ਰਿਪਾਲਾ!।
ਤ੍ਰੈ ਗੁਨ ਕੇਰ ਅਲੰਬ ਗੁਸਾਈਂ!। ਅਪਨ ਸ਼ਕਤਿ ਤੇ ਸ੍ਰਿਸ਼ਟਿ ਬਨਾਈ॥੫੨॥

ਹੇ ਹੰਸ ਦੀ ਸਵਾਰੀ ਕਰਨ ਵਾਲੇ! ਤੈਨੂੰ ਨਮਸ਼ਕਾਰ ਹੈ। ਹੇ ਚਾਰ ਮੁਖਾਂ ਵਾਲੇ ਕ੍ਰਿਪਾਲੂ! ਤੈਨੂੰ ਨਮਸ਼ਕਾਰ ਹੈ। ਹੇ ਸਵਾਮੀ! ਤਿੰਨਾਂ ਗੁਣਾਂ ਨੂੰ ਤੇਰਾ ਆਸਰਾ ਹੈ। ਤੂੰ ਆਪਣੀ ਸ਼ਕਤੀ ਨਾਲ ਸ੍ਰਿਸ਼ਟੀ ਬਣਾਈ ਹੈ॥ ੫੨॥

ਪ੍ਰਾਣ ਬੁੱਧਿ ਮਨ ਬਹੁਰ ਰਿਖੀਕੰ। ਸਭਿਕੇ ਪ੍ਰੇਰਕ ਹੋ ਬਿਧਿ ਨੀਕੰ।
ਗੁਣ ਅਗਾਧਿ ਜਗ ਪਾਲਕ ਰੂਪਾ। ਬੇਦ ਰੂਪ ਤੁਮ ਧਰਹੁ ਅਨੂਪਾ॥੫੩॥

ਪ੍ਰਾਣ, ਬੁੱਧੀ, ਮਨ ਅਤੇ ਇੰਦਰੀਆਂ ਸਭ ਦੇ ਤੁਸੀਂ ਭਲੀ ਭਾਂਤ ਪ੍ਰੇਰਕ ਹੋ। ਬੇਅੰਤ ਗੁਣਾਂ ਵਾਲੇ ਜਗਤ ਦੇ ਪਾਲਕ ਰੂਪ ਹੋ। ਤੁਸੀਂ ਅਨੂਪਮ ਬੇਦ ਰੂਪ ਧਾਰਨ ਕਰਦੇ ਹੋ॥ ੫੩॥

ਹੋਤਾ ਹ੍ਵੈ ਕਰਿ ਯੱਗ ਕਰੰਤੇ। ਨਿਰਵਿਕਾਰ ਸਰਬੱਗ ਅਨੰਤੇ!।
ਸ੍ਰੀ ਪ੍ਰਭੁ ਸਭਿ ਜਗ ਅੰਤਰਜਾਮੀ!। ਤਵ ਪਦ ਕੰਜ ਨਮਾਮਿ ਨਮਾਮੀ॥੫੪॥

ਹੋਤ੍ਰੀ ਹੋ ਕੇ ਯੱਗ ਕਰਵਾਉਂਦੇ ਹੋ, ਤੁਸੀਂ ਨਿਰਵਿਕਾਰ ਅਤੇ ਹਰ ਤਰ੍ਹਾਂ ਨਾਲ ਅਨੰਤ ਭਾਵ ਅੰਤ ਰਹਿਤ ਹੋ। ਹੇ ਪ੍ਰਭੂ ਅੰਤਰਜਾਮੀ! ਤੁਸੀਂ ਸਾਰੇ ਜਗਤ ਦੇ ਦਿਲਾਂ ਦੀਆਂ ਜਾਣਦੇ ਹੋ। ਤੁਹਾਡੇ ਚਰਨਾਂ ਤੇ ਮੈਂ ਨਮਸ਼ਕਾਰ ਕਰਦਾ ਹਾਂ॥੫੪॥

ਬ੍ਰਹਮ ਰੂਪ ਸਭਿਘਟ ਕੇ ਵਾਸੀ। ਸਕਲ ਨਯੰਤਾ ਹਰਿ ਅਬਿਨਾਸ਼ੀ।
ਤਵ ਐਸ਼੍ਵਰਜ ਕੋ ਪਾਇ ਨ ਅੰਤਾ। ਨਮਸਕਾਰ ਪੁਨ ਪੁਨ ਭਗਵੰਤਾ!॥੫੫॥

ਤੁਸੀਂ ਬ੍ਰਹਮ ਰੂਪ ਘਟ ਘਟ ਵਿਚ ਵੱਸਦੇ ਹੋ। ਤੁਸੀਂ ਸਾਰਿਆਂ ਦੀ ਪ੍ਰੇਰਨਾ ਅਤੇ ਨਾਸ਼ ਰਹਿਤ ਪ੍ਰਭੂ ਹੋ। ਤੁਹਾਡੇ ਪ੍ਰਤਾਪ ਦਾ ਕੋਈ ਅੰਤ ਨਹੀਂ ਪਾਇਆ ਜਾਂਦਾ। ਹੇ ਭਗਵੰਤ! ਤੁਹਾਨੂੰ ਬਾਰ ਬਾਰ ਮੇਰੀ ਨਮਸ਼ਕਾਰ ਹੈ॥ ੫੫॥

ਜੇ ਬਰ ਦੇਨਿ ਭਏ ਅਨੁਕੂਲਾ। ਜੇ ਜਾਚੌਂ ਦੀਜੈ ਜਗਮੂਲਾ!।
ਜਹਿਂ ਲਗ ਤਵ ਰਚਨਾ ਹੈ ਸਾਰੀ। ਕਿਹ ਠਾਂ ਮ੍ਰਿਤੁ ਨ ਹੋਇ ਹਮਾਰੀ॥੫੬॥

ਜੇ ਕੋਈ ਅਨਕੂਲ ਵਰ ਦੇਣ ਲੱਗੇ ਹੋ ਤਾਂ ਹੇ ਜਗਤ ਦੇ ਮੂਲ! ਮੈਨੂੰ ਉਹ ਵਰ ਦੇਵੋ ਜੋ ਮੈਂ ਮੰਗਾਂ। ਜਦ ਤਕ ਇਸ ਸਾਰੀ ਦੁਨੀਆਂ ਦੀ ਰਚਨਾ ਕਾਇਮ ਹੈ ਤਦ ਤਕ ਕਿਸੇ ਵੀ ਥਾਂ ਮੇਰੀ ਮ੍ਰਿਤੂ ਨਾ ਹੋਵੇ॥ ੫੬॥

ਅੰਤਰ ਵਹਿਰ ਦਿਨਸ ਪੁਨ ਰਾਤੀ। ਅਨਿਕ ਭਾਂਤਿ ਕੀ ਸ਼ਸਤ੍ਰਨ ਜਾਤੀ।
ਛਿਤ ਅਕਾਸ਼ ਗਿਰ ਗਹਿਨ ਕਠੋਰਾ। ਯੱਖ ਸੁਰਾਸੁਰ ਪੰਨਗ ਘੋਰਾ॥੫੭॥

ਅੰਦਰ ਬਾਹਰ, ਦਿਨ ਜਾਂ ਰਾਤ, ਸ਼ਸਤਰਾਂ ਦੀਆਂ ਅਨੇਕ ਪ੍ਰਕਾਰਾਂ ਦੀਆਂ ਕਿਸਮਾਂ ਹਨ, ਧਰਤੀ, ਅਕਾਸ਼, ਪਹਾੜ ਵਣ ਅਤੇ ਕਠਨ ਕੁੰਦਰਾ, ਯਕਸ਼, ਦੇਵਤੇ ਤੇ ਦੈਂਤ, ਭਿਆਨਕ ਸੱਪ॥ ੫੭॥

ਇਨ ਤੇ ਕਬ ਨ ਹੋਇ ਮ੍ਰਿਤੁ ਮੇਰੀ। ਦ੍ਵੰਦ ਜੁੱਧ ਕੋ ਕਰੈ ਨ ਹੇਰੀ।

ਜਜੋਂ ਸਭਿ ਆਇਸ ਮਨਹਿਂ ਤੁਮਾਰੀ। ਤਜੋਂ ਹ੍ਵੈ ਮਮ ਆਇਸ ਅਨੁਸਾਰੀ ॥੫੮॥

ਇਨ੍ਹਾਂ ਸਾਰਿਆਂ ਵਿਚੋਂ ਕਿਸੇ ਪਾਸੋਂ ਵੀ ਮੇਰੀ ਕਦੀ ਮੌਤ ਨਾ ਹੋਵੇ। ਮੇਰੇ ਨਾਲ ਕੋਈ ਦ੍ਵੰਦ ਯੁੱਧ ਨਾ ਕਰੇ, ਮੈਨੂੰ ਵੇਖ ਕੇ ਡਰ ਜਾਵੇ। ਜਿਵੇਂ ਸਭ ਤੁਹਾਡਾ ਹੁਕਮ ਮੰਨਦੇ ਹਨ, ਇਸ ਤਰ੍ਹਾਂ ਸਾਰੇ ਲੋਕ ਮੇਰੀ ਆਗਿਆ ਵਿਚ ਰਹਿਣ॥ ੫੮॥

ਚੌਪਈ- ਏਕ ਰਾਜ ਅਵਨੀ ਪੈ ਕਰਿ ਹੂੰ। ਸਕਲ ਬੈਰਿਯਨ ਛਿਨ ਮਹਿਂ ਹਰਿਹੂੰ।
ਲੋਕਪਾਲ ਸਭਿ ਰਹੈਂ ਅਧੀਨਾ। ਇਹ ਬਰ ਦੀਜੈ ਮੁਝਹਿ ਪ੍ਰਬੀਨਾ! ॥੫੯॥

ਮੈਂ ਸਾਰੀ ਧਰਤੀ ਤੇ ਰਾਜ ਕਰਾਂ, ਸਾਰੇ ਵੈਰੀਆਂ ਨੂੰ ਛਿਨ ਵਿਚ ਨਸ਼ਟ ਕਰ ਦੇਵਾਂ। ਸਾਰੇ ਰਾਜੇ ਮੇਰੇ ਅਧੀਨ ਹੋਣ। ਹੇ ਚਤੁਰ ਬ੍ਰਹਮਾ ਜੀ ! ਮੈਨੂੰ ਇਹ ਵਰ ਦੇਵੋ॥ ੫੯॥

ਦੈਂਤਰਾਜ ਕੀ ਸੁਨਿ ਕਰਿ ਬਾਨੀ। ਬੋਲਹੋ ਮਹਮਾ ਕਰਿ ਸਨਮਾਨੀ।
ਵਰ ਦੁਰਲਭ ਤੈਂ ਜਾਚਨ ਕੀਨੇ। ਤਦਪਿ ਦੇਉਂ ਮੈਂ ਤਪ ਵਡ ਚੀਨੇ ॥੬੦॥

ਦੈਂਤਾਂ ਦੇ ਰਾਜੇ ਦੀ ਬਾਨੀ ਸੁਣ ਕੇ, ਬ੍ਰਹਮਾ ਬੜੇ ਸਨਮਾਨ ਨਾਲ ਮਹਿਮਾ ਕਰਕੇ ਬੋਲੇ। ਤੂੰ ਵੱਡੇ ਦੁਰਲੱਭ ਵਰ ਮੰਗੇ ਹਨ, ਤੇਰਾ ਵੱਡਾ ਤਪ ਜਾਣ ਕੇ, ਇਹ ਵਰ ਮੈਂ ਤੈਨੂੰ ਦਿੰਦਾ ਹਾਂ॥ ੬੦॥

'ਏਵਮਸਤ' ਕਹਿ ਬ੍ਰਹਮਾ ਗਵਨਾ। ਪ੍ਰਾਪਤਿ ਭਯੋ ਆਪਨੇ ਭਵਨਾ।
ਹਿਰਨਕਸ਼ਪ ਜਬ ਅਸ ਬਰ ਪਾਵਾ। ਭਰਜੋ ਹਰਖ ਹਿਰਦੇ ਗਰਬਾਵਾ ॥੬੧॥

'ਇਸੇ ਤਰ੍ਹਾਂ ਹੋਵੇਗਾ 'ਕਹਿ ਕੇ ਬ੍ਰਹਮਾ ਚਲੇ ਗਿਆ ਅਤੇ ਆਪਣੇ ਘਰ ਪਹੁੰਚ ਗਿਆ। ਹਿਰਨਾਕਸ਼ਪ ਨੇ ਜਦ ਅਜੇਹਾ ਵਰ ਪਾਇਆ ਤਾਂ ਹਿਰਦੇ ਵਿਚ ਬਹੁਤ ਖੁਸ਼ ਹੋ ਕੇ ਹੰਕਾਰ ਨਾਲ ਭਰ ਗਿਆ॥ ੬੧॥

ਸਿਮਰ ਭ੍ਰਾਤ ਬਧਿ ਭਾ ਉਰ ਕ੍ਰੋਧਾ। ਸ੍ਰੀ ਬਿਸ਼ਨੁ ਸੰਗ ਕੀਨ ਬਿਰੋਧਾ।
ਤੂਰਨ ਤੀਨ ਲੋਕ ਕੋ ਜੀਤਾ। ਪੰਨਗ, ਨਰ, ਸੁਰ ਭੇ ਭੈਭੀਤਾ॥ ੬੨॥

ਭਰਾ ਦਾ ਕਤਲ ਯਾਦ ਕਰਕੇ ਹਿਰਦੇ ਵਿਚ ਕ੍ਰੋਧ ਨਾਲ ਭਰ ਗਿਆ, ਫੌਰਨ ਤਿੰਨਾਂ ਲੋਕਾਂ ਨੂੰ ਜਿੱਤ ਲਿਆ। ਸੱਪ, ਮਨੁੱਖ ਅਤੇ ਦੇਵਤੇ ਬਹੁਤ ਭੈਭੀਤ ਹੋ ਗਏ॥ ੬੨॥

ਸੁਰਗ ਬਿਖੈ ਕੀਨੋ ਨਿਜ ਬਾਸਾ। ਅਨਿਕ ਭਾਂਤਿ ਕੇ ਕਰਤਿ ਬਿਲਾਸਾ।
ਛੀਰ ਫੇਨ ਸਮ ਸਿਹਜਾ ਤਹਿਂਵਾ। ਪਦਮਰਾਗ ਕੇ ਆਸਨ ਜਹਿਂਵਾ ॥੬੩॥

ਦੇਵਤਿਆਂ ਨੂੰ ਜਿੱਤ ਕੇ ਸਵਰਗ ਵਿਚ ਆਪਣਾ ਨਿਵਾਸ ਕਰ ਲਿਆ ਅਤੇ ਅਨੇਕ ਪ੍ਰਕਾਰ ਦੇ ਭੋਗ ਵਿਲਾਸ ਕਰਨ ਲੱਗਾ। ਦੁੱਧ ਦੀ ਝੱਗ ਵਾਂਗ ਉਜਲ ਉਸ ਦੀ ਸੇਜ ਸੀ ਅਤੇ ਲਾਲ ਮਣੀਆਂ ਵਾਲਾ ਉਸ ਦਾ ਆਸਣ ਸੀ॥ ੬੩॥

ਮਰਕਤਿ ਮਨਿ ਭੂਰ ਚਿੱਤ੍ਰ ਸੁਹਾਈ। ਆਟਾ ਫਟਕ ਕੀ ਲਲਿਤ ਬਨਾਈ।
ਬਿਬਿਧਿ ਬਚਿੱਤ੍ਰਤ ਤਨੇ ਬਿਤਾਨਾ। ਮੁਕਤਨ ਕੀ ਝਾਲਰ ਬਿਧਿ ਨਾਨਾ ॥੬੪॥

ਕਾਲੀਆਂ ਮਣੀਆਂ ਅਤੇ ਰਤਨਾਂ ਦੇ ਚਿਤਰ ਬਹੁਤ ਸੋਭ ਰਹੇ ਸਨ। ਸੁੰਦਰ ਬਲੌਰੀ ਅਟਾਰੀਆ ਬਣਾਈਆਂ ਸਨ। ਕਈ ਤਰ੍ਹਾਂ ਦੇ ਵਚਿਤਰ ਚੰਦੋਏ ਬਣਾਏ ਸਨ ਅਤੇ ਮੋਤੀਆਂ ਦੀਆਂ ਝਾਲਰਾਂ ਕਈ ਪ੍ਰਕਾਰ ਦੀਆਂ ਬਣੀਆਂ ਹੋਈਆਂ ਸਨ॥ ੬੪॥

ਬਿੱਦ੍ਰਮ ਮਨਿ ਜਟ ਬਨੀ ਸੁਪਾਨਾ। ਥੰਭਨ ਛਬਿ ਨਹਿਂ ਜਾਤਿ ਬਖਾਨਾ।
ਚੰਦ ਬਦਨ ਜੇ ਦੇਵਬਧੂਟੀ। ਜਿਨ ਸਭਿ ਜਗ ਕੀ ਉਪਮਾ ਲੂਟੀ ॥੬੫॥

ਗੁਲੀਆਂ ਅਤੇ ਮਣੀਆਂ ਜੜ ਕੇ ਪੌੜੀਆਂ ਬਣਾਈਆਂ ਸਨ। ਥੰਮ੍ਹਾਂ ਦੀ ਸੁੰਦਰਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਦੇਵਤਿਆਂ ਦੀਆਂ ਪਤਨੀਆਂ ਚੰਦ ਵਰਗੇ ਮੁਖੜਿਆਂ ਵਾਲੀਆਂ ਸਨ, ਜਿਨ੍ਹਾਂ ਸਾਰੇ ਜਗਤ ਦੀ ਉਪਮਾ ਲੁੱਟ ਲਈ ਸੀ॥ ੬੫॥

ਅਸ ਪ੍ਰਕਾਰ ਸੁਖ ਸੁਰਗ ਅਪਾਰਾ। ਭੋਗਤਿ ਭਾ ਰਹਿ ਤਾਂਹਿ ਮਝਾਰਾ।
ਜੀਤ ਲੋਕਪਤਿ ਸਗਰੇ ਜਬਹੀ। ਬੈਸਜੇ ਸਿੰਘਾਸਨ ਪਰ ਤਬਹੀ ॥੬੬॥

ਇਸ ਪ੍ਰਕਾਰ ਸਵਰਗ ਦਾ ਅਪਾਰ ਸੁੱਖ ਪ੍ਰਾਪਤ ਸੀ। ਉਨ੍ਹਾਂ ਵਿਚ ਰਹਿ ਕੇ ਸੁੱਖ ਭੋਗ ਰਿਹਾ ਸੀ। ਜਦ ਸਾਰੇ ਰਾਜੇ ਜਿੱਤ ਲਏ, ਆਪਣੇ ਸਿੰਘਾਸਣ ਤੇ ਫਿਰ ਹੀ ਬੈਠਾ॥ ੬੬॥

ਲੋਕਪਾਲ ਲੇ ਸਕਲ ਉਪਾਇਨ। ਤਤਛਿਨ ਪੂਜਤਿ ਭੇ ਤਿਹ ਪਾਇਨ।
ਬ੍ਰਹਮਾ, ਬਿਸ਼ਨੁ, ਬਿਹੀਨ ਗਿਰੀਸ਼ਾ। ਔਰ ਲੋਕਪਤਿ ਨਾਵਹਿਂ ਸੀਸਾ ॥੬੭॥

ਸਾਰੇ ਲੋਕਪਾਲ ਬੁਲਾ ਲਏ। ਉਹ ਸਾਰੇ ਉਸ ਦੇ ਪੈਰੀਂ ਪੈ ਕੇ ਪੂਜਾ ਕਰਨ ਲੱਗੇ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੂੰ ਛੱਡ ਸਾਰੇ ਲੋਕਪਾਲ ਉਸ ਨੂੰ ਸਿਰ ਨਿਵਾਉਂਦੇ ਸਨ॥ ੬੭॥

ਉੱਗ੍ਰ ਰਾਜ ਕੀ ਫਿਰਤਿ ਨਿਦੇਸ਼ੂ। ਕੰਪਤਿ ਸ਼ੱਕ੍ਰ ਦਿਨੇਸ਼ ਨਿਸੇਸ਼ੂ।
ਏਕ ਵਾਰ ਜੋ ਬੋਵਹਿ ਖੇਤੀ। ਲੁਨਹਿ ਅਨਿਕ ਵਿਰ ਹ੍ਵੈ ਪੁਨ ਤੇਤੀ ॥੬੮॥

ਘੋਰ ਅਤੇ ਭਿਆਨਕ ਰਾਜ ਦਾ ਸਾਰੇ ਢੰਡੋਰਾ ਫੇਰ ਕੇ ਘੋਸ਼ਣਾ ਕਰ ਦਿੱਤਾ, ਜਿਸ ਨੂੰ ਸੁਣ ਕੇ, ਇੰਦਰ, ਸੂਰਜ ਅਤੇ ਚੰਦਰਮਾ ਕੰਬਣ ਲੱਗ ਗਏ। ਇਕ ਵਾਰ ਜਿਹੜਾ ਖੇਤੀ ਬੀਜਦਾ ਹੈ, ਉਹ ਉਸ ਨੂੰ ਫਿਰ ਬਹੁਤ ਵਾਰ ਵੱਢਦਾ ਹੈ॥ ੬੮॥

ਉੱਗ੍ਰ ਦੰਡ ਧਰਿ ਸਭਿਕੇ ਸੀਸਾ। ਸੁਰ ਬਜਾਕੁਲ ਭੇ ਸਹਿਤ ਸੁਰੀਸ਼ਾ।
ਸਭਿ ਮਿਲ ਗਏ ਸ਼ਰਨ ਕਰਤਾਰਾ। ਬਹੁ ਪ੍ਰਕਾਰ ਕੇ ਸੁਜਸੁ ਉਚਾਰਾ ॥੬੯॥

ਭਿਆਨਕ ਦੰਡ ਸਭ ਦੇ ਸਿਰ ਤੇ ਧਰ ਦਿੱਤੇ, ਇੰਦਰ ਸਮੇਤ ਸਾਰੇ ਦੇਵਤੇ ਵਿਆਕੁਲ ਹੋ ਗਏ। ਸਾਰੇ ਮਿਲ ਕੇ ਕਰਤਾਰ ਦੀ ਸ਼ਰਨ ਗਏ। ਬਹੁਤ ਪ੍ਰਕਾਰ ਉਸ ਦੇ ਜਸ ਦਾ ਉਚਾਰਨ ਕੀਤਾ॥ ੬੯॥

ਪਾਰਬ੍ਰਹਮ ਗੁਨ ਨਿਧਿ ਭਗਵੰਤਾ !। ਸ੍ਰੀ ਪਰਮੇਸ਼੍ਰਰ ਕਮਲਾਕੰਤਾ !।
ਦੀਨ ਦਯਾਲ ਗੁਬਿੰਦ ਅਨੰਤਾ !। ਸੁਨਤਿ ਸ਼੍ਰਵਨ ਮੈਂ ਬਿਨਤੀ ਸੰਤਾ ! ॥੭੦॥

ਹੇ ਪਾਰਬ੍ਰਹਮ, ਗੁਣਾਂ ਦੇ ਖਜ਼ਾਨੇ ਅਤੇ ਭਗਵੰਤਾ ! ਸ੍ਰੀ ਪਰਮੇਸ਼੍ਵਰ ਕਮਲਾ ਦੇ ਸਵਾਮੀ ! ਦੀਨ ਦਿਆਲ, ਗੋਬਿੰਦ, ਅੰਤ ਰਹਿਤ ! ਆਪਣੇ ਕੰਨਾਂ ਨਾਲ ਸਾਡੀ ਸੰਤਾਂ ਦੀ ਬੇਨਤੀ ਸੁਣੋ॥ ੭੦॥

ਆਰਤਿ ਹਰਨ ਭਗਤਿ ਨਿਜ ਪਾਲਿਕ !। ਦੁਖਦਾਈ ਦੁਸ਼ਟਨ ਕੇ ਘਾਲਿਕ !।
ਸਤਿ ਚਿਤ ਆਨੰਦ ਰੂਪ ਮੁਕੰਦਾ !। ਨਮੋ ਨਮੋ ਤਵ ਪਗ ਸੁਖ ਕੰਦਾ ! ॥੭੧॥

ਦੁਖੀਆਂ ਦੇ ਦੁੱਖ ਨਾਸ਼ ਕਰਨ ਵਾਲੇ, ਦੁਖਦਾਈ ਦੁਸ਼ਟਾਂ ਨੂੰ ਮਾਰਨ ਵਾਲੇ, ਸਤਿਚਿਤ ਆਨੰਦ ਰੂਪ, ਮੁਕਤੀਦਾਤੇ, ਹੇ ਸੁੱਖਾਂ ਦੇ ਦਾਤੇ, ਸਾਡੀ ਤੁਹਾਡੇ ਪੈਰਾਂ ਤੇ ਨਮਸਕਾਰ ਹੈ॥ ੭੧॥

ਹਰਹੁ ਪੀਰ ਹਮਰੀ ਜਗ ਸਾਈਂ!। ਹਨਹੁ ਦੈਤ ਸਭਿਹਿਨਿ ਦੁਖਦਾਈ।
ਇਸ ਬਿਧਿ ਕੀ ਜਬ ਬਿਨਤੀ ਠਾਂਨੀ। ਭਈ ਗਗਨ ਤੇ ਅਮਰਨ ਬਾਨੀ ॥੭੨॥

ਹੇ ਜਗਤ ਦੇ ਸਵਾਮੀ ਸਾਡੀ ਪੀੜ ਦੂਰ ਕਰੋ, ਇਸ ਦੈਂਤ ਨੂੰ ਮਾਰੋ ਜਿਹੜਾ ਸਭ ਨੂੰ ਦੁੱਖ ਦੇ ਰਿਹਾ ਹੈ। ਇਸ ਵਿਧੀ ਅਨੁਸਾਰ ਜਦ ਬੇਨਤੀ ਕੀਤੀ ਤਾਂ ਆਕਾਸ਼ ਤੋਂ ਦੇਵਤਿਆਂ ਨੂੰ ਬਾਨੀ ਹੋਈ॥ ੭੨॥

ਜਿਨ ਭੈ ਧਰਹੁ, ਚਿੰਤ ਕਰਿ ਹਾਨੀ। ਦੈਂਤ ਦੁਸ਼ਟਤਾ ਮੈਂ ਸਭਿ ਜਾਨੀ।
ਸੁਤ ਇਸ ਕੋ ਹ੍ਵੈ ਹੈ ਸ਼ੁਭ ਸਾਧੂ। ਕਰਿ ਬਿਰੋਧ ਤਿਹ ਬਿਨ ਅਪਰਾਧੂ ॥੭੩॥

ਡਰਨ ਦੀ ਕੋਈ ਲੋੜ ਨਹੀਂ, ਆਪਣੀ ਚਿੰਤਾ ਦੂਰ ਕਰੋ। ਦੈਂਤ ਦੀ ਦੁਸ਼ਟਤਾ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਸ ਦਾ ਪੁਤਰ ਇਕ ਸ਼ੁਭ ਸਾਧੂ ਪੈਦਾ ਹੋਵੇਗਾ, ਇਹ ਉਸ ਨਾਲ ਕਿਸੇ ਅਪਰਾਧ ਤੋਂ ਬਗੈਰ ਦੁਸ਼ਮਣੀ ਕਰੇਗਾ॥ ੭੩॥

ਤਬ ਮੈਂ ਪ੍ਰਗਟ ਹੋਇ ਜਗ ਮਾਂਹੀ। ਤੂਰਨ ਹਨੌਂ ਨ ਛਾਡੌਂ ਤਾਂਹੀ।
ਸੁਨਿ ਕਰਿ ਅਮਰ ਗਗਨ ਕੀ ਬਾਨੀ। ਸਿਰ ਨਿਵਾਇ ਕਰਿ ਬੰਦਨ ਠਾਨੀ॥੭੪॥

ਤਦ ਮੈਂ ਜੱਗ ਵਿਚ ਪ੍ਰਗਟ ਹੋਵਾਂਗਾ, ਮੈਂ ਇਸ ਨੂੰ ਫੋਰਨ ਮਾਰ ਦੇਵਾਂਗਾ ਅਤੇ ਛੱਡਾਂਗਾ ਨਹੀਂ। ਜਦ ਦੇਵਤਿਆਂ ਨੇ ਆਕਾਸ਼ ਦੀ ਬਾਣੀ ਸੁਣੀ ਤਾਂ ਸਿਰ ਨਿਵਾ ਕੇ ਬੰਦਨਾ ਕੀਤੀ॥ ੭੪॥

ਦੋਹਰਾ- ਨਿਜ ਨਿਜ ਗਏ ਸਥਾਨ ਤਬ ਧਰਿ ਨਿਸ਼ਚੈ ਮਨ ਮਾਂਹਿ॥
ਜਾਨਜੋ ਹਨਿਹੈ ਦੈਤ ਅਬ ਕਸ਼ਟ ਨਸ਼ਟ ਹ੍ਵੈ ਜਾਹਿਂ॥ ੭੫॥

ਫਿਰ ਸਾਰੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ, ਅਤੇ ਆਪਣੇ ਮਨਾਂ ਵਿਚ ਨਿਸ਼ਚਿੰਤ ਹੋ ਗਏ। ਇਹ ਸਮਝ ਗਏ ਕਿ ਦੈਂਤ ਹੁਣ ਮਾਰਿਆ ਜਾਵੇਗਾ ਅਤੇ ਉਨ੍ਹਾਂ ਦੇ ਕਸ਼ਟਾਂ ਦਾ ਨਾਸ਼ ਹੋ ਜਾਵੇਗਾ॥ ੭੫॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਲਾਦ' ਪ੍ਰਸੰਗ ਬਰਨਨੰ ਨਾਮ ਛਿਆਠਸੋ ਅਧ੍ਯਾਯ॥ ੬੬॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਛਿਆਹਠਵਾਂ ਅਧਿਆਇ, ਜਿਸ ਦਾ ਨਾਮ 'ਪ੍ਰਹਿਲਾਦ' ਹੈ, ਸਮਾਪਤ ਹੋਇਆ॥ ੬੬॥

# ਅਧਿਆਇ ਸਤਾਹਠਵਾਂ

*ਪ੍ਰਹਿਲਾਦ ਦੀ ਆਦਿ ਕਥਾ।*

ਦੋਹਰਾ- ਸ੍ਰੀ ਗੁਰੁ ਪਗ ਸ਼ੋਭਾ ਬਿਮਲ, ਕਰ ਉਰ ਕੋ ਲੰਕਾਰ॥
ਸ਼ੁਭ ਸੁੰਦਰਤਾ ਪਾਇ ਹੈਂ, ਦ੍ਵੈ ਲੋਕਨ ਸਤਿਕਾਰ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਉਜਲ ਸ਼ੋਭਾ ਨੂੰ ਆਪਣੇ ਹਿਰਦੇ ਦਾ ਗਹਿਣਾ ਬਣਾ ਲਵੇ, ਜਿਸ ਤੋਂ ਤੂੰ ਸ਼ੁਭ ਸੁੰਦਰਤਾ ਪਾਵੇਂਗਾ ਅਤੇ ਜਿਸ ਨਾਲ ਦੋਵਾਂ ਵਿਚ ਤੇਰਾ ਆਦਰ ਹੋਵੇਗਾ॥੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨੋ ਗੁਰੂ ਅੰਗਦ ਸੁਖਰਾਸਾ!। ਪੁਨ ਪ੍ਰਹਲਾਦ ਕਹਤਿ ਇਤਿਹਾਸਾ।
'ਮੁਝ ਸਮੇਤ ਜਨਮੇ ਸੁਤ ਚਾਰਾ। ਕੰਚਨਵਪੁ ਭਾ ਹਰਖ ਅਪਾਰਾ॥ ੨॥

*ਭਾਈ ਬਾਲੇ ਨੇ ਕਿਹਾ- ਹੇ ਸੁੱਖਾਂ ਦੀ ਰਾਸ, ਸ੍ਰੀ ਗੁਰੂ ਅੰਗਦ ਦੇਵ ਜੀ! ਪ੍ਰਹਿਲਾਦ ਫਿਰ ਆਪਣਾ ਇਤਿਹਾਸ ਕਹਿੰਦਾ ਹੈ,* ਸੁਣੋ, ''ਮੇਰੇ ਸਮੇਤ ਚਾਰ ਪੁੱਤਰ ਪੈਦਾ ਹੋਏ। ਸੋਨੇ ਦੇ ਸਰੀਰ ਵਾਲਾ ਭਾਵ ਹਿਰਨਾਕਸ਼ਪ ਬਹੁਤ ਪ੍ਰਸੰਨ ਹੋਇਆ॥ ੨॥

ਮੋ ਪਰ ਕਰੁਨਾ ਨਾਰਦ ਕੀਨੀ। ਸਦਾ ਭਗਤਿ ਮਹਿਂ ਮਤਿ ਰਹਿ ਭੀਨੀ।
ਬਾਲ ਬੈਸ ਤੇ ਕ੍ਰੀੜਾ ਤਜਾਗੀ। ਹਰਿ ਕੇ ਚਰਨ ਕਮਲ ਮਤਿ ਪਾਗੀ॥੩॥

ਮੇਰੇ ਤੇ ਨਾਰਦ ਨੇ ਕਿਰਪਾ ਕੀਤੀ। ਮੇਰੀ ਮਤ ਸਦਾ ਭਗਤੀ ਵਿਚ ਭਿੱਜੀ ਰਹਿੰਦੀ ਸੀ। ਬਚਪਨ ਤੋਂ ਹੀ ਖੇਡ ਤਮਾਸ਼ਿਆਂ ਨਾਲ ਪ੍ਰੀਤ ਛੱਡ ਦਿੱਤੀ ਅਤੇ ਹਰੀ ਦੇ ਚਰਨ ਕਮਲਾਂ ਨਾਲ ਮਤ ਲੱਗ ਗਈ॥ ੩॥

ਬੈਠਤਿ ਊਠਤਿ ਸੋਵਤਿ ਜਾਗਤਿ। ਸਿਮਰਨ ਨਾਮ ਬਿਖੈ ਅਨੁਰਾਗਤਿ।
ਚਿੰਤਾ ਚਿਤਵ ਚਰਨ ਪ੍ਰਭੁ ਕਬਹੀ। ਰੋਦਨ ਰਿਦੇ ਉਮੰਗਤਿ ਤਬ ਹੀ ॥੪॥

ਉਠਦਿਆਂ, ਬੈਠਦਿਆਂ, ਸੌਂਦਿਆਂ ਜਾਗਦਿਆਂ, ਪ੍ਰਭੂ ਦੇ ਨਾਮ ਦੇ ਸਿਮਰਨ ਨਾਲ ਪ੍ਰੇਮ ਪੈ ਗਿਆ। ਹਰ ਵੇਲੇ ਪ੍ਰਭੂ ਦੇ ਚਰਨਾ ਦੀ ਪ੍ਰਾਪਤੀ ਦੀ ਚਿੰਤਾ ਚਿਤ ਵਿਚ ਚਿਤਵਦਾ ਰਹਿੰਦਾ ਸੀ ਅਤੇ ਕਈ ਵਾਰ ਏਨਾ ਮਘਨ ਹੋ ਜਾਂਦਾ ਸੀ ਕਿ ਹਿਰਦੇ ਵਿਚ ਰੋਣ ਦੀ ਉਮੰਗ ਉਠਦੀ ਸੀ॥ ੪॥

ਕਬ ਚਿੰਤਾ ਤਜਿ ਗੁਣਨ ਸਿਮਰਿਕੈ। ਹਸਤ ਭਯੋ ਉਰ ਹਰਖ ਸੁ ਧਰਿ ਕੈ।
ਕਬ ਊਚੇ ਸੁਰ ਸੋਂ ਗੁਨ ਗਾਊਂ। ਕਬ ਨਾਚੋਂ ਹ੍ਵੈ ਲਾਜ ਨ ਕਾਊ ॥ ੫ ॥

ਕਦੀ ਚਿੰਤਾ ਛੱਡ ਕੇ ਪ੍ਰਭੂ ਦੇ ਗੁਣਾਂ ਦਾ ਸਿਮਰਨ ਕਰਦਾ ਸੀ ਅਤੇ ਕਈ ਵਾਰ ਮਨ ਵਿਚ ਪ੍ਰਸੰਨਤਾ ਧਾਰਨ ਕਰਕੇ ਹੱਸਦਾ ਸੀ। ਕਈ ਵਾਰ ਉਚੇ ਸੁਰ ਵਿਚ ਗੁਣ ਗਾਉਂਦਾ ਸੀ ਅਤੇ ਕਈ ਵਾਰ ਲਾਜ-ਰਹਿਤ ਹੋ ਕੇ ਨੱਚਣ ਲੱਗ ਜਾਂਦਾ ਸੀ॥ ੫॥

ਕਬ ਤੂਸ਼ਨਿ ਕਰਿ ਧਾਰੋਂ ਧਯਾਨਾ। ਲੋਚਨ ਤੇ ਜਲ ਧਾਰ ਚਲਾਨਾ।
ਨਿਹਕਿੰਚਨ ਏਕੈ ਲਿਵ ਲਾਗੀ। ਨੀਂਦ ਭੂਖ ਜਾਂਤੇ ਸਭਿ ਭਾਗੀ॥ ੬ ॥

ਕਦੀ ਜਦ ਮੋਨ ਧਾਰਨ ਕਰਕੇ ਪ੍ਰਭੂ ਨਾਲ ਧਿਆਨ ਲਾਉਂਦਾ ਸੀ ਤਾਂ ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਉਠਦੀਆਂ ਸਨ। ਕਿਸੇ ਹੋਰ ਪਾਸੇ ਲਗਣ ਨਾ ਹੋਣ ਕਰਕੇ, ਇਕ ਪ੍ਰਭੂ ਨਾਲ ਹੀ ਲਿਵ ਲੱਗੀ ਰਹਿੰਦੀ ਸੀ। ਨੀਂਦ ਭੁੱਖ ਸਭ ਦੂਰ ਹੋ ਗਈ ਸੀ॥ ੬॥

ਪ੍ਰਭੁ ਪਦ ਪੰਕਜ ਪ੍ਰੇਮ ਅਪਾਰਾ। ਜਾਗ ਰਹਜੋ ਮਨ ਸਾਂਝ ਸਕਾਰਾ।
ਜਗ ਬਿਵਹਾਰ ਨ ਭਾਵਤਿ ਕੋਊ। ਬਾਲਕ ਖੇਲ ਤਜਜੋ ਬੈ ਜੋਊ ॥੭॥

ਪ੍ਰਭੂ ਦੇ ਚਰਨ ਕਮਲਾਂ ਨਾਲ ਬੇਓੜਕ ਪਿਆਰ ਪੈ ਗਿਆ। ਸ਼ਾਮ ਸਵੇਰੇ ਮਨ ਜਾਗਦਾ ਰਹਿੰਦਾ ਸੀ। ਜਗਤ ਦੇ ਵਿਵਹਾਰ ਮੈਨੂੰ ਚੰਗੇ ਨਹੀਂ ਸਨ ਲੱਗਦੇ, ਬਾਲਾਂ ਦੀਆਂ ਸਾਰੀਆਂ ਖੇਡਾਂ ਛੱਡ ਦੱਤੀਆਂ ਸਨ॥ ੭॥

ਇਸ ਪ੍ਰਕਾਰ ਬੀਤਾ ਕਛ ਕਾਲਾ। ਇਕ ਦਿਨ ਪਿਤ ਕਿਯ ਪ੍ਰੇਮ ਬਿਸਾਲਾ।
ਸੁਕ੍ਰ ਤਾਤ ਜੇ ਸੰਡੇ ਮਰਕੇ। ਹੁਤੇ ਪਢਾਵਤਿ ਦੈਤਨ ਲਰਕੇ॥ ੮॥

ਇਸ ਤਰ੍ਹਾਂ ਜਦ ਕੁਝ ਸਮਾਂ ਬੀਤਿਆ, ਇਕ ਦਿਨ ਮੇਰੇ ਪਿਤਾ ਨੇ ਮੇਰੇ ਨਾਲ ਬਹੁਤ ਪਿਆਰ ਕੀਤਾ। ਦੈਂਤਾ ਦੇ ਗੁਰੂ ਸੁਕਰ ਦੇ ਦੋ ਲੜਕੇ ਸਨ, ਜਿਨ੍ਹਾਂ ਦੇ ਨਾਂ ਸੰਡਾ ਅਤੇ ਮਰਕਾ ਸਨ। ਉਹ ਦੋਵੇਂ ਦੈਂਤਾਂ ਦੇ ਲੜਕਿਆਂ ਨੂੰ ਪੜ੍ਹਾਇਆ ਕਰਦੇ ਸਨ॥ ੮॥

ਤਿਨ ਢਿਗ ਤਬਹੀ ਪਢਨ ਪਠਾਯਾ। ਰਾਜਨੀਤਿ ਸਭਿ ਦੇਹੁ ਸਿਖਾਯਾ।
ਦੈਤਨ ਕੇ ਬਾਲਿਕ ਬਹੁ ਸੰਗਾ। ਪਢਨੇ ਬੈਠੇ ਰਿਦੇ ਉਮੰਗਾ॥ ੯॥

ਉਨ੍ਹਾਂ ਦੈਂਤਾਂ ਦੇ ਲੜਕਿਆਂ ਨਾਲ ਮੈਨੂੰ ਵੀ ਪੜ੍ਹਨੇ ਪਾ ਦਿੱਤਾ। ਉਨ੍ਹਾਂ ਸਭ ਨੂੰ ਰਾਜਨੀਤੀ ਸਿਖਾਈ। ਦੈਂਤਾਂ ਦੇ ਬਹੁਤ ਸਾਰੇ ਬਾਲਕ ਬੜੇ ਉਤਸ਼ਾਹ ਨਾਲ ਮੇਰੇ ਸੰਗ ਪੜ੍ਹਨ ਬੈਠੇ॥ ੯॥

ਤਿਨ ਕੋ ਕਹਜੋ ਨ ਰੰਚਕ ਮਾਨਾ। ਸਿਮਰਨ ਨਾਮ ਬਿਖੈ ਹਿਤ ਠਾਨਾ।
ਏਕ ਦਿਵਸ ਪਿਤ ਅੰਕ ਬਿਠਾਈ। ਸਾਦਰ ਹਸਕੈ ਗਿਰਾ ਅਲਾਈ ॥੧੦॥

ਮੈਂ ਉਨ੍ਹਾਂ ਦਾ ਕਿਹਾ ਰਤੀ ਭਰ ਵੀ ਨਾ ਮੰਨਿਆ ਅਤੇ ਨਾਮ ਦੇ ਸਿਮਰਨ ਵਿਖੇ ਆਪਣੇ ਮਨ ਨੂੰ ਲਾਈ ਰਖਿਆ। ਇਕ ਦਿਨ ਪਿਤਾ ਜੀ ਨੇ ਮੈਨੂੰ ਆਪਣੀ ਗੋਦੀ ਵਿਚ ਬਿਠਾਇਆ ਅਤੇ ਬੜੇ ਪਿਆਰ ਨਾਲ ਹੱਸ ਕੇ ਕਿਹਾ॥ ੧੦॥

ਜੋ ਤੁਮ ਪਾਠ ਪਢ੍ਯੋ ਹੇ ਤਾਤਾ! ਮੁਝਹਿ ਸੁਨਾਵਹੁ ਸੁਭਗ ਸੁਹਾਤਾ।
ਪਿਤ ਕੀ ਗਿਰਾ ਸੁਨੀ ਜਬ ਕਾਨਾ। ਅਸ ਪ੍ਰਕਾਰ ਤਬ ਬਚਨ ਬਖਾਨਾ ॥੧੧॥

ਹੇ ਮੇਰੇ ਭਾਗਾਂ ਵਾਲੇ ਪੁੱਤਰ ! ਜੋ ਤੂੰ ਪਾਠ ਪੜ੍ਹਿਆ ਹੈ, ਮੈਨੂੰ ਉਹ ਸ਼ੋਭਨੀਕ ਪਾਠ ਸੁਣਾਵੋ। ਜਦ ਪਿਤਾ ਦੀ ਇਹ ਗੱਲ ਮੈਂ ਕੰਨ ਨਾਲ ਸੁਣੀ ਤਾਂ ਮੈਂ ਇਸ ਪ੍ਰਕਾਰ ਬਚਨ ਬੋਲਿਆ॥ ੧੧॥

ਸੁਨਹੁ ਤਾਤ ! ਇਹ ਪਾਠ ਅਨੂਪਾ। ਤਜਹੁ ਗ੍ਰੇਹ ਇਹ ਅੰਧ ਜੁ ਕੂਪਾ।
ਜਿਹ ਮਹਿਂ ਅਤਿਸ਼ੈ ਦੂਖ ਅਪਾਰਾ। ਹੋਤਿ ਨਹੀਂ ਕਬਹੂ ਛੁਟਕਾਰਾ ॥੧੨॥

ਹੇ ਪਿਤਾ ਜੀ ! ਸੁਣੋ, ਇਹ ਪਾਠ ਬੜਾ ਅਨੂਪਮ ਹੈ। ਇਸ ਅੰਨ੍ਹੇ ਖੂਹ ਰੂਪੀ ਮਤ ਨੂੰ ਛੱਡ ਦੇਵੋ। ਇਸ ਵਿਚ ਬਹੁਤ ਅਪਾਰ ਦੁੱਖ ਹਨ। ਇਨ੍ਹਾਂ ਦੁੱਖਾਂ ਤੋਂ ਕਦੇ ਛੁਟਕਾਰਾ ਨਹੀਂ ਮਿਲਦਾ॥ ੧੨॥

ਤਿਹ ਤਜਿ ਕਾਨਨ ਮਹਿਂ ਚਲਿ ਬਸਿਯੇ। ਸੇਵ ਬਿਸ਼ਨੁ ਪਦ ਕੇ ਰਸ ਰਸਿਯੇ।
ਨਾਮ ਸਿਮਰ ਅਗ੍ਯਾਨ ਮਿਟਾਵੈ। ਭਗਤਿ ਕਰਹੁ ਉੱਤਮ ਪਦ ਪਾਵੈ ॥੧੩॥

ਇਨ੍ਹਾਂ ਮਹਿਲਾਂ ਨੂੰ ਛੱਡ ਕੇ ਜੰਗਲ ਵਿਚ ਜਾ ਵੱਸੀਏ। ਵਿਸ਼ਨੂੰ ਦੇ ਚਰਨਾਂ ਦੀ ਸੇਵਾ ਦੇ ਰਸ ਵਿਚ ਰਸ ਜਾਈਏ। ਪ੍ਰਭੂ ਦਾ ਨਾਮ ਸਿਮਰ ਕੇ ਅਗਿਆਨਤਾ ਮਿਟਾਵੋ, ਭਗਤੀ ਕਰਕੇ ਉੱਤਮ ਪਦਵੀ ਪਾਵੋ॥ ੧੩॥

ਸੁਨੀ ਸ੍ਰਵਨ ਮਹਿ ਜਬ ਅਸ ਬਾਨੀ। ਬਿਸਮਤਿ ਹਸ੍ਯੋ ਤਬਹਿ ਅਗ੍ਯਾਨੀ।
ਕਹਿ ਸੰਡੇ ਸੋਂ ਬਚ ਅਸ ਕੀਤਾ। ਇਸ ਬਾਲਕ ਕੀ ਮਤਿ ਬਿਪਰੀਤਾ ॥੧੪॥

ਜਦ ਆਪਣੇ ਕੰਨਾਂ ਨਾਲ ਅਜੇਹੀ ਬਾਣੀ ਸੁਣੀ ਤਾਂ ਅਗਿਆਨੀ ਖੁਸ਼ ਹੋ ਕੇ ਬਹੁਤ ਹੱਸਿਆ। ਸੰਡੇ ਨੂੰ ਬੁਲਾ ਕੇ ਉਸ ਇਸ ਤਰ੍ਹਾਂ ਬਚਨ ਕੀਤਾ ਕਿ ਇਸ ਬਾਲਕ ਦੀ ਬੁੱਧੀ ਪੁੱਠੀ ਹੈ, ਭਾਵ ਇਹ ਉਲਟੀ ਮੱਤ ਵਾਲਾ ਹੈ॥ ੧੪॥

ਔਗੁਨਿ ਖਾਨਿ ਕਹਿਤ ਮੁਖ ਬਾਨੀ। ਕਿਸ ਨੈ ਇਸਕੋ ਐਸ ਸਿਖਾਨੀ?।
ਕਿਹ ਰਿਖਿ ਕੋ ਨ ਕਰਨ ਦਿਹੁ ਸੰਗਾ। ਨਿਜ ਗ੍ਰਿਹ ਰਾਖਿ ਪਢਾਉ ਨਿਸ਼ੰਗਾ ॥੧੫॥

ਇਹ ਔਗੁਣਾਂ ਭਰੀ ਬਾਣੀ ਬੋਲਦਾ ਹੈ। ਕੌਣ ਹੈ ਜਿਸ ਨੇ ਇਸ ਨੂੰ ਐਸੀ ਸਿੱਖਿਆ ਦਿੱਤੀ ਹੈ ? ਕਿਸੇ ਰਿਸ਼ੀ ਨਾਲ ਇਸ ਨੂੰ ਮਿਲਣ ਨਾ ਦੇਵੋ, ਬੇਸ਼ਕ ਆਪਣੇ ਘਰ ਵਿਚ ਰੱਖ ਕੇ ਪੜ੍ਹਾਉ॥ ੧੫॥

ਸੁਨਿ ਕਰਿ ਤਬ ਲੈ ਕੇ ਘਰ ਆਏ। ਥਾਨ ਇਕੰਤ ਬਿਖੈ ਬੈਠਾਏ।
ਬੂਝਨ ਲਗੇ ਤਬਹਿ ਇਹ ਰੀਤੀ॥ ਕਿਨ ਸਿਖਲਾਈ ਮਤਿ ਵਿਪਰੀਤੀ ? ॥੧੬॥

ਇਹ ਸੁਣ ਕੇ ਆਪਣੇ ਘਰ ਲੈ ਆਏ ਅਤੇ ਇਕਾਂਤ ਥਾਂ ਵਿਚ ਬਿਠਾ ਦਿੱਤਾ, ਫਿਰ ਮੈਨੂੰ ਇਸ ਤਰ੍ਹਾਂ ਪੁੱਛਣ ਲੱਗੇ, "ਤੈਨੂੰ ਇਹ ਪੁੱਠੀ ਮੱਤ ਕਿਸ ਸਿਖਾਈ ਹੈ ?॥ ੧੬॥

ਕਿਧੋਂ ਰਿਦੇ ਤੇ ਕੁਮਤਿ ਉਠਾਈ। ਬਹੁਰ ਨ ਅਸ ਬਿਧਿ ਕਹਉ ਬਨਾਈ।
ਸੁਨਿ ਕਰਿ ਮੈਂ ਹਸਿ ਬਚਨ ਬਖਾਨਾ। ਤੁਮ ਕੋ ਭਾਸਤਿ ਅਪਨ ਬਿਗਾਨਾ ॥੧੭॥

ਤੂੰ ਆਪਣੇਂ ਹਿਰਦੇ ਵਿਚ ਭੈੜੀ ਮੱਤ ਕਿਉਂ ਧਾਰਨ ਕੀਤੀ ਹੋਈ ਹੈ ? ਫਿਰ ਦੁਬਾਰਾ ਇਸ ਤਰ੍ਹਾਂ ਨਹੀਂ ਕਹਿਣਾ ਹੈ। ਮੈਂ ਇਹ ਸੁਣ ਕੇ ਹੱਸ ਕੇ ਕਿਹਾ, "ਤੁਹਾਨੂੰ ਆਪਣਾ ਪਰਾਇਆ ਲੱਗਦਾ ਹੈ॥ ੧੭॥

ਮੋਕੋ ਪਰ ਪੁਨ ਅਪਰ ਨ ਕਾਹੀ। ਪੂਰਨ ਏਕ ਆਤਮਾ ਆਹੀ।
ਸਦਾ ਪ੍ਰਨਾਮ ਕਰੋਂ ਮੈਂ ਤਾਸੂ। ਜਿਹ ਕੀ ਮਾਯਾ ਕੇਰਿ ਬਿਲਾਸੂ ॥੧੮॥

ਮੇਰੇ ਪਾਸ ਉਸ ਤੋਂ ਬਗੈਰ ਹੋਰ ਕੋਈ ਨਹੀਂ ਹੈ। ਉਹ ਪ੍ਰਭੂ ਹੀ ਇਕ ਸੰਪੂਰਣ ਆਤਮਾ ਹੈ, ਮੈਂ ਸਦਾ ਉਸ ਨੂੰ ਪ੍ਰਣਾਮ ਕਰਾਂਗਾ। ਜਿਹੜਾ ਇਹ ਸਾਰੀ ਮਾਇਆ ਰਚ ਕੇ ਪ੍ਰੇਮ ਬਿਲਾਸ ਕਰ ਰਿਹਾ ਹੈ॥ ੧੮॥

ਮੋਹੇ ਸਰਬ ਚਰਾਚਰ ਜਾਂਹੀ। ਅਪਨ ਬਿਗਾਨ ਲਖਾਵਾ ਤਾਂਹੀ।
ਭੇਦ ਅਪਰ ਪਰ ਹੈ ਉਰ ਤੋਰੇ। ਭੇਦ ਬੁੱਧਿ ਕਛੁ ਨਹਿਂ ਹਿਯ ਮੋਰੇ ॥੧੯॥

ਮੇਰੀ ਸਾਰੀ ਚੇਤਨਾ ਉਸੇ ਵਿਚ ਲੱਗੀ ਹੋਈ ਹੈ। ਆਪਣਾ ਪਰਾਇਆ ਉਹ ਹੀ ਪਛਾਣਦਾ ਹੈ। ਤੇਰੇ ਹਿਰਦੇ ਵਿਚ ਆਪਣੇ ਪਰਾਏ ਦਾ ਭੇਦ ਹੈ। ਮੇਰੀ ਬੁੱਧੀ ਵਿਚ ਆਪਣੇ ਪਰਾਏ ਦਾ ਕੋਈ ਅੰਤਰ ਭਾਵ ਕੋਈ ਭੇਦ ਨਹੀਂ ਹੈ॥ ੧੯॥

ਸ੍ਰੀ ਕਰਤਾਰ ਕਰੈ ਜਬ ਕਰੁਨਾ। ਤਬ ਯਹਿ ਭੇਦ ਹੋਇ ਉਰ ਹਰਨਾ।
ਆਤਮ ਮਹਿਂ ਪਰ ਅਪਰ ਬਖਾਨੇ। ਬੇਦ ਅਰਥ ਕੋ ਕੁਮਤਿ ਨ ਜਾਨੇ ॥੨੦॥

ਜਦ ਸ੍ਰੀ ਕਰਤਾਰ ਕਿਰਪਾ ਕਰਦੇ ਹਨ ਤਾਂ ਇਹ ਭੇਦ ਹਿਰਦੇ ਵਿਚੋਂ ਦੂਰ ਹੋ ਜਾਂਦਾ ਹੈ। ਆਤਮਾ ਵਿਚ ਆਪਣੇ ਪਰਾਏ ਦਾ ਭਿੰਨ ਭੇਦ ਕਹਿੰਦਾ ਹੈ, ਪਰ ਮੂਰਖ ਗਿਆਨ ਅਰਥ ਨੂੰ ਨਹੀਂ ਜਾਣਦਾ॥ ੨੦॥

ਕਬਹਿ ਨ ਹੋਹਿ ਤਾਂਹਿ ਕੱਲਜਾਨਾ। ਜਨਮ ਮਰਨ ਪਾਵਹਿ ਦੁਖ ਨਾਨਾ।
ਪੂਰਨ ਲਖਹਿ ਆਤਮਾ ਜੋਈ। ਭਵ ਬੰਧਨ ਤੇ ਛੂਟਹਿ ਸੋਈ ॥੨੧॥

ਉਸ ਦਾ ਕਦੇ ਵੀ ਕਲਿਆਣ ਨਹੀਂ ਹੁੰਦਾ ਅਤੇ ਉਹ ਅਨੇਕਾਂ ਵਾਰ ਜਨਮ ਮਰਨ ਪਾ ਕੇ ਦੁੱਖ ਪਾਉਂਦਾ ਹੈ। ਜਿਹੜਾ ਆਤਮਾ ਨੂੰ ਸੰਪੂਰਣ ਜਾਣਦਾ ਹੈ, ਸੰਸਾਰ ਬੰਧਨਾਂ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ॥ ੨੧॥

ਸੁਨਿ ਕਰਿ ਅਸ ਬਚ ਸ਼ੰਡਾ ਮਰਕਾ। ਕਹੈ ਕਿ ਖੋਟੋ ਵਡ ਯਹਿ ਲਰਕਾ।
ਦੈਤਨ ਕੁਲ ਕਾਨਨ ਕੀ ਨਜਾਈ। ਬਿਸ਼ਨੁ ਕੁਠਾਰ ਸਮਾਨ ਨਸਾਈ ॥੨੨॥

ਸ਼ੰਡਾ ਤੇ ਮਰਕਾ ਮੇਰੇ ਇਹ ਬਚਨ ਸੁਣ ਕੇ ਬੋਲੇ ਕਿ ਇਹ ਲੜਕਾ ਬਹੁਤ ਖੋਟਾ ਹੈ। ਦੈਂਤਾਂ ਦੀ ਕੁਲ ਜੰਗਲ ਵਾਂਗ ਵੱਡੀ ਹੈ। ਵਿਸ਼ਨੂੰ ਕੁਹਾੜੇ ਵਾਂਗ ਇਸ ਨੂੰ ਨਾਸ਼ ਕਰਨ ਵਾਲਾ ਹੈ॥ ੨੨॥

ਬਿਨ ਦੰਡੇ ਜੋ ਅਹੈ ਕੁਠਾਰਾ। ਕਾਟ ਨ ਸਕਹਿ ਬਿਟਪ ਨਿਰਧਾਰਾ।
ਤਜੋਂ ਆਗੈ ਥੋ ਹਰਿ ਭਗਵਾਨਾ। ਅਬ ਇਹ ਹੋਯੋ ਦੰਡ ਸਮਾਨਾ ॥੨੩॥

ਲੱਕੜੀ ਦੇ ਦਸਤੇ ਬਗੈਰ ਜਿਹੜਾ ਕੁਹਾੜਾ ਹੁੰਦਾ ਹੈ, ਉਹ ਬ੍ਰਿਛਾਂ ਨੂੰ ਕੱਟ ਨਹੀਂ ਸਕਦਾ, ਇਹੋ ਗੱਲ ਹੁਣ ਵਿਸ਼ਨੂੰ ਬਾਰੇ ਪੱਕੀ ਸਮਝੋ। ਜੋ ਪਹਿਲਾਂ ਵਿਸ਼ਨੂੰ ਭਗਵਾਨ ਸੀ, ਉਹ ਹੁਣ ਡੰਡੇ ਸਮਾਨ ਰਹਿ ਗਿਆ ਹੈ॥ ੨੩॥

ਨਿਸ਼ਚੈ ਨਾਸ ਬੰਸ ਕਾ ਕਰਿਈ। ਵਡੋ ਢੀਠ ਡਰ ਰਿਦੇ ਨ ਧਰਿਈ।
ਆਨਹੁ ਬੈਂਤ ਸਾਸਨਾ ਦੇਈਂ। ਬਿਨ ਡਾਂਟੇ ਇਹ ਸੀਖ ਨ ਲੇਈ ॥੨੪॥

ਇਹ ਗੱਲ ਨਿਸ਼ਚੇ ਸਮਝੋ ਕਿ ਇਹ ਹੁਣ ਕੁਲ ਦਾ ਨਾਸ ਕਰੇਗਾ। ਇਹ ਵੱਡਾ ਢੀਠ ਹੈ ਤੇ ਇਸ ਦੇ ਹਿਰਦੇ ਵਿਚ ਜਰਾ ਵੀ ਡਰ ਨਹੀਂ ਹੈ। ਬੈਂਤ ਲਿਆ ਕੇ ਇਸ ਨੂੰ ਸਿਖਿਆ ਦਿੰਦੇ ਹਾਂ। ਡਾਂਟਣ ਤੋਂ ਬਗੈਰ ਇਸ ਸਿਖਿਆ ਪ੍ਰਾਪਤ ਨਹੀਂ ਕਰਨੀ॥ ੨੪॥

ਬਹੁ ਪ੍ਰਕਾਰ ਕੇ ਭੈ ਦਿਖਰਾਵੈਂ। ਅਪਨੀ ਬਿੱਦਜਾ ਸਕਲ ਪਢਾਵੈਂ।
ਏਕ ਨਹੀਂ ਤਿਨ ਕੀ ਮਨ ਮਾਨੀ। ਦੇਖਿ ਕੁਰੀਤੀ ਤੂਸ਼ਨਿ ਠਾਨੀ ॥੨੫॥

ਇਸ ਨੂੰ ਬਹੁਤ ਪ੍ਰਕਾਰ ਭੈ ਵਿਖਾਉਂਦੇ ਹਾਂ, ਫਿਰ ਇਸ ਨੂੰ ਆਪਣੀ ਸਾਰੀ ਵਿਦਿਆ ਪੜ੍ਹਾਉਂਦੇ ਹਾਂ। ਮੈਂ ਉਨ੍ਹਾਂ ਦੀ ਇਕ ਗੱਲ ਨਾ ਮੰਨੀ ਤੇ ਉਨ੍ਹਾਂ ਦੀ ਭੈੜੀ ਰੀਤੀ ਵੇਖ ਕੇ ਚੁੱਪ ਕਰ ਰਿਹਾ॥ ੨੫॥

ਬੀਤ ਗਯੋ ਜਬ ਕੇਤਿਕ ਕਾਲਾ। ਤੇ ਜਾਨਤਿ ਭੇ ਪਢਜੋ ਬਿਸਾਲਾ।
ਇਕ ਦਿਨ ਦੈਂਤਰਾਜ ਕੇ ਪਾਸਾ। ਲੇ ਕਰਿ ਗਮਨੇ ਕਰਤਿ ਹੁਲਾਸਾ ॥੨੬॥

ਜਦ ਕੁਝ ਸਮਾਂ ਬੀਤ ਗਿਆ ਤੇ ਉਹ ਜਾਣ ਗਏ ਕਿ ਬਹੁਤ ਪੜ੍ਹ ਗਿਆ ਹੈ। ਇਕ ਦਿਨ ਦੈਂਤਾਂ ਦੇ ਰਾਜੇ ਹਿਰਨਾਕਸ਼ਪ ਦੇ ਪਾਸ ਲੈ ਕੇ ਗਏ। ਮੈਨੂੰ ਉਥੇ ਲੈ ਜਾ ਕੇ ਉਹ ਬਹੁਤ ਪ੍ਰਸੰਨ ਹੋਏ॥ ੨੬॥

ਜਾਇ ਪਿਤਾ ਪਦ ਬੰਦਨ ਕੀਨੀ। ਕਰੇ ਹਰਖ ਆਸ਼ਿਖ ਤਿਨ ਦੀਨੀ।
ਦੁਇ ਕਰ ਸੌਂ ਗਹਿ ਕਰਿ ਭਲਿ ਭਾਂਤੀ। ਬਦਨ ਬਿਲੋਕ ਲਾਇ ਲਿਯ ਛਾਤੀ॥੨੭॥

ਮੈਂ ਪਿਤਾ ਦੇ ਪਾਸ ਜਾ ਕੇ ਚਰਨਾਂ ਤੇ ਬੰਦਨਾਂ ਕੀਤੀ। ਹਿਰਨਾਕਸ਼ਪ ਬੜਾ ਖੁਸ਼ ਹੋਇਆ ਕਿ ਇਸ ਨੇ ਸਿਖਿਆ ਪ੍ਰਾਪਤ ਕਰ ਲਈ ਹੈ। ਮੈਨੂੰ ਦੋਵਾਂ ਹੱਥਾਂ ਨਾਲ ਚੰਗੀ ਤਰ੍ਹਾਂ ਫੜ ਕੇ ਮੁਖੜੇ ਵੱਲ ਤਕ ਕੇ ਆਪਣੀ ਛਾਤੀ ਨਾਲ ਲਾ ਲਿਆ॥ ੨੭॥

ਅੰਕ ਬਿਠਾਯੋ ਬਚਨ ਅਲਾਵਾ। ਹੇ ਸੁਤ! ਕਾਲ ਬਿਤੇ ਬਹੁ ਆਵਾ।
ਪਢਜੋ ਪਾਠ ਜੋ ਸੁੰਦਰ ਤੋਹੀ। ਸਰਬ ਉਚਾਰ ਸੁਨਾਵਹੁ ਮੋਹੀ॥ ੨੮॥

ਆਪਣੀ ਗੋਦ ਵਿਚ ਬਿਠਾ ਕੇ ਕਿਹਾ, ਹੇ ਪੁੱਤਰ! ਬੜੀ ਦੇਰ ਬਾਅਦ ਆਇਆ ਹੈਂ। ਜੋ ਤੂੰ ਸੁੰਦਰ ਪਾਠ ਪੜ੍ਹਿਆ ਹੈ, ਉਹ ਸਾਰਾ ਉਚਾਰਨ ਕਰਕੇ ਮੈਨੂੰ ਸੁਣਾਵੋ॥ ੨੮॥

ਚੌਪਈ- ਸੁਨਿ ਕਰਿ ਜਨਕ ਬਚਨ ਕੋ ਬੋਲਜੋ। ਮਨ ਕੋ ਮਤੋ ਬਿਦਤਿ ਸਭਿ ਖੋਲਜੋ।
ਅਭਿਮਤਿ ਬਾਤ ਧਰਹੁ ਉਰ ਮਾਂਹੀ। ਹਰਿ ਜਸ ਸੁਨਿ,ਸਿਮਰਣ ਸੁਭ ਆਹੀ॥੨੯॥

ਆਪਣੇ ਪਿਤਾ ਦੇ ਬਚਨਾਂ ਨੂੰ ਸੁਣ ਕੇ ਮੈਂ ਬੋਲਿਆ ਅਤੇ ਆਪਣੇ ਮਨ ਦਾ ਮੱਤ ਸਾਰਾ ਖੋਲ੍ਹ ਕੇ ਰੱਖ ਦਿਤਾ। ਮੇਰੀ ਚੰਗੀ ਮੱਤ ਆਪਣੇ ਹਿਰਦੇ ਵਿਚ ਧਾਰਨ ਕਰੋ। ਹਰੀ ਦਾ ਜਸ ਸੁਣੋ, ਪ੍ਰੇਮ ਦੇ ਨਾਮ ਦਾ ਸਿਮਰਨ ਕਰੋ ਜਿਹੜਾ ਬਹੁਤ ਸ਼ੁਭ ਹੈ॥ ੨੯॥

ਕਰਨ ਕੀਰਤਨ, ਚਰਨਨ ਸੇਵਾ। ਅਰਚਨ, ਬੰਦਨ ਸ੍ਰੀ ਜਗਦੇਵਾ।
ਦ੍ਰਿਢ ਬਿਸ੍ਵਾਸਹਿ,ਅਰਪ ਸਰੀਰਾ। ਕਰਨ ਸਖਾਪਨ ਗੁਨੀ ਗਹੀਰਾ॥੩੦॥

ਕੀਰਤਨ ਕਰੋ, ਪ੍ਰਭੂ ਚਰਨਾਂ ਦੀ ਸੇਵਾ ਕਰੋ, ਸ੍ਰੀ ਜਗਤ ਦੇ ਮਾਲਕ ਦੀ ਪੂਜਾ ਅਤੇ ਬੰਦਨਾ ਕਰੋ। ਦ੍ਰਿੜ੍ਹ ਵਿਸ਼ਵਾਸ ਕਰਕੇ ਆਪਣੇ ਸਰੀਰ ਨੂੰ ਅਰਪਨ ਕਰ ਦੇਵੋ। ਗੁਣਾਂ ਦੀ ਖਾਣ, ਪ੍ਰਭੂ ਜੀ ਨਾਲ ਪ੍ਰੇਮ ਕਰੋ॥ ੩੦॥

ਨਵਧਾ ਭਗਤਿ ਇਹੀ ਗਤਿਦਾਈ। ਕਰਹੁ ਸਦੀਵ ਰਿਦੇ ਹਿਤ ਲਾਈ।
ਅਪਰ ਪਾਠ ਸਭਿ ਦੇਹੁ ਬਿਹਾਈ। ਜਿਨ ਤੇ ਕਾਰਜ ਸਰੈ ਨ ਰਾਈ॥੩੧॥

ਨੌਂ ਤਰ੍ਹਾਂ ਦੀ ਭਗਤੀ ਕਰਨ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਸਦਾ ਹੀ ਉਸ ਨੂੰ ਆਪਣੇ ਹਿਰਦੇ ਨਾਲ ਲਾ ਕੇ ਰਖੋ। ਹੋਰ ਸਾਰੇ ਪਾਠ ਦੂਰ ਕਰੋ, ਜਿਨ੍ਹਾਂ ਨਾਲ ਰਾਈ ਭਰ ਵੀ ਕਾਰਜ ਨਹੀਂ ਸਰਦਾ॥ ੩੧॥

ਹਿਰਨਕਸ਼ਪ ਸੁਨਿ ਕੋਪ ਬਢਾਵਾ। ਨਿਜ ਦੰਤਨ ਸੌਂ ਅਧਰ ਚਬਾਵਾ।
ਸ਼੍ਰੋਣਿਤ ਸਰਸ ਲਾਲ ਭੇ ਨੈਨਾ। ਸ਼ੁੱਕ੍ਰ ਸੁਤਨ ਸੌਂ ਬੋਲਜੋ ਬੈਨਾ॥ ੩੨॥

ਇਹ ਸੁਣ ਕੇ ਹਿਰਨਾਕਸ਼ਪ ਨੂੰ ਬਹੁਤ ਗੁੱਸਾ ਆਇਆ, ਆਪਣੇ ਦੰਦਾਂ ਨਾਲ ਉਹ ਬੁਲ੍ਹ ਚੱਬੀ ਗਿਆ। ਲਹੂ ਵਰਗੀਆਂ ਲਾਲ ਅੱਖਾਂ ਕਰਕੇ ਉਸ ਸ਼ੁਕਰ ਗੁਰੂ ਦੇ ਪੁੱਤਰਾਂ ਨੂੰ ਕਿਹਾ॥ ੩੨॥

ਤੁਮ ਮਤਿ ਹੀਨ ਪੱਛ ਬਿਬ ਲੀਨਾ। ਸੁਤਹਿ ਕੁਪਾਠ ਪਢਾਇ ਮਲੀਨਾ।
ਮੋਰ ਨਿਰਾਦਰ ਕੀਨ ਅਭਾਗੇ !। ਸਿੱਛਜਾ ਔਰ ਦੇਨਿ ਤੁਮ ਲਾਗੇ॥੩੩॥

"ਤੁਸੀਂ ਮੂਰਖਾਂ ਨੇ ਦੂਸਰਾ ਪੱਖ ਲਿਆ ਹੈ। ਮੇਰੇ ਪੁੱਤਰ ਨੂੰ ਪੁੱਠਾ ਪਾਠ ਪੜ੍ਹਾ ਕੇ ਮਲੀਨ ਕਰ ਦਿੱਤਾ ਹੈ। ਹੇ ਭਾਗਹੀਣੋ ! ਤੁਸੀਂ ਮੇਰਾ ਨਿਰਾਦਰ ਕੀਤਾ ਹੈ। ਤੁਸੀਂ ਮੇਰੇ ਪੁੱਤਰ ਨੂੰ ਹੋਰ ਹੀ ਸਿਖਿਆ ਦੇਣ ਲੱਗ ਗਏ ਹੋ॥ ੩੩॥

ਬੰਚਕ ਬੇਖ ਬਨਾਯੋ ਜਾਨਾ। ਛਪੈ ਨਹੀਂ ਮੈਂ ਆਜ ਲਖਾਨਾ।
ਦਿਜ ਮਹਿਂ ਤੁਮ ਸੋਂ ਨੀਚ ਨ ਕੋਈ। ਜਿਨ ਕੀ ਬੁੱਧਿ ਬਿਪਰਜੈ ਹੋਈ ॥੩੪॥

ਮੈਂ ਸਮਝ ਗਿਆ ਹਾਂ ਕਿ ਤੁਸੀਂ ਠੱਗਾਂ ਦਾ ਭੇਸ ਬਣਾਇਆ ਹੈ। ਇਹ ਲੁਕ ਨਹੀ ਸਕਿਆ, ਮੈਨੂੰ ਅੱਜ ਪਤਾ ਲੱਗ ਗਿਆ ਹੈ। ਬ੍ਰਾਹਮਣਾਂ ਵਿਚ ਤੁਹਾਡੇ ਵਰਗਾ ਕੋਈ ਨੀਚ ਨਹੀਂ ਹੈ, ਜਿਨ੍ਹਾਂ ਦੀ ਬੁੱਧੀ ਉਲਟੀ ਹੋ ਗਈ ਹੈ॥ ੩੪॥

ਸ਼ੰਡੇ ਮਰਕੇ ਬਚਨ ਸਰੋਸਾ। ਸੁਨਿ ਕਰਿ ਬੋਲੇ ਹਮ ਨਹਿਂ ਦੋਸ਼ਾ।
ਅਸ ਪ੍ਰਕਾਰ ਕੋ ਹਮ ਨ ਪਢਾਵਾ। ਅਪਰ ਨ ਕੋਊ ਆਨਿ ਸਿਖਾਵਾ ॥੩੫॥

ਸ਼ੰਡੇ ਮਰਕਾ ਬੜੇ ਕ੍ਰੋਧ ਵਾਲੇ ਬਚਨ ਸੁਣ ਕੇ ਬੋਲੇ, "ਸਾਡਾ ਇਸ ਵਿਚ ਕੋਈ ਕਸੂਰ ਨਹੀਂ ਹੈ। ਅਸੀਂ ਇਸ ਨੂੰ ਇਸ ਤਰ੍ਹਾਂ ਬਿਲਕੁਲ ਨਹੀਂ ਪੜ੍ਹਾਇਆ। ਕਿਸੇ ਹੋਰ ਦੂਸਰੇ ਨੇ ਵੀ ਇਸ ਨੂੰ ਨਹੀਂ ਸਿਖਾਇਆ ਹੈ॥ ੩੫॥

ਸਹਿਜ ਸੁਭਾਇਕ ਤਵ ਸੁਤ ਐਸੇ। ਲੀਨੀ ਕੁਮਤਿ ਬਕਤਿ ਅਬ ਜੈਸੇ ।
ਹਮ ਪਰ ਰੋਖ ਬਾਦ ਕਿਮ ਕੀਨੋ। ਨਿਜ ਸੁਤ ਦੋਖ ਰਿਦੈ ਤੁਮ ਚੀਨੋ ॥੩੬॥

ਸਹਿਜ ਸੁਭਾਅ ਹੀ ਤੁਹਾਡਾ ਪੁੱਤਰ ਅਜੇਹਾ ਹੈ। ਇਸ ਨੇ ਭੈੜੀ ਮੱਤ ਲਈ ਹੈ ਜਿਵੇਂ ਹੁਣ ਕਹਿੰਦਾ ਹੈ। ਬਾਅਦ ਵਿਚ ਹੁਣ ਸਾਡੇ ਤੇ ਰੋਸ ਕਿਉਂ ਕਰਦੇ ਹੋ। ਆਪਣੇ ਪੁੱਤਰ ਦੇ ਹਿਰਦੇ ਵਿਚ ਤੁਸੀਂ ਅਜੇਹਾ ਦੋਖ ਪਛਾਣੋ" ॥ ੩੬॥

ਹਿਰਨਕਸ਼ਪ ਮੁਝ ਓਰ ਨਿਹਾਰਾ। ਮੁਖ ਸੋਂ ਐਸੇ ਬਚਨ ਉਚਾਰਾ।
ਹੇ ਸੁਤ ਗੁਰੁ ਨਹਿ ਤੋਹਿ ਪਢਾਈ। ਕਿਹਂ ਖੋਟੀ ਮਤ ਦੀਨਿ ਸਿਖਾਈ ? ॥੩੭॥

ਹਿਰਨਾਕਸ਼ਪ ਨੇ ਮੇਰੇ ਵਲ (ਪ੍ਰਹਿਲਾਦ ਵਲ) ਵੇਖਿਆ ਅਤੇ ਮੁੱਖ ਤੋਂ ਅਜੇਹੇ ਬਚਨ ਕਹੇ, "ਹੇ ਪੁੱਤਰ ! ਕੀ ਗੁਰੂ ਨੇ ਤੈਨੂੰ ਨਹੀਂ ਪੜ੍ਹਾਇਆ ਹੈ ? ਦੱਸੋ ਤੁਹਾਨੂੰ ਇਹ ਖੋਟੀ ਮੱਤ ਕਿਸ ਸਿਖਾਈ ਹੈ ?" ॥੩੭॥

ਸੁਨਿ ਮੈਂ ਪਿਤ ਸੋਂ ਬਚਨ ਬਖਾਨਾ। ਤਜਹੁ ਤਾਤ ! ਸੰਤਾਪ ਮਹਾਨਾ।
ਵਿਖੈ ਵਾਸ਼ਨਾ ਬਸਿ ਨਰ ਜੋਊ। ਦਈ ਸੁਮਤਿ ਨਹਿ ਮਾਨਤਿ ਸੋਊ ॥੩੮॥

ਇਹ ਗੱਲ ਸੁਣ ਕੇ ਮੈਂ ਪਿਤਾ ਨੂੰ ਕਿਹਾ, "ਹੇ ਪਿਤਾ ਜੀ ! ਇਸ ਮਹਾਨ ਸੰਤਾਪ ਨੂੰ ਛੱਡੋ। ਜਿਹੜਾ ਵੀ ਮਨੁਖ ਵਿਸ਼ੇ ਵਾਸ਼ਨਾਵਾਂ ਦੇ ਵੱਸ ਹੋ ਜਾਂਦਾ ਹੈ, ਉਸ ਨੂੰ ਜੇ ਚੰਗੀ ਮੱਤ ਦੇਈਏ ਤਾਂ ਉਹ ਕਦੇ ਨਹੀਂ ਮੰਨਦਾ॥ ੩੮॥

ਕੋਟ ਭਾਂਤਿ ਸਮਝਾਇ ਜਿ ਤਾਸੂ। ਬੇਮੁਖ ਰਿਦੇ ਨ ਆਨਹਿ ਕਾਸੂ।
ਮਾਨ ਸਰੋਵਰ ਬਾਸ ਸੁਖਾਰਾ। ਕਰਨੋਂ ਮੁਕਤਾ ਕੇਰਿ ਅਹਾਰਾ॥ ੩੯॥

ਤੁਹਾਨੂੰ ਭਾਵੇਂ ਕਰੋੜ ਢੰਗ ਨਾਲ ਸਮਝਾਇਆ ਜਾਵੇ, ਤੁਸੀਂ ਆਪਣੇਂ ਹਿਰਦੇ ਵਿਚੋਂ ਆਪਣੀ ਭੈੜੀ ਮੱਤ ਨੂੰ ਕਦੇ ਵੀ ਨਹੀਂ ਛੱਡ ਸਕਦੇ। ਮਾਨਸਰੋਵਰ ਵਿਚ ਵੱਸਣਾ ਸੁਖਾਲਾ ਹੈ, ਜਿਥੇ ਹੰਸ ਮੋਤੀਆਂ ਦਾ ਭੋਜਨ ਕਰਦੇ ਹਨ॥ ੩੯॥

ਬਾਇਸ ਸੀਖ ਨ ਮਾਨਹਿ ਕਬਹੀ। ਜੇ ਉਤਮ ਗੁਣ ਹੋਵਹਿਂ ਸਭਿ ਹੀ।
ਤਾਂਕੀ ਰਤਿ ਦੁਰਗੰਧਹਿ ਮਾਂਹੀ। ਤਜੋਂ ਸਠ ਭਗਤਿ ਸੀਖ ਲੇ ਨਾਂਹੀ ॥੪੦॥

ਪਰ ਕਾਂ ਮਾਨਸਰੋਵਰ ਜਾਣ ਦੀ ਸਿਖਿਆ ਕਦੇ ਨਹੀਂ ਮੰਨੇਗਾ, ਭਾਵੇਂ ਉਸ ਵਿਚ ਸਾਰੇ ਉਤਮ ਗੁਣ ਮੌਜੂਦ ਹੋਣ। ਉਸ ਦਾ ਭਾਵ ਕਾਂ ਦਾ ਧਿਆਨ ਤਾਂ ਸਦਾ ਦੁਰਗੰਧ ਵਿਚ ਰਹਿੰਦਾ ਹੈ, ਇਸ ਤਰ੍ਹਾਂ ਤੁਸੀਂ ਭਗਤੀ ਦੀ ਸਿੱਖਿਆ ਨਹੀਂ ਲੈਂਦੇ॥ ੪੦॥

ਬੰਧਨ ਪਰੇ ਜਗਤ ਕੇ ਭਾਰੀ। ਛੂਟਨ ਏਕ ਉਪਾਇ ਬਿਚਾਰੀ।
ਸੁਨਿ ਧਾਰਹਿ ਸਤਿਗੁਰੁ ਉਪਦੇਸ਼ਾ। ਬਹੁਰ ਨ ਰਹੈ ਦੁਖ ਕੋ ਲੇਸ਼ਾ ॥੪੧॥

ਜਗਤ ਦੇ ਭਾਰੀ ਬੰਧਨ ਪਏ ਹਨ। ਇਨ੍ਹਾਂ ਤੋਂ ਕੇਵਲ ਇਕ ਉਪਾਅ ਵਿਚਾਰਨ ਨਾਲ ਹੀ ਛੁਟਕਾਰਾ ਹੋ ਸਕਦਾ ਹੈ। ਜਿਹੜਾ ਸਤਿਗੁਰੂ ਦਾ ਉਪਦੇਸ਼ ਸੁਣ ਕੇ ਉਸ ਨੂੰ ਧਾਰਨ ਕਰਦਾ ਹੈ, ਫਿਰ ਉਸ ਦਾ ਕੋਈ ਵੀ ਦੁੱਖ ਕਲੇਸ਼ ਨਹੀ ਰਹਿੰਦਾ ਹੈ॥ ੪੧॥

ਧਨ ਅਰਥੀ ਜੇ ਗੁਰੁ ਜਗ ਮਾਂਹੀ। ਆਤਮ ਗਜਾਨ ਰਿਦੇ ਮਹਿਂ ਨਾਂਹੀ।
ਤਿਨ ਤੇ ਪੰਥ ਨ ਸੂਝਹਿ ਕੈਸੇ। ਅੰਧਾ ਆਗੂ ਅੰਧਨ ਜੈਸੇ॥ ੪੨॥

ਇਸ ਜਗਤ ਵਿਚ ਜਿਨ੍ਹਾਂ ਦਾ ਗੁਰੂ ਕੇਵਲ ਧਨ ਹੈ, ਉਨ੍ਹਾਂ ਦੇ ਹਿਰਦੇ ਵਿਚ ਆਤਮ ਗਿਆਨ ਨਹੀ ਹੁੰਦਾ। ਉਨ੍ਹਾਂ ਨੂੰ ਅਸਲ ਰਾਹ ਦਾ ਕਿਵੇਂ ਪਤਾ ਲੱਗ ਸਕਦਾ ਹੈ? ਉਨ੍ਹਾਂ ਦੀ ਤਾਂ ਇਹ ਗੱਲ ਹੈ ਜਿਵੇ ਅੰਨ੍ਹਿਆਂ ਦਾ ਆਗੂ ਅੰਨ੍ਹਾ ਹੋਵੇ॥ ੪੨॥

ਚੌਪਈ- ਜਾਵਤਿ ਗਿਰ ਸੋ ਗਰਤ ਮਝਾਰੀ। ਜੋ ਤਿਹ ਪਾਛੈ, ਗਿਰਹਿ ਸੰਗਾਰੀ।
ਹੇ ਪਿਤ! ਕਯੋਂ ਨ ਭਜੈਂ ਪ੍ਰਭੁ ਚਰਣਾ। ਹ੍ਵੈ ਹੈ ਜਨਮ ਮਰਣ ਕੋ ਹਰਣਾ॥੪੩॥

ਪਹਾੜ ਤੇ ਚੜ੍ਹਦਾ ਹੈ ਤਾਂ ਟੋਏ ਵਿਚ ਡਿੱਗ ਪੈਂਦਾ ਹੈ, ਤੇ ਉਸ ਦੇ ਪਿਛੇ ਆਪ ਵੀ ਨਾਲ ਹੀ ਡਿੱਗ ਪੈਂਦਾ ਹੈ। ਹੇ ਪਿਤਾ ਜੀ! ਪ੍ਰਭੂ ਦੇ ਚਰਨਾਂ ਦਾ ਜਾਪ ਕਿਉਂ ਨਹੀ ਕਰਦੇ ਹੋ? ਤਾਕਿ ਤੁਸੀ ਜਨਮ ਮਰਨ ਤੋਂ ਰਹਿਤ ਹੋ ਜਾਵੋ॥ ੪੩॥

ਕਰਿ ਸਤਿਸੰਗ ਸਰਸ ਸੁਰ ਧੇਨੂ। ਸਿਰਪਰ ਧਰਿ ਸੰਤਨ ਪਦ ਰੇਨੂ।
ਤਰਿ ਜੈਹੈਂ ਭਵਸਾਗਰ ਭੂਰੀ। ਪਾਇਂ ਪਰਮਗਤਿ ਸਭਿ ਬਿਧਿ ਰੂਰੀ॥੪੪॥

ਸੰਤਾਂ ਨਾਲ ਸਤਿਸੰਗ ਕਰੋ, ਜਿਹੜੇ ਕਿ ਕਾਮਧੇਨੂ ਗਾਂ ਵਾਂਗ ਹਨ ਅਤੇ ਸੰਤਾਂ ਦੇ ਚਰਨਾਂ ਦੀ ਧੂੜ ਆਪਣੇ ਸਿਰ ਤੇ ਧਾਰਨ ਕਰੋ। ਇਸ ਵੱਡੇ ਭਵਸਾਗਰ ਨੂੰ ਤਰ ਜਾਵੋਗੇ ਅਤੇ ਸੁੰਦਰ ਪਰਮਗਤੀ ਪ੍ਰਾਪਤ ਕਰੋ॥ ੪੪॥

ਦੈਤਰਾਜ ਸੁਨਿ ਕ੍ਰੋਧ ਬਿਸ਼ੇਖਾ। ਕੰਪਤਿ ਤਨ ਭਾ ਆਰੁਨ ਬੇਖਾ।
ਤਿਰਛੇ ਕੀਨ ਭਯਾਨਕ ਨੈਨਾ। ਅਧਿਕ ਗਰਜ ਕੈ ਬੋਲਯੋ ਬੈਨਾ॥੪੫॥

ਦੈਂਤਾਂ ਦੇ ਰਾਜੇ ਹਿਰਨਾਕਸ਼ਪ ਨੂੰ ਇਹ ਸੁਣ ਕੇ ਬੜਾ ਗੁੱਸਾ ਆਇਆ। ਲਾਲ ਸਰੂਪ ਵਾਲਾ ਸਰੀਰ ਕੰਬਣ ਲੱਗ ਗਿਆ। ਆਪਣੇ ਭਿਆਨਕ ਨੈਣਾਂ ਨੂੰ ਉਸ ਤਿਰਛਿਆਂ ਕੀਤਾ ਅਤੇ ਬਹੁਤ ਉੱਚੀ ਗਰਜ ਕੇ ਬੋਲਿਆ॥੪੫॥

ਅੰਕ ਬਿਖੈ ਤੇ ਦੀਨ ਬਗਾਈ। ਗਹਿ ਮਾਰਹੁ ਇਸ ਕੋ ਲੇ ਜਾਈ।
ਸੁਤ ਮਮ ਨਹੀਂ ਲਖਹੁ ਯੌਂ ਮਨ ਮੈਂ। ਦੀਰਘ ਰੋਗ ਭਯੋ ਇਹ ਤਨ ਮੈਂ॥੪੬॥

ਆਪਣੇ ਪੁਤਰ ਨੂੰ ਆਪਣੀ ਗੋਦ ਵਿਚੋਂ ਚੁੱਕ ਕੇ ਵਗਾਹ ਮਾਰਿਆ। ਕਹਿਣ ਲੱਗਾ, "ਇਸਨੂੰ ਲੈ ਜਾਉ ਤੇ ਫੜ ਕੇ ਮਾਰ ਦੇਵੋ। ਮੈਂ ਮਨ ਵਿਚ ਜਾਣ ਲਿਆ ਹੈ ਕਿ ਇਹ, ਮੇਰਾ ਪੁੱਤਰ ਨਹੀ ਮੇਰੇ ਸਰੀਰ ਨੂੰ ਇਹ ਵੱਡਾ ਰੋਗ ਬਣ ਕੇ ਚੰਬੜਿਆ ਹੈ॥ ੪੬॥

ਅੰਗ ਸਰੋਗ ਕਟੇ ਸੁਖ ਹੋਈ। ਹਨਹੁ ਜਾਇ, ਅਚਰਜ ਨਹਿਂ ਕੋਈ।
ਮਮ ਭ੍ਰਾਤਾ ਕੋ ਮਾਰਨਹਾਰੂ। ਤਿਹ ਕੋ ਇਹ ਉਪਾਸਨਕਾਰੂ॥ ੪੭॥

ਇਸ ਅੰਗ ਨੂੰ ਕੱਟਣ ਨਾਲ ਹੀ ਮੈਨੂੰ ਸੁਖ ਹੋਵੇਗਾ। ਇਸ ਨੂੰ ਜਾ ਕੇ ਮਾਰ ਦੇਵੋ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀ ਹੈ। ਜਿਹੜਾ ਮੇਰੇ ਭਰਾ ਨੂੰ ਮਾਰਨ ਵਾਲਾ ਹੈ ਉਸ ਦੀ ਇਹ ਪੂਜਾ ਉਪਾਸ਼ਨਾ ਕਰਦਾ ਹੈ॥ ੪੭॥

ਨਿਜ ਪਰਵਾਰ ਸਰਬ ਕੋ ਤਯਾਗੀ। ਭਯੋ ਬਿਸ਼ਨੁ ਚਰਨਨ ਅਨੁਰਾਗੀ।
ਜੋ ਨਿਜ ਸੁਤ ਪਰ ਹਿਤ ਕੋ ਚਾਹੀ। ਸੋ ਰਿਪੁ ਸਮ ਲਖਿਯੇ ਮਨ ਮਾਂਹੀ॥੪੮॥

ਆਪਣੇ ਸਾਰੇ ਪਰਿਵਾਰ ਨੂੰ ਛੱਡ ਦਿੱਤਾ ਹੈ ਅਤੇ ਵਿਸ਼ਨੂੰ ਦੇ ਚਰਨਾਂ ਨਾਲ ਪ੍ਰੇਮ ਪਾ ਲਿਆ ਹੈ। ਜਿਹੜਾ ਆਪਣਾ ਪੁੱਤਰ ਕਿਸੇ ਹੋਰ ਦੇ ਹਿਤ ਨੂੰ ਚਾਹੁੰਦਾ ਹੈ, ਉਸ ਨੂੰ ਆਪਣੇ ਮਨ ਵਿਚ ਦੁਸ਼ਮਣ ਸਮਝੀਏ॥ ੪੮॥

ਜੋ ਪਰਸੁਤ ਅਪਨੋ ਹਿਤਕਾਰੀ। ਪੁੱਤ੍ਰ ਸਮਾਨ, ਦਿਜੈ ਸੁਖ ਭਾਰੀ।
ਇਸ ਪ੍ਰਕਾਰ ਸਮਝਹੁ ਮਨ ਮਾਂਹੀ। ਮਾਰਹੁ ਬੇਗ, ਪੁੱਤ੍ਰ ਮਮ ਨਾਂਹੀ ॥੪੯ ॥

ਜਿਹੜਾ ਪਰਾਇਆ ਪੁੱਤਰ ਆਪਣਾ ਹਿਤੂ ਹੋਵੇ, ਉਸ ਨੂੰ ਪੁੱਤਰ ਸਮਾਨ ਸਮਝਣਾ ਚਾਹੀਦਾ ਹੈ, ਉਸ ਨੂੰ ਭਾਰੀ ਸੁੱਖ ਦੇਈਏ। ਇਸ ਤਰ੍ਹਾਂ ਆਪਣੇ ਮਨ ਵਿਚ ਸਮਝੋ, ਇਸ ਨੂੰ ਫੋਰਨ ਮਾਰ ਦੇਵੋ, ਇਹ ਮੇਰਾ ਪੁੱਤਰ ਨਹੀਂ ਹੈ॥ ੪੯ ॥

ਸੁਨੀ ਸੇਵਕਨ ਗਿਰਾ ਕਠੋਰਾ। ਦਾਨਵ ਉਠੇ ਭਯਾਨਕ ਘੋਰਾ।
ਦੀਰਘ ਦਾਂਤ ਤ੍ਰਿਸੂਲਹਿ ਹਾਥਾ। ਤਾਂਬ੍ਰ ਬਰਨ, ਬਿਥੁਰੇ ਕਚ ਮਾਥਾ ॥੫੦ ॥

ਜਦ ਸੇਵਕਾਂ ਨੇ ਇਹ ਕਠੋਰ ਸ਼ਬਦ ਸੁਣੇ, ਤਾਂ ਭਿਆਨਕ ਦੈਂਤ ਉੱਠ ਕੇ ਖੜੇ ਗਏ। ਵੱਡੇ ਵੱਡੇ ਉਨ੍ਹਾਂ ਦੇ ਦੰਦ ਸਨ ਤੇ ਤ੍ਰਿਸੂਲਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਉਨ੍ਹਾਂ ਦੇ ਤਾਂਬੇ ਵਰਗੇ ਰੰਗ ਸਨ ਤੇ ਕੇਸ ਮੱਥੇ ਤੇ ਖਿਲਰੇ ਹੋਏ ਸਨ॥ ੫੦ ॥

ਧਰਹੁ, ਧਰਹੁ, ਮਾਰਹੁ ਕਹਿ ਡਾਟੇ। ਬੇਗ ਸਰੀਰ ਦੇਹੁ ਇਸ ਕਾਟੇ।
ਏਕਹਿ ਬਾਰ ਸ਼ਸਤ੍ਰ ਸਭਿ ਡਾਰੇ। ਖੜਗ ਸ਼ਕਤਿ ਤਿਰਸੂਲਹਿਂ ਮਾਰੇ ॥੫੧ ॥

ਧਰੋ, ਧਰੋ, ਮਾਰੋ ਮਾਰੋ, ਉਹ ਉਚੀ ਉਚੀ ਡਰਾਉਣ ਲੱਗੇ। ਇਸ ਦੇ ਸਰੀਰ ਨੂੰ ਤੁਰੰਤ ਕੱਟ ਦੇਵੋ। ਏਕੇ ਵਾਰ ਸਰਿਆਂ ਨੇ ਸ਼ਸਤਰ ਚਲਾਏ, ਬੜੇ ਜ਼ੋਰ ਨਾਲ ਤਲਵਾਰਾਂ ਅਤੇ ਤ੍ਰਿਸੂਲ ਮਾਰੇ॥ ੫੧॥

ਬਿਫਲ ਪ੍ਰਯਾਸ ਤਿਨਹਿ ਪ੍ਰਭੁ ਖੋਵਾ। ਰੋਮ ਨ ਏਕਹਿ ਬਾਂਕੋ ਹੋਵਾ।
ਏਕੰਕਾਰ ਬਿਮੁਖ ਨਰ ਜੋਊ। ਜਜੋਂ ਤਿਹ ਕ੍ਰਿਯਾ ਬਿਫਲ ਹ੍ਵੈ ਸੋਊ ॥੫੨ ॥

ਉਨ੍ਹਾਂ ਦੇ ਸਾਰੇ ਯਤਨ ਵਿਅਰਥ ਗਏ। ਮੇਰਾ ਇਕ ਵਾਲ ਵਿੰਗਾ ਨਾ ਹੋਇਆ। ਜਿਸ ਦੇ ਮੁੱਖ ਵਿਚ ਏਕੰਕਾਰ ਦਾ ਨਾਂ ਹੈ, ਉਸ ਨੂੰ ਮਾਰਨ ਦੀਆਂ ਸਾਰੀਆਂ ਕ੍ਰਿਆਵਾਂ ਅਸਫਲ ਰਹਿੰਦੀਆਂ ਹਨ॥ ੫੨ ॥

ਦੈਤਰਾਜ ਨਿਜ ਨੈਨਨ ਦੇਖਾ। ਸ਼ੰਕਿਤ ਭਾ ਮਨ ਮਾਂਹਿ ਬਿਸ਼ੇਖਾ।
ਬੋਲਜੋ ਬਚਨ ਮਰਤਿ ਨਹਿ ਐਸੇ। ਔਰ ਉਪਾਵ ਕਰੋ, ਕਹਿ ਜੈਸੇ ॥੫੩ ॥

ਹਿਰਨਾਕਸਪ ਨੇ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ। ਮਨ ਵਿਚ ਬਹੁਤ ਵੱਡਾ ਸ਼ੰਕਾ ਉਤਪੰਨ ਹੋਇਆ। ਉਹ ਬੋਲਿਆ ਜੇ ਇਸ ਤਰ੍ਹਾਂ ਨਹੀਂ ਮਰਦਾ, ਤਾਂ ਮਾਰਨ ਦਾ ਕੋਈ ਹੋਰ ਉਪਾਅ ਕਰੋ॥ ੫੩ ॥

ਗਜ ਆਗੈ ਗਹਿ ਇਹ ਚੀਰਾਵਹੁ। ਸਰਪਨ ਤੇ ਸਭਿ ਅੰਗ ਡਸਾਵਹੁ।
ਜੇ ਕਰਿ ਤਹਿਂ ਤੇ ਹੋਇ ਉਬਾਰਾ। ਮਾਰਹੁ ਬਿਖ ਦੇ ਬੀਚ ਅਹਾਰਾ ॥੫੪ ॥

ਹਾਥੀ ਅੱਗੇ ਫੜ ਕੇ ਇਸ ਨੂੰ ਦੋਫਾੜ ਕਰਵਾ ਦੇਵੋ, ਸੱਪਾਂ ਪਾਸੋਂ ਇਸ ਦੇ ਸਾਰੇ ਅੰਗਾਂ ਤੇ ਡੰਗ ਮਰਵਾਓ। ਜੇ ਫਿਰ ਵੀ ਬਚਿਆ ਰਹੇ ਤਾਂ ਭੋਜਨ ਵਿਚ ਜਹਿਰ ਪਾ ਕੇ ਮਾਰ ਦੇਵੋ॥ ੫੪ ॥

ਸੁਨਿ ਕਰਿ ਕੀਨੇ ਸਰਬ ਉਪਾਈ। ਗਜ, ਅਹਿ, ਬਿਖ ਤੇ ਦੁਖ ਨਹਿੰਗਾਈ।
ਸ੍ਰੀ ਕਰਤਾਰ ਭਯੋ ਰਖਵਾਰਾ। ਕਹੌਂ ਕੌਨ ਤਿਹ ਸਕੈ ਜੁ ਮਾਰਾ ॥ ੫੫ ॥

ਇਹ ਸੁਣ ਕੇ ਉਨ੍ਹਾਂ ਸਰਬ ਉਪਾਅ ਕੀਤੇ। ਹਾਥੀ ਅੱਗੇ ਸੁੱਟਿਆ, ਸੱਪ ਲੜਾਏ ਅਤੇ ਭੋਜਨ ਵਿਚ ਜ਼ਹਿਰ ਵੀ ਪਾਈ। ਜਿਸ ਦਾ ਸ੍ਰੀ ਕਰਤਾਰ ਰਖਵਾਲਾ ਹੋਵੇ, ਭਲਾ ਉਸ ਨੂੰ ਕੋਣ ਮਾਰ ਸਕਦਾ ਹੈ॥ ੫੫॥

ਬਹੁਰੋ ਦੇਹਿ ਬਾਂਧ ਕਹਿ ਮੇਰਾ। ਅਤਿ ਉਤੰਗ ਗਿਰ ਤੇ ਗਹਿ ਗੇਰਾ।
ਬਹੁਤ ਬਾਰ ਲੇ ਬਾਰਿ ਡੁਬਾਯੋ। ਕਰਿ ਪ੍ਰਚੰਡ ਪਾਵਕ ਮਹਿਂ ਪਾਯੋ ॥੫੬ ॥

ਫਿਰ ਮੇਰੇ ਸਰੀਰ ਨੂੰ ਬੰਨ੍ਹ ਕੇ, ਬੜੇ ਉਚੇ ਪਹਾੜ ਤੋਂ ਹੇਠਾਂ ਸੁੱਟਿਆ। ਬਾਰ ਬਾਰ ਫਿਰ ਮੈਨੂੰ ਪਾਣੀ ਵਿਚ ਡੋਬਿਆ ਅਤੇ ਪ੍ਰਚੰਡ ਅਗਨੀ ਬਾਲ ਕੇ ਉਸ ਵਿਚ ਪਾਇਆ॥ ੫੬॥

ਚੌਪਈ- ਕਿਤਕ ਦਿਵਸ ਨਹਿਂ ਦਯੋ ਅਹਾਰੂ। ਮਾਰਨ ਚਹਿਤ ਅਨਿਕ ਪਰਕਾਰੂ।
ਸਭਿ ਉਪਾਇ ਭੇ ਬਾਦ ਤਿਨ੍ਹਕੇ। ਮਨ ਚਿੰਤਾ ਭੀ ਅਧਿਕ ਜਿਨ੍ਹਕੇ ॥੫੭॥

ਕਈ ਦਿਨ ਮੈਨੂੰ ਖਾਣ ਨੂੰ ਕੁਝ ਨਾ ਦਿੱਤਾ। ਮੈਨੂੰ ਅਨੇਕ ਪ੍ਰਕਾਰ ਨਾਲ ਮਾਰਨਾ ਚਾਹੁੰਦੇ ਸਨ। ਸਭ ਪ੍ਰਕਾਰ ਦੇ ਉਪਾਅ ਉਨ੍ਹਾਂ ਕੀਤੇ, ਜਿਨ੍ਹਾ ਦੇ ਮਨ ਵਿਚ ਬਹੁਤ ਚਿੰਤਾ ਸੀ॥ ੫੭॥

ਦੋਹਰਾ- ਹਿਰਨਕਸ਼ਪ ਅਵਲੋਕ ਕੈ ਚਿੰਤਾ ਜਗੀ ਬਿਸਾਲ।
ਸਭਿ ਉੱਦਮ ਨਿਸ਼ਫਲ ਗਏ ਮਾਰਜੋ ਮਰਤਿ ਨ ਬਾਲ॥ ੫੮॥

ਇਹ ਵੇਖ ਕੇ ਹਿਰਨਾਕਸ਼ਪ ਵਿਚ ਬਹੁਤ ਭਾਰੀ ਚਿੰਤਾ ਜਾਗੀ। ਉਸ ਦੇ ਸਾਰੇ ਉੱਦਮ ਭਾਵ ਯਤਨ ਅਸਫਲ ਰਹੇ, ਇਕ ਬਾਲ ਨੂੰ ਮਾਰਨਾ ਚਾਹੁੰਦਾ ਸੀ, ਉਹ ਵੀ ਉਸ ਤੋਂ ਨਾ ਮਾਰਿਆ ਗਿਆ॥ ੫੮॥

ਚੌਪਈ- ਮੈਂ ਭਯਾਨਕ ਕਟੁ ਬਚਨ ਉਚਾਰੇ ॥ਸੁਨਿ ਕਰਿ ਇਹ ਉਰ ਹਰਖ ਅਪਾਰੇ।
ਅਮਿਤ ਪ੍ਰਭਾਵ ਤੇਜ ਨਹਿ ਥੋਰਾ ॥ਨਿਸਚੇ ਅਹੈ ਸ਼ੱਤ੍ਰੂ ਇਹ ਮੋਰਾ ॥੫੯॥

ਮੈਂ ਫਿਰ ਭਿਆਨਕ ਕੌੜੇ ਬਚਨ ਕਹੇ। ਇਹ ਸੁਣਾ ਕੇ ਮੈਂ ਆਪਣੇ ਦਿਲ ਵਿਚ ਬਹੁਤ ਖੁਸ਼ ਹੋਇਆ। ਮੇਰਾ ਬਹੁਤ ਵੱਡਾ ਪ੍ਰਭਾਵ ਸੀ ਅਤੇ ਤੇਜ਼ ਵੀ ਕਿਸ ਤਰ੍ਹਾਂ ਘੱਟ ਨਹੀ ਸੀ। ਮੈਂ ਇਹ ਨਿਸ਼ਚੇ ਕਰ ਲਿਆ ਕਿ ਇਹ ਮੇਰਾ ਵੈਰੀ ਹੈ॥ ੫੯॥

ਇਹ ਸੰਗ ਬਧਯੋ ਬਿਸਾਲ ਬਿਰੋਧਾ। ਮਰਣੋ ਹੋਇ ਹੋਤਿ ਉਰ ਬੋਧਾ।
ਇਸ ਪ੍ਰਕਾਰ ਚਿੰਤਾ ਮੈਂ ਦੀਨਾ। ਸ੍ਰੀ ਹਤਿ ਹੋਯੋ ਬਦਨ ਮਲੀਨਾ ॥੬੦॥

ਇਸ ਪ੍ਰਕਾਰ ਵਿਸ਼ਾਲ ਵਿਰੋਧ ਵੱਧ ਗਿਆ ਅਤੇ ਦਿਲ ਨੂੰ ਇੰਝ ਜਾਪਦਾ ਹੈ ਕਿ ਹੁਣ ਮੇਰੀ ਮੌਤ ਆਈ ਹੈ। ਇਸ ਪ੍ਰਕਾਰ ਚਿੰਤਾ ਨਾਲ ਆਤੁਰ ਹੋ ਗਿਆ। ਸ਼ੋਭਾਹੀਣ ਹੋ ਕੇ ਉਸ ਦਾ ਮੂੰਹ ਮਲੀਨ ਹੋ ਗਿਆ॥ ੬੦॥

ਸ਼ੰਡਾ ਮਰਕਾ ਲਖਿ ਗਤਿ ਤਾਸੂ। ਲੇ ਕਰਿ ਗਏ ਇਕੰਤ ਅਵਾਸੂ।
ਸਮਝਾਵਾ ਕਹਿ ਮਧੁਰੀ ਬਾਨੀ। ਸੁਨਿ ਛਿਤੇਸ਼ ! ਕਸ ਚਿੰਤਾ ਠਾਨੀ ? ॥੬੧॥

ਸ਼ੰਡਾ ਅਤੇ ਮਰਕਾ ਇਹ ਹਾਲਤ ਵੇਖ ਕੇ ਉਸ ਨੂੰ ਇਕਾਂਤ ਘਰ ਵਿਚ ਲੈ ਕੇ ਚਲੇ ਗਏ। ਬੜੀ ਮਿੱਠੀ ਬਾਣੀ ਵਿਚ ਕਹਿ ਕੇ ਸਮਝਾਇਆ ਅਤੇ ਕਿਹਾ ਹੇ ਰਾਜਾ ! ਸੁਣੋ, ਚਿੰਤਾ ਕਿਉਂ ਕਰਦੇ ਹੋ ?॥ ੬੧॥

ਤਵ ਬਿਲੋਕ ਕੈ ਭ੍ਰਿਕੁਟੀ ਬਾਂਕੀ। ਤ੍ਰੈ ਲੋਕਨ ਸੁਧ ਰਹੇ ਨ ਕਾਂਕੀ।
ਸਿਸੁ ਕੀ ਕੇਤਿਕ ਬਾਤ ਜੁ ਦੀਨਾ। ਤੁਮਰੇ ਹੈਂ ਸਭਿ ਲੋਕ ਅਧੀਨਾ ॥੬੨॥

ਤੁਹਾਡੀਆਂ ਟੇਢੀਆਂ ਭਵਾਂ ਵੇਖ ਕੇ, ਤਿੰਨੇ ਲੋਕ ਆਪਣੀ ਸੁਧ ਬੁਧ ਭੁਲ ਜਾਂਦੇ ਹਨ। ਇਕ ਬਾਲਕ ਦੀ ਕੀ ਗੱਲ ਹੈ ਜਿਸ ਕਾਰਨ ਏਨਾ ਆਤੁਰ ਹੋ ਗਏ ਹੋ?॥ ੬੨॥

ਤਜਿ ਚਿੰਤਾ ਇਕ ਸੁਨਹੁ ਉਪਾਈ। ਬਰੁਣਪਾਸ ਸੋਂ ਬਾਂਧਹੁੰ ਲਜਾਈ।
ਸ਼ੁੱਕ੍ਰ ਨਿਕੇਤ ਆਇ ਹੈ ਜੇ ਲੌਂ। ਹਮ ਰਾਖਹਿਂ ਬੰਧੇ ਇਹ ਤੌਲੌਂ ॥੬੩॥

ਚਿੰਤਾ ਛੱਡ ਕੇ ਇਕ ਉਪਾਅ ਸੁਣੋ। ਵਰੁਣ ਦੇ ਫੰਦੇ ਨਾਲ ਮੈਂ ਉਸ ਨੂੰ ਬੰਨ੍ਹ ਲਿਆਉਂਦਾ ਹਾਂ (ਵਰੁਣ ਦਾ ਇਕ ਅਸਤਰ ਹੈ ਜਿਸ ਨੂੰ ਬਰੁਣ ਪਾਸ ਜਾਂ ਨਾਗਪਾਸ਼ ਕਹਿੰਦੇ ਹਨ, ਇਹ ਵੈਰੀਆਂ ਨੂੰ ਬੰਨ੍ਹਣ ਦਾ ਇਕ ਪ੍ਰਕਾਰ ਦਾ ਫੰਦਾ ਹੈ) ਜਦ ਤਕ ਗੁਰੂ ਸ਼ੁਕਰ ਉਸ ਦੇ ਪਾਸ ਨਹੀਂ ਆਉਂਦਾ, ਅਸੀ ਤਦ ਤਕ ਉਸ ਨੂੰ ਬੰਨ੍ਹੀ ਰੱਖਾਂਗੇ॥ ੬੩॥

ਯਾਕੀ ਹ੍ਵੈ ਜਬ ਬੈਸ ਵਡੇਰੀ। ਤਬ ਐਹੈ ਉਰ ਸੁਮਤਿ ਘਨੇਰੀ।
ਸਿੱਛਜਾ ਦੇਇ ਸ਼ੁੱਕ੍ਰ ਪੁਨ ਆਈ। ਰਾਜਨੀਤਿ ਸਭਿ ਲੇਹਿ ਪਢਾਈ ॥੬੪॥

ਜਦ ਇਸ ਦੀ ਵੱਡੀ ਉਮਰ ਹੋ ਜਾਵੇਗੀ, ਤਦ ਇਸ ਦੇ ਦਿਲ ਵਿਚ ਚੰਗੀ ਮੱਤ ਆ ਜਾਵੇਗੀ। ਸੁਕਰ ਆ ਕੇ ਫਿਰ ਇਸ ਨੂੰ ਸਿਖਿਆ ਦੇਵੇਗਾ ਅਤੇ ਸਾਰੀ ਰਾਜਨੀਤੀ ਇਸ ਨੂੰ ਪੜ੍ਹਾ ਦੇਵੇਗਾ॥ ੬੪॥

ਤਿਨ ਤੇ ਸੁਨਿ ਕਰਿ ਅਸ ਦਨੁਜੇਸ਼ਾ। ਮਾਨ ਬਚਨ ਪੁਨ ਦਈ ਨਿਦੇਸ਼ਾ।
ਲੇ ਜਾਵਹੁ ਦਿਢ ਬਾਂਧ ਪਢਾਵਹੁ। ਧਰਮ ਤ੍ਰਿਬਰਗਹਿ ਸਰਬ ਸਿਖਾਵਹੁ॥੬੫॥

ਉਨ੍ਹਾਂ ਦੀ ਇਹ ਗੱਲ ਸੁਣ ਕੇ ਦੈਂਤਾਂ ਦੇ ਰਾਜੇ ਨੇ ਉਨ੍ਹਾਂ ਦੀ ਸਲਾਹ ਨੂੰ ਮੰਨ ਕੇ ਇਹ ਨਿਰਦੇਸ਼ ਦਿੱਤਾ। ਇਸ ਨੂੰ ਬੰਨ੍ਹ ਕੇ ਲੈ ਜਾਵੋ ਅਤੇ ਪੜ੍ਹਾਵੋ। ਧਰਮ, ਅਰਥ ਅਤੇ ਕਾਮ ਸਿਖਾਵੋ ਮੋਖ ਮਾਰਗ ਨਹੀਂ ਸਿਖਾਉਣਾ ਹੈ॥ ੬੫॥

ਸ਼ੰਡੇ ਮਰਕੇ ਬੰਧਨ ਕਰਿਕੈ। ਰਾਖਜੋ ਅੰਤਰ ਮੋਕੋ ਘਰ ਕੈ।
ਆਇ ਆਪਨੋ ਪਾਠ ਪਢਾਵਤਿ। ਤਿਨ ਕੋ ਕਹਜੋ ਨ ਮਨ ਮੈਂ ਭਾਵਤਿ॥੬੬॥

ਸ਼ੰਡੇ ਅਤੇ ਮਰਕੇ ਨੇ ਮੈਨੂੰ ਬੰਨ੍ਹ ਲਿਆ ਅਤੇ ਮੈਨੂੰ ਘਰ ਦੇ ਅੰਦਰ ਰਖਿਆ। ਆਕੇ ਮੈਨੂੰ ਆਪਣਾ ਪਾਠ ਪੜ੍ਹਾਉਂਦੇ ਸਨ, ਪਰ ਉਨ੍ਹਾਂ ਦਾ ਕਿਹਾ, ਮੇਰੇ ਮਨ ਨੂੰ ਚੰਗਾ ਨਹੀਂ ਸੀ ਲੱਗਦਾ॥ ੬੬॥

ਰਾਗ ਦ੍ਵੈਖ ਜਿਹ ਮਾਂਹਿ ਬਿਸਾਲਾ। ਕਿਉਂ ਮਨ ਰੁਚੈ ਜਗਤ ਜੰਜਾਲਾ।
ਸ੍ਰੀ ਕਰਤਾਰ ਚਰਨ ਲਿਵ ਲਾਗੀ। ਅਹਿਨਿਸਿ ਬਿਚ ਬਿਬੇਕ ਅਨੁਰਾਗੀ॥੬੭॥

ਜਿਸ ਜਿੰਦਗੀ ਵਿਚ ਦ੍ਵੈਖ ਪ੍ਰੇਮ ਭਰਿਆ ਹੋਵੇ, ਮੇਰਾ ਮਨ ਅਜਿਹੀ ਜਗਤ ਦੇ ਜੰਜਾਲ ਨਾਲ ਭਰੀ ਜਿੰਦਗੀ ਨਾਲ ਕਿਵੇਂ ਲੱਗ ਸਕਦੀ ਸੀ? ਮੇਰੀ ਤਾਂ ਕਰਤਾਰ ਦੇ ਚਰਨਾਂ ਨਾਲ ਲਿਵ ਲੱਗੀ ਸੀ। ਦਿਨ ਰਾਤ ਮੈਂ ਪ੍ਰਭੂ ਬਿਬੇਕ ਨਾਲ ਪ੍ਰੇਮ ਕਰਦਾ ਸੀ॥੬੭॥

ਜਗਤ ਅਸਾਰ ਸਰਬ ਹੀ ਜਾਨਾ। ਸਿਮਰਨ ਨਾਮ ਸਾਰ ਇਕ ਮਾਨਾ।
ਜਬ ਸੋ ਘਰ ਕੇ ਕਾਜ ਸਿਧਾਵੈਂ। ਤਬ ਦੈਂਤਨ ਕੇ ਬਾਲਿਕ ਆਵੈਂ॥੬੮॥

ਜਗਤ ਦਾ ਆਸਰਾ ਕੇਵਲ ਇਕ ਪ੍ਰਭੂ ਨੂੰ ਜਾਣਿਆ, ਪ੍ਰਭੂ ਦੇ ਇਕ ਨਾਮ ਨੂੰ ਹੀ ਆਪਣਾ ਸਿਮਰਨ ਬਣਾਇਆ ਜਦ ਉਹ ਕੋਈ ਘਰ ਦਾ ਕੰਮ ਕਰਨ ਚਲੇ ਜਾਂਦੇ ਸਨ ਤਦ ਦੈਂਤਾਂ ਦੇ ਬਾਲਕ ਆ ਜਾਂਦੇ ਸਨ॥ ੬੮॥

ਸ਼ੁਭ ਉਪਦੇਸ਼ ਦੇਉਂ ਮੈਂ ਤਾਂਹੂ। ਸੁਨਿ ਕਰਿ ਸੋ ਧਾਰਹਿਂ ਉਰ ਮਾਂਹੂ।
ਬੂਝਹਿਂ ਸੁਨਿ ਕਰਿ ਪ੍ਰਸ਼ਨ ਬਹੋਰੀ। ਜਾਗਹਿ ਤਿਨ ਉਰ ਭਗਤਿ ਨ ਥੋਰੀ ॥੬੯॥

ਮੈਂ ਸਾਰਿਆਂ ਨੂੰ ਆਪਣਾ ਹੀ ਉਪਦੇਸ਼ ਦਿੰਦਾ ਸੀ। ਮੇਰੇ ਉਪਦੇਸ਼ ਨੂੰ ਸੁਣ ਕੇ ਉਹ ਦਿਲ ਵਿਚ ਧਾਰਨ ਕਰ ਲੈਂਦੇ ਸਨ। ਮੇਰੀ ਸਿਖਿਆ ਨੂੰ ਸੁਣ ਕੇ ਉਹ ਬੜੇ ਪ੍ਰਸ਼ਨ ਪੁੱਛਦੇ ਸਨ। ਉਨ੍ਹਾਂ ਦੇ ਮਨਾਂ ਵਿਚ ਭਗਤੀ ਭਾਵਨਾਂ ਘਟ ਨਹੀਂ ਸੀ। ਬਲਕਿ ਬਹੁਤ ਜਿਆਦਾ ਹੋ ਗਈ ਸੀ॥ ੬੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਸਤਾਹਠਮੋ ਅਧਯਾਯ॥ ੬੭॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸਤਾਹਠਵਾਂ ਅਧਿਆਇ, ਜਿਸ ਦਾ ਨਾਮ 'ਪ੍ਰਹਿਲਾਦ ਦੀ ਆਦਿ ਕਥਾ' ਹੈ, ਸਮਾਪਤ ਹੋਇਆ॥ ੬੭॥

# ਅਧਿਆਇ ਅਠਾਹਠਵਾਂ

*ਪ੍ਰਹਿਲਾਦ ਪ੍ਰਸੰਗ।*

ਦੋਹਰਾ- ਸ੍ਰੀ ਗੁਰੁ ਪਗ ਕੇਤਕਿ ਪੁਸ਼ਪ ਪ੍ਰੇਮ ਕੰਟ ਜਿਹ ਸੰਗ॥
ਮਨ ਮਲਿੰਦ ਕੋ ਵੇਧ ਕਰਿ ਕਹੋਂ ਕਥਾ ਸ ਉਮੰਗ॥ ੧॥

ਸ੍ਰੀ ਗੁਰੂ ਜੀ ਦੇ ਚਰਣ ਕੰਵਲ ਕੇਤਕੀ ਦੇ ਫੁਲ ਸਾਮਾਨ ਸੁਗੰਧਿਤ ਹਨ, ਜਿਨ੍ਹਾਂ ਦੇ ਨਾਲ ਪ੍ਰੇਮ ਦਾ ਕੰਡਾ ਹੈ। ਇਸ ਕੰਡੇ ਨਾਲ ਮਨ ਰੂਪੀ ਭੌਰੇ ਨੂੰ ਵਿੰਨ੍ਹ ਕੇ ਹੁਣ ਮੈ ਅਗਲੇਰੀ ਕਥਾ ਉਤਸ਼ਾਹ ਨਾਲ ਕਹਿੰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸੁਨਿ ਸ੍ਰੀ ਅੰਗਦ ਕਥਾ ਪੁਨੀਤਾ। ਕਹਤਿ ਪ੍ਰਹਲਾਦ ਭਯੋ ਜਸ ਰੀਤਾ:-।
'ਦੈਤ ਪੁੱਤ੍ਰ ਜਬ ਢਿਗ ਹ੍ਵੈ ਬੈਸੇਂ। ਤਿਨ ਸੋਂ ਬਚਨ ਸੁਭਗ ਉਪੁਦੇਸ਼ੇ॥੨॥

ਭਾਈ ਬਾਲੇ ਨੇ ਕਿਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਪਵਿੱਤਰ ਕਥਾ ਸੁਣੋ। ਜਿਸ ਰੀਤੀ ਨਾਲ ਪ੍ਰਹਿਲਾਦ ਭਗਤ ਕਹਿੰਦੇ ਹਨ। ਦੈਂਤਾਂ ਦੇ ਪੁੱਤਰ ਜਦ ਮੇਰੇ ਪਾਸ ਆ ਕੇ ਬੈਠ ਜਾਂਦੇ ਸਨ। ਉਨ੍ਹਾਂ ਨੂੰ ਉਪਦੇਸ ਦੇ ਚੰਗੇ ਬਚਨ ਸੁਣਾਉਂਦਾ ਸੀ॥ ੨॥

ਦਨੁਜ ਸੁਤਹੁ ! ਸੁਨਿਯਹਿ ਦੈ ਕਾਨਾ। ਕਰਹੁ ਪ੍ਰਾਨ ਨਿਜ ਕੋ ਕੱਲਜਾਨਾ।
ਇਹ ਤਨ ਦੁਰਲਭ ਜਾਨਹੁ ਭਾਈ। ਪੁਨਿ ਇਸਥਿਰ ਨਹਿਂ ਜਗਤ ਰਹਾਈ॥੩॥

ਮੈਂ ਕਿਹਾ, "ਦੈਂਤਾਂ ਦੇ ਪੁਤਰੋ ! ਕੰਨ ਦੇ ਕੇ ਸੁਣੋ। ਆਪਣੇ ਪ੍ਰਾਣਾਂ ਦਾ ਕਲਿਆਣ ਕਰੋ। ਇਸ ਸਰੀਰ ਨੂੰ ਦੁਰਲੱਭ ਸਮਝੋ, ਇਹ ਜਗਤ ਵਿਚ ਸਦਾ ਸਥਿਰ ਨਹੀਂ ਰਹਿਣਾ॥ ੩॥

ਸੇਵਹੁ ਸ੍ਰੀ ਪਤਿ ਚਰਨ ਸਰੋਜਾ। ਤਜਹੁ ਰਿਦੇ ਤੇ ਮਾਨ ਮਨੋਜਾ।
ਨਿਸਦਿਨ ਸਿਮਰਹੁ ਨਾਮ ਮਹਾਨਾ। ਸਭਿ ਸੁਖਧਾਮ ਕਰਤਿ ਕੱਲਜਾਨਾ॥੪॥

ਦੁਨੀਆਂ ਦੇ ਸਵਾਮੀ ਸ੍ਰੀ ਪ੍ਰਭੂ ਦੇ ਚਰਨਾਂ ਦਾ ਸਿਮਰਨ ਕਰੋ। ਆਪਣੇ ਹਿਰਦੇ ਵਿਚੋਂ ਹੰਕਾਰ, ਕਾਮ ਆਦਿ ਵਿਕਾਰਾਂ ਨੂੰ ਛੱਡੋ। ਦਿਨ ਰਾਤ ਮਹਾਨ ਨਾਮ ਦਾ ਸਿਮਰਨ ਕਰੋ। ਨਾਮ ਸੁਖਾਂ ਦਾ ਘਰ ਹੈ ਅਤੇ ਸਭ ਦਾ ਕਲਿਆਣ ਕਰਦਾ ਹੈ॥ ੪॥

ਤਜਹੁ ਭੋਗ ਹਿਤ ਕਰਨ ਉਪਾਈ। ਇਹ ਸਭਿ ਜੋਨਿ ਵਿਖੇ ਕਰ ਆਈ।
ਸੂਕਰ, ਸ੍ਵਾਨ ਆਦਿ ਪਸੁ ਜੇਊ। ਕਰਮਾਧੀਨ ਪਾਇਂ ਸਭਿ ਤੇਊ॥ ੫॥

ਉਪਾਅ ਕਰਕੇ ਭੋਗ ਨਾਲ ਪ੍ਰੇਮ ਨੂੰ ਛੱਡੋ। ਭੋਗ ਵਿਲਾਸ ਹਰ ਜੂਨ ਵਿਚ ਮਿਲਦਾ ਹੈ। ਸੂਰ, ਕੁੱਤੇ ਆਦਿ ਜਿੰਨੇ ਵੀ ਪਸ਼ੂ ਹਨ, ਕਰਮਾਂ ਅਧੀਨ ਹੋ ਕੇ ਜੂਨਾਂ ਪਾਉਂਦੇ ਹਨ॥ ੫॥

ਇੰਦ੍ਰੀ ਸੁਖ ਪਾਯਤਿ ਸਭਿ ਠੌਰਾ। ਬਿਨ ਪ੍ਰਯਾਸ ਖਗ ਆਦਿ ਜਿ ਔਰਾ।
ਬਿਨ ਸ਼ੰਕਾ ਤੇ ਬਾਸੁਰ ਰਾਤੀ। ਕਾਮ ਚੇਸ਼ਟਾ ਕਰਤਿ ਸੁਹਾਤੀ॥ ੬॥

ਇੰਦਰੀਆਂ ਦੇ ਸੁੱਖ ਸਭ ਪਾਉਂਦੇ ਹਨ। ਪੰਛੀ ਅਤੇ ਹੋਰ ਜਿੰਨੇ ਜਾਨਵਰ ਹਨ ਬਿਨਾਂ ਯਤਨ ਭੋਗ ਬਿਲਾਸ ਕਰਦੇ ਹਨ। ਸ਼ੰਕਾ-ਰਹਿਤ ਹੋ ਕੇ ਉਹ ਦਿਨ ਰਾਤ ਕਾਮ ਚੇਸ਼ਟਾ ਕਰਦੇ ਹਨ॥ ੬॥

ਇਹ ਤਨ ਭਜਨ ਹੇਤੁ ਹੈ ਦੀਨੋ। ਬਾਦ ਨ ਖੋਵਹੁ ਸੁਨਹੁ ਪ੍ਰਬੀਨੋ !।
ਜਿਉਂ ਬਿਨ ਮਾਂਗੇ ਤੇ ਦੁਖ ਆਵੈ। ਤਿਉਂ ਹੀ ਜਤਨ ਬਿਨਾ ਸੁਖ ਪਾਵੈ॥੭॥

ਇਹ ਸਰੀਰ ਕੇਵਲ ਭਜਨ ਕਰਨ ਵਾਸਤੇ ਦਿੱਤਾ ਹੈ ਹੇ ਚਤੁਰ ਬਾਲਕੋ, ਇਸ ਨੂੰ ਫਜ਼ੂਲ ਵਿਚ ਨਾ ਗਵਾਉ। ਜਿਵੇਂ ਦੁੱਖ ਬਿਨਾਂ ਮੰਗਣ ਤੋਂ ਮਿਲ ਜਾਂਦੇ ਹਨ, ਤਿਵੇਂ ਸੁੱਖ ਬਿਨਾਂ ਯਤਨ ਦੇ ਪ੍ਰਾਪਤ ਨਹੀਂ ਹੁੰਦਾ॥ ੭॥

ਤਾਂਤੇ ਭੋਗਨ ਹੇਤੁ ਉਪਾਊ। ਕਰਿਯੇ ਨਹੀਂ ਕਦਾਚਿਤ ਕਾਊ।
ਜਬ ਲੌ ਮ੍ਰਿਤੁ ਨ ਹੋਇ ਸਰੀਰਾ। ਤਬ ਲੌ ਸਿਮਰਹੁ ਗੁਨੀ ਗਹੀਰਾ॥ ੮ ॥

ਦੁਨਿਆਵੀ ਭੋਗਾਂ ਨੂੰ ਭੋਗਨ ਵਾਸਤੇ ਕਦੀ ਵੀ ਕੋਸ਼ਿਸ਼ ਨਾ ਕਰੋ। ਜਦ ਤਕ ਸਰੀਰ ਮਰ ਨਹੀਂ ਜਾਂਦਾ ਤਦ ਤਕ ਗੁਨੀ ਗਹੀਰ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ॥ ੮॥

ਸੁਨਹੁ ਆਰਬਲ ਬਿਤੇ ਜਿ ਹੋਤੇ। ਅਰਧ ਜਾਨ ਨਿੰਦ੍ਰਾ ਬਸਿ ਸੋਤੇ।
ਬਾਲਿਕ ਮੁਗਧ ਬੁੱਧਿ ਮਹਿਂ ਕੇਤੀ। ਸੁਧ ਬਿਹੀਨ ਬੀਤਹਿ ਸਭਿ ਤੇਤੀ॥੯ ॥

ਸੁਣੋ ! ਜਿਸ ਤਰ੍ਹਾਂ ਉਮਰ ਬੀਤ ਰਹੀ ਹੈ, ਉਸ ਵਿਚੋਂ ਅੱਧੀ ਉਮਰ ਅਸੀ ਸੌਂ ਕੇ ਹੀ ਗੁਜ਼ਾਰ ਦਿੰਦੇ ਹਾਂ। ਬਚਪਨ ਵਿਚ ਕਿੰਨੀ ਉਮਰ ਅਨਜਾਣਪੁਣੇ ਵਿਚ ਹੀ ਗੁਜ਼ਾਰ ਦਿੰਦੇ ਹਾਂ। ਉਹ ਸੋਝੀ ਤੋਂ ਬਗੈਰ ਬੀਤ ਜਾਂਦੀ ਹੈ॥ ੯॥

ਭਯੋ ਤਰੁਨ ਤਰੁਨੀ ਤਬ ਜੀਤਾ। ਦਰਬ ਕਮਾਵਨ ਚਿੰਤਾ ਚੀਤਾ।
ਜਰਾ ਗ੍ਰਸਤ ਬਹੁਰੋ ਭਾ ਪ੍ਰਾਨੀ। ਇੰਦ੍ਰੀ ਸਿਥਲ ਸੁਮਤਿ ਬਿਕੁਲਾਨੀ॥੧੦॥

ਜਦ ਜਵਾਨ ਹੁੰਦਾ ਹੈ ਤਾਂ ਇਸਤਰੀ ਨੇ ਜਿੱਤ ਲਿਆ। ਧਨ ਕਮਾਉਣ ਲਈ ਚਿੰਤਾ ਕਰਨ ਲੱਗਾ। ਬਾਅਦ ਵਿਚ ਪ੍ਰਾਣੀ ਨੂੰ ਬੁਢੇਪਾ ਗ੍ਰੱਸ ਲੈਂਦਾ ਹੈ। ਇੰਦਰੀਆਂ ਢਿੱਲੀਆਂ ਪੈ ਜਾਂਦੀਆਂ ਹਨ ਅਤੇ ਬੁਧੀ ਵਿਆਕੁਲ ਹੋ ਜਾਂਦੀ ਹੈ॥ ੧੦॥

ਗ੍ਰਿਹਾਸ਼ਕਤਿ ਮਹਿਂ ਮੋਹ ਬਿਸਾਲਾ। ਪੋਖਣ ਕੁਟੰਬ ਬਿਤਾਯੋ ਕਾਲਾ।
ਰਜੁ ਸਨੇਹ ਪਰਵਾਰ ਬੰਧਾਨਾ। ਛੁਟਨੋ ਕਠਨ ਬਿਨਾ ਗੁਰ ਗਯਾਨਾ॥੧੧॥

ਬੁਢਾ ਹੋਣ ਕਰਕੇ ਸਾਰਿਆਂ ਨਾਲ ਬੋਲ ਬੋਲ ਕੇ ਮੋਹ ਕਰਦਾ ਹੈ ਭਾਵ ਬੁੱਢੇ ਮਨੁੱਖ ਨੂੰ ਮੱਤਾਂ ਦੇਣ ਦਾ ਬੜਾ ਚੇਟਕ ਹੁੰਦਾ ਹੈ। ਘਰ ਦੇ ਮੋਹ ਵਿਚ ਬਹੁਤ ਰੁੱਝ ਜਾਂਦਾ ਹੈ। ਪਰਿਵਾਰ ਦੇ ਪਿਆਰ ਦੀ ਰੱਸੀ ਵਿਚ ਬੱਝ ਜਾਂਦਾ ਹੈ। ਗੁਰੂ ਦੇ ਗਿਆਨ ਤੋਂ ਬਗੈਰ ਛੁਟਕਾਰਾ ਨਹੀਂ ਹੁੰਦਾ॥ ੧੧॥

ਪ੍ਰਭੁ ਕਰੁਨਾ ਤੇ ਹੋਇ ਵਿਰਾਗਾ। ਮੋਹ ਕੁਟੰਬਹਿ ਕਰਹਿ ਤਯਾਗਾ।
ਜਗਤ ਅਸਾਰ ਜਾਨਿ ਕਰਿ ਸਭਿਹੀ। ਗੁਰ ਉਪਦੇਸ਼ ਗਹੈ ਦਿੜ੍ਹ ਤਬਹੀ॥੧੨॥

ਪ੍ਰਭੂ ਦੀ ਕਿਰਪਾ ਨਾਲ ਵਿਰਾਗ ਪੈਦਾ ਹੁੰਦਾ ਹੈ ਤੇ ਫਿਰ ਮਨੁੱਖ ਪਰਿਵਾਰ ਦੇ ਮੋਹ ਨੂੰ ਛੱਡ ਦਿੰਦਾ ਹੈ। ਜਗਤ ਦੇ ਸਭ ਮਨੁੱਖਾਂ ਅਤੇ ਜੀਵਾਂ ਨੂੰ ਆਪਣਾ ਸਮਝ ਲੈਂਦਾ ਹੈ। ਗੁਰੂ ਦੇ ਉਪਦੇਸ਼ ਨਾਲ ਫਿਰ ਦ੍ਰਿੜ੍ਹਤਾ ਨੂੰ ਫੜ ਲੈਂਦਾ ਹੈ॥ ੧੨॥

ਆਤਮ ਪੂਰਨ ਜਹਿਂ ਕਹਿਂ ਦੇਖੀ। ਨਿਜ ਸਰੂਪ ਕੋ ਲਖਹਿ ਵਿਸ਼ੇਖੀ।
ਮਨ ਕੀ ਬਿਰਤਿ ਟਿਕੇ ਸੁਖ ਰਾਸਾ। ਨਿਸ਼ਚਲ ਹੋਵੈ ਦਿੜ੍ਹ ਅੱਭਯਾਸਾ॥੧੩॥

ਪੂਰਨ ਆਤਮਾ ਨੂੰ ਵੇਖਦਾ ਹੈ ਅਤੇ ਆਪਣੇ ਸਰੂਪ ਨੂੰ ਚੰਗੀ ਤਰ੍ਹਾਂ ਪਹਿਚਾਣਦਾ ਹੈ। ਮਨ ਦੀ ਬਿਰਤੀ ਸੁਖਾਂ ਦੀ ਰਾਸ ਭਾਵ ਪ੍ਰਭੂ ਵਿਚ ਟਿਕ ਜਾਂਦੀ ਹੈ ਅਤੇ ਦ੍ਰਿੜ੍ਹ ਅਭਿਆਸ ਨਿਸ਼ਚਲ ਹੋ ਜਾਂਦਾ ਹੈ॥ ੧੩॥

ਦੈਂਤ ਪੁੱਤ੍ਰ ਸੁਨਿ ਗਿਰਾ ਉਚਾਰੀ। ਹਮਹਿਂ ਬਤਾਇ ਬਾਤ ਇਹ ਸਾਰੀ।
ਅਸ ਤੁਮ ਗਯਾਨ ਕਹਾਂ ਤੇ ਪਾਵਾ ?। ਸਰਬਹਿ ਸਾਰ ਅਸਾਰ ਲਖਾਵਾ॥੧੪॥

ਦੈਂਤਾਂ ਦੇ ਪੁੱਤਰ ਨੇ ਇਹ ਸੁਣ ਕੇ ਕਿਹਾ, "ਸਾਨੂੰ ਇਹ ਸਾਰੀ ਗੱਲ ਦਸੋ। ਇਸ ਤਰ੍ਹਾਂ ਦਾ ਗਿਆਨ ਤੁਸੀਂ ਕਿਥੋਂ ਪ੍ਰਾਪਤ ਕੀਤਾ ਹੈ ? ਕੀ ਸਾਰ ਹੈ ਅਤੇ ਕੀ ਅਸਾਰ ਹੈ, ਤੂੰ ਸਾਰੀ ਗੱਲ ਕਿਵੇਂ ਸਮਝ ਲਈ ਹੈ ?॥ ੧੪॥

ਹਮ ਤੁਮ ਪਢਤਿ ਗੁਰੂ ਇਕ ਪਾਹੀ। ਅਪਰ ਨਿਕਟ ਗਮਨੇ ਕਬ ਨਾਂਹੀ।
ਔਰ ਨ ਕੋ ਆਵਾ ਇਹ ਥਾਨਾ। ਕਬਹੂੰ ਨਹਿ ਸਤਿਸੰਗ ਮਿਲਾਨਾ॥੧੫॥

ਅਸੀ ਸਾਰੇ ਇਕ ਗੁਰੂ ਪਾਸ ਪੜ੍ਹਦੇ ਹਾਂ, ਕਿਸੇ ਦੂਸਰੇ ਦੇ ਪਾਸ ਕਦੇ ਗਏ ਨਹੀ। ਕੋਈ ਹੋਰ ਵਿਅਕਤੀ ਕਦੇ ਇਸ ਥਾਂ ਆਇਆ ਨਹੀਂ ਅਤੇ ਕਦੇ ਸਤਿਸੰਗ ਵੀ ਨਹੀਂ ਕੀਤਾ ਹੈ ਅਤੇ ਨਾ ਕਦੇ ਕਿਸੇ ਹੋਰ ਮੇਲ ਹੋਇਆ ਹੈ॥ ੧੫॥

ਔਰ ਨ ਆਯੋ, ਤੂੰ ਨਹਿ ਗਯੋ। ਐਸੋ ਗਯਾਨ ਕਹਾਂ ਤੇ ਭਯੋ?।
ਇਹ ਸੰਸਾ ਉਰ ਦੇਹੁ ਮਿਟਾਈ। ਤਿਨ ਤੇ ਸੁਨਿ ਮੈਂ ਗਿਰਾ ਅਲਾਈ॥੧੬॥

ਹੋਰ ਕੋਈ ਆਇਆ ਨਹੀਂ ਅਤੇ ਤੂੰ ਕਦੇ ਕਿਤੇ ਗਿਆ ਨਹੀਂ ਹੈਂ। ਤੂੰ ਇਸ ਤਰ੍ਹਾਂ ਦਾ ਗਿਆਨ ਕਿਥੋਂ ਪ੍ਰਾਪਤ ਕੀਤਾ ਹੈ ? ਸਾਡੇ ਦਿਲ ਦੀ ਇਹ ਸ਼ੰਕਾ ਮਿਟਾ ਦੇਵੋ। ਉਨ੍ਹਾਂ ਦੀ ਇਹ ਗੱਲ ਸੁਣ ਕੇ ਮੈਂ ਬੋਲਿਆ॥ ੧੬॥

ਜਬ ਮਮ ਪਿਤ ਤਪ ਹੇਤ ਪਧਾਰਾ। ਮੰਦ੍ਰਾਚਲ ਪਰ ਹਠ ਵਡ ਧਾਰਾ।
ਸੁਨਿ ਕਰਿ ਸ਼੍ਰੋਨ ਸੁਰਨ ਸੰਮੂਹਾ। ਸੈਨ ਬਟੋਰੀ ਕੀਨੀ ਬਜੂਹਾ॥੧੭॥

ਜਦ ਮੇਰੇ ਪਿਤਾ ਜੀ ਤੱਪ ਕਰਨ ਗਏ ਸਨ ਤਾਂ ਉਨ੍ਹਾਂ ਮੰਦ੍ਰਾਚਲ ਪਹਾੜ ਤੇ ਜਾ ਕੇ ਵੱਡਾ ਹੱਠ ਧਾਰਨ ਕੀਤਾ ਸੀ। ਇਹ ਗੱਲ ਜਦ ਸਾਰਿਆਂ ਦੇਵਤਿਆਂ ਸੁਣੀ ਤਾਂ ਉਨ੍ਹਾਂ ਆਪਣੀ ਸਾਰੀ ਫੌਜ ਇੱਕਠੀ ਕਰਕੇ ਤਰਤੀਬਵਾਰ ਕੀਤੀ॥ ੧੭॥

ਹਰਖ ਪਰਸਪਰ ਬਚਨ ਬਖਾਨਾ। ਦਾਨਵ ਕੁਲ ਕੋ ਕਰਹੁ ਨਿਦਾਨਾ।
ਬਿਨ ਪ੍ਰਯਾਸ ਰਨੁਜੇਸ਼ ਨਸਾਨਾ। ਜਿਮ ਪਪੀਲਕਾ ਅਹਿ ਕਿਯ ਹਾਨਾ॥੧੮॥

ਉਨ੍ਹਾਂ ਸਾਰਿਆਂ ਖੁਸ਼ ਹੋ ਕੇ ਇਹ ਬਚਨ ਕਿਹਾ, ''ਦਾਨਵ ਕੁੱਲ ਦਾ ਨਾਸ਼ ਕਰ ਦੇਵੋ।'' ਉਨ੍ਹਾਂ ਸੋਚਿਆ ਕਿਸੇ ਯਤਨ ਤੋਂ ਬਗੈਰ ਦੈਂਤਾਂ ਦੇ ਰਾਜੇ ਦਾ ਨਾਸ਼ ਹੋ ਜਾਵੇਗਾ। ਜਿਵੇਂ ਕੀੜੀਆਂ ਸੱਪ ਦਾ ਨਾਸ਼ ਕਰ ਦਿੰਦੀਆਂ ਹਨ॥ ੧੮॥

ਕਟਕ ਬਟੋਰ ਆਨਿ ਰਜਧਾਨੀ। ਮੰਡਜੋ ਜੁੱਧ ਕ੍ਰੁੱਧ ਕਰਿ ਮਾਨੀ।
ਦਾਨਵ ਮਿਲਿ ਇਕ ਠਾ ਤਿਹ ਕਾਲਾ। ਦਾਰੁਨ ਸੰਘਰ ਕੀਨ ਬਿਸਾਲਾ॥੧੯॥

ਕਰੋੜਾਂ ਫੌਜਾਂ ਲੈ ਕੇ ਉਹ ਰਾਜਧਾਨੀ ਆ ਗਏ ਅਤੇ ਮਨ ਵਿਚ ਵੱਡਾ ਕ੍ਰੋਧ ਧਾਰਨ ਕਰਕੇ ਯੁੱਧ ਛੇੜ ਦਿੱਤਾ। ਉਸ ਸਮੇ ਸਾਰੇ ਦੈਂਤ ਵੀ ਮਿਲ ਕੇ ਇਕ ਥਾਂ ਇੱਕਠੇ ਹੋ ਗਏ ਅਤੇ ਉਨ੍ਹਾਂ ਨੇ ਭਿਆਨਕ ਯੁੱਧ ਕੀਤਾ॥ ੧੯॥

ਗਦਾ ਤ੍ਰਿਸੂਲਨ ਗਿਰ ਤਰੁ ਭਾਰੇ। ਏਕਹਿ ਬਾਰ ਸੁਰਨ ਪਰ ਡਾਰੇ।
ਤੇ ਬਚਾਇ ਇੰਦਰ ਕਰਿ ਕ੍ਰੋਧਾ। ਲੇ ਕਰਿ ਸੰਗ ਸਰਬ ਨਿਜ ਜੋਧਾ॥੨੦॥

ਦੈਂਤਾ ਨੇ ਗੁਰਜ, ਤ੍ਰਿਸ਼ੂਲ, ਪਹਾੜ ਅਤੇ ਭਾਰੀ ਦਰੱਖਤ ਇਕੋ ਵਾਰ ਦੇਵਤਿਆਂ ਉਤੇ ਸੁੱਟ ਦਿੱਤੇ। ਉਨ੍ਹਾਂ ਨੂੰ ਫਿਰ ਇੰਦਰ ਨੇ ਕ੍ਰੋਧ ਕਰਕੇ ਆਪਣੇ ਸਾਰੇ ਯੋਧੇ ਨਾਲ ਲੈ ਕੇ ਬਚਾਇਆ॥ ੨੦॥

ਬੱਜ੍ਰ ਹਤਨ ਕਿਯ ਦੈਂਤ ਬਿਹਾਲਾ। ਭਾਜੇ ਉਰ ਧਰਿ ਤ੍ਰਾਸ ਬਿਸਾਲਾ।
ਪੁੱਤ੍ਰ ਕਲਿੱਤ੍ਰ ਨ ਮਿੱਤ੍ਰ ਸੰਭਾਰਾ। ਪ੍ਰਾਨ ਬਚਾਵਨ ਹੇਤ ਵਿਚਾਰਾ॥੨੧॥

ਇੰਦਰ ਦੇ ਸ਼ਸਤਰ ਬਜਰ ਨੇ ਮਾਰ ਮਾਰ ਕੇ ਦੈਂਤ ਬੇਹਾਲ ਕਰ ਦਿੱਤੇ। ਬਹੁਤ ਡਰ ਕੇ ਤ੍ਰਾਹ ਤ੍ਰਾਹ ਕਰਦੇ ਭੱਜ ਉਠੇ। ਪੁੱਤਰ, ਇਸਤਰੀਆਂ ਅਤੇ ਮਿੱਤਰਾਂ ਨੂੰ ਵੀ ਸੰਭਾਲ ਨਾ ਸਕੇ। ਉਹ ਆਪਣੇਂ ਪ੍ਰਾਣ ਬਚਾਉਣ ਵਾਸਤੇ ਹੀ ਸੋਚ ਰਹੇ ਸਨ॥ ੨੧॥

ਚੌਪਈ- ਪਾਇ ਬਿਜੈ ਕੋ ਅਧਿਕ ਪੁਰੰਦਰ। ਦੈਤ ਰਾਜ ਕੇ ਆਵਾ ਅੰਦਰ।
ਸਭਿ ਦਾਨਵ ਕੀ ਸੈਨ ਨਿਖੁਟੀ। ਹਰਖਤਿ ਹ੍ਵੈ ਮੁਲਤਾਨ ਸੁ ਲੂਟੀ॥੨੨॥

ਬੜੀ ਵੱਡੀ ਜਿੱਤ ਪ੍ਰਾਪਤ ਕਰਕੇ, ਇੰਦਰ ਫਿਰ ਦੈਂਤਾਂ ਦੇ ਰਾਜੇ ਦੇ ਅੰਦਰ ਆਇਆ। ਦਾਨਵਾਂ ਦੀ ਸਾਰੀ ਸੈਨਾ ਦਾ ਨਾਸ਼ ਕਰ ਦਿੱਤਾ ਅਤੇ ਪ੍ਰਸੰਨ ਹੋ ਕੇ ਹਰਨਾਖਸ਼ਪ ਦੀ ਰਾਜਧਾਨੀ ਮੁਲਤਾਨ ਨੂੰ ਲੁੱਟ ਲਿਆ॥ ੨੨॥

ਮਮ ਮਾਤਾ ਕੋ ਗਹਿ ਅਸੁਰਾਰੀ। ਲੇਕਰਿ ਗਮਨੇ ਨਿਜ ਸੰਗਾਰੀ।
ਸਹਿਜ ਸੁਭਾਇ ਚਲੇ ਮਗ ਜਾਈ। ਨਾਰਦ ਮੁਨਿ ਮਿਲਿਓ ਤਬ ਆਈ ॥੨੩॥

ਦੈਂਤਾਂ ਦੇ ਵੈਰੀ ਭਾਵ ਇੰਦਰ ਨੇ ਮੇਰੀ ਮਾਤਾ ਨੂੰ ਫੜ ਲਿਆ ਅਤੇ ਲੈ ਕੇ ਆਪਣੇਂ ਘਰ ਚਲਾ ਗਿਆ। ਸਹਿਜ ਸੁਭਾਅ ਜਦੋਂ ਲੈ ਕੇ ਰਾਹੇ ਰਾਹ ਜਾ ਰਿਹਾ ਸੀ ਤਾਂ ਰਸਤੇ ਵਿਚ ਉਸਨੂੰ ਨਾਰਦ ਮਿਲਿਆ॥ ੨੩॥

ਪਿਖਿ ਕਰਿ ਰਿਖਿ ਉਰ ਉਪਜੀ ਦਾਯਾ। ਕਹਿਨ ਲਗਯੋ ਤਬ-ਹੇ ਸੁਰ ਰਾਯਾ!।
ਬਿਨ ਅਪਰਾਧ ਨਾਰ ਗਹਿ ਆਨੀ। ਤਜਹੁ ਬੇਗ ਮਾਨਹੁ ਮਮ ਬਾਨੀ ॥੨੪॥

ਮੇਰੀ ਮਾਤਾ ਨੂੰ ਵੇਖ ਕੇ ਰਿਖੀ ਦੇ ਮਨ ਵਿਚ ਦਇਆ ਆਈ ਅਤੇ ਉਸ ਕਿਹਾ, "ਹੇ ਦੇਵਤਿਆਂ ਦੇ ਰਾਜੇ ! ਬਿਨਾਂ ਕਿਸੇ ਕਸੂਰ ਦੇ ਇਹ ਨਾਰੀ ਫੜ ਲਿਆਂਦੀ ਹੈ, ਇਸ ਨੂੰ ਫੌਰਨ ਛੱਡ ਦੇਵੋ ਤੇ ਮੇਰੀ ਗੱਲ ਮੰਨੋ॥ ੨੪॥

ਸੁਨਤਿ ਸ਼੍ਰੋਨ ਬੋਲਯੋ ਪੁਰਹੂਤਾ। ਇਸਕੇ ਗਰਭ ਬਲੀ ਹੈ ਪੂਤਾ।
ਜਨਮਤਿ ਹੀ ਮਾਰੌਂ ਮੈਂ ਤਾਂਹੀ। ਗਹਿ ਆਨੀ ਬਨਿਤਾ ਹਿਤ ਯਾਂਹੀ ॥੨੫॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਇੰਦਰ ਬੋਲਿਆ, ਇਸ ਦੇ ਪੇਟ ਵਿਚ ਇਕ ਬਲਵਾਨ ਪੁੱਤਰ ਹੈ। ਜੰਮਦੇ ਨੂੰ ਹੀ ਮੈਂ ਮਾਰ ਦੇਵਾਂਗਾ, ਇਸ ਕਰਕੇ ਮੈਂ ਇਹ ਔਰਤ ਫੜ ਲਿਆਂਦੀ ਹੈ॥ ੨੫॥

ਨਾਰਦ ਕਹਤਿ-ਸੁਨਹੁ ਸੁਰਰਾਈ!। ਤਿਸ ਕੋ ਪੁਤ੍ਰ ਨ ਮਾਰਯੋ ਜਾਈ।
ਹੈ ਹਰਿਭਗਤ ਸੁ ਆਤਮ ਗ੍ਯਾਨੀ। ਅਸ ਕੋ ? ਕਰੈ ਤਾਸ ਕੀ ਹਾਨੀ ॥੨੬॥

ਨਾਰਦ ਨੇ ਕਿਹਾ, "ਹੇ ਦੇਵਤਿਆਂ ਦੇ ਰਾਜੇ ! ਸੁਣੋ, ਉਸ ਦੇ ਪੁੱਤਰ ਨੂੰ ਮਾਰਿਆ ਨਹੀ ਜਾ ਸਕਦਾ। ਉਹ ਹਰੀ ਦਾ ਭਗਤ ਤੇ ਆਤਮ ਗਿਆਨੀ ਹੋਵੇਗਾ। ਐਸਾ ਕੌਣ ਹੈ ? ਜਿਹੜਾ ਉਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ॥ ੨੬॥

ਤੁਮਰੇ ਸਹਿਤ ਅਪਰ ਜੋ ਦੇਵਾ। ਹਨਿ ਨ ਸਕੈਂ ਤਤਪਰ ਹਰਿ ਸੇਵਾ।
ਮਾਨ ਪੁਰੰਦਰ ਭੈ ਉਰ ਮਾਂਹੀ। ਰਿਖਿ ਕੇ ਕਹੇ ਛਾਡ ਦਿਯ ਤਾਂਹੀ ॥੨੭॥

ਤੁਹਾਡੇ ਸਮੇਤ ਜਿਹੜੇ ਦੂਸਰੇ ਦੇਵਤੇ ਹਨ ਉਹ ਉਸ ਨੂੰ ਮਾਰ ਨਹੀ ਸਕਦੇ ਹਨ, ਜਿਹੜਾ ਹਰੀ ਦੇ ਸੇਵਾ ਵਿਚ ਲੱਗਾ ਹੈ। ਇਹ ਸੁਣ ਕੇ ਇੰਦਰ ਆਪਣੇ ਦਿਲ ਵਿਚ ਬਹੁਤ ਡਰਿਆ ਅਤੇ ਨਾਰਦ ਰਿਖੀ ਦੇ ਕਹਿਣ ਤੇ ਮੇਰੀ ਮਾਤਾ ਜੀ ਨੂੰ ਛੱਡ ਦਿੱਤਾ।

ਭਗਤ ਨਾਮ ਸੁਨਿ ਬੰਦਨ ਕੀਨੀ। ਚਹੁੰ ਦਿਸ਼ਿ ਤੀਨ ਪ੍ਰਦੱਖਨ ਦੀਨੀ।
ਤਿਹ ਛਿਨ ਕਰੁਨਾ ਕਰਿ ਮੁਨਿਰਾਯਾ। ਕਹਿ ਹਿਤ ਸੋਂ ਨਿਜ ਆਸ਼੍ਰਮ ਲਯਾਯਾ ॥੨੮॥

ਭਗਤ ਨਾਮ ਸੁਣ ਕੇ ਇੰਦਰ ਨੇ ਨਮਸ਼ਕਾਰ ਕੀਤੀ ਅਤੇ ਚਾਰੇ ਪਾਸੇ ਤਿੰਨ ਪਰਿਕਰਮਾਂ ਕੀਤੀਆਂ। ਉਸ ਵੇਲੇ ਨਾਰਦ ਮੁਨੀ ਕਿਰਪਾ ਕਰਕੇ ਮੇਰੀ ਮਾਤਾ ਜੀ ਨੂੰ ਆਪਣੇਂ ਆਸ਼ਰਮ ਵਿਚ ਲੈ ਆਇਆ॥ ੨੮॥

ਚੌਪਈ- ਹੇ ਪੁੱਤ੍ਰੀ ਰਹਿਯੇ ਇਸ ਥਾਨਾ। ਜਬ ਲਗ ਤਵ ਪਤਿ ਨਹੀਂ ਮਿਲਾਨਾ।
ਤਬ ਲਗ ਸਭਿ ਤੇ ਨਿਰਭੈ ਪਾਈ। ਰਹੋ ਰਿਖਿਨਿ ਢਿਗ ਚਿੰਤ ਬਿਹਾਈ ॥੨੯॥

ਨਾਰਦ ਮੁਨੀ ਨੇ ਕਿਹਾ, "ਤੂੰ ਹੁਣ ਇਸ ਥਾਂ ਹੀ ਰਹੋ। ਜਦੋਂ ਤਕ ਤੇਰਾ ਪਤੀ ਤੈਨੂੰ ਨਹੀ ਮਿਲਦਾ, ਤਦ ਤਕ ਸਭ ਤੋਂ ਨਿਰਭੈ ਹੋ ਜਾਵੇ ਅਤੇ ਰਿਖੀਆਂ ਪਾਸ ਰਹਿ ਕੇ ਚਿੰਤਾ ਨੂੰ ਦੂਰ ਕਰੋ॥ ੨੯॥

ਸੁਨਿ ਕਰਿ ਸਭਿ ਦੁਖ ਚਿੰਤਾ ਭਾਗੀ। ਹਿਤ ਧਰਿ ਰਿਖਿਨਿ ਸੇਵ ਕੋ ਲਾਗੀ।
ਇਸ ਪ੍ਰਕਾਰ ਬੀਤਯੋ ਕਿਤ ਕਾਲਾ। ਮੁਝ ਉਪਦੇਸ਼ਯੋ ਗ੍ਯਾਨ ਬਿਸਾਲਾ ॥੩੦॥

ਇਹ ਸੁਣ ਕੇ ਸਭ ਚਿੰਤਾ ਅਤੇ ਦੁਖ ਦੂਰ ਹੋ ਗਏ। ਪ੍ਰੇਮ ਧਾਰਨ ਕਰਕੇ ਰਿਖੀਆਂ ਦੀ ਸੇਵਾ ਕਰਨ ਲੱਗੀ। ਇਸ ਤਰ੍ਹਾਂ ਜਦ ਕਾਫੀ ਸਮਾਂ ਬੀਤ ਗਿਆ ਤਾਂ ਮੈਨੂੰ ਵਿਸ਼ਾਲ ਗਿਆਨ ਉਪਦੇਸ਼ ਦਿੱਤਾ॥ ੩੦॥

ਰਹੀ ਨ ਸੁਧ ਮਾਤਾ ਕੋ ਜਬਕੀ। ਰਿਦੇ ਭਗਤਿ ਧਾਰੀ ਮੈਂ ਤਬਕੀ।
ਸੋ ਅਬ ਤੁਮ ਸੋਂ ਕਹਿਤਿ ਸੁਨਾਈ। ਕਰਹੁ ਸਦੀਵ ਬਿਕਾਰ ਬਿਹਾਈ ॥੩੧॥

ਉਸ ਸਮੇਂ ਦੀ ਮੇਰੀ ਮਾਤਾ ਜੀ ਨੂੰ ਕੋਈ ਸੋਝੀ ਨਹੀਂ ਰਹੀ ਹੈ, ਜਦ ਮੈਂ ਆਪਣੇ ਹਿਰਦੇ ਵਿਚ ਭਗਤੀ ਧਾਰਨ ਕੀਤੀ ਹੋਈ ਸੀ। ਮੈਂ ਹੁਣ ਤੁਹਾਨੂੰ ਕਹਿ ਕੇ ਸਣਾਈ ਹੈ। ਇਸ ਲਈ ਵਿਕਾਰ ਨਾਸ਼ ਕਰਕੇ ਪ੍ਰਭੂ ਦੀ ਭਗਤੀ ਕਰੋ॥ ੩੧॥

ਖਟ ਬਿਕਾਰ ਆਤਮ ਮਹਿਂ ਨਾਂਹੀ। ਲਖਿਯੇ ਸਰਬ ਸ਼ਰੀਰਨਿ ਮਾਂਹੀ।
ਜਨਮ, ਅਸਤ, ਅਰ ਬ੍ਰਿੱਧ, ਪ੍ਰਣਾਮਾ। ਖੀਣ ਹੋਣ, ਮਰਨੋ ਦੁਖ ਧਾਮਾ ॥੩੨॥

ਆਤਮਾ ਵਿਚ ਕੋਈ ਛਿੱਕਾ ਵਿਕਾਰ ਨਹੀਂ ਹੁੰਦਾ ਹੈ, ਇਹ ਸਭ ਸਰੀਰਾਂ ਵਿਚ ਸਮਾਨ ਜਾਣੋ। ਜਨਮ, ਇਹ ਸਥਿਤੀ, ਬੁਢੇ ਹੋਣਾ ਅਤੇ ਬਦਲ ਜਾਣਾ ਇਹ ਸਰੀਰਕ ਚੱਕਰ ਹੈ। ਕਮਜ਼ੋਰ ਹੋਣਾ ਅਤੇ ਮਰਨਾ ਸਭ ਦੁੱਖਾਂ ਦੇ ਘਰ ਹਨ॥ ੩੨॥

ਆਤਮ ਇਨ ਤੇ ਰਹਿਦੀ ਨਯਾਰੋ। ਜਯੋਂ ਜਲ ਕਮਲ ਦਲਨ ਨਿਰਧਾਰੋ।
ਸ਼ੁੱਧ ਬਯਾਪਕ ਅਵਜਯ ਸੋਊ। ਸਰਬ ਸ਼ਰੀਰਨ ਆਸ਼੍ਰਯ ਜੋਊ ॥੩੩॥

ਆਤਮਾ ਇਨ੍ਹਾਂ ਤੋਂ ਨਿਆਰੀ ਰਹਿੰਦੀ ਹੈ, ਜਿਵੇਂ ਕੰਵਲ ਦੇ ਪੱਤੇ ਜਲ ਤੋਂ ਬਗੈਰ ਨਿਰਣੈ ਕਰੋ। ਆਤਮਾ ਸਦਾ ਸ਼ੁੱਧ, ਪਰੀਪੂਰਨ ਅਤੇ ਇਕ ਰਸ ਰਹਿੰਦੀ ਹੈ। ਸਾਰੇ ਸਰੀਰਾਂ ਦਾ ਇਹ ਆਸਰਾ ਹੈ॥ ੩੩॥

ਸੱਤਜ, ਸਦੀਵ, ਅਨੰਦ ਅਨੂਪਾ। ਸੋ ਤੁਮ ਜਾਨੋ ਅਪਨ ਸ੍ਵਰੂਪਾ।
ਨੱਸ੍ਵਰ ਦੇਹਿ ਪਦਾਰਥ ਜੇਤੇ। ਮੈਂ ਮੇਰੀ ਤਜਿ ਦੇਹੁ ਇਨੇ ਤੇ ॥੩੪॥

ਆਪਣਾ ਸਰੂਪ ਤੁਸੀਂ ਸਦਾ ਸਤ, ਸਦੀਪ ਅਨੰਦਮਈ ਅਤੇ ਅਨੂਪਮ ਜਾਣੋ। ਜਿੰਨੇ ਵੀ ਨਾਸ਼ਮਾਨ ਪਦਾਰਥ ਹਨ, ਇਨ੍ਹਾਂ ਤੋਂ ਮੈਂ ਮੇਰੀ ਨੂੰ ਛੱਡ ਦੇਵੋ॥ ੩੪॥

ਪ੍ਰਕ੍ਰਿਤਿ ਮੂਲ ਮਹਿਤੱਤ ਉਪਾਵਾ। ਅਹੰਕਾਰ ਤਨ ਮਾਤ੍ਰ ਬਨਾਵਾ।
ਇੰਦ੍ਰੀ ਏਕਾਦਸ਼ ਪਰਕਾਰਾ। ਪੰਚ ਭੂਤ ਇਹ ਸਰਬ ਪਸਾਰਾ ॥੩੫॥

ਮੂਲ ਪ੍ਰਕ੍ਰਿਤੀ ਹੈ, ਉਸ ਤੋਂ ਮਹਿਤੱਤ੍ਵ ਉਪਾਇਆ ਹੈ। ਮਹਿਤੱਤ੍ਵ ਤੋਂ ਅਹੰਕਾਰ ਉਪਜਿਆ ਹੈ ਅਤੇ ਅਹੰਕਾਰ ਤੋਂ ਪੰਜ ਤਨ ਮਾਤ੍ਰਾਂ ਭਾਵ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਬਣਾਏ ਹਨ। ਪੰਜ ਤਨ ਮਾਤ੍ਰਾਂ ਤੋਂ ਪੰਜ ਭੂਤ ਅਤੇ ਇਨ੍ਹਾਂ ਤੋਂ ਗਿਆਰਾਂ ਇੰਦਰੀਆਂ ਬਣੀਆਂ ਹਨ। (ਇਹ ਗਿਆਰਾ ਇੰਦਰੀਆਂ ਇਸ ਤਰ੍ਹਾਂ ਹਨ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਗਿਆਰਵਾਂ ਮਨ ਹੈ, ਇਹ ਸਾਰੇ ਚਵੀ ਹਨ ਤੇ ਪੰਜੀਵਾਂ ਪੁਰਖ ਹੈ) ਇਸ ਤਰ੍ਹਾਂ ਇਹ ਪੰਜਾ ਤੱਤਾਂ ਦਾ ਸਰਬ ਪਸਾਰਾ ਹੈ॥ ੩੫॥

ਪੁਰਖ ਏਕ ਸਭਿ ਥਾਨ ਪਛਾਨੋ। ਹੈ ਅਸੰਗ ਇਨ ਆਸ਼੍ਰਯ ਜਾਨੋ।
ਜਿਉਂ ਮਾਲਾ ਕੇ ਮਨਕਨ ਮਾਂਹੀ। ਏਕ ਸੂਤ ਸਭਿਹਿਨਿ ਮਹਿਂ ਆਹੀ ॥੩੬॥

ਸਭ ਥਾਂ ਇਕ ਪੁਰਖ ਨੂੰ ਪਛਾਣੋ। ਇਹ ਨਿਰਲੇਪ ਹੈ, ਇਸ ਨੂੰ ਇਨ੍ਹਾਂ ਦਾ ਆਸਰਾ ਜਾਣੋ। ਜਿਵੇਂ ਮਾਲਾ ਦੇ ਸਾਰੇ ਮਣਕਿਆਂ ਵਿਚ ਇਕ ਹੀ ਧਾਗਾ ਪਰੋਇਆ ਹੁੰਦਾ ਹੈ॥ ੩੬॥

ਤੀਨ ਅਵਸਥਾ ਤਾਂਹਿ ਨ ਕੋਈ। ਅਹੈ ਤੁਰੀ ਸਾਖੀ ਹੈ ਸੋਈ।
ਐਸੋ ਜੋ ਨਿਜ ਲਖਹੁ ਸਰੂਪਾ। ਪਾਵਹੁਗੇ ਤਬ ਅਨੰਦ ਅਨੂਪਾ॥੩੭॥

ਤਿਸ ਪੁਰਖ ਦੀਆਂ ਤਿੰਨ ਅਵਸਥਾ ਹਨ, ਚੌਥੀ ਅਵਸਥਾ ਦ੍ਰਿਸ਼ਟਾ ਹੈ। ਇਸ ਤਰ੍ਹਾਂ ਦਾ ਆਪਣਾ ਸਰੂਪ ਪਹਿਚਾਣੋ, ਫਿਰ ਤੁਸੀਂ ਅਨੂਪਮ ਆਨੰਦ ਪਾਵੋਗੇ॥ ੩੭॥

ਜਨਮ ਮੂਲ ਜਾਨਹੁ ਅੱਗਜਾਨਾ। ਪਾਪ ਪੁੰਨ ਕੋ ਧਰਿ ਕਰਿ ਮਾਨਾ।
ਅਨਿਕ ਜੋਨਿ ਪਾਵਹੁ ਦੁਖ ਭਾਰੀ। ਜਾਇ ਵਾਸ਼ਨਾ ਕੇ ਅਨੁਸਾਰੀ॥੩੮॥

ਪਾਪ ਪੁੰਨ ਦਾ ਹੰਕਾਰ ਧਾਰਨ ਕਰਕੇ ਮੂਲ ਜਨਮ ਅਗਿਆਨੀ ਜਾਣੋ। ਅਨੇਕ ਜੂਨਾਂ ਪਾ ਕੇ ਭਾਰੀ ਦੁੱਖ ਪਾਉਂਦਾ ਹੈ ਅਤੇ ਵਾਸਨਾ ਦਾ ਅਨੁਸਾਰੀ ਹੋ ਕੇ ਚਲੇ ਜਾਂਦਾ ਹੈ॥ ੩੮॥

ਸੋ ਉਰ ਤੇ ਪਰਿਹਰਿ ਬਿਧਿ ਨੀਕੇ। ਪਾਵਹੁ ਅਨੰਦ ਭਾਵਤੇ ਜੀ ਕੇ।
ਨਾਰਦ ਜਿਹ ਬਿਧਿ ਮੁਝੇ ਸੁਨਾਵਾ। ਤਿਹ ਪ੍ਰਕਾਰ ਅਬ ਤੁਮ ਪ੍ਰਤਿ ਗਾਵਾ॥੩੯॥

ਇਸ ਲਈ ਵਾਸ਼ਨਾ ਨੂੰ ਚੰਗੀ ਤਰ੍ਹਾਂ ਦੂਰ ਕਰੋ ਅਤੇ ਮਨ-ਭਾਉਂਦਾ ਅਨੰਦ ਪ੍ਰਾਪਤ ਕਰੋ। ਨਾਰਦ ਨੇ ਜਿਸ ਵਿਧੀ ਨਾਲ ਮੈਨੂੰ ਸੁਣਾਇਆ ਸੀ, ਉਸ ਪ੍ਰਕਾਰ ਹੀ ਮੈਂ ਤੁਹਾਨੂੰ ਸੁਣਾ ਦਿੱਤਾ ਹੈ॥ ੩੯॥

ਅਰਪਹੁ ਕਰਮ ਬਿਸ਼ਨੁ ਪਗ ਮਾਂਹੀ। ਹ੍ਵੈ ਨਿਹਕਾਮ ਨਾਮ ਭਜਿ ਤਾਂਈ।
ਸੁਨਿ ਉਪਦੇਸ਼ ਸਭੈ ਤਬ ਬਾਲਿਕ। ਉਪਜੀ ਭਗਤਿ ਰਿਦੇ ਦੁਖ ਘਾਲਕ॥੪੦॥

ਵਿਸ਼ਨੂੰ ਦੇ ਚਰਨਾਂ ਵਿਚ ਆਪਣੇ ਕਰਮ ਅਰਪਣ ਕਰ ਦੇਵੋ ਅਤੇ ਨਿਸ਼ਕਾਮ ਹੋ ਕੇ ਪ੍ਰਭੂ ਦੇ ਨਾਮ ਦਾ ਭਜਨ ਕਰੋ। ਜਦ ਦੈਂਤਾਂ ਦੇ ਸਾਰੇ ਬਾਲਕਾਂ ਨੇ ਉਪਦੇਸ਼ ਸੁਣਿਆ ਤਾਂ ਸਾਰਿਆਂ ਦੇ ਦੁੱਖ ਦੂਰ ਹੋ ਗਏ, ਉਨ੍ਹਾਂ ਦੇ ਹਿਰਦਿਆਂ ਵਿਚ ਭਗਤੀ ਭਾਵਨਾ ਪੈਦਾ ਹੋ ਗਈ॥ ੪੦॥

ਸਿਮਰਨ ਲਗੇ ਨਾਮ ਸੁਖਕਾਰੀ। ਹਰਿ ਗੁਣ ਗਾਇ ਪ੍ਰੇਮ ਕਰਿ ਭਾਰੀ।
ਊਠਤਿ ਬੈਠਤਿ ਗਵਨਤਿ ਤਬਹੀ। ਨਾਮ ਪੁਕਾਰਹਿਂ-ਹਰਿ ਹਰਿ-ਸਭਿ ਹੀ॥੪੧॥

ਸਾਰੇ ਸੁਖਕਾਰੀ ਨਾਮ ਦਾ ਸਿਮਰਨ ਕਰਨ ਲੱਗੇ। ਬੜੇ ਪ੍ਰੇਮ ਨਾਲ ਹਰੀ ਦੇ ਗੁਣ ਗਾਉਂਦੇ ਸਨ। ਉੱਠਦੇ ਬੈਠਦੇ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਸਨ ਅਤੇ ਸਾਰੇ ਹੀ ਹਰੀ ਹਰੀ ਨਾਮ ਜਪਦੇ ਸਨ॥ ੪੧॥

ਸ਼ੁੱਕ੍ਰ ਸੁਨ ਅਸ ਰੀਤਿ ਬਿਲੋਕੀ। ਭੀ ਕੁਚਾਲ ਲਖਿ ਸਭਿ ਮਤਿ ਸ਼ੋਕੀ।
ਜਸਪਦ ਲੀਨ ਆਪਨੇ ਸਾਥਾ। ਗਏ, ਹੁਤੋ ਜਹਿਂ ਦਾਨਵ ਨਾਥਾ॥੪੨॥

ਗੁਰੂ ਸ਼ੁਕਰ ਦੇ ਪੁੱਤਰਾਂ ਸੰਡੇ ਅਤੇ ਮਰਕੇ ਨੇ ਜਦ ਇਸ ਤਰ੍ਹਾਂ ਦੀ ਰੀਤੀ ਵੇਖੀ। ਇਹ ਉਲਟੀ ਚਾਲ ਵੇਖ ਕੇ ਮਨ ਵਿਚ ਬਹੁਤ ਦੁਖੀ ਹੋਏ। ਛੇਤੀ ਹੀ ਪ੍ਰਹਿਲਾਦ ਨੂੰ ਆਪਣੇ ਨਾਲ ਲੈ ਲਿਆ, ਜਿਥੇ ਦਾਨਵਾਂ ਦੇ ਨਾਥ ਹਿਰਨਕਸ਼ਪ ਬੈਠੇ ਹੋਏ ਸਨ, ਓਥੇ ਚਲੇ ਗਿਆ॥ ੪੨॥

ਨਿਜ ਸੁਤ ਕੋ ਅਬ ਰਖਹੁ ਅਗਾਰਾ। ਸਰਬ ਬਿਗਾਰੀ ਇਨ ਚਟਸਾਰਾ।
ਰੰਚਕ ਡਰ ਨਹਿਂ ਮਨ ਮਹਿਂ ਮਾਨੇ। ਭਗਤਿ ਕਰਨ ਸਭਿ ਬਾਲ ਸਿਖਾਨੇ॥੪੩॥

ਆਪਣੇ ਪੁੱਤਰ ਨੂੰ ਆਪਣੇ ਪਾਸ ਰੱਖੋ, ਇਸ ਨੇ ਪਾਠਸ਼ਾਲਾ ਦੇ ਸਾਰੇ ਬਾਲਕਾਂ ਨੂੰ ਹੀ ਵਿਗਾੜ ਦਿੱਤਾ ਹੈ। ਇਹ ਮਨ ਵਿਚ ਰਤਾ ਵੀ ਨਹੀਂ ਡਰਦਾ ਹੈ। ਇਸ ਨੇ ਸਾਰੇ ਬਾਲਕਾਂ ਨੂੰ ਭਗਤੀ ਕਰਨੀ ਸਿਖਾ ਦਿੱਤੀ ਹੈ॥ ੪੩॥

ਦੈਤਰਾਜ ਅੱਗਜਾਨ ਅਰੂਢਾ। ਮਨ ਹੰਕਾਰ ਵਡੋ ਮਤਿਮੂਢਾ।
ਜਾਗਯੋ ਹਿਰਦੇ ਕ੍ਰੋਧ ਬਿਸਾਲਾ। ਮਨਹੁ ਦੂਸਰੀ ਪ੍ਰਗਟੀ ਜ੍ਵਾਲਾ॥੪੪॥

ਦੈਂਤਾਂ ਦਾ ਰਾਜਾ ਹਿਰਨਕਸ਼ਪ ਬੜਾ ਅਗਿਆਨੀ ਅਤੇ ਅੜਬ ਸੀ। ਮੂਰਖ ਨੇ ਮਨ ਵਿਚ ਵੱਡਾ ਹੰਕਾਰ ਕੀਤਾ। ਉਸ ਦੇ ਹਿਰਦੇ ਵਿਚ ਵਿਸ਼ਾਲ ਕ੍ਰੋਧ ਜਾਗਿਆ, ਮਾਨੋ ਦੂਸਰੀ ਜਵਾਲਾ ਪ੍ਰਗਟ ਹੋਈ ਹੋਵੇ॥ ੪੪॥

ਤਿਰਛੇ ਕਰਿਕੇ ਨੈਨ ਤਰੇਰੇ। ਬੋਲਤਿ ਭਾ ਦੁਰਬਚਨ ਘਨੇਰੇ।
'ਮੰਦ ਮਤੀ ਰੇ ਮੂਢ ਕੁਭਾਗੀ !। ਮਹਾਂਅਧਮ ਕੁਲ ਰੀਤਿ ਤਯਾਗੀ ॥੪੫॥

ਨੈਣ ਤਿਰਛੇ ਕਰਕੇ ਉਸ ਤਾੜ ਕੇ ਫੇਰੇ ਅਤੇ ਪ੍ਰਹਿਲਾਦ ਨੂੰ ਬਹੁਤ ਦੁਰਬਚਨ ਬੋਲਣ ਲੱਗਾ, "ਹੇ ਭੈੜੇ ਭਾਗਾਂ ਵਾਲੇ ਮੂਰਖ ਅਤੇ ਭੈੜੀ ਮਤ ਵਾਲੇ ਤੂੰ ਕੁਲ ਦੀ ਰੀਤੀ ਛੱਡ ਦਿੱਤੀ ਹੈ॥ ੪੫॥

ਕਾਲ ਨਿਕਟ ਆਵਾ ਅਬ ਤੇਰੇ। ਆਇਸੁ ਮੇਟਤਿ ਹੋਵਤਿ ਮੇਰੇ।
ਕਿਹ ਬਲ ਕੇ ਅਲੰਬ ? ਕੁਲਘਾਤੀ !'। ਅਸ ਕਹਿ ਹਨੀ ਲਾਤ ਮਮ ਛਾਤੀ ॥੪੬॥

ਹੁਣ ਕਾਲ ਤੇਰੇ ਪਾਸ ਆ ਗਿਆ ਹੈ, ਤੂੰ ਮੇਰੀ ਆਗਿਆ ਮੋੜਦਾ ਹੈਂ ਅਤੇ ਮੇਰੇ ਹੁਕਮ ਦੀ ਪਾਲਣਾ ਨਹੀਂ ਕਰਦਾ ਹੈ। ਹੇ ਕੁਲ ਘਾਤਕ ਕਿਸ ਜ਼ੋਰ ਦੇ ਆਸਰੇ ਮੇਰਾ ਕਿਹਾ ਨਹੀਂ ਮੰਨਦਾ"। ਇਹ ਕਹਿ ਕੇ ਪ੍ਰਹਿਲਾਦ ਦੀ ਛਾਤੀ ਵਿਚ ਲੱਤ ਮਾਰੀ॥ ੪੬॥

ਬਿਖ ਸੀ ਬਾਨੀ ਬਕਤਿ ਬਹੋਰੀ। ਬੋਲਜੋ ਮੈਂ ਤਬ ਦੁਇ ਕਰ ਜੋਰੀ।
ਪਿਤਾ ! ਜੁ ਕਰਹੁ ਕ੍ਰੋਧ ਇਤਬਾਦੂ। ਕੈਸੇ ਬਿਖ ਸਮ ਬੋਲਤਿ ਨਾਦੂ ॥੪੭॥

ਬਹੁਤ ਜ਼ਹਿਰ ਭਰੀ ਬੋਲੀ ਬੋਲ ਰਿਹਾ ਸੀ। ਇਹ ਸੁਣ ਕੇ ਮੈਂ ਤਦ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਪਿਤਾ ਜੀ ! ਤੁਸੀਂ ਵਿਅਰਥ ਕ੍ਰੋਧ ਕਰ ਰਹੇ ਹੋ। ਕਿਸ ਤਰ੍ਹਾਂ ਦੇ ਜ਼ਹਿਰ ਭਰੇ ਬਚਨ ਬੋਲ ਰਹੇ ਹੋ॥ ੪੭॥

ਨਹਿੰ ਤਵ ਬਲ, ਨਹਿੰ ਮਮ ਬਲ ਕੋਊ। ਬਲੀ ਅਪਰ ਆਸ੍ਰਯ ਜਗ ਸੋਊ।
ਥਾਵਰ ਜੰਗਮ ਕੀਟ ਬਿਧਾਤਾ। ਜਿਹ ਬਸਿ ਕਰਿ ਸਭਿ ਰਾਖੇ ਤਾਤਾ ! ॥੪੮॥

ਨਾ ਤੁਹਾਡੇ ਵਿਚ ਕੋਈ ਬਲ ਹੈ ਅਤੇ ਨਾ ਮੇਰੇ ਵਿਚ ਕੋਈ ਤਾਕਤ ਹੈ। ਅਸਲ ਬਲੀ ਪ੍ਰਭੂ ਹੈ, ਜਿਸ ਦੇ ਆਸਰੇ ਸਾਰਾ ਜਗਤ ਹੈ। ਕੀੜੀ ਤੋਂ ਲੈ ਕੇ ਬ੍ਰਹਮਾ ਤਕ ਉਸ ਦੇ ਆਸਰੇ ਹਨ। ਹੇ ਪਿਤਾ ਜੀ ! ਇਨ੍ਹਾਂ ਸਭ ਨੂੰ ਉਸ ਆਪਣੇ ਵੱਸ ਵਿਚ ਰਖਿਆ ਹੈ॥ ੪੮॥

ਅਤਿ ਬਲਿਸ਼ਟ ਕਾਲਹੁ ਕਰਿ ਕਾਲੂ। ਖਾਇ ਸਭਿਹਿੰ ਮੇਂਡਕ ਜਜੋਂ ਬਜਾਲੂ।
ਬਲ ਜੋ ਮਨ ਤਨ ਬਿਖੈ ਰਿਖੀਕੰ। ਜਾਨਹੁ ਤਿਹ ਪ੍ਰਸਾਦਿ ਬਿਧਿ ਨੀਕੰ ॥੪੯॥

ਉਹ ਅਤੀ ਬਲੀ ਹੈ ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਹੈ। ਉਹ ਸਾਰਿਆਂ ਨੂੰ ਇੰਝ ਖਾ ਜਾਂਦਾ ਹੈ ਜਿਵੇਂ ਸੱਪ ਡੱਡੂ ਨੂੰ ਖਾ ਜਾਂਦਾ ਹੈ। ਜਿਹੜਾ ਬਲ ਤੁਸੀਂ ਮਨ ਤਨ ਵਿਚ ਰਖਿਆ ਹੈ, ਉਹ ਸਾਰਾ ਓਸੇ ਦੀ ਕਿਰਪਾ ਕਰਕੇ ਹੈ। ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝ ਲਵੋ॥ ੪੯॥

ਤਜਹੁ ਸੁਭਾਉ ਅਸੁਰ ਨਿਜ ਜਾਤੀ। ਮਨ ਜੀਤਨ ਬਿਧਿ ਕਰਿ ਭਲਿ ਭਾਂਤੀ।
ਮਨ ਸਮਾਨ ਨਹਿੰ ਸ਼ੱਤ੍ਰੂ ਕੋਊ। ਅਨਿਕ ਜਨਮ ਜਗ ਦੇਵਤਿ ਜੋਊ ॥੫੦॥

ਆਪਣੀ ਜਾਤ ਦਾ ਦੈਂਤ ਸੁਭਾਅ ਛੱਡ ਦੇਵੋ। ਆਪਣਾ ਮਨ ਨੂੰ ਜਿੱਤਣ ਲਈ ਭਲੀ ਭਾਂਤ ਵਿਧੀ ਅਪਨਾਓ। ਮਨ ਬਰਾਬਰ ਕੋਈ ਵੈਰੀ ਨਹੀਂ ਹੈ। ਜਿਸ ਕਰਕੇ ਜਗਤ ਵਿਚ ਅਨੇਕ ਜਨਮ ਧਾਰਨੇ ਪੈਂਦੇ ਹਨ॥ ੫੦॥

ਸੁ ਵਸ ਕਰਨ ਕੋ ਕਰਹੁ ਉਪਾਊ। ਨੀਕੀ ਨੀਤਿ ਅਪਰ ਨਹਿੰ ਕਾਊ।
ਸ਼ਬਦ ਸਪਰਸ਼ਾਦਿਕ ਇਹ ਘੋਰੇ। ਇਨ ਪਰ ਚਢਤਿ ਦਸੋਦਿਸ਼ ਦੋਰੇ ॥੫੧॥

ਇਸ ਲਈ ਮਨ ਨੂੰ ਵੱਸ ਕਰਨ ਦਾ ਕੋਈ ਉਪਾਅ ਕਰੋ। ਉਸ ਤੋਂ ਚੰਗੀ ਨੀਤੀ ਹੋਰ ਕੋਈ ਨਹੀਂ ਹੈ। ਈਰਖਾ ਭਰਪੂਰ ਸ਼ਬਦ ਘੋੜਿਆਂ ਵਾਂਗ ਹਨ, ਜਿਨ੍ਹਾਂ ਤੇ ਚੜ੍ਹ ਕੇ ਮਨੁੱਖ ਚਾਰੇ ਪਾਸੇ ਦੌੜਦਾ ਹੈ॥ ੫੧॥

ਮਨ ਬਿਖਿਯਨ ਮਹਿ ਹੈ ਮਵਾਸੂ। ਵਡ ਹੰਕਾਰ ਕੋਟ ਦ੍ਰਿਢ ਤਾਸੂ।
ਕਾਮ ਕ੍ਰੋਧ ਲੋਭਾਦਿਕ ਜੇਈ। ਸਰਬ ਸਹਾਇਕ ਜਾਨਹੁ ਤੇਈ॥ ੫੨॥

ਮਨ ਵਿਸ਼ਿਆਂ ਵਿਚ ਫੱਸ ਕੇ ਆਕੀ ਹੋ ਜਾਂਦਾ ਹੈ, ਤਿਸਦੇ ਹੰਕਾਰ ਦਾ ਕਿਲ੍ਹਾ ਪੱਕਾ ਹੈ। ਕਾਮ, ਕ੍ਰੋਧ ਅਤੇ ਜਿਹੜਾ ਲੋਭ ਹੈ, ਸਾਰੇ ਉਸ ਦੇ ਸਹਾਇਕ ਜਾਣੋਂ॥ ੫੨॥

ਇਹ ਜੋਧਾ ਦੁਰਜੈ ਸਭਿ ਮਾਂਹੀ। ਮਹਾਂ ਬਲੀ ਜੀਤਹਿ ਕੋ ਤਾਂਹੀ।
ਜੇ ਕਰਿ ਬੂਝਜੋ ਚਹਿਤ ਉਪਾਊ। ਸਤਿ ਸੰਗਤ ਮਹਿਂ ਕਰਿ ਚਿਤ ਚਾਊ॥੫੩॥

ਇਹ ਜੋਧੇ ਜਿੱਤਣੇ ਕਠਨ ਹੋਣਗੇ। ਕੋਈ ਮਹਾਂਬਲੀ ਹੀ ਇਨ੍ਹਾਂ ਨੂੰ ਜਿੱਤਦਾ ਹੈ। ਜੇ ਉਸ ਦਾ ਉਪਾਅ ਜਾਣਨਾ ਚਾਹੁੰਦਾ ਹੈਂ ਤਾਂ ਖੁਸ਼ੀ ਨਾਲ ਸਤਿਸੰਗਤ ਵਿਚ ਚਿਤ ਲਾਉ॥ ੫੩॥

ਪਾਰਬ੍ਰਹਮ ਕੋ ਸਿਮਰਨ ਕੀਜੈ। ਹਉਮੈ ਕੋ ਉਰ ਤੇ ਤਜਿ ਦੀਜੈ।
ਨਾਮ ਬਿਖੈ ਨਿਜ ਬ੍ਰਿੱਤਿ ਟਿਕਾਵੈ। ਅਪਰ ਸਰਬ ਸੰਕਲਪ ਹਟਾਵੈ॥ ੫੪॥

ਪਾਰਬ੍ਰਹਮ ਦਾ ਸਿਮਰਨ ਕਰੋ। ਹਉਮੈ ਨੂੰ ਹਿਰਦੇ ਵਿਚੋਂ ਕੱਢ ਦੇਵੇ। ਪ੍ਰਭੂ ਦੇ ਨਾਮ ਵਿਚ ਬਿਰਤੀ ਟਿਕਾਉ, ਬਾਕੀ ਸਾਰੇ ਸੰਕਲਪ ਦੂਰ ਕਰੋ॥ ੫੪॥

ਇਸ ਪ੍ਰਕਾਰ ਮਨ ਜੀਤਜੈ ਜਾਈ। ਸਰਬ ਦਿਗਬਿਜੈ ਤਬ ਤੂੰ ਪਾਈ।
ਬਿਨ ਮਨ ਜੀਤੇ ਸੂਰ ਕਹਾਵੈ। ਅਧਿਕ ਆਪ ਕੋ ਬਲੀ ਗਿਨਾਵੈ॥ ੫੫॥

ਇਸ ਪ੍ਰਕਾਰ ਮਨ ਜਿੱਤਿਆ ਜਾ ਸਕਦਾ ਹੈ। ਫਿਰ ਤੂੰ ਸਾਰੇ ਦਿਗਵਿਜੈ ਪ੍ਰਾਪਤ ਕਰ ਲਵੇਂਗਾ। ਮਨ ਨੂੰ ਜਿੱਤਣ ਤੋਂ ਬਗੈਰ ਆਪਣੇ ਆਪ ਨੂੰ ਸੂਰਮਾ ਕਹਾਉਂਦਾ ਹੈਂ ਅਤੇ ਆਪਣੇਂ ਆਪ ਨੂੰ ਵੱਡਾ ਬਲੀ ਗਿਣਦਾ ਹੈਂ॥ ੫੫॥

ਮਹਿਤ ਪੁਰਖ ਤਿਹ ਜਾਨਹਿਂ ਮੂਢਾ। ਲਖਿ ਨ ਸਕਾਇ ਭੇਦ ਜੋ ਗੂਢਾ।
ਸੁਨੀ ਸ਼੍ਰੋਨ ਮਹਿਂ ਜਬ ਅਸ ਬਾਨੀ। ਹਿਰਨਕਸ਼ਪ ਮਤਿ ਮੂਢ ਗੁਮਾਨੀ॥੫੬॥

ਵੱਡੇ ਲੋਕ ਉਸ ਨੂੰ ਮੂਰਖ ਜਾਣਦੇ ਹਨ, ਜਿਹੜਾ ਗੂਹੜਾ ਭੇਦ ਸਮਝ ਨਹੀਂ ਸਕਦਾ। ਜਦ ਹਰਨਕਸ਼ਪ ਨੇ ਐਸੀ ਬਾਣੀ ਸੁਣੀ ਤਾਂ ਮੂਰਖ ਦੀ ਮੱਤ ਬੜੇ ਘੁਮੰਡ ਵਿਚ ਭਰ ਗਈ॥ ੫੬॥

ਉਰ ਮਹਿਂ ਪ੍ਰਗਟੀ ਰਿਸਿਹ ਬਹੂਤੀ। ਅਗਨਿ ਬਰਤਿ ਜਨੁ ਪਾਇ ਅਹੂਤੀ।
ਕੰਪਤਿ ਦੇਹਿ ਲਾਲ ਅਤਿ ਨੈਨਾ। ਕਾਟਤਿ ਅਧਰਨ ਚਿਤ ਨਹਿਂ ਚੈਨਾ॥੫੭॥

ਹਿਰਦੇ ਵਿਚ ਉਸ ਨੂੰ ਬਹੁਤ ਗੁੱਸਾ ਆਇਆ, ਮਾਨੋ ਬਲਦੀ ਅੱਗ ਤੇ ਘਿਉ ਪਾ ਦਿੱਤਾ ਹੋਵੇ। ਲਾਲ ਸੁਰਖ ਅੱਖਾਂ ਹੋ ਗਈਆਂ ਅਤੇ ਸਰੀਰ ਕੰਬਣ ਲੱਗ ਗਿਆ। ਬੇਚੈਨ ਹੋ ਕੇ ਆਪਣੇ ਬੁੱਲ੍ਹ ਟੁਕਣ ਲੱਗ ਗਿਆ॥ ੫੭॥

ਨਖ ਸ਼ਿਖ ਦਾਰੁਨ ਭੇਖ ਬਨਾਵਾ। ਨਾਸੈਂ ਨਿਕਸ ਧੂਮ ਨਭ ਛਾਵਾ।
ਹੁਤੇ ਸਭਾ ਸਦ ਜੇ ਤਿਹ ਥਾਨਾ। ਡਰ ਕਰਿ ਧਰਕੇ ਕਛੁ ਨ ਬਖਾਨਾ॥੫੮॥

ਬਹੁਤ ਡਰਾਉਣਾ ਭੇਸ ਬਣਾ ਲਿਆ। ਨਾਸਾਂ ਵਿਚੋਂ ਧੂੰ ਨਿਕਲ ਕੇ ਆਕਾਸ਼ ਵਿਚ ਛਾ ਗਿਆ। ਓਥੇ ਜਿਹੜੇ ਦਰਬਾਰੀ ਖੜੇ ਸਨ, ਡਰ ਨਾਲ ਉਨ੍ਹਾਂ ਦੇ ਹਿਰਦੇ ਧੜਕ ਉਠੇ, ਪਰ ਉਹ ਕੁਝ ਬੋਲ ਨਾ ਸਕੇ॥ ੫੮॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਅਠਾਵਨਮੋਂ ਅਧਯਾਯ॥ ੫੮॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਅਠਾਵਨਵਾਂ ਅਧਿਆਇ, ਜਿਸ ਦਾ ਨਾਮ "ਪ੍ਰਹਿਲਾਦ ਪ੍ਰਸੰਗ" ਹੈ, ਸਮਾਪਤ ਹੋਇਆ॥

# ਅਧਿਆਇ ਉਣੱਤਰਵਾਂ

*ਪ੍ਰਹਿਲਾਦ ਪ੍ਰਸੰਗ।*

ਦੋਹਰਾ- ਸਤਿਗੁਰ ਮਮ ਬੇਰੀ ਕਟਹੁ ਨਿਜ ਬੇਰੀ ਪਰ ਚਾਰਿ।
ਇਸ ਬੇਰੀ ਹ੍ਵੈ ਭਵ ਸੁਫਲ ਬਿਨ ਬੇਰੀ ਕਰਿ ਪਾਰ॥ ੧॥

ਹੇ ਸਤਿਗੁਰੂ ਜੀ ! ਮੇਰੀ ਕੈਦ ਕੱਟ ਦੇਵੋ ਅਤੇ ਆਪਣੇ ਬੇੜੇ ਤੇ ਚੜ੍ਹਾ ਕੇ ਬਿਨਾਂ ਦੇਰੀ ਦੇ ਸੰਸਾਰ ਨਦੀ ਤੋਂ ਪਾਰ ਕਰ ਦੇਵੋ, ਤਾਂਕਿ ਇਸ ਵਾਰ ਜਨਮ ਸਫਲ ਹੋ ਜਾਵੇ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਸ੍ਰੀ ਗੁਰੁ ਅੰਗਦ ਜੀ ਇਹ ਕਥਾ। ਜਥਾ ਪ੍ਰਹਿਲਾਦ ਭਨੀ ਸੁਨੁ ਤਥਾ:-।
'ਹਿਰਨਕਸ਼ਪ ਸੁਨਿ ਬਿਸ਼ਨੁ ਉਪਾਸਨ। ਭਯੋ ਕ੍ਰੋਧ ਮੈਂ ਮਨਹੁ ਹੁਤਾਸਨ ॥੨ ॥

ਭਾਈ ਬਾਲੇ ਨੇ ਕਿਹਾ-ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਇਹ ਕਥਾ ਜਿਵੇਂ ਪ੍ਰਹਿਲਾਦ ਭਗਤ ਨੇ ਕਹੀ, ਉਸ ਤਰ੍ਹਾਂ ਹੀ ਸੁਣੋ। ਹਿਰਨਕਸ਼ਪ ਨੇ ਜਦ ਵਿਸ਼ਨੂੰ ਦੀ ਭਗਤੀ ਕਰਨ ਬਾਰੇ ਸੁਣਿਆ ਤਾਂ ਕ੍ਰੋਧ ਨਾਲ ਇੰਝ ਭੜਕ ਉਠਿਆ ਮਾਨੋ ਅੱਗ ਤੇ ਤੇਲ ਪਾਇਆ ਹੋਵੇ॥ ੨॥

ਮਾਰਨ ਚਹਿਸ ਮੰਦਮਤਿ ਮਾਨੀ। ਮੁਖ ਤੇ ਬੋਲਜੋ ਬਿਖਵਤ ਬਾਨੀ।
'ਰੇ ਸਠ ਬਾਲਿਕ ! ਮੋ ਬਿਨ ਈਸਾ। ਕਹੋ ਕਹਾਂ ? ਨਤੁ ਕਾਟੋਂ ਸੀਸਾ ॥੩ ॥

ਦੁਰਮਤ ਮੰਨ ਕੇ ਮੈਨੂੰ ਮਾਰਨਾ ਚਾਹੁੰਦਾ ਸੀ, ਇਸ ਲਈ ਮੁਖ ਤੋਂ ਜ਼ਹਿਰ ਵਰਗੀ ਬੋਲੀ ਬੋਲਿਆ, "ਹੇ ਮੂਰਖ ਬਾਲਕ ! ਦੱਸ, ਮੇਰੇ ਬਗੈਰ ਹੋਰ ਕੌਣ ਈਸ਼ਵਰ ਹੈ ? ਨਹੀਂ ਤਾਂ ਮੈਂ ਤੇਰਾ ਸਿਰ ਵੱਢ ਦੇਵਾਂਗਾ"॥ ੩॥

ਅਸ ਕਹਿ ਮਜਾਨਹਿ ਤੇ ਸੁ ਮਹਾਨਾ। ਖੈਂਚਿ ਖੜਗ ਕਰ ਮਹਿਂ ਚਮਕਾਨਾ।
'ਕੋ ਰਖਵਾਰੋ ? ਦੇਹੁ ਬਤਾਈ। ਅਬ ਜਮ ਧਾਮਹਿ ਦੇਉਂ ਪਠਾਈ' ॥੪ ॥

ਇਹ ਕਹਿ ਕੇ ਇਕ ਵੱਡੀ ਮਿਆਨ ਵਿਚੋਂ ਤਲਵਾਰ ਕੱਢ ਕੇ ਚਮਕਾਈ ਅਤੇ ਕਿਹਾ, "ਤੇਰਾ ਕੌਣ ਰਖਵਾਲਾ ਹੈ ? ਮੈਨੂੰ ਦੱਸ। ਹੁਣੇਂ ਤੈਨੂੰ ਜਮਾਂ ਦੇ ਘਰ ਭੇਜ ਦਿੰਦਾ ਹਾਂ"॥ ੪॥

ਸੁਨਿ ਕਰਿ ਮੈਂ ਤਬ ਗਿਰਾ ਅਲਾਈ। 'ਪਰਿਪੂਰਨ ਹੈ ਸਭਿਨੀ ਥਾਈਂ।
ਤਿਹ ਬਿਹੀਨ ਕੋ ਥਾਨ ਨ ਊਨਾ। ਜਢ ਜੰਗਮ ਮੈਂ ਪਿਖੋਂ ਨ ਸੂਨਾ ॥੫ ॥

ਇਹ ਸੁਣ ਕੇ ਮੈਂ ਉਤਰ ਦਿੱਤਾ "ਮੈਨੂੰ ਬਚਾਉਣ ਵਾਲਾ ਹਰ ਥਾਂ ਵਸਦਾ ਹੈ। ਉਸ ਤੋਂ ਬਗੈਰ ਕੋਈ ਥਾਂ ਵੀ ਖਾਲੀ ਨਹੀ, ਜੜ੍ਹ ਚੇਤਨ ਵਿਚ ਕੋਈ ਥਾਂ ਵੀ ਸੁੰਞੀ ਨਹੀਂ ਹੈ"॥ ੫॥

ਕਹਿਤ 'ਜਿ ਹੈ ਜਢ ਜੰਗਮ ਮਾਂਹੀ। ਇਹ ਸਥੰਭ ਮਹਿਂ ਦੀਸਤਿ ਨਾਂਹੀ।
ਬ੍ਰਿਥਾ ਬਕਤਿ ਬਾਲਿਕ ਮਤਿਮੰਦੇ!। ਅਬਹਿ ਕਰੋਂ ਤਵ ਸੀਸ ਨਿਕੰਦੇ ॥੬ ॥

ਹਿਰਨਾਕਸ਼ਪ ਕਹਿਣ ਲੱਗਾ "ਜੇ ਜੜ੍ਹ ਚੇਤਨ ਵਿਚ ਵੀ ਹੈ, ਇਸ ਥੰਮ੍ਹ ਵਿਚ ਤਾਂ ਦਿੱਸਦਾ ਨਹੀ। ਹੇ ਮੂਰਖ ਬਾਲਕ ਤੂੰ ਵਿਅਰਥ ਬਕਵਾਸ ਕਰਦਾ ਹੈਂ, ਹੁਣੇਂ ਤੇਰੇ ਸਿਰ ਦਾ ਨਾਸ਼ ਕਰਦਾ ਹਾਂ"॥ ੬॥

ਮੈਂ ਨਿਸ਼ਚੈ ਧਰਿ ਹ੍ਰਿਦੇ ਵਿਸੇਖੇ। ਕਹਜੋ 'ਥੰਭ ਦਿਸ਼ਿ ਭਲਿ ਬਿਧਿ ਦੇਖੋ।
ਅਹੈ ਬਿਸ਼ਨੁ ਤਿਹ ਮਹਿਂ ਲਖਿ ਸਾਚੋ। ਤੋਹਿ ਨ ਦੀਸਤਿ ਮਤ ਕੇ ਕਾਚੋ ॥੭॥

ਮੈਂ ਹਿਰਦੇ ਵਿਚ ਬਹੁਤ ਧੀਰਜ ਧਾਰਨ ਕਰਕੇ ਕਿਹਾ, "ਥੰਮ੍ਹ ਵਿਚ ਦਿੱਸਦਾ ਹੈ, ਜ਼ਰਾ ਚੰਗੀ ਤਰ੍ਹਾਂ ਵੇਖੋ। ਇਸ ਵਿਚ ਵਿਸ਼ਨੂੰ ਹੈ, ਚੰਗੀ ਤਰ੍ਹਾਂ ਵੇਖੋ, ਇਹ ਸੱਚ ਹੈ। ਪਰ ਤੈਨੂੰ ਨਹੀਂ ਦਿੱਸਦਾ, ਕਿਉਂਕਿ ਤੇਰੀ ਮੱਤ ਕੱਚੀ ਹੈ"॥ ੭॥

ਚੌਪਈ- ਅਸ ਸੁਨਿ, ਕੋਪ ਥੰਭ ਦਿਸ਼ ਦੇਖਾ। ਖੜਗ ਮੁਸਟ ਹਨਿ ਜੋਰ ਬਿਸ਼ੇਖਾ।
ਭਯੋ ਸ਼ਬਦ ਦਾਰੁਨ ਅਤਿ ਘੋਰਾ। ਜਨੁ ਬ੍ਰਹਮੰਡ ਦੀਨ ਕਿਨ ਫੋਰਾ॥੮॥

ਇਹ ਸੁਣ ਕੇ ਕ੍ਰੋਧ ਵਿਚ ਆ ਕੇ ਥੰਮ੍ਹ ਵਲ ਵੇਖਿਆ। ਮੈਨੂੰ ਮਾਰਨ ਵਾਸਤੇ ਬੜੇ ਜ਼ੋਰ ਨਾਲ ਤਲਵਾਰ ਦੀ ਮੁਠੀ ਨੂੰ ਫੜਿਆ। ਫਿਰ ਇਕ ਭਿਆਨਕ ਸ਼ਬਦ ਬੜੀ ਉੱਚੀ ਆਵਾਜ਼ ਵਿਚ ਗੂੰਜਿਆ ਮਾਨੋਂ ਬ੍ਰਹਿਮੰਡ ਨੂੰ ਹੀ ਕਿਸੇ ਨੇ ਪਾੜ ਦਿੱਤਾ ਹੋਵੇ॥ ੮॥

ਸੁਨਜੋ ਬਿਧਾਤੇ ਅਪਨੋ ਲੋਕਾ। ਪ੍ਰਲੈ ਕਾਲ ਲਖਿ ਸਭਿ ਕੋ ਸ਼ੋਕਾ।
ਬ੍ਰਧਰ ਭਏ ਜੇ ਸਭਾ ਮਝਾਰੀ। ਗਿਰੇ ਕਿਤਕ ਤਹਿੰ ਖਾਇ ਭਵਾਰੀ॥੯॥

ਬ੍ਰਹਮਾਂ ਨੇ ਆਪਣੇਂ ਲੋਕ ਵਿਚ ਸੁਣਿਆ। ਪ੍ਰਲੋ ਦਾ ਸਮਾਂ ਆ ਜਾਣਾ ਸਮਝ ਕੇ ਸਭ ਨੂੰ ਬਹੁਤ ਦੁੱਖ ਹੋਇਆ। ਜਿਹੜੇ ਸਭਾ ਵਿਚ ਬੈਠੇ ਸਨ, ਸਾਰੇ ਬਹਿਰੇ (ਬੋਲ਼ੇ) ਹੋ ਗਏ। ਕਈ ਭੁਆਂਟਣੀਆਂ ਖਾ ਕੇ ਡਿੱਗ ਪਏ॥ ੯॥

ਸਭਿ ਦੈਂਤਨ ਕੀ ਸੁਧ ਤਬ ਨਾਸ਼ੀ। ਚਾਰੋਂ ਦਿਸ਼ਿ ਮਹਿੰ ਧੁਨਿ ਸੁ ਪ੍ਰਕਾਸ਼ੀ।
ਸੁਨਿ ਦਨੁਜੇਸ਼ ਚੱਕ੍ਰ ਚਿਤ ਮਾਂਹੀ। ਲੋਚਨ ਗੋਚਰ ਪਿਖਿਯਤਿ ਨਾਂਹੀ॥੧੦॥

ਸਾਰੇ ਦੈਂਤਾਂ ਦੀ ਸੋਝੀ ਦਾ ਨਾਸ਼ ਹੋ ਗਿਆ। ਚਾਰੇ ਪਾਸੇ ਇਹ ਆਵਾਜ਼ ਗੂੰਜੀ। ਇਹ ਸੁਣ ਕੇ ਦੈਂਤਾਂ ਦਾ ਰਾਜਾ ਹਿਰਨਕਸ਼ਪ ਵੀ ਹੈਰਾਨ ਹੋਇਆ। ਅੱਖਾਂ ਅੱਗੇ ਕੁਝ ਨਹੀਂ ਸੀ ਦਿੱਸਦਾ॥ ੧੦॥

ਭਯੋ ਉਦਿਤ ਮਾਰਨ ਕਰਵਾਰਾ। ਤਬ ਨਰਹਰਿ ਨਿਜਰੂਪ ਦਿਖਾਰਾ।
ਨਹਿੰ ਮਾਨੁਖ ਨਹਿੰ ਸਿੰਘ ਬਨਾਊ। ਪ੍ਰਗਟਜੋ ਵਡੋ ਪ੍ਰਤਾਪ ਪ੍ਰਭਾਊ॥੧੧॥

ਤਲਵਾਰ ਮਾਰਨ ਲਈ ਤਿਆਰ ਹੋਇਆ। ਤਦ ਨਰਸਿੰਘ ਅਵਤਾਰ ਨੇ ਆਪਣਾ ਰੂਪ ਵਿਖਾਇਆ। ਨਾ ਮਨੁੱਖ ਨਾ ਸ਼ੇਰ ਦੀ ਸੂਰਤ ਹੈ। ਵੱਡੇ ਪ੍ਰਤਾਪੀ ਪ੍ਰਭਾਵ ਨਾਲ ਪ੍ਰਗਟ ਹੋਇਆ॥ ੧੧॥

ਥੰਭ ਪਾੜ ਨਿਕਸੇ ਜਗਰਾਈ। ਅਦਭੁਤ ਦਾਰੁਨ ਬੇਖ ਬਨਾਈ।
ਦੈਤ ਰਾਜ ਅਵਲੋਕ ਬਿਚਾਰਾ। ਕੋ ਇਹ ? ਲਖਜੋ ਨ ਜਾਇ ਅਕਾਰਾ॥੧੨॥

ਜਗਤ ਦੇ ਸਵਾਮੀ ਥੰਮ੍ਹ ਪਾੜ ਕੇ ਨਿਕਲੇ, ਅਦਭੁਤ ਭਿਆਨਕ ਭੇਸ ਬਣਾਇਆ ਸੀ। ਦੈਂਤਾਂ ਦੇ ਰਾਜੇ ਨੇ ਵੇਖ ਕੇ ਵਿਚਾਰਿਆ ਕਿ ਇਹ ਕੌਣ ਹੈ ? ਉਸ ਦਾ ਆਕਾਰ ਜਾਣਿਆ ਨਹੀਂ ਸੀ ਜਾ ਸਕਦਾ॥ ੧੨॥

ਕੰਪਮਾਨ ਤਨ ਭੈ ਵਡ ਧਾਰੀ। ਨਿਸ਼ਚੈ ਕਰਿ ਨ ਸਕੈ, ਸੁਧ ਹਾਰੀ।
ਤਬ ਲੌ ਸ੍ਰੀ ਨਰਸਿੰਘ ਬਿਸਾਲਾ। ਗਰਜ ਉਠੇ ਕਰਿ ਸ਼ਬਦ ਕਰਾਲਾ॥੧੩॥

ਵੱਡਾ ਭੈਅ ਧਾਰਨ ਕਰਕੇ ਉਸ ਦਾ ਸਰੀਰ ਕੰਬਣ ਲੱਗ ਗਿਆ। ਕੁਝ ਨਿਸਚੈ ਕਰ ਨਹੀਂ ਸੀ ਸਕਦਾ, ਸੁੱਧ ਬੁੱਧ ਹਾਰ ਗਈ ਸੀ। ਤਦ ਵਿਸ਼ਾਲ ਸ੍ਰੀ ਨਰਸਿੰਘ ਇਕ ਭਿਆਨਕ ਆਵਾਜ਼ ਕੱਢ ਕੇ ਗਰਜਿਆ॥ ੧੩॥

ਬਾਰ ਬਾਰ ਮੁਖ ਲੇਤਿ ਜੰਭਾਈ। ਦੇਖਤਿ ਦਾੜ੍ਹੈਂ ਧੀਰ ਨਸਾਈ।
ਸ੍ਰੋਨਤਿ ਸਰਸੇ ਆਰੁਣ ਲੋਚਨ। ਜੀਭ ਖੜਗ ਸਮ ਜਨ ਦੁਖ ਮੋਚਨ॥੧੪॥

ਬਾਰ ਬਾਰ ਉਬਾਸੀਆਂ ਲੈ ਰਿਹਾ ਸੀ। ਗਰਜਦੇ ਨੂੰ ਵੇਖ ਕੇ ਧੀਰਜ ਭੱਜ ਰਿਹਾ ਸੀ ਭਾਵ ਵੇਖ ਕੇ ਮਨ ਬੇਚੈਨ ਹੋ ਰਿਹਾ ਸੀ। ਨਰਸਿੰਘ ਅਵਤਾਰ ਦੀਆਂ ਲਹੂ ਵਰਗੀਆਂ ਲਾਲ ਅੱਖਾਂ ਸਨ ਅਤੇ ਜੀਭ ਤਲਵਾਰ ਵਰਗੀ ਸੀ, ਮਾਨੋ ਸੇਵਕਾਂ ਦੇ ਦੁੱਖਾਂ ਦਾ ਨਾਸ ਕਰਨ ਵਾਲੀ ਸੀ॥ ੧੪॥

ਰੰਗ ਸਰੀਰ ਕਨਕ ਜਨੁ ਤਾਵਾ। ਦਾਰੁਨ ਊਚੇ ਕਾਨ ਉਠਾਵਾ।
ਗਿਰ ਕੰਦਰ ਸਮ ਬਦਨ ਪਸਾਰਾ। ਭ੍ਰਿਕੁਟੀ ਕੁਟਿਲ ਧਨੁਖ ਆਕਾਰਾ ॥੧੫॥

ਸਰੀਰ ਦਾ ਰੰਗ ਇਸ ਤਰ੍ਹਾਂ ਦਾ ਸੀ, ਮਾਨੋ ਸੋਨਾ ਤਪਾਇਆ ਹੋਵੇ। ਭਿਆਨਕ ਉਚੇ ਕੰਨ ਉਪਰ ਨੂੰ ਉੱਠੇ ਹੋਏ ਸਨ। ਪਹਾੜ ਦੀ ਖੱਡ ਵਰਗਾ ਮੂੰਹ ਦਾ ਪਸਾਰਾ ਸੀ। ਤੀਰ ਕਮਾਨ ਦੀ ਸਕਲ ਦੇ ਭਰਵਟੇ ਟੇਢੇ ਸਨ॥ ੧੫॥

ਕੰਠ ਰੋਮ ਕਰਿ ਤਰਸਤਿ ਘਨ ਕੋ। ਸੁਰਗ ਤੀਕ ਬਿਸਤਾਰਜੋ ਤਨ ਕੋ।
ਉਰ ਹੈ ਆਯੁਤ ਕਟ ਜਿਨ ਛੀਨਾ। ਦੋਨੋ ਬਾਹੁ ਬਿਸਾਲ ਸੁ ਪੀਨਾ ॥੧੬॥

ਗਲ ਦੇ ਵਾਲ ਬੱਦਲਾ ਵਾਂਗ ਕਾਲੇ ਅਤੇ ਬਹੁਤ ਡਰਾਉਣੇ ਸਨ। ਤਨ ਨੂੰ ਅਕਾਸ਼ ਤਕ ਵਿਸਤ੍ਰਿ ਕੀਤਾ ਹੋਇਆ ਸੀ। ਚੌੜੀ ਛਾਤੀ ਹੈ, ਪਰ ਲੱਕ ਪਤਲਾ ਹੈ। ਦੋਵੇਂ ਬਾਹਾਂ ਲੰਮੀਆਂ ਅਤੇ ਤਕੜੀਆਂ ਹਨ॥ ੧੬॥

ਕੁਟਿਲ ਬਿਕਟ ਨਖ ਅਤਿਸ਼ੈ ਘੋਰਾ। ਬੱਜ੍ਰ ਆਦਿ ਤੇ ਅਧਿਕ ਕਠੋਰਾ।
ਦੇਖਤਿ ਭਾਜੇ ਦਾਨਵ ਸਰਬਾ। ਦੈਂਤਰਾਜ ਗਹਿ ਗਦਾ ਸੁ ਗਰਬਾ ॥੧੭॥

ਨਹੁੰ ਬੜੇ ਕਰੜੇ, ਟੇਢੇ ਅਤੇ ਭਿਆਨਕ ਹਨ। ਬਜਰ ਆਦਿ ਤੋਂ ਵੀ ਜਿਆਦਾ ਸਖਤ ਹਨ। ਉਸ ਨੂੰ ਵੇਖ ਕੇ ਸਾਰੇ ਦੈਂਤ ਭੱਜ ਗਏ। ਦੈਂਤ ਰਾਜ ਗੁਰਜ ਫੜ ਕੇ ਬੜੇ ਹੰਕਾਰ ਵਿਚ ਆਇਆ॥ ੧੭॥

ਬਲਨਿਧਿ ਹੁਤੋ ਧਰੇ ਉਰ ਧੀਰਾ। ਆਵਾ ਸਨਮੁਖ ਜੋ ਬਡ ਬੀਰਾ।
ਮਹਾਂ ਮੱਤ ਕੁੰਚਰ ਜਿਉਂ ਧਾਯੋ। ਤਿਉਂ ਸ੍ਰੀ ਨਰਹਰਿ ਕੇ ਢਿਗ ਆਯੋ ॥੧੮॥

ਵੱਡਾ ਬਲੀ ਸੀ, ਇਸ ਲਈ ਮਨ ਵਿਚ ਧੀਰਜ ਰਖਿਆ। ਜਿਹੜਾ ਵੱਡਾ ਸੂਰਮਾ ਸੀ ਸਾਹਮਣੇ ਆਇਆ। ਬੜੇ ਮਸਤ ਹਾਥੀ ਵਾਂਗ ਜਦ ਅੱਗੇ ਵੱਧਿਆ ਤੇ ਸ੍ਰੀ ਨਰਸਿੰਘ ਅਵਤਾਰ ਦੇ ਨੇੜੇ ਆਇਆ ॥ ੧੮॥

ਗਹੇ ਗਦਾ ਕਰ ਜੋਰਿ ਪ੍ਰਹਾਰੀ। ਪੁਨ ਇਤ ਉਤ ਫਿਰ ਘਾਤ ਬਿਚਾਰੀ।
ਦੁਤਿਯੇ ਬਾਰ ਨੇਰ ਜਬ ਕੀਨਾ। ਸ੍ਰੀ ਨਰਸਿੰਘ ਤਬਹਿ ਗਹਿ ਲੀਨਾ ॥੧੯॥

ਗੁਰਜ ਫੜ ਕੇ ਬੜੇ ਜ਼ੋਰ ਨਾਲ ਵਾਰ ਕੀਤਾ। ਫਿਰ ਇਧਰ ਉਧਰ ਘਾਤ ਬਾਰੇ ਵਿਚਾਰ ਕਰਨ ਲੱਗਾ। ਜਦ ਨੇੜੇ ਹੋ ਕੇ ਦੂਸਰਾ ਵਾਰ ਕੀਤਾ, ਤਾਂ ਸ੍ਰੀ ਨਰਸਿੰਘ ਅਵਤਾਰ ਨੇ ਫਿਰ ਉਸ ਨੂੰ ਫੜ ਲਿਆ॥ ੧੯॥

ਬਿਨਾ ਪ੍ਰਯਾਸ ਗਰੁੜ ਅਹਿ ਗਹਿਈ। ਤਿਉਂ ਗਹਿ ਲੀਨ, ਛੁਟਨ ਕੋ ਚਹਿਈ।
ਲੀਲ੍ਹਾ ਹੇਤ ਪ੍ਰਭੁ ਪੁਨ ਛੋਰਾ। ਛੁਟਿ ਕਰਿ ਗਰਜਤਿ ਭਾ ਤਬ ਘੋਰਾ ॥੨੦॥

ਜਿਵੇਂ ਕਿਸੇ ਯਤਨ ਤੋਂ ਬਗੈਰ ਗਰੁੜ ਸੱਪ ਨੂੰ ਫੜ ਲੈਂਦਾ ਹੈ, ਇਸ ਤਰ੍ਹਾਂ ਨਰਸਿੰਘ ਅਵਤਾਰ ਨੇ ਹਿਰਨਕਸ਼ਪ ਨੂੰ ਫੜ ਲਿਆ। ਉਹ ਆਪਣੇ ਆਪ ਨੂੰ ਛੁੜਾਉਣਾ ਚਾਹੁੰਦਾ ਸੀ। ਲੀਲ੍ਹਾ ਕਰਨ ਹੇਤ ਪ੍ਰਭੂ ਨੇ ਉਸ ਨੂੰ ਛੱਡ ਦਿੱਤਾ। ਆਪਣੇ ਆਪ ਨੂੰ ਛੁੜਾ ਕੇ ਬੜੀ ਉਚੀ ਆਵਾਜ਼ ਵਿਚ ਗਰਜਿਆ॥ ੨੦॥

ਹਾਹਾਕਾਰ ਦੇਵ ਸਭਿ ਕਰਹੀਂ। ਘਨ ਪਟਕਰਿ ਦੇਖਹਿਂ ਉਰ ਡਰਿਹੀਂ।
ਪ੍ਰਭੁ ਕੇ ਬਲ ਮਹਿਂ ਸ਼ੰਕਾ ਮਾਨਹਿਂ। ਹਿਰਨਾਕਸ਼ ਕੋ ਬਲੀ ਪਛਾਨਹਿਂ ॥੨੧॥

ਸਾਰੇ ਦੇਵਤੇ ਹਾਹਾਕਾਰ ਕਰ ਉੱਠੇ, ਬੱਦਲਾਂ ਦਾ ਪੜਦਾ ਕਰਕੇ ਵੇਖਦੇ ਸਨ ਤੇ ਦਿਲ ਵਿਚ ਡਰਦੇ ਸਨ। ਪ੍ਰਭੂ ਦੇ ਬਲ ਤੇ ਸ਼ੰਕਾ ਕਰਦੇ ਸਨ ਤੇ ਹਿਰਨਾਕਸ਼ਪ ਨੂੰ ਵੱਡਾ ਬਲੀ ਪਛਾਣਦੇ ਸਨ॥ ੨੧॥

ਚੌਪਈ- ਅਹਿ ਖਗਪਤ ਜਿਉਂ ਖੇਲਨ ਹੇਤਾ। ਲਖਤਿ ਨ ਕਰਿਹੀ ਕ੍ਰਿਪਾ ਨਿਕੇਤਾ।
ਪੁਨ ਦਨੁਜੇਸ਼ ਲਏ ਅਸਿ ਢਾਲਾ। ਆਯੋ ਪ੍ਰਭੁ ਸਮੀਪ ਤਤਕਾਲਾ ॥੨੨॥

ਜਿਵੇਂ ਸੱਪ ਨਾਲ ਗਰੁੜ ਖੇਡਦਾ ਹੈ, ਪ੍ਰਭੂ ਉਸ ਤਰ੍ਹਾਂ ਕਰ ਰਹੇ ਸਨ, ਪਰ ਦੇਵਤੇ ਕ੍ਰਿਪਾ ਦੇ ਘਰ ਨੂੰ ਸਮਝ ਨਹੀਂ ਸਨ ਰਹੇ। ਫਿਰ ਦੈਂਤਾਂ ਦੇ ਰਾਜੇ ਨੇ ਢਾਲ ਨੂੰ ਚੰਗੀ ਤਰ੍ਹਾਂ ਫੜਿਆ ਅਤੇ ਤੁਰੰਤ ਪ੍ਰਭੂ ਦੇ ਨੇੜੇ ਆਇਆ॥ ੨੨॥

ਸ੍ਰੀ ਨਰਸਿੰਘ ਗਰਜ ਧੁਨਿ ਘੋਰਾ। ਦਾਰੁਣ ਕਿਯ ਚਹੁੰ ਓਰ ਕਠੋਰਾ।
ਦੌਰ ਗਹਜੋ ਦਨੁਜੇਸ਼ਹਿੰ ਐਸੇ। ਅਹਿ ਗਹਿ ਲੇਤਿ ਮੇਂਡਕੇ ਜੈਸੇ॥੨੩॥

ਫਿਰ ਨਰਸਿੰਘ ਭਿਆਨਕ ਆਵਾਜ਼ ਕੱਢ ਕੇ ਗਰਜਿਆ। ਚਾਰੇ ਪਾਸੇ ਇਹ ਸਖਤ ਤੇ ਡਰਾਉਣੀ ਆਵਾਜ਼ ਦੀ ਗੂੰਜ ਛਾ ਗਈ। ਫਿਰ ਦੈਂਤਾਂ ਦੇ ਰਾਜੇ ਨੂੰ ਇਸ ਤਰ੍ਹਾਂ ਫੜ ਲਿਆ ਜਿਵੇਂ ਸੱਪ ਡੱਡੂ ਨੂੰ ਫੜ ਲੈਂਦਾ ਹੈ॥ ੨੩॥

ਫਰਫਰਾਤਿ ਭਾਜਨ ਇਤ ਉਤ ਕੋ। ਦਿਢ ਗਹਿ ਲਿਯ ਨ ਜਾਨ ਦਿਯ ਕਿਤ ਕੋ।
ਤਿਹ ਛਿਨ ਸਭਾ ਦ੍ਵਾਰ ਕੇ ਥਾਨਾ। ਧਾਰਿ ਉਰੂ ਪਰ ਸ੍ਰੀ ਭਗਵਾਨਾ॥੨੪॥

ਭੱਜਣ ਵਾਸਤੇ ਇਧਰ ਉਧਰ ਫੜਫੜਾਉਂਦਾ ਸੀ, ਪਰ ਨਰਸਿੰਘ ਅਵਤਾਰ ਨੇ ਘੁਟ ਕੇ ਫੜਿਆ ਹੋਇਆ ਸੀ ਅਤੇ ਕਿਸੇ ਪਾਸੇ ਜਾਣ ਨਾ ਸੀ ਦਿੱਤਾ। ਉਸੇ ਵੇਲੇ ਚੁੱਕ ਕੇ ਸਭਾ ਦੇ ਦਰਵਾਜ਼ੇ ਵਿਚ ਲੈ ਆਂਦਾ, ਸ੍ਰੀ ਭਗਵਾਨ ਨੇ ਉਸ ਨੂੰ ਆਪਣੇ ਪੱਟਾਂ ਉਪਰ ਰੱਖ ਲਿਆ॥੨੪॥

ਤੂਰਨ ਨਖ ਸੋਂ ਉਦਰ ਬਿਦਾਰਾ। ਮਹਾਂ ਬਲੀ ਇਕ ਛਿਨ ਮੈਂ ਮਾਰਾ।
ਨਹਿ ਅੰਤਰ ਨਹਿਂ ਬਾਹਿਰ ਕੀਨਾ। ਦਜੋਸ ਨ ਨਿਸਾ ਜਬਹਿ ਹਨਿ ਦੀਨਾ॥੨੫॥

ਤੁਰਤ ਨਹੁੰਆਂ ਨਾਲ ਉਸ ਦਾ ਢਿੱਡ ਪਾੜ ਦਿੱਤਾ, ਮਹਾਂਬਲੀ ਇਕ ਛਿਨ ਵਿਚ ਮਾਰ ਦਿੱਤਾ। ਨਾ ਉਸ ਨੂੰ ਅੰਦਰ ਮਾਰਿਆ ਨਾ ਬਾਹਰ ਮਾਰਿਆ, ਨਾ ਉਸ ਵੇਲੇ ਦਿਨ ਸੀ ਨਾ ਰਾਤ ਸੀ ਜਦ ਉਸ ਨੂੰ ਮਾਰ ਸੁੱਟਿਆ॥ ੨੫॥

ਨਹਿਂ ਧਰਨੀ ਨਹਿਂ ਅੰਬਰ ਮਾਂਹੀ। ਜਿਯਤ ਮ੍ਰਿਤਕ ਦੋ ਬਿਧਿ ਨਖ ਨਾਂਹੀ।
ਬਿਧਿ ਕੀ ਰਚਨਾ ਜਨਮ ਨ ਲੀਨਾ। ਸ਼ਿਲਾ ਥੰਭ ਤੇ ਨਿਕਸਿ ਪ੍ਰਬੀਨਾ॥੨੬॥

ਨਾ ਧਰਤੀ ਸੀ ਅਤੇ ਨਾ ਹੀ ਅਕਾਸ਼ ਸੀ। ਨਹੁੰਦਰਾਂ ਨਾ ਜੀਉਂਦੀਆਂ ਹੁੰਦੀਆਂ ਹਨ ਨਾ ਮਰੀਆਂ ਹੁੰਦੀਆਂ ਹਨ, ਇਸ ਲਈ ਉਸ ਨੂੰ ਵਿਧੀ ਨਾਲ ਮਾਰ ਦਿੱਤਾ। ਦੁਨਿਆਵੀ ਰਚਨਾ ਵਾਂਗ ਜਨਮ ਨਾ ਲਿਆ। ਚਤੁਰ ਭਗਵਾਨ ਥੰਮ੍ਹ ਪਾੜ ਕੇ ਨਿਕਲ ਆਇਆ॥ ੨੬॥

ਕਰੇ ਸਾਚ ਸਭਿ ਬਚਨ ਬਿਧਾਤਾ। ਦਾਨਵ ਹਨਜੋ ਭਗਤ ਦੁਖ ਦਾਤਾ।
ਉਦਰ ਬਿਦਾਰਜੋ ਕ੍ਰੋਧ ਅਪਾਰਾ। ਕਾਲ ਭਜਾਨ ਜਿਮ ਬਦਨ ਪਸਾਰਾ॥੨੭॥

ਬ੍ਰਹਮਾ ਨੇ ਜੋ ਬਚਨ ਕੀਤੇ ਸਨ ਉਹ ਸਾਰੇ ਸੱਚੇ ਕਰ ਦਿੱਤੇ। ਭਗਤਾਂ ਨੂੰ ਦੁੱਖ ਦੇਣ ਵਾਲੇ ਦੈਂਤ ਨੂੰ ਮਾਰ ਦਿੱਤਾ। ਬੜੇ ਕ੍ਰੋਧ ਵਿਚ ਆ ਕੇ ਉਸ ਦਾ ਢਿੱਡ ਪਾੜ ਦਿੱਤਾ। ਭਿਆਨਕ ਕਾਲ ਵਾਂਗ ਜਿਸ ਦਾ ਮੁੱਖ ਫੈਲਿਆ ਹੋਇਆ ਸੀ॥ ੨੭॥

ਸ਼੍ਰੋਣਤ ਸੋਂ ਭੀਗੇ ਸਭਿ ਅੰਗਾ। ਸੁੰਦਰ ਸ਼ੋਭਤਿ ਭਏ ਸੁਰੰਗਾ।
ਆਂਤੇਂ ਕਾਢਿ ਗ੍ਰੀਵ ਮਹਿਂ ਡਾਰੀ। ਸ਼ਾਂਤਿ ਨ ਹੋਵਤਿ ਰੋਸ ਅਪਾਰੀ॥੨੮॥

ਲਹੂ ਨਾਲ ਉਸ ਦੇ ਸਾਰੇ ਅੰਗ ਭਿੱਜ ਗਏ। ਲਾਲ ਰੰਗ ਸੁੰਦਰ ਸ਼ੋਭਾ ਪਾ ਰਿਹਾ ਸੀ। ਆਂਦਰਾਂ ਕੱਢ ਕੇ ਮੂੰਹ ਵਿਚ ਪਾ ਲਈਆਂ। ਸ਼ਾਂਤ ਨਹੀਂ ਸੀ ਹੋ ਰਿਹਾ, ਅਪਾਰ ਗੁੱਸੇ ਵਿਚ ਸੀ॥ ੨੮॥

ਤਬ ਜੇ ਦਾਨਵ ਗਏ ਪਲਾਈ। ਸੋ ਹਟਿ ਆਏ ਕਰਨ ਲਰਾਈ।
ਗਹਿ ਗਹਿ ਸੰਗ ਨਖਾਯੁਧ ਮਾਰੇ। ਸਗਰੇ ਛਿਨ ਇਕ ਵਿਖੇ ਸੰਘਾਰੇ॥੨੯॥

ਤਦ ਜਿਹੜੇ ਦੈਂਤ ਭੱਜ ਗਏ ਸਨ, ਉਹ ਲੜਾਈ ਕਰਨ ਵਾਸਤੇ ਵਾਪਿਸ ਆ ਗਏ। ਸਾਰੇ ਫੜ ਫੜ ਕੇ ਨਹੁੰਆਂ ਰੂਪੀ ਸ਼ਸਤਰਾਂ ਨਾਲ ਮਾਰੇ। ਸਾਰੇ ਹੀ ਇਕ ਛਿਨ ਵਿਚ ਮਾਰ ਦਿੱਤੇ॥ ੨੯॥

ਤਦਪਿ ਨ ਕ੍ਰੋਧ ਸ਼ਾਂਤਿ ਕੋ ਪਾਵਾ। ਤਬਹੀ ਕੰਧ ਕੇਸ ਝਹਿਰਾਵਾ।
ਭਿੰਨ ਭਿੰਨ ਭੇ ਮੇਘ ਅਕਾਸ਼ਾ। ਛੁਭਤਿ ਪਯੋਧਰ ਪਹੁਚੇ ਸ੍ਵਾਸਾ॥ ੩੦॥

ਤਦ ਵੀ ਕ੍ਰੋਧ ਸ਼ਾਂਤ ਨਾ ਹੋਇਆ, ਫਿਰ ਮੋਢਿਆਂ ਦੇ ਕੇਸ ਹਿਲਾਏ। ਅਕਾਸ਼ ਵਿਚ ਬੱਦਲ ਵੱਖ-ਵੱਖ ਹੋ ਗਏ। ਜਦ ਸਵਾਸਾਂ ਦਾ ਵੇਗ ਪਹੁੰਚਿਆ ਤਾਂ ਬੱਦਲ ਦੁਬਾਰਾ ਸੁਸ਼ੋਭਿਤ ਹੋਏ॥ ੩੦॥

ਬਹੁ ਬਲ ਧਾਰਿ ਪ੍ਰਭੂ ਗਰਜਾਨਾ। ਸੁਨਿ ਬ੍ਰਹਮੰਡ ਸਗਰ ਅਕੁਲਾਨਾ।
ਬਿਚਲ ਗਏ ਜੇ ਦੇਵ ਬਿਮਾਨਾ। ਉਡਗਨ ਗਿਰੇ ਮਹਾਂ ਭਯ ਮਾਨਾ॥ ੩੧॥

ਪ੍ਰਭੂ ਬਹੁਤ ਬਲ ਧਾਰਨ ਕਰਕੇ ਗਰਜਿਆ। ਸਾਰਾ ਬ੍ਰਹਮੰਡ ਸੁਣ ਕੇ ਵਿਆਕੁਲ ਹੋ ਗਿਆ। ਦੇਵਤਿਆਂ ਦੇ ਬਬਾਣ ਖਿਲਰ ਗਏ। ਤਾਰੇ ਬਹੁਤ ਭੈਅ ਮੰਨ ਕੇ ਡਿੱਗ ਪਏ॥ ੩੧॥

ਚਰਨਨ ਸੰਗਿ ਦੁਖਿਤਿ ਭੀ ਧਰਨੀ। ਪ੍ਰਬਲ ਤੇਜ ਕੋ ਸਕਿਤਿਹ ਬਰਨੀ।
ਜਬ ਤਹਿਂ ਦਾਨਵ ਰਹਾ ਨ ਕੋਈ। ਨਖ ਆਯੁਧ ਤੇ ਮ੍ਰਿਤੁ ਸਭਿ ਹੋਈ॥ ੩੨॥

ਨਰਸਿੰਘ ਅਵਤਾਰ ਦੇ ਚਰਨਾਂ ਨਾਲ ਧਰਤੀ ਦੁਖੀ ਹੋ ਗਈ। ਏਡਾ ਪ੍ਰਬਲ ਤੇਜ ਹੈ, ਉਸ ਨੂੰ ਕੌਣ ਵਰਣਨ ਕਰ ਸਕਦਾ ਹੈ? ਜਦ ਕੋਈ ਵੀ ਦੈਂਤ ਨਾ ਰਿਹਾ ਅਤੇ ਨਰਸਿੰਘ ਦੇ ਨਹੁੰਆਂ ਨਾਲ ਸਭ ਦੀ ਮੌਤ ਹੋ ਗਈ॥ ੩੨॥

ਤਬ ਸਿੰਘਾਸਨ ਬੈਠੇ ਜਾਈ। ਸੁਰਨ ਸੁਮਨ ਬਰਖਾ ਬਰਖਾਈ।
ਸਭਿ ਹੀ ਮਿਲੇ ਬਿਰੰਚ ਮਹੇਸ਼ਾ। ਸਿੱਧ, ਪਿਤਰ ਰਿਖਿ, ਜੱਖ, ਸੁਰੇਸ਼ਾ॥ ੩੩॥

ਤਦ ਜਾ ਕੇ ਸਿੰਘਾਸਣ ਤੇ ਬੈਠ ਗਏ। ਦੇਵਤਿਆਂ ਨੇ ਫੁੱਲਾਂ ਦੀ ਵਰਖਾ ਕੀਤੀ। ਸਾਰੇ ਹੀ ਬ੍ਰਹਮਾ, ਸ਼ਿਵਜੀ ਆਦਿ ਉਨ੍ਹਾਂ ਨੂੰ ਮਿਲੇ, ਇਨ੍ਹਾਂ ਵਿਚ ਸਿੱਧ, ਰਿਖੀਆਂ ਦੇ ਪਿਤਰ, ਯਕਸ਼ ਅਤੇ ਇੰਦਰ ਵੀ ਸ਼ਾਮਿਲ ਸਨ॥ ੩੩॥

ਧਨਦ ਆਦਿ ਬਿੱਦ੍ਯਾਧਰਿ ਜੇਤੇ। ਆਏ ਸਭਿਹਿ ਬਿਲੋਕਨ ਹੇਤੇ।
ਦੇਖਿ ਸਰੂਪ ਨ ਡਰ ਉਰ ਥੋਰਾ। ਪਿਖ੍ਯੋ ਨ ਜਾਤਿ ਭਯਾਨਕ ਘੋਰਾ॥ ੩੪॥

ਕੁਬੇਰ, ਖੇਚਰ, ਗੰਧਰਵ, ਕਿੰਨਰ ਆਦਿ ਜਿੰਨੇ ਵੀ ਸਨ, ਸਾਰੇ ਵੇਖਣ ਵਾਸਤੇ ਆਏ। ਉਨ੍ਹਾਂ ਦਾ ਭਿਆਨਕ ਸਰੂਪ ਵੇਖ ਕੇ ਡਰ ਗਏ। ਅਤੀ ਡਰਾਉਣਾ ਰੂਪ ਵੇਖਿਆ ਨਹੀਂ ਸੀ ਜਾਂਦਾ॥ ੩੪॥

ਆਇ ਨ ਸਕਹਿਂ ਸਮੀਪ ਬਹੋਰੀ। ਖਰੇ ਦੂਰ ਦੋਨੋਂ ਕਰ ਜੋਰੀ।
ਬਿਧਿ ਸ਼ਿਵ ਆਦਿ ਅਮਰ ਜੇ ਬ੍ਰਿੰਦਾ। ਨੁਤਹਿ ਬਖਾਨਤਿ ਆਨੰਦ ਕੰਦਾ॥ ੩੫॥

ਉਹ ਨੇੜੇ ਨਹੀਂ ਸੀ ਆ ਸਕਦੇ, ਹੱਥ ਜੋੜ ਕੇ ਦੂਰ ਹੀ ਖੜੇ ਰਹੇ। ਬ੍ਰਹਮਾ ਸ਼ਿਵਜੀ ਆਦਿ ਜਿਹੜੇ ਅਮਰ ਦੇਵਤੇ ਹਨ, ਆਨੰਦ ਦੇ ਦਾਤੇ ਦੀ ਬੜੀ ਉਸਤਤ ਕਰਦੇ ਸਨ॥ ੩੫॥

ਜੈ ਜੈ ਜੈ ਤਵ ਸ੍ਰੀ ਜਗਸਾਈਂ!। ਨਮੋ ਨਮੋ ਤ੍ਰੈਲੋਕਨ ਰਾਈ!।
ਨਮੋ ਨਮੋ ਭਗਤਨ ਦੁਖ ਖੰਡਨ!। ਜੈ ਜੈ ਜੈ ਧਰਨੀ ਕੇ ਮੰਡਨ!॥ ੩੬॥

ਉਹ ਕਹਿੰਦੇ ਸਨ, "ਹੇ ਜਗਤ ਦੇ ਸਵਾਮੀ ਤੇਰੀ ਜੈ ਹੋਵੇ। ਹੇ ਤਿੰਨਾਂ ਲੋਕਾਂ ਦੇ ਸਵਾਮੀ ਤੈਨੂੰ ਨਮਸਕਾਰ ਹੈ, ਹੇ ਭਗਤਾਂ ਦਾ ਦੁਖ ਦੂਰ ਕਰਨ ਵਾਲੇ! ਤੈਨੂੰ ਨਮਸਕਾਰ ਹੈ। ਹੇ ਧਰਤੀ ਦਾ ਵਿਨਾਸ਼ ਕਰਨ ਵਾਲੇ! ਤੇਰੀ ਜੈ ਜੈ ਜੈ ਹੋਵੇ॥ ੩੬॥

ਇਹ ਦਾਨਵ ਸਭਿ ਸੁਰ ਦੁਖ ਕਾਰੀ। ਜੀਤ ਸਦਨ ਤੇ ਦੀਨ ਨਿਕਾਰੀ।
ਮਹਾਂਬਲੀ ਸੋ ਤੁਮ ਨੈ ਮਾਰਾ। ਬਿਨ ਪ੍ਰਯਾਸ ਛਿਨ ਬਿਖੈ ਸੰਘਾਰਾ॥ ੩੭॥

ਇਹ ਸਾਰੇ ਦੈਂਤ ਦੇਵਤਿਆਂ ਨੂੰ ਦੁੱਖ ਦਿੰਦੇ ਹਨ। ਉਨ੍ਹਾਂ ਨੂੰ ਜਿੱਤ ਕੇ ਘਰਾਂ ਵਿਚੋਂ ਕੱਢ ਦਿੱਤਾ ਹੈ। ਜੋ ਮਹਾਬਲੀ ਸਨ, ਉਨ੍ਹਾਂ ਨੂੰ ਤੁਸੀਂ ਮਾਰਿਆ ਹੈ, ਕਿਸੇ ਯਤਨ ਬਗੈਰ ਪਲਾਂ ਵਿਚ ਮਾਰ ਦਿੱਤਾ ਹੈ॥ ੩੭॥

ਕ੍ਰੋਧ ਪ੍ਰਜੁਲਤ ਅਪਾਰ ਤੁਮਾਰਾ। ਤੀਨ ਲੋਕ ਕੋ ਅਤਿ ਭਯਕਾਰਾ।
ਦਯਾ ਸਿੰਧੁ ! ਉਪਸ਼ਮ ਅਬ ਕੀਜੈ। ਸਰਬ ਜਗਤ ਕੋ ਅਭੈ ਸੁ ਦੀਜੈ॥੩੮॥

ਤੁਹਾਡਾ ਕ੍ਰੋਧ ਬੜਾ ਪ੍ਰਚੰਡ ਹੈ, ਜਿਹੜਾ ਤਿੰਨਾਂ ਲੋਕਾਂ ਨੂੰ ਭੈਭੀਤ ਕਰ ਦਿੰਦਾ ਹੈ। ਹੇ ਦਇਆ ਦੇ ਸਾਗਰ ! ਹੁਣ ਸ਼ਾਂਤੀ ਧਾਰਨ ਕਰੋ। ਸਾਰੇ ਜਗਤ ਨੂੰ ਹੁਣ ਭੈਅ-ਰਹਿਤ ਕਰੋ॥ ੩੮॥

ਬਿਧਿ ਨਿਜ ਨਿਕਟਿ ਰਮਾ ਕੋ ਦੇਖਾ। ਤਿਹ ਕੋ ਕਹਜੋ-ਜਿ ਰੋਸ ਬਿਸ਼ੇਖਾ।
ਅਬ ਤੂੰ ਜਾਇ ਸ਼ਾਂਤਿ ਕਰਿਵਾਵਹੁ। ਬਯਾਕੁਲਤਾ ਜਗ ਕੀ ਸੁ ਮਿਟਾਵਹੁ॥੩੯॥

ਬ੍ਰਹਮਾ ਨੇ ਜਦ ਆਪਣੇ ਪਾਸ ਲੱਛਮੀ ਨੂੰ ਵੇਖਿਆ ਤਾਂ ਉਸ ਨੂੰ ਬੜੇ ਕ੍ਰੋਧ ਵਿਚ ਆ ਕੇ ਕਿਹਾ, "ਹੁਣ ਤੂੰ ਜਾ ਕੇ ਉਨ੍ਹਾਂ ਸ਼ਾਂਤ ਕਰਾਵੇਂ, ਜਿਹੜੀ ਜਗਤ ਦੀ ਵਿਆਕੁਲਤਾ ਹੈ ਉਸ ਨੂੰ ਮਿਟਾਵੇਂ॥ ੩੯॥

ਨਿਕਟ ਜਾਇ ਬਹੁਰੋ ਫਿਰਿ ਆਈ। ਰਮਾ ਦ੍ਰੂਹਿਣ ਸੰਗਿ ਗਿਰਾ ਅਲਾਈ।
ਪੂਰਬ ਮੈਂ ਅਸ ਸੁਨਾ ਨ ਦੇਖਾ। ਅਬ ਸੋਰੋਸ ਕੀਨੋ ਜਸ ਬੇਖਾ॥੪੦॥

ਉਹ ਨਰਸਿੰਘ ਅਵਤਾਰ ਦੇ ਪਾਸ ਜਾ ਕੇ ਫਿਰ ਵਾਪਿਸ ਆ ਗਈ ਅਤੇ ਫਿਰ ਬ੍ਰਹਮਾ ਨੂੰ ਕਹਿਣ ਲੱਗੀ, ਪਹਿਲਾਂ ਤਾਂ ਮੈਂ ਕਦੀ ਇਸ ਤਰ੍ਹਾਂ ਸੁਣਿਆ ਨਾ ਵੇਖਿਆ ਹੈ, ਅੱਜ ਏਡੇ ਕ੍ਰੋਧ ਵਾਲਾ ਜੈਸਾ ਰੂਪ ਬਣਾਇਆ ਹੈ॥ ੪੦॥

ਤੇਜ ਨ ਸਹਜੋ ਜਾਤ ਮੁਝ ਪਾਸਾ। ਅਵਲੋਕਨ ਤੇ ਉਪਜਤਿ ਤ੍ਰਾਸਾ।
ਸ੍ਰੀ ਗੁਰ ਅੰਗਦ ਜੀ ਸੁਨੁ ਕਾਨਾ। ਜੋ ਇਤਿਹਾਸ ਪ੍ਰਹਲਾਦ ਬਖਾਨਾ॥੪੧॥

ਮੇਰੇ ਪਾਸੋਂ ਤਾਂ ਉਨ੍ਹਾਂ ਦਾ ਤੇਜ ਬਰਦਾਸ਼ਤ ਨਹੀਂ ਹੁੰਦਾ। ਉਨ੍ਹਾਂ ਨੂੰ ਵੇਖ ਕੇ ਹੀ ਡਰ ਆਉਂਦਾ ਹੈ।" ਹੇ ਗੁਰੂ ਅੰਗਦ ਦੇਵ ਜੀ ਉਹ ਇਤਿਹਾਸ ਸੁਣੋ ਜਿਹੜਾ ਪ੍ਰਹਿਲਾਦ ਨੇ ਬਿਆਨ ਕੀਤਾ॥ ੪੧॥

'ਸੁਰ ਮਿਲਿ ਕਰਿ ਤਬ ਮੁਝ ਢਿਗ ਆਏ। ਅਧਿਕ ਨੇਹ ਕੇ ਬਚਨ ਸੁਨਾਏ।
ਸ੍ਰੀਨਰਸਿੰਘ ਨਿਕਟ ਤੁਮ ਜਾਵਹੁ। ਕ੍ਰੋਧ ਬਿਸ਼ਾਲ ਸ਼ਾਂਤਿ ਕਰਿਵਾਹੁ॥੪੨॥

ਸਾਰੇ ਦੇਵਤੇ ਮਿਲ ਕੇ ਫਿਰ ਮੇਰੇ ਪਾਸ ਆਏ ਅਤੇ ਬੜੇ ਪਿਆਰੇ ਭਰੇ ਉਨ੍ਹਾਂ ਬਚਨ ਸੁਣਾਏ। ਸ੍ਰੀ ਨਰਸਿੰਘ ਅਵਤਾਰ ਦੇ ਪਾਸ ਤੁਸੀਂ ਜਾਵੋ ਅਤੇ ਉਸ ਦੇ ਵਿਸ਼ਾਲ ਕ੍ਰੋਧ ਨੂੰ ਸ਼ਾਂਤ ਕਰਾਵੋ॥ ੪੨॥

ਤਿਨ ਕੇ ਸੁਨਿ ਕਰਿ ਮੈਂ ਅਸ ਬੈਨਾ। ਗਮਨਜੋ ਨਿਕਟ ਰਿਦੇ ਕਛੁ ਭੈ ਨਾ।
ਚਰਨ ਕਮਲ ਪਕਰੇ ਤਬ ਜਾਈ। ਬੰਦਨ ਕੀਨਿ ਦੰਡ ਕੀ ਨਜਾਈ॥੪੩॥

ਉਨ੍ਹਾਂ ਦੇਵਤਿਆਂ ਦੇ ਅਜੇਹੇ ਬਚਨ ਸੁਣ ਕੇ ਮੈਂ ਭੈਅ-ਰਹਿਤ ਹੋ ਕੇ ਨਰਸਿੰਘ ਅਵਤਾਰ ਦੇ ਪਾਸ ਗਿਆ। ਮੈਂ ਜਾ ਕੇ ਉਨਾ ਦੇ ਚਰਨ ਕਮਲ ਫੜ ਲਏ ਅਤੇ ਡੰਡੌਤ ਬੰਦਨਾ ਕੀਤੀ॥ ੪੩॥

ਸ੍ਰੀ ਨਰਸਿੰਘ ਜਬਹਿ ਦ੍ਰਿਗ ਦੇਖਾ। ਪਰਜੋ ਚਰਨ ਪਰ ਅਭੈ ਬਿਸ਼ੇਖਾ।
ਗਹਿ ਕਰਿ ਤਬ ਉਠਾਵ ਜਗਦੀਸ਼ਾ। ਕਰ ਅਰਬਿੰਦ ਧਾਰਿ ਕਰਿ ਸੀਸਾ॥੪੪॥

ਜਦ ਸ੍ਰੀ ਨਰਸਿੰਘ ਅਵਤਾਰ ਨੇ ਵੇਖਿਆ ਤਾਂ ਮੈਂ ਬੜਾ ਨਿਡੱਰ ਹੋ ਕੇ ਚਰਨਾਂ ਤੇ ਢਹਿ ਪਿਆ। ਫਿਰ ਜਗਤ ਦੇ ਈਸ਼ਵਰ ਨੇ ਮੈਨੂੰ ਫੜ ਕੇ ਹੱਥ ਕੰਵਲ ਮੇਰੇ ਸਿਰ ਤੇ ਰੱਖ ਕੇ ਮੈਨੂੰ ਉਠਾਇਆ॥ ੪੪॥

ਸੰਗ ਸਨੇਹ ਪਲੋਸਤਿ ਮਾਥਾ। ਉਠਿ ਉਸਤਤਿ ਮੈਂ ਕਿਯ ਜਗਨਾਥਾ।

ਉਮਗਜੋ ਪ੍ਰੇਮ ਰਿਦੇ ਕਉ ਭਾਰੀ। ਲੋਚਨ ਤੇ ਸ੍ਰਵਹੀ ਜਲ ਧਾਰੀ ॥੪੫॥

ਬੜੇ ਪਿਆਰ ਨਾਲ ਮੇਰਾ ਮੱਥਾ ਪਲੋਸਿਆ। ਉੱਠ ਕੇ ਮੈਂ ਜਗਤ ਦੇ ਨਾਥ ਦੀ ਉਸਤਤ ਕੀਤੀ। ਹਿਰਦੇ ਵਿਚ ਭਾਰੀ ਪ੍ਰੇਮ ਜਾਗਿਆ ਅਤੇ ਅੱਖਾਂ ਵਿਚੋਂ ਜਲ ਦੀ ਧਾਰਾ ਵਹਿ ਤੁਰੀ॥ ੪੫॥

ਭਗਤ-ਵਛਲ ! ਪਾਰਬ੍ਰਹਮ ਸੁਆਮੀ ! ਦੀਨਬੰਧੁ, ਪ੍ਰਭੁ ਅੰਤਰਜਾਮੀ !।
ਬ੍ਰਹਮਾਦਿਕ ਤੇ ਅਮਰ ਜਿ ਔਰਾ। ਸਕੈਂ ਨ ਭੇਦ ਲਖਤਿ ਤਵ ਥੋਰਾ ॥੪੬॥

ਹੇ ਭਗਤ ਵਛਲ ! ਪਾਰਬ੍ਰਹਮ ਸੁਆਮੀ ! ਦੀਨ ਬੰਧੂ, ਪ੍ਰਭੂ ਅੰਤਰਜਾਮੀ ! ਬ੍ਰਹਮਾ ਆਦਿਕ ਅਤੇ ਹੋਰ ਜਿਹੜੇ ਅਮਰ ਦੇਵਤੇ ਹਨ, ਉਹ ਤੁਹਾਡਾ ਥੋੜਾ ਵੀ ਭੇਦ ਜਾਣ ਨਹੀਂ ਸਕਦੇ॥ ੪੬॥

ਕਹਿਂ ਬਿਅੰਤ ਸ੍ਰੁਤਿ ਬਿੱਦਜਾ ਅਪਰਾ। ਮੈਂ ਦਾਨਵ ਕਿਹ ਲੇਖੇ ਬਪੁਰਾ।
ਔਰ ਨਹੀਂ ਕੋਊ ਗਤਿ ਜਾਨੀ। ਨਿਸ਼ਚੈ ਮੈਂ ਇਕ ਰੀਤਿ ਪਛਾਨੀ ॥੪੭॥

ਤੁਹਾਡੇ ਪਾਸ ਬਿਅੰਤ ਪਰਾ ਅਤੇ ਅਪਰਾ ਵਿਦਿਆ ਹੈ। (ਬ੍ਰਹਮ ਆਤਮਾ ਨੂੰ ਕਥਨ ਕਰਨ ਵਾਲੀ ਵਿਦਿਆ 'ਪਰਾ' ਹੈ ਅਤੇ ਹੋਰ ਵਿਦਿਆ 'ਅਪਰਾ' ਹੈ) ਮੈਂ ਗਰੀਬ ਦੈਂਤ ਇਸ ਦਾ ਕੀ ਲੇਖਾ ਕਰ ਸਕਦਾ ਹਾਂ। ਹੋਰ ਕੋਈ ਮੈਂ ਗਤੀ ਨਹੀਂ ਜਾਣੀ ਹੈ, ਨਿਸ਼ਚੈ ਕਰਕੇ ਮੈਂ ਇਕ ਰੀਤੀ ਪਛਾਣੀ ਹੈ॥ ੪੭॥

ਕਿਹ ਪ੍ਰਕਾਰ ਨਹਿਂ ਰੀਝਹੁ ਆਪੂ। ਕਰਹੁ ਭਗਤਿ ਪਿਖਿ ਕੈ ਦੁਖ ਖਾਪੂ।
ਦਸ ਗੁਣ ਸੰਜੁਤਿ ਜੋ ਦਿਜ ਹੋਈ। ਭਗਤਿ ਬਿਹੀਨ ਪ੍ਰਸੀਦ ਨ ਕੋਈ ॥੪੮॥

ਮੈਂ ਕਿਸ ਪ੍ਰਕਾਰ ਆਪ ਨੂੰ ਪ੍ਰਸੰਨ ਕਰਾਂ। ਜਿਹੜਾ ਤੁਹਾਡੀ ਭਗਤੀ ਕਰਦਾ ਹੈ, ਉਸ ਦੀ ਭਗਤੀ ਵੇਖ ਕੇ ਉਸ ਦੇ ਸਾਰੇ ਦੁੱਖਾਂ ਦਾ ਨਾਸ਼ ਕਰਦੇ ਹੋ। ਬੇਸ਼ਕ ਦਸ ਗੁਣਾ ਸਮੇਤ ਬ੍ਰਾਹਮਣ ਹੋਵੇ, ਪਰ ਭਗਤੀ ਬਿਨਾਂ ਕੋਈ ਵੀ ਪ੍ਰਸੰਨ ਨਹੀਂ ਕਰ ਸਕਦਾ॥ ੪੮॥

ਦਸ ਗੁਨ ਹੀਨ ਜਿ ਅਹੈ ਚੰਡਾਲਾ। ਪ੍ਰੇਮ ਭਗਤਿ ਮਹਿਂ ਮਗਨ ਬਿਸਾਲਾ।
ਤਿਹ ਸਮ ਤੁਮ ਕੋ ਅਪਰ ਨ ਪਜਾਰਾ। ਇਹ ਨਿਰਨੈ ਮੈਂ ਰਿਦੇ ਬਿਚਾਰਾ ॥੪੯॥

ਜੇ ਦਸ ਗੁਣਾਂ ਬਗੈਰ ਚੰਡਾਲ ਹੋਵੇ, ਪਰ ਜੇ ਉਹ ਪ੍ਰੇਮ ਭਗਤੀ ਵਿਸ਼ਾਲ ਮਗਨ ਹੋਵੇ, ਉਸ ਵਰਗਾ ਤੁਹਾਨੂੰ ਹੋਰ ਕੋਈ ਪਿਆਰਾ ਨਹੀਂ ਲੱਗਦਾ। ਇਹ ਨਿਰਣੈ ਮੈਂ ਆਪਣੇ ਹਿਰਦੇ ਵਿਚ ਵਿਚਾਰਿਆ ਹੈ॥ ੪੯॥

ਦੋਹਰਾ- ਜੱਗ, ਦਾਨ, ਤਪ, ਧਰਮ, ਸਤਿ, ਸਮ, ਦਮ, ਧੀਰਜਵੰਤ।
ਸਹਿਨ, ਸੀਲ, ਮਤਸਰ ਰਹਿਤ, ਦਸ਼ ਗੁਣ ਇਹੀ ਗਨੰਤਿ॥ ੫੦॥

ਯਗ, ਦਾਨ, ਤਪ, ਧਰਮ, ਸੱਚ, ਸਮ, ਧੀਰਜਵੰਤ, ਸਹਿਨ, ਸੀਲ (ਸਹਾਰੇ ਦਾ ਪ੍ਰਭਾਵ), ਈਰਖਾ ਰਹਿਤ ਇਹ ਦਸ ਗੁਣ ਗਿਣਦੇ ਹਨ॥ ੫੦॥

ਚੌਪਈ- ਦਿਜ ਕੁਲ ਮਾਨ ਭਰੇ ਉਰ ਭਾਰੀ। ਭਗਤਿ ਹੀਨ ਗੁਣ ਅਘ ਅਨੁਹਾਰੀ।
ਨੀਚ ਜਾਤ ਤਜਿ ਕਰਿ ਮਨ ਮਾਨਾ। ਤੁਮਰੇ ਸੇਵਹਿ ਚਰਨ ਮਹਾਨਾ ॥੫੧॥

ਬ੍ਰਾਹਮਣ ਆਪਣੀ ਕੁਲ ਦਾ ਹਿਰਦੇ ਵਿਚ ਭਾਰੀ ਹੰਕਾਰ ਕਰਦਾ ਹੈ, ਪਰ ਜੇ ਉਹ ਭਗਤੀ ਹੀਣ ਹੈ ਤਾਂ ਉਸਦੇ ਦਸ ਗੁਣ ਪਾਪਾਂ ਸਮਾਨ ਹਨ। ਨੀਚ ਜਾਤ ਦਾ ਮਨੁੱਖ ਜੋ ਆਪਣੇ ਮਨ ਦਾ ਹੰਕਾਰ ਛੱਡ ਕੇ ਤੁਹਾਡੇ ਮਹਾਨ ਚਰਨਾਂ ਦਾ ਸਿਮਰਨ ਕਰੇ॥ ੫੧॥

ਸੋ ਪਾਵਨ ਹ੍ਵੈ ਕਰਿ ਸਰਬੰਗਾ। ਔਰਨ ਕੇਰ ਕਰਹਿ ਅਘ ਭੰਗਾ।

ਸੁਨਿ ਮਮ ਬਿਨਤੀ ਤ੍ਰਿਭਵਣ ਸਾਈਂ। ਸ਼ਾਂਤਿ ਰੋਸ ਕਰਿ ਗਿਰਾ ਅਲਾਈ ॥੫੨ ॥

ਉਹ ਹਰ ਤਰ੍ਹਾਂ ਨਾਲ ਪਵਿੱਤਰ ਹੋ ਜਾਂਦਾ ਹੈ ਅਤੇ ਹੋਰਨਾਂ ਦੇ ਵੀ ਪਾਪ ਨਾਸ਼ ਕਰ ਦਿੰਦਾ ਹੈ। ਤਿੰਨ ਭਵਨਾਂ ਦੇ ਸਵਾਮੀ ਨੇ ਮੇਰੀ ਬੇਨਤੀ ਸੁਣ ਕੇ, ਕ੍ਰੋਧ ਨੂੰ ਸ਼ਾਂਤ ਕਰਕੇ ਇਹ ਬਚਨ ਕੀਤੇ॥ ੫੩॥

ਅਹੋ ਪ੍ਰਹਲਾਦ ਭਗਤ ਤੂੰ ਪੂਰਾ। ਕੋਊ ਬਿਧਿ ਤੇ ਹੋਇ ਨ ਊਰਾ।
ਬਰ ਜਾਚਹੁ ਜੁ ਹੈ ਚਿਤ ਮਾਂਹੀ। ਤੋਤੇ ਨਹਿੰ ਅਦੇਯ ਮੁਝ ਪਾਹੀ ॥੫੩ ॥

ਹੇ ਪ੍ਰਹਿਲਾਦ ਤੂੰ ਪੂਰਾ ਭਗਤ ਹੈਂ, ਤੂੰ ਕਿਸੇ ਤਰ੍ਹਾਂ ਵੀ ਊਣਾ ਨਹੀ ਹੈਂ। ਜੋ ਵੀ ਤੇਰੇ ਚਿਤ ਵਿਚ ਹੈ, ਵਰ ਮੰਗੋ। ਤੈਨੂੰ ਨਾ ਦੇਣ ਵਾਲੀ ਕੋਈ ਚੀਜ਼ ਮੇਰੇ ਪਾਸ ਨਹੀ ਹੈ, ਭਾਵ ਤੈਨੂੰ ਮੈਂ ਸਭ ਕੁਝ ਦੇਣ ਨੂੰ ਤਿਆਰ ਹਾਂ॥ ੫੩॥

ਸੁਨਿ ਕਰਿ ਮੈਂ ਪੁਨ ਗਿਰਾ ਬਖਾਨੀ ॥ ਮਮ ਮਨ ਸਰਬ ਕਾਮਨਾ ਹਾਨੀ।
ਜੋ ਸਕਾਮ ਤਵ ਭਗਤਿ ਕਰੇਈ। ਬਨਕ ਸਮਾਨ ਜਾਨਿਯੇ ਤੇਈ ॥੫੪ ॥

ਇਹ ਸੁਣ ਕੇ ਮੈਂ ਕਿਹਾ, ਮੇਰਾ ਮਨ ਸਾਰੀਆਂ ਕਾਮਨਾਵਾਂ ਤੋਂ ਰਹਿਤ ਹੋ ਗਿਆ ਹੈ। ਜਿਹੜਾ ਕਿਸੇ ਕਾਰਜ ਵਾਸਤੇ ਤੁਹਾਡੀ ਭਗਤੀ ਕਰਦਾ ਹੈ, ਉਸ ਨੂੰ ਬਾਣੀਏ ਸਮਾਨ ਸਮਝੋ॥ ੫੪॥

ਸ੍ਰੀ ਨਰਹਰਿ ਪੁਨ ਬੈਨ ਉਚਾਰੇ। ਭਗਤ ! ਲਖਹੁ ਮੁਝ ਮਹਾਂ ਉਦਾਰੇ।
ਨਿਸ਼ਚੈ ਸਰਬ ਚਾਹ ਤੈਂ ਤਜਾਗੀ। ਤਦਪਿ ਮੋਹਿ ਤੋਖਨ ਹਿਤ ਲਾਗੀ ॥੫੫ ॥

ਸ੍ਰੀ ਨਰਸਿੰਘ ਅਵਤਾਰ ਨੇ ਫਿਰ ਬਚਨ ਕੀਤੇ, "ਹੇ ਭਗਤ ! ਮੈਨੂੰ ਮਹਾਨ ਉਦਾਰ ਚਿਤ ਸਮਝੋ। ਮੈਂ ਜਾਣਦਾ ਹਾਂ ਕਿ ਤੂੰ ਸਰਬ ਕਾਮਨਾਵਾਂ ਛੱਡ ਦਿਤੀਆਂ ਹਨ, ਤਾਂ ਵੀ ਮੈਨੂੰ ਪ੍ਰਸੰਨ ਕਰਨ ਵਾਸਤੇ ਕੁਝ ਮੰਗੋ॥ ੫੫॥

ਜਾਚਹੁ ਬਰ ਆਇਸੁ ਅਨੁਸਾਰੀ। ਤਨ ਮੈ ਤੂੰ ਮੇਰੋ ਹਿਤਕਾਰੀ।
ਬੰਦਿ ਹਾਥ ਮੈਂ ਮਾਨਿ ਰਜਾਇਯਾ। ਕਹਜੋ ਜੇ ਰਾਵਰ ਕੀ ਅਸ ਦਾਯਾ ॥੫੬ ॥

ਮੇਰੀ ਆਗਿਆ ਅਨੁਸਾਰ ਕੋਈ ਵਰ ਮੰਗੋ। ਸਰੀਰ ਵਿਚ ਲਿਵਲੀਨ ਤੂੰ ਮੇਰਾ ਪ੍ਰੇਮੀ ਹੈਂ। ਹੱਥ ਬੰਨ੍ਹ ਕੇ ਮੈਂ ਉਨ੍ਹਾਂ ਦੀ ਆਗਿਆ ਮੰਨ ਲਈ ਅਤੇ ਕਿਹਾ, ਜੇ ਤੁਹਾਡੀ ਦਇਆ ਹੈ॥ ੫੬॥

ਸਰਬ ਕਾਮਨਾ ਉਰ ਜਰਿ ਜਾਵਹਿਂ। ਤਵ ਪਗ ਭਗਤਿ ਸਦਾ ਰਤਿ ਭਾਵਹਿ।
ਅਸ ਕਹਿ ਬਾਰ ਬਾਰ ਸਿਰ ਨਜਾਈ। ਰਹਜੋ ਚਰਨ ਪੰਕਜ ਲਪਟਾਈ ॥੫੭ ॥

ਤਾਂ ਹਿਰਦੇ ਦੀਆਂ ਸਰਬ ਕਾਮਨਾਵਾਂ ਸੜ ਜਾਣ, ਤੁਹਾਡੇ ਚਰਨਾਂ ਦੀ ਭਗਤੀ ਨਾਲ ਸਦਾ ਮੇਰਾ ਪ੍ਰੇਮ ਬਣਿਆ ਰਹੇ। ਇਹ ਕਹਿ ਕੇ ਮੈਂ ਬਾਰ ਬਾਰ ਸਿਰ ਨਿਵਾਇਆ ਅਤੇ ਚਰਨ ਕਮਲਾਂ ਨਾਲ ਲਿਪਟਿਆ ਰਿਹਾ॥ ੫੭॥

ਹ੍ਵੈ ਪ੍ਰਸੰਨ ਭਗਤਨ ਗੁਣਖਾਨੀ। ਮ੍ਰਿਦੁਲ ਮਧੁਰ ਬੋਲੇ ਸੁਠ ਬਾਨੀ।
'ਸਦਾ ਅਚਲ ਸੁਖ ਦੋਨੋਂ ਲੋਕਾ। ਨਿਰਸੰਦੇਹ ਹ੍ਵੈ ਭੋਗ ਅਸ਼ੋਕਾ ॥ ੫੮ ॥

ਪ੍ਰਸੰਨ ਹੋ ਕੇ ਭਗਤੀ ਦੀ ਗੁਣਾਂ ਦੀ ਖਾਨ ਨੇ ਕੋਮਲ ਮਿਠੇ ਬਚਨ ਬੋਲੇ, "ਸਦਾ ਇਕ ਰਸ ਰਹਿ ਕੇ ਦੋਵਾਂ ਲੋਕਾਂ ਦਾ ਸੁਖ ਨਿਰਸੰਦੇਹ ਅਤੇ ਸੋਕ ਰਹਿਤ ਭੋਗੋ॥ ੫੮॥

ਸਭਿ ਦਾਨਵ ਕੋ ਹੋਹੁ ਭੁਵਾਲਾ। ਕਰਹੁ ਰਾਜ ਬੈਸੇ ਚਿਰ ਕਾਲਾ।
ਸਰਬ ਸ਼ਿਰੋਮਣ ਭਗਤ ਹਮਾਰਾ। ਛ੍ਵੈ ਨ ਸਕਹਿ ਮਦ ਮਾਨ ਬਿਕਾਰਾ ॥੫੯ ॥

ਸਭਿ ਦਾਨਵਾਂ ਦੇ ਰਾਜੇ ਬਣੋ, ਲੰਮੇ ਸਮੇਂ ਤਕ ਬੈਠ ਕੇ ਰਾਜ ਕਰੋ। ਤੂੰ ਸਰਬ ਸ਼ਿਰੋਮਣੀ ਭਗਤ ਹੈਂ। ਤੈਨੂੰ ਹੰਕਾਰ ਤੇ ਵਿਕਾਰ ਛੂਹ ਵੀ ਨਹੀਂ ਸਕਦਾ"॥ ੫੯॥

ਸੁਨਿ ਇਵ ਬਚ ਜੁ ਕਹੇ ਜਗਨਾਥਾ। ਬੋਲਜੋ ਮੈਂ ਨਾਏ ਪਗ ਮਾਥਾ।
ਮਮ ਪਿਤ ਅਤਿਸ਼ੈ ਅਘੀ ਮਲੀਨਾ। ਨਿੰਦਕ ਹੋਇ ਦ੍ਰੋਹ ਤੁਮ ਕੀਨਾ ॥੬੦॥

ਜਿਹੜੇ ਬਚਨ ਜਗਤ ਦੇ ਨਾਥ ਨੇ ਕਹੇ ਸਨ, ਉਨ੍ਹਾਂ ਨੂੰ ਸੁਣ ਕੇ ਮੈਂ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਬੋਲਿਆ, ''ਮੇਰੇ ਪਿਤਾ ਵਡੇ ਪਾਪੀ, ਅਧਰਮੀ ਅਤੇ ਮਲੀਨ ਬੁਧੀ ਵਾਲੇ ਸਨ। ਤੁਹਾਡੇ ਨਿੰਦਕ ਹੋ ਕੇ ਉਨ੍ਹਾਂ ਤੁਹਾਡੇ ਨਾਲ ਧਰੋਹ ਕੀਤਾ॥ ੬੦॥

ਦੀਨ ਦਯਾਲ ਇਸ ਕੀ ਗਤਿ ਕੀਜੈ। ਸਭਿ ਅਪਰਾਧ ਬਖਸ਼ ਕਰਿ ਦੀਜੈ।
ਤੁਮ ਸੋਂ ਕੀਨ ਬਿਰੋਧ ਮਲੀਨੇ। ਕਹੇ ਕੁਬਚਨ ਕੁਟਿਲ ਮਤਿਹੀਨੇ ॥੬੧॥

ਹੇ ਦੀਨ ਦਿਆਲ ਉਸ ਦੀ ਗਤੀ ਕਰੋ ਅਤੇ ਉਸ ਦੇ ਸਾਰੇ ਅਪਰਾਧ ਬਖਸ਼ ਦੇਵੋ। ਉਸ ਨੇ ਤੁਹਾਡੀ ਬਹੁਤ ਵਿਰੋਧਤਾ ਕੀਤੀ ਸੀ। ਮਤਹੀਣ ਨੇ ਤੁਹਾਡੇ ਬਾਰੇ ਬੜੇ ਭੈੜੇ ਕਬੋਲ ਬੋਲੇ ਸਨ॥ ੬੧॥

ਸਭਿ ਔਗੁਣ ਮੈਂ ਪੂਰਨ ਪਾਪੀ। ਬਿਨਾ ਕਾਜ ਜਗ ਜੀਵ ਸੰਤਾਪੀ।
ਤੁਮਰੋ ਜਗ ਮੈਂ ਬਿਰਦ ਸੁਹਾਵਨ। ਦੀਨ ਨਿਵਾਜ ਪਤਿਤ ਕੇ ਪਾਵਨ ॥੬੨॥

ਸਭਿ ਔਗੁਣਾਂ ਕਰਕੇ ਮੈਂ ਪੂਰਨ ਪਾਪੀ ਹਾਂ, ਕਿਸੇ ਕੰਮ ਤੋਂ ਬਗੈਰ ਜਗਤ ਵਿਚ ਜੀਊਣਾਂ ਇਕ ਸੰਤਾਪ ਹੈ। ਜਗਤ ਵਿਚ ਤੁਹਾਡੀ ਉਦਾਰਤਾ ਸੋਭਦੀ ਹੈ, ਤੁਸੀਂ ਦੀਨ ਨਿਵਾਜ ਅਤੇ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਹੋ॥ ੬੨॥

ਛਿਮਾਧਾਰਿ ਦੀਜੈ ਤਿਹ ਮੋਖਾ। ਏਕ ਨ ਗੁਨਿਯੇ ਮਨ ਮੈਂ ਦੋਖਾ।
ਸ੍ਰੀ ਨਰਸਿੰਘ ਕ੍ਰਿਪਾਰਸ ਭੀਨੇ। ਬੋਲੇ ਬਿਗਸਤਿ ਬਚਨ ਪ੍ਰਬੀਨੇ ॥੬੩॥

ਉਨ੍ਹਾਂ ਨੂੰ ਮੁਆਫ ਕਰ ਦੇਵੋ ਅਤੇ ਮੁਕਤੀ ਬਖਸ਼ੋ, ਉਨ੍ਹਾਂ ਦਾ ਇਕ ਪਾਪ ਵੀ ਮਨ ਵਿਚ ਨਾ ਗੁਣੀਏ।'' ਸ੍ਰੀ ਨਰਸਿੰਘ ਕਿਰਪਾ ਦੇ ਰਸ ਵਿਚ ਭਿੱਜ ਗਏ ਅਤੇ ਪ੍ਰਸੰਨ ਹੋ ਕੇ ਚਤੁਰ ਪ੍ਰਭੂ ਜੀ ਬੋਲੇ॥ ੬੩॥

'ਜਿਹ ਕੁਲ ਜਨਮਜੇ ਤੂੰ ਮਮ ਦਾਸਾ। ਭਗਤਿ ਕੀਨਿ ਦ੍ਰਿਢ ਲਖਜੇ ਨ ਤ੍ਰਾਸਾ।
ਕੋ ਸੰਦੇਹ ਤਿਹ ਪਿਤ ਗਤਿ ਕਾਰੇ। ਜਗ ਸਾਗਰ ਕੁਲ ਇਕੀਸ ਤਾਰੇ' ॥੬੪॥

'ਜਿਸ ਕੁਲ ਵਿਚ ਤੂੰ ਮੇਰਾ ਸੇਵਕ ਪੈਦਾ ਹੋਇਆ ਹੈਂ, ਦ੍ਰਿੜ ਭਗਤੀ ਕੀਤੀ ਹੈ ਅਤੇ ਕਿਸੇ ਦੇ ਡਰ ਨੂੰ ਸਮਝਿਆ ਨਹੀ, ਇਸ ਵਿਚ ਕੋਈ ਸ਼ੱਕ ਨਹੀਂ ਕਿ ਤੇਰੇ ਪਿਤਾ ਮੋਖ ਪ੍ਰਾਪਤ ਕਰਨਗੇ। ਜੱਗ ਸਾਗਰ ਵਿਚ ਤੂੰ ਇੱਕੀ ਕੁਲ ਤਾਰੇ ਹਨ''॥ ੬੪॥

ਅਸ ਕਹਿ ਦੀਨ ਰਾਜ ਅਭਿਖੇਕਾ। ਕ੍ਰਿਪਾ ਧਾਰਿ ਮੁਝ ਸਹਿਤ ਬਿਬੇਕਾ।
ਬਹੁਰੋ ਸ੍ਰੀ ਨਰਸਿੰਘ ਮਹਾਨਾ। ਸਭਿ ਦੇਖਤਿ ਭੇ ਅੰਤਰ ਧਜਾਨਾ ॥੬੫॥

ਇਹ ਕਹਿ ਕੇ ਮੈਨੂੰ ਰਾਜ ਤਿਲਕ ਦਿੱਤਾ। ਬਿਬੇਕ ਸਹਿਤ ਮੇਰੇ ਤੇ ਕਿਰਪਾ ਕੀਤੀ। ਫਿਰ ਸ੍ਰੀ ਨਰਸਿੰਘ ਮਹਾਨ ਸਭ ਦੇ ਵੇਖਦਿਆਂ ਅੰਤਰ-ਧਿਆਨ ਹੋ ਗਏ॥ ੬੫॥

ਸੋ ਪ੍ਰਭੁ ਅਬ ਕਲਿ ਕਾਲ ਮਝਾਰਾ। ਭਗਤ ਸਰੂਪ ਧਰਜੋ ਅਵਤਾਰਾ।
ਨਰ ਮਲੀਨ ਅਘ ਪੀਨ ਨਿਹਾਰੇ। ਤਿਨਹਿਂ ਬਤਾਵਨ ਪੰਥ ਸੁਥਾਰੇ ॥੬੬॥

ਉਹੋ ਪ੍ਰਭੂ ਹੁਣ ਕਲਿਜੁਗ ਵਿਚ ਆਏ ਹਨ। ਭਗਤ ਸਰੂਪ ਹੋ ਕੇ ਅਵਤਾਰ ਧਾਰਿਆ ਹੈ। ਮਲੀਨ ਮਨੁੱਖ ਦੇ ਪਾਪਾਂ ਨੂੰ ਦੂਰ ਕਰਨ- ਹਾਰੇ ਹਨ। ਨਿਤ ਮਨੁੱਖਾਂ ਨੂੰ ਚੰਗੇ ਰਾਹ ਪਾਉਂਦੇ ਹਨ॥ ੬੬॥

ਦਾਸ ਜਾਨਿ ਮੁਝ ਦਰਸ਼ਨ ਦੀਨਾ। ਤਬ ਤਨ ਧਰਿ ਨਰਹਰਿ ਰਖਿ ਕੀਨਾ।
ਮੋਹਿ ਸੰਗ ਇਮ ਭਾ ਬਿਰਤੰਤੇ। ਸੁਨਹੁ ਕਾਨ ਬਾਲੇ ਮਤਿਵੰਤੇ!' ॥੬੭॥

ਦਾਸ ਜਾਣ ਕੇ ਮੈਨੂੰ ਦਰਸ਼ਨ ਦਿੱਤੇ ਹਨ। ਉਸ ਵੇਲੇ ਨਰਸਿੰਘ ਦਾ ਰੂਪ ਧਾਰ ਕੇ ਮੇਰੀ ਰਖਿਆ ਕੀਤੀ ਸੀ। ਮੇਰੇ ਨਾਲ ਇਸ ਤਰ੍ਹਾਂ ਬੀਤੀ ਹੈ। ਹੇ ਸੂਝਵਾਨ ਭਾਈ ਬਾਲੇ ਕੰਨ ਲਾ ਕੇ ਸੁਣੋ"॥ ੯੭॥

ਸ੍ਰੀ ਅੰਗਦ ਸੁਨਿਯੇ ਮਨ ਲਾਈ। ਸੁਨੀ ਸਰਬ ਜਬ ਕਥਾ ਸੁਹਾਈ।
ਬੰਦਿ ਹਾਥ ਮੈਂ ਬੰਦਨ ਕੀਨੀ। ਭਗਤਨ ਤੇ ਮਹਿਮਾ ਵਡ ਚੀਨੀ॥੯੮॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਮਨ ਲਾ ਕੇ ਸੁਣੋ। ਜਦ ਸਾਰੀ ਸੁਹਾਵਣੀ ਕਥਾ ਮੈਂ ਸੁਣੀ, ਹੱਥ ਜੋੜ ਕੇ ਮੈਂ ਬੰਦਨਾ ਕੀਤੀ ਭਗਤਾਂ ਤੋਂ ਉਨ੍ਹਾਂ ਦੀ ਮਹਿਮਾ ਵੱਡੀ ਸਮਝੀ॥ ੯੮॥

ਕਿਤਕ ਕਾਲ ਸ੍ਰੀ ਗੁਰ ਤਿਹ ਪਾਸਾ। ਰਹਿ ਕਰਿ ਕੀਨੇ ਬਚਨ ਬਿਲਾਸਾ।
ਕਰੀ ਪਰਸਪਰ ਦੁਹਿ ਦਿਸ਼ਿ ਬੰਦਨ। ਅੱਗ੍ਰਜ ਗਮਨੇ ਦੋਖ ਨਿਕੰਦਨ॥੯੯॥

ਕਾਫੀ ਸਮੇ ਤਕ ਗੁਰੂ ਜੀ ਉਸ ਪਾਸ ਰਹੇ। ਓਥੇ ਠਹਿਰ ਕੇ ਕਈ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਸਨ। ਦੋਵੇਂ ਇਕ ਦੂਸਰੇ ਨੂੰ ਬੰਦਨਾ ਕਰਦੇ ਸਨ, ਫਿਰ ਦੁਖਾਂ ਦਾ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਅੱਗੇ ਚਲ ਪਏ॥ ੯੯॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਧੇ 'ਪ੍ਰਹਿਲਾਦ' ਪ੍ਰਸੰਗ ਬਰਨਨੰ ਨਾਮ ਉਨਹੱਤ੍ਰਮੋ ਅਧ੍ਯਾਯ॥ ੬੯॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਉਣੱਤਰਵਾਂ ਅਧਿਆਇ, ਜਿਸ ਦਾ ਨਾਮ "ਪ੍ਰਹਿਲਾਦ ਪ੍ਰਸੰਗ" ਹੈ, ਸਮਾਪਤ ਹੋਇਆ॥ ੬੯॥

## ਅਧਿਆਇ ਸੱਤਰਵਾਂ

*ਵੈਰਾਹ ਅਵਤਾਰ।*

ਦੋਹਰਾ- ਸ੍ਰੀ ਗੁਰ ਪਗ ਕਰਿ ਸਿਪਰ ਸਰ ਬਾਨ ਜਿ ਸਰਬ ਬਿਕਾਰ।
ਕਰਿ ਤਿਹ ਓਟ ਬਚਾਇਕੈ ਕਹੌਂ ਕਥਾ ਸੁਖ ਸਾਰ॥ ੧॥

ਸ੍ਰੀ ਗੁਰੂ ਜੀ ਦੇ ਚਰਨਾਂ ਰੂਪੀ ਆਸਰੇ ਨੂੰ ਆਪਣੇਂ ਸਿਰ ਤੇ ਢਾਲ ਬਣਾ ਕੇ ਸਭ ਪ੍ਰਕਾਰ ਦੇ ਵਿਕਾਰਾਂ ਰੂਪੀ ਬਾਣਾਂ ਤੋਂ ਬਚਣ ਲਈ ਉਨ੍ਹਾਂ ਨੂੰ ਓਟ ਬਣਾ ਕੇ ਮੈਂ ਸੁੱਖਾਂ ਦੀ ਸਾਰ ਰੂਪੀ ਕਥਾ ਬਿਆਨ ਕਰਦਾ ਹਾਂ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਅੱਗ੍ਰਜ ਗਮਨੇ ਦੀਨ ਦਯਾਲਾ।
ਤਬ ਮਰਦਾਨੇ ਬਚਨ ਉਚਾਰਾ। 'ਧਰਜੋ ਪ੍ਰਭੂ ਸੂਕਰ ਅਵਤਾਰਾ॥ ੨॥

*ਭਾਈ ਬਾਲੇ ਨੇ ਕਿਹਾ-* ਹੇ ਸ੍ਰੀ ਗੁਰੂ ਅੰਗਦ ਦੇਵ ਜੀ ਰਸੀਲੀ ਕਥਾ ਸੁਣੋ। ਦੀਨ ਦਿਆਲ ਗੁਰੂ ਜੀ ਅੱਗੇ ਚਲ ਪਏ। ਤਦ ਮਰਦਾਨੇ ਨੇ ਕਿਹਾ, "ਪ੍ਰਭੂ ਨੇ ਸੂਰ ਦਾ ਅਵਤਾਰ ਧਾਰਨ ਕੀਤਾ ਸੀ॥ ੨॥

ਹਿਰਿਨਾਛਸ ਦਾਨਵ ਹਨਿ ਕੈਸੇ। ਧਰਨੀ ਆਨੀ ਭਨਿਯੇ ਤੈਸੇ।
ਇਨ ਦੈਤਨ ਕੋ ਜਨਮ ਜੁ ਕੂਰਾ। ਸੋ ਕਹਿਯੇ ਸ੍ਰੀ ਗੁਰ ਗੁਨ ਭੂਰਾ॥ ੩॥

ਹਿਰਿਨਾਛਸ ਦੈਤ ਨੂੰ ਉਸ ਕਿਸ ਤਰ੍ਹਾਂ ਮਾਰਿਆ ਸੀ? ਧਰਤੀ ਨੂੰ ਉਹ ਪਾਤਾਲ ਵਿਚ ਕਿਵੇਂ ਲੈ ਗਿਆ ਸੀ? ਇਨ੍ਹਾਂ ਦੈਤਾਂ ਦਾ ਜਨਮ ਬੜਾ ਖੋਟਾ ਹੈ। ਇਸ ਬਾਰੇ ਗੁਰੂ ਜੀ ਸਾਨੂੰ ਦੱਸੋ ਜੀ॥ ੩॥

ਸੁਨਿ ਕਰਿ ਕਹਿਨ ਲਗੇ ਗੁਨਖਾਨੀ। "ਜੋ ਸੁਨਿ ਅਹੈ ਪੁਰਾਨ ਕਹਾਨੀ।
ਏਕ ਸਮੈ ਕੱਸ਼ਜਪ ਜਗ ਕਰਿ ਕੈ। ਬੈਠਜੋ ਸਦਨ ਹਰਖ ਉਰ ਧਰਿ ਕੈ ॥੪॥

ਇਹ ਸੁਣ ਕੇ ਗੁਣਾਂ ਦੀ ਖਾਣ ਕਹਿਣ ਲੱਗੇ, "ਇਹ ਪੁਰਾਣ ਕਹਾਣੀ ਤੁਸੀਂ ਸੁਣੀ ਹੋਈ ਹੈ। ਇਕ ਸਮੇਂ ਕੱਸ਼ਯਪ ਰਿਖੀ ਜੱਗ ਕਰ ਕੇ ਆਪਣੇਂ ਘਰ ਵਿਚ ਪ੍ਰਸੰਨ-ਚਿੱਤ ਬੈਠੇ ਹੋਏ ਸਨ॥ ੪॥

ਸੰਧਜਾ ਕਾਲ ਸੁਤਾ ਦਖ ਕੇਰੀ। ਦਿਤੀ ਨਾਮ ਤ੍ਰਿਟ ਕਾਮ ਘਨੇਰੀ।
ਜਾਇ ਸਮੀਪ ਕਹੇ ਅਸ ਬੈਨਾ। 'ਤਨ ਮਨ ਮੋਰ ਕੰਪਾਵਾ ਮੈਨਾ॥ ੫॥

ਸ਼ਾਮ ਸਮੇਂ ਦੱਖ ਦੀ ਪੁੱਤਰੀ ਜਿਸ ਦਾ ਨਾਮ ਦਿੱਤੀ ਸੀ ਅਤੇ ਜਿਹੜੀ ਕਾਮ ਦੀ ਪ੍ਰਬਲ ਇੱਛਾ ਰੱਖਦੀ ਸੀ, ਆਪਣੇ ਪਤੀ ਕੱਸ਼ਜਪ ਰਿਸ਼ੀ ਪਾਸ ਆ ਕੇ ਇਸ ਤਰ੍ਹਾਂ ਬੋਲੀ, "ਕਾਮਦੇਵ ਨੇ ਮੇਰਾ ਤਨ ਮਨ ਕੰਬਾ ਦਿੱਤਾ ਹੈ॥ ੫॥

ਜਿਉਂ ਕਦਲੀ ਦਲ ਦੂਰਦ ਹਿਲਾਵੈ। ਦੀਨ ਜਾਨਿ ਤਜੋਂ ਮੁਝ ਸੰਤਾਵੈ।
ਸੌਤ ਸਮ੍ਰਿੱਧਵਾਨ ਸਭਿ ਜੋਈ। ਤਿਨ ਪਿਖ ਦਾਹਿ ਰਿਦੇ ਮਮ ਹੋਈ॥੬॥

ਜਿਵੇਂ ਕੇਲੇ ਦੇ ਪੱਤਿਆਂ ਨੂੰ ਹਾਥੀ ਹਿਲਾਉਂਦਾ ਹੈ, ਇਸ ਤਰ੍ਹਾਂ ਇਹ ਮੇਰੇ ਸਰੀਰ ਨੂੰ ਤੰਗ ਕਰ ਰਿਹਾ ਹੈ। ਜਿਹੜੀਆਂ ਸੌਕਣਾਂ ਸੰਤਾਨ ਵਾਲੀਆਂ ਹਨ, ਉਨ੍ਹਾਂ ਨੂੰ ਵੇਖ ਕੇ ਮੇਰੇ ਹਿਰਦੇ ਵਿਚ ਅੱਗ ਬਲ ਉਠਦੀ ਹੈ ਭਾਵ ਉਨ੍ਹਾਂ ਨੂੰ ਵੇਖ ਕੇ ਮੈਂ ਸੜ ਬਲ ਜਾਂਦੀ ਹਾਂ॥ ੬॥

ਤੁਮ ਕ੍ਰਿਪਾਲ ਸਭਿ ਭਾਂਤਿ ਪ੍ਰਬੀਨੋ। ਇਕ ਸਮਾਨ ਅੰਗਨਾ ਸਭਿ ਚੀਨੋ।
ਤਨ ਪੈ ਬਜਾਪਜੋ ਅਧਿਕ ਅਨੰਗਾ। ਅਬ ਉਮੰਗ ਕੀਜੈ ਮਮ ਸੰਗਾ॥੭॥

ਤੁਸੀਂ ਕ੍ਰਿਪਾਲੂ ਹੋ ਅਤੇ ਹਰ ਪ੍ਰਕਾਰ ਨਿਪੁੰਨ ਹੋ ਅਤੇ ਸਾਰੇ ਪਰਿਵਾਰ ਨੂੰ ਇਕ ਸਮਾਨ ਸਮਝਦੇ ਹੋ। ਮੇਰੇ ਸਰੀਰ ਵਿਚ ਕਾਮ ਦੀ ਪ੍ਰਬਲ ਇੱਛਾ ਜਾਗੀ ਹੈ। ਹੁਣ ਪ੍ਰਸੰਨ ਹੋ ਕੇ ਮੇਰੇ ਨਾਲ ਰਮਨ ਕਰੋ॥ ੭॥

ਚੌਪਈ- ਕਾਮ ਸੰਗ ਮੈਂ ਪੀੜਤਿ ਭਾਰੀ। ਅਬ ਮੈਥੁਨ ਕਰਿ ਦੇਹੁ ਨਿਵਾਰੀ।
ਆਤੁਰ ਹ੍ਵੈ ਸ਼ਰਨਾਗਤਿ ਆਵੈ॥ ਜੋ ਕ੍ਰਿਪਾਲ ਨਹਿ ਮੋਘ ਪਠਾਵੈ॥ ੮॥

ਕਾਮ ਕਾਰਨ ਮੈਂ ਅਤਿ ਪੀੜਤ ਹੋਈ ਹਾਂ। ਹੁਣ ਮੈਥਨ ਕਰਕੇ ਮੇਰਾ ਦੁੱਖ ਦੂਰ ਕਰੋ। ਜਿਹੜਾ ਆਤਰ ਹੋ ਕੇ ਸ਼ਰਨ ਆਉਂਦਾ ਹੈ, ਕ੍ਰਿਪਾਲੂ ਉਸ ਨੂੰ ਖਾਲੀ ਨਹੀ ਭੇਜਦੇ ਹਨ॥ ੮॥

ਕਰੇ ਕੇਲ ਤੇ ਜਨਮਹਿ ਤਾਤਾ। ਤਬ ਮੈਂ ਸੁਖ ਪਾਵੋਂ ਭਲਿਭਾਂਤਾ।
ਸੁਨਿ ਕੱਸ਼ਜਪ ਨਿਜ ਤਿਯ ਕੀ ਬਾਨੀ। ਬੋਲਜੋ ਤਾਂਹਿ ਕਰਤਿ ਸਨਮਾਨੀ॥੯॥

ਮੇਰੇ ਨਾਲ ਕੇਲ ਕਰੋ, ਤਾਕਿ ਪੁੱਤਰ ਪੈਦਾ ਹੋਵੇ। ਤਦ ਮੈਂ ਭਲੀਭਾਂਤ ਸੁੱਖ ਪਾਵਾਂਗੀ।" ਕੱਸ਼ਜਪ ਰਿਸ਼ੀ ਨੇ ਆਪਣੀ ਇਸਤਰੀ ਦੀ ਇਹ ਗੱਲ ਸੁਣ ਕੇ ਉਸ ਨੂੰ ਸਨਮਾਨ ਦਿੱਤਾ ਅਤੇ ਬੋਲਿਆ॥ ੯॥

'ਚੰਦ੍ਰਬਦਨ! ਤੂੰ ਮੋਕੋ ਪਜਾਰੀ। ਕਰੋਂ ਕਾਮਨਾ ਪੂਰਨ ਥਾਰੀ।
ਸੰਧਜਾ ਕਾਲ ਬੀਤ ਹੈ ਜਬ ਹੀ। ਮੈਥੁਨ ਕਰੌਂ ਸੰਗ ਤੁਝ ਤਬਹੀ॥੧੦॥

"ਹੇ ਚੰਦਰ ਮੁਖ! ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ, ਤੇਰੀ ਕਾਮਨਾ ਮੈਂ ਪੂਰੀ ਕਰਾਂਗਾ। ਜਦ ਸ਼ਾਮ ਦਾ ਸਮਾਂ ਬੀਤ ਜਾਵੇਗਾ ਤਾਂ ਮੈਂ ਤੇਰੇ ਨਾਲ ਮੈਥਨ ਕਰਾਂਗਾ॥ ੧੦॥

ਇਹ ਬੇਲਾ ਲਖਿ ਘੋਰ ਬਿਸਾਲਾ। ਕਾਮ ਚੇਸ਼ਟਾ ਕੋ ਨਹਿ ਕਾਲਾ।
ਸ਼ੰਕਰ ਵਿਰਤਿ ਲਿਯੇ ਗਣ ਸੰਗਾ। ਭੂਤ ਪ੍ਰਚਰਜਾ ਹੇਤ ਉਮੰਗਾ॥੧੧॥

ਇਸ ਸਮੇਂ ਨੂੰ ਘੋਰ ਵਿਸ਼ਾਲ ਸਮਝੋ। ਇਹ ਕਾਮਚੇਸ਼ਟਾ ਦਾ ਸਮਾਂ ਨਹੀਂ ਹੈ। ਇਸ ਸਮੇਂ ਸ਼ੰਕਰ ਆਪਣੇ ਗਣਾਂ ਨੂੰ ਲੈ ਕੇ ਪ੍ਰਾਣੀਆਂ ਆਦਿ ਦੀ ਦੇਖਭਾਲ ਲਈ ਬੜੇ ਉਤਸ਼ਾਹ ਨਾਲ ਫਿਰਦਾ ਹੈ॥ ੧੧॥

ਰੁਕਮ ਸਮਾਨ ਭਸਮ ਤਨ ਕੀਨੋ। ਅਗਨਿ ਤਰਨਿ ਸ਼ਸ਼ਿ ਜਿਹ ਦ੍ਰਿਗ ਤੀਨੋ।
ਪੂਜਨ ਸਮਯ ਤਾਂਹਿ ਕੋ ਜਾਨਹੁ। ਕੇਲ ਕਰਨ ਕੋ ਕਾਲ ਨ ਮਾਨਹੁ ॥੧੨॥

ਉਸ ਆਪਣੇ ਸਰੀਰ ਨੂੰ ਚਾਂਦੀ ਵਰਗੀ ਸਫੇਦ ਸਵਾਹ ਮਲੀ ਹੋਈ ਹੈ। ਅੱਗ, ਸੂਰਜ ਅਤੇ ਚੰਦ ਉਸ ਦੇ ਤਿੰਨ ਨੇਤਰ ਹਨ। ਇਸ ਸਮੇਂ ਨੂੰ ਪੂਜਾ ਕਰਨ ਵਾਲਾ ਸਮਝੋ। ਕੇਲ ਕਰਨ ਦਾ ਇਹ ਸਮਾਂ ਨਾ ਮੰਨੋ॥ ੧੨॥

ਦਿਨ ਮੈਥੁਨ ਤੇ ਆਯੁ ਘਟਾਈ। ਪਰਬ ਦਿਨਨ ਦੁਰਸੁਤ ਜਨਮਾਈ।
ਤਜੋਂ ਇਹ ਸੰਧਜਾ ਦੋਖ ਪ੍ਰਮਾਨਹੁ। ਸ਼ਿਵ ਕੀ ਦ੍ਰਿਸ਼ਟਿ ਬਚਾਵਨ ਠਾਨਹੁ ॥੧੩॥

ਦਿਨ ਦੇ ਸਮੇਂ ਭੋਗ ਬਿਲਾਸ ਕਰਨ ਨਾਲ ਉਮਰ ਘਟਦੀ ਹੈ ਅਤੇ ਤਿਉਹਾਰ ਦੇ ਦਿਨ ਮੈਥਨ ਕਰਨ ਨਾਲ ਮਾੜਾ ਪੁੱਤਰ ਜਨਮਦਾ ਹੈ। ਇਸ ਲਈ ਸ਼ਾਮ ਦੇ ਸਮੇ ਮੈਥਨ ਕਰਨਾ ਪਾਪ ਸਮਝੋ। ਮੈਂ ਸ਼ਿਵ ਜੀ ਦੀ ਦ੍ਰਿਸ਼ਟੀ ਤੋਂ ਬਚਣਾ ਚਾਹੁੰਦਾ ਹਾਂ"॥ ੧੩॥

ਸੁਨੀ ਦਿਤੀ ਜਬ ਅਸ ਬਿਧਿ ਬਾਨੀ। ਮਨਸਿਜ ਬਾਨਨ ਤੇ ਅਕੁਲਾਨੀ।
ਬਾਰਬਧੂ ਜਿਵ ਤਜਿ ਕਰਿ ਬ੍ਰੀੜਾ। ਪਤਿ ਕੋ ਬਸਨ ਗਹਯੋ ਹਿਤ ਕ੍ਰੀੜਾ ॥੧੪॥

ਜਦ ਦਿੱਤੀ ਨੇ ਆਪਣੇ ਪਤੀ ਦੀ ਇਸ ਤਰ੍ਹਾਂ ਦੀ ਬਾਣੀ ਸੁਣੀ ਤਾਂ ਕਾਮ ਦੇ ਬਾਣਾਂ ਤੋਂ ਬਹੁਤ ਵਿਆਕੁਲ ਹੋ ਗਈ। ਵੇਸਵਾ ਜਿਵੇਂ ਲਾਜ ਛੱਡ ਦਿੰਦੀ ਹੈ, ਇਸ ਤਰ੍ਹਾਂ ਉਸ ਨੇ ਕ੍ਰੀੜਾ ਕਰਨ ਹਿਤ ਆਪਣੇ ਪਤੀ ਨੂੰ ਕਪੜਿਆ ਤੋਂ ਫੜ ਲਿਆ॥ ੧੪॥

ਕਹਯੋ 'ਨ ਰਹਯੋ ਜਾਤ ਮੁਝ ਪਾਹੀ। ਕਰੋ ਕੇਲ ਪਤਿ ! ਅਬ ਚਿਤ ਚਾਹੀ' ॥
ਕੱਸ਼ਯਪ ਕਾਮਾਰਤ ਤਿਹਿ ਦੇਖੀ। ਗਮਨਯੋ ਜਹਾਂ ਇਕੰਤ ਬਿਸ਼ੇਖੀ ॥੧੫॥

ਕਹਿਣ ਲੱਗੀ, "ਹੇ ਪਤੀ ਜੀ ! ਹੁਣ ਮੈਥੋਂ ਰਿਹਾ ਨਹੀਂ ਜਾਂਦਾ, ਇਸ ਲਈ ਕੇਲ ਕਰੋ, ਹੁਣ ਚਿਤ ਚਾਹੁੰਦਾ ਹੈ।" ਜਦ ਕੱਸ਼ਯਪ ਰਿਸ਼ੀ ਨੇ ਉਸ ਨੂੰ ਕਾਮ ਆਤੁਰ ਵੇਖਿਆ ਤਾਂ ਉਸਨੂੰ ਇਕ ਇਕਾਂਤ ਸਥਾਨ ਤੇ ਲੈ ਗਿਆ॥ ੧੫॥

ਤਹਾਂ ਜਾਇ ਦੀਨੋ ਰਤਿ ਦਾਨਾ। ਤਿਯ ਤਨ ਮਨਸਿਜ ਤਾਪ ਮਿਟਾਨਾ।
ਬਹੁਰ ਜਾਇ ਸੰਧਜਾ ਤਿਹ ਕੀਨੀ। ਤ੍ਰਿਪਟੀ ਜਾਪ ਬਿਖੈ ਮਤਿ ਭੀਨੀ ॥੧੬॥

ਉਥੇ ਜਾ ਕੇ ਉਸ ਮੈਥਨ ਕੀਤਾ ਅਤੇ ਕਾਮਦੇਵ ਦੇ ਬੁਖਾਰ ਨੂੰ ਮਿਟਾ ਦਿੱਤਾ। ਬਾਅਦ ਵਿਚ ਜਾ ਕੇ ਉਸ ਸ਼ਾਮ ਸਮੇਂ ਦੀ ਪੂਜਾ ਕੀਤੀ ਅਤੇ ਗਾਇਤਰੀ ਜਾਪ ਵਿਚ ਆਪਣੀ ਮੱਤ ਨੂੰ ਤਰ ਕੀਤਾ॥ ੧੬॥

ਪੁਨ ਜੁ ਦਿਤੀ ਪਾਛੇ ਪਛੁਤਾਨੀ। ਲੱਜਾ ਯੁਤ ਦ੍ਰਿਗ ਤਰੁ ਸਕੁਚਾਨੀ।
ਕੱਸ਼ਯਪ ਕੇ ਸਮੀਪ ਚਲਿ ਆਈ। ਸ਼ਿਵ ਕੇ ਭੈ ਤੇ ਗਿਰਾ ਅਲਾਈ ॥੧੭॥

ਫਿਰ ਦਿੱਤੀ ਬਾਅਦ ਵਿਚ ਪਛਤਾਉਣ ਲੱਗੀ। ਸ਼ਰਮ ਨਾਲ ਅੱਖਾਂ ਨੀਵੀਆਂ ਕਰਕੇ ਸ਼ਰਮਾਈ। ਕੱਸ਼ਯਪ ਦੇ ਪਾਸ ਚਲ ਕੇ ਆਈ। ਸ਼ਿਵ ਜੀ ਦਾ ਭੈਅ ਕਰਕੇ ਬੋਲੀ॥ ੧੭॥

'ਹੇ ਪਤਿ ! ਗਰਭ ਮੋਹਿ ਕੱਲਜਾਨਾ। ਰਿਸ ਧਰਿ ਸ੍ਰੀ ਸ਼ਿਵ ਕਰੈ ਨ ਹਾਨਾ।
ਨਮੋ ਨਮੋ ਤਿਹ ਕੇ ਪਦ ਕੰਜਾ। ਮਹਾਂਦੇਵ ਸੇਵਤਿ ਸੁਰ ਪੁੰਜਾ॥ ੧੮॥

"ਹੇ ਪਤੀ ਜੀ ! ਮੇਰਾ ਗਰਭ ਸੁਖਦਾਈ ਹੋਵੇ, ਕਿਤੇ ਸ਼ਿਵ ਜੀ ਗੁੱਸਾ ਕਰਕੇ ਇਸ ਨੂੰ ਕੋਈ ਹਾਨੀ ਨਾ ਪਹੁੰਚਾ ਦੇਵੇ। ਉਨ੍ਹਾਂ ਦੇ ਚਰਨ ਕੰਵਲਾਂ ਤੇ ਮੇਰੀ ਨਮਸ਼ਕਾਰ ਹੈ। ਸ਼ਿਵ ਜੀ ਨੂੰ ਸਾਰੇ ਦੇਵਤੇ ਪੂਜਦੇ ਹਨ॥ ੧੮॥

ਮੋਹਿ ਅਵੱਗਜਾ ਛਿਮਾ ਕਰੀਜੈ। ਤ੍ਰਿਯ ਸੁਭਾਵ ਲਖਿ ਮਨ ਨ ਰਿਸੀਜੈ'।
ਸੁਨਿ ਕੱਸ਼ਜਪ ਬੋਲਜੋ ਤਬ ਬਾਨੀ। 'ਅਹੋ ਅਭੱਦ੍ਰੇ! ਨਾਰਿ ਅਜਾਨੀ! ॥੧੯॥

ਮੇਰਾ ਕਸੂਰ ਮੁਆਫ ਕਰ ਦੇਵੋ, ਇਸਤਰੀ ਸੁਭਾਵ ਵੇਖ ਕੇ ਮਨ ਵਿਚ ਗੁੱਸਾ ਨਾ ਕਰੋ।" ਇਹ ਸੁਣ ਕੇ ਕੱਸ਼ਯਪ ਬੋਲਿਆ, "ਹੇ ਭੈੜੀ ਮੱਤ ਵਾਲੀ ਇਸਤਰੀ! ਤੂੰ ਮੂਰਖ ਨਾਰੀ ਹੈਂ"॥ ੧੯॥

ਦ੍ਵੈ ਸੁਤ ਜਨਮਹਿਂ ਅਧਮ ਕਠੋਰਾ। ਦੇਹਿਂ ਸਰਬ ਜਗ ਕੋ ਦੁਖ ਘੋਰਾ।
ਕਸਮਲ ਕਰਹਿਂ ਅਨੇਕ ਪ੍ਰਕਾਰਾ। ਤਿਨ ਹਿਤ ਧਰਹਿ ਬਿਸ਼ਨੁ ਅਵਤਾਰਾ॥੨੦॥

ਤੇਰੇ ਦੋ ਪੁੱਤਰ ਅਤੀ ਕਠੋਰ ਜੰਮਣਗੇ। ਉਹ ਸਾਰੇ ਜੱਗ ਨੂੰ ਘੋਰ ਦੁੱਖ ਦੇਣਗੇ। ਉਹ ਅਨੇਕ ਪ੍ਰਕਾਰ ਦੇ ਪਾਪ ਕਰਨਗੇ। ਤਿੰਨਾਂ ਨੂੰ ਮਾਰਨ ਵਾਸਤੇ ਵਿਸ਼ਨੂੰ ਅਵਤਾਰ ਧਾਰਨ ਕਰਨਗੇ॥ ੨੦॥

ਕਰਿ ਸੰਗ੍ਰਾਮ ਹਨਹਿੰਗੇ ਤਿਨ ਕੋ। ਸੰਧਜਾ ਧਰਜੋ ਗਰਭ ਤੈਂ ਜਿਨ ਕੋ।
ਤਵ ਸੁਤ ਕੋ ਸੁਤ ਭਗਤ ਪ੍ਰਧਾਨਾ। ਹੋਵਹਿਗੋ ਸਮਦ੍ਰਿਸ਼ਟਿ ਸੁਜਾਨਾ॥੨੧॥

ਲੜਾਈ ਕਰਕੇ ਉਨ੍ਹਾਂ ਨੂੰ ਮਾਰਨਗੇ, ਜਿਨ੍ਹਾਂ ਨੂੰ ਤੂੰ ਸੰਧਯਾ ਸਮੇਂ ਗਰਭ ਵਿਚ ਧਾਰਨ ਕੀਤਾ ਹੈ। ਤੇਰੇ ਪੁੱਤਰ ਦਾ ਪੁੱਤਰ ਵੱਡਾ ਭਗਤ ਹੋਵੇਗਾ। ਉਹ ਸਮਦ੍ਰਿਸ਼ਟ ਅਤੇ ਚਤੁਰ ਹੋਵੇਗਾ॥ ੨੧॥

ਚੌਪਈ- ਕਰ ਕਸਮਲ ਤੂੰ ਪੁਨ ਪਛੁਤਾਨੀ। ਇਸ ਸੁਕ੍ਰਿਤਿ ਤੇ ਹ੍ਵੈ ਸੁਖ ਖਾਨੀ।
ਹ੍ਵੈ ਹੈ ਸਰਬ ਭੂਤ ਹਿਤਕਾਰੀ। ਦੁਖਿ ਲਖਿ ਦੁਖੀ ਸੁਖੀ ਸੁਖ ਧਾਰੀ' ॥੨੨॥

ਪਾਪ ਕਰਕੇ ਤੂੰ ਫਿਰ ਪਛਤਾਈ ਹੈਂ, ਇਸ ਲਈ ਪਸ਼ਚਾਤਾਪ ਰੂਪ ਚੰਗਾ ਕੰਮ ਕਰਕੇ ਤੇਰਾ ਪੋਤਰਾ ਸੁੱਖਾਂ ਦੀ ਖਾਣ ਹੋਵੇਗਾ। ਸਾਰੇ ਪ੍ਰਾਣੀਆਂ ਦਾ ਉਹ ਹਿਤੂ ਹੋਵੇਗਾ। ਦੁਖੀ ਨੂੰ ਵੇਖ ਕੇ ਦੁਖੀ ਹੋਵੇਗਾ ਅਤੇ ਸੁਖੀ ਨੂੰ ਵੇਖ ਕੇ ਸੁਖੀ ਹੋਵੇਗਾ"॥ ੨੨॥

ਸੁਨਿ ਕਰਿ ਦਿਤੀ ਰਿਦੇ ਹਰਖਾਨੀ। ਪ੍ਰਭੁ ਕਰਤ ਤੇ ਸੁਤ ਕੀ ਮ੍ਰਿਤੁ ਜਾਨੀ।
ਪੁਨ ਪੋਤ੍ਰਾ ਹ੍ਵੈ ਭਗਤ ਕ੍ਰਿਪਾਲਾ। ਦੈਵ ਸੰਪਦਾ ਗੁਣਨ ਬਿਸ਼ਾਲਾ॥੨੩॥

ਇਹ ਸੁਣ ਕੇ ਦਿੱਤੀ ਹਿਰਦੇ ਵਿਚ ਬੜੀ ਪ੍ਰਸੰਨ ਹੋਈ। ਪ੍ਰਭੂ ਦੇ ਹੱਥੋਂ ਪੁੱਤਰ ਦੀ ਮਿਰਤੂ ਜਾਣ ਗਈ। ਪੋਤਰਾ ਵੱਡਾ ਕ੍ਰਿਪਾਲੂ ਭਗਤ ਹੋਵੇਗਾ। ਦੈਵੀ ਸੰਪਰਦਾ ਦੇ ਉਸ ਵਿਚ ਵਿਸ਼ਾਲ ਗੁਣ ਹੋਣਗੇ॥ ੨੩॥

ਧਾਰਤਿ ਭਈ ਗਰਭ ਕੋ ਤਬਹੀ। ਬੀਤ ਗਏ ਸਤ ਸੰਮਤ ਜਬਹੀ।
ਗਰਭ ਤੇਜ ਤਿਹ ਬਧਜੋ ਅਪਾਰੀ। ਲੋਕ ਪ੍ਰਲੋਕ ਪ੍ਰਭਾ ਸਭਿ ਹਾਰੀ॥੨੪॥

ਉਸ ਦਿਨ ਤੋਂ ਹੀ ਉਸ ਗਰਭ ਧਾਰਨ ਕਰ ਲਿਆ, ਜਦ ਸੱਤ ਸੰਮਤ ਬੀਤ ਗਏ ਤਾਂ ਗਰਭ ਦਾ ਤੇਜ ਅਪਾਰ ਵੱਧ ਗਿਆ। ਲੋਕ ਪਰਲੋਕ ਦੀ ਸਭ ਸ਼ੋਭਾ ਹਾਰ ਗਈ॥ ੨੪॥

ਬਜਾਕੁਲ ਹ੍ਵੈ ਬਿਧਿ ਭਵਨ ਸਿਧਾਰੇ। ਕਰਿਕੈ ਬੰਦਨ ਬੈਨ ਉਚਾਰੇ।
'ਹੇ ਲੋਕੇਸ਼! ਸਰਬ ਗਤਿ ਜਾਨੋ। ਤੀਨ ਕਾਲ ਕੀ ਬਿਧਿ ਪਹਿਚਾਨੋ॥੨੫॥

ਸਾਰੇ ਦੇਵਤੇ ਵਿਆਕੁਲ ਹੋ ਕੇ ਬ੍ਰਹਮਾ ਦੇ ਘਰ ਗਏ। ਨਮਸ਼ਕਾਰ ਕਰਕੇ ਬੋਲੇ, "ਹੇ ਲੋਕਾਈ ਦੇ ਈਸ਼ਵਰ! ਤੁਸੀਂ ਸਾਰੀ ਗਤੀ ਨੂੰ ਜਾਣਦੇ ਹੋ ਅਤੇ ਤਿੰਨਾਂ ਕਾਲਾਂ ਦੀ ਹਾਲਤ ਨੂੰ ਪਹਿਚਾਣਦੇ ਹੋ॥ ੨੫॥

ਕੱਸ਼ਜਪ ਤੇ ਦਿਤਿ ਗਰਭ ਜੁ ਧਾਰਾ। ਤਿਹ ਕੋ ਹੋਯੋ ਤੇਜ ਅਪਾਰਾ।
ਜਨਮੈਗੋ ਤਿਸ ਤੇ ਅਸ ਕਵਨੂੰ?। ਜੋ ਦੁਖ ਦੇਤਿ ਅਬਹਿ ਸਭਿ ਭਵਨੂੰ ॥੨੬॥

ਕੱਸ਼ਯਪ ਦੀ ਇਸਤਰੀ ਦਿੱਤੀ ਨੇ ਗਰਭ ਧਾਰਨ ਕੀਤਾ ਹੈ, ਉਸ ਦਾ ਅਪਾਰ ਤੇਜ ਹੋਇਆ ਹੈ। ਉਸ ਦੇ ਗਰਭ ਵਿਚੋਂ ਕੌਣ ਜਨਮ ਲਵੇਗਾ, ਜਿਹੜਾ ਸਾਰੀ ਲੋਕਾਈ ਨੂੰ ਦੁਖੀ ਕਰੇਗਾ ॥ ੨੬ ॥

ਸੁਨਿ ਕਰਿ ਉਚਰੇ ਬੈਨ ਬਿਧਾਤਾ। 'ਸੁਨਕਾਦਿਕ ਜੇ ਹੈਂ ਮਮ ਤਾਤਾ।
ਗਏ ਬਿਕੁੰਠ ਬਿਸ਼ਨੁ ਕੇ ਧਾਮਾ। ਰਚਨਾਂ ਬਨੀ ਜਹਾਂ ਅਭਿਰਾਮਾ ॥੨੭॥

ਇਹ ਸੁਣ ਕੇ ਬ੍ਰਹਮਾ ਨੇ ਕਿਹਾ, ''ਸਨਕਾਦਿਕ ਜਿਹੜੇ ਮੇਰੇ ਚਾਰ ਪੁੱਤਰ ਹਨ, ਉਹ ਬਿਕੁੰਠ ਵਿਚ ਵਿਸ਼ਨੂੰ ਦੇ ਘਰ ਗਏ ਹਨ, ਜਿਥੇ ਬੜੀ ਸੁੰਦਰ ਰਚਨਾ ਬਣੀ ਹੈ॥ ੨੭॥

ਪਰਫੁੱਲਿਤ ਤਹਿਂ ਸਦਾ ਬਸੰਤਾ। ਸੁੰਦਰ ਖਗ ਮਿਲ ਕੂਜ ਕਰੰਤਾ।
ਕੁਸਮ ਬਾਟਿਕਾ ਰਾਜਤਿ ਰੂਰੀ। ਮਧੁਪ ਗੁੰਜਾਰਹਿਂ ਗੰਧਤਿ ਭੂਰੀ ॥੨੮॥

ਉਥੇ ਸਦਾ ਹੀ ਬਸੰਤ ਬਹਾਰ ਵਾਂਗ ਫੁੱਲ ਖਿੜੇ ਰਹਿੰਦੇ ਹਨ, ਪੰਛੀ ਮਿਲ ਕੇ ਚਹਿਚਹਾਉਂਦੇ ਹਨ। ਫੁੱਲਾਂ ਦੇ ਬਗੀਚੇ ਸੁੰਦਰ ਸੋਭ ਰਹੇ ਹਨ। ਬੇਅੰਤ ਭੌਰੇ ਖੁਸ਼ਬੂਦਾਰ ਫੁੱਲਾਂ ਉਤੇ ਗੂੰਜ ਰਹੇ ਹਨ॥ ੨੮॥

ਚਾਂਮੀਕਰ ਕੇ ਸੁਭਗ ਬਿਮਾਨਾ। ਖਚੇ ਮਣਿਨ ਜਾ ਮਹਿਂ ਰੰਗ ਨਾਨਾ।
ਫਿਰਹਿਂ ਤਹਾਂ ਬਹੁ ਭਗਤ ਸੁਹਾਏ। ਜਿਨ ਸੇਵਾ ਕਰ ਬਿਸ਼ਨੁ ਰਿਝਾਏ ॥੨੯॥

ਸੋਨੇ ਦੇ ਬਣੇ ਸੁੰਦਰ ਬਿਬਾਣ ਹਨ, ਜਿਨ੍ਹਾਂ ਵਿਚ ਅਨੇਕ ਰੰਗਾਂ ਦੀਆਂ ਮਣੀਆਂ ਜੜੀਆਂ ਹੋਈਆਂ ਹਨ। ਓਥੇ ਬਹੁਤ ਸ਼ੋਭਨੀਕ ਭਗਤ ਫਿਰ ਰਹੇ ਹਨ। ਜਿਨ੍ਹਾਂ ਵਿਸ਼ਨੂੰ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕੀਤਾ ਹੈ॥ ੨੯ ॥

ਹਾਟਕ ਫਟਕ ਭੀਤ ਜਹਿਂ ਸੋਹਤਿ ਤਨੇ ਰਿਤਾਨ ਬਨੇ ਮਨ ਮੋਹਤਿ।
ਮੁਕਤਾ ਕੀ ਝਾਲਰ ਇਕਸਾਰੀ। ਕਰ ਸਰੋਜ ਤਹਿਂ ਰਮਾ ਬਿਹਾਰੀ ॥੩੦॥

ਸੋਨੇ ਅਤੇ ਬਲੌਰ ਦੀਆਂ ਬਣੀਆਂ ਕੰਧਾਂ ਸੁੰਦਰ ਲੱਗ ਰਹੀਆਂ ਹਨ। ਸੁੰਦਰ ਚੰਦੋਏ ਮਨਾਂ ਨੂੰ ਮੋਹਿਤ ਕਰ ਰਹੇ ਹਨ। ਮੋਤੀਆਂ ਦੀਆਂ ਝਾਲਰਾਂ ਇਕੋ ਜੇਹੀਆਂ ਹਨ। ਹੱਥ ਵਿਚ ਕੰਵਲ ਫੜ ਕੇ ਓਥੇ ਲਛਮੀ ਫਿਰ ਰਹੀ ਹੈ॥ ੩੦॥

ਨੂਪਰਾਦਿ ਹੈਂ ਭੂਖਨ ਜੇਈ। ਅੰਗ ਹਲੇ ਤਨ ਕਾਰਹਿਂ ਤੇਈ।
ਰੁਚਿਰ ਸਥਾਨ ਬਿਲੋਕਤਿ ਜਾਈ। ਸਨਕਾਦਿਕ ਜੇ ਚਾਰੋਂ ਭਾਈ ॥੩੧॥

ਝਾਂਜਰਾਂ ਆਦਿ ਜਿਹੜੇ ਗਹਿਣੇ ਹਨ, ਉਹ ਅੰਗ ਹਿਲਣ ਨਾਲ ਛਣਕਦੇ ਹਨ। ਸਨਕਾਦਿਕ ਚਾਰੇ ਭਰਾ ਉਥੇ ਜਾ ਕੇ ਸੁੰਦਰ ਸਥਾਨ ਵੇਖ ਰਹੇ ਹਨ॥ ੩੧॥

ਚੋਕੀ ਖਸ਼ਟ ਉਲੰਘੇ ਜਬਹੀ। ਸਪਤਮ ਪੋਰ ਗਏ ਚਲਿ ਤਬਹੀ।
ਤਹਿਂ ਜੁ ਹੁਤੇ ਠਾਂਢੇ ਦਰਵਾਨਾ। ਬੈਤ ਅਰਾਇ ਤਿਨਹਿਂ ਅਟਕਾਨਾ ॥੩੨॥

ਜਦ ਉਹ ਛੇ ਚੌਕੀਆਂ ਲੰਘ ਗਏ ਅਤੇ ਸਤਵੀਂ ਪੌੜੀ ਤੇ ਗਏ, ਓਥੇ ਜਿਹੜੇ ਦਰਬਾਨ ਖੜੇ ਸਨ, ਉਨ੍ਹਾਂ ਸੋਟੀ ਅੜਾ ਕੇ ਉਨ੍ਹਾਂ ਨੂੰ ਰੋਕ ਲਿਆ॥ ੩੨॥

ਪੰਚ ਬਰਖ ਜਿਨ ਬੈਸ ਸਦਾਈ। ਪਰਮਹੰਸ, ਦਿਸ਼ ਬਸਨ ਬਨਾਈ।
ਸਦਾ ਗਯਾਨ ਘਨ ਜਾਵਤਿ ਰੋਕੇ। ਦਰਵਾਨਨ ਦਿਸ਼ ਰਿਖਨਿ ਬਿਲੋਕੇ ॥੩੩॥

ਪੰਜ ਸਾਲ ਜਿਸ ਦੀ ਉਮਰ ਹੈ ਅਤੇ ਜਿਹੜੇ ਪਰਮਹੰਸ ਕਹਾਉਂਦੇ ਹਨ ਅਤੇ ਦਿਸ਼ਾ ਦੇ ਹੀ ਜਿਨ੍ਹਾਂ ਨੇ ਬਸਤਰ ਬਣਾਏ ਹੋਏ ਹਨ, ਭਾਵ ਉਹ ਨੰਗੇ ਹੀ ਰਹਿੰਦੇ ਹਨ। ਜਿਹੜੇ ਨਿਰੰਤਰ ਗਿਆਨੀ ਹਨ, ਜਦ ਉਨ੍ਹਾਂ ਨੂੰ ਵਿਸ਼ਨੂ ਪਾਸ ਜਾਂਦਿਆਂ ਨੂੰ ਰੋਕਿਆ ਗਿਆ ਤਾਂ ਉਨ੍ਹਾਂ ਰਿਖੀਆਂ ਨੇ ਦਰਬਾਨਾਂ ਵਲ ਵੇਖਿਆ॥ ੩੩॥

ਕਹਿਨ ਲਗੇ-ਇਕ ਪ੍ਰਭੁ ਪੈ ਜਾਈ। ਏਕਨ ਕੋ ਰੋਕਹੁ ਇਹ ਥਾਈ।
ਭੇਦ ਦ੍ਰਿਸ਼ਟਿ ਜੋ ਕਰਨੈ ਹਾਰੇ। ਰਹਨਿ ਉਚਿਤ ਨਹਿਂ ਪ੍ਰਭੁ ਦਰਬਾਰੇ॥੩੪॥

ਕਹਿਣ ਲੱਗੇ, "ਕਈ ਇਕ ਪ੍ਰਭੂ ਪਾਸ ਚਲੇ ਜਾਂਦੇ ਹਨ, ਅਤੇ ਕਈਆਂ ਨੂੰ ਤੁਸੀਂ ਏਥੇ ਰੋਕ ਲੈਂਦੇ ਹੋ। ਜਿਹੜੇ ਦ੍ਰਿਸ਼ਟੀ ਦਾ ਭੇਦ ਰਖਦੇ ਹਨ, ਉਨ੍ਹਾਂ ਦਾ ਪ੍ਰਭੂ ਦੇ ਦਰਬਾਰ ਵਿਚ ਰਹਿਣਾ ਉਚਿਤ ਨਹੀਂ ਹੈ॥ ੩੪॥

ਅਸੁਰ ਬੁੱਧਿ ਤੁਮ ਨੈ ਇਹ ਧਾਰੀ। ਜਾਇ ਧਰਹੁ ਤਨ ਧਰਨਿ ਮਝਾਰੀ।
ਸਮਦ੍ਰਿਸ਼ਟੀ ਗੁਣ ਸਰਬ ਸਮੇਤਾ। ਐਸੇ ਚਹਿਯਤਿ ਪ੍ਰਭੁ ਨਿਕੇਤਾ॥੩੫॥

ਤੁਸੀਂ ਇਹ ਦੈਂਤਾਂ ਵਾਲੀ ਬੁੱਧਿ ਧਾਰਨ ਕੀਤੀ ਹੈ, ਜਾਉ ਧਰਤੀ ਤੇ ਜਾ ਕੇ ਦੈਂਤਾਂ ਦਾ ਤਨ ਧਾਰਨ ਕਰੋ। ਪ੍ਰਭੂ ਦੇ ਪਾਸ ਅਜੇਹੇ ਵਿਅਕਤੀ ਹੋਣੇ ਚਾਹੀਦੇ ਹਨ, ਜਿਹੜੇ ਸਮਦ੍ਰਿਸ਼ਟੀ ਗੁਣਾਂ ਸਮੇਤ ਹੋਣ॥ ੩੫॥

ਸੁਨਿ ਕਰਿ ਸ੍ਰਾਪ, ਭਏ ਭਯਮਾਨਾ। ਜੈ ਅਰ ਬਿਜੈ ਨਾਮ ਜਿਨ ਜਾਨਾ।
ਬਿਨੈ ਕਰਨ ਲਾਗੇ ਕਰ ਜੋਰੀ। ਦਯੋ ਸ੍ਰਾਪ ਤੁਮ ਨੈ ਦੁਖ ਘੋਰੀ॥੩੬॥

ਸਰਾਪ ਸੁਣ ਕੇ ਦਰਬਾਨ ਬਹੁਤ ਡਰ ਗਏ। ਜੈ ਅਤੇ ਵਿਜੈ ਜਿਨ੍ਹਾਂ ਦੇ ਨਾਮ ਸਨ। ਜੋੜ ਜੋੜ ਕੇ ਬੇਨਤੀ ਕਰਨ ਲੱਗੇ, ਤੁਸੀਂ ਭਿਆਨਕ ਦੁਖਦਾਈ ਸ੍ਰਾਪ ਦਿੱਤਾ ਹੈ॥ ੩੬॥

ਧਾਰਿ ਅਨੁਗ੍ਰਹੁ ਅਸਬਰ ਦੀਜੈ। ਜਾਂ ਤੇ ਪ੍ਰਭੁ ਨ ਰਿਦੈ ਭੁਲੀਜੈ।
ਸ੍ਰਾਪ ਅੰਤ ਪੁਨ ਦਿਹੋ ਬਤਾਈ। ਹਮ ਆਏ ਤੁਮ ਪਗ ਸ਼ਰਨਾਈ॥੩੭॥

ਹੁਣ ਕਿਰਪਾ ਕਰਕੇ ਇਸ ਤਰ੍ਹਾਂ ਦਾ ਵਰ ਦੇਵੋ ਜਿਸ ਨਾਲ ਪ੍ਰਭੂ ਦਾ ਨਾਂ ਹਿਰਦੇ ਵਿਚੋਂ ਨਾ ਭੁੱਲੇ। ਸ੍ਰਾਪ ਕਿਵੇਂ ਖਤਮ ਹੋਵੇਗਾ, ਇਹ ਵੀ ਦੱਸ ਦੇਵੋ, ਅਸੀਂ ਹੁਣ ਤੁਹਾਡੇ ਚਰਨਾਂ ਦੀ ਸ਼ਰਨ ਆਏ ਹਾਂ॥ ੩੭॥

ਤਿਨ ਕੀ ਬਿਨੈ ਸ਼੍ਰੋਨ ਸੁਨਿ ਜਬਹੀ। ਬੋਲੇ ਪਰਮ ਰਿਖੀਸ਼੍ਵਰ ਤਬਹੀ।
ਸਹਿ ਕਰਿ ਸ੍ਰਾਪ ਦੈਤ ਤਨ ਪਾਵਹੁ। ਜਾਇ ਭੂਮ ਤਲ ਰਾਜ ਕਮਾਵਹੁ॥੩੮॥

ਉਨ੍ਹਾਂ ਦੀ ਬੇਨਤੀ ਜਦ ਕੰਨਾਂ ਨਾਲ ਸੁਣੀ ਤਾਂ ਪਰਮ ਰਿਖੀ ਬੋਲੇ, "ਸ੍ਰਾਪ ਸਹਿ ਕੇ ਦੈਂਤਾਂ ਦਾ ਸਰੀਰ ਧਾਰਨ ਕਰੋ, ਭੂਮੀ ਤੇ ਜਾ ਕੇ ਰਾਜ ਕਰੋ॥ ੩੮॥

ਸ੍ਰੀ ਪ੍ਰਭੁ ਬਿਸ਼ਨੁ ਧਰਹਿ ਅਵਤਾਰਾ। ਤਿਨ ਕੇ ਹਾਥ ਹੋਇ ਸੰਘਾਰਾ।
ਤੀਨ ਜਨਮ ਧਰਿ ਭੂਮ ਮਝਾਰੇ। ਪੁਨ ਆਵਹੁ ਸ੍ਰੀ ਪ੍ਰਭੁ ਦਰਬਾਰੇ॥੩੯॥

ਸ੍ਰੀ ਪ੍ਰਭੂ ਵਿਸ਼ਨੂੰ ਅਵਤਾਰ ਧਾਰਨਗੇ, ਉਨ੍ਹਾਂ ਦੇ ਹੱਥੋਂ ਤੁਸੀਂ ਮਾਰੇ ਜਾਵੋਗੇ, ਤਿੰਨ ਜਨਮ ਧਰਤੀ ਤੇ ਰਹਿ ਕੇ ਮੁੜ ਪ੍ਰਭੂ ਦੇ ਦਰਬਾਰ ਵਿਚ ਆ ਜਾਵੋਗੇ॥ ੩੯॥

ਬਾਤ ਲਖੀ ਜਬ ਕਮਲਾਕੰਤਾ। ਦੌਰੇ, ਸਭਿ ਤਹਿਂ ਤਜੇ ਤੁਰੰਤਾ।
ਪਰਮਹੰਸ ਲਖਿ ਭਗਤ ਬਿਸਾਲਾ। ਕ੍ਰੋਧ ਛਿਮਾਪਨਿ ਤਨਿਹਿ ਕ੍ਰਿਪਾਲਾ॥੪੦॥

ਜਦ ਵਿਸ਼ਨੂੰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਸਾਰੇ ਦਰਬਾਰੀਆਂ ਨੂੰ ਛੱਡ ਕੇ ਦੌੜ ਪਏ। ਪਰਮਹੰਸਾਂ ਨੂੰ ਆਪਣੇ ਵੱਡੇ ਭਗਤ ਜਾਣ ਕੇ, ਕ੍ਰਿਪਾਲੂ ਉਨ੍ਹਾਂ ਦੇ ਕ੍ਰੋਧ ਨੂੰ ਸ਼ਾਂਤ ਕਰਨ ਵਾਸਤੇ ਆਏ॥ ੪੦॥

ਪਗ ਨੰਗੇ ਆਏ ਚਲਿ ਦ੍ਵਾਰਾ। ਕੇਵਲ ਜਿਨ ਕੋ ਪ੍ਰੇਮ ਪਿਆਰਾ।
ਅਪਨੇ ਚਰਨ ਰਿਖਿਨ ਦਿਖਰਾਏ। ਰੋਸ ਸਪੂਰਨ ਸ਼ਾਂਤਿ ਕਰਾਏ॥੪੧॥

ਦਵਾਰ ਤੇ ਨੰਗੇ ਪੈਰ ਚਲ ਕੇ ਆ ਗਏ। ਜਿਨ੍ਹਾਂ ਨੂੰ ਕੇਵਲ ਪ੍ਰੇਮ ਨਾਲ ਹੀ ਪਿਆਰ ਹੈ। ਆਪਣੇ ਚਰਨ ਰਿਖੀਆਂ ਨੂੰ ਵਿਖਾਏ। ਕ੍ਰੋਧ ਤੋਂ ਸੰਪੂਰਨ ਸ਼ਾਂਤ ਕਰਾਏ॥ ੪੧॥

ਸ਼ਜਾਮ ਸਰੂਪ ਅਨੂਪਮ ਲੋਨਾ। ਪ੍ਰਿਥਨਿਤੰਬ ਜਿਨ ਕੀ ਛਬਿ ਕੋ ਨਾ।
ਛੁਦ੍ਰ ਘੰਟਕਾ ਬਧੀ ਸੁਹਾਵਨ। ਗਰ ਮਹਿਂ ਬਨਮਾਲਾ ਮਨ ਭਾਵਨ ॥੪੨ ॥

ਕਾਲਾ ਰੰਗ ਅਤੇ ਅਨੂਪਮ ਨੇਤਰ ਹਨ। ਪੱਟ ਚੌੜੇ ਹਨ ਅਤੇ ਜਿਸ ਦੀ ਸੁੰਦਰ ਸ਼ਕਲ ਵਾਲਾ ਹੋਰ ਕੋਈ ਨਹੀਂ ਹੈ। ਘੁੰਗਰੂਆਂ ਵਾਲੀ ਤੜਾਗੀ ਬੱਧੀ ਬੜੀ ਸ਼ੋਭ ਰਹੀ ਹੈ ਅਤੇ ਗਲ ਵਿਚ ਮਨ-ਭਾਉਂਦੀ ਬਨਮਾਲਾ ਪਾਈ ਹੋਈ ਹੈ॥ ੪੨॥

ਚਾਰ ਭੁਜਾ ਮਹਿ ਭੂਖਨ ਚਾਰੂ। ਕੰਕਨ ਮੁਦ੍ਰਿਕ ਅੰਗਦ ਧਾਰੂ।
ਉਦਰ ਤ੍ਰਿਵਲੀ ਸੰਜੁਤ ਰਾਜਤਿ। ਉੱਨਤ ਕੰਧ ਬ੍ਰਿਖਭ ਸਮ ਛਾਜਤਿ ॥੪੩ ॥

ਆਪਣੇ ਚਾਰ ਬਾਹਾਂ ਵਿਚ ਸੁੰਦਰ ਗਹਿਣੇ ਪਾਏ ਹੋਏ ਹਨ, ਕੜੇ, ਛੱਲੇ, ਬੁੰਹਟੇ ਅੰਗਾਂ ਤੇ ਧਾਰਨ ਕੀਤੇ ਹੋਏ ਹਨ। ਪੇਟ ਉਤੇ ਤਿੰਨ ਵਲ ਸੁੰਦਰ ਬਿਰਾਜ ਰਹੇ ਹਨ। ਉੱਚੇ ਮੋਢੇ ਬੈਲਾਂ ਵਾਂਗ ਫੱਬਦੇ ਹਨ॥ ੪੩॥

ਰੁਚਿਰ ਚਿਬਕ ਮੁਸ਼ਕਜਾਨ ਕਪੋਲੰ। ਜਿਨ ਪਰ ਸੋਹਤਿ ਕੁੰਡਲ ਲੋਲੰ।
ਬਿੱਦ੍ਰਮ ਅਧਰ ਦਸਨ ਜਨੁਹੀਰੰ। ਭ੍ਰਿਕੁਟੀ ਧਨੁਖ ਨਾਸਕਾ ਕੀਰੰ ॥੪੪ ॥

ਸੁੰਦਰ ਠੋਡੀ ਹੈ, ਅਤੇ ਗੱਲ੍ਹਾਂ, ਹਸਦਿਆਂ ਹੋਇਆ ਬੜੀਆਂ ਸੁੰਦਰ ਲਗਦੀਆਂ ਹਨ, ਜਿਨ੍ਹਾਂ ਉਤੇ ਵਾਲਾਂ ਦੇ ਕੁੰਡਲ ਲਟਕਦੇ ਹੋਏ ਬੜੇ ਸ਼ੋਭ ਰਹੇ ਹਨ। ਕੂਲੀਆਂ ਵਰਗੇ ਬੁਲ੍ਹ ਹਨ, ਦੰਦ ਹੀਰਿਆਂ ਵਰਗੇ ਹਨ। ਭਰਵੱਟੇ ਤੀਰ ਕਮਾਨ ਵਾਂਗ ਹਨ ਅਤੇ ਨਾਸਾਂ ਤੋਤੇ ਵਰਗੀਆਂ ਹਨ॥ ੪੪॥

ਕੁੰਤਲ ਲਲਿਤ ਅਲਿਕ ਅਹਿ ਛੌਨੰ। ਲੋਚਨ ਉਤਪਲ ਦਲ ਛਬਿ ਭੌਨੰ।
ਚਿਤਵਨ ਚਾਰੁ ਮਹਾਂ ਸੁਖਕਾਰੀ। ਸਿਰ ਕਿਰੀਟ ਜਿਹ ਉਪਮਾ ਭਾਰੀ ॥੪੫ ॥

ਕੇਸਾਂ ਦੀਆਂ ਜੁਲਫਾਂ ਸੱਪਾਂ ਦੇ ਬੱਚਿਆਂ ਵਾਂਗ ਲਟਕ ਰਹੀਆਂ ਹਨ, ਨੇਤਰ ਕੰਵਲ ਦੇ ਪੱਤਿਆਂ ਵਰਗੇ ਸ਼ੋਭਾ ਦਾ ਘਰ ਹਨ, ਨਜ਼ਰ ਸੁੰਦਰ ਅਤੇ ਮਹਾਂ ਸੁਖਕਾਰੀ ਹੈ। ਸਿਰ ਤੇ ਮੁਕਟ ਪਾਇਆ ਹੈ ਜਿਸ ਦੀ ਭਾਰੀ ਸ਼ੋਭਾ ਹੈ॥ ੪੫॥

ਲਏ ਛਤਰ ਆਏ ਭ੍ਰਿਤ ਪਾਛੇ। ਸ਼ਸ਼ਿ ਸਮ ਮੁਕਤਾ ਝਾਲਰ ਆਛੇ।
ਚਮਰ ਚਾਰੁ ਢੋਰਤਿ ਚਹੁ ਓਰੇ। ਬਿਜਨ ਸੁਭਗ ਆਨਜੇ ਤਿਹ ਦੋਰੇ ॥੪੬ ॥

ਛਤਰ ਲੈ ਕੇ ਨੌਕਰ ਪਿਛੇ ਆਏ ਹਨ, ਜਿਸ ਨਾਲ ਚੰਦ ਵਰਗੀਆਂ ਮੋਤੀਆਂ ਦੀਆਂ ਝਾਲਰਾਂ ਲਟਕ ਰਹੀਆਂ ਹਨ। ਚੌਰ ਚਾਰ- ਚੁਫੇਰੇ ਝੁਲ ਰਹੇ ਹਨ। ਸ੍ਰੇਸ਼ਟ ਪੱਖਾ ਦੌੜ ਕੇ ਲਿਆਂਦਾ ਗਿਆ॥ ੪੬॥

ਰਿਖੀਅਨ ਦੇਖਿ ਦਰਸ ਅਤਿ ਰੂਰਾ। ਕੋਟਿਕ ਚੰਦ ਨ ਮੁਖ ਛਬਿ ਪੂਰਾ।
ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਬੰਦਨ ਕੀਨਿ ਦੰਡਵਤ ਪਰਿਕੈ ॥੪੭ ॥

ਰਿਖੀਆਂ ਅਤਿ ਸੁੰਦਰ ਸਰੂਪ ਦੇ ਦਰਸ਼ਨ ਕੀਤੇ, ਜਿਸ ਦਾ ਮੁਕਾਬਲਾ ਕ੍ਰੋੜਾਂ ਚੰਦ ਵੀ ਨਹੀਂ ਕਰ ਸਕਦੇ। ਅਨੇਕ ਪ੍ਰਕਾਰ ਉਸਤਤ ਕਰਕੇ, ਉਨ੍ਹਾਂ ਡੰਡੌਤ ਬੰਦਨਾ ਕੀਤੀ॥ ੪੭॥

ਮਨ ਪਛੁਤਾਇ ਬੰਦਿ ਦ੍ਵੈ ਹਾਥਾ। ਕਹਿਨ ਲਗੇ ਹੇ ਪ੍ਰਭੁ ਜਗਨਾਥਾ।
ਬਿਨ ਅਪਰਾਧ ਸ੍ਰਾਪ ਹਮ ਦੀਨਾ। ਕਰਹੁ ਛਿਮਾਪਨ ਆਪ ਪ੍ਰਬੀਨਾ ॥੪੮ ॥

ਦੋਵੇਂ ਹੱਥ ਜੋੜ ਕੇ ਮਨ ਵਿਚ ਪਛਤਾਏ। ਕਹਿਣ ਲੱਗੇ, "ਹੇ ਪ੍ਰਭੂ ਜਗਤ ਦੇ ਨਾਥ! ਕਿਸੇ ਅਪਰਾਧ ਤੋਂ ਬਗੈਰ ਅਸੀਂ ਸ੍ਰਾਪ ਦਿੱਤਾ। ਸਾਨੂੰ ਮੁਆਫ ਕਰੋ, ਤੁਸੀਂ ਹਰ ਪੱਖੋਂ ਨਿਪੁੰਨ ਹੋ॥ ੪੮॥

ਸੁਨਿ ਕਰਿ ਬਿਸ਼ਨੁ ਸਕਲ ਗੁਨਖਾਨੀ। ਮੁਸਕਤਿ ਮਧੁਰ,ਕਹਿਤ ਮ੍ਰਿਦ ਬਾਨੀ।
ਤੁਮਰੋ ਦੋਖ ਨ ਯਾਮੈ ਕੋਈ। ਯਹਿ ਸਭਿ ਸੰਮਤਿ ਮੋਰੋ ਹੋਈ॥ ੪੯॥

ਇਹ ਸੁਣ ਕੇ ਗੁਣਾਂ ਦੀ ਖਾਣ ਵਿਸ਼ਨੂੰ ਜੀ ਮਿਠੇ-ਮਿਠੇ ਮੁਸਕਰਾਏ ਅਤੇ ਸੁੰਦਰ ਬਚਨ ਕਹੇ, ਇਸ ਵਿਚ ਤੁਹਾਡਾ ਕੋਈ ਦੋਸ਼ ਨਹੀਂ ਹੈ, ਇਹ ਕੁਝ ਮੇਰੀ ਮਰਜ਼ੀ ਅਨੁਸਾਰ ਹੋਇਆ ਹੈ॥ ੪੯॥

ਅਸ ਕਹਿ ਸੁੰਦਰ ਮੰਦਰ ਮਾਂਹੀ। ਲੇ ਬੈਸਾਰੇ ਪਿਖਿ ਸੁਖ ਪਾਹੀ।
ਯਹਿ ਪ੍ਰਸੰਗ ਸਭਿ ਅਮਰਨ ਸੰਗਾ। ਬਿਧਿਹਿ ਸੁਨਾਯੋ ਸਹਿਤ ਉਮੰਗਾ॥੫੦॥

ਇਹ ਕਹਿ ਕੇ ਉਨ੍ਹਾਂ ਨੂੰ ਸੁੰਦਰ ਭਵਨ ਵਿਚ ਲੈ ਗਿਆ ਤੇ ਸੁਖੀ ਕਰਨ ਵਾਸਤੇ ਬਿਠਾ ਦਿੱਤੇ।" ਇਹ ਪ੍ਰਸੰਗ ਦੇਵਤਿਆਂ ਨਾਲ ਕੀਤਾ। ਬੜੇ ਉਤਸ਼ਾਹ ਨਾਲ ਚੰਗੀ ਵਿਧੀ ਅਨੁਸਾਰ ਸੁਣਾਇਆ॥ ੫੦॥

ਚੌਪਈ- 'ਦਿਤੀ ਗਰਭ ਮਹਿਂ ਲਖਿਯੇ ਸੋਊ। ਮੋਤੇ ਹੋਤਿ ਉਪਾਇ ਨ ਕੋਊ।
ਤੁਮ ਨ ਡਰੋ ਸ੍ਰੀਪਤਿ ਭਗਵਾਨਾ। ਕਰਿ ਹੈ ਸਰਬ ਕੇਰ ਕੱਲਜਾਨਾ॥੫੧॥

'ਦਿੱਤੀ ਦੇ ਗਰਭ ਵਿਚ ਇਹ ਜ਼ਰੂਰ ਜਾਣਗੇ, ਮੇਰੇ ਪਾਸੋਂ ਕੋਈ ਉਪਾਅ ਨਹੀਂ ਹੋ ਸਕੇਗਾ। ਹੇ ਸ੍ਰੀ ਬ੍ਰਹਮਾ ਭਗਵਾਨ ਦੇ ਪੁੱਤਰੋ! ਤੁਸੀਂ ਨਾ ਡਰੋ। ਸਭ ਤਰ੍ਹਾਂ ਨਾਲ ਸੁੱਖ ਸ਼ਾਂਤੀ ਰਹੇਗੀ'॥ ੫੧॥

ਸੁਨਿ ਕਰਿ ਸ਼ੰਕ ਤਜੀ ਸੁਰ ਸਭਿਹੀ। ਨਿਜ ਨਿਜ ਲੋਕ ਗਏ ਚਲਿ ਤਬਹੀ।
ਦਿਤੀ ਬਰਖ ਸਤ ਗਰਭ ਧਰਜੌ ਜਬ। ਜਨਮ ਕਾਲ ਉਤਪਾਤ ਭਏ ਤਬ॥੫੨॥

ਇਹ ਸੁਣ ਕੇ ਸਾਰੇ ਦੇਵਤਿਆਂ ਨੇ ਸ਼ੰਕਾ ਛੱਡ ਦਿੱਤੀ, ਉਹ ਆਪਣੇ ਆਪਣੇ ਸਥਾਨਾਂ ਨੂੰ ਚਲੇ ਗਏ। ਦਿੱਤੀ ਕੱਸ਼ਯਪ ਦੀ ਪਤਨੀ ਨੇ ਜਦ ਸਤ ਸਾਲ ਗਰਭ ਧਾਰਨ ਕੀਤਾ ਰਖਿਆ ਤਾਂ ਉਪੱਦ੍ਰ ਪੈਦਾ ਕਰਨ ਵਾਲਿਆਂ ਦੇ ਜਨਮ ਦਾ ਸਮਾਂ ਆ ਗਿਆ॥ ੫੨॥

ਤੀਨ ਲੋਕ ਮੋਹਿਂ ਸ਼ਬਦ ਬਿਸਾਲਾ। ਅਤਿਸ਼ੈ ਜਹਿਂ ਤਹਿਂ ਆਵ ਭੁਚਾਲਾ।
ਦਿਸ਼ਾ ਤਪਤ ਜਨੁ ਦਵ ਵਡ ਲਾਗਾ। ਉਲਕਾਪਾਤ ਅਗਨਿ ਜਿਮ ਜਾਗਾ॥੫੩॥

ਤਿੰਨਾਂ ਲੋਕਾਂ ਵਿਚ ਇਕ ਵਿਸ਼ਾਲ ਉੱਚਾ ਸ਼ਬਦ ਗੂੰਜਿਆ, ਇਸ ਤਰ੍ਹਾਂ ਲੱਗਾ ਜਿਵੇਂ ਬਹੁਤ ਵੱਡਾ ਭੂਚਾਲ ਆਇਆ ਹੋਵੇ। ਸਾਰੇ ਪਾਸੇ ਏਨੀ ਗਰਮੀ ਪੈਦਾ ਹੋਈ ਜਿਵੇਂ ਦਾਵਾਨਲ ਅਗਨੀ ਹੋਵੇ। ਜਿਵੇਂ ਤਾਰੇ ਟੁੱਟਣ ਨਾਲ ਅਗਨੀ ਜਗ ਪਈ ਹੋਵੇ॥ ੫੩॥

ਉਦੈ ਕੇਤੁ ਭਾ ਅਧਿਕ ਅੰਧੇਰਾ। ਰਵਿ ਸ਼ਸ਼ਿ ਪਰ ਪਰਿਵੇਖ ਘਨੇਰਾ।
ਬਿਨ ਘਨ ਗਰਜਤਿ ਹੈ ਵਡ ਜੋਰਾ। ਸਿਵਾ,ਸ੍ਵਾਨ,ਖਰ ਬੋਲਤਿ ਘੋਰਾ॥੫੪॥

ਬੋਦੀ ਵਾਲਾ ਤਾਰਾ ਚੜ੍ਹਨ ਕਰਕੇ ਹਨੇਰਾ ਹੋ ਗਿਆ। ਸੂਰਜ ਚੰਦ ਦੇ ਦੁਆਲੇ ਚਾਨਣ ਦਾ ਘੇਰਾ ਬਹੁਤ ਵੱਡਾ ਹੋ ਗਿਆ। ਬਿਨ ਬੱਦਲਾਂ ਦੇ ਅਕਾਸ਼ ਵਿਚ ਬੱਦਲ ਗੱਜੇ। ਗਿੱਦੜ, ਕੁੱਤੇ ਅਤੇ ਖੋਤੇ ਬੜੀ ਉੱਚੀ ਉੱਚੀ ਬੋਲ ਰਹੇ ਸਨ॥ ੫੪॥

ਬਹੀ ਪ੍ਰਚੰਡ ਵਾਯੁ ਦੁਖ ਕਾਰੀ। ਜੜ੍ਹ ਤੇ ਉਖਰ ਜਾਹਿਂ ਤਰੁ ਭਾਰੀ।
ਘੋਰ ਸ਼ਬਦ ਸੁਨਿ ਸਰਬ ਬਿਹੰਗਾ। ਗਿਰਹਿਂ ਨਿਡਯ ਤੇ ਜਨੁ ਹ੍ਵੈ ਭੰਗਾ॥੫੫॥

ਦੁਖਦਾਇਕ ਤੇਜ਼ ਪ੍ਰਚੰਡ ਹਵਾ ਵਗੀ। ਵੱਡੇ-ਵੱਡੇ ਦਰੱਖਤ ਜੜ੍ਹਾਂ ਤੋਂ ਪੁੱਟੇ ਗਏ। ਏਡੀ ਉਚੀ ਭਿਆਨਕ ਆਵਾਜ਼ ਸੁਣ ਕੇ ਸਾਰੇ ਪੰਛੀ ਆਲ੍ਹਣਿਆਂ ਵਿਚੋਂ ਡਿੱਗ ਕੇ ਮਰ ਗਏ॥ ੫੫॥

ਕਾਨਨ ਕੇ ਪਸੁ ਭਏ ਦੁਖਾਰੇ। ਭੈ ਕਰਿ ਮੂਤ੍ਰ ਮਲਾਦਿਕ ਡਾਰੇ।
ਧਰ ਪਰ ਧਾਰਾਧਰ ਪੂੰਧਾਰੀ। ਸ੍ਰਵਹਿੰ ਸਥਨ ਗੋ ਸ਼੍ਰੋਣਿਤ ਸਾਰੀ ॥ ੫੬ ॥

ਜੰਗਲੀ ਜਾਨਵਰ ਬਹੁਤ ਦੁਖੀ ਹੋਏ। ਭੈ ਕਰਕੇ ਉਨ੍ਹਾਂ ਦੇ ਮਲ ਮੂਤਰ ਨਿਕਲ ਗਏ। ਧਰਤੀ ਉਤੇ ਬੱਦਲ ਪਾਕ ਦੀਆਂ ਧਾਰਾਂ ਸੁਟਦੇ ਸਨ। ਗਊਆਂ ਦੇ ਥਣਾਂ ਵਿਚੋਂ ਲਹੂ ਨਿਕਲਦਾ ਸੀ॥ ੫੬ ॥

ਸਰਬ ਅਮੰਗਲ ਪਿਖਿ ਭੈਕਾਰੇ। ਪ੍ਰਲੈ ਕਾਲ ਮਨ ਮਨੁਜ ਬਿਚਾਰੇ।
ਮਹਾਂ ਤ੍ਰਾਸ ਭਾ ਪ੍ਰਜਾ ਮਝਾਰੀ। ਜਨਮੇ ਦੈਂਤ ਦੇਹਿ ਜਿਨ ਭਾਰੀ ॥ ੫੭ ॥

ਇਹ ਅਸ਼ੁਭ ਲੱਛਣ ਵੇਖ ਕੇ ਸਾਰੇ ਭੈਭੀਤ ਹੋ ਗਏ। ਸਾਰੇ ਮਨੁੱਖ ਮਨ ਵਿਚ ਇਹੋ ਸਮਝ ਰਹੇ ਸਨ ਕਿ ਪਰਲੋ ਆ ਗਈ ਹੈ। ਪ੍ਰਜਾ ਵਿਚ ਭਿਆਨਕ ਡਰ ਪਸਰ ਗਿਆ ਸੀ। ਦੋ ਦੈਂਤਾਂ ਨੇ 'ਦਿਤੀ' ਦੇ ਘਰ ਜਨਮ ਲਿਆ, ਜਿਨ੍ਹਾਂ ਦੀ ਦੇਹ ਬਹੁਤ ਭਾਰੀ ਸੀ॥ ੫੭ ॥

ਚੌਪਈ- ਥੋਰਨ ਦਿਨ ਮਹਿੰ ਬਧਜੇ ਸਰੀਰਾ। ਨਭ ਲੌ ਮੁਕਟ ਭਏ ਵਡ ਬੀਰਾ।
ਹਿਰੰਨਾਛ ਧਰਿ ਗਦਾ ਸਕੰਧੁ ॥ ਕੀਨ ਦਿਗਬਿਜੈ ਭਾ ਮਤਿ ਅੰਧੁ ॥ ੫੮ ॥

ਥੋੜੇ ਦਿਨਾਂ ਵਿਚ ਹੀ ਉਨ੍ਹਾਂ ਦਾ ਸਰੀਰ ਬਹੁਤ ਵੱਧ ਗਿਆ। ਅਕਾਸ਼ ਤਕ ਉੱਚੇ ਉਨ੍ਹਾਂ ਦੇ ਸੀਸ ਸਨ ਅਤੇ ਵੱਡੇ ਸੂਰਮੇ ਹੋਏ। ਮੱਤ ਦੇ ਅੰਨ੍ਹੇ ਹਿਰੰਨਾਛ ਨੇ ਮੋਢੇ ਉਤੇ ਗੁਰਜ ਧਰ ਕੇ ਦਿੱਗਵਿਜੈ ਪ੍ਰਾਪਤ ਕੀਤੀ॥ ੫੮ ॥

ਜਿਉਂ ਖਗੇਸ਼ ਤੇ ਅਹਿ ਭੈ ਮਾਨੇ। ਤਜੇ ਰਣ ਤਜਿ ਸੁਰ ਸਰਬ ਪਲਾਨੇ।
ਜਬਹਿ ਨਿਪੁੰਸਕ ਅਮਰ ਨਿਹਾਰੇ। ਗਰਜਜੋ ਘੋਰ ਗਰਬ ਉਰਧਾਰੇ ॥ ੫੯ ॥

ਜਿਵੇਂ ਗਰੁੜ ਤੋਂ ਸੱਪ ਡਰਦਾ ਹੈ, ਇਸ ਤਰ੍ਹਾਂ ਸਭ ਦੇਵਤੇ ਰਣ ਛੱਡ ਕੇ ਭੱਜ ਗਏ। ਜਦ ਵੀ ਕਿਸੇ ਖੁਸਰੇ ਦੇਵਤੇ ਨੂੰ ਵੇਖਦਾ ਸੀ ਤਾਂ ਹਿਰਦੇ ਵਿਚ ਵੱਡਾ ਘੁਮੰਡ ਕਰਕੇ ਬੜੀ ਉੱਚੀ ਆਵਾਜ਼ ਵਿਚ ਗੱਜਦਾ ਸੀ॥ ੫੯ ॥

ਕਰ ਧਰਿ ਗਦਾ ਉਦਧਿ ਮਹਿੰ ਗਵਨਾ। ਗਯੋ ਬਰੁਣ ਕੋ ਜਿਹਠਾਂ ਭਵਨਾ।
ਕਹਿਨ ਲਗਜੋ 'ਤੁਮ ਸੂਰ ਕਹਾਵਹੁ। ਹਮ ਸੋਂ ਉਠਿ ਕਰਿ ਜੁੱਧ ਮਚਾਵਹੁ ॥ ੬੦ ॥

ਮੋਢੇ ਉਤੇ ਗੁਰਜ ਧਰ ਕੇ ਸਮੁੰਦਰ ਵਿਚ ਵੜ ਗਿਆ। ਵਰੁਣ ਦੇਵਤਾ ਦੇ ਪਾਸ ਗਿਆ ਜਿੱਥੇ ਉਸ ਦਾ ਘਰ ਸੀ। ਕਹਿਣ ਲੱਗਾ, "ਤੂੰ ਆਪਣੇ ਆਪ ਨੂੰ ਬੜਾ ਸੂਰਮਾ ਅਖਵਾਉਂਦਾ ਹੈਂ। ਜੇ ਤੇਰੇ ਵਿਚ ਦਮ ਹੈ ਤਾਂ ਮੇਰੇ ਨਾਲ ਉੱਠ ਕੇ ਯੁੱਧ ਕਰ॥ ੬੦ ॥

ਸੁਨਜੋ ਕਾਨ ਮੈਂ, ਹੋ ਬਲਭਾਰੀ। ਪੂਰਬ ਜੀਤੇ ਤੋਹਿ ਸੁਰਾਰੀ'।
ਸੁਨਿ ਕਰਿ ਬਰੁਣ ਕਹੀ ਅਸਬਾਨੀ। 'ਮੈਂ ਨਹਿੰ ਤੇਰੇ ਜੋਰ ਸਮਾਨੀ ॥ ੬੧ ॥

ਮੈ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਵੱਡੇ ਬਲਵਾਨ ਹੋ, ਤੁਸੀਂ ਪਹਿਲਾਂ ਸਾਰੇ ਦੇਵਤਿਆਂ ਦੇ ਵੈਰੀਆਂ ਭਾਵ ਦੈਂਤਾਂ ਨੂੰ ਜਿੱਤਿਆ ਹੈ।" ਵਰੁਣ ਨੇ ਉਸ ਦੀ ਅਜੇਹੀ ਗੱਲ ਸੁਣ ਕੇ ਇਸ ਤਰ੍ਹਾਂ ਕਿਹਾ, "ਮੈਂ ਤੇਰੇ ਜ਼ੋਰ ਦੇ ਬਰਾਬਰ ਨਹੀਂ ਹਾਂ॥ ੬੧ ॥

ਤੁਝਹਿ ਜੁੱਧ ਮਹਿੰ ਤੋਖਨਹਾਰੂ। ਬਿਨ ਪਦਮਾਪਤਿ ਕੋ ਨ ਨਿਹਾਰੂੰ।
ਜਾਹੁ ਰਸਾਤਲ ਮਿਲ ਤੁਝ ਤਾਈਂ। ਹਨਿਹੈ ਠਾਨਿ ਬਿਸਾਲ ਲਗਾਈ ॥ ੬੨ ॥

ਜੁੱਧ ਵਿਚ ਤੈਨੂੰ ਕੇਵਲ ਦੇਵਤਿਆਂ ਨੂੰ ਪ੍ਰਸੰਨ ਕਰਨ ਵਾਲਾ ਵਿਸ਼ਨੂੰ ਹੀ ਜਿੱਤ ਸਕਦਾ ਹੈ, ਹੋਰ ਮੈਨੂੰ ਕੋਈ ਨਹੀਂ ਦਿਸਦਾ ਜਿਹੜਾ ਤੈਨੂੰ ਹਰਾ ਸਕੇ। ਪਾਤਾਲ ਵਿਚ ਚਲੇ ਜਾਵੋ, ਓਥੇ ਉਹ ਤੁਹਾਨੂੰ ਮਿਲ ਪਵੇਗਾ। ਵਿਸ਼ਾਲ ਲੜਾਈ ਕਰਕੇ ਉਸ ਨੂੰ ਮਾਰ ਦੇਵੋ" ॥ ੬੨ ॥

'ਇਤੀ ਕਥਾ ਇਹ ਲਖਿ ਮਰਦਾਨੇ! । ਅਬ ਸੁਨਿ ਜਯੋਂ ਬਰਾਹ ਪ੍ਰਗਟਾਨੇ।
ਪੂਰਬ ਬਿਧਿ ਤੇ ਮਨ ਸਤਰੂਪਾ। ਨਰ ਤ੍ਰਿਯ ਉਪਜੇ ਗੁਣਨ ਅਨੂਪਾ ॥੬੩॥

ਗੁਰੂ ਨਾਨਕ ਦੇਵ ਜੀ ਨੇ ਕਿਹਾ, "ਹੇ ਮਰਦਾਨੇ! ਏਨੀ ਕਥਾ ਇਥੋਂ ਤਕ ਸਮਝ। ਹੁਣ ਉਹ ਕਥਾ ਸੁਣੋ ਵਰਾਹ ਅਵਤਾਰ ਜਿਸ ਤਰ੍ਹਾਂ ਪ੍ਰਗਟ ਹੋਇਆ। ਪਹਿਲੇ ਬ੍ਰਹਮਾ ਤੋਂ ਮਨ ਨਾਮੀ ਪੁੱਤਰ ਅਤੇ ਸਤਰੂਪਾ ਨਾਮੀ ਪੁੱਤਰੀ ਪੈਦਾ ਹੋਈ। ਇਹ ਇਸਤਰੀ ਮਰਦ ਅਨੂਪਮ ਗੁਣਾਂ ਵਾਲੇ ਸਨ"॥ ੬੩॥

ਬਿਧਿ ਸੋਂ ਕਹੈਂ 'ਬਿਨੈ ਸੁਨਿ ਲੀਜੈ। ਅਪਨੀ ਸੇਵ ਹਮਹਿਂ ਕੁਛ ਦੀਜੈ।
ਪੁੱਤ੍ਰ ਸਿੱਖ ਕੀ ਇਹ ਸ਼ੁਭ ਰੀਤੀ। ਗੁਰ ਪਿਤ ਆਇਸ ਕਰਹਿ ਸਪ੍ਰੀਤੀ ॥੬੪॥

ਉਹ ਬ੍ਰਹਮਾ ਨੂੰ ਕਹਿਣ ਲੱਗੇ, "ਸਾਡੀ ਬੇਨਤੀ ਸੁਣ ਲਵੋ, ਆਪਣੀ ਸੇਵਾ ਸਾਨੂੰ ਵੀ ਕੁਝ ਦੇਵੋ। ਪੁੱਤਰ ਤੇ ਸਿਖ ਲਈ ਇਹ ਰੀਤੀ ਸ਼ੁਭ ਹੈ। ਗੁਰੂ ਅਤੇ ਪਿਤਾ ਦੀ ਆਗਿਆ ਨਾਲ ਪ੍ਰੇਮ ਕਰੇ॥ ੬੪॥

ਤਾਂਤੇ ਹਮ ਕੋ ਉਚਿਤ ਗੁਸਾਈਂ!। ਦਯਾ ਧਾਰਿ ਨਿਜ ਦੇਹੁ ਬਤਾਈ'।
ਸੁਨਿ ਮਨ ਕੇ ਅਸ ਬੈਨ ਬਿਧਾਤਾ। ਬੋਲਤਿ ਭਯੋ 'ਸੁਨਹੁ ਹੇ ਤਾਤਾ! ॥੬੫॥

ਹੇ ਸਵਾਮੀ! ਫਿਰ ਤਾਂ ਸਾਡੇ ਵਾਸਤੇ ਉਚਿਤ ਹੈ, ਇਸ ਲਈ ਦਇਆ ਧਾਰ ਕੇ ਸਾਨੂੰ ਦੱਸ ਦੇਵੋ।" ਇਹ ਸੁਣ ਕੇ ਬ੍ਰਹਮਾ ਨੇ ਕਿਹਾ, "ਪੁੱਤਰੋ! ਸੁਣੋ॥ ੬੫॥

ਤੁਮ ਪਰ ਮੈਂ ਸੁ ਪ੍ਰਸੰਨ ਮਹਾਨਾ। ਦੰਪਤਿ ਰਹਹੁ ਸਹਿਤ ਕੱਲਜਾਨਾ।
ਜੇ ਕਰਿ ਮਮ ਸੇਵਾ ਤੁਮ ਮਾਂਗੀ। ਅਸ ਪ੍ਰਕਾਰ ਕੀਜੈ ਅਨੁਰਾਗੀ ॥੬੬॥

ਤੁਹਾਡੇ ਉਤੇ ਮੈਂ ਬਹੁਤ ਪ੍ਰਸੰਨ ਹਾਂ। ਕਲਿਆਣ ਸਹਿਤ ਇਸਤਰੀ ਭਰਤਾ (ਦੰਪਤੀ) ਰਹੋ। ਜਿਹੜੀ ਤੁਸਾਂ ਮੈਥੋਂ ਸੇਵਾ ਮੰਗੀ ਹੈ, ਇਸ ਪ੍ਰਕਾਰ ਪ੍ਰੇਮ ਨਾਲ ਕਰੋ॥ ੬੬॥

ਨਿਜ ਸਰੀਰ ਤੇ ਸੁਤ ਉਪਜਾਵਹੁ। ਧਰਮ ਸਹਿਤ ਛਿਤ ਰਾਜ ਕਮਾਵਹੁ।
ਮਖ ਕਰਿ ਜਜਹੁ ਬਿਸ਼ਨੁ ਗੁਨ ਖਾਨੀ। ਪ੍ਰਜਾਰੱਖਯ ਅਬ ਕਰਹੁ ਮਹਾਨੀ ॥੬੭॥

ਆਪਣੇਂ ਸਰੀਰ ਤੋਂ ਪੁੱਤਰ ਪੈਦਾ ਕਰੋ ਤੇ ਧਰਮ ਸਹਿਤ ਧਰਤੀ ਤੇ ਰਾਜ ਕਰੋ। ਯੱਗ ਕਰਕੇ ਗੁਣਾਂ ਦੀ ਖਾਣ ਭਾਵ ਵਿਸ਼ਨੂੰ ਦੀ ਪੂਜਾ ਕਰੋ। ਆਪਣੀ ਪ੍ਰਜਾ ਦੀ ਮਹਾਨ ਰਖਿਆ ਕਰੋ॥ ੬੭॥

ਜਿਨ ਸ੍ਰੀ ਪ੍ਰਭੁ ਨਹਿਂ ਤੋਖਨ ਕੀਨੋ। ਮੰਦਭਾਗ ਜਗ ਅਪਜਸ ਲੀਨੋ।
ਹਰਿ ਕੋ ਜਜਨ ਪ੍ਰਜਾ ਰਖਵਾਰੀ। ਇਹ ਸੇਵਾ ਵਡ ਜਾਨ ਹਮਾਰੀ' ॥੬੮॥

ਜਿਹੜਾ ਸ੍ਰੀ ਪ੍ਰਭੂ ਨੂੰ ਪ੍ਰਸੰਨ ਨਹੀ ਕਰਦਾ, ਉਹ ਮੰਦਭਾਗਾ ਜਗਤ ਵਿਚ ਬਦਨਾਮੀ ਖੱਟਦਾ ਹੈ. ਹਰੀ ਦੀ ਪੂਜਾ ਪਰਜਾ ਦੀ ਰਾਖੀ ਕਰਦੀ ਹੈ, ਇਹੀ ਮੇਰੀ ਵੱਡੀ ਸੇਵਾ ਸਮਝੋ"॥ ੬੮॥

ਸੁਨਿ ਕਰਿ ਮਨੁ ਬੋਲਯੋ ਬਿਧਿ ਸਾਥੇ। ਰਾਵਰ ਕੀ ਆਇਸੁ ਮਮ ਮਾਥੇ।
ਮੈਂ ਅਰ ਪਰਜਾ ਸਰਬ ਸਮੇਤਾ। ਜਲ ਮਹਿਂ ਧਰਾ ਨ ਪਾਇ ਨਿਕੇਤਾ ॥੬੯॥

ਇਹ ਸੁਣ ਕੇ ਮਨੁ ਇਸ ਤਰ੍ਹਾਂ ਬੋਲਿਆ, "ਤੁਹਾਡੀ ਆਗਿਆ ਸਾਡੇ ਸਿਰ ਮੱਥੇ ਹੈ, ਪਰ ਧਰਤੀ ਤਾਂ ਜਲ ਵਿਚ ਹੈ। ਇਸ ਲਈ ਮੈਂ ਅਤੇ ਪਰਜਾ ਸਮੇਤ ਅਸੀਂ ਕਿਥੇ ਘਰ ਬਣਾ ਕੇ ਰਹਾਂਗੇ॥ ੬੯॥

ਕਿਹ ਸਥਾਨ ਰਹਿ ਰਾਜ ਕਮਾਵੋਂ?। ਰੱਛ ਪ੍ਰਜਾ ਕੋ ਕਹਾ ਬਸਾਵੋਂ?।
ਜੇ ਅਸ ਬਿਧਿ ਕੀ ਚਾਹਿ ਤੁਮਾਰੀ। ਕਿਸੂ ਜਤਨ ਲਿਹੁ ਧਰਨਿ ਉਧਾਰੀ' ॥੭੦॥

ਕਿਸ ਸਥਾਨ ਤੇ ਰਹਿ ਕੇ ਰਾਜ ਕਮਾਵਾਂਗੇ, ਪਰਜਾ ਦੀ ਰਖਿਆ ਕਰਨ ਵਾਸਤੇ ਉਨ੍ਹਾਂ ਨੂੰ ਕਿਥੇ ਵਸਾਊਂਗਾ। ਜੇ ਤੁਹਾਡੀ ਇਸ ਤਰ੍ਹਾਂ ਦੀ ਚਾਹ ਹੈ ਤਾਂ ਕਿਸੇ ਯਤਨ ਨਾਲ ਧਰਤੀ ਦਾ ਉਧਾਰ ਕਰੋ'॥ ੭੦॥

ਸੁਨਿ ਕਰਿ ਯੌਂ, ਬਿਧਿ ਕਰਤਿ ਬਿਚਾਰਾ। ਪਹਿਲੇ ਜਲ ਮੈਂ ਪਿਯੋ ਅਪਾਰਾ।
ਹੋਈ ਹੁਤੀ ਨਗਨ ਜਬ ਅਵਨੀ। ਰਚੀ ਪ੍ਰਜਾ ਤਬ ਬਹੁ ਬਿਧਿ ਰਵਨੀ ॥੭੧ ॥

ਇਹ ਸੁਣ ਕੇ ਬ੍ਰਹਮਾ ਇਹ ਵਿਚਾਰ ਕਰਨ ਲੱਗਾ, ਪਹਿਲਾਂ ਮੈਂ ਅਪਾਰ ਜਲ ਪੀਤਾ ਸੀ ਅਤੇ ਧਰਤੀ ਜਦ ਨੰਗੀ ਹੋ ਗਈ ਤਾਂ ਬਹੁਤ ਵਿਧੀਆਂ ਅਨੁਸਾਰ ਸੁੰਦਰ ਪਰਜਾ ਰਚੀ ਸੀ॥ ੭੧॥

ਅੱਪ੍ਰਮਾਨ ਜਲ ਬਧਜੋ ਬਹੋਰੀ। ਸਗਰੀ ਧਰਨਿ ਲੀਨਿ ਅਬ ਬੋਰੀ।
ਕਿਸ ਪ੍ਰਕਾਰ ਇਸ ਵਹਿਰ ਟਿਕਾਊਂ। ਨਾਨਾ ਬਿਧਿ ਕੀ ਰਚਨ ਰਚਾਊਂ ॥੭੨ ॥

ਬੇਅੰਦਾਜ਼ਾ ਜਲ ਬਹੁਤ ਵੱਧ ਗਿਆ ਹੈ, ਸਾਰੀ ਧਰਤੀ ਫਿਰ ਉਸ ਢੱਕ ਲਈ ਹੈ। ਕਿਸ ਤਰ੍ਹਾਂ ਇਸ ਨੂੰ ਬਾਹਰ ਟਿਕਾਵਾਂ ਅਤੇ ਕਈ ਪ੍ਰਕਾਰ ਦੀ ਪਰਜਾ ਦੀ ਰਚਨਾ ਕਰਾਂ॥' ੭੨ ॥

ਨਾਭਿ ਕਮਲ ਤੇ ਜਨਮ ਭਯੋ ਜਬ। ਜਗਤ ਰਚਨ ਪ੍ਰਭੁ ਆਇਸੁ ਦੀ ਤਬ।
ਨਹਿਂ ਮੋਤੇ ਅਬ ਹੋਤਿ ਉਪਾਈ। ਕਰਹਿਂ ਆਪ ਜਗਦੀਸ਼ ਸਹਾਈ ॥੭੩ ॥

ਜਦ ਕੰਵਲ ਨਾਭ ਤੋਂ ਜਨਮ ਲਿਆ ਸੀ ਤਦ ਜਗਤ ਰਚਨਾ ਦੀ ਆਗਿਆ ਦਿੱਤੀ ਸੀ। ਮੇਰੇ ਪਾਸੋਂ ਹੁਣ ਕੋਈ ਉਪਾਅ ਨਹੀਂ ਹੋ ਰਿਹਾ ਹੈ। ਹੁਣ ਜੇ ਜਗਤ ਦੇ ਈਸ਼ਵਰ ਆਪ ਸਹਾਇਤਾ ਕਰਨਗੇ ਤਦ ਹੀ ਕੁਝ ਹੋ ਸਕਦਾ ਹੈ॥ ੭੩ ॥

ਦੋਹਰਾ- ਚਿੰਤਤਿ ਭਯੋ ਬਿਸਾਲ ਜਬ ਹੁਤੇ ਜੁ ਨਾਸਨ ਛੇਕ।
ਤਿਨ ਤੇ ਪ੍ਰਗਟ ਬਰਾਹ ਭੇ ਜੋ ਜਗ ਧਰਨੀ ਟੇਕ॥ ੭੪ ॥

ਜਦ ਵਿਸ਼ਾਲ ਚਿੰਤਾ ਵਿਚ ਡੁਬਿਆ ਹੋਇਆ ਸੀ ਤਾਂ ਜੋ ਨਾਸਾਂ ਦੇ ਛੇਕ ਸਨ, ਉਨ੍ਹਾਂ ਵਿਚੋਂ ਵਰਾਹ (ਸੂਰ) ਪੈਦਾ ਹੋਏ ਜੋ ਧਰਤੀ ਦਾ ਆਸਰਾ ਬਣੇ॥ ੭੪ ॥

ਚੌਪਈ- ਨਿਕਸੇ ਪ੍ਰਿਥਮ ਅੰਗੁਸ਼ਟ ਸਮਾਨਾ। ਚਢਿ ਅਕਾਸ਼ ਮਹਿਂ ਬਧੇ ਮਹਾਨਾ।
ਅਚਰਜ ਭਏ ਦੇਖਿ ਸੁਰ ਸਾਰੇ। ਲਖਿ ਹਰਿ ਜੈ ਜੈ ਸ਼ਬਦ ਉਚਾਰੇ ॥੭੫ ॥

ਪਹਿਲਾਂ ਉਹ ਅੰਗੂਠੇ ਦੇ ਬਰਾਬਰ ਨਿਕਲੇ, ਅਤੇ ਅਕਾਸ਼ ਵਿਚ ਚੜ੍ਹ ਕੇ ਬਹੁਤ ਵੱਡੇ ਹੋ ਗਏ। ਸਾਰੇ ਦੇਵਤੇ ਵੇਖ ਕੇ ਬਹੁਤ ਹੈਰਾਨ ਹੋਏ। ਹਰੀ ਨੂੰ ਵੇਖ ਕੇ ਉਨ੍ਹਾਂ ਜੈ ਜੈ ਸ਼ਬਦਾਂ ਦਾ ਉਚਾਰਨ ਕੀਤਾ॥ ੭੫॥

ਘੁਰ ਘੁਰ ਮੁਖ ਤੇ ਕਰਿ ਤਿਹ ਕਾਲਾ। ਸੁੰਘਤਿ ਸੂਕਰ ਸਰਸ ਕ੍ਰਿਪਾਲਾ।
ਉੱਜਲ ਰਦਨ ਚੰਦ੍ਰਮਾ ਨਜਾਈ। ਪੂਛ ਬਾਲ ਵਡ ਊਚ ਉਠਾਈ ॥੭੬ ॥

ਉਹ ਮੁਖ ਤੋਂ ਘੁਰ ਘੁਰ ਦੇ ਸ਼ਬਦ ਕੱਢ ਰਹੇ ਸਨ। ਸੂਰ ਕ੍ਰਿਪਾਲੂ ਸਮਾਨ ਪ੍ਰਭੂ ਨੂੰ ਸੁੰਘ ਰਹੇ ਸਨ। ਉਨ੍ਹਾਂ ਦੇ ਦੰਦ ਚੰਦਰਮਾਂ ਵਾਂਗ ਚਿੱਟੇ ਸਨ, ਪੂਛ ਤੇ ਵਾਲ ਉਨ੍ਹਾਂ ਉਪਰ ਨੂੰ ਚੁੱਕੇ ਹੋਏ ਸਨ॥ ੭੬॥

ਰੋਮ ਸਕੰਧ ਕਠਨ ਝਵਰਾਏ। ਮੇਘ ਖੁਰਨ ਸੋ ਸਭਿ ਬਿਲਗਾਏ।
ਦੇਖਤਿ ਸਰਬ ਦੇਵਤਨ ਤਬ ਹੀ। ਸ੍ਰੀ ਬਰਾਹ ਪ੍ਰਵਿਸ਼ੇ ਜਲ ਜਬ ਹੀ ॥੭੭ ॥

ਮੋਢੇ ਦੇ ਰੋਮ ਜਿਹੜੇ ਬੜੇ ਸਖਤ ਸਨ, ਉਨ੍ਹਾਂ ਹਿਲਾਏ। ਆਪਣੇ ਖੁਰਾਂ ਨਾਲ ਸਭ ਬਦਲ ਵੱਖ-ਵੱਖ ਕੀਤੇ। ਸਾਰੇ ਦੇਵਤਿਆਂ ਦੇ ਵੇਖਦਿਆਂ ਹੀ ਸ੍ਰੀ ਵਰਾਹ ਜਲ ਵਿਚ ਪ੍ਰਵੇਸ਼ ਕਰ ਗਏ॥੭੭॥

ਅਹਿਰਨ ਸਮ ਜੋ ਅੰਗ ਕਠੋਰਾ। ਮਨਹੁ ਜਲਧਿ ਕੀ ਕੁੱਖਜਨ ਫੋਰਾ।

ਸਰਬ ਵਾਰ ਕੋ ਦੀਨ ਬਿਦਾਰੀ। ਗਏ ਰਸਾਤਲ ਥਾਨ ਮਝਾਰੀ ॥੭੮॥

ਲੋਹੇ ਦੀ ਅਹਿਰਨ ਵਾਂਗ ਉਨ੍ਹਾਂ ਦੇ ਅੰਗ ਬਹੁਤ ਸਖਤ ਸਨ। ਜਲ ਵਿਚ ਉਹ ਇੰਞ ਵੜ ਗਏ ਮਾਨੋਂ ਸਮੁੰਦਰ ਦੀਆਂ ਵੱਖੀਆਂ ਤੋੜੀਆਂ ਹੋਣ। ਸਾਰੇ ਪਾਣੀ ਨੂੰ ਦੂਰ ਕੀਤਾ ਅਤੇ ਪਾਤਾਲ ਅੰਦਰ ਚਲੇ ਗਏ॥ ੭੮॥

ਪੂਰਬ ਜਹਿਂ ਸੋਵਨ ਕੀ ਥਾਈਂ। ਤਹਿਂ ਤੇ ਧਰਨੀ ਲੀਨਿ ਉਠਾਈ।
ਗਵਨੇ ਤਬ ਦੰਤਨ ਪਰ ਧਾਰੀ। ਸ੍ਰੀ ਬਲਵੰਤ ਲਸੇ ਛਬਿ ਭਾਰੀ ॥੭੯॥

ਪਹਿਲਾਂ ਜਿਥੇ ਧਰਤੀ ਇਕੀ ਹੋਈ ਸੀ, ਓਥੋਂ ਉਨ੍ਹਾਂ ਧਰਤੀ ਨੂੰ ਚੁੱਕ ਲਿਆ। ਧਰਤੀ ਨੂੰ ਫੜ ਕੇ ਆਪਣੇ ਦੰਦਾਂ ਤੇ ਰੱਖ ਕੇ ਚਲ ਪਏ। ਬੜੇ ਬਲਵਾਨ ਸਨ ਅਤੇ ਉਨ੍ਹਾਂ ਦੇ ਸਰੀਰ ਬਹੁਤ ਭਾਰੇ ਸਨ॥ ੭੯॥

ਤਹਿਂ ਹਿਰੰਨਾਛ ਬਰੁਨ ਕੋ ਪ੍ਰੇਰਾ। ਮਿਲਜੋ ਪੰਥ ਮਹਿਂ ਗਰਬ ਘਨੇਰਾ।
ਅੱਗ੍ਰ ਦੰਤ ਧਰਨੀ ਧਰਿ ਆਵਤਿ। ਬਲੀ ਦੁਰਦ ਜਿਉਂ ਸ਼ੋਭ ਬਢਾਵਤਿ ॥੮੦॥

ਹਿਰੰਨਾਛ, ਵਰੁਨ, ਦੇਵਤਾ ਦਾ ਪ੍ਰੇਰਿਆ ਹੋਇਆ ਉਨ੍ਹਾਂ ਨੂੰ ਰਾਹ ਵਿਚ ਮਿਲ ਪਿਆ। ਉਸ ਨੇ ਭਾਰੀ ਗਰਬ ਧਾਰਨ ਕੀਤਾ ਹੋਇਆ ਸੀ। ਆਪਣੇ ਅਗਲੇ ਦੰਦਾਂ ਤੇ ਧਰਤੀ ਨੂੰ ਰੱਖ ਕੇ ਆ ਰਹੇ ਸਨ। ਹਾਥੀ ਵਾਂਗ ਬਲਵਾਨ ਸਨ ਤੇ ਉਨ੍ਹਾਂ ਆਪਣੀ ਸ਼ੋਭਾ ਬਹੁਤ ਵਧਾਈ ਹੋਈ ਸੀ॥ ੮੦॥

ਦੇਖਿ ਦੈਂਤ ਕਿਯ ਸ਼੍ਰੋਣਤ ਨੈਨਾ। ਮੁਖ ਤੇ ਬਹੁ ਬੋਲਤਿ ਦੁਰਬੈਨਾ।
'ਹਮਹਿਂ ਰਸਾਤਲ ਬਿਧਿ ਦਿਯ ਸਾਰੋ। ਤਜਿ ਛਿਤਿ ਕੋ ਨਤੁ ਅਬ ਤੁਝ ਮਾਰੋ ॥੮੧॥

ਦੈਂਤ ਨੇ ਵੇਖ ਕੇ ਆਪਣੀਆਂ ਅੱਖਾਂ ਲਹੂ ਵਾਂਗ ਲਾਲ ਕਰ ਲਈਆਂ ਅਤੇ ਮੁਖ ਤੋਂ ਬੜੇ ਦੁਰਬਚਨ ਬੋਲਣ ਲੱਗਾ, "ਸਾਨੂੰ ਬ੍ਰਹਮਾ ਨੇ ਸਾਰਾ ਪਾਤਾਲ ਦਿੱਤਾ ਹੈ। ਧਰਤੀ ਨੂੰ ਛੱਡ ਦੇਵੇਂ, ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਵਾਂਗਾ" ॥ ੮੧॥

ਅਸ ਕਹਿ ਲੇ ਕਰਿ ਗਦਾ ਚਲਾਈ। ਹਨਿ ਕਰਿ ਗਦਾ ਜੁ ਧਰਨ ਗਿਰਾਈ।
ਨਭ ਮਹਿਂ ਠਾਢੇ ਦੇਵ ਬਿਲੋਕਤਿ। ਹਾਹਾ ਕਾਰ ਕਰਤਿ ਮਤਿ ਸ਼ੋਕਤਿ ॥੮੨॥

ਇਹ ਕਹਿ ਕੇ ਉਸ ਗੁਰਜ ਚਲਾਇਆ। ਗੁਰਜ ਮਾਰ ਕੇ ਉਸ ਧਰਤੀ ਡੇਗ ਦਿੱਤੀ। ਅਕਾਸ਼ ਵਿਚ ਖੜੇ ਦੇਵਤੇ ਵੇਖ ਰਹੇ ਸਨ। ਉਹ ਹਾਹਾਕਾਰ ਕਰ ਰਹੇ ਸਨ ਤੇ ਉਨ੍ਹਾਂ ਦੀ ਬੁੱਧੀ ਸ਼ੋਕਵਾਨ ਹੋ ਗਈ ਸੀ॥ ੮੨॥

ਤਿਹ ਛਿਨ ਦੇਖ ਨਿਰਾਯੁਧ ਹਰਿ ਕੋ। ਕਰਜੋ ਨ ਦੈਤ ਵਾਰ ਨਿਜ ਕਰ ਕੋ।
ਧਰਮ ਯੁੱਧ ਕੋ ਰਿਦੇ ਬਿਚਾਰੀ। ਰਹਜੋ ਠਾਂਢ ਤਿਹ ਥਾਨ ਅਗਾਰੀ ॥੮੩॥

ਉਸ ਸਮੇਂ ਵਿਸ਼ਨੂੰ ਨੂੰ ਸ਼ਸਤਰ-ਰਹਿਤ ਵੇਖ ਕੇ ਦੈਂਤ ਤੇ ਆਪਣੇ ਹੱਥ ਨਾਲ ਵਾਰ ਨਾ ਕੀਤਾ। ਧਰਮ ਯੁੱਧ ਨੂੰ ਹਿਰਦੇ ਵਿਚਾਰ ਕੇ, ਆਪਣੇ ਥਾਂ ਤੇ ਵਿਸ਼ਨੂੰ ਦੇ ਅੱਗੇ ਖੜਾ ਰਿਹਾ॥ ੮੩॥

ਸ੍ਰੀ ਬਰਾਹ ਤਬ ਚੱਕ੍ਰ ਬੁਲਾਵਾ। ਕੋਟ ਸੂਰ ਸਮ ਤਤ ਛਿਨ ਆਵਾ।
ਅਸੁਰ ਬਲੀ ਦੇਖਜੋ ਜਿਹ ਕਾਲਾ। ਹ੍ਵੈ ਸਮੀਪ ਕਿਯੋ ਜੁੱਧ ਬਿਸਾਲਾ ॥੮੪॥

ਸ੍ਰੀ ਬਰਾਹ ਰੂਪੀ ਵਿਸ਼ਨੂੰ ਨੇ ਫਿਰ ਆਪਣਾ ਸੁਦਰਸ਼ਨ ਚੱਕਰ ਬੁਲਾਇਆ। ਕਰੋੜਾਂ ਸੂਰ ਇਕ ਛਿਨ ਵਿਚ ਓਥੇ ਆ ਗਏ। ਜਦ ਦੈਂਤ ਬਲੀ ਨੂੰ ਵੇਖਿਆ ਤਾਂ ਨੇੜੇ ਹੋ ਕੇ ਵਿਸ਼ਾਲ ਯੁੱਧ ਕਰਨ ਲੱਗੇ॥ ੮੪॥

ਹਰਿ ਕੀ ਦਿਸ਼ ਪੁਨ ਗਦਾ ਚਲਾਈ। ਕਿਯੋ ਕ੍ਰੋਧ ਬਲ ਸਰਬ ਲਗਾਈ।
ਆਵਤਿ ਗਹੀ ਤਬਹਿ ਜਗਤੇਸ਼ਾ। ਜਿਉਂ ਸਰਪਨਿ ਕੋ ਗਹਿਤਿ ਖਗੇਸ਼ਾ ॥੮੫॥

ਵਿਸਨੂੰ ਵਲ ਫਿਰ ਉਸ ਗੁਰਜ ਚਲਾਇਆ। ਸਾਰਾ ਜ਼ੋਰ ਲਾ ਕੇ ਬੜਾ ਕ੍ਰੋਧ ਕੀਤਾ। ਆਉਂਦਿਆ ਹੀ ਵਿਸ਼ਨੂੰ ਨੇ ਉਸ ਨੂੰ ਹੱਥ ਵਿਚ ਫੜ ਲਿਆ, ਜਿਵੇਂ ਸੱਪ ਨੂੰ ਗਰੁੜ ਫੜ ਲੈਂਦਾ ਹੈ॥ ੮੫॥

ਨਿਫਲ ਘਾਤ ਲਖਿ ਦੈਤਨ ਰਾਜਾ। ਰਚੀ ਬਿਸਾਲ ਆਸੁਰੀ ਮਾਯਾ।
ਪੌਨ ਪ੍ਰਚੰਡ ਵਰਖ ਰਜ ਛਾਈ। ਸੰਘਨ ਘਨ ਤੜਿਤਾ ਚਮਕਾਈ॥੮੬॥

ਅਸਫਲ ਵਾਰ ਵੇਖ ਕੇ ਦੈਂਤਾਂ ਦੇ ਰਾਜੇ ਵਿਸ਼ਾਲ ਆਸੁਰੀ ਮਾਇਆ ਰਚ ਦਿੱਤੀ। ਪ੍ਰਚੰਡ ਹਵਾ ਵਗਣ ਲੱਗ ਗਈ, ਮੀਂਹ ਪੈਣ ਲੱਗਾ, ਧੂੜ ਹਨੇਰੀ ਛਾ ਗਈ। ਘਣੇ ਬੱਦਲਾਂ ਵਿਚੋਂ ਬਿਜਲੀ ਚਮਕਾਈ॥ ੮੬॥

ਅਸਤ ਰੁਧਿਰ ਪੂੰ ਕਚ ਮਲ ਮੂਤਾ। ਬਰਖਤਿ ਪ੍ਰਗਟੇ ਦਾਨਵ ਭੂਤਾ।
ਧਰਿ ਧਰਿ ਮਾਰਹਿਂ ਮਾਰ ਪੁਕਾਰਹਿਂ। ਛਿੰਦ ਭਿੰਦ ਬਹੁ ਘਾਤ ਪ੍ਰਹਾਰਹਿਂ॥੮੭॥

ਹੱਡ, ਲਹੂ, ਪਾਕ, ਵਾਲ ਅਤੇ ਮਲ ਮੂਤਰ ਦੀ ਦੈਂਤਾਂ ਦੇ ਛਲ ਨਾਲ ਬਰਖਾ ਹੋਈ। ਧਰ ਧਰ ਮਾਰਦੇ ਸਨ, ਅਤੇ ਮਾਰੋ ਮਾਰੋ ਪੁਕਾਰਦੇ ਸਨ। ਛੇਦਨ ਭੇਦਨ ਵਾਸਤੇ ਬੜੇ ਦਾਅ ਮਾਰਦੇ ਸਨ॥ ੮੭॥

ਅਸ ਪ੍ਰਕਾਰ ਕੀ ਪਿਖਿ ਕਰਿ ਮਾਯਾ। ਸ੍ਰੀ ਬਰਾਹ ਚੱਕਰ ਚਮਕਾਯਾ।
ਕਰੀ ਦੂਰ ਤਤਛਿਨ ਮਹਿਂ ਸੋਊ। ਕਰਨ ਲਗੇ ਰਣ ਗਰਜਤਿ ਦੋਊ॥੮੮॥

ਇਸ ਪ੍ਰਕਾਰ ਦੀ ਮਾਇਆ ਵੇਖ ਕੇ ਸ੍ਰੀ ਬਰਾਹ ਰੂਪੀ ਵਿਸ਼ਨੂੰ ਨੇ ਆਪਣਾ ਸੁਦਰਸ਼ਨ ਚੱਕਰ ਚਮਕਾਇਆ। ਪਲਾਂ ਵਿਚ ਸਾਰੀ ਮਾਇਆ ਦੂਰ ਹੋ ਗਈ। ਦੋਵੇਂ ਗੱਜ ਕੇ ਰਣ ਵਿਚ ਜੁਧ ਕਰਨ ਲੱਗੇ॥ ੮੮॥

ਕਰਹਿਂ ਪ੍ਰਹਾਰ ਗਦਾ ਸਰਬੰਗਾ। ਅਰੁਣ ਸਰੀਰ ਰੁਧਿਰ ਕੇ ਸੰਗਾ।
ਬਹੁਰ ਲਰਹਿਂ ਕਰਿ ਮੁਸ਼ਟਨ ਮਾਰੀ। ਬੱਜ੍ਰ ਸਮਾਨ ਨਾਦ ਹ੍ਵੈ ਭਾਰੀ॥੮੯॥

ਗੁਰਜ ਲਾਲ ਸਾਰੇ ਅੰਗਾਂ ਤੇ ਵਾਰ ਕਰਦੇ ਸਨ। ਸਰੀਰ ਵਿਚੋਂ ਲਾਲ ਲਹੂ ਬਹਿ ਰਿਹਾ ਸੀ। ਫਿਰ ਉਹ ਮੁਕਿਆਂ ਘਸੁੰਨਾ ਨਾਲ ਲੜਾਈ ਕਰਨ ਲੱਗੇ। ਬਜਰ ਸਮਾਨ ਭਾਰੀ ਆਵਾਜ਼ ਹੋ ਰਹੀ ਸੀ॥੮੯॥

ਅਧਿਕ ਕ੍ਰੋਧ ਕਰਿ ਸ੍ਰੀ ਭਗਵੰਤਾ। ਸਿਰ ਮਹਿਂ ਮੁਸ਼ਟਿਕ ਹਨੀ ਤੁਰੰਤਾ।
ਖਾਇ ਭੁਵਾਰਿ ਗਿਰਜੋ ਤਬ ਐਸੇ। ਪੌਨ ਬੇਗ ਤੇ ਤਰੁ ਧਰ ਜੈਸੇ॥੯੦॥

ਸ੍ਰੀ ਵਿਸ਼ਨੂੰ ਨੇ ਅਧਿਕ ਕ੍ਰੋਧ ਕਰਕੇ ਉਸ ਦੇ ਸਿਰ ਵਿਚ ਮੁਕਾ ਮਾਰਿਆ। ਦੈਂਤ ਭੁਆਂਟਣੀ ਖਾ ਕੇ ਫਿਰ ਇਸ ਤਰ੍ਹਾਂ ਡਿੱਗਾ, ਜਿਵੇਂ ਤੇਜ਼ ਹਵਾ ਚਲਣ ਨਾਲ ਵੱਡਾ ਬ੍ਰਿਛ ਜੜ੍ਹ ਤੋਂ ਉਖੜ ਕੇ ਧਰਤੀ ਤੇ ਡਿੱਗ ਪੈਂਦਾ ਹੈ॥੯੦॥

ਜਜੌਂ ਬ੍ਰਿਤਿ ਕੋ ਪੁਰਹੂਤ ਗਿਰਾਵਾ। ਤਜੌਂ ਪਰਸਿਰ ਕੇ ਕਚ ਬਿਥਰਾਵਾ।
ਸ੍ਰੀ ਪ੍ਰਭੁ ਕਰ ਤੇ ਮ੍ਰਿਤੁ ਨਿਹਰਿਕੈ। ਕਹਿਹਂ 'ਧੰਨ' ਸੁਰ ਬਚਨ ਉਚਰਿਕੈ॥੯੧॥

ਜਿਵੇਂ ਬ੍ਰਿਤਾਸੁਰ ਨਾਮੀ ਦੈਂਤ ਨੂੰ ਇੰਦਰ ਨੇ ਡੇਗਿਆ ਸੀ ਉਸ ਤਰ੍ਹਾਂ ਉਸਦੇ ਸਿਰ ਉਪਰਲੇ ਸਾਰੇ ਵਾਲ ਖਿਲਰ ਗਏ ਸਨ। ਸ੍ਰੀ ਵਿਸ਼ਨੂੰ ਦੇ ਹੱਥੋਂ ਦੈਂਤ ਦੀ ਮੌਤ ਹੋਈ ਵੇਖ ਕੇ ਦੇਵਤੇ 'ਧੰਨ ਧੰਨ' ਕਹਿ ਉਠੇ॥ ੯੧॥

'ਜੈ ਜੈ ਜੈ' ਧੁਨਿ ਕਰਿ ਚਹੁੰ ਘਾਈ। ਹਰਖ ਪੁਸ਼ਪ ਬਰਖਾ ਬਰਖਾਈ।
ਤਿਹਕੇ ਮਾਰਿ ਧਰੀ ਪੁਨ ਧਰਨੀ। ਕਰਿ ਬੰਦਨ ਸੁਰ ਉਸਤਤਿ ਬਰਨੀ'॥੯੨॥

ਚਾਰੇ ਪਾਸੇ 'ਜੈ ਜੈ ਜੈ' ਦੀ ਧੁਨੀ ਗੂੰਜ ਉਠੀ। ਖੁਸ਼ ਹੋ ਕੇ ਉਨਾਂ ਫੁੱਲਾਂ ਦੀ ਬਰਖਾ ਕੀਤੀ। ਉਨ੍ਹਾਂ ਦੈਂਤ ਨੂੰ ਮਾਰ ਕੇ ਧਰਤੀ ਨੂੰ ਫਿਰ ਆਪਣੇ ਥਾਂ ਤੇ ਟਿਕਾ ਦਿਤਾ। ਬੰਦਨਾ ਕਰਕੇ ਦੇਵਤਿਆਂ ਨੇ ਉਸਤਤ ਕੀਤੀ'॥ ੯੨॥

ਸ੍ਰੀ ਅੰਗਦ ਜੀ ਸੁਨਿ ਇਸ ਭਾਂਤੀ। ਕਹੀ ਕਥਾ ਸ੍ਰੀ ਗੁਰੂ ਸੁਹਾਤੀ।
ਮਰਦਾਨਾ ਸੁਨਿ ਕਰਿ ਹਰ ਖਾਨਾ। ਪੁਨ ਆਗੇ ਕੋ ਕੀਨ ਪਯਾਨਾ ॥੯੩॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ, ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੁਹਾਵਣੀ ਕਥਾ ਸੁਣਾਈ। ਮਰਦਾਨਾ ਸੁਣ ਕੇ ਬਹੁਤ ਖੁਸ਼ ਹੋਇਆ। ਫਿਰ ਅੱਗੇ ਵੱਲ ਚਲ ਪਏ॥ ੯੩॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਬੈਰਾਹ' ਪ੍ਰਸੰਗ ਬਰਨਨੰ ਨਾਮ ਸੱਤਰਮੋ ਅਧ੍ਯਾਯ॥ ੭੦॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਸੱਤਰਵਾਂ ਅਧਿਆਇ, ਜਿਸ ਦਾ ਨਾਮ "ਵੈਰਾਹ ਅਵਤਾਰ" ਹੈ, ਸਮਾਪਤ ਹੋਇਆ॥ ੭੦॥

## ਅਧਿਆਇ ਇਕੱਤ੍ਰਵਾਂ

*ਧ੍ਰੂਅ ਪ੍ਰਸੰਗ।*

ਦੋਹਰਾ- ਅਲਖ ਅਭੇਖ ਅਨੰਤ ਪ੍ਰਭੁ ਜਿਹ ਗਤਿ ਲਖੀ ਨ ਜਾਹਿ।
ਬੰਦਨ ਪਦ ਅਰਬਿੰਦ ਤਿਹ ਡਾਢਾ ਬੇ ਪਰਵਾਹਿ॥ ੧॥

ਜੋ ਵਾਹਿਗੁਰੂ ਅਲੱਖ, ਅਭੇਖ ਅਤੇ ਅਨੰਤ ਹੈ ਅਤੇ ਜਿਸ ਦੀ ਗਤੀ ਜਾਣੀ ਨਹੀਂ ਜਾਂਦੀ ਤੇ ਜੋ ਬੜਾ ਬੇਪਰਵਾਹ ਹੈ, ਤਿਸ ਦੇ ਚਰਨ ਕੰਵਲਾਂ ਤੇ ਮੇਰਾ ਨਮਸਕਾਰ ਹੈ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਜੀ! ਸੁਨਿ ਇਤਿਹਾਸੁ ਅੱਗ੍ਰਜ ਗਮਨੇ ਪੁਨ ਸੁਖ ਰਾਸੁ।
ਤਾਰੇ ਤਰੈ ਛੋਰਿ ਕਰਿ ਸਭਿਹੀ। ਊਰਧ ਪਹੁਚੇ ਸ੍ਰੀ ਗੁਰੁ ਜਬਹੀ॥ ੨॥

*ਭਾਈ ਬਾਲੇ ਨੇ ਕਹਾ- ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਗੁਰ ਇਤਿਹਾਸ ਸੁਣੋ, ਸੁਖਾਂ ਦੀ ਰਾਸ ਗੁਰੂ ਜੀ ਅੱਗੇ ਚਲ ਪਏ। ਸਾਰੇ* ਤਾਰੇ ਛੱਡ ਕੇ ਜਦ ਗੁਰੂ ਜੀ ਉਪਰ ਚਲੇ ਗਏ॥ ੨॥

ਮਰਦਾਨੇ ਤਬ ਬੂਝਨ ਕੀਨੇ। 'ਮੁਝਹਿ ਬਤਾਵਹੁ ਪ੍ਰਭੂ ਪ੍ਰਬੀਨੇ।
ਉਡਗਨ ਇਹਾਂ ਨ ਦੀਸਤਿ ਕੋਊ। ਹਮ ਕਿਹ ਦਿਸ਼ਿ ਤਜਿ ਆਏ ਸੋਊ ? ॥੩॥

ਤਦ ਮਰਦਾਨੇ ਨੇ ਪੁਛਿਆ, "ਹੇ ਨਿਪੁੰਨ ਪ੍ਰਭੂ ! ਮੈਨੂੰ ਦੱਸੋ, ਇਥੇ ਤਾਂ ਕੋਈ ਤਾਰਾ ਦਿੱਸਦਾ ਨਹੀਂ ਹੈ, ਅਸੀਂ ਉਨ੍ਹਾਂ ਨੂੰ ਕਿਸ ਪਾਸੇ ਛੱਡ ਆਏ ਹਾਂ ?॥ ੩॥

ਕਾਂਕੋ ਇਹਾਂ ਪ੍ਰਕਾਸ਼ ਪ੍ਰਕਾਸ਼ਾ ?। ਅਤਿ ਉੱਜਲ ਸੁੰਦਰ ਸੁਖਰਾਸਾ।
ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਹਮ ਤੇ ਤਰੇ ਰਹੇ ਅਬ ਤਾਰੇ॥ ੪॥

ਏਥੇ ਕਿਸ ਦਾ ਪ੍ਰਕਾਸ਼ ਪ੍ਰਕਾਸ਼ਿਤ ਹੈ ? ਇਹ ਤਾਂ ਅਤੀ ਉਜਲ, ਸੁੰਦਰ ਅਤੇ ਸੁਖਾਂ ਦੀ ਰਾਸ ਹੈ। ਇਹ ਸੁਣ ਕੇ ਗੁਰੂ ਨਾਨਕ ਜੀ ਨੇ ਬਚਨ ਕਹੇ, "ਸਾਰੇ ਤਾਰੇ ਹੁਣ ਸਾਥੋਂ ਥੱਲੇ ਰਹਿ ਗਏ ਹਨ॥ ੪॥

ਨੀਚੇ ਕਰਿ ਮੁਖ ਲੇਹੁ ਨਿਹਾਰੀ। ਰਹੇ ਪ੍ਰਕਾਸ਼ ਥਾਨ ਨਿਚ ਭਾਰੀ।

ਹਮ ਤੇ ਊਰਧ ਏਕ ਲਖੀਜੈ। ਨਾਮ ਧ੍ਰੂਅ ਜਿਹ ਪ੍ਰਗਟ ਭਨੀਜੈ॥ ੫ ॥

ਥੱਲੇ ਵੱਲ ਮੂੰਹ ਕਰਕੇ ਵੇਖ ਲਵੋ, ਸਾਰੇ ਹੇਠਾਂ ਪ੍ਰਕਾਸ਼ ਰਹੇ ਹਨ। ਸਾਡੇ ਉਪਰ ਇਕ ਹੀ ਪ੍ਰਕਾਸ਼ ਰਿਹਾ ਹੈ, ਜਿਸ ਦਾ ਨਾਂ ਧ੍ਰੂ ਸਾਰੇ ਪ੍ਰਗਟ ਹੈ॥ ੫॥

ਤਾਂਕੋ ਇਹਾਂ ਪ੍ਰਕਾਸ਼ ਘਨੇਰੋ। ਲਘੁ ਬਯ ਤਪ ਜਿਨ ਕੀਨ ਵਡੇਰੋ।
ਸਭਿ ਤੈ ਊਚੋ ਅਬਚਲ ਰਾਜੂ। ਸੰਜੁਤ ਸ਼ੋਭਾ ਰਹਯੋ ਬਿਰਾਜੂ ॥ ੬ ॥

ਉਸ ਦਾ ਹੀ ਏਥੇ ਵੱਡਾ ਪ੍ਰਕਾਸ਼ ਹੈ, ਜਿਸ ਨੇ ਛੋਟੀ ਅਵਸਥਾ ਵਿਚ ਹੀ ਬੜਾ ਵੱਡਾ ਤੱਪ ਕੀਤਾ ਸੀ। ਸਭ ਤੋਂ ਉਪਰ ਉਸ ਦਾ ਨਿਹਚਲ ਰਾਜ ਹੈ। ਚੰਗੀ ਸ਼ੋਭਾ ਸਮੇਤ ਇਥੇ ਬਿਰਾਜ ਰਿਹਾ ਹੈ"॥ ੬॥

ਬੋਲਯੋ ਮਰਦਾਨਾ ਵਡਭਾਗੀ। ਕਥਾ ਸੁਨਨ ਕੋ ਜਿਹ ਰੁਚਿ ਜਾਗੀ।
'ਸ੍ਰੀ ਗੁਰੁ ਜੀ ! ਇਹ ਸਰਬ ਪ੍ਰਸੰਗਾ। ਜਿਉਂ ਪਾਯੋ ਉਨ ਥਾਨ ਉਤੰਗਾ॥੭ ॥

ਵਡਭਾਗੀ ਮਰਦਾਨ ਬੋਲਿਆ, ਕਥਾ ਸੁਣਨ ਦੀ ਜਿਸ ਵਿਚ ਰੁਚੀ ਜਾਗੀ ਸੀ, "ਹੇ ਸ੍ਰੀ ਗੁਰੂ ਜੀ ! ਇਹ ਸਾਰਾ ਪ੍ਰਸੰਗ ਜਿਹੜਾ ਵਾਪਰਿਆ ਹੈ, ਉਹ ਥਾਂ ਤਾਂ ਬਹੁਤ ਉੱਚਾ ਹੈ॥ ੭॥

ਬਯ ਲਘੁ ਤਪ ਕੀਨੋ ਕਿਹ ਕਾਰਨ ?। ਪ੍ਰਭੂ ਰਿਝਾਏ ਬਿਪਤਿ ਬਿਦਾਰਨ।
ਸੋ ਸਭਿ ਮੁਝ ਕੋ ਦੇਹੁ ਸੁਨਾਈ। ਚਲਹੁ ਬਹੁਰਿ ਦੇਖਹਿਂ ਤਿਹ ਤਾਈ॥੮ ॥

ਛੋਟੀ ਉਮਰ ਵਿਚ ਹੀ ਉਸ ਨੇ ਕਿਸ ਕਾਰਨ ਤਪ ਕੀਤਾ ਸੀ ? ਕਿਸ ਬਿਪਤਾ ਨੂੰ ਦੂਰ ਕਰਨ ਵਾਸਤੇ ਉਸ ਪ੍ਰਭੂ ਨੂੰ ਪ੍ਰਸੰਨ ਕੀਤਾ ਸੀ। ਇਹ ਸਾਰਾ ਕੁਝ ਮੈਨੂੰ ਸੁਣਾਉ, ਫਿਰ ਚਲ ਕੇ ਉਹ ਥਾਂ ਵੇਖਦੇ ਹਾਂ॥ ੮॥

ਅਸ ਪ੍ਰਕਾਰ ਕੇ ਸੁਨਿ ਕਰਿ ਬੈਨਾ। ਬੋਲੇ ਸ੍ਰੀ ਨਾਨਕ ਗੁਨ ਐਨਾ।
'ਸਕਲ ਧ੍ਰੁੱਵ ਕੋ ਸੁਨਹੁ ਪ੍ਰਸੰਗਾ। ਭੋ ਮਰਦਾਨੇ ! ਸੰਗ ਉਮੰਗਾ॥ ੯ ॥

ਇਸ ਪ੍ਰਕਾਰ ਦੇ ਬਚਨ ਸੁਣ ਕੇ, ਗੁਣਾਂ ਦੇ ਘਰ ਗੁਰੂ ਨਾਨਕ ਦੇਵ ਜੀ ਬੋਲੇ, "ਧ੍ਰੂਅ ਭਗਤ ਦਾ ਸਾਰਾ ਪ੍ਰਸੰਗ ਸੁਣੋ ਹੇ ਮਰਦਾਨੇ! ਪੂਰੇ ਉਤਸਾਹ ਨਾਲ ਸ੍ਰਵਣ ਕਰੋ॥ ੯॥

ਪੂਰਬ ਭਯੋ ਏਕ ਭੂਪਾਲਾ। ਸ਼ੰਭੂਮਨਿ ਜਿਹ ਨਾਮ ਬਿਸਾਲਾ।
ਹੁਤੀ ਭਾਰਜਾ ਤਿਹ ਸਤਰੂਪਾ। ਤਿਨ ਤੇ ਦ੍ਵੈ ਸੁਤ ਭਏ ਅਨੂਪਾ॥੧੦ ॥

ਪਿਛਲੇ ਸਮੇਂ ਵਿਚ ਇਕ ਰਾਜਾ ਹੋਇਆ ਹੈ, ਜਿਸ ਦਾ ਸ਼ੰਭੂਮਨਿ ਨਾਮ ਸੀ। ਉਸ ਦੀ ਇਸਤਰੀ ਦਾ ਨਾਂ ਸੱਤਰੂਪਾ ਸੀ। ਉਸ ਇਸਤਰੀ ਤੋਂ ਦੋ ਅਨੂਪਮ ਪੁੱਤਰ ਪੈਦਾ ਹੋਏ॥ ੧੦॥

ਪ੍ਰਿਯਬ੍ਰਤ ਏਕ ਬਿਦਤਿ ਜਗ ਮਾਂਹੀ। ਜਿਹ ਰਥ ਪਹੀਅਨ ਉਦਧਿ ਖਟਾਈ।
ਦੁਤਿਯ ਉਤਾਨਪਾਦ ਨਿਰਪਾਲਾ। ਭੂ ਕੋ ਕਰਿਹੀ ਰਾਜ ਬਿਸਾਲਾ॥੧੧ ॥

ਪ੍ਰਿਯਬ੍ਰਤ ਨਾਮੀ ਜੱਗ ਵਿਚ ਇਕ ਮਸ਼ਹੂਰ ਰਾਜਾ ਹੋਇਆ ਹੈ, ਜਿਸ ਦੇ ਰੱਥ ਦੇ ਪਹੀਆਂ ਨੇ ਸਮੁੰਦਰ ਖੋਦਿਆਂ ਸੀ। ਦੂਸਰਾ ਉਤਾਨਪਾਦ ਨਾਂ ਦਾ ਰਾਜਾ ਸੀ, ਜਿਸ ਦਾ ਭੂਮੀ ਤੇ ਵਿਸ਼ਾਲ ਰਾਜ ਸੀ॥ ੧੧॥

ਤਿਹ ਕੈ ਸਦਨ ਹੁਤੀ ਯੁਗ ਨਾਰੀ। ਇਕ ਅਨੇਹ ਇਕ ਪ੍ਰਾਨਨ ਪਜਾਰੀ।
ਬਸੀ ਸਰੁਚਿ ਕੇ ਅਸਬਿਧਿ ਸੋਊ। ਮਨਹੁ ਮੋਲ ਕੋ ਲੀਨੋ ਕੋਊ॥੧੨ ॥

ਉਸ ਦੇ ਘਰ ਵਿਚ ਦੋ ਨਾਰੀਆਂ ਸਨ, ਇਕ ਨੂੰ ਉਹ ਪਿਆਰ ਨਹੀ ਸੀ ਕਰਦਾ ਅਤੇ ਇਕ ਨੂੰ ਉਹ ਆਪਣੇ ਪ੍ਰਾਣਾਂ

ਨਾਲੋਂ ਵੀ ਪਿਆਰੀ ਸਮਝਦਾ ਸੀ। ਉਹ ਆਪਣੀ ਰੁਚੀ ਅਨੁਸਾਰ ਇਸ ਤਰ੍ਹਾਂ ਵੱਸਦੀ ਸੀ, ਮਾਨੋ ਉਸ ਰਾਜੇ ਨੂੰ ਮੁੱਲ ਖਰੀਦ ਲਿਆ ਹੋਵੇ॥ ੧੨॥

ਦੁਤੀ ਸੁਨੀਤਾ ਸੋਂ ਨਹਿ ਨੇਹਾ। ਪੁਰਾ ਧ੍ਰੂਵ ਪ੍ਰਗਟਜੋ ਜਿਸ ਗ੍ਰੇਹਾ।
ਪੰਚ ਬਰਖ ਧ੍ਰੂਵ ਕੀ ਭੀ ਬੈਸਾ। ਇਕ ਦਿਨ ਗਯੋ ਤਾਤ ਜਿਹਂ ਬੈਸਾ ॥੧੩॥

ਦੂਸਰੀ ਸੁਨੀਤਾ ਜਿਸ ਨਾਲ ਰਾਜਾ ਪਿਆਰ ਨਹੀਂ ਸੀ ਕਰਦਾ, ਉਸ ਦੇ ਘਰ ਧ੍ਰੂਅ ਨਾਮੀ ਪੁੱਤਰ ਪ੍ਰਗਟ ਹੋਇਆ। ਜਦ ਧ੍ਰੂਅ ਦੀ ਪੰਜ ਸਾਲ ਦੀ ਉਮਰ ਹੋਈ ਤਾਂ ਇਕ ਦਿਨ ਉਹ ਉਥੇ ਗਿਆ ਜਿਥੇ ਉਸ ਦੇ ਪਿਤਾ ਬੈਠੇ ਹੋਏ ਸਨ॥ ੧੩॥

ਸਹਿਤ ਦੁਲਾਰ ਅੰਕ ਕੇ ਮਾਂਹੀ। ਬੈਠਜੋ ਚਾਵ ਰਿਦੇ ਬਹੁ ਜਾਂਹੀ।
ਤਬ ਤਿਹ ਕਾਲ ਬਿਮਾਤਾ ਆਈ। ਦੇਖਿ ਸੌਤਸੁਤ ਰਿਸ ਉਪਜਾਈ ॥੧੪॥

ਰਾਜੇ ਨੇ ਪਿਆਰ ਕਰਕੇ ਉਸ ਨੂੰ ਗੋਦ ਵਿਚ ਬਿਠਾ ਲਿਆ। ਧ੍ਰੂਅ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਪਿਤਾ ਜੀ ਪਾਸ ਬੈਠ ਗਿਆ। ਉਸ ਵੇਲੇ ਉਸ ਦੀ ਮਤ੍ਰੇਈ ਮਾਂ ਆਈ। ਆਪਣੀ ਸੌਕਣ ਦੇ ਪੁੱਤਰ ਨੂੰ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਈ॥ ੧੪॥

ਕਰ ਗਹਿ ਬਲ ਸੋਂ ਦੀਨ ਉਠਾਈ। ਬਹੁ ਕਠੋਰ ਮੁਖ ਗਿਰਾ ਅਲਾਈ।
ਬੈਸਨ ਪਿਤ ਕੇ ਅੰਕ ਮਝਾਰਾ। ਨਹਿੰ ਬਾਲਿਕ ! ਤੇਰੋ ਅਧਿਕਾਰਾ ॥੧੫॥

ਬੜੇ ਜ਼ੋਰ ਨਾਲ ਫੜ ਕੇ ਉਸ ਨੇ ਧ੍ਰੂਅ ਨੂੰ ਪਿਤਾ ਦੀ ਗੋਦ ਵਿਚੋਂ ਉਠਾ ਦਿੱਤਾ। ਫਿਰ ਬੜੀ ਸਖਤੀ ਨਾਲ ਮੁੱਖ ਤੋਂ ਬੋਲੀ, "ਹੇ ਬਾਲਕ ! ਪਿਤਾ ਦੀ ਗੋਦ ਵਿਚ ਬੈਠਣ ਦਾ ਤੇਰਾ ਕੋਈ ਅਧਿਕਾਰ ਨਹੀਂ ਹੈ॥ ੧੫॥

ਜੇ ਇਹ ਪਦ ਲੇਵਨ ਇਛ ਤੇਰੇ। ਕਰਹੁ ਕਠਨ ਜਪ ਤਾਪ ਘਨੇਰੇ।
ਬ੍ਰੱਤ ਸਾਧਿ ਪੁਨ ਨਿਜ ਤਨ ਤਜਾਗੀ। ਜਨਮ ਉਦਰ ਮਮ ਹੋ ਵਡਭਾਗੀ ॥੧੬॥

ਜੇ ਇਹ ਪਦਵੀ ਲੈਣ ਦੀ ਤੇਰੀ ਇੱਛਾ ਹੈ ਤਾਂ ਕਠਨ ਜਪ ਤਪ ਕਰੋ। ਬ੍ਰੱਤ ਸਾਧਨਾ ਕਰਕੇ ਫਿਰ ਆਪਣਾ ਸਰੀਰ ਛੱਡ ਦੇਵੇਂ ਤੇ ਫਿਰ ਮੇਰੇ ਪੇਟ ਵਿਚੋਂ ਜਨਮ ਲੈ ਕੇ ਵਡਭਾਗੀ ਹੋ ਜਾਵੇਂ॥ ੧੬॥

ਤਬ ਤੁਹਿ ਉਚਿਤ ਰਾਜ ਕੋ ਲੇਨਾ। ਅਸ ਕਹਿ ਝਿਰਕਜੋ ਰਿਸ ਭਰਿ ਨੈਨਾ।
ਦੀਨ ਭਯੋ ਰੋਦਨ ਵਡ ਕੀਨਾ। ਤ੍ਰਿਯ ਬਸਿ ਨ੍ਰਿਪ ਨਹਿ ਆਦਰ ਦੀਨਾ ॥੧੭॥

ਤਦ ਤੂੰ ਰਾਜ ਨੂੰ ਪ੍ਰਾਪਤ ਕਰ ਲੈਣਾ। ਇਹ ਕਹਿ ਕੇ ਅੱਖਾਂ ਭਰ ਕੇ ਗੁੱਸੇ ਵਿਚ ਆ ਕੇ ਉਸ ਨੂੰ ਝਿੜਕਿਆ। ਧ੍ਰੂਅ ਬਹੁਤ ਡਰ ਗਿਆ ਅਤੇ ਉੱਚੀ-ਉੱਚੀ ਰੋਣ ਲੱਗ ਗਿਆ। ਇਸਤਰੀ ਦੇ ਵੱਸ ਵਿਚ ਹੋਣ ਕਰਕੇ ਰਾਜੇ ਨੇ ਵੀ ਆਦਰ ਨਾ ਕੀਤਾ॥ ੧੭॥

ਮੋਚਤਿ ਲੋਚਨ ਤੇ ਜਲ ਧਾਰਾ। ਬਚਨ ਬਾਨ ਬਿਧ ਗਯੋ ਬਿਚਾਰਾ।
ਜਾਗਜੋ ਹਿਰਦੇ ਕ੍ਰੋਧ ਘਨੇਰਾ। ਮਨਹੁ ਸਰਪ ਕਿਨ ਪਗ ਸੋਂ ਛੇਰਾ ॥੧੮॥

ਅੱਖਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ। ਮਤ੍ਰੇਈ ਮਾਂ ਦੇ ਬੋਲ ਤੀਰਾਂ ਵਾਂਗ ਵਿੰਨ੍ਹ ਗਏ। ਹਿਰਦੇ ਵਿਚ ਭਾਰੀ ਕ੍ਰੋਧ ਜਾਗਿਆ ਮਾਨੋ ਸੱਪ ਨੂੰ ਕਿਸੇ ਪੈਰ ਨਾਲ ਛੇੜਿਆ ਹੈ॥ ੧੮॥

ਫਰਕਤਿ ਅਧਰ, ਲੇਤਿ ਵਡ ਸ੍ਵਾਸਾ। ਰੋਵਤਿ ਆਵਾ ਜਨਨਿ ਅਵਾਸਾ।
ਬਦਨ ਮਲੀਨ ਹੇਰਿ ਸੁਤ ਕੇਰਾ। ਭਈ ਦੁਖੀ ਕਰਿ ਸ਼ੋਕ ਘਨੇਰਾ ॥੧੯॥

ਬੁਲ੍ਹ ਫੜਕਦੇ ਸਨ, ਤੇ ਲੰਮੇ-ਲੰਮੇ ਸਾਹ ਲੈਂਦਾ ਸੀ। ਰੋਂਦਾ-ਰੋਂਦਾ ਆਪਣੀ ਮਾਂ ਦੇ ਘਰ ਆਇਆ। ਜਦ ਮਾਂ ਨੇ ਆਪਣੇ ਪੁੱਤਰ ਦੇ ਮਲੀਨ ਚਿਹਰੇ ਨੂੰ ਵੇਖਿਆ ਤਾਂ ਉਹ ਬਹੁਤ ਸ਼ੋਕ ਕਰਕੇ ਦੁਖੀ ਹੋਈ॥ ੧੯॥

ਅਪਰ ਨਰਨ ਤੇ ਸੁਨਿ ਸੁਧਿ ਸਾਰੀ। ਰੁਦਿਤ ਦ੍ਰਿਗਨ ਤੇ ਅੰਸੁਨ ਡਾਰੀ।
ਸਵਤਗਿਰਾ ਤੇ ਮਨ ਬਿਕੁਲਾਨੀ। ਲਤਾ ਖੇਦ ਕਰਿ ਜਨੁ ਕੁਮਲਾਨੀ ॥੨੦॥

ਦੂਸਰੇ ਮਰਦਾਂ ਤੋਂ ਸੁਣ ਕੇ ਸਾਰੀ ਖਬਰ ਸਾਰ ਲਈ। ਨੈਣਾਂ ਵਿਚ ਰੋਂਦੀ ਅਤੇ ਹੰਝੂ ਵੱਗਦੇ ਹਨ। ਸੌਂਕਣ ਦੇ ਬੋਲ ਸੁਣ ਕੇ ਬਹੁਤ ਵਿਆਕੁਲ ਹੋ ਗਈ। ਜਿਵੇਂ ਵੇਲ ਟੁੱਟ ਕੇ ਕੁਮਲਾ ਗਈ ਹੋਵੇ॥ ੨੦॥

ਬਦਨਾਂਬੁਜ ਬਹੁ ਕੀਨ ਮਲੀਨਾ। ਨਿਜ ਸੁਤ ਅੰਕ ਬਿਖੈ ਤਬ ਲੀਨਾ।
ਊਭ ਸ੍ਵਾਸ ਲੈ ਬਚਨ ਬਖਾਨੇ। ਸੁਨਹੁ ਪੁੱਤ੍ਰ ! ਇਵ ਲੇਹੁ ਪਛਾਨੇ ॥੨੧॥

ਕੰਵਲ ਵਰਗਾ ਮੁਖੜਾ ਬਹੁਤ ਮੈਲਾ ਹੋ ਗਿਆ। ਫਿਰ ਆਪਣੇਂ ਪੁੱਤਰ ਨੂੰ ਚੁੱਕ ਕੇ ਗੋਦ ਵਿਚ ਬਿਠਾ ਲਿਆ। ਡੂੰਘੇ ਸਾਹ ਲੈ ਕੇ ਬੋਲੀ, "ਹੇ ਪੁੱਤਰ ! ਸੁਣੋ, ਇਹ ਤੱਤ ਪਛਾਣ ਲਵੋ॥੨੧॥

ਦੁਖ ਸੁਖ ਕੋ ਨ ਦੇਤਿ ਕਿਹ ਤਾਈਂ। ਕਰਮ ਕਰਹਿ ਜਸ ਤਸ ਫਲ ਪਾਈ।
ਪ੍ਰਿਥਮ ਪੁੰਨ ਤੇ ਸੁਖ ਚਲਿ ਆਵੈ। ਕਰੇ ਪਾਪ ਤੇ ਦੁਖ ਫਲ ਪਾਵੈ ॥੨੨॥

ਕੋਈ ਕਿਸੇ ਨੂੰ ਦੁਖ ਸੁਖ ਨਹੀ ਦਿੰਦਾ ਹੈ। ਜਿਸ ਤਰ੍ਹਾਂ ਮਨੁੱਖ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਫਲ ਪਾਉਂਦਾ ਹੈ। ਪਹਿਲੇ ਪੁੰਨਾਂ ਕਰਕੇ ਸੁਖ ਚੱਲ ਕੇ ਆਉਂਦਾ ਹੈ, ਜੇ ਪਾਪ ਕਰਦਾ ਹੈ ਤੇ ਦੁੱਖ ਰੂਪੀ ਫਲ ਪ੍ਰਾਪਤ ਹੁੰਦਾ ਹੈ॥ ੨੨॥

ਗਿਰਾ ਸਵਤ ਨੈ ਸਾਚ ਉਚਾਰੀ। ਤੂੰ ਜਨਮਜੋ ਮਮ ਗਰਭ ਮਝਾਰੀ।
ਮੰਦ ਭਾਗ ਮੋ ਕੋ ਲਖਿ ਲੀਜੈ। ਦਾਸੀ ਸਮ ਨਹਿ ਮੁਝੈ ਲਖੀਜੈ ॥੨੩॥

ਮੇਰੀ ਸੌਂਕਣ ਨੇ ਸੱਚੀ ਗੱਲ ਕਹੀ ਹੈ। ਤੂੰ ਮੇਰੇ ਪੇਟ ਤੋਂ ਪੈਦਾ ਹੋਇਆ ਹੈਂ। ਮੈਨੂੰ ਮੰਦੇ ਭਾਗਾਂ ਵਾਲੀ ਸਮਝ ਲਵੋ। ਦਾਸੀ ਬਰਾਬਰ ਮੈਨੂੰ ਪਛਾਣ ਲਵੋ॥ ੨੩॥

ਸਿੰਘਾਸਨ ਕੀ ਜੇ ਅਭਿਲਾਖੇ। ਭਜਹੁ ਪ੍ਰਭੂ ਮਨ ਕੋ ਥਿਰ ਰਾਖੇ।
ਜਾਸ ਚਰਨ ਕੀ ਸੇਵਨ ਕਰਿਕੈ। ਲਿਯੋ ਬ੍ਰਹਮਪਦ ਬਿਧਿ ਹਿਤ ਧਰਿ ਕੈ ॥੨੪॥

ਤਖਤ ਪ੍ਰਾਪਤ ਕਰਨ ਦੀ ਜੇ ਅਭਿਲਾਸ਼ਾ ਹੈ ਤਾਂ ਮਨ ਨੂੰ ਸਥਿਰ ਕਰਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ। ਪ੍ਰਭੂ ਦੇ ਚਰਨਾਂ ਦੀ ਸੇਵਾ ਕਰਕੇ ਅਤੇ ਚੰਗੀ ਵਿਧੀ ਅਨੁਸਾਰ ਹਿਰਦੇ ਵਿਚ ਧਾਰਨ ਕਰਕੇ ਬ੍ਰਹਮਪਦ ਪ੍ਰਾਪਤ ਕਰੋ॥ ੨੪॥

ਤੋਰ ਪਿਤਾਮਾ ਭਾ ਮਨੁਰਾਜੂ। ਕੀਨ ਅਨਿਕ ਮਖ ਭੂਰ ਸਮਾਜੂ।
ਹਰਿ ਕੋ ਸਿਮਰਨ ਕਰਿ ਸੁਖ ਪਾਵਾ। ਪੁਨ ਪ੍ਰਭੁ ਪਦ ਮਹਿ ਅੰਤ ਸਮਾਵਾ ॥੨੫॥

ਤੇਰਾ ਪਿਤਾਮਾ ਮਨੁ ਰਾਜਾ ਸੀ, ਉਸ ਨੇ ਬਹੁਤ ਵੱਡੇ-ਵੱਡੇ ਯੱਗ ਕੀਤੇ ਸਨ। ਹਰੀ ਦਾ ਸਿਮਰਨ ਕਰਕੇ ਸੁੱਖ ਪਾਇਆ ਸੀ, ਫਿਰ ਪ੍ਰਭੂ ਦੇ ਚਰਨਾਂ ਵਿਚ ਅੰਤ ਸਮਾਂ ਗਿਆ ਸੀ॥ ੨੫॥

ਤਾਂਤੇ ਹੇ ਸੁਤ ! ਮਨ, ਕ੍ਰਮ, ਬਚਨਾ। ਜਾਹੁ ਸ਼ਰਨ ਜਾਂਕੀ ਸਭਿ ਰਚਨਾ।
ਖੋਜਤਿ ਮੁਨਿ ਜਨ ਜੋਗੀ ਜਾਸੂ। ਸਿਮਰਹੁ ਤਿਹ ਪੈਹਹੁ ਫਲ ਆਸੂ ॥੨੬॥

ਹੇ ਪੁੱਤਰ ! ਇਸ ਕਰਕੇ, ਮਨ, ਕਰਮ ਅਤੇ ਬਚਨ ਕਰਕੇ ਉਸ ਪ੍ਰਭੂ ਦੀ ਸ਼ਰਨ ਵਿਚ ਜਾਵੋ, ਜਿਸ ਦੀ ਬਣਾਈ ਹੋਈ ਇਹ ਸਭ ਰਚਨਾ ਹੈ, ਜਿਸ ਨੂੰ ਮੁਨੀ ਜੋਗੀ ਆਦਿ ਖੋਜਦੇ ਹਨ। ਉਸ ਦਾ ਸਿਮਰਨ ਕਰੋ, ਛੇਤੀ ਹੀ ਫਲ ਪ੍ਰਾਪਤ ਕਰ ਲਵੋਗੇ॥ ੨੬॥

ਸੁਨਜੋ ਮਾਤ ਉਪਦੇਸ਼ ਬਿਸਾਲਾ। ਹਿਰਦੈ ਧੀਰ ਧਰੀ ਤਿਹ ਕਾਲਾ।
ਤੁਰਨ ਤ੍ਰਿਨ ਸਮ ਪੁਰਿ ਕੋ ਤਜਾਗੀ। ਮਧੁ ਬਨ ਕੋ ਗਮਨਜੋ ਵਡ ਭਾਗੀ ॥੨੭॥

ਧ੍ਰੂਅ ਨੇ ਮਾਤਾ ਦਾ ਵਿਸ਼ਾਲ ਉਪਦੇਸ਼ ਸੁਣਿਆ ਤਾਂ ਉਸੇ ਸਮੇਂ ਉਸ ਦੇ ਹਿਰਦੇ ਵਿਚ ਧੀਰਜ ਆ ਗਿਆ। ਤੁਰੰਤ ਇਕ ਤਿਨਕੇ ਵਾਂਗ ਨਗਰ ਨੂੰ ਛੱਡ ਦਿੱਤਾ ਅਤੇ ਵੱਡੇ ਭਾਗਾਂ ਵਾਲਾ ਮਧੁਬਣ ਨੂੰ ਚਲਾ ਗਿਆ॥ ੨੭॥

ਨਾਰਦ ਸੁਨਿ ਕਰਿ ਸਭਿ ਬਿਰਤੰਤਾ। ਮਿਲਯੋ ਆਨਿ ਮਗ ਮਾਂਹਿ ਤੁਰੰਤਾ।
ਧ੍ਰੂਵ ਮਨ ਕੀ ਲਖਿ ਕਰਿ ਰਿਖਿਰਾਈ। ਸਿਰ ਪਰ ਕਰ ਪਰਸਯੋ ਹਿਤ ਲਾਈ॥੨੮॥

ਜਦ ਨਾਰਦ ਨੇ ਇਹ ਸਾਰਾ ਬਿਰਤਾਂਤ ਸੁਣਿਆ ਤਾਂ ਉਹ ਤੁਰੰਤ ਉਸ ਨੂੰ ਰਸਤੇ ਵਿਚ ਆ ਮਿਲਿਆ। ਰਿਖੀਆਂ ਦੇ ਰਾਜੇ ਨਾਰਦ ਨੇ ਧ੍ਰੂਅ ਦੇ ਮਨ ਦੀ ਗੱਲ ਜਾਣ ਕੇ ਬੜੇ ਪ੍ਰੇਮ ਨਾਲ ਉਸ ਦੇ ਸਿਰ ਨੂੰ ਹੱਥ ਨਾਲ ਪਲੋਸਿਆ॥ ੨੮॥

ਬਾਲ ਆਰਬਲ ਮ੍ਰਿਦੁਲ ਬਿਸ਼ਾਲਾ। ਸੁਨਿ ਬਿਮਾਤ ਬਚ ਭਾ ਉਰ ਸਾਲਾ।
ਬਿਗਸਤਿ ਬਾਨੀ ਬਦਨ ਬਖਾਨੀ। ਸਿਸ ! ਤਵ ਬਯ ਨਹਿ ਮਾਨ ਅਮਾਨੀ॥੨੯॥

ਬਾਲ ਉਮਰ ਹੈ ਅਤੇ ਬੜਾ ਨਰਮ ਸਰੀਰ ਹੈ। ਮਤ੍ਰੇਈ ਮਾਂ ਦੇ ਬਚਨ ਸੁਣ ਕੇ ਹਿਰਦੇ ਵਿਚ ਬੜੀ ਪੀੜ ਹੋਈ ਹੈ। ਨਾਰਦ ਨੇ ਬੜੇ ਪ੍ਰਸੰਨ ਹੋ ਕੇ ਆਪਣੇ ਮੁਖ ਤੋਂ ਬਚਨ ਕਹੇ, "ਹੇ ਬਾਲਕ ! ਤੇਰੀ ਉਮਰ ਆਦਰ ਅਨਾਦਰ ਦੀ ਪਰਵਾਹ ਕਰਨ ਵਾਲੀ ਨਹੀਂ ਹੈ॥ ੨੯॥

ਖਾਨ ਪਾਨ ਖੇਲਨ ਰਸ ਰੀਤਾ। ਇਨਹਿਂ ਚਾਹਿ ਤੂੰ ਕਿਉਂ ਵਿਪਰੀਤਾ।
ਅਬੈ ਗ੍ਯਾਨ ਕੀ ਕੀਨਸ ਪ੍ਰੀਹਾ। ਤਾਂ ਪਰ ਸੁਨਹੁ ਬਾਤ ਮਮ ਲੀਹਾ॥੩੦॥

ਖਾਣ ਪੀਣ, ਖੇਡਣ ਮਲਣ ਅਤੇ ਮੌਜ ਮਾਲਣ ਦੀ ਉਮਰ ਹੈ। ਇਨ੍ਹਾਂ ਤੋਂ ਤੂੰ ਕਿਉਂ ਬੇਮੁਖ ਹੋਣਾ ਚਾਹੁੰਦਾ ਹੈਂ? ਜੇ ਹੁਣੇ ਗਿਆਨ ਪ੍ਰਾਪਤ ਕਰਨ ਦੀ ਇੱਛਾ ਧਾਰਨ ਕਰ ਲਈ ਹੈ ਤਾਂ ਮੇਰੀ ਇਕ ਮਰਯਾਦਾ ਦੀ ਗੱਲ ਸੁਣੋ॥ ੩੦॥

ਜਬ ਪ੍ਰਾਨੀ ਕੋ ਉਪਜਹਿ ਗ੍ਯਾਨਾ। ਸ਼ੱਤ੍ਰ ਮਿੱਤ੍ਰ ਦੁਖ ਸੁਖ ਸਮਾਨਾ।
ਤੋ ਤਪ ਕਰਨ ਬਾਦ ਹੈ ਤੇਰੋ। ਹਟਹੁ ਜਾਹੁ ਗ੍ਰਿਹ ਕਰੋ ਬਸੇਰੋ॥੩੧॥

ਜਦ ਪ੍ਰਾਣੀ ਨੂੰ ਗਿਆਨ ਉਪਜਦਾ ਹੈ, ਫਿਰ ਦੁਸ਼ਮਣ, ਮਿੱਤਰ, ਦੁੱਖ ਅਤੇ ਸੁਖ ਸਭ ਬਰਾਬਰ ਹੋ ਜਾਂਦੇ ਹਨ। ਤਪ ਕਰਨ ਬਾਅਦ ਤੇਰਾ ਇਹ ਹਾਲ ਹੋਵੇਗਾ, ਇਸ ਲਈ ਪਿੱਛੇ ਮੁੜ ਜਾਵੋ ਤੇ ਘਰ ਵਿਚ ਜਾ ਕੇ ਰਹੋ॥ ੩੧॥

ਜੇਤੋ ਸੁਖ ਤੁਝ ਦੇਯ ਬਿਮਾਤਾ। ਤਿਤੋ ਜਾਇ ਭੋਗਹੁ ਹੇ ਤਾਤਾ!।
ਕਰਿ ਸੰਤੋਖ ਰਹਹੁ ਘਰ ਮਾਂਹੀ। ਅਹੋ ਵਤਸ, ਬਨ ਕੁਛ ਸੁਖ ਨਾਂਹੀ॥੩੨॥

ਜਿੰਨੇ ਸੁਖ ਤੈਨੂੰ ਤੇਰੀ ਮਤ੍ਰੇਈ ਮਾਂ ਦਿੰਦੀ ਹੈ, ਹੇ ਪੁੱਤਰ ! ਓਨੇ ਸੁਖ ਜਾ ਕੇ ਭੋਗੋ। ਸੰਤੋਖ ਕਰ ਕੇ ਘਰ ਵਿਚ ਰਹੋ। ਤੂੰ ਹਾਲੇ ਬਾਲਕ ਹੈਂ, ਵਣ ਵਿਚ ਤੈਨੂੰ ਕਿਸੇ ਪ੍ਰਕਾਰ ਦਾ ਸੁਖ ਪ੍ਰਾਪਤ ਨਹੀਂ ਹੋ ਸਕਦਾ ॥ ੩੨॥

ਜੋ ਤਵ ਜਨਨਿ ਕੀਨ ਉਪਦੇਸ਼ਾ। ਲੇਨ ਚਹਹੁ ਤਿ ਵਡੋ ਅੰਦੇਸ਼ਾ।
ਖੋਜਤਿ ਜਿਹ ਕੋ ਮੁਨੀ ਜੁਗੇਸੁਰ। ਦੁਰਾਰਾਧਯ ਸੋ ਲਖਿ ਪਰਮੇਸੁਰ॥੩੩॥

ਜੋ ਤੇਰੀ ਮਾਤਾ ਨੇ ਤੈਨੂੰ ਉਪਦੇਸ਼ ਕੀਤਾ ਹੈ, ਜੇ ਉਹ ਲੈਣਾ ਚਾਹੋਗੇ ਤਾਂ ਵੱਡਾ ਖਤਰਾ ਹੈ। ਜੋ ਕੋਈ ਮੁਨੀ ਜੁਗੇਸ਼ਵਰ ਖੋਜ ਕਰਦਾ ਹੈ। ਪਰਮੇਸ਼ਵਰ ਨੂੰ ਸਮਝਣ ਦੀ ਆਰਾਧਨਾ ਬਹੁਤ ਕਠਨ ਹੈ॥ ੩੩॥

ਤਪ ਤਾਪਹਿੰਤੀ ਬਰ ਚਿਰਕਾਲਾ। ਕਰਿ ਹੈਂ ਜਤਨ ਅਨੇਕ ਬਿਸਾਲਾ।
ਤਦਪਿ ਨ ਪਾਵਹਿਂ ਫਿਰਹਿਂ ਖੁਜੰਤੇ। ਚਰਨ ਕਵਲ ਪ੍ਰਭੁ ਸ੍ਰੀ ਭਗਵੰਤੇ॥੩੪॥

ਤਪ ਕਰਨ ਨਾਲ ਵਰ ਬਹੁਤ ਦੇਰ ਨਾਲ ਪ੍ਰਾਪਤ ਹੁੰਦਾ ਹੈ, ਕਈ ਅਨੇਕ ਲੋਕਾਂ ਵਿਸ਼ਾਲ ਯਤਨ ਕੀਤੇ ਹਨ। ਤਦ ਵੀ ਪ੍ਰਭੂ ਦੇ ਚਰਨ ਕੰਵਲਾਂ ਨੂੰ ਨਹੀਂ ਪਾਉਂਦੇ, ਬੇਸ਼ਕ ਕਿੰਨਾ ਵੀ ਖੋਜਦੇ ਫਿਰਦੇ ਹਨ॥ ੩੪॥

ਅਬ ਬਯ ਲਘੁ ਚਲਿਯੇ ਗ੍ਰਿਹ ਮਾਂਹੀ। ਹੋਇ ਤਰੁਨ ਤਬ ਕਰਿ ਅਸਚਾਹੀ।
ਸੁਨਿ ਮੁਨਿਵਰ ਬਾਨੀ ਰਸਸਾਨੀ। ਬੋਲਯੋ ਧ੍ਰੂਵ ਜੋਰਿ ਜੁਗ ਪਾਨੀ ॥੩੫॥

ਹਾਲੇ ਉਮਰ ਬਹੁਤ ਛੋਟੀ ਹੈ, ਇਸ ਲਈ ਘਰ ਨੂੰ ਚਲੋ, ਜਦ ਜਵਾਨ ਹੋ ਜਾਵੋਗੇ ਜਿਸ ਤਰ੍ਹਾਂ ਚਾਹੋ ਕਰ ਲਵੀ। ਮੁਨੀਵਰ ਦੀ ਮਿੱਠੀ ਬਾਣੀ ਸੁਣ ਕੇ, ਧ੍ਰੂਅ ਦੋਵੇਂ ਹੱਥ ਜੋੜ ਕੇ ਬੋਲਿਆ॥ ੩੫॥

ਆਪ ਕਹਿਤਿ ਸਾਚੀ ਸਭਿ ਭਾਂਤੀ। ਤੱਦਪਿ ਨ ਮੋ ਮਨ ਬਿਖੈ ਗਡਾਤੀ।
ਮੈਂ ਕੁਪੁਰਖ ਬਹੁਰੋ ਅਗਜਾਤੀ। ਬਚ ਬਿਮਾਤ ਤੇ ਸੁਲਗਤਿ ਛਾਤੀ ॥੩੬॥

ਤੁਸੀ ਹਰ ਤਰ੍ਹਾਂ ਨਾਲ ਸੱਚ ਕਹਿੰਦੇ ਹੋ, ਪਰ ਫਿਰ ਵੀ ਇਹ ਮੇਰੇ ਮਨ ਨੂੰ ਨਹੀਂ ਲੱਗੀ। ਮੈਂ ਮਾੜਾ ਆਦਮੀ ਹਾਂ ਅਤੇ ਅਗਿਆਨੀ ਹਾਂ। ਮਤ੍ਰੇਈ ਮਾਂ ਦੇ ਬਚਨ ਮੇਰੀ ਛਾਤੀ ਵਿਚ ਧੁਖ ਰਹੇ ਹਨ॥ ੩੬॥

ਦੁਖਤਿ ਰਿਦਾ ਸੁਨਿ ਗਿਰਾ ਕਠੋਰਾ।ਹਟਨੇ ਤ੍ਰਿਟ ਨ ਕਰੇ ਮਨ ਮੋਰਾ।
ਤੁਮ ਪਰਹਿਤ ਕੇ ਹੇਤ ਸਦਾਈ। ਸਰਬ ਥਾਨ ਬਿਚਰਹੁ ਰਿਖਿ ਜਾਈ ॥੩੭॥

ਕਠੋਰ ਸ਼ਬਦ ਸੁਣ ਕੇ ਮੇਰਾ ਹਿਰਦਾ ਦੁਖ ਰਿਹਾ ਹੈ, ਪਿਛੇ ਮੁੜਨ ਦੀ ਮੇਰੀ ਕੋਈ ਇੱਛਾ ਨਹੀਂ ਹੈ। ਤੁਸੀਂ ਸਦਾ ਹੀ ਪਰਾਏ ਦਾ ਭਲਾ ਕਰਦੇ ਹੋ। ਹੇ ਰਿਖੀ ਜੀ ! ਸਭ ਥਾਈਂ ਜਾ ਕੇ ਘੁੰਮੋ ਫਿਰੋ॥ ੩੭॥

ਜਿਹ ਪਦ ਲੌ ਪਹੁੰਚਯੋ ਨ ਪਿਤਾਮਾ। ਤਾਂ ਪਦ ਕੀ ਇੱਛਾ ਅਭਿਰਾਮਾ।
ਸੋ ਮਾਰਗ ਮੁਝ ਦੇਹੁ ਬਤਾਈ। ਰਾਵਰ ਕ੍ਰਿਪਾਨਿਧਾਨ ਸਦਾਈ ॥੩੮॥

ਜਿਸ ਪਦਵੀ ਤੇ ਮੇਰੇ ਪਿਤਾਮਾ ਪਹੁੰਚੇ ਸਨ, ਉਹ ਪਦਵੀ ਪ੍ਰਾਪਤ ਕਰਨ ਦੀ ਮੇਰੀ ਵੀ ਭਲੀ ਇੱਛਾ ਹੈ। ਇਸ ਕਰਕੇ ਮੈਨੂੰ ਉਹ ਰਸਤਾ ਦੱਸ ਦੇਵੋ, ਆਪ ਜੀ ਸਦਾ ਹੀ ਕਿਰਪਾ ਨਿਧਾਨ ਹੋ॥ ੩੮॥

ਤਰਨਿ ਤੇਜ ਸਮ ਗਯਾਨ ਅਪਾਰਾ। ਬੀਨਾ ਕਰ ਧਾਰੇ ਸੁਖ ਭਾਰਾ।
ਸੁਨਿ ਬਚ ਲਖਿ ਸ਼ਰਧਾ ਜਿਹਗਾਢੀ। ਮੁਨਿ ਪ੍ਰਸੰਨਤਾ ਅਧਿਕਹਿ ਬਾਢੀ ॥੩੯॥

ਨਾਰਦ ਪਾਸ ਸੂਰਜ ਦੇ ਤੇਜ ਵਰਗਾ ਅਪਾਰ ਗਿਆਨ ਹੈ। ਵੀਣਾ ਹੱਥ ਵਿਚ ਫੜ ਕੇ ਭਾਰੀ ਸੁਖ ਪ੍ਰਾਪਤ ਕਰਦਾ ਹੈ। ਧ੍ਰੂਅ ਦੇ ਬਚਨ ਸੁਣ ਕੇ ਸਮਝਿਆ ਕਿ ਇਸ ਦੇ ਹਿਰਦੇ ਵਿਚ ਪੱਕੀ ਸ਼ਰਧਾ ਹੈ। ਮੁਨੀ ਦੀ ਪ੍ਰਸੰਨਤਾ ਬਹੁਤ ਵੱਧ ਗਈ॥ ੩੯॥

ਕਹਿਨ ਲਗਯੋ-ਮੈ ਪਰਖਤਿ ਨੀਕੇ। ਅਹੋ ਬਾਲ ਤਵ ਸ਼ਰਧਾ ਹੀ ਕੇ।
ਹਿਤ ਕੱਲਯਾਨ ਪੰਥ ਲਖਿ ਸੋਊ। ਤਵ ਜਨਨੀ ਭਾਖਯੋ ਸੁਭ ਜੋਊ ॥੪੦॥

ਕਹਿਣ ਲੱਗਾ, "ਮੈਂ ਚੰਗੀ ਤਰ੍ਹਾਂ ਪਰਖਿਆ ਹੈ। ਹੇ ਬਾਲਕ ! ਤੇਰੇ ਹਿਰਦੇ ਦੀ ਸ਼ਰਧਾ ਪੱਕੀ ਹੈ। ਤੇਰੀ ਮਾਤਾ ਜੀ ਨੇ ਜਿਵੇ ' ਸਭ ਗੱਲ ਕਹੀ ਸੀ, ਕਲਿਆਨ ਕਾਰੀ ਪੰਥ ਉਸ ਪਹਿਚਾਨਿਆਂ ਹੈ॥ ੪੦॥

ਸ੍ਰੀ ਕਰਤਾਰ ਸਕਲ ਗੁਣ ਖਾਨੀ। ਤਾਂਕੋ ਸੇਵਹੁ ਮਨ ਕ੍ਰਮ ਬਾਨੀ।
ਧਰਮ ਅਰਥ ਕਾਮੰ ਪੁਨ ਮੋਖਾ। ਪਾਯੋ ਚਹਿ ਜਿਹਿ ਨਰ ਬਿਨ ਦੋਖਾ ॥੪੧॥

ਸ੍ਰੀ ਕਰਤਾਰ ਸਾਰੇ ਗੁਣਾਂ ਦੀ ਖਾਣ ਹਨ। ਉਨ੍ਹਾਂ ਦਾ ਮਨ, ਕਰਮ ਅਤੇ ਬਚਨ ਕਰਕੇ ਸਿਮਰਨ ਕਰੋ। ਧਰਮ, ਅਰਥ, ਕਾਮ ਅਤੇ ਮੁਕਤੀ ਜਿਹੜਾ ਮਨੁੱਖ ਕਿਸੇ ਦੋਖ ਤੋਂ ਬਗੈਰ ਪ੍ਰਾਪਤੀ ਕਰਨਾ ਚਾਹੁੰਦਾ ਹੈ॥ ੪੧॥

ਸੋ ਇਕ ਬਾਸਦੇਵਾ ਕੀ ਸ਼ਰਨਾ। ਅਪਰ ਉਪਾਵ ਨ ਕੋਊ ਬਰਨਾ।
ਅਬ ਮਧੁਬਨ ਜਮਨਾ ਤਟ ਜਾਈ। ਜਥਾ ਜੋਗ ਆਸਨ ਕੋ ਲਾਈ ॥੪੨॥

ਇਸ ਲਈ ਇਕ ਵਾਸਦੇਵ ਜੀ ਸ਼ਰਨ ਫੜ ਲਵੇ। ਹੋਰ ਕਿਸੇ ਉਪਾਅ ਕਰਨ ਨਾਲ ਵਰ ਪ੍ਰਾਪਤ ਨਹੀਂ ਹੁੰਦਾ। ਹੁਣ ਮਧੂਬਨ (ਬ੍ਰਿਜ ਭੂਮੀ ਵਿਚ ਇਕ ਵਣ ਦਾ ਨਾਮ ਹੈ) ਜਮਨਾ ਦੇ ਕਿਨਾਰੇ ਚਲੇ ਜਾਵੋ ਤੇ ਯਥਾ ਜੋਗ ਆਸਣ ਲਾਵੋ॥ ੪੨॥

ਭਲਿ ਬਿਧਿ ਸਾਧਹੁ ਪ੍ਰਾਣਂਜਾਮਾ। ਹੋਵਹਿ ਰਿਦਾ ਬਿਮਲ ਅਭਿਰਾਮਾ।
ਧਰਹੁ ਧਜਾਨ ਤਬ ਸ੍ਰੀ ਹਰਿ ਪੂਰੈ। ਸ਼ਜਾਮ ਸਰੂਪ ਅਨੂਪਮ ਰੂਰੈ॥੪੩॥

ਭਲੀ ਵਿਧੀ ਅਨੁਸਾਰ ਪ੍ਰਾਣਾਯਾਮ ਦੀ ਸਾਧਨਾ ਕਰੋ। ਹਿਰਦਾ ਨਰਮ ਅਤੇ ਪ੍ਰਸੰਨ ਹੋ ਜਾਵੇਗਾ। ਫਿਰ ਪੂਰੇ ਪ੍ਰਭੂ ਦਾ ਧਿਆਨ ਧਰੋ। ਜੋ ਸਿਆਮੋ ਸਰੂਪ ਅਤੇ ਅਨੂਪਮ ਸੁੰਦਰ ਹੈ॥ ੪੩॥

ਸਮ ਮਯੰਕ ਮੁਖ ਮੰਡਲ ਸੋਹਨ। ਚਾਰੁ ਚਖਨ ਚਿਤਵਨ ਮਨ ਮੋਹਨ।
ਮੰਦ ਮੰਦ ਮੁਸ਼ਕਜਾਨ ਕਪੋਲਾ। ਅਧਰ ਅਰੁਨ ਛਬਿ ਬਨੀ ਅਮੋਲਾ॥੪੪॥

ਚੰਦਰਮਾਂ ਵਰਗਾ ਉਸ ਦਾ ਮੁਖ ਮੰਡਲ ਸ਼ੋਭਦਾ ਹੈ। ਸੁੰਦਰ ਨੇਤਰ ਅਤੇ ਤੱਕਣੀ ਮਨ ਨੂੰ ਮੋਹਦੀ ਹੈ। ਹੋਲੀ ਹੋਲੀ ਗਲ੍ਹਾਂ ਵਿਚ ਮੁਸਕਰਾਉਂਦਾ ਹੈ। ਹੋਠ ਲਾਲ ਹਨ ਤੇ ਛਬੀ ਅਮੋਲਕ ਬਣੀ ਹੈ॥ ੪੪॥

ਚਾਰ ਭੁਜਾ ਯੁਤ ਭੂਖਨ ਚਾਰੂ। ਗਦਾ, ਚੱਕ੍ਰ, ਦਰ, ਅੰਬੁਜ ਧਾਰੂ।
ਸ੍ਰੁਤ ਕੁੰਡਲ, ਤਨ ਪੀਤ ਦੁਕੂਲਾ। ਕਟ ਤਟਿ ਕਿੰਕਨਿ ਸਭਿ ਛਬਿ ਮੂਲਾ॥੪੫॥

ਚਾਰਾਂ ਬਾਹਾਂ ਤੇ ਸੁੰਦਰ ਗਹਿਣੇ ਪਾਏ ਹੋਏ ਹਨ। ਗੁਰਜ, ਸੁਦਰਸ਼ਨ ਚੱਕਰ, ਸੰਖ ਅਤੇ ਪਦਮ ਧਾਰਨ ਕੀਤੇ ਹੋਏ ਹਨ। ਕੰਨਾਂ ਵਿਚ ਕੁੰਡਲ ਪਾਏ ਹੋਏ ਹਨ, ਤਨ ਤੇ ਪੀਲਾ ਦੁਪੱਟਾ-ਲਿਆ ਹੋਇਆ ਹੈ, ਲੱਕ ਦੁਆਲੇ ਤੜਾਗੀ ਬੰਨ੍ਹੀ ਹੋਈ ਹੈ ਜਿਹੜੀ ਸਾਰੀ ਸੁੰਦਰਤਾ ਦਾ ਮੂਲ ਹੈ॥ ੪੫॥

ਪਗ ਮਹਿੰ ਨੂਪਰ ਬਜਤਿ ਸੁਹਾਵਨ। ਕੰਠ ਬਿਖੈ ਮਨਿ ਸੁਠ ਮਨ ਭਾਵਨ।
ਕਰ ਬਹੁ ਜਤਨ ਧਰਹੁ ਅਸ ਧਜਾਨਾ। ਮਨ ਕੋ ਰੋਕਹੁ ਹ੍ਵੈ ਸਵਧਾਨਾ॥੪੬॥

ਪੈਰਾਂ ਵਿਚ ਝਾਂਜਰਾਂ ਖੜਕਦੀਆਂ ਬਹੁਤ ਸੁਹਾਵਣੀਆਂ ਲੱਗ ਰਹੀਆਂ ਹਨ। ਗਲ ਵਿਚ ਸੁੰਦਰ ਮਣੀਆਂ ਮਨ ਨੂੰ ਚੰਗੀਆਂ ਲੱਗਣ ਵਾਲੀਆਂ ਹਨ। ਬਹੁਤ ਯਤਨ ਕਰਕੇ ਉਸ ਦਾ ਧਿਆਨ ਧਾਰਨ ਕਰੋ। ਮਨ ਨੂੰ ਰੋਕ ਕੇ ਸਾਵਧਾਨ ਕਰੋ॥ ੪੬॥

ਗੋਪ ਮੰਤ੍ਰ ਤੁਝ ਦੇਉਂ ਬਤਾਈ। ਸਪਤ ਦਿਵਸ ਜੋ ਪਢੈ ਬਨਾਈ।
ਸਭਿ ਖੇਚਰ ਦਰਸੈਂ ਤਤਕਾਲਾ। ਪਾਵਹਿੰ ਅਭਿਮਤ ਸੁਖ ਬਿਸਾਲਾ॥੪੭॥

ਗੋਪ ਮੰਤਰ ਤੈਨੂੰ ਦੱਸ ਦਿੰਦਾ ਹਾਂ, ਸੱਤ ਦਿਨ ਜਿਸ ਨੂੰ ਚੰਗੀ ਤਰ੍ਹਾਂ ਪੜ੍ਹੋ। ਸਭ ਦੇਵਤੇ ਫਿਰ ਤਤਕਾਲ ਦਿਖਾਈ ਦੇਣਗੇ। ਮਨ ਇੱਛਤ ਵਿਸ਼ਾਲ ਸੁੱਖ ਪ੍ਰਾਪਤ ਕਰੇਂਗਾ॥ ੪੭॥

ੳਨਮ ਵਾਸਦੇਵ ਭਗਵਤ ਕੋ। ਜਪੈ ਕਰਣ ਮਨ ਕੋ ਕਰਿ ਥਿਤ ਕੋ।
ਪੂਜਾ ਕਰਹਿ ਸਰਬ ਪਰਕਾਰੀ। ਚੰਦਨ ਪੁਸ਼ਪਾਦਿਕ ਹਿਤਧਾਰੀ॥੪੮॥

ੳਨਮ ਵਾਸਦੇਵ ਭਗਵਤ ਨੂੰ ਇੰਦਰੀਆਂ ਅਤੇ ਮਨ ਨੂੰ ਟਿਕਾ ਕੇ ਜਪੋ। ਸਰਬ ਪ੍ਰਕਾਰ ਦੀ ਪੂਜਾ ਕਰੋ। ਚੰਦਨ ਅਤੇ ਫੁੱਲ ਹਿਤ ਧਾਰ ਕੇ ਅਰਪਣ ਕਰੋ॥ ੪੮॥

ਸਭਿ ਬਿਧਿ ਸੁਨੀ ਧ੍ਰੂਵ ਨਿਜ ਸ਼੍ਰੋਨਾ। ਪੁਨ ਪਦ ਬੰਦਿ ਕਿਯੋ ਬਨ ਗੌਨਾ।
ਪਹੁੰਚਜੋ ਮਧੁ ਬਨ ਤਪਹਿ ਅਰੰਭਾ। ਜਹਿੰ ਰਵਿ ਤਨਿਯਾ ਪਾਵਨ ਅੰਭਾ॥੪੯॥

ਧ੍ਰੂਅ ਨੇ ਸਭ ਕੁਝ ਚੰਗੀ ਤਰ੍ਹਾਂ ਆਪਣੇ ਕੰਨਾਂ ਨਾਲ ਸੁਣਿਆ। ਫਿਰ ਚਰਨਾਂ ਤੇ ਨਮਸ਼ਕਾਰ ਕਰਕੇ ਵਣ ਨੂੰ ਚਲਾ ਗਿਆ। ਮਧੂਵਣ ਵਿਚ ਪਹੁੰਚ ਗਿਆ ਅਤੇ ਤਪ ਕਰਨਾ ਆਰੰਭ ਕਰ ਦਿੱਤਾ, ਜਿਥੇ ਜਮਨਾ ਦਾ ਪਵਿੱਤਰ ਜਲ ਹੈ॥ ੪੯॥

ਚਲਿ ਨਾਰਦ ਨ੍ਰਿਪ ਕੇ ਢਿਗ ਆਵਾ। ਸੁਤ ਬਿਯੋਗ ਜਿਹ ਮੁਖ ਮੁਰਝਾਵਾ।
ਪਿਖਿ ਰਿਖਿ ਕੋ ਨ੍ਰਿਪ ਆਦਰ ਦੀਨਾ। ਪੂਜ ਪਾਇ ਪਰ ਪਰਣਮ ਕੀਨਾ ॥੫੦॥

ਫਿਰ ਨਾਰਦ ਚਲ ਕੇ ਰਾਜੇ ਪਾਸ ਆਇਆ, ਪੁੱਤਰ ਦਾ ਵਿਯੋਗ ਕਰਕੇ ਜਿਸ ਦਾ ਚਿਹਰਾ ਮੁਰਝਾ ਗਿਆ ਸੀ। ਰਿਖੀ ਨੂੰ ਵੇਖ ਕੇ ਰਾਜੇ ਨੇ ਆਦਰ ਕੀਤਾ। ਚਰਣ ਪੂਜ ਕੇ ਨਮਸਕਾਰ ਕੀਤੀ॥ ੫੦॥

ਬੋਲਯੋ ਨਾਰਦ ਮੁਨੀ ਪ੍ਰਬੀਨਾ। ਹੇ ਭੂਪਤ ! ਤਵ ਬਦਨ ਮਲੀਨਾ।
ਧਰਮ ਅਰਥ ਕੋ ਬਿਗਰਯੋ ਆਜੂ ? ਸੁਨਿਯੋ ਬਚਨ ਭਨੇ ਨਰਰਾਜੂ ॥੫੧॥

ਫਿਰ ਚਤੁਰ ਨਾਰਦ ਮੁਨੀ ਬੋਲਿਆ, "ਹੇ ਭੂਪਤ ! ਤੁਹਾਡਾ ਮੁੱਖੜਾ ਕਿਉਂ ਮੁਰਝਾ ਗਿਆ ਹੈ ? ਅੱਜ ਧਰਮ ਅਰਥ ਕਿਉਂ ਬਿਗੜਿਆ ਹੈ?" ਨਾਰਦ ਮੁਨੀ ਦੇ ਬਚਨ ਸੁਣ ਕੇ ਰਾਜੇ ਨੇ ਕਿਹਾ॥ ੫੧॥

ਹੇ ਮੁਨਿ ! ਮੈਂ ਕਾਮੀ ਮਤਿ ਹੀਨਾ। ਲੰਪਟ ਸਦਾ ਰਹੌਂ ਤ੍ਰਿਯ ਦੀਨਾ।
ਬਾਲਕ ਪੰਚ ਬਰਖ ਕੋ ਜੋਊ। ਬਿਨ ਅਪਰਾਧ ਤਜਯੋ ਮੈਂ ਸੋਊ ॥੫੨॥

ਹੇ ਮੁਨੀ ! ਮੈਂ ਕਾਮੀ ਅਤੇ ਮਾੜੀ ਮੱਤ ਵਾਲਾ ਹਾਂ। ਸਦਾ ਇਸਤਰੀ ਨਾਲ ਲੰਪਟ ਰਿਹਾ ਹਾਂ। ਪੰਜ ਵਰਸ਼ ਦਾ ਜਿਹੜਾ ਬਾਲਕ ਪੁੱਤਰ ਹੈ, ਉਸ ਨੂੰ ਬਿਨਾਂ ਕਿਸੇ ਅਪਰਾਧ ਦੇ ਛੱਡ ਦਿੱਤਾ ਹੈ॥ ੫੨॥

ਅਬ ਉਠਿ ਗਯੋ ਕਰਨ ਤਪ ਬਨ ਮੈਂ। ਛੁਧਾ ਹੋਇ ਸ਼੍ਰਮ ਸੀਤ ਉਸ਼ਨ ਮੈਂ।
ਸੋ ਕਿਮ ਸਹਹਿ ਜਿ ਸੰਕਟ ਭਾਰੀ। ਖਾਇ ਜਾਇ ਕੋ ਬਿਨ ਰਖਵਾਰੀ ॥੫੩॥

ਹੁਣ ਉਠ ਕੇ ਵਣ ਵਿਚ ਤਪ ਕਰਨ ਲਈ ਚਲਿਆ ਗਿਆ ਹੈ। ਭੁਖਾ ਰਹਿ ਕੇ ਸਰਦੀ ਗਰਮੀ ਵਿਚ ਕਿਵੇਂ ਤਪ ਕਰੇਗਾ? ਉਹ ਏਨਾ ਭਾਰੀ ਸੰਕਟ ਕਿਵੇਂ ਬਰਦਾਸ਼ਤ ਕਰ ਲਵੇਗਾ? ਰਾਖੀ ਤੋਂ ਬਗੈਰ ਕੋਈ ਜਾਨਵਰ ਹੀ ਖਾ ਜਾਵੇਗਾ॥ ੫੩॥

ਕਰੁਨਾ ਬੈਨ ਸੁਨੇ ਮੁਨਿਰਾਈ। ਹੇਤ ਪ੍ਰਬੋਧਨ ਗਿਰਾ ਅਲਾਈ।
ਸੁਤ ਕੇ ਹੇਤ ਨ ਸੋਚ ਰਜਾਨਾ!। ਈਸ਼ੁਰ ਬਸਹਿ ਸਰਬ ਇਸਥਾਨਾ ॥੫੪॥

ਜਦ ਮੁਨੀ ਨੇ ਅਜੇਹੇ ਤਰਲੇ ਭਰੇ ਬਚਨ ਸੁਣੇ ਤਾਂ ਦੱਸਣ ਹੇਤ ਉਹ ਬੋਲਿਆ, ਹੇ ਰਾਜੇ ! ਪੁੱਤਰ ਦੇ ਹੇਤ ਬਾਰੇ ਨਾ ਸੋਚੋ। ਈਸ਼ਵਰ ਸਭ ਥਾਂ ਵੱਸਦਾ ਹੈ॥ ੫੪॥

ਬਨ ਮੈਂ ਸ਼ਿਸ਼ ਕਰਿ ਹੈ ਤਪ ਭਾਰੀ। ਲੋਕਪਾਲ ਤੇ ਊਚ ਅਧਿਕਾਰੀ।
ਥੋਰਨ ਦਿਵਸ ਆਇ ਤਵ ਪਾਸਾ। ਜਗ ਮੈਂ ਕਰਿਹੈ ਸੁਜਸ ਪ੍ਰਕਾਸ਼ਾ ॥੫੫॥

ਵਣ ਵਿਚ ਬਾਲਕ ਭਾਰੀ ਤਪ ਕਰ ਰਿਹਾ ਹੈ। ਲੋਕਪਾਲ ਤੋਂ ਵੀ ਉਚਾ ਅਧਿਕਾਰੀ ਹੋਵੇਗਾ। ਥੋੜਿਆਂ ਦਿਨਾਂ ਬਾਅਦ ਤੁਹਾਡੇ ਪਾਸ ਆਵੇਗਾ। ਜੱਗ ਵਿਚ ਉਹ ਸ੍ਰੇਸ਼ਟ ਜੱਸ ਪ੍ਰਕਾਸ਼ਿਤ ਕਰੇਗਾ॥ ੫੫॥

ਅਸ ਪ੍ਰਕਾਰ ਕਹਿ ਮੁਨੀ ਪਯਾਨਾ। ਤਜਯੋ ਰਾਜ ਨਿਜ ਸੋਚ ਰਜਾਨਾ।
ਧ੍ਰੂਵ ਤਹਿੰ ਕਰਨ ਲਗਯੋ ਤਪ ਭਾਰੀ। ਤੀਸਰ ਦਿਨ ਫਲ ਖਾਇ ਅਹਾਰੀ ॥੫੬॥

ਇਹ ਕਹਿ ਕੇ ਮੁਨੀ ਚਲਾ ਗਿਆ। ਰਾਜੇ ਨੇ ਇਹ ਸੋਚ ਕੇ ਆਪਣੇ ਰਾਜ ਦਾ ਖਿਆਲ ਹੀ ਤਿਆਗ ਦਿੱਤਾ। ਧ੍ਰੂਅ ਭਾਰੀ ਤਪ ਕਰਨ ਲੱਗਾ। ਤੀਸਰੇ ਦਿਨ ਫਲ ਖਾ ਕੇ ਆਹਾਰ ਕਰਦਾ ਸੀ॥ ੫੬॥

ਪੂਜਤਿ ਯੌਂ ਇਕ ਮਾਸ ਬਿਤਾਯੋ। ਦੂਸਰ ਮਾਸ ਤ੍ਰਿਣਨ ਕੋ ਖਾਯੋ।
ਸੂਕੇ ਪਰਨ ਤੀਸਰੇ ਮਾਸਾ। ਖਾਇ ਰਹੇ ਸਿਮਰੈ ਸੁਖ ਰਾਸਾ॥ ੫੭॥

ਇਸ ਤਰ੍ਹਾਂ ਪੂਜਾ ਕਰਦਿਆਂ ਇਕ ਮਹੀਨਾ ਬਿਤਾ ਦਿੱਤਾ। ਦੂਸਰੇ ਮਹੀਨੇ ਕੇਵਲ ਘਾਹ ਦੀਆਂ ਤਿੜਾਂ ਹੀ ਖਾਂਦਾ ਸੀ। ਤੀਸਰੇ ਮਹੀਨੇ ਸੁੱਕੇ ਪੱਤੇ ਖਾਣ ਲੱਗ ਗਿਆ। ਸੁੱਕੇ ਪੱਤੇ ਖਾ ਕੇ ਸੁਖਾਂ ਦੀ ਰਾਸ ਭਾਵ ਪ੍ਰਭੂ ਦਾ ਸਿਮਰਨ ਕਰਦਾ ਸੀ॥ ੫੭॥

ਨਵਮੈ ਦਿਵਸ ਪਾਇ ਮੁਖ ਸੋਊ। ਨੀਰ ਪਰਨ ਸੂਕੇ ਹੈਂ ਜੋਊ।
ਚੌਥੇ ਮਾਸ ਬਹੁਰ ਜਬ ਆਯੋ। ਦ੍ਵਾਦਸ਼ ਦਿਵਸਨਿ ਮੈਂ ਤਬ ਖਾਯੋ॥੫੮॥

ਦਰੱਖਤ ਦੇ ਸੁੱਕੇ ਪੱਤਿਆਂ ਨੂੰ ਨੌਵੇਂ ਦਿਨ ਮੂੰਹ ਵਿਚ ਪਾਉਂਦਾ ਸੀ। ਜਦ ਚੌਥਾ ਮਹੀਨਾ ਆਇਆ ਤਾਂ ਬਾਰਾਂ ਦਿਨਾਂ ਬਾਅਦ ਖਾਣ ਲੱਗ ਗਿਆ॥ ੫੮॥

ਮਾਸ ਪਾਂਚਵੇਂ ਪੌਨ ਅਹਾਰੀ। ਜੀਤ ਸ੍ਵਾਸ ਲੀਨੇ ਇਕ ਵਾਰੀ।
ਏਕ ਚਰਨ ਪਰ ਹ੍ਵੈ ਕਰਿ ਠਾਂਢੋ। ਭਯੋ ਬਿਟਪ ਨਜਾਈ ਅਤਿ ਗਾਢੋ॥੫੯॥

ਪੰਜਵੇਂ ਮਹੀਨੇ ਪੌਣ ਆਹਾਰੀ ਹੋ ਗਿਆ। ਇਕ ਵਾਰੀ ਸਵਾਸਾਂ ਨੂੰ ਜਿੱਤ ਲਿਆ। ਇਕ ਪੈਰ ਤੇ ਖੜਾ ਹੋ ਕੇ ਬ੍ਰਿਛ ਵਾਂਗ ਗੱਡਿਆ ਗਿਆ॥ ੫੯॥

ਸਭਿ ਦਿਸ਼ ਤੇ ਮਨ ਰੋਕਨ ਕੀਨੋ। ਸ੍ਰੀ ਕਰਤਾਰ ਚਰਨ ਮਹਿਂ ਦੀਨੋ।
ਜੋ ਮਹਿ ਦਾਦਿਕ ਬਹੁਰ ਪ੍ਰਧਾਨਾ। ਸਭਿ ਕੋ ਹੈ ਅਧਾਰ ਭਗਵਾਨਾ॥੬੦॥

ਸਭ ਪਾਸਿਆਂ ਤੋਂ ਮਨ ਨੂੰ ਰੋਕ ਲਿਆ ਅਤੇ ਆਪਣੇ ਆਪ ਨੂੰ ਸ੍ਰੀ ਕਰਤਾਰ ਦੇ ਚਰਨਾਂ ਵਿਚ ਲਾ ਦਿੱਤਾ। ਜੋ ਪ੍ਰਕ੍ਰਿਤੀ, ਮਹਿਤਤ੍ਵ, ਅਹੰਕਾਰ ਆਦਿ ਜਗਤ ਦੇ ਮੂਲ ਹਨ ਸਭ ਦਾ ਆਧਾਰ ਭਗਵਾਨ ਹੈ॥ ੬੦॥

ਤਿਹ ਕੋ ਧ੍ਯਾਨ ਅਡੋਲ ਸੁ ਧਰਿਕੈ। ਰਹਯੋ ਠਾਂਢ ਉਰ ਦ੍ਰਿੜਤਾ ਕਰਿ ਕੈ।
ਰੋਕ ਸ੍ਵਾਸ ਜਬ ਕਿਯ ਅਸ ਕਰਨੀ। ਡਗਮਗ ਡੋਲ ਗਈ ਸਭਿ ਧਰਨੀ॥੬੧॥

ਉਸ ਵਲ ਧਿਆਨ ਧਰ ਕੇ, ਅਡੋਲ ਰਿਹਾ। ਦ੍ਰਿੜਤਾ ਕਰ ਕੇ ਖੜਾ ਰਿਹਾ। ਸਵਾਸ ਰੋਕ ਕੇ ਜਦ ਇਸ ਤਰ੍ਹਾਂ ਕੀਤਾ, ਤਾਂ ਡਗਮਗ ਕਰਦੀ ਸਾਰੀ ਧਰਤੀ ਡੋਲ ਗਈ॥੬੧॥

ਸਭਿ ਕੇ ਸ੍ਵਾਸ ਰੁਕੇ ਤਿਹ ਕਾਲਾ। ਜਗ ਮੈਂ ਖਰਭਰ ਪਰਯੋ ਬਿਸਾਲਾ।
ਤਿਹ ਛਿਨ ਅਮਰ ਗਏ ਹਰਿ ਸ਼ਰਨਾ। ਇਕ ਮਨ ਹ੍ਵੈ ਬਹੁ ਬਿਧਿ ਜਸ ਬਰਨਾ॥੬੨॥

ਉਸ ਵੇਲੇ ਸਭ ਦੇ ਸਵਾਸ ਰੁਕ ਗਏ। ਜਗਤ ਵਿਚ ਵਿਸ਼ਾਲ ਖਲਬਲੀ ਮੱਚ ਗਈ। ਉਸ ਵੇਲੇ ਦੇਵਤੇ ਹਰੀ ਦੀ ਸ਼ਰਨ ਗਏ। ਇਕ ਮਨ ਹੋ ਕੇ ਬਹੁਤ ਤਰ੍ਹਾਂ ਹਰੀ ਦਾ ਜੱਸ ਕੀਤਾ॥ ੬੨॥

ਹੇ ਈਸ਼੍ਵਰ ਕਯੋਂ ਰੁਕਗੇ ਸ੍ਵਾਸਾ। ਦੁਖਯੋ ਜਗਤ ਦੀਜੈ ਸੁਖ ਰਾਸਾ।
ਸ੍ਰੀ ਭਗਵੰਤ ਕਹੀ ਤਬ ਬਾਨੀ। ਮਤ ਭੈ ਕਰਹੁ ਹੋਇ ਦੁਖ ਹਾਨੀ॥੬੩॥

ਕਹਿਣ ਲੱਗੇ, "ਹੇ ਈਸ਼ਵਰ ਸਾਡੇ ਸਵਾਸ ਕਿਉਂ ਰੁਕ ਗਏ ਹਨ? ਜਗਤ ਬਹੁਤ ਦੁਖੀ ਹੋਇਆ ਹੈ, ਉਸ ਨੂੰ ਸੁਖੀ ਕਰੋ। ਸ੍ਰੀ ਭਗਵੰਤ ਨੇ ਫਿਰ ਕਿਹਾ, "ਤੁਸੀਂ ਭੈਅ ਨਾ ਕਰੋ, ਤੁਹਾਡੇ ਦੁੱਖਾਂ ਦਾ ਨਾਸ਼ ਹੋ ਜਾਵੇਗਾ॥੬੩॥

ਬਾਲ ਭਗਤ ਮਮ ਅਤਿ ਹਠ ਧਾਰੀ। ਕੀਨ ਦੁਰਾਸਦ ਤਪ ਜਿਹ ਭਾਰੀ।
ਅਬ ਮੈਂ ਜਾਊਂ ਤਾਂਹਿ ਕੇ ਪਾਸਾ। ਸਭਿ ਕੋ ਛੂਟੈ ਰੋਕਨ ਸ੍ਵਾਸਾ॥ ੬੪॥

ਮੇਰੇ ਇਕ ਬਾਲ ਭਗਤ ਨੇ ਅਤਿ ਹੱਠ ਧਾਰਨ ਕੀਤਾ ਹੈ, ਉਸ ਨੇ ਭਾਰੀ ਕਠਨ ਤਪੱਸਿਆ ਕੀਤੀ ਹੈ। ਹੁਣ ਮੈਂ ਉਸ ਦੇ ਪਾਸ ਜਾਵਾਂਗਾ। ਸਾਰਿਆਂ ਦੇ ਰੁਕੇ ਹੋਏ ਸਵਾਸ ਚਲ ਪੈਣਗੇ॥ ੬੪॥

ਸੁਨਿ ਇਮ ਬਾਣੀ ਅਮਰ ਪਧਾਰੇ। ਜਹਿਂ ਤਹਿਂ ਤਿਨ ਕੇ ਹੁਤੇ ਬਸਾਰੇ।

ਸ੍ਰੀ ਭਗਵੰਤ ਚਢੇ ਉਰਗਾਰੀ। ਆਏ ਜਹਾਂ ਕਰਹਿ ਤਪ ਭਾਰੀ ॥ ੬੫ ॥

ਪ੍ਰਭੂ ਦੀ ਇਹ ਬਾਣੀ ਸੁਣ ਕੇ ਦੇਵਤੇ ਚਲੇ ਗਏ। ਜਿਥੇ ਜਿਥੇ ਉਹ ਰਹਿੰਦੇ ਸਨ ਓਥੇ-ਓਥੇ ਉਹ ਚਲੇ ਗਏ। ਪ੍ਰਭੂ ਜੀ, ਸੱਪ ਦੇ ਵੈਰੀ ਗਰੁੜ ਤੇ ਚੜ੍ਹ ਗਏ, ਓਥੇ ਆ ਗਏ ਜਿਥੇ ਧ੍ਰੂਅ ਭਾਰੀ ਤਪ ਕਰ ਰਿਹਾ ਸੀ॥ ੬੫॥

ਮਨ ਇੰਦ੍ਰੀ ਕਰਿ ਅਚਲ ਸਮਾਧੀ। ਕੇਵਲ ਕੇਸ਼ਵ ਚਰਨ ਅਰਾਧੀ।
ਰਿਦੇ ਸਰੂਪ ਬਸਾਇ ਅਨੂਪਾ। ਨਹੀਂ ਵਹਿਰ ਕੋ ਪਿਖੈ ਸਰੂਪਾ ॥ ੬੬ ॥

ਮਨ ਇੰਦਰੀਆਂ ਇਕ ਕਰਕੇ ਅਚਲ ਸਮਾਧੀ ਲਾਈ । ਕੇਵਲ ਪ੍ਰਭੂ ਦੇ ਚਰਨਾਂ ਦੀ ਅਰਾਧਨਾ ਕੀਤੀ। ਹਿਰਦੇ ਵਿਚ ਅਨੂਪਮ ਸਰੂਪ ਵਸਾ ਲਿਆ। ਬਾਹਰ ਕੋਈ ਸਰੂਪ ਨਹੀਂ ਵੇਖਦਾ ਸੀ॥ ੬੬॥

ਜਬ ਸ੍ਰੀ ਹਰਿ ਕਿਯ ਅੰਤਰ ਧਜਾਨੇ। ਤਬ ਪੰਕਜ ਸੇ ਨੈਨ ਖੁਲ੍ਹਾਨੇ।
ਸੋ ਸਰੂਪ ਢਿਗ ਬਾਹਿਰ ਦੇਖਾ। ਪਰਜੋ ਦੰਡਵਤ ਪ੍ਰੇਮ ਬਿਸ਼ੇਖਾ ॥ ੬੭ ॥

ਜਦ ਪ੍ਰਭੂ ਨੇ ਧ੍ਰੂਅ ਦੇ ਧਿਆਨ ਅੰਦਰ ਦਾ ਰੂਪ ਦੂਰ ਕਰ ਦਿੱਤਾ, ਤਦ ਕੰਵਲ ਦੇ ਫੁਲ ਵਰਗੇ ਨੈਣ ਖੁਲ੍ਹੇ। ਓਹੋ ਸਰੂਪ ਅੰਦਰ ਬਾਹਰ ਵੇਖਿਆ। ਬੜੇ ਪ੍ਰੇਮ ਨਾਲ ਡੰਡੌਤ ਬੰਦਨਾ ਕੀਤੀ॥ ੬੭॥

ਪੁਨ ਲੋਚਨ ਭਰਿ ਰੂਪ ਨਿਹਾਰਾ। ਚਹਿਤਿ ਅਲਿੰਗਨ ਸ੍ਰੀ ਕਰਤਾਰਾ।
ਉਸਤਤਿ ਕਰਿ ਨ ਸਕਤਿ ਮਤਿ ਥੋਰੀ। ਇੱਛਾ ਅਧਿਕ ਰਹਜੋ ਕਰ ਜੋਰੀ ॥੬੮ ॥

ਫਿਰ ਅੱਖਾਂ ਭਰ ਕੇ ਰੂਪ ਵੇਖਿਆ। ਸ੍ਰੀ ਕਰਤਾਰ ਨੂੰ ਪਰਸਣਾ ਚਾਹੁੰਦਾ ਸੀ। ਥੋੜੀ ਮੱਤ ਹੋਣ ਕਰਕੇ ਉਸਤਤ ਕਰ ਨਹੀ ਸੀ ਸਕਦਾ, ਪਰ ਉਸਤਤ ਕਰਨ ਦੀ ਇੱਛਾ ਬੜੀ ਪਰਬਲ ਸੀ॥ ੬੮॥

ਸ੍ਰੀ ਹਰਿ ਜਾਨਿ ਗਏ ਉਰ ਤਾਹਾ। ਨਿਜ ਕਰ ਸੰਖ ਤਬਹਿ ਮੁਖ ਛ੍ਵਾਹਾ।
ਤਤਛਿਨ ਉੱਜਲ ਮਤਿ ਹ੍ਵੈ ਆਈ। ਈਸ੍ਵਰ ਜੀਵ ਗਜਾਨ ਸਭਿ ਪਾਈ ॥੬੯ ॥

ਸ੍ਰੀ ਪ੍ਰਭੂ ਜੀ ਉਸ ਦੇ ਹਿਰਦੇ ਦੀ ਗੱਲ ਸਮਝ ਗਏ। ਆਪਣਾ ਸੰਖ ਫੜ ਕੇ ਤਦ ਉਸ ਦੇ ਮੁਖ ਨੂੰ ਛੁਹਾਇਆ, ਛਿਨ ਪਲ ਵਿਚ ਬੁੱਧੀ ਬਹੁਤ ਉੱਜਲ ਹੋ ਗਈ। ਈਸ਼ਵਰ ਅਤੇ ਜੀਵ ਸਭ ਗਿਆਨ ਪਾ ਲਿਆ॥ ੬੯॥

ਬਰਨਨ ਕਰਨ ਲਗਾ ਗੁਨ ਰੂਰੇ। ਭਗਤਿ ਭਾਉ ਉਰ ਰਹਜੋ ਸਪੂਰੇ।
ਬੰਦੌਂ ਪਦ ਅਰਬਿੰਦ ਬਹੋਰੀ। ਜਿਨ ਕਰੁਨਾ ਅਸ ਮਤਿ ਭੀ ਮੋਰੀ ॥੭੦ ॥

ਫਿਰ ਸੁੰਦਰ ਗੁਣ ਵਰਨਣ ਕਰਨ ਲੱਗਾ, "ਹਿਰਦੇ ਵਿਚ ਭਗਤੀ ਭਾਵਨਾ ਪੂਰਣ ਰਹੇ, ਚਰਨ ਕੰਵਲਾਂ ਤੇ ਬੰਦਨਾਂ ਸਦਾ ਕਰਦਾ ਰਹਾਂ ਕਿਰਪਾ ਕਰਕੇ ਮੇਰੀ ਮੱਤ ਸਦਾ ਇਸ ਤਰ੍ਹਾਂ ਰਹੇ॥ ੭੦॥

ਰਮਾ ਨਿਵਾਸ ! ਈਸ਼ ! ਭਗਵੰਤਾ !। ਅੰਤਰਜਾਮੀ ਸਰਬ ਅਨੰਤਾ !।
ਜਢ ਜੰਗਮ ਮੈਂ ਬਜਾਪਕ ਸਾਰੇ। ਰਚਹੁ ਆਪ ਪੁਨ ਰਹਹੁ ਨਿਰਾਰੇ ॥੭੧ ॥

ਲਛਮੀ ਦਾ ਪਤੀ ! ਈਸ਼ਵਰ ! ਭਗਵੰਤਾ ! ਅੰਤਰਜਾਮੀ ਸਰਬ ਅਨੰਤਾ ! ਜੜ੍ਹ ਜੰਗਮ ਸਭ ਵਿਚ ਵਿਆਪਕ ਹੈ। ਆਪ ਹੀ ਸਾਰੀ ਰਚਨਾ ਰਚਦੇ ਹੋ ਤੇ ਆਪ ਹੀ ਫਿਰ ਨਿਆਰੇ ਰਹਿੰਦੇ ਹੋ॥ ੭੧॥

ਜੇ ਨ ਭਜਹਿਂ ਤਵ ਚਰਨ ਗੁਸਾਈਂ ! ਜਾਇਂ ਨਰਕ ਮਹਿਂ ਸੰਕਟ ਪਾਈ।
ਜੇ ਚਰਨਾਰਬਿੰਦ ਰਸ ਭੀਨੇ। ਅਪਨੋ ਮਨ ਮਲਿੰਦ ਸਮ ਕੀਨੇ ॥ ੭੨ ॥

ਹੇ ਪ੍ਰਭੂ ! ਜਿਹੜੇ ਤੁਹਾਡੇ ਚਰਨਾਂ ਦਾ ਸਿਮਰਨ ਨਹੀਂ ਕਰਦੇ, ਉਹ ਨਰਕ ਵਿਚ ਪੈ ਕੇ ਸੰਕਟ ਪਾਉਂਦੇ ਹਨ। ਜਿਹੜੇ ਤੁਹਾਡੇ ਚਰਨਾਰਬਿੰਦ ਦੇ ਰਸ ਵਿਚ ਭਿਜੇ ਹੋਏ ਹਨ, ਉਨ੍ਹਾਂ ਨੇ ਆਪਣੇ ਮਨ ਭੌਰੇ ਵਰਗੇ ਕਰ ਲਏ ਹਨ॥ ੭੨॥

ਚੌਪਈ- ਸੋ ਸੁਖ ਪਾਵਹਿ ਅਮਿਤ ਬਿਸਾਲਾ। ਕਬਿ ਨ ਪਰੈ ਤਿਨ ਪਰ ਜਮ ਜਾਲਾ।
ਬਿਨਾ ਪ੍ਰਯਾਸ ਤਰਹਿਂ ਸੰਸਾਰੂ। ਅਪਰ ਉਧਾਰਹਿਂ ਨਿਜ ਸੰਗਾਰੂ॥੭੩॥

ਉਹ ਬੇਅੰਤ ਸੁਖ ਪਾਉਂਦੇ ਹਨ, ਉਨ੍ਹਾਂ ਕਦੇ ਵੀ ਜਮ ਦੀ ਫਾਹੀ ਨਹੀਂ ਪੈਂਦੀ। ਉਹ ਕਿਸੇ ਯਤਨ ਤੋਂ ਬਗੈਰ ਸੰਸਾਰ ਤਰ ਜਾਂਦਾ ਹੈ ਅਤੇ ਆਪਣੇ ਹੋਰ ਸੰਗੀਆਂ ਸਾਥੀਆਂ ਦਾ ਵੀ ਉਧਾਰ ਕਰਦਾ ਹੈ॥ ੭੩॥

ਤਿਨ ਕੋ ਮੋਹਿ ਦੇਹੁ ਸਤਿਸੰਗਾ। ਤਵ ਗੁਨ ਸੁਨੋਂ ਗਾਇ ਸ ਉਮੰਗਾ।
ਅਹੇ ਮਨੀਖਾ ਮੋ ਮਨ ਜੇਤੀ। ਬਰਨਨ ਕਰੋਂ ਸੁ ਕੀਰਤਿ ਤੇਤੀ॥੭੪॥

ਅਜਿਹੇ ਸੰਤਾਂ ਦਾ ਮੈਨੂੰ ਸਤਿਸੰਗ ਬਖਸ਼ੋ ਜੀ, ਤਾਂ ਕਿ ਮੈਂ ਤੁਹਾਡੇ ਗੁਣ ਸੁਣਾਂ ਅਤੇ ਬੜੇ ਉਤਸ਼ਾਹ ਨਾਲ ਗਾਇਨ ਕਰਾਂ। ਮੇਰੇ ਮਨ ਵਿਚ ਜਿੰਨੀ ਬੁੱਧੀ ਹੈ ਉਸ ਬੁੱਧੀ ਨਾਲ ਮੈਂ ਤੇਰੀ ਕੀਰਤੀ ਦਾ ਵਰਨਣ ਕਰਾਂ॥ ੭੪॥

ਬ੍ਰਹਮ-ਏਕ ਤੂੰ ਸਭਿਹਿਨਿ ਮਾਂਹੀ। ਸੂਤ ਅਧਾਰ ਮਣਕ ਜਿਉਂ ਆਹੀ।
ਔਰ ਨ ਲਖੀ ਜਾਤਿ ਗਤਿ ਤੇਰੀ। ਕਯਾ ਬਰਨੋਂ ਸੂਛਮ ਮਤਿ ਮੇਰੀ॥੭੫॥

ਹੇ ਬ੍ਰਹਮ ! ਤੂੰ ਇਕ ਹੀ ਸਭ ਵਿਚ ਮੌਜੂਦ ਹੈਂ। ਜਿਵੇਂ ਇਕ ਸੂਤਰ ਨਾਲ ਮਾਲਾ ਦੇ ਸਾਰੇ ਮਣਕੇ ਬੱਧੇ ਹੁੰਦੇ ਹਨ। ਤੇਰੀ ਹੋਰ ਗਤਿ ਸਮਝੀ ਨਹੀਂ ਜਾ ਸਕਦੀ, ਮੈਂ ਕੀ ਵਰਨਣ ਕਰਾਂ, ਮੇਰੀ ਤੁੱਛ ਮੱਤ ਹੈ॥ ੭੫॥

ਦਾਸ ਗਿਰਾ ਅਸ ਸੁਨਿਤਿ ਕ੍ਰਿਪਾਲਾ। ਹਰਖ ਪ੍ਰਸੀਦਤਿ ਭਏ ਬਿਸਾਲਾ।
ਬੋਲੇ ਹੇ ਨ੍ਰਿਪ ਸੁਤ ! ਸੁਨਿ ਬਾਨੀ। ਤਵ ਅੰਤਰ ਕੀ ਮੈਂ ਸਭਿ ਜਾਨੀ॥੭੬॥

ਆਪਣੇ ਸੇਵਕ ਦੇ ਅਜੇਹੇ ਬੋਲ ਸੁਣ ਕੇ ਕਿਰਪਾਲੂ ਪ੍ਰਭੂ ਜੀ ਬਹੁਤ ਪ੍ਰਸੰਨ ਹੋਏ। ਪ੍ਰਭੂ ਜੀ ਬੋਲੇ, "ਹੇ ਰਾਜੇ ਦੇ ਪੁੱਤਰ ! ਮੇਰੀ ਗੱਲ ਸੁਣੋ। ਮੈਂ ਤੇਰੇ ਅੰਦਰ ਦੀ ਸਭ ਗੱਲ ਜਾਣ ਲਈ ਹੈ॥ ੭੬॥

ਸੋ ਅਬ ਲੇਹੁ ਪਰਮ ਪਦ ਊਚਾ। ਕੋ ਨਹਿ ਜਹਿਂ ਸੁਰ ਅਸੁਰ ਪਹੂੰਚਾ।
ਮਾਰਤੰਡ, ਗ੍ਰਹ, ਸੋਮ, ਨਛੱਤ੍ਰਾ। ਸਭਿਹਿ ਪ੍ਰਦੱਛਨ ਕਰਿਹਂ ਪਵਿੱਤ੍ਰਾ॥੭੭॥

ਇਸ ਲਈ ਹੁਣ ਸਭ ਤੋਂ ਉਚਾ ਪਰਮਪਦ ਪ੍ਰਾਪਤ ਕਰੋ। ਜਿਥੇ ਅੱਜ ਤਕ ਕੋਈ ਵੀ ਦੇਵਤਾ ਜਾਂ ਦੈਂਤ ਨਹੀਂ ਪਹੁੰਚ ਸਕਿਆ। ਸੂਰਜ ਨੌਵੇਂ ਗ੍ਰਹਿ, ਚਦਰਮਾਂ, ਨਛੱਤ੍ਰ ਸਭ ਹੀ ਤੇਰੀਆਂ ਪਰਿਕਰਮਾਂ ਕਰਨਗੇ॥ ੭੭॥

ਤਵ ਪਿਤ ਤਪ ਹਿਤ ਜਬ ਬਨ ਜਾਈ। ਰਾਜ ਸਮਰਪਹਿ ਤੁਝਹਿ ਬਨਾਈ।
ਛਤੀਸ ਵਰਖ ਸਹਸ ਕਰ ਰਾਜੂ। ਪੁਨ ਪਾਵਹੁ ਨਿਜ ਪਦ ਸੁਖ ਸਾਜੂ॥੭੮॥

ਤੇਰੇ ਪਿਤਾ ਜੀ ਤਪ ਕਰਨ ਹਿਤ ਜਦ ਵਣ ਵਿਚ ਜਾਣਗੇ ਤਾਂ ਉਹ ਰਾਜ ਤੈਨੂੰ ਸੌਂਪ ਜਾਣਗੇ। ਛੱਤੀ ਸੋ ਵਰਸ਼ ਰਾਜ ਕਰੋ, ਫਿਰ ਆਪਣਾ ਨਿਜੀ ਪਦ ਸੁਖ ਸਹਿਤ ਪ੍ਰਾਪਤ ਕਰੋ॥ ੭੮॥

ਉੱਤਮ ਨਾਮ ਤੋਹਿ ਜੋ ਭ੍ਰਾਤਾ। ਸਦਾ ਅਖੇਰ ਬਿਰਤਿ ਮਹਿ ਰਾਤਾ।
ਸੋ ਬਨ ਮਹਿ ਹੋਵਤਿ ਹਤਿ ਪ੍ਰਾਨਹਿ। ਖੋਜਨ ਹਿਤ ਤਿਹ ਮਾਤ ਪਯਾਨਹਿ॥੭੯॥

ਉੱਤਮ ਨਾਮ ਦਾ ਤੇਰਾ ਜਿਹੜਾ ਭਰਾ ਹੈ ਅਤੇ ਜਿਹੜਾ ਸਦਾ ਸ਼ਿਕਾਰੀਆਂ ਵਾਲੀ ਬਿਰਤੀ ਵਿਚ ਰੰਗਿਆ ਰਹਿੰਦਾ ਹੈ, ਉਹ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਮਾਰਿਆ ਜਾਵੇਗਾ। ਉਸ ਨੂੰ ਲੱਭਣ ਵਾਸਤੇ ਜਦ ਉਸਦੀ ਮਾਤਾ ਓਥੇ ਜਾਵੇਗੀ॥ ੭੯॥

ਸੋ ਦਾਵਾਨਲ ਮਹਿਂ ਜਰਿ ਜਾਈ। ਸਰਬ ਰਾਜ ਤੁਮ ਕਰੋ ਬਨਾਈ।
ਮਮ ਹਿਤ ਮਖ ਕਰਿਜੇ ਹਿਤ ਲਾਈ। ਸਿਮਰਨ ਕਰਹੁ ਸਦਾ ਸੁਖ ਪਾਈ॥੮੦॥

ਤਾਂ ਜੰਗਲ ਵਿਚ ਦਾਵਾਨਲ ਅਗਨੀ ਕਾਰਨ ਉਹ ਸੜ ਜਾਵੇਗੀ। ਸਾਰਾ ਰਾਜ ਤੁਸੀ ਚੰਗੀ ਤਰ੍ਹਾਂ ਕਰੋ। ਮੇਰੀ ਖਾਤਰ ਪ੍ਰੇਮ ਨਾਲ ਯੱਗ ਕਰੋ। ਸਦਾ ਸਿਮਰਨ ਕਰਕੇ ਸੁਖ ਪਾਵੇਂ॥ ੯੦॥

ਊਚੇ ਪਦ ਅਸ ਲੇਹੁ ਬਹੋਰੀ। ਜਿਹ ਕੋ ਬੰਦਹਿਂ ਸਭਿ ਕਰ ਜੋਰੀ।
ਮਮ ਆਇਸੁ ਗਮਨਹੁ ਪੁਰਿ ਮਾਂਹੀ। ਮਾਤ ਪਿਤਾ ਹਿਰਦੇ ਬਹੁ ਚਾਹੀ ॥੯੧ ॥

ਬਾਅਦ ਵਿਚ ਉਚੀ ਪਦਵੀ ਪ੍ਰਾਪਤ ਕਰੋ, ਜਿਸ ਨੂੰ ਸਾਰੇ ਹੱਥ ਜੋੜ ਕੇ ਬੰਦਨਾ ਕਰਨਗੇ। ਮੇਰੀ ਆਗਿਆ ਪਾ ਕੇ ਨਗਰੀ ਵਿਚ ਜਾਵੋ। ਤੁਹਾਡੇ ਮਾਤਾ ਪਿਤਾ ਹਿਰਦੇ ਵਿਚ ਤੁਹਾਨੂੰ ਬਹੁਤ ਪਿਆਰ ਕਰਦੇ ਹਨ॥ ੯੧॥

ਅਸ ਕਹਿ ਸ੍ਰੀ ਭਗਵੰਤ ਗੁਸਾਈਂ। ਅੰਤਰ ਧਯਾਨ ਭਏ ਤਿਹ ਥਾਈਂ।
ਜਿਹ ਕੇ ਦਰਸ਼ਨ ਦੋਖ ਨਸਾਈਂ। ਸੇਵਹੁ ਚਰਨ ਕਵਲ ਹਿਤ ਲਾਈ ॥੯੨ ॥

ਇਹ ਕਹਿ ਕੇ ਪ੍ਰਭੂ ਗੁਸਾਈਂ ਓਥੇ ਹੀ ਅੰਤਰ ਧਿਆਨ ਹੋ ਗਏ। ਜਿਨ੍ਹਾਂ ਦੇ ਦਰਸ਼ਨ ਕਰਕੇ ਪਾਪ ਨੱਸ ਜਾਂਦੇ ਹਨ। ਉਸ ਦੇ ਚਰਨ ਕੰਵਲਾਂ ਨੂੰ ਹਿਤ ਲਾ ਕੇ ਸੇਵੋ॥ ੯੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਧ੍ਰੂਵ ਪ੍ਰਸੰਗ' ਬਰਨਨੰ ਨਾਮ ਇਕੱਤ੍ਰਮੋ ਅਧਯਾਯ॥ ੭੧॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਇਕੱਤ੍ਰਵਾਂ ਅਧਿਆਇ, ਜਿਸ ਦਾ ਨਾਮ "ਧ੍ਰੂਅ ਪ੍ਰਸੰਗ" ਹੈ, ਸਮਾਪਤ ਹੋਇਆ॥ ੭੧॥

## ਅਧਿਆਇ ਬਹੱਤਰਵਾਂ

*ਧ੍ਰੂਵ ਪ੍ਰਸੰਗ।*

ਦੋਹਰਾ- ਸ੍ਰੀ ਗੁਰ ਪਗ ਸਾਗਰ ਅਨੰਦ ਮਨ ਨਿਜ ਮੀਨ ਬਨਾਉਂ।
ਕਹੋਂ ਕਥਾ ਪਾਵਨ ਪਰਮ ਸੁਨਿ ਸ੍ਰੋਤਾ ਸੁਖ ਪਾਉ॥ ੧॥

ਸ੍ਰੀ ਗੁਰੂ ਜੀ ਦੇ ਚਰਨ ਅਨੰਦ ਦੇ ਸਾਗਰ ਹਨ, ਮੈਂ ਆਪਣੇਂ ਮਨ ਨੂੰ ਉਸ ਸਾਗਰ ਦੀ ਮੱਛੀ ਬਣਾਉਂਦਾ ਹਾਂ। ਮੈਂ ਹੁਣ ਪਰਮ ਪਵਿੱਤਰ ਕਥਾ ਨੂੰ ਅੱਗੇ ਕਹਿੰਦਾ ਹਾਂ ਜਿਸ ਨੂੰ ਸੁਣ ਕੇ ਸ੍ਰੋਤਾ ਜਨ ਸੁਖ ਪਾਉਣ॥ ੧॥

*ਸ੍ਰੀ ਬਾਲਾ ਸੰਧੁਰ ਵਾਚ॥*

ਚੌਪਈ- ਸ੍ਰੀ ਅੰਗਦ ਜੀ ਸੁਨਿ ਇਤਿਹਾਸਾ। ਮਰਦਾਨੇ ਸੋਂ ਗੁਰੂ ਪ੍ਰਕਾਸ਼ਾ।
ਕਹਿਨ ਲਗੇ ਪੁਨ ਦੀਨ ਦਯਾਲਾ। 'ਧ੍ਰੂਵ ਪੁਰਿ ਕੋ ਗਮਨਜੋ ਤਿਹ ਕਾਲਾ ॥੨ ॥

ਭਾਈ ਬਾਲੇ ਨੇ ਕਿਹਾ- ਹੇ ਗੁਰੂ ਅੰਗਦ ਦੇਵ ਜੀ ਹੁਣ ਅਗਲੇਰਾ ਗੁਰੂ ਇਤਿਹਾਸ ਸੁਣੋ। ਜਿਵੇਂ ਗੁਰੂ ਜੀ ਨੇ ਮਰਦਾਨੇ ਨੂੰ ਸੁਣਾਇਆ। ਫਿਰ ਦੀਨ ਦਿਆਲ ਗੁਰੂ ਜੀ ਕਹਿਣ ਲੱਗੇ, "ਧ੍ਰੂਅ ਉਸੇ ਵੇਲੇ ਆਪਣੇ ਨਗਰ ਨੂੰ ਚਲਾ ਗਿਆ ॥੨॥

ਸੁਨਜੋ ਉਤਾਨਪਾਦ ਸੁਤ ਆਵਨ। ਅਮਿਤ ਭਯੋ ਮਨ ਮੈਂ ਹਰਖਾਵਨ।
ਜਿਨ ਦਿਜਵਰ ਸੁਧ ਆਨ ਸੁਨਾਈ। ਪਟ ਭੂਖਨ ਰਥ ਦੀਨ ਬਨਾਈ ॥੩ ॥

ਜਦ ਰਾਜੇ ਉਤਾਨਪਾਦ ਨੇ ਇਹ ਸੁਣਿਆ ਕਿ ਉਸ ਦਾ ਪੁੱਤਰ ਆ ਰਿਹਾ ਹੈ ਤਾਂ ਉਹ ਮਨ ਵਿਚ ਬੇਹੱਦ ਪ੍ਰਸੰਨ ਹੋਇਆ। ਜਿਸ ਬ੍ਰਾਹਮਣ ਨੇ ਆ ਕੇ ਖਬਰ ਸੁਣਾਈ ਸੀ, ਉਸ ਨੂੰ ਰੇਸ਼ਮੀ ਕਪੜੇ, ਸੋਨੇ ਦੇ ਗਹਿਣੇ ਅਤੇ ਰੱਥ ਬਣਵਾ ਕੇ ਦਿੱਤਾ॥ ੩॥

ਤਬ ਭੁਵਾਲ ਤਿਹ ਲੇ ਕਰਿ ਸੰਗਾ। ਗਮਨਜੋ ਆਗੇ ਸਹਿਤ ਉਮੰਗਾ।
ਦੁੰਦਭਿ ਬੇਣਾ ਭੇਰਿ ਬਜਾਈ। ਬੇਦ ਪਾਠ ਦਿਜ ਕਰਤਿ ਸੁਹਾਈ॥੪॥

ਤਦ ਰਾਜਾ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਵੱਡੇ ਉਤਸ਼ਾਹ ਸਹਿਤ ਚਲ ਪਿਆ। ਧੌਂਸੇ, ਤੂਤੀਆਂ ਅਤੇ ਭੇਰੀਆਂ ਵਜਾਈਆਂ, ਬ੍ਰਾਹਮਣ ਵੇਦ ਪਾਠ ਕਰਦੇ ਬੜੇ ਸ਼ੋਭ ਰਹੇ ਸਨ॥ ੪॥

ਸਰੁਚਿ, ਸੁਨੀਤੀ ਜੁਗ ਨ੍ਰਿਪ ਨਾਰੀ। ਸਿਵਕਾ ਪਰ ਚਢਿ ਚਲੀ ਅਗਾਰੀ।
ਨ੍ਰਿਪ ਸੁਤ ਉੱਤਮ, ਲੋਕ ਬਿਸਾਲਾ। ਗਏ ਲੇਨ ਹਿਤ ਸਭਿ ਤਤਕਾਲਾ॥੫॥

ਸਰੁਚੀ ਅਤੇ ਸੁਨੀਤੀ ਰਾਜੇ ਦੀਆਂ ਦੋਵੇਂ ਇਸਤਰੀਆਂ ਪਾਲਕੀਆਂ ਤੇ ਚੜ੍ਹ ਕੇ ਅੱਗੇ ਅੱਗੇ ਚਲ ਪਈਆਂ। ਰਾਜੇ ਦਾ ਪੁੱਤਰ ਉਤਮ ਅਤੇ ਵੱਡੀ ਗਿਣਤੀ ਵਿਚ ਲੋਕ ਤੁਰੰਤ ਧ੍ਰੂਅ ਨੂੰ ਲੈਣ ਵਾਸਤੇ ਚਲੇ ਗਏ॥ ੫॥

ਪਿਖਜੋ ਉਤਾਨਪਾਦ ਸੁਤ ਬਦਨਾ। ਕਮਲ ਪਰਫੁੱਲਿਤ ਜਜੋਂ ਸੁਖ ਸਦਨਾ।
ਤਿਹ ਛਿਨ ਰਥ ਤੇ ਉਤਰਿ ਤੁਰੰਤਾ। ਬੰਦਤਿ ਗਰ ਲਾਯੋ ਮਤਿਵੰਤਾ॥੬॥

ਜਦ ਰਾਜੇ ਉਤਾਨਪਾਦ ਨੇ ਆਪਣੇ ਪੁੱਤਰ ਦਾ ਮੁੱਖ ਵੇਖਿਆ ਤਾਂ ਉਸ ਨੂੰ ਇੰਞ ਲੱਗਾ ਜਿਵੇਂ ਸੁਖਾਂ ਦਾ ਘਰ ਕੰਵਲ ਫੁੱਲ ਖਿੜਿਆ ਹੋਵੇ। ਉਸੇ ਵੇਲੇ ਤੁਰੰਤ ਰੱਥ ਤੋਂ ਉਤਰ ਕੇ ਵੱਡੀ ਬੁੱਧੀ ਵਾਲੇ ਧ੍ਰੂਅ ਨੂੰ ਆਪਣੇ ਗਲ ਨਾਲ ਲਾ ਲਿਆ॥ ੬॥

ਬਿਹਬਲ ਹੁਇ ਉਤਕੰਠਾ ਭੂਰੀ। ਕੀਨ ਅਲਿੰਗਨ ਗਰ ਰਹਿ ਪੂਰੀ।
ਮਸਤਕ ਚੂਮਤਿ ਕਰ ਕੋ ਫੇਰਤਿ। ਲੋਚਨ ਤੇ ਆਂਸੁਨ ਕੋ ਗੇਰਤਿ॥੭॥

ਬੜਾ ਵਿਆਕੁਲ ਹੋ ਕੇ ਛਾਤੀ ਨਾਲ ਲਾਇਆ, ਜਦ ਪ੍ਰੇਮ ਨਾਲ ਜੱਫੀ ਪਾਈ ਤਾਂ ਗਲਾ ਭਰ ਆਇਆ। ਮੱਥਾ ਚੁੰਮ ਕੇ ਸਿਰ ਤੇ ਹੱਥ ਫੇਰਦਾ ਹੈ ਅਤੇ ਅੱਖਾਂ ਵਿਚ ਹੰਝੂ ਡੇਗਦਾ ਹੈ॥ ੭॥

ਤਿਨ ਸੌਂ ਸੁਤ ਕੋ ਮਨਹੁ ਨੁਵਾਨਾ। ਮਧੁਰ ਬਚਨ ਕਹਿ ਬਹੁ ਸਨਮਾਨਾ।
ਪੁਨ ਦੋ ਮਾਤ ਮਿਲੀ ਤਿਹ ਆਈ। ਧ੍ਰੂਵ ਬੰਦਨ ਕੀਨੀ ਸਿਰ ਨਜਾਈ॥੮॥

ਮਾਨੋ ਉਹ ਆਪਣੇ ਹੰਝੂਆਂ ਨਾਲ ਪੁੱਤਰ ਨੂੰ ਇਸ਼ਨਾਨ ਕਰਵਾ ਰਿਹਾ ਸੀ। ਸਨਮਾਨ ਨਾਲ ਬੜੇ ਮਿੱਠੇ ਬਚਨ ਕਹੇ। ਫਿਰ ਦੋਵੇਂ ਮਾਤਾਵਾਂ ਆ ਕੇ ਮਿਲੀਆਂ। ਧ੍ਰੂਅ ਨੇ ਸਿਰ ਨਿਵਾ ਕੇ ਬੰਦਨਾ ਕੀਤੀ॥ ੮॥

ਚਿਰੰਜੀਵ ਦੇ ਆਸ਼ਿਖ ਤਬਹੀ। ਗਰ ਸੌਂ ਲਾਇ ਪਾਇ ਸੁਖ ਤਬਹੀ।
ਉੱਤਮ ਭ੍ਰਾਤ ਮਿਲਜੋ ਤਬ ਗਰ ਸੋ। ਪ੍ਰੇਮ ਬਿਸਾਲ ਭਰਜੋ ਸ਼ੁਭ ਉਰ ਸੋਂ॥੯॥

ਤਦ ਦੋਵਾਂ ਮਾਤਾਵਾਂ ਨੇ ਅਸੀਸ ਦਿੱਤੀ ਕਿ ਚਿਰੰਜੀਵ ਰਹੋ। ਗਲ ਨਾਲ ਲਾ ਕੇ ਬੜਾ ਸੁੱਖ ਪਾਇਆ। ਫਿਰ ਭਰਾ ਉਤਮ ਆ ਕੇ ਗਲੇ ਮਿਲਿਆ। ਸਾਰਿਆਂ ਦੇ ਹਿਰਦਿਆਂ ਵਿਚ ਵਿਸ਼ਾਲ ਪ੍ਰੇਮ ਭਰਿਆ ਹੋਇਆ ਸੀ॥ ੯॥

ਕਰਨੀ ਪਰ ਚਢਾਇ ਸੁਤ ਦੋਈ। ਪੁਰਿ ਆਯੋ ਅਤਿ ਉਤਸ਼ਵ ਹੋਈ।
ਭੂਪਤ ਪਠਿ ਨਰ ਉਚਰੇ ਬਚਨਾ। ਦਰ ਦਰ ਪ੍ਰਤਿ ਕੀਜੈ ਸੁਠ ਰਚਨਾ॥੧੦॥

ਦੋਵਾਂ ਪੁੱਤਰਾਂ ਨੂੰ ਹਥਨੀ ਉਤੇ ਚੜ੍ਹਾ ਕੇ ਨਗਰ ਵਿਚ ਲਿਆਂਦਾ ਅਤੇ ਵੱਡਾ ਉਤਸਵ ਮਨਾਇਆ। ਰਾਜੇ ਨੇ ਸੇਵਕਾਂ ਨੂੰ ਬੁਲਾ ਕੇ ਕਿਹਾ ਕਿ ਹਰ ਘਰ, ਹਰ ਦਰਵਾਜ਼ੇ ਨੂੰ ਉੱਤਮ ਢੰਗ ਨਾਲ ਸੁੰਦਰ ਸਜਾਇਆ ਜਾਵੇ॥ ੧੦॥

ਸਭਿਹਿਨਿ ਕਦਲੀ ਖੰਭ ਲਗਾਏ। ਮੁਕਤਾ ਤੋਰਨ ਦਰ ਬੰਧਵਾਏ।
ਕੁੰਕਮ ਲੀਪ ਕੁੰਭ ਭਰਿ ਪਾਨੀ। ਚੰਦਨ ਗੰਧਿ ਗਰੀ ਛਿਰਕਾਨੀ॥੧੧॥

ਸਭ ਥਾਵਾਂ ਤੇ ਕੇਲਿਆਂ ਦੇ ਖੰਭੇ ਗੱਡੇ ਗਏ ਅਤੇ ਦਰਵਾਜ਼ਿਆਂ ਤੇ ਸੁੰਦਰ ਮੋਤੀਆਂ ਦੀਆਂ ਮਾਲਾਵਾਂ ਬੰਨ੍ਹਵਾਈਆਂ ਗਈਆਂ। ਪਾਣੀ ਦੇ ਘੜੇ ਭਰ ਕੇ ਕੇਸਰ ਦੀ ਲੇਪ ਤਿਆਰ ਕੀਤੀ ਗਈ ਅਤੇ ਚੰਦਨ ਦੀ ਸੁਗੰਧੀ ਦਾ ਗਲੀਆਂ ਵਿਚ ਛਿੜਕਾ ਕੀਤਾ ਗਿਆ॥ ੧੧॥

ਕੰਚਨ ਥਾਰ ਥਾਰ ਵਿਚ ਦੀਪਾ। ਦ੍ਵਾਰ ਦਿਖਾਇ ਖਰੀ ਅਵਨੀਪਾ।
ਗਾਵਹਿਂ ਗੀਤ ਮਿਲੀ ਪਿਕ ਬੈਨੀ। ਭਾਂਤ ਭਾਂਤਿ ਕੇ ਖੰਜਨ ਨੈਨੀ॥੧੨॥

ਸੋਨੇ ਦੇ ਥਾਲਾਂ ਵਿਚ ਦੀਪ ਜਗਾਏ ਹੋਏ ਸਨ ਅਤੇ ਧਰਤੀ ਦੀਆਂ ਜਾਈਆਂ ਦਵਾਰ ਦਿਖਾਉਣ ਵਾਸਤੇ ਖੜੀਆਂ ਸਨ। ਮਮੋਲੇ ਵਰਗੀਆਂ ਅੱਖਾਂ ਵਾਲੀਆਂ ਬੜੀ ਮਿੱਠੀ ਸੁਰ ਵਿਚ ਭਾਂਤ ਭਾਂਤ ਦੇ ਗੀਤ ਗਾ ਰਹੀਆਂ ਸਨ॥ ੧੨॥

ਸੁਨਤਿ ਉਤਾਨਪਾਦ ਗ੍ਰਿਹ ਗਵਨਾ। ਕੰਚਨ ਮਨਿ ਜਟਿਤੀ ਜਹਿਂ ਰਵਨਾ।
ਅਟਾ ਫਟਕ ਕੀ,ਹਾਟਕ ਕਲਸਾ। ਬੀਚ ਬਿਤਾਨ ਤਨਜੋ ਤਹਿਂ ਭਲ ਸਾ॥੧੩॥

ਰਾਜਾ ਉਤਾਨਪਾਦ ਸੁਣ ਕੇ ਆਪਣੇ ਮਹਿਲਾਂ ਵਲ ਚਲੇ ਗਿਆ, ਜਿਥੇ ਰਮਣੀਕ ਸੋਨੇ ਦੀਆਂ ਮਣੀਆਂ ਜੜੀਆਂ ਹੋਈਆਂ ਸਨ। ਅਟਾਰੀ ਬਲੌਰ ਦੀ ਬਣੀ ਸੀ ਅਤੇ ਕਲਸ ਸੋਨੇ ਦੇ ਸਨ। ਸੁੰਦਰ ਚੰਦੋਆ ਵਿਚ ਤਾਣਿਆ ਹੋਇਆ ਸੀ॥ ੧੩॥

ਤਿਹਠਾਂ ਬੈਠਿ ਤਬੈ ਭੂਪਾਲਾ। ਸੁਤਹਿ ਬਿਲੋਕਜੋ ਸੁਮਤਿ ਬਿਸਾਲਾ।
ਕਰਿ ਉਤਸਾਹ ਦੀਨ ਸਭਿ ਰਾਜੂ। ਪ੍ਰਜਾ ਮਿਲਾਈ ਸਰਬ ਸਮਾਜੂ॥੧੪॥

ਰਾਜੇ ਨੇ ਓਥੇ ਬੈਠ ਕੇ ਵਿਸ਼ਾਲ ਬੁੱਧੀ ਵਾਲੇ ਪੁੱਤਰ ਨੂੰ ਵੇਖਿਆ। ਵੱਡੇ ਉਤਸ਼ਾਹ ਵਿਚ ਆ ਕੇ ਸਾਰਾ ਰਾਜ ਦੇ ਦਿੱਤਾ ਅਤੇ ਪਰਜਾ ਅਤੇ ਸਾਰੇ ਅਧਿਕਾਰੀਆਂ ਨੂੰ ਮਿਲਾਇਆ॥ ੧੪॥

ਅਪਨੀ ਬੈਸ ਬ੍ਰਿੱਧ ਕੇ ਦੇਖੀ। ਗਮਨਜੋ ਤਪ ਹਿਤ ਬਨਹਿਂ ਬਿਸ਼ੇਖੀ।
ਪਾਛੇ ਰਾਜ ਕਰਨ ਧ੍ਰੂਵ ਲਾਗਾ। ਜੋ ਸ੍ਰੀ ਬਿਸ਼ਨੁ ਭਗਤ ਵਡ ਭਾਗਾ॥੧੫॥

ਆਪਣੀ ਬ੍ਰਿਧ ਆਯੂ ਨੂੰ ਵੇਖ ਕੇ ਵੱਡਾ ਤਪ ਕਰਨ ਵਾਸਤੇ ਜੰਗਲਾਂ ਨੂੰ ਚਲਾ ਗਿਆ। ਪਿਛੇ ਧ੍ਰੂਅ ਰਾਜ ਕਰਨ ਲੱਗਾ, ਜਿਹੜਾ ਕਿ ਵੱਡੇ ਭਾਗਾਂ ਵਾਲਾ ਵਿਸ਼ਨੂੰ ਦਾ ਭਗਤ ਸੀ॥ ੧੫॥

ਜੋ 'ਸਿਸੁਮਾਰ' ਪ੍ਰਜਾਪਤਿ ਆਹੀ। 'ਭ੍ਰਮੀ ਨਾਮ ਤਿਹ ਸੁਤਾ, ਬ੍ਯਾਹੀ।
ਤਿਹ ਤੇ ਧ੍ਰੂਵ ਦ੍ਵੈ ਸੁਤ ਉਪਜਾਏ। 'ਵਸਤਰ;' 'ਕਲਪੰ' ਨਾਮ ਰਖਾਏ॥੧੬॥

ਜਿਹੜਾ ਸਿਸੁਮਾਰ ਨਾਮੀ ਰਾਜਾ ਪਰਜਾਪਤੀ ਸੀ, ਉਸ ਨੇ ਆਪਣੀ 'ਭ੍ਰਮੀ' ਨਾਮੀ ਪੁੱਤਰੀ ਧ੍ਰੂਅ ਨਾਲ ਵਿਆਹ ਦਿੱਤੀ। ਉਸ ਤੋਂ ਧ੍ਰੂਅ ਦੇ ਘਰ ਦੋ ਪੁੱਤਰ ਪੈਦਾ ਹੋਏ। ਇਕ ਦਾ ਨਾ ਵਸਤਰ ਸੀ ਅਤੇ ਦੂਸਰੇ ਦਾ ਨਾਂ ਕਲਪੰਗ ਸੀ॥ ੧੬॥

'ਉਤਮ' ਨਾਮ ਭ੍ਰਾਤ ਇਕ ਕਾਲਾ। ਮ੍ਰਿਗਿਯਾ ਹਿਤ ਬਨ ਗਯੋ ਬਿਸਾਲਾ।
ਜੱਛਨ ਸੰਗ ਭਯੋ ਰਣ ਭਾਰੀ। ਲਗੇ ਸ਼ਸਤ੍ਰ ਉੱਤਮ ਗਜੋ ਮਾਰੀ॥੧੭॥

ਧ੍ਰੂਅ ਦਾ ਉੱਤਮ ਨਾਮੀ ਭਰਾ ਇਕ ਦਿਨ ਮਿਰਗ ਮਾਰਨ ਵਾਸਤੇ ਇਕ ਵੱਡੇ ਜੰਗਲ ਵਿਚ ਗਿਆ। ਜੰਗਲ ਵਿਚ ਉਸ ਦਾ ਯਕਸ਼ਾਂ ਨਾਲ ਭਾਰੀ ਯੁੱਧ ਹੋਇਆ। ਸ਼ਸਤਰ ਵੱਜਣ ਨਾਲ 'ਉੱਤਮ' ਮਾਰਿਆ ਗਿਆ॥ ੧੭॥

ਹਿਤ ਖੋਜਨ ਗਵਨੀ ਤਿਹ ਮਾਈ। ਜਰੀ ਸੁ ਦਾਵਾਨਲ ਇਕ ਥਾਂਈ।
ਭ੍ਰਾਤਾ ਮ੍ਰਿਤੁ ਸੁਨੀ ਧ੍ਰੂਵ ਕਾਨਾ। ਜਗਜੋ ਰੋਸ ਹਿਰਦੇ ਦੁਖ ਮਾਨਾ॥੧੮॥

ਉਸ ਨੂੰ ਲੱਭਣ ਵਾਸਤੇ ਉਸ ਦੀ ਮਾਂ ਜੰਗਲ ਵਿਚ ਗਈ। ਜੰਗਲ ਨੂੰ ਦਾਵਾਨਲ ਅਗਨੀ ਲੱਗ ਜਾਣ ਕਰਕੇ ਉਹ ਵੀ ਓਥੇ ਹੀ ਸੜ ਕੇ ਮਰ ਗਈ। ਜਦ ਧ੍ਰੂਅ ਨੇ ਆਪਣੇ ਭਰਾ ਦੀ ਮੌਤ ਦੀ ਖਬਰ ਸੁਣੀ ਤਾਂ ਹਿਰਦੇ ਵਿਚ ਬੜਾ ਗੁੱਸਾ ਕੀਤਾ ਅਤੇ ਬੜਾ ਦੁੱਖ ਮਨਾਇਆ॥ ੧੮॥

ਜਗ ਬਿਜਈ ਰਥ ਚਢਤਿ ਸਿਧਾਯੋ। ਉੱਤਰ ਦਿਸ਼ਾ ਬਿਖੈ ਚਲਿ ਆਯੋ।
ਅਲਕਾ ਪੁਰੀ ਸਮੀਪ ਪਯਾਨਾ। ਨਿਜ ਮੁਖ ਧਰਿ ਕਰਿ ਸੰਖ ਬਜਾਨਾ ॥੧੯॥

ਜਗਤ ਜਿੱਤਣ ਵਾਸਤੇ ਰੱਥ ਵਿਚ ਚੜ੍ਹ ਕੇ ਚਲ ਪਿਆ। ਚਲ ਕੇ ਉੱਤਰ ਦਿਸ਼ਾ ਵਿਚ ਆ ਗਿਆ। ਕਬੇਰ ਦੀ ਨਗਰੀ ਅਲਕਾਪੁਰੀ ਦੇ ਨੇੜੇ ਚਲੇ ਗਿਆ। ਹੱਥ ਨਾਲ ਫੜ ਕੇ ਆਪਣੇ ਮੂੰਹ ਨਾਲ ਸੰਖ ਵਜਾਇਆ॥ ੧੯॥

ਸੁਨਤਿ ਜੱਛ ਨਿਕਸੇ ਬਲ ਭਾਰੀ। ਸ਼ਸਤ੍ਰ ਅਸਤ੍ਰ ਨਿਜ ਸਰਬ ਸੰਭਾਰੀ।
ਭਾ ਸੰਗ੍ਰਾਮ ਦੁਹਨ ਦਿਸ਼ਿ ਘੋਰਾ। ਛੂਟੇ ਤੀਛਣ ਬਾਨ ਕਠੋਰਾ ॥੨੦॥

ਸੰਖ ਦੀ ਆਵਾਜ਼ ਸੁਣ ਕੇ ਯਕਸ਼ ਭਾਰੀ ਬਲ ਧਾਰ ਕੇ ਨਿਕਲੇ। ਸ਼ਸਤਰ ਅਸਤਰ ਉਨ੍ਹਾਂ ਸਭ ਸੰਭਾਲ ਲਏ। ਯੁੱਧ ਵਾਸਤੇ ਧ੍ਰੂਅ ਨੂੰ ਦੋਹਾਂ ਪਾਸਿਆਂ ਤੋਂ ਘੇਰ ਲਿਆ। ਸਖਤ ਤਿਖੇ ਬਾਣ ਚੱਲਣ ਲੱਗੇ॥ ੨੦॥

ਜੱਛ ਜਬੈ ਘਾਇਲ ਕਰਿ ਡਾਰੇ। ਹਟੇ ਸਰਪ ਸਮ ਰਿਸ ਉਰ ਧਾਰੇ।
ਪੌਰਖ ਧ੍ਰੂਵ ਕੋ ਸਹਿ ਨ ਸਕਾਈ। ਭਰੇ ਗਰਬ ਭੂਰੰ ਗਰਜਾਈ ॥੨੧॥

ਜਦ ਧ੍ਰੂਅ ਨੇ ਸਾਰੇ ਯਕਸ਼ ਜ਼ਖਮੀ ਕਰ ਦਿੱਤੇ ਤਾਂ ਸੱਪ ਵਾਂਗ ਹਿਰਦੇ ਵਿਚ ਵਿਸ ਘੋਲਦੇ ਪਿਛਾਂਹ ਹੱਟ ਗਏ। ਧ੍ਰੂਅ ਦੇ ਬਲ ਨੂੰ ਸਹਿ ਨਾ ਸਕੇ। ਹੰਕਾਰ ਦੇ ਭਰੇ ਬੜੇ ਗੱਜਣ ਲੱਗੇ॥ ੨੧॥

ਏਕ ਬਾਰ ਮਿਲਿ ਕਰਿ ਤਹਿੰ ਸਭਿਹੀ। ਬਾਨ ਅਨਿਕ ਬਰਖਾਏ ਤਬਹੀ।
ਪਰਿਘ, ਭਸੁੰਡੀ, ਤੋਮਰ, ਸ਼ਕਤੀ। ਨਾਨਾ ਸ਼ਸਤ੍ਰ ਕਰੈ ਕੋ ਉਕਤੀ ॥੨੨॥

ਇਕ ਵਾਰ ਸਾਰਿਆਂ ਨੇ ਮਿਲ ਕੇ ਅਨੇਕ ਤੀਰ ਇਕੱਠੇ ਹੀ ਚਲਾ ਦਿੱਤੇ। ਕੁਹਾੜਾ, ਗੰਡਾਸਾ, ਗੁਰਜ, ਬਰਛੇ, ਬਰਛੀਆਂ ਆਦਿ ਕਈ ਪ੍ਰਕਾਰ ਦੇ ਸ਼ਸਤਰ ਚਲਾ ਦਿੱਤੇ॥ ੨੨॥

ਛਾਯੋ ਰਥ ਧ੍ਰੂਵ ਕੋ ਤਬ ਐਸੇ। ਮਹਾਂ ਮੇਘ ਘਟ ਸੂਰਜ ਜੈਸੇ।
ਜਿਉਂ ਗਿਰ ਪਰ ਬਰਖੈਂ ਘਨ ਭਾਰੇ। ਤਿਉਂ ਇਕ ਬਾਰ ਸ਼ਸਤ੍ਰ ਸਭਿ ਡਾਰੇ ॥੨੩॥

ਇਨ੍ਹਾਂ ਸ਼ਸਤਰਾਂ ਨੇ ਧ੍ਰੂਅ ਦੇ ਰੱਥ ਨੂੰ ਇਸ ਤਰ੍ਹਾਂ ਘੇਰ ਲਿਆ, ਜਿਵੇਂ ਵੱਡੇ ਬਦਲਾ ਦੀਆਂ ਘਟਾਵਾਂ ਨੇ ਸੂਰਜ ਨੂੰ ਢੱਕ ਲਿਆ ਹੋਵੇ। ਜਿਵੇਂ ਪਹਾੜ ਉਤੇ ਭਾਰੀ ਬਾਰਸ਼ ਹੁੰਦੀ ਹੈ, ਇਸ ਤਰ੍ਹਾਂ ਇਕ ਵਾਰ ਸਾਰੇ ਸ਼ਸਤਰਾਂ ਦੀ ਬੋਛਾੜ ਕਰ ਦਿੱਤੀ॥ ੨੩॥

ਭਾ ਅਕਾਸ਼ ਮਹਿਂ ਹਾਹਾਕਾਰਾ। ਨਸਜੋ ਬੰਸ ਮਨੁ ਐਸ ਬਿਚਾਰਾ।
ਤਿਹ ਛਿਨ ਜੱਛ ਸਭੈ ਹਰਖਾਏ। ਭਰੇ ਗਰਬ ਉਰ ਵਡ ਗਰਜਾਏ ॥੨੪॥

ਸਾਰੇ ਆਕਾਸ਼ ਵਿਚ ਹਾਹਾਕਾਰ ਮੱਚ ਗਈ। ਉਨ੍ਹਾਂ ਇਸ ਤਰ੍ਹਾਂ ਸੋਚਿਆ ਕਿ ਮੰਨੂ ਦੇ ਵੰਸ਼ ਦਾ ਨਾਸ਼ ਹੋਇਆ ਕਿ ਹੋਇਆ। ਉਸ ਵੇਲੇ ਸਾਰੇ ਯਕਸ਼ ਬੜੇ ਖ਼ੁਸ਼ ਹੋਏ। ਹਿਰਦੇ ਵਿਚ ਹੰਕਾਰ ਨਾਲ ਭਰ ਕੇ ਬੜੀ ਉੱਚੀ ਉੱਚੀ ਗੱਜੇ॥ ੨੪॥

ਧ੍ਰੂਵ ਰਥ ਅਵਸਰ ਪਾਇ ਬਹੋਰੀ। ਰਵਿ ਜਿਉਂ ਨਿਕਸਿ ਨੀਹਾਰਹਿ ਫੋਰੀ।
ਧਰਿ ਧਨੁ ਕਰ ਮਹਿਂ ਸਰ ਬਰਖਾਏ। ਪੀੜਤ ਹੁਇ ਸਭਿ ਸ਼ੱਤ੍ਰ ਪਲਾਏ ॥੨੫॥

ਧ੍ਰੂਅ ਨੇ ਮੌਕਾ ਪਾ ਕੇ, ਜਿਵੇਂ ਸੂਰਜ ਕੋਹਿਰ ਨੂੰ ਤੋੜ ਕੇ ਬਾਹਰ ਨਿਕਲਦਾ ਹੈ, ਹੱਥ ਵਿਚ ਧਨੁਖ ਫੜ ਕੇ ਵੈਰੀ ਉਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਦੁਖੀ ਹੋ ਕੇ ਸਾਰੇ ਦੁਸ਼ਮਣ ਭੱਜ ਗਏ॥ ੨੫॥

ਬਾਨਨ ਸੰਗ ਬਿਧੇ ਤਨ ਤਿਨਕੇ। ਭਾਗੇ ਵਡੋ ਗਰਬ ਉਰ ਜਿਨ ਕੇ।
ਮਾਥੇ ਭੁਜਾ ਚਰਨ ਕਟਿ ਡਾਰੇ। ਜੇ ਸਨਮੁਖ ਭੇ ਤਤਛਿਨ ਮਾਰੇ ॥੨੬॥

ਤੀਰਾਂ ਨਾਲ ਉਨ੍ਹਾਂ ਦੇ ਸਰੀਰ ਵਿੰਨ੍ਹ ਦਿੱਤੇ। ਜਿਹੜੇ ਵੱਡੇ ਹੰਕਾਰ ਨਾਲ ਭਰੇ ਹੋਏ ਸਨ, ਉਹ ਸਭ ਦੌੜ ਗਏ। ਮੌਢੇ, ਬਾਹਾਂ, ਪੈਰ ਸਭ ਕੱਟ ਦਿੱਤੇ। ਜਿਹੜੇ ਸਾਹਮਣੇ ਆਏ ਤੁਰੰਤ ਮਾਰ ਦਿੱਤੇ॥ ੨੬॥

ਅਨਗਨ ਜੱਛ ਪਰੇ ਕਟ ਧਰਨੀ। ਬਨ ਕਟਨੇ ਸਮ ਉਪਮਾ ਬਰਨੀ।
ਘਨ ਅਨੀਕ ਜਿਵ ਪੌਨ ਅਗਾਰੀ। ਤਿਉਂ ਭਾਗੇ ਪਾਛੇ ਨ ਨਿਹਾਰੀ ॥੨੭॥

ਅਣਗਿਣਤ ਯਕਸ ਧਰਤੀ 'ਤੇ ਕੱਟੇ ਪਏ ਸਨ, ਇੰਝ ਲੱਗ ਰਿਹਾ ਸੀ ਜਿਵੇਂ ਜੰਗਲ ਦੇ ਸਾਰੇ ਬ੍ਰਿਛ ਕੱਟ ਦਿੱਤੇ ਹੋਣ। ਜਿਵੇਂ ਬੱਦਲਾਂ ਦੀ ਫੌਜ ਹਵਾ ਅੱਗੇ ਭੱਜ ਉਠਦੀ ਹੈ, ਇਸ ਤਰ੍ਹਾਂ ਭੱਜ ਗਏ ਅਤੇ ਹਟ ਕੇ ਪਿਛੇ ਵੀ ਨਾ ਵੇਖਿਆ॥ ੨੭॥

ਮਾਯਾ ਅਪਨੀ ਤਬਹਿ ਪਸਾਰੀ। ਸ਼ਿਲਾ ਕਬੰਧ ਗਿਰਹਿਂ ਨਭ ਭਾਰੀ।
ਬਿਸ਼ਟਾ, ਮੂਤ੍ਰ, ਰੁਧਿਰ, ਪੂੰ, ਤਬਹੀ। ਬਰਖੈਂ ਸ਼ਤ੍ਰੁ ਗਗਨ ਤੇ ਸਭਿਹੀ ॥੨੮॥

ਯਕਸ਼ਾਂ ਨੇ ਫਿਰ ਆਪਣੀ ਮਾਇਆ ਨੂੰ ਪਸਾਰਿਆ। ਆਕਾਸ਼ ਤੋਂ ਬਹੁਤ ਭਾਰੇ ਪੱਥਰ ਅਤੇ ਧੜ ਗਿਰਦੇ ਹਨ। ਮਲ, ਮੂਤਰ, ਲਹੂ ਅਤੇ ਪਾਕ ਦੀ ਵਰਖਾ ਵੈਰੀ ਆਕਾਸ਼ ਤੋਂ ਕਰਦੇ ਹਨ॥ ੨੮॥

ਸੂਕਰ, ਸਿੰਘ ਬਜਾਘ੍ਰ, ਅਹਿ ਘੋਰਾ। ਪ੍ਰਲੈ ਸਰਸ ਭਾ ਨਾਦ ਕਠੋਰਾ।
ਜਿਉਂ ਧ੍ਰੂ ਕੀ ਧੁਜਨੀ ਹ੍ਵੈ ਹਾਨੀ। ਤਿਉਂ ਸੁ ਆਸੁਰੀ ਮਾਯਾ ਠਾਨੀ ॥੨੯॥

ਸੂਰ, ਸ਼ੇਰ, ਬਘਿਆੜ ਅਤੇ ਘੋੜੇ ਪਰਲੋ ਦੇ ਵਾਪਰਣ ਵਾਂਗ ਕਠੋਰ ਆਵਾਜ਼ਾਂ ਕੱਢ ਰਹੇ ਸਨ। ਦੈਂਤਾਂ ਨੇ ਐਸੀ ਮਾਇਆ ਦਾ ਪਸਾਰਾ ਕੀਤਾ ਹੋਇਆ ਸੀ ਜਿਸ ਨਾਲ ਧ੍ਰੂਅ ਦੀ ਸਾਰੀ ਸੈਨਾ ਦਾ ਨਾਸ਼ ਹੋ ਜਾਵੇ॥ ੨੯॥

ਧ੍ਰੂਵ ਹਰਿ ਭਗਤ ਮਹਾਂਬਲ ਧਾਰਾ। ਨਾਰਾਯਨਸਰ ਤਬਹਿ ਸੰਭਾਰਾ।
ਕਰ ਮਹਿਂ ਲੇ ਧਨੁ ਮਹਿਂ ਜਬ ਜੋਰਾ। ਨਾਸ਼ ਭਈ ਮਾਯਾ ਵਡ ਘੋਰਾ ॥੩੦॥

ਹਰੀ ਦੇ ਭਗਤ ਧ੍ਰੂਅ ਨੇ ਫਿਰ ਮਹਾਂ ਬਲ ਧਾਰਨ ਕੀਤਾ ਅਤੇ ਨਾਰਾਇਣ ਅਸਤਰ ਨੂੰ ਫਿਰ ਉਸ ਸੰਭਾਲਿਆ। ਹੱਥ ਵਿਚ ਲੈ ਕੇ ਜਦ ਧਨੁਖ ਨਾਲ ਜੋੜਿਆ ਤਾਂ ਤੁਰੰਤ ਘੋਰ ਮਾਇਆ ਦਾ ਨਾਸ਼ ਹੋ ਗਿਆ॥ ੩੦॥

ਜਬ ਵਹੁ ਬਾਨ ਕਟਕ ਮਹਿਂ ਡਾਰਾ। ਛਿਨਕ ਬਿਖੈ ਸਗਰੇ ਸੰਘਾਰਾ।
ਕਟੇ ਅੰਗ ਬਜਾਕੁਲ ਹ੍ਵੈ ਭਾਗੇ। ਸਰਪ ਬ੍ਰਿੰਦ ਜਜੌਂ ਖਗਪਤਿ ਆਗੇ ॥੩੧॥

ਜਦ ਉਸ ਬਾਣ ਨੂੰ ਵੈਰੀ ਸੈਨਾ ਤੇ ਛੱਡਿਆ ਤਾਂ ਛਿਨ ਵਿਚ ਸਾਰੀ ਵੈਰੀ ਸੈਨਾ ਦਾ ਨਾਸ਼ ਹੋ ਗਿਆ। ਉਨ੍ਹਾਂ ਦੇ ਅੰਗ ਕੱਟੇ ਗਏ ਅਤੇ ਵਿਆਕੁਲ ਹੋ ਕੇ ਸਾਰੇ ਭੱਜੇ, ਜਿਵੇਂ ਸੱਪ ਗਰੁੜ ਨੂੰ ਵੇਖ ਕੇ ਭੱਜ ਉੱਠਦੇ ਹਨ॥ ੩੧॥

ਧ੍ਰੂਵ ਕੋ ਪਿਤਪਿਤ ਨ੍ਰਿਪ ਮਨੁ ਜੋਈ। ਦਯਾ ਭਈ ਆਯੋ ਚਲਿ ਸੋਈ।
ਕਹਿਨ ਲਗਾ ਧ੍ਰੂਵ ਕੋ ਅਸ ਬਾਨੀ। ਬਿਨ ਅਪਰਾਧ ਨ ਜਛ ਕਰਿ ਹਾਨੀ ॥੩੨॥

ਧ੍ਰੂਅ ਭਗਤ ਦਾ ਦਾਦਾ ਜਿਹੜਾ ਰਾਜਾ ਮੰਨੂ ਸੀ, ਉਸ ਦੇ ਮਨ ਵਿਚ ਦਇਆ ਆਈ ਤੇ ਉਹ ਚਲ ਕੇ ਧ੍ਰੂਅ ਪਾਸ ਆਇਆ। ਧ੍ਰੂਅ ਨੂੰ ਇਸ ਤਰ੍ਹਾਂ ਕਹਿਣ ਲੱਗਾ, "ਬਿਨਾਂ ਅਪਰਾਧ ਦੇ ਯਕਸ਼ਾਂ ਦਾ ਨੁਕਸਾਨ ਨਾ ਕਰੋ॥ ੩੨॥

ਤੂੰ ਹਰਿ ਭਗਤ ਦਯਾ ਉਰ ਧਾਰਹੁ। ਰਿਸ ਕਰਿ ਸ਼ਾਂਤਿ, ਨ ਜੱਛ ਸੰਘਾਰਹੁ।
ਏਕ ਭ੍ਰਾਤ ਤੇਰੋ ਇਨ ਮਾਰਾ। ਤੈਂ ਅਨਗਨ ਬਹੁ ਕਟਕ ਸੰਘਾਰਾ ॥੩੩॥

ਤੂੰ ਹਰੀ ਦਾ ਭਗਤ ਹੈਂ, ਇਸ ਲਈ ਹਿਰਦੇ ਵਿਚ ਦਇਆ ਧਾਰਨ ਕਰੋ। ਆਪਣੇਂ ਕ੍ਰੋਧ ਨੂੰ ਸ਼ਾਂਤ ਕਰੋ ਅਤੇ ਯਕਸ਼ਾਂ ਨੂੰ ਨਾ ਮਾਰੋ। ਤੇਰਾ ਇਨ੍ਹਾਂ ਇਕ ਭਰਾ ਮਾਰਿਆ ਸੀ, ਤੂੰ ਅਣਗਿਣਤ ਬਹੁਤ ਕਟਕ ਮਾਰ ਦਿੱਤੇ ਹਨ॥ ੩੩॥

ਬਾਲ ਬੈਸ ਤੁਮ ਬਿਸ਼ਨੁ ਧਿਆਯੋ। ਤਹਾਂ ਗਯਾਨ ਪੂਰਨ ਉਰ ਪਾਯੋ।

ਆਤਮ ਸਰਬ ਬਿਖੇ ਹੈ ਏਕੁ। ਅਸ ਪ੍ਰਕਾਰ ਸੰਭਾਰਿ ਬਿਬੇਕੁ॥ ੩੪ ॥

ਬਾਲ ਅਵਸਥਾ ਵਿਚ ਬੈਠ ਕੇ ਤੁਸੀਂ ਵਿਸ਼ਨੂੰ ਦਾ ਸਿਮਰਨ ਕੀਤਾ ਹੈ ਅਤੇ ਹਿਰਦੇ ਵਿਚ ਪੂਰਨ ਗਿਆਨ ਪਾਇਆ ਹੈ। ਸਭ ਵਿਚ ਇਕ ਹੀ ਆਤਮਾ ਹੈ, ਇਸ ਪ੍ਰਕਾਰ ਗਿਆਨ ਨੂੰ ਸੰਭਾਲੋ॥ ੩੪ ॥

ਅਹੇ ਅਨੁਚਿਤ ਜਹੇ ਸਭਿ ਬਾਤਾ। ਬਸ ਸੰਗ੍ਰਾਮ ਨ ਕਰਿ ਅਬ ਤਾਤਾ!।
ਇਸ ਬਿਧਿ ਦੀਨ ਗਜਾਨ ਮਨੁ ਰਾਊ। ਜੁੱਧ ਕਰਤਿ ਧ੍ਰੂਵ ਕੀਨ ਹਟਾਊ॥ ੩੫ ॥

ਇਹੋ ਜੇਹੇ ਕੰਮ ਉਚਿਤ ਨਹੀ ਹਨ, ਇਸ ਕਰਕੇ ਪੁੱਤਰ! ਹੁਣ ਯੁੱਧ ਨਾ ਕਰ। ਇਸ ਤਰ੍ਹਾਂ ਮੰਨੂ ਰਾਜੇ ਨੇ ਗਿਆਨ ਦਿਤਾ, ਧ੍ਰੂਅ ਨੂੰ ਯੁੱਧ ਕਰਦੇ ਨੂੰ ਹਟਾ ਦਿੱਤਾ॥ ੩੫॥

ਪੁਨ ਮਨੁ ਗਵਨਜੋ ਅਪਨ ਅਵਾਸੂ। ਤਬ ਧਨਪਤਿ ਆਵਾ ਧ੍ਰੂਵ ਪਾਸੂ।
ਬਰਨਨ ਕੀਨੋ ਸੁਜਸ ਬਿਸਾਲਾ। ਧੰਨ ਧੰਨ ਹਰਿ ਭਗਤ ਭੁਵਾਲਾ॥ ੩੬ ॥

ਫਿਰ ਮੰਨੂ ਰਾਜਾ ਆਪਣੇ ਘਰ ਚਲਾ ਗਿਆ। ਤਦ ਰਾਜਾ ਕੁਬੇਰ ਧ੍ਰੂਅ ਦੇ ਕੋਲ ਆਇਆ। ਉਸ ਵਿਸ਼ਾਲ ਜੱਸ ਵਰਨਣ ਕੀਤਾ। ਉਸ ਕਿਹਾ, ਹੇ ਹਰੀ ਦੇ ਭਗਤ ਰਾਜੇ! ਤੂੰ ਧੰਨ ਹੈਂ॥ ੩੬॥

ਕਹਜੋ ਪਿਤਾਮਾ ਕੋ ਤੁਮ ਮਾਨਾ। ਉਰ ਤੇ ਕ੍ਰੋਧ ਸਕਲ ਬਿਸਰਾਨਾ।
ਤੁਮ ਭ੍ਰਾਤਾ ਨਹਿ ਜੱਛ ਸੰਘਾਰਾ। ਏਕ ਨਹੀਂ ਜੱਛ ਤੁਮ ਨੈ ਮਾਰਾ॥ ੩੭ ॥

ਆਪਣੇ ਪਿਤਾਮਾ (ਦਾਦਾ) ਦਾ ਕਿਹਾ ਤੂੰ ਮੰਨ ਲਿਆ ਹੈ। ਹਿਰਦੇ ਵਿਚ ਸਾਰਾ ਕ੍ਰੋਧ ਵਿਸਾਰ ਦਿੱਤਾ ਹੈ। ਤੇਰੇ ਭਰਾ ਨੂੰ ਯਕਸ਼ਾਂ ਨੇ ਮਾਰਿਆ ਸੀ। ਤੁਸੀ ਇਕ ਯਕਸ਼ ਵੀ ਨਹੀਂ ਮਾਰਿਆ ਹੈ॥ ੩੭॥

ਮਾਰਨ ਕੋ ਕਾਰਨ ਇਕ ਕਾਲੂ। ਲਖਤਿ ਨ ਕੋ ਗਤਿ ਜਾਸ ਬਿਸਾਲੂ।
ਮੈਂ ਅਰ ਮੋਰ ਤੋਰ ਜੋ ਜਾਨਤਿ। ਤਾਂ ਕੋ ਪੰਡਤ ਅੱਗਜ ਪਛਾਨਤਿ॥ ੩੮ ॥

ਮਾਰਨ ਦਾ ਕਾਰਨ ਇਕ ਮੌਤ ਹੈ। ਇਸ ਦੀ ਗਤੀ ਕੋਈ ਨਹੀਂ ਜਾਣਦਾ। ਜਿਹੜੇ ਮੈਂ ਅਤੇ ਮੇਰ ਤੇਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪੰਡਿਤ ਅਗਿਆਨੀ ਕਹਿੰਦੇ ਹਨ॥ ੩੮ ॥

ਤੂੰ ਮਤਿਵਾਨ ਗਜਾਨ ਗੁਨ ਖਾਨੀ। ਬਾਲ ਬੈਸ ਹਰਿ ਭਗਤਿ ਕਮਾਨੀ।
ਤੁਝ ਪਰ ਮੈਂ ਸੁ ਪ੍ਰਸੰਨ ਬਿਸਾਲਾ। ਚਹੋ ਜੁ ਬਰ ਜਾਚਹੁ ਤਤਕਾਲਾ॥ ੩੯ ॥

ਤੂੰ ਬੁੱਧੀਵਾਨ ਅਤੇ ਗਿਆਨ ਦੇ ਗੁਣਾਂ ਦੀ ਖਾਣ ਹੈਂ, ਬਾਲ ਉਮਰ ਵਿਚ ਹੀ ਭਗਤੀ ਕਮਾਈ ਹੈ। ਤੇਰੇ ਉਤੇ ਮੈਂ ਬਹੁਤ ਪ੍ਰਸੰਨ ਹਾਂ। ਜਿਹੜਾ ਵੀ ਵਰ ਮੰਗਣਾ ਚਾਹੁੰਦੇ ਹੋ, ਤੁਰੰਤ ਮੰਗ ਲਵੋ॥ ੩੯ ॥

ਸੁਨਿ ਬੋਲਜੋ ਧ੍ਰੂਵ ਤਬ ਅਸਰੀਤੀ। 'ਸ੍ਰੀ ਹਰਿ ਚਰਨ ਅਚਲ ਹ੍ਵੈ ਪ੍ਰੀਤੀ।
ਸਿੰਧੁ ਜਗਤ ਜੋਤੇ ਤਰਿ ਜਾਊਂ। ਇਹ ਬਰ ਤੁਮ ਤੇ ਮੈਂ ਸੁਭ ਪਾਊਂ'॥ ੪੦ ॥

ਇਹ ਸੁਣ ਕੇ ਧ੍ਰੂਅ ਇਸ ਰੀਤੀ ਅਨੁਸਾਰ ਬੋਲਿਆ, "ਸ੍ਰੀ ਹਰੀ ਦੇ ਚਰਨਾਂ ਨਾਲ ਮੇਰੀ ਪ੍ਰੀਤੀ ਅਟੱਲ ਬਣੀ ਰਹੇ। ਜਿਸ ਕਰਕੇ ਮੈਂ ਭਵਸਾਗਰ ਨੂੰ ਤਰ ਜਾਵਾਂ। ਇਹ ਵਰ ਮੈਂ ਤੁਹਾਥੋਂ ਪਾਉਣਾ ਚਾਹੁੰਦਾ ਹਾਂ"॥ ੪੦॥

ਏਵਮ ਸਤ ਕਹਿ ਬਚਨ ਕੁਮੇਰਾ। ਗਮਨਜੋ ਤਬਹਿ ਹੁਤੋ ਜਹਿਂ ਡੇਰਾ।
ਧ੍ਰੂਵ ਅਪਨੇ ਪੁਰਿ ਕੋ ਚਲਿ ਆਵਾ। ਜਿਹ ਕੋ ਸੁਰ ਨਰ ਮਹਿਂ ਜਸ ਛਾਵਾ॥ ੪੧ ॥

ਕੁਬੇਰ ਨੇ ਕਿਹਾ, "ਇਸ ਤਰ੍ਹਾਂ ਹੀ ਹੋਵੇਗਾ" ਅਤੇ ਆਪ ਆਪਣੇ ਡੇਰੇ ਚਲੇ ਗਿਆ। ਧ੍ਰੂਅ ਆਪਣੇ ਨਗਰ ਨੂੰ ਚਲ ਕੇ ਆ ਗਿਆ, ਜਿਸ ਦਾ ਦੇਵਤਿਆਂ ਅਤੇ ਮਨੁੱਖਾਂ ਵਿਚ ਬੜਾ ਜੱਸ ਛਾਇਆ ਹੋਇਆ ਸੀ॥ ੪੧॥

ਕੀਨ ਪ੍ਰਿਥੀ ਕੋ ਰਾਜ ਘਨੇਰਾ। ਕਰਿ ਮਖ ਫਲ ਅਰਪਜੋ ਹਰਿ ਪੈਰਾ।
ਪ੍ਰੇਮ ਭਗਤਿ ਮਹਿਂ ਰਹਜੋ ਸਮਾਈ। ਸਰਬ ਸੁਖਨ ਸੋਂ ਪ੍ਰਜਾ ਬਸਾਈ ॥੪੨॥

ਪ੍ਰਿਥਵੀ ਉਤੇ ਬਹੁਤ ਦੇਰ ਰਾਜ ਕੀਤਾ। ਯੱਗ ਕਰਕੇ ਹਰੀ ਦੇ ਚਰਨਾਂ ਦਾ ਫਲ ਪਾਇਆ। ਪ੍ਰੇਮ ਭਗਤੀ ਵਿਚ ਸਮਾਇਆ ਰਹਿੰਦਾ ਸੀ ਅਤੇ ਹਰ ਪ੍ਰਕਾਰ ਦੇ ਸੁੱਖ ਦੇ ਕੇ ਪਰਜਾ ਨੂੰ ਵਸਾਇਆ॥ ੪੨॥

ਛੱਤਿਸ ਸਹਸ ਬਰਖ ਕਰਿ ਰਾਜੂ। ਧਰਮ ਅਰਥ ਕਾਮਾਦਿਕ ਸਾਜੂ।
ਨੱਸ੍ਵਰ ਲਖਿ ਕਰਿ ਜਗਤ ਬਹੋਰੀ। ਸੁਪਨ ਸਮਾਨ ਦੀਨਿ ਸਭਿ ਛੋਰੀ ॥੪੩॥

ਛੱਤੀ ਹਜ਼ਾਰ ਸਾਲ ਰਾਜ ਕਰਕੇ ਅਤੇ ਧਰਮ ਅਰਥ ਅਤੇ ਕਾਮਾਦਿਕ ਸਾਜ ਕੇ ਅਤੇ ਨਾਸ਼ਵਾਨ ਜਗਤ ਨੂੰ ਵੇਖ ਕੇ ਸੁਪਨੇ ਵਾਂਗੂੰ ਸਭ ਨੂੰ ਛੱਡ ਦਿੱਤਾ॥ ੪੩॥

ਸੁਤ ਕੋ ਰਾਜ ਸਮਰਪਨ ਕੀਨਾ। ਆਪ ਪੰਥ ਕਾਨਨ ਕੋ ਲੀਨਾ।
ਕੀਨ ਸ਼ਨਾਨ ਸੁਰਸਰੀ ਤੀਰਾ। ਬੈਠਿ ਗਯੋ ਪੁਨ ਗੁਨੀ ਗਹੀਰਾ ॥੪੪॥

ਆਪਣੇ ਪੁੱਤਰ ਨੂੰ ਰਾਜ ਸਮਰਪਣ ਕਰ ਦਿੱਤਾ ਅਤੇ ਆਪ ਜੰਗਲ ਦੇ ਰਾਹ ਪੈ ਗਿਆ। ਗੰਗਾ ਦੇ ਕੰਢੇ ਇਸ਼ਨਾਨ ਕੀਤਾ, ਫਿਰ ਗੁਣਾਂ ਦਾ ਘਰ, ਬੈਠ ਗਿਆ॥ ੪੪॥

ਜੋਗ ਸਮਾਧੀ ਕੀਨ ਪ੍ਰਬੀਨੇ। ਧਜਾਤਾ ਧੇਯ ਏਕ ਕਰਿ ਲੀਨੇ।
ਭਯੋ ਅਭਾਵ ਜਗਤ ਕੋ ਤਬਹੀ। ਮਨ ਸੰਕਲਪ ਫੁਰਜੋ ਨਹਿਂ ਕਬਹੀ ॥੪੫॥

ਚਤੁਰ ਧ੍ਰੂਅ ਭਗਤ ਨੇ ਜੋਗ ਸਮਾਧੀ ਕੀਤੀ। ਧਿਆਉਣ ਵਾਲਾ ਤੇ ਧਿਆਇਆ ਜਾਣ ਵਾਲਾ ਇਕ ਕਰ ਲਏ। ਤਦ ਜਗਤ ਤੋਂ ਅਭਾਵ (ਨਾ ਹੋਣਾ) ਹੋ ਗਿਆ। ਮਨ ਦੇ ਸੰਕਲਪ ਫਿਰ ਕਦੀ ਵੀ ਨਾ ਫੁਰੇ॥ ੪੫॥

ਇਹ ਬਿਧਿ ਬੀਤ ਗਯੋ ਕੁਛ ਕਾਲੂ। ਪ੍ਰੇਮ ਭਗਤਿ ਮਹਿਂ ਮਗਨ ਬਿਸਾਲੂ।
ਨਭ ਤੇ ਤਬ ਬਿਵਾਨ ਇਕ ਆਵਾ। ਚਹੁੰ ਦਿਸ਼ ਪਸਰਜੋ ਜਾਸ ਪ੍ਰਭਾਵਾ ॥੪੬॥

ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ, ਪ੍ਰੇਮ ਭਗਤੀ ਵਿਚ ਵਿਸ਼ਾਲ ਮਗਨ ਸੀ। ਤਦ ਆਕਾਸ਼ ਤੋਂ ਇਕ ਬਿਬਾਣ ਆਇਆ, ਚਾਰੇ ਪਾਸੇ ਜਿਸ ਦਾ ਜੱਸ ਪਸਰਿਆ ਹੋਇਆ ਸੀ॥ ੪੬॥

ਕਿੰਕਰ ਜਿਹ ਕੋ ਲਗੇ ਅਨੂਪਾ। ਚਾਰ ਭੁਜਾ ਸੁਠ ਸ਼ਜਾਮ ਸਰੂਪਾ।
ਬਯ ਕਿਸ਼ੋਰ ਸ਼ਸ਼ਿ ਬਦਨ ਸੁਹਾਵਤਿ। ਕੁੰਡਲ ਮੁਕਟ ਹਾਰ ਛਬਿ ਪਾਵਤਿ ॥੪੭॥

ਜਿਸ ਨੂੰ ਸੇਵਕ ਵੀ ਅਨੁਪਮ ਲਗਦੇ ਸਨ। ਚਾਰ ਭੁਜਾ ਉਤਮ ਹਨ ਅਤੇ ਸੁੰਦਰ ਕਾਲਾ ਰੰਗ ਹੈ: ਚੰਦਰਮਾ ਵਰਗਾ ਜਵਾਨ ਉਮਰ ਦਾ ਮੁਖੜਾ ਬੜਾ ਸੁੰਦਰ ਲੱਗਦਾ ਹੈ। ਕੰਨਾਂ ਵਿਚ ਕੁੰਡਲ ਹਨ, ਸਿਰ ਤੇ ਮੁਕਟ ਅਤੇ ਗਲ ਹਾਰ ਪਾਇਆ ਹੈ। ਅਜੇਹੀ ਛਵੀ ਪਾਈ ਹੈ॥ ੪੭॥

ਨੰਦਾਦਿਕ ਪ੍ਰਭੁ ਕਿੰਕਰ ਜੇਈ। ਧ੍ਰੁਵ ਕੇ ਪਦ ਬੰਦਤਿ ਭੇ ਸੇਈ।
ਕਹਿਨ ਲਗੇ ਹੈ ਰਾਜ ਕੁਮਾਰਾ। ਬਾਲ ਬੈਸ ਕਿਯ ਭਗਤਿ ਅਪਾਰਾ ॥੪੮॥

ਨੰਦ ਆਦਿ ਪ੍ਰਭੂ ਦੇ ਜਿਹੜੇ ਸੇਵਕ ਹਨ ਉਹ ਧ੍ਰੂਅ ਦੇ ਚਰਨਾਂ ਤੇ ਬੰਦਨਾ ਕਰਦੇ ਹਨ। ਕਹਿਣ ਲੱਗੇ, "ਹੇ ਰਾਜ ਕੁਮਾਰ ! ਬਾਲ ਆਯੂ ਵਿਚ ਹੀ ਤੁਸੀਂ ਮਹਾਨ ਭਗਤ ਹੋਏ ਹੋ॥ ੪੮॥

ਤ੍ਰਿਭਵਣ ਪਤਿ ਤੁਮ ਭਲੇ ਰਿਝਾਏ। ਤਾਂਹੀ ਨੈ ਤੁਝ ਪਾਸ ਪਠਾਏ।
ਪ੍ਰਭੁ ਆਗਜਾ ਅਬ ਕਰਹੁ ਪਯਾਨਾ। ਨਿਰਮਲ ਸੁਖ ਭੋਗਹੁ ਬਿਧਿ ਨਾਨਾ ॥੪੯॥

ਤਿੰਨਾਂ ਲੋਕਾਂ ਦੇ ਮਾਲਕ ਨੂੰ ਤੁਸੀਂ ਚੰਗਾ ਪ੍ਰਸੰਨ ਕੀਤਾ ਹੈ, ਇਸ ਕਰਕੇ ਉਨ੍ਹਾਂ ਸਾਨੂੰ ਤੁਹਾਡੇ ਪਾਸ ਭੇਜਿਆ ਹੈ। ਪ੍ਰਭੂ ਦੀ ਆਗਿਆ ਹੈ ਹੁਣ ਚਲੋ। ਅਨੇਕ ਪ੍ਰਕਾਰ ਦੇ ਨਿਰਮਲ ਸੁੱਖ ਭੋਗੋ॥ ੪੯॥

ਸਪਤ ਰਿਖੀ ਅਭਿਲਾਖਤਿ ਪਦ ਜਿਂਹ। ਜਤਨ ਕਰਤਿ ਪ੍ਰਾਪਤ ਹ੍ਵੈ ਨਹਿਂ ਤਿਹਾਂ।
ਭਾਨੁ ਇੰਦ ਗ੍ਰਹ ਆਦਿਕ ਸਾਰੇ। ਕਰਹਿਂ ਪ੍ਰਦੱਛਨ ਨਿਤ ਹਿਤ ਧਾਰੇ ॥੫੦॥

ਸੱਤ ਰਿਖੀ ਇਸ ਪਦਵੀ ਨੂੰ ਪਾਉਣ ਦੀ ਅਭਿਲਾਖਾ ਕਰਦੇ ਹਨ, ਬਹੁਤ ਯਤਨ ਕੀਤੇ ਹਨ, ਪਰ ਪ੍ਰਾਪਤ ਨਹੀਂ ਕਰ ਸਕੇ। ਸੂਰਜ, ਚੰਦਰਮਾ ਸਾਰੇ ਗ੍ਰਹਿ ਆਦਿ ਉਹ ਨਿਤ ਪਿਆਰ ਨਾਲ ਤੁਹਾਡੀਆਂ ਪਰਿਕਰਮਾਂ ਕਰਨਗੇ॥ ੫੦॥

ਤੋਰ ਪਿਤਾਮਾਦਿਕ ਤਪ ਕਾਰੀ। ਕੋਇ ਨ ਪਹੁੰਚਜੋ ਤਹਾਂ ਅਗਾਰੀ।
ਇਸ ਬਿਵਾਨ ਪਰ ਚਢੋ ਤੁਰੰਤਾ। ਭੋਗਹੁ ਸੁਖ ਜੋ ਮਹਿਤ ਅਨੰਤਾ ॥੫੧॥

ਤੁਹਾਡੇ ਦਾਦਾ ਆਦਿ ਸਾਰੇ ਤਪਕਾਰੀ ਹਨ, ਉਨ੍ਹਾਂ ਦੇ ਅੱਗੇ ਕੋਈ ਨਹੀਂ ਪਹੁੰਚ ਸਕਿਆ। ਇਸ ਬਿਬਾਨ ਤੇ ਤਰੰਤ ਚੜ੍ਹੋ ਅਤੇ ਅਨੰਤ ਪ੍ਰਕਾਰ ਦਾ ਸੁੱਖ ਭੋਗੋ॥ ੫੧॥

ਤਿਨ ਕੇ ਬਚਨ ਸੁਨੇ ਧ੍ਰੂਵ ਜਬ ਹੀ। ਸੁਰ ਸਰਿ ਮੈਂ ਸ਼ਨਾਨ ਕਿਯ ਤਬਹੀ।
ਸਰਬ ਰਿਖਿਨਿ ਕੋ ਬੰਦਨ ਕੀਨੀ। ਹਰਖਤਿ ਹ੍ਵੈ ਸ਼ੁਭ ਆਸ਼ਿਖ ਲੀਨੀ ॥੫੨॥

ਧ੍ਰੂਅ ਨੇ ਜਦ ਉਨ੍ਹਾਂ ਦੇ ਬਚਨ ਸੁਣੇ। ਦੇਵਤਿਆਂ ਦੇ ਸਰੋਵਰ ਵਿਚ ਤਦ ਹੀ ਇਸ਼ਨਾਨ ਕੀਤਾ। ਸਾਰੇ ਰਿਖੀਆਂ ਨੂੰ ਬੰਦਨਾ ਕੀਤੀ, ਸਾਰੇ ਪ੍ਰਸਨ ਹੋ ਗਏ ਅਤੇ ਉਨ੍ਹਾਂ ਪਾਸੋਂ ਅਸੀਸਾਂ ਲਈਆਂ॥ ੫੨॥

ਪੁਨ ਬਿਮਾਨ ਪੂਜਾ ਭਲਿ ਭਾਂਤੀ। ਤੀਨ ਪ੍ਰੱਦਛਨ ਦੀਨਿ ਸੁਹਾਤੀ।
ਸਰਬ ਗਣਨ ਕੋ ਬੰਦਨ ਕਰਿਕੈ। ਚਢਜੋ ਬਿਮਾਨ ਹਰਖ ਉਰ ਭਰਿਕੈ ॥੫੩॥

ਫਿਰ ਬਿਬਾਣ ਦੀ ਭਲੀ ਭਾਂਤ ਪੂਜਾ ਕੀਤੀ। ਤਿੰਨ ਪਰਿਕਰਮਾਂ ਕੀਤੀਆਂ, ਸਾਰੇ ਗਣਾਂ ਨੂੰ ਬੰਦਨਾ ਕਰਕੇ ਅਤੇ ਦਿਲ ਵਿਚ ਪ੍ਰਸੰਨ ਹੋ ਕੇ ਬਿਮਾਨ ਤੇ ਚੜ੍ਹ ਗਿਆ॥ ੫੩॥

ਦੇਵਨ ਬਾਦਿਤ ਸਰਬ ਬਜਾਏ। ਪੁਸ਼ਪਾਂਜੁਲ ਬਹੁਤੇ ਬਰਖਾਏ।
ਜਯ ਜਯ ਧੁਨਿ ਚਹੁੰ ਓਰ ਉਚਾਰੀ। ਚਲਜੋ ਬਿਮਾਨ ਮਹਾ ਸੁਖਕਾਰੀ ॥੫੪॥

ਦੇਵਤਿਆਂ ਨੇ ਸਾਰੇ ਵਾਜੇ ਵਜਾਏ, ਫੁੱਲਾਂ ਦੇ ਉਨ੍ਹਾਂ ਬੁੱਕ ਭਰ-ਭਰ ਸੁਟੇ। ਜੈ ਜੈ ਦੀ ਧੁਨੀ ਚਾਰੇ ਪਾਸੇ ਗੂੰਜ ਗਈ ਅਤੇ ਮਹਾ ਸੁਖਕਾਰੀ ਬਿਮਾਨ ਚਲ ਪਿਆ॥ ੫੪॥

ਸਭਿਹਿਨਿ ਤੇ ਊਚੇ ਅਸਥਾਨਾ। ਪਹੁੰਚਜੋ ਚਲਿ ਕਰਿ ਰੁਚਿਰ ਬਿਮਾਨਾ।
ਸ੍ਰੀ ਅੰਗਦ ਸੁਨਿਯੇ ਗੁਨ ਖਾਨੀ !। ਸ੍ਰੀ ਗੁਰ ਭਾਖੀ ਸਰਬ ਕਹਾਨੀ ॥੫੫॥

ਸੁੰਦਰ ਬਿਬਾਣ ਸਾਰਿਆਂ ਤੋਂ ਉਚੇ ਅਸਥਾਨ ਤੇ ਜਾ ਕੇ ਪੁੱਜਾ। ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਗੁਣਾਂ ਦੀ ਖਾਣ ! ਸ੍ਰੀ ਗੁਰੂ ਜੀ ਨੇ ਸਾਰੀ ਕਹਾਣੀ ਬਿਆਨ ਕੀਤੀ॥ ੫੫॥

ਸੁਨਿ ਮਰਦਾਨਾ ਕਹਿ ਚਿਤ ਚਾਹੀ। 'ਸ੍ਰੀ ਪ੍ਰਭੁ ! ਦਰਸ ਕਰਹਿਂ ਅਬ ਤਾਂਹੀ।
ਜਿਹ ਕੋ ਰੁਚਿਰ ਚਰਿਤ ਤੁਮ ਭਾਖਾ। ਤਿਹ ਕੇ ਦੇਖਿਨ ਕੀ ਅਭਿਲਾਖਾ ॥੫੬॥

ਇਹ ਸੁਣ ਕੇ ਮਰਦਾਨੇ ਆਪਣੇ ਮਨ ਦੀ ਗੱਲ ਕਹੀ, "ਹੇ ਪ੍ਰਭੂ ! ਹੁਣ ਉਨ੍ਹਾਂ ਦੇ ਦਰਸ਼ਨ ਕਰੀਏ, ਇਸ ਦਾ ਸੁੰਦਰ ਚਰਿਤਰ ਤੁਸੀਂ ਬਿਆਨ ਕੀਤਾ ਹੈ, ਉਸ ਨੂੰ ਵੇਖਣ ਦੀ ਵੱਡੀ ਅਭਿਲਾਸ਼ਾ ਹੈ"॥ ੫੬॥

ਸ੍ਰੀ ਗੁਰੁ ਭਨੈ 'ਸੁਨਹੁ ਮਰਦਾਨਾ !। ਚਲਹੁ ਦਿਖਾਵੈਂ ਤਿਹ ਇਸਥਾਨਾ'।
ਅਸ ਕਹਿ ਗਮਨ ਕਿਯੋ ਤਤਕਾਲਾ। ਧ੍ਰੂਵ ਮੰਡਲ ਮਹਿਂ ਗਏ ਕ੍ਰਿਪਾਲਾ ॥੫੭॥

ਸ੍ਰੀ ਗੁਰੂ ਜੀ ਨੇ ਫੁਰਮਾਇਆ, "ਹੇ ਮਰਦਾਨਾ ! ਸੁਣੋ, ਚਲੋ ਤੁਹਾਨੂੰ ਮੈਂ ਉਹ ਅਸਥਾਨ ਵਖਾਉਂਦਾ ਹਾਂ।" ਇਹ ਕਹਿ ਕੇ ਤੁਰੰਤ ਰਵਾਨਾ ਹੋ ਗਏ। ਕਿਰਪਾਲੂ ਗੁਰੂ ਜੀ ਧ੍ਰੂਅ ਮੰਡਲ ਵਿਚ ਚਲੇ ਗਏ॥ ੫੭॥

ਦੋਹਰਾ- ਫਿਰਤਿ ਹੁਤੋ ਧ੍ਰੁਵ ਥਾਨ ਨਿਜ ਦੇਖਿ ਹਮਾਰੀ ਓਰ।
ਉਰ ਬਿਚਾਰ ਤ੍ਰੈ ਨਰ ਇਹਾਂ ਆਏ ਕਿਹ ਕੇ ਜੋਰ॥ ੫੮॥

ਧ੍ਰੂਅ ਜਿਸ ਸਥਾਨ ਤੇ ਫਿਰ ਰਿਹਾ ਸੀ, ਉਸ ਸਾਨੂੰ ਵੇਖ ਕੇ ਹਿਰਦੇ ਵਿਚ ਇਹ ਵਿਚਾਰ ਕੀਤਾ ਕਿ ਇਹ ਤਿੰਨ ਆਦਮੀ ਏਥੇ ਕਿਸ ਦੀ ਤਾਕਤ ਨਾਲ ਆਏ ਹਨ॥ ੫੮॥

ਚੌਪਈ- ਪਹੁੰਚੇ ਤਿਹ ਸਮੀਪ ਜਬ ਜਾਈ। 'ਸ੍ਰੀ ਕਰਤਾਰ ਕਰਤਾਰ ਅਲਾਈ।
ਬੂਝਤਿ ਧ੍ਰੁਵ 'ਕੌਨ ਤੁਮ ਆਏ ?। ਭੂਚਰ ਖੇਚਰ ਕਿਨ ਪਹੁੰਚਾਵੇ? ॥੫੯॥

ਜਦ ਉਸ ਦੇ ਨਜ਼ਦੀਕ ਪਹੁੰਚੇ ਤਾਂ ਗੁਰੂ ਜੀ ਨੇ 'ਸ੍ਰੀ ਕਰਤਾਰ! ਸ੍ਰੀ ਕਰਤਾਰ' ਕਿਹਾ। ਧ੍ਰੂਅ ਪੁਛਣ ਲੱਗਾ, ਤੁਸੀ ਕੌਣ ਆਏ ਹੋ? ਪ੍ਰਿਥਵੀ ਤੇ ਫਿਰਨ ਵਾਲੇ ਲੋਕਾਂ ਨੂੰ ਅਕਾਸ਼ ਵਿਚ ਘੁੰਮਣ ਵਾਲਿਆਂ ਵਿਚ ਕਿਸ ਨੇ ਪੁਚਾਇਆ ਹੈ? ॥ ੫੯॥

ਕੈਸੇ ਮਾਰਗ ਲੀਨ ਪਛਾਨਾ? ਆਗੈ ਕਿਤ ਕੋ ਕੀਨ ਪਯਾਨਾ?
ਬਿਖਮ ਪੰਥ ਵਡ ਕਿਉਂ ਕਰਿ ਆਏ ? ਦੇਵ ਨ ਦਾਨਵ ਕਿਨਹੂੰ ਖਾਏ? ॥੬੦॥

ਰਸਤੇ ਨੂੰ ਕਿਵੇਂ ਪਛਾਣ ਲਿਆ ਹੈ ? ਅੱਗੇ ਕਿਥੇ ਚਲੇ ਹੋ ? ਏਨਾ ਕਠਨ ਰਾਹ ਕਿਉਂ ਚਲ ਕੇ ਆਏ ਹੋ ? ਦੇਵ ਦੈਂਤਾ ਕਿਸੇ ਨੇ ਖਾਧਾ ਨਹੀਂ ? ॥ ੬੦॥

ਪੂਰਬ ਭਈ ਨ ਕਬਹੂੰ ਐਸੇ। ਦੇਹਿ ਸਹਿਤ ਆਏ ਅਬ ਜੈਸੇ।
ਬਿਖਮ ਪਹਾਰ ਉਲੰਘੇ ਸਾਰੇ। ਯੋ ਸੁਨਿ ਸ੍ਰੀ ਗੁਰੁ ਬਚਨ ਉਚਾਰੇ॥ ੬੧॥

ਪਹਿਲਾਂ ਤਾਂ ਇਸ ਤਰ੍ਹਾਂ ਕਦੇ ਨਹੀਂ ਹੋਇਆ ਹੈ। ਜਿਸ ਤਰ੍ਹਾਂ ਤੁਸੀਂ ਸਰੀਰ ਸਮੇਤ ਆਏ ਹੋ ? ਔਖੇ ਅਤੇ ਕਠਨ ਪਹਾੜ ਉਲੰਘ ਕੇ ਆਏ ਹੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ ॥ ੬੧॥

ਦੋਹਰਾ- 'ਸੱਤਿਨਾਮ ਕਰਤਾ ਪੁਰਖੁ ਕੀਨ ਭਗਤਿ ਤਿਹ ਜੋਰ।
ਮਾਰਗ ਭਲੇ ਪਛਾਨਿਕੈ ਆਏ ਤੁਮਰੀ ਓਰ॥ ੬੨॥

ਸਤਨਾਮ ਕਰਤਾ ਪੁਰਖ ਦੀ ਭਗਤੀ ਕੀਤੀ ਹੈ, ਉਸ ਦੇ ਜ਼ੋਰ ਨਾਲ ਮਾਰਗ ਭਲਾ ਪਛਾਣ ਕੇ ਤੁਹਾਡੇ ਵਲ ਆਏ ਹਾਂ॥ ੬੨॥

ਚੌਪਈ- ਧਰਜੋ ਧਯਾਨ ਜਬ ਸ੍ਰੀ ਕਰਤਾਰਾ। ਸਭਿਹੀ ਮਾਰਗ ਭਯੋ ਸੁਖਾਰਾ।
ਨਿਰੰਕਾਰ ਕੇ ਦਰਸ਼ਨ ਆਏ। ਦਾਨਵ ਦੇਵ ਚਰਨ ਕੋ ਲਾਏ॥ ੬੩॥

ਜਦ ਸ੍ਰੀ ਕਰਤਾਰ ਦਾ ਧਿਆਨ ਧਾਰਨ ਕੀਤਾ ਹੈ, ਸਾਰੇ ਮਾਰਗ ਸੁਖਾਲੇ ਹੋ ਗਏ ਹਨ। ਨਿਰੰਕਾਰ ਦੇ ਦਰਸ਼ਨ ਕਰਨ ਆਏ ਹਾਂ, ਦਾਨਵ ਦੇਵ ਸਾਡੇ ਚਰਨ ਛੂੰਹਦੇ ਹਨ॥ ੬੩॥

ਦਰਸ਼ਨ ਕੀ ਅਭਿਲਾਖ ਹਮਾਰੈ। ਬਰ ਦੀਜੈ ਜਿਉਂ ਬੇਗ ਨਿਹਾਰੈਂ।
ਬਾਲ ਬੈਸ ਤੇ ਭਗਤ ਸਪੂਰਨ। ਮਹਿਮਾ ਅਧਿਕ ਤੋਰ ਗੁਨ ਰੂਰਨ॥੬੪॥

ਦਰਸ਼ਨ ਦੀ ਸਾਨੂੰ ਅਭਿਲਾਸ਼ਾ ਹੈ, ਵਰ ਦੇਵੋ ਜਿਵੇਂ ਵੇਖਦੇ ਹੋ। ਤੁਸੀਂ ਬਾਲ ਉਮਰ ਤੋਂ ਸੰਪੂਰਨ ਭਗਤ ਹੋ। ਹੇ ਸੁੰਦਰ ਗੁਣਾਂ ਵਾਲੇ ! ਤੁਹਾਡੀ ਬਹੁਤ ਮਹਿਮਾ ਹੈ॥ ੬੪॥

ਜਾਨਹੁ ਨਾਨਕ ਨਾਮ ਹਮਾਰਾ। ਦਰਸ਼ਨ ਭਗਤਨ ਕੋ ਸੁਖਸਾਰਾ।

ਧ੍ਰੂਵ ਨੈ ਸੁਨਜੋ ਨਾਮ ਅਸ ਜਬ ਹੀ। ਨਮੋ ਕੀਨਿ ਕਰ ਜੋਰੇ ਤਬਹੀ ॥੬੫॥

ਸਾਡਾ ਨਾਂ ਨਾਨਕ ਜਾਣੋ। ਭਗਤਾਂ ਦੇ ਦਰਸ਼ਨ ਕਰਕੇ ਸੁਖਾਂ ਦੀ ਸਾਰ ਪ੍ਰਾਪਤ ਹੁੰਦੀ ਹੈ।'' ਧ੍ਰੂਅ ਨੇ ਜਦ ਇਹ ਨਾ ਸੁਣਿਆ ਤਾਂ ਉਸੇ ਵੇਲੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ॥ ੬੫॥

ਕਹਨ ਲਗਜੋ 'ਪੂਰਬ ਸੁਧ ਪਾਈ। ਧਰਾਵਤਾਰ ਪ੍ਰਭੂ ਧਰਿ ਜਾਈ।
ਆਨਿ ਨਿਕਟ ਮੁਝ ਦਰਸ਼ਨ ਦੀਨੰ। ਲੋਚਨ ਗੋਚਰ ਸਫਲੀ ਕੀਨੰ ॥੬੬॥

ਕਹਿਣ ਲੱਗਾ, "ਮੈਨੂੰ ਪਹਿਲਾ ਹੀ ਖਬਰ ਮਿਲ ਗਈ ਸੀ ਕਿ ਪ੍ਰਭੂ ਅਵਤਾਰ ਧਾਰ ਕੇ ਧਰਤੀ ਤੇ ਜਾਣਗੇ। ਮੇਰੇ ਪਾਸ ਆ ਕੇ ਮੈਨੂੰ ਦਰਸ਼ਨ ਦਿੱਤੇ ਹਨ। ਮੇਰੇ ਨੇਤ੍ਰਾਂ ਦੀ ਦ੍ਰਿਸ਼ਟੀ ਨੂੰ ਸਫਲ ਕੀਤਾ ਹੈ"॥ ੬੬॥

ਸ੍ਰੀ ਅੰਗਦ ਜੀ ਸੁਨੁ ਸੁਖ ਰਾਸੂ !। ਯੌਂ ਹਰਖਤਿ ਕਿਯ ਬਚਨ ਬਿਲਾਸੂ।
ਕਿਤਿਕ ਕਾਲ ਬੈਠੇ ਜਗ ਸ੍ਵਾਮੀ। ਤਿਹ ਪਦ ਕਵੀ ਨਮਾਮਿ ਨਮਾਮੀ ॥੬੭॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ਸੁਖਾਂ ਦੀ ਰਾਸ ! ਸੁਣੋ, ਇਸ ਤਰ੍ਹਾਂ ਖੁਸ਼ ਹੋ ਕੇ ਬਚਨ ਬਿਲਾਸ ਕੀਤਾ। ਕਾਫ਼ੀ ਸਮਾਂ ਜਗਤ ਸਵਾਮੀ ਭਾਵ ਗੁਰੂ ਜੀ ਉਥੇ ਠਹਿਰੇ, ਉਨ੍ਹਾਂ ਦੇ ਚਰਨ ਕੰਵਲਾਂ ਤੇ ਕਵੀ ਦੀ ਨਮਸਕਾਰ ਹੈ॥ ੬੭॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਧ੍ਰੂਵ ਪ੍ਰਸੰਗ ਬਰਨਨੰ ਨਾਮ ਬਹੱਤ੍ਰਮੋ ਅਧਯਾਯ॥ ੭੨॥*

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਬਹੱਤਰਵਾਂ ਅਧਿਆਇ, ਜਿਸ ਦਾ ਨਾਮ "ਧ੍ਰੂਵ ਪ੍ਰਸੰਗ" ਹੈ, ਸਮਾਪਤ ਹੋਇਆ ॥ ੭੨॥

## ਅਧਿਆਇ ਤਿਹੱਤਰਵਾਂ

*ਸੱਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣ ਪ੍ਰਸੰਗ।*

ਦੋਹਰਾ- ਅਦਭੁਤ ਸੰਤ ਸਮਾਜ ਸਰੁ ਕਰਿ ਸ਼ਨਾਨ ਮਿਲਿ ਤਾਂਹਿ।
ਬਾਇਸ ਤੇ ਪਿਕ ਹੋਤਿ ਹੈ ਬਕ ਤੇ ਹੰਸ ਕਰਾਹਿ॥ ੧॥

ਸੰਤਾਂ ਦਾ ਸੰਗ ਇਕ ਅਸਚਰਜ ਸਰੋਵਰ ਹੈ, ਜਿਨ੍ਹਾਂ ਨੂੰ ਮਿਲਣਾ (ਰੂਪੀ) ਇਸ਼ਨਾਨ ਕਰਨ ਨਾਲ ਕਾਂ ਤੋਂ ਕੋਇਲ ਹੋ ਜਾਂਦੇ ਹਨ ਅਤੇ ਜੋ ਬਗਲੇ ਤੋਂ ਹੰਸ ਬਣਾ ਲੈਂਦਾ ਹੈ॥ ੧॥

*ਸ੍ਰੀ ਬਾਲਾ ਸੰਧੁਰੁ ਵਾਚ॥*

ਚੌਪਈ- ਬਾਲਾ ਕਹਿਤਿ ਰੁਚਿਰ ਇਤਿਹਾਸਾ। ਸ੍ਰੀ ਅੰਗਦ ਜੀ ਸੁਨਿ ਸੁਖਰਾਸਾ !।
ਹਮ ਕੋ ਧ੍ਰੂਵ ਲੋਕ ਮਹਿੰ ਛੋਰਾ। ਗਮਨੇ ਸੱਚਖੰਡ ਕੀ ਓਰਾ॥ ੨॥

*ਭਾਈ ਬਾਲੇ ਨੇ ਕਿਹਾ-* ਹੇ ਸ੍ਰੀ ਗੁਰੂ ਅੰਗਦ ਦੇਵ ਜੀ, ਸੁੱਖਾਂ ਦੇ ਘਰ ! ਸੁੰਦਰ ਗੁਰੂ ਇਤਿਹਾਸ ਸੁਣੋ। ਸਾਨੂੰ ਧ੍ਰੂਅ ਲੋਕ ਵਿਚ ਛੱਡ ਕੇ, ਗੁਰੂ ਜੀ ਸੱਚਖੰਡ ਵਲ ਚਲੇ ਗਏ॥ ੨॥

ਤਿਹ ਬ੍ਰਿਤੰਤ ਦੇਖਜੋ ਨਹਿੰ ਕੈਸੇ। ਜਜੋਂ ਮੈਂ ਸੁਨਜੋ ਸੁਨਾਵੋਂ ਤੈਸੇ।
ਛਿਨਕ ਬਿਖੈ ਪਹੁਚੇ ਸੁਖਦਾਨੀ। ਜਿਹਂ ਸੁਠ ਰਚਨਾ ਬਨੀ ਮਹਾਨੀ ॥੩॥

ਉਹ ਬ੍ਰਿਤਾਂਤ ਅਸੀ ਵੇਖਿਆ ਨਹੀਂ ਕਿਵੇਂ ਹੋਇਆ, ਪਰ ਜਿਸ ਤਰ੍ਹਾਂ ਮੈਂ ਸੁਣਿਆ ਹੈ, ਉਸ ਤਰ੍ਹਾਂ ਬਿਆਨ ਕਰਦਾ ਹਾਂ। ਸੁੱਖਾਂ ਦੇ ਦਾਤੇ ਝੱਟ ਓਥੇ ਪਹੁੰਚ ਗਏ, ਜਿਥੇ ਸੁੰਦਰ ਮਹਾਨ ਰਚਨਾ ਬਣੀ ਸੀ॥ ੩॥

ਅਨਿਕ ਬਿਧਿਨਿ ਕੇ ਉਪਬਨ ਰੂਰੇ। ਸ਼ਾਖਾ ਨਿਵੀਂ ਫਲਨ ਰਸ ਪੂਰੇ।
ਕੁਸਮ ਬਾਟਿਕਾ ਬਨੀ ਸੁਹਾਈ। ਭੌਰ ਗੁੰਜਾਰ ਜਿਨਹਿਂ ਪਰ ਲਾਈ॥ ੪॥

ਓਥੇ ਕਈ ਪ੍ਰਕਾਰ ਦੇ ਸੁੰਦਰ ਬਾਗ ਹਨ, ਦਰੱਖਤਾਂ ਦੀਆਂ ਟਹਿਣੀਆਂ ਰਸਦਾਰ ਫਲਾਂ ਨਾਲ ਨੀਵੀਆਂ ਹੋਈਆਂ ਹਨ। ਫੁੱਲਾਂ ਦੀਆਂ ਬਗੀਚੀਆਂ ਬੜੀਆਂ ਸੁੰਦਰ ਬਣੀਆਂ ਸਨ, ਜਿਨ੍ਹਾਂ ਉੱਤੇ ਬੈਠੇ ਭੌਰੇ ਗੂੰਜ ਰਹੇ ਸਨ॥ ੪॥

ਕਰਹਿਂ ਨਿਰੰਤਰ ਹਰਿ ਜਸ ਗਾਨਾ। ਹੰਸ, ਕੀਰ, ਪਿਕ, ਜੇ ਖਗ ਨਾਨਾ।
ਪੌਰ ਵਡੇ ਸੁੰਦਰ ਉਜਿਆਰਾ। ਹੀਰੇ ਮਾਨਿਕ ਲਗੇ ਅਪਾਰਾ॥ ੫॥

ਸਦਾ ਹੀ ਹਰੀ ਦੇ ਜੱਸ ਦਾ ਗਾਇਨ ਕਰਦੇ ਹਨ। ਹੰਸ, ਤੋਤੇ, ਕੋਇਲ ਅਤੇ ਹੋਰ ਅਨੇਕ ਪ੍ਰਕਾਰ ਦੇ ਪੰਛੀ ਹਨ। ਦਰਵਾਜ਼ਾ ਬੜਾ ਸੁੰਦਰ ਅਤੇ ਰੋਸ਼ਨ ਹੈ। ਉਸ ਨੂੰ ਅਪਾਰ ਹੀਰੇ ਮਾਣਕ ਲੱਗੇ ਹੋਏ ਹਨ॥ ੫॥

ਅਹੈਂ ਭਗਤ ਜਿਨ ਮੋਖ ਸ਼ਲੋਕਾ। ਬਿਚਰਤਿ ਹੈਂ ਹਰਖਤਿ ਬਿਨ ਸ਼ੋਕਾ।
ਸੁਪਨੇ ਮਾਤਰ ਜਹਿਂ ਨ ਬਿਕਾਰਾ। ਰਿਦੈ ਪ੍ਰਕਾਸ਼ਹਿ ਗਿਆਨ ਅਪਾਰਾ॥ ੬॥

ਅਜੇਹੇ ਭਗਤ ਜਿਨ੍ਹਾਂ ਸ਼ਲੋਕਾ ਨਾਮੀ ਮੁਕਤੀ ਪ੍ਰਾਪਤ ਕੀਤੀ ਸੀ, ਉਹ ਓਥੇ ਕਿਸੇ ਦੁਖ ਤੋਂ ਬਗੈਰ ਪ੍ਰਸੰਨ ਚਿਤ ਫਿਰ ਰਹੇ ਸਨ। ਸੁਪਨੇ ਮਾਤਰ ਵੀ ਉਨ੍ਹਾਂ ਕੋਈ ਵਿਕਾਰ ਨਹੀਂ ਸੀ ਕੀਤਾ। ਉਨ੍ਹਾਂ ਦੇ ਹਿਰਦੇ ਅਪਾਰ ਗਿਆਨ ਨਾਲ ਪ੍ਰਕਾਸ਼ ਰਹੇ ਸਨ॥ ੬॥

ਸੁੰਦਰ ਮੰਦਰ ਕੰਚਨ ਕੇਰੇ। ਖਚੀ ਮਣਿਨ ਜਗਮਗਤ ਘਨੇਰੇ।
ਸਿਲਾ ਫਟਕ ਕੀ ਮਲਯ ਕਪਾਟਾ। ਮੁਕਤਾ ਕੀ ਤੋਰਣ ਦਰ ਠਾਟਾ॥ ੭॥

ਸੁੰਦਰ ਘਰ ਸੋਨੇ ਦੇ ਬਣੇ ਹੋਏ ਹਨ। ਜੜੀਆਂ ਹੋਈਆਂ ਮਣੀਆਂ ਬਹੁਤ ਚਮਕਦੀਆਂ ਹਨ। ਬਲੌਰ ਦੀਆਂ ਚੋਗਾਠਾਂ ਹਨ, ਜਿਨ੍ਹਾਂ ਨੂੰ ਚੰਦਨ ਦੇ ਤਖਤੇ ਲੱਗੇ ਹੋਏ ਹਨ। ਦਰਵਾਜ਼ਿਆਂ ਉੱਤੇ ਮੋਤੀਆਂ ਦੀਆਂ ਬੰਦਨਵਾਰਾਂ ਸਜਾਈਆਂ ਹੋਈਆਂ ਹਨ॥੭॥

ਤਹਿਂ ਜਬ ਪਹੁਚੇ ਸ੍ਰੀ ਗੁਨ ਖਾਨੀ। ਭਗਤਨ ਸਭਿਨਿ ਬੰਦਨਾ ਠਾਨੀ।
ਅਨਿਕ ਭਾਂਤਿ ਕੀ ਉਸਤਤਿ ਕਰਿਕੈ। ਪਰਮ ਸੁਖੀ ਭੇ ਰੂਪ ਨਿਹਰਿਕੈ॥ ੮॥

ਜਦ ਗੁਣਾਂ ਦੀ ਖਾਣ ਗੁਰੂ ਜੀ ਓਥੇ ਪਹੁੰਚੇ, ਸਾਰੇ ਭਗਤਾਂ ਨੇ ਉਠ ਕੇ ਬੰਦਨਾ ਕੀਤੀ। ਅਨੇਕ ਭਾਂਤ ਦੀ ਉਸਤਤ ਕਰਕੇ, ਰੂਪ ਵੇਖ ਕੇ ਪਰਮ ਸੁਖੀ ਹੋ ਗਏ॥

ਤਹਿਂ ਤੇ ਗਮਨੇ ਬਹੁਰ ਅਗਾਰੀ। ਬਨੀ ਮੰਦਿਰਨ ਉਪਮਾ ਭਾਰੀ।
ਅਜਰਨ ਬਿਖੇ ਮਣਿਨ ਗਚਕਾਰੀ। ਜਿਨਕੇ ਬਰਨ ਅਨੇਕ ਪ੍ਰਕਾਰੀ॥ ੯॥

ਫਿਰ ਉਸ ਤੋਂ ਕੁਝ ਹੋਰ ਅੱਗੇ ਗਏ ਜਿਥੇ ਘਰਾਂ ਦੀ ਭਾਰੀ ਉਪਮਾ ਬਣੀ ਹੈ। ਵੇਹੜਿਆਂ ਵਿਚ ਜੜਾਊ ਮਣੀਆਂ ਹਨ, ਜਿਨ੍ਹਾਂ ਦਾ ਵਰਨਣ ਅਨੇਕ ਪ੍ਰਕਾਰ ਦਾ ਹੈ॥ ੯॥

ਬਸਹਿਂ ਭਗਤ ਤਿਨ ਬੀਚ ਅਨੂਪਾ। ਜਿਨਹੀਂ ਪਾਈ ਮੋਖ ਸਰੂਪਾ।
ਪੀਤ ਬਸਨ ਤਨ ਸ਼ਯਾਮ ਸੁ ਬਰਨਾ। ਅਤਿ ਸੁੰਦਰ ਛਬਿ ਮਨ ਕੀ ਹਰਨਾ॥੧੦॥

ਉਨ੍ਹਾਂ ਵਿਚ ਅਨੂਪਮ ਭਗਤ ਵੱਸ ਰਹੇ ਹਨ। ਜਿਨ੍ਹਾਂ ਦੇ ਸਰੂਪ ਨਾਮੇ ਮੁਕਤੀ ਹਨ। ਉਨ੍ਹਾਂ ਦੇ ਪੀਲੇ ਵਸਤਰ ਹਨ ਅਤੇ ਕਾਲੇ ਸੁੰਦਰ ਸਰੀਰ ਹਨ। ਉਨ੍ਹਾਂ ਦੀ ਅਤੀ ਸੁੰਦਰ ਛਬ, ਮਨਾਂ ਨੂੰ ਮੋਹਿਤ ਕਰਨ ਵਾਲੀ ਹੈ॥ ੧੦॥

ਦੋਹਰਾ- ਨੀਲ ਸ਼ਿਲਾ ਪਰ ਭੋਰ ਜਿਉਂ ਆਤਪ ਪਰਜੋ ਸੁਹਾਇ।
ਕੁੰਡਲ ਮੀਨਾਕਾਰ ਜੇ ਪਹਿਰੇ ਕਰਨ ਸੁਭਾਇ॥ ੧੧॥

ਨੀਲੀ ਸਿਲ ਤੇ ਜਿਵੇਂ ਸਵੇਰ ਦੀ ਧੁੱਪ ਪਈ ਬੜੀ ਸੁਹਾਵਣੀ ਲਗਦੀ ਹੈ, ਜੜਾਊ ਕੁੰਡਲ ਜਿਹੜੇ ਕੰਨਾਂ ਵਿਚ ਪਾਏ ਹੋਏ ਹਨ, ਬੜੇ ਸੋਭਦੇ ਹਨ॥ ੧੧॥

ਚੌਪਈ- ਚਾਰੁ ਭੁਜਾ ਭੂਖਨ ਜਿਨ ਚਾਰੂ। ਕੰਕਨ ਅੰਗਦ ਮੁੰਦ੍ਰਿਕ ਧਾਰੂ।
ਸੀਸ ਕਿਰੀਟ ਧਰੇ ਛਬਿ ਪਾਵਤਿ। ਅਤਿ ਕੁੰਤਲ ਕਚ ਮਨਹਿਂ ਚੁਰਾਵਤਿ॥੧੨॥

ਸੁੰਦਰ ਬਾਹੂ ਹਨ ਅਤੇ ਸੁੰਦਰ ਗਹਿਣੇ ਪਾਏ ਹੋਏ ਹਨ। ਕੜੇ, ਬੁਹੱਟੇ ਅਤੇ ਛੱਲੇ ਮੁੰਦਰੀਆਂ ਧਾਰਨ ਕੀਤੀਆਂ ਹੋਈਆਂ ਹਨ। ਸਿਰ ਤੇ ਮੁਕਟ ਧਰੇ ਬੜੇ ਸੁੰਦਰ ਲੱਗ ਰਹੇ ਹਨ ਅਤੇ ਅਤੀ ਕੁੰਡਲਦਾਰ ਵਾਲ ਮਨਾਂ ਨੂੰ ਬੜੇ ਦਿਲਕਸ਼ ਲੱਗਦੇ ਸਨ॥ ੧੨॥

ਤਹਾਂ ਪਹੂਚੇ ਜਾਇ ਕ੍ਰਿਪਾਲਾ। ਮਿਲੇ ਭਗਤ ਉਠਿ ਪ੍ਰੇਮ ਬਿਸਾਲਾ।
ਬੰਦਨ ਕਰਿਹ ਬੰਦਿ ਕਰ ਦੋਊ। ਪਰਮ ਅਨੰਦ ਪਾਇ ਉਰ ਸੋਊ॥੧੩॥

ਕ੍ਰਿਪਾਲੂ ਗੁਰੂ ਜੀ ਉਨ੍ਹਾਂ ਪਾਸ ਪਹੁੰਚ ਗਏ, ਭਗਤ ਉੱਠ ਕੇ ਬੜੇ ਪ੍ਰੇਮ ਨਾਲ ਮਿਲੇ। ਉਨ੍ਹਾਂ ਸਾਰਿਆਂ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਹਿਰਦੇ ਵਿਚ ਪਰਮ ਆਨੰਦ ਪ੍ਰਾਪਤ ਕੀਤਾ॥ ੧੩॥

ਪਰਸੰਸਹਿ 'ਤੁਮ ਆਦਿ ਅਨਾਦੂ। ਸਰਬ ਜਨਨ ਦਾਨੀ ਅਹਿਲਾਦੂ।
ਮਹਿਮਾ ਨਾਮ ਜਗਤ ਬਿਸਤਾਰਕ। ਜੁਗ ਜੁਗ ਭਗਤਨ ਕੋ ਰਖਵਾਰਕ' ॥੧੪॥

ਸਾਰੂਪ ਮੁਕਤੀ ਵਾਲੇ ਭਗਤਾਂ ਨੇ ਗੁਰੂ ਜੀ ਦੀ ਇਸ ਤਰ੍ਹਾਂ ਮਹਿਮਾ ਕੀਤੀ, "ਤੁਸੀਂ ਸਭ ਦਾ ਆਦਿ ਹੋ ਤੇ ਆਪ ਆਦਿ ਰਹਿਤ ਹੋ। ਤੁਸੀ ਸਭ ਸੇਵਕਾਂ ਦੇ ਅਨੰਦ ਦਾਤਾ ਹੋ। ਨਾਮ ਦੀ ਮਹਿਮਾ ਜਗਤ ਵਿਚ ਫੈਲਾਉਣ ਵਾਲੇ ਹੋ ਅਤੇ ਜੁਗ ਜੁਗ ਭਗਤਾਂ ਦੀ ਰਖਵਾਲੀ ਕਰਦੇ ਹੋ"॥ ੧੪॥

ਮ੍ਰਿਦੁਲ ਮਧੁਰਜ ਤਿਨ ਸੋਂ ਬਚ ਕਹਿਕੈ। ਗਮਨੇ ਪ੍ਰਭੁ ਦਰਸ਼ਨ ਹਿਤ ਚਹਿਕੈ।
ਗੇ ਆਗੇ ਬੇਦੀ ਕੁਲਦੀਪਾ। ਜਹਿਂ ਜਨ ਪਾਈ ਮੋਖ ਸਮੀਪਾ॥ ੧੫॥

ਉਨ੍ਹਾਂ ਨਾਲ ਮੁਲਾਇਮ ਅਤੇ ਮਿੱਠੇ ਬਚਨ ਕਹਿ ਕੇ, ਪ੍ਰਭੂ ਦੇ ਦਰਸ਼ਨ ਦੀ ਚਾਹ ਲੈ ਕੇ ਗੁਰੂ ਜੀ ਅੱਗੇ ਚਲੇ ਗਏ। ਜਿਨ੍ਹਾਂ ਮਨੁੱਖਾਂ ਨੇ ਸਾਮੀਪ ਨਾਮੇ ਮੁਕਤੀ ਪਾਈ ਸੀ, ਉਨ੍ਹਾਂ ਦੇ ਪਾਸ ਪਹੁੰਚ ਗਏ॥ ੧੫॥

ਤਿਹ ਕੀ ਮਹਿਮਾ ਕੌਨ ਉਚਰਿਹੀ। ਜੇ ਸਦੀਵ ਦਰਸ਼ਨ ਅਨੁਸਰਿਹੀ।
ਤਹਿਂ ਜਬ ਪਹੁੰਚੇ ਦੀਨਾਨਾਥੂ। ਉਠਿ ਕਰਿ ਸਰਬ ਮਿਲੇ ਹਿਤ ਸਾਥੂ॥੧੬॥

ਉਨ੍ਹਾਂ ਦੀ ਮਹਿਮਾਂ ਕੌਣ ਉਚਾਰਨ ਕਰ ਸਕਦਾ ਹੈ, ਜਿਹੜੇ ਸਦਾ ਹੀ ਦਰਸ਼ਨ ਅਨੁਸਾਰੀ ਹਨ। ਜਦ ਦੀਨਾਂ ਦੇ ਨਾਥ ਪ੍ਰਭੂ ਜੀ ਉਥੇ ਪਹੁੰਚੇ, ਸਾਰੇ ਉਠ ਕੇ ਬੜੇ ਪ੍ਰੇਮ ਨਾਲ ਉਨ੍ਹਾਂ ਨੂੰ ਮਿਲੇ॥ ੧੬॥

ਪੁਨ ਆਵਾ ਸ੍ਰੀ ਪ੍ਰਭੁ ਦਰਬਾਰਾ। ਕੋਟ ਸੂਰ ਸਮ ਜਗਮਗ ਕਾਰਾ।
ਮਰਕਤਿ ਪਦਮ ਰਾਗ, ਛਬਿ ਭਾਰੀ। ਮੀਨਾਕਾਰ ਜਹਾਂ ਗਚਕਾਰੀ॥੧੭॥

ਇਸ ਤੋਂ ਬਾਅਦ ਪ੍ਰਭੂ ਦਾ ਦਰਬਾਰ ਆਇਆ। ਜਿਹੜਾ ਕਰੋੜਾਂ ਸੂਰਜਾਂ ਵਾਂਗ ਜਗਮਗਾ ਰਿਹਾ ਹੈ। ਪੰਨੇ, ਨੀਲਮ, ਲਾਲ ਮਣੀਆਂ ਬੜੀਆਂ ਸੁੰਦਰ ਫੱਬ ਰਹੀਆਂ ਹਨ। ਜਿਥੇ ਸਾਰੀ ਮੀਨਾਕਾਰੀ ਜੜਾਊ ਹੈ॥ ੧੭॥

ਹਾਟਕ ਫਟਕ ਪ੍ਰਵਾਲਨ ਥੰਭਾ। ਜਿਨ ਬਿਲੋਕਿ ਮਨ ਹੋਤਿ ਅਚੰਭਾ।
ਹਰਿਤ ਮਣਿਨ ਮਾਣਿਕ ਬਿਚਿ ਹੀਰੇ। ਬਿਰਚੇ ਕੋਰ ਕਾਢਿ ਸੁਠ ਚੀਰੇ॥੧੮॥

ਥੰਮ ਸੋਨੇ ਅਤੇ ਬਲੌਰ ਦੀਆਂ ਗੁੱਲੀਆਂ ਦੇ ਬਣੇ ਹਨ। ਜਿਨ੍ਹਾਂ ਨੂੰ ਵੇਖ ਕੇ ਮਨ ਹੈਰਾਨ ਰਹਿ ਜਾਂਦਾ ਹੈ। ਹਰੇ ਰੰਗ ਦੀਆਂ ਮਣੀਆਂ, ਮਾਣਿਕ ਅਤੇ ਵਿਲੱਖਣ ਹੀਰੇ ਚੰਗੀ ਤਰ੍ਹਾਂ ਨੋਕਦਾਰ ਬਣਾਏ ਹੋਏ ਹਨ॥ ੧੮॥

ਮੁਕਤਾ ਮਾਲਨ ਝਾਲਰ ਝਾਈ। ਦੂਸਰ ਦਿਪਹਿ ਤਿਨਹਿ ਕੀ ਨਜਾਈਂ।
ਚੀਰ ਪਰੋਜਨ ਰਚੇ ਸਰੋਜਾ। ਜਿਨਹਿਂ ਬਿਲੋਕਿ ਲਜਾਇ ਮਨੋਜਾ॥੧੯॥

ਮੋਤੀਆਂ ਦੀਆਂ ਲੜੀਆਂ ਦੀਆਂ ਝਾਲਰਾਂ ਦੀ ਝਮਕ ਪ੍ਰਤਿਬਿੰਬਤ ਹੋ ਕੇ ਦਿਪਤ ਹੋ ਰਹੀ ਹੈ ਕਿ ਮਾਨੋਂ ਉਨ੍ਹਾਂ ਵਰਗੀ ਹੋਰ ਕੋਈ ਵਸਤੂ ਨਹੀਂ ਹੈ। ਫਿਰੋਜ਼ੇ ਚੀਰ ਕੇ ਕੰਵਲ ਬਣਾਏ ਹਨ, ਜਿਨ੍ਹਾਂ ਨੂੰ ਵੇਖ ਕੇ ਕਾਮਦੇਵ ਵੀ ਲਜਿਤ ਹੁੰਦਾ ਹੈ॥੧੯॥

ਮੇਚਕ ਮਣਿ ਕੇ ਭ੍ਰਿੰਗੁ ਬਨਾਏ। ਰਚੇ ਰੁਚਿਰ ਛਬਿ ਕੌਨ ਗਨਾਏ।
ਬੀਚ ਬਚਿੱਤ੍ਰ ਬਿਤਾਨ ਬਨਾਵਾ। ਲਗੀ ਡੋਰ ਮਖਤੂਲ ਸੁਹਾਵਾ॥੨੦॥

ਕਾਲੀਆਂ ਮਣੀਆਂ ਦੇ ਭੌਰੇ ਬਣਾਏ ਹਨ। ਏਨੇ ਸੁੰਦਰ ਬਣੇ ਹਨ ਕਿ ਉਨ੍ਹਾਂ ਦੀ ਛਵੀ ਨੂੰ ਕੌਣ ਬਿਆਨ ਕਰ ਸਕਦਾ ਹੈ। ਵਿਚਕਾਰ ਵਚਿਤਰ ਚੰਦੋਆ ਬਣਾਇਆ ਹੋਇਆ ਹੈ। ਰੇਸ਼ਮ ਦੀ ਵੱਟੀ ਹੋਈ ਡੋਰ ਬਹੁਤ ਸੁਹਾਵਣੀ ਲੱਗਦੀ ਹੈ॥ ੨੦॥

ਸੱਚਖੰਡ ਕੀ ਉਪਮਾ ਜੋਈ। ਉਚਿਰ ਸਕੈ ਅਸ ਕਵਿ ਨਹਿਂ ਕੋਈ।
ਜਹਿਂ ਕੁੰਠਤਿ ਹ੍ਵੈ ਹੈ ਮਨ ਬਾਨੀ। ਕੈਸੇ ਪਰੈ ਤਾਸ ਗਤਿ ਜਾਨੀ॥੨੧॥

ਸੱਚਖੰਡ ਦੀ ਜਿਹੜੀ ਉਪਮਾ ਹੈ, ਉਸ ਨੂੰ ਕਿਹੜਾ ਕਵੀ ਬਿਆਨ ਕਰ ਸਕਦਾ ਹੈ। ਜਿਥੇ ਮਨ ਬਾਣੀ ਸੰਕੁਚਿਤ ਭਾਵ ਸੁੰਨ ਹੋ ਜਾਂਦੀ ਹੈ। ਉਸ ਦੀ ਗਤੀ ਕਿਵੇਂ ਜਾਣੀ ਜਾ ਸਕਦੀ ਹੈ॥ ੨੧॥

ਮਨ ਠਹਿਰਾਵਨ ਹੇਤੁ ਸੁਖਾਰੇ। ਕਹੌਂ ਰੁਚਿਰਤਾ ਕਛੁਕ ਸੁਧਾਰੇ।
ਸਬਜ਼ ਸਜਾਮ ਮਣਿ ਰੰਗ ਅਨੇਕਾ। ਪਦਮਰਾਗ ਕੋ ਕਰੈ ਬਿਬੇਕਾ॥੨੨॥

ਮਨ ਨੂੰ ਠਹਿਰਾਵਣ ਵਾਸਤੇ ਕੁਝ ਸੁਧਾਰ ਕੇ ਉਸ ਦੀ ਸੁੰਦਰਤਾ ਬਾਰੇ ਕਹਿੰਦਾ ਹਾਂ। ਹਰੀਆਂ ਅਤੇ ਕਾਲੇ ਰੰਗ ਦੀਆਂ ਅਨੇਕਾਂ ਮਣੀਆਂ ਹਨ। ਲਾਲ ਮਣੀਆਂ ਦੀ ਕੌਣ ਗਿਣਤੀ ਕਰੇ॥੨੨॥

ਫਰਸ਼ ਰੁਚਿਰ ਕਿਯ ਅਜਰ ਮਝਾਰੀ। ਅਦਭੁਤ ਦੇਖਤਿ ਹੀ ਮਨੁਹਾਰੀ।
ਮੱਧ ਸਿੰਘਾਸਨ ਸੁੰਦਰ ਸੋਹੈ। ਭਾਨੁ ਅਨਿਕ ਨ ਪਟੰਤਰ ਕੋ ਹੈ॥੨੩॥

ਵੇਹੜਿਆਂ ਵਿਚ ਸੁੰਦਰ ਫਰਸ਼ ਬਣੇ ਹੋਏ ਹਨ। ਅਦਭੁਤ ਸੁੰਦਰਤਾ ਵੇਖ ਕੇ ਮਨ ਹਾਰ ਜਾਂਦਾ ਹੈ। ਵਿਚਕਾਰ ਸੁੰਦਰ ਸਿੰਘਾਸਣ ਸ਼ੋਭ ਰਿਹਾ ਹੈ। ਅਨੇਕਾ ਸੂਰਜ ਉਸ ਦੇ ਸਮਾਨ ਨਹੀਂ ਹਨ॥ ੨੩॥

ਸਦਾ ਸੱਚਿਦਾ ਨੰਦ ਕ੍ਰਿਪਾਲਾ। ਤਿਹ ਪਰ ਬੈਠੇ ਸੁਖਦ ਅਕਾਲਾ।
ਬ੍ਰਿੰਦ ਤੜਿਤ ਕੀ ਛਟਾ ਸਮੇਟੀ। ਜਨੁ ਸੋਹੈ ਘਨ ਘਟਾ ਸਹੇਟੀ॥੨੪॥

ਸਦਾ ਸੱਚਿਦਾਨੰਦ ਕ੍ਰਿਪਾਲੂ ਅਤੇ ਸੁਖਦਾਤੇ ਉਸ ਸਿੰਘਾਸਣ ਤੇ ਬੈਠੇ ਰਹਿੰਦੇ ਹਨ। ਸਮੂਹ ਬਿਜਲੀਆਂ ਦਾ ਪ੍ਰਕਾਸ਼ ਉਨ੍ਹਾਂ ਸਮੇਟਿਆ ਹੋਇਆ ਹੈ, ਜਿਵੇਂ ਬੱਦਲ ਦੀ ਘਟਾ ਵਿਚ ਇਕੱਠੀ ਕੀਤੀ ਬਿਜਲੀ ਸ਼ੋਭਦੀ ਹੈ॥ ੨੪॥

ਜਨੁ ਰਵਿ ਬਿਧੁ ਬਹੁ ਹ੍ਵੈ ਇਕ ਠਾਈ। ਨੀਲ ਮਣਿਨ ਗਿਰ ਲੀਨ ਉਚਾਈ।

ਪਦ ਅਰਬਿੰਦ ਮ੍ਰਿਦੁਲ ਅਰੁਨਾਰੇ। ਸ਼ੋਭਾ ਨਖਨ ਸਕਲ ਸਸਿ ਹਾਰੇ ॥੨੫ ॥

ਮਾਨੋਂ ਸੂਰਜ ਚੰਦ ਇਕੱਠੇ ਬੈਠੇ ਹੋਣ। ਨੀਲੀਆਂ ਮਣੀਆਂ ਦਾ ਮਾਨੋ ਪਹਾੜ ਉਠਾ ਲਿਆ ਹੈ। ਚਰਨ ਕੰਵਲ ਨਰਮ ਅਤੇ ਲਾਲ ਹਨ। ਚਰਨਾਂ ਦੇ ਨਹੁੰਆਂ ਦੀ ਸ਼ੋਭਾ ਚੰਦ ਦੀਆਂ ਟੁਕੜੀਆਂ ਸਮਾਨ ਹੈ॥ ੨੫॥

ਬਸਹਿਂ ਸਦੀਵ ਮੁਨੀ ਮਨ ਜੋਗੀ। ਧਰਹਿਂ ਸਮਾਧਿ ਧਜਾਨ ਰਸ ਭੋਗੀ।
ਨੂਪਰ ਮਣਿ ਮਯ ਬਨੇ ਮਨੋਗਾ। ਜਿਨ ਕੋ ਸ਼ਬਦ ਸੁਖਦ ਤਿਹੁ ਲੋਗਾ ॥੨੬ ॥

ਸਦਾ ਮੁਨੀ ਮਨ ਜੋਗੀ ਸਮਾਨ ਰਹਿੰਦੇ ਹਨ, ਸਮਾਧੀ ਧਾਰਨ ਕਰਕੇ ਧਿਆਨ ਦਾ ਰਸ ਭੋਗਦੇ ਹਨ। ਮਣੀਆਂ ਰੂਪ ਝਾਂਜਰ ਸੁੰਦਰ ਬਣੀ ਹੋਈ ਹੈ, ਜਿਸ ਦੀ ਆਵਾਜ਼ ਤਿੰਨਾ ਲੋਕਾਂ ਨੂੰ ਸੁੱਖ ਦੇ ਰਹੀ ਹੈ॥ ੨੬॥

ਸੁੰਦਰ ਜੰਘ ਸਰਸ ਕਦਲੀ ਕੀ। ਚਲਿਤ ਲਲਿਤ ਗਤਿ ਭਾਵਤਿ ਜੀ ਕੀ।
ਪ੍ਰਿਥੁਲ ਨਿਤੰਬ ਪੀਤ ਕਟ ਧੋਤੀ। ਛੁਦ੍ਰ ਘੰਟਕਾ ਮਣਿਮਯ ਜੋਤੀ ॥੨੭ ॥

ਸੁੰਦਰ ਲੱਤਾਂ ਕੇਲੇ ਵਰਗੀਆਂ ਹਨ। ਸੁੰਦਰ ਚਾਲ ਚਲਦੇ ਹਨ, ਜਿਵੇਂ ਦਿਲ ਵਿਚ ਚੰਗਾ ਲਗਦਾ ਹੈ। ਚੌੜੇ ਪੱਟ ਹਨ ਅਤੇ ਲੱਕ ਨਾਲ ਮਣੀਆਂ ਨਾਲ ਪਰੋਤੀ ਤੜਾਗੀ ਬੰਨੀ ਹੋਈ ਹੈ॥ ੨੭॥

ਉਦਰ ਰੇਖ ਤ੍ਰੈ ਨਾਭਿ ਗੰਭੀਰਾ। ਮਨਹੁ ਭ੍ਰਮਰੀ ਜਮੁਨਾ ਨੀਰਾ।
ਕਿਧੌਂ ਕਾਮ ਕੋ ਕੂਪ ਸੁਹਾਵਾ। ਵੱਖਸਥਲ ਆਯੁਤ ਛਬਿ ਪਾਵਾ ॥੨੮ ॥

ਪੇਟ ਉਤੇ ਧੁੰਨੀ ਦੇ ਲਾਗੇ ਤਿੰਨ ਗੰਭੀਰ ਵੱਟ ਪਏ ਹਨ, ਮਾਨੋ ਜਮਨਾ ਦੇ ਜਲ ਵਿਚ ਘੁੰਮਣ ਘੇਰੀ ਪਈ ਹੋਵੇ। ਮਾਨੋ ਕਾਮਦੇਵ ਦਾ ਰੂਪ ਸ਼ੋਭਾ ਪਾ ਰਿਹਾ ਹੋਵੇ। ਚੌੜਾ ਵਖੀ ਅਸਥਾਨ ਬੜਾ ਸੁੰਦਰ ਸ਼ੋਭਾ ਪਾ ਰਿਹਾ ਹੈ॥ ੨੮॥

ਹਾਥੀ ਹਾਥਿ ਸਰਥ ਭੁਜਦੰਡਾ। ਦੁਸ਼ਟਨ ਖੰਡਨ ਕੋ ਬਰਬੰਡਾ।
ਅੰਗਦ ਕਟਕ ਮੁੱਦ੍ਰਿਕਾ ਜੇਈ। ਪਹਿਰੇ ਪੇਖਤਿ ਮਨ ਹਰਿ ਲੇਈ ॥੨੯ ॥

ਹਾਥੀ ਦੀ ਸੁੰਡ ਵਰਗੀਆਂ ਬਾਹਾਂ ਹਨ, ਜੋ ਦੁਸ਼ਟਾਂ ਨੂੰ ਮਾਰਨ ਵਾਸਤੇ ਬਹੁਤ ਬਲਵਾਨ ਹਨ। ਜਿਹੜੇ ਬੁਹੱਟੇ, ਕੜੇ ਅਤੇ ਛੱਲੇ ਪਹਿਣੇ ਹੋਏ ਹਨ, ਉਨ੍ਹਾਂ ਨੂੰ ਵੇਖਦਿਆਂ ਹੀ ਮਨ ਹਾਰ ਜਾਂਦਾ ਹੈ, ਭਾਵ ਉਨ੍ਹਾਂ ਦੀ ਸੁੰਦਰਤਾ ਮਨ ਨੂੰ ਮੋਹ ਲੈਂਦੀ ਹੈ॥ ੨੯॥

ਕਰ ਕਮਲਨ ਮਹਿਂ ਸ਼ਸਤ੍ਰ ਸੁਹਾਏ। ਜਿਨਹਿਂ ਬਿਲੋਕਤਿ ਸ਼ੱਤ੍ਰ ਪਲਾਏ।
ਚਾਰ ਭੁਜਾ ਸੋਹਿਤਿ ਅਤਿ ਚਾਰੂ। ਉਨਤ ਸਿਕੰਧ ਬ੍ਰਿਖਭ ਅਨੁਹਾਰੂ ॥੩੦ ॥

ਹੱਥਾਂ ਵਿਚ ਸ਼ਸਤਰ ਸ਼ੋਭ ਰਹੇ ਹਨ, ਜਿਨ੍ਹਾਂ ਨੂੰ ਵੇਖ ਕੇ ਦੁਸ਼ਮਣ ਭੱਜ ਜਾਂਦੇ ਹਨ। ਚਾਰ ਬਾਜ਼ੂ ਬਹੁਤ ਸੁੰਦਰ ਲੱਗ ਰਹੇ ਹਨ। ਉੱਚੇ ਮੋਢੇ ਬੈਲ ਵਰਗੇ ਹਨ॥ ੩੦॥

ਪੀਤ ਬਸਾਨ ਜਿਨ ਪਰ ਅਤਿ ਸੋਹੈਂ। ਤੜਿਤਾ ਕੀ ਛਬਿ ਕੋ ਜੋ ਮੋਹੈ।
ਉਰ ਪਰ ਬਨੀ ਲਲਿਤ ਬਨਮਾਲਾ। ਕੰਬੁ ਗ੍ਰਿਵ ਤ੍ਰੈ ਰੇਖ ਬਿਸਾਲਾ ॥੩੧ ॥

ਪੀਲੇ ਬਸਤਰ ਉਨ੍ਹਾਂ ਨੂੰ ਬਹੁਤ ਸ਼ੋਭ ਰਹੇ ਹਨ ਜਿਹੜੇ ਕਿ ਬਿਜਲੀ ਦੀ ਛਵੀ ਨੂੰ ਵੀ ਮੋਹ ਰਹੇ ਹਨ। ਛਾਤੀ ਉਤੇ ਸੁੰਦਰ ਵਜੰਤੀਮਾਲਾ ਬਣੀ ਹੈ। ਗਰਦਨ ਵਿਚ ਸੰਖ ਵਰਗੀਆਂ ਤਿੰਨ ਵਿਸ਼ਾਲ ਰੇਖਾਵਾਂ ਹਨ॥ ੩੧॥

ਚਾਰੁ ਚਿਬੁਕ ਉਪਮਾ ਨ ਬਿਸ਼ੇਖੀ। ਸੋ ਜਾਨਹਿ ਜਿਨ ਨੈਨਹੁ ਦੇਖੀ।
ਅਤਿ ਸੁੰਦਰ,ਮ੍ਰਿਦੁ,ਬੋਲ ਕਪੋਲਾ। ਮੰਦ ਮੰਦ ਮੁਸ਼ਕਜਾਨ ਅਮੋਲਾ ॥੩੨ ॥

ਸੁੰਦਰ ਠੋਡੀ ਹੈ, ਜਿਸ ਤੋਂ ਵੱਧ ਉਪਮਾਂ ਹੋਰ ਕੋਈ ਨਹੀਂ ਹੈ। ਉਹੀ ਜਾਣ ਸਕਦਾ ਹੈ, ਜਿਸ ਆਪ ਅੱਖਾਂ ਨਾਲ ਵੇਖੀ ਹੋਵੇ। ਅਤਿ ਸੁੰਦਰ, ਨਰਮ ਬੁਲ੍ਹ ਅਤੇ ਗਲ੍ਹਾਂ ਹਨ, ਹਲਕੀ ਹਲਕੀ ਮੁਸਕਰਾਹਟ ਅਮੋਲਕ ਬੜੀ ਹੈ॥ ੩੨॥

ਕੋਟ ਮਯੰਕਨ ਸਮ ਮੁਖਮੰਡਲ। ਮਕਰਾਕ੍ਰਿਤ ਸੋਹਤਿ ਸ਼੍ਰੁਤ ਕੁੰਡਲ।
ਉਤਪਲ ਦਲ ਪ੍ਰਫੁੱਲਿਤ ਲੋਚਨ। ਭਗਤਨ ਕੇ ਤਾਪ ਤ੍ਰੈ ਮੋਚਨ॥ ੩੩॥

ਕਰੋੜਾ ਚੰਦਰਮਾਂ ਬਰਾਬਰ ਮੁਖਮੰਡਲ ਹੈ। ਮੱਛੀ ਆਕਾਰ ਦੇ ਕੰਨੀਂ ਵਾਲੇ ਸ਼ੋਭ ਰਹੇ ਹਨ। ਕੰਵਲ ਦੇ ਪੱਤਿਆਂ ਵਾਂਗ ਖਿੜੇ ਹੋਏ ਨੇਤਰ ਹਨ। ਇਹ ਭਗਤਾਂ ਦੇ ਤਿੰਨ ਤਾਪ ਦੂਰ ਕਰਨ ਲਈ ਹਨ॥ ੩੩॥

ਕ੍ਰਿਪਾ ਭਰੀ ਬਹੁ ਚਾਰੁ ਚਿਤੌਨੰ। ਬਾਂਕੀ ਕੋਰ ਮਹਾਂ ਸੁਖ ਭੌਨੰ।
ਮੇਚਕ ਕਚ ਕੁੰਤਲ ਘੁੰਘਰਾਰੇ। ਮਧੁਪਨ ਕੀ ਦੁਤਿ ਜਿਨ ਪਿਖਿ ਹਾਰੇ॥੩੪॥

ਮਹਾਨ ਕ੍ਰਿਪਾ ਭਰੀ ਸੁੰਦਰ ਦ੍ਰਿਸ਼ਟੀ ਹੈ। ਬਾਂਕੀ ਮਟੱਕਾ ਵੱਡਾ ਸੁਖਾਂ ਦਾ ਘਰ ਹੈ। ਕਾਲੇ ਕੇਸ ਕੁੰਡਲਾਂ ਵਾਲੇ ਘੁੰਘਰਾਲੇ ਹਨ। ਭੌਰਿਆਂ ਦੀ ਸੁੰਦਰਤਾ ਜਿਨ੍ਹਾਂ ਨੂੰ ਵੇਖ ਕੇ ਹਾਰ ਜਾਂਦੀ ਹੈ॥ ੩੪॥

ਭਾਲ ਬਿਸਾਲ ਕਿਰੀਟ ਸੁਹਾਵਾ। ਛਤ੍ਰ ਚੰਦ੍ਰਮਾ ਦੇਖਿ ਲਜਾਵਾ।
ਚੌਰ ਢੁਰਤਿ ਚਹੁੰ ਦਿਸ਼ ਤੇ ਚਾਰੂ। ਮਨਹੁ ਭਾਨੁ ਕਰ ਪ੍ਰਭਾ ਅਪਾਰੂ॥੩੫॥

ਸਿਰ ਤੇ ਵਿਸਾਲ ਮੁਕਟ ਸ਼ੋਭ ਰਿਹਾ ਹੈ। ਏਨਾ ਸੁੰਦਰ ਛਤਰ ਝੁਲ ਰਿਹਾ ਹੈ ਕਿ ਜਿਸ ਨੂੰ ਵੇਖ ਕੇ ਚੰਦਰਮਾ ਵੀ ਲਜਿਤ ਹੁੰਦਾ ਹੈ। ਸੁੰਦਰ ਚੌਰ ਚਾਰੇ ਪਾਸੇ ਇਸ ਤਰ੍ਹਾਂ ਘੁੰਮ ਰਿਹਾ ਸੀ ਮਾਨੋ ਸੂਰਜ ਦੀਆਂ ਕਿਰਨਾਂ ਨੇ ਇਹ ਅਪਾਰ ਸ਼ੋਭਾ ਰਚੀ ਹੈ॥ ੩੫॥

ਮਹਿਮਾ ਤਿਹ ਕਹਿ ਕੌਨ ਸਕਾਈ। ਕੋਟ ਸ਼ੇਖ ਸਾਰਦ ਸਕੁਚਾਈ।
ਨੇਤਿ ਨੇਤਿ ਜਿਹ ਬੇਦ ਪੁਕਾਰਾ। ਸਭਿ ਕਵਿ ਕੋਵਿਦ ਲਹਤਿ ਨ ਪਾਰਾ॥੩੬॥

ਉਨ੍ਹਾਂ ਦੀ ਮਹਿਮਾ ਕੌਣ ਕਹਿ ਸਕਦਾ ਹੈ। ਕਰੋੜਾਂ ਸ਼ੇਸ਼ਨਾਗ ਅਤੇ ਸਰਸਵਤੀਆਂ ਸੰਕੋਚਦੇ ਹਨ। ਜਿਸ ਨੂੰ ਵੇਦ 'ਬੇਅੰਤ ਹੈ ਬੇਅੰਤ ਹੈ' ਪੁਕਾਰਦੇ ਹਨ। ਸਾਰੇ ਕਵੀ ਅਤੇ ਪੰਡਿਤ ਉਸ ਦਾ ਪਾਰਾਵਾਰ ਨਹੀਂ ਪਾ ਸਕੇ॥ ੩੬॥

ਮੈਂ ਮਤਿ ਮੰਦ ਕਹਾਂ ਲਗ ਬਰਨੌਂ। ਸਿੰਧ ਪਾਰ ਜਿਵ ਕੀਟੀ ਤਰਨੌ।
ਮਸ਼ਕ ਮੇਰੁ ਕਿਵ ਸਕਹਿ ਉਠਾਈ। ਕਿਉਂ ਨਭ ਅੰਤ ਜੰਤੁ ਲਘੁ ਪਾਈ॥੩੭॥

ਮੈਂ ਥੋੜੀ ਮੱਤ ਵਾਲਾ ਕਿਵੇਂ ਬਿਆਨ ਕਰਾਂ। ਜਿਵੇਂ ਕਿਸੇ ਕੀੜੀ ਨੇ ਸਮੁੰਦਰ ਪਾਰ ਕਰਨਾ ਹੋਵੇ। ਮੱਛਰ ਪਹਾੜ ਨੂੰ ਕਿਵੇਂ ਚੁੱਕ ਸਕਦਾ ਹੈ। ਇਹ ਛੋਟਾ ਜੀਵ ਅਕਾਸ਼ ਦਾ ਅੰਤ ਕਿਵੇਂ ਪਾ ਲਵੇਗਾ॥ ੩੭॥

ਜਿਹ ਸੱਤਾ ਕੇ ਅਜਾ ਅਲੰਬਾ। ਸਿਰਜਤਿ ਹੈ ਬ੍ਰਹਮੰਡ ਕਦੰਬਾ।
ਏਕ ਰੋਮ ਮਹਿਂ ਬਿਸ਼ਨੁ ਅਨੇਕਾ। ਬਿਧਿ ਸ਼ਿਵ ਬਹੁ ਕੋ ਕਰਹਿ ਬਿਬੇਕਾ॥੩੮॥

ਜਿਸ ਦੀ ਤਾਕਤ ਦੇ ਆਸਰੇ ਮਾਇਆ ਹੈ, ਜਿਸ ਨੇ ਸਮੂਹ ਬ੍ਰਹਿਮੰਡ ਨੂੰ ਸਿਰਜਿਆ ਹੈ, ਜਿਸ ਦੇ ਇਕ ਰੋਮ ਵਿਚ ਅਨੇਕਾਂ ਵਿਸ਼ਨੂੰ ਹਨ, ਜੋ ਕਈਆਂ ਸ਼ਿਵਜੀਆਂ ਅਤੇ ਬ੍ਰਹਮਾਂ ਨੂੰ ਪੈਦਾ ਕਰਦਾ ਹੈ॥ ੩੮॥

ਬ੍ਰਿੱਖ ਉਦੰਬਰ ਜਜੋਂ ਜਿਹ ਕਾਯਾ। ਲਾਗੇ ਫਲ ਬ੍ਰਹਮੰਡ ਨਿਕਾਯਾ।
ਉਤਪਤਿ ਪਾਲਨ ਅਰੁ ਸੰਹਰਤਾ। ਤੀਨਦੇਵ ਸਭਿ ਮਹਿ ਅਸ ਕਰਤਾ॥੩੯॥

ਜਿਸ ਨੇ ਅਕਾਸ਼ ਨੂੰ ਵੀ ਲੰਘ ਜਾਣ ਵਾਲੇ ਵੱਡੇ ਵੱਡੇ ਦਰਖਤ ਪੈਦਾ ਕੀਤੇ ਹਨ ਅਤੇ ਸਮੂਹ ਬ੍ਰਹਿਮੰਡ ਵਿਚ ਉਨ੍ਹਾਂ ਬ੍ਰਿਛਾਂ ਨੂੰ ਫਲ ਲਗਦੇ ਹਨ। ਜਿਹੜਾ ਸਭ ਦੀ ਉਤਪਤੀ ਕਰਦਾ ਹੈ, ਪਾਲਦਾ ਹੈ ਅਤੇ ਨਾਸ਼ ਕਰਤਾ ਹੈ। ਤਿੰਨਾਂ ਲੋਕ ਵਿਚ ਸਭ ਇਸ ਤਰ੍ਹਾਂ ਕਰਦਾ ਹੈ॥ ੩੯॥

ਜਿਹਂ ਸਥਾਨ ਬੈਸੇ ਜਗਰਾਈ। ਤਹਿਂ ਪਹੁਚੇ ਸਿੱਖਨ ਸੁਖਦਾਈ।
ਕੀਨ ਡੰਡੌਤ ਜੋਰਿ ਜੁਗ ਹਾਥਾ। ਠਾਂਢੇ ਪੁਨ ਬੇਦੀ ਕੁਲ ਨਾਥਾ॥੪੦॥

ਜਿਸ ਸਥਾਨ ਤੇ ਜਗਤ ਦੇ ਸਵਾਮੀ ਬੈਠੇ ਹਨ, ਓਥੇ ਸਿੱਖਾਂ ਨੂੰ ਸੁੱਖ ਦੇਣ ਵਾਲੇ ਭਾਵ ਗੁਰੂ ਜੀ ਪਹੁੰਚ ਗਏ। ਦੋਵੇਂ ਹੱਥ ਜੋੜ ਕੇ ਉਨ੍ਹਾਂ ਡੰਡੋਤ ਕੀਤੀ ਤੇ ਫਿਰ ਬੇਦੀ ਕੁਲ ਦੇ ਨਾਥ ਖੜੇ ਹੋ ਗਏ॥ ੪੦॥

ਮੰਦ ਮੰਦ ਸ੍ਰੀ ਮੁਖ ਮੁਸ਼ਕਾਵਨ। ਮ੍ਰਿਦੁਲ ਮਧੁਰ ਬੋਲੇ ਬਚ ਪਾਵਨ।
'ਜਗ ਪ੍ਰਗਟੀ ਕਲਿ ਕਾਲ ਕੁਚਾਲੀ। ਮਨਹੁ ਲਗੀ ਦੌ ਜ੍ਵਾਲ ਬਿਸਾਲੀ॥੪੧॥

ਹੌਲੀ ਹੌਲੀ ਸ੍ਰੀ ਮੁੱਖ ਤੋਂ ਮਸਕਰਾਏ, ਕੋਮਲ ਮਿਠੇ ਅਤੇ ਪਵਿਤਰ ਬਚਨ ਕਹੇ, "ਜਗ ਵਿਚ ਕਲਿਜੁਗ ਸਮੇਂ ਦੀਆਂ ਕੁਟਲ ਚਾਲਾਂ ਪ੍ਰਗਟ ਹੋ ਰਹੀਆਂ ਹਨ। ਮਾਨੋ ਸਾਰੇ ਜੰਗਲ ਦੀ ਦਾਵਾਨਲ ਅਗਨੀ ਲੱਗੀ ਹੋਈ ਹੈ॥ ੪੧॥

ਬਿਸ਼ੇ ਬਿਖੈ ਹ੍ਵੈ ਲਪਟ ਅਧੀਰਾ। ਵਡੇ ਬੇਗ ਸੋ ਬਹੀ ਸਮੀਰਾ।
ਦੰਭ ਮੋਹ ਤੇ ਆਦਿ ਬਿਕਾਰਾ। ਲਾਟੈਂ ਅਤਿ ਬਿਕਰਾਲ ਅਪਾਰਾ॥੪੨॥

ਲੋਕ ਵਿਸ਼ਿਆਂ ਵਿਕਾਰਾਂ ਵਿਚ ਲੋਪਟ ਹੋਏ ਹਨ ਅਤੇ ਬੜੀ ਤੇਜ਼ ਹਨੇਰੀ ਚਲ ਰਹੀ ਹੈ। ਪਖੰਡ, ਮੋਹ ਅਤੇ ਆਦਿ ਵਿਕਾਰਾਂ ਵਿਚ ਭਿਆਨਕ ਰੂਪ ਵਿਚ ਲਿਪਟੇ ਹੋਏ ਹਨ॥ ੪੨॥

ਮਾਨਵ ਬ੍ਰਿੰਦਹਿਂ ਜਰਤਿ ਪੁਕਾਰਤਿ। ਪਾਇ ਤਾਪ ਪੀਰਾ ਨਰ ਆਰਤ।
ਤੁਮ ਧਾਰਾਧਰਿ ਸਰਸ ਪਠਾਏ। ਮਧੁਰ ਮਧੁਰ ਧੁਨਿ ਕੀਰਤਿ ਗਾਏ॥੪੩॥

ਸਾਰੀ ਮਾਨਵਤਾ ਸੜ ਰਹੀ ਹੈ ਅਤੇ ਪੁਕਾਰ ਪੁਕਾਰ ਕਰ ਰਹੀ ਹੈ। ਦੁਖ ਪੀੜ ਪਾ ਕੇ ਸਾਰੇ ਮਨੁੱਖ ਆਤਰ ਹੋ ਗਏ ਹਨ। ਤੁਹਾਨੂੰ ਬੱਦਲਾਂ ਵਾਂਗੂੰ ਭੇਜਿਆ ਸੀ ਕਿ ਜਾ ਕੇ ਮਿਠੀ ਮਿੱਠੀ ਧੁਨ ਵਿਚ ਕੀਰਤੀ ਦਾ ਗਾਇਨ ਕਰੋ॥ ੪੩॥

ਨਾਮ ਸੁਜਸ ਜਿਸ ਮਹਿਂ ਬਰ ਬਾਰਾ। ਅਹੈ ਹੁਤਾਸਨ ਨਾਸ਼ਨਹਾਰਾ।
ਅਤਿ ਸੀਤਲਤਾ ਭਗਤਿ ਸੁਹਾਈ। ਨਿਜ ਸਰੂਪ ਸਮਝਨ ਸੁਖ ਪਾਈ॥੪੪॥

ਨਾਮ ਅਤੇ ਸ੍ਰੇਸ਼ਟ ਜੱਸ ਵਿਚ ਵਿਲੱਖਣ ਜਲ ਭਾਵ ਅੰਮ੍ਰਿਤ ਹੈ। ਜਿਹੜਾ ਅਗਨੀ ਨੂੰ ਨਾਸ਼ ਕਰਨ ਵਾਲਾ ਹੈ। ਭਗਤੀ ਅਤੀ ਸੀਤਲ ਸੋਭਦੀ ਹੈ ਅਤੇ ਨਿਜ ਸਰੂਪ ਨੂੰ ਸਮਝਣ ਵਿਚ ਸੁਖ ਪ੍ਰਾਪਤ ਹੁੰਦਾ ਹੈ॥ ੪੪॥

ਜਰਤਜੋਂ ਨਰਨ ਉਬਾਰਨ ਕਾਰਨ। ਜਗ ਪ੍ਰਗਟੇ ਤੁਮ ਦੰਭ ਬਿਦਾਰਨ।
ਸੋ ਕਾਰਜ ਸਭਿ ਹੀ ਕਰਿ ਆਏ। ਕਿਧੌਂ ਰਹ੍ਯੋ ਕਰਨੋ ਕਿਤ ਥਾਏ ?' ॥੪੫॥

ਸੜਦਿਆਂ ਪੁਰਸ਼ਾਂ ਨੂੰ ਬਚਾਉਣ ਕਾਰਨ ਤੁਸੀ ਜੱਗ ਵਿਚ ਪਖੰਡ ਨੂੰ ਦੂਰ ਕਰਨ ਵਾਸਤੇ ਪ੍ਰਗਟ ਹੋਏ ਸੀ। ਉਹ ਕਾਰਜ ਤੁਸੀਂ ਸਾਰਾ ਕਰ ਆਏ ਹੋ ਜਾਂ ਕਿਸੇ ਥਾਂ ਕੋਈ ਕਾਰਜ ਕਰਨੋਂ ਰਹਿ ਗਿਆ ਹੈ ?"॥ ੪੫॥

ਦੋਹਰਾ- ਸੁਨਿ ਸਤਿ ਸ੍ਰੀ ਅਕਾਲ ਤੇ ਅਸ ਪ੍ਰਕਾਰ ਕੇ ਬੈਨ।
ਬੋਲੇ ਸ੍ਰੀ ਨਾਨਕ ਤਬੈ ਜੋ ਸਿੱਖਨ ਸੁਖ ਦੈਨ॥ ੪੬॥

ਸੱਚੇ ਸ੍ਰੀ ਅਕਾਲ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ ਗੁਰੂ ਨਾਨਕ ਦੇਵ ਜੀ, ਜਿਹੜੇ ਸਿੱਖਾਂ ਨੂੰ ਸੁੱਖ ਦੇਣ ਵਾਲੇ ਹਨ ਇਸ ਪ੍ਰਕਾਰ ਬੋਲੇ॥ ੪੬॥

ਚੌਪਈ- 'ਹੁਤੇ ਅਠਾਰਹਿਂ ਸਾਗਰ ਟਾਪੂ। ਪਸਰ ਰਹ੍ਯੋ ਤਹਿਂ ਨਾਮ ਪ੍ਰਤਾਪੂ।
ਜੰਬੂ ਦੀਪ ਬਿਖੈ ਬਹੁ ਥਾਈਂ। ਪਸਰੀ ਭਗਤਿ ਮਹਾਂ ਸੁਖਦਾਈ॥੪੭॥

ਜਿਹੜੇ ਸਾਗਰ ਵਿਚ ਅਠਾਰਾਂ ਟਾਪੂ ਹਨ, ਉਨ੍ਹਾਂ ਵਿਚ ਤੁਹਾਡੇ ਨਾਮ ਦਾ ਪ੍ਰਤਾਪ ਪਸਰ ਰਿਹਾ ਹੈ। ਜੰਬੂ ਦੀਪ ਵਿਖੇ ਬਹੁਤ ਥਾਈਂ ਤੁਹਾਡੀ ਸੁਖਦਾਇਕ ਭਗਤੀ ਫੈਲ ਗਈ ਹੈ॥ ੪੭॥

ਅਬ ਨਵ ਖੰਡਨ ਜਾਇ ਬਹੋਰੀ। ਦੈ ਉਪਦੇਸ਼ ਕਟੌਂ ਦੁਖ ਘੋਰੀ।

ਸਪਤ ਦੀਪ ਮਹਿੰ ਨਾਮ ਪ੍ਰਤਾਪਾ। ਸੁਨਿ ਕਰਿ ਸ਼ਬਦਿ ਕਰਹਿੰਗੇ ਜਾਪਾ ॥੪੮॥

ਹੁਣ ਮੈਂ ਨੌਵਾਂ ਖੰਡਾਂ ਵਿਚ ਜਾਵਾਂਗਾ ਤੇ ਉਪਦੇਸ਼ ਦੇ ਕੇ ਘੋਰ ਦੁੱਖਾਂ ਦਾ ਨਾਸ਼ ਕਰਾਂਗਾ। ਸੱਤਾਂ ਦੀਪਾਂ ਵਿਚ ਨਾਮ ਦਾ ਪ੍ਰਤਾਪ ਫੈਲ ਗਿਆ ਹੈ। ਉਹ ਤੁਹਾਡੇ ਸੱਚੇ ਸ਼ਬਦ ਨੂੰ ਸੁਣ ਕੇ ਆਪ ਦੇ ਨਾਮ ਦਾ ਜਾਪ ਕਰਨਗੇ॥ ੪੮॥

ਹ੍ਵੈ ਹੈ ਭਗਤਿ ਨਾਮ ਵਡਿਆਈ। ਧਰਾ ਭਾਰ ਦੁਖ ਸਭਿ ਮਿਟਿ ਜਾਈ।
ਸਿਮਰਹਿੰ ਨਾਮ ਗਾਨ ਪੁਨ ਕਰਿਹੀਂ। ਜਨਮ ਜਨਮ ਅਘ ਕੋਟਿਕ ਹਰਿਹੀਂ ॥੪੯॥

ਸਾਰੇ ਤੁਹਾਡੀ ਭਗਤੀ ਕਰਨਗੇ ਤੇ ਤੁਹਾਡੇ ਨਾਮ ਦੀ ਵਡਿਆਈ ਹੋਵੇਗੀ। ਧਰਤੀ ਦਾ ਭਾਰ ਤੇ ਸਭ ਦੁੱਖ ਮਿੱਟ ਜਾਣਗੇ। ਨਾਮ ਸਿਮਰ ਕੇ ਫਿਰ ਉਸ ਦਾ ਗਾਇਣ ਕਰਨਗੇ ਅਤੇ ਜਨਮਾਂ ਜਨਮਾਂ ਦੇ ਕੋਟਾਂ ਪਾਪ ਦੂਰ ਕਰ ਲੈਣਗੇ'॥ ੪੯॥

ਘਨਸੁਰ ਸਮ ਗੰਭੀਰ ਸੁ ਬਾਨੀ। ਕਰਤਾ ਪੁਰਖ ਕਹਤਿ ਸੁਖ ਸਾਨੀ।
'ਉਚਰਹੁ ਮਹਿਮਾ ਨਾਮ ਮਨੋਗਾ। ਜੋ ਮਤਿ ਮੰਦਨ ਤਾਰਨ ਜੋਗਾ ॥੫੦॥

ਬੱਦਲ ਦੀ ਆਵਾਜ਼ ਵਾਂਗ ਗੰਭੀਰ ਬਾਣੀ ਕਰਤਾ ਪੁਰਖ ਨੇ ਕਹੀ। 'ਨਾਮ ਦੀ ਮਹਿਮਾਂ ਦਾ ਸੁੰਦਰ ਉਚਾਰਨ ਕਰੋ, ਜਿਹੜਾ ਛੋਟੀ ਮੱਤ ਵਾਲਿਆਂ ਨੂੰ ਤਾਰਨ ਜੋਗਾ ਹੋਵੇ॥ ੫੦॥

ਨਿਜ ਮੁਖ ਤੇ ਤੁਮ ਗਾਇ ਸੁਨਾਵਹੁ। ਬਹੁਰ ਜਾਇ ਉਪਦੇਸ਼ ਦ੍ਰਿੜਾਵਹੁ।
ਸੁਨਿ ਬੋਲੇ ਸ੍ਰੀ ਨਾਨਕ ਬਾਨੀ। ਆਸਾ ਰਾਗ ਬਿਖੇ ਸੁਭ ਸਾਨੀ ॥੫੧॥

ਆਪਣੇ ਮੁੱਖ ਤੋਂ ਤੁਸੀਂ ਗਾ ਕੇ ਸੁਣਾਵੋ ਅਤੇ ਫਿਰ ਜਾ ਕੇ ਲੋਕਾਈ ਨੂੰ ਉਪਦੇਸ਼ ਦ੍ਰਿੜ ਕਰਾਵੋ।' ਇਹ ਸੁਣ ਕੇ ਸ੍ਰੀ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਇਸ ਸ਼ਬਦ ਦਾ ਗਾਇਣ ਕੀਤਾ॥ ੫੧॥

*ਸ੍ਰੀ ਮੁਖਵਾਕ॥*

*ਰਾਗ ਆਸਾ ਮਹਲਾ ੧ ਘਰੁ ੧ ਸੋਦਰੁ॥*

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥
ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ॥
ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥
ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ॥
ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ੍ ਤੁਧਨੋ ਵੀਰ ਕਰਾਰੇ॥
ਗਾਵਨਿ੍ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ॥
ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥ ੧॥

ਉਹ ਤੇਰਾ ਦਰਵਾਜ਼ਾ ਕਿਸ ਤਰ੍ਹਾਂ ਦਾ ਹੈ ਅਤੇ ਮੰਦਰ ਕੈਸਾ ਹੈ, ਜਿਸ ਵਿਚ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ। ਬਹੁਤ ਪ੍ਰਕਾਰ ਦੇ ਤੇਰੇ ਸੰਗੀਤਕ ਸਾਜ਼ ਉਥੇ ਗੂੰਜਦੇ ਹਨ ਅਤੇ ਅਨੇਕਾਂ ਹੀ ਓਥੇ ਰਾਗ ਗਾਉਣ ਵਾਲੇ ਹਨ। ਅਨੇਕ ਤੇਰੇ ਰਾਗ ਅਤੇ ਰਾਗਣੀਆਂ ਹਨ ਅਤੇ ਅਨੇਕ ਰਾਗੀ ਤੇਰਾ ਜੱਸ ਗਾ ਰਹੇ ਹਨ। ਹਵਾ, ਜਲ, ਅੱਗ ਅਤੇ ਧਰਮ ਰਾਜ ਤੇਰੇ ਬੂਹੇ ਤੇ ਬੈਠੇ ਤੇਰਾ ਜਸ ਗਾ ਰਹੇ ਹਨ। ਚਿਤਰ ਗੁਪਤ ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖੀ ਹੋਈ ਲਿਖਤ ਦੇ ਆਧਾਰ 'ਤੇ ਧਰਮ ਰਾਜ ਨਿਆਂ ਕਰਦਾ ਹੈ, ਤੇਰਾ ਜਸ ਗਾਇਨ ਕਰਦੇ ਹਨ। ਤੇਰੇ ਸ਼ਿੰਗਾਰੇ ਹੋਏ ਸਦੀਵੀ ਸੁੰਦਰ ਸ਼ਿਵਜੀ, ਬ੍ਰਹਮਾ ਅਤੇ ਭਵਾਨੀ ਤੇਰਾ ਗਾਇਨ ਕਰਦੇ ਹਨ। ਆਪਣੇ ਤਖਤ ਤੇ ਬੈਠਾ ਹੋਇਆ ਇੰਦਰ ਦੇਵਤਿਆਂ ਸਹਿਤ ਤੇਰੇ ਦਰਵਾਜ਼ੇ ਤੇ ਸੁਰਾਂ ਸਮੇਤ ਗਾਉਂਦਾ ਹੈ। ਸਿਧ ਤੈਨੂੰ ਸਮਾਧੀ ਅੰਦਰ ਗਾਉਂਦੇ ਹਨ ਅਤੇ ਸੰਤ ਆਪਣੀ ਦਿਬ-ਦ੍ਰਿਸ਼ਟੀ ਅੰਦਰ ਗਾਉਂਦੇ ਹਨ। ਤੈਨੂੰ ਜਤੀ ਸਤੀ ਅਤੇ ਸੰਤੋਖੀ ਗਾਉਂਦੇ ਹਨ ਅਤੇ ਨਿਧੜਕ ਯੋਧੇ ਤੇਰੀ ਹੀ ਪ੍ਰਸੰਸਾ ਕਰਦੇ ਹਨ। ਜੁਗਾਂ ਤੋਂ ਵੇਦਾਂ ਨੂੰ ਪੜ੍ਹਨ ਵਾਲੇ ਪੰਡਿਤ, ਸਮੇਤ ਸੱਤਾਂ ਰਿਸ਼ੀਆਂ ਦੇ ਤੇਰਾ ਜਸ ਗਾਉਂਦੇ ਹਨ। ਮੋਹਿਤ ਕਰ ਲੈਣ ਵਾਲੀਆਂ ਪਰੀਆਂ ਜੋ ਸਵਰਗ, ਮਾਤਲੋਕ ਅਤੇ ਪਾਤਾਲ ਵਿਚ ਦਿਲਾਂ ਨੂੰ ਛਲ ਲੈਂਦੀਆਂ ਹਨ, ਤੈਨੂੰ ਗਾਉਂਦੀਆਂ ਹਨ। ਤੇਰੇ ਰਚੇ ਹੋਏ ਚੌਦਾਂ ਅਮੋਲਕ ਪਦਾਰਥ ਅਠਾਹਠ ਤੀਰਥ ਤੇਰੀ ਕੀਰਤੀ ਗਾਉਂਦੇ ਹਨ। ਬਲਵਾਨ ਯੋਧੇ ਅਤੇ ਵੱਡੇ ਸੂਰਮੇ ਤੈਨੂੰ ਗਾਉਂਦੇ ਹਨ ਅਤੇ ਚਾਰੇ ਉਤਪਤੀ ਦੇ ਸੋਮੇ ਤੈਨੂੰ ਗਾਉਂਦੇ ਹਨ। ਤੇਰੇ ਹੱਥਾਂ ਦੇ ਰਚੇ ਅਤੇ ਅਸਥਾਪਨ ਕੀਤੇ ਹੋਏ ਬ੍ਰਹਿਮੰਡ, ਸੰਸਾਰ-ਬੰਧਾਨ ਤੇਰਾ ਗਾਇਨ ਅਲਾਪਦੇ ਹਨ। ਤੇਰੇ ਸਾਧੂ ਜਿਹੜੇ ਤੈਨੂੰ ਚੰਗੇ ਲਗਦੇ ਅਤੇ ਜਿਹੜੇ ਅੰਮ੍ਰਿਤ ਦਾ ਘਰ ਹਨ ਤੇਰੇ ਨਾਮ ਅੰਦਰ ਰੰਗੇ ਹਨ, ਉਹ ਵੀ ਤੇਰੀ ਸਿਫਤ ਕਰਦੇ ਹਨ। ਹੋਰ ਬਹੁਤ ਹਨ, ਜਿਨ੍ਹਾਂ ਨੂੰ ਮੈਂ ਆਪਣੇ ਮਨ ਅੰਦਰ ਚਿਤਵਨ ਨਹੀਂ ਕਰ ਸਕਦਾ ਤੈਨੂੰ ਗਾਉਂਦੇ ਸਨ। ਨਾਨਕ ਉਨ੍ਹਾਂ ਦਾ ਕਿਸ ਤਰ੍ਹਾਂ ਖਿਆਲ ਕਰ ਸਕਦਾ ਹੈ ? ਪ੍ਰਭੂ ਸਦਾ ਹੀ ਸੱਚਾ ਹੈ। ਉਹ ਸੱਤ ਹੈ ਅਤੇ ਸੱਤ ਹੈ ਉਸ ਦਾ ਨਾਮ। ਵਾਹਿਗੁਰੂ ਜਿਸ ਨੇ ਸੰਸਾਰ ਸਾਜਿਆ ਹੈ, ਨੇ ਭਿੰਨ ਭਿੰਨ ਢੰਗਾਂ ਨਾਲ ਅਨੇਕਾਂ ਰੰਗਾਂ ਅਤੇ ਕਿਸਮਾਂ ਦੀ ਰਚਨਾ ਕੀਤੀ ਹੈ। ਰਚਨਾ ਨੂੰ ਰਚ ਕੇ, ਜਿਸ ਤਰ੍ਹਾਂ ਉਸ ਨੂੰ ਚੰਗਾ ਲੱਗਦਾ ਹੈ, ਆਪਣੀ ਕੀਤੀ ਹੋਈ ਕਾਰੀਗਰੀ ਵੇਖਦਾ ਹੈ। ਜੋ ਕੁਝ ਉਸ ਨੂੰ ਭਾਉਂਦਾ ਹੈ, ਉਹੀ ਕਰਦਾ ਹੈ। ਫਿਰ ਉਸ ਨੂੰ ਕੋਈ ਫੁਰਮਾਨ ਜਾਰੀ ਨਹੀ ਕਰ ਸਕਦਾ। ਉਹ ਰਾਜਾ ਹੈ, ਰਾਜਿਆਂ ਦਾ ਮਹਾਰਾਜਾ, ਨਾਨਕ ਉਸ ਦੀ ਰਜ਼ਾ ਵਿਚ ਰਹਿੰਦਾ ਹੈ॥ ੧॥

ਦੋਹਰਾ- ਜਨੁ ਮੂਰਤ ਅਨੁਰਾਗ ਹ੍ਵੈ ਗਾਵਤਿ ਆਸਾ ਰਾਗ।
ਸੋਦਰ ਸ਼ਬਦ ਉਚਾਰਿਕੈ ਬੰਦਤਿ ਹ੍ਵੈ ਅਸ਼ਟਾਂਗ॥ ੫੨॥

ਮਾਨੋ ਪ੍ਰੇਮ ਮੂਰਤੀ ਹੋ ਕੇ, ਗੁਰੂ ਜੀ ਆਸਾ ਰਾਗ ਗਾ ਰਹੇ ਹਨ। ਸੋਦਰ ਸ਼ਬਦ ਉਚਾਰਕੇ ਡੰਡੌਤ ਬੰਦਨਾ ਕਰਕੇ ਨਮਸ਼ਕਾਰ ਕੀਤੀ॥ ੫੨॥

ਸੋਰਠਾ- ਅਖੰਡ ਮੰਡਲਾਕਾਰ ਦਿਪਤ ਤੇਜ ਸ਼ਤ ਕੋਟ ਰਵਿ।

ਅਨਿਕ ਤੜਿਤ ਚਮਕਾਰ ਕੈਸੇ ਹੋਤਿ ਸਮਾਨ ਤਿਹ॥ ੫੩ ॥

ਇਕ ਰਸ ਮੰਡਲਾਕਾਰ ਸੋ ਕਰੋੜ ਸੂਰਜ ਦੇ ਤੇਜ ਸਮਾਨ ਦਿਪਤ (ਚਮਕਦਾ) ਹੈ। ਅਨੇਕ ਬਿਜਲੀਆਂ ਦੀ ਚਮਕ ਉਸ ਦੇ ਬਰਾਬਰ ਕਿਵੇਂ ਹੋ ਸਕਦੀ ਹੈ॥ ੫੩ ॥

ਚੌਪਈ- ਮਹਿਮਾ ਸ੍ਰੀ ਅਕਾਲ ਸੁਨਿ ਕਾਨੇ। ਭੇ ਪਰਸੀਦ ਮੰਦ ਮੁਸਕਾਨੇ।
ਸ੍ਰੀ ਮੁਖ ਤੇ ਪੁਨ ਗਿਰਾ ਉਚਾਰੀ। 'ਅਬ ਤੁਮ ਜਾਵਹੁ ਜਗਤ ਮਝਾਰੀ ॥੫੪ ॥

ਸ੍ਰੀ ਅਕਾਲ ਪੁਰਖ ਨੇ ਜਦ ਆਪਣੇ ਕੰਨਾਂ ਨਾਲ ਮਹਿਮਾ ਸੁਣੀ ਤਾਂ ਪ੍ਰਸੰਨ ਹੋ ਕੇ ਹਲਕਾ ਜਿਹਾ ਮੁਸਕਰਾਏ ਅਤੇ ਫਿਰ ਮੁੱਖ ਤੋਂ ਬਚਨ ਕੀਤਾ, ''ਹੁਣ ਤੁਸੀਂ ਜਗਤ ਵਿਚ ਜਾਵੋ॥ ੫੪ ॥

ਜਿਹ ਕਾਰਨ ਨਿਜ ਧਰਜੋ ਸਰੀਰਾ। ਕਰਹੁ ਕਾਜ ਭੰਜਹੁ ਭਵ ਪੀਰਾ।
ਸਿੱਖੀ ਰੀਤਿ ਪ੍ਰਕਾਸ਼ਹਿ ਜਬਹੀ। ਆਵਹੁ ਨਿਕਟਿ ਹਮਾਰੇ ਤਬ ਹੀ ॥੫੫ ॥

ਜਿਸ ਕਾਰਨ ਤੁਸੀਂ ਆਪਣਾ ਨਿਜੀ ਸਰੂਪ ਧਾਰਨ ਕੀਤਾ ਹੈ, ਉਹ ਕਾਰਜ ਕਰੋ ਅਤੇ ਸੰਸਾਰ ਦੇ ਪੀਰ ਬਣ ਕੇ ਵਿਚਰੋ, ਜਦ ਸਿਖੀ ਰੀਤੀ ਦਾ ਪ੍ਰਕਾਸ਼ ਹੋ ਜਾਵੇ ਤਦ ਸਾਡੇ ਪਾਸ ਆ ਜਾਵੋ॥ ੫੫ ॥

ਕਰਤਿ ਕੁਕਰਮ ਸਰਬ ਨਿਰਵਾਰੋ। ਦੰਭ ਅਨੇਕਨ ਦੂਰ ਬਿਦਾਰੋ।
ਸੱਤਿਨਾਮੁ ਕੋ ਕਰਿ ਉਪਦੇਸ਼ਾ। ਧਰਨੀ ਕੇ ਸਭਿ ਹਰਹੁ ਕਲੇਸ਼ਾ ॥੫੬ ॥

ਜਿਹੜੇ ਭੈੜੇ ਕੰਮ ਕਰਦੇ ਹਨ, ਉਨ੍ਹਾਂ ਦਾ ਕਲਿਆਣ ਕਰੋ, ਅਨੇਕਾਂ ਪਖੰਡਾਂ ਨੂੰ ਦੂਰ ਕਰੋ। ਸਤਿਨਾਮ ਦਾ ਉਪਦੇਸ਼ ਦੇਵੋ ਅਤੇ ਧਰਤੀ ਦੇ ਸਾਰੇ ਕਲੇਸ਼ਾਂ ਨੂੰ ਵਿਨਾਸ਼ ਕਰੋ॥ ੫੬ ॥

ਸੁਨਿ ਕਰਿ ਸ੍ਰੀ ਅਕਾਲ ਕੇ ਬਚਨਾ। ਬੰਦੇ ਚਰਨ ਬਿਨੈ ਕਰਿ ਰਚਨਾ।
ਹਟੇ ਜਗਤ ਕੀ ਦਿਸ਼ ਗਤਿਦਾਈ। ਦੀਨਨ ਬੰਧੁ ਦਿਆਲ ਗੁਸਾਈਂ ॥੫੭ ॥

ਸ੍ਰੀ ਅਕਾਲ ਪੁਰਖ ਦੇ ਬਚਨ ਸੁਣ ਕੇ ਗੁਰੂ ਜੀ ਨੇ ਅਕਾਲ ਪੁਰਖ ਦੇ ਚਰਨਾਂ ਤੇ ਬੰਦਨਾ ਕੀਤੀ ਅਤੇ ਬੇਨਤੀ ਕਰਕੇ ਮੁਕਤੀ ਦਾਤੇ ਪਿਛੇ ਜਗਤ ਵਲ ਮੁੜ ਪਏ ਜਿਹੜੇ ਕਿ ਆਪਣੇ ਸੇਵਕਾਂ ਦੀ ਰਖਿਆ ਕਰਦੇ ਹਨ ਅਤੇ ਦਿਆਲੂ ਸਵਾਮੀ ਹਨ॥ ੫੭॥

ਧਰਜੋ ਦੇਹਿ ਜਿਨ ਦੁਤਿਯ ਨ ਕਾਰਨ। ਕੇਵਲ ਮਾਨਵ ਦੁਖਿਯਨਿ ਤਾਰਨ।
ਜੋ ਨਰ ਤਿਨ ਕੇ ਬਚਨਨ ਮਾਂਹੀ। ਚਲਤਿ ਸਦਾ, ਤਿਨ ਜਮ ਭੈ ਨਾਂਹੀ ॥੫੮ ॥

ਜਿਨ੍ਹਾਂ ਆਪਣਾ ਸਰੀਰ ਹੋਰ ਕਿਸੇ ਕਾਰਨ ਨਹੀਂ ਸੀ ਧਾਰਨ ਕੀਤਾ ਕੇਵਲ ਦੁਖੀ ਮਾਨਵਤਾ ਨੂੰ ਤਾਰਨ ਵਾਸਤੇ ਆਏ ਹਨ। ਜਿਹੜੇ ਮਨੁੱਖ ਉਨ੍ਹਾਂ ਦੇ ਬਚਨਾਂ ਅਨੁਸਾਰ ਚਲਦੇ ਹਨ, ਉਨ੍ਹਾਂ ਨੂੰ ਫਿਰ ਜਮਾਂ ਦਾ ਭੈਅ ਨਹੀਂ ਰਹਿੰਦਾ ਹੈ॥ ੫੮ ॥

ਜਿਉਂ ਬਾਵਨ ਪਦ ਪੰਕਜ ਬਾਰਾ। ਜਗਤ ਬਿਥਾਰੀ ਸੁਰਸਰਿ ਧਾਰਾ।
ਤਿਉਂ ਸ੍ਰੀ ਨਾਨਕ ਉੱਤਮ ਬਾਨੀ। ਭਵ ਸਭਿ ਬਿਸਤਾਰੀ ਗੁਨ ਖਾਨੀ ॥੫੯ ॥

ਜਿਵੇਂ ਬਾਵਨ ਦੇ ਚਰਨ ਕੰਵਲਾਂ ਦਾ ਜਲ ਜਗਤ ਵਿਚ ਗੰਗਾ ਦੀ ਧਾਰਾ ਦੇ ਰੂਪ ਵਿਚ ਵਹਿ ਰਿਹਾ ਹੈ, ਇਸ ਤਰ੍ਹਾਂ ਹੀ ਸ੍ਰੀ ਨਾਨਕ ਦੇਵ ਜੀ ਦੀ ਉੱਤਮ ਬਾਣੀ, ਗੁਣਾਂ ਦਾ ਖਾਣ ਦਾ ਵਿਸਥਾਰ ਹੋਇਆ ਹੈ ॥ ੫੯ ॥

ਤਿਹ ਮਹਿਂ ਥੂਲ ਸਰੀਰ ਜੁ ਮੱਜਹਿਂ। ਪਾਪ ਕਮਾਤੇ ਸਭਿਹੀ ਭੱਜਹਿਂ।
ਇਸ ਮਹਿਂ ਸੂਖਮ ਮਨ ਇਸ਼ਨਾਨਾ। ਕਰਹਿਂ ਜਿ ਨਰ ਤਿਨਕੇ ਗਤਿ ਪਾਨਾ ॥੬੦ ॥

ਗੁਰੂ ਦੀ ਬਾਣੀ ਵਿਚ ਜੋ ਇਸ਼ਨਾਨ ਕਰਦਾ ਹੈ, ਉਸ ਦੇ ਕਮਾਏ ਹੋਏ ਸਾਰੇ ਪਾਪ ਦੂਰ ਹੋ ਜਾਂਦੇ ਹਨ। ਇਸ ਇਸ਼ਨਾਨ ਕਰਨ ਨਾਲ ਮਨ ਸੂਖਮ ਹੋ ਜਾਂਦਾ ਹੈ। ਜਿਹੜੇ ਵੀ ਮਨੁੱਖ ਇਸ਼ਨਾਨ ਕਰਦੇ ਹਨ, ਉਹ ਮੁਕਤੀ ਪ੍ਰਾਪਤ ਕ ਹਨ॥ ੬੦॥

ਸੋ ਇਕ ਥਲ ਇਹ ਸਭਿ ਥਲ ਮਾਂਹੀ। ਸਭਿ ਬਿਧਿ ਸੁਗਮ ਅਗਮ ਕਛੁ ਨਾਂਹੀ।
ਪਢਤਿ ਸੁਨਤਿ ਗਤਿ ਦੇਤਿ ਸੁਖਾਰੇ। ਜੇ ਨ ਕਮਾਵਹਿਂ ਜਗ ਭਵ ਹਾਰੇ॥੬੧॥

ਗੰਗਾ ਤਾਂ ਇਕ ਸਥਾਨ ਤੇ ਵਹਿ ਰਹੀ ਹੈ, ਪਰ ਗੁਰਬਾਣੀ ਹਰ ਸਥਾਨ ਤੇ ਮੌਜੂਦ ਹੈ। ਇਹ ਹਰ ਤਰ੍ਹਾਂ ਸੌਖੀ ਹੈ, ਵੀ ਔਖੀ ਨਹੀ ਹੈ। ਪੜ੍ਹਨ ਸੁਣਨ ਨਾਲ ਸੁਖਿਆਰੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਹੜੇ ਨਾਮ ਦੀ ਕਮਾਈ ਨਹੀਂ ਕਰਦੇ ਉਹ ਸੰਸਾਰ ਵਿਚ ਜਨਮ ਹਾਰ ਜਾਂਦੇ ਹਨ॥ ੬੧॥

ਦੋਹਰਾ- ਸਤਿ ਸੰਗਤਿ ਸੁਭ ਘਾਟ ਤੇ ਨਿੱਤ ਕਰਉ ਇਸ਼ਨਾਨ।
ਕਵਿ ਸੰਤੋਖ ਸਿੰਘ ਬੰਦ ਦ੍ਵੈ ਨਮੋ ਨਮੋ ਗੁਨਖਾਨਿ॥ ੬੨॥

ਸਤਿਸੰਗਤ ਰੂਪ ਸੁਭ ਘਾਟ ਤੇ ਭਾਵ ਸਤਿਸੰਗਤ ਵਿਚ ਬੈਠ ਕੇ ਨਿਤ ਗੁਰਬਾਣੀ ਵਿਚ ਇਸ਼ਨਾਨ ਕਰੋ। ਕਵੀ ਸ ਸਿੰਘ ਦੋਵੇਂ ਹੱਥ ਜੋੜ ਕੇ ਗੁਣਾਂ ਦੀ ਖਾਣ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ, ਨਮਸਕਾਰ ਕਰਦਾ ਹੈ॥ ੬੨॥

*ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ 'ਸ੍ਰੀ ਅਕਾਲ ਪੁਰਖ' ਪ੍ਰਸੰਗ ਬਰਨੰਨ ਨਾਮ ਤ੍ਰਿਹੱਤਰਮੋਂ ਅਧਯਾਯ॥ ੭੩॥*

*ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਹਿਲੇ ਅੱਧ ਦਾ ਤਿਹੱਤਰਵਾਂ ਅਧਿਆਇ, ਜਿਸ ਦਾ ਨਾਮ "ਸੱਚਖੰਡ ਵਿਖੇ ਸ੍ਰੀ ਅਕਾਲ ਪੁਰਖ ਮਿਲਣਾ ਪ੍ਰਸੰਗ ਸਮਾਪਤ ਹੋਇਆ॥ ੭੩॥*

*ਪੂਰਬਾਰਧ ਸਮਾਪਤ ਹੋਇਆ।*

*ਪਹਿਲਾ ਅੱਧ ਸਮਾਪਤ ਹੋਇਆ।*